ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?



ਸ੍ਰੀ ਅਕਾਲ ਤਖ਼ਤ ਸਾਹਿਬ

ਡਾਕਟਰ ਹਰਜਿੰਦਰ ਸਿੰਘ ਦਿਲਗੀਰ

ਸਿੱਖ ਇਤਿਹਾਸ ਰੀਸਰਚ ਬੋਰਡ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

ੴ ਸਤਿਗੁਰ ਪ੍ਰਸਾਦਿ ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?

ਲੇਖਕ

ਡਾਕਟਰ ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ

ਸਿੱਖ ਇਤਿਹਾਸ ਰੀਸਰਚ ਬੋਰਡ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?

ਲੇਖਕ : ਡਾ: ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ

ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ।

ਪਹਿਲੀ ਵਾਰ: **ਅਪ੍ਰੈਲ** 2000 5000

ਛਾਪਣ ਵਾਲੇ

ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

ਸ. ਸੁਰਜੀਤ ਸਿੰਘ ਛਦੌੜੀ

ਬੈਲਜੀਅਮ

ਦੇ ਨਾਂ

ਤਤਕਰਾ

ਪੇਸ਼ਕਾਰੀ

ਸਿੱਖ ਸਿਆਸਤ ਵਿਚ ਸ਼੍ਰੋਮਣੀ ਕਮੇਟੀ ਦੀ ਅਹਿਮ ਜਗ੍ਹਾ ਹੈ। ਸ਼੍ਰੋਮਣੀ ਕਮੇਟੀ ਕਾਨੂੰਨੀ ਤੌਰ 'ਤੇ ਭਾਵੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਕਰਦੀ ਹੈ ਤੇ ਜਾਂ ਇਸ ਨਾਲ ਸਬੰਧਿਤ ਅਦਾਰਿਆਂ : ਸਕੂਲਾਂ, ਕਾਲਜਾਂ, ਹਸਪਤਾਲਾਂ ਵਗ਼ੈਰਾ ਦਾ ਇੰਤਜ਼ਾਮ ਕਰਦੀ ਹੈ, ਪਰ ਇਹ ਇਕ ਅਜਿਹੀ ਜਮਾਤ ਹੈ ਜਿਹੜੀ ਸਿੱਖ ਸਿਆਸਤ ਦਾ ਧੁਰਾ ਹੈ। ਸ਼੍ਰੋਮਣੀ ਕਮੇਟੀ ਇਕ ਰਿਆਸਤ ਵਿਚ ਰਿਆਸਤ (state within a state) ਹੈ।

ਸ਼੍ਰੋਮਣੀ ਕਮੇਟੀ ੧੫ ਨਵੰਬਰ ੧੯੨੦ ਦੇ ਦਿਨ ਬਣੀ ਸੀ ਅਤੇ ਇਸ ਮਗਰੋਂ ੧੯੨੫ ਦੇ ਗੁਰਦੁਆਰਾ ਐਕਟ ਹੇਠ ਇਸ ਦੀਆਂ ਪਹਿਲੀਆਂ ਸਰਕਾਰੀ ਚੋਣਾਂ ੧੯੨੬ ਵਿਚ ਹੋਈਆਂ ਸਨ। ਸ਼੍ਰੋਮਣੀ ਕਮੇਟੀ ਦੀ ਕਾਇਮੀ ਵਾਸਤੇ ਸੈਂਕੜੇ ਸਿੱਖਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ, ਹਜ਼ਾਰਾਂ ਜੇਲ੍ਹਾਂ ਵਿਚ ਗਏ ਅਤੇ ਲੱਖਾਂ ਸਿੱਖ ਇਸ ਲਹਿਰ ਤੋਂ ਅਸਰ-ਅੰਦਾਜ਼ ਹੋਏ। ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਭਾਵੇਂ ੧੯੨੦ ਤੋਂ ਮੰਨਿਆ ਜਾਂਦਾ ਹੈ ਪਰ ਇਸ ਤੋਂ ੨੦ ਸਾਲ ਪਹਿਲਾਂ ਹੀ ਗੁਰਦੁਆਰਿਆਂ ਦੀ ਨਿੱਘਰਦੀ ਹਾਲਤ ਬਾਰੇ ਬਹੁਤ ਸਾਰੇ ਸਿੱਖ ਫ਼ਿਕਰਮੰਦ ਸਨ। ਕਈ ਸਿੱਖ ਜਥੇਬੰਦੀਆਂ ਇਸ ਬਾਰੇ ਪੈਂਫ਼ਲਿਟ ਛਾਪ ਚੁੱਕੀਆਂ ਸਨ, ਦੀਵਾਨ ਕਰ ਚੁੱਕੀਆਂ ਸਨ ਅਤੇ ਹੋਰ ਤਰੀਕਿਆਂ ਨਾਲ ਪ੍ਰੋਟੈਸਟ ਕਰ ਚੁੱਕੀਆਂ ਸਨ। ਅਖ਼ੀਰ ਜਦੋਂ ੨੧ ਮਈ ੧੯੨੦ ਦੇ ਦਿਨ ਰੋਜ਼ਾਨਾ ਅਕਾਲੀ ਅਖ਼ਬਾਰ ਸ਼ੁਰੂ ਹੋਈ ਤਾਂ ਬਿਨਾਂ ਕਿਸੇ ਜਥੇਬੰਦੀ ਤੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ। ਇਸ ਲਹਿਰ ਦੀ ਪਹਿਲੀ ਕਾਮਯਾਬੀ ਗੁਰਦੁਆਰਾ ਚੁਮਾਲਾ ਸਾਹਿਬ, ਲਾਹੌਰ (ਸਤੰਬਰ ੧੯੨੦) ਅਤੇ ਦੂਜੀ ਕਾਮਯਾਬੀ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਸੀ। ਬਾਬੇ ਦੀ ਬੇਰ ਤੇ ਕਬਜ਼ੇ ਦੇ ਇਕ ਹਫ਼ਤੇ ਦੇ ਅੰਦਰ ਅੰਦਰ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਵੀ ਅਜ਼ਾਦ ਕਰਵਾ ਲਏ ਸਨ। ਇਸ ਦੇ ਇਕ ਮਹੀਨੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ ਸੀ। ਉਸ ਤੋਂ ਇਕ ਮਹੀਨੇ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਵੀ ਹੋ ਗਿਆ। ਪਰ ਇਸ ਦੇ ਬਾਅਦ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਿਆਂ ਦਾ ਇੰਤਜ਼ਾਮ ਆਪਣੇ ਹੱਥ ਵਿਚ ਲੈਣ ਵਾਸਤੇ ਕਈ ਮੋਰਚੇ ਲਾਉਣੇ ਪਏ। ਇਨ੍ਹਾਂ ਵਿਚ ਚਾਬੀਆਂ ਦਾ ਮੋਰਚਾ, ਗੁਰੂ ਦਾ ਬਾਗ ਮੋਰਚਾ, ਜੈਤੋ ਮੋਰਚਾ ਅਤੇ ਭਾਈ ਫੇਰੂ ਮੋਰਚਾ ਵਧੇਰੇ ਅਹਿਮ ਸਨ। ਇਸ ਸਾਰੇ ਸਮੇਂ ਦੌਰਾਨ ੨ ਵੱਡੇ ਸ਼ਹੀਦੀ ਸਾਕੇ ਵੀ ਵਾਪਰੇ : ਨਾਨਕਾਣਾ ਸਾਹਿਬ ਵਿਚ ੨੦ ਫਰਵਰੀ ੧੯੨੧ ਦੇ ਦਿਨ ਅਤੇ ਜੈਤੋ ਵਿਚ ੨੧ ਫਰਵਰੀ ੧੯੨੪ ਦੇ ਦਿਨ ੩੦੦ ਦੇ ਕਰੀਬ ਸਿੰਘ ਸ਼ਹੀਦ ਹੋਏ।

ਗੁਰਦੁਆਰਾ ਸੁਧਾਰ ਲਹਿਰ ਬਾਰੇ ਗਿਆਨੀ ਪਰਤਾਪ ਸਿੰਘ, ਸ: ਸੋਹਣ ਸਿੰਘ ਜੋਸ਼, ਭਾਈ ਮੋਹਨ ਸਿੰਘ ਵੈਦ, ਸ: ਸਰਦੂਲ ਸਿੰਘ ਕਵੀਸ਼ਰ, ਸ਼ਮਸ਼ੇਰ ਸਿੰਘ ਝਬਾਲੀਆ, ਰੁਚੀ ਰਾਮ ਸਾਹਨੀ, ਪ੍ਰਿੰਸੀਪਲ ਤੇਜਾ ਸਿੰਘ ਦੀਆਂ ਕਿਤਾਬਾਂ 'ਚੋਂ ਸਮਗਰੀ ਮਿਲਦੀ ਹੈ। ਸ਼੍ਰੋਮਣੀ ਅਕਾਲੀ ਦਲ ਬਾਰੇ ਇਸ ਲੇਖਕ (ਡਾ: ਹਰਜਿੰਦਰ ਸਿੰਘ ਦਿਲਗੀਰ), ਕੇ. ਸੀ. ਗੁਲਾਟੀ, ਮਹਿੰਦਰ ਸਿੰਘ, ਜੇ. ਐਸ. ਗਰੇਵਾਲ ਵਗੈਰਾ ਦੀਆਂ ਕਿਤਾਬਾਂ ਮਿਲਦੀਆਂ ਹਨ। ਪਰ ਸ਼੍ਰੋਮਣੀ ਕਮੇਟੀ ਦੇ ਜਨਮ ਤੋਂ ਪਹਿਲਾਂ, ਖਾਸ ਕਰ ਕੇ ਮਈ ੧੯੨੦ ਤੋਂ ਮਾਰਚ ੧੯੨੧ ਤਕ, ਦੀ ਸਮੱਗਰੀ ਨੂੰ ਬਹੁਤੇ ਖੋਜ ਸਕਾਲਰਾਂ ਨੇ ਗੌਲਿਆ ਨਹੀਂ। ਮੈਂ ਇਸ ਬਾਰੇ ਖਾਲਸਾ ਕਾਲਜ ਅੰਮ੍ਰਿਤਸਰ, ਸਿੱਖ ਰੈਫ਼ਰੈਂਸ ਲਾਇਬਰੇਰੀ ਅੰਮ੍ਰਿਤਸਰ, ਸਟੇਟ ਆਰਕਾਈਵਜ਼ ਪਟਿਆਲਾ, ਪੰਜਾਬੀ ਯੂਨੀਵਰਸਿਟੀ ਲਾਇਬਰੇਰੀ, ਪਟਿਆਲਾ ਨੈਸ਼ਨਲ ਆਰਕਾਈਵਜ਼ ਦਿੱਲੀ, ਬਿਟ੍ਰਿਸ਼ ਲਾਇਬਰੇਰੀ ਲੰਡਨ, ਵਿੱਚੋਂ ਬੜੀ ਅਹਿਮ ਸਮੱਗਰੀ ਲੱਭੀ ਹੈ। ਇਸ ਵਿਚ ਉਪਰ ਜ਼ਿਕਰ ਕੀਤੇ ਸਮੇਂ ਦਾ ਰੋਜ਼ਨਾਮਚਾ, ਵੱਖ-ਵੱਖ ਆਗੂਆਂ ਦੇ ਬਿਆਨ, ਗੁਰਦੁਆਰਾ ਰਕਾਬਗੰਜ ਦਿੱਲੀ ਵਾਸਤੇ ਸ਼ਹੀਦੀ ਦਲ ਲਈ ਅਪੀਲ, ਇਸ ਜਥੇ ਦੇ ਮੈਂਬਰਾਂ ਦੇ ਨਾਂ, ਨਾਨਕਾਣਾ ਸਾਹਿਬ ਦਾ ਸਾਕੇ ਬਾਰੇ ਅੱਖੀਂ ਡਿੱਠੇ ਹਾਲ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਬਣਾਉਣ ਵਾਸਤੇ ਦਰਜਨਾਂ ਸਿੱਖ ਆਗੂਆਂ ਦੇ ਵਿਚਾਰ ਵੀ ਹੂਬਹੂ ਇਸ ਕਿਤਾਬ ਵਿਚ ਪੇਸ਼ ਕੀਤੇ ਗਏ ਹਨ। ਇਹ ਦਸਤਾਵੇਜ਼ ਅਜੇ ਤਕ ਪਹਿਲਾਂ ਕਿਤੇ ਹੋਰ ਕਿਤਾਬ ਵਿਚ ਨਹੀਂ ਆ ਸਕੇ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦਸਤਾਵੇਜ਼

ਅਜਿਹੇ ਹੋਣਗੇ ਜੋ ਮੈਂ ਇਸ ਕਿਤਾਬ ਵਿਚ ਪੇਸ਼ ਨਹੀਂ ਕਰ ਸਕਿਆ। ਉਮੀਦ ਹੈ ਅਗਲੀ ਐਡੀਸ਼ਨ ਵਿਚ ਇਨ੍ਹਾਂ ਦਾ ਵਾਧਾ ਕਰ ਸਕਾਂਗਾ।

ਇਸ ਕਿਤਾਬ ਦੀ ਤਿਆਰੀ ਦੌਰਾਨ ਮੈਨੂੰ ਜਿਨ੍ਹਾਂ ਸੱਜਣਾਂ ਨੇ ਪਿਆਰ, ਮਦਦ ਤੇ ਮਿਲਵਰਤਨ ਦਿੱਤਾ ਹੈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ।

'ਏਸ' ਕੰਪਿਊਟਰ ਵਾਲਿਆਂ (ਸ: ਰਾਜਿੰਦਰ ਪਾਲ ਸਿੰਘ) ਨੇ ਜਿਸ ਲਗਨ ਨਾਲ ਇਸ ਦੀ ਟਾਈਪ-ਸੈਟਿੰਗ ਕੀਤੀ ਉਸ ਦਾ ਜ਼ਿਕਰ ਕਰਨਾ ਵੀ ਮੇਰਾ ਫ਼ਰਜ਼ ਹੈ।

ਇਸ ਦੇ ਨਾਲ ਹੀ ਮੈਂ ਇਸ ਦਸਤਾਵੇਜ਼ ਨੂੰ ਪਾਠਕਾਂ ਤੇ ਸਕਾਲਰਾਂ ਦੇ ਸਾਹਮਣੇ ਪੇਸ਼ ਕਰਦਾ ਹਾਂ।

(ਡਾ: ਹਰਜਿੰਦਰ ਸਿੰਘ ਦਿਲਗੀਰ)

ਗੁਰਦੁਆਰਾ : ਫ਼ਲਸਫ਼ਾ ਤੇ ਤਾਰੀਖ਼

ਗੁਰਦੁਆਰਾ ਲਫ਼ਜ਼ ਦਾ ਮਾਅਨਾ ਹੈ : ਗੁਰੂ ਦਾ ਦੁਆਰਾ ਜਾਂ ਗੁਰੂ ਦਾ ਘਰ। ਇਸ ਨੂੰ ਅਸੀਂ ਗੁਰੂ ਨੂੰ ਮਿਲਣ ਦੇ ਰਸਤੇ ਦਾ ਦਰ ਆਖ ਸਕਦੇ ਹਾਂ ਜਾਂ ਇੰਞ ਆਖ ਲਓ ਕਿ ਜਿਸ ਦਰ 'ਤੇ ਜਾ ਕੇ ਗੁਰੂ ਨੂੰ ਹਾਸਿਲ ਕਰਨ ਵੱਲ ਟੁਰਿਆ ਜਾ ਸਕਦਾ ਹੈ। ਗੁਰਦੁਆਰਾ ਲਫ਼ਜ਼, ਸਿੱਖ ਧਾਰਮਿਕ ਅਸਥਾਨ ਵਾਸਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਜਾਂ ਅਠਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਵਰਤਿਆ ਜਾਣਾ ਸ਼ੁਰੂ ਹੋਇਆ ਹੈ। ਹਾਲਾਂ ਕਿ ਇਸ ਲਫ਼ਜ਼ ਦੀ ਵਰਤੋਂ ਗੁਰੂ ਨਾਨਕ ਸਾਹਿਬ ਨੇ ਕਈ ਜਗਹ ਕੀਤੀ ਸੀ :-

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ (ਪੰਨਾ ੭੩੦)

ਗੁਰੂ ਦੁਆਰੈ ਆਖਿ ਸੁਣਾਏ ॥ (ਪੰਨਾ ੯੩੦)

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥ (ਪੰਨਾ ੩੫੧)

ਗੁਰੂ ਦੁਆਰੈ ਨਾਉ ਪਾਈਐ, ਬਿਨੁ ਸਤਿਗੁਰ ਪਲੈ ਨ ਪਾਇ ॥ (ਪੰਨਾ ੧੦੧੫)

ਗੁਰੂ ਅਮਰ ਦਾਸ ਸਾਹਿਬ ਨੇ ਵੀ ਇਸ ਲਫ਼ਜ਼ ਦੀ ਵਰਤੋਂ ਕੀਤੀ ਸੀ :

ਗੁਰਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥ (ਪੰਨਾ ੧੨੩੪)

ਗੁਰਦੁਆਰੈ ਲਾਇ ਭਾਵਨੀ, ਇਕਨਾ ਦਸਵਾ ਦੁਆਰੁ ਦਿਖਾਇਆ ॥ (ਪੰਨਾ ੯੨੨)

ਗੁਰੂ ਰਾਮ ਦਾਸ ਸਾਹਿਬ ਦੀ ਬਾਣੀ ਵਿਚ ਵੀ ਇਹ ਲਫ਼ਜ਼ ਮਿਲਦਾ ਹੈ :

ਗੁਰਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ (ਪੰਨਾ ੫੫੪)

ਗੁਰੂ ਅਰਜਨ ਸਾਹਿਬ ਨੇ ਵੀ ਇਹ ਲਫ਼ਜ਼ ਵਰਤਿਆ ਸੀ :

ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ (ਪੰਨਾ ੧੦੭੫)

ਪਰ ਇਨ੍ਹਾਂ ਸਾਰਿਆਂ ਸ਼ਬਦਾਂ ਵਿਚ ਇਹ ਲਫ਼ਜ਼ ਗੁਰਦੁਆਰਾ ਦੀ ਇਮਾਰਤ ਵਾਸਤੇ ਨਹੀਂ ਵਰਤਿਆ ਗਿਆ ਸੀ। ਇਨ੍ਹਾਂ 'ਚ ਗੁਰੂ ਦੇ ਚਰਨਾਂ, ਗੁਰੂ ਦੀ ਬਾਣੀ, ਗੁਰੂ ਦੀ ਸਿੱਖਿਆ, ਗੁਰੂ ਦੀ ਮਤ ਵੱਲ ਇਸ਼ਾਰੇ ਹਨ। ਗੁਰੂ ਸਾਹਿਬ ਵੇਲੇ ਗੁਰਦੁਆਰੇ ਲਫ਼ਜ਼ ਦੀ ਵਰਤੋਂ ਸਿੱਖ ਧਰਮ ਦੇ ਅਸਥਾਨ ਵਾਸਤੇ ਨਹੀਂ ਹੁੰਦੀ ਸੀ। ਸਿੱਖ ਧਰਮ ਅਸਥਾਨ ਵਾਸਤੇ, ਗੁਰੂ ਸਾਹਿਬ ਦੇ ਵੇਲੇ, ਵਧੇਰੇ ਕਰ ਕੇ ਲਫ਼ਜ਼ ਧਰਮਸਾਲ ਹੀ ਵਰਤਿਆ ਜਾਂਦਾ ਸੀ। ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ੨੭ਵੀਂ ਪਉੜੀ ਵਿਚ ਲਿਖਦੇ ਹਨ :

ਘਰਿ ਘਰਿ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ।

ਉਂਞ 'ਧਰਮਸਾਲ' ਲਫ਼ਜ਼ ਗੁਰੂ ਨਾਨਕ ਸਾਹਿਬ ਨੇ ਵੀ (ਜਪੁ ਜੀ ਸਾਹਿਬ ਵਿਚ) ਇਸਤੇਮਾਲ ਕੀਤਾ ਸੀ ਪਰ ਭਾਈ ਗੁਰਦਾਸ ਜੀ ਦੀ ਵਾਰ ਪੰਜਵੇਂ ਜਾਂ ਛੇਵੇਂ ਪਾਤਿਸ਼ਾਹ ਵੇਲੇ ਦੀ ਲਿਖੀ ਹੋਈ ਸੀ ਤੇ ਉਸ ਵਿਚ ਧਰਮਸਾਲ ਲਫ਼ਜ਼ ਦੀ ਵਰਤੋਂ ਕੀਤੀ ਗਈ ਸੀ। ਸੋ ਉਦੋਂ ਧਰਮ ਅਸਥਾਨ ਨੂੰ ਧਰਮਸਾਲ ਕਿਹਾ ਜਾਂਦਾ ਹੋਵੇਗਾ।

ਗੁਰੂ ਅਮਰਦਾਸ ਸਾਹਿਬ ਵੇਲੇ ੨੨ ਮੰਜੀਆਂ ਅਤੇ ੫੨ ਪੀੜ੍ਹੇ ਥਾਪੇ ਗਏ। ਇਹ ਸਾਰੀਆਂ ੭੪ ਜਗਹ ਧਰਮਸਾਲ ਸਨ। ਇਨ੍ਹਾਂ ਜਗਹ 'ਤੇ ਹਰ ਰੋਜ਼ ਸਿੱਖ ਇਕੱਠੇ ਹੋ ਕੇ ਕੀਰਤਨ ਕਰਿਆ ਕਰਦੇ ਸਨ। ਗੁਰੂ ਨਾਨਕ ਸਾਹਿਬ ਵੇਲੇ ਕਰਤਾਰਪੁਰ, ਗੁਰੂ ਅੰਗਦ ਸਾਹਿਬ ਵੇਲੇ ਖਡੂਰ ਸਾਹਿਬ, ਗੁਰੂ ਅਮਰ ਦਾਸ ਸਾਹਿਬ ਵੇਲੇ ਗੋਇੰਦਵਾਲ ਸਾਹਿਬ ਤੇ ਗੁਰੂ ਰਾਮ ਦਾਸ ਸਾਹਿਬ ਵੇਲੇ 'ਗੁਰੂ ਕਾ ਚੱਕ' (ਅੰਮ੍ਰਿਤਸਰ) ਸਿੱਖਾਂ ਦੇ ਧਰਮਸਾਲ ਕਾਇਮ ਹੋਏ ਸਨ। ਇਨ੍ਹਾਂ ਚਾਰਾਂ

ਜਗਹ 'ਤੇ ਗੁਰੂ ਸਾਹਿਬ ਦੀਵਾਨ ਸਜਾਂਦੇ ਸਨ, ਲੰਗਰ ਚਲਦੇ ਸਨ, ਕੀਰਤਨ ਤੇ ਕਥਾ ਦਾ ਪ੍ਰਵਾਹ ਚਲਦਾ ਸੀ। ਦੇਖਿਆ ਜਾਏ ਤਾਂ ਪਹਿਲੇ ਤਿੰਨ ਗੁਰੂ ਸਾਹਿਬ ਤਕ, ਕਰਤਾਰਪੁਰ, ਖਡੂਰ ਸਾਹਿਬ ਅਤੇ ਗੋਇੰਦਵਾਲ ਵਿਚ ਗੁਰੂ ਸਾਹਿਬ ਨੇ ਧਰਮਸਾਲਾ ਨਹੀਂ ਬਣਾਈਆਂ ਬਲਕਿ ਕਿਉਂਕਿ ਗੁਰੂ ਸਾਹਿਬ ਉੱਥੇ ਰਹਿੰਦੇ ਸਨ ਤੇ ਉਨ੍ਹਾਂ ਦਾ ਨਿਵਾਸ ਅਸਥਾਨ ਧਰਮਸਾਲਾ ਹੀ ਸੀ। ਗੁਰੂ ਰਾਮਦਾਸ ਸਾਹਿਬ ਨੇ ਸਿੱਖ-ਨਗਰ 'ਗੁਰੂ ਕਾ ਚੱਕ' ਵਸਾ ਕੇ ਉਥੇ ਸਭ ਤੋਂ ਪਹਿਲਾਂ ਸਰੋਵਰ (ਅੰਮ੍ਰਿਤਸਰ) ਬਣਾਇਆ। ਅਜੇ ਵੀ ਗੁਰੂ ਸਾਹਿਬ ਨੇ ਧਰਮਸਾਲ ਨਹੀਂ ਸੀ ਬਣਾਈ। ਗੁਰੂ ਸਾਹਿਬ ਦਾ ਘਰ ਹੀ ਧਰਮਸਾਲ ਸੀ। ਸਭ ਤੋਂ ਪਹਿਲਾਂ ਗੁਰ ਅਸਥਾਨ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਬਣਾਇਆ ਗਿਆ ਸੀ। ਇਸ ਦੀ ਉਸਾਰੀ ਗੁਰੂ ਅਰਜਨ ਸਾਹਿਬ ਨੇ ਕਰਵਾਈ ਸੀ। ੧੬ ਅਗਸਤ ੧੬੦੪ ਦੇ ਦਿਨ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕੀਤਾ ਗਿਆ। ਸੋ, ਅਜੋਕੇ ਗੁਰਦੁਆਰੇ ਦੀ ਨੀਂਹ ੧੬ ਅਗਸਤ ੧੬੦੪ ਦੇ ਦਿਨ ਤੋਂ ਦਰਬਾਰ ਸਾਹਿਬ, "ਗੁਰੂ ਕਾ ਚੱਕ" (ਅੰਮ੍ਰਿਤਸਰ) ਵਿਚ ਰੱਖੀ ਗਈ ਸੀ। ਗੁਰੂ ਅਰਜਨ ਸਾਹਿਬ ਨੇ "ਗੁਰੂ ਕਾ ਚੱਕ" ਵਿਚ ਸੰਤੋਖਸਰ, ਅੰਮ੍ਰਿਤਸਰ ਤੇ ਰਾਮਸਰ ਤਿਆਰ ਕਰਵਾਏ। "ਗੁਰੂ ਕਾ ਚੱਕ" ਤੋਂ ਇਲਾਵਾ ਤਰਨ ਤਾਰਨ ਵਿਚ ਸਰੋਵਰ ਬਣਾਇਆ, ਛੇਹਰਟਾ ਵਿਚ ਛੇਹਰਟਾਂ ਵਾਲਾ ਖੂਹ ਲੁਆਇਆ, ਕਰਤਾਰਪੁਰ (ਜਲੰਧਰ) ਵਿਚ ਅਸਥਾਨ ਬਣਾਇਆ, ਰੁਹੀਲਾ ਦੀ ਥੇਹ 'ਤੇ ਗੋਬਿੰਦਪੁਰ ਵਸਾਇਆ।

ਸਿੱਖ ਕੌਮ ਦਾ ਧਾਰਮਿਕ ਪ੍ਰੋਗਰਾਮ ਰੂਹਾਨੀਅਤ ਦੇ ਨਾਲ ਨਾਲ ਲੋਕ ਸੇਵਾ ਵੀ ਸੀ। ਗੁਰੂ ਅਮਰ ਦਾਸ ਸਾਹਿਬ ਨੇ ਬਾਉਲੀ ਬਣਵਾਈ। ਗੁਰੂ ਰਾਮ ਦਾਸ ਸਾਹਿਬ ਨੇ ਸਰੋਵਰ (ਸੰਤੋਖਸਰ) ਸ਼ੁਰੂ ਕਰਵਾਇਆ, ਅੰਮ੍ਰਿਤਸਰ ਸਰੋਵਰ ਬਣਵਾਇਆ, ਖੂਹ ਲੁਆਏ। ਗੁਰੂ ਅਰਜਨ ਸਾਹਿਬ ਨੇ ੪ ਸਰੋਵਰ ਤੇ ਹੋਰ ਕਈ ਅਸਥਾਨ ਤਿਆਰ ਕਰਵਾਏ। ਆਪ ਨੇ ਲਾਹੌਰ ਵਿਚ ਬਾਉਲੀ ਬਣਵਾਈ। ਆਪ ਨੇ ਘੁੱਕੇਵਾਲੀ (ਅੰਮ੍ਰਿਤਸਰ) ਵਿਚ ਬਾਗ ਲਗਵਾਇਆ। ਛੇਵੇਂ ਪਾਤਿਸ਼ਾਹ ਨੇ ਕਈ ਖੂਹ ਲਗਵਾਏ। ਕੀਰਤਪੁਰ ਨਗਰ ਦਾ ਵਾਧਾ ਕੀਤਾ। ਪਹਿਲੋਂ ਆਪ ਨੇ ਗੋਬਿੰਦਪੁਰ ਤੇ ਕਰਤਾਰਪੁਰ ਵਿਚ ਵਾਧਾ ਕੀਤਾ ਸੀ। ਮਾਲਵੇ ਵਿਚ ਡਰੌਲੀ ਭਾਈ ਵਿਚ ਵੀ ਲੋਕ-ਭਲਾਈ ਵਾਸਤੇ ਬਾਉਲੀ ਬਣਵਾਈ। ਸਤਵੇਂ ਤੇ ਅਠਵੇਂ ਪਾਤਿਸ਼ਾਹ ਨੇ ਵੀ ਲੋਕ-ਭਲਾਈ 'ਚ ਬਹੁਤ ਹਿੱਸਾ ਪਾਇਆ। ਗੁਰੂ ਤੇਗ਼ ਬਹਾਦਰ ਸਾਹਿਬ ਨੇ "ਚੱਕ ਨਾਨਕੀ" ਵਸਾਇਆ। ਉਨ੍ਹਾਂ ਦਿਨਾਂ ਵਿਚ ਹੀ ਤਲਵੰਡੀ ਸਾਬੋ 'ਚ ਗੁਰੂਸਰ (ਸਰੋਵਰ) ਤਿਆਰ ਕਰਵਾਇਆ, ਧਮਤਾਨ (ਜ਼ਿਲ੍ਹਾ ਜੀਂਦ) ਵਿਚ ਖੂਹ ਲਗਵਾਇਆ, ਬਾਣੀ ਬਦਰਪੁਰ 'ਚ ਖੂਹ ਲਗਵਾਇਆ। ਅਸਾਮ ਵਿਚ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਥੜ੍ਹਾ ਬਣਵਾਇਆ। ਘੁੱਕੇਵਾਲੀ ਦੇ ਬਾਗ ਨੂੰ "ਗੁਰੂ ਦਾ ਬਾਗ" ਦੀ ਸ਼ਕਲ ਦਿੱਤੀ। ਦਸਵੇਂ ਪਾਤਿਸ਼ਾਹ ਨੇ ਅਨੰਦਪੁਰ, ਪਾਉਂਟਾ ਸਾਹਿਬ, ਗੁਰੂ ਕਾ ਲਾਹੌਰ ਵਸਾਏ। ਉਨ੍ਹਾਂ ਅਨੰਦਪੁਰ ਸਾਹਿਬ 'ਚ ਬਾਉਲੀ ਬਣਵਾਈ, ਢਕੌਲੀ 'ਚ ਬਾਉਲੀ ਬਣਵਾਈ, ਕਿੰਨੇ ਹੀ ਖੂਹ ਲਗਵਾਏ, ਛੇ ਕਿਲ੍ਹੇ ਬਣਵਾਏ। ਗੁਰੂ ਸਾਹਿਬ ਲੋਕ-ਭਲਾਈ ਵਾਸਤੇ ਖੂਹ, ਬਾਉਲੀਆਂ, ਸਰੋਵਰ, ਨਗਰ ਵਗੈਰਾ ਬਣਾਉਂਦੇ ਰਹੇ। ਜਿੰਨੇ ਵੀ ਨਗਰ ਗੁਰੂ ਸਾਹਿਬ ਨੇ ਵਸਾਏ, ਸਾਰੇ ਹੀ ਗੁਰੂ ਸਾਹਿਬ ਦੀਆਂ ਧਰਮਸਾਲਾਂ ਹੀ ਤਾਂ ਸਨ। ਹਰ ਜਗਹ ਗੁਰਬਾਣੀ ਦਾ ਕੀਰਤਨ, ਕਥਾ, ਦੀਵਾਨ ਤੇ ਲੰਗਰ ਚਲਦੇ ਸਨ।

ਦਸਮ ਪਾਤਿਸ਼ਾਹ ਵੇਲੇ ਤਕ ਲਫ਼ਜ਼ ਧਰਮਸਾਲ ਆਮ ਵਰਤਿਆ ਮਿਲਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦਿੱਲੀ ਵਿਚ ਜਾ ਕੇ ਪਹਿਲੋਂ ਭਾਈ ਕਲਿਆਣਾ ਦੀ ਧਰਮਸਾਲਾ ਵਿਚ ਹੀ ਠਹਿਰਿਆ ਕਰਦੇ ਸਨ। ਪੰਜਵੇਂ ਪਾਤਿਸ਼ਾਹ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਜੋ ਅਸਥਾਨ ਕਾਇਮ ਕੀਤਾ ਉਸ ਦਾ ਨਾਂ ਦਰਬਾਰ ਸਾਹਿਬ (ਕੁਝ ਸੋਮਿਆਂ ਮੁਤਾਬਿਕ ਹਰਿਮੰਦਰ ਸਾਹਿਬ) ਰੱਖਿਆ। ਛੇਵੇਂ ਪਾਤਿਸ਼ਾਹ ਨੇ ਤਖ਼ਤ ਸਾਹਿਬ ਦਾ ਨਾਂ ਅਕਾਲ ਤਖ਼ਤ ਸਾਹਿਬ ਰੱਖਿਆ। ਦਸਵੇਂ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਅਤੇ ਕੇਸਗੜ੍ਹ ਸਾਹਿਬ ਨਾਂ ਵਰਤੇ। ਇਸ ਤੋਂ ਇਲਾਵਾ ਉਨ੍ਹਾਂ ਵੇਲੇ ਅਨੰਦਪੁਰ ਸਾਹਿਬ ਵਿਚ ਸੀਸ ਗੰਜ, ਦਮਦਮਾ ਸਾਹਿਬ ਯਾਦਗਾਰਾਂ ਬਣ ਚੁੱਕੀਆਂ ਸਨ। ਹੁਣ ਇਨ੍ਹਾਂ ਦੇ ਨਾਂ ਗੁਰਦੁਆਰਾ ਸੀਸ ਗੰਜ ਤੇ ਗੁਰਦੁਆਰਾ ਦਮਦਮਾ ਸਾਹਿਬ ਹਨ। ਉਦੋਂ ਲਫ਼ਜ਼ "ਗੁਰਦੁਆਰਾ" ਜਾਂ ਕੋਈ ਹੋਰ ਨਾਂ ਨਹੀਂ ਸੀ ਤੇ ਸਿਰਫ ਸੀਸ ਗੰਜ ਤੇ ਦਮਦਮਾ ਸਾਹਿਬ ਹੀ ਨਾਂ ਸਨ। ਛੇਵੇਂ ਪਾਤਿਸ਼ਾਹ ਨੇ ਵੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਵਾਲੀ ਜਗਹ 'ਤੇ ਜੋ ਇਮਾਰਤ ਬਣਾਈ ਉਸ ਦਾ ਨਾਂ ਸਿਰਫ ਡੇਹਰਾ ਸਾਹਿਬ ਹੀ ਰੱਖਿਆ ਸੀ।

ਗੁਰੂ ਸਾਹਿਬ ਤੋਂ ਮਗਰੋਂ ਵੀ ਯਾਦਗਾਰੀ ਜਗਹ 'ਤੇ ਥੜ੍ਹਾ ਬਣਾ ਦਿੱਤਾ ਜਾਂਦਾ ਸੀ। ਇਕ ਹੋਰ ਨਾਂ "ਮੰਜੀ

ਸਾਹਿਬ" ਵੀ ਵਧੇਰੇ ਵਰਤਿਆ ਜਾਂਦਾ ਰਿਹਾ ਹੈ। ਸਤਾਰ੍ਹਵੀਂ ਸਦੀ ਤਕ ਗੁਰਦੁਆਰਾ ਲਫ਼ਜ਼ ਨਹੀਂ ਮਿਲਦਾ। ਬਾਬਾ ਬਘੇਲ ਸਿੰਘ ਨੇ ਦਿੱਲੀ ਵਿਚ ਗੁਰੂ ਸਾਹਿਬ ਦੀਆਂ ਯਾਦਗਾਰਾਂ ਬਣਾਈਆਂ। ਉਨ੍ਹਾਂ ਨੇ ਵੀ ਇਨ੍ਹਾਂ ਦੇ ਨਾਂ ਸੀਸ ਗੰਜ, ਰਕਾਬ ਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ ਰੱਖੇ। ਇਨ੍ਹਾਂ ਨਾਲ ਗੁਰਦੁਆਰਾ ਨਾਂ ਉਨ੍ਹੀਵੀਂ ਸਦੀ ਦੇ ਅਖੀਰ 'ਚ ਲਾਇਆ ਜਾਣਾ ਸ਼ੁਰੂ ਹੋਇਆ ਸੀ। ਖ਼ੈਰ, ਹੁਣ ਹਰ ਸਿੱਖ ਧਾਰਮਿਕ ਅਸਥਾਨ ਨੂੰ ਗੁਰਦੁਆਰਾ ਹੀ ਆਖਿਆ ਜਾਂਦਾ ਹੈ।

ਸਿੱਖਾਂ ਦੇ ਧਾਰਮਿਕ ਅਸਥਾਨਾਂ ਨੂੰ ਗੁਰਦੁਆਰਾ ਨਾਂ ਤੋਂ ਇਲਾਵਾ ਉਦਾਸੀਆਂ ਦੇ ਅਹਿਦ ਵਿਚ 'ਡੇਰਾ' ਤੇ ਨਿਰਮਲਿਆਂ ਦੇ ਇੰਤਜ਼ਾਮ ਹੇਠ 'ਅਖਾੜਾ' ਵੀ ਕਿਹਾ ਜਾਂਦਾ ਰਿਹਾ ਸੀ। ਮਗਰੋਂ ਉਦਾਸੀਆਂ ਤੇ ਨਿਰਮਲਿਆਂ ਨੇ ਆਪਣੇ ਡੇਰੇ ਤੇ ਅਖਾੜੇ ਗੁਰਦੁਆਰਿਆਂ ਤੋਂ ਵਖਰਿਆ ਲਏ।

ਗੁਰਦੁਆਰਾ ਸਿੱਖ ਵਾਸਤੇ ਸਿਰਫ਼ ਪੂਜਾ ਦੀ ਜਗਹ ਨਹੀਂ। ਇਹ ਸਿੱਖ ਵਾਸਤੇ ਸਭ ਕੁਝ ਹੈ। ਗੁਰਦੁਆਰੇ ਵਿਚ ਸੰਗਤ ਵਿਚ ਬੈਠਣਾ, ਪਾਠ ਸੁਣਨਾ, ਕੀਰਤਨ ਤੇ ਕਥਾ ਸੁਣਨੀ ਸਿੱਖ ਦੀ ਘੱਟੋ-ਘੱਟ ਜ਼ਰੂਰਤ ਹੈ। ਇਸ ਬਿਨਾਂ ਸਿੱਖ ਅਧੂਰਾ ਹੈ, ਕੱਚਾ ਹੈ, ਬੌਣਾ ਹੈ। ਸੰਗਤ ਵਿਚ ਨਾ ਆਉਣ ਵਾਲਾ ਸਿੱਖ ਸਿੱਖੀ ਦੀ ਇਕ ਵੱਡੀ ਖ਼ੂਬੀ ਤੋਂ ਵਾਂਝਿਆਂ ਰਹਿੰਦਾ ਹੈ। ਸਿੱਖ ਨੂੰ ਸੰਗਤ ਵਿਚ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ। ਸੱਚੀ ਸੰਗਤ ਤਾਂ ਸਿੱਖ ਵਾਸਤੇ "ਸੱਚਖੰਡ" ਹੈ। ਸੱਚੀ ਸੰਗਤ ਵਿਚ ਵਾਹਿਗੁਰੂ ਆਪ ਵਸਦਾ ਹੈ।

ਗੁਰਦੁਆਰਾ, ਸੰਗਤ, ਪੰਗਤ, ਲੰਗਰ ਸਿੱਖ ਦੀ ਭਾਈਚਾਰਕ ਜ਼ਿੰਦਗੀ ਦਾ ਧੁਰਾ ਹੈ। ਇਥੋਂ ਸਿੱਖ ਰੂਹਾਨੀਅਤ, ਭਾਈਚਾਰਕ ਪਿਆਰ, ਕੌਮੀਅਤ ਦੀਆਂ ਖ਼ੂਬੀਆਂ ਸਿੱਖਦਾ ਹੈ। ਗੁਰਦੁਆਰਾ ਸਿੱਖ ਦਾ ਰੂਹਾਨੀ, ਇਲਮੀ, ਭਾਈਚਾਰਕ, ਕੌਮੀ ਸਕੂਲ ਹੈ। ਸਕੂਲ ਜਾਏ ਬਿਨਾਂ ਕੋਈ ਵੀ ਪਾਸ ਨਹੀਂ ਹੋ ਸਕਦਾ।

ਸੱਚੀ ਸੰਗਤ ਵਿਚ ਗੁਰੂ ਆਪ ਹਾਜ਼ਿਰ ਹੈ। ਜਿਸ ਨੇ ਗੁਰੂ ਦੇ ਦਰਸ਼ਨ ਕਰਨੇ ਹਨ, ਉਸ ਨੂੰ ਸੰਗਤ ਵਿਚ ਜਾਣਾ ਹੀ ਪਵੇਗਾ। ਜਿਸ ਨੇ ਜਨਮ ਮਰਨ ਦੇ ਡਰ ਤੋਂ ਮੁਕਤੀ ਪਾਉਣੀ ਹੈ ਅਤੇ ਵਾਹਿਗੁਰੂ ਦੀ ਦਰਗਹ ਵਿਚ ਕਬੂਲ ਹੋਣਾ ਹੈ, ਉਸ ਨੂੰ ਗੁਰਦੁਆਰੇ ਬਾਕਾਇਦਾ ਜਾਣਾ ਪਏਗਾ ਤੇ ਜਾਣਾ ਵੀ ਸ਼ਰਧਾ ਨਾਲ ਪਏਗਾ। ਗੁਰਦੁਆਰੇ ਵਿਚ ਜਾ ਕੇ ਖ਼ੁਦੀ ਨੂੰ ਭੁਲਾਉਣਾ ਹੋਵੇਗਾ।

ਅਜਿਹੇ ਅਸਥਾਨ, ਜਿੱਥੇ ਗੁਰੂ ਹਾਜ਼ਿਰ ਹੋਵੇ, ਜਿਹੜਾ ਗੁਰੂ ਦਾ ਦੁਆਰਾ ਹੋਵੇ, ਜਿਸ ਨੂੰ ਗੁਰੂ-ਘਰ ਵੀ ਆਖਿਆ ਜਾਵੇ, ਜਿਥੋਂ ਵਾਹਿਗੁਰੂ ਨਾਲ ਮੇਲ ਦਾ ਰਸਤਾ ਲੱਭਣਾ ਹੋਵੇ, ਉਸ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਉੱਥੇ ਰੂਹਾਨੀਅਤ ਦੀ ਖ਼ੁਸ਼ਬੂ ਤਾਰੀ ਹੋਵੇ। ਉੱਥੇ ਰੂਹਾਨੀਅਤ ਦੀਆਂ ਨਿਸ਼ਾਨੀਆਂ ਤਾਂ ਹੀ ਨਜ਼ਰ ਆਉਣਗੀਆਂ ਜੇ ਉਸ ਦੀ ਸੇਵਾ-ਸੰਭਾਲ ਕਰਨ ਵਾਲੇ ਸੇਵਾਦਾਰਾਂ ਵਿਚ ਰੂਹਾਨੀਅਤ ਦਾ ਵਾਸਾ ਹੋਵੇ। ਗੁਰੂ-ਘਰ ਦੀ ਸੇਵਾ-ਸੰਭਾਲ ਕਿਹੋ ਜਿਹੇ ਸ਼ਖ਼ਸ ਕਰਨਗੇ, ਇਸ ਬਾਰੇ ਗੁਰੂ ਸਾਹਿਬ ਨੇ ਆਪ ਦਸਿਆ ਸੀ। ਇਸ ਦੀ ਜ਼ਾਹਰਾ ਮਿਸਾਲ ਗੁਰੂ ਸਾਹਿਬ ਦੀ ਤਵਾਰੀਖ਼ ਵਿੱਚੋਂ ਮਿਲਦੀ ਹੈ।

ਸਿੱਖ ਗੁਰਧਾਮਾਂ ਦੀ ਸੇਵਾ-ਸੰਭਾਲ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਦੀ ਝੋਲੀ ਵਿਚ ਪਈ ਸੀ। ੧੬ ਅਗਸਤ ੧੬੦੪ ਦੇ ਦਿਨ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਤੇ ਨਾਲ ਹੀ ਅਸਥਾਨ ਦੀ ਸੇਵਾ-ਸੰਭਾਲ ਵੀ ਬਖ਼ਸ਼ੀ ਗਈ। ਜਦੋਂ ੩੧ ਦਸੰਬਰ ੧੬੧੨ ਦੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਦਿੱਲੀ ਵੱਲ ਜਾਣ ਲੱਗੇ ਸਨ ਤਾਂ ਆਪ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਬਾਬਾ ਬੁੱਢਾ ਜੀ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਭਾਈ ਗੁਰਦਾਸ ਜੀ ਨੂੰ ਸੌਂਪ ਗਏ ਸਨ। ਇੰਞ ਹੀ ਲਾਹੌਰ ਵਿਚ ਗੁਰੂ ਰਾਮ ਦਾਸ ਸਾਹਿਬ ਜੀ ਧਰਮਸਾਲਾ ਦੀ ਸੇਵਾ-ਸੰਭਾਲ ਨਾਨੋਕੇ ਦੇ ਭਾਈ ਲੰਗਾਹ ਨੂੰ ਸੌਂਪੀ ਗਈ। ਅਪਰੈਲ ੧੬੯੮ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਤਾਇਨਾਤ ਕੀਤਾ। ਆਪ ਦੇ ਨਾਲ ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ ਚੰਦਰਾ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਭੇਜੇ ਗਏ। ੫-੬ ਦਸੰਬਰ ੧੭੦੫ ਦੀ ਰਾਤ ਨੂੰ ਜਦੋਂ ਦਸਵੇਂ ਪਾਤਿਸ਼ਾਹ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਅਨੰਦਪੁਰ ਸਾਹਿਬ ਦੀ ਸੇਵਾ-ਸੰਭਾਲ ਭਾਈ ਗੁਰਬਖਸ਼ ਦਾਸ ਨੂੰ ਸੌਂਪ ਗਏ ਸਨ। ਇੰਞ ਹੀ ਅਬਚਲ ਨਗਰ (ਹਜ਼ੂਰ ਸਾਹਿਬ) ਦੇ ਅਸਥਾਨਾਂ ਦੀ ਸੇਵਾ-ਸੰਭਾਲ ਭਾਈ ਸੰਤੋਖ ਸਿੰਘ ਨੂੰ ਦਿੱਤੀ ਗਈ ਸੀ। ਮਿਸਲਾਂ ਵੇਲੇ ਵੀ ਦਰਬਾਰ

ਸਾਹਿਬ ਦੀ ਸੇਵਾ ਸੰਭਾਲ ਸ਼ਹੀਦ ਜਥੇਦਾਰ ਗੁਰਬਖਸ਼ ਸਿੰਘ ਕਰਦੇ ਰਹੇ ਸਨ। ਤਲਵੰਡੀ ਸਾਬੋ ਦੀ ਸੇਵਾ ਬਾਬਾ ਦੀਪ ਸਿੰਘ ਕੋਲ ਸੀ। ਅਠਾਰ੍ਹਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਬੁੱਢਾ ਦਲ ਕਰਦਾ ਰਿਹਾ ਸੀ। ਇਸ ਦਲ ਵਿਚੋਂ ਵੀ ਮਿਸਲ ਸ਼ਹੀਦਾਂ ਨੇ ਖਾਸ ਤੌਰ 'ਤੇ ਸੇਵਾ ਸੰਭਾਲ ਕੀਤੀ। ਕੁਝ ਵਕਤ, ਜਦੋਂ ਸਿੱਖਾਂ ਨੂੰ ਪਨਾਹਗਾਹਾਂ ਵਿਚ ਰਹਿਣਾ ਪਿਆ, ਇਹ ਸੇਵਾ ਉਦਾਸੀ ਗੋਪਾਲ ਦਾਸ ਨੇ ਵੀ ਕੀਤੀ। ਜਦੋਂ ਚੜ੍ਹਾਵਾ ਵਧ ਗਿਆ ਤਾਂ ਗੋਪਾਲ ਦਾਸ ਲਾਲਚੀ ਹੋ ਗਿਆ। ਉਸ ਦੀ ਕੁਰੱਪਸ਼ਨ ਨੂੰ ਠੱਲ੍ਹ ਪਾਉਣ ਵਾਸਤੇ ਚੰਚਲ ਸਿੰਘ, ਤੇ ਮਗਰੋਂ ਆਤਮਾ ਸਿੰਘ, ਨੇ ਸੇਵਾ ਸੰਭਾਲੀ। ਇਸ ਮਗਰੋਂ ਬਾਬਾ ਨੈਣਾ ਸਿੰਘ ਅਕਾਲੀ ਤੇ ਫੇਰ ਅਕਾਲੀ ਫੂਲਾ ਸਿੰਘ ਨੇ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲੀ ਫੂਲਾ ਸਿੰਘ ਤੋਂ ਮਗਰੋਂ ਮਹੰਤਾਂ ਦੀ ਵਾਰੀ ਆ ਗਈ ਜੋ ੧੯੨੦ ਵਿਚ ਸਿੱਖ ਪੰਥ ਨੇ ਖ਼ਤਮ ਕਰ ਦਿੱਤੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦਾ ਇੰਤਜ਼ਾਮ ਸੰਭਾਲਿਆ।

ਇਸ ਦੌਰਾਨ ਸਿੱਖਾਂ ਦਾ ਵਧੇਰੇ ਧਿਆਨ ਦਰਬਾਰ ਸਾਹਿਬ ਅਤੇ ਨਾਨਕਾਣਾ ਸਾਹਿਬ ਵੱਲ ਰਿਹਾ। ਕੀਰਤਪੁਰ ਅਤੇ ਅਨੰਦਪੁਰ ਸਾਹਿਬ ਸੋਢੀਆਂ ਦੀ ਸੇਵਾ ਸੰਭਾਲ ਵਿਚ ਠੀਕ ਚਲਦੇ ਰਹੇ। ਬਾਕੀ ਗੁਰਦੁਆਰਿਆਂ ਵਿਚ ਵੀ ਵੱਡੇ ਮਸਲੇ ਨਹੀਂ ਦਿਸਦੇ ਸਨ, ਪਰ ਗੱਲ ਸਭ ਪਾਸੇ ਇਕੋ ਹੀ ਸੀ। ਮਹੰਤ ਉਨ੍ਹਾਂ ਨੂੰ ਆਪਣੀ ਜਾਇਦਾਦ ਸਮਝਦੇ ਸਨ।

ਦਰਬਾਰ ਸਾਹਿਬ ਦੀ ਸੇਵਾ ਸੰਭਾਲ ੧੭੯੯ ਵਿਚ ਅਕਾਲੀ ਫੂਲਾ ਸਿੰਘ ਕੋਲ ਸੀ। ੧੭੯੯ ਵਿਚ ਰਣਜੀਤ ਸਿੰਘ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਦਸੰਬਰ ੧੮੦੨ ਵਿਚ ਉਸ ਨੇ ਅੰਮ੍ਰਿਤਸਰ 'ਤੇ ਵੀ ਹਮਲਾ ਕਰ ਦਿੱਤਾ। ਅਕਾਲੀ ਫੂਲਾ ਸਿੰਘ ਨੇ "ਗੁਰੂ ਕਾ ਚੱਕ" ਵਿਚ ਲੜਾਈ ਨਾ ਹੋਣ ਦਿੱਤੀ ਤੇ ਸਮਝੌਤਾ ਕਰਵਾ ਦਿੱਤਾ। ਅੰਮ੍ਰਿਤਸਰ ਸ਼ਹਿਰ ਦੀ ਦੇਖ ਭਾਲ ਲਹਿਣਾ ਸਿੰਘ ਮਜੀਠੀਆ ਨੂੰ ਸੰਭਾਲ ਦਿੱਤੀ ਗਈ। ਲਹਿਣਾ ਸਿੰਘ ਨੇ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਦੇ ਮਸਲੇ 'ਤੇ ਅਕਾਲੀ ਫੂਲਾ ਸਿੰਘ ਨੂੰ ਕਦੇ ਵੀ ਕੁਝ ਨਾ ਆਖਿਆ।

੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਟੁਰ ਗਿਆ। ਅਕਾਲੀ ਫੂਲਾ ਸਿੰਘ ਪਹਿਲੋਂ ਹੀ ਸ਼ਹੀਦ ਹੋ ਚੁੱਕੇ ਸਨ। ਉਨ੍ਹਾਂ ਦੀ ਸ਼ਹੀਦੀ ਤੋਂ ਮਗਰੋਂ ਰਣਜੀਤ ਸਿੰਘ ਦੀ ਸਰਕਾਰ ਸਹੀ ਮਾਅਨਿਆਂ ਵਿਚ ਡੋਗਰੇ ਅਤੇ ਭਈਏ ਹੀ ਚਲਾ ਰਹੇ ਸਨ। ਉਨ੍ਹਾਂ ਦੇ ਦਰਬਾਰ ਸਾਹਿਬ ਤੇ ਹੋਰ ਵੱਡੇ ਗੁਰਦੁਆਰਿਆਂ ਦੇ ਮਹੰਤਾਂ ਨੂੰ ਵੀ ਆਪਣੇ ਹੱਥਾਂ ਵਿਚ ਲੈ ਲਿਆ। ਗੁਰਦੁਆਰਿਆਂ ਵਿਚ ਗ਼ਲਤ ਰਵਾਇਤਾਂ ਸ਼ੁਰੂ ਹੋ ਗਈਆਂ। (ਅੱਜ ਜਿੰਨੀਆਂ ਵੀ ਗ਼ਲਤ ਰਵਾਇਤਾਂ ਗੁਰਦੁਆਰਿਆਂ ਵਿਚ ਨਜ਼ਰ ਆ ਰਹੀਆਂ ਹਨ, ਉਹ ਸਾਰੀਆਂ ਡੋਗਰਿਆਂ ਦੀ ਸਾਜਿਸ਼ ਹੇਠ ਮਹੰਤਾਂ ਨੇ ਸ਼ੁਰੂ ਕੀਤੀਆਂ ਸਨ।)

੧੮੪੯ ਵਿਚ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਡੋਗਰਿਆਂ ਦੀ ਤਾਕਤ ਹੁਣ ਖ਼ਤਮ ਹੋ ਗਈ। ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਆਜ਼ਾਦ ਹੋ ਗਏ। ਉਨ੍ਹਾਂ ਨੇ ਗੁਰਦੁਆਰਿਆਂ ਦਾ ਚੜ੍ਹਾਵਾ ਆਪਣੀ ਨਿੱਜੀ ਜਾਗੀਰ ਦੀ ਆਮਦਨੀ ਵਾਂਗ ਵਰਤਣਾ ਸ਼ੁਰੂ ਕਰ ਦਿੱਤਾ। ਕਈ ਜਗਹ ਪੈਸੇ ਦੀ ਵੰਡ ਅਤੇ ਸੇਵਾ ਦੇ ਸਵਾਲ 'ਤੇ ਝਗੜੇ ਵੀ ਹੋਏ।

੧੮੫੯ ਵਿਚ ਰਾਜਾ ਤੇਜਾ ਸਿੰਘ ਮਿਸਟਰ ਕਪੂਰ (ਡਿਪਟੀ ਕਮਿਸ਼ਨਰ ਅੰਮ੍ਰਿਤਸਰ) ਅਤੇ ਜੋਧ ਸਿੰਘ ਸਰਬਰਾਹ ਨੇ ਇਕ ਮੀਟਿੰਗ (੫ ਤੋਂ ੧੨ ਸਤੰਬਰ ੧੮੫੯) ਕਰ ਕੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਿਆਂ ਬਾਰੇ ਜ਼ਾਬਤਾ ਅਤੇ ਮਰਿਆਦਾ ਤਿਆਰ ਕੀਤੀ। ਇਸ ਖਰੜੇ 'ਤੇ ਸਿੱਖ ਆਗੂਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਇਲਾਵਾ ਸਰਬਰਾਹ, ਗ੍ਰੰਥੀਆਂ ਅਤੇ ਪੁਜਾਰੀਆਂ ਨੇ ਆਪਣੇ ਦਸਤਖ਼ਤ ਕੀਤੇ। ਇਸ ਮੌਕੇ 'ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਰਾਜਾ ਤੇਜਾ ਸਿੰਘ, ਸ਼ਮਸੇਰ ਸਿੰਘ ਸੰਧਾਂਵਾਲੀਆ, ਰਾਜਾ ਸੂਰਤ ਸਿੰਘ ਮਜੀਠੀਆ, ਭਗਵਾਨ ਸਿੰਘ, ਗਿਆਨੀ ਪਰਦੁਮਨ ਸਿੰਘ, ਗੁਲਾਬ ਸਿੰਘ ਭਾਗੋਵਾਲੀਆ, ਜੈਮਲ ਸਿੰਘ ਖੰਡਾ, ਸਰਦੂਲ ਸਿੰਘ, ਰਾਏ ਮੂਲ ਸਿੰਘ, ਰਾਜਾ ਸਿੰਘ ਮਾਨ। ਇਹ ਕਮੇਟੀ ਕੁਝ ਚਿਰ ਕਾਇਮ ਰਹੀ। ਮਗਰੋਂ ਸਰਕਾਰ ਨੇ ਇਸ ਦੀ ਜਗਹ ਇਕ ਹੋਰ ਕਮੇਟੀ ਬਣਾ ਦਿੱਤੀ। ਇਸ ਵਿਚ ਮੈਂਬਰ ਸਨ: ਰਾਜਾ ਦਿਆਲ ਸਿੰਘ, ਰਾਜਾ ਹਰਬੰਸ ਸਿੰਘ, ਠਾਕਰ ਸਿੰਘ ਸੰਧਾਂਵਾਲੀਆ, ਅਜੀਤ ਸਿੰਘ ਅਟਾਰੀ ਵਾਲਾ, ਅਰਜਨ ਸਿੰਘ ਚਾਹਲ, ਰਾਏ ਕਲਿਆਣ ਸਿੰਘ, ਅਤਰ ਸਿੰਘ ਭਦੌੜ, ਜਗਤ ਸਿੰਘ ਜੀਂਦ।

ਕੁਝ ਸਾਲ ਇਸੇ ਤਰ੍ਹਾਂ ਚਲਦਾ ਰਿਹਾ ਪਰ ਸਰਬਰਾਹ, ਗ੍ਰੰਥੀ ਤੇ ਪੁਜਾਰੀ ਆਪੋ ਆਪਣੀ ਚਲਾਂਦੇ ਰਹੇ। ਜਦੋਂ ਉਨ੍ਹਾਂ ਵਿਚ ਝਗੜਾ ਹੁੰਦਾ ਤਾਂ ਉਹ ਸਰਕਾਰ ਦੀ ਬਣਾਈ ਕਮੇਟੀ ਤਕ ਪਹੁੰਚ ਕਰਦੇ। ਇਸ ਤੋਂ ਇਲਾਵਾ ਕਮੇਟੀ ਦੀ ਕੋਈ ਪੁੱਛ ਪੜਤਾਲ ਨਹੀਂ ਸੀ। ਸੰਨ ੧੮੮੧ ਵਿਚ ਇਹ ਕਮੇਟੀ ਵੀ ਖ਼ਤਮ ਹੋ ਗਈ। ਹੁਣ ਸਰਬਰਾਹ ਸਿੱਧਾ ਸਰਕਾਰ ਦੀ ਮਰਜ਼ੀ ਨਾਲ ਕੰਮ ਕਰਦਾ ਸੀ। ਉਸ ਨੂੰ ਸਿੱਖਾਂ ਦੀ ਕੋਈ ਪ੍ਰਵਾਹ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੱਖ ਆਗੂਆਂ ਨੇ ਸਰਕਾਰ ਨੂੰ ਪਹੁੰਚ ਕਰ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਨ ਵਾਸਤੇ ਇਕ ਕਮੇਟੀ ਬਣਾਉਣ ਵਾਸਤੇ ਆਖਿਆ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਕੁਝ ਸਿੱਖ ਰਾਜੇ ਅਤੇ ਹੋਰ ਸਿੱਖ ਆਗੂ ਵੀ ਮਿਲੇ। ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿਪਨ ਤਕ ਵੀ ਪਹੁੰਚੀ। ਇਸ 'ਤੇ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਆਰ. ਈ. ਈਗਰਟਨ ਨੇ ਵਾਇਸਰਾਏ ਨੂੰ ਚਿੱਠੀ ਲਿਖ ਕੇ ਖ਼ਬਰਦਾਰ ਕੀਤਾ :

"I think it would be politically dangerous to allow the management of the sikh shrines to fall into the hands of a Committee emancipated from government control and I trust your Excellency will asist to pass such orders in the case as will enable to continue the system which has worked out successfully for more than 30 years..." R.E. Egerton 8-11-1881.

(ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇਕ ਅਜਿਹੀ ਕਮੇਟੀ, ਜੋ ਸਰਕਾਰੀ ਕੰਟਰੋਲ ਤੋਂ ਅਜ਼ਾਦ ਹੋਵੇ, ਦੇ ਹੱਥ ਵਿਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ ੩੦ ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ।)

ਅੰਗਰੇਜ਼ ਸਰਕਾਰ ਇਹ ਕਦੇ ਵੀ ਨਹੀਂ ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਸਿੱਖਾਂ ਦੇ ਹੱਥਾਂ ਵਿਚ ਚਲਾ ਜਾਵੇ। ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਬਣਨ ਨਾਲ, ਸਿੱਖਾਂ ਵਾਸਤੇ ਇਕ ਪਲੇਟਫ਼ਾਰਮ, ਇਕ ਜਮਾਤ, ਇਕ ਇਤਹਾਦ ਅਤੇ ਇਕ ਤਾਕਤ ਬਣ ਜਾਣੀ ਸੀ। (ਜਿਵੇਂ ਅੱਜ ਬਣ ਚੁੱਕਿਆ ਹੈ)। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਆਪਣੇ ਆਪ ਵਿਚ ਇਕ ਪੂਰੀ ਹਕੂਮਤ ਹੈ (State within a State)। ਇਸ ਦਾ ਹਊਆ ੧੮੮੧ ਤੇ ੧੯੨੦-੨੫ ਵਿਚ ਵੀ ਓਨਾਂ ਹੀ ਸੀ, ਜਿੰਨਾ ਕਿ ੧੯੯੯ ਵਿਚ ਹੈ।

ਉਨ੍ਹਾਂ ਦਿਨਾਂ ਵਿਚ ਦਰਬਾਰ ਸਾਹਿਬ ਦੇ ਪੁਜਾਰੀਆਂ ਦੇ ਝਗੜੇ ਵਿਚ ਇਕ ਮੁਕੱਦਮਾ ਅਦਾਲਤ ਵਿਚ ਚਲਾ ਗਿਆ। ੧੮੮੬ ਵਿਚ ਮੁਕਦਮਾ ਨੰਬਰ ੮੦੭, ਨਰੈਣ ਸਿੰਘ ਬਨਾਮ ਭਗਤ ਸਿੰਘ, ਵਿਚ ਦੀਵਾਨੀ ਅਦਾਲਤ ਨੇ ਫ਼ੈਸਲਾ ਦਿੱਤਾ ਕਿ "੩੫ ਸਾਲ ਤੋਂ ਵੱਧ ਉਮਰ ਦਾ, ਸਿਰਫ਼ ਰਹਿਤਧਾਰੀ, ਸਿੱਖ ਹੀ ਦਰਬਾਰ ਸਾਹਿਬ ਦਾ ਗ੍ਰੰਥੀ ਬਣ ਸਕਦਾ ਹੈ।" ਇਸ ਨਾਲ ਕੋਈ ਵੱਡਾ ਫ਼ਰਕ ਤਾਂ ਨਾ ਪਿਆ ਪਰ ਗੁਰਦੁਆਰਿਆਂ ਦੇ ਗ੍ਰੰਥੀ ਬਣਨ ਦੇ ਨਾਂ 'ਤੇ ਹਿੰਦੂਆਂ ਦਾ ਦਖ਼ਲ ਕੁਝ ਘਟ ਗਿਆ।

ਉਸ ਵੇਲੇ ਸਿੰਘ ਸਭਾ ਲਹਿਰ ਸ਼ੁਰੂ ਹੋ ਚੁੱਕੀ ਸੀ। ਸਿੰਘ ਸਭਾ ਲਹਿਰ ਨੇ ਸਕੂਲ ਖੋਲ੍ਹਣ, ਧਰਮ ਪ੍ਰਚਾਰ ਕਰਨ ਅਤੇ ਸਿੱਖ ਕਲਚਰ ਨੂੰ ਸੰਭਾਲਣ ਵਲ ਵਧੇਰੇ ਧਿਆਨ ਦਿੱਤਾ। ਉਨ੍ਹਾਂ ਨੇ ਨਾ ਤਾਂ ਸਿੱਖ ਸਿਆਸਤ ਵਿਚ ਕੋਈ ਰੋਲ ਅਦਾ ਕੀਤਾ ਤੇ ਨਾ ਹੀ ਗੁਰਦੁਆਰਿਆਂ ਦੀ ਹਾਲਤ ਦਾ ਖਿਆਲ ਕੀਤਾ। ਮਹੰਤ, ਪੁਜਾਰੀ ਤੇ ਸਰਬਰਾਹ ਦਿਨੋ ਦਿਨ ਆਪ-ਹੁਦਰੇ ਹੁੰਦੇ ਜਾ ਰਹੇ ਸਨ। ਗੁਰਦੁਆਰਿਆਂ ਵਿਚ ਅ-ਸਿੱਖ ਮਰਿਆਦਾ ਲਾਗੂ ਹੋ ਰਹੀ ਸੀ। ਬ੍ਰਿਟਿਸ਼ ਸਰਕਾਰ ਇਸ ਵਿਚ ਖ਼ੁਸ਼ ਸੀ ਕਿ ਸਿੱਖ ਧਰਮ ਵਿਚ ਮਿਲਾਵਟ ਵਧੇ, ਸਿੱਖੀ ਦਾ ਪ੍ਰਚਾਰ ਘਟੇ, ਗੁਰਦੁਆਰਿਆਂ ਦੀ ਹਾਲਤ ਖ਼ਰਾਬ ਹੋਵੇ। ਸਿੱਖਾਂ ਦਾ ਨੁਕਸਾਨ ਬ੍ਰਿਟਿਸ਼ ਸਰਕਾਰ ਅਤੇ ਈਸਾਈ ਮਿਸ਼ਨਰੀਆਂ ਦੇ ਫ਼ਾਇਦੇ ਵਿਚ ਸੀ।

ਇਸ ਮਾਹੌਲ ਵਿਚ ੫ ਮਾਰਚ ੧੮੯੨ ਦੇ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਨੇ ਸਿੱਖਾਂ ਨੂੰ ਇਲਮ ਪੱਖੋਂ ਭਰਪੂਰ ਕੀਤਾ। ਇਸ ਕਾਲਜ ਦੇ ਪ੍ਰੋਫ਼ੈਸਰ ਤੇ ਸਟੂਡੈਂਟਸ ਨੇ ਅੱਗੋਂ ਜਾ ਕੇ ਸਿੱਖ ਕੌਮ ਦੀ ਲੀਡਰਸ਼ਿਪ ਵਿਚ ਅਹਿਮ ਰੋਲ ਅਦਾ ਕੀਤਾ।

ਇਨ੍ਹੀਂ ਦਿਨੀਂ ਪੰਚ ਖਾਲਸਾ ਦੀਵਾਨ, ਭਸੌੜ ਵੀ ਆਪਣਾ ਰੋਲ ਅਦਾ ਕਰ ਰਿਹਾ ਸੀ। ੩੦ ਅਕਤੂਬਰ ੧੯੦੨ ਦੇ ਦਿਨ ਚੀਫ਼ ਖਾਲਸਾ ਦੀਵਾਨ ਬਣ ਗਿਆ। ਉਨ੍ਹਾਂ ਸਿੰਘ ਸਭਾ ਲਹਿਰ ਦਾ ਪ੍ਰੋਗਰਾਮ ਅਪਣਾਈ ਰੱਖਿਆ। ਇਸ

ਤੋਂ ਇਲਾਵਾ "ਸਿੱਖ ਐਜੂਕੇਸ਼ਨਲ ਕਾਨਫ਼ਰੰਸ" ਲੜੀ ਵੀ ਸਿੱਖਾਂ ਨੂੰ ਆਪਣੇ ਹੱਕਾਂ ਬਾਰੇ ਖ਼ਬਰਦਾਰ ਕਰਨ ਅਤੇ ਇਕ ਲੜੀ ਵਿਚ ਪ੍ਰੋਣ ਵਿਚ ਕੁਝ ਰੋਲ ਅਦਾ ਕਰਦੀ ਰਹੀ। ਹੌਲੀ ਹੌਲੀ ਹਰ ਪਾਸੇ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਸਿੱਖ ਸਕੂਲਾਂ ਨੇ ਸਿੱਖ ਆਗੂਆਂ ਦੀ ਇਕ ਵੱਡੀ ਕਤਾਰ ਖੜੀ ਕੀਤੀ। ਉਨ੍ਹਾਂ ਵਿੱਚੋਂ ਮੁਖ ਸਨ : ਮਾਸਟਰ ਤਾਰਾ ਸਿੰਘ, ਮਾਸਟਰ ਮੋਤਾ ਸਿੰਘ, ਮਾਸਟਰ ਸੁੰਦਰ ਸਿੰਘ, ਪ੍ਰੋ: ਜੋਧ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋ: ਨਿਰੰਜਨ ਸਿੰਘ, ਹੈਡ ਮਾਸਟਰ ਮਹਿਤਾਬ ਸਿੰਘ, ਗੋਪਾਲ ਸਿੰਘ ਕੌਮੀ, ਅਕਾਲੀ ਮੰਗਲ ਸਿੰਘ, ਗਿਆਨੀ ਕਰਤਾਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸਰਦੂਲ ਸਿੰਘ ਕਵੀਸ਼ਰ ਤੇ ਹੋਰ ਕਈ। ਇਨ੍ਹਾਂ ਅਦਾਰਿਆਂ ਦੇ ਸੇਵਾਦਾਰਾਂ ਤੋਂ ਇਲਾਵਾ ਹੋਰ ਵੀ ਕਈ ਸਿੱਖ ਇਸ ਮਾਹੌਲ ਵਿਚ ਲੀਡਰਸ਼ਿਪ 'ਚ ਸ਼ਾਮਿਲ ਹੋਏ, ਜਿਵੇਂ ਸ: ਹਰਚੰਦ ਸਿੰਘ ਲਾਇਲਪੁਰੀ, ਸ: ਤੇਜਾ ਸਿੰਘ ਸਮੁੰਦਰੀ, ਜ: ਕਰਤਾਰ ਸਿੰਘ ਝੱਬਰ, ਸ: ਦਾਨ ਸਿੰਘ ਵਿਛੋਆ, ਸ. ਸਰਮੁਖ ਸਿੰਘ, ਸ. ਜਸਵੰਤ ਸਿੰਘ (ਝਬਾਲ ਭਰਾ), ਸ. ਹਰਬੰਸ ਸਿੰਘ ਅਟਾਰੀ, ਸ. ਅਮਰ ਸਿੰਘ (ਸ਼ੇਰੇ-ਪੰਜਾਬ) ਵਗੈਰਾ।

੮ ਅਪ੍ਰੈਲ ੧੯੦੭ ਦੇ ਦਿਨ ਖਾਲਸਾ ਦੀਵਾਨ ਲਾਹੌਰ ਨੇ ਆਪਣੇ ਸ਼ੈਸ਼ਨ (੬ ਤੋਂ ੮ ਅਪ੍ਰੈਲ) ਵਿਚ ਮੰਗ ਕੀਤੀ ਕਿ ਦਰਬਾਰ ਸਾਹਿਬ ਦਾ ਸਰਕਾਰ ਵੱਲੋਂ ਨਾਮਜ਼ਦ ਸਰਬਰਾਹ ਹਟਾ ਕੇ, ਦਰਬਾਰ ਸਾਹਿਬ ਦੇ ਇੰਤਜ਼ਾਮ ਵਾਸਤੇ ਸਿੱਖ ਮੁਖੀਆਂ ਦੀ ਇਕ ਕਮੇਟੀ ਬਣਾਈ ਜਾਏ। ੯-੧੦ ਅਪ੍ਰੈਲ ੧੯੦੭ ਦੇ ਇਕੱਠ ਵਿਚ ਵੀ ਤਰਨ ਤਾਰਨ ਤੇ ਹੋਰ ਗੁਰਦੁਆਰਿਆਂ ਦੀ ਹਾਲਤ 'ਤੇ ਫ਼ਿਕਰ ਦਾ ਇਜ਼ਹਾਰ ਕੀਤਾ ਗਿਆ।

੧੯੧੨ ਵਿਚ ਜ: ਕਰਤਾਰ ਸਿੰਘ ਝੱਬਰ ਨੇ "ਖਾਲਸਾ ਦੀਵਾਨ ਖਰਾ ਸੌਦਾ ਬਾਰ" ਨਾਂ ਦੀ ਜਥੇਬੰਦੀ ਬਣਾ ਕੇ ਗੁਰਦੁਆਰਾ ਸੁਧਾਰ ਦਾ ਮੁੱਢਲਾ ਕੰਮ ਸ਼ੁਰੂ ਕੀਤਾ। ਮਗਰੋਂ ਇਸ ਦਾ ਨਾਂ "ਅਕਾਲੀ ਦਲ ਖਰਾ ਸੌਦਾ ਬਾਰ" ਰੱਖ ਦਿੱਤਾ ਗਿਆ। ੧੯੧੪ ਵਿਚ ਭਾਈ ਮਹਿਤਾਬ ਸਿੰਘ ਬੀਰ ਨੇ "ਖਾਲਸਾ ਬਿਰਾਦਰੀ" ਜਥਾ ਬਣਾ ਕੇ ਸੇਵਾ ਸ਼ੁਰੂ ਕੀਤੀ।

੧੪ ਜਨਵਰੀ ੧੯੧੪ ਦੇ ਦਿਨ ਬ੍ਰਿਟਿਸ਼ ਸਰਕਾਰ ਨੇ ਵਾਇਸਰਾਇ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਵਿਚ ਇਸ ਦੇ ਖਿਲਾਫ਼ ਰੋਸ ਜਾਗਿਆ। ਸ: ਹਰਚੰਦ ਸਿੰਘ ਤੇ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਕੁਝ ਹੋਰਾਂ ਨੇ ਇਸ ਮਸਲੇ ਨੂੰ ਸਿੱਖ ਪੰਥ ਅੱਗੇ ਪੇਸ਼ ਕੀਤਾ। ੧੦ ਤੋਂ ੧੨ ਅਪ੍ਰੈਲ ੧੯੧੪ ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਜਲੰਧਰ ਵਿਚ ਹੋਈ। ਮਾਸਟਰ ਸੁੰਦਰ ਸਿੰਘ ਤੇ ਸ: ਹਰਚੰਦ ਸਿੰਘ ਨੇ ਕਾਨਫ਼ਰੰਸ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਉਠਾਉਣਾ ਚਾਹਿਆ। ਜਦੋਂ ਕਮੇਟੀ ਵਾਲੇ ਨਾ ਮੰਨੇ ਤਾਂ ਇਨ੍ਹਾਂ ਨੇ ਉੱਚੀ ਅਵਾਜ਼ ਵਿਚ ਹਾਜ਼ਰ ਸਿੱਖਾਂ ਵਿਚ ਮਸਲਾ ਰੱਖਣਾ ਚਾਹਿਆ। ਇਸ 'ਤੇ ਕਾਨਫ਼ਰੰਸ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਕਾਨਫ਼ਰੰਸ ਵਿੱਚੋਂ ਕੱਢ ਦਿੱਤਾ। ਇਨ੍ਹਾਂ ਨੇ ਜਲੰਧਰ ਸਟੇਸ਼ਨ 'ਤੇ ਆ ਕੇ ਇਕ ਜਲਸਾ ਕਰ ਕੇ ਲੋਕਾਂ ਨੂੰ ਹਾਲਾਤ ਦੱਸੇ ਅਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰਨ ਦੀ ਮੰਗ ਕੀਤੀ। ਇਸ 'ਤੇ ਚੀਫ਼ ਖਾਲਸਾ ਦੀਵਾਨ ਨੇ ੩ ਮਈ ੧੯੧੪ ਨੂੰ ਅੰਮ੍ਰਿਤਸਰ 'ਚ ਕੁਝ ਖਾਸ ਸਿੱਖਾਂ ਦਾ ਇਕੱਠ ਬੁਲਾਇਆ ਅਤੇ ਇਕ-ਦੋ ਮਤੇ ਧੱਕੇ ਨਾਲ ਪਾਸ ਹੋਣ ਦਾ ਐਲਾਨ ਕੀਤਾ। ਇਕ ਮਤੇ ਵਿਚ ਸਰਕਾਰ ਤੋਂ ਮੰਗ ਕੀਤੀ ਸੀ ਕਿ ਸਰਕਾਰ ਗੁਰਦੁਆਰਾ ਰਕਾਬ ਗੰਜ ਦੀ ਕੰਧ ਮੁੜ ਉਸਾਰ ਦੇਵੇ। ਜੇ ਕਰ ਕਿਸੇ ਹਾਲਤ ਵਿਚ ਅਜਿਹਾ ਨਾ ਹੋ ਸਕਦਾ ਹੋਵੇ ਤਾਂ ਗੁਰਦੁਆਰੇ ਦੀ ਜ਼ਮੀਨ ਦਾ ਰਕਬਾ ਘਟਾਏ ਬਿਨਾਂ ਉਸ ਜਗਹ ਦੀ ਵਿਉਂਤ ਕੀਤੀ ਜਾਏ।" ਇਸ ਮਤੇ ਦਾ ਮਤਲਬ ਸਾਫ਼ ਸੀ ਕਿ "ਸਰਕਾਰ ਨੂੰ ਦੀਵਾਰ ਬਣਾਉਣ ਦੀ ਕੋਈ ਜ਼ਰੂਰਤ ਨਹੀਂ ਤੇ ਜਿੰਨੀ ਜ਼ਮੀਨ ਸਰਕਾਰ ਨੇ ਲੈਣੀ ਹੋਵੇ, ਲੈ ਲਵੇ ਤੇ ਕਿਸੇ ਹੋਰ ਪਾਸਿਓਂ ਦੇ ਦੇਵੇ। ਇਹ ਤਾਂ ਸਿੱਧੀ ਸਰਕਾਰ ਦੀ ਹਮਾਇਤ ਸੀ। ਲਾਇਲਪੁਰ ਦੇ ਸਿੱਖ ਵਰਕਰਾਂ ਨੇ ਬੜਾ ਰੌਲਾ ਪਾਇਆ ਪਰ ਦੀਵਾਨ ਦੀ ਕਮੇਟੀ ਨੇ ਜ਼ਰਾ ਵੀ ਪ੍ਰਵਾਹ ਨਾ ਕੀਤੀ। ਇਸੇ 'ਤੇ ਇਨ੍ਹਾਂ ਨੇ ੩੦ ਮਈ ਦੇ ਦਿਨ ਇਕ ਵੱਡਾ ਇਕੱਠ ਬੁਲਾ ਲਿਆ। ਇਸ ਵੱਡੇ ਇਕੱਠ ਵਿਚ ਮਤਾ ਪਾਸ ਹੋਇਆ ਕਿ ਸਰਕਾਰ ਹਰ ਹਾਲਤ ਵਿਚ ਗੁਰਦੁਆਰੇ ਦੀ ਕੰਧ ਮੁੜ ਉਸਾਰ ਕੇ ਦੇਵੇ। ਉਨ੍ਹੀਂ ਦਿਨੀਂ ਜੰਗ ਸ਼ੁਰੂ ਹੋ ਚੁੱਕੀ ਸੀ ਤੇ ਸਰਕਾਰ ਨੇ ਸਿੱਖ ਆਗੂਆਂ ਨੂੰ ਕਿਹਾ ਕਿ ਉਹ ਜੰਗ ਵਿਚ ਅੰਗਰੇਜ਼ਾਂ ਦਾ ਸਾਥ ਦੇਣ, ਜੰਗ ਮੁਕਣ 'ਤੇ ਦੀਵਾਰ ਬਣਾ ਦਿੱਤੀ ਜਾਏਗੀ। ਸੋ, ਉਸ ਵੇਲੇ ਮੋਰਚਾ ਲਗਦਾ ਲਗਦਾ ਰਹਿ ਗਿਆ।

ਇਕ ਪਾਸੇ ਤਾਂ ਸਰਕਾਰ ਨੇ ਸਿੱਖਾਂ ਤੋਂ ਮਦਦ ਮੰਗੀ ਤੇ ਦੂਜੇ ਪਾਸੇ ਕਾਮਾ-ਗਾਟਾ-ਮਾਰੂ ਜਹਾਜ਼ ਦੇ ਮੁਸਾਫ਼ਿਰਾਂ

ਨਾਲ ਧੱਕਾ ਤੇ ਜ਼ੁਲਮ ਕੀਤਾ। ਇਨ੍ਹੀਂ ਦਿਨੀਂ ਹੀ ਗ਼ਦਰ ਲਹਿਰ ਸ਼ੁਰੂ ਹੋ ਗਈ। ਗਦਰ ਲਹਿਰ ਭਾਵੇਂ ਨਾਕਾਮਯਾਬ ਰਹੀ ਤੇ ਇਸ ਦੇ ਸਾਰੇ ਲੀਡਰ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਗਏ ਪਰ ਇਸ ਨੇ ਵਰਕਰਾਂ ਦੀ ਇਕ ਲੰਬੀ ਕਤਾਰ ਖੜ੍ਹੀ ਕਰ ਦਿੱਤੀ। ਮਗਰੋਂ, ਇਨ੍ਹਾਂ ਵਿੱਚੋਂ ਬਹੁਤੇ ਵਰਕਰ ਸ਼੍ਰੋਮਣੀ ਅਕਾਲੀ ਦਲ ਤੇ ਬੱਬਰ ਅਕਾਲੀ ਦਲ ਨਾਲ ਜੁੜ ਗਏ।

ਨਵੰਬਰ ੧੯੧੮ ਵਿਚ ਪਹਿਲੀ ਵੱਡੀ ਜੰਗ ਮੁੱਕ ਗਈ ਪਰ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਨਾ ਬਣਾਈ ਸਗੋਂ ਇਕ ਹੋਰ ਇਨਾਮ "ਰੌਲਟ ਐਕਟ" ਬਣਾ ਕੇ ਦਿੱਤਾ। ੧੩ ਅਪ੍ਰੈਲ ੧੯੧੯ ਦੇ ਦਿਨ ਜਲ੍ਹਿਆਂ ਵਾਲਾ ਬਾਗ ਵਿਚ ੩੭੯ ਬੰਦੇ ਸ਼ਹੀਦ ਤੇ ੨੦੦੦ ਜ਼ਖ਼ਮੀ ਕਰ ਕੇ ਨਵੀਂ ਭਾਜੀ ਪਾ ਦਿੱਤੀ। ਮਾਰਸ਼ਲ ਲਾਅ ਹੇਠਾਂ ਬਹੁਤ ਸਾਰੇ ਲੋਕ ਗ੍ਰਿਫ਼ਤਾਰ ਕੀਤੇ ਗਏ। ੨੩ ਜੁਲਾਈ ੧੯੧੯ ਦੇ ਦਿਨ ਮਾਰਸ਼ਲ ਲਾਅ ਵਾਪਿਸ ਲੈ ਲਿਆ ਗਿਆ। ਮਾਰਸ਼ਲ ਲਾਅ ਮੁੱਕਣ ਮਗਰੋਂ, ਹਿੰਦੂਆਂ ਨੇ ਕਾਂਗਰਸ ਅਤੇ ਮੁਸਲਮਾਨਾਂ ਨੇ ਮੁਸਲਮ ਲੀਗ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਗੁਰਦੁਆਰਾ ਰਕਾਬ ਗੰਜ ਦੇ ਮਸਲੇ 'ਤੇ ਚੀਫ਼ ਖਾਲਸਾ ਦੀਵਾਨ ਸਿੱਖਾਂ 'ਚੋਂ ਆਪਣੀ ਸਾਖ ਗੁਆ ਬੈਠਾ। ਇਸ ਹਾਲਤ ਵਿਚ ਸਿੱਖਾਂ ਨੇ ਇਕ ਨਵੀਂ ਜਥੇਬੰਦੀ ਦੀ ਜ਼ਰੂਰਤ ਮਹਿਸੂਸ ਕੀਤੀ। ਇਸ ਦੇ ਨਤੀਜੇ ਵਜੋਂ ੨੭ ਦਸੰਬਰ ੧੯੧੯ ਦੇ ਦਿਨ ਸਿੱਖ ਲੀਗ (ਮਗਰੋਂ ਸੈਂਟਰਲ ਸਿੱਖ ਲੀਗ) ਕਾਇਮ ਹੋਈ।

ਗੁਰਦੁਆਰਾ ਸੁਧਾਰ ਲਹਿਰ ਦਾ ਜਨਮ :

ਸਿੱਖ ਲੀਗ ਭਾਵੇਂ ੧੯੧੯ ਵਿਚ ਕਾਇਮ ਹੋ ਗਈ ਪਰ ਇਸ ਨੇ ਕੋਈ ਵੱਡੀ ਕਾਰਵਾਈ ਨਾ ਕੀਤੀ। ਚਾਰ ਪੰਜ ਮਹੀਨੇ ਲੰਘ ਜਾਣ ਮਗਰੋਂ ਵੀ ਸਿੱਖ ਲੀਗ ਅਜੇ ਸਿਰਫ਼ ਕਾਗ਼ਜ਼ੀ ਜਥੇਬੰਦੀ ਸੀ। ਦੂਜੇ ਪਾਸੇ, ਸੰਜੀਦਾ ਸਿੱਖ ਆਗੂ ਗੁਰਦੁਆਰਿਆਂ ਦੀ ਹਾਲਤ ਤੋਂ ਵੀ ਪ੍ਰੇਸ਼ਾਨ ਸਨ। ਉਨ੍ਹਾਂ ਨੂੰ ਗੁਰਦੁਆਰਿਆਂ ਦੀ ਨਿੱਘਰਦੀ ਹਾਲਤ ਦਾ ਵੀ ਅਹਿਸਾਸ ਹੋ ਰਿਹਾ ਸੀ। ਵੱਖ-ਵੱਖ ਇਲਾਕਿਆਂ ਵਿਚ ਸਿੱਖ ਆਗੂ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਵਾਉਣ ਵਾਸਤੇ ਵਿਚਾਰਾਂ ਕਰ ਰਹੇ ਸਨ। ਗੁਰਦੁਆਰਾ ਰਕਾਬ ਗੰਜ ਦਾ ਮਸਲਾ ਵੀ ਅਜੇ ਉੱਥੇ ਹੀ ਸੀ।

ਰੋਜ਼ਾਨਾ 'ਅਕਾਲੀ' ਅਖ਼ਬਾਰ :

੧੯੨੦ ਦੀਆਂ ਗਰਮੀਆਂ ਵਿਚ ਸੰਜੀਦਾ ਸਿੱਖ ਆਗੂਆਂ ਨੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ। ਇਨ੍ਹਾਂ ਨੇ ਇਸ ਦੇ ਨਾਲ ਹੀ ਸਿੱਖਾਂ ਦੀ ਧਾਰਮਿਕ ਅਤੇ ਸਿਆਸੀ ਹਾਲਤ ਬਾਰੇ ਵਿਚਾਰਾਂ ਵੀ ਕੀਤੀਆਂ। ਗੁਰਦੁਆਰਿਆਂ ਦੀ ਹਾਲਤ ਦਾ ਚਰਚਾ ਵੀ ਚਲਿਆ। ਲੋਕ ਹੁਣ ਟੋਲੀਆਂ ਬਣਾ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਨਿਕਲਣ ਲੱਗੇ। ਖੁਲ੍ਹਾ ਦਾਹੜਾ, ਹੱਥ ਵਿਚ ਕਿਰਪਾਨ, ਹਰ ਸੰਜੀਦਾ ਸਿੱਖ ਦੀ ਜ਼ਿੰਦਗੀ ਦਾ ਹਿੱਸਾ ਬਣ ਗਈ।

੧ ਮਈ ੧੯੨੦ ਦੇ ਦਿਨ ਮਾਸਟਰ ਸੁੰਦਰ ਸਿੰਘ, ਸਰਦਾਰ ਹਰਚੰਦ ਸਿੰਘ ਲਾਇਲਪੁਰੀ, ਸਰਦੂਲ ਸਿੰਘ ਕਵੀਸ਼ਰ, ਗਿ: ਹੀਰਾ ਸਿੰਘ ਦਰਦ ਤੇ ਉਨ੍ਹਾਂ ਦੇ ਸਾਥੀ ਲਾਹੌਰ ਇਕੱਠੇ ਹੋਏ ਅਤੇ ਰੋਜ਼ਾਨਾ 'ਅਕਾਲੀ' ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ। ੨੧ ਮਈ ੧੯੨੦ ਦੇ ਦਿਨ ਪਹਿਲਾ ਪਰਚਾ ਛਪਿਆ। ਪਹਿਲੇ ਦਿਨ ਤੋਂ ਹੀ ਅਕਾਲੀ ਅਖ਼ਬਾਰ ਸਿੱਖ ਪੰਥ ਵਿਚ ਹਰਦਿਲ-ਅਜ਼ੀਜ਼ ਹੋ ਗਿਆ। 'ਅਕਾਲੀ' ਅਖ਼ਬਾਰ ਨੇ ਸਭ ਤੋਂ ਵੱਡਾ ਫ਼ਾਇਦਾ ਇਹ ਪਹੁੰਚਾਇਆ ਕਿ ਦੂਰ-ਦੁਰਾਡੇ ਬੈਠੇ, ਇਕੱਲੇ-ਇਕੱਲੇ ਸਿੱਖ ਆਗੂ ਅਤੇ ਵਰਕਰ ਇਕ ਦੂਜੇ ਨਾਲ ਜੁੜ ਗਏ।

'ਅਕਾਲੀ' ਅਖ਼ਬਾਰ ਨੇ ਮਾਅਰਕੇ ਦਾ ਰੋਲ ਅਦਾ ਕੀਤਾ। ਹਰ ਪਾਸੇ 'ਅਕਾਲੀ' 'ਅਕਾਲੀ' ਅਤੇ 'ਅਕਾਲ', 'ਅਕਾਲ' ਹੋਣ ਲੱਗ ਪਈ। ਅਕਾਲੀ ਅਖ਼ਬਾਰ ਨਾਲ ਸੈਂਕੜੇ, ਤੇ ਫਿਰ ਹਜ਼ਾਰਾਂ, ਸਿੱਖ ਇਕ ਦੂਜੇ ਨਾਲ ਜੁੜ ਗਏ। ਇਨ੍ਹਾਂ ਸਾਰਿਆਂ ਨੂੰ ਅਚਾਨਕ 'ਅਕਾਲੀ' ਆਖਿਆ ਜਾਣ ਲੱਗ ਪਿਆ। ਇਨ੍ਹਾਂ ਵਰਕਰਾਂ ਦੀ ਪੰਥ ਵਿਚ ਲਾਸਾਨੀ ਥਾਂ ਬਣ ਗਈ। ਹੌਲੀ-ਹੌਲੀ, ਹਰ ਪਾਸੇ, ਨੀਲੀਆਂ ਪੱਗਾਂ ਤੇ ਕਿਰਪਾਨਾਂ ਵਾਲੇ ਅਕਾਲੀ ਨਜ਼ਰ ਆਉਣ ਲੱਗ ਪਏ। ਸਾਰਾ ਸਿੱਖ ਪੰਥ ਇਨ੍ਹਾਂ ਦੇ ਆਖੇ 'ਤੇ ਫੁਲ ਚੜ੍ਹਾਉਣ ਵਾਸਤੇ ਤਿਆਰ ਹੋ ਗਿਆ ਸੀ। ਸਮੁੱਚਾ 'ਸਿੱਖ ਹੋਮਲੈਂਡ' ਹੁਣ 'ਅਕਾਲੀ' ਬਣਦਾ ਜਾਪਣ ਲੱਗ ਪਿਆ। ਇਸ ਮਾਹੌਲ ਵਿਚ ਇਕ ਅਣ-ਐਲਾਨੀ 'ਅਕਾਲੀ ਲਹਿਰ' ਚਲ ਪਈ। ਬਿਨਾਂ ਕਿਸੇ ਇਕੱਠ ਤੋਂ, ਬਗੈਰ ਕਿਸੇ ਮੀਟਿੰਗ ਤੋਂ, ਇਕ ਲਹਿਰ, ਇਕ ਜਮਾਤ, ਤੇ ਇਕ ਜਥੇਬੰਦੀ ਜਨਮ ਲੈ ਰਹੀ ਸੀ। ਸਿਰਫ਼ ਇਕ ਚਿੰਗਾਰੀ ਦੀ ਜ਼ਰੂਰਤ ਸੀ, ਜਿਸ ਨੇ ਭਾਂਬੜ ਬਣ ਜਾਣਾ ਸੀ।

ਗੁਰਦੁਆਰਾ ਚੁਮਾਲਾ ਸਾਹਿਬ :

ਗੁਰਦੁਆਰਿਆਂ ਦੀ ਹਾਲਤ ਦੇ ਸੁਧਾਰ ਵਾਸਤੇ ਅਕਾਲੀ ਵਰਕਰ ਕਈ ਚਿਰਾਂ ਤੋਂ ਕੋਸ਼ਿਸ਼ਾਂ ਕਰ ਰਹੇ ਸਨ। ਮਹੰਤਾਂ ਨੇ ਗੁਰਦੁਆਰਿਆਂ ਨੂੰ ਆਪਣੀ ਜਾਗੀਰ ਸਮਝ ਰੱਖਿਆ ਸੀ। ਹਾਲਾਤ ਬਦਲਣ ਨਾਲ ਲੋਕ ਸੰਭਲਣ ਲੱਗ ਪਏ। ਗੁਰਦੁਆਰਾ ਸੁਧਾਰ ਲਹਿਰ ਦੀ ਸ਼ੁਰੂਆਤ ੧੯੨੦ ਦੀਆਂ ਗਰਮੀਆਂ ਵਿਚ ਹੀ ਹੋ ਗਈ। ਬਹੁਤੇ ਲੇਖਕ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ੧੨ ਅਕਤੂਬਰ ੧੯੨੦ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਕੀਤੇ ਜਾਣ ਤੋਂ ਮੰਨਦੇ ਹਨ ਪਰ ਦਰਅਸਲ ਗੁਰਦੁਆਰਾ ਸੁਧਾਰ ਲਹਿਰ ਤਾਂ ਕਈ ਸਾਲ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ੧੯੨੦ ਦੀਆਂ ਗਰਮੀਆਂ ਵਿਚ ਇਹ ਲਹਿਰ ਬਹੁਤ ਤੇਜ਼ੀ ਨਾਲ ਸ਼ੁਰੂ ਹੋ ਗਈ। ਇਸ ਦਾ ਸਭ ਤੋਂ ਪਹਿਲਾਂ ਮੋਰਚਾ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਦਾ ਸੀ ਜੋ ਕਾਮਯਾਬੀ ਨਾਲ ਫ਼ਤਹਿ ਹੋਇਆ।

ਲਾਹੌਰ ਵਿਚ ਗੁਰਦੁਆਰਾ ਚੁਮਾਲਾ ਸਾਹਿਬ (ਪਾਤਸ਼ਾਹੀ ਛੇਵੀਂ) ਦੇ ਗੰ੍ਥੀ ਹਰੀ ਸਿੰਘ ਨੇ ਗੁਰਦੁਆਰੇ 'ਚ ਮਨਮਤ ਦਾ ਮਾਹੌਲ ਪੈਦਾ ਕੀਤਾ ਹੋਇਆ ਸੀ। ਉਹ ਗੁਰਦੁਆਰੇ ਵਿਚ ਮੁਸਾਫ਼ਿਰਾਂ ਨੂੰ ਠਹਿਰਨ ਨਹੀਂ ਦੇਂਦਾ ਸੀ। ਉਸ ਨੇ ਸਰਾਂ ਦੇ ਕਮਰੇ ਬੁੱਚੜਾਂ ਤੇ ਮੀਟ ਵੇਚਣ ਵਾਲਿਆਂ ਨੂੰ ਦਿੱਤੇ ਹੋਏ ਸਨ। ਉਹ ਗੰ੍ਥੀ ਵਜੋਂ ਸੇਵਾ ਵੀ ਨਹੀਂ ਸੀ ਕਰਦਾ (ਹੋਰ ਤਾਂ ਹੋਰ ਉਸ ਨੂੰ ਜਪੁਜੀ ਸਾਹਿਬ ਤੇ ਰਹਿਰਾਸੁ ਸਾਹਿਬ ਦਾ ਪਾਠ ਵੀ ਨਹੀਂ ਆਉਂਦਾ ਸੀ)। ਗੁਰਦੁਆਰੇ ਦੀ ਸਫ਼ਾਈ ਵੀ ਨਹੀਂ ਹੁੰਦੀ ਸੀ। ਸੰਗਤਾਂ ਉਸ ਤੋਂ ਬਹੁਤ ਦੁਖੀ ਸਨ। ਇਕ ਵਾਰ ਹਿੰਮਤ ਕਰ ਕੇ ਖਾਲਸਾ ਪ੍ਰਚਾਰਕ ਜਥੇ ਨੇ ਇਕ ਮੀਟਿੰਗ ੨੧ ਅਗਸਤ ੧੯੨੦ ਦੇ ਦਿਨ ਨੂੰ ਬੁਲਾ ਲਈ। ਇਸ 'ਤੇ ਗੰ੍ਥੀ ਨੇ ਆਪਣੇ ਘਰਾਂ ਦੀਆਂ ਔਰਤਾਂ ਨੂੰ ਭੇਜ ਕੇ ਹਮਲਾ ਕਰਵਾ ਕੇ ਮੀਟਿੰਗ 'ਚ ਖ਼ਲਲ ਪਾਇਆ ਅਤੇ ਨਾਲ ਹੀ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਰੋਕਣ ਵਾਸਤੇ ਅਦਾਲਤ ਵਿਚ ਦਾਅਵਾ ਵੀ ਕਰ ਦਿੱਤਾ। ਅਗਲੇ ਦਿਨ ੨੨ ਅਗਸਤ ਨੂੰ ਗੁਰਦੁਆਰਾ ਸਾਹਿਬ 'ਚ ਇਸ ਬਾਰੇ ਇਕ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਸ: ਸਰਦੂਲ ਸਿੰਘ ਕਵੀਸ਼ਰ, ਸ: ਸੁੰਦਰ ਸਿੰਘ ਚਾਵਲਾ ਵਗ਼ੈਰਾ ਨੇ ਸੰਗਤਾਂ ਨੂੰ ਚੁਮਾਲਾ ਸਾਹਿਬ ਦੀ ਤਸਵੀਰ ਦੱਸੀ। ਸਾਰੇ ਪਾਸੇ ਸਿੱਖਾਂ ਵਿਚ ਇਸ ਦਾ ਚਰਚਾ ਸ਼ੁਰੂ ਹੋ ਗਿਆ।

ਕੁਝ ਦਿਨ ਮਗਰੋਂ ਮੁਕਾਮੀ ਸਿੱਖਾਂ ਨੇ ਇਕੱਠੇ ਹੋ ਕੇ ੨੭ ਸਿਤੰਬਰ ੧੯੨੦ ਦੇ ਦਿਨ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਕਬਜ਼ਾ ਕਰ ਲਿਆ। ਗੁਰਦੁਆਰੇ ਦੇ ਪ੍ਰਬੰਧ ਵਾਸਤੇ ੧੪ ਮੈਂਬਰਾਂ ਦਾ ਜਥਾ ਚੁਣ ਲਿਆ ਗਿਆ। ਇਹ ੧੪ ਹੇਠ ਲਿਖੇ ਸਨ : ਸੰਤ ਸਿੰਘ, ਸਾਧੂ ਸਿੰਘ, ਬਾਵਾ ਸਿੰਘ, ਗੁਰਦਿੱਤ ਸਿੰਘ, ਬਿਸ਼ਨ ਸਿੰਘ, ਚਤਰ ਸਿੰਘ, ਦੀਵਾਨ ਸਿੰਘ, ਅਰੂੜ ਸਿੰਘ, ਵਰਯਾਮ ਸਿੰਘ, ਹਰੀ ਸਿੰਘ, ਚੇਤ ਸਿੰਘ, ਨੱਥਾ ਸਿੰਘ, ਚਰਨ ਸਿੰਘ, ਜਸਬੀਰ ਸਿੰਘ। ਇਸ ਦੌਰਾਨ ਪਹਿਲੋਂ ਕਾਬਜ਼ ਗੰ੍ਥੀ ਨੇ ਗੁਰਦੁਆਰੇ 'ਚ ਵੜਨ ਦੀ ਕੋਸ਼ਿਸ਼ ਕੀਤੀ, ਤਾਂ ਇਨ੍ਹਾਂ ੧੪ ਨੇ ਉਸ ਨੂੰ ਅੰਦਰ ਦਾਖਲ ਹੀ ਨਾ ਹੋਣ ਦਿੱਤਾ। ੨ ਅਕਤੂਬਰ ਨੂੰ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਸਿੱਖਾਂ ਦੀ ਕਮੇਟੀ ਬਣਾ ਦਿੱਤੀ ਗਈ। ਇਸ ਵਿਚ ਹੇਠ ਲਿਖੇ ੧੨ ਮੈਂਬਰ ਚੁਣੇ ਗਏ :

ਸੋਹਣ ਸਿੰਘ (ਸੈਕਟਰੀ ਸਿੰਘ ਸਭਾ ਸਿਆਲਕੋਟ), ਅਮਰ ਸਿੰਘ (ਲਾਇਲ ਗਜ਼ਟ), ਸ: ਬ: ਮਹਿਤਾਬ ਸਿੰਘ, ਸਰਦੂਲ ਸਿੰਘ ਕਵੀਸ਼ਰ, ਸੋਹਣ ਸਿੰਘ (ਐਡੀਟਰ ਸਿੱਖ ਅਖ਼ਬਾਰ), ਸੁੰਦਰ ਸਿੰਘ ਰਈਸ, ਮਾ: ਸੁੰਦਰ ਸਿੰਘ ਲਾਇਲਪੁਰੀ, ਗੁਰਦਿੱਤ ਸਿੰਘ, ਗੁਰਬਖਸ਼ ਸਿੰਘ, ਸੰਤ ਸਿੰਘ (ਪ੍ਰਧਾਨ ਪ੍ਰਚਾਰਕ ਜਥਾ), ਸਾਧੂ ਸਿੰਘ, ਮਹੰਤ ਤੇਜਾ ਸਿੰਘ (ਗੁਰਦੁਆਰਾ ਡੇਹਰਾ ਸਾਹਿਬ ਲਾਹੌਰ)।

(ਇਸ ਮਗਰੋਂ ਗੰ੍ਥੀ ਨੇ ੪ ਨਵੰਬਰ ਨੂੰ ਦਫ਼ਾ ੧੦੭ ਹੇਠ ਇਕ ਦੀਵਾਨੀ ਦਾਅਵਾ ਦਾਇਰ ਕਰ ਦਿੱਤਾ। ਸਿੱਖਾਂ ਨੇ ਇਸ ਦੇ ਖ਼ਿਲਾਫ਼ ਪੈਰਵੀ ਨਾ ਕਰਨ ਦਾ ਫ਼ੈਸਲਾ ਕੀਤਾ। ਮਗਰੋਂ ੬ ਜਨਵਰੀ ੧੯੨੧ ਨੂੰ ਅਦਾਲਤ ਨੇ ਗੰ੍ਥੀ ਨੂੰ ਇਕ ਤਰਫ਼ਾ 'ਡਿਗਰੀ' ਦੇ ਦਿੱਤੀ। ਫਿਰ ਉਸ ਨੇ ਦਫ਼ਾ ੧੪੫ ਹੇਠ ਕੇਸ ਦਾਇਰ ਕੀਤਾ ਪਰ ਡੀ. ਸੀ. ਨੇ ਇਸ ਕੇਸ ਨੂੰ ਖ਼ਾਰਿਜ ਕਰ ਦਿੱਤਾ। ਇੰਞ ਗੁਰਦੁਆਰੇ ਦਾ ਇੰਤਜ਼ਾਮ ਹਮੇਸ਼ਾ ਵਾਸਤੇ ਸਿੰਘਾਂ ਦੇ ਹੱਥ ਵਿਚ ਆ ਗਿਆ। ਪੰਜਾਬ ਦੇ ਖੁਫ਼ੀਆਂ ਮਹਿਕਮੇ ਦੇ ਇਕ ਮੁਖੀ ਅਫ਼ਸਰ ਵੀ. ਡਬਲਯੂ ਸਮਿੱਥ ਵੱਲੋਂ ੨੨ ਫਰਵਰੀ ੧੯੨੨ ਦੇ ਦਿਨ ਬਰਤਨਾਵੀ ਸਰਕਾਰ ਨੂੰ ਭੇਜੀ ਇਕ ਰਿਪੋਰਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਸਿੱਖਾਂ ਨੇ ਸਭ ਤੋਂ ਪਹਿਲਾਂ ਕਬਜ਼ਾ ਗੁਰਦੁਆਰਾ ਚੁਮਾਲਾ ਸਾਹਿਬ 'ਤੇ ਹੀ ਕੀਤਾ ਸੀ।

ਗੁਰਦੁਆਰਾ ਬਾਬੇ ਦੀ ਬੇਰ :

ਇਨ੍ਹੀਂ ਦਿਨੀਂ ਹੀ ਗੁਰਦੁਆਰਾ 'ਬਾਬੇ ਦੀ ਬੇਰ' (ਸਿਆਲਕੋਟ) ਦਾ ਮਸਲਾ ਵੀ ਸਿਖਰ 'ਤੇ ਆ ਪੁੱਜਾ। ਚੁਮਾਲਾ ਸਾਹਿਬ ਤੋਂ ਬਾਅਦ ਸਾਰੇ ਸਿੱਖ ਇਸ ਮੋਰਚੇ 'ਤੇ ਆ ਡਟੇ।

ਗੁਰਦੁਆਰਾ ਬਾਬੇ ਦੀ ਬੇਰ ਦਾ ਮਹੰਤ ਹਰਨਾਮ ਸਿੰਘ ੨੬ ਸਤੰਬਰ ੧੯੧੮ ਦੇ ਦਿਨ ਮਰ ਚੁੱਕਾ ਸੀ। ਉਸ ਦਾ ਜਾਨਸ਼ੀਨ ਥਾਪਣ ਬਾਰੇ ਝਗੜਾ ਚਲ ਰਿਹਾ ਸੀ। ਬਾਬੇ ਦੀ ਬੇਰ ਦੇ ਮਹੰਤ ਦੀ ਮੌਤ ਪਿੱਛੋਂ ਹਰਨਾਮ ਸਿੰਘ ਦੇ ਬਾਪ ਪ੍ਰੇਮ ਸਿੰਘ ਨੇ ਆਪਣਾ ਨਾਬਾਲਗ ਪੋਤਾ ਗੁਰਚਰਨ ਸਿੰਘ "ਗੱਦੀਦਾਰ" ਬਣਾ ਦਿੱਤਾ ਤੇ ੮ ਨਵੰਬਰ ੧੯੧੮ ਦੇ ਦਿਨ ਗੱਦੀ-ਨਸ਼ੀਨੀ ਦਾ ਸਮਾਗਮ ਰੱਖ ਲਿਆ।

ਮੁਕਾਮੀ ਸਿੱਖਾਂ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਤੇ ਡੀ. ਸੀ. ਤੱਕ ਪਹੁੰਚ ਕੀਤੀ। ਡੀ. ਸੀ. ਨੇ ਪਹਿਲਾਂ ਤਾਂ ਸਿੱਖਾਂ ਦਾ ਸਾਥ ਦਿੱਤਾ ਪਰ ਮਗਰੋਂ ਚੁਪ-ਚਾਪ ਗੁਰਚਰਨ ਸਿੰਘ ਦੇ ਨਾਂ ਤੇ ਜਮ੍ਹਾਂਬੰਦੀ ਕਰ ਦਿੱਤੀ। ਇਸ ਜਮ੍ਹਾਂਬੰਦੀ ਦੀ ਕਾਰਵਾਈ ੬ ਮਈ ੧੯੧੯ ਦੇ ਦਿਨ ਹੋਈ ਸੀ। ਇਸ ਦੌਰਾਨ ਪ੍ਰੇਮ ਸਿੰਘ ਵੀ ਮਰ ਚੁੱਕਾ ਸੀ। ਗੁਰਚਰਨ ਸਿੰਘ ਅਜੇ ਨਾਬਾਲਗ ਸੀ ਤੇ ਸਿੰਘ ਸਭਾ (ਮਗਰੋਂ ਖਾਲਸਾ ਦੀਵਾਨ) ਸਿਆਲਕੋਟ ਨੇ ਡੀ. ਸੀ. ਨੂੰ ਮਿਲ ਕੇ ਕਿਹਾ ਕਿ ਗੁਰਦੁਆਰੇ ਦਾ ਇੰਤਜ਼ਾਮ ਸੰਗਤਾਂ ਨੂੰ ਸੌਂਪ ਦਿੱਤਾ ਜਾਵੇ। ਇਸ ਬਾਰੇ ਇਕ ੧੫ ਮੈਂਬਰੀ ਕਮੇਟੀ ਬਣਾਈ ਜਾਏ, ਜਿਸ ਵਿਚ ੫ ਮੈਂਬਰ ਖਾਲਸਾ ਦੀਵਾਨ ਦੇ, ੫ ਸਿੰਘ ਸਭਾਵਾਂ ਦੇ (ਹਰ ਤਹਿਸੀਲ 'ਚੋਂ ਇਕ), ਦੋ ਮੈਂਬਰ ਸਿਆਲਕੋਟ ਦੀ ਮੁਕਾਮੀ ਸੰਗਤ ਦੇ, ਦੋ ਸਿੱਖ ਜਗੀਰਦਾਰਾਂ ਦੇ ਨੁਮਾਇੰਦੇ ਤੇ ਇਕ ਨੁਮਾਇੰਦਾ ਮਹੰਤਾਂ ਦਾ ਹੋਵੇ। ਇਹ ਕਮੇਟੀ ਹੀ ਮਹੰਤ ਨਾਮਜ਼ਦ ਕਰੇ ਅਤੇ ਗੁਰਦੁਆਰੇ ਦਾ ਇੰਤਜ਼ਾਮ ਵੀ ਕਰੇ। ਅਜੇ ਇਹ ਗੱਲਬਾਤ ਚਲ ਰਹੀ ਸੀ ਕਿ ਇਕ ਦਿਨ ਸਾਬਕ ਮਹੰਤ ਦੀ ਬੀਵੀ ਨੇ ਇਕ ਪੰਡਿਤ ਗੰਡਾ ਸਿਹੁੰ ਨੇ ਆਪਣੇ ਨਾਬਾਲਗ ਪੁੱਤਰ ਦਾ ਗਾਰਡੀਅਨ ਤੇ ਗੁਰਦੁਆਰੇ ਦਾ ਮੈਨੇਜਰ ਲਾ ਦਿੱਤਾ। ਸਿੱਖਾਂ ਵਿਚ ਇਸ ਦੇ ਖ਼ਿਲਾਫ਼ ਸਖ਼ਤ ਰੋਹ ਪੈਦਾ ਹੋਇਆ। ਬਹੁਤ ਸਾਰੇ ਸਿੱਖਾਂ ਨੇ ਗਵਰਨਰ ਕਮਿਸ਼ਨਰ ਤੇ ਡੀ. ਸੀ. ਨੂੰ ਖ਼ਤ ਤੇ ਤਾਰਾਂ ਭੇਜ ਕੇ ਆਪਣਾ ਰੋਹ ਜ਼ਾਹਿਰ ਕੀਤਾ ਤੇ ਸਰਕਾਰ ਨੇ ਅੱਖਾਂ ਪੂੰਝਣ ਵਾਸਤੇ ਪੜਤਾਲੀਆ ਅਫ਼ਸਰ ਤਾਈਨਾਤ ਕਰ ਦਿੱਤਾ। ਕਮਿਸ਼ਨ ਦੀ ਰਸਮੀ ਰਿਪੋਰਟ ਮਗਰੋਂ ਸਰਕਾਰ ਨੇ ਪ੍ਰੇਮ ਸਿੰਘ ਦੀ ਮਹੰਤੀ ਮੰਨ ਲਈ ਤੇ ਪ੍ਰੋਟੈਸਟ ਦੇ ਬਾਵਜੂਦ ਗੰਡਾ ਸਿਹੁੰ ਨੂੰ ਜਾਇਦਾਦ ਦਾ ਮੈਨੇਜਰ ਬਣਾ ਦਿੱਤਾ। ਸਿੱਖਾਂ ਨੇ ਗੰਡਾ ਸਿਹੁੰ ਉਬਰਾਏ ਦੇ ਖਿਲਾਫ਼ ਮੁਹਿੰਮ ਸ਼ੁਰੂ ਕਰ ਦਿੱਤੀ। ਕੁਝ ਦਿਨ ਦੇ ਠੰਡੇ ਝਗੜੇ ਮਗਰੋਂ ੨੩ ਜੁਲਾਈ ਨੂੰ ਸਿੱਖਾਂ ਨੇ ਇਕ ੧੧ ਮੈਂਬਰੀ ਕਮੇਟੀ ਬਣਾ ਕੇ ਗੁਰਦੁਆਰੇ ਦੀ ਸੇਵਾ ਸ਼ੁਰੂ ਕਰ ਦਿੱਤੀ। ਇਸ ਕਰ ਕੇ ਕੁਝ ਚਿਰ ਗੈਰ-ਯਕੀਨੀ ਹਾਲਤ ਚਲਦੀ ਰਹੀ। ੨੦ ਅਗਸਤ ੧੯੨੦ ਦੇ ਦਿਨ ਅਦਾਲਤ ਨੇ ਫ਼ੈਸਲਾ ਦਿੱਤਾ ਕਿ ਸਿੱਖ ੫੦,੦੦੦ ਰੁਪਏ ਕੋਰਟ ਫ਼ੀਸ ਲਾ ਕੇ ੧੦ ਦਿਨ ਦੇ ਅੰਦਰ ਅੰਦਰ ਦਾਅਵਾ ਦਾਇਰ ਕਰਨ। ਸਿੱਖ ਆਗੂਆਂ ਨੇ ਇਹ ਫ਼ੀਸ ਭਰਨ ਦੀ ਥਾਂ ਐਜੀਟੇਸ਼ਨ ਦਾ ਫ਼ੈਸਲਾ ਕਰ ਲਿਆ।

ਸਤੰਬਰ ਦੇ ਦੂਜੇ ਅੱਧ ਵਿਚ ਬਾਬੇ ਦੀ ਬੇਰ ਦਾ ਮਸਲਾ ਫੇਰ ਭਖ ਪਿਆ। ੨੧ ਸਤੰਬਰ ਦੇ ਦਿਨ ਮੋਚੀ ਦਰਵਾਜ਼ਾ ਲਾਹੌਰ ਵਿਚ ਸਿੱਖ ਲੀਗ ਦਾ ਇਕ ਇਕੱਠ ਹੋਇਆ। ਪੰਜ ਹਜ਼ਾਰ ਸਿੱਖਾਂ ਦੇ ਇਸ ਇਕੱਠ ਵਿਚ ਸ: ਪ੍ਰੇਮ ਸਿੰਘ ਸੋਢੀ, ਸ: ਸਰਦੂਲ ਸਿੰਘ ਕਵੀਸ਼ਰ, ਸ: ਮੋਤਾ ਸਿੰਘ, ਗਿ: ਸ਼ੇਰ ਸਿੰਘ ਵਗ਼ੈਰਾ ਪੁੱਜੇ। ਇਕੱਠ ਨੇ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਪਤਿਤ ਮਹੰਤ ਗੰਡਾ ਸਿਹੁੰ ਦੇ ਖ਼ਿਲਾਫ਼ ਮਤਾ ਪਾਸ ਕੀਤਾ। ਇਸ ਬਾਰੇ ਖ਼ਬਰਾਂ ਵਾਇਸਰਾਏ ਤੱਕ ਵੀ ਪਹੁੰਚੀਆਂ। ਵਾਇਸਰਾਏ ਨੇ ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਦੇ ਹਵਾਲੇ ਕਰਨ ਬਾਰੇ ਹਾਂ ਪੱਖੀ ਰਵਈਆ ਦਰਸਾਇਆ। ਇਸ ਮਾਹੌਲ ਵਿਚ ਸਿੱਖਾਂ ਦਾ ਇਕ ਇਕੱਠ ਸਿਆਲਕੋਟ ਵਿਚ ੫ ਅਕਤੂਬਰ ਨੂੰ ਬੁਲਾਇਆ ਗਿਆ।

ਗੁਰਦੁਆਰਾ ਬਾਬੇ ਦੀ ਬੇਰ ਦਾ ਇੰਤਜ਼ਾਮ ੨੩ ਜੁਲਾਈ ਤੋਂ ਸਿੱਖਾਂ ਦੀ ਇਕ ੧੧ ਮੈਂਬਰੀ ਕਮੇਟੀ ਕਰਦੀ ਰਹੀ ਸੀ। ੨੦ ਅਗਸਤ ਨੂੰ ਜਦੋਂ ਅਦਾਲਤ ਨੇ ਸਿੱਖਾਂ ਨੂੰ ਇਕ ਆਮ ਕਾਨੂੰਨੀ ਦਾਅਵਾ ਕਰਨ ਵਾਸਤੇ ਆਖਿਆ ਤਾਂ ਸਿੱਖਾਂ ਨੇ ਐਜੀਟੇਸ਼ਨ ਦਾ ਫ਼ੈਸਲਾ ਕਰ ਲਿਆ। ਕੁਝ ਚਿਰ ਗੈਰ-ਯਕੀਨੀ ਹਾਲਤ ਚਲਦੀ ਰਹੀ। ਸਤੰਬਰ ਦੇ ਅਖ਼ੀਰ 'ਚ ਸ: ਅਮਰ ਸਿੰਘ ਝਬਾਲ ਸਿਆਲਕੋਟ ਪੁੱਜੇ। ਉਨ੍ਹਾਂ ਹੋਰ ਸਿੱਖ ਆਗੂਆਂ ਦੀ ਮਦਦ ਨਾਲ ਇਕ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਤੇ ਉਸ ਨੂੰ ਗੁਰਦੁਆਰੇ ਦਾ ਇੰਤਜ਼ਾਮ ਸੰਭਾਲਣ ਵਾਸਤੇ ਆਖਿਆ। ਇਹ ਪੰਜ ਸਿੰਘ ਸਨ : ਸ: ਭਾਗ ਸਿੰਘ, ਸ: ਜਵਾਹਰ ਸਿੰਘ, ਸ: ਨਾਨਕ ਸਿੰਘ, ਸ: ਰਾਮ ਸਿੰਘ ਤੇ ਸ: ਮਹਾਂ ਸਿੰਘ। ਇਨ੍ਹਾਂ ਦਿਨ੍ਹਾਂ ਵਿਚ

ਹੀ ਵਾਇਸਰਾਇ ਨੇ ਵੀ ਇਹ ਸਲਾਹ ਦਿੱਤੀ ਕਿ ਗੰਡਾ ਸਿਹੁੰ ਪਤਿਤ ਸਰਬਰਾਹ ਨੂੰ ਹਟਾ ਕੇ ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਨੂੰ ਦੇ ਦਿੱਤਾ ਜਾਵੇ ਪਰ ਸ਼ਾਇਦ ਮਗਰੋਂ ਸਰਕਾਰ ਨੇ ਫ਼ੈਸਲਾ ਬਦਲ ਲਿਆ। ਇਸ ਕਰ ਕੇ ਡਿਪਟੀ ਕਮਿਸ਼ਨਰ ਨੇ ਇਸ ਕਮੇਟੀ ਨੂੰ ਕਬੂਲ ਕਰਨ ਦੀ ਜਗਹ ਇਨ੍ਹਾਂ ਪੰਜਾਂ ਦੇ ਵਾਰੰਟ ਜਾਰੀ ਕਰ ਦਿੱਤੇ। ਇਸੇ ਰਾਤ ਗੁਰਦੁਆਰੇ 'ਚ ਭਾਰੀ ਦੀਵਾਨ ਹੋਇਆ। ਦੀਵਾਨ ਨੇ ਮਤਾ ਪਾਸ ਕੀਤਾ ਕਿ ਸਿੰਘ ਗ੍ਰਿਫ਼ਤਾਰੀ ਦੇਣ 'ਪਰ ਜ਼ਮਾਨਤ ਨਾ ਕਰਵਾਉਣ। ਅਗਲੇ ਦਿਨ ਸਿੰਘਾਂ ਨੇ ਗ੍ਰਿਫ਼ਤਾਰੀ ਦੇ ਦਿੱਤੀ। ਅਖ਼ੀਰ ਉਨ੍ਹਾਂ ਨੂੰ ੪ ਅਕਤੂਬਰ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ। ਰਾਤ ਨੂੰ ਗੁਰਦੁਆਰੇ 'ਚ ਭਾਰੀ ਦੀਵਾਨ ਹੋਇਆ। ਜਿਸ ਦੀ ਸਦਾਰਤ ਬਾਬਾ ਖੜਕ ਸਿੰਘ ਨੇ ਕੀਤੀ। ਇਸ ਦੀਵਾਨ 'ਚ ਬਾਬਾ ਖੜਕ ਸਿੰਘ ਦੀ ਸਦਾਰਤ ਹੇਠ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ੧੩ ਸਿੰਘਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ। ਭਾਵੇਂ ਕੁਝ ਚਿਰ ਹੋਰ ਬੇਯਕੀਨੀ ਦਾ ਮਾਹੌਲ ਚਲਦਾ ਰਿਹਾ ਪਰ ਅਖ਼ੀਰ ਇਥੇ ਵੀ ਸਿੱਖਾਂ ਦਾ ਪੱਕਾ ਕਬਜ਼ਾ ਹੋ ਹੀ ਗਿਆ।

੨੭ ਸਤੰਬਰ ਨੂੰ ਚੁਮਾਲਾ ਸਾਹਿਬ ਲਾਹੌਰ 'ਤੇ ਕਬਜ਼ਾ ਹੋ ਗਿਆ ਸੀ ਤੇ ੬ ਅਕਤੂਬਰ ਦੇ ਦਿਨ ਗੁਰਦੁਆਰਾ ਬਾਬੇ ਦੀ ਬੇਰ (ਸਿਆਲਕੋਟ) ਵੀ ਸਿੱਖਾਂ ਦੀ ਪ੍ਰਬੰਧ ਹੇਠ ਆ ਗਏ ਸਨ। ਇਨੀਂ ਦਿਨੀਂ ਹੀ ਧਾਰੋਵਾਲੀ ਦੇ ਦੀਵਾਨ (੧ ਤੋਂ ੩ ਅਕਤੂਬਰ) ਵਿਚ ਭਾਈ ਲਛਮਣ ਸਿੰਘ ਨੇ ਨਾਨਕਾਣਾ ਸਾਹਿਬ ਨੂੰ ਆਜ਼ਾਦ ਕਰਵਾਉਣ ਵਾਸਤੇ ਮੋਰਚੇ ਦਾ ਐਲਾਨ ਕਰ ਦਿੱਤਾ। ਦੋ ਗੁਰਦੁਆਰਿਆਂ ਦੀ ਆਜ਼ਾਦੀ ਨੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਸਨ ਪਰ ਗੁਰਦੁਆਰਾ ਸੁਧਾਰ ਲਹਿਰ ਦਾ ਤੂਫ਼ਾਨੀ ਆਗਾਜ਼ ਇੱਕ ਚਿੰਗਾੜੀ ਨੇ, ੧੨ ਅਕਤੂਬਰ ਨੂੰ, ਭਾਂਬੜ ਬਣ ਕੇ ਕੀਤਾ।

ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ :

੧੦ ਤੋਂ ੧੨ ਅਕਤੂਬਰ ੧੯੨੦ ਨੂੰ "ਖਾਲਸਾ ਬਰਾਦਰੀ" ਜਥੇਬੰਦੀ ਵੱਲੋਂ ਜਲ੍ਹਿਆਂ ਵਾਲਾ ਬਾਗ ਵਿਚ ਇਕ ਦੀਵਾਨ ਸਜਾਇਆ ਗਿਆ। ਇਸ ਜਥੇਬੰਦੀ ਦੇ ਮੁਖੀ ਭਾਈ ਮਹਿਤਾਬ ਸਿੰਘ ਬੀਰ ਸਨ। (ਭਾਈ ਮਹਿਤਾਬ ਸਿੰਘ, ਮੌਲਵੀ ਕਰੀਮ ਬਖ਼ਸ਼, ਜੋ ਬਕਾਪੁਰ, ਜਲੰਧਰ, ਵਿਚ ੧੪ ਜੂਨ ੧੯੦੩ ਦੇ ਦਿਨ ਅੰਮ੍ਰਿਤ ਛਕ ਕੇ ਭਾਈ ਲਖਬੀਰ ਸਿੰਘ ਬਣ ਗਏ ਸਨ, ਦੇ ਬੇਟੇ ਸਨ। ਭਾਈ ਮਹਿਤਾਬ ਸਿੰਘ ਦਾ ਪਹਿਲਾਂ ਨਾਂ ਰੁਕਨਦੀਨ ਸੀ।) ਭਾਈ ਮਹਿਤਾਬ ਸਿੰਘ ਨੇ ਸਿੱਖੀ ਪ੍ਰਚਾਰ ਵਾਸਤੇ ਸੰਜੀਦਾ ਤੇ ਅਹਿਮ ਰੋਲ ਅਦਾ ਕੀਤਾ। ੧੦ ਤੋਂ ੧੨ ਅਕਤੂਬਰ ਤਕ ਅਖੌਤੀ-ਪਛੜੀਆਂ ਜ਼ਾਤਾਂ ਦਾ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਪਹਿਲੇ ਦਿਨ ਕੋਈ ਸਿੱਖ ਆਗੂ ਸ਼ਾਮਿਲ ਨਾ ਹੋਇਆ। ਹੋਰ ਤਾਂ ਹੋਰ ਉਨ੍ਹਾਂ ਨੂੰ ਲੰਗਰ ਵਾਸਤੇ ਭਾਂਡੇ ਵੀ ਨਾ ਮਿਲੇ। ਦੂਜੇ ਦਿਨ ਸੁੰਦਰ ਸਿੰਘ ਮਜੀਠਾ, ਜਥੇਦਾਰ ਕਰਤਾਰ ਸਿੰਘ ਝੱਬਰ, ਜ: ਤੇਜਾ ਸਿੰਘ ਭੁੱਚਰ, ਮੰਗਲ ਸਿੰਘ ਮਾਨ, ਬਹਾਦਰ ਸਿੰਘ ਹਕੀਮ ਵਗੈਰਾ ਦੀਵਾਨ ਵਿਚ ਹਾਜ਼ਰ ਹੋਏ।

ਉਨ੍ਹੀਂ ਦਿਨੀਂ ਦਰਬਾਰ ਸਾਹਿਬ ਦੇ ਪੁਜਾਰੀ ਅਖੌਤੀ-ਪਛੜੀਆਂ ਜ਼ਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਨਹੀਂ ਕਰਦੇ ਸੀ। ੧੧ ਅਕਤੂਬਰ ਰਾਤ ਵੇਲੇ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਅਖੌਤੀ ਪਛੜੀਆਂ ਜ਼ਾਤਾਂ ਦੇ ਸਿੱਖ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜਾਣ। ਉਨ੍ਹਾਂ ਦੇ ਨਾਲ ਕਈ ਸਿੱਖ ਆਗੂ ਜਾਣ ਵਾਸਤੇ ਤਿਆਰ ਹੋ ਗਏ। ਅਗਲੇ ਦਿਨ ਕਈ ਸਿੰਘਾਂ ਨੇ ਅੰਮ੍ਰਿਤ ਛਕਿਆ। ਦੀਵਾਨ ਦੇ ਖ਼ਤਮ ਹੋਣ ਤੋਂ ਬਾਅਦ ਸਾਰੇ ਸਿੰਘ ਇਕੱਠੇ ਹੋ ਕੇ ਦਰਬਾਰ ਸਾਹਿਬ ਗਏ। ਜਿਹਾ ਕਿ ਉਮੀਦ ਸੀ ਪੁਜਾਰੀਆਂ ਨੇ ਪ੍ਰਸ਼ਾਦ ਕਬੂਲ ਨਾ ਕੀਤਾ। ਪ੍ਰੋ: ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿਚ ਪੱਲਾ ਪਾ ਕੇ ਤਿੰਨ ਵਾਰ ਪੁਜਾਰੀਆਂ ਨੂੰ ਅਰਜ਼ ਕੀਤੀ ਕਿ ਉਹ ਪ੍ਰਸ਼ਾਦ ਕਬੂਲ ਕਰ ਲੈਣ। ਪਰ ਪੁਜਾਰੀਆਂ ਨੇ "ਨੱਨਾ" ਹੀ ਫੜੀ ਰੱਖਿਆ। ਏਨੇ ਚਿਰ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਵੀ ਪੁੱਜ ਗਏ। ਹੁਣ ਸੰਗਤਾਂ ਦੀ ਗਿਣਤੀ ਬਹੁਤ ਹੋ ਚੁੱਕੀ ਸੀ। ਅਖ਼ੀਰ ਫੈਸਲਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਜਾਏ। ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੀ :

ਸੋਰਠਿ ਮਹਲ ੩ ਦੁਤੁਕੀ ॥
ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥......

(ਸਫ਼ਾ ੬੩੮)

ਗੁਰੂ ਗ੍ਰੰਥ ਸਾਹਿਬ ਦਾ ਹੁਕਮ ਸੁਣ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ। ਅਖ਼ੀਰ ਪੁਜਾਰੀਆਂ ਨੂੰ ਅਰਦਾਸ ਕਰਨੀ ਪਈ ਤੇ ਪ੍ਰਸ਼ਾਦ ਵਰਤਾਇਆ ਗਿਆ। ਇਸ ਤੋਂ ਬਾਅਦ ਸੰਗਤਾਂ ਅਕਾਲ ਤਖ਼ਤ ਸਾਹਿਬ 'ਤੇ ਗਈਆਂ। ਸੰਗਤਾਂ ਨੂੰ ਆਉਂਦਿਆਂ ਵੇਖ ਕੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਚਲੇ ਗਏ। ਉਨ੍ਹਾਂ ਦੇ ਜਾਣ ਮਗਰੋਂ ਸਿੰਘਾਂ ਨੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ। ਅਕਾਲ ਤਖ਼ਤ ਸਾਹਿਬ 'ਤੇ ਸਿੱਖ ਆਗੂਆਂ ਦੇ ਲੈਕਚਰ ਹੋਏ। ਬਾਅਦ ਵਿਚ ਸੰਗਤਾਂ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ ੧੭ ਸਿੰਘਾਂ ਦੀ ਇਕ ਕਮੇਟੀ ਬਣਾ ਦਿੱਤੀ। ਇਸ ਕਮੇਟੀ ਦੇ ਜਥੇਦਾਰ ਜ: ਤੇਜਾ ਸਿੰਘ ਭੁੱਚਰ ਬਣਾਏ ਗਏ। ਇਸ ਕਮੇਟੀ (ਜਥੇ) ਦੀ ਡਿਊਟੀ ਅਕਾਲ ਤਖ਼ਤ ਸਾਹਿਬ 'ਤੇ ਪਹਿਰਾ ਦੇਣਾ ਸੀ। ਜਥੇਦਾਰ ਤੇਜਾ ਸਿੰਘ ਭੁੱਚਰ ਇਸ ਜਥੇ ਦੇ ਜਥੇਦਾਰ ਥਾਪੇ ਗਏ ਸਨ। ਇਸ ਦਿਨ ਤੋਂ ਅਕਾਲ ਤਖ਼ਤ ਸਾਹਿਬ ਦੇ "ਜਥੇਦਾਰ" ਦਾ ਇਕ ਨਵਾਂ ਅਹੁਦਾ ਖੜਾ ਹੋ ਗਿਆ। ਇਸ ਤੋਂ ਪਹਿਲਾਂ ਸਿੱਖ ਤਾਰੀਖ਼ ਅਤੇ ਸਿੱਖ ਫ਼ਲਸਫ਼ੇ ਵਿਚ "ਜਥੇਦਾਰ" ਦੇ ਅਹੁਦੇ ਦਾ ਕੋਈ ਵਜੂਦ ਨਹੀਂ ਸੀ।

੧੩ ਅਕਤੂਬਰ ਦੇ ਦਿਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੱਖ ਆਗੂਆਂ, ਸਰਬਰਾਹ ਅਤੇ ਪੁਜਾਰੀਆਂ ਦੀ ਇਕ ਮੀਟਿੰਗ ਬੁਲਾਈ। ਮੀਟਿੰਗ ਵਿਚ ਸਿਰਫ਼ ਸਿੱਖ ਆਗੂ ਹੀ ਪਹੁੰਚੇ। ਇਸ 'ਤੇ ਡਿਪਟੀ ਕਮਿਸ਼ਨਰ ਨੇ ਦਰਬਾਰ ਸਾਹਿਬ ਦੇ ਇੰਤਜ਼ਾਮ ਵਾਸਤੇ ਇਕ ੯ ਮੈਂਬਰੀ ਆਰਜ਼ੀ ਕਮੇਟੀ ਬਣਾ ਦਿੱਤੀ। ਇਸ ਕਮੇਟੀ ਵਿਚ ਸੁੰਦਰ ਸਿੰਘ ਰਾਮਗੜ੍ਹੀਆ, ਪ੍ਰੋ: ਤੇਜਾ ਸਿੰਘ, ਪ੍ਰੋ: ਬਾਵਾ ਹਰਕਿਸ਼ਨ ਸਿੰਘ, ਜ: ਤੇਜਾ ਸਿੰਘ ਭੁੱਚਰ, ਜ. ਕਰਤਾਰ ਸਿੰਘ ਝੱਬਰ, ਡਾਕਟਰ ਗੁਰਬਖਸ਼ ਸਿੰਘ, ਭਾਈ ਚੰਦਾ ਸਿੰਘ ਐਡੀਟਰ, ਭਾਈ ਦੇਵਾ ਸਿੰਘ ਤੇ ਹਕੀਮ ਬਹਾਦਰ ਸਿੰਘ ਸਨ।

ਹੁਣ ਪੁਜਾਰੀਆਂ ਨੇ ਬੁੱਢਾ ਦਲ ਦੇ ਆਗੂਆਂ ਨੂੰ ਅਕਾਲੀਆਂ ਦੇ ਖ਼ਿਲਾਫ਼ ਲੜਨ ਵਾਸਤੇ ਭੜਕਾਇਆ ਪਰ ਬਾਬਾ ਕਿਹਰ ਸਿੰਘ ਪੱਟੀ ਨੇ ਨਿਹੰਗਾਂ ਨੂੰ ਸਮਝਾ ਕੇ ਇਸ ਗੱਲ 'ਤੇ ਰਜ਼ਾਮੰਦ ਕਰ ਲਿਆ ਕਿ ਜਦੋਂ ਤਕ ਸਾਰੇ ਸਿੱਖਾਂ ਦਾ ਸਾਂਝਾ ਇਕੱਠ ਕੋਈ ਫ਼ੈਸਲਾ ਨਹੀਂ ਕਰਦਾ, ਉਦੋਂ ਤਕ ਅਕਾਲੀਆਂ ਦਾ ਜਥਾ ਸੇਵਾ ਕਰਦਾ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ :

ਉਨ੍ਹੀਂ ਦਿਨੀਂ ਮਾਸਟਰ ਮੋਤਾ ਸਿੰਘ ਅੰਮ੍ਰਿਤਸਰ ਆਏ। ਉਨ੍ਹਾਂ ਸਲਾਹ ਦਿੱਤੀ ਕਿ ਸਿੱਖ ਪੰਥ ਦਾ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਏ ਅਤੇ ਉਸ ਵਿਚ ਗੁਰਦੁਆਰਾ ਸਾਹਿਬ ਦੇ ਇੰਤਜ਼ਾਮ ਵਾਸਤੇ ਇਕ ਪੰਥਕ ਕਮੇਟੀ ਚੁਣੀ ਜਾਏ। ਇਸ 'ਤੇ ਡਾਕਟਰ ਗੁਰਬਖਸ਼ ਸਿੰਘ (ਜੋ ੯ ਮੈਂਬਰੀ ਕਮੇਟੀ ਦੇ ਮੈਂਬਰ ਸਨ) ਨੇ "ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ" ਸਿੱਖ ਕੌਮ ਦੇ ਨਾਂ ਜਾਰੀ ਕੀਤਾ। ਇਸ ਹੁਕਮਨਾਮੇ ਦੇ ਹੇਠਾਂ ਡਾਕਟਰ ਗੁਰਬਖਸ਼ ਸਿੰਘ ਨੇ, ਸੇਵਕ, ਅਕਾਲ ਤਖ਼ਤ ਸਾਹਿਬ ਵਜੋਂ ਦਸਤਖ਼ਤ ਕੀਤੇ ਸਨ।

ਹੁਕਮਨਾਮਾ ਇੰਞ ਸੀ :

"ਸਮੂਹ ਖਾਲਸਾ ਜੀ ਪ੍ਰਤੀ ਵਿਦਤ ਹੋਵੇ ਕਿ ੧ ਮੱਘਰ ੧੯੭੭, ਸੰਮਤ ਨਾਨਕਸ਼ਾਹੀ ੪੫੧, ਮੁਤਾਬਿਕ ੧੫ ਨਵੰਬਰ ੧੯੨੦ ਨੂੰ, ਦਿਨ ਦੇ ੯ ਵਜੇ, ਇਕ ਮਹਾਨ ਪੰਥਕ ਇਕੱਠ ਅਕਾਲ ਤਖ਼ਤ ਸਾਹਿਬ ਸਾਹਮਣੇ ਹੋਵੇਗਾ, ਜਿਸ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਮੂਹ ਗੁਰਦੁਆਰਿਆਂ ਆਦਿਕ ਦੇ ਇੰਤਜ਼ਾਮ ਵਾਸਤੇ, ਡੂੰਘੀ ਵਿਚਾਰ ਕਰ ਕੇ, ਇਕ ਨੁਮਾਇੰਦਾ ਪੰਥਕ ਕਮੇਟੀ ਚੁਣੀ ਜਾਵੇਗੀ। ਇਸ ਲਈ ਸਰਬੱਤ ਗੁਰੂ ਤਖ਼ਤਾਂ, ਗੁਰਦੁਆਰਿਆਂ, ਖਾਲਸਾ ਜਥਿਆਂ, ਸਿੱਖ ਪਲਟਣਾਂ, ਰਿਆਸਤੀ ਸਿੱਖ ਫ਼ੌਜਾਂ, ਹੇਠ ਲਿਖੀ ਧਾਰਨਾ ਵਾਲੇ ਸਿੰਘ, ਹੇਠ ਲਿਖੀ ਵਿਉਂਤ ਮੁਤਾਬਿਕ ਚੁਣ ਕੇ ਭੇਜਣ :

ਨੁਮਾਇੰਦੇ ਦੀ ਧਾਰਨਾ :

੧. ਅੰਮ੍ਰਿਤਧਾਰੀ ਹੋਵੇ, ੨. ਪੰਜ ਬਾਣੀਆਂ ਦਾ ਨੇਮੀ ਹੋਵੇ, ੩. ਪੰਜ-ਕਕਾਰ ਦਾ ਰਹਿਤਵਾਨ ਹੋਵੇ, ੪. ਅੰਮ੍ਰਿਤ ਵੇਲੇ (ਪਹਿਰ ਰਾਤ) ਉਠਣ ਵਾਲਾ ਹੋਵੇ, ੫. ਦਸਵੰਧ ਦੇਣ ਵਾਲਾ ਹੋਵੇ।

ਨੁਮਾਇੰਦਿਆਂ ਦੀ ਚੋਣ ਦੀ ਵਿਉਂਤ

੧. ਹਰ ਤਖ਼ਤ ਵੱਲੋਂ ੫-੫, ੨. ਗੁਰਦੁਆਰਿਆਂ ਵੱਲੋਂ ੧-੧, ੩. ਖਾਲਸਾ ਜਥਿਆਂ ਵੱਲੋਂ ਸੌ ਪਿੱਛੇ ੫ ਦੇ ਹਿਸਾਬ ਨਾਲ, ੪. ਸਕੂਲਾਂ ਕਾਲਜਾਂ ਵੱਲੋਂ ੬ ਪ੍ਰਬੰਧਕ ਕਮੇਟੀਆਂ ਵਿੱਚੋਂ ੬, ਉਸਤਾਦਾਂ ਵਿੱਚੋਂ ੮, ਵਿਦਿਆਰਥੀਆਂ ਵਿੱਚੋਂ ੭, ੫. ਸਿੱਖ ਰਿਆਸਤਾਂ ਵੱਲੋਂ ੫, ੬. ਸਿੱਖ ਰਿਸਾਲਿਆਂ ਵੱਲੋਂ ੨-੨, ੭. ਸਿੱਖ ਪਲਟਨਾਂ ਵੱਲੋਂ ੨-੨, ੮.

ਪੂਰੀ ਸਿੱਖ ਪਲਟਨ ਹੋਵੇ ਤਾਂ ੫-੫, ੯. ਨਿਹੰਗ ਸਿੰਘਾਂ ਦੇ ਜੱਥਿਆਂ ਵੱਲੋਂ ੧੦੦ ਪਿੱਛੇ ੫ ਦੇ ਹਿਸਾਬ ਨਾਲ।

ਇਸ ਕਮੇਟੀ ਦਾ ਫ਼ੈਸਲਾ ਸਮੂੰਹ ਸਿੱਖ ਸੰਗਤ ਵਿਚ ਸੁਣਾਇਆ ਜਾਏਗਾ, ਜਿਸ ਵਿਚ ਗੁਰੂ-ਘਰ ਦੇ ਸਰਬੱਤ ਸ਼ਰਧਾਲੂ ਸ਼ਾਮਿਲ ਹੋ ਸਕਦੇ ਹਨ : ਸੋ ਸਾਰੇ ਪ੍ਰੇਮੀ ਕਿਰਪਾ ਕਰ ਕੇ ਦਰਸ਼ਨ ਦੇਣ।

ਨੋਟ : *ਇਸ ਦੀਵਾਨ ਸੰਬੰਧੀ ਲਿਖਤ ਪੜ੍ਹਤ ਸੇਵਕ ਨਾਲ ਕੀਤਾ ਜਾਵੇ। ਇਹ ਇਸ਼ਤਿਹਾਰ ਜਿੱਥੇ ਗੁਰੂ ਖਾਲਸਾ ਟਾਪੂਆਂ ਆਦਿ ਤਕ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ। ਹਰੇਕ ਸ਼ਾਮਿਲ ਹੋਣ ਵਾਲੇ ਨੁਮਾਇੰਦੇ ਪਾਸ ਆਪਣੇ ਜਥੇਦਾਰ ਤੋਂ ਸਰਟੀਫਿਕੇਟ ਹੋਣਾ ਚਾਹੀਦਾ ਹੈ।*

ਪ੍ਰਾਰਥਕ, ਡਾਕਟਰ ਗੁਰਬਖਸ਼ ਸਿੰਘ, ਸੇਵਕ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

ਅਕਤੂਬਰ ਦੇ ਆਖ਼ਰੀ ਹਫ਼ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬਹੁਤ ਸਾਰੇ ਸਿੱਖ ਆਗੂ, ਸਿੱਖ ਪ੍ਰੋਫ਼ੈਸਰ ਅਤੇ ਸਟੂਡੈਂਟ ਇਕੱਠੇ ਹੋਏ। ਇਸ ਵਿਚ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ 'ਜਥੇਬੰਦੀ' ਬਣਾਉਣ ਬਾਰੇ ਵਿਚਾਰਾਂ ਹੋਈਆਂ। ਹਾਜ਼ਰੀਨ ਵਿੱਚੋਂ ਕੁਝ ਚਾਹੁੰਦੇ ਸਨ ਕਿ ਚੀਫ਼ ਖਾਲਸਾ ਦੀਵਾਨ ਦੇ ਆਈਨ 'ਚ ਸੁਧਾਰ ਕਰ ਕੇ ਇਸੇ ਨੂੰ ਹੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਸੌਂਪ ਦਿੱਤੀ ਜਾਏ। ਮੀਟਿੰਗ ਨੇ ਬਾਵਾ ਹਰਕਿਸ਼ਨ ਸਿੰਘ ਵੱਲੋਂ ਪੇਸ਼ ਕੀਤਾ ਮਤਾ ਪਾਸ ਕੀਤਾ ਕਿ ਚੀਫ਼ ਖਾਲਸਾ ਦੀਵਾਨ ਦੇ ਆਗੂਆਂ ਨਾਲ ਗੱਲਬਾਤ ਕੀਤੀ ਜਾਏ, ਤਾਂ ਜੋ ਗੁਰਦੁਆਰਾ ਇੰਤਜ਼ਾਮ ਵਾਸਤੇ "ਜਥੇਬੰਦੀ" ਬਣਾਈ ਜਾ ਸਕੇ। ਇਸ ਸਬੰਧ ਵਿਚ ਇਕ ਕਮੇਟੀ ਬਣਾਈ ਗਈ, ਜਿਸ ਵਿਚ ਹੇਠ ਲਿਖੇ ਮੈਂਬਰ ਸ਼ਾਮਿਲ ਕੀਤੇ ਗਏ :-

੧. ਬਾਬਾ ਖੜਕ ਸਿੰਘ ੨. ਹਰਚੰਦ ਸਿੰਘ ਲਾਇਲਪੁਰੀ ੩. ਗੁਰਦਿਆਲ ਸਿੰਘ ਭੈਣੀ ੪. ਮਾਸਟਰ ਤਾਰਾ ਸਿੰਘ ੫. ਭਾਈ ਜੋਧ ਸਿੰਘ ੬. ਪ੍ਰੋ: ਤੇਜਾ ਸਿੰਘ ਮਸਤੂਆਣਾ ੭. ਬਾਵਾ ਹਰਕਿਸ਼ਨ ਸਿੰਘ ੮. ਪ੍ਰੋ: ਨਿਰੰਜਨ ਸਿੰਘ ੯. ਲਾਲ ਸਿੰਘ ਲੁਧਿਆਣਾ ੧੦. ਉੱਜਲ ਸਿੰਘ ਮੀਆਂ ਚੰਨੂ ੧੧. ਅਮਰ ਸਿੰਘ ਦਿਆਲ ਭੜੰਗ (ਝਬਾਲ)

੧੨. ਸੁੰਦਰ ਸਿੰਘ ਚਾਵਲਾ ਲਾਹੌਰ ੧੩. ਤੇਜਾ ਸਿੰਘ ਸਮੁੰਦਰੀ ੧੪. ਸਰਦੂਲ ਸਿੰਘ ਕਵੀਸ਼ਰ ੧੫. ਮਾਸਟਰ ਸੁੰਦਰ ਸਿੰਘ ਲਾਇਲਪੁਰੀ ੧੬. ਗਿਆਨੀ ਸ਼ੇਰ ਸਿੰਘ ੧੭. ਜ: ਕਰਤਾਰ ਸਿੰਘ ਝੱਬਰ ੧੮. ਅਮਰ ਸਿੰਘ ਲਾਇਲ ਗਜ਼ਟ ੧੯. ਬਖ਼ਸ਼ੀਸ਼ ਸਿੰਘ ਸਮੁੰਦਰੀ ੨੦. ਤੇਜਾ ਸਿੰਘ ਭੁੱਚਰ ੨੧. ਚਰਨ ਸਿੰਘ ਨਾਭਾ ੨੨. ਜੋਗਿੰਦਰ ਸਿੰਘ ਪਟਿਆਲਾ ੨੩. ਸ਼ਮਸ਼ੇਰ ਸਿੰਘ ਐਡੀਟਰ ਇੰਡੀਆ ੨੮. ਅਵਤਾਰ ਸਿੰਘ ਬੈਰਿਸਟਰ ਗੁਜਰਾਂਵਾਲਾ ੨੫. ਬਾਬਾ ਕਿਹਰ ਸਿੰਘ ਪੱਟੀ ੨੬. ਹੀਰਾ ਸਿੰਘ ਨਾਰਲੀ ੨੭. ਹਰਦਿਆਲ ਸਿੰਘ ਬੈਹੜਵਾਲ ੨੮. ਮੰਗਲ ਸਿੰਘ ਨਾਮਧਾਰੀ ੨੯. ਹਰਨਾਮ ਸਿੰਘ ਚਵਿੰਡਾ ੩੦. ਅਰਜਨ ਸਿੰਘ ਧੀਰਕਾ ੩੧. ਰਾਮ ਸਿੰਘ ਐਡੀਟਰ ਪੰਚ ੩੨. ਮਾਸਟਰ ਚੰਦਾ ਸਿੰਘ ਐਡੀਟਰ ੩੩. ਦਾਨ ਸਿੰਘ ਵਛੋਆ ੩੪. ਮਾਸਟਰ ਮੋਤਾ ਸਿੰਘ ੩੫. ਅਕਾਲੀ ਮੰਗਲ ਸਿੰਘ। ਇਹ ਵੀ ਫ਼ੈਸਲਾ ਹੋਇਆ ਕਿ ਇਹ ਕਮੇਟੀ ਚੀਫ਼ ਖਾਲਸਾ ਦੀਵਾਨ ਦੇ ਆਗੂਆਂ ਨੂੰ ਮਿਲ ਕੇ ਗੱਲਬਾਤ ਕਰੇ ਅਤੇ ੧੫ ਨਵੰਬਰ ਦੇ ਇਕੱਠ ਵਿਚ ਰਿਪੋਰਟ ਪੇਸ਼ ਕਰੇ।

(ਇਸ ਤੋਂ ਪਹਿਲਾਂ ਵੀ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ 'ਜਥੇਬੰਦੀ' ਕਾਇਮ ਕਰਨ ਬਾਰੇ ਚਰਚਾ ਚਲਦਾ ਰਿਹਾ ਸੀ। ਰੋਜ਼ਾਨਾ 'ਅਕਾਲੀ' ਅਖ਼ਬਾਰ ਵਿਚ ਅਗਸਤ-ਸਤੰਬਰ ਵਿਚ ਇਸ ਬਾਰੇ ਬਹੁਤ ਸਾਰੀਆਂ ਚਿੱਠੀਆਂ ਛਪਦੀਆਂ ਰਹੀਆਂ ਸਨ। ਇਹ ਚਿੱਠੀਆਂ ਸਿੱਖ ਆਗੂਆਂ ਤੇ ਵਿਦਵਾਨਾਂ ਵੱਲੋਂ ਲਿਖੀਆਂ ਗਈਆਂ ਸਨ।)

ਉੱਪਰ ਜ਼ਿਕਰ-ਕੀਤੀ 35-ਮੈਂਬਰੀ ਕਮੇਟੀ ਨੇ ਚੀਫ਼ ਖਾਲਸਾ ਦੀਵਾਨ ਦੇ ਆਗੂਆਂ ਨਾਲ ਗੱਲਬਾਤ ਕੀਤੀ ਪਰ ਕੋਈ ਨਤੀਜਾ ਨਾ ਨਿਕਲਿਆ। ਇਸ 'ਤੇ ਵਿਚਾਰ ਕਰਨ ਵਾਸਤੇ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ੭ ਨਵੰਬਰ ਦੇ ਦਿਨ ਕੀਤਾ ਗਿਆ। ਇਸ ਇਕੱਠ ਵਿਚ ਫ਼ੈਸਲਾ ਕੀਤਾ ਗਿਆ ਕਿ ਸਿੱਖਾਂ ਕੋਲ ਇਸ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਰਿਹਾ ਕਿ ੧੫ ਨਵੰਬਰ ਦੇ ਸਰਬੱਤ ਖਾਲਸਾ ਇਕੱਠ ਵਿਚ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ ਚੁਣੀ ਜਾਏ।

ਸਰਬੱਤ ਖਾਲਸਾ ਇਕੱਠ ੧੫ ਨਵੰਬਰ ਨੂੰ ਹੋਣਾ ਸੀ। ਇਸ ਤੋਂ ੨ ਦਿਨ ਪਹਿਲਾਂ ੧੩ ਨਵੰਬਰ ਦੇ ਦਿਨ ਮਹਾਰਾਜਾ ਭੁਪਿੰਦਰਾ ਸਿੰਘ (ਪਟਿਆਲਾ), ਸੁੰਦਰ ਸਿੰਘ ਮਜੀਠਾ, ਨਿਹਾਲ ਸਿੰਘ ਪਟਿਆਲਾ, ਬਚਿਤਰ ਸਿੰਘ ਪਟਿਆਲਾ, ਰਘਬੀਰ ਸਿੰਘ ਸੰਧਾਂਵਾਲੀਆ, ਸੋਹਣ ਸਿੰਘ ਰਾਵਲਪਿੰਡੀ, ਤਖ਼ਤ ਸਿੰਘ ਫਿਰੋਜ਼ਪੁਰ, ਸੁੰਦਰ ਸਿੰਘ ਰਾਮਗੜ੍ਹੀਆ, ਫਤਹਿ ਸਿੰਘ

ਗ੍ਰੰਥੀ, ਸ਼ਿਵਦੇਵ ਸਿੰਘ ਸਿਆਲਕੋਟ, ਮਿਹਰ ਸਿੰਘ ਲਾਹੌਰ, ਮਾਨ ਸਿੰਘ ਅੰਬਾਲਾ ਅਤੇ ਪ੍ਰੋ: ਜੋਧ ਸਿੰਘ ਪੰਜਾਬ ਦੇ ਗਵਰਨਰ ਨੂੰ ਮਿਲੇ। ਉਨ੍ਹਾਂ ਸਾਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਰੋਕਣ ਦੀ ਸਕੀਮ ਬਣਾਈ। ਗਵਰਨਰ ਪੰਜਾਬ ਨੇ ਗੁਰਦੁਆਰਾ ਇੰਤਜ਼ਾਮ ਵਾਸਤੇ ਇਕ ੩੬ ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਵਿਚ ਹੇਠ ਲਿਖੇ ਮੈਂਬਰ ਸ਼ਾਮਿਲ ਸਨ :

੧. ਮਹਾਰਾਜਾ ਭੁਪਿੰਦਰਾ ਸਿੰਘ ੨. ਨਿਹਾਲ ਸਿੰਘ ਜੱਜ ਪਟਿਆਲਾ ੩. ਬਚਿਤਰ ਸਿੰਘ ਜੱਜ ਜੀਂਦ ੪. ਬਿਅੰਤ ਸਿੰਘ ਜੱਜ ਨਾਭਾ ੫. ਪੂਰਨ ਸਿੰਘ ਕਪੂਰਥਲਾ ੬. ਇੰਦਰ ਸਿੰਘ ਫ਼ਰੀਦਕੋਟ ੭. ਭਾਗ ਸਿੰਘ ਕਲਸੀਆਂ ੮. ਫ਼ਤਹਿ ਸਿੰਘ ਗ੍ਰੰਥੀ ਅੰਮ੍ਰਿਤਸਰ ੯. ਮਿਹਰ ਸਿੰਘ ਲਾਹੌਰ ੧੦. ਸੁੰਦਰ ਸਿੰਘ ਮਜੀਠਾ ੧੧. ਹਰਬੰਸ ਸਿੰਘ ਅਟਾਰੀ ੧੨. ਬਘੇਲ ਸਿੰਘ ਭੱਲਾ ੧੩. ਬਖ਼ਤਾਵਰ ਸਿੰਘ ਕਾਲਗੜ੍ਹ ੧੪ ਸੁੰਦਰ ਸਿੰਘ ਰਾਮਗੜ੍ਹੀਆ ੧੫. ਤਖ਼ਤ ਸਿੰਘ ਫ਼ਿਰੋਜ਼ਪੁਰ ੧੬. ਗੁਰਬਖ਼ਸ਼ ਸਿੰਘ ਪਟਿਆਲਾ ੧੭. ਕੈਪਟਨ ਰਾਮ ਸਿੰਘ ਲੁਧਿਆਣਾ ੧੮. ਭਾਈ ਜੋਧ ਸਿੰਘ ੧੯. ਸ਼ਿਵਦੇਵ ਸਿੰਘ ੨੦. ਰਾਜਾ ਸਿੰਘ ਪਿਸ਼ਾਵਰ ੨੧. ਮਾਨ ਸਿੰਘ ਅੰਬਾਲਾ ੨੧. ਉੱਜਲ ਸਿੰਘ ੨੩. ਦੀਦਾਰ ਸਿੰਘ ਅੰਮ੍ਰਿਤਸਰ (ਇਹ ਸਭ ਸਰਕਾਰ ਦੇ ਹਮਾਇਤੀ ਮੰਨੇ ਜਾਂਦੇ ਸਨ। ਪਰ ਅਕਾਲੀ ਜਾਂ ਉਨ੍ਹਾਂ ਦੇ ਹਮਾਇਤੀ ਇਹ ਸਨ:) ੨੪. ਬਾਬਾ ਖੜਕ ਸਿੰਘ ੨੫. ਕਿਹਰ ਸਿੰਘ ਪੱਟੀ ੨੬. ਡਾਕਟਰ ਗੁਰਬਖਸ਼ ਸਿੰਘ ਅੰਮ੍ਰਿਤਸਰ ੨੭. ਬਹਾਦਰ ਸਿੰਘ ਘਵਿੰਡ ੨੮. ਹਰਚੰਦ ਸਿੰਘ ਲਾਇਲਪੁਰੀ ੨੯. ਤੇਜਾ ਸਿੰਘ ਬੁਰਜ। ੩੦. ਤੀਰਥ ਸਿੰਘ ਘਰਜਾਖ ੩੧. ਟਿੱਕਾ ਰਾਮ ਨਾਰਾਇਣ ਸਿੰਘ। ਇਨ੍ਹਾਂ ੩੧ ਤੋਂ ਇਲਾਵਾ ਨਿਹੰਗਾਂ ਦੇ ਮੁਖੀ ਵੀ ਸ਼ਾਮਿਲ ਹੋਣੇ ਸਨ। ਇਸ ੩੬ ਮੈਂਬਰੀ ਕਮੇਟੀ ਦੇ ਪ੍ਰਧਾਨ ਸ੍ਰ: ਹਰਬੰਸ ਸਿੰਘ ਅਟਾਰੀ ਹੋਣੇ ਸਨ।

ਸਰਕਾਰ, ਮਹਾਰਾਜਾ ਪਟਿਆਲਾ ਅਤੇ ਸਰਕਾਰ ਦੇ ਹੋਰ ਖ਼ੈਰ-ਖ਼੍ਵਾਹ ਭਾਵੇਂ ਇਕੱਠੇ ਤਾਂ ਹੋ ਗਏ ਪਰ ਇਸ ਦੇ ਬਾਵਜੂਦ ੧੫ ਨਵੰਬਰ ੧੯੨੦ ਦੇ ਦਿਨ ਸਰਬੱਤ ਖਾਲਸਾ ਇਕੱਠ ਹੋਇਆ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ। ਇਕੱਠ ਵਿਚ ੧੫੦ ਦੇ ਕਰੀਬ ਮੈਂਬਰ ਚੁਣੇ ਗਏ। ਇਨ੍ਹਾਂ ਵਿੱਚੋਂ ਕੁਝ ਉਹ ਵੀ ਸਨ, ਜਿਹਨਾਂ ਦੇ ਨਾਂ ਸਰਕਾਰ ਦੀ ੩੬ ਮੈਂਬਰੀ ਕਮੇਟੀ ਵਿਚ ਵੀ ਸਨ। ਸਰਕਾਰ ਨਾਲ ਟੱਕਰ ਰੋਕਣ ਵਾਸਤੇ ਫ਼ੈਸਲਾ ਹੋਇਆ ਕਿ ਸਰਕਾਰ ਦੀ ਕਮੇਟੀ ਵਾਲੇ ਜੋ ਮੈਂਬਰ ਚੁਣੇ ਨਹੀਂ ਗਏ ਸਨ, ਉਹ ਵੀ ਕਮੇਟੀ 'ਚ ਪਾ ਲਏ ਜਾਣ। ਇਸ 'ਤੇ ਕੁਲ ਗਿਣਤੀ ੧੭੫ ਹੋ ਗਈ। ਅਗਲੇ ਦਿਨ ਪੰਜ ਪਿਆਰਿਆਂ ਨੇ ਇਨ੍ਹਾਂ ਮੈਂਬਰਾਂ ਦੀ ਸੁਧਾਈ ਕੀਤੀ। ਸੁਧਾਈ ਵਾਲੇ ਪੰਜ ਪਿਆਰੇ ਇਹ ਸਨ: ਜਥੇਦਾਰ ਬਲਵੰਤ ਸਿੰਘ ਕੁਲਾ, ਬਾਵਾ ਹਰਕਿਸ਼ਨ ਸਿੰਘ, ਮਾਸਟਰ ਮੋਤਾ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ ਤੇ ਪ੍ਰੋ: ਤੇਜਾ ਸਿੰਘ ਮਸਤੂਆਣਾ। ਪ੍ਰੋ: ਤੇਜਾ ਸਿੰਘ ਬਾਰੇ ਇਹ ਇਤਰਾਜ਼ ਉਠਾਇਆ ਗਿਆ ਕਿ ਉਹ ਆਪਣੇ ਆਪ ਨੂੰ "ਸੰਤ" ਅਖਵਾਉਂਦੇ ਹਨ ਅਤੇ ਮੱਥਾ ਵੀ ਟਿਕਾਉਂਦੇ ਹਨ। ਪ੍ਰੋ: ਤੇਜਾ ਸਿੰਘ ਨੇ ਅਕਾਲ ਤਖ਼ਤ ਸਾਹਿਬ 'ਤੇ ਐਲਾਨ ਕੀਤਾ ਕਿ ਉਹ ਅੱਗੇ ਤੋਂ ਆਪਣੇ ਆਪ ਨੂੰ "ਸੰਤ" ਨਹੀਂ ਅਖਵਾਉਣਗੇ ਅਤੇ ਕਿਸੇ ਨੂੰ ਆਪਣੇ ਅੱਗੇ ਮੱਥਾ ਨਹੀਂ ਟੇਕਣ ਦੇਣਗੇ। ਮਾਸਟਰ ਮੋਤਾ ਸਿੰਘ ਦੇ ਗ਼ੈਰ-ਹਾਜ਼ਿਰ ਹੋਣ ਕਰ ਕੇ ਭਾਈ ਜੋਧ ਸਿੰਘ ਨੂੰ ਪੰਜਵਾਂ ਮੈਂਬਰ ਲਿਆ ਗਿਆ। ਭਾਈ ਬਲਵੰਤ ਸਿੰਘ ਕੇਸਗੜ੍ਹ ਸਾਹਿਬ ਵਾਲਿਆਂ ਨੇ ਗ੍ਰੰਥੀ ਵਜੋਂ ਸੇਵਾ ਨਿਭਾਈ।

ਇਸ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਕੋਈ ਲਿਸਟ ਨਹੀਂ ਮਿਲਦੀ ਪਰ ਮੈਂ ੧੦੦ ਤੋਂ ਵੱਧ ਮੈਂਬਰਾਂ ਦੇ ਨਾਂ ਖੋਜ ਕਰ ਕੇ ਲੱਭੇ ਹਨ। ਉਹ ਇਹ ਹਨ:-

੧. ਭਾਈ ਬਖਸ਼ੀਸ਼ ਸਿੰਘ ਗ੍ਰੰਥੀ ਕੇਸਗੜ੍ਹ ਸਾਹਿਬ ੨. ਪ੍ਰਿੰਸੀਪਲ ਤੇਜਾ ਸਿੰਘ ੩. ਜ: ਤੇਜਾ ਸਿੰਘ ਭੁੱਚਰ ੪. ਭਾਈ ਜੋਧ ਸਿੰਘ ੫. ਭਾਈ ਬਲਵੰਤ ਸਿੰਘ ੬. ਬਾਵਾ ਹਰਕਿਸ਼ਨ ਸਿੰਘ ੭. ਭਾਈ ਸੇਵਾ ਸਿੰਘ ਠੀਕਰੀਵਾਲਾ ੮. ਪ੍ਰੋ: ਹਰਬੰਸ ਸਿੰਘ ਕੁਰਾਨੀ। ੯. ਭਾਈ ਹਰਜਸ ਸਿੰਘ ਮੀਰਹੇੜੀ ੧੦. ਭਾਈ ਬਚਨ ਸਿੰਘ ਹੁਡਿਆਰਾ ੧੧. ਭਾਈ ਮਿਹਰ ਸਿੰਘ ਚਾਵਲਾ ੧੨. ਭਾਈ ਸਾਧੂ ਸਿੰਘ ਖਾਲਸਾ ਇਲੈਕਟ੍ਰਿਕ ਕੰਪਨੀ ਲਾਹੌਰ ੧੩. ਭਾਈ ਗੁਰਬਖਸ਼ ਸਿੰਘ ਲਾਹੌਰ ੧੪. ਭਾਈ ਸੁੰਦਰ ਸਿੰਘ ਚਾਵਲਾ ਲਾਹੌਰ ੧੫. ਭਾਈ ਲਾਲ ਸਿੰਘ ਅਲਾਵਲਪੁਰ (ਗੁਰਦਾਸਪੁਰ) ੧੬. ਭਾਈ ਕਿਹਰ ਸਿੰਘ ਸ਼ੇਖ਼ੂਪੁਰਾ ੧੭. ਭਾਈ ਲਾਲ ਸਿੰਘ ਗੁਰਦਾਸਪੁਰ (ਸਟੂਡੈਂਟ) ੧੮. ਭਾਈ ਅਮਰੀਕ ਸਿੰਘ ਗੁਜਰਾਂਵਾਲਾ। ੧੯. ਭਾਈ ਮੋਤੀ ਸਿੰਘ ਵਜ਼ੀਰਾਬਾਦ ੨੦. ਭਾਈ ਹਰਨਾਰਾਇਣ ਸਿੰਘ ਦਮਦਮਾ ਸਾਹਿਬ ੨੧. ਬਾਬਾ ਮਹਿਤਾਬ ਸਿੰਘ ਗੁਜਰਾਂਵਾਲਾ ੨੨. ਭਾਈ ਬੂਟਾ ਸਿੰਘ ਵਕੀਲ ਸ਼ੇਖ਼ੂਪੁਰਾ ੨੩. ਜ: ਕਰਤਾਰ ਸਿੰਘ ਝੱਬਰ ੨੪. ਭਾਈ ਸਾਧੂ ਸਿੰਘ

ਲਾਇਲਪੁਰ ੨੫. ਭਾਈ ਬੂਟਾ ਸਿੰਘ ਲਾਇਲਪੁਰ ੨੬. ਟਿੱਕਾ ਰਾਮ ਨਾਰਾਇਣ ਸਿੰਘ ਅਨੰਦਪੁਰ ਸਾਹਿਬ ੨੭. ਭਾਈ ਕਰਮ ਸਿੰਘ ੨੮. ਭਾਈ ਪਿਆਰਾ ਸਿੰਘ ਲੰਗੇਰੀ ੨੯. ਭਾਈ ਗੁਰਬਖਸ਼ ਸਿੰਘ ਉਪਦੇਸ਼ਕ ਪਟਿਆਲਾ ੩੦. ਭਾਈ ਗੁਰਬਚਨ ਸਿੰਘ ਗ੍ਰੰਥੀ ਦਰਬਾਰ ਸਾਹਿਬ ੩੧. ਭਾਈ ਫਤਹਿ ਸਿੰਘ ਗ੍ਰੰਥੀ ਦਰਬਾਰ ਸਾਹਿਬ ੩੨. ਜ਼ੈਲਦਾਰ ਅਰਜਨ ਸਿੰਘ ਮਲੇਰਕੋਟਲਾ ੩੩. ਭਾਈ ਅਮਰ ਸਿੰਘ ਸ਼ੇਰੇ ਪੰਜਾਬ ੩੪. ਗਿ: ਇੰਦਰ ਸਿੰਘ ਜੰਡੇ ਸਰਾਇ (ਜਲੰਧਰ) ੩੫. ਨੰਬਰਦਾਰ ਬੀਰ ਸਿੰਘ ਨੂਰਮਹਿਲ (ਜਲੰਧਰ) ੩੬. ਭਾਈ ਜੁਗਿੰਦਰ ਸਿੰਘ ਖੁਦਰਪੁਰ (ਜਲੰਧਰ) ੩੭. ਭਾਈ ਖੇਮ ਸਿੰਘ ਦਿੱਲੀ ਪੌਟਰੀ ਵਰਕਸ ੩੮. ਭਾਈ ਸੂਰਤ ਸਿੰਘ ਫ਼ਤਹਿਪੁਰ, ਦਿੱਲੀ ੩੯. ਭਾਈ ਬੰਤਾ ਸਿੰਘ ਉਪਦੇਸ਼ਕ ਲੁਧਿਆਣਾ ੪੦. ਭਾਈ ਹੇਤੂ ਸਿੰਘ, ਹੈਦਰਾਬਾਦ, ਸਿੰਧ ੪੧. ਜ: ਗੰਗਾ ਸਿੰਘ ਸਿਆਲਕੋਟ ੪੨. ਭਾਈ ਸੁੰਦਰ ਸਿੰਘ ਮਜੀਠਾ ੪੩. ਭਾਈ ਹਰਬੰਸ ਸਿੰਘ ਅਟਾਰੀ ੪੪. ਭਾਈ ਦੇਵਾ ਸਿੰਘ ਅੰਮ੍ਰਿਤਸਰ ੪੫. ਭਾਈ ਚੰਦਾ ਸਿੰਘ ਐਡੀਟਰ ਅੰਮ੍ਰਿਤਸਰ ੪੬. ਭਾਈ ਗੁਰਬਖਸ਼ ਸਿੰਘ ਬੈਰਿਸਟਰ ਅੰਮ੍ਰਿਤਸਰ ੪੭. ਭਾਈ ਸੁੰਦਰ ਸਿੰਘ ਰਾਮਗੜ੍ਹੀਆ ੪੮. ਭਾਈ ਅਰੂੜ ਸਿੰਘ ਅਲੋਵਾਲ (ਅੰਮ੍ਰਿਤਸਰ) ੪੯. ਭਾਈ ਦੇਵਾ ਸਿੰਘ ਛੱਜਲ ਬੱਧੀ (ਅੰਮ੍ਰਿਤਸਰ) ੫੦. ਭਾਈ ਭਾਗ ਸਿੰਘ ਕਲਸੀਆ ੫੧. ਭਾਈ ਹਾਕਮ ਸਿੰਘ ਓਵਰਸੀਅਰ (ਕਲਸੀਆ) ੫੨. ਕੈਪਟਨ ਬਹਾਦਰ ਸਿੰਘ ਲਾਹੌਰ ੫੩. ਡਾਕਟਰ ਗੁਰਬਖ਼ਸ਼ ਸਿੰਘ ਅੰਮ੍ਰਿਤਸਰ ੫੪. ਭਾਈ ਦੀਦਾਰ ਸਿੰਘ, ਦਰਬਾਰ ਸਾਹਿਬ, ਅੰਮ੍ਰਿਤਸਰ ੫੫. ਭਾਈ ਲੱਧਾ ਸਿੰਘ ਹੜੱਪਾ ੫੬. ਭਾਈ ਦਲੀਪ ਸਿੰਘ ਸਾਂਗਲਾ ੫੭. ਪ੍ਰੋ: ਅਰਬੇਲ ਸਿੰਘ ਕਪੂਰਥਲਾ ੫੮. ਭਾਈ ਹਿੰਮਤ ਸਿੰਘ ਡੇਰਾ ਇਸਮਾਈਲ ਖਾਂ ੫੯. ਭਾਈ ਦਾਨ ਸਿੰਘ ਵਛੋਆ ੬੦. ਭਾਈ ਤੀਰਥ ਸਿੰਘ ਘਰਜਾਖ, ਕਠੂਆ (ਕਸ਼ਮੀਰ) ੬੧. ਕੈਪਟਨ ਰਾਮ ਸਿੰਘ, ਸਰਗੋਧਾ ੬੨. ਭਾਈ ਬਿਸ਼ਨ ਸਿੰਘ ਕਪੂਰਥਲਾ (ਇਨ੍ਹਾਂ ੬੨ ਮੈਂਬਰਾਂ ਦੀ ਸੁਧਾਈ ੧੨ ਦਸੰਬਰ ਦੇ ਦਿਨ ਕੀਤੀ ਗਈ ਸੀ)। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਨਾਂ ਹੇਠ ਲਿਖੇ ਸਨ :

੧. ਬਾਬਾ ਖੜਕ ਸਿੰਘ ੨. ਭਾਈ ਮੋਹਨ ਸਿੰਘ ਵੈਦ ੩. ਅਕਾਲੀ ਮੰਗਲ ਸਿੰਘ ੪. ਭਾਈ ਮਹਿਤਾਬ ਸਿੰਘ ਬੀਰ, ਬਕਾਪੁਰ (ਜਲੰਧਰ) ਭਾਈ ਸਰਮੁਖ ਸਿੰਘ ਝਬਾਲ ੬. ਭਾਈ ਅਮਰ ਸਿੰਘ ਝਬਾਲ ੭. ਭਾਈ ਤੇਜਾ ਸਿੰਘ ਸਮੁੰਦਰੀ ੮. ਭਾਈ ਸੋਹਣ ਸਿੰਘ ਜੋਸ਼ ੯. ਬਾਬਾ ਕੇਹਰ ਸਿੰਘ ਪੱਟੀ ੧੦. ਜ: ਤਾਰਾ ਸਿੰਘ ਠੇਠਰ ੧੧. ਹੈੱਡ ਮਾਸਟਰ ਮਹਿਤਾਬ ਸਿੰਘ ੧੨. ਜ: ਤੇਜਾ ਸਿੰਘ ਅਕਰਪੁਰੀ ੧੩. ਗਿਆਨੀ ਸ਼ੇਰ ਸਿੰਘ ੧੪. ਭਾਈ ਤੇਜਾ ਸਿੰਘ ਚੂਹੜਕਾਣਾ ੧੫. ਭਾਈ ਗਿਆਨ ਸਿੰਘ ਐਬਟਾਬਾਦ ੧੬. ਭਾਈ ਹਰਚੰਦ ਸਿੰਘ ਲਾਇਲਪੁਰੀ ੧੭. ਬਾਬਾ ਕਰਮ ਸਿੰਘ ਚੀਮਾ ੧੮. ਭਾਈ ਪਿਆਰਾ ਸਿੰਘ ਕਨੇਡੀਅਨ ੧੯. ਮਾਸਟਰ ਮੋਤਾ ਸਿੰਘ ੨੦. ਭਗਤ ਜਸਵੰਤ ਸਿੰਘ ੨੧. ਮਾਸਟਰ ਤਾਰਾ ਸਿੰਘ ੨੨. ਭਾਈ ਹਰੀ ਸਿੰਘ ਜਲੰਧਰੀ ੨੩. ਪ੍ਰੋ: ਸਾਹਿਬ ਸਿੰਘ ੨੪. ਭਾਈ ਭਾਗ ਸਿੰਘ ਕਨੇਡੀਅਨ ੨੫. ਮਾਸਟਰ ਸੁੰਦਰ ਸਿੰਘ ਲਾਇਲਪੁਰ ੨੬. ਭਾਈ ਅਰਜਨ ਸਿੰਘ ਧੀਰਕੇ ੨੭. ਭਾਈ ਲਛਮਣ ਸਿੰਘ ਧਾਰੋਵਾਲੀ ੨੮. ਭਾਈ ਭਾਗ ਸਿੰਘ ਵਕੀਲ ੨੯. ਭਾਈ ਗੁਰਦਿੱਤ ਸਿੰਘ ਬਹਿਲੋਲਪੁਰੀ ੩੦. ਭਾਈ ਨਰੈਣ ਸਿੰਘ ਬੈਰਿਸਟਰ ੩੧. ਭਾਈ ਰਾਏ ਸਿੰਘ ਕਾਉਣੀ (ਦਲਜੀਤ ਸਿੰਘ) ੩੨. ਭਾਈ ਗੋਪਾਲ ਸਿੰਘ ਕੌਮੀ ੩੩. ਪ੍ਰੋ: ਨਿਰੰਜਨ ਸਿੰਘ ੩੪. ਭਾਈ ਤੇਜਾ ਸਿੰਘ ਘਵਿੰਡ ੩੫. ਬਾਬੂ ਤ੍ਰਿਪਤ ਸਿੰਘ ੩੬. ਭਾਈ ਗੁਰਚਰਨ ਸਿੰਘ ਵਕੀਲ ੩੭. ਭਾਈ ਸੰਤਾ ਸਿੰਘ ਸੁਲਤਾਨਵਿੰਡ ੩੮. ਭਾਈ ਗੋਪਾਲ ਸਿੰਘ ਸਾਗਰੀ ੩੯. ਭਾਈ ਗੁਰਦਿੱਤ ਸਿੰਘ ਐਡੀਟਰ ਨੇਸ਼ਨ ੪੦. ਭਾਈ ਬਾਲ ਸਿੰਘ ਕਨੇਡੀਅਨ ੪੧. ਭਾਈ ਮਿਤ ਸਿੰਘ ਕਨੇਡੀਅਨ ੪੨. ਭਾਈ ਸਰਦੂਲ ਸਿੰਘ ਕਵੀਸ਼ਰ ੪੩. ਭਾਈ ਜਸਵੰਤ ਸਿੰਘ ਝਬਾਲ ੪੪. ਭਾਈ ਪ੍ਰੀਤਮ ਸਿੰਘ ਅਨੰਦਪੁਰ ਸਾਹਿਬ ੪੫. ਭਾਈ ਦਲੀਪ ਸਿੰਘ ੪੬. ਭਾਈ ਕਿਰਪਾਲ ਸਿੰਘ ਅੰਮ੍ਰਿਤਸਰ ੪੭. ਭਾਈ ਗੁਰਬਖਸ਼ ਸਿੰਘ ਦਿੱਲੀ ੪੮. ਭਾਈ ਕਿਸ਼ਨ ਸਿੰਘ ਅੰਮ੍ਰਿਤਸਰ ੪੯. ਭਾਈ ਬਖਸ਼ੀਸ਼ ਸਿੰਘ ਭਮੱਦੀ ੫੦. ਭਾਈ ਹਰੀ ਸਿੰਘ ਐਡੀਟਰ ਅਕਾਲੀ ੫੧. ਰਸਾਲਦਾਰ ਸੁੰਦਰ ਸਿੰਘ ੫੨. ਰਸਾਲਦਾਰ ਜੋਧ ਸਿੰਘ ੫੩. ਸ. ਬ. ਮਹਿਤਾਬ ਸਿੰਘ ੫੪. ਭਾਈ ਹੀਰਾ ਸਿੰਘ ਨਾਰਲੀ (ਇਹ ਨਾਂ ਅਖ਼ਬਾਰਾਂ ਵਿੱਚੋਂ ਅਤੇ ਸਰਕਾਰ ਦੀਆਂ ਖ਼ੁਫ਼ੀਆਂ ਫਾਇਲਾਂ ਵਿੱਚੋਂ ਮਿਲੇ ਹਨ)।

ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥੇਦਾਰ (ਪ੍ਰਧਾਨ) ਦੀ ਚੋਣ ਵਾਸਤੇ ਮੀਟਿੰਗ ਅਗਲੇ ਦਿਨ ਹੋਈ। ਇਸ ਇਕੱਠ ਵਿਚ ਸਿਰਫ਼ ੬੧ ਮੈਂਬਰ ਹਾਜ਼ਰ ਸਨ। ਹੋਰ ਤਾਂ ਹੋਰ ਮਾਸਟਰ ਮੋਤਾ ਸਿੰਘ ਅਤੇ ਹੋਰ ਕਈ ਮੁਖੀ ਆਗੂ ਵੀ ਹਾਜ਼ਿਰ ਨਹੀਂ ਸਨ। ਮੀਟਿੰਗ ਵਿਚ ਮੈਂਬਰਾਂ ਦੀ ਪੜਤਾਲ ਕੀਤੀ ਗਈ। ਜਿੰਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਸੀ ਉਨ੍ਹਾਂ ਨੂੰ ਅੰਮ੍ਰਿਤ ਛਕਣ ਵਾਸਤੇ ਕਿਹਾ ਗਿਆ। ਸ. ਸੁੰਦਰ ਸਿੰਘ ਮਜੀਠਾ ਨੇ ਕਕਾਰ ਵਿਖਾ ਕੇ ਹੀ ਛੁਟਕਾਰਾ

ਕਰਵਾ ਲਿਆ। ਜਿਨ੍ਹਾਂ ਨੇ ਕੁਰਹਿਤ ਮੰਨੀ ਜਾਂ ਅੰਮ੍ਰਿਤਧਾਰੀ ਨਹੀਂ ਸਨ, ਉਨ੍ਹਾਂ ਵਿਚ ਸ: ਸੂਰਤ ਸਿੰਘ ਢਿੱਲੀ, ਸ: ਸਾਧੂ ਸਿੰਘ ਲਾਹੌਰ, ਸ: ਸੁੰਦਰ ਸਿੰਘ ਲਾਹੌਰ, ਸ: ਬੂਟਾ ਸਿੰਘ ਸ਼ੇਖ਼ੂਪੁਰਾ, ਸ: ਸੁੰਦਰ ਸਿੰਘ ਸਰਬਰਾਹ, ਸ. ਭਾਗ ਸਿੰਘ ਕਲਸੀਆ, ਸ. ਰਾਮ ਸਿੰਘ ਸਰਗੋਧਾ, ਡਾ. ਗੁਰਬਖ਼ਸ਼ ਸਿੰਘ, ਸ. ਦਾਨ ਸਿੰਘ ਵਛੋਆ, ਕੈਪਟਨ ਬਹਾਦਰ ਸਿੰਘ ਵੀ ਸਨ। ਮੀਟਿੰਗ ਵਿਚ ਸ. ਸੁੰਦਰ ਸਿੰਘ ਮਜੀਠਾ, ਸ. ਹਰਬੰਸ ਸਿੰਘ ਅਟਾਰੀ, ਡਾ. ਗੁਰਬਖ਼ਸ਼ ਸਿੰਘ ਦੇ ਕਿਰਦਾਰ ਅਤੇ ਅ-ਪੰਥਕ ਰੋਲ ਸਬੰਧੀ ਵੀ ਇਤਰਾਜ਼ ਉਠਾਏ ਗਏ। ਸੁੰਦਰ ਸਿੰਘ ਮਜੀਠੀਆ ਨੇ ਇਸ ਦਾ ਗੋਲ ਮੋਲ ਜਵਾਬ ਦੇਂਦਿਆਂ ਆਖਿਆ, "ਮੈਂ ਆਪਣੀ ਤੁੱਛ ਬੁੱਧੀ ਮੁਤਾਬਿਕ ਪੰਥ ਭਲੇ ਲਈ ਕੰਮ ਕਰਦਾ ਰਿਹਾ ਹਾਂ।" ਗੁਰਬਖ਼ਸ਼ ਸਿੰਘ, ਜੋ ਜਨਰਲ ਡਾਇਰ ਸਨਮਾਨ ਕਮੇਟੀ ਦਾ ਮੈਂਬਰ ਸੀ, ਨੇ ਕਿਹਾ, "ਮੈਂ ਭੁਲਨਹਾਰ ਹਾਂ ਸੰਗਤ ਬਖ਼ਸ਼ਦੀ ਹੈ, ਕੀਤਾ ਨਾ ਕੀਤਾ ਵਿਚਾਰ ਕੇ ਬਖ਼ਸ਼ੋ।" ਮੈਂਬਰਾਂ ਦੀ ਸੁਧਾਈ ਮਗਰੋਂ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਾ ਸੋਧਿਆ ਗਿਆ। ਉਸੇ ਰਾਤ ਸਤ ਵਜੇ, ਜਦੋਂ ਸਿਰਫ਼ ੪੦-੫੦ ਮੈਂਬਰ ਰਹਿ ਗਏ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਕਰ ਲਈ ਗਈ। ਪ੍ਰਧਾਨਗੀ ਵਾਸਤੇ ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ ਤੇ ਭਾਈ ਜੋਧ ਸਿੰਘ ਦੇ ਨਾਂ ਪੇਸ਼ ਕੀਤੇ ਗਏ। ਹਾਜ਼ਿਰ ਮੈਂਬਰਾਂ ਵਿਚ ਬਹੁਤੇ ਮਜੀਠੀਏ ਦੇ ਹਿਮਾਇਤੀ ਸਨ। ਉਨ੍ਹਾਂ ਨੇ ਇਹ ਲਾਰਾ ਲਾਇਆ ਕਿ ਸੁੰਦਰ ਸਿੰਘ ਮਜੀਠਾ ਛੇਤੀ ਹੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਬਣ ਜਾਣੇ ਹਨ ਤੇ ਸਿਰਫ਼ ਉਦੋਂ ਤੱਕ ਉਨ੍ਹਾਂ ਨੂੰ ਪ੍ਰਧਾਨ ਚੁਣ ਲਿਆ ਜਾਵੇ। ਇਹ ਹਥਿਆਰ ਕਾਮਯਾਬ ਹੋਇਆ ਤੇ ਮਜੀਠਾ ਪ੍ਰਧਾਨ, ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ, ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਤੇ ਬਾਬਾ ਹਰਕਿਸ਼ਨ ਸਿੰਘ ਮੀਤ ਸਕੱਤਰ ਚੁਣੇ ਗਏ। ਐਗਜ਼ੈਕਟਿਵ ਵਿਚ ਜੋਧ ਸਿੰਘ, ਤੇਜਾ ਸਿੰਘ, ਬੂਟਾ ਸਿੰਘ ਵਕੀਲ, ਸ. ਹਰਬੰਸ ਸਿੰਘ, ਚਰਨ ਸਿੰਘ, ਅਮਰ ਸਿੰਘ ਲਾਇਲ ਗ਼ਜ਼ਟ ਤੇ ਬਾਬਾ ਕੇਹਰ ਸਿੰਘ ਪੱਟੀ ਚੁਣੇ ਗਏ। ਅਹੁਦੇਦਾਰਾਂ ਵਿੱਚੋਂ ਤਿੰਨੇ ਮੁੱਖ ਅਹੁਦੇਦਾਰ ਸਰਕਾਰੇ-ਦਰਬਾਰੇ ਨੇੜਤਾ ਰੱਖਣ ਵਾਲੇ ਸਨ। ਜਿਸ ਤਰੀਕੇ ਨਾਲ ਚੋਣ ਕੀਤੀ ਗਈ, ਉਹ ਇਕ ਸੋਚੀ ਸਮਝੀ ਸਾਜਿਸ਼ ਸੀ। ਜਿਸ ਵੇਲੇ ਸਰਕਾਰ ਨੂੰ ਇਸ ਦੀ ਇਤਲਾਹ ਮਿਲੀ ਤਾਂ ਗਵਰਨਰ ਨੇ ਸੁਖ ਦਾ ਸਾਹ ਲਿਆ ਅਤੇ ਉਮੀਦ ਕੀਤੀ ਕਿ ਹੁਣ ਸ਼੍ਰੋਮਣੀ ਕਮੇਟੀ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਨਹੀਂ ਜਾ ਸਕੇਗੀ। ਪਰ, ਇਹ ਉਸ ਦਾ ਭੁਲੇਖਾ ਹੀ ਸੀ। ਕੁਝ ਹਫ਼ਤਿਆਂ ਮਗਰੋਂ ਸੁੰਦਰ ਸਿੰਘ ਮਜੀਠਾ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਬਣ ਗਏ। ਉਨ੍ਹਾਂ ਦੀ ਥਾਂ ਹਰਬੰਸ ਸਿੰਘ ਅਟਾਰੀ ਪ੍ਰਧਾਨ ਬਣੇ। ੩੦ ਅਪ੍ਰੈਲ ੧੯੨੧ ਨੂੰ ਸ਼੍ਰੋਮਣੀ ਕਮੇਟੀ ਰਜਿਸਟਰ ਕਰਵਾਈ ਗਈ। ੧੪ ਅਗਸਤ ੧੯੨੧ ਦੇ ਦਿਨ ਨਵੀਂ ਚੋਣ ਹੋਈ। ਇਸ ਵਿਚ ਬਾਬਾ ਖੜਕ ਸਿੰਘ ਪ੍ਰਧਾਨ, ਸ. ਬ. ਮਹਿਤਾਬ ਸਿੰਘ ਮੀਤ ਪ੍ਰਧਾਨ ਤੇ ਸੁੰਦਰ ਸਿੰਘ ਰਾਮਗੜ੍ਹੀਆ ਸੈਕਟਰੀ ਚੁਣੇ ਗਏ। ਇਸ ਦੌਰਾਨ ਸਰਕਾਰ ਸਿੱਖਾਂ ਨਾਲ ਫੇਰ ਵਿਟਰ ਗਈ। ਸਿੱਖ ਆਗੂਆਂ ਨੇ ਗੁਰਦੁਆਰਾ ਨੂੰ ਪੰਥਕ ਇੰਤਜ਼ਾਮ ਹੇਠ ਲਿਆਉਣ ਵਾਸਤੇ ਕਈ ਮੋਰਚੇ ਲਾਏ। ਕਈ ਵਾਰ ਸਿੱਖਾਂ ਨੂੰ ਗੋਲੀਆਂ ਦਾ ਸ਼ਿਕਾਰ ਹੋਣਾ ਪਿਆ। ੫੦੦ ਤੋਂ ਵੱਧ ਸ਼ਹੀਦੀਆਂ, ਹਜ਼ਾਰਾਂ ਗ੍ਰਿਫ਼ਤਾਰੀਆਂ ਅਤੇ ਲੱਖਾਂ ਦੇ ਨੁਕਸਾਨ ਮਗਰੋਂ "ਗੁਰਦੁਆਰਾ ਐਕਟ" ਬਣਾਇਆ ਗਿਆ। ਇਸ ਐਕਟ ਹੇਠ ਗੁਰਦੁਆਰਿਆਂ ਦਾ ਇੰਤਜ਼ਾਮ ਚੁਣੇ ਹੋਏ ਨੁਮਾਇੰਦਿਆਂ ਨੂੰ ਸੌਂਪ ਦਿੱਤਾ ਗਿਆ। ਇਸ ਕਮੇਟੀ ਦਾ ਨਾਂ "ਸੈਂਟਰਲ ਬੋਰਡ" ਰਖਿਆ ਗਿਆ।

ਗੁਰਦੁਆਰਾ ਐਕਟ ਤੋਂ ਮਗਰੋਂ ਸ਼੍ਰੋਮਣੀ ਕਮੇਟੀ :

੧੮ ਜੂਨ ੧੯੨੬ ਦੇ ਦਿਨ ਗੁਰਦੁਆਰਾ ਐਕਟ ਹੇਠ "ਸੈਂਟਰਲ ਬੋਰਡ" (ਮਗਰੋਂ ਇਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਦਿੱਤਾ ਗਿਆ) ਦੀਆਂ ਚੋਣਾਂ ਹੋਈਆਂ। ੧੨੦ ਸੀਟਾਂ ਵਿੱਚੋਂ ੮੫ ਅਕਾਲੀ ਪਾਰਟੀ ਨੇ, ੨੬ ਸੀਟਾਂ ਗਿ: ਸ਼ੇਰ ਸਿੰਘ—ਮਹਿਤਾਬ ਸਿੰਘ ਧੜੇ ਨੇ ਅਤੇ ੭ ਸੀਟਾਂ ਦੂਜਿਆਂ ਨੇ ਜਿੱਤੀਆਂ। ਫਿਰ ਮਾਰਚ ੧੯੩੦ ਦੀਆਂ ਚੋਣਾਂ ਵਿਚ ਅਕਾਲੀ ਦਲ ਨੇ ੧੨੦ 'ਚੋਂ ੧੦੦, ਗਿ: ਸ਼ੇਰ ਸਿੰਘ-ਮਹਿਤਾਬ ਸਿੰਘ ਧੜੇ ਨੇ ੧੫ ਅਤੇ ਦੂਜਿਆਂ ਨੇ ੫ ਸੀਟਾਂ ਜਿੱਤੀਆਂ। ਤਕਰੀਬਨ ਇਹੀ ਨਤੀਜੇ ਹਮੇਸ਼ਾਂ ਨਿਕਲਦੇ ਰਹੇ ਅਤੇ ਅਕਾਲੀ ਦਲ ਹੀ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਰਿਹਾ। ੧੯੩੬ ਦੀਆਂ ਚੋਣਾਂ ਵਿਚ ਗੁਰਸੇਵਕ ਸਭਾ, ਬਾਬਾ ਵਿਸਾਖਾ ਸਿੰਘ ਦਦੇਹਰ, ਬਾਬਾ ਸੋਹਣ ਸਿੰਘ ਭਕਨਾ ਨੇ ਸਾਂਝੇ ਉਮੀਦਵਾਰ ਚੁਣਨ ਵਾਸਤੇ ਰੋਲ ਅਦਾ ਕੀਤਾ ਪਰ ਪੰਥ ਵਿਚ ਅਮਲੀ ਏਕਤਾ ਕਦੇ ਵੀ ਨਾ ਹੋ ਸਕੀ। ਕੁਝ ਵੀ ਹੋਵੇ, ਕਿੰਨੀਆਂ ਵੀ ਜਥੇਬੰਦੀਆਂ ਹੋਣ, ਸ਼੍ਰੋਮਣੀ ਕਮੇਟੀ ਹਮੇਸ਼ਾ ਅਕਾਲੀ ਦਲ ਕੋਲ ਹੀ ਰਹੀ। ੧੯੬੨ ਵਿਚ ਜਦੋਂ ਸਰਕਾਰ ਨੇ ਜੱਟ-ਭਾਪਾ ਦੇ ਨਾਂ ਹੇਠ ਕੌਮ ਵੰਡ ਦਿੱਤੀ ਤਾਂ ੧੯੬੫ ਦੀਆਂ ਚੋਣਾਂ ਵਿਚ

ਦੋ ਅਕਾਲੀ ਦਲ ਹੋ ਗਏ। ਫਤਹਿ ਸਿੰਘ ਅਕਾਲੀ ਦਲ ਨੇ ੯੦, ਮਾਸਟਰ ਤਾਰਾ ਸਿੰਘ ਅਕਾਲੀ ਦਲ ਨੇ ੪੫ ਤੇ ਦੂਜਿਆਂ ਨੇ ੫ ਸੀਟਾਂ ਜਿੱਤੀਆਂ। ਫਿਰ ੧੪ ਸਾਲ ਮਗਰੋਂ ੧੯੭੯ ਵਿਚ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ ੧੪੦ ਵਿੱਚੋਂ ੧੩੨ ਸੀਟਾਂ ਜਿੱਤੀਆਂ। ੧੯੯੬ ਦੀਆਂ ਚੋਣਾਂ ਵਿਚ ਵੀ ਅਕਾਲੀ ਦਲ ੧੬੦ ਵਿੱਚੋਂ ੧੫੧ ਸੀਟਾਂ ਜਿੱਤੀਆਂ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਕਸਦ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨਾ ਹੈ। ਸ਼੍ਰੋਮਣੀ ਕਮੇਟੀ ਨੇ ਸਿੱਖ ਧਰਮ ਦਾ ਪ੍ਰਚਾਰ ਵੀ ਕਰਨਾ ਹੈ। ਸਿੱਖ ਰਹਿਤ ਮਰਯਾਦਾ ਨੂੰ ਹਰ ਗੁਰਦੁਆਰੇ ਵਿਚ ਲਾਗੂ ਵੀ ਕਰਨਾ ਹੈ। ਸਿੱਖ ਲਿਟਰੇਚਰ ਛਾਪਣਾ (ਬੇਹਤਰ ਹੈ ਮੁਫ਼ਤ ਵੰਡਣਾ) ਵੀ ਹੈ। ਸਿੱਖਾਂ ਨੂੰ ਅੰਮ੍ਰਿਤ ਛਕਾ ਕੇ "ਗੁਰੂ ਵਾਲੇ" ਬਣਾਉਣਾ ਵੀ ਹੈ। ਸਿੱਖਾਂ ਵਿਚ ਭਾਈਚਾਰਕ ਮੁਹੱਬਤ ਪੈਦਾ ਕਰਨਾ ਵੀ ਹੈ। ਸਿੱਖ ਕਲਚਰ ਨੂੰ ਹਰ ਸਿੱਖ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਵੀ ਹੈ। ਸਿੱਖ ਸਮਾਜ ਵਿਚ ਬੁਰਾਈਆਂ ਦਾ ਖ਼ਾਤਮਾ ਕਰਨਾ ਵੀ ਹੈ।

ਆਮ ਲੋਕਾਂ ਦੇ ਖਿਆਲ ਵਿਚ ਸ਼੍ਰੋਮਣੀ ਕਮੇਟੀ ਸਿਰਫ਼ ਤਾਰੀਖ਼ੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਹੀ ਕਰਦੀ ਹੈ ਪਰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਇਕ ਵੱਖਰਾ ਵਿੰਗ "ਧਰਮ ਪ੍ਰਚਾਰ ਕਮੇਟੀ" ਵੀ ਹੈ। ਇਹ ਵਿੰਗ ਵੱਖ-ਵੱਖ ਗੁਰਦੁਆਰਿਆਂ, ਸਿੱਖ ਜਥੇਬੰਦੀਆਂ ਅਤੇ ਹੋਰ ਅਦਾਰਿਆਂ ਨੂੰ ਧਰਮ ਪ੍ਰਚਾਰ ਵਾਸਤੇ ਮਾਲੀ ਤੇ ਲਿਟਰੇਚਰ ਦੀ ਮਦਦ ਵੀ ਦੇਂਦਾ ਹੈ। ਧਰਮ ਪ੍ਰਚਾਰ ਕਮੇਟੀ ਨੇ ਦਰਜਨਾਂ ਕਿਤਾਬਾਂ ਅਤੇ ੧੦੦ ਤੋਂ ਵੱਧ ਟਰੈਕਟ ਧਰਮ ਪ੍ਰਚਾਰ ਵਾਸਤੇ ਛਾਪੇ ਹੋਏ ਹਨ।

ਸ਼੍ਰੋਮਣੀ ਕਮੇਟੀ ਨੇ "ਸਿੱਖ ਇਤਿਹਾਸ ਰੀਸਰਚ ਬੋਰਡ" ਅਤੇ "ਸਿੱਖ ਰੈਫ਼ਰੈਂਸ ਲਾਇਬਰੇਰੀ" ਵੀ ਕਾਇਮ ਕੀਤੀ ਹੋਈ ਹੈ। ਰੀਸਰਚ ਬੋਰਡ ਸਿੱਖ ਧਰਮ ਬਾਰੇ ਰੀਸਰਚ ਕਰਵਾਉਂਦਾ ਅਤੇ ਇਸ ਨੂੰ ਛਾਪ ਕੇ ਸਕਾਲਰਾਂ ਅਤੇ ਲੋਕਾਂ ਤਕ ਪਹੁੰਚਾਉਂਦਾ ਹੈ। ਸਿੱਖ ਰੈਂਫ਼ਰੈਂਸ ਲਾਇਬਰੇਰੀ ਵਿਚ ਸਿੱਖ ਧਰਮ ਬਾਰੇ ਹਜ਼ਾਰਾਂ ਕਿਤਾਬਾਂ, ੧੦੦ ਸਾਲ ਤਕ ਦੀਆਂ ਪੁਰਾਣੀਆਂ ਅਖ਼ਬਾਰਾਂ ਤੇ ਸੈਂਕੜੇ ਹੱਥ ਲਿਖਤ ਖਰੜੇ ਪਏ ਹੋਏ ਹਨ। ਦੁਨੀਆਂ ਭਰ ਤੋਂ ਵਿਦਵਾਨ ਤੇ ਸਕਾਲਰ ਇਥੇ ਰੀਸਰਚ ਕਰਨ ਵਾਸਤੇ ਆਉਂਦੇ ਹਨ।

ਸ਼੍ਰੋਮਣੀ ਕਮੇਟੀ ੬੦ ਤੋਂ ਵੱਧ ਸਕੂਲ, ਕਾਲਜ, ਰੀਸਰਚ ਇੰਸਟੀਚਿਊਟਸ, ਹਸਪਤਾਲ, ਡਿਸਪੈਂਸਰੀਆਂ ਅਤੇ ਹੋਰ ਅਦਾਰੇ ਵੀ ਚਲਾਉਂਦੀ ਹੈ ਜਿਨ੍ਹਾਂ ਵਿਚ ਹਜ਼ਾਰਾਂ ਟੀਚਰ, ਪ੍ਰੋਫ਼ੈਸਰ ਤੇ ਡਾਕਟਰ ਸੇਵਾ ਕਰਦੇ ਹਨ।

ਸ਼੍ਰੋਮਣੀ ਕਮੇਟੀ ਦੇ ਏਡੇ ਵੱਡੇ ਪਸਾਰੇ ਵਿਚ ਸੈਂਕੜੇ ਮੁਲਾਜ਼ਮ ਕੰਮ ਕਰਦੇ ਹਨ। ਇਕੱਲੀ ਸ਼੍ਰੋਮਣੀ ਕਮੇਟੀ ਵਿਚ ਹੀ ੪੦੦ ਦੇ ਕਰੀਬ ਮੁਲਾਜ਼ਮ ਹਨ ਤੇ ਇਸ ਨਾਲ ਸਬੰਧਤ ਬਾਕੀ ਅਦਾਰਿਆਂ ਦੇ ਕੁਲ ਮੁਲਾਜ਼ਮਾਂ ਦੀ ਗਿਣਤੀ ੩੪੦੦ ਦੇ ਕਰੀਬ ਹੈ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਮੁਲਾਜ਼ਮਾਂ ਦੀ ਤਨਖ਼ਾਹ (੧੯੯੯ ਵਿਚ) ੧੦ ਲੱਖ ਰੁਪੈ ਮਹੀਨਾ ਹੈ। ਸ਼੍ਰੋਮਣੀ ਕਮੇਟੀ ਦਾ ਸਾਲਾਨਾ ਖਰਚ ੮ ਕਰੋੜ ਦੇ ਕਰੀਬ ਹੈ। ਇਸ ਵਿਚ ਸਿਰਫ਼ ਜਨਰਲ ਬੋਰਡ, ਵਿੱਦਿਆ ਅਤੇ ਟਰਸਟ ਦੇ ਖਰਚੇ ਸ਼ਾਮਿਲ ਹਨ ਤੇ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਖਰਚੇ ਸ਼ਾਮਿਲ ਨਹੀਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਹਰ ਸਾਲ ਹੁੰਦੀ ਹੈ। ਹੁਣ ਤਕ ੭੭ ਵਾਰ ਚੋਣ ਹੋ ਚੁੱਕੀ ਹੈ ਅਤੇ ਹੁਣ ਤਕ ਇਸ ਦੇ 23 ਪ੍ਰਧਾਨ ਚੁਣੇ ਗਏ ਹਨ। ਸਭ ਤੋਂ ਵੱਧ ਸਮਾਂ ਪ੍ਰਧਾਨ ਚੁਣੇ ਜਾਣ ਦਾ ਮਾਣ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਹੈ, ਜੋ ਅੱਜ ਤਕ ੨੫ ਵਾਰ ਪ੍ਰਧਾਨ ਬਣ ਚੁੱਕੇ ਹਨ ਜੋ ਕਿ ਸ਼੍ਰੋਮਣੀ ਕਮੇਟੀ ਦੀ ਕੁਲ ਮਿਆਦ ਦਾ ਤਕਰੀਬਨ ਤੀਜਾ ਹਿੱਸਾ ਬਣਦਾ ਹੈ। ਦੁਨੀਆਂ ਭਰ ਵਿਚ ਕੋਈ ਵੀ ਸ਼ਖਸ ਕਿਸੇ ਜਮਾਤ ਜਾਂ ਅਦਾਰੇ ਦਾ ਪ੍ਰਧਾਨ ਏਨਾ ਸਮਾਂ ਤੇ ਏਨੀ ਵਾਰ ਨਹੀਂ ਬਣ ਸਕਿਆ।

* * *

ਗੁਰਦੁਆਰਾ ਸੁਧਾਰ ਲਹਿਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਮ ਵੇਲੇ ਸਭ ਤੋਂ ਪਹਿਲਾਂ ਅਤੇ ਅਹਿਮ ਮਸਲਾ ਗੁਰਦੁਆਰਿਆਂ ਦਾ ਇੰਤਜ਼ਾਮ ਮਹੰਤਾਂ ਤੋਂ ਲੈਣਾ ਸੀ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੂੰ ਬਹੁਤ ਸਾਰੇ ਮੋਰਚੇ ਲਾਉਣੇ ਪਏ। ਭਾਵੇਂ ਇਕ ਮੋਰਚਾ ੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਢਾਹੇ ਜਾਣ ਨਾਲ ਸ਼ੁਰੂ ਹੋ ਚੁਕਾ ਸੀ ਪਰ ਇਸ ਮੋਰਚੇ ਦਾ ਸਿਖਰ ੧੯੨੦ ਵਿਚ ਹੀ ਆਇਆ ਸੀ। ਇਸ ਵੇਲੇ ਤਕ ਗੁਰਦੁਆਰਾ ਚੁਮਾਲਾ ਸਾਹਿਬ (ਲਾਹੌਰ) ਅਤੇ ਬਾਬੇ ਦੀ ਬੇਰ (ਸਿਆਲਕੋਟ) ਸਿੱਖਾਂ ਦੇ ਹੱਥਾਂ ਵਿਚ ਆ ਚੁੱਕੇ ਸਨ।

ਗੁਰਦੁਆਰਾ ਰਕਾਬ ਗੰਜ ਦੀ ਦੀਵਾਰ

ਜੁਲਾਈ-ਅਗਸਤ ੧੯੨੦ ਵਿਚ ਗੁਰਦੁਆਰਾ ਰਕਾਬ ਗੰਜ ਦਾ ਮਸਲਾ ਖੜਾ ਹੋ ਗਿਆ। ਅਗਸਤ ੧੯੨੦ ਦੇ ਆਖ਼ਰੀ ਹਫ਼ਤੇ 'ਚ ਸਰਕਾਰ ਨੇ ਢੱਠੀ ਦੀਵਾਰ ਦੇ ਬਾਹਰ ਇਕ ਨਿੱਕੀ ਦੀਵਾਰ ਬਣਾਉਣ ਦੀ ਸਾਜਿਸ਼ ਰਚੀ। ਸ. ਸਰਦੂਲ ਸਿੰਘ ਕਵੀਸ਼ਰ ਨੇ ੨ ਸਤੰਬਰ ੧੯੨੦ ਦੇ ਅਕਾਲੀ ਅਖ਼ਬਾਰ ਵਿਚ ਇਕ ਲੇਖ ਵਿਚ ਸਿੱਖਾਂ ਨੂੰ ਗੁਰਦੁਆਰਾ ਰਕਾਬ ਗੰਜ ਦੀ ਢੱਠੀ ਹੋਈ ਕੰਧ ਨੂੰ ਉਸਾਰਨ ਵਾਸਤੇ ੧੦੦ ਸਿੱਖਾਂ ਦਾ ਇਕ ਸ਼ਹੀਦੀ ਜਥਾ ਬਣਾਉਣ ਦੀ ਅਪੀਲ ਕੀਤੀ ਅਤੇ ਸਿੱਖਾਂ ਨੂੰ ਆਪਣੇ ਨਾ ਲਿਖਾਉਣ ਵਾਸਤੇ ਆਖਿਆ। ਸ: ਹਰਚੰਦ ਸਿੰਘ ਲਾਇਲਪੁਰੀ, ਸ: ਸਰਦੂਲ ਸਿੰਘ ਕਵੀਸ਼ਰ, ਸ: ਅਮਰ ਸਿੰਘ ਝਬਾਲ ਵਗੈਰਾ ਨਾਂ ਦੇਣ ਵਾਲੇ ਪਹਿਲੇ ਸਿੱਖ ਸਨ। ਕੁਝ ਹੀ ਦਿਨਾਂ ਵਿਚ ੮੦੦ ਤੋਂ ਵੱਧ ਨਾਂ ਆ ਗਏ। ਇਸ ਨੇ ਭਾਰਤ ਦੀ ਬਰਤਾਨਵੀ ਸਰਕਾਰ ਨੂੰ ਵਖ਼ਤ ਪਾ ਦਿੱਤਾ।

ਸ਼ਹੀਦੀ ਜਥੇ ਵਿਚ ੧੦੦ ਸਿੰਘਾਂ ਦੀ ਮੰਗ ਦੇ ਜਵਾਬ ਵਿਚ ੮੦੦ ਤੋਂ ਵੱਧ ਸਿੰਘਾਂ ਦੇ ਨਾਂ ਆਉਣ ਕਰ ਕੇ ਸਰਕਾਰ ਵੀ ਘਬਰਾਈ ਹੋਈ ਸੀ। ਜਿਨ੍ਹੀਂ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਦੀ ਤਿਆਰੀ ਹੋ ਰਹੀ ਸੀ, ਉਨ੍ਹੀਂ ਦਿਨੀਂ ਹੀ ਦਿੱਲੀ ਸਰਕਾਰ ਨੇ ਐਲਾਨ ਜਾਰੀ ਕੀਤਾ ਕਿ ਸਰਕਾਰ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਬਣਾਉਣ ਦੀ ਇਜਾਜ਼ਤ ਦੇਣ ਵਾਸਤੇ ਤਿਆਰ ਹੈ। ਇਹ ਸਾਜਿਸ਼ ਦਰਅਸਲ ਪੁਰਾਣੀ ਦੀਵਾਰ ਤੋਂ ਵੱਖਰੀ ਥਾਂ ਤੇ ਵਿਚ ਨਵੀਂ ਤੇ ਛੋਟੀ ਦੀਵਾਰ ਬਣਾਉਣ ਦੀ ਸੀ। ਇਸ ਦੇ ਨਾਲ ਹੀ ਸਰਕਾਰ ਨੇ ਸਿੱਖ ਲੀਗ ਜਾਂ ਕਿਸੇ ਹੋਰ ਜਥੇਬੰਦੀ ਨੂੰ ਕਬੂਲ ਕਰਨ ਦੀ ਬਜਾਇ ਚੀਫ਼ ਖਾਲਸਾ ਦੀਵਾਨ ਨੂੰ ਹੀ ਨੁਮਾਇੰਦਾ ਮੰਨਿਆ ਸੀ। ਸਿੱਖ ਆਗੂਆਂ ਨੇ ਇਸ ਨੂੰ ਨਾ ਕਬੂਲ ਕਰਦਿਆਂ ਆਪਣੇ ਨੁਮਾਇੰਦੇ ਦਿੱਲੀ ਭੇਜਣ ਦਾ ਐਲਾਨ ਕਰ ਦਿੱਤਾ। ਕੁਝ ਸਿੱਖ ਆਗੂ ਦਿੱਲੀ ਗਏ ਤੇ ਉਨ੍ਹਾਂ ਨੇ ਇਸ ਬਾਰੇ ਆਪਣੀ ਰਿਪੋਰਟ ਜਾਰੀ ਕੀਤੀ। ਸਿੱਖ ਆਗੂਆਂ ਨੇ ਦਿੱਲੀ ਜਾ ਕੇ ਸਾਰੇ ਹਾਲਾਤ ਵੇਖੇ। ਇਸ ਦੌਰਾਨ ਸਰਕਾਰ ਨੇ ਆਖਿਆ ਕਿ ਉਹ ਪੁਰਾਣੀ ਦੀਵਾਰ ਦੇ ਬਾਹਰ ਇਕ ਨਵੀਂ ਦੀਵਾਰ ਉਸਾਰ ਕੇ ਦੇਣ ਵਾਸਤੇ ਤਿਆਰ ਹੈ। ਇਹ ਦੀਵਾਰ ਛੋਟੀ ਹੋਣੀ ਸੀ ਅਤੇ ਇਸ ਦਾ ਮਤਲਬ ਗੁਰਦੁਆਰੇ ਦੀ ਪੁਰਾਣੀ ਦੀਵਾਰ ਨੂੰ ਉਸਾਰਨ ਤੋਂ ਰੋਕਣਾ ਸੀ। ਸਿੱਖ ਆਗੂਆਂ ਨੇ ਸਰਕਾਰ ਦੀ ਸਾਜਿਸ਼ ਨੂੰ ਤਾੜ ਲਿਆ ਅਤੇ ਅੰਮ੍ਰਿਤਸਰ ਆ ਕੇ ਬਾਕੀ ਆਗੂਆਂ ਨਾਲ ਵਿਚਾਰ ਕੀਤੀ। ੧੦ ਤੋਂ ੨੧ ਅਕਤੂਬਰ ਦੇ ਦਿਨ੍ਹਾਂ ਵਿਚ ਸਿੱਖ ਲੀਗ ਦਾ ਸਮਾਗਮ ਸੀ। "ਸ਼ਹੀਦੀ ਜਥੇ" 'ਚ ਨਾਂ ਲਿਖਾਉਣ ਵਾਲਿਆਂ ਨੂੰ ਇਸ ਸਮਾਗਮ 'ਤੇ ਪੁੱਜਣ ਵਾਸਤੇ ਆਖਿਆ ਗਿਆ। ਇਸ ਮੌਕੇ ਤੇ ਹੋਏ ਇਕੱਠ ਵਿਚ ਸਰਕਾਰੀ ਸਾਜਿਸ਼ ਨੂੰ ਬੇਨਕਾਬ ਕਰਦਿਆਂ ਸਿੱਖ ਆਗੂਆਂ ਨੇ ਸੰਗਤਾਂ ਨੂੰ "ਦਿੱਲੀ ਮਾਰਚ" ਦਾ ਸੱਦਾ ਦਿੱਤਾ। ਇਸ ਦਾ ਐਲਾਨ ੨੫ ਅਕਤੂਬਰ ੧੯੨੦ ਦੀ ਅਕਾਲੀ ਅਖ਼ਬਾਰ ਵਿਚ ਕੀਤਾ ਗਿਆ। ਇਨ੍ਹੀਂ ਦਿਨੀਂ ਹੀ ਮਹਾਰਾਜਾ ਨਾਭਾ ਸ: ਰਿਪੁਦਮਨ ਸਿੰਘ ਨੇ ਬਰਤਾਨਵੀ ਸਰਕਾਰ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਮਹਾਰਾਜਾ ਨਾਭਾ ਵੱਲੋਂ ਰੋਲ ਅਦਾ ਕਰਨ ਨਾਲ ਸਰਕਾਰ 'ਚ ਵਧੇਰੇ ਹਿਲਜੁਲ ਹੋਈ। ਇਸ ਦੌਰਾਨ ਸ: ਹਰਚੰਦ ਸਿੰਘ ਲਾਇਲਪੁਰੀ ਜਥੇ ਦੀ ਤਿਆਰੀ ਵਾਸਤੇ ਦਿੱਲੀ ਗਏ। ਹਾਲਾਤ ਦੀ ਸੰਜੀਦਗੀ ਨੂੰ ਮਹਿਸੂਸ ਕਰਦੇ ਹੋਏ ਸਰਕਾਰ ਨੇ ਗੋਡੇ ਟੇਕ ਦਿੱਤੇ। ਇਸ 'ਤੇ

ਸ: ਹਰਚੰਦ ਸਿੰਘ ਲਾਇਲਪੁਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਾਰ ਭੇਜੀ ਕਿ ਇਕ ਹਫ਼ਤੇ ਤੱਕ ਦੀਵਾਰ ਬਣ ਕੇ ਤਿਆਰ ਹੋ ਜਾਵੇਗੀ ਇਸ ਕਰ ਕੇ ਜਥਾ ਨਾ ਭੇਜਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ, ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਬਾਬੇ ਦੀ ਬੇਰ, ਚੁਮਾਲਾ ਸਾਹਿਬ 'ਤੇ ਪੰਥ ਦਾ ਕਬਜ਼ਾ ਹੋਣ ਅਤੇ ਗੁਰਦੁਆਰਾ ਰਕਾਬ ਗੰਜ ਦੀ ਢੱਠੀ ਦੀਵਾਰ ਮੁੜ ਉਸਰਨ ਨਾਲ ਸਿੱਖਾਂ ਦੇ ਹੌਂਸਲੇ ਬੜੇ ਬੁਲੰਦ ਹੋ ਗਏ।

ਖਾਲਸਾ ਕਾਲਜ ਅੰਮ੍ਰਿਤਸਰ ਦਾ ਕੰਟਰੋਲ :

ਇਨ੍ਹਾਂ ਦਿਨਾਂ ਵਿਚ ਹੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਇੰਤਜ਼ਾਮ ਦਾ ਮਸਲਾ ਵੀ ਫਿਰ ਨਵੇਂ ਸਿਰਿਓਂ ਭਖ ਪਿਆ। ਖਾਲਸਾ ਕਾਲਜ ਸਿੱਖ ਰਿਆਸਤਾਂ ਅਤੇ ਆਮ ਸੰਗਤਾਂ ਦੇ ਪੈਸੇ ਨਾਲ ੧੮੯੨ ਵਿਚ ਸ਼ੁਰੂ ਕੀਤਾ ਗਿਆ ਸੀ। ਹੌਲੀ-ਹੌਲੀ ਅੰਗਰੇਜ਼ੀ ਹਕੂਮਤ ਨੇ ਇਸ 'ਤੇ ਮੁਕੰਮਲ ਕਬਜ਼ਾ ਕਰ ਲਿਆ। ੧੯੦੭ ਵਿਚ ਜ਼ਮੀਨੀ ਬੰਦੋਬਸਤ ਦੇ ਕਾਨੂੰਨ ਦੇ ਖਿਲਾਫ਼ ਹੋਈ ਐਜੀਟੇਸ਼ਨ ਵੇਲੇ ਸਿੱਖ ਆਗੂਆਂ ਨੇ ਇਸ ਬਾਰੇ ਵੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ੧੯੦੯ ਵਿਚ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ "ਕੀ ਖਾਲਸਾ ਕਾਲਜ ਸਿੱਖਾਂ ਦਾ ਹੈ ?" ਪੈਂਫਲਟ ਲਿਖ ਕੇ ਸਿੱਖ ਆਗੂਆਂ ਨੂੰ ਚੌਕਸ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਮਸਲਾ ਵਧੇਰੇ ਹਿਮਾਇਤ ਹਾਸਿਲ ਨਾ ਕਰ ਸਕਿਆ। ਬਰਤਾਨਵੀ ਸਰਕਾਰ ਦੇ ਝੋਲੀ-ਚੁਕ ਹੋਣ ਕਰ ਕੇ ਚੀਫ਼ ਖਾਲਸਾ ਦੀਵਾਨ ਦੇ ਆਗੂ ਅਤੇ ਜਗੀਰਦਾਰ ਤੇ ਰਈਸ ਸਿੱਖ ਇਸ ਬਾਰੇ ਚੁੱਪ ਰਹੇ। ਜਦੋਂ ਮਈ ੧੯੨੦ ਵਿਚ ਅਕਾਲੀ ਅਖ਼ਬਾਰ ਛਪਣੀ ਸ਼ੁਰੂ ਹੋਈ ਤਾਂ ਇਸ ਅਖ਼ਬਾਰ ਦੇ ਮੋਢੀਆਂ (ਮਾ: ਸੁੰਦਰ ਸਿੰਘ, ਸ: ਹਰਚੰਦ ਸਿੰਘ ਲਾਇਲਪੁਰੀ ਵਗੈਰਾ) ਨੇ ਖਾਲਸਾ ਕਾਲਜ ਦੇ ਇੰਤਜ਼ਾਮ ਦੇ ਮਸਲੇ ਨੂੰ ਵੀ ਉਠਾਉਣਾ ਸ਼ੁਰੂ ਕਰ ਦਿੱਤਾ। ਜੁਲਾਈ ੧੯੨੦ ਵਿਚ ਖਾਲਸਾ ਕਾਲਜ ਦੇ ਲੈਕਚਰਾਰ ਭਾਈ ਜੋਧ ਸਿੰਘ ਨੂੰ ਖ਼ਿਲਾਫ਼ਤ ਲਹਿਰ ਦੇ ਹਿਮਾਇਤੀ ਹੋਣ ਕਰ ਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਇਸ ਦੇ ਜਵਾਬੇ-ਅਮਲ ਵਜੋਂ ਸਿੱਖ ਹਲਕਿਆਂ ਨੇ ਖਾਲਸਾ ਕਾਲਜ ਦੇ ਇੰਤਜ਼ਾਮ ਦਾ ਮਸਲਾ ਫੇਰ ਚੁੱਕ ਲਿਆ। ਅਗਸਤ ਦੇ ਦੂਜੇ ਹਫ਼ਤੇ ਰੋਜ਼ਾਨਾ ਅਕਾਲੀ ਅਖ਼ਬਾਰ ਵਿਚ ਖਾਲਸਾ ਕਾਲਜ ਦੇ ਸਬੰਧ ਵਿਚ ਥੋੜ੍ਹਾ-ਥੋੜ੍ਹਾ ਚਰਚਾ ਸ਼ੁਰੂ ਹੋ ਗਿਆ। ਉਧਰ ਪ੍ਰੋ: ਜੋਧ ਸਿੰਘ ਨਾਲ ਅੰਗਰੇਜ਼ ਅਫ਼ਸਰਾਂ ਨੇ ਦੋਬਾਰਾ ਸਬੰਧ ਬਣਾ ਲਏ ਪਰ ਉਸ ਨੂੰ ਨੌਕਰੀ 'ਤੇ ਵਾਪਿਸ ਨਾ ਲਿਆ। ਸਤੰਬਰ ੧੯੨੦ ਦੇ ਅਖ਼ੀਰ ਵਿਚ ਚੁਮਾਲਾ ਸਾਹਿਬ ਅਤੇ ਅਕਤੂਬਰ ਦੇ ਸ਼ੁਰੂ ਵਿਚ ਬਾਬੇ ਦੀ ਬੇਰ ਸਿਆਲਕੋਟ ਦੇ ਮਸਲੇ ਨੇ ਖਾਲਸਾ ਕਾਲਜ ਦੇ ਨੁਕਤੇ ਪਿੱਛੇ ਪਾ ਦਿੱਤਾ ਪਰ ੧੨ ਅਕਤੂਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਹੋਣ ਮਗਰੋਂ ਗੁਰਦੁਆਰਿਆਂ ਵਾਸਤੇ ਸਾਂਝੀ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਬਣਾਉਣ ਵਾਸਤੇ ਐਲਾਨ ਜਾਰੀ ਹੋਣ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਦਰਬਾਰ ਸਾਹਿਬ ਪੰਥਕ ਮਸਲਿਆਂ ਦੇ ਵਿਚਾਰਨ ਵਾਸਤੇ ਸਭ ਤੋਂ ਵੱਡੇ ਪਲੇਟ ਫਾਰਮ ਬਣ ਗਏ। ਹੁਣ ਖਾਲਸਾ ਕਾਲਜ ਦੇ ਇੰਤਜ਼ਾਮ ਨੂੰ ਪੰਥਕ ਹੱਥਾਂ ਵਿਚ ਲੈਣ ਵਾਸਤੇ ਵੀ ਮਹਿੰਮ ਨਵੇਂ ਸਿਰਿਓਂ ਸ਼ੁਰੂ ਹੋ ਗਈ।

੨੬ ਅਕਤੂਬਰ ੧੯੨੦ ਦੇ ਦਿਨ ਖਾਲਸਾ ਕਾਲਜ ਦੇ ੧੩ ਪ੍ਰੋਫ਼ੈਸਰਾਂ ਨੇ ਲਾਰਡ ਵਾਇਸਰਾਏ ਨੂੰ ਚਿੱਠੀ ਲਿਖ ਕੇ ਖਾਲਸਾ ਕਾਲਜ ਦਾ ਇੰਤਜ਼ਾਮ ਪੰਥਕ ਕਮੇਟੀ ਨੂੰ ਸੌਂਪਣ ਵਾਸਤੇ ਆਖਿਆ। ਇਹ ੧੩ ਪ੍ਰੋਫ਼ੈਸਰ ਸਨ : ਸ: ਸ਼ਿਵਚਰਨ ਸਿੰਘ, ਸ: ਚਰਨ ਸਿੰਘ, ਸ: ਤਾਰਾ ਸਿੰਘ, ਸ: ਹਰਬੰਸ ਸਿੰਘ, ਸ: ਤੇਜਾ ਸਿੰਘ, ਸ: ਜੋਗਿੰਦਰ ਸਿੰਘ, ਬਾਵਾ ਹਰਕਿਸ਼ਨ ਸਿੰਘ, ਸ: ਰਾਜਿੰਦਰ ਸਿੰਘ, ਸ: ਕਸ਼ਮੀਰਾ ਸਿੰਘ, ਸ: ਨਿਰਜੰਨ ਸਿੰਘ, ਸ: ਊਧਮ ਸਿੰਘ, ਸ੍ਰੀ ਬੀ. ਆਰ. ਚੈਟਰਜੀ ਤੇ ਸ੍ਰੀ ਕੁੰਦਨ ਲਾਲ। ਇਨ੍ਹਾਂ ਨੇ ਵਾਇਸਰਾਇ ਨੂੰ ਨੋਟਿਸ ਦਿੱਤਾ ਕਿ ਜੇ ਸਰਕਾਰ ਨੇ ੫ ਨਵੰਬਰ ਤਕ ਸਰਕਾਰ ਨੇ ਖਾਲਸਾ ਕਾਲਜ ਦੇ ਇੰਤਜ਼ਾਮ ਨੂੰ ਸਿੱਖਾਂ ਦੇ ਹਵਾਲੇ ਨਾ ਕੀਤਾ ਤਾਂ ਉਹ ਮੌਜੂਦਾ ਕਮੇਟੀ ਹੇਠਾਂ ਕੰਮ ਨਹੀਂ ਕਰਨਗੇ। ਇਨ੍ਹਾਂ ਪ੍ਰੋਫ਼ੈਸਰਾਂ ਨੇ ਤਜਵੀਜ਼ ਕੀਤੀ ਕਿ ਨਵੇਂ ਇੰਤਜ਼ਾਮ ਦਾ ਖਰੜਾ ਤਿਆਰ ਕਰਨ ਤੇ ਉਸ ਦੀ ਪੰਥ ਤੋਂ ਮਨਜ਼ੂਰੀ ਲੈਣ ਤੱਕ ਦੇ ਦੌਰਾਨ ਇਕ ਆਰਜ਼ੀ ਕਮੇਟੀ ਬਣਾ ਦਿੱਤੀ ਜਾਵੇ, ਜਿਸ ਵਿਚ ਸ: ਅਰਜਨ ਸਿੰਘ ਬਾਗੜੀਆਂ, ਸ: ਬਚਿੱਤਰ ਸਿੰਘ ਪਟਿਆਲਾ, ਸ: ਇੰਦਰ ਸਿੰਘ ਫਰੀਦਕੋਟ, ਸ: ਖੜਕ ਸਿੰਘ ਸਿਆਲਕੋਟ, ਸ: ਸ਼ਿਵਦੇਵ ਸਿੰਘ ਰਈਸ, ਸ: ਹਰਚੰਦ ਸਿੰਘ ਲਾਇਲਪੁਰੀ ਅਤੇ ਸ: ਤੇਜਾ ਸਿੰਘ ਮਸਤੂਆਣਾ ਮੈਂਬਰ ਹੋਣ। ਸਰਕਾਰ ਨੇ ਪ੍ਰੋਫ਼ੈਸਰਾਂ ਦੀ ਧਮਕੀ ਦੀ ਪ੍ਰਵਾਹ ਕਰਨ ਦੀ ਬਜਾਇ ਉਲਟਾ ਧਮਕੀ ਦਿੱਤੀ ਕਿ ਸਰਕਾਰ ਖਾਲਸਾ ਕਾਲਜ ਦੀ ਮਾਲੀ ਮਦਦ ਬੰਦ ਕਰ ਦੇਵੇਗੀ। ਇਸ ਦੇ ਜਵਾਬ ਵਿਚ ਸ: ਹਰਚੰਦ ਸਿੰਘ ਲਾਇਲਪੁਰੀ ਨੇ ਐਲਾਨ ਕੀਤਾ ਕਿ "ਜੇ ਸਰਕਾਰ ਖਾਲਸਾ

ਕਾਲਜ ਦੀ ਮਦਦ ਬੰਦ ਕਰ ਦੇਵੇ ਤਾਂ ਮੈ ਆਪਣੇ ਕੋਲੋ ਸਾਰੀ ਮਦਦ ਦੇਵਾਂਗਾ।" ੩੧ ਅਕਤੂਬਰ ੧੯੨੦ ਦੇ ਦਿਨ ਸ: ਹਰਚੰਦ ਸਿੰਘ ਤੇ ਮਾਸਟਰ ਸੁੰਦਰ ਸਿੰਘ ਦੋਵੇਂ ਖਾਲਸਾ ਕਾਲਜ ਪਹੁੰਚ ਗਏ। ਇਸ ਦਿਨ ਤੋਂ ਹੀ ਖਾਲਸਾ ਕਾਲਜ ਬਾਰੇ ਐਜੀਟੇਸ਼ਨ ਬੜੀ ਤੇਜ਼ੀ ਨਾਲ ਸ਼ੁਰੂ ਹੋ ਗਈ ਜੋ ਪੜਾਅ-ਵਾਰ ਕਾਮਯਾਬ ਹੋਈ।

ਗੁਰਦੁਆਰਾ ਪੰਜਾ ਸਾਹਿਬ 'ਤੇ ਕਬਜ਼ਾ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਹੋਣ ਤਕ ਸਿੱਖਾਂ ਨੇ ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕਬਜ਼ਾ ਕਰ ਲਿਆ ਸੀ। ੧੫-੧੬ ਨਵੰਬਰ ੧੯੨੦ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ। ਇੱਥੇ ਖ਼ਬਰ ਪੁੱਜੀ ਕਿ ਗੁਰਦੁਆਰਾ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿਹੁੰ ਮਰ ਗਿਆ ਹੈ। ਇਸ 'ਤੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ੧੮ ਨਵੰਬਰ ਦੇ ਦਿਨ ਕੁਝ ਸਿੰਘਾਂ ਨੂੰ ਨਾਲ ਲਿਆ ਅਤੇ ਹਸਨ ਅਬਦਾਲ ਵੱਲ ਚਾਲੇ ਪਾ ਦਿੱਤੇ। ਜਦੋਂ ਇਸ ਦੀ ਖ਼ਬਰ ਪੰਜਾਬ ਦੇ ਕੁਝ ਕਾਂਗਰਸੀਆਂ ਨੂੰ ਮਿਲੀ ਤਾਂ ਉਹ ਸਰਦੂਲ ਸਿੰਘ ਕਵੀਸ਼ਰ ਦੀ ਕੋਠੀ 'ਤੇ ਇਕੱਠੇ ਹੋਏ। ਉਨ੍ਹਾਂ ਆਪਸ ਵਿਚ ਮਸ਼ਵਰਾ ਕਰ ਕੇ ਅਮਰ ਸਿੰਘ ਝਬਾਲ ਦੀ ਡਿਊਟੀ ਲਾਈ ਕਿ ਉਹ ਜਥੇ ਨੂੰ ਪੰਜਾ ਸਾਹਿਬ ਜਾ ਕੇ ਕਬਜ਼ਾ ਕਰਨ ਤੋਂ ਰੋਕਣ। ਉਸ ਵੇਲੇ ਜਥਾ ਲਾਹੌਰ ਪਹੁੰਚ ਚੁੱਕਾ ਸੀ। ਸ: ਅਮਰ ਸਿੰਘ ਝਬਾਲ ਜਥੇ ਨੂੰ ਰੋਕਣ ਵਾਸਤੇ ਸ਼ਹੀਦ ਗੰਜ ਲਾਹੌਰ ਪੁੱਜੇ। ਉਨ੍ਹਾਂ ਜ: ਝੱਬਰ ਨੂੰ ਆਖਿਆ ਕਿ "ਤੁਸੀਂ ਜਥਾ ਲੈ ਕੇ ਨਾ ਜਾਓ। ਗਾਂਧੀ ਜੀ ਆਖਦੇ ਹਨ ਕਿ ੩੧ ਦਸੰਬਰ ਨੂੰ ਸਵਰਾਜ ਹੋ ਜਾਣਾ ਹੈ। ਗੁਰਦੁਆਰਿਆਂ 'ਤੇ ਕਬਜ਼ੇ ਕਰਨਾ ਕੋਈ ਕੰਮ ਨਹੀਂ। ਅਸੀਂ ਸਾਰੇ ਕਾਂਗਰਸ ਦਾ ਕੰਮ ਕਰੀਏ।" ਇਸ 'ਤੇ ਜਥੇਦਾਰ ਝੱਬਰ ਨੇ ਜਵਾਬ ਦਿੱਤਾ, "ਮੈਨੂੰ ਗਾਂਧੀ ਦੇ ਪ੍ਰੋਗਰਾਮ ਤੇ ਫ਼ਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਟੁਰ ਜਾਣਗੇ। ਪਰ, ਜੇ ਇਹ ਗੱਲ ਮੰਨ ਵੀ ਲਈ ਜਾਵੇ ਅਤੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਹੋਰ ਖ਼ਤਰੇ ਵਿਚ ਹੋ ਜਾਣਗੇ। ਅਜ਼ਾਦ ਹਿੰਦੁਸਤਾਨ ਵਿਚ ਹਿੰਦੂ ਹਕੂਮਤ ਹੋਵੇਗੀ। ਇਸ ਵੇਲੇ ਹਕੂਮਤ ਅੰਗਰੇਜ਼ ਦੀ ਹੈ। ਅਸੀਂ ਗੁਰਦੁਆਰਿਆਂ 'ਤੇ ਕਬਜ਼ੇ ਕਰਦੇ ਹਾਂ। ਹਕੂਮਤ ਚੁੱਪ ਹੈ ਕਿਉਂ ਕਿ ਅੰਗਰੇਜ਼ ਦੀ ਸਾਡੇ ਨਾਲ ਕੋਈ ਮਜ਼ਹਬੀ ਮੁਖ਼ਾਲਫ਼ਤ ਨਹੀਂ। ਜੇ ਕਰ ਗਾਂਧੀ ਦੇ ਕਹੇ ਮੁਤਾਬਿਕ ਸੱਚਮੁਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ਹਿੰਦੂ ਸਾਡੇ ਨਾਲ ਮਜ਼ਹਬੀ ਇਖ਼ਤਲਾਫ਼ ਰੱਖਦਾ ਹੈ।"

੧੮ ਨਵੰਬਰ ਦੇ ਦਿਨ ਜ: ਝੱਬਰ ਦਾ "ਗੁਰਦੁਆਰਾ ਸੇਵਕ ਜੱਥਾ" ਪੰਜਾ ਸਾਹਿਬ ਪਹੁੰਚ ਗਿਆ। ਜਦੋਂ ਜਥਾ ਗੁਰਦੁਆਰੇ ਪੁੱਜਾ ਤਾਂ ਉੱਥੇ ਪੁਲੀਸ ਨਾਲ ਕੁਝ ਪਲ ਤਕਰਾਰ ਹੋਇਆ। ਉਧਰ ਮਹੰਤ ਮਿੱਠਾ ਸਿਹੁੰ ਦੇ ਭਰਾ ਸੰਤ ਸਿਹੁੰ ਨੇ ੬੦ ਕੁ ਬਦਮਾਸ਼ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਹਮਲੇ ਵਾਸਤੇ ਤਿਆਰ ਕੀਤਾ। ਜਦੋਂ ਉਹ ਤਿਆਰੀ ਕਰ ਕੇ ਗੁਰਦੁਆਰੇ ਪਹੁੰਚੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਸੰਤ ਸਿਹੁੰ ਨੇ ਪੁਲੀਸ ਨੂੰ ਵਿਚ ਪਾ ਕੇ ਗੱਲਬਾਤ ਸ਼ੁਰੂ ਕੀਤੀ। ਇਸ ਦੌਰਾਨ ਗੁਜਰਖਾਨ ਤੋਂ ਵੀ ਕਾਫ਼ੀ ਸਿੰਘ ਹਸਨ ਅਬਦਾਲ ਪਹੁੰਚ ਗਏ। ਸਿੰਘਾਂ ਨੇ ਰਲ ਮਿਲ ਕੇ ਗੁਰਦੁਆਰੇ ਦੀ ਸੇਵਾ ਸੰਭਾਲ ਲਈ। ਜਦੋਂ ਸਿੰਘਾਂ ਨੇ ਲੰਗਰ ਵਾਲਾ ਕਮਰਾ ਵੀ ਖੋਲ੍ਹਿਆ ਤਾਂ ਉਸ ਵਿੱਚੋਂ ਤਾਸ਼ਾਂ, ਕੁੱਕੜਾਂ ਦੇ ਖੰਭ, ਸਿਗਰਟਾਂ ਦੀਆਂ ਡੱਬੀਆਂ ਅਤੇ ਪੀਤੀਆਂ ਸਿਗਰਟਾਂ ਦੇ ਟੋਟੇ ਮਿਲੇ। ਦੋ ਥਾਂਈਂ ਉਲਟੀ ਕੀਤੀ ਹੋਈ ਸੀ ਤੇ ਉਸ 'ਤੇ ਸੁਆਹ ਪਾਈ ਹੋਈ ਸੀ।

ਸ਼ਾਮ ਵੇਲੇ ਸੰਤ ਸਿਹੁੰ ਨੇ ਕੁਝ ਹਿੰਦੂ ਤੇ ਮੁਸਲਮਾਨ ਇਕੱਠੇ ਕਰ ਲਏ ਪਰ ਮਹੰਤ ਨੇ ਉਨ੍ਹਾਂ ਨੂੰ ਸਮਝਾਇਆ ਕਿ ਤੁਸੀਂ ਧਾਰਮਿਕ ਕੰਮ 'ਚ ਦਖ਼ਲ ਨਾ ਦਿਓ। ਇਸ 'ਤੇ ਉਹ ਚਲੇ ਗਏ। ਅਗਲੇ ਦਿਨ ੧੯ ਨਵੰਬਰ ਸਵੇਰ ਵੇਲੇ ਸਿੰਘਾਂ ਨੂੰ ਕੀਰਤਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਸਿੰਘ ਨਾ ਰੁਕੇ। ਇਸ ਮਗਰੋਂ ਪ੍ਰਸ਼ਾਦ ਬਣ ਕੇ ਆ ਗਿਆ ਜੋ ਇਕ ਹੁੱਕਾ ਪੀਣ ਵਾਲੇ ਨੇ ਬਣਾਇਆ ਸੀ। ਸਿੰਘਾਂ ਨੇ ਉਸ ਨੂੰ ਕਬੂਲਣ ਤੋਂ ਨਾਂਹ ਕਰ ਦਿੱਤੀ। ਸੰਤ ਸਿਹੁੰ ਨੇ ਜਥੇ ਦੇ ਸਿੰਘਾਂ ਨੂੰ ਹਿੰਦੂ-ਮੁਖ਼ਾਲਿਫ਼ ਆਖ ਕੇ ਮੁਕਾਮੀ ਹਿੰਦੂਆਂ ਨੂੰ ਸਿੱਖਾਂ ਦੇ ਗਲ ਪੁਆਉਣ ਦੀ ਕੋਸ਼ਿਸ਼ ਕੀਤੀ ਪਰ ਜ: ਝੱਬਰ ਨੇ ਉਨ੍ਹਾਂ ਨੂੰ ਸਮਝਾ ਕੇ ਚੁੱਪ ਕਰਵਾ ਦਿੱਤਾ। ਸੰਤ ਸਿਹੁੰ ਦੁਪਹਿਰ ਵੇਲੇ ਫੇਰ ਕੈਂਬਲਪੁਰ ਦੀ ਪੁਲੀਸ ਲੈ ਆਇਆ। ਉਨ੍ਹਾਂ ਨੇ ਡਰਾ ਧਮਕਾ ਕੇ ਸਿੰਘਾਂ ਨੂੰ ਉੱਥੋਂ ਕੱਢਣ ਦੀ ਕੋਸ਼ਿਸ਼ ਕੀਤੀ ਪਰ ਸਿੰਘ ਡਟੇ ਰਹੇ। ਹਿੰਦੂ ਪੁਲਸੀਏ ਗੁਰਦੁਆਰੇ ਦੀ ਹਦੂਦ ਵਿਚ ਹੁੱਕਾ ਪੀਂਦੇ ਰਹੇ। ਇਹ ਵੇਖ ਕੇ ਸਿੰਘ ਰੋਹ ਵਿਚ ਆਏ ਪਰ

ਜ: ਝੱਬਰ ਨੇ ਉਨ੍ਹਾਂ ਨੂੰ ਪੁਰ-ਅਮਨ ਰਹਿਣ ਵਾਸਤੇ ਆਖਿਆ।

ਜਦੋਂ ਸੰਤ ਸਿਹੁੰ ਦੇ ਸਾਰੇ ਹਰਬੇ ਫੇਲ੍ਹ ਹੋ ਗਏ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ ਅਤੇ ਸਮਝੌਤਾ ਕਰਨਾ ਚਾਹਿਆ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਸ ਨਾਲ ਵਿਚਾਰਾਂ ਹੋਈਆਂ। ਉਹ ਇਕ ਕਮੇਟੀ ਦੇ ਇੰਤਜ਼ਾਮ ਹੇਠਾਂ ਗੁਰਦੁਆਰੇ 'ਚ 'ਮਹੰਤੀ' ਦੀ ਸੇਵਾ ਕਰਨੀ ਮੰਨ ਗਿਆ। ਗੁਰਦੁਆਰੇ ਦੀ ਕਮੇਟੀ ਚੁਣੀ ਗਈ। ਇਸ ਵਿਚ ਸ: ਰਾਮ ਸਿੰਘ ਸਾਹਨੀ ਪ੍ਰਧਾਨ ਚੁਣੇ ਗਏ। ਬਾਕੀ ਮੈਂਬਰ ਸਨ : ਗਿਆਨੀ ਸ਼ੇਰ ਸਿੰਘ, ਸ: ਤੇਜਾ ਸਿੰਘ ਵਕੀਲ, ਸ: ਮਲਕ ਦੇਵ ਸਿੰਘ, ਸ: ਜਸਵੰਤ ਸਿੰਘ ਬੀ. ਏ.। ਮਗਰੋਂ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਸ: ਸੁੰਦਰ ਸਿੰਘ ਨੀਲਾ (ਜਿਹਲਮ) ਨੂੰ ਵੀ ਮੈਂਬਰ ਪਾ ਲਿਆ ਗਿਆ। ਸ਼ਾਮ ਵੇਲੇ ਜਦੋਂ ਸੰਤ ਸਿਹੁੰ ਨੂੰ ਸਮਝੌਤੇ 'ਤੇ ਦਸਤਖ਼ਤ ਕਰਨ ਵਾਸਤੇ ਆਖਿਆ ਗਿਆ ਤਾਂ ਉਹ ਮੁੱਕਰ ਗਿਆ। ਉਸ ਨੇ ਆਪਣੇ ਹਮਾਇਤੀ ਇਕੱਠੇ ਕਰ ਲਏ। ਇਨ੍ਹਾਂ ਵਿਚ ਕੁਝ ਮੁਸਲਮਾਨ ਵੀ ਸਨ। ਮੁਸਲਮਾਨਾਂ ਨੂੰ ਕਾਜ਼ੀ ਮੁਜ਼ੱਫਰ ਦੀਨ ਅਤੇ ਮਿਰਜ਼ਾ ਕੁਤਬਦੀਨ ਵਕੀਲ ਨੇ ਸਮਝਾਇਆ ਤੇ ਉਹ ਚਲੇ ਗਏ। ਇਸ ਪਿੱਛੋਂ ਮਹੰਤ ਮਿੱਠਾ ਸਿਹੁੰ ਦੀ ਵਿਧਵਾ, ਕੁਝ ਜ਼ਨਾਨੀਆਂ ਨੂੰ ਲੈ ਆਈ। ਜ਼ਨਾਨੀਆਂ ਦੇ ਧੱਕੇ ਦੇ ਬਾਵਜੂਦ ਸਿੰਘ ਪੁਰ-ਅਮਨ ਰਹੇ। ਅਗਲੇ ਦਿਨ ਸੰਤ ਸਿਹੁੰ ਨੇ ਹਿੰਦੂਆਂ ਨੂੰ ਭੜਕਾਇਆ। ਏਨੇ ਵਿਚ ਕੈਂਬਲਪੁਰ ਦਾ ਡਿਪਟੀ ਕਮਿਸ਼ਨਰ ਆ ਗਿਆ। ਉਸ ਨੇ ਹਿੰਦੂਆਂ ਦੇ ਹਜ਼ੂਮ ਨੂੰ ਸਮਝਾਇਆ। ਜਦੋਂ ਹਿੰਦੂ ਫੇਰ ਵੀ ਨਾ ਹਟੇ ਤਾਂ ਜ: ਝੱਬਰ ਨੇ ਡੀ. ਸੀ. ਨੂੰ ਆਖਿਆ ਕਿ ਇਹ ਹਿੰਦੂ ਕਿਸੇ ਦੇ ਆਖੇ ਤੇ ਰੌਲਾ ਪਾਉਣ ਵਾਲੇ ਹਨ। ਡੀ. ਸੀ. ਨੂੰ ਇਸ ਦਾ ਸਬੂਤ ਦਿਖਾਉਣ ਵਾਸਤੇ ਸਿਰਫ਼ ਦੋ ਸਿੰਘ ਅੱਗੇ ਕੀਤੇ। ਉਨ੍ਹਾਂ ਨੇ ਹਿੰਦੂਆਂ ਦੀ ਇਕ ਟੋਲੀ ਨੂੰ ਲਲਕਾਰਿਆ ਸਿਰਫ਼ ਲਲਕਾਰਾ ਸੁਣ ਕੇ ਹੀ ਅੱਧੇ ਤੋਂ ਵੱਧ ਹਿੰਦੂ, ਜੋ ਭਾੜੇ ਦੇ ਟੱਟੂ ਸਨ, ਪਲਾਂ ਵਿਚ ਹੀ ਹਰਨ ਹੋ ਗਏ। ਇਹ ਵੇਖ ਕੇ ਡਿਪਟੀ ਕਮਿਸ਼ਨਰ ਨੇ ਸੰਤ ਸਿਹੁੰ ਨੂੰ ਗੁਰਦੁਆਰੇ 'ਚੋਂ ਬਾਹਰ ਕੱਢ ਦਿੱਤਾ, ਉਸ ਦੇ ਦਾਖਲੇ 'ਤੇ ਪੱਕੀ ਪਾਬੰਦੀ ਲਾ ਦਿੱਤੀ ਤੇ ਉਸ ਨੂੰ ਕਾਨੂੰਨੀ ਚਾਰਾਜੋਈ ਵਾਸਤੇ ਆਖਿਆ। (ਮਗਰੋਂ ਸੰਤ ਸਿਹੁੰ ਨੇ ੬ ਦਸੰਬਰ ਨੂੰ ਮੁਕੱਦਮਾ ਕੀਤਾ, ਜੋ ੨੦ ਦਸੰਬਰ ਨੂੰ ਖਾਰਿਜ ਹੋ ਗਿਆ)।

੨੬ ਨਵੰਬਰ ੧੯੨੦ ਦੇ ਦਿਨ ਗੁਰਦੁਆਰੇ ਵਿਚ ਭਾਰੀ ਦੀਵਾਨ ਸਜਿਆ। ਦੀਵਾਨ ਵਿਚ ਜ: ਕਰਤਾਰ ਸਿੰਘ ਝੱਬਰ ਨੇ 'ਅਕਾਲੀ ਫੌਜ' ਦੀ ਭਰਤੀ ਵਾਸਤੇ ਅਪੀਲ ਕੀਤੀ। ਇਸੇ ਮੌਕੇ 'ਤੇ ੫੦ ਸਿੰਘ ਨਿਤਰੇ (ਮਗਰੋਂ ਇਸੇ ਨੇ ਅਕਾਲੀ ਦਲ ਜਥੇਬੰਦੀ ਨੂੰ ਜਨਮ ਦਿੱਤਾ)। ਗਿਆਨੀ ਸ਼ੇਰ ਸਿੰਘ ਨੇ 'ਅਕਾਲੀ ਫ਼ੌਜ' ਫੰਡ ਵਾਸਤੇ ਅਪੀਲ ਕੀਤੀ। ਉਸੇ ਵੇਲੇ ੧੦੦੦ ਰੁਪੈ ਨਕਦ ਤੇ ੪੦੦੦ ਰੁਪੈ ਇਕਰਾਰੀ ਹੋ ਗਏ। ਇਸ ਤੋਂ ਮਗਰੋਂ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਕਮੇਟੀ ਚੁਣੀ ਗਈ। ਇਸ ਵਿਚ (ਪਿਸ਼ਾਵਰ ਤੋਂ) ਮਲਿਕ ਦੇਵਾ ਸਿੰਘ, ਭਾਈ ਗੁਲਾਬ ਸਿੰਘ, ਸ: ਦੂਲਾ ਸਿੰਘ ਐਬਟਾਬਾਦੀ, (ਰਾਵਲਪਿੰਡੀ ਤੋਂ) ਸ: ਰਾਜਾ ਸਿੰਘ, ਸ: ਬਾਘ ਸਿੰਘ ਗਿਆਨੀ, ਸ: ਅਤਰ ਸਿੰਘ, (ਕੈਂਬਲਪੁਰ ਤੋਂ) ਸ: ਅਮਰ ਸਿੰਘ ਲਾਇਲ ਗਜ਼ਟ, ਸ: ਮੇਹਰ ਸਿੰਘ ਗ੍ਰੰਥੀ ਸਿੰਘ ਸਭਾ, (ਹਜ਼ਾਰਾ ਤੋਂ) ਸ: ਰਾਮ ਸਿੰਘ ਠੇਕੇਦਾਰ, ਸ: ਜਵੰਦ ਸਿੰਘ, ਗਿਆਨੀ ਸ਼ੇਰ ਸਿੰਘ, ਸ: ਗੁਪਾਲ ਸਿੰਘ ਸਾਗਰੀ, ਸ: ਕਰਤਾਰ ਸਿੰਘ ਕੱਲਰ, (ਜਿਹਲਮ ਤੋਂ) ਸ: ਜੀਵਨ ਸਿੰਘ ਸ: ਸੁੰਦਰ ਸਿੰਘ ਨੀਲਾ, ਜ: ਕਰਤਾਰ ਸਿੰਘ ਝੱਬਰ ਚੁਣੇ ਗਏ। ਇਨ੍ਹਾਂ ਤੋਂ ਇਲਾਵਾ ਮਾਸਟਰ ਤਾਰਾ ਸਿੰਘ, ਸ: ਜਗਤ ਸਿੰਘ ਪ੍ਰਦੇਸੀ ਤੇ ਸ: ਈਸ਼ਰ ਸਿੰਘ ਪੰਜਾ ਸਾਹਿਬ ਵੀ ਨਾਮਜ਼ਦ ਕੀਤੇ ਗਏ।

ਅਕਾਲੀ ਦਲ ਦਾ ਜਨਮ

ਪੰਜਾ ਸਾਹਿਬ ਗੁਰਦੁਆਰੇ 'ਤੇ ਕਬਜ਼ਾ ਕਰਨ ਵੇਲੇ ਜ: ਕਰਤਾਰ ਸਿੰਘ ਝੱਬਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਤੋਂ ਮਗਰੋਂ ਇਸ ਨੂੰ ਕਾਇਮ ਰੱਖਣ ਵਾਸਤੇ ਇਕ ਪੱਕੇ ਜਥੇ ਦੀ ਜ਼ਰੂਰਤ ਹੈ। ਜਦੋਂ ਵੀ ਲੋੜ ਮਹਿਸੂਸ ਹੋਵੇ, ਇਸ ਜਥੇ ਨੂੰ ਬੁਲਾ ਲਿਆ ਜਾਵੇ। ਕਿਉਂਕਿ ਪੰਜਾ ਸਾਹਿਬ 'ਚ ਮਹੰਤ ਦੀ ਵਿਧਵਾ ਨੇ ਔਰਤਾਂ ਤੋਂ ਵੀ ਹਮਲਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਇਸ ਕਰ ਕੇ ਇਸ 'ਅਕਾਲੀ ਫੌਜ' ਵਿਚ ਕੁਝ ਬੀਬੀਆਂ ਵੀ ਸ਼ਾਮਿਲ ਕੀਤੀਆਂ ਜਾਣ। "ਪੰਚ" ਅਖ਼ਬਾਰ ਮੁਤਾਬਿਕ ਮਾਸਟਰ ਮੋਤਾ ਸਿੰਘ ਨੇ ਸੁਝਾਅ ਦਿੱਤਾ ਕਿ ਅਖ਼ਬਾਰ 'ਚ ਅਪੀਲ ਛਾਪ ਕੇ ਇਕ "ਗੁਰਦੁਆਰਾ ਸੇਵਕ ਦਲ" ਕਾਇਮ ਕੀਤਾ ਜਾਏ। ਇਹ ਅਪੀਲ ਇੰਞ ਸੀ :

ਗੁਰਦੁਆਰਾ ਸੇਵਕ ਦਲ

ਪੰਜ ਸੌ ਸਿੰਘਾਂ ਦੀ ਲੋੜ

"੧੭੫ ਮੈਂਬਰ ਬਣਨ ਤੋਂ ਬਾਅਦ ਮਾਸਟਰ ਮੋਤਾ ਸਿੰਘ ਨੇ ਇਹ ਤਜਵੀਜ਼ ਕੀਤੀ ਹੈ ਕਿ ਕਮੇਟੀ ਦੇ ਨਾਲ ਇਕ ਗੁਰਦੁਆਰਾ ਸੇਵਕ ਦਲ ਬਣਾਇਆ ਜਾਏ, ਜਿਹੜਾ ਮਹੰਤਾਂ ਤੋਂ ਇੰਤਜ਼ਾਮ ਲਵੇ। ਇਹ ਕੁਲ ੫੦੦ ਸਿੰਘ ਹੋਣ। ਇਨ੍ਹਾਂ ਵਿੱਚੋਂ ੧੦੦ ਤਿਆਰ ਬਰ ਤਿਆਰ ਤਨਖ਼ਾਹਦਾਰ ਹੋਣ ਅਤੇ ੪੦੦ ਰੀਜ਼ਰਵ ਹੋਣ, ਬਗ਼ੈਰ ਤਨਖ਼ਾਹ ਤੋਂ। ਜਿੱਥੇ ਹਾਲਤ ਵਿਗੜਦੀ ਹੋਈ ਦਿਸਦੀ ਹੋਵੇ, ਉਸ ਗੁਰਦੁਆਰੇ ਲਈ ਅਕਾਲ ਤਖ਼ਤ ਸਾਹਿਬ 'ਤੇ ਸੱਦ ਕੇ ਜਥਾ ਟੋਰ ਦਿੱਤਾ ਜਾਵੇ। ਇਹ ਡਿਊਟੀ ਇਕ ਕਮੇਟੀ ਲਵੇ, ਜੋ ੧੭੫ ਵਿੱਚੋਂ ੨੫ ਮੈਂਬਰ ਚੁਣ ਕੇ ਬਣੇ। ਇਸ ਦਲ ਦੇ ਐਕਸ਼ਨ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ।" ੨੬ ਨਵੰਬਰ ਦੇ ਦਿਨ ਪੰਜਾ ਸਾਹਿਬ ਦੇ ਇਕੱਠ ਵਿਚ ਇਸ ਦਾ ਮੁੱਢ ਵੀ ਬੰਨ੍ਹਿਆ ਗਿਆ ਸੀ। ਉਸੇ ਵੇਲੇ ਹੀ ੫੦ ਸਿੰਘਾਂ ਨੇ ਆਪਣੇ ਆਪ ਨੂੰ ਪੇਸ਼ ਵੀ ਕੀਤਾ ਸੀ।

ਇਸ "ਗੁਰਦੁਆਰਾ ਸੇਵਕ ਦਲ" ਜਾਂ "ਅਕਾਲੀ ਦਲ" ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਇਕ ਇਕੱਠ ੧੪ ਦਸੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਿਆ ਗਿਆ। ਇਸ ਇਕੱਠ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ : "ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝੱਟ ਪਟ ਕੀਤਾ ਜਾਵੇ ਅਤੇ ਇਸ ਲਈ ਹਰ ਇਕ ਦੀ ਕੁਰਬਾਨੀ ਦੀ ਲੋੜ ਹੈ। ਸੋ ਇਸ ਤਰ੍ਹਾਂ ਕੀਤਾ ਜਾਵੇ ਕਿ ਅਕਾਲੀ ਦਲ ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘੱਟੋ-ਘੱਟ ਇਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਿਥੇ ਹਰ ਵੇਲੇ ੧੦੦ ਸਿੰਘ ਹਾਜ਼ਰ ਰਹੇ ਅਤੇ ਜਿੱਥੇ ਜਿਤਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਸ ਦੀਆਂ ਸ਼ਾਖਾ ਬਣਾਈਆਂ ਜਾਣ।" ਇਸ 'ਤੇ ਇਕੱਠ ਨੇ ਇਕ ਰਾਇ ਨਾਲ ਮਤਾ ਪਾਸ ਕੀਤਾ ਕਿ ੨੩ ਜਨਵਰੀ ਨੂੰ ਸੰਗਤਾਂ ਤਖ਼ਤ ਅਕਾਲ ਬੁੰਗੇ ਹੁੰਮ-ਹੁੰਮਾ ਕੇ ਆਉਣ ਤੇ ਜੱਥਾ ਕਾਇਮ ਕੀਤਾ ਜਾਵੇ।

ਇਸੇ ਖ਼ਬਰ ਹੇਠਾਂ ਜ਼ਰੂਰੀ ਅਪੀਲ 'ਚ ਕਿਹਾ ਗਿਆ ਸੀ ਕਿ "ਜਥੇ, ਸਭਾਵਾਂ ਤੇ ਦੀਵਾਨਾਂ ਦੇ ਸੇਵਕਾਂ ਅਤੇ ਜਥੇਦਾਰਾਂ ਅੱਗੇ ਜ਼ਰੂਰੀ ਅਰਜ਼ ਹੈ ਕਿ ਉਹ ਦਰਸ਼ਨ ਦੇਣ। ਇਕ ਦਿਨ ਪਹਿਲੋਂ ਆਵਣ ਤੇ ਹੁਣ ਤਨ-ਮਨ ਤੇ ਧਨ ਦੀ ਕੁਰਬਾਨੀ ਕਰ ਕੇ ਜਨਮ ਸਫ਼ਲ ਕਰਨ।" ਇਹ ਅਪੀਲ ਤੇਜਾ ਸਿੰਘ (ਭੁੱਚਰ) ਦੇ ਨਾਂ ਹੇਠ ਜਾਰੀ ਕੀਤੀ ਗਈ ਸੀ। (ਰੋਜ਼ਾਨਾ ਅਕਾਲੀ ੭ ਜਨਵਰੀ ੧੯੨੧)।

੧੪ ਦਸੰਬਰ ੧੯੨੦ ਦੇ ਇਕੱਠ ਤੋਂ ਪਹਿਲਾਂ ਅਤੇ ਮਗਰੋਂ ਵੀ ਕਈ ਅਕਾਲੀ ਜਥੇ ਕਾਇਮ ਹੋਏ। ਇਨ੍ਹਾਂ ਵਿੱਚੋਂ "ਅਕਾਲੀ ਜਥਾ ਖਰਾ ਸੌਦਾ "(ਜਥੇਦਾਰ ਕਰਤਾਰ ਸਿੰਘ ਝੱਬਰ)," ਗੜਗਜ ਅਕਾਲੀ ਜਥਾ ਤਰਨ ਤਾਰਨ (ਜਥੇਦਾਰ ਤੇਜਾ ਸਿੰਘ ਭੁੱਚਰ), ਸ਼ਹੀਦੀ ਦੀਵਾਨ ਬਾਰ ਧਾਰੋਵਾਲੀ (ਜਥੇਦਾਰ ਸੰਗਤ ਸਿੰਘ) ਮੁਖ ਜਥੇ ਸਨ। ਹੋਰ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਵੀ ਅਕਾਲੀ ਜਥੇ ਕਾਇਮ ਹੋਏ।

੧੬ ਪੋਹ (੩੦ ਦਸੰਬਰ) ਨੂੰ ਖਰਾ ਸੌਦਾ 'ਚ ਵੀ ਇਕ ਇਕੱਠ ਹੋਇਆ। ਇਸ ਵਿਚ ਜਃ ਝੱਬਰ ਨੇ ਮਤਾ ਪੇਸ਼ ਕੀਤਾ ਕਿ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਅਕਾਲੀ ਦਲ (ਜ਼ਿਲ੍ਹਾ ਸ਼ੇਖ਼ੂਪੁਰਾ) ਕਾਇਮ ਕੀਤਾ ਜਾਏ। ਸਃ ਲੱਖਾ ਸਿੰਘ ਨੇ ਇਸ ਦੀ ਤਾਈਦ ਕੀਤੀ। ਉਸੇ ਵੇਲੇ ੩੧ ਸੱਜਣ ਭਰਤੀ ਹੋ ਗਏ। ਇਸ ਦਲ ਦਾ ਜਥੇਦਾਰ, ਜਃ ਝੱਬਰ ਨੂੰ ਚੁਣਿਆ ਗਿਆ। ਮੀਤ ਜਥੇਦਾਰ ਸਃ ਲੱਖਾ ਸਿੰਘ, ਸੇਵਕ (ਸਕੱਤਰ) ਸਃ ਸੁੱਚਾ ਸਿੰਘ ਤੇ ਮੀਤ ਸੇਵਕ ਸਃ ਤੇਜਾ ਸਿੰਘ ਚੂਹੜਕਾਨਾ ਚੁਣੇ ਗਏ।

ਅਕਾਲੀ ਦਲ ਦੀ ਪਹਿਲੀ ਚੋਣ :

੧੪ ਦਸੰਬਰ ਦੇ ਇਕੱਠ ਵਿਚ "ਗੁਰਦੁਆਰਾ ਸੇਵਕ ਦਲ" ਦੀ ਕਾਇਮੀ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਸਬੰਧ ਵਿਚ *੨੩ ਜਨਵਰੀ ੧੯੨੧* ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਜਥੇਬੰਦੀ ਦਾ ਨਾਂ ਚੁਣਨ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਇਹ ਮੀਟਿੰਗ ਦੋ ਦਿਨ ਚੱਲੀ। ਇਸ ਮੀਟਿੰਗ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ "ਗੁਰਦੁਆਰਾ ਸੇਵਕ ਦਲ" ਰੱਖਿਆ ਜਾਵੇ ਪਰ ਅਖ਼ੀਰ ਇਸ ਦਾ ਨਾਂ "ਅਕਾਲੀ ਦਲ" ਹੀ ਸਭ ਨੇ ਮਨਜ਼ੂਰ ਕੀਤਾ। ਇਸ ਦਲ ਦੇ ਪਹਿਲੇ ਜਥੇਦਾਰ ਸਃ ਸਰਮੁਖ ਸਿੰਘ ਝਬਾਲ ਚੁਣੇ ਗਏ। (ਮਗਰੋਂ ੨੯ ਮਾਰਚ ੧੯੨੨ ਦੇ ਦਿਨ ਅਕਾਲੀ ਦਲ ਨੇ ਆਪਣੇ ਛੇਵੇਂ ਮਤੇ ਮੁਤਾਬਿਕ ਜਥੇਬੰਦੀ ਦਾ ਨਾਂ "ਸ਼੍ਰੋਮਣੀ ਅਕਾਲੀ ਦਲ" ਰੱਖ ਲਿਆ)। ਅਕਾਲੀ ਦਲ ਨੇ ਦੋ ਨੁਕਾਤੀ ਪ੍ਰੋਗਰਾਮ ਐਲਾਨਿਆ : ੧. ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰ ਕੇ ਪੰਥ ਦੀ ਸੇਵਾ ਕਰਨੀ। ੨. ਗੁਰਦੁਆਰਿਆਂ

ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ।

੨੫ ਜਨਵਰੀ ੧੯੨੧ ਦੇ ਦਿਨ ਤਰਨ ਤਾਰਨ ਅਤੇ ੨੦ ਫਰਵਰੀ ੧੯੨੧ ਦੇ ਦਿਨ ਨਾਨਕਾਣਾ ਸਾਹਿਬ ਦੀਆਂ ਸ਼ਹੀਦੀਆਂ ਮਗਰੋਂ ਅਕਾਲੀ ਦਲ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਿਆ। ਹਰ ਪਾਸੇ ਜਥੇ ਕਾਇਮ ਹੋਣ ਲੱਗ ਪਏ। ਇਨ੍ਹੀਂ ਦਿਨੀਂ ਹੀ ਇਕ ਕਾਨਫ਼ਰੰਸ ੪-੫ ਅਪ੍ਰੈਲ ੧੯੨੧ ਦੇ ਦਿਨ ਨਾਨਕਾਣਾ ਸਾਹਿਬ ਵਿਖੇ ਹੋਈ। ਇਸ ਕਾਨਫਰੰਸ ਵਿਚ ਸਿੱਖ ਪਹਿਲੀ ਵਾਰੀ ਕਾਲੇ ਦਸਤਾਰੇ ਸਜਾ ਕੇ ਪੁੱਜੇ। ਦੀਵਾਨ ਵਿਚ ਅਕਾਲੀ ਜਥੇ ਦੇ ਅਸੂਲ ਸੁਣਾ ਕੇ ਭਰਤੀ ਸ਼ੁਰੂ ਕੀਤੀ ਗਈ। ਬਾਬਾ ਖੜਕ ਸਿੰਘ ਨੇ ਸਭ ਤੋਂ ਪਹਿਲਾਂ ਆਪਣਾ ਨਾਂ ਲਿਖਵਾਇਆ। ੨੨ ਫਰਵਰੀ ੧੯੨੨ ਦੇ ਦਿਨ ਵੀ. ਡਬਲਯੂ ਸਮਿੱਥ ਬਰਤਾਨਵੀ ਸਰਕਾਰ ਦੇ ਪੰਜਾਬ ਦੇ ਕਰਿਮੀਨਲ ਇਨਵੈਸਟੀਗੇਜ਼ ਡਿਪਾਰਟਮੈਂਟ (ਸੀ. ਆਈ. ਡੀ.) ਦੇ ਐਸ. ਪੀ (ਸਿਆਸੀ) ਨੇ ਵਾਇਸਰਾਏ ਨੂੰ ਆਪਣੀ ਖੁਫ਼ੀਆ ਰਿਪੋਰਟ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਇਕ ਲੰਬੀ ਚੌੜੀ ਤਫ਼ਸੀਲ ਦਿੱਤੀ ਸੀ। ਇਸ ਵਿਚ ਕੁਝ ਅਹਿਮ ਨੁਕਤੇ ਹੇਠ ਲਿਖੇ ਸਨ :

ਸੀ. ਆਈ. ਡੀ. ਦੀ ੧੯੨੨ ਰਿਪੋਰਟ 'ਚੋਂ :

"੧੯੨੦ ਦੀਆਂ ਗਰਮੀਆਂ ਵਿਚ, ਵੱਡੀਆਂ ਕਿਰਪਾਨਾਂ ਚੁੱਕੀ, ਗਾੜ੍ਹੀਆਂ ਨੀਲੀਆਂ ਪੱਗਾਂ ਵਾਲੇ ਅਕਾਲੀ, ਪਹਿਲੀ ਵਾਰੀ ਜਨਤਾ ਵਿਚ ਆਏ। ਵੇਖਣ ਵਿਚ ਭਾਵੇਂ ਉਹ ਗਰਮ ਦਲੀਏ ਜਾਪਦੇ ਸਨ, ਪਰ ਉਹ ਨੁਕਸਾਨਹੀਨ ਸਨ। ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ ਵਧਣ ਲੱਗੀ। ਇਸ ਦੇ ਨਾਲ ਹੀ ਕਿਰਪਾਨਾਂ ਦਾ ਸਾਈਜ਼ ਵੀ ਵੱਧਣ ਲੱਗਾ। ਗੁਰਦੁਆਰਾ ਸੁਧਾਰ ਲਹਿਰ ਆਪਣੇ ਰੁਖ ਵਿਚ ੧੯੨੦ ਦੀਆਂ ਗਰਮੀਆਂ ਤੇ ਪੱਤਝੜ ਵਿਚ ਆਈ। ਪਹਿਲਾਂ ਝਗੜੇ ਵਾਲਾ ਥਾਂ ਲਾਹੌਰ ਸ਼ਹਿਰ ਵਿਚ ਚੁਮਾਲਾ ਸਾਹਿਬ ਗੁਰਦੁਆਰਾ ਤੇ ਸਿਆਲਕੋਟ ਵਿਚ ਬਾਬੇ ਦੀ ਬੇਰ ਸੀ। ਚੁਮਾਲਾ ਸਾਹਿਬ ਦੇ ਝਗੜੇ ਵਿਚ ਬੜੇ ਪ੍ਰਸਿੱਧ ਸਿੱਖਾਂ ਨੇ ਐਜੀਟੇਸ਼ਨ ਵਿਚ ਹਿੱਸਾ ਲਿਆ। ਉਹਨਾਂ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ, ਕਿਰਪਾਨਾਂ ਚੁੱਕੀਆਂ ਹੋਈਆਂ ਸਨ ਤੇ ਆਪਣੇ ਆਪ ਨੂੰ 'ਅਕਾਲੀ' ਕਹਿੰਦੇ ਸਨ। ਜਿਵੇਂ-ਜਿਵੇਂ ਗੁਰਦੁਆਰਾ ਲਹਿਰ ਦਾ ਮੂੰਹ ਮੱਥਾ ਬਣਦਾ ਗਿਆ, ਚੰਗੇ ਸੁਚੱਜੇ ਢੰਗ ਨਾਲ ਲੋਕਲ ਜਥੇਬੰਦ ਯੂਨਿਟਾਂ ਬਣਦੀਆਂ ਗਈਆਂ। ਅੰਮ੍ਰਿਤਸਰ ਅਕਾਲੀਆਂ ਦੀ ਭਰਤੀ ਵਾਲਾ ਪਹਿਲਾ ਜ਼ਿਲ੍ਹਾ ਸੀ। ਤਰਨ ਤਾਰਨ ਵਿਚ ਮੱਸਿਆ ਦੇ ਮੌਕੇ 'ਤੇ ਭਾਦੋਂ (ਜੁਲਾਈ-ਅਗਸਤ) ਵਿਚ ਇਕ ਸਿੱਖ ਲੀਗ ਦੇ ਦੀਵਾਨ ਵਿਚ ਸ: ਅਮਰ ਸਿੰਘ ਝਬਾਲ ਨੇ ਗੁਰਦੁਆਰਾ ਰਕਾਬ ਗੰਜ ਦੀਵਾਰ ਨੂੰ ਮੁੜ ਉਸਾਰਨ ਵਾਸਤੇ ਸੰਗਤਾਂ ਨੂੰ ਸ਼ਹੀਦੀ ਪ੍ਰਾਪਤ ਕਰਨ ਲਈ ਤਿਆਰ ਹੋਣ ਨੂੰ ਕਿਹਾ। ਕੋਈ ੭੦-੮੦ ਸਿੰਘਾਂ ਨੇ ਆਪਣੇ ਨਾਮ ਪੇਸ਼ ਕੀਤੇ। ਆਪਣੇ ਭਰਾ ਜਸਵੰਤ ਸਿੰਘ ਝਬਾਲ, ਤੇਜਾ ਸਿੰਘ ਭੁੱਚਰ ਤੇ ਹੋਰ ਕੁਝ ਘੱਟ ਮਸ਼ਹੂਰ ਸਿੱਖ ਆਗੂਆਂ ਦੀ ਮਦਦ ਨਾਲ ਉਸ ਨੇ ਅਕਾਲੀਆਂ ਦੀ ਭਰਤੀ ਦਾ ਲਗਾਤਾਰ ਕੰਮ ਸ਼ੁਰੂ ਕੀਤਾ ਤਾਂ ਜੋ ਨਾਨਕਾਣਾ ਸਾਹਿਬ ਦੇ ਗੁਰਦੁਆਰਿਆਂ 'ਤੇ ਕਬਜ਼ਾ ਕੀਤਾ ਜਾ ਸਕੇ। ਤਰਨ ਤਾਰਨ ਦੇ ਮਾਮਲੇ ਵਿਚ ਤੇਜਾ ਸਿੰਘ ਭੁੱਚਰ ਦੀ ਗ੍ਰਿਫ਼ਤਾਰੀ ਤੇ ਇਕ ਦਮ ਜਾਂਨਸ਼ੀਨ ਨੀਯਤ ਕਰ ਦਿੱਤਾ ਗਿਆ। ਹੁਣ ਸ਼੍ਰੋਮਣੀ ਕਮੇਟੀ ਤੋਂ ਵੀ ਮਦਦ ਆ ਗਈ, ਜਿਸ ਦੇ ਹੱਥ ਇਸ ਲਹਿਰ ਦੀ ਵਾਗਡੋਰ ਸੀ।

ਅਕਾਲੀ ਹਲਕਿਆਂ ਵਿਚ ਅਪਰੈਲ, ਮਈ ਤੇ ਜੂਨ ਦੀ ਇਸ ਛੋਟੀ ਹਿਲਜੁਲ ਤੋਂ ਪਿੱਛੋਂ ਕੁਝ ਦੇਰ ਮਗਰੋਂ ਨਵਾਂ ਜੋਸ਼ ਪੈਦਾ ਹੋਇਆ। ਸ਼੍ਰੋਮਣੀ ਕਮੇਟੀ ਨੇ ਨਿਸਚੇ ਹੀ ਨਾ-ਮਿਲਵਰਤਣ ਦੀ ਪਾਲਸੀ ਅਪਣਾ ਕੇ ਹਰ ਹੀਲੇ ਆਪਣਾ ਉਦੇਸ਼ ਪੂਰਾ ਕਰਨ ਦਾ ਫ਼ੈਸਲਾ ਕੀਤਾ। ਇਸ 'ਹਰ ਹੀਲੇ' ਵਿਚ ਹਿੰਸਾ ਸ਼ਾਮਿਲ ਨਹੀਂ ਸੀ। ਇਸ ਨੇ ਹਰ ਪਾਸੇ ਅਕਾਲੀਆਂ ਵਿਚ ਨਵਾਂ ਜੋਸ਼ ਭਰਨ ਦੀ ਲਹਿਰ ਚਲਾਈ ਅਤੇ ਜ਼ਿਲ੍ਹਾ ਵਾਰ ਕੋਟਾ ਨੀਯਤ ਕਰ ਕੇ ੫੦੦੦ ਦਾ ਉਨ੍ਹਾਂ ਸ਼ਹੀਦਾਂ ਦਾ ਜੱਥਾ ਤਿਆਰ ਕਰਨ ਦਾ ਫ਼ੈਸਲਾ ਕੀਤਾ, ਜਿਹੜੇ ਗੁਰਦੁਆਰਾ ਸੁਧਾਰ ਵਾਸਤੇ ਜ਼ਿੰਦਗੀ ਦੇਣ ਲਈ ਤਿਆਰ ਹੋਣ। ਇਸ ਅਪੀਲ 'ਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਨਾਮ ਦਿੱਤੇ, ਇਸ ਦੀ ਠੀਕ ਠੀਕ ਗਿਣਤੀ ਪਤਾ ਨਹੀਂ। ਸਰਕਾਰੀ ਰਿਪੋਰਟ ਅਨੁਸਾਰ ਇਹ ਗਿਣਤੀ ੫੦੦੦ ਤੋਂ ਘੱਟ ਸੀ ਪਰ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਇਹ ਮਿਲਵਰਤਣ ਅਪੀਲ ਦੀ ਗਿਣਤੀ ਤੋਂ ਕਿਤੇ ਵਧੇਰੇ ਸੀ। ਨਵੰਬਰ ਦੀ ਪੂਰਨਮਾਸ਼ੀ ਵਿਚ ਨਾਨਕਾਣਾ ਸਾਹਿਬ ਵਿਖੇ ਅਕਾਲੀਆਂ ਦਾ ਨਜ਼ਾਰਾ ਇਹ ਸਾਬਤ ਕਰਦਾ ਹੈ ਕਿ ਸਰਕਾਰੀ ਰਿਪੋਰਟ ਗ਼ਲਤ ਸੀ।

ਪਟਿਆਲਾ, ਕਪੂਰਥਲਾ, ਨਾਭਾ ਆਦਿਕ ਵਿਚ ਅਕਾਲੀਆਂ ਦੀ ਭਰਤੀ ਨੂੰ ਬੜੀ ਸਫਲਤਾ ਪ੍ਰਾਪਤ ਹੋਈ। ਇਹ

ਗ਼ਲਤ ਨਹੀਂ ਕਿ ਫੂਲਕੀਆਂ ਰਿਆਸਤਾਂ ਵਿਚ ੩੦੦੦ ਤੇ ੪੦੦੦ ਦੇ ਵਿਚਕਾਰ ਭਰਤੀ ਸੀ ਤੇ ਗਿਣਤੀ ਸ਼ਾਇਦ ਇਸ ਤੋਂ ਵੀ ਵਧੇਰੇ ਹੋਵੇ। ਹਰ ਅਕਾਲੀ ਕੋਲੋਂ ਹੇਠ ਲਿਖੀ ਸਹੁੰ ਚੁਕਵਾਈ ਜਾਂਦੀ ਸੀ :-

"ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਇਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ। ਇਸ ਸਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ ਕੁਬੋਲ ਨਹੀਂ ਕਰਾਂਗਾ ਤੇ ਨਾ ਹੀ ਹਿੰਸਾ ਕਰਾਂਗਾ।"

ਔਰਤਾਂ ਵੀ ਵੱਡੀ ਗਿਣਤੀ ਵਿਚ ਅਕਾਲਨਾਂ ਬਣ ਰਹੀਆਂ ਸਨ ਪਰ ਉਹਨਾਂ ਦਾ ਕਾਰਜ ਸਟੇਜ 'ਤੇ ਬੋਲਣ ਅਤੇ ਅਕਾਲੀ ਪ੍ਰਚਾਰ ਤਕ ਹੀ ਸੀਮਤ ਹੈ।

ਸ਼੍ਰੋਮਣੀ ਕਮੇਟੀ ਦੀ ਕੋਸ਼ਿਸ਼, ਕਿ ਅਕਾਲੀ ਦਲ ਇਕ ਡਿਸਿਪਲਿਨ ਵਾਲੀ ਤੇ ਜਥੇਬੰਦ ਸੰਸਥਾ ਬਣੇ, ਬਹੁਤ ਫ਼ਲ ਹੋਈ ਹੈ। ਜਿਸ ਫ਼ੁਰਤੀ ਨਾਲ ਚਾਬੀਆਂ ਦੇ ਮੋਰਚੇ ਵੇਲੇ 'ਗੁਰਦੁਆਰਾ ਤੇਜਾ' ਵਿਚ ਵੱਖ-ਵੱਖ ਥਾਵਾਂ ਦੇ ਜਥੇ ਇਕੱਠੇ ਹੋਏ ਤੇ ਅੰਮ੍ਰਿਤਸਰ ਵਿਚ ਆਏ, ਉਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਅਕਾਲੀਆਂ ਦਾ ਸੰਚਾਰ (ਡਾਕ ਆਦਿਕ) ਢੰਗ ਕਿੰਨਾ ਅਸਰ ਭਰਿਆ ਤੇ ਕਾਮਯਾਬ ਸੀ ਅਤੇ ਇਹ ਵੀ ਕਿ ਸਾਰੇ ਅਕਾਲੀ ਦਲ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੋਂ ਇਕ ਦੂਰ ਪਿੰਡ ਵਿਚ ਬੈਠੇ ਅਕਾਲੀ ਤੱਕ ਕਿੰਨੀ ਸੁਰਤਾ ਤੇ ਏਕਤਾ ਹੈ।

ਚੁਣੇ ਹੋਏ ੫੦੦੦ ਅਕਾਲੀਆਂ ਦਾ ਇਕ ਜਥਾ, ਜਿਸ ਵਿਚ ਵਧੇਰੇ ਸਾਬਕ ਫ਼ੌਜੀ ਸਨ, ਨੂੰ ਕਿਸੇ ਵੀ ਸੰਕਟ ਵੇਲੇ ਨਿਬੜਣ ਵਾਸਤੇ ਸੁਰੱਖਿਅਤ ਰੱਖਿਆ ਹੋਇਆ ਸੀ। ਇਹ ਫੋਰਸ ਕੈਪਟਨ ਰਾਮ ਸਿੰਘ ਦੇ ਪ੍ਰਬੰਧ ਹੇਠ ਸੀ। ਇਸ ਦੀ ਕੋਈ ਨੇਮ ਬੱਧ ਪਰੇਡ ਜਾਂ ਟਰੇਨਿੰਗ ਦਾ ਤਾਂ ਕੋਈ ਸਬੂਤ ਨਹੀਂ ਪਰ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਦੀ ਗ੍ਰਿਫ਼ਤਾਰੀ ਵੇਲੇ ਇਸ ਅਕਾਲੀ ਫੋਰਸ ਨੇ ਲਾਈਨਾਂ ਵਿਚ ਮਾਰਚ ਵੇਲੇ ਸੀਟੀਆਂ ਅਤੇ ਹੱਥ ਦੇ ਇਸ਼ਾਰਿਆਂ ਨਾਲ ਸਾਰੇ ਫ਼ੌਜੀ ਚਿੰਨ੍ਹ ਦਾ ਪ੍ਰਗਟਾਵਾ ਕੀਤਾ।

ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਹੀ ਜ਼ੋਰ ਦਿੱਤਾ ਹੈ ਕਿ ਅਕਾਲੀ ਲਹਿਰ ਧਾਰਮਿਕ ਤੇ ਗ਼ੈਰ-ਸਿਆਸੀ ਹੈ ਅਤੇ ਅਕਾਲੀ ਦਲ ਦਾ ਇਕੋ ਇਕ ਨਿਸ਼ਾਨਾ ਸਰਬ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਦਾ ਸੁਧਾਰ ਕਰਨਾ ਹੈ ਪਰ ਇਹ ਸਪੱਸ਼ਟ ਹੈ ਕਿ ਕਮੇਟੀ ਦਾ ਕੰਟਰੋਲ ਉਨ੍ਹਾਂ ਗਰਮ ਦਲੀਆਂ ਕੋਲ ਹੈ ਜਿਹੜੇ ਸੈਂਟਰਲ ਸਿੱਖ ਲੀਗ ਉਪਰ ਕਾਬਜ਼ ਹਨ। ਜਿਹੜੀ ਕਿ ਸਭ ਤੋਂ ਵੱਧ ਅਗਾਂਹਵਧੂ ਜਥੇਬੰਦੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਦੋਹਾਂ ਵਿੱਚੋਂ ਛੋਟੀ, ਸਿੱਖ ਲੀਗ ਉੱਤੇ, ਗੁਰਦੁਆਰਾ ਕਮੇਟੀ ਦੇ ਗਰਮ, ਖੱਬੇ-ਪੱਖੀ, ਅਕਾਲੀਆਂ ਦਾ ਕਬਜ਼ਾ ਹੈ ਅਤੇ ਮਾਡਰੇਟ ਅਕਾਲੀ, ਜੋ ਸਰਕਾਰ ਨਾਲ ਸਮਝੌਤੇ ਤੇ ਮਿਲਵਰਤਣ ਨਾਲ ਇਲਾਜ ਲੱਭਣਾ ਚਾਹੁੰਦੇ ਹਨ, ਉਹ ਇਤਨੇ ਤਾਕਤਵਰ ਨਹੀਂ ਕਿ ਉਹ ਗਰਮ-ਦਲੀਆਂ ਉਪਰ ਆਪਣਾ ਅਸਰ ਪਾ ਸਕਣ।

ਪਿਛਲੇ ਕੁਝ ਸਾਲਾਂ ਤੋਂ ਸਿੱਖ ਕੌਮ ਵਿਚ ਆਉਂਦੀ ਜਾਗਰਤੀ ਤੋਂ ਇਹ ਨਜ਼ਰ ਆਉਂਦਾ ਸੀ ਕਿ ਸਿੱਖ ਧਾਰਮਿਕ ਪੱਖ ਤੋਂ ਪ੍ਰਚਾਰ ਤੇ ਜੋਸ਼ ਦਿਖਾਉਣਗੇ। ਸਿੱਖ ਲੀਗ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਆਪ ਅਗਵਾਈ ਨਹੀਂ ਕੀਤੀ। ਇਸ ਵਿਚ ਸਿਰਫ਼ ਇਹੀ ਕਾਰਨ ਹੈ ਕਿ ਇਸ ਦੇ ਨਿਸ਼ਾਨੇ ਨਿਰੋਲ ਸਿਆਸੀ ਹਨ ਤੇ ਇਸ ਵੱਲੋਂ ਚਲਾਈ ਕੋਈ ਵੀ ਮੁਹਿੰਮ ਸਰਕਾਰ ਨੇ ਸ਼ਕ ਦੀ ਨਿਗਾਹ ਨਾਲ ਵੇਖਣੀ ਸੀ। ਤਦ ਇਸ ਲਹਿਰ ਨੂੰ ਸਰਕਾਰੀ ਰੁਕਾਵਟਾਂ ਵੀ ਆਉਣੀਆਂ ਸਨ ਤੇ ਸ਼ਾਇਦ ਇਹ ਪਹਿਲੀ ਸਟੇਜ 'ਤੇ ਹੀ ਦਬਾ ਲਈ ਜਾਂਦੀ। ਇਸ ਵਾਸਤੇ ਸਮਝਣਾ ਔਖਾ ਨਹੀਂ ਕਿ ਜਾਣ ਬੁੱਝ ਕੇ ਨਿਸ਼ਾਨਾ ਮਸਲਿਆਂ ਨੂੰ ਬਣਾਇਆ ਗਿਆ। ਇਸ ਦੀ ਪਲਾਨ ਤੇ ਮੁਹਿੰਮ ਦਾ ਢੰਗ ਸਾਫ ਤੇ ਸਿੱਧਾ ਸੀ ਕਿ ਹਰ ਕੀਮਤ ਤੇ ਗੁਰਦੁਆਰਾ ਸੁਧਾਰ ਕੀਤਾ ਜਾਵੇ ਅਤੇ ਇਸ ਉੱਦਮ ਲਈ ਸੁਧਾਰਕਾਂ ਤੇ ਸ਼ਹੀਦਾਂ ਦੀ ਫ਼ੌਜ ਖੜੀ ਕੀਤੀ ਜਾਵੇ। ਇਹ ਸੱਦਾ, ਨਿਸ਼ਚੇ ਹੀ, ਧਾਰਮਿਕ ਸੀ ਤੇ ਕਿਸੇ ਵੀ ਸਿਆਸੀ ਅਜ਼ਾਦੀ ਦੀ ਲਹਿਰ ਦੇ ਮੁਕਾਬਲੇ ਵਿਚ ਕਿਤੇ ਵਧੇਰੇ ਅਸਰਦਾਇਕ ਸਾਬਤ ਹੋਇਆ। ਇਸ ਦੀ ਸਫ਼ਲਤਾ ਨੂੰ ਅਸੀਂ ਗੁ: ਤੇਜਾ, ਨਾਨਕਾਣਾ ਤੇ ਅੰਮ੍ਰਿਤਸਰ ਵਿਚ ਪਿਛਲੇ ਚਾਰ ਮਹੀਨਿਆਂ ਦੀ ਕਾਰਗੁਜ਼ਾਰੀ ਤੋਂ ਮਾਪ ਸਕਦੇ ਹਾਂ। ਗੁਰਦੁਆਰਿਆਂ ਦਾ ਪੂਰਾ ਕੰਟਰੋਲ, ਕਿਰਪਾਨ ਦੇ ਮਸਲੇ ਦਾ ਹੱਲ, ਅਤਿ ਜ਼ਰੂਰੀ ਗੱਲਾਂ ਹਨ। ਜਿਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਕੀਤਾ ਜਾਣ ਵਾਲਾ ਹੈ। ਇਸ ਮੌਕੇ 'ਤੇ ਸਿੱਖ ਲੀਗ ਨੇ ਮੌਕੇ ਦਾ ਲਾਭ ਉਠਾ ਕੇ ਸਰਬ ਭਾਰਤੀ ਕੌਮੀ ਲਹਿਰ ਵਿਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਹੈ।

ਬਾਬਾ ਗੁਰਦਿੱਤ ਸਿੰਘ ਦਾ ਪ੍ਰਗਟ ਹੋਣਾ ਸਿੱਖਾਂ ਦੇ ਮਨਾਂ ਵਿਚ ਤਬਦੀਲੀ ਦਾ ਪ੍ਰਤੀਕ ਹੈ। ਇਸ ਤੋਂ ਬਿਨਾਂ ੧੯੦੭ ਦੇ ਜਲਾਵਤਨ ਸ: ਅਜੀਤ ਸਿੰਘ ਦੀ ਭਾਰਤ ਵਾਪਸੀ ਵੀ ਨਜ਼ਰ ਆ ਰਹੀ ਹੈ ਅਤੇ ਸਿੱਖ ਕਿਸਾਨਾਂ ਵਿਚ ਆਮ ਚਰਚਾ ਹੈ ਕਿ ਵਰਤਮਾਨ ਲਹਿਰ ਇਕ ਵੱਡੇ ਇਨਕਲਾਬ ਦਾ ਟਰੇਲਰ ਹੈ, ਜਿਸ ਦਾ ਨਤੀਜਾ ਸਿੱਖਾਂ ਦੇ ਰਾਜ ਦਾ ਮੁੜ ਆਉਣਾ ਹੋਵੇਗਾ। ਇਹ ਵਿਚਾਰ ਜਾਂ ਤਾਂ ਸਿੱਖ ਆਗੂਆਂ ਨੇ ਪੈਦਾ ਕੀਤਾ ਹੈ ਜਾਂ ਆਪਣੇ ਆਪ ਫੈਲਣਾ ਸ਼ੁਰੂ ਹੋ ਗਿਆ-ਇਸ ਦੇ ਜਨਮ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਵਿਚਾਰ ਆਮ ਹੈ।

ਖਾਲਸਾ ਐਡਵੋਕੇਟ ਨੂੰ ਛੱਡ ਕੇ ਸਾਰੀਆਂ ਸਿੱਖ ਅਖ਼ਬਾਰਾਂ ਨੇ ਵਿਸਥਾਰ ਨਾਲ ਇਸ ਦੇ ਧਾਰਮਿਕ ਮਸਲਿਆਂ ਨੂੰ ਬੇਹੱਦ ਬ੍ਰਿਟਿਸ਼ ਮੁਖ਼ਾਲਿਫ਼ ਸੋਚ ਨਾਲ ਵਿਚਾਰਿਆ ਹੈ। ਸਿੱਖ ਅਖ਼ਬਾਰਾਂ ਦੇ ਸਰਕਾਰ ਦੀ ਪਾਲਸੀ 'ਤੇ ਲਗਾਤਾਰ ਹਮਲੇ ਸਪੱਸ਼ਟ ਰੂਪ ਵਿਚ ਸਰਕਾਰ ਨਾਲ ਸਮਝੌਤਾ ਹੋਣ ਦੀ ਆਸ ਦੇ ਰਾਹ ਵਿਚ ਰੁਕਾਵਟ ਹਨ, ਇਹੀ ਹਮਲੇ ਵਿਗੜੇ ਸਬੰਧਾਂ ਦਾ ਵੱਡਾ ਕਾਰਨ ਹਨ।

ਅਕਾਲੀ ਲਹਿਰ, ਗਾਂਧੀ ਦੀ ਸਿਵਲ ਨਾਫੁਰਮਾਨੀ ਨਾਲੋਂ ਵੱਡੀ ਫਿਕਰ ਵਾਲੀ ਗੱਲ ਹੈ। ਗਾਂਧੀ ਦੇ ਪ੍ਰਚਾਰ ਦਾ ਅਸਰ ਮੁੱਖ ਤੌਰ 'ਤੇ ਸ਼ਹਿਰੀ ਜਨਤਾ 'ਤੇ ਹੈ ਜਦੋਂ ਕਿ ਸ਼ਹਿਰੀਆਂ ਕੋਲ-(੧) ਸਰੀਰਕ ਹੌਸਲਾ ਅਤੇ (੨) ਪੁਲੀਸ ਦੇ ਇਕ ਛੋਟੇ ਜਿਹੇ ਦਸਤੇ ਦਾ ਵੀ ਕਾਮਯਾਬੀ ਨਾਲ ਮੁਕਾਬਲਾ ਕਰਨ ਦੀ ਘਾਟ ਹੈ। ਦੂਸਰੇ ਪਾਸੇ ਲਹਿਰ ਬਿਲਕੁਲ ਪੇਂਡੂ ਲਹਿਰ ਹੈ ਅਤੇ ਇਸ ਦੇ ਹਿੱਸੇਦਾਰ ਉਹ ਹਨ, ਜਿਨ੍ਹਾਂ ਦਾ ਤਕੜਾ ਜਿਸਮ ਅਤੇ ਇਕ ਕੌਮੀ ਇਤਿਹਾਸ ਹੈ। ਵਰਤਮਾਨ ਸਿੱਖ ਹਾਲਤ ਅਜਿਹੀ ਅਸਪੱਸ਼ਟ ਹੈ ਕਿ ਇਹ ਗੱਲ ਭਰੋਸੇ ਨਾਲ ਕਹਿਣੀ ਨਾ ਮੁਮਕਿਨ ਹੈ ਕਿ ਅਕਾਲੀ ਲਹਿਰ ਦਾ ਅਗਲਾ ਮੋੜ ਕੀ ਹੋਵੇਗਾ ਪਰ ਅਕਾਲੀ ਦਲ ਦਾ ਸਿਆਸੀ ਕਾਰਜਾਂ ਵਾਸਤੇ ਇਸਤੇਮਾਲ ਨਿਕਟ ਭਵਿੱਖ ਦੀ ਆਸ ਹੈ।" (ਮੈਂ ਸਮਿਥ ਦੀ ਰਿਪੋਰਟ ਵਿੱਚੋਂ ਸਿਰਫ਼ ਕੁਝ ਹਿੱਸਿਆਂ ਦਾ ਤਰਜਮਾ ਹੀ ਦਿੱਤਾ ਹੈ। ਪੂਰੀ ਰਿਪੋਰਟ ਬਹੁਤ ਤਫ਼ਸੀਲ ਭਰੀ ਹੈ)।

ਵੀ. ਡਬਲਯੂ ਸਮਿਥ ਦੀ ਰਿਪੋਰਟ ਵਿਚ ਅਕਾਲੀ ਦਲ ਦੀ ਕਾਇਮੀ ਬਾਰੇ ਤਰਨ ਤਾਰਨ ਦੀ ਮੱਸਿਆ (੧੦ ਨਵੰਬਰ) ਦੇ ਮੌਕੇ ਦਾ ਜ਼ਿਕਰ ਹੈ ਪਰ ਇਸ ਮੌਕੇ ਤੇ ਅਕਾਲੀ ਦਲ ਜਾਂ ਅਕਾਲੀ ਜਥੇ ਦੀ ਭਰਤੀ ਨਹੀਂ ਹੋਈ ਸੀ। ਇਸ ਮੌਕੇ 'ਤੇ ਗੁਰਦੁਆਰਾ ਸੁਧਾਰ ਵਾਸਤੇ ਜਥਾ ਕਾਇਮ ਕਰਨ ਦੀ ਗੱਲ ਚਲੀ ਸੀ।

ਤਰਨ ਤਾਰਨ 'ਤੇ ਕਬਜ਼ਾ ਤੇ ਪਹਿਲੀਆਂ ਸ਼ਹੀਦੀਆਂ

ਉਨੀਂ ਦਿਨ੍ਹੀਂ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਅਤੇ ਦਰਬਾਰ ਸਾਹਿਬ ਤਰਨਤਾਰਨ ਦਾ ਸਰਬਰਾਹ ਇਕੋ ਸੀ ਜਿਸ ਕਰ ਕੇ ਇਨ੍ਹਾਂ ਸਾਰਿਆਂ ਦਾ ਇੰਤਜ਼ਾਮ ਇਕੋ ਜਗਹ ਤੋਂ ਹੁੰਦਾ ਸੀ ਪਰ ਇਨ੍ਹਾਂ ਚੌਹਾਂ ਦੇ ਪੁਜਾਰੀ ਵੱਖਰੇ ਵੱਖਰੇ ਸਨ। ੧੨ ਅਕਤੂਬਰ ੧੯੨੦ ਦੇ ਦਿਨ ਸਿੱਖਾਂ ਨੇ ਅਕਾਲ ਤਖ਼ਤ ਸਾਹਿਬ ਦਾ ਇੰਤਜ਼ਾਮ ਆਪਣੇ ਹੱਥ ਵਿਚ ਲੈ ਲਿਆ। ਇਸ ਦੇ ਨਾਲ ਹੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਵੀ ਸਿੱਖਾਂ ਨੇ ਕਬਜ਼ਾ ਕਰ ਲਿਆ ਪਰ ਤਰਨ ਤਾਰਨ ਦਾ ਇੰਤਜ਼ਾਮ ਅਜੇ ਵੀ ਇਕ ਕੁਰਪਟ ਮਹੰਤ ਦੇ ਹੱਥ ਵਿਚ ਸੀ।

ਦਸੰਬਰ ੧੯੨੦ ਵਿਚ ਜ: ਲਛਮਣ ਸਿੰਘ ਧਾਰੋਵਾਲੀ (ਜੋ ਮਗਰੋਂ ਨਾਨਕਾਣਾ ਸਾਹਿਬ 'ਚ ਸ਼ਹੀਦ ਹੋ ਗਏ) ਆਪਣੇ ਸਕੂਲਾਂ ਦੀਆਂ ਬੱਚੀਆਂ ਲੈ ਕੇ ਤਰਨ ਤਾਰਨ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਗਏ। ਪੁਜਾਰੀਆਂ ਨੇ ਉਨ੍ਹਾਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਾ ਦਿੱਤੀ ਅਤੇ ਉੱਥੋਂ ਬਾਹਰ ਕੱਢ ਦਿੱਤਾ। ੧੧ ਜਨਵਰੀ ੧੯੨੧ ਦੇ ਦਿਨ ਮੁਕਾਮੀ ਸੇਵਕ ਜਥੇ ਨੂੰ ਵੀ ਕੀਰਤਨ ਕਰਨੋਂ ਰੋਕਿਆ ਗਿਆ। ਅਜਿਹਾ ਸਲੂਕ ਸਿੰਘ ਸਭਾ ਲਹਿਰ ਦੇ ਹਿਮਾਇਤੀਆਂ ਅਤੇ ਹੋਰ ਸਿੱਖਾਂ ਨਾਲ ਵੀ ਕੀਤਾ ਗਿਆ ਸੀ ਅਤੇ ਇਹ ਸਾਰਾ ਕੁਝ ਕਈ ਚਿਰ ਤੋਂ ਵਾਪਰਦਾ ਆ ਰਿਹਾ ਸੀ। ਇਸ ਸਾਰਾ ਕੁਝ ਦੀ ਖ਼ਬਰ ਕਮਿਸ਼ਨਰ ਮਿਸਟਰ ਕਿੰਗ ਨੂੰ ਸੀ। ਕਿੰਗ ਨੇ ਮਹੰਤਾਂ ਨੂੰ ਸ਼ਹਿ ਦਿੱਤੀ ਸੀ ਅਤੇ ਮਹੰਤਾਂ ਮੁਤਾਬਿਕ ਇਕ ਚਿੱਠੀ ਵੀ ਜਾਰੀ ਕੀਤੀ ਸੀ, ਜਿਸ ਵਿਚ ਉਨ੍ਹਾਂ ਦੇ "ਹੱਕਾਂ" ਦੀ ਹਮਾਇਤ ਕੀਤੀ ਹੋਈ ਸੀ। ਇਸ ਦੌਰਾਨ ੩ ਜਨਵਰੀ ੧੯੨੧ ਦੇ ਦਿਨ ਤਰਨ ਤਾਰਨ ਦੇ ਭਾਈ ਮੋਹਨ ਸਿੰਘ ਵੈਦ ਨੇ ਕਿੰਗ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਸੀ ਕਿ ਉਹ ਤਰਨ ਤਾਰਨ 'ਚ ਫ਼ੈਲੀ ਹੋਈ ਇਸ ਅਫ਼ਵਾਹ ਦੀ ਤਰਦੀਦ ਕਰੇ ਕਿ ਉਸ ਨੇ ਮਹੰਤਾਂ ਨੂੰ ਅਜਿਹੀ ਕੋਈ ਚਿੱਠੀ ਵਿਚ ਜਾਰੀ ਕੀਤੀ ਹੈ। ਭਾਈ ਮੋਹਨ ਸਿੰਘ ਨੇ ਮਿਸਟਰ ਕਿੰਗ ਨੂੰ ਲਿਖੀ ਚਿੱਠੀ ਤੌਖ਼ਲਾ ਜ਼ਾਹਿਰ ਕੀਤਾ ਸੀ ਕਿ ਕਿਸੇ ਵੇਲੇ ਵੀ ਕੋਈ ਹਾਦਸਾ ਵਾਪਰ ਸਕੇਗਾ ਪਰ ਕਿੰਗ ਨੇ ਇਸ ਚਿੱਠੀ ਦਾ ਕੋਈ ਜਵਾਬ

ਨਾ ਦਿੱਤਾ। ਜਿਸ ਚੀਜ਼ ਦਾ ਤੌਖ਼ਲਾ ਭਾਈ ਮੋਹਨ ਸਿੰਘ ਵੈਦ ਨੇ ਜ਼ਾਹਿਰ ਕੀਤਾ ਸੀ, ਉਹ ਵਾਪਰ ਕੇ ਹੀ ਹਟਿਆ।

੨੩-੨੪ ਜਨਵਰੀ ੧੯੨੧ ਦੇ ਦਿਨ ਅਕਾਲੀ ਦਲ ਦੀ ਕਾਇਮੀ ਨੂੰ ਆਖ਼ਰੀ ਸ਼ਕਲ ਦੇਣ ਅਤੇ ਪਹਿਲੀ ਚੋਣ ਕਰਨ ਵਾਸਤੇ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ੨੪ ਜਨਵਰੀ ਦੇ ਦੀਵਾਨ ਵਿਚ ਤਰਨ ਤਾਰਨ ਤੋਂ ਆਈ ਇਕ ਬੀਬੀ ਨੇ ਤਰਨ ਤਾਰਨ ਦੇ ਗੁਰਦੁਆਰੇ ਦੇ ਮਹੰਤਾਂ ਦੀਆਂ ਕਰਤੂਤਾਂ ਦਾ ਜ਼ਿਕਰ ਕੀਤਾ। ਉਸ ਨੇ ਦੱਸਿਆ ਕਿ ਜਦੋਂ ਉਹ ਆਪਣੀ ਜਵਾਨ ਧੀ ਨਾਲ ਗੁਰਦੁਆਰੇ 'ਚ ਗਈ ਤਾਂ ਮਹੰਤਾਂ ਨੇ ਉਸ ਨਾਲ ਛੇੜਖਾਨੀ ਕੀਤੀ। ਇਕ ਹਿੰਦੂ ਕੁੜੀ, ਜੋ ਉੱਥੇ ਇਕੱਲੀ ਗਈ ਸੀ, ਨੂੰ ਮਹੰਤ ਦੇ ਚਾਟੜਿਆਂ ਨੇ ਫੜ ਕੇ ਚੁੰਮਣ ਦੀ ਹਰਕਤ ਵੀ ਕੀਤੀ। ਇਹ ਸੁਣ ਕੇ ਸੰਗਤ ਵਿਚ ਰੋਹ ਆ ਗਿਆ। ਕੁਝ ਸਿੰਘ ਗੁੱਸੇ ਵਿਚ ਆ ਕੇ ਉਸੇ ਵੇਲੇ ਤਰਨ ਤਾਰਨ ਜਾਣ ਲਈ ਤਿਆਰ ਹੋ ਗਏ। ਇਸ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ।

ਅਗਲੇ ਦਿਨ ਸਵੇਰ ਦੀ ਪਹਿਲੀ ਗੱਡੀ 'ਤੇ ਜ: ਭੁੱਚਰ ੪੦ ਸਿੰਘਾਂ ਨੂੰ ਲੈ ਕੇ ਤਰਨ ਤਾਰਨ ਚਲੇ ਗਏ। ਉਹ ਸਵੇਰੇ ੮ ਵਜੇ ਗੁਰਦੁਆਰੇ ਵਿਚ ਦਾਖ਼ਿਲ ਹੋ ਗਏ। ਉਸ ਵੇਲੇ ਗੁਰਦੁਆਰੇ ਵਿਚ ਕੀਰਤਨ ਚਲ ਰਿਹਾ ਸੀ। ਉਹ ਦੋ ਘੰਟੇ ਕੀਰਤਨ ਸੁਣਦੇ ਰਹੇ। ਏਨੇ ਵਿਚ ਮਹੰਤ ਨੇ ੭੦ ਦੇ ਕਰੀਬ ਬੰਦੇ ਇਕੱਠੇ ਕਰ ਲਏ, ਜਿਨ੍ਹਾਂ ਵਿਚੋਂ ਬਹੁਤੇ ਜਵਾਨ ਗੱਭਰੂ ਸਨ। ਮਾਹੌਲ ਵੇਖ ਕੇ ਜ: ਭੁੱਚਰ ਨੇ ਮਹੰਤਾਂ ਨੂੰ ਆਖਿਆ ਕਿ ਅਸੀਂ ਤੁਹਾਡੇ ਤੋਂ ਕਬਜ਼ਾ ਲੈਣ ਨਹੀਂ ਆਏ ਬਲਕਿ ਸੰਗਤਾਂ ਦੀਆਂ ਸ਼ਿਕਾਇਤਾਂ ਦੱਸਣ ਆਏ ਹਾਂ। ਪਰ ਮਹੰਤਾਂ ਦੇ ਟੋਲੇ 'ਚੋਂ ਕੁਝ ਨੌਜਵਾਨ ਤੈਸ਼ ਵਿਚ ਆ ਕੇ ਭੜਕਾਊ ਹਰਕਤਾਂ ਕਰਨ ਲੱਗ ਪਏ ਤੇ ਅਕਾਲੀਆਂ ਨੂੰ ਗਾਲ੍ਹਾਂ ਵੀ ਕੱਢਣ ਲੱਗ ਪਏ। ਵਡੇਰੀ ਉਮਰ ਦੇ ਪੁਜਾਰੀਆਂ ਨੇ ਉਨ੍ਹਾਂ ਨੂੰ ਚੁੱਪ ਕਰਾ ਕੇ ਆਖਿਆ ਕਿ ਅਸੀਂ ਗੱਲਬਾਤ ਵਾਸਤੇ ਤਿਆਰ ਹਾਂ ਤੇ ਸ਼ਾਮ ੪ ਵਜੇ ਮਿਲ ਕੇ ਗੱਲਬਾਤ ਕਰਾਂਗੇ। ਪੁਜਾਰੀਆਂ ਨੇ ਨਿਹਾਲ ਸਿੰਘ, ਗੁਰਬਖਸ਼ ਸਿੰਘ, ਗੁਰਦਿੱਤ ਸਿੰਘ, ਸੇਵਾ ਸਿੰਘ, ਸੁੰਦਰ ਸਿੰਘ ਤੇ ਤੇਜਾ ਸਿੰਘ ਨੂੰ ਆਪਣੇ ਵੱਲੋਂ ਗੱਲਬਾਤ ਵਾਸਤੇ ਨਾਮਜ਼ਦ ਕੀਤਾ। ਅਕਾਲੀਆਂ ਵੱਲੋਂ ਜ: ਤੇਜਾ ਸਿੰਘ ਭੁੱਚਰ, ਜ: ਬਲਵੰਤ ਸਿੰਘ ਕੁੱਲਾ, ਸ: ਦਾਨ ਸਿੰਘ ਵਛੋਆ, ਜ: ਕਰਤਾਰ ਸਿੰਘ ਝੱਬਰ ਤੇ ਹਕੀਮ ਬਹਾਦਰ ਸਿੰਘ ਨਾਮਜ਼ਦ ਹੋਏ। ਇਨ੍ਹਾਂ ਤੋਂ ਇਲਾਵਾ ਮੁਕਾਮੀ ਲੋਕਾਂ ਵਿਚ ਭਾਈ ਮੋਹਨ ਸਿੰਘ ਵੈਦ, ਸ: ਸੰਤ ਸਿੰਘ ਲੰਬਰਦਾਰ, ਸ: ਗਿਆਨ ਸਿੰਘ, ਸ: ਧਰਮ ਸਿੰਘ ਉਸਮਾ ਨੂੰ ਵੀ ਗੱਲਬਾਤ ਵਾਸਤੇ ਬੁਲਾ ਲਿਆ ਗਿਆ। ਸ਼ਾਮ ਚਾਰ ਵਜੇ ਬੁੰਗਾ ਧੋਤੀਆਂ ਵਿਖੇ ਗੱਲਬਾਤ ਸ਼ੁਰੂ ਹੋ ਗਈ। ਗੱਲਬਾਤ ਵਿਚ ਇਕ ਪੰਜ-ਨੁਕਾਤੀ ਸਮਝੌਤਾ ਕੀਤਾ ਗਿਆ : (੧) ਗੁਰਦੁਆਰੇ ਦਾ ਇੰਤਜ਼ਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਮਾਂ ਮੁਤਾਬਿਕ ਹੋਵੇਗਾ। (੨) ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ ਲੋਕਲ ਕਮੇਟੀ ਬਣਾਈ ਜਾਵੇਗੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਿਤ ਹੋਵੇਗੀ। (੩) ਗੁਰਦੁਆਰੇ ਵਿੱਚੋਂ ਅ-ਸਿੱਖ ਰਵਾਇਤਾਂ ਦਾ ਖ਼ਾਤਮਾ ਕੀਤਾ ਜਾਵੇ ਅਤੇ ਕੁਰੀਤੀਆਂ ਦੂਰ ਕੀਤੀਆਂ ਜਾਣ। (੪) ਗੁਰਦੁਆਰੇ ਦੇ ਗ੍ਰੰਥੀ ਤੇ ਸੇਵਾਦਾਰ ਅੰਮ੍ਰਿਤਧਾਰੀ ਹੋਣ। (੫) ਜਿਹੜਾ ਪੁਜਾਰੀ ਸਿੱਖ ਰਹਿਤ ਦੇ ਨੇਮ ਤੋੜੇ, ਉਸ ਨੂੰ ਸੰਗਤਾਂ ਡੰਨ ਲਾਉਣ।

ਸ਼ਾਮ ਸਾਢੇ ਪੰਜ ਵਜੇ ਤਕ ਇਹ ਸਮਝੌਤਾ ਤੈਅ ਹੋ ਗਿਆ। ਪੁਜਾਰੀਆਂ ਨੇ ਆਖਿਆ ਕਿ ਉਹ ਆਪਣੇ ਸਾਥੀਆਂ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ। ਇਹ ਕਹਿ ਕੇ ਉਹ ਬਾਹਰ ਆ ਗਏ। ਉਧਰ ਪੁਜਾਰੀਆਂ ਦੇ ਬੰਦੇ ਗੁਰਦਿੱਤ ਸਿੰਘ ਦੇ ਮਕਾਨ ਤੇ ਝੰਡਾ ਬੁੰਗਾ ਵਿਚ ਸਿੱਖਾਂ 'ਤੇ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। ਉਨ੍ਹਾਂ ਹਥਿਆਰ ਅਤੇ ਬਾਰੂਦ ਇਕੱਠਾ ਕੀਤਾ ਹੋਇਆ ਸੀ। ਰਾਤ ਸਾਢੇ ਅੱਠ ਵਜੇ ਦੋ ਪੁਜਾਰੀ ਉੱਥੇ ਆਏ ਅਤੇ ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਮਝੌਤੇ ਦਾ ਕਾਗ਼ਜ਼ ਲਿਆਉਣ ਵਸਤੇ ਆਖਿਆ। ਸਿੱਖ ਆਗੂਆਂ ਨੂੰ ਉਨ੍ਹਾਂ ਦੀ ਨੀਅਤ 'ਤੇ ਸ਼ੱਕ ਹੋਇਆ ਪਰ ਮਹੰਤਾਂ ਨੇ ਹੱਸ ਕੇ ਆਖਿਆ ਕਿ ਇਸ ਵਿਚ ਕੋਈ ਸਾਜਿਸ਼ ਨਹੀਂ। ਸਿੱਖ ਆਗੂਆਂ ਨੇ ਭਾਈ ਮੋਹਨ ਸਿੰਘ ਵੈਦ ਨੂੰ ਸਮਝੌਤੇ ਨੂੰ ਚੰਗੇ ਕਾਗਜ਼ ਤੇ ਖ਼ੁਸ਼-ਖ਼ਤ ਕਰ ਕੇ ਲਿਖਣ ਵਾਸਤੇ ਭੇਜ ਦਿੱਤਾ। ਵੈਦ ਨੇ ਗੁਰਦੁਆਰੇ ਦੇ ਬਾਹਰ ਖੜੇ ਤਹਿਸੀਲਦਾਰ, ਸਰਕਲ ਇੰਸਪੈਕਟਰ ਅਤੇ ਦੂਜੇ ਸਰਕਾਰੀ ਅਹਿਲਕਾਰਾਂ ਨੂੰ ਇਸ ਦੀ ਇਤਲਾਹ ਵੀ ਦੇ ਦਿੱਤੀ। ਇਸ ਮਗਰੋਂ ਭਾਈ ਬਹਾਦਰ ਸਿੰਘ ਹਕੀਮ ਨੇ ਬਾਹਰ ਖੜ੍ਹੀਆਂ ਸਿੱਖ ਸੰਗਤਾਂ ਨੂੰ ਹਾਲਾਤ ਦੱਸਣੇ ਸ਼ੁਰੂ ਕਰ ਦਿੱਤੇ। ਏਨੇ ਵਿਚ ਹੀ ਇਕ ਦਸਤੀ ਬੰਬ ਉਨ੍ਹਾਂ ਕੋਲ ਆ ਡਿੱਗਾ। ਇਸ ਪਿੱਛੋਂ ਚਾਰ ਪੰਜ ਹੋਰ ਬੰਬ ਉੱਥੇ ਸੁੱਟੇ ਗਏ। ਇਸ ਨਾਲ ਕਈ ਬੰਦੇ ਜ਼ਖ਼ਮੀ ਹੋ ਗਏ। ਇਹ ਗੋਲੇ ਗੁਰਦਿੱਤ ਸਿੰਘ ਦੇ ਮਕਾਨ ਦੇ ਨਾਲ ਨਾਲ ਦੂਜੇ

ਬੁੰਗਿਆਂ ਤੋਂ ਵੀ ਸੁੱਟੇ ਗਏ ਸਨ ।

ਅੰਦਰ ਸ: ਬਲਵੰਤ ਸਿੰਘ ਕੁੱਲਾ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਰਹੇ ਸਨ। ਮੱਥਾ ਟੇਕਦਿਆਂ ਹੀ ਉਨ੍ਹਾਂ ਦੇ ਮੋਢੇ 'ਤੇ ਤਲਵਾਰ ਦਾ ਇਕ ਵਾਰ ਹੋਇਆ ਤੇ ਉਨ੍ਹਾਂ ਦਾ ਮੋਢਾ ਬੁਰੀ ਤਰ੍ਹਾਂ ਚੀਰਿਆ ਗਿਆ । ਉਨ੍ਹਾਂ ਦੇ ਨਾਲ ਹੀ ਭਾਈ ਹਜ਼ਾਰਾ ਸਿੰਘ (ਅਲਾਦੀਨਪੁਰ) ਮੱਥਾ ਟੇਕ ਰਿਹਾ ਸੀ। ਮਹੰਤ ਦੇ ਬੰਦਿਆਂ ਨੇ ਉਸ ਦੇ ਢਿੱਡ ਵਿਚ ਤਲਵਾਰ ਮਾਰੀ । ਉਹ ਜ਼ਖ਼ਮੀ ਹੋ ਕੇ ਡਿੱਗ ਪਿਆ । ਇਸ ਮਗਰੋਂ ਹੁਕਮ ਸਿੰਘ (ਵਜਾਊ ਕੋਟ) ਦੇ ਸਿਰ 'ਤੇ ਛਵ੍ਹੀਆਂ ਦੇ ਚਾਰ ਪੰਜ ਵਾਰ ਹੋਏ । ਉਹ ਵੀ ਜ਼ਖ਼ਮੀ ਹੋ ਕੇ ਡਿੱਗ ਪਿਆ। ਇਨ੍ਹਾਂ ਤਿੰਨਾਂ ਤੋਂ ਇਲਾਵਾ ਭਾਈ ਗੁਰਬਖਸ਼ ਸਿੰਘ, ਭਾਈ ਲਾਭ ਸਿੰਘ, ਭਾਈ ਈਸ਼ਰ ਸਿੰਘ ਵੀ ਜ਼ਖ਼ਮੀ ਹੋਏ । ਇਹ ਸਾਰਾ ਕੁਝ, ਕੁਝ ਪਲਾਂ ਵਿਚ ਹੀ ਵਾਪਰ ਗਿਆ ਅਤੇ ਇਸ ਮਗਰੋਂ ਮਹੰਤ ਦੇ ਬੰਦੇ ਬੱਤੀਆਂ ਬੁਝਾ ਕੇ ਦੌੜ ਗਏ । ਜ਼ਖ਼ਮੀ ਸਿੰਘਾਂ ਨੇ ਗੁਰਦੁਆਰਾ ਹਾਲ 'ਚੋਂ ਬਾਹਰ ਆ ਕੇ ਹਾਲਾਤ ਦੱਸੇ ਤਾਂ ਸਾਰੇ ਸਿੰਘ ਅੰਦਰ ਨੂੰ ਭੱਜ ਪਏ। ਅੰਦਰ ਸਾਰੇ ਪਾਸੇ ਖ਼ੂਨ ਹੀ ਖ਼ੂਨ ਸੀ। ਸੰਗਤਾਂ ਨੇ ਜ਼ਖ਼ਮੀਆਂ ਨੂੰ ਸੰਭਾਲਿਆ । ੧੦ ਵਜੇ ਪੁਲੀਸ ਪਹੁੰਚ ਗਈ ਅਤੇ ਵਕੂਆ ਵੇਖਿਆ। ਪੁਲੀਸ ਨੇ ਸ਼ਰਾਬੀ ਪੁਜਾਰੀ ਵੀ ਵੇਖੇ । ਅਗਲੀ ਸਵੇਰ ਪੁਜਾਰੀਆਂ ਨੇ ਨਕਲੀ, ਪਰ ਮਾਮੂਲੀ ਜ਼ਖ਼ਮਾਂ ਵਾਲੇ, ੧੩ ਬੰਦੇ ਹਸਪਤਾਲ ਲਿਆਂਦੇ ਤਾਂ ਜੋ ਸਿੱਖਾਂ 'ਤੇ ਬਰਾਬਰ ਦਾ ਮੁਕੱਦਮਾ ਬਣਾਇਆ ਜਾ ਸਕੇ । ਇਸ ਸਾਜ਼ਿਸ਼ ਵਿਚ ਪੁਲੀਸ ਵੀ ਭਾਈਵਾਲ ਸੀ । ਮਗਰੋਂ ਪੁਲੀਸ ਵੱਲੋਂ ਦੋਹਾਂ ਧਿਰਾਂ 'ਤੇ ਮੁਕੱਦਮਾ ਬਣਾਇਆ ਗਿਆ । (ਇਸ ਕੇਸ ਵਿਚ ੯ ਜਨਵਰੀ ੧੯੨੨ ਦੇ ਦਿਨ ਅਦਾਲਤ ਨੇ ੧੫ ਪੁਜਾਰੀਆਂ ਨੂੰ ਤਿੰਨ ਤਿੰਨ ਸਾਲ ਕੈਦ ਅਤੇ ੫੦-੫੦ ਰੁਪੈ ਜੁਰਮਾਨਾ ਕੀਤਾ । ਅਕਾਲੀਆਂ ਵਿੱਚੋਂ ੭ ਨੂੰ ਇਕ ਇਕ ਸਾਲ ਕੈਦ ਤੇ ੫੦-੫੦ ਰੁਪੈ ਜੁਰਮਾਨਾ ਕੀਤਾ ਗਿਆ । ਮਗਰੋਂ ਸੈਸ਼ਨ ਜੱਜ ਨੇ ਮਹੰਤਾਂ ਦੀ ਕੈਦ ੯ ਮਹੀਨੇ ਤੇ ਅਕਾਲੀਆਂ ਦੀ ਕੈਦ ੬-੬ ਮਹੀਨੇ ਕਰ ਦਿੱਤੀ) ਇਸ ਕੇਸ ਵਿਚ ਅਕਾਲੀਆਂ ਨੇ ਸਰਕਾਰ ਨਾਲ ਨਾ-ਮਿਲਵਰਤਣ ਕਰਨ ਤੋਂ ਇਨਕਾਰ ਕਰ ਦਿੱਤਾ ਵਰਨਾ ਮਹੰਤਾਂ ਤੇ ਦੋ ਕਤਲਾਂ ਕਰ ਕੇ ਦਫਾ ੩੦੨ ਹੇਠ ਕਤਲ ਦਾ ਕੇਸ ਬਣਨਾ ਸੀ । ਅਕਾਲੀ ਨਾ ਮਿਲਵਰਤਣ ਕਰ ਕੇ ਮਹੰਤਾਂ ਨੂੰ ਦਫ਼ਾ ੧੪੮, ੧੪੯ ਤੇ ੩੦੪ ਹੇਠ ਸਜ਼ਾ ਹੋਈ ਸੀ ।

੨੬ ਜਨਵਰੀ ੧੯੨੧ ਦੇ ਦਿਨ ਐਸ. ਪੀ. ਅੰਮ੍ਰਿਤਸਰ ਆ ਗਿਆ । ਉਸ ਨੇ ਦੋਹਾਂ ਧਿਰਾਂ ਨਾਲ ਗੱਲਬਾਤ ਕੀਤੀ। ਜ਼ਿਲ੍ਹਾ ਮਜਿਸਟਰੇਟ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ ਮਹੰਤਾਂ ਨੂੰ ਗੁਰਦੁਆਰੇ ਵਿਚ ਦਾਖ਼ਲ ਹੋਣ ਤੋਂ ਰੋਕ ਦਿੱਤਾ । ਕੁਝ ਦਿਨਾਂ ਮਗਰੋਂ ਮਹੰਤਾਂ ਨੇ ਲਿਖਤੀ ਮੁਆਫ਼ੀ ਵੀ ਮੰਗ ਲਈ । ਮਹੰਤਾਂ ਦੇ ਹਮਲੇ ਵਿਚ ਜ਼ਖ਼ਮੀ ਹੋਣ ਵਾਲੇ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, ੨੭ ਜਨਵਰੀ ਦੇ ਦਿਨ ਚੜ੍ਹਾਈ ਕਰ ਗਏ। ੨੮ ਜਨਵਰੀ ਨੂੰ ਬਾਬਾ ਬਘੇਲ ਸਿੰਘ ਦੇ ਵਾਰਿਸ ਭਾਈ ਹਜ਼ਾਰਾ ਸਿੰਘ ਦੇ ਸੰਸਕਾਰ ਦੇ ਜਲੂਸ ਵਿਚ ਹਜ਼ਾਰਾਂ ਸਿੰਘ ਸ਼ਾਮਿਲ ਹੋਏ । ਉਸ ਜ਼ਮਾਨੇ ਦਾ ਇਹ ਸਭ ਤੋਂ ਵੱਡਾ ਜਲੂਸ ਸੀ । ਇਕ ਹੋਰ ਜ਼ਖ਼ਮੀ ਭਾਈ ਹੁਕਮ ਸਿੰਘ ਵਜਾਊਕੋਟ ੪ ਫਰਵਰੀ ਦੇ ਦਿਨ ਚੜ੍ਹਾਈ ਕਰ ਗਏ। ਇਹ ਦੋ ਸਿੰਘ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਸਨ ।

ਤਰਨ ਤਾਰਨ ਦੇ ਸਾਕੇ ਵਿਚ ਭਾਵੇਂ ਦੋ ਸ਼ਹੀਦੀਆਂ ਹੋਈਆਂ ਅਤੇ ਦਰਜਨ ਸਿੰਘ ਜ਼ਖ਼ਮੀ ਵੀ ਹੋਏ ਪਰ ਇਸ ਨਾਲ ਇਸ ਦੇ ਨਾਲ ਹੀ ਗੁਰਦੁਆਰੇ ਦਾ ਕਬਜ਼ਾ ਵੀ ਪੰਥ ਕੋਲ ਆ ਗਿਆ । ਸਿੰਘਾਂ ਨੇ ਇੰਤਜ਼ਾਮ ਸੰਭਾਲਦਿਆਂ ਹੀ ਇਕ ਕਮੇਟੀ ਬਣਾ ਦਿੱਤੀ। ਇਸ ਕਮੇਟੀ ਦੇ ਜਥੇਦਾਰ ਸ: ਬਲਵੰਤ ਸਿੰਘ (ਕੁੱਲਾ ਵਾਸੀ) ਬਣਾਏ ਗਏ। ੨੫ ਜਨਵਰੀ ਰਾਤ ਨੂੰ ਮਹੰਤਾਂ ਦੇ ਹਮਲੇ ਵਿਚ ਸ: ਬਲਵੰਤ ਸਿੰਘ ਦੀ ਬਾਂਹ ਵੀ ਬੁਰੀ ਤਰ੍ਹਾਂ ਵੱਢੀ ਗਈ ਸੀ। ਸ: ਧਰਮ ਸਿੰਘ ਉਸਮਾ ਮੀਤ ਜਥੇਦਾਰ ਬਣੇ। ਇਸ ਤੋਂ ਇਲਾਵਾ ੧੩ ਮੈਂਬਰੀ ਕਮੇਟੀ ਵੀ ਬਣੀ ਜਿਸ ਵਿਚ ਹੇਠ ਲਿਖੇ ਸਿੰਘ ਸ਼ਾਮਿਲ ਸਨ : (੧) ਭਾਈ ਮੋਹਣ ਸਿੰਘ ਵੈਦ (੨) ਹੈਡ ਮਾਸਟਰ ਮਹਿਤਾਬ ਸਿੰਘ (੩) ਸ: ਬਿਸ਼ਨ ਸਿੰਘ ਲੰਬੜਦਾਰ (੪) ਸ: ਸੁੰਦਰ ਸਿੰਘ ਕਾਰਖਾਨੇਦਾਰ (੫) ਸ: ਸੰਤ ਸਿੰਘ ਸਕੱਤਰ ਸਿੰਘ ਸਭਾ ਤਰਨ ਤਾਰਨ (੬) ਸ: ਅਮਰ ਸਿੰਘ ਝਬਾਲ (੭) ਜ: ਤੇਜਾ ਸਿੰਘ ਭੁੱਚਰ, ਜਥੇਦਾਰ ਅਕਾਲੀ ਦਲ (੮) ਸ: ਕਿਸ਼ਨ ਸਿੰਘ ਭੁੱਚਰ (੯) ਸ: ਹਜਾਰਾ ਸਿੰਘ ਜਾਮਾਰਾਏ (੧੦) ਸ: ਹਰਨਾਮ ਸਿੰਘ ਨੌਸ਼ਹਿਰਾ (੧੧) ਸ: ਤੇਜਾ ਸਿੰਘ ਪੰਡੋਰੀ (੧੨) ਬਾਬਾ ਕਿਹਰ ਸਿੰਘ ਪੱਟੀ (੧੩) ਸ: ਤੇਜਾ ਸਿੰਘ ਬੁਰਜਵਾਲਾ। ਮਹੰਤਾਂ ਨੇ ਸਿੱਖਾਂ ਦੇ ਕਬਜ਼ੇ ਦੇ ਖ਼ਿਲਾਫ਼ ਕੇਸ ਦਾਇਰ ਕੀਤਾ ਪਰ ਜੱਜ ਨੇ ੯ ਜੁਲਾਈ

੧੯੨੧ ਦੇ ਦਿਨ ਇਹ ਕੇਸ ਖਾਰਜ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਦਾਰੀ ਕਬੂਲ ਕਰ ਲਈ।

ਕੇਰ ਸਾਹਿਬ, ਮਾਛੀ ਕੇ, ਸ਼ੇਖ਼ੂਪੁਰਾ ਤੇ ਖਡੂਰ ਸਾਹਿਬ

ਤਰਨ ਤਾਰਨ ਦੇ ਗੁਰਦੁਆਰੇ 'ਤੇ ਕਬਜ਼ੇ ਮਗਰੋਂ ਕੁਝ ਹੋਰ ਗੁਰਦੁਆਰੇ ਵੀ ਸਿੱਖਾਂ ਨੇ ਆਜ਼ਾਦ ਕਰਵਾਏ। ਸਭ ਤੋਂ ਪਹਿਲਾਂ ਗੁਰਦੁਆਰਾ ਕੇਰ ਸਾਹਿਬ ਨੂੰ ੮ ਫਰਵਰੀ ੧੯੨੧ ਦੇ ਦਿਨ ਗੁਰਦੁਆਰਾ ਖਰਾ ਸੌਦਾ ਦੇ ਦਰਸ਼ਨ ਕਰਨ ਆਈ ਸੰਗਤ ਨੇ ਆਜ਼ਾਦ ਕਰਵਾਇਆ। ੧੦ ਫਰਵਰੀ ਦੇ ਦਿਨ ਭਾਈ ਗੁੜੀਆ ਦੀ ਯਾਦ ਵਿਚ ਮਾਛੀ ਕੇ ਵਿਚ ਬਣੇ ਗੁਰਦੁਆਰੇ ਨੂੰ ਆਜ਼ਾਦ ਕਰਵਾਇਆ ਗਿਆ। ੧੧ ਫਰਵਰੀ ਦੇ ਦਿਨ ਸ਼ੇਖ਼ੂਪੁਰਾ ਗੁਰਦੁਆਰਾ ਦੇ ਮਹੰਤ ਨੇ ਖਰਾ ਸੌਦਾ ਬਾਰ ਦੇ ਅਕਾਲੀ ਜਥੇ ਨਾਲ ਲਿਖਤੀ ਸਮਝੌਤਾ ਕੀਤਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਨੇਮਾਂ ਮੁਤਾਬਿਕ ਚਲੇਗਾ (ਪਰ ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਉਹ ਫੇਰ ਵਿਟਰ ਗਿਆ। ਅਖ਼ੀਰ ਸਿੰਘਾਂ ਨੇ ਗੁਰਦੁਆਰਾ ਖਡੂਰ ਸਾਹਿਬ 'ਤੇ ਵੀ ਕਬਜ਼ਾ ਕਰ ਲਿਆ। ਤਹਿਸੀਲਦਾਰ ਨੇ ਮਹੰਤਾਂ ਦੀ ਮਦਦ ਕਰਨੀ ਚਾਹੀ ਪਰ ਬਾਵਾ ਪਰਦੁਮਨ ਸਿੰਘ ਮੁਲਤਾਨ ਨੇ ਵਿਚ ਪੈ ਕੇ ਮਹੰਤਾਂ ਦਾ ਸ਼੍ਰੋਮਣੀ ਕਮੇਟੀ ਨਾਲ ਸਮਝੌਤਾ ਕਰਵਾ ਦਿੱਤਾ। ਇੰਜ ਇਹ ਗੁਰਦੁਆਰਾ ਵੀ ਸ਼੍ਰੋਮਣੀ ਕਮੇਟੀ ਦੇ ਇੰਤਜ਼ਾਮ ਹੇਠ ਆ ਗਿਆ)।

ਨਾਨਕਾਣਾ ਸਾਹਿਬ ਤੇ ਕਬਜ਼ਾ :

ਹੋਰ ਤਵਾਰੀਖ਼ੀ ਗੁਰਦੁਆਰਿਆਂ ਵਾਂਗ ਗੁਰਦੁਆਰਾ ਜਨਮ ਅਸਥਾਨ ਨਾਨਕਾਣਾ ਸਾਹਿਬ ਦੀ ਹਾਲਤ ਵੀ ਬੜੀ ਮਾੜੀ ਸੀ। ਗੁਰਦੁਆਰਾ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਦਾ ਇੰਤਜ਼ਾਮ ਉਦਾਸੀ ਸਾਧੂਆਂ ਦੇ ਹੱਥ ਸੀ। ਉੱਨੀਵੀਂ ਸਦੀ ਦੇ ਸ਼ੁਰੂ ਤਕ ਇਹ ਇੰਤਜ਼ਾਮ ਠੀਕ ਚਲਦਾ ਰਿਹਾ ਸੀ ਪਰ ਮਹੰਤ ਸਾਧੂ ਰਾਮ ਤੋਂ ਇਸ ਵਿਚ ਬਹੁਤ ਖ਼ਰਾਬੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਹੰਤ ਨੇ ਸ਼ਰਾਬ ਪੀਣੀ ਤੇ ਵਿਭਚਾਰ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ 'ਗੁਪਤ ਰੋਗ' ਦੀ ਬੀਮਾਰੀ ਹੋ ਗਈ। ਉਸ ਤੋਂ ਬਾਅਦ ਮਹੰਤ ਕਿਸ਼ਨ ਦਾਸ ਆਇਆ। ਉਸ ਦੇ ਇਕ ਵਿਧਵਾ ਔਰਤ ਨਾਲ ਨਜਾਇਜ਼ ਸਬੰਧ ਸਨ ਤੇ ਉਸ ਤੋਂ ਇਕ ਲੜਕਾ ਵੀ ਸੀ। ਉਸ ਨੇ ਆਪਣੇ ਭਤੀਜੇ ਦੇ ਵਿਆਹ ਤੇ ਗੁਰਦੁਆਰੇ ਦੀ ਹਦੂਦ ਵਿਚ ਕੰਜਰੀਆਂ ਵੀ ਨਚਾਈਆਂ ਸਨ। ਮੁੰਡਾ ਵਿਆਹੁਣ ਗਈ ਬਰਾਤ, ਸਣੇ ਮਹੰਤ ਦੇ, ਕੁੜੀ ਵਾਲਿਆਂ ਦੇ ਪਿੰਡ ਵਿਚ ਸ਼ਰਾਬੀ ਹੋ ਕੇ ਪਿੰਡ ਦੀਆਂ ਔਰਤਾਂ ਨਾਲ ਮਖ਼ੌਲ ਕਰਨ ਕਰ ਕੇ ਜੁੱਤੀਆਂ ਖਾ ਕੇ ਆਈ ਸੀ। ਜਿਸ ਗੁਪਤ ਰੋਗ ਨਾਲ ਸਾਧੂ ਰਾਮ ਮਰਿਆ ਸੀ, ਉਹੀ ਰੋਗ ਕਿਸ਼ਨ ਦਾਸ ਨੂੰ ਵੀ ਹੋ ਗਿਆ। ਕਿਸ਼ਨ ਦਾਸ ਲਾਹੌਰ ਵਿਚ ਰਹਿਣ ਲੱਗ ਪਿਆ। ਇਕ ਦਿਨ ਉਸ ਦਾ ਚੇਲਾ ਨਰੈਣ ਦਾਸ (ਨਰੈਣੂ) ਲਾਹੌਰ ਗਿਆ ਅਤੇ ਮੌਤ ਦੇ ਬਿਸਤਰ 'ਤੇ ਪਏ, ਕਿਸ਼ਨ ਦਾਸ ਦੀ ਜੇਬ 'ਚੋਂ ਗੁਰਦੁਆਰੇ ਦੀਆਂ ਚਾਬੀਆਂ ਕੱਢ ਲਿਆਇਆ। ਉਸ ਨੇ ਆਪਣੇ ਆਪ ਨੂੰ ਮਹੰਤ ਐਲਾਨ ਕਰ ਦਿੱਤਾ ਅਤੇ ਗੁਰਦੁਆਰੇ ਦੇ ਪੈਸੇ ਦੇ ਜ਼ੋਰ ਨਾਲ ਪੁਲੀਸ ਤੇ ਗੁੰਡਿਆਂ ਨੂੰ ਆਪਣੇ ਨਾਲ ਗੰਢ ਲਿਆ। ਕੁਝ ਚਿਰ ਮਗਰੋਂ ਮਹੰਤ ਕਿਸ਼ਨ ਦਾਸ ਮਰ ਗਿਆ। ਉਸ ਦੇ ਸੰਸਕਾਰ 'ਤੇ ਨਰੈਣ ਦਾਸ ਨੇ ਲਿਖਤੀ ਤੌਰ 'ਤੇ ਐਲਾਨ ਕੀਤਾ ਕਿ ਮੈਂ ਕਿਸ਼ਨ ਦਾਸ ਵਰਗੀਆਂ ਹਰਕਤਾਂ ਨਹੀਂ ਕਰਾਂਗਾ ਤੇ ਸੰਗਤ ਦੀ ਮਰਜ਼ੀ ਨਾਲ ਚਲਾਂਗਾ।

ਨਰੈਣ ਦਾਸ ਕੁਝ ਚਿਰ ਤਾਂ ਠੀਕ ਚਲਦਾ ਰਿਹਾ ਸੀ ਪਰ ਛੇਤੀ ਹੀ ਉਸ ਨੇ ਕਿਸ਼ਨ ਦਾਸ ਵਾਲੇ ਚਾਲੇ ਫੜ ਲਏ। ਉਸ ਨੇ ਇਕ ਮੁਸਲਮਾਨ ਮਿਰਾਸਣ ਘਰ ਰੱਖ ਲਈ। ਇਸ ਤੋਂ ਦੋ ਮੁੰਡੇ ਤੇ ਦੋ ਕੁੜੀਆਂ ਜੰਮੀਆਂ। ਉਸ ਨੇ ਇਨ੍ਹਾਂ ਵਾਸਤੇ ਦੋ ਘਰ (ਇਕ ਨਾਨਕਾਣੇ ਤੇ ਦੂਜਾ ਰਾਮ ਗਲੀ ਲਾਹੌਰ) ਵਿਚ ਬਣਾ ਕੇ ਦਿੱਤੇ। ਅਗਸਤ ੧੯੧੭ ਵਿਚ ਨਰੈਣ ਦਾਸ ਨੇ ਵੀ ਕੰਜਰੀਆਂ ਮੰਗਵਾ ਕੇ ਉਨ੍ਹਾਂ ਦਾ ਨਾਚ-ਗਾਣਾ ਗੁਰਦੁਆਰੇ ਦੀ ਹਦੂਦ ਵਿਚ ਕਰਵਾਇਆ। ਸਾਰੇ ਪਾਸੇ ਸਿੰਘ ਸਭਾਵਾਂ ਨੇ ਇਸ ਦੀ ਨਿੰਦਾ ਕੀਤੀ। ੧੯੧੮ ਵਿਚ ਇਕ ਸਿੰਧੀ ਪਰਿਵਾਰ ਨਾਨਕਾਣਾ ਸਾਹਿਬ ਆਇਆ। ਸ਼ਾਮ ਨੂੰ ਜਿਸ ਵੇਲੇ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ ਤਾਂ ਇਕ ਪੁਜਾਰੀ ਨੇ ਉਸ ਦੀ ੧੩ ਸਾਲ ਦੀ ਧੀ ਦਾ ਰੇਪ ਕੀਤਾ ਪਰ ਮਹੰਤ ਨੇ ਇਸ 'ਤੇ ਕੋਈ ਐਕਸ਼ਨ ਨਾ ਲਿਆ। ਇਸੇ ਸਾਲ ਦੇ ਅਖ਼ੀਰ 'ਚ ਜੜ੍ਹਾਂਵਾਲਾ ਦੀਆਂ ਛੇ ਔਰਤਾਂ ਗੁਰਦੁਆਰੇ ਦੇ ਦਰਸ਼ਨਾਂ ਵਾਸਤੇ ਆਈਆਂ। ਮਹੰਤ ਤੇ ਪੁਜਾਰੀਆਂ ਨੇ ਇਨ੍ਹਾਂ ਛੇਆਂ ਨਾਲ ਜਬਰ-ਜਨਾਹ ਕੀਤਾ। ਅਜਿਹੀਆਂ ਹਰਕਤਾਂ ਹੋਰ ਵੀ ਕਈ ਵਾਰ ਹੋਈਆਂ ਸਨ ਪਰ ਲੋਕ ਬੇਇਜ਼ਤੀ ਤੋਂ ਡਰਦੇ ਦੱਸਦੇ ਨਹੀਂ ਸਨ।

ਇਸ ਮਾਹੌਲ ਵਿਚ ੧, ੨, ੩ ਅਕਤੂਬਰ ੧੯੨੦ ਨੂੰ ਪਿੰਡ ਧਾਰੋਵਾਲੀ ਵਿਚ ਇਕ ਵੱਡਾ ਇਕੱਠ ਹੋਇਆ। ਇਸ ਦੀਵਾਨ ਵਿਚ ਡਾ: ਕਿਚਲੂ, ਆਗਾ ਸਫ਼ਦਰ ਤੇ ਹੋਰ ਗ਼ੈਰ-ਸਿੱਖ ਆਗੂ ਵੀ ਸ਼ਾਮਿਲ ਹੋਏ। ਦੀਵਾਨ ਵਿਚ ਮਾ: ਮੋਤਾ ਸਿੰਘ, ਮਾ: ਸੁੰਦਰ ਸਿੰਘ ਲਾਇਲਪੁਰੀ, ਸ: ਦਾਨ ਸਿੰਘ ਵਛੋਆ, ਸ: ਜਸਵੰਤ ਸਿੰਘ ਝਬਾਲ ਤੇ ਹੋਰਨਾ ਨੇ ਲੈਕਚਰ ਕੀਤੇ ਅਤੇ ਨਾਨਕਾਣਾ ਸਾਹਿਬ ਦੀ ਹਾਲਤ ਬਾਰੇ ਫ਼ਿਕਰ ਜ਼ਾਹਿਰ ਕੀਤਾ। ਦੀਵਾਨ ਨੇ ਨਾਨਕਾਣਾ ਸਾਹਿਬ ਦੇ ਗੁਰਦੁਆਰੇ ਦੇ ਸੁਧਾਰ ਬਾਰੇ ਮਤਾ ਪਾਸ ਕੀਤਾ। ਜ: ਲਛਮਣ ਸਿੰਘ ਧਾਰੋਵਾਲੀ ਨੇ ਨਾਨਕਾਣਾ ਸਾਹਿਬ ਦੇ ਸੁਧਾਰ ਵਾਸਤੇ ਸ਼ਹੀਦੀ ਜਥਾ ਬਣਾਉਣ ਦਾ ਐਲਾਨ ਕੀਤਾ।

ਇਸ ਦੀਵਾਨ ਦੀ ਕਾਰਵਾਈ ਦੀ ਖ਼ਬਰ ਮਹੰਤ ਨਰੈਣ ਦਾਸ ਨੂੰ ਵੀ ਪੁੱਜੀ। ਉਸ ਨੇ ਆਪਣੇ ਆਪ ਨੂੰ ਸੁਧਾਰਨ ਦੀ ਬਜਾਇ, ਨਵੰਬਰ ਵਿਚ, ੪੦੦ ਗੁੰਡੇ ਇਕੱਠੇ ਕਰ ਲਏ ਤੇ ਉਨ੍ਹਾਂ ਨੂੰ ਤਨਖ਼ਾਹ 'ਤੇ ਰੱਖ ਲਿਆ। ਇਨ੍ਹਾਂ ਗੁੰਡਿਆਂ ਵਿਚ ਰਾਂਝਾ ਤੇ ਰਿਹਾਨਾ ਵਰਗੇ ਖ਼ੂੰਖ਼ਾਰ ਬਦਮਾਸ਼ ਤੇ ਕਾਤਿਲ ਵੀ ਸਨ। ਨਰੈਣ ਦਾਸ ਨੇ ਬਾਬਾ ਕਰਤਾਰ ਸਿੰਘ ਬੇਦੀ ਦੀ ਮਦਦ ਨਾਲ ਮਹੰਤਾਂ, ਸਾਧੂਆਂ, ਬੇਦੀਆਂ ਦਾ ਇਕ ਇਕੱਠ ੧੨ ਦਸੰਬਰ ੧੯੨੦ ਦੇ ਦਿਨ ਅਖਾੜਾ ਸੰਗਲ ਵਾਲਾ ਵਿਚ ਕੀਤਾ। ਮਹੰਤ ਗੋਬਿੰਦ ਦਾਸ (ਜਮਸ਼ੇਰ) ਦੀ ਸਦਾਰਤ ਹੇਠ ੫੩ ਮਹੰਤ ਇਸ ਇਕੱਠ ਵਿਚ ਸ਼ਾਮਿਲ ਹੋਏ। ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਅਕਾਲੀਆਂ ਦਾ ਟਾਕਰਾ ਜ਼ੋਰ-ਸ਼ੋਰ ਨਾਲ ਕੀਤਾ ਜਾਵੇ। ਮਹੰਤ ਨਰੈਣ ਦਾਸ ਨੇ ਬੇਦੀ ਕਰਤਾਰ ਸਿੰਘ ਨਾਲ ਰਲ ਕੇ ੬੦ ਹਜ਼ਾਰ ਰੁਪੈ ਵੀ ਇਕੱਠੇ ਕੀਤੇ ਅਤੇ ਲਾਹੌਰ ਤੋਂ ਹਫ਼ਤਾਵਾਰੀ 'ਸੰਤ ਸੇਵਕ' ਅਖ਼ਬਾਰ ਵੀ ਸ਼ੁਰੂ ਕੀਤਾ। ਇਹ ਅਖ਼ਬਾਰ ਮੁਫ਼ਤ ਵੰਡਿਆ ਜਾਂਦਾ ਸੀ। ਇਸ ਅਖ਼ਬਾਰ ਵਿਚ ਅਕਾਲੀ ਲਹਿਰ ਦੇ ਖ਼ਿਲਾਫ਼ ਪ੍ਰਾਪੇਗੰਡਾ ਕੀਤਾ ਜਾਂਦਾ ਸੀ। ਇਸ ਦੇ ਨਾਲ ਹੀ ਮਹੰਤਾਂ ਨੇ ਆਪਣੀ ਵੱਖਰੀ 'ਗੁਰਦੁਆਰਾ ਕਮੇਟੀ' ਵੀ ਬਣਾ ਲਈ। ਇਹ ਕਮੇਟੀ ਸਿਰਫ਼ ਦਿਖਾਵੇ ਵਾਸਤੇ ਹੀ ਸੀ ਤੇ ਇਸ ਦਾ ਕੋਈ ਰੋਲ ਨਹੀਂ ਸੀ। ਇਸ ਕਮੇਟੀ ਦਾ ਪ੍ਰਧਾਨ ਮਹੰਤ ਨਰੈਣ ਦਾਸ ਅਤੇ ਸਕੱਤਰ ਬਸੰਤ ਦਾਸ ਮਾਣਕ ਬਣਿਆ।

ਮਹੰਤ ਨੇ ਨਵੰਬਰ ੧੯੨੦ ਵਿਚ ਅਕਾਲੀਆਂ ਵੱਲੋਂ ਗੁਰਦੁਆਰੇ 'ਤੇ ਕਬਜ਼ਾ ਕੀਤੇ ਜਾਣ ਦੇ ਖ਼ਦਸ਼ੇ ਨੂੰ ਸਾਹਵੇਂ ਰੱਖਦਿਆਂ ੪੦੦ ਬੰਦੇ ਇਕੱਠੇ ਕਰ ਲਏ ਸਨ। ੨੫-੨੬ ਨਵੰਬਰ ੧੯੨੦ ਦੇ ਦਿਨ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੇ ਮੌਕੇ 'ਤੇ ਇਹ ਸਾਰੇ ਗੁੰਡੇ ਗੁਰਦੁਆਰੇ ਦੇ ਅੰਦਰ ਤੇ ਆਲੇ-ਦੁਆਲੇ ਜਮ੍ਹਾਂ ਕੀਤੇ ਹੋਏ ਸਨ ਪਰ ਉਸ ਦਿਨ ਅਕਾਲੀਆਂ ਦਾ ਗੁਰਦੁਆਰੇ 'ਤੇ ਕਬਜ਼ਾ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਇਸ ਦੇ ਬਾਵਜੂਦ ਮਹੰਤ ਨੇ ਉਸ ਦਿਨ ਕਿਸੇ ਵੀ ਸਿੱਖ ਨੂੰ ਕਿਰਪਾਨ ਲੈ ਕੇ ਗੁਰਦੁਆਰੇ ਦੇ ਅੰਦਰ ਨਾ ਜਾਣ ਦਿੱਤਾ। ਇਸ ਦਿਨ ਭਾਈ ਲਛਮਣ ਸਿੰਘ ਧਾਰੋਵਾਲੀ ਕੁਝ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰੇ ਆਏ। ਅਜੇ ਉਹ ਅੰਦਰ ਵੜੇ ਹੀ ਸਨ ਕਿ ਮਹੰਤ ਦੇ ਗੁੰਡਿਆਂ ਨੇ ਛਵ੍ਹੀਆਂ ਤੇ ਟਕੂਏ ਹੱਥਾਂ ਵਿਚ ਫੜੀ ਉਨ੍ਹਾਂ ਨੂੰ ਘੇਰ ਲਿਆ। ਉਸ ਵੇਲੇ ਡਿਪਟੀ ਕਮਿਸ਼ਨਰ ਅਤੇ ਸੁਪਰਡੈਂਟ ਸੀ. ਆਈ. ਡੀ. ਉੱਥੇ ਹਾਜ਼ਿਰ ਸਨ। ਇਸ ਕਰ ਕੇ ਇਕ ਵਾਰ ਤਾਂ ਸਾਕਾ ਹੋਣੋਂ ਰੁਕ ਗਿਆ ਵਰਨਾ ੨੦ ਫ਼ਰਵਰੀ ੧੯੨੧ ਦਾ ਸਾਕਾ ੨੬ ਨਵੰਬਰ ੧੯੨੦ ਦੇ ਦਿਨ ਹੀ ਵਾਪਰ ਜਾਣਾ ਸੀ। ਗੁਰਪੁਰਬ ਤੋਂ ਮਗਰੋਂ ਮਹੰਤ ਨੇ ਬਹੁਤੇ ਬੰਦੇ ਵਾਪਿਸ ਭੇਜ ਦਿੱਤੇ ਪਰ ਰਾਂਝਾ, ਸਾਖੂ ਤੇ ਕਾਨ੍ਹਾ ਵਰਗੇ ਖ਼ੂੰਖ਼ਾਰ ਬੰਦੇ ਆਪਣੇ ਕੋਲ ਰੱਖ ਲਏ। ਇਸ ਮਗਰੋਂ ਮਹੰਤ ਨੇ ਨਾਨਕਾਣਾ ਸਾਹਿਬ ਵਿਚ ਕਿਲ੍ਹਾਬੰਦੀ ਕਰ ਲਈ। ਉਸ ਨੇ ਗੁਰਦੁਆਰੇ ਨੂੰ ਹਰ ਪਾਸਿਓਂ ਜੰਗੀ ਹਮਲੇ ਵਾਲੀ ਹਿਫ਼ਾਜ਼ਤ ਦੇ ਹਿਸਾਬ ਨਾਲ ਮਜ਼ਬੂਤ ਕਰ ਲਿਆ ਤੇ ਅੰਦਰ ਅਸਲੇ ਦਾ ਭੰਡਾਰ ਵੀ ਇਕੱਠਾ ਕਰ ਲਿਆ। ਇਸ ਸਾਰੇ ਦੀ ਖ਼ਬਰ ਕਮਿਸ਼ਨਰ ਕਿੰਗ, ਹੋਰਨਾਂ ਪੁਲੀਸ ਤੇ ਸੀ. ਆਈ. ਡੀ. ਅਫ਼ਸਰਾਂ, ਡਿਪਟੀ ਕਮਿਸ਼ਨਰ ਅਤੇ ਗਵਰਨਰ ਨੂੰ ਵੀ ਸੀ ਪਰ ਉਨ੍ਹਾਂ ਨੇ ਚੁੱਪ ਵੱਟੀ ਹੋਈ ਸੀ। ਮਹੰਤ ਦੀ ਇਸ ਸਾਰੀ ਕਾਰਵਾਈ ਤੇ ਪਲਾਨਿੰਗ ਬਾਰੇ ਸਿੱਖ ਆਗੂ ਵੀ ਜਾਣਦੇ ਸਨ ਅਤੇ ਉਨ੍ਹਾਂ ਨੇ ਇਸ ਬਾਰੇ ਦੀਵਾਨਾਂ ਵਿਚ ਅਤੇ ਪ੍ਰੈਸ ਵਿਚ ਵੀ ਵਾਰਨਿੰਗ ਦਿੱਤੀ ਹੋਈ ਸੀ। ਇਸ ਸਾਰੇ ਮਾਹੌਲ ਵਿਚ ੨੪ ੧੯੨੧ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਹੋਈ। ਇਸ ਵਿਚ ਨਾਨਕਾਣਾ ਸਾਹਿਬ ਦੀ ਹਾਲਤ 'ਤੇ ਵਿਚਾਰਾਂ ਹੋਈਆਂ। ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ੪-੫-੬ ਮਾਰਚ ੧੯੨੧ ਦੇ ਦਿਨ ਨਾਨਕਾਣਾ ਸਾਹਿਬ ਵਿਚ ਇਕ ਦੀਵਾਨ ਕੀਤਾ ਜਾਏ ਅਤੇ ਮਹੰਤ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ ਜਾਵੇ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧ ਵਿਚ ਇਕ ਚਿੱਠੀ ਵੀ ਜਾਰੀ ਕੀਤੀ ਜਿਸ ਵਿਚ ਸਰਕਰਦਾ ਸਿੱਖਾਂ ਨੂੰ ਅਪੀਲ ਕੀਤੀ ਗਈ ਸੀ ਉਹ ਮਹੰਤ ਨੂੰ ਸਮਝਾਉਣ

ਕਿ ਉਹ ਗੁਰਦੁਆਰਾ ਪੰਥ ਦੇ ਹਵਾਲੇ ਕਰ ਦੇਵੇ। ਇਹ ਚਿੱਠੀ ਪੰਜਾਬ ਸਰਕਾਰ, ਸਿੱਖ ਰਾਜਿਆਂ ਸਰਕਾਰੀ ਅਫ਼ਸਰਾਂ ਅਤੇ ਸਰਕਰਦਾ ਸ਼ਖ਼ਸੀਅਤਾਂ ਨੂੰ ਭੇਜੀ ਗਈ ਸੀ। ੬ ਫਰਵਰੀ ਨੂੰ ਸ਼੍ਰੋਮਣੀ ਕਮੇਟੀ ਨੇ ਭਾਈ ਲਛਮਣ ਸਿੰਘ ਧਾਰੋਵਾਲੀ, ਸ: ਦਲੀਪ ਸਿੰਘ ਸਾਂਗਲਾ, ਸ: ਤੇਜਾ ਸਿੰਘ ਸਮੁੰਦਰੀ, ਜ: ਕਰਤਾਰ ਸਿੰਘ ਝੱਬਰ ਤੇ ਸ: ਬਖ਼ਸ਼ੀਸ਼ ਸਿੰਘ ਦੀ ਇਕ ਕਮੇਟੀ ਬਣਾ ਦਿੱਤੀ ਤਾਂ ਜੋ ਉਹ ੪-੫-੬ ਮਾਰਚ ਦੇ ਦੀਵਾਨ ਵਿਚ ਸ਼ਾਮਿਲ ਹੋਣ ਵਾਲੀਆਂ ਲੱਖਾਂ ਸੰਗਤਾਂ ਵਾਸਤੇ ਲੰਗਰ ਦਾ ਇੰਤਜ਼ਾਮ ਕਰੇ।

ਅਕਾਲੀ ਕਾਨਫ਼ਰੰਸ ਦੇ ਐਲਾਨ ਤੋਂ ਮਹੰਤ ਡਰ ਗਿਆ। ਉਸ ਨੇ ਜ: ਝੱਬਰ ਨਾਲ ਗੱਲਬਾਤ ਕਰਨ ਵਾਸਤੇ ਵਿਚੋਲੇ ਪਾਏ। ਮਹੰਤ ਨੇ ਆਪਣੀ ਤਰਫ਼ੋਂ ਪੇਸ਼ਕਸ਼ ਕੀਤੀ ਕਿ ਉਹ ਨਾਨਕਾਣਾ ਸਾਹਿਬ ਵਾਸਤੇ ਇਕ ਕਮੇਟੀ ਮੰਨਣ ਵਾਸਤੇ ਤਿਆਰ ਹੈ, ਬਸ਼ਰਤੇ ਕਿ (੧) ਉਸ ਨੂੰ ਕੱਢਿਆ ਨਾ ਜਾਵੇ (੨) ਉਹ ਵੀ ਕਮੇਟੀ ਦਾ ਮੈਂਬਰ ਹੋਵੇ ਅਤੇ (੩) ਉਸ ਨੂੰ ਤਨਖ਼ਾਹ ਦੀ ਬਜਾਇ ਆਮਦਨ ਦਾ ਇਕ ਹਿੱਸਾ ਦਿੱਤਾ ਜਾਇਆ ਕਰੇ। ਜ: ਝੱਬਰ ਨੇ ਮਹੰਤ ਦੀ ਪਹਿਲੀ ਤੇ ਤੀਜੀ ਸ਼ਰਤ ਮੰਨ ਲਈ ਪਰ ਦੂਜੀ ਸ਼ਰਤ ਬਾਰੇ ਉਸ ਨੂੰ ਕਿਹਾ ਗਿਆ ਕਿ ਇਸ ਦਾ ਫ਼ੈਸਲਾ ਸ਼੍ਰੋਮਣੀ ਕਮੇਟੀ ਹੀ ਕਰ ਸਕਦੀ ਹੈ। ਜਦੋਂ ਇਸ ਦੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਤਾਂ ਕਮੇਟੀ ਨੇ ਮਹੰਤ ਨਾਲ ਗੱਲਬਾਤ ਕਰਨ ਵਾਸਤੇ ਇਕ ਸਬ-ਕਮੇਟੀ ਬਣਾ ਦਿੱਤੀ। ਇਸ ਕਮੇਟੀ ਵਿਚ ਜ: ਕਰਤਾਰ ਸਿੰਘ ਝੱਬਰ, ਭਾਈ ਜੋਧ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸ: ਬੂਟਾ ਸਿੰਘ ਵਕੀਲ ਤੇ ਬਾਬਾ ਕਿਹਰ ਸਿੰਘ ਪੱਟੀ ਸ਼ਾਮਿਲ ਸਨ। ਇਸ ਕਮੇਟੀ ਨੇ ਮਹੰਤ ਨੂੰ ਗੱਲਬਾਤ ਕਰਨ ਵਾਸਤੇ ੭-੮-੯ ਫ਼ਰਵਰੀ ੧੯੨੧ ਦੇ ਦਿਨ ਗੁ. ਖਰਾ ਸੌਦਾ ਵਿਚ ਬੁਲਾ ਲਿਆ।

ਮਹੰਤ ਨੇ ਸਿੱਖਾਂ ਦਾ ਧਿਆਨ ਗੱਲਬਾਤ ਵਿਚ ਲਾ ਕੇ ਜੰਗੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ੨੮ ਪਠਾਣ ਤਨਖ਼ਾਹ ਤੇ ਰੱਖ ਲਏ। ਭਾਈ ਫੇਰੂ ਅਤੇ ਮਾਝੇ ਦੇ ਹੋਰ ਇਲਾਕਿਆਂ ਤੋਂ ਮਹੰਤ ਦਾ ਭਤੀਜਾ ਖ਼ੂੰਖਾਰ ਕਾਤਲ ਭਾੜੇ 'ਤੇ ਲੈ ਆਇਆ ਹੁਣ ਉਸ ਨੇ ਨਾਨਕਾਣਾ ਸਾਹਿਬ ਦਾ ਬਾਹਰਲਾ ਲੱਕੜ ਦਾ ਦਰਵਾਜ਼ਾ ਹਟਾ ਕੇ ਇਕ ਲੋਹੇ ਦਾ ਗੇਟ ਲਾ ਲਿਆ। ਗੇਟ ਵਿੱਚੋਂ ਗੋਲੀਆਂ ਚਲਾਉਣ ਵਾਸਤੇ ਛੇਕ ਰੱਖ ਲਏ। ਗੁਰਦੁਆਰੇ ਦੇ ਆਲੇ ਦੁਆਲੇ ਦੇ ਕਮਰਿਆਂ ਦੀਆਂ ਦੀਵਾਰਾਂ ਵਿਚ ਵੀ ਗੋਲੀਆਂ ਚਲਾਉਣ ਵਾਸਤੇ ਛੇਕ ਤੇ ਝਰੋਖੇ ਬਣਾ ਲਏ। ਇਸ ਦੇ ਨਾਲ ਹੀ ਮਹੰਤ ਨੇ ਬਾਕੀ ਮਹੰਤਾਂ, ਬੇਦੀਆਂ ਤੇ ਕੂਕਿਆਂ ਨਾਲ ਵੀ ਰਾਬਤਾ ਬਣਾ ਲਿਆ। ੭ ਫਰਵਰੀ ੧੯੨੧ ਦੇ ਦਿਨ ਮਹੰਤ ਨੇ ਆਪਣੇ ਬੰਦਿਆਂ ਅਤੇ ਹਮਾਇਤੀਆਂ ਦਾ ਇਕ ਇਕੱਠ ਗੁਰਦੁਆਰਾ ਜਨਮ ਅਸਥਾਨ ਦੀ ਹਦੂਦ ਵਿਚ ਬੁਲਾਇਆ। ਇਸ ਵਿਚ ਉਸ ਦੇ ਲਿਆਂਦੇ ਸਾਰੇ ਗੁੰਡੇ ਤੇ ਕਾਤਲਾਂ ਤੋਂ ਸਿਵਾ ਨਾਨਕਾਣਾ ਸਾਹਿਬ ਦੇ ਭੱਟੀ ਮੁਸਲਮਾਨ, ਬੇਦੀ ਕਰਤਾਰ ਸਿੰਘ ਤੇ ਕੂਕਾ ਮੰਗਲ ਸਿੰਘ ਅਤੇ ਹੋਰ ਕਈ ਬੰਦੇ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਨੇ ਕਸਮਾਂ ਖਾਧੀਆਂ ਕਿ ਅਕਾਲੀਆਂ ਨਾਲ ਲੜਾਈ ਦੀ ਸੂਰਤ ਵਿਚ ਉਹ ਸਾਰੇ ਮਹੰਤ ਦਾ ਸਾਥ ਦੇਣਗੇ।

੭ ਫਰਵਰੀ ਨੂੰ ਮਹੰਤ ਨੇ ਆਪਣੀ ਇਹ ਖੁਫ਼ੀਆ ਮੀਟਿੰਗ ਬੁਲਾਈ ਹੋਈ ਸੀ ਤੇ ਦੂਜੇ ਪਾਸੇ ਉਸ ਨੇ ਅਕਾਲੀਆਂ ਨਾਲ ਹੋਈ ਮੀਟਿੰਗ ਵਿਚ ਆਪ ਜਾਣ ਦੀ ਬਜਾਇ ਆਪਣੇ ਬੰਦਿਆਂ ਸੁੰਦਰ ਦਾਸ ਤੇ ਹਰੀ ਦਾਸ ਨੂੰ ਖਰਾ ਸੌਦਾ ਭੇਜ ਦਿੱਤਾ ਤੇ ਅਕਾਲੀਆਂ ਨੂੰ ਆਖਿਆ ਕਿ ਉਹ ਉਨ੍ਹਾਂ ਨੂੰ ੧੫ ਫ਼ਰਵਰੀ ਨੂੰ ਸ਼ੇਖ਼ੂਪੁਰਾ ਵਿਚ ਮਿਲੇਗਾ। ਜ: ਝੱਬਰ ਜਦੋਂ ੧੪ ਫਰਵਰੀ ਨੂੰ ਸ਼ੇਖ਼ੂਪੁਰਾ ਪੁੱਜੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਹੰਤ ਨਹੀਂ ਆ ਰਿਹਾ। ਮਹੰਤ ਦੇ ਸਾਥੀ ਜੀਵਨ ਦਾਸ ਨੇ ਜ: ਝੱਬਰ ਨੂੰ ਦੱਸਿਆ ਕਿ ਮਹੰਤ ਉਨ੍ਹਾਂ ਨੂੰ ਅਤੇ ਸ: ਬੂਟਾ ਸਿੰਘ ਨੂੰ ਲਾਹੌਰ ਮਿਲੇਗਾ। ਇਹ ਮੀਟਿੰਗ ੧੫ ਫਰਵਰੀ ਸਵੇਰੇ ੧੦ ਵਜੇ ਸ: ਅਮਰ ਸਿੰਘ ਲਾਇਲ ਗਜ਼ਟ ਦੇ ਘਰ ਮਿੱਥੀ ਗਈ ਸੀ। ਮਹੰਤ ਇਸ ਮੀਟਿੰਗ 'ਤੇ ਵੀ ਨਾ ਆਇਆ। ਦਰਅਸਲ ਮਹੰਤ ਅਕਾਲੀਆਂ ਨੂੰ ਟਰਕਾ ਕੇ ਉਨ੍ਹਾਂ ਦਾ ਧਿਆਨ ਆਪਣੀ ਪਲਾਨਿੰਗ ਵੱਲੋਂ ਹਟਾ ਰਿਹਾ ਸੀ। ੧੪ ਫਰਵਰੀ ਨੂੰ ਮਹੰਤ ਨੇ ਇਕ ਹੋਰ ਮੀਟਿੰਗ ਕੀਤੀ ਸੀ, ਜਿਸ ਵਿਚ ੫ ਮਾਰਚ ਦੇ ਅਕਾਲੀ ਇਕੱਠ ਵਿਚ ਸਾਰੇ ਸਿੱਖ ਆਗੂਆਂ ਨੂੰ ਕਤਲ ਕਰਨ ਦਾ ਪ੍ਰੋਗਰਾਮ ਸੀ। ਜ: ਝੱਬਰ ਦਾ ਇਕ ਸੂਹੀਆ ਮਹੰਤ ਕੋਲ ਰਿਹਾ ਕਰਦਾ ਸੀ। ਉਸ ਨੇ ਮਹੰਤ ਦੀ ਸਾਜਿਸ਼ ਦੀ ਖ਼ਬਰ ਝੱਬਰ ਨੂੰ ਆ ਦੱਸੀ। ਜ: ਝੱਬਰ ਉਸੇ ਵੇਲੇ ਖਰਾ ਸੌਦਾ ਗਿਆ ਅਤੇ ਆਪਣੇ ਸਾਥੀਆਂ ਨਾਲ ਵਿਚਾਰ ਕੀਤੀ। ਉਨ੍ਹਾਂ ਨੇ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਸ: ਬੂਟਾ ਸਿੰਘ ਨੂੰ ਸੱਦ ਭੇਜਿਆ। ਇਹ ਸਾਰੇ ਜਣੇ ੧੭ ਫ਼ਰਵਰੀ ਨੂੰ ਮਿਲੇ ਤੇ ਫੈਸਲਾ ਹੋਇਆ ਕਿ ਮਹੰਤ ਦੀ ਨਾਪਾਕ ਸਾਜਿਸ਼

ਨੂੰ ਫੇਲ੍ਹ ਕਰਨ ਵਾਸਤੇ ੧੯-੨੦ ਤਾਰੀਖ਼ ਦੀ ਰਾਤ ਨੂੰ ਨਾਨਕਾਣਾ ਸਾਹਿਬ ਪਹੁੰਚ ਕੇ ੨੦ ਫ਼ਰਵਰੀ ਨੂੰ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਜਾਵੇ। ਉਨ੍ਹਾਂ ਨੂੰ ਪਤਾ ਸੀ ਕਿ ਮਹੰਤ ੧੯-੨੦ ਫਰਵਰੀ ਨੂੰ ਲਾਹੌਰ ਵਿਚ ਹੋਣ ਵਾਲੀ "ਸਨਾਤਨੀ ਸਿੱਖ ਕਾਨਫ਼ਰੰਸ" ਵਿਚ ਹਿੱਸਾ ਲੈਣ ਜਾ ਰਿਹਾ ਹੈ। ਇਸ ਮੀਟਿੰਗ ਵਿਚ ਸਾਰੇ ਬੇਦੀ, ਸੋਢੀ ਭੱਲੇ, ਉਦਾਸੀ, ਨਿਰਮਲੇ, ਨਾਮਧਾਰੀ, ਨਿਹੰਗ, ਅੱਡਣ ਸ਼ਾਹੀਏ, ਸੁਥਰਾ ਸ਼ਹੀਏ, ਗਹਿਰ ਗੰਭੀਰੀਏ, ਨਿਰੰਕਾਰੀ, ਚਰਨਦਾਸੀਏ, ਸਨਾਤਨੀ ਮਹੰਤ, ਪੁਜਾਰੀ ਤੇ ਸਾਧ ਬੁਲਾਏ ਗਏ, ਇਸ ਮੀਟਿੰਗ ਦੀ ਸਦਾਰਤ ਬਾਬਾ ਕਰਤਾਰ ਸਿੰਘ ਬੇਦੀ ਨੇ ਕਰਨੀ ਸੀ। ਇਸ ਵਿਚ ਅਕਾਲੀਆਂ ਦਾ ਟਾਕਰਾ ਕਰਨ ਵਾਸਤੇ ਸਾਂਝੀ ਐਕਸ਼ਨ ਪਲਾਨ ਤਿਆਰ ਕੀਤੀ ਜਾਣੀ ਸੀ।

੧੭ ਫਰਵਰੀ ਦੀ ਮੀਟਿੰਗ ਵਿਚ ਜ: ਝੱਬਰ, ਜ: ਲਛਮਣ ਸਿੰਘ ਤੇ ਬੂਟਾ ਸਿੰਘ ਸ਼ੇਖ਼ੂਪੁਰਾ ਨੇ ਪਲਾਨ ਕੀਤਾ ਸੀ ਕਿ ਸ: ਬੂਟਾ ਸਿੰਘ ੧੯ ਫਰਵਰੀ ਨੂੰ ਨਾਨਕਾਣਾ ਸਾਹਿਬ ਪਹੁੰਚ ਜਾਵੇਗਾ। ਉਸੇ ਰਾਤ ਜ: ਲਛਮਣ ਸਿੰਘ ਦਾ ਜਥਾ ਚੰਦਰਕੋਟ ਪਹੁੰਚ ਜਾਵੇਗਾ। (ਚੰਦਰਕੋਟ ਨਾਨਕਾਣਾ ਸਾਹਿਬ ਤੋਂ ਕੁਝ ਕੁ ਕਿਲੋਮੀਟਰ ਹੈ)। ਦੂਜੇ ਪਾਸਿਓਂ ਜ: ਝੱਬਰ ਦਾ ਜਥਾ ਆ ਜਾਏਗਾ ਤੇ ਦੋਵੇਂ ਜਥੇ ੨੦ ਫਰਵਰੀ ਦੀ ਸਵੇਰ ਨੂੰ ਨਾਨਕਾਣਾ ਸਾਹਿਬ ਗੁਰਦੁਆਰੇ ਦਾ ਕਬਜ਼ਾ ਲੈ ਲੈਣਗੇ। ਮੀਟਿੰਗ ਮਗਰੋਂ ਭਾਈ ਬੂਟਾ ਸਿੰਘ ਲਾਇਲਪੁਰ ਗਏ, ਕੁਝ ਸਾਥੀਆਂ ਨਾਲ ਸਲਾਹ ਕੀਤੀ ਅਤੇ ਫੇਰ ਨਾਨਕਾਣੇ ਆ ਗਏ। ਉਧਰ ਸ: ਹਰਚੰਦ ਸਿੰਘ, ਸ: ਤੇਜਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਆਪਸ ਵਿਚ ਮਸ਼ਵਰਾ ਕਰ ਕੇ ਫੈਸਲਾ ਕੀਤਾ ਕਿ ਨਾਨਕਾਣਾ ਸਾਹਿਬ ਤੇ ਇੰਝ ਕਬਜ਼ਾ ਨਾ ਕੀਤਾ ਜਾਏ। ਉਨ੍ਹਾਂ ਹੋਰ ਆਗੂਆ ਨਾਲ ਗੱਲਬਾਤ ਕਰਨ ਵਾਸਤੇ ੧੯ ਫ਼ਰਵਰੀ ਨੂੰ ਲਾਹੌਰ ਵਿਚ ਮੀਟਿੰਗ ਬੁਲਾ ਲਈ। ਇਸ ਮੀਟਿੰਗ ਵਿਚ ਸ: ਸਰਦੂਲ ਸਿੰਘ ਕਵੀਸ਼ਰ, ਮਾ: ਸੁੰਦਰ ਸਿੰਘ ਲਾਇਲਪੁਰ, ਸ: ਜਸਵੰਤ ਸਿੰਘ ਝਬਾਲ ਤੇ ਸ: ਦਲੀਪ ਸਿੰਘ ਸਾਂਗਲਾ ਵੀ ਹਾਜ਼ਿਰ ਸਨ। ਇਸ ਮੀਟਿੰਗ ਨੇ ਫ਼ੈਸਲਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਰੱਖੇ ਦੀਵਾਨ ਤੋਂ ਪਹਿਲਾਂ ਕੋਈ ਜਥਾ ਨਾਨਕਾਣਾ ਸਾਹਿਬ 'ਤੇ ਕਬਜ਼ਾ ਨਾ ਕਰੇ। ਮੀਟਿੰਗ ਨੇ ਭਾਈ ਦਲੀਪ ਸਿੰਘ ਤੇ ਸ: ਜਸਵੰਤ ਸਿੰਘ ਦੀ ਡਿਊਟੀ ਲਾਈ ਕਿ ਉਹ ਜ: ਝੱਬਰ ਨੂੰ ਰੋਕਣ ਵਾਸਤੇ ਖਰਾ ਸੌਦਾ ਜਾਣ। ਜਦੋਂ ਭਾਈ ਦਲੀਪ ਸਿੰਘ ਖਰਾ ਸੌਦਾ ਪੁੱਜੇ ਤਾਂ ਜ: ਝੱਬਰ ਜਾ ਚੁੱਕੇ ਸਨ। ਇੱਥੋਂ ਉਹ ਚੰਦਰਕੋਟ ਗਏ। ਉਧਰ ਸ: ਤੇਜਾ ਸਿੰਘ ਨੜਾਲੀ ਵੀ ੬੦ ਸਿੰਘਾਂ ਨੂੰ ਲੈ ਕੇ ਪੁੱਜ ਗਏ। ਸਾਰਿਆਂ ਨੇ ਮਿਲ ਕੇ ਜ: ਝੱਬਰ ਨੂੰ ਰੋਕ ਲਿਆ। ਮਗਰੋਂ ਉਨ੍ਹਾਂ ਨੇ ਸ: ਦਲੀਪ ਸਿੰਘ ਤੇ ਸ: ਵਰਿਆਮ ਸਿੰਘ ਦੀ ਡਿਊਟੀ ਲਾਈ ਕਿ ਉਹ ਜ: ਝੱਬਰ ਦੀ ਚਿੱਠੀ ਲਿਜਾ ਕੇ ਸ: ਲਛਮਣ ਸਿੰਘ ਨੂੰ ਦੇ ਕੇ ਜਥੇ ਨੂੰ ਕਬਜ਼ਾ ਕਰਨ ਜਾਣ ਤੋਂ ਰੋਕ ਲੈਣ। ਸ: ਦਲੀਪ ਸਿੰਘ ਸ: ਉਤਮ ਸਿੰਘ ਕਾਰਖਾਨੇਦਾਰ ਦੇ ਘਰ ਚਲੇ ਗਏ ਤੇ ਸ: ਵਰਿਆਮ ਸਿੰਘ ਦੀ ਡਿਊਟੀ ਲਾ ਗਏ ਕਿ ਉਹ ਨਾਨਕਾਣਾ ਸਾਹਿਬ ਦੇ ਬਾਹਰ ਫਾਟਕ 'ਤੇ ਸ: ਲਛਮਣ ਸਿੰਘ ਨੂੰ ਰੋਕਣ। ਉਧਰ ਮਾਸਟਰ ਤਾਰਾ ਸਿੰਘ ਨੇ ਵੀ ਜ: ਲਛਮਣ ਸਿੰਘ ਦੇ ਜਥੇ ਨੂੰ ਰੋਕਣ ਜਾਣਾ ਸੀ। ਇਤਫ਼ਾਕ ਨਾਲ ਮਾਸਟਰ ਤਾਰਾ ਸਿੰਘ ਸਵੇਰੇ ਦੇਰ ਨਾਲ ਉਠੇ ਤੇ ਗੱਡੀ ਨਾ ਫੜ ਸਕੇ। ਉਧਰ ਜ: ਲਛਮਣ ਸਿੰਘ ਆਪਣੇ ਨਾਲ ੧੫੦ ਸਿੰਘ ਲੈ ਕੇ ਨਾਨਕਾਣਾ ਸਾਹਿਬ ਸ਼ਹਿਰ ਦੇ ਬਾਹਰ ਭੱਠੇ ਕੋਲ ਪੁੱਜ ਗਏ। ਇੱਥੇ ਆਪ ਨੂੰ ਭਾਈ ਵਰਿਆਮ ਸਿੰਘ ਨੇ ਸ: ਦਲੀਪ ਸਿੰਘ ਦਾ ਸੁਨੇਹਾ ਦਿੱਤਾ ਜਿਸ ਵਿਚ ਆਪ ਨੂੰ ਨਾਨਕਾਣਾ ਸਾਹਿਬ ਕਬਜ਼ਾ ਕਰਨ ਤੋਂ ਰੋਕਿਆ ਹੋਇਆ ਸੀ। ਸ: ਲਛਮਣ ਸਿੰਘ ਨੇ ਚਿੱਠੀ ਪੜ੍ਹੀ ਅਤੇ ਵਾਪਿਸ ਮੁੜਨ ਦਾ ਫ਼ੈਸਲਾ ਕਰ ਲਿਆ ਪਰ ਇਸ ਜਥੇ ਦੇ ਇਕ ਸਿੰਘ ਸ: ਟਹਿਲ ਸਿੰਘ ਨੇ ਕਿਹਾ ਕਿ ਭਾਵੇਂ ਅਸੀਂ ਗੁਰਦੁਆਰਿਆਂ 'ਤੇ ਕਬਜ਼ਾ ਨਾ ਕਰੀਏ ਪਰ ਸਾਨੂੰ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਉਸ ਨੇ ਕਿਹਾ ਕਿ ਅੱਜ ਬਿਕਰਮੀ ਸੰਮਤ ਮੁਤਾਬਿਕ ਗੁਰੂ ਹਰਿ ਰਾਇ ਸਾਹਿਬ ਦਾ ਜਨਮ ਦਿਨ ਹੈ ਤੇ ਇਸ ਮੁਬਾਰਕ ਮੌਕੇ 'ਤੇ ਗੁਰਦੁਆਰੇ ਮੱਥਾ ਜ਼ਰੂਰ ਟੇਕਣਾ ਚਾਹੀਦਾ ਹੈ। ਮਹੰਤ ਵੱਧ ਤੋਂ ਵੱਧ ਸਾਨੂੰ ਕਤਲ ਹੀ ਕਰ ਦੇਵੇਗਾ। ਸ: ਟਹਿਲ ਸਿੰਘ ਦੇ ਇਹ ਕਹਿਣ 'ਤੇ ਜਥੇ ਨੇ ਗੁਰਦੁਆਰੇ 'ਤੇ ਕਬਜ਼ੇ ਦਾ ਇਰਾਦਾ ਤਾਂ ਛੱਡ ਦਿੱਤਾ ਪਰ ਗੁਰਦੁਆਰੇ ਦੇ ਦਰਸ਼ਨ ਕਰਨ ਵਾਸਤੇ ਚਲ ਪਏ। ਉਹ ਸਵੇਰੇ ੬ ਵਜੇ ਗੁਰਦੁਆਰੇ ਪਹੁੰਚ ਗਏ।

ਉਧਰ ੧੯ ਫਰਵਰੀ ੧੯੨੧ ਨੂੰ ਬਾਅਦ ਦੁਪਹਿਰ ਮਹੰਤ ਨਾਨਕਾਣਾ ਸਾਹਿਬ ਸਟੇਸ਼ਨ 'ਤੇ ਪੌਣੇ ਚਾਰ ਵਜੇ ਲਾਹੌਰ ਜਾਣ ਵਾਲੀ ਗੱਡੀ ਫੜਨ ਵਾਸਤੇ ਪਹੁੰਚ ਚੁੱਕਾ ਸੀ। ਇਸ ਮੌਕੇ 'ਤੇ ਇਕ ਮੁਸਲਮਾਨ ਔਰਤ ਉਸ ਕੋਲ ਆਈ ਤੇ ਉਸ ਨੂੰ ਦੱਸਿਆ ਕਿ ਸਿੱਖਾਂ ਦਾ ਇਕ ਜਥਾ ਬੁੱਚੇਆਣਾ ਪਹੁੰਚ ਚੁੱਕਿਆ ਹੈ। ਮਹੰਤ ਨੇ ਲਾਹੌਰ ਜਾਣ

ਦਾ ਪ੍ਰੋਗਰਾਮ ਕੈਂਸਲ ਕਰ ਦਿੱਤਾ ਅਤੇ ਵਾਪਿਸ ਆ ਕੇ ਸਾਰੇ ਗੁੰਡਿਆਂ ਨੂੰ ਟਕੂਏ ਤੇ ਹੋਰ ਹਥਿਆਰ ਵੰਡ ਦਿੱਤੇ। ਉਸ ਨੇ ਮਿੱਟੀ ਦਾ ਤੇਲ ਤੇ ਬਹੁਤ ਸਾਰੀ ਲੱਕੜ ਵੀ ਇਕੱਠੀ ਕਰ ਲਈ। ਉਸ ਕੋਲ ਚਾਰ ਬੰਦੂਕਾਂ ਵੀ ਸਨ। ਮਹੰਤ ਕੋਲ ਗੋਲੀਆਂ ਤੇ ਬਾਰੂਦ ਦਾ ਵੀ ਬੜਾ ਸਟਾਕ ਇਕੱਠਾ ਹੋਇਆ ਪਿਆ ਸੀ। ਗੁਰਦੁਆਰਾ ਤੇ ਇਸ ਦੇ ਆਲੇ-ਦੁਆਲੇ ਦੇ ਮਕਾਨਾਂ ਦੀਆਂ ਛੱਤਾਂ 'ਤੇ ਪੱਥਰਾਂ ਤੇ ਇੱਟਾਂ ਦੇ ਢੇਰ ਲਾ ਕੇ ਰੱਖੇ ਹੋਏ ਸਨ। ਮਹੰਤ ਨੂੰ ਇਹ ਹਰਕਤਾਂ ਕਰਦਿਆਂ ਸ: ਉਤਮ ਸਿੰਘ ਕਾਰਖਾਨੇਦਾਰ ਨੇ ਵੇਖ ਲਿਆ ਸੀ ਤੇ ਉਸ ਨੇ ਇਸ ਸਬੰਧੀ ਡਿਪਟੀ ਕਮਿਸ਼ਨਰ ਨੂੰ ਲਿਖਿਆ ਵੀ ਸੀ ਪਰ ਉਨ੍ਹਾਂ ਦੀ ਚਿੱਠੀ ਸਾਕਾ ਵਾਪਰਨ ਤੋਂ ਮਗਰੋਂ ਪੁੱਜੀ ਸੀ।

ਨਾਨਕਾਣਾ ਸਾਹਿਬ ਦਾ ਕਤਲੇਆਮ :

ਜ: ਲਛਮਣ ਸਿੰਘ ਧਾਰੋਵਾਲੀ ਦਾ ਜਥਾ ਸਵੇਰੇ ੬ ਵਜੇ ਗੁਰਦੁਆਰਾ ਜਨਮ ਅਸਥਾਨ ਵਿਚ ਪਹੁੰਚਿਆ ਸੀ। ਉਨ੍ਹਾਂ ਅੰਦਰ ਪਹੁੰਚ ਕੇ, ਮੱਥਾ ਟੇਕ ਕੇ, ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਕੀਰਤਨ ਜਾਰੀ ਰਿਹਾ। ਏਨੇ ਚਿਰ ਵਿਚ ਮਹੰਤ ਨੇ ਗੁੰਡਿਆਂ ਨੂੰ ਅਸਲਾ ਦੇ ਕੇ ਪੁਜੀਸ਼ਨਾਂ ਸੰਭਾਲ ਦਿੱਤੀਆਂ। ਮਹੰਤ ਨੇ ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ। ਥੋੜ੍ਹੀ ਚਿਰ ਵਿਚ ਹੀ ਮਹੰਤ ਨੇ ਉਹਨਾਂ ਨੂੰ ਕਤਲੇਆਮ ਦਾ ਹੁਕਮ ਜਾਰੀ ਕਰ ਦਿੱਤਾ। ਹੁਕਮ ਮਿਲਦਿਆਂ ਹੀ ਰਾਂਝਾ, ਰਿਹਾਨਾ ਤੇ ਦੋ ਹੋਰ ਕਾਤਿਲਾਂ ਨੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਣਾ ਸ਼ੁਰੂ ਕਰ ਦਿੱਤਾ। ਕੁਝ ਪਲਾਂ ਵਿਚ ਹੀ ੨੫-੨੬ ਸਿੰਘ ਸ਼ਹੀਦ ਹੋ ਗਏ। ਇਸ ਦੌਰਾਨ ਵੀ ਮਹੰਤ ਦੇ ਬਾਕੀ ਗੁੰਡੇ ਤੇ ਉਸ ਦੇ ਇਕੱਠੇ ਕੀਤੇ ਸਾਧੂ ਸਿੱਖਾਂ ਉੱਤੇ ਪੱਥਰਾਂ ਤੇ ਇੱਟਾਂ ਦਾ ਮੀਂਹ ਵਰ੍ਹਾਉਂਦੇ ਰਹੇ। ਇਨ੍ਹਾਂ ਗੁੰਡਿਆਂ ਦੀਆਂ ਚਲਾਈਆਂ ਗੋਲੀਆਂ ਵਿੱਚੋਂ ਕੁਝ ਗੁਰੂ ਗ੍ਰੰਥ ਸਾਹਿਬ ਨੂੰ ਵੀ ਲੱਗੀਆਂ। ਇਸ ਵੇਲੇ ੬੦ ਦੇ ਕਰੀਬ ਸਿੱਖ ਚੌਖੰਡੀ ਵਾਲੇ ਹਿੱਸੇ ਵਿਚ ਸਨ। ਉਨ੍ਹਾਂ ਨੇ ਅੰਦਰੋਂ ਕੁੰਡੇ ਮਾਰ ਲਏ। ਹੁਣ ਮਹੰਤ ਦੇ ਗੁੰਡੇ ਦਰਸ਼ਨੀ ਡਿਉੜੀ ਦੀ ਛੱਤ 'ਤੇ ਆ ਗਏ ਅਤੇ ਹੇਠਾਂ ਨਜ਼ਰ ਆਉਣ ਵਾਲੇ ਹਰ ਇਕ ਸਿੱਖ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਨ੍ਹਾਂ ਦੇਖਿਆਂ ਕਿ ਸਾਰੇ ਸਿੱਖ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਕਤਲ ਹੋ ਚੁੱਕੇ ਹਨ ਤਾਂ ਉਹ ਛੱਤ ਤੋਂ ਉਤਰ ਕੇ ਹੇਠਾਂ ਆ ਗਏ। ਹੁਣ ਉਨ੍ਹਾਂ ਬਾਹਰਲੇ ਗੇਟ ਖੋਲ੍ਹ ਦਿੱਤੇ। ਪੰਜ ਛੇ ਸਿੱਖ ਦਰਸ਼ਨੀ ਡਿਉੜੀ ਦੇ ਵਰਾਂਡੇ ਵਿਚ ਨਜ਼ਰ ਆਏ। ਉਨ੍ਹਾਂ 'ਤੇ ਗੋਲੀਆਂ ਚਲਾਈਆਂ ਗਈਆਂ। ਜੋ ਮਰਨੋਂ ਬਚ ਗਏ ਸਨ ਉਨ੍ਹਾਂ ਨੂੰ ਛਵ੍ਹੀਆਂ ਅਤੇ ਟੋਕਿਆਂ ਨਾਲ ਵੱਢ ਦਿੱਤਾ ਗਿਆ। ਇਕ ਹੋਰ ਕਮਰੇ ਵਿਚ ੨੫ ਕੁ ਸਿੱਖ ਸਨ। ਉਹ ਵੀ ਕਤਲ ਕਰ ਦਿੱਤੇ ਗਏ। ਏਨੇ ਵਿਚ ਕੁਝ ਹੋਰ ਸਿੱਖ ਬਾਹਰ ਆ ਪਹੁੰਚੇ। ਮਹੰਤ ਦੇ ਬੰਦੇ ਕੋਠਿਆਂ 'ਤੇ ਚੜ੍ਹ ਗਏ ਤੇ ਉਨ੍ਹਾਂ ਗੋਲਿਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਮੌਕੇ 'ਤੇ ਕੁਝ ਜ਼ਖ਼ਮੀ ਸਿੱਖ ਬਾਹਰ ਭੱਜਣ ਵਿਚ ਕਾਮਯਾਬ ਹੋ ਗਏ। ਦੋ ਸਿੱਖਾਂ ਨੂੰ ਪੌੜੀਆਂ ਚੜ੍ਹਦਿਆਂ ਜ਼ਖ਼ਮੀ ਕਰ ਕੇ ਕੋਠੇ ਤੋਂ ਸੁੱਟ ਕੇ ਮਾਰ ਦਿੱਤਾ ਗਿਆ। ਮਹੰਤ ਨਰੈਣ ਦਾਸ ਮੂੰਹ ਤੇ ਚਾਦਰ ਲਪੇਟੀ ਘੋੜੇ 'ਤੇ ਚੜ੍ਹਿਆ ਹੁਕਮ ਜਾਰੀ ਕਰ ਰਿਹਾ ਸੀ ਤੇ ਹਦਾਇਤਾਂ ਦੇ ਰਿਹਾ ਸੀ। ਉਹ ਆਖ ਰਿਹਾ ਸੀ ਕਿ ਇੱਕ ਵੀ ਸਿੱਖ ਜਿਉਂਦਾ ਨਾ ਰਹਿਣ ਦਿੱਤਾ ਜਾਵੇ। ਏਨੇ ਵਿਚ ਕੁਝ ਹੋਰ ਸਿੱਖ ਬਾਹਰੋਂ ਆਏ। ਮਹੰਤ ਨੇ ਉਨ੍ਹਾਂ ਨੂੰ ਵੀ ਕਤਲ ਕਰਨ ਦਾ ਹੁਕਮ ਦਿੱਤਾ। ਮਹੰਤ ਨੇ ਆਪ ਗੋਲੀ ਚਲਾ ਕੇ ਇਕ ਸਿੱਖ ਮਾਰ ਦਿੱਤਾ। ਉਸ ਦੇ ਬੰਦਿਆਂ ਨੇ ੫ ਹੋਰ ਸਿੱਖ ਮਾਰੇ। ਇਸ ਮਗਰੋਂ ਰਾਂਝੇ ਤੇ ਕੁਝ ਸਾਧੂਆਂ ਨੇ ਬਾਹਰੋਂ ਆਏ ਨਵੇਂ ਸਿੱਖਾਂ ਵਿੱਚੋਂ ਬਚ ਕੇ ਭੱਜੇ ਬੰਦਿਆਂ ਦਾ ਪਿੱਛਾ ਕੀਤਾ ਤੇ ਰੇਲਵੇ ਲਾਈਨ ਕੋਲ ਤਿੰਨ ਬੰਦੇ ਕਤਲ ਕਰ ਦਿੱਤੇ। ਇਕ ਜਾਂ ਦੋ ਸਿੱਖ ਖੇਤਾਂ ਵਿਚ ਵੀ ਕਤਲ ਕੀਤੇ ਗਏ। ਇਸ ਮਗਰੋਂ ਚੌਖੰਡੀ ਦਾ ਦਰਵਾਜ਼ਾ ਤੋੜ ਕੇ ਮਹੰਤ ਨੇ ਅੰਦਰਲੇ ਸਾਰੇ ਸਿੱਖ ਕਤਲ ਕਰ ਦਿੱਤੇ, ਸਿਰਫ਼ ਇਕ ੧੨ ਸਾਲ ਦਾ ਬੱਚਾ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠਾਂ ਲੁਕਿਆ, ਕਰ ਕੇ ਬਚ ਗਿਆ।

ਗੋਲੀਆਂ ਚਲਣ ਦੀ ਆਵਾਜ਼ ਸੁਣ ਕੇ ਭਾਈ ਦਲੀਪ ਸਿੰਘ ਸਾਹੋਵਾਲ, ਜੋ ਪੌਣਾ ਕਿਲੋਮੀਟਰ ਦੂਰ ਸ: ਉੱਤਮ ਸਿੰਘ ਕਾਰਖ਼ਾਨੇਦਾਰ ਦੇ ਘਰ ਬੈਠੇ ਸਨ, ਜਨਮ ਅਸਥਾਨ ਵੱਲ ਭੱਜੇ। ਉਹ ਤੇ ਭਾਈ ਵਰਿਆਮ ਸਿੰਘ ਗੁਰਦੁਆਰੇ ਪੁੱਜੇ ਤਾਂ ਉਸ ਵੇਲੇ ਮਹੰਤ ਬਾਹਰੋਂ ਆਏ ਨਵੇਂ ਸਿੱਖਾਂ ਨੂੰ ਕਤਲ ਕਰਨ ਦਾ ਹੁਕਮ ਦੇ ਰਿਹਾ ਸੀ। ਭਾਈ ਦਲੀਪ ਸਿੰਘ ਨੇ ਮਹੰਤ ਨੂੰ ਕਤਲੇਆਮ ਕਰਨੋਂ ਰੋਕਿਆ ਪਰ ਭਾਈ ਦਲੀਪ ਸਿੰਘ ਦੀ ਗੱਲ ਸੁਣਨ ਦੀ ਬਜਾਇ ਮਹੰਤ ਨੇ ਪਿਸਤੌਲ ਕੱਢ ਕੇ ਭਾਈ ਦਲੀਪ ਸਿੰਘ ਨੂੰ ਕਤਲ ਕਰ ਦਿੱਤਾ। ਉਸ ਦੇ ਇਕ ਬੰਦੇ ਨੇ ਭਾਈ ਵਰਿਆਮ ਸਿੰਘ ਨੂੰ ਵੀ ਕਤਲ ਕਰ ਦਿੱਤਾ।

ਜਦੋਂ ਸਾਰੇ ਸਿੱਖ ਕਤਲ ਕਰ ਦਿੱਤੇ ਗਏ ਤਾਂ ਮਹੰਤ ਨੇ ਸਾਰੀਆਂ ਲਾਸ਼ਾਂ ਇਕੱਠੀਆਂ ਕਰਨ ਦਾ ਹੁਕਮ ਦਿੱਤਾ। ਤਕਰੀਬਨ ੬੦ ਲਾਸ਼ਾਂ ਇਕੱਠੀਆਂ ਹੋ ਚੁੱਕੀਆਂ ਸਨ। ਮਹੰਤ ਨੇ ਚਾਰ ਲਾਸ਼ਾਂ ਨੂੰ ਛੱਡ ਕੇ ਬਾਕੀ ਸਾਰੀਆਂ ਫੂਕ ਦੇਣ ਵਾਸਤੇ ਆਖਿਆ। ਲੱਕੜਾਂ ਇਕੱਠੀਆਂ ਕਰ ਕੇ ਚੌਖੰਡੀ ਦੇ ਉੱਤਰ-ਪੱਛਮੀ ਪਾਸੇ ਢੇਰ ਲਾ ਦਿੱਤਾ ਗਿਆ। ਅੱਗ ਵਿਚ ਸੁੱਟਣ ਤੋਂ ਪਹਿਲਾਂ ਮਹੰਤ ਵੱਲੋਂ ਭਾੜੇ 'ਤੇ ਲਿਆਂਦੇ ਪਠਾਣਾਂ ਨੇ ਲਾਸ਼ਾਂ ਦੀ ਤਲਾਸ਼ੀ ਲਈ ਤੇ ਜੋ ਕੁਝ ਲੱਭਿਆ, ਆਪਣੀਆਂ ਜੇਬ੍ਹਾਂ ਵਿਚ ਪਾ ਲਿਆ। ਇਸ ਮਗਰੋਂ ਲਾਸ਼ਾਂ ਬਲਦੀ ਚਿਖਾ ਵਿਚ ਸੁੱਟ ਦਿੱਤੀਆਂ ਗਈਆਂ। ਇਨ੍ਹਾਂ ਵਿੱਚੋਂ ਕੁਝ ਅਜੇ ਜਿਊਂਦੇ ਵੀ ਸਨ। ਉਨ੍ਹਾਂ ਵਿੱਚੋਂ ਜਿਸ ਨੇ ਵੀ ਉੱਠਣ ਦੀ ਕੋਸ਼ਿਸ਼ ਕੀਤੀ ਉਸ ਨੂੰ ਛਵ੍ਹੀਆਂ ਤੇ ਲਾਠੀਆਂ ਮਾਰ ਕੇ ਫੇਰ ਅੱਗ ਵਿੱਚ ਸੁੱਟ ਦਿੱਤਾ ਗਿਆ। ਜੋ ਸਿੱਖ ਗੁਰਦੁਆਰੇ ਦੇ ਬਾਹਰ ਕਤਲ ਕੀਤੇ ਗਏ ਸਨ ਉਨ੍ਹਾਂ ਨੂੰ ਮਾਰ ਕੇ ਨੇੜੇ ਇਕ ਘੁਮਿਆਰ ਦੀ ਭੱਠੀ ਵਿਚ ਸੁੱਟ ਕੇ ਸਾੜ ਦਿੱਤਾ ਗਿਆ।

ਸਿੱਖਾਂ ਦੀਆਂ ਲਾਸ਼ਾਂ ਜਲਾਉਣ ਵਾਸਤੇ ਹੁਕਮ ਜਾਰੀ ਕਰਨ ਮਗਰੋਂ ਮਹੰਤ ਨੇ ਆਪ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਤੇ ਗੁੰਡਿਆਂ ਨੂੰ ਵੀ ਸ਼ਰਾਬ ਪਹੁੰਚਾਈ। ਗੁੰਡੇ ਸ਼ਰਾਬਾਂ ਪੀਂਦੇ ਰਹੇ ਅਤੇ ਲਾਸ਼ਾਂ ਇਕੱਠੀਆਂ ਕਰ ਅੱਗ ਦੇ ਢੇਰ 'ਤੇ ਸੁੱਟਦੇ ਰਹੇ।

ਦੂਜੇ ਪਾਸੇ ਗੋਲੀਆਂ ਦੀ ਆਵਾਜ਼ ਤੇ ਕਤਲੇਆਮ ਦੀ ਖ਼ਬਰ ਸੁਣ ਕੇ ਸ਼ਹਿਰ ਵਾਸੀਆਂ ਨੇ ਸਰਕਾਰ ਤੇ ਪੁਲੀਸ ਨੂੰ ਇਤਲਾਹ ਦੇਣ ਦੀ ਕਾਰਵਾਈ ਸ਼ੁਰੂ ਕੀਤੀ। ਸਵੇਰੇ ਸਵਾ ਅੱਠ ਵਜੇ ਐਨ. ਐਸ. ਸੰਧੂ, ਜੋ ਜ਼ਿਲ੍ਹਾ ਇੰਜੀਨੀਅਰ ਸੀ, ਨੇ ਇਕ ਬੰਦੇ ਨੂੰ ਘੋੜੇ 'ਤੇ ਡਿਪਟੀ ਕਮਿਸ਼ਨਰ ਵੱਲ ਭੇਜਿਆ। ਡੀ. ਸੀ. ਉਸ ਵਕਤ ਨਾਨਕਾਣਾ ਸਾਹਿਬ ਤੋਂ ੧੯ ਕਿਲੋਮੀਟਰ ਦੂਰ ਪਿੰਡ ਮਾਂਗਟਵਾਲਾ ਵਿਚ ਬੈਠਾ ਸੀ। ਸ: ਉੱਤਮ ਸਿੰਘ ਕਾਰਖ਼ਾਨੇਦਾਰ ਨੇ ੯ ਵਜ ਕੇ ੧੨ ਮਿੰਟ ਤੇ ਗਵਰਨਰ, ਕਮਿਸ਼ਨਰ, ਡੀ. ਸੀ., ਐਸ. ਪੀ. ਅਤੇ ਕਈ ਮਸ਼ਹੂਰ ਸਿੱਖ ਆਗੂਆਂ ਨੂੰ ਸਾਕੇ ਬਾਰੇ ਤਾਰਾਂ ਭੇਜ ਕੇ ਖ਼ਬਰ ਦਿੱਤੀ। ਮੁਕਾਮੀ ਪਟਵਾਰੀ ਤੇ ਰੇਲਵੇ ਦੇ ਸਟੇਸ਼ਨ ਮਾਸਟਰ ਨੇ ਵੀ ਵੱਖ-ਵੱਖ ਪਾਸੇ ਤਾਰਾਂ ਭੇਜ ਕੇ ਇਤਲਾਹ ਦਿੱਤੀ। ਇਨ੍ਹਾਂ ਇਤਲਾਹਾਂ ਦੇ ਬਾਵਜੂਦ ਡਿਪਟੀ ਕਮਿਸ਼ਨਰ ਚਾਰ ਘੰਟੇ ਮਗਰੋਂ ਸਾਢੇ ਬਾਰਾਂ ਵਜੇ ਨਾਨਕਾਣਾ ਸਾਹਿਬ ਪਹੁੰਚਿਆ। ਉੱਥੇ ਆ ਕੇ ਉਹ ਮਹੰਤ ਨੂੰ ਲੈ ਕੇ ਗੁਰਦੁਆਰੇ ਦੇ ਅੰਦਰ ਗਿਆ। ਇਸ ਵੇਲੇ ਲਾਸ਼ਾਂ ਜਲ ਰਹੀਆਂ ਸਨ ਪਰ ਡੀ. ਸੀ. ਨੇ ਉਨ੍ਹਾਂ ਨੂੰ ਸਾੜਨ ਤੋਂ ਵੀ ਨਾ ਰੋਕਿਆ। ਤਕਰੀਬਨ ੨ ਵਜੇ ਦੁਪਹਿਰੇ ਇਕ ਸਬ ਇੰਸਪੈਕਟਰ ਨੇ ਅੱਗ ਬੁਝਾਈ।

੨੦ ਫ਼ਰਵਰੀ ਸਵੇਰੇ ਜ: ਕਰਤਾਰ ਸਿੰਘ ਝੱਬਰ ਜਥੇ ਸਮੇਤ ਚੰਦਰਕੋਟ ਤੋਂ ਵਾਪਿਸ ਖਰਾ ਸੌਦਾ ਜਾ ਚੁੱਕੇ ਸਨ। ਸਾਕੇ ਵਾਲੇ ਦਿਨ ਸਵੇਰੇ ੧੧ ਵਜੇ ਉਹ ਗੁਰਦੁਆਰੇ ਖਰਾ ਸੌਦਾ ਵਿਚ ਬੈਠੇ ਹੋਏ ਸਨ ਤਾਂ ਉਨ੍ਹਾਂ ਨੂੰ ਸ: ਉੱਤਮ ਸਿੰਘ ਨਾਨਕਾਣਾ ਸਾਹਿਬ ਦੀ ਤਾਰ ਮਿਲੀ। ਉਨ੍ਹਾਂ ਨੇ ਉਸੇ ਵੇਲੇ ਹਾਜ਼ਰ ਸਿੰਘਾਂ ਵਿੱਚੋਂ ੪੦ ਸਿੰਘ ਪਿੰਡਾਂ ਵੱਲ ਟੋਰ ਦਿੱਤੇ ਤੇ ਬਾਕੀ ੫੦ ਸਿੰਘ ਲੈ ਕੇ ਚੰਦਰਕੋਟ ਵੱਲ ਚਲ ਪਏ। ਸ਼ਾਮ ਤਕ ਉੱਥੇ ਇਕ ਹਜ਼ਾਰ ਤੋਂ ਵੱਧ ਸਿੱਖ ਪਹੁੰਚ ਚੁੱਕੇ ਸਨ। ਚੰਦਰਕੋਟ ਦੇ ਪੁਲ ਕੋਲ ਉਨ੍ਹਾਂ ਨੂੰ ਮਹੰਤ ਦਾ ਚੇਲਾ ਦੇਵਾ ਦਾਸ ਤਿੰਨ ਬੰਦਿਆਂ ਸਮੇਤ ਮੋਟਰ 'ਚ ਭੱਜਾ ਜਾਂਦਾ ਦਿਸਿਆ। ਉਨ੍ਹਾਂ ਉਸ ਨੂੰ ਉੱਥੇ ਰੋਕ ਕੇ ਕਾਬੂ ਕਰ ਲਿਆ। ਅੱਗੇ ਜਾ ਕੇ ਉਨ੍ਹਾਂ ਮਹੰਤ ਦਾ ਇਕ ਹੋਰ ਬੰਦਾ ਸੰਤਾ ਸਿਹੁੰ ਵੀ ਨੱਸਣ ਦੀ ਕੋਸ਼ਿਸ਼ ਕਰਦਾ ਫੜ ਲਿਆ। ਖਿਮਵਾਲਾ ਪਿੰਡ ਵਿਚ ਇਕ ਮੁਸਲਮਾਨ ਕਾਤਿਲ ਨੂੰ ੭੨ ਕਾਰਤੂਸਾਂ ਸਣੇ ਕਾਬੂ ਕੀਤਾ ਗਿਆ। ਇੱਥੇ ਜ: ਝੱਬਰ ਨੂੰ ਡੀ. ਸੀ ਦੀ ਲਿਖਤੀ ਚਿੱਠੀ ਮਿਲੀ ਜਿਸ ਵਿਚ ਉਨ੍ਹਾਂ ਨੂੰ ਨਾਨਕਾਣੇ ਵੱਲ ਨਾ ਜਾਣ ਦਾ ਹੁਕਮ ਜਾਰੀ ਕੀਤਾ ਹੋਇਆ ਸੀ ਪਰ ਸਿੱਖਾਂ ਨੂੰ ਇਸ ਹੁਕਮ ਦੀ ਪ੍ਰਵਾਹ ਕੀਤੇ ਬਿਨਾਂ ਚਲਣਾ ਜਾਰੀ ਰੱਖਿਆ। ਨਾਨਕਾਣਾ ਸਾਹਿਬ ਦੇ ਬਾਹਰ ਉਨ੍ਹਾਂ ਨੂੰ ਸ: ਬ: ਮਹਿਤਾਬ ਸਿੰਘ ਘੋੜੇ 'ਤੇ ਆ ਕੇ ਮਿਲੇ ਤੇ ਦਸਿਆ ਕਿ ਫ਼ੌਜ ਨੇ ਗੁਰਦੁਆਰੇ ਨੂੰ ਘੇਰੇ ਵਿਚ ਲਿਆ ਹੋਇਆ ਹੈ ਤੇ ਉੱਥੇ ਨਹੀਂ ਜਾਣਾ ਚਾਹੀਦਾ। ਜ: ਝੱਬਰ ਨੇ ਕਿਹਾ ਕਿ ਅਸੀਂ ਗੁਰਦੁਆਰੇ ਜ਼ਰੂਰ ਜਾਵਾਂਗੇ। ਉਨ੍ਹਾਂ ਕਿਹਾ ਕਿ ਤੁਸੀਂ ਕਮਿਸ਼ਨਰ ਨਾਲ ਗੱਲ ਕਰ ਲਓ, ਅਸੀਂ ਓਨਾ ਚਿਰ ਰੁੱਕ ਜਾਂਦੇ ਹਾਂ। ਇਸ 'ਤੇ ਸ: ਬ: ਮਹਿਤਾਬ ਸਿੰਘ ਵਾਪਿਸ ਚਲੇ ਗਏ ਤੇ ਕਮਿਸ਼ਨਰ ਨੂੰ ਸਮਝਾਇਆ ਕਿ ਸਿੱਖਾਂ ਦਾ ਹੜ੍ਹ ਆ ਜਾਣ ਮਗਰੋਂ ਹਾਲਾਤ ਕੰਟਰੋਲ ਹੇਠ ਨਹੀਂ ਆ ਸਕਣਗੇ, ਇਸ ਕਰ ਕੇ ਗੁਰਦੁਆਰੇ ਦਾ ਕੰਟਰੋਲ ਸ਼੍ਰੋਮਣੀ ਕਮੇਟੀ ਨੂੰ ਦੇਣਾ ਠੀਕ ਰਹੇਗਾ। ਕੁਝ ਹੀ ਚਿਰ ਵਿਚ ਜ: ਝੱਬਰ ਦਾ ਜਥਾ ਨਾਨਕਾਣਾ ਪਹੁੰਚ ਗਿਆ। ਫ਼ੌਜ ਨੇ ਉਨ੍ਹਾਂ ਨੂੰ ਡਰਾ ਧਮਕਾ ਕੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਏਨੀਆਂ

ਸ਼ਹੀਦੀਆਂ ਮਗਰੋਂ ਮੌਤ ਦਾ ਡਰ ਕਿਸੇ ਸਿੱਖ ਨੂੰ ਰੋਕ ਨਹੀਂ ਸਕਦਾ ਸੀ। ਫ਼ੌਜ ਵੀ ਹਰਗਿਜ਼ ਗੋਲੀ ਚਲਾਉਣ ਜਾਂ ਕਿਸੇ ਹੋਰ ਐਕਸ਼ਨ ਲੈਣ ਦਾ ਖ਼ਤਰਾ ਮੁੱਲ ਲੈਣ ਵਾਸਤੇ ਤਿਆਰ ਨਹੀਂ ਸੀ।

ਸਾਕੇ ਤੋਂ ਮਗਰੋਂ ਦੇ ਹਾਲਾਤ :

ਸਿੱਖਾਂ ਦੇ ਰੋਹ ਤੋਂ ਡਰਦਿਆਂ ਸਰਕਾਰ ਨੇ ਨਾਨਕਾਣਾ ਸਾਹਿਬ ਦੇ ੩੫ ਕਿਲੋਮੀਟਰ ਦੇ ਏਰੀਏ ਤਕ ਬੱਸਾਂ ਤੇ ਗੱਡੀਆਂ ਦੀ ਆਵਾਜਾਈ ਰੋਕ ਦਿੱਤੀ ਤੇ ਨਾਕਾਬੰਦੀ ਸ਼ੁਰੂ ਕਰ ਦਿੱਤੀ ਤਾਂ ਜੋ ਕੋਈ ਵੀ ਬੰਦਾ ਨਾਨਕਾਣਾ ਸਾਹਿਬ ਨਾ ਪਹੁੰਚ ਸਕੇ। ਉਧਰੋਂ ਕਮਿਸ਼ਨਰ ਤੇ ਡੀ. ਆਈ. ਜੀ. ਸਪੈਸ਼ਲ ਗੱਡੀ ਲੈ ਕੇ ਰਾਤ ਸਵਾ ਨੌਂ ਵਜੇ ਨਾਨਕਾਣਾ ਸਾਹਿਬ ਪਹੁੰਚੇ। ਉਨ੍ਹਾਂ ਨਾਲ ੧੦੦ ਅੰਗਰੇਜ਼ ਤੇ ੧੦੦ ਭਾਰਤੀ ਫ਼ੌਜੀ ਵੀ ਸਨ। ਉਸ ਨੇ ਆ ਕੇ ਮਹੰਤ ਤੇ ਉਸ ਦੇ ਦੋ ਸਾਥੀ ਤੇ ੨੬ ਪਠਾਣ ਗ੍ਰਿਫ਼ਤਾਰ ਕਰ ਕੇ ਲਾਹੌਰ ਭੇਜ ਦਿੱਤੇ। ਇਸ ਵੇਲੇ ਤਕ ਸਾਰੇ ਪਾਸੇ ਸਿੱਖਾਂ ਨੂੰ ਇਤਲਾਹ ਪਹੁੰਚ ਚੁੱਕੀ ਸੀ। ਹਜ਼ਾਰਾਂ ਸਿੱਖਾਂ ਨੇ ਨਾਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ।

ਸਰਕਾਰ ਨੇ ਸਾਕੇ ਬਾਰੇ ਬੇਹੱਦ ਝੂਠ ਬੋਲਿਆ। ਪਹਿਲਾਂ ੨੦ ਸਿੱਖਾਂ ਦੇ ਮਰਨ ਦੀ ਖ਼ਬਰ ਦਿੱਤੀ, ਫਿਰ ੬੭ ਤੇ ਅਖ਼ੀਰ ੧੩੦ ਸਿੱਖਾਂ ਦਾ ਕਤਲ ਮੰਨ ਲਿਆ। ਇੰਸਪੈਕਟਰ ਚਰਨ ਸਿੰਘ ਨੇ ੧੫੬ ਸਿੱਖਾਂ ਦੇ ਕਤਲ ਹੋਣ ਦੀ ਰਿਪੋਰਟ ਜਾਰੀ ਕੀਤੀ ਸੀ। ਇਹ ਰਿਪੋਰਟ ਮੁਤਾਬਿਕ ੧੬੮ ਸਿੱਖ ਸ਼ਹੀਦ ਹੋਏ। ਹਿੰਦੂ ਪ੍ਰੈਸ ਦਾ ਵਤੀਰਾ ਬੜਾ ਘਟੀਆ ਸੀ। ਉਨ੍ਹਾਂ ਨੇ ਇਸ ਨੂੰ "ਆਪਸੀਫ਼ਫਸਾਦ", "ਲੜਾਈ", "ਝਗੜਾ" ਦਾ ਨਾਂ ਦਿੱਤਾ। ਹੋਰ ਤਾਂ ਹੋਰ ਗਾਂਧੀ ਦਾ ਪਹਿਲਾ ਬਿਆਨ ਵੀ ਇਹੋ ਜਿਹਾ ਹੀ ਸੀ।

ਸਿੱਖ ਆਗੂਆਂ ਵਿੱਚੋਂ ੬ ਆਗੂ ੨੦ ਤਾਰੀਖ਼ ਰਾਤ ਨੂੰ ਹੀ ਕਮਿਸ਼ਨ ਦੇ ਨਾਲ ਨਾਨਕਾਣਾ ਸਾਹਿਬ ਪਹੁੰਚੇ। ੯ ਹੋਰ ਸਿੱਖ ਆਗੂ ਮੋਟਰ ਰਾਹੀਂ ੨੧ ਤਾਰੀਖ਼ ਦੀ ਸਵੇਰ ਨੂੰ ਨਾਨਕਾਣਾ ਸਾਹਿਬ ਪਹੁੰਚੇ। ਇਨ੍ਹਾਂ ਵਿਚ ਸ: ਹਰਬੰਸ ਸਿੰਘ ਅਟਾਰੀ, ਸੁੰਦਰ ਸਿੰਘ ਰਾਮਗੜ੍ਹੀਆ, ਮਾਸਟਰ ਤਾਰਾ ਸਿੰਘ, ਸ. ਬ. ਮਹਿਤਾਬ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਬਾਬਾ ਕੇਹਰ ਸਿੰਘ ਪੱਟੀ ਤੇ ਪ੍ਰੋ: ਜੋਧ ਸਿੰਘ ਸ਼ਾਮਿਲ ਸਨ।

੨੧ ਫਰਵਰੀ ਸਵੇਰੇ ੮ ਵਜੇ ਗੁਰਦੁਆਰੇ ਦਾ ਦਰਵਾਜ਼ਾ ਖੋਲ੍ਹਿਆ ਗਿਆ। ਅੰਦਰ ਗੋਲੀਆਂ ਦੇ ਕਾਰਤੂਸ, ਪੱਥਰ, ਖ਼ੂਨ, ਲਾਸ਼ਾਂ ਦੇ ਟੁਕੜੇ ਤੇ ਅੱਧ ਸੜੀਆਂ ਲਾਸ਼ਾਂ ਦੀ ਬੋਅ ਆ ਰਹੀ ਸੀ। ਪੁਲੀਸ ਨੇ ਪੌਣੇ ਤਿੰਨ ਸੌ ਤੋਂ ਵੱਧ ਕਾਰਤੂਸਾਂ ਦੇ ਖੋਲ ਬਰਾਮਦ ਕੀਤੇ। ਛੱਤਾਂ 'ਤੇ ਰੋੜਿਆਂ ਤੇ ਪੱਥਰਾਂ ਦੇ ੨੪ ਵੱਡੇ ਢੇਰ ਪਏ ਹੋਏ ਸਨ। ੨੧ ਫ਼ਰਵਰੀ ਦੁਪਹਿਰ ਤਕ ਬਹੁਤ ਸਾਰੇ ਸਿੱਖ ਖੇਤਾਂ ਰਾਹੀਂ ਨਾਨਕਾਣਾ ਸਾਹਿਬ 'ਚ ਪਹੁੰਚ ਚੁੱਕੇ ਸਨ। ਸ਼ਾਮ ਤਕ ਹਜ਼ਾਰਾਂ ਸਿੰਘ ਨਾਨਕਾਣਾ ਸਾਹਿਬ 'ਚ ਇਕੱਠੇ ਹੋ ਚੁੱਕੇ ਸਨ। ਸਿੱਖ ਗੁਰਦੁਆਰੇ 'ਚ ਦਾਖ਼ਲ ਹੋਣਾ ਚਾਹੁੰਦੇ ਸਨ ਪਰ ਫ਼ੌਜ ਨੇ ਰਾਹ ਡੱਕਿਆ ਹੋਇਆ ਸੀ। ਅਜਿਹਾ ਜਾਪਦਾ ਸੀ ਕਿ ਸਿੱਖਾਂ ਨੂੰ ਬਹੁਤੀ ਦੇਰ ਰੋਕਿਆ ਨਹੀਂ ਜਾ ਸਕਦਾ ਸੀ। ਅਖ਼ੀਰ ਮੌਕੇ ਦੀ ਨਜ਼ਾਕਤ ਨੂੰ ਮਹਿਸੂਸ ਕਰਦਿਆਂ ਸਰਕਾਰ ਨੇ ਇਕ ਸੱਤ-ਮੈਂਬਰੀ ਸਿੱਖ ਕਮੇਟੀ ਨੂੰ ਗੁਰਦੁਆਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ। ਇਨ੍ਹਾਂ ਨੂੰ ਹੋਰ ਮੈਂਬਰ ਕੋਆਪਟ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਇਸ ਮਗਰੋਂ ਸਿੱਖ ਗੁਰਦੁਆਰੇ ਵਿਚ ਦਾਖ਼ਲ ਹੋਏ ਤੇ ਅਕਾਲੀ ਆਗੂਆਂ ਦੀ ਅਰਜ਼ ਮੰਨਦਿਆਂ ਸ਼ਹੀਦਾਂ ਦੇ ਦਰਸ਼ਨ ਕਰਨ ਤੇ ਮੱਥਾ ਟੇਕਣ ਮਗਰੋਂ ਛੇਤੀ-ਛੇਤੀ ਬਾਹਰ ਨਿਕਲਦੇ ਗਏ। ਅਗਲੇ ਦਿਨ ਹਜ਼ਾਰਾਂ ਸਿੱਖਾਂ ਨੇ ਨਾਨਕਾਣੇ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ।

ਮਹੰਤ ਦੇ ਕਤਲੇਆਮ ਨੇ ਏਨੀ ਦਹਿਸ਼ਤ ਫੈਲਾ ਦਿੱਤੀ ਸੀ ਕਿ ਨਗਰ ਵਾਸੀ ਛੱਡ ਕੇ ਦੌੜ ਗਏ ਸਨ। ਉਨ੍ਹਾਂ ਪਿੱਛੋਂ ਕਈ ਡੰਗਰ ਭੁੱਖ ਤੇ ਪਿਆਸ ਨਾਲ ਮਰ ਗਏ। ਸਿੱਖਾਂ ਨੇ ਮਰੇ ਡੰਗਰਾਂ ਨੂੰ ਛੱਪੜ ਕੰਢੇ ਇਕੱਠਾ ਕੀਤਾ ਅਤੇ ਘਰ ਛੱਡ ਕੇ ਭੱਜ ਗਏ ਸ਼ਹਿਰੀਆਂ ਦੇ ਘਰਾਂ ਦੀ ਰਾਖੀ ਦਾ ਇੰਤਜ਼ਾਮ ਕੀਤਾ। ਸਿੱਖਾਂ ਨੇ ਸਾਰੇ ਪਾਸੇ ਢੰਡੋਰਾ ਪਿਟਵਾਇਆ ਤੇ ਲੋਕਾਂ ਨੂੰ ਅੱਗੇ ਮੁੜਨ ਵਾਸਤੇ ਇਤਲਾਹ ਦਿੱਤੀ। ੨੨ ਫ਼ਰਵਰੀ ਨੂੰ ਗਵਰਨਰ ਮੈਕਲੇਗਨ, ਵਜ਼ੀਰਾਂ ਤੇ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਨੂੰ ਲੈ ਕੇ ਨਾਨਕਾਣੇ ਪੁੱਜਾ। ਉਸ ਨੇ ਸਾਕਾ ਵੇਖ ਕੇ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਅਤੇ ਵਾਅਦਾ ਕੀਤਾ ਕਿ ਮੁਜਰਿਮਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ੨੩ ਫ਼ਰਵਰੀ ਦੀ ਸ਼ਾਮ ਨੂੰ ਸ਼ਹੀਦਾਂ ਦਾ ਸੰਸਕਾਰ ਕੀਤਾ ਗਿਆ। ਸੰਸਕਾਰ ਵੇਲੇ ਹਜ਼ਾਰਾਂ ਸਿੱਖ ਸੰਗਤਾਂ ਹਾਜ਼ਿਰ ਸਨ। ਸਿੰਘਾਂ ਦਾ ਸੰਸਕਾਰ ਇਕ ਜਗਾਹ ਇਕੱਠਾ ਹੀ ਕੀਤਾ ਗਿਆ। ਨਾਨਕਾਣਾ ਸਾਹਿਬ 'ਚ ਪਾਪੀ ਮਹੰਤਾਂ ਨੇ ਬੇਹੱਦ ਗੁਨਾਹ ਕੀਤੇ ਸਨ। ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਨਾਨਕਾਣਾ ਸਾਹਿਬ 'ਚ ਪਾਪ ਧੋ ਦਿੱਤੇ ਹਨ। ਨਾਨਕਾਣਾ ਸਾਹਿਬ 'ਚ ਇਨ੍ਹਾਂ ਸ਼ਹੀਦਾਂ ਨੇ ਆਪਣੀਆਂ

ਕੁਰਬਾਨੀਆਂ ਨਾਲ ਦਰਜਨਾਂ ਸਿੱਖ ਆਗੂਆਂ ਦੀਆਂ ਜਾਨਾਂ ਬਚਾਈਆਂ। ਜੇ ਕਰ ਇਹ ਜਥਾ ੨੦ ਫ਼ਰਵਰੀ ਦੀ ਸਵੇਰ ਨੂੰ ਸ਼ਹੀਦ ਨਾ ਹੁੰਦਾ ਅਤੇ ੪ ਮਾਰਚ ਨੂੰ ਅਕਾਲੀ ਉੱਥੇ ਪੁੱਜਦੇ ਤਾਂ ਯਕੀਕਨ ਉਸ ਦਿਨ ਵੀ ਮਹੰਤ ਨੇ ਇਹੀ ਕਾਰਵਾਈ ਕਰਨੀ ਸੀ ਅਤੇ ਸਾਰੇ ਸਿੱਖ ਆਗੂ ਸ਼ਹੀਦ ਹੋ ਜਾਣ ਦਾ ਖ਼ਦਸ਼ਾ ਸੀ। ਜੇ ਕਰ ਇੰਞ ਹੋ ਜਾਂਦਾ ਤਾਂ ਅਕਾਲੀ ਲਹਿਰ ਦੀ ਸ਼ਕਲ ਕੀ ਹੋਣੀ ਸੀ ? ਇਸ ਬਾਰੇ ਕਿਹਾ ਨਹੀਂ ਜਾ ਸਕਦਾ। ਇਸ ਤਰ੍ਹਾਂ ੨੦ ਫਰਵਰੀ ੧੯੨੧ ਦੇ ਦਿਨ ੧੬੮ ਸ਼ਹੀਦਾਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਨਾਨਕਾਣਾ ਸਾਹਿਬ 'ਚ ਮਹੰਤਾਂ ਦੇ ਕੀਤੇ ਪਾਪ ਨੂੰ ਆਪਣੇ ਖ਼ੂਨ ਨਾਲ ਧੋਤਾ ਅਤੇ ਦਰਜਨਾਂ ਅਕਾਲੀ ਆਗੂਆਂ ਅਤੇ ਹੋਰ ਸੈਂਕੜੇ ਸਿੱਖਾਂ ਦੀਆਂ ਜਾਨਾਂ ਬਚਾਈਆਂ।

ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ ਮੁਸਲਮਾਨੀ ਆਗੂਆਂ ਨੇ ਸਿੱਖਾਂ ਨਾਲ ਭਰਪੂਰ ਹਮਦਰਦੀ ਕੀਤੀ ਤੇ ਹਰ ਤਰ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਕੁਝ ਹਿੰਦੂ ਆਗੂਆਂ ਨੇ ਵੀ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਪਰ ਕਈ ਹਿੰਦੂ ਆਗੂ ਤੇ ਹਿੰਦੂ ਪ੍ਰੈਸ ਨੇ ਸਿੱਖਾਂ ਦੇ ਖ਼ਿਲਾਫ਼ ਜ਼ਹਿਰ ਵੀ ਉਗਲਿਆ ਅਤੇ ਨਾਲ ਹੀ ਝੂਠੀਆਂ ਖ਼ਬਰਾਂ ਵੀ ਛਾਪੀਆਂ। ਹਿੰਦੂ ਅਖ਼ਬਾਰਾਂ 'ਪ੍ਰਤਾਪ' ਤੇ 'ਕੇਸਰੀ' ਨੇ ਤਾਂ ਇਹ ਵੀ ਲਿਖਿਆ ਕਿ ਨਾਨਕਾਣਾ ਸਾਹਿਬ ਵਿਚ ਸ਼ਿਵਲਿੰਗ ਬਣਿਆ ਹੋਇਆ ਹੈ ਅਤੇ ਇਸ ਦਾ ਇੰਤਜ਼ਾਮ ਹਿੰਦੂਆਂ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਲਾਲਾ ਲਾਜਪਤ ਰਾਏ ਨੇ ਆਪਣੀ ਅਖ਼ਬਾਰ 'ਬੰਦੇ ਮਾਤਰਮ' ਵਿਚ ਵੀ ਸਿੱਖਾਂ ਦੇ ਖ਼ਿਲਾਫ਼ ਪ੍ਰਚਾਰ ਕੀਤਾ। (ਲਾਲਾ ਲਾਜਪਤ ਰਾਏ ਨੇ ਮਹੰਤ ਨਰੈਣ ਦਾਸ ਤੋਂ ੩੦੦੦ ਰੁਪੈ ਲੈ ਕੇ ਸਿੱਖਾਂ ਦੇ ਖ਼ਿਲਾਫ਼ ਬਹੁਤ ਪਰਚਾਰ ਕੀਤਾ ਸੀ।) ੨੩ ਮਾਰਚ ੧੯੨੧ ਨੂੰ ਸਨਾਤਨ ਧਰਮ ਪ੍ਰਤੀਨਿਧੀ ਸਭਾ ਪੰਜਾਬ (ਲਾਹੌਰ) ਨੇ ਵੀ ਨਾਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਨੂੰ ਗੁਰਦੁਆਰੇ ਵਿਚ ਹਿੰਦੂ ਬੁੱਤਾਂ ਬਾਰੇ ਖ਼ਤ ਲਿਖ ਕੇ ਅਜਿਹਾ ਕੁਝ ਹੀ ਆਖਿਆ। ਇਸ ਤੋਂ ਇਲਾਵਾ ਹੋਰ ਹਿੰਦੂ ਜਮਾਤਾਂ ਨੇ ਵੀ ਸਿੱਖਾਂ ਦੇ ਖ਼ਿਲਾਫ਼ ਹਰਕਤਾਂ ਕੀਤੀਆਂ ਜਿਨ੍ਹਾਂ ਤੋਂ ਪਤਾ ਲੱਗਦਾ ਸੀ ਕਿ ਬਹੁਤ ਸਾਰੇ ਹਿੰਦੂ ਅੰਦਰੋਂ ਅੰਦਰੀ ਸਿੱਖਾਂ ਦੇ ਖ਼ਿਲਾਫ਼ ਸਨ ਅਤੇ ਕੁਰਪਟ ਮਹੰਤਾਂ ਨਾਲ ਹਮਦਰਦੀ ਰੱਖਦੇ ਸਨ। ੧੬ ਨਵੰਬਰ ੧੯੨੧ ਦੇ "ਬੰਦੇ ਮਾਤਰਮ" ਵਿਚ ਲਾਲਾ ਲਾਜਪਤ ਰਾਏ ਨੇ ਲਿਖਿਆ, "ਜਿਸ ਸ਼ਖ਼ਸ ਨੇ ਆਪਣੇ ਪਿਤਾ ਕੇ ਸਰਮਾਇਆ ਕੋ ਸਾਧੂਓਂ ਕੋ ਖਿਲਾ ਦੀਆਂ ਅਬ ਉਸ ਕੇ ਨਾਮ ਕੇ ਮੰਦਰ (ਗੁਰਦੁਆਰਾ ਨਹੀਂ) ਮੇ ਜਾਇਦਾਦ ਆਮਦਨਾਓਂ ਕੇ ਅਖ਼ਤਿਆਰ ਕਾ ਝਗੜਾ ਹੋ ਰਹਾ ਹੈ।" ਹੋਰ ਤਾਂ ਹੋਰ ਗਾਂਧੀ ਨੇ ਅਜਿਹਾ ਬਿਆਨ ਦਿੱਤਾ, ਜਿਸ ਵਿੱਚੋਂ ਸਾਫ਼ ਲੱਗਦਾ ਸੀ ਕਿ ਗਾਂਧੀ ਇਹ ਨਹੀਂ ਸੀ ਮੰਨਦਾ ਕਿ ਮਹੰਤ ਨੇ ਸਿੱਖਾਂ ਦਾ ਕਤਲੇਆਮ ਕੀਤਾ ਸੀ। ਗਾਂਧੀ ਮੁਤਾਬਿਕ ਸਿੱਖ ਬਿਨਾਂ ਮੁਕਾਬਲਾ ਨਹੀਂ ਮਾਰੇ ਗਏ ਹੋਣੇ। ਗਾਂਧੀ ਨੇ ਨਾਨਕਾਣਾ ਸਾਹਿਬ ਦੇ ਮਾਮਲੇ ਵਿਚ ਵੀ ਸਿੱਖਾਂ ਨੂੰ ਗਲਤ ਪਾਸੇ ਵੱਲ ਟੋਰਿਆ। ਉਸ ਨੇ ਨਾਨਕਾਣਾ ਸਾਹਿਬ ਸਾਕੇ ਸੰਬੰਧੀ ਪੜਤਾਲ ਕਰਨ ਵਾਲੀ ਕਮੇਟੀ ਵਿਚ ਸ਼ਾਮਿਲ ਹੋਣ ਵਾਸਤੇ ਸ਼ਰਤ ਰੱਖੀ ਕਿ ਅਕਾਲੀ ਦਲ ਸਰਕਾਰ ਨਾਲ ਨਾ-ਮਿਲਵਰਤਣ ਕਰੇ। ਇਸ 'ਤੇ ਅਕਾਲੀਆਂ ਨੇ ੬ ਮਾਰਚ ੧੯੨੧ ਦੇ ਦਿਨ ਸਰਕਾਰ ਨਾਲ ਸ਼ਹੀਦਾਂ ਦੇ ਮੁਕੱਦਮੇ ਬਾਰੇ ਨਾ-ਮਿਲਵਰਤਣ ਕਰਨ ਦਾ ਐਲਾਨ ਕਰ ਦਿੱਤਾ। ਇਸ ਦੀ ਮੁਖ਼ਾਲਫ਼ਤ ਜ: ਝੱਬਰ, ਸ: ਹਰਬੰਸ ਸਿੰਘ ਅਟਾਰੀ ਤੇ ਪ੍ਰੋ: ਜੋਧ ਸਿੰਘ ਨੇ ਕੀਤੀ। ਇਸ ਨਾ-ਮਿਲਵਰਤਣ ਦਾ ਨਤੀਜਾ ਇਹ ਨਿਕਲਿਆ ਕਿ ੧੧ ਮਾਰਚ ਨੂੰ ਜ: ਝੱਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ (ਅਤੇ ਉਸ 'ਤੇ ਚੋਰੀ ਡਾਕੇ ਦੇ ਝੂਠੇ ਕੇਸ ਪਾ ਕੇ ਉਸ ਨੂੰ ੭ ਸਾਲ, ਇਕ ਹੋਰ ਕੇਸ 'ਚ ੮ ਸਾਲ ਵਾਸਤੇ ਕੈਦ ਕਰ ਦਿੱਤਾ ਗਿਆ) ੧੨ ਮਾਰਚ ਨੂੰ ਭਾਈ ਮੂਲ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ (ਤੇ ਉਸ ਨੂੰ ੩ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ) ਇੰਝ ਹੀ ਭਾਈ ਲੱਖਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਕੇ ਉਸ 'ਤੇ ਝੂਠੇ ਕੇਸ ਪਾ ਕੇ ਕੈਦ ਦੀ ਸਜ਼ਾ ਦਿੱਤੀ। ਹੋਰ ਕੇਸਾਂ ਵਿਚ ਜ: ਤਾਰਾ ਸਿੰਘ ਠੇਠਰ ਤੇ ਜ: ਤੇਜਾ ਸਿੰਘ ਭੁੱਚਰ ਨੂੰ ਵੀ ਕੈਦ ਕੀਤਾ ਗਿਆ ਤੇ ਤਰਤੀਬਵਾਰ ੧੧ ਸਾਲ ਤੇ ੯ ਸਾਲ ਕੈਦ ਦੀ ਸਜ਼ਾ ਦਿੱਤੀ ਗਈ)। ੧੫ ਮਾਰਚ ਦੇ ਦਿਨ ਲਾਹੌਰ ਦਾ ਕਮਿਸ਼ਨਰ ਇਕ ਵੱਡੀ ਫ਼ੌਜ ਨਾਲ ਨਾਨਕਾਣਾ ਸਾਹਿਬ ਪੁੱਜ ਗਿਆ ਅਤੇ ਬਹੁਤ ਸਾਰੇ ਅਕਾਲੀ ਗ੍ਰਿਫ਼ਤਾਰ ਕਰ ਲਏ। ਉਨ੍ਹਾਂ 'ਤੇ ਵੱਖ-ਵੱਖ ਤਰ੍ਹਾਂ ਦੇ ਕੇਸ ਪਾ ਕੇ ਕੈਦ ਕਰ ਦਿੱਤਾ ਗਿਆ। (ਮਗਰੋਂ ਸਤੰਬਰ ਵਿਚ ਸਰਕਾਰ ਨੇ ਮਾਹੌਲ ਸੁਖਾਵਾਂ ਹੋਣ ਅਤੇ ਗੁਰਦੁਆਰਾ ਬਿੱਲ ਦੇ ਤਿਆਰ ਹੋਣ ਦੇ ਬਹਾਨੇ 'ਤੇ ਜ: ਕਰਤਾਰ ਸਿੰਘ ਝੱਬਰ, ਜ: ਤੇਜਾ ਸਿੰਘ ਭੁੱਚਰ ਅਤੇ ਬਹੁਤ ਸਾਰੇ ਹੋਰ ਸਿੱਖ ਆਗੂ ਤੇ ਵਰਕਰ ਰਿਹਾ ਕਰ ਦਿੱਤੇ।)

ਕਾਲੀਆਂ ਪੱਗਾਂ

ਨਾਨਕਾਣਾ ਸਾਹਿਬ ਦੇ ਸਾਕੇ ਮਗਰੋਂ (ਮਾਰਚ ਤੋਂ ਹੀ) ਸਿੱਖਾਂ ਨੇ ਰੋਸ ਵਜੋਂ ਕਾਲੇ ਦਸਤਾਰੇ ਅਤੇ ਕਾਲੇ ਦੁੱਪਟੇ ਪਹਿਨਣੇ ਸ਼ੁਰੂ ਕਰ ਦਿੱਤੇ। ਨਾਨਕਾਣਾ ਸਾਹਿਬ ਵਿਚ ਕਾਲੇ ਰੰਗ ਦੇ ਕੜਾਹੇ ਭਰੇ ਪਏ ਸਨ ਅਤੇ ਸਾਰੇ ਹੀ ਉਥੇ ਪਗੜੀਆਂ ਕਾਲੇ ਰੰਗ ਵਿਚ ਰੰਗਾ ਕੇ ਜਾਂਦੇ ਸਨ।

ਮਹੰਤ ਦੇ ਮੁਕਦਮੇ ਦਾ ਫ਼ੈਸਲਾ :

ਮਹੰਤ ਨਰੈਣ ਦਾਸ ਦਾ ਮੁਕਦਮਾ ੫ ਅਪ੍ਰੈਲ ੧੯੨੧ ਨੂੰ ਸ਼ੁਰੂ ਹੋਇਆ ਅਤੇ ੧੨ ਅਕਤੂਬਰ ੧੯੨੧ ਨੂੰ ਮਹੰਤ ਅਤੇ ਉਸ ਦੇ ੭ ਸਾਥੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਬਾਅਦ ਵਿਚ ਹਾਈ ਕੋਰਟ ਨੇ ੩ ਮਾਰਚ ੧੯੨੨ ਨੂੰ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਹਾਈ ਕੋਰਟ ਦੇ "ਇਨਸਾਫ਼-ਪਸੰਦ" ਜੱਜ ਨੇ ਲਿਖਿਆ ਕਿ "ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫ਼ਾਜ਼ਤ ਵਾਸਤੇ ਕਦਮ ਉਠਾਵੇ। ਉਹ ਨਿਰਾਸਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।"

(ਬਾਅਦ ਵਿਚ ੧੯੩੦ ਤੋਂ ਮਗਰੋਂ ਮਹੰਤ ਨਰੇਣੂ ਰਿਹਾ ਹੋ ਗਿਆ ਅਤੇ ਸਿੱਖਾਂ ਦੇ ਸਾਹਮਣੇ ਦਨਦਨਾਂਦਾ ਫਿਰਦਾ ਰਿਹਾ ਪਰ ਇਸ ਨੂੰ ਇਸ ਦੇ ਪਾਪਾਂ ਦੀ ਸਜ਼ਾ ਦੇਣ ਵਾਸਤੇ ਕਿਸੇ ਭਗਤ ਸਿੰਘ ਜਾਂ ਊਧਮ ਸਿੰਘ ਦਾ ਮੱਥਾ ਨਾ ਠਣਕਿਆ)

ਭਾਈ ਜੋਗਾ ਸਿੰਘ ਦਾ ਗੁਰਦੁਆਰਾ :

੧੯੨੦ ਦੇ ਅਖ਼ੀਰ ਵਿਚ ਪਿਸ਼ਾਵਰ ਵਿਚ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਦੇ ਖ਼ਜ਼ਾਨਚੀ ਰਾਏ ਬਹਾਦਰ ਕਰਮ ਚੰਦ ਨੇ ਗੁਰਦੁਆਰੇ ਵਿਚ ਸਿੱਖਾਂ ਦਾ ਦਖ਼ਲ ਰੋਕਣ ਦੀ ਕੋਸ਼ਿਸ਼ ਕੀਤੀ। ਉਹ ਚਾਹੁੰਦਾ ਸੀ ਕਿ ਗੁਰਦੁਆਰਾ ਭਾਈ ਜੋਗਾ ਸਿੰਘ 'ਤੇ ਸਿਰਫ਼ ਹਿੰਦੂਆਂ ਦਾ ਕਬਜ਼ਾ ਹੀ ਰਹੇ। ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਕਿ ਭਾਈ ਜੋਗਾ ਸਿੰਘ ਸਿੱਖ ਨਹੀਂ ਹਿੰਦੂ ਸੀ ਤੇ ਪਿਸ਼ਾਵਰ ਦਾ ਗੁਰਦੁਆਰਾ ਹਿੰਦੂ ਸਿੱਖਾਂ ਦੇ ਸਮਾਗਮ ਕਰਨ ਵਾਸਤੇ ਇਕ ਸਾਂਝੀ ਥਾਂ ਸੀ ਨਾ ਕਿ ਇਕ ਧਾਰਮਿਕ ਅਦਾਰਾ। ਡਿਪਟੀ ਕਮਿਸ਼ਨਰ ਰਾਏ ਬਹਾਦਰ ਕਰਮ ਚੰਦ ਦੇ ਨੇੜੇ ਸੀ ਤੇ ਉਸ ਦੀ ਗੱਲ ਵਧੇਰੇ ਮੰਨਦਾ ਸੀ। ੨੦ ਦਸੰਬਰ ੧੯੨੦ ਦੇ ਦਿਨ ਸਿੱਖਾਂ ਦਾ ਇਕ ਇਕੱਠ ਸ: ਰਾਮ ਸਿੰਘ ਦੇ ਘਰ ਹੋਇਆ ਤੇ ਉਨ੍ਹਾਂ ਨੇ ਹਿੰਦੂਆਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹਿੰਦੂਆਂ ਨੇ ਜ਼ਿਦ ਫੜ ਲਈ ਕਿ ਉਹ ਇਸ ਗੁਰਦੁਆਰੇ ਵਿਚ ਸਿੱਖਾਂ ਦਾ ਦਖ਼ਲ ਬਰਦਾਸ਼ਤ ਨਹੀਂ ਕਰਨਗੇ। ਇਨ੍ਹੀਂ ਦਿਨੀਂ ਜਥੇ: ਤੇਜਾ ਸਿੰਘ ਭੁੱਚਰ ਨੇ ਪਿਸ਼ਾਵਰ ਵਿਚ ਡੇਰੇ ਲਾ ਲਏ। ਕੁਝ ਦਿਨ ਮਗਰੋਂ ਡੀ. ਸੀ. ਨੇ ਸਿੱਖਾਂ ਤੇ ਹਿੰਦੂ ਆਗੂਆਂ ਦਾ ਜ਼ਬਾਨੀ ਸਮਝੌਤਾ ਕਰਵਾ ਦਿੱਤਾ ਪਰ ਹਿੰਦੂ ਫੇਰ ਵੀ ਹਰਕਤਾਂ ਕਰਦੇ ਰਹੇ। ਫ਼ਰਵਰੀ ੧੯੨੧ ਦੇ ਪਹਿਲੇ ਅੱਧ ਵਿਚ ਗਿ: ਸ਼ੇਰ ਸਿੰਘ ਤੇ ਲਾਲਾ ਲਾਜਪਤ ਰਾਏ ਨੇ ਵੀ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਸ਼ਹਿਰ 'ਚ ਐਂਟਰੀ ਬੰਦ ਕੀਤੀ ਹੋਈ ਸੀ। ੨੦ ਫ਼ਰਵਰੀ ਨੂੰ ਗਾਂਧੀ ਨੇ ਸਲਾਹ ਦਿੱਤੀ ਕਿ ਦੋਵੇਂ ਧਿਰਾਂ ੫-੫ ਬੰਦੇ ਪਾ ਕੇ ਕਮੇਟੀ ਬਣਾ ਲੈਣ ਪਰ ਗੱਲ ੧੭ ਮਾਰਚ ਤਕ ਸਿਰੇ ਨਾ ਚੜ੍ਹ ਸਕੀ। ਅਖ਼ੀਰ ੧੭ ਮਾਰਚ ਨੂੰ ਡਿਪਟੀ ਕਮਿਸ਼ਨਰ ਨੇ ਦੋਹਾਂ ਧਿਰਾਂ ਦਾ ਸਮਝੌਤਾ ਕਰਵਾ ਦਿੱਤਾ। ਫ਼ੈਸਲਾ ਹੋਇਆ ਕਿ ਸਰਕਾਰ ਵੱਲੋਂ ਗੁਰਦੁਆਰਾ ਮਸਲੇ ਬਾਰੇ ਫੈਸਲੇ ਜਾਂ ਕਾਨੂੰਨ ਬਣਨ ਤਕ ਦੋਵੇਂ ਧਿਰਾਂ ਮਿਲ ਕੇ ਰਹਿਣਗੀਆਂ। ਮਾਈ ਰੱਜੀ ਤੇ ਕਕਰਾਨ ਦੇ ਗੁਰਦੁਆਰਿਆਂ ਦਾ ਇੰਤਜ਼ਾਮ ਹਿੰਦੂ ਕਰਨਗੇ ਅਤੇ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਦੇ ਹੱਥ ਆਇਆ। ਇਸ ਦਾ ਇੰਤਜ਼ਾਮ ਦਸਵੇਂ ਪਾਤਿਸ਼ਾਹ ਵੇਲੇ ਭਾਈ ਬੁਲਾਕਾ ਸਿੰਘ ਕੋਲ ਸੀ। ਉਸ ਦਾ ਪੁੱਤਰ ਬਸਤੀ ਰਾਮ ਸਿੰਘ ਨਹੀਂ ਸਜਿਆ ਸੀ। ਮਗਰੋਂ ਭਾਈ ਕੂਮਾ ਸਿੰਘ ਵੇਲੇ ਫੇਰ ਅੰਮ੍ਰਿਤਧਾਰੀ ਸਿੰਘਾਂ ਨੇ ਇਸ ਦੀ ਸੇਵਾ ਸੰਭਾਲ ਲਈ। ਫ਼ਰਵਰੀ ੧੯੨੧ ਵਿਚ ਇਥੋਂ ਦੇ ਮਹੰਤ ਕਿਰਪਾ ਸਿੰਘ ਨੇ ਅਚਾਨਕ ਗੁਰਦੁਆਰਾ ਛੱਡ ਦਿੱਤਾ। ਕੁਝ ਦਿਨ ਇੱਥੋਂ ਦੀ ਸੇਵਾ ਸੰਭਾਲ ਠੀਕ ਨਾ ਰਹਿ ਸਕੀ। ਅਖ਼ੀਰ ੬ ਮਾਰਚ ੧੯੨੧ ਦੇ ਦਿਨ ਸਿੰਘਾਂ ਨੇ ਆਪ ਹੀ ਇਸ ਦੀ ਸੇਵਾ ਸੰਭਾਲ ਲਈ। ਉਨ੍ਹਾਂ ਨੇ ਗੁਰਦੁਆਰੇ ਵਿਚ ਪਏ ਸਾਮਾਨ ਦੀ ਲਿਸਟ ਬਣਾਈ ਤੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ। ਕੁਝ ਦਿਨ ਮਗਰੋਂ ਡੀ. ਸੀ. ਨੇ ਸਿੰਘਾਂ ਦੀ ਕਮੇਟੀ ਦੇ ਮੈਂਬਰਾਂ ਨੂੰ ਬੁਲਾ ਕੇ ਆਖਿਆ ਕਿ ਸਰਕਾਰ ਕਿਰਪਾ ਸਿੰਘ ਨੂੰ ਗੁਰਦੁਆਰੇ ਦਾ ਕੰਟਰੋਲ ਨਹੀਂ ਦੇਣਾ ਚਾਹੁੰਦੀ ਪਰ ਉਸ ਨੂੰ ਗੁਰਦੁਆਰੇ

'ਚ ਆਉਣ ਦੀ ਇਜਾਜ਼ਤ ਜ਼ਰੂਰ ਦਿੱਤੀ ਜਾਵੇ। ਉਹ ੧੯ ਅਪ੍ਰੈਲ ਦੀ ਰਾਤ ਨੂੰ ਗੁਰਦੁਆਰੇ ਆਇਆ ਪਰ ਮੁੜ ਕੇ ਉੱਥੋਂ ਜਾਣ ਤੋਂ ਨਾਂਹ ਕਰ ਦਿੱਤੀ। ਸਿੱਖਾਂ ਨੇ ਉਸ ਨੂੰ ਜਬਰੀ ਨਹੀਂ ਕੱਢਿਆ ਤੇ ਪੁਲੀਸ ਨੇ ਸਿੱਖਾਂ ਦੀ ਮਦਦ ਨਾ ਕੀਤੀ। ਜੁਲਾਈ ੧੯੨੧ ਵਿਚ ਇਲਾਕੇ ਦੇ ਮੋਹਿਤਬਰ ਸਿੱਖਾਂ ਨੇ ਕਿਰਪਾ ਸਿੰਘ ਦੇ ਖ਼ਿਲਾਫ਼ ਕੇਸ ਦਾਇਰ ਕਰ ਦਿੱਤਾ। ਉਨ੍ਹਾਂ ਅਦਾਲਤ ਕੋਲ ਉਸ ਦੇ ਨਾ-ਸਿੱਖ ਇਖ਼ਲਾਕ ਦੇ ਸਬੂਤ ਪੇਸ਼ ਕੀਤੇ। ਅਦਾਲਤ ਨੇ ਹੁਕਮ ਜਾਰੀ ਕੀਤਾ ਕਿ ਮਹੰਤ ਪੁਜਾਰੀ ਬਣਨ ਦੇ ਲਾਇਕ ਨਹੀਂ ਤੇ ਇਸ ਦੀ ਥਾਂ ਨਵਾਂ ਪੁਜਾਰੀ ਲਾਇਆ ਜਾਏ। ਅਦਾਲਤ ਨੇ ਮਹੰਤ ਦੀ ਤਨਖ਼ਾਹ ੭੫ ਰੁਪਏ ਮਹੀਨਾ ਬੰਨ੍ਹ ਦਿੱਤੀ। ਇੰਞ ਇਸ ਗੁਰਦੁਆਰੇ ਦਾ ਇੰਤਜ਼ਾਮ ਵੀ ਆਖ਼ਰ ਪੰਥ ਦੇ ਹੱਥ ਆ ਗਿਆ।

ਇਸ ਤੋਂ ਇਲਾਵਾ ਗੁਰਦੁਆਰਾ ਬਾਬਾ ਅਵਿਨਾਸ਼ਾ ਸਿੰਘ, ਤੇਜੇ (ਜ਼ਿਲ੍ਹਾ ਵਜ਼ੀਰਾਬਾਦ), ਗੁਰਦੁਆਰਾ ਗੁਰੂ ਅਰਜਨ ਸਾਹਿਬ ਹੋਠੀਆਂ (ਜ਼ਿਲ੍ਹਾ ਗੁਰਦਾਸਪੁਰ), ਗੁਰਦੁਆਰਾ ਬਾਬੇ ਦੀ ਬੇਰ (ਸੁਲਤਾਨਪੁਰ) ਅਤੇ ਫ਼ਰੀਦਕੋਟ ਰਿਆਸਤ ਦੇ ਗੁਰਦੁਆਰੇ ਵੀ ਪੰਥਕ ਕੰਟਰੋਲ ਹੇਠ ਆ ਗਏ।

ਕਮਾਲੀਆ ਦਾ ਗੁਰਦੁਆਰਾ :

ਜ਼ਿਲ੍ਹਾ ਮਿੰਟਗੁਮਰੀ (ਹੁਣ ਫ਼ੈਸਲਾਬਾਦ), ਪਾਕਿਸਤਾਨ, ਕਸਬੇ ਵਿਚ ਬਾਬਾ ਪਰੇਮ ਸਤੀ ਦੇ ਗੁਰਦੁਆਰੇ ਦਾ ਇੰਤਜ਼ਾਮ ਭਾਈ ਤਾਰੂ ਦੇ ਕੋਲ ਸੀ। ੧੯੦੯ ਵਿਚ ਜਦੋਂ ਉਹ ਬਿਰਧ ਹੋ ਗਏ ਤਾਂ ਉਨ੍ਹਾਂ ਨੇ ਟਿੱਕਾ ਰਾਮ ਕਿਸ਼ਨ ਸਿੰਘ (ਊਨਾ) ਨੂੰ ਆਪਣਾ ਵਾਰਿਸ ਨਾਮਜ਼ਦ ਕਰ ਦਿੱਤਾ। ਕਿਉਂਕਿ ਉਹ ਵਿਆਹਿਆ ਸੀ ਇਸ ਕਰ ਕੇ ਉਹ 'ਚੇਲਾ' ਨਹੀਂ ਬਣ ਸਕਦਾ ਸੀ। ਇਸ 'ਤੇ ਉਸ ਨੇ ਆਪਣੇ ਪੁੱਤਰ ਦਵਿੰਦਰ ਸਿੰਘ ਨੂੰ "ਚੇਲਾ" ਬਣਾ ਦਿੱਤਾ। ਦਵਿੰਦਰ ਸਿੰਘ ਨੇ ਵੀ ਵਿਆਹ ਕਰ ਲਿਆ ਤੇ ਕਾਨੂੰਨੀ ਤੌਰ 'ਤੇ ਉਹ ਵੀ ਹੱਕ ਤੋਂ ਵਾਂਝਿਆ ਗਿਆ ਪਰ ਉਸ ਨੇ ਗੁਰਦੁਆਰੇ ਦੀ ਜਾਇਦਾਦ ਨੂੰ ਹੱਥੋਂ ਨਾ ਛੱਡਿਆ। ਹੋਰ ਤਾਂ ਹੋਰ ਉਹ ਮਹੰਤ ਭਾਈ ਤਾਰੂ ਦਾ ਵੀ ਖ਼ਿਆਲ ਨਹੀਂ ਰੱਖਦਾ ਸੀ। ਉਸ ਨੇ ਤੰਗ ਆ ਕੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਇੰਤਜ਼ਾਮ ਸੰਭਾਲ ਲਵੇ। ਸ਼੍ਰੋਮਣੀ ਕਮੇਟੀ ਨੇ ਉਸ ਨਾਲ ਗੱਲਬਾਤ ਕਰ ਕੇ ੮ ਮਾਰਚ ਨੂੰ ਸਮਝੌਤਾ ਕਰ ਕੇ ਰਜਿਸਟਰੀ ਕਰਵਾ ਲਈ। ਕਮੇਟੀ ਨੇ ਮਹੰਤ ਦੇ ਨਿਰਬਾਹ ਵਾਸਤੇ ਰਕਮ ਵੀ ਬੰਨ੍ਹ ਦਿੱਤੀ। ਉਧਰ ੫ ਅਪ੍ਰੈਲ ਨੂੰ ਟਿੱਕਾ ਰਾਮ ਕਿਸ਼ਨ ਸਿੰਘ ਨੇ ਕਮਾਲੀਆ ਆ ਕੇ ਗੁਰਦੁਆਰੇ ਦੇ ਚੁਬਾਰੇ ਵਿਚ ਡੇਰਾ ਲਾ ਲਿਆ ਤੇ ਹਾਜ਼ਿਰ ਸਿੰਘਾਂ ਤੇ ਹਮਲਾ ਕਰ ਦਿੱਤਾ। ਕੁਝ ਚਿਰ ਮਗਰੋਂ ਪੁਲੀਸ ਆ ਗਈ। ਮੁਕਾਮੀ ਹਿੰਦੂਆਂ ਨੇ ਡੀ. ਸੀ. ਨਾਲ ਅੰਦਰਖਾਤੇ ਸੌਦਾ-ਬਾਜ਼ੀ ਕਰ ਲਈ ਤੇ ਮਹੰਤ ਤੇ ਹੋਰ ਸਿੱਖਾਂ ਤੋਂ ਨੇਕ-ਚਲਣੀ ਦੀ ਜ਼ਮਾਨਤ ਮੰਗ ਲਈ। ਉਨ੍ਹਾਂ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਤੇ ਗ੍ਰਿਫ਼ਤਾਰੀ ਦੇ ਦਿੱਤੀ। ਇਸ ਤੇ ਸ਼੍ਰੋਮਣੀ ਕਮੇਟੀ ਨੇ ੨੪ ਬੰਦੇ ਇੰਤਜ਼ਾਮ ਸੰਭਾਲਣ ਵਾਸਤੇ ਭੇਜੇ। ਉਹ ਸਾਰੇ ਹੀ ੨੭ ਫਰਵਰੀ ੧੯੨੨ ਨੂੰ ਗ੍ਰਿਫ਼ਤਾਰ ਕਰ ਲਏ ਗਏ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਲਗਾਤਾਰ ਨਵੇਂ ਸਿੰਘ ਗੁਰਦੁਆਰੇ ਦੀ ਸੇਵਾ ਸੰਭਾਲ ਵਾਸਤੇ ਭੇਜਦੀ ਰਹੀ।

ਗੁਰੂਸਰ ਸਤਲਾਨੀ ਦਾ ਗੁਰਦੁਆਰਾ :

ਜ਼ਿਲ੍ਹਾ ਅੰਮ੍ਰਿਤਸਰ ਵਿਚ ਛੇਵੀਂ ਪਾਤਿਸ਼ਾਹੀ ਦੀ ਯਾਦ ਵਿਚ ਬਣਿਆ ਇਹ ਗੁਰਦੁਆਰਾ ਵੀ ਗੁਰਦੁਆਰਾ ਲਹਿਰ ਵਿਚ ਕਾਫ਼ੀ ਜੱਦੋਜਹਿਦ ਮਗਰੋਂ ਸਿੱਖਾਂ ਦੇ ਹੱਥ ਆਇਆ। ਇਹ ਵੀ ਫ਼ੈਸਲਾ ਹੋਇਆ ਕਿ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਵਿਚ ਇਕੱਠੇ ਹੋਏ ਸਿੱਖ ਜਥੇ ਵੀ ਚਲੇ ਜਾਣਗੇ।

੨੨ ਮਾਰਚ ਨੂੰ ਪੰਜ ਸਿੰਘਾਂ ਨੂੰ ਛੱਡ ਕੇ ਬਾਕੀ ਸਾਰੇ ਸਿੰਘ ਗੁਰਦੁਆਰੇ ਵਿੱਚੋਂ ਚਲੇ ਗਏ। ੨੩ ਮਾਰਚ ਨੂੰ ਕੁਝ ਹਿੰਦੂਆਂ ਨੇ ਗੁਰਦੁਆਰਾ ਭਾਈ ਜੋਗਾ ਸਿੰਘ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਉਹ ਦੁਪਹਿਰ ਵੇਲੇ ਗੁਰਦੁਆਰੇ ਪੁੱਜੇ ਅਤੇ "ਮਹੰਤ ਨਰੈਣ ਦਾਸ ਜ਼ਿੰਦਾਬਾਦ" ਤੇ "ਬੇਦੀ ਕਰਤਾਰ ਸਿੰਘ ਜ਼ਿੰਦਾਬਾਦ" ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਕਿਹਾ ਕਿ ਉਹ ਗੁਰਦੁਆਰੇ ਵਿਚ ਹੋਲੀ ਮਨਾਉਣਗੇ। ਗੁਰਦੁਆਰੇ ਵਿਚ ਸਿੰਘਾਂ ਨੇ ਹਿੰਦੂਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਾ ਦਿੱਤੀ। ਇਸ 'ਤੇ ਉਹ ਚਲੇ ਗਏ ਅਤੇ ੧੫ ਮਿੰਟਾਂ ਮਗਰੋਂ ਉਹ ਵੱਡੀ ਗਿਣਤੀ ਵਿਚ ਗੁਰਦੁਆਰੇ ਵੱਲ ਆਏ। ਉਨ੍ਹਾਂ ਨੇ ਡਾਂਗਾਂ, ਚਾਕੂ ਤੇ ਤਲਵਾਰਾਂ ਫੜ੍ਹੀਆਂ ਹੋਈਆਂ ਸਨ। ਉਨ੍ਹਾਂ ਗੇਟ 'ਤੇ ਖੜ੍ਹੇ ਸਿੰਘ ਨੂੰ ਕਾਬੂ ਕਰ ਲਿਆ। ਉਸ ਦੀਆਂ ਆਵਾਜ਼ਾਂ ਸੁਣ ਕੇ ਤਿੰਨ ਸਿੰਘ ਅੰਦਰੋਂ ਬਾਹਰ ਆਏ। ਸਿੰਘਾਂ ਦਾ

ਦਬਕਾ ਸੁਣ ਕੇ ਹਿੰਦੂ ਪਿੱਛੇ ਨੂੰ ਭੱਜ ਪਏ। ਸਾਰੀ ਗਲੀ ਹਿੰਦੂ ਭੀੜ ਨਾਲ ਭਰੀ ਹੋਣ ਕਰ ਕੇ ਉਨ੍ਹਾਂ ਵਾਸਤੇ ਦੌੜਨਾ ਵੀ ਔਖਾ ਹੋ ਗਿਆ। ਹਿੰਦੂ ਔਰਤਾਂ ਜੋ ਆਪਣੇ ਨਾਲ ਇੱਟਾਂ ਤੇ ਪੱਥਰ ਲਿਆਏ ਸਨ, ਨੇ ਸਿੱਖਾਂ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਬਚਾਅ ਵਾਸਤੇ ਡਾਂਗ ਚਲਾਉਣੀ ਸ਼ੁਰੂ ਕਰ ਦਿੱਤੀ। ੧੩ ਹਿੰਦੂ ਡਾਂਗਾਂ ਨਾਲ ਜ਼ਖ਼ਮੀ ਹੋਏ ਤੇ ਹਿੰਦੂ ਔਰਤਾਂ ਦੇ ਪਥਰਾਅ ਨਾਲ ਤਿੰਨ ਸਿੱਖਾਂ ਨੂੰ ਵੀ ਸੱਟਾਂ ਲੱਗੀਆਂ। ਥੋੜ੍ਹੀ ਦੇਰ ਮਗਰੋਂ ਡਿਪਟੀ ਕਮਿਸ਼ਨਰ ਵੀ ਆ ਗਿਆ। ਦੂਜੇ ਪਾਸੇ ਖ਼ਬਰ ਮਿਲਦਿਆਂ ਬਹੁਤ ਸਾਰੇ ਸਿੱਖ ਵੀ ਗੁਰਦੁਆਰੇ ਪਹੁੰਚ ਗਏ। ਡਿਪਟੀ ਕਮਿਸ਼ਨਰ ਕਿਉਂ ਕਿ ਹਿੰਦੂਆਂ ਦੀ ਤਰਫ਼ ਕਰਦਾ ਸੀ ਉਸ ਨੇ ੪੦ ਸਿੱਖ ਗ੍ਰਿਫ਼ਤਾਰ ਕਰ ਲਏ ਤੇ ਕਿਸੇ ਵੀ ਹਿੰਦੂ ਨੂੰ ਹੱਥ ਤਕ ਨਾ ਲਾਇਆ ਡੀ. ਸੀ. ਨੇ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਤੇ ਪੁਲੀਸ ਤੇ ਮਿਲਟਰੀ ਦੀ ਗਾਰਡ ਲਾ ਦਿੱਤੀ। ਉਸ ਨੇ ਗੁਰਦੁਆਰੇ 'ਚ ਸਿੱਖਾਂ ਦੀ ਐਂਟਰੀ ਬੰਦ ਕਰ ਦਿੱਤੀ। ਇਸ ਤੇ ਸਿੱਖਾਂ ਨੇ, ਸਣੇ ਫ਼ੌਜੀ ਸਿੱਖਾਂ ਦੇ, ਪ੍ਰੋਟੈਸਟ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਸਿੱਖ ਪ੍ਰੈਸ ਨੂੰ ਫ਼ੋਨ ਕੀਤਾ। ਦੋ ਸਿੱਖਾਂ ਨੂੰ ਅੰਮ੍ਰਿਤਸਰ ਤੇ ਲਾਹੌਰ ਸਿੱਖ ਆਗੂਆਂ ਨੂੰ ਮਿਲਣ ਵਾਸਤੇ ਟੋਰ ਦਿੱਤਾ ਗਿਆ।

ਡੀ. ਸੀ ਨੂੰ ਸਾਰੀ ਹਾਲਤ ਦਾ ਪਤਾ ਲੱਗਦਾ ਰਿਹਾ। ਉਸ ਨੇ ਡਰਦਿਆਂ ਸਾਰੇ ਸਿੱਖ ਅਗਲੇ ਦਿਨ ਰਿਹਾ ਕਰ ਦਿੱਤੇ। ਡਰ ਡੀ. ਸੀ. ਨੇ ਹੁਕਮ ਜਾਰੀ ਕਰ ਦਿੱਤਾ ਕਿ ਕੋਈ ਵੀ ਬੰਦਾ ਸ਼ਹਿਰ ਵਿਚ ਕਿਰਪਾਨ ਲੈ ਕੇ ਨਹੀਂ ਜਾ ਸਕਦਾ। ਇਸ 'ਤੇ ਅੰਮ੍ਰਿਤਧਾਰੀ ਸਿੱਖ ਪਿਸ਼ਾਵਰ ਸਦਰ ਵਿਚ ਚਲੇ ਗਏ। ੨੪ ਤਾਰੀਖ਼ ਸ਼ਾਮ ਨੂੰ ਡੀ. ਸੀ. ਦੇ ਹੁਕਮ ਦੇ ਖ਼ਿਲਾਫ਼ ਇਕ ਭਾਰੀ ਦੀਵਾਨ ਹੋਇਆ। ਇਨ੍ਹੀਂ ਦਿਨੀਂ ਗਿ: ਸ਼ੇਰ ਸਿੰਘ ਵੀ ਉੱਥੇ ਪੁੱਜ ਗਏ। ੨੬ ਤਾਰੀਖ਼ ਨੂੰ ਉਹ ਡੀ. ਸੀ. ਨੂੰ ਮਿਲੇ। ਡੀ. ਸੀ. ਨੇ ਉਨ੍ਹਾਂ ਨੂੰ ਕਿਰਪਾਨ ਲਾਹ ਕੇ ਅੰਦਰ ਆਉਣ ਵਾਸਤੇ ਕਿਹਾ। ਜਦੋਂ ਗਿਆਨੀ ਜੀ ਨੇ ਕਿਰਪਾਨ ਉਤਾਰਨ ਤੋਂ ਨਾਂਹ ਕਰ ਦਿੱਤੀ ਤਾਂ ਡੀ. ਸੀ. ਨੂੰ ਮਜਬੂਰਨ ਉਨ੍ਹਾਂ ਨੂੰ ਅੰਦਰ ਬੁਲਾਉਣਾ ਪਿਆ। ਗਿ: ਸ਼ੇਰ ਸਿੰਘ ਨੇ ਡੀ. ਸੀ. ਨੂੰ ਦਸਿਆ ਕਿ ਸਿੱਖਾਂ ਦੀ ਕਿਰਪਾਨ 'ਤੇ ਕਦੇ ਪਾਬੰਦੀ ਨਹੀਂ ਲਾਈ ਗਈ ਸੀ। ਹੋਰ ਤਾਂ ਹੋਰ ਨਾਨਕਾਣਾ ਸਾਹਿਬ ਵਿਚ ਜਦੋਂ ਸਰਕਾਰ ਨੇ ਹਰ ਬੰਦੇ ਤੋਂ ਟਕੂਏ, ਬਰਛੇ ਤੇ ਡਾਂਗਾਂ ਤਕ ਵੀ ਲੈ ਲਈਆਂ ਸਨ ਤਾਂ ਵੀ ਕਿਰਪਾਨ 'ਤੇ ਕੋਈ ਪਾਬੰਦੀ ਨਹੀਂ ਸੀ ਲਾਈ। ਡੀ. ਸੀ. ਨੇ ਕਮਿਸ਼ਨਰ ਨਾਲ ਗੱਲਬਾਤ ਕਰ ਕੇ ਅਖ਼ੀਰ ਕਿਰਪਾਨ ਤੋਂ ਪਾਬੰਦੀ ਹਟਾ ਲਈ। ਅਖ਼ੀਰ ੧੨ ਅਪ੍ਰੈਲ ਨੂੰ ਗੁਰਦੁਆਰਾ ਆਜ਼ਾਦ ਹੋਇਆ। ਇਸ ਗੁਰਦੁਆਰੇ ਦਾ ਝਗੜਾ ਕਾਫ਼ੀ ਦੇਰ ਚਲਦਾ ਰਿਹਾ ਅਖ਼ੀਰ ਸਿੱਖਾਂ ਨੇ ਇਸ ਦਾ ਕੰਟਰੋਲ ਪੂਰੀ ਤਰ੍ਹਾਂ ਹਾਸਿਲ ਕਰ ਲਿਆ।

ਗੁਰਦੁਆਰਾ ਬਿੱਲ ਪਾਸ ਕਰਨ ਦੀ ਪਹਿਲੀ ਕੋਸ਼ਿਸ਼ :

ਗੁਰਦੁਆਰਾ ਸੁਧਾਰ ਲਹਿਰ ਤੇਜ਼ ਹੋਣ ਤੋਂ ਤਿੰਨ ਚਾਰ ਮਹੀਨੇ ਮਗਰੋਂ ਹੀ ਸਰਕਾਰ ਨੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਐਕਟ ਬਣਾਉਣ ਦਾ ਚਰਚਾ ਸ਼ੁਰੂ ਕਰ ਦਿੱਤਾ ਸੀ। ੧੬ ਫ਼ਰਵਰੀ ੧੯੨੧ ਦੇ ਦਿਨ ਸਰਕਾਰ ਨੇ ਇਕ ਐਲਾਨ ਜਾਰੀ ਕੀਤਾ ਸੀ ਕਿ ਸਰਕਾਰ ਗੁਰਦੁਆਰਿਆਂ ਦੇ ਮੌਜੂਦਾ ਇੰਤਜ਼ਾਮ 'ਤੇ ਵਿਚਾਰ ਕਰਨ ਵਾਸਤੇ ਇਕ ਕਮੇਟੀ ਬਣਾਉਣ ਬਾਰੇ ਸੋਚ ਰਹੀ ਹੈ। ਇਸ ਸਬੰਧ ਵਿਚ ਇਕ ਮੀਟਿੰਗ ਮਾਰਚ ੧੯੨੧ ਵਿਚ ਕਰਨ ਦਾ ਫ਼ੈਸਲਾ ਹੋਇਆ ਸੀ। ਇਸ ਮੀਟਿੰਗ ਵਿਚ ਅਕਾਲੀ ਨੁਮਾਇੰਦੇ, ਮਹੰਤਾਂ ਵੱਲੋਂ ਕਰਤਾਰ ਸਿੰਘ ਬੇਦੀ ਅਤੇ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਸੈਕਟਰੀ ਸ਼ੇਖ਼ ਅਸਗਰ ਅਲੀ ਨੇ ਸ਼ਾਮਿਲ ਹੋਣਾ ਸੀ ਪਰ ਨਾਨਕਾਣਾ ਸਾਹਿਬ ਦੇ ਸਾਕੇ ਕਰ ਕੇ ਇਹ ਮੀਟਿੰਗ ਨਾ ਹੋ ਸਕੀ। ਫਿਰ ੧੪ ਮਾਰਚ ੧੯੨੧ ਨੂੰ ਪੰਜਾਬ ਦੇ ਵਜ਼ੀਰੇ-ਤਾਲੀਮ ਮੀਆਂ ਫ਼ਜ਼ਲ ਹੁਸੈਨ ਨੇ ਕੌਂਸਲ 'ਚ ਇਕ ਮਤਾ ਰੱਖਿਆ, ਜਿਸ ਵਿਚ ਗੁਰਦੁਆਰਿਆਂ ਦੇ ਨਿਜ਼ਾਮ ਵਾਸਤੇ ਆਰਡੀਨੈਂਸ ਜਾਰੀ ਕਰਨ ਦਾ ਜ਼ਿਕਰ ਕੀਤਾ ਗਿਆ ਸੀ। ਇਸ ਮੁਤਾਬਿਕ ਗੁਰਦੁਆਰਾ ਕਮਿਸ਼ਨ ਬਣਾਇਆ ਜਾਣਾ ਸੀ। ਇਸ ਕਮਿਸ਼ਨ ਦੇ ਤਿੰਨ ਮੈਂਬਰਾਂ ਵਿੱਚੋਂ ਦੋ ਸਿੱਖ ਹੋਣੇ ਸਨ ਤੇ ਇਕ ਸਰਕਾਰੀ ਨੁਮਾਇੰਦਾ ਹੋਣਾ ਸੀ। ਇਸ ਮੁਤਾਬਿਕ ਗੁਰਦੁਆਰਿਆਂ ਦਾ ਨਿਜ਼ਾਮ ਸਿੱਖਾਂ ਦੇ ਹਵਾਲੇ ਕਰ ਕੇ ਮਹੰਤਾਂ ਤੇ ਹੋਰ ਪੁਜਾਰੀਆਂ ਵਾਸਤੇ ਮਿੱਥੀ ਰਕਮ ਨੀਅਤ ਕਰਨਾ ਸੀ। ਇਸ ਆਰਡੀਨੈਂਸ ਦੇ ਖ਼ਿਲਾਫ਼ ਹਿੰਦੂ ਕੌਂਸਲਰ ਖੁਲ੍ਹ ਕੇ ਸਾਹਮਣੇ ਆਏ ਤੇ ਉਨ੍ਹਾਂ ਨੇ ਮਹੰਤਾਂ ਦੀ ਅਸਿੱਧੀ ਹਿਮਾਇਤ ਕੀਤੀ। ਉਨ੍ਹਾਂ ਤਾਂ ਇੱਥੋਂ ਤਕ ਕਿਹਾ ਕਿ ਸਿੱਖਾਂ ਵਿਚ ਕਈ ਫ਼ਿਰਕੇ ਹਨ ਤੇ ਹਰ ਇਕ ਦਾ ਨੁਮਾਇੰਦਾ ਕਮਿਸ਼ਨ ਵਿਚ ਹੋਵੇ। ਗਨਪਤ ਰਾਏ, ਜੋ ਮਹੰਤ ਨਰੈਣ ਦਾਸ ਦਾ ਸਲਾਹਕਾਰ ਸੀ, ਨੇ ਤਾਂ ਇੱਥੋਂ ਤਕ ਕਿਹਾ ਕਿ ਗੁਰਦੁਆਰਾ ਕਮਿਸ਼ਨ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੀ ਵੀ ਨੁਮਾਇੰਦਗੀ ਹੋਵੇ। ਸਿੱਖਾਂ ਨੇ ਇਸ ਦੀ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਕਿਹਾ

ਕਿ ਸਿੱਖਾਂ ਵਿਚ ਕੋਈ ਫ਼ਿਰਕਾ ਨਹੀਂ ਤੇ ਹਿੰਦੂ ਤੇ ਮੁਸਲਮਾਨਾਂ ਦੀ ਨੁਮਾਇੰਦਗੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਨੇ ਬਿੱਲ ਦੀ ਇਸ ਗੱਲੋਂ ਵੀ ਮੁਖ਼ਾਲਫ਼ਤ ਕੀਤੀ ਕਿ ਇਹ ਗੁਰਦੁਆਰੇ ਨੂੰ "ਚੈਰੀਟੇਬਲ ਟਰੱਸਟ" ਮੰਨਦਾ ਹੈ, ਜਦ ਕਿ ਗੁਰਦੁਆਰੇ ਦਾ ਆਪਣਾ ਰੂਹਾਨੀ ਅਕੀਦਾ ਤੇ ਅਸੂਲ ਹੁੰਦਾ ਹੈ। ਇਸ ਨੂੰ "ਦਾਨ ਵਾਲੀ ਜਮਾਤ" (ਚੈਰੀਟੇਬਲ ਟਰੱਸਟ) ਨਾਲ ਨਹੀਂ ਜੋੜਿਆ ਜਾ ਸਕਦਾ। ਇਸ ਸਾਰਾ ਕੁਝ ਕਰ ਕੇ ਆਰਡੀਨੈਂਸ ਦੀ ਗੱਲ ਸਿਰੇ ਨਾ ਚੜ੍ਹ ਸਕੀ। ਇਸ ਨੂੰ ਮੱਦੇ-ਨਜ਼ਰ ਰੱਖਦਿਆਂ ਸਰਕਾਰ ਨੇ ਆਰਡੀਨੈਂਸ ਦੀ ਥਾਂ ਇਕ ਬਿੱਲ ਪੇਸ਼ ਕਰਨ ਦਾ ਫ਼ੈਸਲਾ ਕਰ ਲਿਆ ਤੇ ਇਸ ਵਾਸਤੇ ੫ ਅਪ੍ਰੈਲ ਦੀ ਤਾਰੀਖ਼ ਮਿੱਥ ਦਿੱਤੀ। ਇਸ ਮਗਰੋਂ ਸਰਕਾਰ ਨੇ ਗੁਰਦੁਆਰਿਆਂ 'ਤੇ ਕਬਜ਼ਿਆਂ ਬਾਰੇ ਪੈਦਾ ਹੋਣ ਵਾਲੇ ਹਾਲਾਤ ਦੇ ਨਾਂ 'ਤੇ ਬਹੁਤ ਸਾਰੀ ਪੁਲੀਸ ਭਰਤੀ ਕਰਨ ਦਾ ਫ਼ੈਸਲਾ ਕੀਤਾ ਤੇ ਇਸ ਬਾਰੇ ਪੰਜਾਬ ਕੌਂਸਲ ਕੋਲ ੧ ੧੫ ੨੧੭ ਰੁਪਏ ਦਾ ਖਰਚਾ ਪੇਸ਼ ਕੀਤਾ। ਸ: ਬ: ਮਹਿਤਾਬ ਸਿੰਘ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ ਤੇ ਕਿਹਾ ਕਿ ਸਿੱਖਾਂ ਵੱਲੋਂ ਗੁਰਦੁਆਰਾ ਇੰਤਜ਼ਾਮ ਲੈਣ ਦੀ ਲਹਿਰ ਨੂੰ ਪੁਲੀਸ ਜਬਰ ਨਾਲ ਦਬਾਉਣਾ ਬੇਅਕਲੀ ਹੋਵੇਗੀ। ਇਸ ਦੇ ਬਾਵਜੂਦ ਕੌਂਸਲ ਨੇ ਇਹ ਰਕਮ ਪਾਸ ਕਰ ਕੇ ਨਵੀਂ ਪੁਲੀਸ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ।

੨੦ ਮਾਰਚ ੧੯੨੧ ਦੇ ਦਿਨ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਆਗੂਆਂ ਦਾ ਇਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਵਿਚ ਪੰਜਾਬ ਕੌਂਸਲ ਦੇ ਸਾਰੇ ਸਿੱਖ ਮੈਂਬਰ ਤੇ ਪ੍ਰੈਸ ਨੂੰ ਵੀ ਬੁਲਾਇਆ ਗਿਆ ਸੀ। ਉਨ੍ਹੀਂ ਦਿਨੀਂ ਜ: ਝੱਬਰ, ਜ: ਭੁੱਚਰ ਤੇ ਹੋਰ ਸੈਂਕੜੇ ਸਿੱਖ ਗ੍ਰਿਫ਼ਤਾਰ ਕੀਤੇ ਜਾ ਰਹੇ ਸਨ। ਇਸ ਕਰ ਕੇ ਅਕਾਲੀ ਆਗੂ ਸਰਕਾਰ ਨਾਲ ਕੋਈ ਸਮਝੌਤਾ ਕਰਨ ਵਾਸਤੇ ਰਾਜ਼ੀ ਨਹੀਂ ਸਨ। ਸਿੱਖ ਆਗੂ ਚਾਹੁੰਦੇ ਸਨ ਕਿ ਸਰਕਾਰ ਨਾਲ ਨਾਮਿਲਵਰਤਣ ਦਾ ਮਤਾ ਪਾਸ ਕੀਤਾ ਜਾਵੇ ਪਰ ਸ: ਬ: ਮਹਿਤਾਬ ਸਿੰਘ, ਭਾਈ ਜੋਧ ਸਿੰਘ ਤੇ ਸ: ਹਰਬੰਸ ਸਿੰਘ ਅਟਾਰੀ ਚਾਹੁੰਦੇ ਸਨ ਕਿ ਸਰਕਾਰ ਨੂੰ ਇਕ ਮੌਕਾ ਦਿੱਤਾ, ਇਸ ਇਕੱਠ ਨੇ ਹੇਠ ਲਿਖਿਆ ਮੱਤਾ ਪਾਸ ਕੀਤਾ:

੧. ਗੁਰਦੁਆਰਿਆਂ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਸਾਰੇ ਸਿੱਖ ਰਿਹਾ ਕੀਤੇ ਜਾਣ।
੨. ਮਹੰਤਾਂ ਤੇ ਪੁਜਾਰੀਆਂ ਨਾਲ ਝਗੜੇ ਦੇ ਸਬੰਧ ਵਿਚ ਸਰਕਾਰ ਵੱਲੋਂ ਗ੍ਰਿਫ਼ਤਾਰੀਆਂ ਕੀਤੇ ਜਾਣ ਦੀ ਸਖ਼ਤ ਲਫ਼ਜ਼ਾਂ ਵਿਚ ਨਿੰਦਾ ਕੀਤੀ ਗਈ।
੩. ਸ਼੍ਰੋਮਣੀ ਕਮੇਟੀ ਵੱਲੋਂ ਸੁਝਾਏ ਨੇਮ ਮੁਤਾਬਿਕ ਗੁਰਦੁਆਰਾ ਐਕਟ ਬਣਨ ਤੱਕ ਜਿਨ੍ਹਾਂ ਗੁਰਦੁਆਰਿਆਂ 'ਤੇ ਸਿੱਖਾਂ ਨੇ ਕਬਜ਼ਾ ਕੀਤਾ ਹੋਇਆ ਹੈ, ਨੂੰ ਸ਼੍ਰੋਮਣੀ ਕਮੇਟੀ ਦੇ ਉਨ੍ਹਾਂ ਨੁਮਾਇੰਦਿਆਂ ਦੇ ਹੱਥਾਂ ਵਿਚ ਹੀ ਰਹਿਣ ਦਿੱਤਾ ਜਾਏ, ਜਿਨ੍ਹਾਂ ਨੂੰ ਪਿਛਲੇ ਦਿਨੀਂ (ਮਾਰਚ ੧੯੨੧ ਵਿਚ) ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਕੇਸਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ।
੪. ਜੇ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਮੁਤਾਬਿਕ ਗੁਰਦੁਅਰਾ ਨਿਜ਼ਾਮ ਬਾਰੇ ਕਾਨੂੰਨ ਬਣਾਉਣ ਅਤੇ ਸਿੱਖ ਕੈਦੀਆਂ ਨੂੰ ੧੦ ਅਪ੍ਰੈਲ ੧੯੨੧ ਤੱਕ ਰਿਹਾ ਕਰਨ 'ਚ ਨਾਕਾਮ ਹੋ ਜਾਂਦੀ ਹੈ ਤਾਂ ਅਕਾਲ ਤਖ਼ਤ ਸਾਹਿਬ 'ਤੇ ਜੁੜੇ ਪੰਥ ਦਾ ਫ਼ੈਸਲਾ ਹੈ ਕਿ ਸਿੱਖ ਇਸ ਨੂੰ ਆਪਣੇ ਧਰਮ 'ਚ ਦਖ਼ਲ ਮੰਨਣਗੇ ਅਤੇ ਗੁਰਦੁਆਰਿਆਂ ਦਾ ਸੁਧਾਰ ਕਰਨ 'ਤੇ ਆਪ ਮਜਬੂਰ ਹੋਣਗੇ।
੫. ਗੁਰੂ ਪੰਥ ਸਾਰੇ ਸਿੱਖਾਂ ਨੂੰ ਸੱਦਾ ਦੇਂਦਾ ਹੈ ਕਿ ਉਹ ਗੁਰਦੁਆਰਾ ਸੁਧਾਰ ਵਾਸਤੇ ਅਕਾਲੀ ਜਥਿਆ ਵਿਚ ਸ਼ਾਮਿਲ ਹੋ ਜਾਣ।
੬. ਕੋਈ ਵੀ ਸਿੱਖ ੧੦ ਅਪ੍ਰੈਲ ਤੱਕ ਕਿਸੇ ਵੀ ਗੁਰਦੁਆਰੇ ਦੇ ਮੌਜੂਦਾ ਇੰਤਜ਼ਾਮ ਨੂੰ ਬਦਲਣ ਦੀ ਕੋਸ਼ਿਸ਼ ਨਾ ਕਰੇ। ਇਸ ਮੀਟਿੰਗ ਨੇ ਸਰਕਾਰ ਤੇ ਕੌਂਸਲਰਾਂ ਨਾਲ ਗੁਰਦੁਆਰਾ ਐਕਟ ਗੱਲਬਾਤ ਕਰਨ ਵਾਸਤੇ ਇਕ ੧੨ ਮੈਂਬਰੀ ਕਮੇਟੀ ਵੀ ਬਣਾ ਦਿੱਤੀ।

ਪਰ ਸਰਕਾਰ ਨੇ ਸਿੱਖਾਂ ਦੇ ਇਨ੍ਹਾਂ ਮਤਿਆਂ ਦੀ ਪ੍ਰਵਾਹ ਤਾਂ ਕੀ ਕਰਨੀ ਸੀ ਸਗੋਂ ਉਲਟਾ ਇਸ ਮੀਟਿੰਗ ਵਿਚ ਸ: ਅਮਰ ਸਿੰਘ ਝਬਾਲ ਵੱਲੋਂ ਕਿਰਪਾਨ ਬਾਰੇ ਮਤਾ ਰੱਖਣ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਕੇ ਉਸ ਨੂੰ ੬ ਮਹੀਨੇ ਕੈਦ ਕਰ ਦਿੱਤਾ ਤੇ ਹੋਰ ਵੀ ਬਹੁਤ ਸਾਰੇ ਸਿੱਖਾਂ ਨੂੰ ਕਿਰਪਾਨਾਂ ਅਤੇ ਛੋਟੇ ਟਕੂਏ ਰੱਖਣ 'ਤੇ ਗ੍ਰਿਫ਼ਤਾਰ ਕਰ ਲਿਆ। ਇਸ ਦੇ ਨਾਲ ਹੀ ੮ ਅਪ੍ਰੈਲ ਨੂੰ ਸਰਕਾਰੀ ਗੁਰਦੁਆਰਾ ਬਿੱਲ ਵੀ ਛਾਇਆ ਹੋ ਗਿਆ, ਇਸ ਨਾਲ ਸਿੱਖਾਂ ਵਿਚ

ਸਰਕਾਰ ਵਾਸਤੇ ਮੁਖ਼ਾਲਫ਼ਤ ਬਹੁਤ ਵੱਧ ਗਈ। ਇਸ ਸਰਕਾਰੀ ਬਿੱਲ ਵਿਚ ਗੁਰਦੁਆਰਾ ਬੋਰਡ ਦੇ ਚਾਰ (ਤਿੰਨ ਸਿੱਖ ਤੇ ਇਕ ਗ਼ੈਰ-ਸਿੱਖ) ਮੈਂਬਰ ਹੋਣੇ ਸਨ, ਜਿਨ੍ਹਾਂ ਸਾਰਿਆਂ ਨੂੰ ਸਰਕਾਰ ਨੇ ਨਾਮਜ਼ਦ ਕਰਨਾ ਸੀ। ਇਨ੍ਹਾਂ ਦਾ ਪਰੈਜ਼ੀਡੈਂਟ ਇਕ ਗ਼ੈਰ-ਸਿੱਖ ਹੋਣਾ ਸੀ। ਬਿੱਲ ਮੁਤਾਬਿਕ ਉਹ ਗੁਰਦੁਆਰੇ ਹੀ ਗੁਰਦੁਆਰਾ ਇੰਤਜ਼ਾਮ ਹੇਠ ਆਉਂਦੇ ਸਨ, ਜਿਨ੍ਹਾਂ ਨੂੰ ਸਰਕਾਰ ਗੁਰਦੁਆਰਾ ਮੰਨੇਗੀ। ਝਗੜੇ ਵਾਲੇ ਧਰਮ ਅਸਥਾਨ ਇਸ ਗੁਰਦੁਆਰਾ ਇੰਤਜ਼ਾਮ ਹੇਠ ਨਹੀਂ ਆਉਂਦੇ ਸਨ। ਇਸ ਬੋਰਡ ਦਾ ਸਾਰਾ ਖ਼ਰਚ ਗੁਰਦੁਆਰਿਆਂ ਦੀ ਆਮਦਨ 'ਚੋਂ ਕੀਤਾ ਜਾਣਾ ਸੀ।

ਫ਼ਜ਼ਲ ਹੁਸੈਨ (ਵਜ਼ੀਰੇ ਤਾਲੀਮ) ਅਤੇ ਈ. ਜੋਸਫ਼ (ਸਰਕਾਰ ਦੇ ਸੈਕਟਰੀ) ਦੇ ਇਸ ਬਿੱਲ ਦੀ ਤਕਰੀਬਨ ਹਰ ਇਕ ਸਿੱਖ ਨੇ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਸ: ਦਸੌਂਧਾ ਸਿੰਘ, ਸ: ਕਰਤਾਰ ਸਿੰਘ, ਸ: ਹਰਨਾਮ ਸਿੰਘ ਤੇ ਸ: ਬ: ਮਹਿਤਾਬ ਸਿੰਘ ਨੇ ਆਪਣੀ ਮੁਖ਼ਾਲਫ਼ਤ ਰੀਕਾਰਡ ਵੀ ਕਰਵਾਈ। ਇਸ ਕਰ ਕੇ ਬਿੱਲ ਬਾਰੇ ਵਿਚਾਰ ਕਰਨ ਨੂੰ ੧੬ ਅਪ੍ਰੈਲ 'ਤੇ ਮੁਲਤਵੀ ਕਰ ਦਿੱਤਾ ਗਿਆ। ਇਸ ਦੌਰਾਨ ਹਿੰਦੂਆਂ ਨੇ ਵੀ ਸਿੱਖਾਂ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿੱਤਾ। ਹਾਲਾਂ ਕਿ ਸ਼੍ਰੋਮਣੀ ਕਮੇਟੀ ਨੇ ਸਾਫ਼ ਲਫ਼ਜ਼ਾਂ ਵਿਚ ਆਖ ਵੀ ਦਿੱਤਾ ਸੀ ਕਿ ਸਿੱਖ ਸਿਰਫ਼ ਤਾਰੀਖ਼ੀ ਗੁਰਦੁਆਰਿਆਂ (ਜੋ ਗੁਰੂ ਸਾਹਿਬ ਜਾਂ ਸ਼ਹੀਦਾਂ ਤੇ ਸਿੱਖ ਹਸਤੀਆਂ ਨਾਲ ਸਬੰਧਿਤ ਹਨ) ਦਾ ਇੰਤਜ਼ਾਮ ਹੀ ਕਰਨਾ ਚਾਹੁੰਦੀ ਹੈ ਪਰ ਫਿਰ ਵੀ ਹਿੰਦੂ ਸਿੱਖਾਂ ਦੇ ਖ਼ਿਲਾਫ਼ ਸਾਜ਼ਿਸ਼ਾਂ 'ਚ ਭਾਈਵਾਲ ਹੋ ਰਹੇ ਸਨ। ੪ ਅਪ੍ਰੈਲ ਨੂੰ ਪੰਜਾਬ ਹਿੰਦੂ ਮਹਾਂ ਸਭਾ ਨੇ ਇਕ ਬਿਆਨ 'ਚ ਆਖਿਆ ਕਿ ਗੁਰਦੁਆਰਿਆਂ ਦੇ ਨਿਜ਼ਾਮ 'ਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ ਅਤੇ ਜੇ ਕਰ ਸਰਕਾਰ ਗੁਰਦੁਆਰਾ ਕਮਿਸ਼ਨ ਬਣਾਉਣਾ ਚਾਹੁੰਦੀ ਹੈ ਤਾਂ ਉਸ ਵਿਚ ਹਿੰਦੂਆਂ ਨੂੰ ਵੀ ਨੁਮਾਇੰਦਗੀ ਦਿੱਤੀ ਜਾਵੇ।

੧੧ ਅਪ੍ਰੈਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਸਰਕਾਰੀ ਬਿੱਲ ਦੇ ਨਾਲ ਨਾਲ ਸਰਕਾਰ ਵੱਲੋਂ ਕੈਦੀ ਰਿਹਾ ਕਰਨ ਤੋਂ ਨਾਂਹ ਕਰਨ ਨੂੰ ਵੀ ਵਿਚਾਰਿਆ ਗਿਆ। ਮੀਟਿੰਗ 'ਚ ਵਿਚਾਰ ਹੋਈ ਕਿ ਕਿਉਂ ਕਿ ਸਰਕਾਰ ਆਪਣੇ ਬਿੱਲ ਵਿਚ ਸਿੱਖਾਂ ਵੱਲੋਂ ਸੁਝਾਈਆਂ ਸੋਧਾਂ ਕਰਨ ਵਾਸਤੇ ਤਿਆਰ ਨਹੀਂ ਇਸ ਕਰ ਕੇ ਅਸੀਂ ਬਿੱਲ ਨੂੰ ਨਾ ਮਨਜ਼ੂਰ ਕਰਦੇ ਹਾਂ। ਸਰਕਾਰ ਇਹ ਵੀ ਨਹੀਂ ਮੰਨਦੀ ਕਿ ਗੁਰਦੁਆਰੇ ਪੰਥ ਦੇ ਹਨ ਅਤੇ ਮਹੰਤ ਸਿਰਫ਼ ਸੇਵਾਦਾਰ ਹਨ। ਗੁਰਦੁਆਰਿਆਂ ਦੀ ਮਲਕੀਅਤ ਬਾਰੇ ਮਹੰਤਾਂ ਦਾ ਜੱਦੀ ਹੱਕ ਵੀ ਸਿੱਖੀ ਅਸੂਲਾਂ ਦੇ ਖ਼ਿਲਾਫ਼ ਹੈ। ਇਸ ਤੋਂ ਇਲਾਵਾ ਬਿੱਲ ਦੀਆਂ ਬਾਕੀ ਮੱਦਾਂ ਵੀ ਬਿਲ ਨੂੰ ਬੇਮਾਅਨਾ ਕਰ ਦੇਂਦੀਆਂ ਹਨ। ਸਿੱਖ ਆਗੂਆਂ ਨੂੰ ਰਿਹਾ ਨਾ ਕਰਨ ਦੀ ਵੀ ਜ਼ਬਰਦਸਤ ਨਿੰਦਾ ਕੀਤੀ ਗਈ। ਇਸ ਮੀਟਿੰਗ ਨੇ ਅਗਲੇ ਕਦਮ ਚੁੱਕਣ ਵਾਸਤੇ ਇਕ ਸੱਤ-ਮੈਂਬਰੀ ਕਮੇਟੀ ਬਣਾ ਦਿੱਤੀ। ਇਸ ਵਿਚ ਬਾਬਾ ਖੜਕ ਸਿੰਘ, ਸ: ਹਰਬੰਸ ਸਿੰਘ ਅਟਾਰੀ, ਪ੍ਰੋ: ਜੋਧ ਸਿੰਘ, ਪ੍ਰੋ: ਬਾਵਾ ਹਰਕਿਸ਼ਨ ਸਿੰਘ, ਮਾਸਟਰ ਤਾਰਾ ਸਿੰਘ, ਸ: ਬਤਨ ਸਿੰਘ ਕਨੇਡੀਅਨ, ਸ: ਤੇਜਾ ਸਿੰਘ ਸਮੁੰਦਰੀ ਸ਼ਾਮਿਲ ਸਨ। ਇਸ ਕਮੇਟੀ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਹਰ ਪਾਸੇ ਅਕਾਲੀ ਜਥੇ ਕਾਇਮ ਕੀਤੇ ਜਾਣ ਤੇ ਆਉਣ ਵਾਲੇ ਔਖੇ ਦਿਨਾਂ ਵਿਚ ਕੁਰਬਾਨੀਆਂ ਕਰਨ ਵਾਲੇ ਮਰਜੀਵੜੇ ਤਿਆਰ ਰਹਿਣ। ੧੪ ਅਪ੍ਰੈਲ ਨੂੰ "ਅਰਦਾਸ ਦਿਨ" ਮਨਾਉਣ ਦਾ ਐਲਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਇਨ੍ਹਾਂ ਐਲਾਨਾਂ ਨੂੰ ਪੜ੍ਹ ਕੇ ਕਈ ਸਿੱਖ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਮਿਲੇ ਤੇ ਆਪਣੀਆਂ ਸੇਵਾਵਾਂ ਕਮੇਟੀ ਨੂੰ ਪੇਸ਼ ਕੀਤੀਆਂ ਪਰ ਕਮੇਟੀ ਨੇ ਉਨ੍ਹਾਂ ਨੂੰ ਆਖਿਆ ਗਿਆ ਕਿ ਉਹ ਆਪਣੀ ਡਿਊਟੀ ਜਾਰੀ ਰੱਖਣ ਤੇ ਨੌਕਰੀਆਂ ਨਾ ਛੱਡਣ ਕਿਉਂਕਿ ਅਜੇ ਅਜਿਹੀ ਜੱਦੋ-ਜਹਿਦ ਦਾ ਵੇਲਾ ਨਹੀਂ ਆਇਆ। ਸਿੱਖਾਂ ਵੱਲੋਂ ਸੁਝਾਏ ਬਿੱਲ ਦੇ ਖ਼ਿਲਾਫ਼ ਅਤੇ ਅਕਾਲੀ ਦਲ ਦੀ ਹਮਾਇਤ ਵਿਚ ਏਨਾ ਮਾਹੌਲ ਹੋਣ ਦੇ ਬਾਵਜੂਦ ਸਰਕਾਰ ਆਪਣੀ ਅੜੀ 'ਤੇ ਕਾਇਮ ਰਹੀ ਅਤੇ ੧੬ ਅਪ੍ਰੈਲ ਨੂੰ ਗੁਰਦੁਆਰਾ ਬਿੱਲ ਕੌਂਸਲ ਵਿਚ ਪੇਸ਼ ਕਰ ਦਿੱਤਾ ਪਰ ਉਸ ਦਿਨ ਬਿੱਲ ਨੂੰ ਪਾਸ ਕਰਨ ਦੀ ਬਜਾਇ ੯ ਮਈ 'ਤੇ ਮੁਲਤਵੀ ਕਰ ਦਿੱਤਾ। ਇਸ ਦੌਰਾਨ ਸਰਕਾਰ ਨੇ ੨੩ ਅਪ੍ਰੈਲ ਨੂੰ ਇਕ ਮੀਟਿੰਗ ਬੁਲਾਈ। ਇਸ ਵਿਚ ਸਿੱਖ ਆਗੂ, ਮਹੰਤਾਂ ਦੇ ਨੁਮਾਇੰਦੇ, ਕੌਂਸਲ ਦੇ ਮੈਂਬਰ ਅਤੇ ਕੁਝ ਹੋਰ ਸ਼ਖ਼ਸੀਅਤਾਂ ਵੀ ਸ਼ਾਮਿਲ ਹੋਈਆਂ। ਮੀਟਿੰਗ ਵਿਚ ਸੁਝਾਏ ਗੁਰਦੁਆਰਾ ਬਿੱਲ ਬਾਰੇ ਵਿਚਾਰਾਂ ਹੋਈਆਂ ਅਤੇ ਸਿੱਖ ਆਗੂਆਂ ਅਤੇ ਮਹੰਤਾਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਮਹੰਤਾਂ ਨੇ ਸਿੱਖ ਆਗੂਆਂ ਦੀਆਂ ਗੱਲਾਂ ਬਾਰੇ ਨਾਂਹ ਹੀ ਫੜੀ ਰੱਖੀ। ਸਿੱਖ ਆਗੂਆਂ ਦੀਆਂ ਤਿੰਨ ਸ਼ਰਤਾਂ ਸਨ : ੧) ਸਿਰਫ਼ ਚੰਗੇ ਇਖ਼ਲਾਕ ਵਾਲਾ ਮਹੰਤ ਹੀ

ਗੁਰਦੁਆਰੇ ਦਾ ਪੁਜਾਰੀ ਹੋਵੇ ੨) ਸਾਰੇ ਗੁਰਦੁਆਰੇ ਪੰਥ ਦੇ ਹਨ ਅਤੇ ਇਸ ਕਰ ਕੇ ਪੰਥਕ ਕਮੇਟੀ ਦੇ ਇੰਤਜ਼ਾਮ ਹੇਠ ਹੀ ਰਹਿਣੇ ਚਾਹੀਦੇ ਹਨ ੩) ਗੁਰਦੁਆਰਿਆਂ ਦੀ ਆਮਦਨ ਤੇ ਖ਼ਰਚ ਦਾ ਪੂਰਾ ਹਿਸਾਬ ਕਿਤਾਬ ਰੱਖਿਆ ਜਾਵੇ ਤੇ ਸੰਗਤ ਸਾਹਮਣੇ ਪੇਸ਼ ਕੀਤਾ ਜਾਏ। ੨੩ ਤਾਰੀਖ਼ ਦੀ ਮੀਟਿੰਗ ਅਧੂਰੀ ਰਹੀ ਪਰ ੨੬ ਅਪ੍ਰੈਲ ਨੂੰ ਫੇਰ ਸ਼ੁਰੂ ਹੋਈ। ਇਸ ਵਿਚ ਮਹੰਤਾਂ ਨੇ ਜਿਦ ਕੀਤੀ ਕਿ ਸਮਝੌਤੇ 'ਚ ਇਹ ਵੀ ਲਿਖਿਆ ਜਾਏ ਕਿ ਜੋ ਮਰਿਆਦਾ ਮਹੰਤਾ ਨੇ ੧੯੨੦ ਵਿਚ ਅਪਣਾਈ ਹੋਈ ਸੀ ਗੁਰਦੁਆਰਿਆਂ ਵਿਚ ਜਾਰੀ ਰਹੇਗੀ। ਇਸ ਤੋਂ ਇਲਾਵਾ ਸਿੱਖ ਆਗੂਆਂ ਨੇ ਵੀ ਸ਼ਰਤ ਰੱਖੀ ਕਿ ਘੱਟੋ-ਘੱਟ ਦੋ ਤਿਹਾਈ ਨੁਮਾਇੰਦੇ ਸਿੱਖਾਂ ਵੱਲੋਂ ਚੁਣੇ ਜਾਣ 'ਤੇ ਪਰੈਜ਼ੀਡੈਂਟ ਵੀ ਇੰਗਲਿਸ਼ ਨਹੀਂ ਬਲਕਿ ਸਿੱਖ ਹੋਵੇ ਪਰ ਮਹੰਤਾਂ ਦੀ ਜ਼ਿਦ ਸੀ ਕਿ ਪਰੈਜ਼ੀਡੈਂਟ ਸਿੱਖ ਨਾ ਹੋਵੇ ਤੇ ਇੰਗਲਿਸ਼ ਹੋਵੇ। ਇਨ੍ਹਾਂ ਸਾਰੇ ਮਸਲਿਆਂ ਬਾਰੇ ਕੋਈ ਇਕ ਰਾਇ ਨਾ ਬਣ ਸਕੀ ਅਤੇ ਮੀਟਿੰਗ ਬਿਨਾਂ ਕਿਸੇ ਨਤੀਜੇ 'ਤੇ ਅਪੜਿਆਂ ਖ਼ਤਮ ਹੋ ਗਈ। ਇਸ 'ਤੇ ਸਰਕਾਰ ਨੇ ਗੁਰਦੁਆਰਾ ਬਿੱਲ ੯ ਮਈ ਨੂੰ ਪੇਸ਼ ਨਾ ਕਰਨ ਦਾ ਫ਼ੈਸਲਾ ਕਰ ਲਿਆ। ਪਹਿਲੀ ਮਈ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਵਿਚ ਹਾਲਾਤ 'ਤੇ ਵਿਚਾਰ ਕੀਤੀ ਗਈ ਫ਼ੈਸਲਾ ਕੀਤਾ ਗਿਆ ਕਿ ਪੁਰਅਮਨ ਰਹਿ ਕੇ ਗੁਰਦੁਆਰਾ ਸੁਧਾਰ ਜਾਰੀ ਰੱਖੀ ਜਾਵੇ। ੧੦ ਮਈ ਨੂੰ ਸ਼੍ਰੋਮਣੀ ਕਮੇਟੀ ਦਾ ਇਕ ਜਨਰਲ ਇਜਲਾਸ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਕੁਝ ਨੁਕਤਿਆਂ ਬਾਰੇ ਵੱਖਰੇ-ਵੱਖਰੇ ਖ਼ਿਆਲ ਹੋਣ ਕਰ ਕੇ ਆਖ਼ਰੀ ਫ਼ੈਸਲਾ ਨਾ ਹੋ ਸਕਿਆ। ਅਗਲੇ ਦਿਨ ਦੋਬਾਰਾ ਮੀਟਿੰਗ ਹੋਈ। ਇਸ ਵਿਚ ਵੋਟਾਂ ਨਾਲ ਫ਼ੈਸਲਾ ਹੋਇਆ : ਕਿਉਂ ਕਿ ਸਰਕਾਰ ਨੇ ਸਿੱਖ ਪੰਥ ਦੇ ਮਸਲਿਆਂ 'ਤੇ ਦੋਸਤਾਨਾਂ ਰਵੱਈਆ ਅਖ਼ਤਿਆਰ ਨਹੀਂ ਕੀਤਾ ਤੇ ਬੇਮਾਅਨਾ ਨੁਕਤਿਆਂ 'ਤੇ ਅੜੀ ਦਿਖਾਈ ਹੈ, ਇਸ ਕਰ ਕੇ ਜਦ ਤਕ ਸਾਰੇ ਗੁਰਦੁਆਰੇ ਪੰਥਕ ਇੰਤਜ਼ਾਮ ਹੇਠ ਨਹੀਂ ਆ ਜਾਂਦੇ, ਉਦੋਂ ਤਕ ਪੁਰਅਮਨ ਰਹਿ ਕੇ ਗੁਰਦੁਆਰਿਆਂ ਦਾ ਇੰਤਜ਼ਾਮ ਆਪਣੇ ਹੱਥ ਵਿਚ ਲੈਣ ਦੀ ਜੱਦੋਜਹਿਦ ਜਾਰੀ ਰੱਖੀ ਜਾਵੇ।" ਇਸ ਮਤੇ ਦੀ ਮੁਖ਼ਾਲਫ਼ਤ ਸ: ਹਰਬੰਸ ਸਿੰਘ ਅਟਾਰੀ ਤੇ ਪ੍ਰੋ: ਜੋਧ ਸਿੰਘ ਨੇ ਕੀਤੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ।

ਸਿੱਖਾਂ ਦੇ ਇਸ ਮਤੇ 'ਤੇ ਸਰਕਾਰ ਬੜੀ ਔਖੀ ਹੋਈ। ਸਰਕਾਰ ਨੇ ਗੁਰਦੁਆਰਾ ਬਿੱਲ ਪਾਸ ਕਰਨ ਦਾ ਖ਼ਿਆਲ ਛੱਡ ਦਿੱਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਨਵੀਂ ਚੋਣ ਹੋਈ। ੧੪ ਅਗਸਤ ਦੇ ਦਿਨ ਬਾਬਾ ਖੜਕ ਸਿੰਘ ਪ੍ਰਧਾਨ ਚੁਣੇ ਗਏ। ਇਸ ਦੇ ਬਾਵਜੂਦ ਹਾਲਾਤ ਵਿਚ ਕੋਈ ਤਬਦੀਲੀ ਨਾ ਆਈ। ਦੂਜੇ ਪਾਸੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕੀਤੇ ਸਿੱਖ ਆਗੂ ਅਜੇ ਤਕ ਜੇਲ੍ਹਾਂ ਵਿਚ ਸਨ। ਇਸ ਗੱਲ ਦਾ ਵੀ ਸਿੱਖਾਂ ਵਿਚ ਬੜਾ ਰੋਸ ਸੀ। ਇਸ ਦੌਰਾਨ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਨੇ ੨੮ ਅਗਸਤ ਦੀ ਮੀਟਿੰਗ ਵਿਚ ਮਈ ਦਾ ਪੁਰਅਮਨ ਜੱਦੋਜਹਿਦ ਕਰਨ ਵਾਲਾ ਮਤੇ ਦੀ ਤਾਇਦ ਕਰ ਦਿੱਤੀ। ਇਸ ਮਤੇ ਦੇ ਖ਼ਿਲਾਫ਼ ਕਿਸੇ ਨੇ ਵੀ ਵੋਟ ਨਾ ਪਾਈ। ਹੋਰ ਤਾਂ ਹੋਰ ਸਰਕਾਰ ਨਾਲ ਹਮਦਰਦੀ ਕਰਨ ਵਾਲਿਆਂ (ਅਖੌਤੀ ਮਾਡਰੇਟਾਂ) ਨੇ ਵੀ ਇਸ ਦੀ ਮੁਖ਼ਾਲਫ਼ਤ ਨਾ ਕੀਤੀ। ਮੀਟਿੰਗ ਨੇ ਸਿੱਖ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਉਹ ਕੌਂਸਲ ਤੋਂ ਅਸਤੀਫ਼ਾ ਦੇ ਦੇਣ। ਸ: ਬ: ਮਹਿਤਾਬ ਸਿੰਘ, ਜਿਸ ਨੇ ਸਰਕਾਰੀ ਵਕੀਲ ਦੇ ਅਹੁਦੇ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ ਸੀ, ਨੇ ਕੌਂਸਲ ਦੀ ਮੈਂਬਰੀ ਤੇ ਡਿਪਟੀ ਪਰੈਜ਼ੀਡੈਂਟ ਦੇ ਅਹੁਦੇ ਤੋਂ ਵੀ ਅਸਤੀਫ਼ਾ ਦੇ ਦਿੱਤਾ।

ਇਹ ਹਾਲਤ ਵੇਖ ਕੇ ਸਰਕਾਰ ਨੇ ਸਤੰਬਰ ਦੇ ਸ਼ੁਰੂ ਵਿਚ ਜ: ਝੱਬਰ, ਜ: ਤੇਜਾ ਸਿੰਘ ਭੁੱਚਰ ਅਤੇ ਬਹੁਤ ਸਾਰੇ ਸਿੱਖ ਵਰਕਰ ਤੇ ਆਗੂ ਰਿਹਾ ਕਰ ਦਿੱਤੇ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਨਵੇਂ ਸਿਰਿਓਂ ਗੱਲਬਾਤ ਸ਼ੁਰੂ ਕਰ ਦਿੱਤੀ। ਸਰਕਾਰ ਗੁਰਦੁਆਰਾ ਬੋਰਡ ਦਾ ਚੇਅਰਮੈਨ ਇੰਗਲਿਸ਼ ਦੀ ਥਾਂ ਇਕ ਸਿੱਖ ਨੂੰ ਬਣਾਉਣਾ ਵੀ ਮੰਨ ਗਈ। ੧੩ ਸਤੰਬਰ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿਸਟਰ ਡੰਨਟ ਨੇ ਸਿੱਖ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਉਹ ਦਰਬਾਰ ਸਾਹਿਬ ਬਾਰੇ ਵੀ ਗੱਲਬਾਤ ਕਰਨੀ ਚਾਹੁੰਦੀ ਸੀ ਪਰ ਮਸਲਾ ਇਹ ਸੀ ਕਿ ਸਰਕਾਰ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਨਹੀਂ ਦੇਂਦੀ ਸੀ ਤੇ ਉਹ ਨਵੀਆਂ ਕਮੇਟੀਆਂ ਬਣਾਉਣਾ ਚਾਹੁੰਦੀ ਸੀ। ਸਿੱਖ ਆਗੂਆਂ ਨੇ ਸਰਕਾਰ ਨੂੰ ਦੱਸਿਆ ਕਿ ਸਿੱਖਾਂ ਵਿੱਚੋਂ ਕੋਈ ਵੀ ਜਥੇਬੰਦੀ ਸ਼੍ਰੋਮਣੀ ਕਮੇਟੀ ਦਾ ਬਦਲ ਨਹੀਂ ਚਾਹੁੰਦੀ ਪਰ ਸਰਕਾਰ ਇਹ ਮੰਨਣ ਵਾਸਤੇ ਤਿਆਰ ਨਹੀਂ ਸੀ। ਡੰਨਟ ਨੇ ਕਿਹਾ ਕਿ ਚੀਫ਼ ਖਾਲਸਾ ਦੀਵਾਨ ਦੇ ਦੋ ਜਾਂ ਤਿੰਨ ਮੈਂਬਰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ 'ਚ ਪਾਏ ਜਾਣੇ ਚਾਹੀਦੇ ਹਨ। ਚੀਫ਼ ਖਾਲਸਾ ਦੀਵਾਨ ਨੇ ਸਰਕਾਰ ਦਾ ਨੁਕਤਾ ਰੱਦ

ਕਰਦਿਆਂ ਕਿਹਾ ਕਿ ਉਹ ਐਗਜ਼ੈਕਟਿਵ ਦੇ ਮੈਂਬਰ ਨਹੀਂ ਬਣਨਾ ਚਾਹੁੰਦੇ ਹਾਲਾਂ ਕਿ ਉਨ੍ਹਾਂ ਨੂੰ ਇਸ ਬਾਰੇ ਪਹਿਲੋਂ ਹੀ ਪੇਸ਼ਕਸ਼ ਹੋ ਚੁੱਕੀ ਹੈ।

ਇਸ ਮਗਰੋਂ ਮਾਹੌਲ ਬਣਨ ਲੱਗ ਪਿਆ ਕਿ ਗੁਰਦੁਆਰਾ ਇੰਤਜ਼ਾਮ ਦਾ ਮਸਲਾ ਪੁਰਅਮਨ ਤਰੀਕੇ ਨਾਲ ਹੱਲ ਹੋ ਜਾਵੇਗਾ। ਸਿੱਖਾਂ ਨੇ ਪ੍ਰਿੰਸ ਆਫ਼ ਵੇਲਜ਼ ਦੇ ਬਾਈਕਾਟ ਦਾ ਮਤਾ ਵੀ ਨਵੰਬਰ 'ਚ ਮੁੜ ਵਿਚਾਰ ਵਾਸਤੇ ਮੁਲਤਵੀ ਕਰ ਦਿੱਤਾ। ੧੯ ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਨੇ ਪਾਸ ਕੀਤਾ ਕਿ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸੁੰਦਰ ਸਿੰਘ ਰਾਮਗੜ੍ਹੀਆਂ ਤੋਂ ਲੈ ਕੇ ਨਵੇਂ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਦੇ ਦਿੱਤੀਆਂ ਜਾਣ। ਇਸ ਤੇ ਸਰਕਾਰ ਦੀ ਪਾਲਿਸੀ 'ਚ ਇਕ ਦਮ ਤਬਦੀਲੀ ਆਈ ਤੇ ਸਰਕਾਰ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਦੀ ਸਕੀਮ ਘੜ ਲਈ।

ਚਾਬੀਆਂ ਦਾ ਮੋਰਚਾ

੭ ਨਵੰਬਰ ੧੯੨੧ ਦੇ ਦਿਨ ਬਾਅਦ ਦੁਪਹਿਰ ਤਿੰਨ ਵਜੇ ਲਾਲਾ ਅਮਰ ਨਾਥ ਈ. ਏ. ਸੀ. ਪੁਲੀਸ ਦੀ ਇਕ ਧਾੜ ਲੈ ਕੇ ਸੁੰਦਰ ਸਿੰਘ ਰਾਮਗੜ੍ਹੀਆ ਦੇ ਘਰ ਗਿਆ ਅਤੇ ਉਸ ਤੋਂ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਅਤੇ ਕੁਝ ਹੋਰ ਚਾਬੀਆਂ ਲੈ ਲਈਆਂ। ਸਰਕਾਰ ਨੇ ਐਲਾਨ ਕੀਤਾ ਕਿਉਂ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਨਹੀਂ ਹੈ। ਸਰਕਾਰ ਨੇ ਇਹ ਵੀ ਬਹਾਨਾ ਲਾਇਆ ਕਿ ਸਰਕਾਰ ਨੇ ੩੬ ਮੈਂਬਰੀ ਕਮੇਟੀ ਬਣਾ ਕੇ ਉਸ ਨੂੰ ਚਾਰਜ ਸੌਂਪ ਦਿੱਤਾ ਸੀ। ਸਰਕਾਰ ਦਾ ਇਹ ਬਿਆਨ ਵੀ ਝੂਠਾ ਸੀ ਕਿਉਂ ਕਿ ਸਰਕਾਰ ਦੀ ਨਾਮਜ਼ਦ ਕੀਤੀ ੩੬ ਮੈਂਬਰੀ ਕਮੇਟੀ ਨੂੰ ਵੀ ਸਿੱਖਾਂ ਨੇ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਕਰ ਲਿਆ ਸੀ ਤੇ ਉਹ ਸ਼੍ਰੋਮਣੀ ਕਮੇਟੀ ਦੀਆਂ ਮੀਟਿੰਗਾਂ ਵਿਚ ਹਿੱਸਾ ਵੀ ਲੈਂਦੇ ਰਹੇ ਸਨ। ਸਰਕਾਰ ਨੇ ਇਹ ਬਿਆਨ ਵੀ ਦਿੱਤਾ ਕਿ ਸਿੱਖਾਂ ਵੱਲੋਂ ਤੋਸ਼ਖਾਨੇ ਦੇ ਖ਼ਜ਼ਾਨੇ ਨੂੰ ਸਿਆਸੀ ਕਾਰਵਾਈਆਂ ਵਾਸਤੇ ਖ਼ਰਚ ਕੀਤੇ ਜਾਣ ਦਾ ਵੀ ਖ਼ਦਸ਼ਾ ਹੈ।

ਸਰਕਾਰ ਵੱਲੋਂ ਚਾਬੀਆਂ ਲੈਣ ਦੀ ਹਰਕਤ ਨਾਲ ਸਿੱਖਾਂ ਵਿਚ ਰੋਸ ਤੇ ਗੁੱਸੇ ਦੀ ਲਹਿਰ ਫੈਲ ਗਈ। ੧੧ ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਮੀਟਿੰਗ ਨੇ ਹੇਠ ਲਿਖੇ ਮਤੇ ਪਾਸ ਕੀਤੇ : ੧) ਸਰਕਾਰ ਨਾਲ ਨਾਮਿਲਵਰਤਣ ਕੀਤਾ ਜਾਏ ੨) ਚਾਬੀਆਂ ਲੈਣ ਵਾਸਤੇ ਸਰਕਾਰ ਨਾਲ ਕੋਈ ਗੱਲਬਾਤ ਜਾਂ ਮੇਲ ਨਾ ਕੀਤਾ ਜਾਏ ੩) ਪ੍ਰਿੰਸ ਆਫ਼ ਵੇਲਜ਼ ਦਾ ਅੰਮ੍ਰਿਤਸਰ ਆਉਣ 'ਤੇ ਬਾਈਕਾਟ ਕੀਤਾ ਜਾਏ ਤੇ ਕਿਸੇ ਗੁਰਦੁਆਰੇ ਵਿਚ ਉਸ ਦਾ ਪ੍ਰਸ਼ਾਦ ਨਾ ਲਿਆ ਜਾਵੇ। ਜੇ ਸਰਕਾਰ ਗੁਰਦੁਆਰਿਆ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕਰੇ ਤਾਂ ਮੋਰਚਾ ਲਾਇਆ ਜਾਏ। ਇਸ ਦੌਰਾਨ ਸਰਕਾਰ ਨੇ ਕੈਪਟਨ ਬਹਾਦਰ ਸਿੰਘ ਨਾਂ ਦੇ ਇਕ ਬੰਦੇ ਨੂੰ ਸਰਬਰਾਹ ਨਾਮਜ਼ਦ ਕਰ ਦਿੱਤਾ ਤੇ ਚਾਬੀਆਂ ਦੇ ਕੇ ਉਸ ਨੂੰ ਦਰਬਾਰ ਸਾਹਿਬ ਭੇਜਿਆ। ੧੨ ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਇਹ ਫ਼ੈਸਲਾ ਹੋਇਆ ਕਿ ਬਹਾਦਰ ਸਿੰਘ ਨੂੰ ਗੁਰਦੁਆਰਾ ਇੰਤਜ਼ਾਮ ਵਿਚ ਦਖ਼ਲ ਨਾ ਦੇਣ ਦਿੱਤਾ ਜਾਏ। ੧੫ ਨਵੰਬਰ ਨੂੰ ਜਦੋਂ ਬਹਾਦਰ ਸਿੰਘ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਮੌਕੇ 'ਤੇ ਦਰਬਾਰ ਸਾਹਿਬ ਆਇਆ ਤਾਂ ਉਸ ਨੂੰ ਕਿਸੇ ਨੇ ਵੀ ਨੇੜੇ ਨਾ ਢੁੱਕਣ ਦਿੱਤਾ। ਬਹਾਦਰ ਸਿੰਘ ਨੂੰ ਆਪਣੀ ਹਰਕਤ ਤੇ ਸ਼ਰਮਿੰਦਗੀ ਮਹਿਸੂਸ ਹੋਈ ਤੇ ਉਸ ਚੁਪ-ਚਾਪ ਘਰ ਮੁੜ ਗਿਆ। ਘਰ ਪਹੁੰਚਦਿਆਂ ਹੀ ਉਹ ਜਿਸਮਾਨੀ ਤੇ ਮਾਨਸਿਕ ਤੌਰ 'ਤੇ ਵੀ ਬੀਮਾਰ ਪੈ ਗਿਆ ਅਤੇ ਉਸ ਨੇ ਸ਼੍ਰੋਮਣੀ ਕਮੇਟੀ ਤੋਂ ਮੁਆਫ਼ੀ ਮੰਗੀ। ਇਸ ਮਗਰੋਂ ਸਰਕਾਰ ਨੇ ਇਕ ਹੋਰ ਫ਼ੌਜੀ ਸਰਦਾਰ ਨੂੰ ਚਾਬੀਆਂ ਦੇ ਕੇ ਸਰਬਰਾਹ ਸੌਂਪੀ। ਉਹ ਕੋਈ ਹਰਕਤ ਕਰਨ ਤੋਂ ਪਹਿਲਾਂ ਹੀ ਆਪਣੇ ਘਰ ਦੀ ਛੱਤ ਤੋਂ ਡਿੱਗ ਕੇ ਮਰ ਗਿਆ। ਇਸ ਤੋਂ ਬਾਅਦ ਸਰਕਾਰ ਨੂੰ ਹੋਰ ਕੋਈ ਬੰਦਾ ਨ ਟਕਰਿਆ। ਇਸ ਦੌਰਾਨ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਪਰ ਕਿਸੇ ਨਤੀਜੇ 'ਤੇ ਨਾ ਅਪੜ ਸਕਿਆ।

ਜਦੋਂ ਸਰਕਾਰ ਨੇ ਮਹਿਸੂਸ ਕੀਤਾ ਕਿ ਸਿੱਖਾਂ 'ਤੇ ਕੋਈ ਦਬਾਅ ਵੀ ਅਸਰ ਨਹੀਂ ਕਰ ਸਕਿਆ ਤਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੱਖਾਂ ਦੇ ਖ਼ਿਲਾਫ਼ ਪ੍ਰਾਪੇਗੰਡਾ ਸ਼ੁਰੂ ਕਰ ਦਿੱਤਾ। ਡੀ. ਸੀ. ਨੇ ੨੬ ਨਵੰਬਰ ਦੇ ਦਿਨ ਅਜਨਾਲਾ ਵਿਖੇ ਸਰਕਾਰੀ ਜਲਸਾ ਰੱਖ ਦਿੱਤਾ। ਇਸ ਜਲਸੇ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨਾ ਸੀ। ਜਦੋਂ ਅਕਾਲੀਆਂ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਵੀ ੨੬ ਨਵੰਬਰ ਨੂੰ ਇਕ ਦੀਵਾਨ ਅਜਨਾਲੇ ਵਿਚ ਰੱਖ ਲਿਆ। ਦੀਵਾਨ ਵਿਚ ਬਾਬਾ ਖੜਕ ਸਿੰਘ, ਸ: ਅਮਰ ਸਿੰਘ ਝਬਾਲ, ਸ: ਜਸਵੰਤ ਸਿੰਘ

ਝਬਾਲ, ਪੰਡਤ ਦੀਨਾ ਨਾਥ ਤੇ ਡਾਕਟਰ ਸਤਪਾਲ ਨੇ ਵੀ ਲੈਕਚਰ ਕਰਨੇ ਸਨ ਪਰ ੨੫ ਨਵੰਬਰ ਦੇ ਦਿਨ ਸਰਕਾਰ ਨੇ ਅੰਮ੍ਰਿਤਸਰ ਤੇ ਅਜਨਾਲਾ ਵਿਚ "ਸਡੀਸ਼ੀਅਸ ਮੀਟਿੰਗਜ਼ ਐਕਟ" ਹੇਠ ਜਲਸਿਆਂ 'ਤੇ ਪਾਬੰਦੀ ਲਾ ਦਿੱਤੀ। ਇਕ ਪਾਸੇ ਸਰਕਾਰ ਨੇ ਇਹ ਪਾਬੰਦੀ ਲਾ ਦਿੱਤੀ ਤੇ ਦੂਜੇ ਪਾਸੇ ੨੪ ਤਾਰੀਖ਼ ਨੂੰ ਸਰਕਾਰ ਨੇ ਆਪਣਾ ਜਲਸਾ ਕੀਤਾ। ਇਸ ਜਲਸੇ ਵਿਚ ਅਕਾਲੀ ਆਗੂ ਵੀ ਪਹੁੰਚ ਗਏ। ਜਲਸੇ ਦੌਰਾਨ ਸ: ਦਾਨ ਸਿੰਘ ਵਛੋਆ ਤੇ ਸ: ਜਸਵੰਤ ਸਿੰਘ ਝਬਾਲ ਖੜ੍ਹੇ ਹੋ ਗਏ ਅਤੇ ਬੋਲਣ ਦਾ ਵਕਤ ਮੰਗਿਆ। ਡੀ. ਸੀ. ਨੇ ਉਸ ਨੂੰ ਬੋਲਣ ਨਾ ਦਿੱਤਾ। ਇਸ 'ਤੇ ਅਕਾਲੀਆਂ ਨੇ ਦੂਰ ਜਾ ਕੇ ਆਪਣਾ ਦੀਵਾਨ ਲਗਾ ਲਿਆ। ਇਸ 'ਤੇ ਸਾਰੇ ਲੋਕ ਉਠ ਕੇ ਉੱਥੇ ਚਲੇ ਗਏ ਤੇ ਡੀ. ਸੀ. ਦਾ ਜਲਸਾ ਖਾਲੀ ਹੋ ਗਿਆ। ਇਸ ਤੋਂ ਪਹਿਲਾਂ ਕਿ ਸਿੱਖ ਆਗੂ ਜਲਸੇ ਦੀ ਕਾਰਵਾਈ ਸ਼ੁਰੂ ਕਰ ਸਕਦੇ, ਡੀ. ਸੀ. ਨੇ ਖਿਝ ਕੇ ਸ: ਦਾਨ ਸਿੰਘ ਵਛੋਆ, ਸ: ਤੇਜਾ ਸਿੰਘ ਸਮੁੰਦਰੀ, ਸ: ਜਸਵੰਤ ਸਿੰਘ ਝਬਾਲ, ਪੰਡਤ ਦੀਨਾ ਨਾਥ ਤੇ ਸ: ਹਰਨਾਮ ਸਿੰਘ ਜ਼ੈਲਦਾਰ ਨੂੰ ਗ੍ਰਿਫ਼ਤਾਰ ਕਰ ਲਿਆ। ਸ: ਹਰਨਾਮ ਸਿੰਘ ਜ਼ੈਲਦਾਰ ਦੀ ਗ੍ਰਿਫ਼ਤਾਰੀ ਸਿਰਫ਼ ਖੱਦਰ ਪਾਉਣ ਕਰ ਕੇ ਹੋਈ ਸੀ।

ਜਦੋਂ ਇਨ੍ਹਾਂ ਗ੍ਰਿਫ਼ਤਾਰੀਆਂ ਦੀ ਖ਼ਬਰ ਅੰਮ੍ਰਿਤਸਰ ਪਹੁੰਚੀ ਤਾਂ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਚਲ ਰਹੀ ਸੀ। ਖ਼ਬਰ ਮਿਲਦਿਆਂ ਹੀ ਮੀਟਿੰਗ ਬਰਖ਼ਾਸਤ ਕਰ ਦਿੱਤੀ ਗਈ ਤੇ ਸਾਰੇ ਅਕਾਲੀ ਆਗੂ ਅਜਨਾਲਾ ਚੱਲ ਪਏ। ਉਹ ਸਾਰੇ ਸ਼ਾਮ ਸਾਢੇ ਚਾਰ ਵਜੇ ਅਜਨਾਲੇ ਦੇ ਦੀਵਾਨ ਵਿਚ ਪਹੁੰਚ ਗਏ। ਜਦੋਂ ੧੯ ਆਗੂ ਤਕਰੀਰ ਕਰ ਹਟੇ ਤਾਂ ਪੁਲੀਸ ਸੁਪਰਡੈਂਟ ਨੇ ਗ੍ਰਿਫ਼ਤਾਰੀਆਂ ਕਰਨ ਦਾ ਹੁਕਮ ਕਰ ਦਿੱਤਾ। ਗ੍ਰਿਫ਼ਤਾਰਾਂ ਵਿਚ ਬਾਬਾ ਖੜਕ ਸਿੰਘ, ਸ: ਬ: ਮਹਿਤਾਬ ਸਿੰਘ, ਮਾ: ਸੁੰਦਰ ਸਿੰਘ ਲਾਇਲਪੁਰੀ, ਸ: ਭਾਗ ਸਿੰਘ ਵਕੀਲ, ਸ: ਗੁਰਚਰਨ ਸਿੰਘ ਵਕੀਲ, ਸ: ਹਰੀ ਸਿੰਘ ਜਲੰਧਰੀ ਵੀ ਸ਼ਾਮਿਲ ਸਨ। ਇਸ ਮਗਰੋਂ ਐਸ. ਪੀ. ਨੇ ਸਰਕਾਰੀ ਐਲਾਨ ਪੜ੍ਹ ਕੇ ਸੁਣਾਇਆ ਕਿ ਇਹ ਦੀਵਾਨ "ਸਡੀਸ਼ੀਅਸ ਮੀਟਿੰਗਜ ਐਕਟ" ਹੇਠ ਗੈਰ ਕਾਨੂੰਨੀ ਇਕੱਠ ਹੈ। ਇਸ 'ਤੇ ਪ੍ਰੋ: ਜੋਧ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਉਸ ਨੂੰ ਕਿਹਾ ਕਿ ਇਹ ਧਾਰਮਿਕ ਦੀਵਾਨ ਹੈ ਅਤੇ ਇਹ ਜਾਰੀ ਰਹੇਗਾ ਇਸ ਮਗਰੋਂ ਦੀਵਾਨ ਦੋ ਘੰਟੇ ਜਾਰੀ ਰਿਹਾ। ਅਰਦਾਸ ਮਗਰੋਂ ਹਾਜ਼ਰ ਸਿੱਖ ਆਗੂਆਂ ਨੇ ਮੀਟਿੰਗ ਕੀਤੀ ਤੇ ਸ: ਅਮਰ ਸਿੰਘ ਝਬਾਲ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਕੈਪਟਨ ਰਾਮ ਸਿੰਘ ਨੂੰ ਮੀਤ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਨੂੰ ਸੈਕਟਰੀ ਚੁਣ ਲਿਆ।

ਸ਼੍ਰੋਮਣੀ ਕਮੇਟੀ ਦੀ ਮੀਟਿੰਗ ੨੮ ਨਵੰਬਰ ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਈ ਅਤੇ ਡੀ. ਸੀ. ਦੀ ਉਸ ਚਿੱਠੀ 'ਤੇ ਵਿਚਾਰ ਹੋਈ, ਜਿਸ ਵਿਚ ਕਿਹਾ ਗਿਆ ਸੀ ਕਿ "ਸਡੀਸ਼ੀਅਸ ਮੀਟਿੰਗਜ਼ ਐਕਟ" ਹੇਠ ਧਾਰਮਿਕ ਦੀਵਾਨਾਂ 'ਤੇ ਵੀ ਪਾਬੰਦੀ ਹੈ। ਮੈਂਬਰਾਂ ਵਿਚ ਸਰਕਾਰ ਦੀ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਬੜਾ ਰੋਹ ਜਾਗਿਆ। ਅਖ਼ੀਰ ਕਮੇਟੀ ਨੇ ਮਤਾ ਪਾਸ ਕੀਤਾ ਕਿ ੧) ਅੰਮ੍ਰਿਤਸਰ, ਲਾਹੌਰ, ਸ਼ੇਖੂਪੁਰਾ ਤੇ ਦਿੱਲੀ ਵਿਚ ਧਾਰਮਿਕ ਦੀਵਾਨ ਕੀਤੇ ਜਾਣ ਅਤੇ ਸੰਗਤਾਂ ਨੂੰ ਚਾਬੀਆਂ ਬਾਰੇ ਅਸਲੀਅਤ ਦਸੀ ਜਾਵੇ ੨) ੪ ਦਸੰਬਰ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਦਿਨ ਸਾਰੇ ਪਾਸੇ ਦੀਵਾਨ ਕੀਤੇ ਜਾਣ। ਦੀਵਾਨ ਵਿਚ ਸ਼੍ਰੋਮਣੀ ਕਮੇਟੀ ਦੇ ਐਲਾਨਨਾਮੇ ਪੜ੍ਹ ਕੇ ਸੁਣਾਏ ਜਾਣ। ਇਸ ਦੇ ਬਾਵਜੂਦ ਸਰਕਾਰ ਨੂੰ ਸੁਮਤ ਨਾ ਆਈ। ਇਸ ਤੋਂ ਕੁਝ ਦਿਨ ਮਗਰੋਂ ਸ਼੍ਰੋਮਣੀ ਕਮੇਟੀ ਦੀ ਇਕ ਹੋਰ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ ਅਤੇ ਇਸ ਵਿਚ ਫ਼ੈਸਲਾ ਕੀਤਾ ਗਿਆ ਕਿ ਪ੍ਰਿੰਸ ਆਫ਼ ਵੇਲਜ਼ ਦੇ ਆਉਣ 'ਤੇ ਮੁਕੰਮਲ ਹੜਤਾਲ ਕੀਤੀ ਜਾਏ ਅਤੇ ਉਸ ਦੇ ਸਬੰਧ ਵਿਚ ਹੋਣ ਵਾਲੇ ਸਮਾਗਮਾਂ ਵਿਚ ਕੋਈ ਵੀ ਸਿੱਖ ਸ਼ਾਮਿਲ ਨਾ ਹੋਵੇ। ੬ ਦਸੰਬਰ ੧੯੨੧ ਦੇ ਦਿਨ ਹੋਈ ਇਕ ਹੋਰ ਮੀਟਿੰਗ ਵਿਚ ਮੱਤਾ ਪਾਸ ਕੀਤਾ ਗਿਆ ਕਿ ਕੋਈ ਵੀ ਸਿੱਖ ਦਰਬਾਰ ਸਾਹਿਬ ਦੀਆਂ ਚਾਬੀਆਂ ਉਦੋਂ ਤਕ ਵਾਪਿਸ ਨਾ ਲਵੇ ਜਦੋਂ ਤਕ ਸਰਕਾਰ ਇਸ ਸਬੰਧ ਵਿਚ ਗ੍ਰਿਫ਼ਤਾਰ ਕੀਤੇ ਆਗੂ ਰਿਹਾ ਨਹੀਂ ਕਰ ਦੇਂਦੀ। ਇਸ ਮਗਰੋਂ ਹਰ ਰੋਜ਼ ਸਵੇਰੇ ਤੇ ਸ਼ਾਮ ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਹੋਣ ਲਗੇ ਤੇ ਚਾਬੀਆਂ ਬਾਰੇ ਤੇ ਸਰਕਾਰੀ ਜ਼ਬਰ ਬਾਰੇ ਤਕਰੀਰਾਂ ਹੋਣ ਲੱਗੀਆਂ। ਇਨ੍ਹਾਂ ਦੀਵਾਨਾਂ ਵਿਚ ਲੈਕਚਰ ਕਰਨ ਵਾਲਿਆਂ ਦੀਆਂ ਗ੍ਰਿਫ਼ਤਾਰੀਆਂ ਹਰ ਰੋਜ਼ ਹੋਣ ਲੱਗ ਪਈਆਂ। ਸ: ਅਮਰ ਸਿੰਘ ਝਬਾਲ ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ, ਮਾਸਟਰ ਤਾਰਾ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ, ਸ: ਸਰਮੁਖ ਸਿੰਘ ਝਬਾਲ, ਡਾ: ਗੁਰਬਖ਼ਸ਼ ਸਿੰਘ (ਮਾਸਟਰ ਤਾਰਾ ਸਿੰਘ ਮਗਰੋਂ ਸ਼੍ਰੋਮਣੀ ਕਮੇਟੀ ਦੇ ਸਕੱਤਰ), ਭਾਈ ਕਰਤਾਰ ਸਿੰਘ ਕਵੀ ਅਤੇ ਹੋਰ ਦਰਜਨਾਂ ਸਿੱਖਾਂ ਨੂੰ ਗ੍ਰਿਫ਼ਤਾਰ

ਕੀਤਾ ਗਿਆ। (ਇਨ੍ਹਾਂ ਗ੍ਰਿਫ਼ਤਾਰਾਂ 'ਤੇ ਮੁਕੱਦਮੇ ਚਲਾ ਕੇ ਆਗੂਆਂ ਨੂੰ ੬-੬ ਮਹੀਨੇ ਕੈਦ ਤੇ ਇਕ ਹਜ਼ਾਰ ਰੁਪੈ ਜੁਰਮਾਨੇ ਦੀ ਸਜ਼ਾ ਦਿੱਤੀ ਗਈ)।

ਚਾਬੀਆਂ ਦੇ ਸਬੰਧ ਵਿਚ ਗ੍ਰਿਫ਼ਤਾਰੀਆਂ ਅਤੇ ਸਰਕਾਰੀ ਧੱਕੇਸ਼ਾਹੀ ਨੇ ਸਿੱਖਾਂ ਵਿਚ ਬੜਾ ਰੋਹ ਪੈਦਾ ਕੀਤਾ। ਹੋਰ ਤਾਂ ਹੋਰ ਰਿਟਾਇਰਡ ਫ਼ੌਜੀ ਅਫ਼ਸਰ ਵੀ ਸਰਕਾਰ ਦੇ ਖ਼ਿਲਾਫ਼ ਹੋ ਗਏ। ਪਹਿਲੀ ਦਸੰਬਰ ਨੂੰ ਕੈਪਟਨ ਰਾਮ ਸਿੰਘ ਅਤੇ ਰਿਸਾਲਦਾਰ ਸੁੰਦਰ ਸਿੰਘ ਨੇ ਡੀ. ਸੀ. ਨੂੰ ਚਿੱਠੀ ਲਿਖੀ ਕਿ ਅਸੀ ਚਾਬੀਆਂ ਦੇ ਸਬੰਧ ਵਿਚ ਤਕਰੀਰਾਂ ਕਰਨ ਗੁਰੂ ਕਾ ਬਾਗ ਜਾ ਰਹੇ ਹਾਂ ਸਾਨੂੰ ਬੇਸ਼ਕ ਗ੍ਰਿਫ਼ਤਾਰ ਕਰ ਲਿਆ ਜਾਵੇ। ਰਿਟਾਇਰਡ ਫ਼ੌਜੀ ਅਫ਼ਸਰਾਂ ਦੇ ਇਸ ਲਹਿਰ ਵਿਚ ਸ਼ਾਮਿਲ ਹੋਣ ਨਾਲ ਸਰਕਾਰ ਨੂੰ ਫਿਕਰ ਪੈ ਗਿਆ। ਦੂਜੇ ਪਾਸੇ ਬਹੁਤ ਸਾਰੀਆਂ ਧਾਰਮਿਕ ਤੇ ਸਿਆਸੀ ਜਮਾਤਾਂ ਨੇ ਵੀ ਸਿੱਖਾਂ ਦੀ ਹਮਾਇਤ 'ਚ ਬਿਆਨ ਦਿੱਤੇ ਤੇ ਮਤੇ ਪਾਸ ਕੀਤੇ। ਭਾਵੇਂ ਸਰਕਾਰ ਅੰਦਰੋਂ ਘਬਰਾਈ ਹੋਈ ਸੀ ਪਰ ਉਹ ਸ਼੍ਰੋਮਣੀ ਕਮੇਟੀ ਨੂੰ ਕਬੂਲ ਕਰਨਾ ਨਹੀਂ ਸੀ ਚਾਹੁੰਦੀ ਹਾਲਾਂ ਕਿ ਸ਼੍ਰੋਮਣੀ ਕਮੇਟੀ ਵਿਚ ਸਾਰੇ ਸਿੱਖਾਂ ਨੂੰ ਨੁਮਾਇੰਦਗੀ ਮਿਲੀ ਹੋਈ ਸੀ। ਹੋਰ ਤਾਂ ਹੋਰ ਸਾਰੀਆਂ ਸਿੱਖ ਰਿਆਸਤਾਂ ਦੀ ਨੁਮਾਇੰਦਗੀ ਵੀ ਇਸ ਵਿਚ ਸ਼ਾਮਿਲ ਸੀ (ਜਿਵੇਂ ਪਟਿਆਲਾ, ਨਾਭਾ ੫, ਜ਼ੀਂਦ ੨, ਫ਼ਰੀਦਕੋਟ ੨, ਕਲਸੀਆਂ ੧, ਕਪੂਰਥਲਾ ੨)। ਹੋਰ ਤਾਂ ਹੋਰ ਸਿੱਖ ਮਹਾਰਾਜਿਆਂ ਨੂੰ ਆਪਣੀ ਰਿਆਸਤਾਂ ਵਿੱਚੋਂ ੪ ਨੁਮਾਇੰਦੇ ਨਾਮਜ਼ਦ ਕਰਨ ਦਾ ਹੱਕ ਵੀ ਦਿੱਤਾ ਗਿਆ ਸੀ ਤੇ ਇਨ੍ਹਾਂ ਰਿਆਸਤਾਂ ਦੇ ਨੁਮਾਇੰਦੇ ਮੀਟਿੰਗਾਂ ਵਿਚ ਸ਼ਾਮਿਲ ਵੀ ਹੁੰਦੇ ਰਹੇ ਸਨ। ਫਿਰ ਸਰਕਾਰ ਨੇ ਬੇਦੀ, ਭੱਲੇ ਤੇ ਸੋਢੀ ਪਰਿਵਾਰਾਂ ਨੂੰ ਵਰਤਣ ਦੀ ਕੋਸ਼ਿਸ਼ ਵੀ ਕੀਤੀ ਪਰ ਉਨ੍ਹਾਂ ਵਿੱਚੋਂ ਨੁਮਾਇੰਦੇ ਵੀ ਸ਼੍ਰੋਮਣੀ ਕਮੇਟੀ ਵਿਚ ਸ਼ਾਮਿਲ ਸਨ।

ਇਸ ਹਾਲਤ ਵਿਚ ਪਹਿਲੀ ਜਨਵਰੀ ੧੯੨੨ ਦੇ ਦਿਨ ਬੇਦੀ, ਭੱਲੇ ਤੇ ਸੋਢੀ ਆਗੂਆਂ ਦੀ ਇਕ ਮੀਟਿੰਗ "ਗੁਰੂ ਬੰਸ ਕਾਨਫ਼ਰੰਸ" ਦੇ ਨਾਂ ਹੇਠ ਹੋਈ, ਜਿਸ ਦੀ ਪ੍ਰਧਾਨਗੀ ਬਾਵਾ ਪਰਦੁਮਨ ਸਿੰਘ ਮੁਲਤਾਨ ਨੇ ਕੀਤੀ। ਇਸ ਇਕੱਠ ਨੇ ਵੀ ਸ਼੍ਰੋਮਣੀ ਕਮੇਟੀ ਦੀ ਹਮਾਇਤ ਕੀਤੀ। ਇਸ ਤੇ ਬਾਵਾ ਪ੍ਰਦੁਮਣ ਸਿੰਘ ਨੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਇਕੱਠ ਨੇ ਮਤਾ ਪਾਸ ਕੀਤਾ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਇੰਤਜ਼ਾਮ ਵਾਸਤੇ ਸਾਰੇ ਪੰਥ ਦੀ ਨੁਮਾਇੰਦਾ ਜਮਾਤ ਹੈ ਅਤੇ ਅਸੀਂ ਇਸ ਵਿਚ ਮੁਕੰਮਲ ਭਰੋਸਾ ਰੱਖਦੇ ਹਾਂ ਤੇ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮੁਆਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।" ਕੁਝ ਦਿਨ ਪਹਿਲਾਂ ਹੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫ਼ੈਸਰਾਂ ਨੇ ਵੀ ਮਤਾ ਪਾਸ ਕਰ ਕੇ ਸਰਕਾਰ ਨੂੰ ਕਿਹਾ ਸੀ ਕਿ ਉਹ ਚਾਬੀਆਂ ਸ਼੍ਰੋਮਣੀ ਕਮੇਟੀ ਨੂੰ ਮੋੜ ਦੇਵੇ।

ਇਸ ਨਾਲ ਡੀ. ਸੀ. ਕੁੜਿੱਕੀ ਵਿਚ ਫਸ ਗਿਆ। ਉਸ ਨੇ ੩ ਜਨਵਰੀ ਨੂੰ ਚਾਬੀਆਂ ਮੋੜਨੀਆਂ ਚਾਹੀਆਂ ਤਾਂ ਜੋ ੫ ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਗਮਨ ਪੂਰਬ ਤੋਂ ਪਹਿਲਾਂ ਰੇੜਕਾ ਮੁੱਕ ਜਾਵੇ ਪਰ ਸਿੱਖ ਆਗੂਆਂ ਨੇ ਐਲਾਨ ਕੀਤਾ ਕਿ ੬ ਦਸੰਬਰ ੧੯੨੧ ਦੇ ਮਤੇ ਮੁਤਾਬਿਕ ਚਾਬੀਆਂ ਦੇ ਮੋਰਚੇ ਸਬੰਧੀ ਗ੍ਰਿਫ਼ਤਾਰ ਆਗੂਆਂ ਦੀਆਂ ਰਿਹਾਈਆਂ ਹੋਣ ਤੋਂ ਪਹਿਲਾਂ ਚਾਬੀਆਂ ਵਾਪਿਸ ਨਹੀਂ ਲਈਆਂ ਜਾਣਗੀਆਂ। ਇਸ ਤੇ ੧੧ ਜਨਵਰੀ ੧੯੨੨ ਦੇ ਦਿਨ ਸਰ ਜਾਨ ਮੇਨਾਰਡ ਨੇ ਪੰਜਾਬ ਕੌਂਸਲ 'ਚ ਐਲਾਨ ਕੀਤਾ ਕਿ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ ਜਾਣਗੇ। ਛੇ ਦਿਨ ਮਗਰੋਂ ੧੭ ਜਨਵਰੀ ਨੂੰ ੧੯੩ ਚੋਂ ੧੫੦ ਆਗੂ ਰਿਹਾ ਕਰ ਦਿੱਤੇ ਗਏ ਪਰ ਪੰਡਤ ਦੀਨਾ ਨਾਥ ਨੂੰ ਰਿਹਾ ਨਾ ਕੀਤਾ ਗਿਆ। ਰਿਹਾਈ ਮਗਰੋਂ ਹਜ਼ਾਰਾਂ ਸਿੰਘਾਂ ਦੇ ਜਲੂਸ ਵਿਚ ਇਹ ਆਗੂ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਜਿੱਥੇ ਉਨ੍ਹਾਂ ਨੂੰ ਸ਼ਾਨਦਾਰ 'ਜੀ ਆਇਆ' ਕਿਹਾ ਗਿਆ।

੧੯ ਜਨਵਰੀ ੧੯੨੨ ਦੇ ਦਿਨ ਸ਼ਾਮ ੬ ਵਜੇ ਤੋਂ ਮਗਰੋਂ ਡਿਸਟਰਿਕਟ ਜੱਜ ਦੇ ਨੁਮਾਇੰਦੇ ਨੇ ਅਕਾਲ ਤਖ਼ਤ ਸਾਹਿਬ 'ਤੇ ਆ ਕੇ ਚਾਬੀਆਂ ਦੀ ਥੈਲੀ ਬਾਬਾ ਖੜਕ ਸਿੰਘ ਨੂੰ ਭੇਟ ਕੀਤੀ ਤੇ ਬਾਬਾ ਖੜਕ ਸਿੰਘ ਨੇ ਸੰਗਤਾਂ ਤੋਂ ਮਨਜ਼ੂਰੀ ਲੈ ਕੇ ਚਾਬੀਆਂ ਕਬੂਲ ਕੀਤੀਆਂ।

ਇਸ ਦੀ ਖ਼ਬਰ ਜਦੋਂ ਹਿੰਦੂ ਆਗੂ ਮੋਹਨ ਦਾਸ ਗਾਂਧੀ (ਮਹਾਤਮਾ) ਨੂੰ ਪੁੱਜੀ ਤਾਂ ਉਸ ਨੇ ਸ਼੍ਰੋਮਣੀ ਕਮੇਟੀ ਨੂੰ ਇਕ ਤਾਰ ਭੇਜੀ ਜਿਸ ਵਿਚ ਲਿਖਿਆ ਸੀ :

(First battle of India's independence won. Congratulations ! (ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ

ਜਿੱਤੀ ਗਈ। ਮੁਬਾਰਕਾਂ ਹੋਣ)। ਸਰਕਾਰ ਨੇ ਚਾਬੀਆਂ ਦੇ ਮੋਰਚੇ ਦੇ ਸਾਰੇ ਆਗੂ ਰਿਹਾ ਕਰ ਦਿੱਤੇ ਪਰ ਪੰਡਤ ਦੀਨਾ ਨਾਥ ਨੂੰ ਰਿਹਾ ਨਾ ਕੀਤਾ। ਸ਼੍ਰੋਮਣੀ ਕਮੇਟੀ ਨੇ ਇਸ ਹਰਕਤ ਦੀ ਜ਼ਬਰਦਸਤ ਨਿੰਦਾ ਕੀਤੀ। ਜਦੋਂ ਅਕਾਲੀ ਆਗੂਆਂ ਨੇ ਸਰਕਾਰ ਤਕ ਪਹੁੰਚ ਕੀਤੀ ਤਾਂ ਸਰਕਾਰ ਨੇ ਕਿਹਾ ਕਿ "ਜੇ ਪੰਡਤ ਦੀਨਾ ਨਾਥ ਆਪਣੀ ਰਿਹਾਈ ਵਾਸਤੇ ਸਰਕਾਰ ਨੂੰ ਦਰਖ਼ਾਸਤ ਦੇਵੇ ਤਾਂ ਉਸ 'ਤੇ ਵਿਚਾਰ ਕੀਤੀ ਜਾਵੇਗੀ।" ਇਹ ਸ਼ਰਤ ਲਾਉਣਾ ਸਰਕਾਰ ਵੱਲੋਂ ਚਾਬੀਆਂ ਮੋੜਨ ਵਾਸਤੇ ਕੀਤੇ ਵਾਅਦੇ ਦੇ ਉਲਟ ਸੀ। ਸਿੱਖਾਂ ਨੇ ਚਾਬੀਆਂ ਇਸ ਸ਼ਰਤ 'ਤੇ ਹੀ ਵਸੂਲ ਕੀਤੀਆਂ ਸਨ ਕਿ ਪੰਡਤ ਦੀਨਾ ਨਾਥ ਨੂੰ ਵੀ ਰਿਹਾ ਕੀਤਾ ਜਾਏਗਾ, ਕਿਉਂ ਕਿ ਉਸ ਨੂੰ ਸਿਰਫ਼ ਚਾਬੀਆਂ ਦੇ ਸਬੰਧ ਵਿਚ ਤਕਰੀਰ ਕਰਨ ਕਰ ਕੇ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਸਰਕਾਰ ਨੇ ਅੜੀ ਦਿਖਾਈ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਨੁਕਤੇ 'ਤੇ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ। ੮ ਫਰਵਰੀ ੧੯੨੨ ਦੇ ਦਿਨ ਇਸ ਸਬੰਧ ਵਿਚ ਪਹਿਲਾ ਦੀਵਾਨ ਕੀਤਾ ਗਿਆ। ਇਸ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਸਾਰੇ ਮੈਂਬਰਾਂ ਨੇ ਤਕਰੀਰਾਂ ਕੀਤੀਆਂ। ਇਸ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਨੇ ਪੰਡਤ ਦੀਨਾ ਨਾਥ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ।

ਜਬਰ ਦਾ ਤੀਜਾ ਦੌਰ

ਨਾਨਕਾਣਾ ਸਾਹਿਬ ਦੇ ਸਾਕੇ ਤੋਂ ਮਗਰੋਂ ਸੈਂਕੜੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੇ ਚਾਬੀਆਂ ਸਬੰਧੀ ਗ੍ਰਿਫ਼ਤਾਰੀਆਂ ਮਗਰੋਂ ਸਿੱਖਾਂ 'ਤੇ ਜਬਰ ਦਾ ਇਕ ਹੋਰ ਦੌਰ ਚਲਿਆ। ਸਭ ਤੋਂ ਪਹਿਲਾਂ ਕਿਰਪਾਨ ਦੇ ਸਬੰਧ ਵਿਚ ਗ੍ਰਿਫ਼ਤਾਰੀਆਂ ਸ਼ੁਰੂ ਕੀਤੀਆਂ ਗਈਆਂ। ਇਸ ਤੋਂ ਬਾਅਦ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿਚ ਕਈ ਪਿੰਡਾਂ ਵਿਚ ਪੁਲੀਸ ਦੀਆਂ ਚੌਂਕੀਆਂ ਬਿਠਾ ਦਿੱਤੀਆਂ ਗਈਆਂ ਅਤੇ ਉਨ੍ਹਾਂ ਦਾ ਖ਼ਰਚਾ ਲੋਕਾਂ 'ਤੇ ਪਾ ਦਿੱਤਾ ਗਿਆ। ਅਕਾਲੀ ਵਰਕਰਾਂ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਮੁਖ਼ਾਲਫ਼ਤ ਕਰਨ ਵਾਲੇ ਵਰਕਰ ਗ੍ਰਿਫ਼ਤਾਰ ਕਰ ਲਏ ਗਏ। ਸਭ ਤੋਂ ਪਹਿਲੀਆਂ ਗ੍ਰਿਫ਼ਤਾਰੀਆਂ ਸਭਰਾਓਂ, ਉਰਾੜਾ, ਭੁਚੋ ਕੇ ਵਿਚ ਕੀਤੀਆਂ ਗਈਆਂ। ਇਸ ਤੋਂ ਬਾਅਦ ਅੰਮ੍ਰਿਤਸਰ, ਸਿਆਲਕੋਟ, ਲਾਇਲਪੁਰ, ਬੁਘਿਆਣਾ, ਸਮੁੰਦਰੀ, ਸਰਹਾਲੀ, ਸੁਕਰਚਕ, ਵੇਰਕਾ, ਫਤਹਿਗੜ੍ਹ, ਮਰਹਾਣਾ, ਚੱਬਾ, ਘਵਿੰਡ, ਹੁਡਿਆਰਾ ਅਤੇ ਹੋਰ ਸੈਂਕੜੇ ਪਿੰਡਾਂ ਵਿਚ ਵੀ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਕੱਲੇ ਸਿਆਲਕੋਟ ਤੋਂ ੧੫ ਮੋਹਤਬਰ ਸਿੱਖ ਗ੍ਰਿਫ਼ਤਾਰ ਕੀਤੇ ਗਏ। ਨਾਰੋਵਾਲ, ਡਸਕਾ ਤੇ ਕੁਝ ਹੋਰ ਪਿੰਡਾਂ ਤੋਂ ੮੦ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਕੱਲੇ ਇਸ ਜ਼ਿਲ੍ਹੇ ਵਿੱਚੋਂ ੨੫੩ ਸਿੱਖ ਗ੍ਰਿਫ਼ਤਾਰ ਕੀਤੇ ਗਏ।

ਇਸ ਮਗਰੋਂ ਨੌਨਰ ਪਿੰਡ ਦੇ ਗੁਰਦੁਆਰੇ ਦਾ ਮਸਲਾ ਸ਼ੁਰੂ ਹੋ ਗਿਆ। ਇਸ ਗੁਰਦੁਆਰੇ ਦੇ ਨਾਂ ੭੫੦ ਵਿਘੇ ਜ਼ਮੀਨ ਸੀ। ਇਹ ਜ਼ਮੀਨ ਇਕ ਸਿੱਖ ਹਾਕਮ ਸ: ਨਾਹਰ ਸਿੰਘ ਨੇ ਦਿੱਤੀ ਸੀ। ੧੯੨੨ ਵਿਚ ਇੱਥੋਂ ਦੀ ਸਾਲਾਨਾ ਆਮਦਨ ੩੦੦੦ ਰੁਪੈ ਸੀ। ਇੱਥੋਂ ਦਾ ਮਹੰਤ ਹਰਚਰਨ ਦਾਸ ਇਕ ਅੱਯਾਸ਼ ਨੌਜਵਾਨ ਸੀ, ਜੋ ਬਦ ਇਖ਼ਲਾਕ, ਕੁਰਪਟ ਤੇ ਬੇਈਮਾਨ ਸੀ। ਉਸ ਨੇ ਗੁਰਦੁਆਰੇ ਦੀ ਕੁਝ ਜ਼ਮੀਨ ਵੀ ਵੇਚ ਦਿੱਤੀ ਹੋਈ ਸੀ। ਉਸ ਦੇ ਇਖ਼ਲਾਕ ਸਬੰਧੀ ਸਿਆਲਕੋਟ ਦੇ ਇਕ ਮਜਿਸਟਰੇਟ ਨੇ ਇਕ ਕੇਸ ਵਿਚ ਲਿਖਿਆ ਸੀ ਕਿ "ਉਹ ਬਦ-ਇਖ਼ਲਾਕ ਹੈ ਅਤੇ ਇਕ ਬੇਵਾ ਮਾਇਆ ਦੇਵੀ ਨਾਲ ਉਸ ਦੇ ਨਜਾਇਜ਼ ਸਬੰਧ ਹਨ ਅਤੇ ਬਦਮਾਸ਼ਾਂ ਨੂੰ ਆਪਣੇ ਨਾਲ ਰੱਖਦਾ ਤੇ ਗੁਰਦੁਆਰੇ 'ਚ ਲਿਆ ਕੇ ਲੋਕਾਂ 'ਚ ਦਹਿਸ਼ਤ ਫੈਲਾਉਂਦਾ ਹੈ।" ਮੁਕਾਮੀ ਸਿੱਖ ਉਸ ਤੋਂ ਬਹੁਤ ਤੰਗ ਸਨ। ਅਖ਼ੀਰ ਬਹੁਤ ਸਾਰੀਆਂ ਕੋਸ਼ਿਸ਼ਾਂ ਮਗਰੋਂ ੧੯ ਫਰਵਰੀ ੧੯੨੨ ਦੇ ਦਿਨ ਸਬ ਜੱਜ ਝੰਡਾ ਸਿੰਘ, ਤਹਿਸੀਲਦਾਰ ਤੇ ਥਾਨੇਦਾਰ ਦੀ ਹਾਜ਼ਰੀ ਵਿਚ ਉਸ ਨੇ ਸ਼੍ਰੋਮਣੀ ਕਮੇਟੀ ਦੇ ਹੇਠ ਕੰਮ ਕਰਨਾ ਮੰਨ ਲਿਆ ਪਰ ਦਸਤਖ਼ਤ ਕਰਨ ਵੇਲੇ ਉਥੋਂ ਖਿਸਕ ਗਿਆ। ਇਸ ਮਗਰੋਂ ਅਗਲੇ ਦਿਨ ਹੋਈ ਮੀਟਿੰਗ ਵਿਚ ਇੰਤਜ਼ਾਮ ਵਾਸਤੇ ਇਕ ੧੭ ਮੈਂਬਰੀ ਕਮੇਟੀ ਬਣਾ ਦਿੱਤੀ ਗਈ। ਇਕ ਮਹੀਨਾ ਗੁਰਦੁਆਰੇ ਦਾ ਇੰਤਜ਼ਾਮ ਵਧੀਆ ਤਰੀਕੇ ਨਾਲ ਚਲਦਾ ਗਿਆ ਪਰ ਜਦੋਂ ਸਰਕਾਰ ਨੇ ਅਕਾਲੀ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਚਲਾਇਆ ਤਾਂ ਸਰਕਾਰ ਨੇ ਇਸ ਮਹੰਤ ਨੂੰ ਨਾਲ ਰਲਾ ਕੇ ਉਸ ਤੋਂ ਦਰਖ਼ਾਸਤ ਲੈ ਕੇ ਮੁਕਾਮੀ ਸਿੱਖਾਂ ਨੂੰ ਵੀ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ੨੪ ਮਾਰਚ ਨੂੰ ੪੦ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਕੁਝ ਹੋਰ ਗ੍ਰਿਫ਼ਤਾਰੀਆਂ ੨੭ ਮਾਰਚ ਨੂੰ ਵੀ ਕੀਤੀਆਂ ਗਈਆਂ। ਮਹੰਤ ਨੇ ਸਰਕਾਰ ਨਾਲ ਮਿਲ ਕੇ ਇਕ ਦਿਖਾਵੇ ਦੀ ੭ ਮੈਂਬਰੀ ਕਮੇਟੀ ਬਣਾ ਲਈ। ਇਸ ਵਿਚ ੪ ਹਿੰਦੂ, ੨ ਮੁਸਲਮਾਨ ਤੇ ਸਿਰਫ਼ ੧ ਸਿੱਖ ਮੈਂਬਰ ਸੀ। ਅਖ਼ੀਰ ੨੩ ਅਪ੍ਰੈਲ ੧੯੨੨ ਦੇ ਦਿਨ ਸਰਕਾਰ ਨੇ ਗ੍ਰਿਫ਼ਤਾਰ ਸਿੱਖ ਰਿਹਾ ਕਰ ਦਿੱਤੇ। ਸਰਕਾਰ ਨੇ ਸਿੱਖਾਂ ਦੀ ਇਕ

੬ ਮੈਂਬਰੀ ਕਮੇਟੀ ਨਾਮਜ਼ਦ ਕੀਤੀ ਪਰ ਇਸ ਵਿਚਲੇ ਚਾਰ ਮੈਂਬਰਾਂ ਨੇ ਸਰਕਾਰੀ ਕਮੇਟੀ 'ਚ ਸ਼ਾਮਿਲ ਹੋਣ ਤੋਂ ਨਾਂਹ ਕਰ ਦਿੱਤੀ। ਅਖ਼ੀਰ ਤਿੰਨ ਮਈ ਨੂੰ ਸਿੱਖਾਂ ਨੇ ਫੇਰ ਇਸ ਗੁਰਦੁਆਰੇ 'ਤੇ ਕਬਜ਼ਾ ਕਰ ਲਿਆ ਤੇ ੨੦ ਫਰਵਰੀ ਨੂੰ ਬਣਾਈ ੧੭ ਮੈਂਬਰੀ ਕਮੇਟੀ ਨੂੰ ਮੁੜ ਚਾਰਜ ਦੇ ਦਿੱਤਾ। ਇਸ ਮਗਰੋਂ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਟਾਲਬੋਟ ਅਤੇ ਲਾਹੌਰ ਦੇ ਕਮਿਸ਼ਨਰ ਮਿਸਟਰ ਟੌਲਿੰਟਨ ਨੇ ਅਕਾਲੀ ਆਗੂਆਂ ਨਾਲ ਪਹੁੰਚ ਕੀਤੇ ਤੇ ਮਹੰਤ ਨਾਲ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਮਹੰਤ ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਪਹਿਲੋਂ ੫੫੦ ਰੁਪਏ ਸਾਲਾਨਾ ਦਾ ਖਰਚਾ ਦੇਣਾ ਕਬੂਲ ਕੀਤਾ ਸੀ, ਹੁਣ ੮੦੦ ਰੁਪਏ ਮੰਗਣ ਲੱਗ ਪਿਆ। ਅਖ਼ੀਰ ੬੫੦ ਰੁਪਏ ਸਾਲਾਨਾ 'ਤੇ ਸਮਝੌਤਾ ਹੋ ਗਿਆ। ਮਹੰਤ ਫੇਰ ਵੀ ਮੁੱਕਰ ਗਿਆ ਅਤੇ ਆਮਦਨ ਦਾ ਤੀਜਾ ਹਿੱਸਾ ਮੰਗਣ ਲੱਗ ਪਿਆ। ਸ਼੍ਰੋਮਣੀ ਕਮੇਟੀ ਨੇ ਇਹ ਵੀ ਮੰਨ ਲਿਆ ਪਰ ਮਹੰਤ ਫੇਰ ਵੀ ਮੁੱਕਰ ਗਿਆ ਤਾਂ ਕਮੇਟੀ ਨੇ ਮਹੰਤ ਨੂੰ ਕੁਝ ਵੀ ਨਾ ਦੇਣ ਦਾ ਫ਼ੈਸਲਾ ਕਰ ਲਿਆ। ਇਹ ਸਾਰੀ ਕਾਰਵਾਈ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿਚ ਹੋਈ ਸੀ। ਇਸ ਕਰ ਕੇ ਮਹੰਤ ਫੇਰ ਨੇੜੇ ਵੀ ਨਾ ਢੁਕਿਆ।

ਪਿੰਡ ਹੇਰਾਂ (ਜ਼ਿਲ੍ਹਾ ਲੁਧਿਆਣਾ) ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ 'ਚ ਇਕ ਗੁਰਦੁਆਰਾ ਹੈ। ਇੱਥੋਂ ਦਾ ਮਹੰਤ ਹਰ ਪ੍ਰਸਾਦ ਸੀ। ਉਹ ਵੀ ਬੜੇ ਘਟੀਆ ਇਖ਼ਲਾਕ ਵਾਲਾ ਸ਼ਖ਼ਸ ਸੀ। ੧੬ ਫਰਵਰੀ ਨੂੰ ਇਲਾਕੇ ਦੇ ਮੋਹਤਬਰ ਸੱਜਣਾਂ ਨੇ ਇਕੱਠ ਕਰ ਕੇ ਉਸ ਨੂੰ ਹਟਾ ਦਿੱਤਾ। ਉਸ ਨੇ ਡਿਪਟੀ ਕਮਿਸ਼ਨਰ ਮਿਸਟਰ ਹਿਲਟਨ ਤਕ ਪਹੁੰਚ ਕੀਤੀ। ਇਸ ਤੇ ਡੀ. ਸੀ. ਬ੍ਰਿਟਿਸ਼ ਤੇ ਗੋਰਖਾ ਫ਼ੌਜ ਲੈ ਕੇ ਉਥੇ ਪੁੱਜਾ ਅਤੇ ਮਹੰਤ ਨੂੰ ਕਬਜ਼ਾ ਦਿਵਾਉਣ ਦੀ ਕੋਸ਼ਿਸ਼ ਕੀਤੀ ਪਰ ਸਰਕਾਰੀ ਫ਼ੌਜ ਲੋਕਾਂ ਦਾ ਦਿਲ ਨਾ ਬਦਲ ਸਕੀ। ਅਖ਼ੀਰ ਜਲੰਧਰ ਦੇ ਕਮਿਸ਼ਨਰ ਹਰੀਕਿਸ਼ਨ ਕੌਲ ਨੇ ਪਿੰਡ ਪੁੱਜ ਕੇ ਸਿੱਖਾਂ ਤੇ ਮਹੰਤ ਦਾ ਸਮਝੌਤਾ ਕਰਵਾ ਦਿੱਤਾ ਤੇ ਇਕ ਪੰਜ-ਮੈਂਬਰੀ ਕਮੇਟੀ ਬਣਾ ਦਿੱਤੀ। ਇਸ ਮਗਰੋਂ ਗੁਰਦੁਆਰੇ ਦੀ ਜਾਇਦਾਦ ਦਾ ਵੇਰਵਾ ਤਿਆਰ ਕੀਤਾ ਗਿਆ। ਸਰਕਾਰ ਅਤੇ ਕਮਿਸ਼ਨਰ ਨੇ ਇਸ ਸਬੰਧੀ ਬਿਆਨ ਵੀ ਜਾਰੀ ਕਰ ਦਿੱਤੇ ਪਰ ਮਾਰਚ ਦੇ ਆਖ਼ਰੀ ਦਿਨਾਂ ਵਿਚ ਅਚਾਨਕ ਰਾਤੋ ਰਾਤ ਮਹੰਤ ਨੂੰ ਕਬਜ਼ਾ ਦਿਵਾ ਕੇ ਸਰਕਾਰ ਨੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ।

ਵਰਿਆਮ ਨੰਗਲ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਅੰਮ੍ਰਿਤ ਛਕਾਉਣ ਅਤੇ ਕਿਰਪਾਨ ਪਹਿਨਣ ਦੇ "ਜੁਰਮ" ਵਿਚ ਵੀ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਜਦੋਂ ਅੰਮ੍ਰਿਤ ਸੰਚਾਰ ਹੋ ਰਿਹਾ ਸੀ ਤਾਂ ਪੁਲੀਸ ਨੇ ਘੇਰਾ ਪਾ ਲਿਆ ਅਤੇ ਧਮਕੀ ਦਿੱਤੀ ਕਿ ਜੋ ਵੀ ਅੰਮ੍ਰਿਤ ਛੱਕ ਕੇ "ਅਕਾਲੀ" ਬਣਨਗੇ ਉਹ ਗ੍ਰਿਫ਼ਤਾਰ ਕਰ ਲਏ ਜਾਣਗੇ। ਸਿੱਖਾਂ ਨੇ ਕਿਹਾ ਕਿ ਅੰਮ੍ਰਿਤ ਛਕਾਉਣ ਦੀ ਰਸਮ ਮਗਰੋਂ ਪੁਲੀਸ ਜਿਸ ਨੂੰ ਚਾਹੇ ਗ੍ਰਿਫ਼ਤਾਰ ਕਰ ਲਵੇ। ਇੰਝ ੧੭ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕੱਥੂ ਨੰਗਲ ਦੇ ਥਾਣੇ ਵਿਚ ਪੁਲੀਸ ਨੇ ਪੇਸ਼ਕਸ਼ ਕੀਤੀ ਕਿ ਕਾਲੀ ਪੱਗ ਲਾਹੁਣ ਤੇ ਮੁਆਫ਼ੀ ਮੰਗਣ ਵਾਲੇ ਨੂੰ ਰਿਹਾ ਕਰ ਦਿੱਤਾ ਜਾਵੇਗਾ। ਸਿਰਫ਼ ਇਕ ਗਸੂਲਪੁਰ ਵਾਸੀ ਨੇ ਇਹ ਸ਼ਰਤ ਮੰਨੀ ਤੇ ਬਾਕੀ ੧੬ ਸਿੰਘ ਜੇਲ੍ਹ ਭੇਜ ਦਿੱਤੇ ਗਏ। ਇੰਞ ਹੀ ਦੁਸਾਂਝ (ਤਹਿਸੀਲ ਫ਼ਿਲੌਰ) ਵਿਚ ਵੀ ਇਕ ਦੀਵਾਨ 'ਚ ਕੀਰਤਨ ਸੁਣ ਰਹੇ ੭੦ ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਲਾਇਲਪੁਰ ਦੇ ਇਕ ਮਜਿਸਟਰੇਟ ਟਿੱਕਾ ਰਜਿੰਦਰ ਪਾਲ ਨੇ ਇਕ ਹੁਕਮ ਜਾਰੀ ਕੀਤਾ ਜਿਸ ਵਿਚ ਕਿਹਾ ਗਿਆ ਸੀ ਕਿ ਗੁਰਦੁਆਰਿਆਂ 'ਚ ਹੋਣ ਵਾਲੇ ਧਾਰਮਿਕ ਦੀਵਾਨਾਂ 'ਚ ਹਾਜ਼ਿਰ ਹੋਣ ਵਾਲੇ ਅਕਾਲੀ ਵੀ ਗ੍ਰਿਫ਼ਤਾਰ ਕਰ ਲਏ ਜਾਣਗੇ। ਕਿਰਪਾਨ ਬਾਰੇ ਵੀ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਅੰਮ੍ਰਿਤਸਰ ਦੇ ਅਸਿਸਟੈਂਟ ਕਮਿਸ਼ਨਰ ਈ. ਐਮ. ਜੈਨਕਿਨਸ ਨੇ ੨੮ ਮਾਰਚ ੧੯੨੨ ਦੇ ਦਿਨ ਕਿਰਪਾਨ ਪਹਿਨਨ ਦੇ "ਜੁਰਮ" ਵਿਚ ਦੋ ਸਿੱਖਾਂ, ਸ: ਰਾਮ ਸਿੰਘ ਤੇ ਸ: ਮੱਖਣ ਸਿੰਘ, ਨੂੰ ਇਕ ਇਕ ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਜਬਰ ਦੇ ਸਬੰਧ ਵਿਚ ਵਿਚਾਰ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਦਾ ਇਕ ਇਕੱਠ ੩੦ ਮਾਰਚ ਦੇ ਦਿਨ ਹੋਇਆ। ਇਸ ਨੇ ਮਤਾ ਪਾਸ ਕੀਤਾ ਕਿ :

"ਜਿਵੇਂ ਕਿ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਗੁਰਦੁਆਰਾ ਬਿੱਲ ਬਾਰੇ ਗੱਲਬਾਤ ਕਰ ਰਹੇ ਸਨ, ੮ ਮਾਰਚ ੧੯੨੨ ਨੂੰ ਇਹ ਮੰਨ ਲਿਆ ਗਿਆ ਸੀ ਕਿ ਸਾਜ਼ਗਾਰ ਮਾਹੌਲ ਪੈਦਾ ਕਰਨ ਵਾਸਤੇ ਦੋਹਾਂ ਧਿਰਾਂ ਵੱਲੋਂ ਕੁਝ ਵੀ ਅਜਿਹਾ ਨਹੀਂ ਕੀਤਾ ਜਾਵੇਗਾ, ਜਿਸ ਨਾਲ ਸੁਲਹ ਦੇ ਆਸਾਰ 'ਤੇ ਮਾੜਾ ਅਸਰ ਪਵੇ। ਇਸ ਮਕਸਦ ਵਾਸਤੇ ਦੋਹਾਂ ਤਰਫ਼ਾਂ ਵੱਲੋਂ ਐਲਾਨ ਜਾਰੀ ਕੀਤੇ ਗਏ ਸਨ। ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ

ਦੀ ਨੁਮਾਇੰਦਾ ਜਥੇਬੰਦੀ ਵਜੋਂ ਕਬੂਲ ਕਰਨ ਅਤੇ ਕਿਰਪਾਨ ਦੀ ਆਜ਼ਾਦੀ ਬਾਰੇ ਐਲਾਨ ਜਾਰੀ ਕਰ ਦਿੱਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸਾਰੇ ਸਿੱਖਾਂ ਨੂੰ ਆਖ ਦਿੱਤਾ ਸੀ ਕਿ ਉਹ ਹਰ ਅਜਿਹੀ ਕਾਰਵਾਈ, ਜਿਸ ਨਾਲ ਅਮਨ ਵਿਗੜਨ ਦੇ ਆਸਾਰ ਹੋਣ, ਤੋਂ ਦੂਰ ਰਹਿਣ।

"ਸ਼੍ਰੋਮਣੀ ਕਮੇਟੀ ਦੀ ਇਹ ਤਸੱਲੀ ਹੈ ਕਿ ਸਿੱਖਾਂ ਨੇ ਇਸ ਗੱਲ 'ਤੇ ਪੂਰੀ ਤਰ੍ਹਾਂ ਅਮਲ ਕੀਤਾ ਹੈ ਪਰ ਸਰਕਾਰ ਨੇ ਆਪਣੀਆਂ ਜ਼ਿੰਮੇਵਾਰੀਆਂ ਦੀ ਪਰਵਾਹ ਕੀਤੇ ਬਿਨਾਂ ਹਰ ਤਰੀਕੇ ਅਤੇ ਹਰ ਬਹਾਨੇ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਵਾਲੇ ਸਿੱਖਾਂ ਦੇ ਖ਼ਿਲਾਫ਼ ਹਰ ਪੱਧਰ 'ਤੇ ਅੰਨ੍ਹੇ ਅਤੇ ਬੇਪਨਾਹ ਜਬਰ ਦੀ ਮੁਹਿੰਮ ਚਲਾਈ ਹੋਈ ਹੈ।

"ਕਿਰਪਾਨ ਬਾਰੇ ਵਾਅਦੇ ਦੇ ਬਾਵਜੂਦ ਸਰਕਾਰ ਸਿੱਖਾਂ ਨੂੰ ਕਿਰਪਾਨ ਰੱਖਣ ਜਾਂ ਬਣਾਉਣ ਕਰ ਕੇ ਗ੍ਰਿਫ਼ਤਾਰ ਕਰ ਰਹੀ ਹੈ ਕਾਰਖਾਨਿਆਂ ਵਿੱਚੋਂ ਸੈਂਕੜੇ ਕਿਰਪਾਨਾਂ ਜ਼ਬਤ ਕੀਤੀਆਂ ਹਨ। ਵਾਅਦਾ ਤੋੜਨ ਨੂੰ ਅੱਖੋਂ ਉਹਲੇ ਕਰਦਿਆਂ ਸਰਕਾਰ ਨੇ ਹੇਰਾਂ ਅਤੇ ਨੌਨਰ ਦੇ ਗੁਰਦੁਆਰਿਆਂ ਨੂੰ ਸਿੱਖਾਂ ਤੋਂ ਖੋਹ ਲਿਆ ਹੈ ਅਤੇ ਉਨ੍ਹਾਂ ਦੁਸ਼ਟ ਮਹੰਤਾਂ ਦੇ ਹਵਾਲੇ ਕਰ ਦਿੱਤਾ ਹੈ, ਜਿਨ੍ਹਾਂ ਨੂੰ ਸੰਗਤਾਂ ਦੁਰਕਾਰ ਚੁੱਕੀਆਂ ਹਨ। ਸਰਕਾਰ ਨੇ ਤਾਂ ਉਨ੍ਹਾਂ ਸਿੱਖਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਚਲਾਇਆ ਹੈ ਜੋ ਪੁਰਅਮਨ ਰਹਿੰਦੇ ਹੋਏ ਸਿਰਫ਼ ਇਬਾਦਤ ਕਰਨ ਜਾਂਦੇ ਹਨ। ਸੈਂਕੜੇ ਸਿੱਖਾਂ ਨੂੰ ਸਿਰਫ਼ ਕਾਲੀ ਦਸਤਾਰ ਪਹਿਣਨ ਅਤੇ ਕਿਰਪਾਨ ਰੱਖਣ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਕੁਟ-ਮਾਰ ਵੀ ਕੀਤੀ ਗਈ ਹੈ। ਇੱਥੋਂ ਤਕ ਕਿ ਪੁਲੀਸ ਨੇ ਸਿੱਖ ਔਰਤਾਂ ਨੂੰ ਵੀ ਬੇਇੱਜ਼ਤ ਕੀਤਾ ਹੈ, ਸਿੱਖਾਂ ਦੇ ਕੇਸ ਪੁੱਟੇ ਹਨ ਅਤੇ ਗੁਰੂ ਸਾਹਿਬਾਨ ਵਾਸਤੇ ਘਟੀਆ ਲਫ਼ਜ਼ ਵਰਤੇ ਹਨ।

"ਨਾਨਕਾਣਾ ਸਾਹਿਬ ਦੇ ਕੇਸ ਵਿਚ ਹਾਈ ਕੋਰਟ ਦਾ ਫ਼ੈਸਲਾ ਅਤੇ ਸਰਕਾਰ ਵੱਲੋਂ ਉਨ੍ਹਾਂ ਪੁਲਸੀਆਂ ਦੇ ਖ਼ਿਲਾਫ਼ ਕੋਈ ਵੀ ਕਾਰਵਾਈ ਕਰਨ ਤੋਂ ਨਾਂਹ ਕਰਨਾ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕੀਤੀ ਅਤੇ ਦਰਬਾਰ ਸਾਹਿਬ ਕੋਲ ਇਕ ਸਿੱਖ ਬੀਬੀ ਨੂੰ ਬੇਇੱਜ਼ਤ ਕੀਤਾ ਅਤੇ ਅਜਿਹੀਆਂ ਹੋਰ ਵੀ ਕਈ ਗੱਲਾਂ ਨੇ ਸਿੱਖਾਂ ਵਿਚ ਸਰਕਾਰ ਨਾਲ ਸੰਜੀਦਾ ਸਮਝੌਤੇ ਦੇ ਮਾਹੌਲ ਦੀ ਉਮੀਦ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ।

"ਇਸ ਕਰ ਕੇ ਸ਼੍ਰੋਮਣੀ ਕਮੇਟੀ ਇਹ ਮਤਾ ਪਾਸ ਕਰਨ ਵਾਸਤੇ ਮਜਬੂਰ ਹੈ ਕਿ ਸਰਕਾਰ ਨਾਲ ਉਦੋਂ ਤਕ ਸਮਝੌਤੇ ਦੀ ਗੱਲਬਾਤ ਖ਼ਤਮ ਕਰ ਦਿੱਤੀ ਜਾਵੇ, ਜਦੋਂ ਤਕ ਉਹ ਅਕਾਲੀਆਂ ਨੂੰ ਕੁਚਲ ਕੇ ਗੁਰਦੁਆਰਾ ਸੁਧਾਰ ਲਹਿਰ ਖ਼ਤਮ ਕਰਨ ਦਾ ਨਾਪਾਕ ਇਰਾਦਾ ਨਹੀਂ ਛੱਡ ਦੇਂਦੀ।"

ਇਸ ਤੋਂ ਮਗਰੋਂ ਵੀ ਕਈ ਸਿੱਖ ਆਗੂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹੋਣ ਕਾਰਨ ਜਾਂ ਕਾਲੀ ਦਸਤਾਰ ਜਾਂ ਕਿਰਪਾਨ ਰੱਖਣ ਕਰ ਕੇ ਗ੍ਰਿਫ਼ਤਾਰ ਕੀਤੇ ਗਏ। ਹੋਰ ਤਾਂ ਹੋਰ ਫ਼ੌਜੀ ਸਿੱਖਾਂ ਨਾਲ ਵੀ ਇਹੋ ਜਿਹੀ ਜ਼ਿਆਦਤੀ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋ ਗਈਆਂ। ਰੈਜਮੈਂਟ ਨੰਬਰ ੪੫ ਦੇ ਇਕ ਸਿੱਖ ਨੂੰ ਕਾਲੀ ਦਸਤਾਰ ਸਜਾਉਣ 'ਤੇ ੮ ਸਾਲ ਤੇ ਇਕ ਹੋਰ ਨੂੰ ਸਾਢੇ ੮ ਸਾਲ ਵਾਸਤੇ ਕੈਦ ਕਰ ਦਿੱਤਾ ਗਿਆ। ਰੈਜਮੈਂਟ ੫੭ ਵੀਂ ਰਾਈਫ਼ਲਜ਼ ਦੇ ੧੫ ਫ਼ੌਜੀਆਂ ਨੂੰ ਕਿਰਪਾਨ ਪਹਿਣਨ ਬਦਲੇ ੪ ਤੋਂ ੧੦ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਮੈਸੋਪੋਟਾਮੀਆ ਵਿਚ ਵੀ ਚੌਥੀ ਕਵੈਲਰੀ ਦੇ ਇਕ ਸਿੰਘ ਨੂੰ ਕਾਲੀ ਦਸਤਾਰ ਅਤੇ ਕਿਰਪਾਨ ਬਦਲੇ ਸਜ਼ਾ ਦਿੱਤੀ ਗਈ। ਸਰਕਾਰ ਨੇ ੨ ਅਗਸਤ ੧੯੨੨ ਦੇ ਦਿਨ ਜਾਰੀ ਕੀਤੇ ਇਕ ਬਿਆਨ ਵਿਚ ਮੰਨਿਆ ਕਿ ਕਾਲੀ ਦਸਤਾਰ ਸਜਾਉਣ ਕਰ ਕੇ ਇਸ ਸਿੱਖ ਨੂੰ ਸਜ਼ਾ ਦਿੱਤੀ ਗਈ ਸੀ। ਅਜਿਹੀਆਂ ਹੋਰ ਖ਼ਬਰਾਂ ਵੀ ਰਿਪੋਰਟ ਕੀਤੀਆਂ ਗਈਆਂ ਸਨ। ਇਸ ਸਬੰਧ ਵਿਚ ਕੀਤੀਆਂ ਗ੍ਰਿਫ਼ਤਾਰੀਆਂ ਦੀ ਗਿਣਤੀ ੨੦੦੦ ਤੋਂ ਵੀ ਵੱਧ ਸੀ।

ਇਸ ਧੱਕੇ, ਜ਼ਿਆਦਤੀ ਤੇ ਜਬਰ ਨੂੰ ਸਾਹਵੇਂ ਰੱਖਦਿਆਂ ਅਕਾਲੀ ਆਗੂਆਂ ਨੇ ਸਰਕਾਰ ਨਾਲ ਗੱਲਬਾਤ ਕਰਨੀ ਬੰਦ ਕਰ ਦਿੱਤੀ ਪਰ ਸਰਕਾਰ ਦੀ ਬੇਸ਼ਰਮੀ ਦੀ ਹੱਦ ਏਥੋਂ ਤਕ ਸੀ ਕਿ ਸਰਕਾਰ ਅਜੇ ਵੀ ਸਿੱਖਾਂ ਨੂੰ ਗੁਰਦੁਆਰਾ ਬਿੱਲ ਬਾਰੇ ਗੱਲਬਾਤ ਕਰਨ ਵਾਸਤੇ ਆਖ ਰਹੀ ਸੀ। ਸਿੱਖਾਂ ਨੇ ਸਰਕਾਰ ਵੱਲੋਂ ਭੇਜੇ ਗਏ ਖ਼ਤਾਂ ਨੂੰ ਨਜ਼ਰ-ਅੰਦਾਜ਼ ਕੀਤਾ ਅਤੇ ਕਦੇ ਕੋਈ ਵੀ ਆਗੂ ਮੀਟਿੰਗ ਵਾਸਤੇ ਤਿਆਰ ਨਾ ਹੋਇਆ। ਅਖ਼ੀਰ ਪਹਿਲੀ ਮਈ ੧੯੨੨ ਦੇ ਦਿਨ ਕੁਝ ਸਿੱਖ ਆਗੂ ਗ਼ੈਰ-ਰਸਮੀ ਤੌਰ 'ਤੇ ਲਾਹੌਰ ਦੇ ਕਮਿਸ਼ਨਰ ਟੌਲਿੰਗਟਨ ਅਤੇ ਹੋਮ ਸੈਕਟਰੀ ਵਿਲਸਨ ਜਾਨਸਨ ਨੂੰ ਮਿਲੇ। ਜਦੋਂ ਸਿੱਖ ਆਗੂਆਂ ਨੇ ਸਿੱਖਾਂ 'ਤੇ ਜਬਰ ਦੀ ਗੱਲ ਕੀਤੀ ਤਾਂ ਸਰਕਾਰ ਨੇ ਹਾਈ ਕੋਰਟ ਦੇ ਜੱਜ ਤੋਂ

ਇਨਕੁਆਇਰੀ ਕਰਵਾਉਣ ਦੀ ਪੇਸ਼ਕਸ਼ ਕੀਤੀ ਪਰ ਸਿੱਖ ਆਗੂਆਂ ਨੇ ਇਕ ਸਾਂਝੇ ਪੜਤਾਲੀਆ ਕਮਿਸ਼ਨ ਦੀ ਕਾਇਮੀ ਦੀ ਮੰਗ ਕੀਤੀ। ਕਿਉਂ ਕਿ ਸਰਕਾਰ ਇਸ ਬਾਰੇ ਮੰਗ ਮੰਨਣ ਨੂੰ ਤਿਆਰ ਨਾ ਹੋਈ ਇਸ ਕਰ ਕੇ ਸਿੱਖ ਆਗੂਆਂ ਨੇ ਬਿੱਲ ਬਾਰੇ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ। ਇਸ 'ਤੇ ਵਿਲਸਨ ਜਾਨਸਨ ਨੇ ਧਮਕੀ ਦੇਣ ਦੇ ਤਰੀਕੇ ਨਾਲ ਕਿਹਾ ਕਿ ਸਰਕਾਰ ਤਾਂ ਸਿੱਖਾਂ ਦੀ ਮਦਦ ਤੋਂ ਬਿਨਾਂ ਵੀ ਗੁਰਦੁਆਰਾ ਬਿੱਲ ਪਾਸ ਕਰ ਦੇਵੇਗੀ। ਇਸ 'ਤੇ ਉਨ੍ਹਾ ਨੇ ਜਵਾਬ ਦਿੱਤਾ ਕਿ ਇਸ ਬਿੱਲ ਦਾ ਹਸ਼ਰ ਉਹੀ ਹੋਵੇਗਾ ਜੋ ਰੌਲਟ ਬਿੱਲ ਦਾ ਹੋਇਆ ਸੀ।

ਸਿੱਖਾਂ ਨਾਲ ਗੱਲਬਾਤ ਫੇਲ੍ਹ ਹੋਣ ਮਗਰੋਂ ਸਰਕਾਰ ਨੇ ਬਿੱਲ ਬਾਰੇ ਕਾਰਵਾਈ ਜਾਰੀ ਰੱਖੀ ਤੇ ਕਈ ਤਰ੍ਹਾਂ ਦੇ ਬਿਆਨ ਜਾਰੀ ਕੀਤੇ। ਇਸ ਦੇ ਬਾਵਜੂਦ ਕੋਈ ਵੀ ਸਿੱਖ ਸਰਕਾਰ ਦੀ ਹਮਾਇਤ ਕਰਨ ਵਾਸਤੇ ਤਿਆਰ ਨਾ ਹੋਇਆ। ਹਰ ਖ਼ਿਆਲ ਦੇ ਸਿੱਖਾਂ ਨੇ ਸਰਕਾਰੀ ਬਿੱਲ ਨੂੰ ਰੱਦ ਕੀਤਾ। ਜੁਲਾਈ ਵਿਚ ਸਿੱਖ ਕੌਂਸਲਰਾਂ ਨੇ ਵੀ ਐਲਾਨ ਕੀਤਾ ਕਿ ਜਦੋਂ ਤਕ ਸਿੱਖ ਕੈਦੀ ਰਿਹਾ ਨਹੀਂ ਕੀਤੇ ਜਾਂਦੇ ਅਤੇ ਬਿੱਲ 'ਚ ਸਿੱਖਾਂ ਦੀਆ ਮੰਗਾਂ ਮੁਤਾਬਿਕ ਸੋਧ ਨਹੀਂ ਕੀਤੀ ਜਾਂਦੀ ਉਦੋਂ ਤਕ ਬਿੱਲ ਨੂੰ ਮਨਜ਼ੂਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇਨੀਂ ਦਿਨੀਂ ਹੀ ਸਰਕਾਰ ਨੇ ਕੁਝ ਨਿਰਮਲਿਆਂ ਅਤੇ ਉਦਾਸੀਆਂ ਨੂੰ, ਜੋ ਪੰਜਾਬ ਤੋਂ ਬਾਹਰ ਦੇ ਸਨ, ਗੰਢ ਲਿਆ ਅਤੇ ਅਕਾਲੀਆਂ ਦੀ ਮੁਖ਼ਾਲਫ਼ਤ ਕਰਵਾਉਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਤੋਂ ਇਹੋ ਜਿਹੇ ਬਿਆਨ ਦਿਵਾਏ ਗਏ ਕਿ ਸਿੱਖਾਂ ਵਿਚ ਅਕਾਲੀਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੈ। ਅਕਾਲੀ ਦਲ ਨੇ ਇਸ ਦੇ ਜਵਾਬ ਵਿਚ ਕਿਹਾ ਕਿ ਇਸ ਦਾ ਫ਼ੈਸਲਾ ਆਮ ਸਿੱਖਾਂ ਦੀਆਂ ਵੋਟਾਂ ਨਾਲ ਖੁਲ੍ਹੀ ਰਾਏ-ਸ਼ੁਮਾਰੀ ਜਾਂ ਚੋਣਾਂ ਕਰਵਾ ਕੇ ਲਿਆ ਜਾਵੇ।

੧੬ ਜੁਲਾਈ ੧੯੨੨ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਇਜਲਾਸ ਅੰਮ੍ਰਿਤਸਰ ਵਿਚ ਹੋਇਆ। ਇਸ ਇਜਲਾਸ ਨੇ ਮਤਾ ਪਾਸ ਕੀਤਾ : "ਪੂਰੇ ਇਕ ਸਾਲ ਦੇ ਤਜਰਬੇ ਨੂੰ ਸਾਹਵੇਂ ਰੱਖਦਿਆਂ ਹੁਣ ਇਸ ਗੱਲ ਦੀ ਉਮੀਦ ਨਹੀਂ ਰਹੀ ਕਿ ਗੁਰਦੁਆਰਿਆਂ ਦਾ ਮਸਲਾ ਸਰਕਾਰ, ਜੋ ਗੁਰਦੁਆਰਾ ਲਹਿਰ ਦਬਾਉਣ ਵਾਸਤੇ ਹਰ ਹਰਬਾ ਇਸਤੇਮਾਲ ਕਰ ਰਹੀ ਹੈ, ਰਾਹੀਂ ਹੱਲ ਕਰਵਾਇਆ ਜਾ ਸਕੇ। ਇਸ ਹਾਲਤ ਵਿਚ ਸਿੱਖਾਂ ਕੋਲ ਇਹੀ ਰਸਤਾ ਰਹਿ ਜਾਂਦਾ ਹੈ ਕਿ ਉਹ ਗੁਰਦੁਆਰਿਆਂ ਦੀ ਸੇਵਾ-ਸੰਭਾਲ ਤੇ ਇੰਤਜ਼ਾਮ ਨੂੰ ਆਪਣੇ ਹੱਥਾਂ ਵਿਚ ਲੈ ਲੈਣ। ਇਸ ਕਰ ਕੇ ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ, ਡੂੰਘੀ ਵਿਚਾਰ ਮਗਰੋਂ, ਐਗਜ਼ੈਕਟਿਵ ਨੂੰ ਇਹ ਹੱਕ ਦੇਣ 'ਤੇ ਮਜਬੂਰ ਹੋਇਆ ਹੈ ਕਿ ਜਿਨ੍ਹਾਂ ਗੁਰਦੁਆਰਿਆਂ ਨੂੰ ਪੰਥਕ ਕੰਟਰੋਲ ਵਿਚ ਲਿਆਂਦਾ ਜਾਣਾ ਜ਼ਰੂਰੀ ਹੈ। ਉਸ ਸਬੰਧੀ ਜ਼ਰੂਰਤ ਮੁਤਾਬਿਕ ਮੁਨਾਸਿਬ ਕਦਮ ਉਠਾਵੇ।" ਪੰਦਰਾਂ ਦਿਨ ਮਗਰੋਂ, ੩੧ ਜੁਲਾਈ ੧੯੨੨ ਦੇ ਦਿਨ, ਸਰ ਜਾਨ ਮੇਨਰਡ ਨੇ ਐਲਾਨ ਕੀਤਾ ਕਿ ਸਰਕਾਰ ਨੇ ਗੁਰਦੁਆਰਾ ਬਿੱਲ ਪਾਸ ਕਰਨ ਦਾ ਇਰਾਦਾ ਛੱਡ ਦਿੱਤਾ ਹੈ।

ਦੁਰਗਿਆਨਾ ਮੰਦਰ

ਗੁਰਦੁਆਰਾ ਸੁਧਾਰ ਲਹਿਰ ਦੇ ਸ਼ਿਖ਼ਰ ਦੇ ਦਿਨਾਂ ਵਿਚ, ੮ ਮਾਰਚ ੧੯੨੨ ਦੇ ਦਿਨ, ਹਿੰਦੂਆਂ ਨੇ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਿਆਂ "ਦੁਰਗਿਆਨਾ ਮੰਦਰ" ਬਣਾਉਣ ਵਾਸਤੇ ਪੰਡਤ ਮਦਨ ਮੋਹਨ ਮਾਲਵੀਆ ਤੋਂ ਨੀਂਹ ਪੱਥਰ ਰਖਵਾਇਆ। ਸੀ. ਆਈ. ਡੀ. ਰਿਪੋਰਟ 'ਚ ਇਸ ਬਾਰੇ ਲਿਖਿਆ ਸੀ ਕਿ ਇਹ ਕਦਮ "ਹਿੰਦੂਆਂ ਅਤੇ ਸਿੱਖਾਂ ਵਿਚ ਪਾੜਾ ਪਾਉਣ ਦਾ ਮਾਅਰਕੇ ਦਾ ਕਾਰਨਾਮਾ ਸੀ।" ਰਿਪੋਰਟ ਮੁਤਾਬਿਕ "ਅੰਮ੍ਰਿਤਸਰ 'ਚ ਦਰਬਾਰ ਸਾਹਿਬ ਦਾ ਮੁਕਾਬਲਾ ਕਰਨ ਦੀ ਹਿੰਦੂ ਹਰਕਤ ਸਿੱਖਾਂ ਨਾਲ ਨਫ਼ਰਤ ਵਧਾਉਣ ਅਤੇ ਆਉਂਦੇ ਵੇਲਿਆਂ ਵਿਚ ਫ਼ਸਾਦ ਕਰਵਾਉਣ ਦੀ ਨੀਂਹ ਸਾਬਿਤ ਹੋਵੇਗੀ।"

ਗੁਰੂ ਕਾ ਬਾਗ ਦਾ ਮੋਰਚਾ

ਅੰਮ੍ਰਿਤਸਰ ਤੋਂ ਤਕਰੀਬਨ ੨੦ ਕਿਲੋਮੀਟਰ ਦੂਰ ਪਿੰਡ ਘੁਕੇਵਾਲੀ ਵਿਚ ਗੁਰਦੁਆਰਾ ਗੁਰੂ ਕਾ ਬਾਗ ਹੈ। ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਸਿੱਖ ਸਰਦਾਰਾਂ ਨੇ ਇਸ ਗੁਰਦੁਆਰੇ ਨਾਲ ਵੀ ਕਾਫ਼ੀ ਜ਼ਮੀਨ ਲੁਆਈ ਹੋਈ ਸੀ, ਜਿਸ ਵਿੱਚੋਂ ਕਾਫ਼ੀ ਜ਼ਮੀਨ ਅੰਗਰੇਜ਼ਾਂ ਨੇ ਹੜਪ ਕਰ ਲਈ ਸੀ। ਇੱਥੋਂ ਦਾ ਮਹੰਤ ਸੁੰਦਰ ਦਾਸ ਸੀ। ਲੋਕਾਂ ਨੂੰ ਉਸ ਦੇ ਇਖ਼ਲਾਕ ਬਾਰੇ ਬਹੁਤ ਸ਼ਿਕਾਇਤਾਂ ਸਨ। ੩੧ ਜਨਵਰੀ ੧੯੨੧ ਦੇ ਦਿਨ ਸ: ਦਾਨ ਸਿੰਘ ਵਛੋਆ ਦੀ ਅਗਵਾਈ ਵਿਚ ਕੁਝ ਸਿੱਖ ਉਸ ਕੋਲ ਗਏ

ਅਤੇ ਉਸ ਨੂੰ ਆਪਣਾ ਸੁਧਾਰ ਕਰਨ ਵਾਸਤੇ ਆਖਿਆ। ਮਹੰਤ ਨੇ ਆਪਣੇ ਕੋਲ ੫੦-੬੦ ਬੰਦੇ ਇਕੱਠੇ ਕੀਤੇ ਹੋਏ ਸਨ। ਜਦੋਂ ਮਹੰਤ ਨੇ ਵੇਖਿਆ ਕਿ ਸਿੱਖ ਉਸ ਨੂੰ ਕੱਢਣਾ ਨਹੀਂ ਚਾਹੁੰਦੇ ਤਾਂ ਉਸ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਲਿਖਤੀ ਦਸਤਾਵੇਜ਼ 'ਤੇ ਦਸਤਖ਼ਤ ਵੀ ਕਰ ਦਿੱਤੇ। ਸਮਝੌਤੇ ਮੁਤਾਬਿਕ ਉਸ ਨੇ ਆਪਣੀ ਰਖੇਲ ਨਾਲ ਵਿਆਹ ਕਰਨਾ ਮੰਨ ਲਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕੀਤੀ ਕਮੇਟੀ ਦੀਆਂ ਹਦਾਇਤਾਂ ਮੁਤਾਬਿਕ ਮਰਿਆਦਾ ਨਿਭਾਉਣ ਦਾ ਵਾਅਦਾ ਕੀਤਾ। ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਇਕ ੫ ਮੈਂਬਰੀ ਕਮੇਟੀ ਚੁਣੀ ਗਈ। ੮ ਫਰਵਰੀ ਨੂੰ ਮਹੰਤ ਨੇ ਅੰਮ੍ਰਿਤ ਵੀ ਛਕ ਲਿਆ। ਉਸ ਦਾ ਨਵਾਂ ਨਾਂ ਜੋਗਿੰਦਰ ਸਿੰਘ ਤੇ ਉਸ ਦੀ ਰਖੇਲ ਈਸ਼ਰੀ ਦਾ ਨਾਂ ਗਿਆਨ ਕੌਰ ਰੱਖਿਆ ਗਿਆ। ਦੋਹਾਂ ਨੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਵਿਆਹ ਕਰਵਾ ਲਿਆ।

ਤਕਰੀਬਨ ੨ ਮਹੀਨੇ ਤਕ "ਗੁਰੂ ਕਾ ਬਾਗ" ਗੁਰਦੁਆਰੇ ਦਾ ਇੰਤਜ਼ਾਮ ਠੀਕ ਠਾਕ ਚਲਦਾ ਰਿਹਾ ਪਰ ਜਦੋਂ ਸਰਕਾਰ ਨੇ ਅਕਾਲੀਆਂ 'ਤੇ ਸਖ਼ਤੀ ਦਾ ਦੌਰ ਚਲਾਉਣਾ ਸ਼ੁਰੂ ਕੀਤਾ ਅਤੇ ਬਹੁਤ ਸਾਰੇ ਆਗੂਆਂ ਨੂੰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ ਤਾਂ ਅਪ੍ਰੈਲ ੧੯੨੧ ਵਿਚ ਇਹ ਮਹੰਤ ਵੀ ਵਿੱਟਰ ਗਿਆ। ਇਸ ਮਗਰੋਂ ਦੋ ਤਿੰਨ ਮਹੀਨੇ ਸਿੱਖ ਮਹੰਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਜਦੋਂ ਮਹੰਤ ਨਾ ਟਲਿਆ ਤਾਂ ੨੩ ਅਗਸਤ ੧੯੨੧ ਦੇ ਦਿਨ ਸਿੱਖ ਸੰਗਤਾਂ ਨੇ ਗੁਰਦੁਆਰੇ ਉੱਤੇ ਕਬਜ਼ਾ ਕਰ ਲਿਆ। ਮਹੰਤ ਨੇ ਸਰਕਾਰੇ ਦਰਬਾਰੇ ਪਹੁੰਚ ਕੀਤੀ ਪਰ ਜਦੋਂ ਐਸ. ਪੀ. ਮੈਕਫਰਸਨ ਮੌਕਾ ਵੇਖਣ ਪੁੱਜਾ ਤਾਂ ਉਸ ਨੇ ਗੁਰਦੁਆਰੇ 'ਤੇ ਅਕਾਲੀਆਂ ਦੇ ਕਬਜ਼ੇ ਦੀ ਤਸਦੀਕ ਕੀਤੀ ਅਤੇ ਅਕਾਲੀਆਂ ਦੀ ਹਿਫ਼ਾਜ਼ਤ ਵਾਸਤੇ ਪੁਲੀਸ ਵੀ ਤਾਈਨਾਤ ਕਰ ਦਿੱਤੀ। ਕੁਝ ਦਿਨਾਂ ਬਾਅਦ ਅਕਾਲੀਆਂ ਦੇ ਆਖਣ 'ਤੇ ਪੁਲੀਸ ਨੂੰ ਵਾਪਸ ਬੁਲਾ ਲਿਆ ਗਿਆ।

ਫ਼ਰਵਰੀ ੧੯੨੨ ਵਿਚ ਮਹੰਤ ਨੇ ਸ: ਤੇਜਾ ਸਿੰਘ ਸਮੁੰਦਰੀ ਤਕ ਪਹੁੰਚ ਕੀਤੀ। ਸ: ਤੇਜਾਂ ਸਿੰਘ, ਸ: ਗੁਰਚਰਨ ਸਿੰਘ ਤੇ ਸ: ਬਾਲ ਸਿੰਘ ਨੇ ਵਿਚੋਲਗੀ ਕਰ ਕੇ ਮਹੰਤ ਨੂੰ ੧੨੦ ਰੁਪਏ ਮਹੀਨਾ 'ਤੇ ਅੰਮ੍ਰਿਤਸਰ ਵਿਚ ਇਕ ਮਕਾਨ ਦਿਵਾ ਦਿੱਤਾ। ਅਪ੍ਰੈਲ ੧੯੨੨ 'ਚ ਮਹੰਤ ਫੇਰ ਮੁੱਕਰ ਗਿਆ ਅਤੇ ਗੁਰਦੁਆਰੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਤਿੰਨ ਕੁ ਮਹੀਨੇ ਇਵੇਂ ਹੀ ਗੁਜ਼ਰ ਗਏ। ਇਸ ਦੌਰਾਨ ਸਰਕਾਰ ਅਤੇ ਅਕਾਲੀਆਂ ਵਿਚਕਾਰ ਗੁਰਦੁਆਰਾ ਬਿੱਲ ਸਬੰਧੀ ਸਮਝੌਤਾ ਨਾ ਹੋ ਸਕਿਆ। ਸਰਕਾਰ ਨੇ ਸਿੱਖਾਂ ਨੂੰ ਦਬਾਉਣ ਲਈ ਦਹਿਸ਼ਤ ਦਾ ਨਵਾਂ ਦੌਰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਗੁਰਦੁਆਰਾ ਗੁਰੂ ਕਾ ਬਾਗ਼ ਦੇ ਲੰਗਰ ਵਾਸਤੇ ਬਾਲਣ ਦੀ ਲੱਕੜ ਗੁਰਦੁਆਰੇ ਦੀ ਜ਼ਮੀਨ ਵਿਚ ਖੜੇ ਕਿੱਕਰ ਦੇ ਦਰਖ਼ਤਾਂ ਤੋਂ ਲਿਆਂਦੀ ਜਾਂਦੀ ਸੀ। ੮ ਅਗਸਤ ੧੯੨੨ ਦੇ ਦਿਨ ਪੰਜ ਅਕਾਲੀ ਲੰਗਰ ਵਾਸਤੇ ਇਕ ਸੁੱਕੇ ਕਿੱਕਰ ਦੀ ਲੱਕੜ ਕੱਟ ਕੇ ਲਿਆਏ। ਉਨ੍ਹਾਂ ਨੂੰ ੯ ਅਗਸਤ ਦੇ ਦਿਨ ਡੀ. ਸੀ. ਮਿਸਟਰ ਡੰਨਟ ਦੇ ਹੁਕਮ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਹੋਰ ਤਾਂ ਹੋਰ ਇਸ ਸਬੰਧ ਵਿਚ ਸਾਬਕ ਮਹੰਤ ਸੁੰਦਰ ਦਾਸ ਨੇ ਲਿਖਤੀ ਤੌਰ 'ਤੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਸੀ ਤੇ ਸਿੱਖ ਚੋਖੇ ਚਿਰ ਤੋਂ ਲੰਗਰ ਵਾਸਤੇ ਲੱਕੜ ਇੱਥੋਂ ਲਿਜਾਂਦੇ ਰਹੇ ਸਨ। ੧੦ ਅਗਸਤ ਨੂੰ ਪੁਲੀਸ ਅਫ਼ਸਰ ਮਿਸਟਰ ਬੀਟੀ ਗੁਰੂ ਕਾ ਬਾਗ਼ ਪਹੁੰਚਿਆ ਅਤੇ ਮਹੰਤ ਕੋਲੋਂ ਲਿਖਤੀ ਸ਼ਕਾਇਤ ਲੈ ਲਈ। ਇਸੇ ਦਿਨ ੮ ਅਗਸਤ ਦੇ ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਕਾਹਲੀ ਵਿਚ ਛੇ ਮਹੀਨੇ ਦੀ ਕੈਦ ਤੇ ੫੦ ਰੁਪਏ ਜੁਰਮਾਨਾ ਕਰ ਦਿੱਤਾ ਗਿਆ।

ਇਸ ਮਗਰੋਂ ਸਿੱਖ ਲੱਕੜ ਕੱਟਦੇ ਰਹੇ ਸਨ ਪਰ ੨੨ ਅਗਸਤ ੧੯੨੨ ਦੇ ਦਿਨ ਸਰਕਾਰ ਨੇ ਲੱਕੜ ਕੱਟਣ ਵਾਲੇ ਸਿੱਖਾਂ ਨੂੰ ਫੇਰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ੨੪ ਅਗਸਤ ਤਕ ੧੮੦ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ੨੫ ਅਗਸਤ ਨੂੰ ੩੦ ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। ੨੫ ਅਗਸਤ ਨੂੰ ਜਦੋਂ ੧੩੬ ਸਿੱਖਾਂ ਦਾ ਜਥਾ ਗੁਰੂ ਕਾ ਬਾਗ ਗਿਆ ਤਾਂ ਪੁਲੀਸ ਨੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ ਕੁੱਟਣਾ ਸ਼ੁਰੂ ਕਰ ਦਿੱਤਾ। ਤਕਰੀਬਨ ੧੦੦ ਸਿੱਖਾਂ ਨੂੰ ਪੁਲੀਸ ਨੇ ਵਹਿਸ਼ੀਆਨਾ ਤਰੀਕੇ ਨਾਲ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ੨੬ ਅਗਸਤ ਨੂੰ ੪੦ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਨਾਲ ਲੈ ਕੇ ਗੁਰੂ ਕਾ ਬਾਗ਼ ਵੱਲ ਗਏ। ਉਸ ਦਿਨ ਵੀ ਪੁਲੀਸ ਨੇ ਸਿੱਖਾਂ ਨੂੰ ਬੇਦਰਦੀ ਨਾਲ ਡਾਂਗਾਂ ਨਾਲ ਕੁੱਟਿਆ ਅਤੇ ਬੁਰੀ ਤਰ੍ਹਾਂ ਘਸੀਟਿਆ। ਇਸੇ ਦਿਨ ਪੁਲੀਸ ਨੇ ਸ: ਬ: ਮਹਿਤਾਬ ਸਿੰਘ, ਸ: ਜਸਵੰਤ ਸਿੰਘ ਬੀ. ਏ., ਸ: ਨਰੈਣ ਸਿੰਘ ਬੈਰਿਸਟਰ, ਪ੍ਰੋ: ਸਾਹਿਬ ਸਿੰਘ, ਮਾਸਟਰ ਤਾਰਾ ਸਿੰਘ,

ਸ: ਸਰਮੁਖ ਸਿੰਘ ਝਬਾਲ, ਸ: ਤੇਜਾ ਸਿੰਘ ਚੂਹੜਕਾਣਾ, ਸ: ਰਵੇਲ ਸਿੰਘ ਵਗੈਰਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

੨੬ ਤਾਰੀਖ਼ ਨੂੰ ਬਾਬਾ ਕਿਹਰ ਸਿੰਘ ਪੱਟੀ ਮਹੰਤ ਨੂੰ ਮਿਲੇ ਤੇ ਉਸ ਨੂੰ ਸਮਝਾ ਬੁਝਾ ਕੇ ਰਸਤੇ ਤੇ ਲੈ ਆਂਦਾ। ਜਦੋਂ ਮਹੰਤ ਮੰਨ ਗਿਆ ਤਾਂ ਉਸ ਨੂੰ ਪੁਲੀਸ ਅਫ਼ਸਰ ਬੀਟੀ ਅਤੇ ਤਹਿਸੀਲਦਾਰ ਦੇ ਸਾਹਮਣੇ ਕਰਵਾ ਦਿੱਤਾ ਗਿਆ। ਸਮਝੌਤੇ ਦੀ ਖ਼ਬਰ ਤੇ ਬੀਟੀ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਬਾਬਾ ਕਿਹਰ ਸਿੰਘ ਨੂੰ ਆਪਣੀ ਕਾਰ ਵਿਚ ਛੱਡ ਕੇ ਆਉਣ ਦੀ ਪੇਸ਼ਕਸ਼ ਕੀਤੀ। ਟੁਰਨ ਤੋਂ ਪਹਿਲਾਂ ਬਾਬਾ ਕਿਹਰ ਸਿੰਘ ਨੇ ਆਖਿਆ ਕਿ ਮੈਂ ਵੀ ਲੱਕੜ ਕੱਟਣ ਦੀ ਪੰਥਕ ਸੇਵਾ 'ਚ ਹਿੱਸਾ ਪਾਉਣਾ ਚਾਹਵਾਂਗਾ। ਇਹ ਕਹਿ ਕੇ ਉਨ੍ਹਾਂ ਬਾਗ਼ ਵਿੱਚੋਂ ਥੋੜ੍ਹੀ ਜਿਹੀ ਲੱਕੜ ਕੱਟੀ ਅਤੇ ਲੰਗਰ ਵਿਚ ਲਿਜਾ ਕੇ ਰੱਖ ਦਿੱਤੀ। ਇਸ ਮਗਰੋਂ ਉਹ ਅੰਮ੍ਰਿਤਸਰ ਚਲੇ ਗਏ। ਸ਼ਹਿਰ 'ਚ ਜਾਣ ਤੋਂ ਪਹਿਲਾਂ ਤਹਿਸੀਲਦਾਰ ਬਾਬਾ ਕਿਹਰ ਸਿੰਘ ਨੂੰ ਡਿਪਟੀ ਕਮਿਸ਼ਨਰ ਦੀ ਕੋਠੀ 'ਤੇ ਲੈ ਗਿਆ। ਡਿਪਟੀ ਕਮਿਸ਼ਨਰ ਮਹੰਤ ਤੇ ਬਾਬਾ ਜੀ ਵਿਚ ਹੋਏ ਸਮਝੌਤੇ 'ਤੇ ਬੜਾ ਖੁਸ਼ ਹੋਇਆ। ਜਦੋਂ ਦੋਵੇਂ ਡੀ. ਸੀ. ਦੇ ਦਫ਼ਤਰ 'ਚੋਂ ਨਿਕਲੇ ਤਾਂ ਡੀ. ਸੀ. ਨੇ ਬਾਬਾ ਜੀ ਨੂੰ ਕਿਹਾ ਕਿ ਤੁਹਾਡੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਹਨ ਤੇ ਬਿਹਤਰ ਹੈ ਕਿ ਤੁਸੀਂ ਅੰਮ੍ਰਿਤਸਰ ਦੀ ਬਜਾਇ ਗੁਰੂ ਕਾ ਬਾਗ਼ ਵਿਚ ਜਾ ਕੇ ਗ੍ਰਿਫ਼ਤਾਰੀ ਦਿਓ। ਡੀ. ਸੀ. ਦੀ ਗੱਲ ਸੁਣ ਕੇ ਤਹਿਸੀਲਦਾਰ ਵੀ ਚੌਂਕ ਗਿਆ ਕਿਉਂ ਕਿ ਸਮਝੌਤਾ ਕਰਵਾਉਣ ਦੀ ਕਾਰਵਾਈ ਵਿਚ ਉਹ ਵੀ ਸ਼ਾਮਿਲ ਸੀ। ਖ਼ੈਰ, ਬਾਬਾ ਜੀ ਵਾਪਿਸ ਗੁਰੂ ਕਾ ਬਾਗ਼ ਗਏ ਅਤੇ ਗ੍ਰਿਫ਼ਤਾਰੀ ਦੇ ਦਿੱਤੀ। ੨੭ ਅਗਸਤ ਨੂੰ ਗੁਰੂ ਕਾ ਬਾਗ਼ ਗਏ ਜਥੇ ਨੂੰ ਅੰਮ੍ਰਿਤਸਰ ਨੂੰ ਮਾਰਚ ਕਰਨ ਵਾਸਤੇ ਕਿਹਾ ਗਿਆ, ਉਨ੍ਹਾਂ ਨੂੰ ਰਸਤੇ ਵਿਚ ਡਾਂਗਾ ਮਾਰ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ। ਗੁਰੂ ਕਾ ਬਾਗ਼ ਜਾਣ ਵਾਲੀਆਂ ਸਾਰੀਆਂ ਸੜਕਾਂ ਦੀ ਨਾਕਾਬੰਦੀ ਕਰ ਦਿੱਤੀ ਗਈ। ਨਾਲ ਦੇ ਪਿੰਡਾਂ ਵਿਚ ਵੀ ਸਿੱਖਾਂ ਦੇ ਹਿਮਾਇਤੀਆਂ ਦੀ ਵੀ ਕੁੱਟ-ਮਾਰ ਕੀਤੀ ਗਈ ਅਤੇ ਉਨ੍ਹਾਂ ਤੋਂ ਲੰਗਰ ਤੇ ਰਸਦ ਪਾਣੀ ਵੀ ਖੋਹ ਲਿਆ ਗਿਆ। ਹੋਰ ਤਾਂ ਹੋਰ ਖਾਲਸਾ ਕਾਲਜ ਅੰਮ੍ਰਿਤਸਰ ਦਾ ਇਕ ਪ੍ਰੋਫ਼ੈਸਰ, ਜੋ ਪਰਿਵਾਰ ਸਣੇ ਗੁਰਦੁਆਰਾ ਗੁਰੂ ਕਾ ਬਾਗ਼ ਜਾ ਰਿਹਾ ਸੀ, ਨੂੰ ਔਰਤਾਂ ਦੇ ਸਾਹਮਣੇ ਬੁਰੀ ਤਰ੍ਹਾਂ ਕੁੱਟਿਆ ਗਿਆ। ਅੰਮ੍ਰਿਤਸਰ ਜਾਣ ਵਾਲੀਆਂ ਗੱਡੀਆਂ ਅਤੇ ਮੋਟਰਾਂ ਨੂੰ ਰੋਕ ਕੇ ਸਿੱਖਾਂ ਨੂੰ ਉਤਾਰਿਆ ਗਿਆ ਅਤੇ ਜਾਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਾਂ ਵਾਪਿਸ ਭੇਜ ਦਿੱਤਾ ਗਿਆ। ਅੰਮ੍ਰਿਤਸਰ ਦੇ ਆਲੇ-ਦੁਆਲੇ, ਦੂਰ-ਦੂਰ ਤਕ, ਸੜਕਾਂ, ਪੁਲ ਅਤੇ ਪੱਤਣਾਂ ਤੇ ਪੁਲੀਸ ਤਾਈਨਾਤ ਕਰ ਦਿੱਤੀ ਗਈ।

ਇਨ੍ਹਾਂ ਸਖ਼ਤੀਆਂ ਦੇ ਬਾਵਜੂਦ ਸਿੱਖ ਅੰਮ੍ਰਿਤਸਰ ਪਹੁੰਚਦੇ ਰਹੇ ਅਤੇ ਹਰ ਰੋਜ਼ ਅਕਾਲ ਤਖ਼ਤ ਸਾਹਿਬ ਤੋਂ ਸਿੰਘਾਂ ਦਾ ਇਕ ਜਥਾ ਗੁਰੂ ਕਾ ਬਾਗ਼ ਨੂੰ ਜਾਂਦਾ ਰਿਹਾ। ਇਸ ਤੋਂ ਇਲਾਵਾ ਇਕ ਛੋਟਾ ਜਥਾ ਲੱਕੜ ਕੱਟਣ ਵਾਸਤੇ ਵੀ ਭੇਜਿਆ ਜਾਂਦਾ ਰਿਹਾ। ਪੁਲੀਸ ਦੋਹਾਂ ਹੀ ਜਥਿਆਂ ਦੇ ਸਿੰਘਾਂ ਨੂੰ ਬੇਦਰਦੀ ਨਾਲ ਡਾਂਗਾਂ ਨਾਲ ਕੁੱਟਦੀ ਅਤੇ ਉਦੋਂ ਤਕ ਡਾਂਗਾਂ ਵਰ੍ਹਾਉਂਦੀ ਰਹਿੰਦੀ ਸੀ ਜਦੋਂ ਤਕ ਇਕ-ਇਕ ਸਿੱਖ ਬੇਹੋਸ਼ ਨਹੀਂ ਹੋ ਜਾਂਦਾ ਸੀ। ਸ਼ੁਰੂ-ਸ਼ੁਰੂ ਵਿਚ ਤਾਂ ਡਾਕਟਰਾਂ ਅਤੇ ਫ਼ਸਟ ਏਡ ਵਾਲਿਆਂ ਨੂੰ ਵੀ ਫ਼ੱਟੜਾਂ ਦੇ ਨੇੜੇ ਜਾਣ ਨਹੀਂ ਸੀ ਦਿੱਤਾ ਜਾਂਦਾ, ਹਾਲਾਂ ਕਿ ਉਨ੍ਹਾਂ ਕੋਲ ਡੀ. ਸੀ. ਦਾ ਇਜਾਜ਼ਤ-ਨਾਮਾ ਵੀ ਹੁੰਦਾ ਸੀ। ਪਰ ਮਗਰੋਂ ਇਸ ਦੀ ਇਜਾਜ਼ਤ ਦੇ ਦਿੱਤੀ ਗਈ। ਫ਼ੱਟੜਾਂ ਦੇ ਇਲਾਜ ਵਾਸਤੇ ਤਿੰਨ ਹਸਪਤਾਲਾਂ ਵਿਚ ਇੰਤਜ਼ਾਮ ਕੀਤਾ ਗਿਆ ਸੀ।

੩੧ ਅਗਸਤ ਤੋਂ ਰੋਜ਼ਾਨਾ ਇਕ ਸੌ ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ ਗੁਰੂ ਕਾ ਬਾਗ਼ ਜਾਣ ਲੱਗ ਪਿਆ। ਇਸ ਜਥੇ ਦੇ ਨਾਲ ਇਕ ਐਂਬੂਲੈਂਸ ਵੀ ਹੋਇਆ ਕਰਦੀ ਸੀ। ਇਸ ਜਥੇ ਨੂੰ ਰਾਹ ਵਿਚ ਰਾਜਾਸਾਂਸੀ, ਛੀਨਾ ਤੇ ਗੁਮਟਾਲਾ ਪੁਲ 'ਤੇ ਰੋਕ ਲਿਆ ਜਾਂਦਾ ਅਤੇ ਲਾਠੀਆਂ ਮਾਰ-ਮਾਰ ਕੇ ਹਰ ਇਕ ਨੂੰ ਬੇਹੋਸ਼ ਕਰ ਦਿੱਤਾ ਜਾਂਦਾ। ਜਦੋਂ ਸਿੱਖ ਬੇਹੋਸ਼ ਹੋ ਜਾਂਦੇ ਤਾਂ ਪੁਲੀਸ ਉਨ੍ਹਾਂ ਨੂੰ ਵਾਲਾਂ ਤੋਂ ਫੜ ਕੇ, ਧੂਹ ਕੇ, ਚਿਕੜ ਵਾਲੇ ਟੋਇਆਂ ਵਿਚ ਸੁੱਟ ਦਿਆ ਕਰਦੀ ਸੀ। ਇਸ ਮਗਰੋਂ ਮੈਡੀਕਲ ਟੀਮ ਆਪਣੀ ਕਾਰਵਾਈ ਸ਼ੁਰੂ ਕਰਿਆ ਕਰਦੀ ਸੀ। ਇਨ੍ਹਾਂ ਸਾਰੇ ਜ਼ਖ਼ਮੀਆਂ ਨੂੰ ਅੰਮ੍ਰਿਤਸਰ ਲਿਜਾਇਆ ਜਾਂਦਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਹਸਪਤਾਲਾਂ 'ਚ ਦਾਖ਼ਿਲ ਕੀਤਾ ਜਾਂਦਾ। ਜ਼ਖ਼ਮੀਆਂ ਦੇ ਇਲਾਜ 'ਤੇ ਸ਼੍ਰੋਮਣੀ ਕਮੇਟੀ ਦਾ ਰੋਜ਼ਾਨਾ ਖ਼ਰਚ ੨੦੦੦ ਰੁਪਏ ਤੋਂ ਵਧੇਰੇ ਸੀ। ਇਸ ਸਾਰੀ ਕਾਰਵਾਈ ਨੂੰ ਬਹੁਤ ਸਾਰੇ ਲੋਕ ਵੇਖਣ ਆਉਂਦੇ ਸਨ ਅਤੇ ਇਕ ਅਮਰੀਕਨ ਪਾਰਟੀ ਨੇ ਤਾਂ ਇਸ ਸਾਰੇ ਦੀ ਫ਼ਿਲਮ ਵੀ ਤਿਆਰ ਕੀਤੀ ਸੀ। ਸਿੱਖਾਂ 'ਤੇ ਜ਼ੁਲਮ ਦੀਆਂ ਖ਼ਬਰਾਂ ਪੰਜਾਬ, ਹਿੰਦੁਸਤਾਨ ਤੇ ਪ੍ਰਦੇਸਾਂ ਵਿਚ ਵੀ ਪਹੁੰਚ ਰਹੀਆਂ ਸਨ ਅਤੇ

ਸਾਰੇ ਪਾਸੇ ਇਸ ਦੀ ਜ਼ਬਰਦਸਤ ਮੁਜ਼ੰਮਤ ਹੋ ਰਹੀ ਸੀ।

੩ ਸਤੰਬਰ ੧੯੨੨ ਦੇ ਦਿਨ ਛੀਨਾ ਪੁਲ 'ਤੇ ਪੰਡਤ ਮਦਨ ਮੋਹਨ ਮਾਲਵੀਆ, ਸਰ ਜੋਗਿੰਦਰ ਸਿੰਘ, ਤਕਰੀਬਨ ੨੦ ਸਿਰਕਰਦਾ ਅਕਾਲੀ ਆਗੂ, ਪੰਜਾਬ ਕੌਂਸਲ ਦੇ ਕੁਝ ਮੈਂਬਰ, ਚੀਫ਼ ਖਾਲਸਾ ਦੀਵਾਨ ਦੇ ਆਗੂ ਅਤੇ ਕੁਝ ਹੋਰ ਸ਼ਖ਼ਸੀਅਤਾਂ ਪੁੱਜੀਆਂ ਅਤੇ ਉਨ੍ਹਾਂ ਨੇ ਜਥੇ ਨੂੰ ਆਪਣੇ ਅੱਖੀਂ ਵੇਖਿਆ। ਉਹ ਸ਼ਾਮ ਤੋਂ ਰਾਤ ਸਾਢੇ ਅੱਠ ਵਜੇ ਤਕ ਉੱਥੇ ਰਹੇ। ਉਨ੍ਹਾਂ ਨੂੰ ਦੱਸਿਆ ਗਿਆ ਕਿ ਜਥੇ ਨੂੰ ਰਾਤ ਵੇਲੇ ਕੁੱਟ-ਮਾਰ ਨਹੀਂ ਕੀਤੀ ਜਾਵੇਗੀ। ਇਸ 'ਤੇ ਇਹ ਸਾਰੇ ਮੋਹਤਬਰ ਸ਼ਖ਼ਸ ਉੱਥੋਂ ਚਲੇ ਗਏ। ਜਿਉਂ ਹੀ ਉਹ ਅੱਖੋਂ ਓਹਲੇ ਹੋਏ ਪੁਲੀਸ ਨੇ ਸਿੱਖਾਂ ਨੂੰ ਫਿਰ ਬੇਤਹਾਸ਼ਾ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਡਾਂਗਾਂ ਵਰ੍ਹਾਉਂਦੀ ਰਹੀ। ਮਗਰੋਂ ਇਨ੍ਹਾਂ ਵਿੱਚੋਂ ਕੁਝ ਨੂੰ ਘਸੀਟ ਕੇ ਪਾਣੀ ਦੇ ਇਕ ਖਾਲੇ ਵਿਚ ਸੁੱਟ ਦਿੱਤਾ ਗਿਆ। ਦੋ ਸਤੰਬਰ ਨੂੰ ਪੁਲੀਸ ਨੇ ਡਾਂਗਾਂ ਦੇ ਨਾਲ ਨਾਲ ਡਰੰਮ ਵੀ ਲੈ ਆਂਦੇ ਸਨ ਤੇ ਇਨ੍ਹਾਂ ਨੂੰ ਸਿੱਖਾਂ ਦੇ ਸਿਰ, ਮੂੰਹ ਅਤੇ ਜਿਸਮ ਤੇ ਮਾਰ-ਮਾਰ ਕੇ ਬੇਹੋਸ਼ ਕੀਤਾ ਜਾਂਦਾ ਸੀ। ਪੁਲੀਸ ਨੇ ਸਿੱਖਾਂ ਨੂੰ ਮਾਰਨ ਵਾਸਤੇ ਅੰਗਰੇਜ਼ ਪੁਲੀਸ ਤੇ ਹਿੰਦੁਸਤਾਨੀ ਪੁਲੀਸ ਤੋਂ ਇਲਾਵਾ ਕੁਝ ਮੁਸਲਮਾਨ, ਪਠਾਣ ਹੋਰ ਤੇ ਬਦਮਾਸ਼ ਵੀ ਭਾੜੇ 'ਤੇ ਰੱਖ ਲਏ ਸਨ। ਪੁਲੀਸ ਦੀ ਇਸ ਕੁਟ-ਮਾਰ ਤੇ ਜ਼ੁਲਮ ਦੀਆਂ ਰਿਪੋਰਟਾਂ ਦੁਨੀਆਂ ਭਰ ਦੇ ਅਖ਼ਬਾਰਾਂ ਵਿਚ ਛਪ ਰਹੀਆਂ ਸਨ। ਚਾਰ ਸਤੰਬਰ ਤੋਂ ਤਾਂ ਪੁਲੀਸ ਨੇ ਜਥੇ ਦੀ ਕੁੱਟ-ਮਾਰ ਵੇਖਣ ਵਾਲਿਆਂ ਨੂੰ ਵੀ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਇਹ ਕਾਰਵਾਈ ੯ ਸਤੰਬਰ ਤਕ ਚਲਦੀ ਰਹੀ। ਜਦੋਂ ਪੁਲੀਸ ਨੇ ਮਹਿਸੂਸ ਕੀਤਾ ਕਿ ਦਹਿਸ਼ਤ ਨਾਲ ਸਿੱਖਾਂ ਨੂੰ ਹਟਾਇਆ ਨਹੀਂ ਜਾ ਸਕਦਾ ਤਾਂ ਪੁਲੀਸ ਨੇ ਸਿੱਖਾਂ ਦੇ ਜਥਿਆਂ ਨੂੰ ਗੁਰੂ ਕਾ ਬਾਗ਼ ਦੇ ਰਾਹ ਵਿਚ ਰੋਕਣਾ ਬੰਦ ਕਰ ਦਿੱਤਾ। ੯ ਸਤੰਬਰ ਤੋਂ ਕੁੱਟ-ਮਾਰ ਦੀ ਕਾਰਵਾਈ ਸਿਰਫ਼ ਗੁਰੂ ਕਾ ਬਾਗ਼ ਵਿਚ ਹੋਣ ਲੱਗ ਪਈ। ਇੱਥੇ ਵੀ ਬਹੁਤ ਸਾਰੇ ਆਗੂ ਆ ਕੇ ਸਿੱਖਾਂ 'ਤੇ ਹੋ ਰਹੇ ਜ਼ੁਲਮ ਨੂੰ ਅੱਪਣੇ ਅੱਖੀਂ ਵੇਖਦੇ ਸਨ। ਇਸ ਜ਼ੁਲਮ ਦੀ ਹਰ ਪਾਸਿਓਂ ਬੜੀ ਮੁਜ਼ੰਮਤ ਹੋਈ। ਇਸ ਸਬੰਧ ਵਿਚ ਇਕ ਜਲਸਾ ੧੦ ਸਤੰਬਰ ਨੂੰ ਜਲ੍ਹਿਆਂ ਵਾਲਾ ਬਾਗ਼ ਵਿਚ ਹੋਇਆ। ਇਸ ਵਿਚ ਬਹੁਤ ਸਾਰੇ ਆਗੂਆਂ ਨੇ ਤਕਰੀਰਾਂ ਕੀਤੀਆਂ ਅਤੇ ਸਰਕਾਰ ਦੇ ਜ਼ੁਲਮ ਦੀ ਜ਼ਰਬਦਸਤ ਮੁਖ਼ਾਲਫ਼ਤ ਕੀਤੀ।

ਇਨੀਂ ਦਿਨੀਂ ਹੀ ਪੁਲੀਸ ਨੇ ਗੁਰੂ ਕਾ ਬਾਗ਼ ਦੇ ਆਲੇ-ਦੁਆਲੇ ਦੇ ਖੇਤਾਂ ਵਿਚ ਕੰਮ ਕਰਦੇ ਸਿੱਖਾਂ ਨੂੰ ਵੀ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ। ਇਸ ਸਰਕਾਰੀ ਜ਼ੁਲਮ ਨਾਲ ਸ਼ਹੀਦ ਹੋਣ ਵਾਲੇ ਪਹਿਲੋਂ ਦੋ ਸਿੰਘ ਸ: ਭਗਤ ਸਿੰਘ ਤੇ ਸ: ਤਾਰਾ ਸਿੰਘ (ਬਾਪ ਤੇ ਬੇਟਾ) ਸਨ, ਜਿਨ੍ਹਾਂ ਨੂੰ ਪਿੰਡ ਤੇਰਾ ਦੇ ਖੇਤਾਂ ਵਿਚ ਸ਼ਹੀਦ ਕੀਤਾ ਗਿਆ।

੧੨ ਸਤੰਬਰ ਨੂੰ ਇਕ ਮਸ਼ਹੂਰ ਈਸਾਈ ਪਾਦਰੀ ਸੀ. ਐਫ. ਐਡਰਿਊਜ਼ (ਜੋ ਐਂਗਲੀਕਨ ਚਰਚ ਦਾ ਪ੍ਰਚਾਰਕ ਸੀ ਤੇ ੧੯੦੪ ਤੋਂ ਕਲਕੱਤਾ ਵਿਚ ਰਹਿ ਰਿਹਾ ਸੀ) ਅੰਮ੍ਰਿਤਸਰ ਆਇਆ। ਉਸ ਨੇ ਅੰਮ੍ਰਿਤਸਰ ਦੇ ਹਸਪਤਾਲਾਂ ਵਿਚ ਗੁਰੂ ਕਾ ਬਾਗ਼ ਮੋਰਚੇ ਦੇ ਫੱਟੜਾਂ ਦੀ ਹਾਲਤ ਵੇਖੀ। ਸ਼ਾਮ ਵੇਲੇ ਉਹ ਗੁਰੂ ਕਾ ਬਾਗ਼ ਵਿਚ ਪੁੱਜਿਆ। ਉਸ ਨੇ ਉੱਥੇ ਗੁਰਦੁਆਰੇ ਦੇ ਦਰਸ਼ਨ ਕੀਤੇ। ਉਸ ਨੇ ਸਿੱਖਾਂ ਤੇ ਪੁਲੀਸ ਦਾ ਜ਼ੁਲਮ ਆਪਣੀਆਂ ਅੱਖਾਂ ਨਾਲ ਵੇਖਿਆ। ਅਗਲੇ ਦਿਨ ੧੩ ਸਤੰਬਰ ਨੂੰ ਪੰਜਾਬ ਦਾ ਗਵਰਨਰ ਅੰਮ੍ਰਿਤਸਰ ਆਇਆ। ਸੀ. ਐਫ. ਐਂਡਰਿਊਜ਼ ਨੇ ਗਵਰਨਰ ਨੂੰ ਮਿਲ ਕੇ ਗੁਰੂ ਕਾ ਬਾਗ਼ 'ਚ ਪੁਲੀਸ ਦੇ ਜ਼ੁਲਮ ਬਾਰੇ ਗੱਲਬਾਤ ਕੀਤੀ। ਗਵਰਨਰ ਉਸੇ ਦਿਨ ਆਪ ਗੁਰੂ ਕਾ ਬਾਗ਼ ਗਿਆ। ਉਸ ਨਾਲ ਪੰਜਾਬ ਕੌਂਸਲ ਦੇ ਕੁਝ ਮੈਂਬਰ ਵੀ ਸਨ। ਇਸ ਮਗਰੋਂ ਉਸ ਨੇ ਸਿੱਖ ਜਥਿਆਂ ਦੀ ਕੁੱਟ-ਮਾਰ ਬੰਦ ਕਰਵਾ ਦਿੱਤੀ ਅਤੇ ਹੁਕਮ ਜਾਰੀ ਕੀਤਾ ਕਿ ਅੱਗੋ ਤੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ।

ਭਾਵੇਂ ੧੩ ਸਤੰਬਰ ਤੋਂ ਜਥਿਆਂ ਦੀ ਜ਼ਾਹਰਾ ਕੁੱਟ-ਮਾਰ ਬੰਦ ਹੋ ਗਈ ਪਰ ਪੁਲੀਸ ਫੇਰ ਵੀ ਇਕੱਲੇ-ਦੁਕੱਲੇ ਸਿੱਖ ਨੂੰ ਡਾਂਗਾਂ ਦਾ ਸ਼ਿਕਾਰ ਬਣਾਉਂਦੀ ਰਹੀ। ਹੋਰ ਤਾਂ ਹੋਰ ਪੁਲੀਸ ਨੇ ਕਈ ਸਿੱਖਾਂ ਤੋਂ ਮਾਲ ਤੇ ਰਕਮਾਂ ਵੀ ਖੋਹੀਆਂ ਅਤੇ ਇਹ ਸਾਰੀਆਂ ਕਾਰਵਾਈਆਂ ਸੈਂਕੜੇ ਲੋਕਾਂ ਦੀ ਹਾਜ਼ਰੀ ਵਿਚ ਹੁੰਦੀਆਂ ਰਹੀਆਂ।

੧੩ ਸਤੰਬਰ ਤੋਂ ਬਾਅਦ ਗੁਰੂ ਕਾ ਬਾਗ਼ ਜਾਣ ਵਾਲੇ ਜਥਿਆਂ ਨੂੰ ਕੁੱਟਣ-ਮਾਰਨ ਦੀ ਬਜਾਇ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸ਼ੁਰੂ-ਸ਼ੁਰੂ ਵਿਚ ਹਰ ਰੋਜ਼ ੨੦ ਸਿੱਖਾਂ ਦਾ ਜਥਾ ਗ੍ਰਿਫ਼ਤਾਰੀ ਦੇਂਦਾ ਰਿਹਾ ਪਰ ਮਗਰੋਂ ਇਹ ਗਿਣਤੀ ੩੦, ਫੇਰ ੪੦, ਤੇ ਬਾਅਦ ਵਿਚ ੬੦ ਕਰ ਦਿੱਤੀ ਗਈ। ੨੮ ਸਤੰਬਰ ਤੋਂ ਇਹ ਗਿਣਤੀ ੮੦ ਅਤੇ ਫਿਰ ੧੦੦ ਰੋਜ਼ਾਨਾ ਕਰ ਦਿੱਤੀ ਗਈ। ੧੦ ਅਕਤੂਬਰ ਤੋਂ ਹਰ ਰੋਜ਼ ੧੦੦ ਸਿੱਖਾਂ ਦਾ ਜਥਾ ਗ੍ਰਿਫ਼ਤਾਰੀ ਦੇਂਦਾ

ਰਿਹਾ। ੨੦ ਅਕਤੂਬਰ ਤਕ ੨੫੦੦ ਦੇ ਕਰੀਬ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਸਨ। ਸਿੱਖਾਂ ਵਿਚ ਮੋਰਚੇ ਵਾਸਤੇ ਗ੍ਰਿਫ਼ਤਾਰੀਆਂ ਦੇਣ ਵਾਸਤੇ ਬਹੁਤ ਉਤਸ਼ਾਹ ਸੀ। ਇਹ ਵੇਖ ਕੇ ਸਰਕਾਰ ਨੇ ਐਲਾਨ ਕੀਤਾ ਕਿ ਉਹ ਜੇਲ੍ਹਾਂ ਵਿਚ ੧੦੦੦੦ ਸਿੱਖਾਂ ਨੂੰ ਰੱਖਣ ਵਾਸਤੇ ਇੰਤਜ਼ਾਮ ਕਰ ਰਹੀ ਹੈ ਪਰ ਸਰਕਾਰ ਦਾ ਇਹ ਬਿਆਨ ਦਰਅਸਲ ਇਕ ਡਰਾਵਾ ਹੀ ਸੀ ਤੇ ਇਸ ਦਾ ਕੋਈ ਅਸਰ ਨਾ ਹੋਇਆ। ਸਰਕਾਰ ਦੇ ਇਸ ਐਲਾਨ ਦਾ ਸਗੋਂ ਇਕ ਉਲਟਾ ਅਸਰ ਇਹ ਹੋਇਆ ਕਿ ਸਿੱਖਾਂ ਵਿਚ ਸਰਕਾਰ ਵਾਸਤੇ ਗੁੱਸੇ ਵਿਚ ਵਾਧਾ ਹੋਇਆ ਤੇ ਗ੍ਰਿਫ਼ਤਾਰੀਆਂ ਦੇਣ ਵਾਲਿਆਂ ਦੀ ਗਿਣਤੀ 'ਚ ਹੋਰ ਵਾਧਾ ਹੋਣ ਲੱਗ ਪਿਆ। ਹੋਰ ਤਾਂ ਹੋਰ ਰਿਟਾਇਰਡ ਫ਼ੌਜੀ ਵੀ ਗ੍ਰਿਫ਼ਤਾਰੀਆਂ ਦੇਣ ਲਈ ਅੰਮ੍ਰਿਤਸਰ ਪੁੱਜਣੇ ਸ਼ੁਰੂ ਹੋ ਗਏ। ੨੫ ਅਕਤੂਬਰ ਨੂੰ ਰਿਟਾਇਰਡ ਸੂਬੇਦਾਰ ਮੇਜਰ ਸ: ਅਮਰ ਸਿੰਘ ਜੀ ਦੀ ਜਥੇਦਾਰੀ ਹੇਠ ੧੦੧ ਸਿੰਘਾਂ ਦੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ। ਸ: ਅਮਰ ਸਿੰਘ ੨੩ ਸਾਲ ਦੀ ਨੌਕਰੀ ਮਗਰੋਂ ਰਿਟਾਇਰ ਹੋਏ ਸਨ। ਉਨ੍ਹਾਂ ਨੂੰ ਦੋ ਸਾਲ ਦੀ ਕੈਦ ਸੁਣਾਈ ਗਈ। ਇਸ ਮਗਰੋਂ ਇਕ ਹੋਰ ਜਥਾ ੧੨ ਨਵੰਬਰ ਨੂੰ ਰਿਸਾਲਦਾਰ ਰਣਜੋਧ ਸਿੰਘ ਦੀ ਅਗਵਾਈ ਹੇਠ ਗ੍ਰਿਫ਼ਤਾਰ ਹੋਇਆ। ਜਦੋਂ ਸਰਕਾਰ ਨੇ ਵੇਖਿਆ ਕਿ ਅਕਾਲੀ ਲਹਿਰ 'ਚ ਸਾਬਕ ਫ਼ੌਜੀ ਵੀ ਗ੍ਰਿਫ਼ਤਾਰੀਆਂ ਦੇਣ ਲੱਗ ਪਏ ਹਨ ਤਾਂ ਸਰਕਾਰ ਨੇ ਮੋਰਚੇ ਨੂੰ ਖ਼ਤਮ ਕਰਵਾਉਣ ਦਾ ਸੋਚਿਆ। ੧੭ ਨਵੰਬਰ ੧੯੨੨ ਤਕ ੫੬੦੫ ਸਿੱਖ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ੩੫ ਮੈਂਬਰ ਵੀ ਸ਼ਾਮਿਲ ਸਨ। ਸਰਕਾਰ ਨੇ ਮੋਰਚੇ ਤੋਂ ਛੁਟਕਾਰਾ ਪਾਉਣ ਵਾਸਤੇ ਗੁਰੂ ਕਾ ਬਾਗ਼ ਗੁਰਦੁਆਰੇ ਦੀ ਜ਼ਮੀਨ ਰਾਏ ਬਹਾਦਰ ਗੰਗਾ ਰਾਮ ਨੂੰ ਮਹੰਤ ਕੋਲੋਂ "ਕਾਗਜ਼ਾਂ ਵਿਚ" ਠੇਕੇ 'ਤੇ ਦਿਵਾ ਦਿੱਤੀ। ਗੰਗਾ ਰਾਮ ਨੇ ਸਰਕਾਰ ਨੂੰ ਲਿਖ ਕੇ ਦੇ ਦਿੱਤਾ ਕਿ ਉਸ ਨੂੰ ਪੁਲੀਸ ਦੀ ਮਦਦ ਦੀ ਜ਼ਰੂਰਤ ਨਹੀਂ। ਇਸ ਤੇ ਪੁਲੀਸ ਉੱਥੋਂ ਹਟ ਗਈ ਅਤੇ ਗ੍ਰਿਫ਼ਤਾਰੀਆਂ ਬੰਦ ਹੋ ਗਈਆਂ।

ਗੁਰੂ ਕਾ ਬਾਗ਼ ਦੇ ਜ਼ੁਲਮਾਂ ਦਾ ਚਰਚਾ ਦੁਨੀਆਂ ਭਰ ਵਿਚ ਹੋਇਆ। ਬੇਗੁਨਾਹ ਸਿੱਖਾਂ ਦੀ ਕੁੱਟ-ਮਾਰ ਬਾਰੇ ਖ਼ਬਰਾਂ ਸਾਰੇ ਪਾਸੇ ਛਪੀਆਂ। ਪੜਤਾਲੀਆ ਕਮੇਟੀ ਦੀ ਰਿਪੋਰਟ ਮੁਤਾਬਿਕ ੧੬੫੬ ਸਿੱਖਾਂ ਨੂੰ ਮਾਰ-ਕੁੱਟ ਨਾਲ ਸੱਟਾਂ ਲੱਗੀਆਂ। ਇਨ੍ਹਾਂ ਸੱਟਾਂ ਵਿੱਚੋਂ ਕਈ ਤੇਜ਼ ਹਥਿਆਰਾਂ, ਚੋਭਾਂ ਅਤੇ ਬੰਦੂਕ ਦੇ ਬੱਟਾਂ ਦੇ ਫੱਟ ਵੀ ਸਨ। ਪੁਲੀਸ ਦੀਆਂ ਡਾਂਗਾਂ ਦੇ ਧੜ ਤੋਂ ਉਪਰ (੩੬੯), ਛਾਤੀ ਤੇ (੩੦੦), ਦਿਮਾਗ ਅਤੇ ਸਿਰ 'ਤੇ (੭੫), ਨਲਾਂ ਵਿਚ (੧੯), ਪਾਲੂ ਤੇ (੬੦) ਸੱਟਾਂ ਦੇ ਨਿਸ਼ਾਨ ਸਨ। ਇਸ ਤੋਂ ਇਲਾਵਾ ਹੱਡੀਆਂ ਤੇ ਦੰਦ ਟੁੱਟਣ, ਪਿਸ਼ਾਬ ਦੀ ਤਕਲੀਫ਼, ਅੰਗ ਉਤਰਣ ਅਤੇ ਹੋਰ ਸੱਟਾਂ ਦੇ ਵੀ ਬਹੁਤ ਸਾਰੇ ਕੇਸ ਸਨ। ਇਸ ਮੋਰਚੇ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਵੀ ਹੋਏ। ਇਨ੍ਹਾਂ ਵਿਚ ਇਕ ਪ੍ਰਿਥੀਪਾਲ ਸਿੰਘ (ਜਥੇਦਾਰ ਅਕਾਲੀ ਜਥਾ ਲਾਇਲਪੁਰ) ਵੀ ਸੀ, ਜੋ ੫ ਸਤੰਬਰ ਦੀ ਮਾਰ-ਕੁੱਟ ਨਾਲ ਸਖ਼ਤ ਜ਼ਖ਼ਮੀ ਹੋ ਗਿਆ ਸੀ। ਉਸ ਦੇ ਜਿਸਮ ਤੇ ੧੦੦ ਤੋਂ ਵੱਧ ਨਿਸ਼ਾਨ ਸਨ। ਇਹ ਸੀ ਗੁਰੂ ਕਾ ਬਾਗ਼ ਮੋਰਚੇ 'ਚ ਸਰਕਾਰੀ ਜ਼ੁਲਮਾਂ ਦੀ ਦਾਸਤਾਨ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਦੀ ਤਾਰੀਖ਼। ਅਖ਼ੀਰ ਇਹ ਮੋਰਚਾ ਵੀ ਸਿੰਘਾਂ ਨੇ ਸ਼ਾਨ ਨਾਲ ਫ਼ਤਹਿ ਕੀਤਾ।

ਪੰਜਾ ਸਾਹਿਬ ਦਾ ਸਾਕਾ

ਜਦੋਂ ਗੁਰੂ ਕਾ ਬਾਗ਼ ਮੋਰਚਾ ਲੱਗਾ ਤਾਂ ਜ਼ਿਆਦਾ ਗ੍ਰਿਫ਼ਤਾਰੀਆਂ ਹੋਣ ਕਾਰਨ ਜੇਲ੍ਹਾਂ ਵਿਚ ਜਗਹ ਘੱਟ ਗਈ। ਇਸ ਕਾਰਨ ਕੈਦੀਆਂ ਨੂੰ ਦੂਜੀਆਂ ਜੇਲ੍ਹਾਂ ਵਿਚ ਭੇਜਿਆ ਜਾਣਾ ਸ਼ੁਰੂ ਹੋ ਗਿਆ। ਇਕ ਜਥਾ ਗੱਡੀ ਰਾਹੀਂ ਰਾਵਲਪਿੰਡੀ ਤੋਂ ਅਟਕ ਜੇਲ੍ਹ ਵਿਚ ਭੇਜਿਆ ਗਿਆ। ਰਸਤੇ ਵਿਚ ਪੰਜਾ ਸਾਹਿਬ (ਹਸਨ ਅਬਦਾਲ) ਦਾ ਸਟੇਸ਼ਨ ਪੈਂਦਾ ਸੀ। ਉੱਥੋਂ ਦੀਆਂ ਸੰਗਤਾਂ ਨੇ ਫ਼ੈਸਲਾ ਕੀਤਾ ਕਿ ਗੱਡੀ ਨੂੰ ਸਟੇਸ਼ਨ ਤੇ ਰੋਕ ਕੇ ਜਥੇ ਨੂੰ ਲੰਗਰ ਪਾਣੀ ਛਕਾਉਣ ਦੀ ਸੇਵਾ ਕੀਤੀ ਜਾਵੇ। ਸਟੇਸ਼ਨ ਮਾਸਟਰ ਨੇ ਸੰਗਤਾਂ ਨੂੰ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। ਸੰਗਤਾਂ ਨੇ ਵੀ ਫ਼ੈਸਲਾ ਕਰ ਲਿਆ ਕਿ ਲੰਗਰ ਛਕਾਏ ਬਿਨਾਂ ਗੱਡੀ ਨਹੀਂ ਲੰਘਣ ਦਿੱਤੀ ਜਾਵੇਗੀ। ਮਿੱਥੇ ਦਿਨ, ੩੦ ਅਕਤੂਬਰ ੧੯੨੨ ਨੂੰ, ਗੱਡੀ ਆਈ। ਸੰਗਤਾਂ ਰੇਲਵੇ ਲਾਈਨ ਉੱਤੇ ਹੀ ਲੇਟ ਗਈਆਂ। ਰੇਲ ਗੱਡੀ ਕੁਝ ਸਿੰਘਾਂ ਦੇ ਉੱਤੋਂ ਦੀ ਲੰਘ ਗਈ ਪਰ ਰੁਕ ਗਈ। ਇਸ ਮੌਕੇ 'ਤੇ ਭਾਈ ਪਰਤਾਪ ਸਿੰਘ ਤੇ ਭਾਈ ਕਰਮ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਤੋਂ ਇਲਾਵਾ ਕਈ ਹੋਰ ਸਿੰਘਾਂ ਦੇ ਅੰਗ ਕੱਟੇ ਗਏ। ਇਸ ਮਗਰੋਂ ਗੱਡੀ ਘੰਟਾ ਸਵਾ ਘੰਟਾ ਰੁਕੀ ਰਹੀ। ਖ਼ੂਨ ਹੀ ਖ਼ੂਨ ਵੇਖ ਕੇ ਕੈਦੀ ਸਿੰਘਾਂ ਨੇ ਵੀ ਪਰਸ਼ਾਦਾ ਛਕਣ ਤੋਂ ਨਾਂਹ ਕਰ ਦਿੱਤੀ ਪਰ ਅਖ਼ੀਰ ਸੰਗਤਾਂ ਦੇ ਜ਼ੋਰ ਦੇਣ 'ਤੇ ਥੋੜ੍ਹਾ ਬਹੁਤ ਅੰਨ ਛਕ ਹੀ ਲਿਆ।

ਮੁਕਤਸਰ 'ਤੇ ਕਬਜ਼ਾ :

ਗੁਰੂ ਕਾ ਬਾਗ਼ 'ਚ ਪੰਥ ਦੀ ਕਾਮਯਾਬੀ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਹੋਰ ਗੁਰਦੁਆਰਿਆਂ 'ਤੇ ਵੀ ਕਬਜ਼ਾ ਕਰ ਲਿਆ। ਇਨ੍ਹਾਂ ਵਿੱਚੋਂ ਸਭ ਤੋਂ ਅਹਿਮ ਸਨ: ਮੁਕਤਸਰ ਅਤੇ ਅਨੰਦਪੁਰ ਸਾਹਿਬ ਦੇ ਗੁਰਦੁਆਰੇ। ੧੭ ਫਰਵਰੀ ੧੯੨੩ ਦੇ ਦਿਨ ਸ: ਤੇਜਾ ਸਿੰਘ ਸਮੁੰਦਰੀ ਅਤੇ ਕੈਪਟਨ ਰਾਮ ਸਿੰਘ ਦੀ ਅਗਵਾਈ ਵਿਚ ੧੦੦ ਸਿੱਖਾਂ ਦੇ ਇਕ ਜਥੇ ਨੇ ਮੁਕਤਸਰ ਪਹੁੰਚ ਕੇ ਇੱਥੋਂ ਦੇ ਗੁਰਦੁਆਰਿਆਂ ਦੀ ਸੇਵਾ ਵੀ ਸੰਭਾਲ ਲਈ। ਇਸ ਮੌਕੇ 'ਤੇ ਮਹੰਤਾਂ ਨੇ ਟੱਕਰ ਲੈਣ ਤੋਂ ਗੁਰੇਜ਼ ਕੀਤਾ। ੧੯ ਫਰਵਰੀ ਦੇ ਦਿਨ ਸਿੱਖਾਂ ਨੇ ਲੰਗਰ ਦੀ ਇਮਾਰਤ ਅਤੇ ਬੁੰਗਿਆਂ 'ਤੇ ਵੀ ਕਬਜ਼ਾ ਕਰ ਲਿਆ। ਮੁਕਤਸਰ ਦੇ ਇਸ ਮੁਖ ਗੁਰਦੁਆਰੇ ਤੋਂ ਇਲਾਵਾ ਗੁਰਦੁਆਰਾ ਤੰਬੂ ਸਾਹਿਬ ਦੇ ਪੁਜਾਰੀਆਂ ਸਰਮੁਖ ਸਿੰਘ ਤੇ ਅਨੋਖ ਸਿੰਘ ਨੇ ਆਪਣੇ ਆਪ ਹੀ ਗੁਰਦੁਆਰੇ ਦਾ ਇੰਤਜ਼ਾਮ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤਾ। ਸ਼੍ਰੋਮਣੀ ਕਮੇਟੀ ਨੇ ਸ: ਦਲਜੀਤ ਸਿੰਘ (ਉਰਫ ਰਾਏ ਸਿੰਘ ਕਾਉਦੀ) ਨੂੰ ਇੱਥੋਂ ਦਾ ਮੈਨੇਜਰ ਬਣਾ ਦਿੱਤਾ। ਇੱਥੇ ਵੀ ਸਰਕਾਰ ਨੇ ਮਹੰਤਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕੀਤੀ ਪਰ ਮਹੰਤਾਂ ਨੇ ਬਾਕੀ ਗੁਰਦੁਆਰਿਆਂ ਦੇ ਮੋਰਚਿਆਂ ਵਿਚ ਹੋਰਨਾਂ ਮਹੰਤਾਂ ਦਾ ਹਸ਼ਰ ਅੱਖੀਂ ਵੇਖ ਲਿਆ ਸੀ, ਇਸ ਕਰ ਕੇ ਉਨ੍ਹਾਂ ਨੇ ਸ਼ਿਕਾਇਤ ਲਿਖ ਕੇ ਦੇਣ ਤੋਂ ਨਾਂਹ ਕਰ ਦਿੱਤੀ।

ਇਨ੍ਹੀਂ ਦਿਨੀਂ ਗੁਰਦੁਆਰਾ ਐਕਟ ਦਾ ਚਰਚਾ ਇਕ ਵਾਰ ਫੇਰ ਚਲ ਪਿਆ। ਇਸ ਕਰ ਕੇ ਸਰਕਾਰ ਨੇ ੧੪ ਮਾਰਚ ੧੯੨੩ ਨੂੰ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਆਗੂ ਰਿਹਾ ਕਰ ਦਿੱਤੇ।

ਅਨੰਦਪੁਰ ਸਾਹਿਬ 'ਤੇ ਕਬਜ਼ਾ

ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ ਉੱਤੇ ਸੋਢੀ ਪਰਿਵਾਰ ਦਾ ਕਬਜ਼ਾ ਸੀ। ਉਂਞ ਉਹ ਸ਼੍ਰੋਮਣੀ ਕਮੇਟੀ ਦੀ ਮੁਖ਼ਾਲਫ਼ਤ ਵੀ ਨਹੀਂ ਕਰਦੇ ਸਨ। ੧੫ ਮਾਰਚ ੧੯੨੩ ਦੇ ਦਿਨ ਜਥੇਦਾਰ ਮੂਲਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਗੁਰਦੁਆਰਿਆਂ 'ਤੇ ਵੀ ਕਬਜ਼ਾ ਕਰ ਲਿਆ।

ਅਪ੍ਰੈਲ ੧੯੨੩ ਦੇ ਦੂਜੇ ਅੱਧ ਵਿਚ ਅੰਮ੍ਰਿਤਸਰ ਵਿਚ ਇਕ ਮੌਕੇ 'ਤੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਫ਼ਸਾਦ ਦੀ ਨੌਬਤ ਆ ਗਈ। ਦੋਹਾਂ ਪਾਸਿਆਂ ਤੋਂ ਜ਼ਬਰਦਸਤ ਨੁਕਸਾਨ ਹੋ ਜਾਣ ਦੇ ਆਸਾਰ ਬਣ ਗਏ। ਇਸ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਬੜਾ ਅਹਿਮ ਰੋਲ ਅਦਾ ਕੀਤਾ ਅਤੇ ਫ਼ਸਾਦ ਹੋਣੋਂ ਰੋਕ ਲਿਆ। ੨੨ ਅਪ੍ਰੈਲ ਨੂੰ ਸਰਕਾਰ ਨੇ ਸਿੱਖਾਂ ਦੇ ਇਸ ਰੋਲ ਦੀ ਬੜੀ ਤਾਰੀਫ਼ ਕੀਤੀ ਅਤੇ ਸਾਰੇ ਅਕਾਲੀ ਕੈਦੀ ਰਿਹਾ ਕਰਨ ਦਾ ਐਲਾਨ ਕਰ ਦਿੱਤਾ। ੨੯ ਅਪ੍ਰੈਲ ਤੋਂ ੩ ਮਈ ੧੯੨੩ ਤਕ ਤਕਰੀਬਨ ਸਾਰੇ ੧੪੦੦ ਅਕਾਲੀ ਕੈਦੀ ਰਿਹਾ ਕਰ ਦਿੱਤੇ ਗਏ।

ਕਾਰ ਸੇਵਾ

ਸ਼੍ਰੋਮਣੀ ਕਮੇਟੀ ਦੇ ਆਗੂਆਂ ਤੇ ਵਰਕਰਾਂ ਦੀਆਂ ਰਿਹਾਈਆਂ ਨਾਲ ਸਿੱਖਾਂ ਵਿਚ ਬੜਾ ਜੋਸ਼ ਵਧਿਆ। ਇਸ ਦਾ ਇਕ ਨੁਕਸਾਨ ਇਹ ਵੀ ਹੋਇਆ ਕਿ ਕੁਝ ਜੋਸ਼ੀਲੇ ਸਿੱਖ ਖ਼ਰੂਦ ਮਚਾਉਣ ਦੀਆਂ ਹਰਕਤਾਂ ਵੀ ਕਰਨ ਲੱਗ ਪਏ। ਕਈਆਂ ਨੇ ਬੁਰਛਾ-ਗਰਦੀ ਦਾ ਇਜ਼ਹਾਰ ਵੀ ਕੀਤਾ। ਇੱਥੋਂ ਤਕ ਕਿ ਕਈ ਮਨਚਲੇ ਸਿੱਖ ਰੇਲ ਗੱਡੀ ਦਾ ਸਫ਼ਰ ਕਰਨ ਵੇਲੇ ਟਿਕਟਾਂ ਵੀ ਨਹੀਂ ਲੈਂਦੇ ਸਨ। ਜਦੋਂ ਅਜਿਹੇ ਬੰਦਿਆਂ ਦੀ ਗਿਣਤੀ ਬਹੁਤੀ ਹੁੰਦੀ ਸੀ ਤਾਂ ਟਿਕਟ ਚੈਕਰ ਵੀ ਬੇਬੱਸ ਹੋ ਕੇ ਚੁੱਪ ਰਹਿੰਦੇ ਸਨ ਪਰ ਇਸ ਸਾਰੇ ਦੀਆਂ ਖ਼ਬਰਾਂ ਨਾਲ ਅਕਾਲੀਆਂ ਦਾ ਅਕਸ ਖ਼ਰਾਬ ਹੋ ਰਿਹਾ ਸੀ। ਅਕਾਲੀ ਆਗੂਆਂ ਨੇ ਅਖ਼ਬਾਰਾਂ ਰਾਹੀਂ ਅਤੇ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਇਹ ਹਰਕਤਾਂ ਰੋਕਣ ਵਾਸਤੇ ਅਪੀਲਾਂ ਵੀ ਕੀਤੀਆਂ ਪਰ ਅਚਾਨਕ ਇਹ ਸਾਰਾ ਮਾਹੌਲ ਬਦਲ ਗਿਆ। ਉਨ੍ਹੀਂ ਦਿਨੀਂ ਹੀ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਕਿ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ੧੭ ਜੂਨ ੧੯੨੩ ਦੇ ਦਿਨ ਸ਼ੁਰੂ ਕੀਤੀ ਜਾਏ। ਇਸ ਨਾਲ ਸਿੱਖਾਂ ਦਾ ਧਿਆਨ, ਜੋਸ਼ ਤੇ ਤਾਕਤ ਇਸ ਪਾਸੇ ਲੱਗ ਗਈ। ਲੱਖਾਂ ਸਿੱਖ ਕਾਰ ਸੇਵਾ 'ਚ ਹਿੱਸਾ ਪਾਉਣ ਆਏ। ਸਾਰੀ ਕਾਰ ਸੇਵਾ ੨੦-੨੨ ਦਿਨ ਵਿਚ ਹੀ ਪੂਰੀ ਹੋ ਗਈ। ੯ ਜੁਲਾਈ ਨੂੰ ਸਰੋਵਰ ਵਿਚ ਦੋਬਾਰਾ ਪਾਣੀ ਭਰ ਦਿੱਤਾ ਗਿਆ।

ਇਸ ਮੌਕੇ 'ਤੇ ਕਾਰ ਸੇਵਾ ਸ਼ੁਰੂ ਕਰਨ ਦੀ ਰਸਮ ਵੇਲੇ ਟੱਕ ਲਾਉਣ ਵਾਸਤੇ ਸੋਨੇ ਦੀਆਂ ਬਣੀਆਂ ਪੰਜ ਕਹੀਆਂ ਵਰਤੀਆਂ ਜਾਣ ਦਾ ਐਲਾਨ ਹੋਇਆ। ਸ਼੍ਰੋਮਣੀ ਅਕਾਲੀ ਦਲ ਨੇ ਇਸ ਦੀ ਮੁਖ਼ਾਲਫ਼ਤ ਕੀਤੀ ਪਰ ਸ਼੍ਰੋਮਣੀ ਕਮੇਟੀ ਦਾ ਹੁਕਮ ਸਮਝ ਕੇ ਇਸ ਮਸਲੇ ਨੂੰ ਵਧੇਰੇ ਉਛਾਲਿਆ ਨਾ ਗਿਆ। ਪਰ ਇਸ ਮਗਰੋਂ ਮੁੜ ਕੇ ਇਹੋ ਜਿਹਾ ਦਿਖਾਵਾ ਨਾ ਕਰਨ ਦਾ ਫ਼ੈਸਲਾ ਵੀ ਨਾਲ ਹੀ ਕੀਤਾ ਗਿਆ।

ਜੈਤੋ ਦਾ ਮੋਰਚਾ

ਜਿਸ ਵੇਲੇ ਗੁਰਦੁਆਰਾ ਲਹਿਰ ਸ਼ੁਰੂ ਹੋਈ ਤਾਂ ਸਰਕਾਰ ਨੇ ਮਹੰਤਾਂ ਦਾ ਸਾਥ ਦਿੱਤਾ ਪਰ ਦੂਜੇ ਪਾਸੇ ਸਿੱਖ ਰਾਜਿਆਂ ਨੇ ਵੀ ਅਕਾਲੀਆਂ ਦਾ ਬਿਲਕੁਲ ਸਾਥ ਨਾ ਦਿੱਤਾ। ਸਿਰਫ਼ ਨਾਭਾ ਦੇ ਮਹਾਰਾਜੇ ਰਿਪਦੁਮਨ ਸਿੰਘ ਨੇ ਅਕਾਲੀ ਲਹਿਰ ਦੀ ਪੁਰਜ਼ੋਰ ਹਮਾਇਤ ਕੀਤੀ। ਹੋਰ ਤਾਂ ਹੋਰ ਜਦੋਂ ਨਾਨਕਾਣਾ ਸਾਹਿਬ ਕਤਲੇਆਮ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ ਨੇ ਰੋਸ ਦਿਨ ਮਨਾਉਣ ਹਿਤ ਕਾਲੇ ਦਸਤਾਰੇ ਸਜਾਉਣ ਦੀ ਅਪੀਲ ਜ਼ਾਰੀ ਕੀਤੀ ਤਾਂ ਮਹਾਰਾਜਾ ਨਾਭਾ ਨੇ ਆਪ ਵੀ ਕਾਲੀ ਦਸਤਾਰ ਸਜਾਈ। ਅੰਗਰੇਜ਼ੀ ਸਰਕਾਰ ਨੂੰ ਇਸ ਨਾਲ ਬੜੀ ਤਕਲੀਫ਼ ਹੋਈ ਕਿਉਂ ਕਿ ਸਰਕਾਰ ਤਾਂ ਕਾਲਾ ਦਸਤਾਰਾ ਸਜਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਜ਼ਾਵਾਂ ਦੇ ਰਹੀ ਸੀ। ਹਾਲਾਂ ਕਿ ਨਵੰਬਰ ੧੯੨੦ ਵਿਚ ਜਦੋਂ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢੱਠੀ ਦੀਵਾਰ ਮੁੜ ਉਸਾਰਨ ਵਾਸਤੇ 'ਸ਼ਹੀਦੀ ਜਥਾ' ਦਿੱਲੀ ਲਿਜਾਣ ਦੀ ਤਾਰੀਖ਼ ਦਾ ਐਲਾਨ ਹੋਇਆ ਤਾਂ ਮਹਾਰਾਜਾ ਨਾਭਾ ਨੇ ਵਿਚੋਲਾ ਬਣ ਕੇ ਦੀਵਾਰ ਉਸਰਵਾ ਕੇ ਸਰਕਾਰ ਨੂੰ ਮੁਸ਼ਕਲ 'ਚੋਂ ਕੱਢ ਲਿਆ ਸੀ। ਪਰ ਫਿਰ ਵੀ ਸਰਕਾਰ ਨੂੰ ਨਾਭੇ ਦਾ ਮਹਾਰਾਜਾ ਚੁਭਦਾ ਹੀ ਰਿਹਾ। ਉਧਰ ਪਟਿਆਲੇ ਦੇ ਰਾਜੇ ਭੂਪਿੰਦਰ ਸਿੰਘ, ਜੋ ਇਕ ਅੱਯਾਸ਼ ਆਦਮੀ ਸੀ, ਦੇ ਸਬੰਧ ਵੀ ਅੰਗਰੇਜ਼ਾਂ ਨਾਲ ਬੜੇ ਡੂੰਘੇ ਸਨ। ਉਨ੍ਹੀਂ ਦਿਨੀਂ ਦੋਹਾਂ ਰਿਆਸਤਾਂ ਵਿਚ ਆਪਸੀ ਟਕਰਾਅ ਵੀ ਚਲ ਰਿਹਾ ਸੀ ਅਤੇ ਝਗੜੇ ਵਾਲੇ ਨੁਕਤਿਆਂ ਬਾਰੇ ਪੜਤਾਲ ਕਰਨ ਵਾਸਤੇ ਬਰਤਾਨਵੀ ਹਕੂਮਤ ਨੇ ਅਲਾਹਬਾਦ ਹਾਈ ਕੋਰਟ ਦੇ ਇਕ ਜੱਜ ਨੂੰ ਤਾਈਨਾਤ ਕੀਤਾ ਹੋਇਆ ਸੀ। ਇਸ ਜੱਜ ਨੇ ਚਾਰ ਮਹੀਨੇ (ਜਨਵਰੀ ਤੋਂ ਅਪ੍ਰੈਲ ੧੯੨੩) ਪੜਤਾਲ ਕੀਤੀ ਅਤੇ ਜੂਨ ਦੇ ਪਹਿਲੇ ਹਫ਼ਤੇ ਆਪਣੀ ਰਿਪੋਰਟ ਗਵਰਨਰ ਜਨਰਲ ਕੋਲ ਪੇਸ਼ ਕਰ ਦਿੱਤੀ। ਮਗਰੋਂ ਸਰਕਾਰ ਦੇ ਪੋਲੀਟੀਕਲ ਏਜੰਟ ਕਰਨਲ ਮਿੰਚਨ ਨੇ ਇਸ 'ਤੇ ਵਿਚਾਰ ਕਰਨ ਵਾਸਤੇ ਮਹਾਰਾਜਾ ਨਾਭਾ ਨੂੰ ਕਸੌਲੀ ਬੁਲਾਇਆ। ਦੋਵੇਂ ਜਣੇ ੫ ਜੂਨ ੧੯੨੩ ਦੇ ਦਿਨ ਕਸੌਲੀ ਵਿਚ ਮਿਲੇ। ਕਰਨਲ ਮਿੰਚਨ ਨੇ ਮਹਾਰਾਜਾ ਨਾਭਾ ਨੂੰ ਸਲਾਹ ਦਿੱਤੀ ਕਿ ਰਿਪੋਰਟ ਨੂੰ ਮੱਦੇ-ਨਜ਼ਰ ਰੱਖਦਿਆਂ ਉਸ ਨੂੰ ਚਾਹੀਦਾ ਹੈ ਕਿ ਉਹ ਆਪ ਹੀ ਤਖ਼ਤ ਛੱਡ ਕੇ ਰਿਆਸਤ ਨੂੰ ਆਪਣੇ ਨਾਬਾਲਗ ਪੁੱਤਰ ਦੇ ਹਵਾਲੇ ਕਰ ਦੇਵੇ। ਕਸੌਲੀ ਤੋਂ ਮੁੜਨ ਮਗਰੋਂ ਮਹਾਰਾਜਾ ਨਾਭਾ ਸ: ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਸਾਰੀ ਹਾਲਤ ਦੱਸੀ। ਉਨ੍ਹਾਂ ਦੋਹਾਂ ਨੇ ਮਹਾਰਾਜੇ ਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਅਤੇ ਸ਼੍ਰੋਮਣੀ ਕਮੇਟੀ ਵਲੋਂ ਪੂਰੀ ਮਦਦ ਦਾ ਵਾਅਦਾ ਕੀਤਾ ਪਰ ਕਰਨਲ ਮਿੰਚਨ ਬਹੁਤ ਚਾਲਾਕ ਸ਼ਖ਼ਸ ਸੀ। ਉਸ ਨੇ ਫੇਰ ਮਹਾਰਾਜੇ ਨਾਲ ਮੀਟਿੰਗ ਕੀਤੀ ਅਤੇ ਅਖ਼ੀਰ ੭ ਜੁਲਾਈ ੧੯੨੩ ਦੇ ਦਿਨ ਮਹਾਰਾਜੇ ਕੋਲੋਂ ਤਖ਼ਤ ਛੱਡਣ ਦੇ ਕਾਗਜ਼ 'ਤੇ ਦਸਤਖ਼ਤ ਕਰਵਾ ਲਏ। ਅਗਲੇ ਦਿਨ ਹੀ ਮਿੰਚਨ ਅੰਗਰੇਜ਼ ਫ਼ੌਜਾਂ ਅਤੇ ਪੂਰਾ ਫ਼ੌਜੀ ਅਸਲਾ 'ਤੇ ਗੱਡੀਆਂ ਲੈ ਕੇ ਨਾਭੇ ਪਹੁੰਚ ਗਿਆ ਤੇ ਰਿਆਸਤ ਦਾ ਨਿਜ਼ਾਮ ਸੰਭਾਲ ਲਿਆ। ਮਹਾਰਾਜਾ ਰਿਪੁਦਮਨ ਸਿੰਘ ਨੂੰ ਡੇਹਰਾਦੂਨ ਭੇਜ ਦਿੱਤਾ ਗਿਆ।

ਮਹਾਰਾਜਾ ਨਾਭਾ ਦੇ ਡੇਹਰਾਦੂਨ ਜਾਣ ਮਗਰੋਂ ਸਰਕਾਰ ਨੇ ਐਲਾਨ ਜਾਰੀ ਕੀਤਾ ਕਿ ਮਹਾਰਾਜਾ ਨਾਭਾ ਨੇ ਆਪਣੀ ਮਰਜ਼ੀ ਨਾਲ ਗੱਦੀ ਛੱਡੀ ਹੈ ਪਰ ਅਸਲੀਅਤ ਸਭ ਨੂੰ ਪਤਾ ਸੀ। ਇਸੇ ਦਿਨ ਸ਼੍ਰੋਮਣੀ ਕਮੇਟੀ ਨੇ ਐਲਾਨ ਜਾਰੀ ਕਰ ਕੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਸ਼੍ਰੋਮਣੀ ਕਮੇਟੀ ਨੇ ਇਸ ਦੇ ਖ਼ਿਲਾਫ਼ ਪ੍ਰੋਟਸੈਟ ਕਰਨ ਵਾਸਤੇ ੨੯ ਜੁਲਾਈ ਨੂੰ 'ਅਰਦਾਸ ਦਿਨ' ਅਤੇ ੯ ਸਤੰਬਰ ਨੂੰ 'ਨਾਭਾ ਦਿਨ' ਵਜੋਂ ਮਨਾਉਣ ਦਾ ਐਲਾਨ ਕੀਤਾ। ਇਸ ਦਿਨ ਹਰ ਪਾਸੇ ਦੀਵਾਨ ਸਜਾਏ ਗਏ ਅਤੇ ਸਰਕਾਰ ਵੱਲੋਂ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਜ਼ੰਮਤ ਕੀਤੀ ਗਈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਮਹਾਰਾਜਾ ਨਾਭਾ ਨੂੰ ਵਾਪਿਸ ਗੱਦੀ 'ਤੇ ਬਿਠਾਵੇ। ੨੦ ਜੁਲਾਈ ਨੂੰ ਸਰਕਾਰ ਨੇ ਪਟਿਆਲੇ ਦੇ ਸੈਸ਼ਨ ਜੱਜ ਨੂੰ ਅੰਮ੍ਰਿਤਸਰ ਭੇਜਿਆ ਅਤੇ ਅਕਾਲੀਆਂ ਨੂੰ ਨਾਭਾ ਸਬੰਧੀ ਕੇਸ ਦੇ ਸਾਰੇ ਕਾਗਜ਼ਾਤ ਦਿਖਾਉਣ ਦੀ ਪੇਸ਼ਕਸ਼ ਕੀਤੀ। ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜੇ ਕਾਗਜ਼ਾਤ ਠੀਕ ਹੋਏ ਤਾਂ ਅਸੀਂ ਰਾਜਾ ਨਾਭਾ ਦੀ ਬਹਾਲੀ ਵਾਸਤੇ ਜੱਦੋਜਹਿਦ

ਨਹੀਂ ਕਰਾਂਗੇ।

੨ ਅਗਸਤ ਨੂੰ ਸ਼੍ਰੋਮਣੀ ਕਮੇਟੀ ਨੇ ਗਵਰਨਰ ਜਨਰਲ ਨੂੰ ਇਕ ਤਾਰ ਭੇਜੀ ਅਤੇ ਮਹਾਰਾਜਾ ਨਾਭਾ ਕੋਲੋਂ ਗੱਦੀ ਛੱਡਣ ਦੇ ਕਾਗਜਾਂ 'ਤੇ ਜਬਰੀ ਜਾਂ ਧਮਕੀ ਨਾਲ ਦਸਤਖ਼ਤ ਕਰਵਾਉਣ ਦੀ ਪੜਤਾਲ ਕਰਵਾਉਣ ਵਾਸਤੇ ਮੰਗ ਕੀਤੀ। ਸਰਕਾਰ ਨੇ ਸ਼੍ਰੋਮਣੀ ਕਮੇਟੀ ਦੀ ਇਸ ਮੰਗ ਦੀ ਪ੍ਰਵਾਹ ਨਾ ਕੀਤੀ। ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ੪ ਅਗਸਤ ਨੂੰ ਹੋਇਆ, ਜਿਸ ਵਿਚ ਮਹਾਰਾਜਾ ਨਾਭਾ ਦੇ ਹਟਾਏ ਜਾਣ ਬਾਰੇ ਕਾਰਵਾਈ ਕਰਨ ਵਾਸਤੇ ਸ਼੍ਰੋਮਣੀ ਦੀ ਐਗਜ਼ੈਕਟਿਵ ਨੂੰ ਹੱਕ ਦੇ ਦਿੱਤੇ ਗਏ।

ਇਸ ਸਬੰਧ ਵਿਚ ਸਿੱਖਾਂ ਦਾ ਇਕ ਇੱਕਠ ੨੭ ਅਗਸਤ ਨੂੰ ਜੈਤੋ ਵਿਚ ਵੀ ਹੋਇਆ। ਇਸ ਦੀਵਾਨ ਵਿਚ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਨ ਦੀ ਜ਼ਬਰਦਸਤ ਮੁਜ਼ੰਮਤਲਫ਼ਤ ਕੀਤੀ ਗਈ। ਨਾਭਾ ਸਰਕਾਰ ਨੇ ਇਸ ਦੀਵਾਨ 'ਚ ਹਿੱਸਾ ਲੈਣ ਵਾਲੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਸ਼੍ਰੋਮਣੀ ਕਮੇਟੀ ਨੇ ਸਖ਼ਤ ਮੁਖ਼ਾਲਫ਼ਤ ਕੀਤੀ ਤੇ ਨਾਲ ਹੀ ਜੈਤੋ ਵਿਚ ੨੭ ਅਗਸਤ ਵਾਲੇ ਦੀਵਾਨ ਨੂੰ "ਜਾਰੀ ਰੱਖਣ" ਦਾ ਐਲਾਨ ਕਰ ਦਿੱਤਾ। ਇਸ ਦਾ ਮਾਅਨਾ ਇਹ ਸੀ ਕਿ ਜਦੋਂ ਤਕ ਸਿੱਖ ਆਜ਼ਾਦੀ ਨਾਲ ਅਤੇ ਆਪਣੀ ਮਰਜ਼ੀ ਮੁਤਾਬਿਕ ਦੀਵਾਨ ਨਹੀਂ ਕਰ ਲੈਂਦੇ, ਉਦੋਂ ਤਕ ਦੀਵਾਨ ਕਰਨ ਵਾਸਤੇ ਐਜੀਟੇਸ਼ਨ ਚਲਦੀ ਰਹੇਗੀ। ਨਾਭਾ ਦੀ ਸਰਕਾਰ (ਜਿਸ ਨੂੰ ਇਕ ਅੰਗਰੇਜ਼ ਐਡਮਨਿਸਟਰੇਟਰ ਚਲਾ ਰਿਹਾ ਸੀ) ਨੇ ਸਿੱਖਾਂ ਨੂੰ ਦੀਵਾਨ ਕਰਨ ਦੀ ਇਜਾਜ਼ਤ ਨਾ ਦ੍ਰਿੱਤੀ। ਇਸ ਕਰ ਕੇ ਐਜੀਟੇਸ਼ਨ ਸ਼ੁਰੂ ਹੋ ਗਈ। ਇਸ ਸਬੰਧ ਵਿਚ ਇਕ ਜਲੂਸ ੯ ਸਤੰਬਰ ਨੂੰ ਕੱਢਿਆ ਗਿਆ। ਇਸ ਜਲੂਸ ਦੇ ਸਬੰਧ ਵਿਚ ੨੫ ਸਿੱਖ ਗ੍ਰਿਫ਼ਤਾਰ ਲਏ ਗਏ। ਇਸ ਮਗਰੋਂ ੧੪ ਸਤੰਬਰ ਨੂੰ ਗੰਗਸਰ ਗੁਰਦੁਆਰੇ ਵਿਚ ਇਕ ਅਖੰਡ ਪਾਠ ਰੱਖਿਆ ਗਿਆ। ਅੰਗਰੇਜ਼ ਫ਼ੌਜੀਆਂ ਨੇ ਗੁਰਦੁਆਰੇ ਵਿਚ ਦਾਖ਼ਿਲ ਹੋ ਕੇ ਪਾਠ ਕਰਦੇ ਗ੍ਰੰਥੀ ਗਿ: ਇੰਦਰ ਸਿੰਘ ਸਮੇਤ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਸਾਰੇ ਪਾਸੇ ਜ਼ਬਰਦਸਤ ਰੋਹ ਪੈਦਾ ਹੋਇਆ।

੨੯ ਸਤੰਬਰ ੧੯੨੩ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਮੀਟਿੰਗ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਜੈਤੋ ਦੇ ਗੁਰਦੁਆਰੇ ਵਿਚ ਅਖੰਡ ਪਾਠ ਖੰਡਤ ਕਰਨ ਦੀ ਜ਼ਬਰਦਸਤ ਨਿੰਦਾ ਕੀਤੀ ਗਈ ਅਤੇ ਮਤਾ ਪਾਸ ਕੀਤਾ ਗਿਆ ਕਿ ਸਿੱਖ ਜਥਾ ਜੈਤੋ ਜਾ ਕੇ ਅਖੰਡ ਪਾਠ ਮੁੜ ਸ਼ੁਰੂ ਕਰੇਗਾ। ਸ਼੍ਰੋਮਣੀ ਕਮੇਟੀ ਨੇ ਕਿਰਪਾਨ ਸਬੰਧੀ ਗ੍ਰਿਫ਼ਤਾਰੀਆਂ ਦੀ ਵੀ ਮੁਜ਼ੰਮਤ ਕੀਤੀ। ਸ਼੍ਰੋਮਣੀ ਕਮੇਟੀ ਨੇ ਜੈਤੋ ਵਿਚ ਅਖੰਡ ਪਾਠ ਮੁੜ ਸ਼ੁਰੂ ਕਰਨ ਵਾਸਤੇ ੨੫-੨੫ ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਜਥਿਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਸੀ ਅਤੇ ਫਿਰ ਗ੍ਰਿਫ਼ਤਾਰ ਕਰਨ ਮਗਰੋਂ ਕੁਝ ਕੁ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਸੀ ਅਤੇ ਬਾਕੀਆਂ ਨੂੰ ਬਹੁਤ ਦੂਰ-ਦੁਰਾਡੇ ਇਲਾਕਿਆਂ ਵਿਚ (ਢਾਈ ਤੋਂ ਪੰਜ ਸੌ ਕਿਲੋਮੀਟਰ ਦੂਰ) ਜੰਗਲ ਜਾਂ ਉਜਾੜ ਵਿਚ ਛੱਡ ਦਿੱਤਾ ਜਾਂਦਾ ਸੀ। ਇੰਵ ਇਹ ਮੋਰਚਾ ਇਸੇ ਤਰ੍ਹਾਂ ਕਈ ਮਹੀਨੇ ਚਲਦਾ ਰਿਹਾ। ਇਸ ਦੌਰਾਨ ਤਕਰੀਬਨ ੫੦੦੦ ਸਿੱਖਾਂ ਨੇ ਮੋਰਚੇ ਵਿਚ ਹਿੱਸਾ ਲਿਆ। ਇਨ੍ਹੀਂ ਦਿਨੀਂ ਹੀ, ੧੨ ਅਕਤੂਬਰ ੧੯੨੩ ਦੇ ਦਿਨ, ਬਰਤਾਨਵੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਇਸ ਦੇ ਨਾਲ ਹੀ ੫੯ ਮੁਖੀ ਅਕਾਲੀ ਆਗੂ ਗ੍ਰਿਫ਼ਤਾਰ ਕਰ ਲਏ ਗਏ। ੧੭ ਅਕਤੂਬਰ ਨੂੰ ਨਵੀਂ ਐਗਜ਼ੈਕਟਿਵ ਚੁਣੀ ਗਈ। ੭ ਜਨਵਰੀ ੧੯੨੪ ਨੂੰ ਇਨ੍ਹਾਂ ਸਾਰਿਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮਗਰੋਂ ਤੀਜੀ ਐਗਜ਼ੈਕਟਿਵ ਬਣਾਈ ਗਈ।

ਚਾਰ ਮਹੀਨੇ ਤੋਂ ਵੱਧ ਸਮਾਂ ਜਥਿਆਂ ਵੱਲੋਂ ਜੈਤੋ ਵੱਲ ਮਾਰਚ ਕੀਤੇ ਜਾਣ 'ਤੇ ਗ੍ਰਿਫ਼ਤਾਰੀਆਂ ਦੇਣ ਦੇ ਬਾਵਜੂਦ ਜਦੋਂ ਕੋਈ ਨਤੀਜਾ ਨਾ ਨਿਕਲਿਆ ਤਾਂ ਸ਼੍ਰੋਮਣੀ ਕਮੇਟੀ ਨੇ ਜੱਦੋਜਹਿਦ ਨੂੰ ਤੇਜ਼ ਕਰਨ ਦਾ ਫ਼ੈਸਲਾ ਕੀਤਾ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜੈਤੋ ਵਿਚ ਅਖੰਡ ਪਾਠ ਸ਼ੁਰੂ ਕਰਨ ਵਾਸਤੇ ੫੦੦ ਸਿੰਘਾਂ ਦਾ "ਸ਼ਹੀਦੀ ਜਥਾ" ਭੇਜਿਆ ਜਾਏਗਾ। ਇਸ ਜਥੇ ਨੇ ੯ ਫ਼ਰਵਰੀ ੧੯੨੪ ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ ੨੧ ਫ਼ਰਵਰੀ ਦੇ ਦਿਨ ਜੈਤੋ ਪੁੱਜਣਾ ਸੀ।

੯ ਫ਼ਰਵਰੀ ਦੇ ਦਿਨ ਜਦੋਂ ਇਹ ਜਥਾ ਅਕਾਲ ਤਖ਼ਤ ਸਾਹਿਬ ਤੋਂ ਚੱਲਿਆ ਤਾਂ ਇਸ ਨੂੰ ਵਿਦਾਇਗੀ ਦੇਣ ਵਾਸਤੇ ੩੦,੦੦੦ ਸਿੱਖ ਦਰਬਾਰ ਸਾਹਿਬ ਪੁੱਜੇ। ਜਥਾ ਵੱਖ-ਵੱਖ ਪੜਾਅ ਕਰਦਾ ੨੦ ਫ਼ਰਵਰੀ ਦੇ ਦਿਨ ਬਰਗਾੜੀ

(ਰਿਆਸਤ ਫ਼ਰੀਦਕੋਟ) ਪੁੱਜਾ। ਇਸ ਜਥੇ ਨੂੰ ਅਮਰੀਕਾ ਦੀ ਮਸ਼ਹੂਰ ਅਖ਼ਬਾਰ "ਨਿਊਯਾਰਕ ਟਾਈਮਜ਼" ਦੇ ਨਾਮਾਨਿਗਾਰ ਮਿਸਟਰ ਜ਼ਿਮਾਂਦ ਨੇ ਵੀ ਵੇਖਿਆ ਪਰ ਉਨ੍ਹਾਂ ਨੂੰ ਨਾਭਾ ਸਰਕਾਰ ਨੇ ਰਿਆਸਤ ਵਿਚ ਦਾਖ਼ਿਲ ਹੋਣ ਦੀ ਇਜਾਜ਼ਤ ਨਾ ਦਿੱਤੀ। ਅਗਲੇ ਦਿਨ ੨੧ ਫਰਵਰੀ ਨੂੰ ਜਦੋਂ ਜਥਾ ਜੈਤੋ ਪੁੱਜਾ ਤਾਂ ਵਿਲਸਨ ਜਾਨਸਟਨ ਨੇ ਫ਼ੌਜ ਨੂੰ ਇਕ ਦਮ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਗੋਲੀ ਨਾਲ ਦਰਜਨਾਂ ਸਿੱਖ ਸ਼ਹੀਦ ਹੋ ਗਏ ਜਾਂ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਵੀ ਸ਼ਾਮਿਲ ਸਨ। ਗੋਲੀ ਚਲਣੀ ਬੰਦ ਹੋਣ ਮਗਰੋਂ ਪੁਲੀਸ ਤੇ ਫ਼ੌਜ ਨੇ ਜਥੇ ਦੇ ਮੈਂਬਰਾਂ ਅਤੇ ਆਮ ਲੋਕਾਂ, ਜੋ ਜਥੇ ਨੂੰ ਵੇਖ ਰਹੇ ਸਨ, 'ਤੇ ਵੀ ਲਾਠੀਚਾਰਜ ਕੀਤਾ ਅਤੇ ਜਦੋਂ ਤਕ ਸਾਰਾ ਜਥਾ ਬੁਰੀ ਤਰ੍ਹਾਂ ਜ਼ਖ਼ਮੀ ਜਾਂ ਬੇਹੋਸ਼ ਨਾ ਹੋ ਗਿਆ, ਪੁਲੀਸ ਡਾਂਗਾਂ ਵਰ੍ਹਾਉਂਦੀ ਰਹੀ। ਗੋਲੀ ਚਲਣ ਦੀ ਹਰ ਪਾਸੇ ਤੋਂ ਜ਼ਬਰਦਸਤ ਮੁਜ਼ੰਮਤ ਹੋਈ। ਦੁਨੀਆਂ ਭਰ ਦੇ ਅਖ਼ਬਾਰਾਂ ਨੇ ਇਸ ਸਬੰਧੀ ਖ਼ਬਰਾਂ ਛਾਪੀਆਂ। ਆਗੂਆਂ ਨੇ ਵਿਲਸਨ ਜਾਨਸਟਨ ਨੂੰ ਜਨਰਲ ਡਾਇਰ ਦਾ ਦੂਜਾ ਰੂਪ ਆਖਿਆ।

ਅੰਗਰੇਜ਼ ਸਰਕਾਰ ਇਹ ਸਮਝਦੀ ਸੀ ਕਿ ਇੰਵ ਸਿੱਖਾਂ ਦਾ ਕਤਲੇਆਮ ਕਰ ਕੇ ਉਹ ਦਹਿਸ਼ਤ ਫੈਲਾ ਸਕੇਗੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ੧੩ ਅਪ੍ਰੈਲ ੧੯੧੯ ਦੇ ਦਿਨ ਜਲ੍ਹਿਆਂ ਵਾਲਾ ਬਾਗ਼ ਅਤੇ ੨੦ ਫਰਵਰੀ ੧੯੨੧ ਦੇ ਦਿਨ ਨਾਨਕਾਣਾ ਸਾਹਿਬ ਵਿਖੇ ਸ਼ਹੀਦੀਆਂ ਅਤੇ ਗੁਰੂ ਕਾ ਬਾਗ਼ ਵਿਚ ਵਹਿਸ਼ੀ ਕੁੱਟ-ਮਾਰ ਦੇ ਬਾਵਜੂਦ ਸਿੱਖ ਜੱਦੋਜਹਿਦ ਤੋਂ ਪਿੱਛੇ ਨਹੀਂ ਹਟੇ ਸਨ, ਤਾਂ ਹੁਣ ਵੀ ਕਿੱਥੇ ਰੁਕਣੇ ਸਨ ਪਰ ਜਾਨਸਟਨ ਦੇ ਅੰਦਰ ਦਾ ਵਹਿਸ਼ੀ ਇਕ ਵਾਰ ਦਹਿਸ਼ਤ ਫ਼ੈਲਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਸੀ। ਸਾਰੀ ਤਾਰੀਖ਼ ਵਿਚ ਸਿੱਖ ਕੌਮ ਨੇ ਕਦੇ ਅਜਿਹਾ ਚੈਲੰਜ ਬਰਦਾਸ਼ਤ ਨਹੀਂ ਕੀਤਾ ਸੀ ਤੇ ਹੁਣ ਵੀ ਅਜਿਹਾ ਹੀ ਹੋਇਆ। ਪਹਿਲੇ ਜਥੇ 'ਤੇ ਗੋਲੀ ਚੱਲਣ, ਦਰਜਨਾਂ ਸ਼ਹੀਦੀਆਂ ਅਤੇ ਬੇਹਿਸਾਬ ਸਿੱਖਾਂ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਸਿੱਖਾਂ ਵਿਚ ਜੋਸ਼ ਵੱਧਦਾ ਗਿਆ। ਸ਼੍ਰੋਮਣੀ ਕਮੇਟੀ ਨੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕਰ ਦਿੱਤਾ। ਹਿੰਦੂ ਆਗੂ ਗਾਂਧੀ ਤੇ ਲਾਲਾ ਲਾਜਪਤ ਰਾਏ ਨੇ ਇਸ ਜਥੇ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸ਼੍ਰੋਮਣੀ ਕਮੇਟੀ ਨੇ ਜਥਾ "ਹਰ ਹਾਲ ਵਿਚ" ਭੇਜਣ ਦਾ ਐਲਾਨ ਕੀਤਾ।

ਪਹਿਲੇ ਸ਼ਹੀਦੀ ਜਥੇ ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਬਦਸਤੂਰ ਕਾਇਮ ਰਹੇ। ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਸਿੱਖ ਨੌਜਵਾਨ ਤੇ ਬੱਚੇ ਅਕਸਰ ਇਹ ਗਾਉਂਦੇ ਸੁਣੇ ਜਾਂਦੇ ਸਨ : "ਨਾਭੇ ਜ਼ਰੂਰ ਜਾਵਾਂਗਾ, ਭਾਵੇਂ ਸਿਰ ਕਟ ਜਾਵੇ ਮੇਰਾ।" ਜਦੋਂ ਸ਼੍ਰੋਮਣੀ ਕਮੇਟੀ ਨੇ ਜੈਤੋ ਵਾਸਤੇ ਦੂਜਾ ਸ਼ਹੀਦੀ ਜਥਾ ਭੇਜਣ ਦਾ ਐਲਾਨ ਕੀਤਾ ਤਾਂ ਸੈਂਕੜੇ ਸਿੱਖ ਜਥੇ ਵਿਚ ਜਾਣ ਲਈ ਤਿਆਰ ਹੋ ਗਏ। ਜਥੇ ਅੰਦਰ ਜਾਣ ਦੀ ਮੰਗ ਇੰਨੀ ਜ਼ਿਆਦਾ ਸੀ ਕਿ ਦੇਰ ਨਾਲ ਪੁੱਜੇ ਸਿੰਘਾਂ ਨੂੰ ਨਿਰਾਸ਼ ਹੋ ਕੇ ਇਸ ਤੋਂ ਪਿੱਛੋਂ ਜਾਣ ਵਾਲੇ ਜਥਿਆਂ ਵਿਚ ਆਪਣੇ ਨਾਮ ਦਰਜ ਕਰਵਾਉਣੇ ਪਏ। ਦੂਜਾ ਪੰਜ ਸੌ ਦਾ ਜਥਾ ਪਹਿਲੇ ਵਾਂਗ ਹੀ ਅਕਾਲ ਤਖ਼ਤ ਸਾਹਿਬ ਤੋਂ ੨੮ ਫ਼ਰਵਰੀ, ੧੯੨੪ ਨੂੰ ਤੇ ਚਾਲੀ ਹਜ਼ਾਰ ਦੀ ਇਕੱਠੀ ਹੋਈ ਸੰਗਤ ਨੂੰ ਫ਼ਤਹਿ ਬੁਲਾਉਂਦਾ ਹੋਇਆ ਗੁ: ਗੰਗਸਰ ਦੇ ਰਾਹ ਪੈ ਗਿਆ। ਤੁਰਨ ਤੋਂ ਪਹਿਲੋਂ ਕਿਤਨੀਆਂ ਹੀ ਮਾਤਾਵਾਂ, ਭੈਣਾਂ ਅਤੇ ਪਤਨੀਆਂ ਨੇ ਆਪਣੇ ਪਿਆਰਿਆਂ ਦੇ ਗੱਲਾਂ ਵਿਚ ਫੁੱਲਾਂ ਦੇ ਹਾਰ ਪਹਿਨਾਏ ਅਤੇ ਖੁਸ਼ੀ-ਖੁਸ਼ੀ ਉਨ੍ਹਾਂ ਨੂੰ "ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਹਾਲ ਕਰਨ ਅਤੇ ਲੋੜ ਪਵੇ, ਤਾਂ ਇਸ ਦੇ ਲਈ ਜਾਨ ਵਾਰ ਦੇਣ" ਦਾ ਪੈਗਾਮ ਦੇ ਕੇ ਤੋਰਿਆ। ਇਕ ਮਾਂ ਦਾ ਵੱਡਾ ਪੁੱਤਰ ਪਹਿਲੇ ਜਥੇ ਵਿਚ ਸ਼ਹੀਦੀ ਪਾ ਗਿਆ ਹੋਇਆ ਸੀ, ਉਸ ਨੇ ਦੂਜੇ ਪੁੱਤਰ ਨੂੰ ਹਾਰ ਪਹਿਨਾਉਂਦੇ ਹੋਏ ਕਿਹਾ, "ਮੈਂ ਵੱਡੇ ਭਾਗਾਂ ਵਾਲੀ ਹੋਵਾਂਗੀ ਜੇ ਮੇਰਾ ਦੂਜਾ ਪੁੱਤਰ ਭੀ ਗੁਰੂ ਦੇ ਲੇਖੇ ਲੱਗ ਜਾਵੇ।" ਜਥੇ ਵਿੱਚੋਂ ਕਈ ਸਿੰਘਾਂ ਨੇ ਤੁਰਨ ਤੋਂ ਪਹਿਲੋਂ ਜਥੇਦਾਰ ਸਾਹਿਬ ਅਕਾਲ ਤਖ਼ਤ ਸਾਹਿਬ ਨੂੰ ਇਹ ਲਿਖਤ ਦਿੱਤੀ ਕਿ "ਜੇ ਮੈਂ ਸ਼ਹੀਦ ਹੋ ਜਾਵਾਂ ਤਾਂ ਮੇਰੀ ਸਾਰੀ ਜਾਇਦਾਦ ਗੁਰੂ ਪੰਥ ਦੇ ਅਰਪਨ ਹੋਵੇ।" ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਮ ਸੰਗਤਾਂ ਦੇ ਨਾਮ ਇਹ ਅਪੀਲ ਸੀ ਕਿ ਜਿਥੇ ਵੀ ਜਥਾ ਠਹਿਰੇ, ਉਥੋਂ ਦੀ ਸੰਗਤ ਜਥੇ ਦੀ ਸੇਵਾ ਕਰਨ ਪਿੱਛੋਂ ਜਥੇ ਨੂੰ ਪਿੰਡ ਤੋਂ ਬਾਹਰ ਤੱਕ ਨਾਲ ਜਾ ਕੇ ਅਲਵਿਦਾ ਤਾਂ ਬੇਸ਼ਕ ਕਹੇ ਪਰ ਉਸ ਤੋਂ ਅੱਗੇ ਜਥੇ ਨਾਲ ਬਿਲਕੁਲ ਨਾ ਜਾਵੇ।

ਇਹ ਜਥਾ ਕਈ ਥਾਈਂ ਠਹਿਰਦਾ ਹੋਇਆ ੧੩ ਮਾਰਚ ਨੂੰ ਜੈਤੋ ਦੇ ਨੇੜੇ ਇਕ ਪਿੰਡ ਵਿਚ ਪੁੱਜ ਗਿਆ। ਇਸ ਨੇ ਅਗਲੇ ਭਲਕ ੧੪ ਮਾਰਚ ਨੂੰ ਜੈਤੋ ਵਿਚ ਦਾਖਲ ਹੋਣਾ ਸੀ। ਉਧਰ ੧੪ ਮਾਰਚ ਨੂੰ ਸਵੇਰੇ ਹੀ ਪੰਡਿਤ

ਮਦਨ ਮੋਹਨ ਮਾਲਵੀਆ ਕਈ ਹੋਰ ਕੌਂਸਲ ਦੇ ਮੈਂਬਰਾਂ ਤੇ ਨੇਤਾਵਾਂ ਸਮੇਤ ਜੈਤੋ ਪੁੱਜ ਚੁੱਕੇ ਸਨ ਅਤੇ ਐਡਮਨਿਸਟਰੇਟਰ ਉਪਰ ਜਥੇ ਨੂੰ ਆਜ਼ਾਦੀ ਨਾਲ ਗੁਰਦੁਆਰੇ ਜਾਣ ਅਤੇ ੧੦੧ ਅਖੰਡ-ਪਾਠ ਕਰਨ ਦੇਣ ਦੀ ਖੁਲ੍ਹ ਦੇਣ ਵਾਸਤੇ ਜ਼ੋਰ ਪਾ ਰਹੇ ਸਨ, ਪਰ ਉਹ ਵੱਧ ਤੋਂ ਵੱਧ ਜਥੇ ਦੇ ਇਕ ਹਫਤਾ ਉਥੇ ਠਹਿਰਣ ਅਤੇ ਇਕ ਜਾਂ ਦੋ ਵਾਰਾਂ ਵਿਚ ਸਾਰੇ ਪਾਠ ਇਕੱਠੇ ਕਰ ਲੈਣ ਲਈ ਕਹਿੰਦਾ ਸੀ। ਮਾਲਵੀਆ ਜੀ ਜਥੇ ਨੂੰ ਭੀ ਰਸਤੇ ਵਿਚ ਆ ਮਿਲੇ ਪਰ ਜਥਾ ਕੋਈ ਪਾਬੰਦੀ ਮੰਣ ਨੂੰ ਤਿਆਰ ਨਹੀਂ ਸੀ। ਇਹ ਫਿਰ ਐਡਮਨਿਸਟਰੇਟਰ ਪਾਸ ਗਏ ਪਰ ਕੋਈ ਗੱਲ ਨਿਪਟ ਨਾ ਸਕੀ। ਅਖੀਰ ਸਾਢੇ ਤਿੰਨ ਵਜੇ ਜਥਾ ਗੁਰਦੁਆਰੇ ਦੇ ਲਾਗੇ ਪੁੱਜ ਗਿਆ। ਇਸ ਵਾਰੀ ਆਮ ਸੰਗਤ ਨਾਲ ਨਹੀਂ ਸੀ ਪਰ ਇਸ ਜਥੇ ਦੇ ਅੱਗੇ ਘੋੜ ਚੜ੍ਹਿਆ ਰਸਾਲਾ ਅਤੇ ਫ਼ੌਜ ਰਸਤਾ ਰੋਕੇ ਖੜ੍ਹੇ ਸਨ ਅਤੇ ਹੋਰ ਸਾਰੀ ਤਿਆਰੀ ਪਹਿਲੇ ਵਾਂਗ ਹੀ ਸੀ। ਇਸ ਵਾਰ ਗੋਲੀ ਨਹੀਂ ਚੱਲੀ ਅਤੇ ਜਥੇ ਦਾ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਗਿਆ। ਜਥੇ ਨੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਉਨ੍ਹਾਂ ਨੂੰ ਕਿਲ੍ਹੇ ਅੰਦਰ ਬਣੇ ਇਕ ਵਲਗਣ ਅੰਦਰ ਬੰਦ ਕੀਤਾ ਗਿਆ ਤੇ ਮਗਰੋਂ ਨਾਭਾ ਬੀੜ ਭੇਜ ਦਿੱਤਾ ਗਿਆ। ਤੀਜਾ ਜਥਾ ੨੨ ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ।

ਇਹ ਜਥਾ ੭ ਅਪ੍ਰੈਲ ੧੯੨੪ ਨੂੰ ਜੈਤੋ ਪੁੱਜਾ, ਜਿਥੇ ਇਸ ਦੇ ਸੁਆਗਤ ਦੀ ਫ਼ੌਜ ਅਤੇ ਪੁਲਿਸ ਵੱਲੋਂ ਪਹਿਲਾਂ ਵਾਂਗ ਹੀ ਤਿਆਰੀ ਕੀਤੀ ਗਈ ਹੋਈ ਸੀ। ਇਸ ਸਮੇਂ ਸ. ਤਾਰਾ ਸਿੰਘ ਮੋਗਾ ਐਮ. ਐਲ. ਸੀ., ਮੀਆਂ ਫਜ਼ਲ ਹੱਕ, ਸ. ਕਰਤਾਰ ਸਿੰਘ ਮੈਂਬਰ ਅਸੈਂਬਲੀ ਵੀ ਪਹੁੰਚੇ ਹੋਏ ਸਨ। ਏਥੇ ਜਥੇ ਨੂੰ ਰੋਕ ਕੇ ਛੋਟੀਆਂ-ਛੋਟੀਆਂ ਟੋਲੀਆਂ ਵਿਚ ਇਨ੍ਹਾਂ ਨੂੰ ਹੱਥਕੜੀਆਂ ਅਤੇ ਰੱਸਿਆਂ ਨਾਲ ਜਕੜ ਕੇ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਤੇ ਮਗਰੋਂ ਨਾਭਾ ਬੀੜ ਵਿਚ ਪਹੁੰਚਾਇਆ ਗਿਆ।

ਚੌਥਾ ਜਥਾ ਅਨੰਦਪੁਰ ਸਾਹਿਬ ਤੋਂ ੨੭ ਮਾਰਚ ਨੂੰ ਅਤੇ ਪੰਜਵਾਂ ਲਾਇਲਪੁਰ ਤੋਂ ੧੨ ਅਪ੍ਰੈਲ ਨੂੰ ਪੈਦਲ ਰਵਾਨਾ ਹੋਏ। ਸਾਰੇ ਜਥੇ ਪਹਿਲੋਂ ਅਕਾਲ ਤਖ਼ਤ ਸਾਹਿਬ ਹਾਜ਼ਰ ਹੁੰਦੇ ਸਨ।

ਛੇਵਾਂ ਜਥਾ, ਜੋ ਫ਼ਿਰੋਜ਼ਪੁਰ ਦੇ ਸਿੰਘਾਂ ਦਾ ਸੀ, ਉਥੋਂ ਚੱਲ ਕੇ ੯ ਮਈ ਨੂੰ ਅੰਮ੍ਰਿਤਸਰ ਪੁੱਜਾ ਅਤੇ ੧੦ ਮਈ ਨੂੰ ਜੈਤੋ ਵੱਲ ਤੁਰ ਪਿਆ। ਸਤਵਾਂ, ਦੁਆਬੇ ਦੇ ਜ਼ਿਲ੍ਹਿਆਂ ਦਾ, ਜਥਾ ਅਨੰਦਪੁਰ ਤੋਂ ਪਹਿਲੀ ਜੂਨ ਨੂੰ ਅਤੇ ਅਠਵਾਂ ਜ਼ਿਲ੍ਹਾ ਸ਼ੇਖ਼ੂਪੁਰਾ ਦਾ ੨੨ ਮਈ, ੧੯੨੪ ਨੂੰ ਨਾਨਕਾਣਾ ਸਾਹਿਬ ਤੋਂ ਚੱਲਿਆ। ਨੌਵਾਂ ਜਥਾ ਜ਼ਿਲ੍ਹਾ ਅੰਮ੍ਰਿਤਸਰ ਦਾ ੨੫ ਜੂਨ ਨੂੰ ਇਥੋਂ ਜੈਤੋ ਵੱਲ ਤੁਰਿਆ। ਦਸਵਾਂ ਜਥਾ ਜਿਸ ਵਿਚ ਲਾਹੌਰ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਸਿੰਘ ਸ਼ਾਮਲ ਸਨ ਅਤੇ ਯਾਰ੍ਹਵਾਂ ਜਿਸ ਵਿਚ ਲੁਧਿਆਣਾ ਤੇ ਫਿਰੋਜ਼ਪੁਰ ਦੇ ਸਿੰਘ ਸਨ, ਇਕੱਠੇ, ੧੩ ਜੁਲਾਈ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਏ।

ਜਥਿਆਂ ਦਾ ਜਾਣਾ ਪੰਜਾਬ ਦੇ ਜ਼ਿਲ੍ਹਿਆਂ ਤੱਕ ਹੀ ਮਹਿਦੂਦ ਨਹੀਂ ਸੀ ਰਿਹਾ। ੨੯ ਜੂਨ, ੧੯੨੪ ਨੂੰ ਬੰਗਾਲ ਦੇ ਇਕ ਸੌ ਸਿੰਘਾਂ ਦਾ ਜਥਾ ਕਲਕੱਤੇ ਤੋਂ ਬੜੀ ਸਿੱਖ ਸੰਗਤ ਗੁਰਦੁਆਰਾ ਤੋਂ ਚੱਲ ਕੇ ਪਟਨਾ, ਬਨਾਰਸ, ਅਲਾਹਾਬਾਦ, ਲਖਨਊ, ਕਾਨ੍ਹਪੁਰ, ਦਿੱਲੀ, ਸਹਾਰਨਪੁਰ ਅੰਬਾਲੇ ਠਹਿਰਦਾ ਹੋਇਆ ੧੩ ਜੁਲਾਈ ਨੂੰ ਅੰਮ੍ਰਿਤਸਰ ਪੁੱਜਾ। ਜਿਸ-ਜਿਸ ਸ਼ਹਿਰ ਇਹ ਠਹਿਰਿਆ, ਜਥੇ ਦਾ ਬੜੀ ਸ਼ਾਨ ਨਾਲ ਸੁਆਗਤ ਕੀਤਾ ਗਿਆ। ੨੧ ਫ਼ਰਵਰੀ ਨੂੰ ਜੈਤੋ ਵਿਚ ਵਰਤਾਏ ਸਾਕੇ ਦੀ ਚਰਚਾ ਏਨੀ ਜ਼ਿਆਦਾ ਹੋ ਗਈ ਸੀ ਕਿ ਪ੍ਰਦੇਸੀ ਵਸਦੇ ਸਿੰਘ ਵੀ ਜੈਤੋ ਨੂੰ ਜਾਂਦੇ ਜਥਿਆਂ ਵਿਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਪੁੱਜੇ। ਕੈਨੇਡਾ ਤੋਂ ਯਾਰ੍ਹਾਂ ਸਿੰਘਾਂ ਦਾ ਜਥਾ ੧੭ ਜੁਲਾਈ, ੧੯੨੪ ਨੂੰ ਚੱਲਿਆ, ਜੋ ੧੪ ਸਤੰਬਰ ਨੂੰ ਕਲਕੱਤੇ ਜਹਾਜ਼ੋਂ ਉੱਤਰਿਆ ਅਤੇ ਦੇਸ ਦੇ ਕਈ ਵੱਡੇ-ਵੱਡੇ ਸ਼ਹਿਰਾਂ ਤੋਂ ਹੁੰਦਾ ਹੋਇਆ ੨੮ ਸਤੰਬਰ ਨੂੰ ਅੰਮ੍ਰਿਤਸਰ ਪੁੱਜਾ ਤੇ ਪੰਜਾਬ ਦੇ ਬਹੁਤ ਸਾਰੇ ਨਗਰਾਂ-ਪਿੰਡਾਂ ਅਤੇ ਸ਼ਹਿਰਾਂ ਅੰਦਰ ਪ੍ਰਚਾਰ ਕਰਨ ਮਗਰੋਂ ੨੧ ਫ਼ਰਵਰੀ, ੧੯੨੫ ਨੂੰ ਜੈਤੋ ਜਾ ਕੇ ਗ੍ਰਿਫ਼ਤਾਰ ਹੋ ਗਿਆ। ਇਸੇ ਤਰ੍ਹਾਂ ਹਾਂਗਕਾਂਗ ਤੋਂ ਇਕ ਜਥਾ ੨੪ ਫ਼ਰਵਰੀ, ੧੯੨੫ ਨੂੰ ਅਤੇ ਸ਼ੰਘਾਈ (ਚੀਨ) ਤੋਂ ੨੫ ਸਿੰਘਾਂ ਦਾ ਜਥਾ ੧੫ ਜੁਲਾਈ, ੧੯੨੫ ਨੂੰ ਅੰਮ੍ਰਿਤਸਰ ਪੁੱਜਾ।

ਬਾਰ੍ਹਵਾਂ ਜਥਾ ੧੭ ਅਗਸਤ ੧੯੨੪ ਨੂੰ, ਤੇਰ੍ਹਵਾਂ ੧੮ ਸਤੰਬਰ, ਚੌਧਵਾਂ ੧੫ ਦਸੰਬਰ ੧੯੨੪, ਪੰਦਰ੍ਹਵਾਂ ਪਹਿਲੀ ਮਾਰਚ ੧੯੨੫, ਸੋਲ੍ਹਵਾਂ ੧੭ ਅਪ੍ਰੈਲ ੧੯੨੫ ਨੂੰ ਅੰਮ੍ਰਿਤਸਰੋਂ ਚੱਲ ਕੇ ਅਨੇਕ ਪਿੰਡਾਂ ਤੇ ਸ਼ਹਿਰਾਂ ਵਿੱਚ ਦੀ ਗੁਜ਼ਰਦੇ ਹੋਏ ਜੈਤੋ ਪੁੱਜ ਕੇ ਗ੍ਰਿਫ਼ਤਾਰ ਹੋਏ। ੨੭ ਅਪ੍ਰੈਲ, ੧੯੨੫ ਨੂੰ ੧੦੧ ਸਿੰਘਾਂ ਦਾ ਸਪੈਸ਼ਲ ਜਥਾ ਅਕਾਲ ਤਖ਼ਤ ਸਾਹਿਬ ਤੋਂ ਲਾਇਲਪੁਰ ਜਾ ਕੇ ਉਥੋਂ ਪੜਾਉ-ਪੜਾਈ ਜੈਤੋ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਤਲਾਹ

ਮਿਲੀ ਕਿ ਸਰਕਾਰ ਨੇ ਅਖੰਡ-ਪਾਠ ਸਬੰਧੀ ਹਰ ਤਰ੍ਹਾਂ ਦੀ ਪਾਬੰਦੀ ਉਠਾ ਲਈ ਹੈ। ਸੋ ਇਸ ਜਥੇ ਨੇ ਉਥੇ ਪੁੱਜ ਕੇ ਪਹਿਲਾ ਅਖੰਡ-ਪਾਠ ਸ਼ੁਰੂ ਕੀਤਾ। ਇਸ ਪਾਠ ਦੇ ਭੋਗ ਵਾਲੇ ਦਿਨ ਹੀ ਸ਼ੰਘਾਈ ਵਾਲਾ ਜਥਾ ਜੈਤੋ ਪੁੱਜਾ ਸੀ। ਇਸ ਤਰ੍ਹਾਂ ੧੪ ਸਤੰਬਰ ੧੯੨੩ ਨੂੰ ਗੁ: ਗੰਗਸਰ ਵਿਚ ਖੰਡਤ ਕੀਤੇ ਗਏ ਪਾਠ ਨੂੰ ਨਵੇਂ ਸਿਰਿਓਂ ਕਰਨ ਲਈ ਲਗਾਤਾਰ ਇਕ ਸਾਲ ਅਤੇ ਦਸ ਮਹੀਨੇ ਅਣਥੱਕ ਘਾਲਣਾ ਘਾਲਣੀਆਂ ਪਈਆਂ। ਸੈਂਕੜੇ ਸਿੰਘ ਸ਼ਹੀਦ ਅਤੇ ਹਜ਼ਾਰਾਂ ਫ਼ੱਟੜ ਹੋਏ। ਕਈ ਅੰਗਹੀਣ ਹੋ ਕੇ ਉਮਰ ਭਰ ਲਈ ਨਕਾਰੇ ਹੋ ਗਏ। ਅਨੇਕਾਂ ਦੀਆਂ ਜਾਇਦਾਦਾਂ ਤੇ ਘਰ-ਘਾਟ ਜ਼ਬਤ ਕਰ ਕੇ ਉਨ੍ਹਾਂ ਨੂੰ ਰਿਆਸਤਾਂ ਤੋਂ ਦੇਸ਼ ਨਿਕਾਲਾ ਦਿੱਤਾ ਗਿਆ। ਅਨੇਕਾਂ ਮੁਲਾਜ਼ਮਤਾਂ, ਅਹੁਦਿਆਂ ਅਤੇ ਸਰਦਾਰੀਆਂ ਤੋਂ ਅੱਡ ਕੀਤੇ ਗਏ। ਜੇਲ੍ਹਾਂ ਅੰਦਰ ਜੋ ਮੁਸੀਬਤਾਂ ਸਹਿਣੀਆਂ ਪਈਆਂ, ਮਾਰ-ਕੁਟਾਈਆਂ ਹੋਈਆਂ ਅਤੇ ਭੁੱਖਾਂ ਭੋਗਣੀਆਂ ਪਈਆਂ, ਉਨ੍ਹਾਂ ਦਾ ਤਾਂ ਜ਼ਿਕਰ ਕਰਨਾ ਭੀ ਮੁਮਕਿਨ ਨਹੀਂ।

ਇਸ ਦੌਰਾਨ ਗੁਰਦੁਆਰਾ ਐਕਟ ਬਣ ਜਾਣ ਦੇ ਆਸਾਰ ਬਣ ਰਹੇ ਸਨ। ਜਦੋਂ ਗੁਰਦੁਆਰਾ ਐਕਟ ਪੂਰੀ ਤਰ੍ਹਾਂ ਤਿਆਰ ਹੋ ਗਿਆ ਤਾਂ ਸਰਕਾਰ ਨੇ ਜੈਤੋ ਵਿਚ ਵੀ ਹਥਿਆਰ ਸੁੱਟ ਦਿੱਤੇ ਅਤੇ ੨੧ ਜੁਲਾਈ ੧੯੨੫ ਦੇ ਦਿਨ ਜੈਤੋ ਵਿਚ ਪਾਠ ਕਰਨ 'ਤੇ ਲਾਈ ਪਾਬੰਦੀ ਵਾਪਿਸ ਲੈ ਲਈ। ਇਸ ਨਾਲ ਜੈਤੋ ਵਿਚ ੧੦੧ ਪਾਠਾਂ ਦੀ ਲੜੀ ਸ਼ੁਰੂ ਹੋ ਗਈ, ਇਹ ਸਾਰੇ ਪਾਠ ੭ ਅਗਸਤ ੧੯੨੫ ਦੇ ਦਿਨ ਖ਼ਤਮ ਹੋਏ। ਭਾਵੇਂ ਇਹ ਮੋਰਚਾ ਜਿੱਤਿਆ ਗਿਆ ਸੀ ਪਰ ਸ਼੍ਰੋਮਣੀ ਕਮੇਟੀ ਨੇ ਇਸ ਨਾਲ ਜੁੜੇ ਹੋਏ "ਮਹਾਰਾਜਾ ਨਾਭਾ ਦੀ ਬਹਾਲੀ" ਦਾ ਸਵਾਲ ਵਿੱਚੇ ਹੀ ਛੱਡ ਦਿੱਤਾ ਸੀ।

ਜੈਤੋ ਮੋਰਚੇ ਵਿਚ ਤਕਰੀਬਨ ਦਸ ਹਜ਼ਾਰ ਗ੍ਰਿਫ਼ਤਾਰ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਢਾਈ ਸੌ ਦੇ ਕਰੀਬ ਸ਼ਹੀਦ ਹੋਏ। ਇਸ ਵਿਚ ਹਿੱਸਾ ਲੈਣ ਵਾਲੇ ਸਿੱਖਾਂ ਤੋਂ ਲੱਖਾਂ ਰੁਪਏ (੧੯੨੩-੨੬ ਦੀ ਕੀਮਤ ਮੁਤਾਬਿਕ) ਜੁਰਮਾਨੇ ਅਤੇ ਜ਼ਬਤੀਆਂ ਵਸੂਲ ਕੀਤੇ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਗ਼ੈਰ-ਕਾਨੂੰਨੀ ਕਰਾਰ

ਸਿੱਖ ਆਗੂਆਂ ਦੀ ਕਾਂਗਰਸ ਨਾਲ ਨੇੜਤਾ, ਆਜ਼ਾਦੀ ਤੇ ਖ਼ੁਦਮੁਖਤਿਆਰੀ ਦੇ ਨਾਅਰੇ ਅਤੇ ਹੋਰ ਸਿਆਸੀ ਰੋਲ ਕਰ ਕੇ ਸਰਕਾਰ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨਾਲ ਚੋਖੀ ਖ਼ਫ਼ਾ ਸੀ ਪਰ ਜਦੋਂ ਸਿੱਖ ਆਗੂਆਂ ਦੇ ਨਾਭੇ ਦੇ ਰਾਜੇ ਦੀ ਬਹਾਲੀ ਦਾ ਸਵਾਲ ਉਠਾਇਆ ਤਾਂ ਸਰਕਾਰ ਨੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਗ਼ੈਰ-ਕਾਨੂੰਨੀ ਐਲਾਨ ਕਰਨ ਦਾ ਫ਼ੈਸਲਾ ਕਰ ਲਿਆ। ੧੨ ਅਕਤੂਬਰ ੧੯੨੩ ਦੇ ਦਿਨ, ੨੩੭੭੨-੭੩ ਚਿੱਠੀ ਮੁਤਾਬਿਕ, ਸਰਕਾਰ ਨੇ (ਸ਼੍ਰੋਮਣੀ) ਅਕਾਲੀ ਦਲ ਤੇ ਅਕਾਲੀ ਜਥੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ। ਇਸ ਦੇ ਨਾਲ ਉਸ ਰਾਤ ਅਤੇ ਅਗਲੇ ਦਿਨ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਦਫ਼ਾਵਾਂ ੧੨੦ ਬੀ, ੧੨੧ ਏ, ੧੨੪ ਏ, ੧੭ ਏ, ਅਤੇ ੧੭ ਬੀ ਹੇਠ ਗ੍ਰਿਫ਼ਤਾਰ ਕਰ ਲਿਆ। ਪਹਿਲੇ ਦਿਨ ੫੯ ਆਗੂ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਹੇਠ ਲਿਖੇ ਆਗੂ ਵੀ ਸ਼ਾਮਿਲ ਸਨ: ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ: ਬ: ਮਹਿਤਾਬ ਸਿੰਘ, ਸ: ਤੇਜਾ ਸਿੰਘ ਅਕਰਪੁਰੀ, ਭਗਤ ਜਸਵੰਤ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਗਿਆਨੀ ਸ਼ੇਰ ਸਿੰਘ, ਸ: ਭਾਗ ਸਿੰਘ ਵਕੀਲ, ਸ: ਹਰੀ ਸਿੰਘ ਜਲੰਧਰੀ, ਪ੍ਰੋ: ਤੇਜਾ ਸਿੰਘ, ਪ੍ਰੋ: ਨਿਰੰਜਨ ਸਿੰਘ, ਸ: ਸਰਮੁਖ ਸਿੰਘ ਝਬਾਲ, ਸ: ਗੋਪਾਲ ਸਿੰਘ ਕੌਮੀ, ਸ: ਸੋਹਣ ਸਿੰਘ ਜੋਸ਼, ਸ: ਤੇਜਾ ਸਿੰਘ ਚੂਹੜਕਾਨਾ, ਸ: ਦਾਨ ਸਿੰਘ ਵਛੋਆ, ਹੈਡਮਾਸਟਰ ਮਹਿਤਾਬ ਸਿੰਘ, ਸ: ਪਿਆਰਾ ਸਿੰਘ ਲੰਗੇਰੀ, ਸ: ਸੇਵਾ ਸਿੰਘ ਠੀਕਰੀਵਾਲਾ, ਸ: ਨਰੈਣ ਸਿੰਘ ਬੈਰਿਸਟਰ, ਪ੍ਰੋ: ਸਾਹਿਬ ਸਿੰਘ, ਸ: ਰਾਏ ਸਿੰਘ ਕਾਉਣੀ, ਸ: ਗੁਰਦਿੱਤ ਸਿੰਘ ਬਹਿਲੋਲਪੁਰੀ ਵ:ਗ਼ੈਰਾ। ਇਨ੍ਹਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਕਰੀਬਨ ਸਾਰੀ ਦੀ ਸਾਰੀ ਐਗਜ਼ੈਕਟਿਵ ਸ਼ਾਮਿਲ ਸੀ। ਇਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਨਵੀਂ ਐਗਜ਼ੈਕਟਿਵ ਦੀ ਚੋਣ ਕਰ ਲਈ। ੭ ਜਨਵਰੀ ੧੯੨੪ ਦੇ ਦਿਨ ਇਸ ਐਗਜ਼ੈਕਟਿਵ ਦੇ ਤਕਰੀਬਨ ਸਾਰੇ ਮੈਂਬਰ ਅਤੇ ਹੋਰ ਕਈ ਆਗੂ ਵੀ ਗ੍ਰਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰ ਹੋਣ ਵਾਲਿਆਂ ਦੇ ਨਾਂ ਹੇਠ ਲਿਖੇ ਹਨ :

੧. ਸ: ਸੋਹਣ ਸਿੰਘ ਖਡੂਰ ਸਾਹਿਬ, ੨. ਮਾਸਟਰ ਸੁਜਾਨ ਸਿੰਘ ਸਰਹਾਲੀ, ੩. ਸ: ਜਵਾਹਰ ਸਿੰਘ ਬੁਰਜ ਜ਼ਿਲ੍ਹਾ ਅੰਮ੍ਰਿਤਸਰ, ੪. ਸ: ਚੰਨਣ ਸਿੰਘ ਜਲੰਧਰ, ੫. ਸ: ਸੁੰਦਰ ਸਿੰਘ ਅੰਮ੍ਰਿਤਸਰ, ੬. ਜਥੇਦਾਰ ਜੈ ਸਿੰਘ ਢੁਡਿਆਲ

ਜ਼ਿਲ੍ਹਾ ਜੇਹਲਮ, ੭. ਸ: ਆਸਾ ਸਿੰਘ ਚੰਡਾਲੀ ਜ਼ਿਲ੍ਹਾ ਗੁਜਰਾਂਵਾਲਾ, ੮. ਸ: ਅਮਰੀਕ ਸਿੰਘ ਚੂਨੇਵਾਲੇ ਗੁਜਰਾਂਵਾਲਾ, ੯. ਸ: ਵਰਿਆਮ ਸਿੰਘ ਗਰਮੂਲਾ, ੧੦. ਸ: ਅਵਤਾਰ ਸਿੰਘ ਬੈਰਿਸਟਰ (ਸ਼ਹੀਦ) ਗੁਜਰਾਂਵਾਲਾ, ੧੧. ਸ: ਨਰਿੰਜਨ ਸਿੰਘ ਵਾਜਿਆਂ ਵਾਲੇ, ਕਾਰਖ਼ਾਨਾ ਤਾਨਸੈਨ ਗੁਜਰਾਂਵਾਲਾ, ੧੨. ਸ: ਗਿਆਨ ਸਿੰਘ ਦੀਪਾਲਪੁਰ, ੧੩. ਸ: ਹੁਕਮ ਸਿੰਘ ਵਕੀਲ ਮਿੰਟਗੁਮਰੀ, ੧੪. ਸ: ਜਸਵੰਤ ਸਿੰਘ ਜਥੇਦਾਰ ਮਿੰਟਗੁਮਰੀ, ੧੫. ਭਾਈ ਲੱਖਾ ਸਿੰਘ ਕੁਰਲ ਕੇ ਜ਼ਿਲ੍ਹਾ ਸ਼ੇਖ਼ੂਪੁਰਾ, ੧੬. ਭਾਈ ਸੋਹਣ ਸਿੰਘ ਸ਼ੇਖ਼ੂਪੁਰਾ, ੧੭. ਭਾਈ ਸੁਦਾਗਰ ਸਿੰਘ, ੧੮. ਸ: ਇੰਦਰ ਸਿੰਘ ਮਰੜ, ੧੯. ਸ: ਸ਼ੇਰ ਸਿੰਘ ਕੋਟ ਪਿੰਡੀਵਾਲ (ਸ਼ੇਖ਼ੂਪੁਰਾ), ੨੦. ਸ: ਸੂਰਤ ਸਿੰਘ ਕਿਸ਼ਨਪੁਰਾ (ਲੁਧਿਆਣਾ), ੨੧. ਸ: ਰਣਬੀਰ ਸਿੰਘ ਕਾਉਂਕੇ, ੨੨. ਸ: ਜੁਗਿੰਦਰ ਸਿੰਘ ਵਕੀਲ ਰਾਏਪੁਰ, ੨੩. ਸ: ਕਰਤਾਰ ਸਿੰਘ ਲੁਧਿਆਣਾ, ੨੪. ਸ: ਸੁੰਦਰ ਸਿੰਘ ਘਮਾਣ ਜ਼ਿਲ੍ਹਾ ਫ਼ੀਰੋਜ਼ਪੁਰ, ੨੫. ਸ: ਹਰਨਾਮ ਸਿੰਘ ਕਬਰਵੱਛਾ, ੨੬. ਸ: ਗੁਰਦਿਆਲ ਸਿੰਘ ਸਿਆਲਕੋਟ, ੨੭. ਸ: ਭਗਤ ਸਿੰਘ ਜਥੇਦਾਰ ਤਸੀਲ ਪਸਰੂਰ, ੨੮. ਸ: ਗਿਆਨ ਸਿੰਘ ਸਿਆਲਕੋਟ, ੨੯. ਸ: ਨਿਰਮਲ ਸਿੰਘ (ਭਤੀਜਾ ਸ: ਖੜਕ ਸਿੰਘ ਜੀ) ਸਿਆਲਕੋਟ, ੩੦. ਜਥੇਦਾਰ ਪ੍ਰਤਾਪ ਸਿੰਘ ਕੋਟ ਪਤੂਹੀ ਜ਼ਿਲ੍ਹਾ ਹੁਸ਼ਿਆਰਪੁਰ, ੩੧. ਗਿ: ਬਤਨ ਸਿੰਘ ਜੀ ਜ਼ਿਲ੍ਹਾ ਹੁਸ਼ਿਆਰਪੁਰ, ੩੨. ਸ: ਗੁਰਬਖ਼ਸ਼ ਸਿੰਘ ਵਸਾਊ ਕੋਟ (ਗੁਰਦਾਸਪੁਰ) ੩੩. ਸ: ਤੇਜਾ ਸਿੰਘ ਅਲਾਵਲਪੁਰ (ਗੁਰਦਾਸ ਪੁਰ), ੩੪. ਸ: ਕਿਸ਼ਨ ਸਿੰਘ ਨਾਨੂੰ ਨੰਗਲ, ੩੫. ਸ: ਰਤਨ ਸਿੰਘ ਆਜ਼ਾਦ, ੩੬. ਮਹੰਤ ਲਹਿਣਾ ਸਿੰਘ ਪੌਂਟਾ ਸਾਹਿਬ, ੩੭. ਸ: ਸਾਹਿਬ ਸਿੰਘ ਚੱਕ ੧੨੭ ਜਨੂਬੀ ਸਰਗੋਧਾ, ੩੮. ਸ: ਮਾਨ ਸਿੰਘ ਚਕ ੧੨੭ ਜਨੂਬੀ, ੩੯. ਭਗਤ ਦੁਨਾ ਸਿੰਘ ਐਬਟਾਬਾਦ, ੪੦. ਸ: ਗਿਆਨ ਸਿੰਘ ਐਬਟਾਬਾਦ, ੪੧. ਸ: ਦੀਵਾਨ ਸਿੰਘ ਕੋਟ ਨਜੀਬੁਲਾ, ੪੨. ਸ: ਫ਼ੌਜਾ ਸਿੰਘ ਤਸੀਲ ਚੂਨੀਆਂ, ੪੩. ਸ: ਇੰਦਰ ਸਿੰਘ ਬਰਕਾ (ਲਾਹੌਰ), ੪੪. ਸ: ਜਵਾਲਾ ਸਿੰਘ ਜ਼ਿਲ੍ਹਾ ਲਾਹੌਰ, ੪੫. ਸ: ਬਲਵੰਤ ਸਿੰਘ ਗੁਜਰਖ਼ਾਨੀ, ੪੬. ਸ: ਜਵੰਦ ਸਿੰਘ ਰਾਵਲਪਿੰਡੀ, ੪੭. ਸ: ਰਾਜਾ ਸਿੰਘ ਵਕੀਲ ਪਿਸ਼ਾਵਰ, ੪੮. ਸ: ਜਗਤ ਸਿੰਘ ਪਿਸ਼ਾਵਰ, ੪੯. ਸ: ਜੈ ਸਿੰਘ ਮਰਦਾਨ, ੫੦. ਸ: ਮਹਿਤਾਬ ਸਿੰਘ ਕੋਹਾਟ, ੫੧. ਸ: ਹਰਨਾਮ ਸਿੰਘ ਪੰਜਾ ਸਾਹਿਬ, ੫੨. ਸ: ਅਮਰ ਸਿੰਘ ਐਡੀਟਰ ਗ੍ਰੰਥੀ ਦਰਬਾਰ ਸਾਹਿਬ, ੫੪. ਬਾਵਾ ਸਰੂਪ ਸਿੰਘ ਲਾਹੌਰ, ੫੫. ਭਾਈ ਧਰਮ ਸਿੰਘ ਨਾਮਧਾਰੀ, ੫੬. ਭਾਈ ਸੁੰਦਰ ਸਿੰਘ ਜਥੇਦਾਰ ਬਟਾਲਾ, ੫੭. ਡਾਕਟਰ ਭਗਵਾਨ ਸਿੰਘ ਅੰਮ੍ਰਿਤਸਰ, ੫੮. ਭਾਈ ਮੋਹਨ ਸਿੰਘ ਵੈਦ ਤਰਨ ਤਾਰਨ, ੫੯. ਸ: ਹੀਰਾ ਸਿੰਘ ਨਾਰਲੀ ਜ਼ਿਲ੍ਹਾ ਲਾਹੌਰ, ੬੦. ਸ: ਸੁਚਾ ਸਿੰਘ ਖਰਾ ਸੌਦਾ (ਸ਼ੇਖ਼ੂਪੁਰਾ), ੬੧. ਜਮਾਦਾਰ ਸਾਧੂ ਸਿੰਘ ਲਾਇਲਪੁਰ, ੬੨. ਬਾਬਾ ਕਰਮ ਸਿੰਘ ਚੀਮਾ (ਜਲੰਧਰ)।

ਇਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਤੀਜੀ ਐਗ਼ਜ਼ੈਕਟਿਵ ਚੁਣ ਲਈ। ਇਸ ਦੇ ਨਾਲ ਹੀ ਜੈਤੋ 'ਚ ਸ਼ਹੀਦੀ ਜਥਾ ਭੇਜਣ ਦਾ ਐਲਾਨ ਹੋ ਗਿਆ। ਇਸ ਮਗਰੋਂ ਅਕਤੂਬਰ ੧੯੨੪ ਵਿਚ ਹੋਰ ਗ੍ਰਿਫ਼ਤਾਰੀਆਂ ਵੀ ਹੋਈਆਂ। ਇਨ੍ਹਾਂ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵੀ ਸ਼ਾਮਿਲ ਸਨ। ਸ: ਹਰਬੰਸ ਸਿੰਘ ਸੀਸਤਾਨੀ ਨੂੰ ਈਰਾਨ ਤੋਂ ਗ੍ਰਿਫ਼ਤਾਰ ਕਰ ਕੇ ਲਿਆਂਦਾ ਗਿਆ। ਕੁੱਲ ਗ੍ਰਿਫ਼ਤਾਰੀਆਂ ੧੫੦ ਦੇ ਕਰੀਬ ਕੀਤੀਆਂ ਗਈਆਂ। ਇਨ੍ਹਾਂ ਵਿੱਚੋਂ ਕੁਝ ਛੱਡ ਦਿੱਤੇ ਗਏ। ਜਿਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ ਸੀ ਉਨ੍ਹਾਂ ਦੇ ਨਾਂ ਹੇਠ ਲਿਖੇ ਹਨ :

੧. ਸ: ਬ: ਮਹਿਤਾਬ ਸਿੰਘ ੨. ਪ੍ਰੋ: ਤੇਜਾ ਸਿੰਘ ੩. ਸ: ਭਾਗ ਸਿੰਘ ਵਕੀਲ ੪. ਬਾਵਾ ਹਰਿਕਿਸ਼ਨ ਸਿੰਘ ੫. ਗਿ: ਸ਼ੇਰ ਸਿੰਘ ੬. ਮਾਸਟਰ ਤਾਰਾ ਸਿੰਘ ੭. ਸ: ਤੇਜਾ ਸਿੰਘ ੮. ਸ: ਹਰੀ ਸਿੰਘ ਜਲੰਧਰੀ ੯. ਕੈਪਟਨ ਰਾਮ ਸਿੰਘ ੧੦. ਭਗਤ ਜਸਵੰਤ ਸਿੰਘ ੧੧. ਸ: ਗੋਪਾਲ ਸਿੰਘ ਸਾਗਰੀ ੧੨. ਹੈਡ ਮਾਸਟਰ ਮਹਿਤਾਬ ਸਿੰਘ ੧੩ ਰਿਸਾਲਦਾਰ ਸੁੰਦਰ ਸਿੰਘ ੧੪. ਸ: ਮੰਗਲ ਸਿੰਘ ਅਕਾਲੀ ੧੫. ਤੇਜਾ ਸਿੰਘ ਘਵਿੰਡ ੧੬. ਸ: ਤੇਜਾ ਸਿੰਘ ਚੂਹੜਕਾਣਾ ੧੭. ਸ: ਦਾਨ ਸਿੰਘ ਵਛੋਆ ੧੮. ਸ: ਬਖਸ਼ੀਸ਼ ਸਿੰਘ ਭੁਮੱਦੀ ੧੯. ਸੋਢੀ ਪ੍ਰੀਤਮ ਸਿੰਘ ੨੦. ਪ੍ਰੋ: ਨਿਰੰਜਨ ਸਿੰਘ ੨੧. ਸ: ਸੇਵਾ ਸਿੰਘ ਠੀਕਰੀਵਾਲਾ ੨੨. ਸ: ਮਿਤ ਸਿੰਘ ਕਨੇਡੀਅਨ ੨੩. ਸ: ਨਾਨਕ ਸਿੰਘ ੨੪. ਰਿਸਾਲਦਾਰ ਰਣਜੋਧ ਸਿੰਘ ੨੫. ਸ: ਗੁਰਦਿੱਤ ਸਿੰਘ ੨੬. ਸ: ਗੋਪਾਲ ਸਿੰਘ ਕੌਮੀ ੨੭. ਸ: ਨਰੈਣ ਸਿੰਘ ਬੈਰਿਸਟਰ ੨੮. ਸ: ਅਮਰ ਸਿੰਘ ੨੯. ਸ: ਹਰਬੰਸ ਸਿੰਘ ਸੀਸਤਾਨੀ ੩੦. ਸ: ਬਾਲ ਸਿੰਘ ਕਨੇਡੀਅਨ ੩੧. ਬਾਬੂ ਤ੍ਰਿਪਤ ਸਿੰਘ ੩੨ ਸ: ਸਰਮੁਖ ਸਿੰਘ ਝਬਾਲ ੩੩. ਸ: ਪਿਆਰਾ ਸਿੰਘ ਉਰਫ ਸ: ਕਰਮ ਸਿੰਘ ੩੪. ਪ੍ਰੋ: ਸਾਹਿਬ ਸਿੰਘ ੩੫. ਸ: ਕਿਸ਼ਨ ਸਿੰਘ ੩੬. ਸ: ਤੇਜਾ ਸਿੰਘ ਅੰਮ੍ਰਿਤਸਰ ੩੭. ਸ: ਕਿਰਪਾਲ ਸਿੰਘ ੩੮. ਸ: ਗਿਆਨ ਸਿੰਘ ੩੯. ਸ: ਦਲੀਪ ਸਿੰਘ ੪੦. ਭਾਈ

ਕਰਤਾਰ ਸਿੰਘ ੪੧. ਸ: ਮੰਗਲ ਸਿੰਘ ੪੨. ਸ: ਪ੍ਰੇਮ ਸਿੰਘ ੪੩. ਭਾਈ ਲਾਹੌਰਾ ਸਿੰਘ ੪੪. ਭਾਈ ਧਰਮ ਸਿੰਘ ੪੫. ਭਾਈ ਗੁਰਬਖਸ਼ ਸਿੰਘ ੪੬. ਭਾਈ ਮਾਨ ਸਿੰਘ ੪੭. ਭਾਈ ਨੰਦ ਸਿੰਘ ੪੮. ਭਾਈ ਗੁਰਦਿੱਤ ਸਿੰਘ ੪੯. ਭਾਈ ਹਰਨਾਮ ਸਿੰਘ ੫੦. ਭਾਈ ਮਾਨ ਸਿੰਘ ਟਾਈਪਿਸਟ ੫੧. ਸ: ਗੁਰਚਰਨ ਸਿੰਘ ੫੨. ਸ: ਗੁਰਬਖਸ਼ ਸਿੰਘ ੫੩. ਸ: ਰਾਏ ਸਿੰਘ ਕਾਉਣੀ ੫੪. ਸ: ਸੋਹਣ ਸਿੰਘ ਜੋਸ਼ ੫੫. ਸ: ਨਰੈਣ ਸਿੰਘ ੫੬. ਸ: ਸੰਤਾ ਸਿੰਘ ੫੭. ਸ: ਹਰੀ ਸਿੰਘ ਐਡੀਟਰ ਅਕਾਲੀ ੫੮. ਸ: ਗੁਰਦਿੱਤ ਸਿੰਘ ਐਡੀਟਰ ਨੇਸ਼ਨ

੧੫ ਅਕਤੂਬਰ ੧੯੨੩ ਦੇ ਦਿਨ ਵੀ. ਡਬਲਯੂ ਸਮਿਥ, ਐਸ. ਪੀ. ਨੇ ਸਰਕਾਰ ਵੱਲੋਂ ਇਨ੍ਹਾਂ ਸਿੱਖ ਆਗੂਆਂ ਦੇ ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਕਿ ਇਨ੍ਹਾਂ ਨੇ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕਰਨ ਦੀ ਸਾਜਿਸ਼ ਕੀਤੀ ਅਤੇ ਇੰਞ ਮੁਲਕ ਨਾਲ ਗ਼ਦਾਰੀ ਕੀਤੀ। ਸਿੱਖ ਆਗੂਆਂ 'ਤੇ ਲਾਏ ਗਏ ਇਲਜ਼ਾਮ ਇੰਞ ਸਨ:

੧. ਇਨ੍ਹਾਂ ਨੇ ਨਾਨਕਾਣਾ ਸਾਹਿਬ, ਪੰਜਾ ਸਾਹਿਬ, ਮੁਕਤਸਰ, ਤਰਨ ਤਾਰਨ, ਤੇਜਾ ਕਲਾਂ, ਹੋਠੀਆਂ, ਨੌਨਰ, ਕਮਾਲੀਆ, ਅਨੰਦਪੁਰ ਸਾਹਿਬ, ਕੀਰਤਪੁਰ ਵਗੈਰਾ ਜਗਹ 'ਤੇ ਮਹੰਤਾਂ ਅਤੇ ਪੁਜਾਰੀਆਂ ਤੋਂ ਜ਼ਬਰੀ ਗੁਰਦੁਆਰੇ ਖੋਹੇ, ਕਬਜ਼ੇ ਕੀਤੇ ਤੇ ਕਾਨੂੰਨ ਤੋੜਿਆ।
੨. ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸੁਧਾਰ ਵਾਸਤੇ ਸ਼੍ਰੋਮਣੀ ਅਕਾਲੀ ਦਲ ਕਾਇਮ ਕੀਤਾ। ਜਿਸ ਦਾ ਨਾਂ ਪਹਿਲੋਂ ਸੈਂਟਰਲ ਅਕਾਲੀ ਦਲ ਸੀ। ੧੯੨੨ ਵਿਚ ਇਸ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰੱਖਿਆ ਗਿਆ। ਅਕਾਲੀਆਂ ਨੇ ਕਈ ਜਗਹ ਕਾਨੂੰਨ ਤੋੜਿਆ।
੩. ਸ਼੍ਰੋਮਣੀ ਕਮੇਟੀ ਦੀ ਤਅਲੁਕ ਕਾਂਗਰਸ ਅਤੇ ਖ਼ਿਲਾਫ਼ਤ ਕਮੇਟੀ ਨਾਲ ਹੈ ਜੋ ਕਿ ਸਿਆਸੀ ਜਮਾਤਾਂ ਹਨ। ਇਸ ਦੇ ਕਈ ਆਗੂ ਸਿੱਖ ਲੀਗ ਵਿਚ ਕੰਮ ਕਰਦੇ ਹਨ। ਕਮੇਟੀ ਨੇ ਪ੍ਰਿੰਸ ਆਫ਼ ਵੇਲਜ਼ ਦਾ ਬਾਈਕਾਟ ਕੀਤਾ। ਇਸ ਨੇ ਗੁਰੂ ਦਾ ਬਾਗ਼ ਦਾ ਮੋਰਚਾ ਲਾਇਆ।
੪. ਸ਼੍ਰੋਮਣੀ ਕਮੇਟੀ ਨੇ ਅਲੀਗੜ੍ਹ ਦੀ ਇਕ ਫ਼ਰਮ ਨਾਲ ਢਾਈ ਲੱਖ ਕਿਰਪਾਨਾਂ ਖਰੀਦਣ ਦੀ ਗੱਲਬਾਤ ਕੀਤੀ।
੫. ਘਵਿੰਡ ਅਤੇ ਹੁਡਿਆਰਾ (ਜ਼ਿਲ੍ਹਾ ਲਾਹੌਰ) ਅਤੇ ਚੱਕ ੨੬੬ (ਜ਼ਿਲ੍ਹਾ ਲਾਇਲਪੁਰ) ਵਿਚ ਪੰਚਾਇਤਾਂ ਕਾਇਮ ਕੀਤੀਆਂ।
੬. ਇਸ ਦੇ ਅਸਰ ਹੇਠ "ਬੱਬਰ ਅਕਾਲੀ ਲਹਿਰ" ਸ਼ੁਰੂ ਹੋਈ, ਜਿਸ ਵਿਚ ਲੁੱਟ ਮਾਰ ਕੀਤੀ ਗਈ ਅਤੇ ਕਈ ਆਦਮੀਆਂ ਨੂੰ ਕਤਲ ਕੀਤਾ ਗਿਆ।
੭. ਸ਼੍ਰੋਮਣੀ ਕਮੇਟੀ ਕਈ ਸਿਆਸੀ ਮਾਮਲਿਆਂ ਵਿਚ ਦਖ਼ਲ ਦੇਂਦੀ ਰਹੀ। ਸਰਕਾਰ ਨੇ ਗੁਰਦੁਆਰਾ ਮਸਲੇ ਹੱਲ ਕਰਨੇ ਚਾਹੇ ਪਰ ਕਮੇਟੀ ਹੱਲ ਨਹੀਂ ਹੋਣ ਦੇਂਦੀ ਰਹੀ। ਸ਼੍ਰੋਮਣੀ ਕਮੇਟੀ ਨੇ ੧੯੨੧ ਵਿਚ ਸਿਆਸੀ ਕੈਦੀ ਰਿਹਾ ਕਰਨ ਦੀ ਮੰਗ ਕੀਤੀ। ਇਸ ਨੇ ਗੁਰਦੁਆਰਾ ਬਿੱਲ ਦੀ ਮੁਖ਼ਾਲਫ਼ਤ ਕੀਤੀ।
੮. ਚੀਫ਼ ਖਾਲਸਾ ਦੀਵਾਨ ਤੇ ਹੋਰ ਜਥੇਬੰਦੀਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਨਹੀਂ ਲਿਆ। ਸਿੱਖ ਸੰਪਰਦਾਵਾਂ ਅਤੇ ਰਿਆਸਤਾਂ ਨੂੰ ਵੀ ਨਜ਼ਰ-ਅੰਦਾਜ਼ ਕੀਤਾ ਹੈ।
੯. ਮੁਲਕ ਵਿਚ ਅਤੇ ਬਾਹਰ ਅਖ਼ਬਾਰਾਂ ਰਾਹੀਂ ਸਿਆਸੀ ਪ੍ਰਾਪੇਗੰਡਾ ਕੀਤਾ ਹੈ।
੧੦. ਸ਼੍ਰੋਮਣੀ ਕਮੇਟੀ ਦੇ ਆਗੂ ਖੱਦਰ ਪਾਉਣ ਦੀ ਹਾਮੀ ਹਨ।
੧੧. ਸਭ ਤੋਂ ਵੱਡੀ ਗੱਲ ਇਹ ਹੈ ਕਿ ਸਰਕਾਰ ਨੇ ੯ ਜੁਲਾਈ ੧੯੨੩ ਨੂੰ ਨਾਭੇ ਦੇ ਰਾਜੇ ਨੂੰ ਗੱਦੀ ਤੋਂ ਲਾਹ ਦਿੱਤਾ ਤਾਂ ੧੦ ਜੁਲਾਈ ਨੂੰ ਸ਼੍ਰੋਮਣੀ ਕਮੇਟੀ ਨੇ ਨਾਭਾ ਸਬੰਧੀ ਮੋਰਚੇ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ੧੮ ਜੁਲਾਈ ਨੂੰ ਐਲਾਨ ਨੰਬਰ ੫੫੯ ਮਹਾਰਾਜਾ ਨਾਭਾ ਦੇ ਹੱਕ ਵਿਚ ਜਾਰੀ ਕੀਤਾ। ਇਸ ਨੇ ੨੯ ਜੁਲਾਈ ਨੂੰ ਰਾਜਾ ਨਾਭਾ ਵਾਸਤੇ "ਅਰਦਾਸ ਦਿਨ" ਮਨਾਉਣ ਦਾ ਐਲਾਨ ਕੀਤਾ ਤੇ ਫਿਰ ੯ ਸਤੰਬਰ ੧੯੨੩ ਨੂੰ "ਨਾਭਾ ਦਿਨ" ਮਨਾਇਆ ਤੇ ਨੰਗੇ ਪੈਰੀਂ ਜਲੂਸ ਕੱਢੇ। ਨਾਭਾ ਦਾ ਮਾਮਲਾ ਪੂਰੀ ਤਰ੍ਹਾਂ ਸਿਆਸੀ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਦਖ਼ਲ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੀਆਂ ਸਰਗਰਮੀਆਂ ਸਰਕਾਰ ਦੇ ਖ਼ਿਲਾਫ਼ ਹਨ।

ਸ਼੍ਰੋਮਣੀ ਕਮੇਟੀ ਅਤੇ ਅਕਾਲੀ ਆਗੂਆਂ ਦੇ ਖ਼ਿਲਾਫ਼ ਮੁਕੱਦਮੇ ਦੇ ਸਰਕਾਰੀ ਵਕੀਲ ਮਿਸਟਰ ਪਿਟਮੈਟ ਅਤੇ ਰਾਏ ਬਹਾਦਰ ਜਵਾਲਾ ਪ੍ਰਸ਼ਾਦ ਸਨ। ਸਫ਼ਾਈ ਦੇ ਵਕੀਲ ਸ: ਬ: ਅਤਰ ਸਿੰਘ, ਸ: ਜੀਵਨ ਸਿੰਘ, ਸ: ਰਘਬੀਰ

ਸਿੰਘ, ਸ: ਸ਼ੇਰ ਚਰਨਜੀਤ ਸਿੰਘ ਅਤੇ ਸ੍ਰੀ ਰਘੂਨਾਥ ਸਹਾਇ। ਸ: ਬ: ਮਹਿਤਾਬ ਸਿੰਘ ਖ਼ੁਦ ਵੀ ਬਹਿਸ ਕਰਿਆ ਕਰਦੇ ਸਨ। ਸਰਕਾਰ ਨੇ ਸਿੱਖ ਆਗੂਆਂ ਦੇ ਖ਼ਿਲਾਫ਼ ੪੧੪ ਸਰਕਾਰੀ ਗਵਾਹ ਭੁਗਤਾਏ। ਸਿੱਖਾਂ ਵੱਲੋਂ ਸ: ਹਰਚੰਦ ਸਿੰਘ ਲਾਇਲਪੁਰੀ ਸਣੇ ੧੦੦ ਗਵਾਹ ਭੁਗਤੇ। ਮੁਕੱਦਮਾ ਮਾਰਚ ੧੯੨੫ ਤਕ ਚੱਲਿਆ। ਇਸ ਦੌਰਾਨ ਹੀ ਗੁਰਦੁਆਰਾ ਐਕਟ ਪਾਸ ਹੋ ਗਿਆ ਤੇ ਇਹ ਮੁਕੱਦਮਾ ਵੀ ਬੇਮਾਅਨਾ ਹੋ ਗਿਆ। ਇਨ੍ਹਾਂ ਆਗੂਆਂ ਵਿਚ ਪ੍ਰੋ: ਤੇਜਾ ਸਿੰਘ ਨੂੰ, ੨੩ ਦਸੰਬਰ ੧੯੨੪ ਦੇ ਦਿਨ, ਉਨ੍ਹਾਂ ਦੀ ਵਿਗੜਦੀ ਸਿਹਤ ਦੀ ਬਿਨਾ ’ਤੇ ਰਿਹਾ ਕਰ ਦਿੱਤਾ ਗਿਆ। ੨੩ ਫ਼ਰਵਰੀ ੧੯੨੫ ਦੇ ਦਿਨ ਪ੍ਰੋ: ਨਰਿੰਜਨ ਸਿੰਘ, ਸ: ਨਰੈਣ ਸਿੰਘ ਬੈਰਿਸਟਰ ਤੇ ੬ ਹੋਰ ਸਿੰਘ ਰਿਹਾ ਕਰ ਦਿੱਤੇ ਗਏ। ਦੂਜੇ (੭ ਜਨਵਰੀ ੧੯੨੪ ਦੇ) ਜਥੇ ’ਚੋਂ ੪ ਸਿੰਘਾਂ ਨੇ ਅਪੀਲ ਦਾਇਰ ਕੀਤੀ ਤੇ ਉਹ ਵੀ ਰਿਹਾ ਕਰ ਦਿੱਤੇ ਗਏ। ੩੧ ਮਾਰਚ ੧੯੨੫ ਨੂੰ ਵੀ ਅੱਧੀ ਦਰਜਨ ਹੋਰ ਸਿੰਘ ਰਿਹਾ ਕਰ ਦਿੱਤੇ ਗਏ।

੭ ਜੁਲਾਈ ੧੯੨੫ ਨੂੰ ਗੁਰਦੁਆਰਾ ਐਕਟ ਪਾਸ ਹੋ ਗਿਆ। ਪੰਜਾਬ ਦੇ ਗਵਰਨਰ ਹੇਲੀ ਨੇ ਪੰਜਾਬ ਕੌਂਸਲ ਵਿਚ ਬਿਆਨ ਦਿੱਤਾ ਕਿ “ਜੇ ਅਕਾਲੀ ਇਸ ਗੁਰਦੁਆਰਾ ਬਿੱਲ ਨੂੰ ਮਨਜ਼ੂਰ ਕਰ ਲੈਣ ਅਤੇ ਇਸ ’ਤੇ ਅਮਲ ਕਰਨ ਦਾ ਯਕੀਨ ਦਿਵਾਉਣ ਤਾਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ।” ਅਕਾਲੀ ਆਗੂਆਂ ਨੇ ਇੰਞ ਰਿਹਾਈ ਹਾਸਿਲ ਕਰਨ ਤੋਂ ਨਾਂਹ ਕਰ ਦਿੱਤੀ। ਪਰ, ੨੧ ਜਨਵਰੀ ੧੯੨੬ ਦੇ ਦਿਨ ਰਿਸਾਲਦਾਰ ਸੁੰਦਰ ਸਿੰਘ ਅਤੇ ਰਿਸਾਲਦਾਰ ਜੋਧ ਸਿੰਘ ਨੇ ਉਪਰਲੀ ਸ਼ਰਤ ਮੰਨ ਕੇ ਰਿਹਾਈ ਹਾਸਿਲ ਕਰ ਲਈ। ੨੫ ਜਨਵਰੀ ਨੂੰ ਬਾਵਾ ਹਰਿਕਿਸ਼ਨ ਸਿੰਘ ਵੀ ਇਸੇ ਸ਼ਰਤ ’ਤੇ ਬਾਹਰ ਆ ਗਏ। ਉਨ੍ਹਾਂ ਦੇ ਮਗਰੇ ਮਗਰ ਗਿਆਨੀ ਸ਼ੇਰ ਸਿੰਘ, ਸ: ਬ: ਮਹਿਤਾਬ ਸਿੰਘ, ਹੈਡਮਾਸਟਰ ਮਹਿਤਾਬ ਸਿੰਘ, ਸ: ਗੁਰਦਿੱਤ ਸਿੰਘ ਬਹਿਲੋਲਪੁਰ, ਸ: ਪਿਆਰਾ ਸਿੰਘ ਕਨੇਡੀਅਨ, ਸ: ਗੋਪਾਲ ਸਿੰਘ ਸਾਗਰੀ, ਕੈਪਟਨ ਰਾਮ ਸਿੰਘ, ਭਗਤ ਜਸਵੰਤ ਸਿੰਘ, ਸ: ਦਾਨ ਸਿੰਘ ਵਛੋਆ, ਸ: ਪ੍ਰੀਤਮ ਸਿੰਘ ਅਨੰਦਪੁਰ, ਪ੍ਰੋ: ਸਾਹਿਬ ਸਿੰਘ, ਸ: ਦਲੀਪ ਸਿੰਘ, ਸ: ਕਿਰਪਾਲ ਸਿੰਘ ਅੰਮ੍ਰਿਤਸਰ, ਸ: ਗੁਰਬਖਸ਼ ਸਿੰਘ ਦਿੱਲੀ, ਸ: ਗੁਰਦਿੱਤ ਸਿੰਘ (ਐਡੀਟਰ ਨੇਸ਼ਨ), ਸ: ਕਿਸ਼ਨ ਸਿੰਘ ਅੰਮ੍ਰਿਤਸਰ, ਸ: ਬਾਲ ਸਿੰਘ ਕਨੇਡੀਅਨ, ਸ: ਮਿਤ ਸਿੰਘ ਕਨੇਡੀਅਨ, ਸ: ਬਖਸ਼ੀਸ਼ ਸਿੰਘ ਭਮੱਦੀ ਨੇ ਵੀ ਸ਼ਰਤਾਂ ਮੰਨਣ ਦਾ ਐਲਾਨ ਕੀਤਾ ਅਤੇ ਰਿਹਾ ਹੋ ਗਏ। ੧੮ ਫ਼ਰਵਰੀ ੧੯੨੬ ਦੇ ਦਿਨ ਸ: ਤੇਜਾ ਸਿੰਘ ਚੂਹੜਕਾਣਾ ਨੇ ਵੀ (ਉਸ ਦੇ ਆਪਣੇ ਲਫ਼ਜ਼ਾਂ ਵਿਚ) ਇਸੇ ‘ਮੋਰੀ’ ਵਿੱਚੋਂ ਲੰਘ ਕੇ ਰਿਹਾਈ ਹਾਸਿਲ ਕਰ ਲਈ। ਪਰ, ਬਾਕੀ ੧੬ ਆਗੂਆਂ ਨੇ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। ਇਹ ਆਗੂ ਸਨ : ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ: ਗੋਪਾਲ ਸਿੰਘ ਕੌਮੀ, ਸ: ਸਰਮੁਖ ਸਿੰਘ ਝਬਾਲ, ਸ: ਸੋਹਨ ਸਿੰਘ ਜੋਸ਼, ਜ: ਤੇਜਾ ਸਿੰਘ ਅਕਰਪੁਰੀ, ਸ: ਹਰੀ ਸਿੰਘ ਜਲੰਧਰੀ, ਸ: ਗੁਰਚਰਨ ਸਿੰਘ ਵਕੀਲ, ਬਾਬੂ ਤ੍ਰਿਪਤ ਸਿੰਘ, ਸ: ਸੰਤਾ ਸਿੰਘ ਸੁਲਤਾਨਵਿੰਡ, ਸ: ਤੇਜਾ ਸਿੰਘ ਘਵਿੰਡ, ਸ: ਹਰੀ ਸਿੰਘ (ਐਡੀਟਰ ਅਕਾਲੀ) ਸ: ਰਾਏ ਸਿੰਘ ਕਾਉਣੀ, ਸ: ਖੜਕ ਸਿੰਘ ਤੇ ਸ: ਸੇਵਾ ਸਿੰਘ ਠੀਕਰੀਵਾਲਾ ਇਨ੍ਹਾਂ ਵਿੱਚੋਂ ਸ: ਤੇਜਾ ਸਿੰਘ ਸਮੁੰਦਰੀ ੧੭ ਜੁਲਾਈ ੧੯੨੬ ਦੇ ਦਿਨ ਚੜ੍ਹਾਈ ਕਰ ਗਏ। ਬਾਕੀਆਂ ਵਿੱਚੋਂ ਬਾਬਾ ਖੜਕ ਸਿੰਘ ਅਤੇ ਸ: ਸੇਵਾ ਸਿੰਘ ਠੀਕਰੀਵਾਲਾ ਨੂੰ ਛੱਡ ਕੇ ਹੋਰ ਸਾਰਿਆਂ ਨੂੰ ੧੭ ਸਤਬੰਰ ੧੯੨੬ ਦੇ ਦਿਨ ਰਿਹਾ ਕਰ ਦਿੱਤਾ ਗਿਆ। ਇਸ ਤੋਂ ਚਾਰ ਦਿਨ ਪਹਿਲਾਂ ੧੩ ਸਤੰਬਰ ੧੯੨੬ ਦੇ ਦਿਨ ਸਰਕਾਰ ਨੇ ਐਲਾਨ ਨੰਬਰ ੪੪੪੨-ਐਸ ਮੁਤਾਬਿਕ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣ ਦਾ ਹੁਕਮ ਵਾਪਿਸ ਲੈ ਲਿਆ ਸੀ। ਜਦੋਂ ਸਾਰੇ ਅਕਾਲੀ (ਬਾਬਾ ਖੜਕ ਸਿੰਘ ਅਤੇ ਸ: ਸੇਵਾ ਸਿੰਘ ਠੀਕਰੀਵਾਲਾ ਨੂੰ ਛੱਡ ਕੇ) ਰਿਹਾ ਹੋ ਕੇ ਬਾਹਰ ਆਏ ਤਾਂ ਪਹਿਲੋਂ ਸ਼ਰਤਾਂ ਮੰਨ ਕੇ ਰਿਹਾ ਹੋਣ ਵਾਲਿਆਂ ਅਤੇ ਸ਼ਰਤਾਂ ਨਾ-ਮੰਨਣ ਵਾਲਿਆਂ ਦੇ ਦੋਹਾਂ ਧੜਿਆਂ ਵਿਚ ਠੰਡੀ-ਜੰਗ ਸ਼ੁਰੂ ਹੋ ਗਈ। ਸ: ਬ: ਮਹਿਤਾਬ ਸਿੰਘ ਤੇ ਗਿ: ਸ਼ੇਰ ਸਿੰਘ ਗਰੁੱਪ, ਜੋ ੨੫ ਜਨਵਰੀ ਦੇ ਦਿਨ ਰਿਹਾ ਹੋ ਕੇ ਆ ਚੁੱਕਾ ਸੀ, ਨੇ ਆਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਕਰਵਾ ਲਈ ਸੀ। ਇਸ ਚੋਣ ਵਿਚ ਸ: ਬ: ਮਹਿਤਾਬ ਸਿੰਘ ਨੇ ੭੭ ਵੋਟਾਂ ਅਤੇ ਜ਼ੇਲ੍ਹ ’ਚ ਬੈਠੇ ਗਰੁੱਪ ਦੇ ਨੁਮਾਇੰਦੇ ਸ: ਭਾਗ ਸਿੰਘ ਕਨੇਡੀਅਨ ਨੂੰ ੪੪ ਵੋਟਾਂ ਪਈਆਂ ਸਨ। ਇਸ ਮੀਟਿੰਗ ’ਚੋਂ ਸ: ਅਮਰ ਸਿੰਘ ਝਬਾਲ, ਸ: ਜਸਵੰਤ ਸਿੰਘ ਝਬਾਲ ਅਤੇ ਹੋਰ ਅਕਾਲੀ ਆਗੂ ਵਾਕ ਆਊਟ ਕਰ ਗਏ ਅਤੇ ਉਨ੍ਹਾਂ ਆਪਣੀ “ਅਕਾਲੀ ਪਾਰਟੀ” ਦੇ ਨਾਂ ਹੇਠ ਇਕ ਵੱਖਰਾ ਗਰੁੱਪ ਕਾਇਮ ਕਰ ਲਿਆ ਸੀ। ਇਸ ਦੇ ਪ੍ਰਧਾਨ ਸ: ਭਾਗ ਸਿੰਘ ਕਨੇਡੀਅਨ ਅਤੇ ਜਨਰਲ ਸਕੱਤਰ ਸ: ਜਸਵੰਤ ਸਿੰਘ ਝਬਾਲ ਬਣੇ ਸਨ। ਸ: ਬ: ਮਹਿਤਾਬ ਸਿੰਘ ਇਸ ਤੋਂ ਘਬਰਾ ਗਏ ਤੇ

ਉਨ੍ਹਾਂ ਨੇ ਆਪਸੀ ਏਕਤਾ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਅਖ਼ੀਰ ਫ਼ੈਸਲਾ ਹੋਇਆ ਕਿ ਅਪ੍ਰੈਲ ੧੯੨੬ ਵਿਚ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਕਰਵਾਈਆਂ ਜਾਣ।

ਸ: ਬ: ਮਹਿਤਾਬ ਸਿੰਘ ਨੇ ਸਮਝੌਤਾ ਤਾਂ ਕਰ ਲਿਆ ਪਰ ਜਦੋਂ ਚੋਣਾਂ ਦਾ ਵੇਲਾ ਆਇਆ ਤਾਂ ਉਨ੍ਹਾਂ ਦਾ ਦਿਲ ਬਦਲ ਗਿਆ। ਇਸ 'ਤੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ੨੧ ਅਪ੍ਰੈਲ ਨੂੰ ਆਪਣੀ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ੨੧-੨੨ ਮਈ ਦੇ ਦਿਨ "ਸਰਬਤ ਖਾਲਸਾ" ਇਕੱਠ ਬੁਲਾ ਕੇ ਉਸ ਵਿਚ ਪੰਥਕ ਹਾਲਾਤ ਬਾਰੇ ਵਿਚਾਰ ਕੀਤਾ ਜਾਵੇ ਦੂਜੇ ਪਾਸੇ ਏਕਤਾ ਦੀ ਗੱਲਬਾਤ ਵੀ ਚਲਦੀ ਰਹੀ। ਅਕਾਲੀਆਂ ਵਿੱਚੋਂ ਇਕ ਗਰੁੱਪ ਸਰਬਤ ਖਾਲਸਾ ਕਾਨਫ਼ਰੰਸ ਕੈਂਸਲ ਕਰਨ ਦੇ ਹੱਕ ਵਿਚ ਹੋ ਗਿਆ। ਇਸ ਹਾਲਤ ਵਿਚ ੨੦ ਮਈ ਦੇ ਦਿਨ ਅਕਾਲੀ ਦਲ ਦੀ ਨਵੀਂ ਚੋਣ ਹੋਈ। ਸ: ਅਮਰ ਸਿੰਘ ਝਬਾਲ ਪ੍ਰਧਾਨ ਚੁਣੇ ਗਏ। ਇਸ ਦੇ ਨਾਲ ਹੀ ਉਨ੍ਹਾਂ ਦੇ ਖ਼ਿਲਾਫ਼ ਸਰਬਤ ਖਾਲਸਾ ਕਾਨਫ਼ਰੰਸ ਮੁਲਤਵੀ ਕਰਨ ਦੀ ਨਿੰਦਾ ਦਾ ਮਤਾ ਵੀ ਰੱਖਿਆ ਗਿਆ। ਇਸ 'ਤੇ ਸ: ਅਮਰ ਸਿੰਘ ਜਥੇਦਾਰੀ ਛੱਡ ਗਏ। ਨਵੀਂ ਚੋਣ ਵਿਚ ਸ: ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਜਥੇਦਾਰ ਅਤੇ ਡਾਕਟਰ ਠਾਕਰ ਸਿੰਘ ਇਕੋਲਾਹਾ ਜਨਰਲ ਸਕੱਤਰ ਚੁਣੇ ਗਏ। ਉਨ੍ਹਾਂ ੧੦-੧੧ ਜੂਨ ਨੂੰ ਸਰਬਤ ਖਾਲਸਾ ਕਾਨਫ਼ਰੰਸ ਰੱਖ ਲਈ। ਜਦੋਂ ਕਾਨਫ਼ਰੰਸ ਹੋਈ ਤਾਂ ਉਸ ਵਿਚ ਗੜਗੱਜ ਅਕਾਲੀ ਜੱਥਾ ਅਤੇ ਸੈਂਟਰਲ ਮਾਝਾ ਦੀਵਾਨ ਦਾ ਪਲੜਾ ਭਾਰੀ ਹੋ ਗਿਆ। "ਸਰਬਤ ਖਾਲਸਾ" ਕਾਨਫ਼ਰੰਸ ਨੇ ੨੯੧ ਦੇ ਮੁਕਾਬਲੇ ੭੦੩ ਵੋਟਾਂ ਨਾਲ ਗੁਰਦੁਆਰਾ ਐਕਟ ਰੱਦ ਕਰਨ, ਕੈਦੀ ਰਿਹਾ ਕਰਨ, ਮਹਾਰਾਜਾ ਨਾਭਾ ਦੀ ਬਹਾਲੀ ਦੇ ਮਤੇ ਪਾਸ ਕੀਤੇ। ਇਕੱਠ ਨੇ ਸ਼੍ਰੋਮਣੀ ਕਮੇਟੀ ਤੋਂ ਕਬਜ਼ਾ ਲੈਣ ਵਾਸਤੇ ੨੧ ਮੈਂਬਰੀ ਕਮੇਟੀ ਬਣਾਈ। ਇਹ ਚਾਰੇ ਮਤੇ ਅਕਾਲੀ ਪਾਰਟੀ ਦੀ ਪਾਲਿਸੀ ਦੇ ਉਲਟ ਸਨ। ਇੰਞ ਇਹ ਕਾਨਫ਼ਰੰਸ ਅਕਾਲੀ ਪਾਰਟੀ ਵਾਸਤੇ ਨੁਕਸਾਨਦੇਹ ਸਾਬਿਤ ਹੋਈ।

ਗੁਰਦੁਆਰਾ ਐਕਟ ਹੇਠ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ "ਸੈਂਟਰਲ ਬੋਰਡ" ਬਣਾਇਆ ਗਿਆ। ਇਸ ਦੀਆਂ ਚੋਣਾਂ ੧੮ ਜੂਨ ੧੯੨੬ ਦੇ ਦਿਨ ਹੋਈਆਂ। ਚੋਣਾਂ ਵੇਲੇ ਉਮੀਦਵਾਰਾਂ ਦੇ ਕਾਗਜ਼ਾਂ ਦੀ ਪੜਤਾਲ ਦੌਰਾਨ ਸ: ਬ: ਮਹਿਤਾਬ ਸਿੰਘ ਨੇ ਮਾਸਟਰ ਤਾਰਾ ਸਿੰਘ ਅਤੇ ਸ: ਅਮਰ ਸਿੰਘ ਵਾਸੂ ਦੇ ਕਾਗਜ਼ ਰੱਦ ਕਰਵਾ ਦਿੱਤੇ ਪਰ ਜਦ ਚੋਣਾਂ ਦੇ ਨਤੀਜੇ ਆਏ ਤਾਂ ਸ: ਬ: ਮਹਿਤਾਬ ਸਿੰਘ ਗਰੁੱਪ ੧੨੦ ਵਿੱਚੋਂ ਸਿਰਫ਼ ੨੬ ਸੀਟਾਂ ਹੀ ਜਿੱਤ ਸਕਿਆ। ਅਕਾਲੀ ਪਾਰਟੀ ਨੇ ੮੫ ਸੀਟਾਂ 'ਤੇ ਜਿੱਤ ਹਾਸਿਲ ਕੀਤੀ। ਕੁਝ ਸੀਟਾਂ ਰਿਆਸਤਾਂ ਦੀਆਂ ਅਤੇ ਕੁਝ ਨਾਮਜ਼ਦਗੀਆਂ ਦੀਆਂ ਵੀ ਸਨ। ੪ ਸਤੰਬਰ ਨੂੰ ਨਾਮਜ਼ਦਗੀਆਂ ਹੋਈਆਂ। ਨਵੇਂ ਸੈਂਟਰਲ ਬੋਰਡ ਦੇ ਪ੍ਰਧਾਨ ਦੀ ਚੋਣ ਵਿਚ ਸ: ਮੰਗਲ ਸਿੰਘ ਨੂੰ ੮੨ ਵੋਟਾਂ ਪਈਆਂ ਅਤੇ ਸ: ਬ: ਮਹਿਤਾਬ ਸਿੰਘ ਗਰੁੱਪ ਦੇ ਸ: ਜੋਗਿੰਦਰ ਸਿੰਘ ਵਕੀਲ (ਰਾਏ ਪੁਰ) ਨੂੰ ੫੩ ਵੋਟਾਂ ਪਈਆਂ। ਸਰਕਾਰੀ ਹਮਾਇਤੀ ਤੇ ਰਿਆਸਤਾਂ ਦੇ ਨੁਮਾਇੰਦੇ, ਸਾਰੇ ਦੇ ਸਾਰੇ, ਸ: ਬ: ਮਹਿਤਾਬ ਸਿੰਘ ਦੇ ਹੱਕ ਵਿਚ ਸਨ। ਇੰਞ ਪਹਿਲੀ ਚੋਣ ਵਿਚ "ਪੰਥਕ ਸੋਚ" ਵਾਲੇ ਆਗੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜ਼ਾ ਹੋ ਗਏ ਅਤੇ ਇਹ ਪੈਟਰਨ ੧੯੬੦ ਹਰ ਚੋਣ ਵਿਚ ਕਾਇਮ ਰਿਹਾ।

☆ ☆ ☆

ਗੁਰਦੁਆਰਾ ਸੁਧਾਰ ਲਹਿਰ ਦਾ ਰੋਜ਼ਨਾਮਚਾ

੧੯੨੦ ਵਿਚ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਵਾਸਤੇ ਜੋ ਲਹਿਰ ਚਲੀ ਉਹ ਇਕ ਦਮ ਹੀ ਸ਼ੁਰੂ ਨਹੀਂ ਹੋ ਗਈ ਸੀ। ੨੧ ਮਈ ੧੯੨੦ ਦੇ ਦਿਨ ਅਕਾਲੀ ਅਖ਼ਬਾਰ ਸ਼ੁਰੂ ਹੋਣ ਮਗਰੋਂ, ਇਸ ਵਿਚ ਲਗਾਤਾਰ ਗੁਰਦੁਆਰਿਆਂ ਦੀ ਹਾਲਤ ਬਾਰੇ ਖ਼ਬਰਾਂ ਛਪਦੀਆਂ ਰਹਿੰਦੀਆਂ ਸਨ। ਹਰ ਪਾਸੇ ਸੰਜੀਦਾ ਸਿਖ ਇਸ ਬਾਰੇ ਫ਼ਿਕਰਮੰਦ ਸਨ। ਹਰ ਪਾਸੇ ਦੀਵਾਨ ਹੋ ਰਹੇ ਸਨ ਤੇ ਗੁਰਮਤੇ ਪਾਸ ਹੋ ਰਹੇ ਸਨ। ਮਹੰਤਾਂ ਦੀਆਂ ਕਰਤੂਤਾਂ ਬਾਰੇ ਖ਼ਬਰਾਂ ਛਪ ਰਹੀਆਂ ਸਨ। ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਮਸਲਾ ਫੇਰ ਉਠ ਖੜਾ ਹੋਇਆ ਸੀ। ਖ਼ਾਲਸਾ ਕਾਲਜ ਨੂੰ ਪੰਥਕ ਹੱਥਾਂ ਵਿਚ ਲਿਆਉਣ ਵਾਸਤੇ ਜਦੋਜਹਿਦ ਚਲ ਪਈ ਸੀ। ਇਸ ਸਾਰਾ ਕੁਝ ਦੇ ਰੋਜ਼ਨਾਮਚੇ ਨੂੰ ਹੇਠਾਂ ਹੂ-ਬ-ਹੂ ਪੇਸ਼ ਕੀਤਾ ਜਾ ਰਿਹਾ ਹੈ :-

ਅਕਾਲੀ ਲਾਹੌਰ ੧੦ ਜੂਨ ੧੯੨੦

ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?

ਕਿਸੇ ਹੋਰ ਸਫੇ ਤੇ ਇਕ ਚਿੱਠੀ ਛਪੀ ਹੈ ਕਿ ਇਕ ਸਿੰਘ ਗੁਰ ਮਰਯਾਦਾ ਕਰ ਕੇ ਤਖ਼ਤ ਅਕਾਲ ਬੁੰਗੇ ਕੜਾਹ ਪ੍ਰਸ਼ਾਦਿ ਅਤੇ ਅਰਦਾਸਾ ਲੈ ਕੇ ਗਿਆ ਜੋ ਪੁਜਾਰੀਆਂ ਨੇ ਨਹੀਂ ਲਿਆ। ਇਸ ਤੋਂ ਪਹਿਲਾਂ ਵੀ ਇਹੋ ਜੇਹੀਆਂ ਕਈ ਸ਼ਿਕਾਇਤਾਂ ਹੋ ਚੁੱਕੀਆ ਹਨ ਅਤੇ ਸਾਰੇ ਜਾਣਦੇ ਹਨ ਕਿ ਇਥੇ ਮਾਈ ਰਾਮ ਕੌਰ ਜੀ ਨੂੰ ਸ਼ਬਦ ਪੜ੍ਹਦਿਆਂ ਪੁਜਾਰੀਆਂ ਨੇ ਕੁਟਿਆ, ਭਸੌੜ ਦੀਆਂ ਭੁਝੰਗਣਾ ਨੂੰ ਸ਼ਬਦ ਪੜ੍ਹਨ ਤੋਂ ਰੋਕਿਆ, ਅਨੰਦ ਮੈਰਿਜ ਐਕਟ ਦੇ ਵਿਰੁਧ ਗੁਰਮਤਾ ਪਾਸ ਕਰ ਕੇ ਭੇਜਿਆ ਇਕ ਸਿੰਘ ਸਰਦਾਰ ਦੀ ਨਿਰਾਦਰੀ ਕੀਤੀ ਤੇ ਅੰਦਰ ਵੜਨ ਨਾ ਦਿੱਤਾ ਜਿਸ ਦੇ ਦਿਲ ਤੇ ਅਜਿਹੀ ਚੋਟ ਲੱਗੀ ਕਿ ਉਹ ਈਸਾਈ ਬਣ ਕੇ ਈਸਾਈਆਂ ਦਾ ਇਕ ਜ਼ਬਰਦਸਤ ਪ੍ਰਚਾਰਕ ਬਣਿਆ। ਹੋਰ ਰਾਤ ਦਿਨੇ ਜਿਸ ਮੱਤ ਦਾ ਪ੍ਰਚਾਰ ਹੁੰਦਾ ਰਹਿੰਦਾ ਹੈ ਅਤੇ ਜੋ ਸਦਾਚਾਰ ਦੀ ਸਿਖਿਆ ਲੋਕਾਂ ਨੂੰ ਇਥੋਂ ਮਿਲਦੀ ਹੈ, ਸ੍ਰਬਰਾਹ ਸਾਹਿਬ ਅਤੇ ਪੁਜਾਰੀ ਉਸ ਦਾ ਪ੍ਰਤੱਖ ਨਮੂਨਾ ਹਨ।

ਦਰਬਾਰ ਸਾਹਿਬ ਨੂੰ ਹੁਣ ਸਿੱਖਾਂ ਦਾ ਦੱਸ ਕੇ ਕਿਉਂ ਦੁਨੀਆਂ ਨੂੰ ਗੁਰ ਸਿਖੀ ਨਾਲ ਘ੍ਰਿਣਾ ਪੈਦਾ ਕਰ ਰਹੇ! ਦਰਬਾਰ ਸਾਹਿਬ ਦੇ ਦਰਸ਼ਨ ਕਰ ਕੇ ਪੁਜਾਰੀਆਂ ਅਤੇ ਸ੍ਰਬਰਾਹ ਸਾਹਿਬ ਨੂੰ ਮਿਲ ਕੇ ਹੋਰ ਮੱਤਾਂ ਵਾਲੇ ਗੁਰ ਸਿੱਖਾਂ ਬਾਬਤ ਕੀ ਭਾਵ ਦਿਲ ਵਿਚ ਲੈ ਜਾਂਦੇ ਹੋਣਗੇ ? ਪਿਆਰੇ ਖਾਲਸਾ ਜੀ ਜੇ ਤੁਹਾਡੇ ਅੰਦਰ ਭਾਈ ਮਨੀ ਸਿੰਘ ਵਰਗੀ ਕੁਰਬਾਨੀ ਨਹੀਂ, ਜੇ ਤੁਹਾਡੇ ਅੰਦਰ ਸ਼ਹੀਦ ਮਹਿਤਾਬ ਸਿੰਘ ਜੀ ਵਰਗੀ ਅਣਖ ਨਹੀ, ਜੇ ਤੁਹਾਡੇ ਸੀਨੇ ਅੰਦਰ ਅਕਾਲੀ ਫੂਲਾ ਸਿੰਘ ਵਰਗਾ ਦਿਲ ਨਹੀਂ ਤਾਂ ਕਿਉਂ ਨਹੀਂ ਐਲਾਨ ਕਰ ਦੇਂਦੇ ਕਿ **ਹੁਣ ਦਰਬਾਰ ਸਾਹਿਬ ਸਿੱਖਾਂ ਦਾ ਨਹੀ।** ਪੁਜਾਰੀਆਂ ਨੂੰ ਬੁਰਾ ਬਲਾ ਕਹਿਣ ਦਾ ਕੀ ਫਾਇਦਾ ਹੈ। ਸ੍ਰਬਰਾਹ ਸਾਹਿਬ ਨੂੰ ਕੋਸਨ ਦਾ ਕੀ ਲੋੜ ਹੈ ? ਜਦ ਉਹ ਮੰਨਦੇ ਹੀ ਨਹੀਂ ਕਿ ਦਰਬਾਰ ਸਾਹਿਬ ਸਿੱਖ ਪੰਥ ਦਾ ਹੈ ਅਤੇ ਇਸ ਦਾ ਪ੍ਰਬੰਧ ਪੰਥ ਦੀ ਮਰਜੀ ਅਨੁਸਾਰ ਹੋਣਾ ਚਾਹੀਦਾ ਹੈ। ਗੌਵਰਮੈਂਟ ਸਰਬਰਾਹ ਨੂੰ ਮੁੱਕਰਰ ਕਰਦੀ ਹੈ ਤੇ ਸ੍ਰਬਰਾਹ ਦਰਬਾਰ ਸਾਹਿਬ ਦਾ ਖੁਦਮੁਖ਼ਤਾਰ ਬਾਦਸ਼ਾਹ ਹੈ। ਪੁਜਾਰੀ ਉਸ ਦੀ ਪ੍ਰਜਾ ਹਨ। ਦੂਜੇ ਦੀ ਪ੍ਰਜਾ ਨੂੰ ਤੁਹਾਡਾ ਕੁਝ ਕਹਿਣ ਦਾ ਕੀ ਹੱਕ ਹੈ ? ਪਿਆਰੇ ਖਾਲਸਾ ਜੀ ਜਦ ਤੀਕ ਦਰਬਾਰ ਸਾਹਿਬ ਦਾ ਪ੍ਰਬੰਧ ਪੰਥ ਦੇ ਸਪੁਰਦ ਨਹੀਂ ਹੁੰਦਾ, ਪੁਜਾਰੀਆਂ ਨੇ ਇਸੇ ਤਰ੍ਹਾਂ ਕਹਦੇ ਰਹਿਣਾ ਹੈ ਅਤੇ ਤੁਹਾਡੀਆਂ ਸ਼ਿਕਾਇਤਾ **"ਅੰਨ੍ਹਿਆਂ ਅੱਗੇ ਰੋਣਾ ਅਖੀਆਂ ਦਾ ਖਹੁ"** ਤੋਂ ਵੱਧ ਕੋਈ ਮੁਲ ਨਹੀਂ ਰੱਖਦੀਆਂ। ਫੋਕਾ ਜੋਸ਼ ਅਤੇ

ਗੁਰਸਿਖੀ ਤੇ ਧਰਮ ਮੰਦਰਾਂ ਨਾਲ ਥੋਥਾ ਪਿਆਰ ਪ੍ਰਗਟ ਕਰਨ ਤੋਂ ਕੀ ਲਾਭ ਹੈ ?

ਆਪਣੇ ਪਵਿੱਤਰ ਧਾਰਮਿਕ ਅਸਥਾਨਾਂ ਤੇ ਅਸੂਲਾਂ ਨਾਲ ਪਿਆਰ ਹੈ ਮੁਸਲਮਾਨਾਂ ਦੇ ਦਿਲ ਵਿਚ। ਟਰਕੀ ਹਜ਼ਾਰਾਂ ਕੋਹ ਦੂਰ ਹੈ ਅਤੇ ਲੱਖਾਂ ਮੁਸਲਮਾਨਾਂ ਨੇ ਮੱਕਾ ਤੇ ਮਦੀਨੇ ਦੀ ਕਦੀ ਯਾਤਰਾ ਵੀ ਨਹੀਂ ਕੀਤੀ ਹੋਈ, ਪਰ ਉਸ ਦੇ ਵਾਸਤੇ ਹਰ ਇਕ ਮੁਸਲਮਾਨ ਦੀ ਰਗ-ਰਗ ਵਿਚ ਖ਼ੂਨ ਜੋਸ਼ ਮਾਰ ਰਿਹਾ ਹੈ ਤੇ ਉਹ ਹਿੰਦੁਸਤਾਨ ਵਿਚੋਂ ਘਰ ਬਾਰ ਛਡ ਕੇ ਤੁਰੇ ਜਾ ਰਹੇ ਹਨ ਤੇ ਕਹਿੰਦੇ ਹਨ, ਕਿ ਜਿਹੜੀ ਗੌਵਰਮੈਂਟ ਸਾਡੇ ਧਰਮ ਵਿਚ ਹੱਥ ਪਾ ਰਹੀ ਹੈ ਸਾਡੀ ਉਸ ਨਾਲ ਬਣ ਨਹੀਂ ਸਕਦੀ। ਇਸ ਲਈ ਉਸ ਦਾ ਰਾਜ ਹੀ ਛਡ ਜਾਂਦੇ ਹਾਂ ਹੁਣ ਹੀ ਗੌਵਮੈਂਟ ਹਿੰਦ ਨੂੰ ਨੋਟਿਸ ਦੇਣ ਦੀ ਖਬਰ ਆਈ ਹੈ ਕਿ ਜੇ ਬਰਤਾਨੀਆਂ ਮੁਸਲਮਾਨਾਂ ਦੇ ਧਰਮ ਵਿਚ ਦਖ਼ਲ ਦੇਣਾ ਨਾ ਛਡਣਗੇ ਤਾਂ ਉਹ ਗੌਵਰਮੈਂਟ ਨਾਲ ਮੇਲ ਰੱਖ ਕੇ ਕੰਮ ਕਰਨਾ ਛੱਡ ਦੇਣਗੇ। ਉਹ ਨਜ਼ਰਬੰਦ ਹੋ ਰਹੇ ਹਨ, ਜੇਲ੍ਹਖਾਨਿਆਂ ਵਿਚ ਪੈ ਰਹੇ ਹਨ, ਪਰ ਉਨ੍ਹਾਂ ਦਾ ਦੀਨੀ ਜੋਸ਼ ਤੇਜ਼ ਹੀ ਹੋ ਰਿਹਾ ਹੈ। ਉਨ੍ਹਾਂ ਦੇ ਲੀਡਰ ਯੂਰਪ ਤੇ ਅਮਰੀਕਾ ਵਿਚ ਜਾ ਕੇ ਦੁਹਾਈ ਪਾ ਰਹੇ ਹਨ ਕਿ ਗਵਰਮੈਂਟ ਸਾਡੇ ਤੇ ਜ਼ੁਲਮ ਕਰ ਰਹੀ ਹੈ।

ਐ ਖਾਲਸਾ ਕੌਮ ਦੇ ਲੀਡਰੋ! ਜੇ ਤੁਹਾਨੂੰ ਦਰਬਾਰ ਸਾਹਿਬ ਦੀ ਹਾਲਤ ਦਿਲ ਵਿਚ ਦਰਦ ਨਹੀਂ ਪੈਦਾ ਕਰਦੀ ਤੁਹਾਨੂੰ ਠੰਡੀਆਂ ਸੈਰਾਂ ਤੇ ਮੋਟਰਾਂ ਦੀਆਂ ਸਵਾਰੀਆਂ ਨਹੀਂ ਭੁਲਦੀਆਂ ਤਾਂ ਡੁਬ ਕੇ ਮਰ ਜਾਵੋ! ਜਿਸ ਦਰਬਾਰ ਸਾਹਿਬ ਵਿਚ ਲੱਗੀਆਂ ਹੋਈਆਂ ਇੱਟਾਂ ਨਾਲੋਂ ਸ਼ਹੀਦ ਸਿੱਖਾਂ ਦੇ ਸਿਰ ਬਾਹਲੇ ਲੱਗੇ ਹਨ। ਜਿਸ ਦਰਬਾਰ ਸਾਹਿਬ ਦਾ ਤਾਲ ਪਹਿਲਾਂ ਸਿੱਖਾਂ ਸ਼ਹੀਦਾਂ ਦੇ ਖ਼ੂਨ ਨਾਲ ਭਰਨ ਹੋ ਚੁਕਾ ਹੈ। ਹਾਇ ਹਨੇਰ! ਅੱਜ ਉਹ ਵੀ ਸਾਡੇ ਪ੍ਰਬੰਧ ਵਿਚ ਨਹੀਂ ਜਿਸ ਆਦਮੀ ਦੀ ਰੋਟੀ ਅਤੇ ਪਾਣੀ ਬੰਦ ਹੋ ਜਾਵੇ ਉਹ ਕਿਤਨਾ ਚਿਰ ਜੀ ਸਕਦਾ ਹੈ। ਜਿਸ ਪੰਥ ਦਾ ਧਰਮ ਦਾ ਸੋਮਾ ਹੋਰ ਮਤਾਂ ਦੇ ਕਬਜ਼ੇ ਹੋਵੇ ਉਹ ਪੰਥ ਬਚ ਸਕਦਾ ਹੈ ? ਲੋਕੀ ਤਾਂ ਸ਼ੱਕ ਕਰਨ ਲੱਗ ਪਏ ਹਨ ਕਿ ਖਾਲਸਾ ਪੰਥ ਵਿੱਚ ਹੁਣ ਅੰਤ ਦੀ ਸਵਾਸ ਹੈ ਅਤੇ ਉਹ ਇਹ ਖ਼ਿਆਲ ਕਰਨ ਵਿਚ ਕਿਸੇ ਹਦ ਤੱਕ ਸੱਚੇ ਵੀ ਹਨ ਕਿਉਂਕਿ ਕਿਥੇ ਉਹ ਸਮਾਂ ਜਦ ਬੰਦਿਆਂ ਨੂੰ ਛਡਾਣਾ, ਮਜ਼ਲੂਮਾਂ ਨੂੰ ਬਚਾਣਾ, ਦੁਸ਼ਟਾਂ ਨੂੰ ਦਬਾਣਾ ਪੰਥ ਦਾ ਧਰਮ ਸੀ। ਕਿਥੇ ਅੱਜ ਆਪਣੇ ਭਰਾਵਾਂ ਨੂੰ ਆਪ ਬਨ੍ਹਾਣਾ, ਅੱਖੀਆਂ ਦੇ ਸਾਹਮਣੇ ਬੇਦੋਸ਼ੇ ਕੋਹੇ ਜਾਣ ਪਰ ਚੁਪ ਰਹਿਣਾ ਅਤੇ ਦੂਜਿਆਂ ਦੇ ਹੱਥੀਂ ਧਰਮ ਅਸਥਾਨ ਸੌਂਪ ਕੇ ਨਰਾਦਰੀ ਹੁੰਦੀ ਤੱਕ ਕੇ ਸਮਾਧੀ ਨਾ ਮਿਲਨੀ।

ਕੀ ਕਰੀਏ!

ਲਾਟ ਸਾਹਿਬ, ਵਾਇਸਰਾਇ ਹਿੰਦ, ਵਜ਼ੀਰ ਹਿੰਦ ਨੂੰ ਗੁਰਮਤੇ ਭੇਜ ਕੇ ਦੁਹਾਈ ਮਚਾ ਦਿਉ, ਪਰ ਜਦ ਤੀਕ ਜਥੇ ਬਣਾ ਕੇ ਲਾਟ ਸਾਹਿਬ, ਵਾਇਸਰਾਇ ਪਾਸ ਜਾ ਕੇ ਉਨ੍ਹਾਂ ਨੂੰ ਸਾਫ ਸਾਫ ਨਾ ਆਖੋਗੇ ਕਿ—ਦਰਬਾਰ ਸਾਹਿਬ ਸਾਡਾ ਹੈ, ਸਾਡਾ ਧਾਰਮਿਕ ਅਸਥਾਨ ਹੈ, ਹੁਣ ਇਸ ਵਿਚ ਹਰ ਕਿਸੇ ਮੱਤ ਦਾ ਦਖਲ ਤੇ ਪ੍ਰਬੰਧ ਅਸੀਂ ਨਹੀਂ ਸਹਾਰਾਗੇ, ਤਦ ਤੀਕ ਕੁਝ ਨਹੀਂ ਬਣਨਾ। ਖਾਲਸਾ ਜੀ! ਹਿਮਤ ਕਰੋ! ਉਦਮ ਨਾਲ ਸਭ ਕਾਰਜ ਫਤਹ ਹੋ ਜਾਂਦੇ ਹਨ।

ਅਕਾਲ ਤਖ਼ਤ ਬੂੰਗਾ ਤੇ ਗੁਰ ਮਰਯਾਦਾ

ਕੁਛ ਸਮਾਂ ਹੋਇਆ ਤਾਂ ਮੇਰੇ ਇਕ ਮਿੱਤਰ ਜੀ ਦਾ ਸ਼ੁਭ ਵਿਵਾਹ ਕਾਰਜ ਪੂਰਨ ਗੁਰ ਮਰਯਾਦਾ ਅਨੁਸਾਰ ਹੋਇਆ। ਜਿਸ ਤੋਂ ਪਿਛੋਂ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਕੜਾਹ ਪ੍ਰਸ਼ਾਦਿ ਤੇ ਅਰਦਾਸਾਂ ਲੈ ਕੇ ਹਾਜ਼ਰ ਹੋਏ। ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਪੁਜਾਰੀ ਜੀ ਨੇ ਤਾਂ ਕੜਾਹ ਪ੍ਰਸ਼ਾਦਿ ਤੇ ਅਰਦਾਸ ਲੈ ਲਈ ਤੇ ਅਰਦਾਸਾ ਸੋਧ ਦਿੱਤਾ, ਪਰ ਜਿਸ ਵਕਤ ਆਪ ਸ੍ਰੀ ਅਕਾਲ ਬੁੰਗਾ ਸਾਹਿਬ ਕੜਾਹ ਪ੍ਰਸ਼ਾਦਿ ਤੇ ਅਰਦਾਸ ਲੈ ਕੇ ਹਾਜ਼ਰ ਹੋਏ ਤਾਂ ਪੁਜਾਰੀ ਨੇ ਕੜਾਹ ਪ੍ਰਸ਼ਾਦਿ ਤੇ ਅਰਦਾਸ ਲੈਣ ਤੋਂ ਇਨਕਾਰ ਕਰ ਦਿੱਤਾ। ਸਬੱਬ ਪੁਛਨ ਤੇ ਉੱਤਰ ਮਿਲਿਆ ਸਿੰਘ ਸਭੀਆਂ ਦੀ ਅਰਦਾਸ ਨਹੀਂ ਹੋ ਸਕਦੀ, ਚੂਕਿ ਆਪ ਨੇ ਗੁਰੂ ਮਰਯਾਦਾ ਅਨੁਸਾਰ ਵਿਵਾਹ ਕੀਤਾ ਹੈ, ਇਸ ਵਾਸਤੇ ਕੜਾਹ ਪ੍ਰਸਾਦਿ ਤੇ ਅਰਦਾਸ ਪ੍ਰਵਾਨ ਨਹੀਂ ਹੋ ਸਕਦੀ। ਉਸ ਮੌਕਿਆ ਸਿੰਘ ਸਭਾ ਦੇ ਇਕ ਪੱਕੇ ਹਾਮੀ ਸੱਜਣ ਵੀ ਮੌਜੂਦ ਸਨ, ਪਰ ਪਤਾ ਨਹੀਂ ਉਸ ਵੇਲੇ ਉਹ ਵੀ ਕਿਉਂ ਮੋਨ ਧਾਰ ਗਏ।

ਅੱਗੇ ਕਈ ਵਾਰੀ ਅਖ਼ਬਾਰਾਂ ਵਿਚ ਇਹੋ ਜਿਹੀਆਂ, ਖਬਰਾਂ ਨਿਕਲ ਚੁੱਕੀਆਂ ਹਨ। ਪਰ ਹੁਣ ਜ਼ਮਾਨਾ 'ਜਾਗ' ਦਾ ਹੈ ਸੁਤਿਆਂ ਰਹਿਣ ਦਾ ਨਹੀਂ। ਹੁਣ ਮੈਦਾਨਾਂ ਵਿਚ ਆ ਕੇ ਕੁਝ ਕੁ ਅਮਲੀ ਕੰਮ ਕਰ ਕੇ ਵਿਖਾਉਣ ਦੀ ਲੋੜ ਹੈ। ਅਤੇ ਸਾਨੂੰ ਅਨੁਭਵ ਕਰਨ ਦਾ ਮਾਦਾ ਪੈਦਾ ਕਰਨਾ ਚਾਹੀਦਾ ਹੈ। ਕਿਤਨੇ ਅਫ਼ਸੋਸ ਦੀ ਗੱਲ ਹੈ ਕਿ

ਗੁਰੂ ਖਾਲਸਾ ਦੀ ਅਨਗੇਹਲੀ ਤੋਂ ਲਾਭ ਉਠਾਂਉਂਦੇ ਹੋਏ ਦਰਬਾਰ ਸਾਹਿਬ ਦੇ ਸੇਵਾਦਾਰ ਸੇਵਾ ਨੂੰ ਛਡ ਕੇ ਇਕੱਲੇ ਮਾਲਕ ਬਣੀ ਬੈਠੇ ਅਤੇ ਮਨ ਆਈਆਂ ਕਰ ਰਹੇ ਹਨ! ਇਹ ਅਖੌਣ ਖੂਬ ਢੁਕਦਾ ਹੈ ਕਿ "ਉਲਟੀ ਵਾੜ ਖੇਤ ਕੋ ਖਾਈ।" ਐ ਸ੍ਰੀ ਕਲਗੀਧਰ ਮਹਾਰਾਜ ਦੇ ਸਾਜੇ ਨਿਵਾਜੇ ਖਾਲਸਾ ਵੀਰੋ, ਕੀ ਇਹ ਜੀਵਦੀਆਂ ਕੌਮਾਂ ਦਾ ਹਾਲ ਹੈ ? ਕਿ ਜਿਸ ਦੇ ਧਰਮ ਅਸਥਾਨ ਹੀ ਅਵਲ ਤਾਂ ਆਪਣੇ ਕਾਬੂ ਵਿਚ ਨਹੀਂ ਹਨ ਅਤੇ ਦੂਸਰੇ ਉਨ੍ਹਾਂ ਦੇ ਪ੍ਰਬੰਧਕਾਂ ਦਾ ਗੁਰਸਿੱਖਾਂ ਨਾਲ ਇਹ ਵਤੀਰਾ ਹੋਵੇ। ਉਹ ਪੁਜਾਰੀ ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਫੈਲ ਐਸ਼ਾਂ ਕਰ ਰਹੇ ਹਨ ਅਤੇ ਬੜੇ-ਬੜੇ ਮਹੱਲ ਬਨਾ ਕੇ ਗੁਲਸ਼ਰੇ ਉਡਾ ਰਹੇ ਹਨ, ਫਿਟਨ੍ਹਾਂ ਤੇ ਬੱਘੀਆਂ ਜਿਨਾਂ ਦੀ ਸਵਾਰੀ ਵਾਸਤੇ ਦਰਵਾਜ਼ਿਆਂ ਤੇ ਹਾਜ਼ਰ ਰਹਿੰਦੀਆਂ ਹਨ, ਫਿਰ ਉਹ ਇਸ ਸਤਿਗੁਰੂ ਜੀ ਦੇ ਹਜ਼ੂਰੀ ਵਿਚ ਕੀਤੇ ਹੋਏ ਵਿਵਾਹ ਨੂੰ ਨਾ ਮੰਨਦੇ ਹੋਏ ਹੀ ਅਰਦਾਸ ਲੈਣ ਤੋਂ ਨਫਰਤ ਕਰਨੀ, ਸ਼ੋਕ! ਮਹਾਂ ਸ਼ੋਕ! ਇਸ ਵੇਲੇ ਜ਼ਰੂਰਤ ਇਸ ਬਾਤ ਦੀ ਹੈ ਕਿ ਸਾਰੀਆਂ ਸਿੰਘ ਸਭਾਵਾਂ ਤੇ ਸਿੱਖ ਲੀਗਾਂ ਦਰਬਾਰ ਸਾਹਿਬ ਦੇ ਮਾਮਲੇ ਤੇ ਖਾਸ ਵਿਚਾਰ ਕਰ ਕੇ ਦਬਾ ਦਬ ਰੈਜ਼ੂਲੇਸ਼ਨ ਪਾਸ ਕਰ ਕੇ ਭੇਜਣ ਅਤੇ ਜਦ ਤਕ ਤਸੱਲੀ ਬਖਸ਼ ਫ਼ੈਸਲਾ ਨਾਲ ਹੋ ਜਾਵੇ ਚੁਪ ਨਾ ਧਾਰਨ ਛਿਮਾਹੀ ਬਾਅਦ ਇਕ ਚਿੱਠੀ ਅਖ਼ਬਾਰ ਵਿਚ ਛਾਪਣ ਨਾਲ ਆਪ ਕਾਮਯਾਬ ਨਹੀਂ ਹੋ ਸਕਦੇ।

ਅਕਾਲੀ ਲਾਹੌਰ, ੧੯ ਜੂਨ-੧੯੨੦

ਚੀਫ਼ ਖਾਲਸਾ ਨਾ ਕਰ ਤਬਾਹ ਸਾਨੂੰ !

ਚੌਥਾ ਨਿਯਮ ਦੀਵਾਨ ਜੋ ਦਸਦਾ ਹੈ,
    ਨਹੀਂ ਏਸਦਾ ਕਖ ਵਸਾਹ ਸਾਨੂੰ।
ਏਸ ਨਿਯਮ ਦੇ ਹੁੰਦਿਆਂ ਗਏ ਲੁਟੇ,
    ਲੱਗੀ ਰਹੀ ਚੁਤਰਫ ਤੋਂ ਢਾਹ ਸਾਨੂੰ।
ਹੋਈਆਂ ਬਹੁਤ ਤਰਟੀਆਂ ਚੌੜ ਅਗੇ,
    ਦਸੋ ਫੇਰ ਨਾਂ ਪਿਛਲੇ ਰਾਹ ਸਾਨੂੰ।
ਟਰਾਂ ਫੋਕੀਆਂ ਦਾ ਦਸੋ ਲਾਭ ਕੀ ਏ,
    ਔਖੇ ਸਮੇਂ ਨਾ ਦੇਂਵਦੇ ਡਾਹ ਸਾਨੂੰ।
ਕੌਮਾ ਗਾਟਾ ਜਹਾਜ਼ ਦਾ ਸਖ਼ਤ ਵੇਲਾ,
    ਅਜੇ ਤੀਕ ਲਗਾਂਵਦਾ ਹਾਰ ਸਾਨੂੰ।
    ਗੁਪਤ ਚਿਠੀਆਂ ਕੀਤੀਆਂ ਤਦੋਂ ਜਾਰੀ,
    ਹਾਇ! ਹਾਇ! ਇਉਂ ਕੀਤਾ ਫਨਾਹ ਸਾਨੂੰ।
ਕਾਲਜ ਦਿੱਤਾ ਸਰਕਾਰ ਨੂੰ ਸੌਂਪ ਸਾਰਾ,
    ਸੇਵਾ ਕਰ ਵਖਾਈ ਜੇ ਆਹ ਸਾਨੂੰ।
ਆਓ ਟਲ ਜਾਓ ਵਾਸਤਾ ਕੌਮ ਦਾ ਜੇ,
    ਫੁਟ ਪਾ ਨਾ ਕਰੀਓ ਤਬਾਹ ਸਾਨੂੰ।
ਰਿਕਾਬਗੰਜ ਦੀ ਕੰਧ ਜਾਂ ਢਹਿਨ ਲੱਗੀ,
    ਕਿਵੇਂ ਡੋਬਿਆ ਸੀ ਲੀਕਾਂ ਲਾ ਸਾਨੂੰ।
ਅਗੇ ਸਾਰੀਆਂ ਪੂਰੀਆਂ ਪਾਈਆਂ ਜੇ,
    ਕੌਮ ਲੈਣ ਹੁਣ ਦਿਹੋ ਜਗਾ ਸਾਨੂੰ।
ਮੁਲਕੀ ਸੇਵਾ ਦਾ ਚਾਓ ਜੇ ਕੁਦਿਆ ਹੈ,
    ਲੀਗ ਵਿਚ ਰਲ ਦੱਸੋ ਕਮਾ ਸਾਨੂੰ।

ਹੋਰ ਫੇਰ ਇਹ ਕਰਨ ਦੀ ਲੋੜ ਕੀਏ,
ਹੁਬ ਕੌਮ ਲਈ ਇਹੋ ਦਿਖਾ ਸਾਨੂੰ ।

ਗਿਆਨੀ ਬੁਢਾ ਸਿੰਘ ਵੈਦ,

ਅਕਾਲੀ ਲਾਹੌਰ, ੧੮ ਜੂਨ ੧੯੨੦

ਸਿੱਖ ਨਾਲ ਮਖੌਲ !

ਜਦ ਹਰ ਅਨਯਮਤੀ ਕਹਿੰਦਾ ਹੈ ਕਿ "ਸਿੱਖਾਂ ਨੂੰ ਦੁਪਹਿਰ ਮਗਰੋਂ ਹੋਸ਼ ਆਉਂਦੀ ਹੈ ! ਅੱਜੇ ਬਾਰਾਂ ਨਹੀਂ ਵਜੇ !" ਤਾਂ ਸਾਡੇ ਦਿਲ ਬਲ ਉਠਦੇ ਹਨ ਅਤੇ ਕਹਿਣ ਵਾਲੇ ਦਾ ਲਹੂ ਪੀਣ ਨੂੰ ਅਸੀਂ ਤਿਆਰ ਹੋ ਜਾਂਦੇ ਹਾਂ ।

ਅਤੇ ਹੋਵੀਏ ਵੀ ਕਿਉਂ ਨਾ ? ਜਦ ਕਿ ਸਿੱਖਾਂ ਨੂੰ ਸਭ ਤੋਂ ਪਹਿਲਾਂ ਹੋਸ਼ ਆਈ ਸੀ ਅਤੇ ਅਸਾਂ ਕਨੈਡਾ ਸਰਕਾਰ ਦੇ ਨਿਆਂ ਨੂੰ ਪਰਖਣ ਵਾਸਤੇ ਉਸ ਵੇਲੇ ਕੌਮਕ-ਗਾਟਾ ਮਾਰੂ ਜਹਾਜ਼ ਖੜਿਆ ਸੀ। ਜਦ ਹੋਰ ਕੌਮਾਂ ਹਾਲਾਂ ਆਪਣਿਆਂ ਬਿਸਤ੍ਰਿਆਂ ਤੇ ਹੀ ਉਘਲ ਰਹੀਆਂ ਸਨ । ਪਰ ਸਤ ਬਚਨੀ ਸਿੱਖਾਂ ਨੂੰ ਅਸੀਂ ਕੀ ਆਖੀਏ, ਜਿਹੜੇ ਕੌਮ ਨਾਲ ਆਪ ਮਖੌਲ ਕਰਦੇ ਹਨ ਅਤੇ ਹੁਣ ੧੨ ਛੱਡ ਚਾਰ ਵਜੇ ਡੈਪੂਟੇਸ਼ਨ ਬਣਾ ਕੇ ਵਲੈਤ ਨੂੰ ਤੁਰ ਪਏ ਹਨ ! ਕਿਹਾ ਚੰਗਾ ਹੁੰਦਾ ਜੇ ਮਿਸਟਰ ਮੈਰਸ ਇਥੇ ਹੀ ਇਨ੍ਹਾਂ ਨੂੰ ਕੁਝ ਭੋਰਾ ਚੋਰਾ ਦੇ ਦੇਂਦੇ ਤਾਂ ਜੋ ਇਨ੍ਹਾਂ ਦੀ ਵਡਿਆਈ ਦੀ ਭੁਖ ਨਾ ਇਨ੍ਹਾਂ ਨੂੰ ਵਲੈਤ ਵਿਚ ਜੂਠੇ ਥਾਲ ਚਟਣ ਜਾਣ ਲਈ ਮਜਬੂਰ ਕਰਦੀ ਤੇ ਨਾ ਲੋਕਾਂ ਨੂੰ ਬਦਨਾਮ ਕਰਨ ਦਾ ਮੌਕਾ ਮਿਲਦਾ ਕਿ ਸਿੱਖਾਂ ਨੂੰ ਸੱਚ ਮੁਚ ਬਾਰਾਂ ਵਜੇ ਪਿਛੋਂ ਹੋਸ਼ ਆਉਂਦੀ ਹੈ । ਕਿਉਂਕਿ ਜਦ ਵੇਲਾ ਸੀ ਤੇ ਹਿੰਦੂ ਮੁਸਲਮਾਨਾਂ ਦੇ ਡੈਪੂਟੇਸ਼ਨ ਵਲੈਤ ਵਿਚ ਜਾ ਕੇ ਅਧਿਕਾਰਾਂ ਲਈ ਝਗੜ ਰਹੇ ਸਨ ਉਸ ਵੇਲੇ ਤਾਂ ਇਹ ਕੁਦਰਤੀ ਲੀਡਰ ਡਰਦੇ ਮਾਰੇ ਦਬ ਕੇ ਰਹੇ, ਮਤਾਂ "ਹਜ਼ੂਰ ਮਾਈ ਬਾਪ" ਨਰਾਜ਼ ਹੋ ਜਾਵੇ ਕਿ ਸਿੱਖ ਹਿੰਦੂ ਮੁਸਲਮਾਨਾਂ ਨਾਲ ਮਿਲ ਗਏ ਹਨ । ਹੁਣ ਜਦ ਕੌਮ ਨੇ ਇਨ੍ਹਾਂ ਵੱਲੋਂ ਨਿਰਾਸ਼ ਹੋ ਕੇ ਸਿੱਖ ਲੀਗ ਬਣਾਈ ਤਾਂ ਇਨ੍ਹਾਂ ਦੇ ਢਿਡੀਂ ਪੀੜਾਂ ਪੈ ਗਈਆਂ । ਸਾਨੂੰ ਸਮਝ ਨਹੀਂ ਆਉਂਦੀ ਕਿ ਕੌਮ ਨੇ ਤਾਂ ਆਪਣਾ ਰਾਜਸੀ ਜਥਾ, ਸਿੱਖ ਲੀਗ ਬਣਾ ਲਿਆ ਹੈ ਅਤੇ ਇਹ ਖਬਰੇ ਕਿਹੜੀ ਕੌਮ ਦਾ ਡੈਪੂਟੇਸ਼ਨ ਚੱਲਿਆ ਹੈ ।

੧੬ ਮਈ ਨੂੰ ਜਿਨ੍ਹਾਂ ਦੋ ਦਰਜਨ ਆਦਮੀਆਂ ਨੇ ਇਹ ਡੈਪੂਟੇਸ਼ਨ ਚੁਣਿਆ ਹੈ, ਉਨ੍ਹਾਂ ਦੀ ਫਰਿਸਤ ਵੀ ਹਾਸੇ ਤੋਂ ਖਾਲੀ ਨਹੀਂ। ਸਾਰੇ ੨੮ ਆਦਮੀ ਹਾਜ਼ਰ ਸਨ, ਜਿਨ੍ਹਾਂ ਵਿਚੋਂ ੧੬ ਅੰਮ੍ਰਿਤਸਰ ੩ ਲਾਹੌਰ, ੨ ਫਿਰੋਜ਼ਪੁਰ, ੨ ਸਿਆਲਕੋਟ, ੧ ਡਿੰਗਾ, ੧ ਜਲੰਧਰ, ੧ ਕੈਂਥਲਪੁਰ ਅਤੇ ੨ ਕੋਟ ਸ਼ੇਰਾਂ ਦੇ ਸਨ। ਪਰ ਸਵਾਦਲੀ ਗੱਲ ਇਹ ਹੈ ਕਿ ਕੌਮ ਦੇ ਕਿਸੇ ਜਥੇ ਨੇ ਇਨ੍ਹਾਂ ਨੂੰ ਚੁਣ ਕੇ ਨਹੀਂ ਭੇਜਿਆ ਅਤੇ ਇਨ੍ਹਾਂ ਨੂੰ ਇਕੱਠਾ ਕਰ ਕੇ ਇਕ ਡੈਪੂਟੇਸ਼ਨ ਬਣ ਗਿਆ, ਜਿਸ ਨੂੰ ਇਸ ਵੇਲੇ ਪੰਥ ਦਾ ਡੈਪੂਟੇਸ਼ਨ ਦੱਸਿਆ ਜਾਂਦਾ ਹੈ। ਸਾਡੇ ਖ਼ਿਆਲ ਵਿਚ ਉਨ੍ਹਾਂ ਸੱਜਣਾਂ ਦੇ ਨਾਮ ਵੀ ਲਿਖ ਦੇਣੇ ਠੀਕ ਹੋਣਗੇ ਤਾਂ ਜੋ "ਚੋਣਵੇਂ ਪੰਥਕ ਸੱਜਣਾਂ" ਦੀ ਇਕੱਤਰਤਾ ਦਾ ਸਭ ਨੂੰ ਪਤਾ ਲੱਗ ਜਾਵੇ—

ਅੰਮ੍ਰਿਤਸਰ ।

੧. ਸਰਦਾਰ ਚੰਦਾ ਸਿੰਘ ਜ਼ੈਲਦਾਰ ਜੰਡਿਆਲਾ ।
੨. ਭਾਈ ਚਰਨ ਸਿੰਘ ਜੀ ਧੂਪੀਆ ।
੩. ਸ੍ਰ: ਈਸ਼ਰ ਸਿੰਘ ਅਕੌਂਟੈਂਟ ਕਮੇਟੀ ।
੪. ਸ੍ਰ: ਬਲਵੰਤ ਸਿੰਘ ਜੀ ਡਾਕਟਰ ।
੫. ਭਾਈ ਗੁਰਬਚਨ ਸਿੰਘ ਜੀ ਗ੍ਰੰਥੀ ।
੬. ਭਾਈ ਵੀਰ ਸਿੰਘ ਜੀ ਐਡੀਟਰ 'ਸਮਾਚਾਰ' ।
੭. ਭਾਈ ਈਸ਼ਰ ਸਿੰਘ ਜੀ ਤਰਨ ਤਾਰਨ ।
੮. ਭਾਈ ਰਲਾ ਸਿੰਘ ਜੀ ।
੯. ਸ੍ਰ: ਨਰੈਣ ਸਿੰਘ ਜੀ ਰਾਜਾਸਾਂਸੀ ।

੧੦. ਭਾਈ ਸੁਚਾ ਸਿੰਘ ਜੀ ਐਡੀਟਰ "ਪੰਜਾਬ ਦਰਪਨ"।
੧੧. ਸ੍ਰ: ਕਸ਼ਮੀਰਾ ਸਿੰਘ ਜੀ ਖਾਲਸਾ ਕਾਲਜ।
੧੨. ਸ੍ਰ: ਮਹਿੰਦਰ ਸਿੰਘ ਜੀ।
੧੩. ਸ੍ਰ: ਰਘੁਬੀਰ ਸਿੰਘ ਜੀ ਸੰਧਾਂਵਾਲੀਆ।
੧੪. ਸ੍ਰ: ਤ੍ਰਿਲੋਚਨ ਸਿੰਘ ਜੀ ਐਮ. ਏ।
੧੫. ਸ੍ਰ: ਸੁੰਦਰ ਸਿੰਘ ਜੀ ਮਜੀਠੀਆ।
੧੬. ਸ੍ਰ: ਨਿਹਾਲ ਸਿੰਘ ਜੀ ਬੈਰਿਸਟਰ।

ਲਾਹੌਰ।

੧. ਸ੍ਰ: ਸੇਵਾ ਰਾਮ ਸਿੰਘ ਜੀ ਵਕੀਲ।
੨. ਸ੍ਰ: ਹੁਕਮ ਸਿੰਘ ਜੀ ਦਰੋਗਾ ਜੇਲ੍ਹ।
੩. ਸ੍ਰ: ਝੰਡਾ ਸਿੰਘ ਜੀ ਮਲਵਈ।

ਫਿਰੋਜ਼ਪੁਰ।

੧. ਭਾਈ ਤਖਤ ਸਿੰਘ ਜੀ।
੨. ਭਾਈ ਝੰਡਾ ਸਿੰਘ ਜੀ।

ਸਿਆਲਕੋਟ।

੧. ਸ੍ਰ: ਸਿਵਦੇਵ ਸਿੰਘ ਜੀ।
੨. ਸ੍ਰ: ਸੱਜਣ ਸਿੰਘ ਜੀ।
੩. ਸ੍ਰ: ਕਲਯਾਨ ਸਿੰਘ ਜੀ ਡਿੰਗਾ।
੪. ਸ੍ਰ: ਬਸੰਤ ਸਿੰਘ ਜੀ ਵਕੀਲ।

ਜਲੰਧਰ।

ਤੋਲਾ ਸਿੰਘ ਜੀ।

ਕੈਂਬਲਪੁਰ ਕੋਟ ਸ਼ੇਰਾਂ।

੧. ਸ੍ਰ: ਹਰਨਾਮ ਸਿੰਘ ਜੀ।
੨. ਸ੍ਰ: ਮੰਗਲ ਸਿੰਘ ਜੀ।

ਪਿਆਰੇ ਸਤਿ ਬਚਨੀ ਭਰਾਵੋ! ਆਪਣੀ ਵਡਿਆਈ ਵਾਸਤੇ ਕਿਤਨਾ ਚਿਰ ਕੌਮ ਵਿਚ ਫੁਟ ਪਾਈ ਜਾਸੋ ? ਕਿਉਂ ਨਹੀਂ ਕੌਮ ਨੂੰ ਜਥੇਬੰਦ ਹੋ ਕੇ ਕੰਮ ਕਰਨ ਦੇਂਦੇ ? ਖਾਲਸਾ ਕਾਲਜ ਵਾਸਤੇ, ਦਰਬਾਰ ਸਾਹਿਬ ਵਾਸਤੇ ਅਤੇ ਕੈਦੀ ਭਰਾਵਾਂ ਵਾਸਤੇ ਲਾਟ ਸਾਹਿਬ ਪਾਸ ਵੀ ਡੈਪੂਟੇਸ਼ਨ ਨਹੀਂ ਜਾ ਸਕਿਆ ਪਰ "ਸਿੱਖ ਲੀਗ" ਦੀ ਸ਼ੋਭਾ ਨੂੰ ਰੋਕਣ ਵਾਸਤੇ ਹਜ਼ਾਰਾਂ ਰੁਪਏ ਖਰਚ ਕਰਕੇ ਵਲਾਇਤ ਨੂੰ ਤਿਆਰੀ ਹੋ ਪਈ ਹੈ!

ਕਿਹਾ ਹੀ ਚੰਗਾ ਹੁੰਦਾ, ਜੇ ਸਾਡੇ ਚੀਫ਼ ਖਾਲਸਾ ਦੀਵਾਨ ਵਾਲੇ ਭਰਾ ਸਿੱਖ ਲੀਗ ਨੂੰ ਇਕ ਕੌਮੀ ਡੈਪੂਟੇਸ਼ਨ ਲਿਜਾਣ ਦੇਂਦੇ, ਜੋ ਸਾਰੇ ਪੰਜਾਬ ਦੇ ਸਿੱਖਾਂ ਦਾ ਵਕੀਲ ਜਾਂ ਪ੍ਰਤਿਨਿਧ ਹੁੰਦਾ! ਅਤੇ ਜੋ ਅਧਿਕਾਰਾਂ ਅਤੇ ਬਾਕੀ ਕੌਮੀ ਲੋੜਾਂ-ਦਰਬਾਰ ਸਾਹਿਬ ਆਦਿਕ ਗੁਰਦੁਆਰਿਆਂ, ਖਾਲਸਾ ਕਾਲਜ ਤੇ ਸਿੱਖ ਕੈਦੀ ਭਰਾਵਾਂ ਲਈ ਜਬਰਦਸਤ ਐਜੀਟੇਸ਼ਨ ਕਰਦਾ। ਇਹ ਵੀ ਕੋਈ ਤਰੀਕਾ ਹੈ ਕਿ ਦਰਜਨ ਦੋ ਦਰਜਨ ਆਦਮੀ ਰਲੇ ਅਤੇ ਡੈਪੂਟੇਸ਼ਨ ਘੜ ਕੇ ਤੁਰ ਪਏ। ਡੈਪੂਟੇਸ਼ਨ ਕੌਮ ਵਿਚੋਂ ਚੁਣ ਕੇ ਜਾਣਾ ਚਾਹੀਦਾ ਸੀ।

ਸੁਖ! ਹੁਣ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਇਹੋ ਡੈਪੂਟੇਸ਼ਨ ਸਿੱਖ ਕੌਮ ਦੇ ਪੂਰੇ ਅਧਿਕਾਰ ਪ੍ਰਾਪਤ ਕਰਕੇ ਆਵੇ। ਅਤੇ ਸਿੱਖ ਲੀਗ ਉਸ ਤੀਵੀਂ ਵਾਂਗੋ ਸਬਰ ਕਰੇ ਜਿਸਦੇ ਪੁੱਤਰ ਤੇ ਕਿਸੇ ਹੋਰ ਤੀਵੀਂ ਨੇ ਮਾਲਕੀ ਜਮਾ ਕੇ ਅਕਬਰ ਬਾਦਸ਼ਾਹ ਕੋਲ ਮੁਕੱਦਮਾ ਜਾ ਪਾਇਆ ਸੀ ਅਤੇ ਜਦ ਅਕਬਰ ਨੇ ਆਖਿਆ ਕਿ ਅਧੋ ਅੱਧ ਵੰਡ ਲਵੋ ਤਾਂ ਅਸਲੀ ਮਾਤਾ ਨੇ ਕਹਿ ਦਿੱਤਾ ਕਿ ਦੂਜੀ ਨੂੰ ਹੀ ਦੇ ਦੇਵੋ ਤਾਂ ਜੋ ਮੈਂ ਆਪਣੇ ਪੁੱਤਰ ਨੂੰ ਜੀਉਂਦਾ ਤਾਂ ਵੇਖਦੀ ਰਹਾਂ। ਇਸੇ

ਤਰ੍ਹਾਂ ਹੁਣ ਸਿੱਖ ਲੀਗ ਨੂੰ ਵੀ ਸਬਰ ਕਰ ਲੈਣਾ ਚਾਹੀਦਾ ਹੈ।

ਸਿੱਖ ਲੀਗ ਦੀ ਡੂੰਘੀ ਨੀਂਦ!

ਰੱਬ ਰੱਬ ਕਰਕੇ ੩ ਮਈ ਨੂੰ ਲੀਗ ਦੀ ਨਵੀਂ ਚੋਣ ਹੋਈ ਸੀ ਤੇ ਖਿਆਲ ਸੀ ਕਿ ਹੁਣ ਕੰਮ ਖੂਬ ਖੜਕੇ ਦੜਕੇ ਨਾਲ ਸ਼ੁਰੂ ਹੋ ਜਾਵੇਗਾ। ਪਰ ਹੁਣ ਤਕ 'ਪ੍ਰਨਾਲਾ ਉਥੇ ਮਲੂੰਮ ਹੁੰਦਾ ਹੈ। ਲੀਗ ਦੇ ਅਹੁੱਦੇਦਾਰ ਅੱਖਾਂ ਖੋਲਣ ਤੇ ਵੇਖਣ ਕਿ ਉਹ ਅਹੁਦਿਆਂ ਦੇ ਮਾਣ ਅਤੇ ਮੈਂਬਰੀ ਦੇ ਚਾਅ ਵਿਚ ਹੀ ਮਸਤ ਹੋ ਕੇ ਕਿਤੇ ਕੌਮ ਨੂੰ ਜਗਾਉਣ ਦੀ ਥਾਂਇ, ਸੁਆ ਤਾਂ ਨਹੀਂ ਰਹੇ!

੧—ਸੁਧਾਰ ਸਕੀਮ ਸਬੰਧੀ ਅਸਾਂ ਯਤਨ ਕਰਨਾ ਹੈ ਕਿ ਅਜਿਹੇ ਮੈਂਬਰ ਕੌਂਸਲ ਵਿਚ ਜਾਣ ਜੋ ਸਿੱਖ ਪੰਥ ਦੇ ਸੱਚੇ ਦਰਦੀ ਨਿਰਭੈ ਅਤੇ ਸਵਤੰਤਰ ਹੋਣ। ਇਸ ਦੇ ਸਬੰਧੀ ਰਾਇ ਦੇਣ ਵਾਲਿਆਂ ਨੂੰ ਸਭ ਕੁਝ ਸਮਝਾਉਣ ਦੀ ਲੋੜ ਹੈ। ਇਹ ਸਾਰਾ ਕੰਮ ਲੀਗ ਦਾ ਹੈ। ਚੋਹਾਂ ਪਾਸਿਆਂ ਤੋਂ ਪੰਥ ਦੀ ਪੁਕਾਰ ਆ ਰਹੀ ਹੈ ਕਿ ਸਾਡੀ ਲਹੂ ਦੀ ਕਮਾਈ ਨਾਲ ਬਣਿਆ ਹੋਇਆ ਕਾਲਜ ਸਾਡੇ ਪ੍ਰਬੰਧ ਵਿਚ ਦਿੱਤਾ ਜਾਵੇ ਅਤੇ ਸਾਡੇ ਧਾਰਮਿਕ ਅਸਥਾਨਾਂ ਦਾ ਗਵਰਮੈਂਟ ਪ੍ਰਬੰਧ ਵਿਚ ਰਹਿਣਾ ਸਿੱਖ ਕੌਮ ਦਾ ਨਿਰਾਦਰ ਅਤੇ ਦੁਰਗਤੀ ਹੈ। ਅਸੀਂ ਇਹ ਨਹੀਂ ਸਹਾਰ ਸਕਦੇ। ਸਿੱਖ ਲੀਗ ਨੇ ਕਾਲਜ ਅਤੇ ਦਰਬਾਰ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥਾਂ ਵਿਚ ਮੁੜ ਦਿਵਾਉਣ ਦਾ ਫਰਜ਼ ਪੂਰਾ ਕਰਨਾ ਹੈ!

੨—ਇਕ ਪਾਸੇ ਸਾਡੇ ਭਰਾ ਜੇਲ੍ਹਾਂ ਵਿਚ ਸੜ ਰਹੇ ਹਨ, ਦੂਜੇ ਪਾਸੇ ਉਨ੍ਹਾਂ ਦੇ ਬਾਲ ਬੱਚੇ ਤੇ ਪਰਿਵਾਰ ਰੋਟੀ ਕੱਪੜੇ ਤੋਂ ਤੰਗ ਆ ਕੇ ਰੁਲ ਰਹੇ ਹਨ। ਪੰਥ ਦਾ ਦਿਲ ਮੱਛੀ ਵਾਂਗ ਤੜਫ ਰਿਹਾ ਹੈ। ਕੋਈ ਹਿੰਮਤੀ ਮੈਦਾਨ ਵਿਚ ਆਵੇ, ਤਾਂ ਹੀ ਉਨ੍ਹਾਂ ਦੁੱਖੀਆਂ ਲਈ ਕੁਝ ਹੋ ਸਕਦਾ ਹੈ। ਕੀ ਉਹ ਹਿੰਮਤ ਲੀਗ ਨੇ ਨਹੀਂ ਕਰਨੀ?

੩—ਉਡਦੀ ਗੱਲ ਸੀ ਕਿ ਸਿੱਖ ਲੀਗ ਦਾ ਦੀਵਾਨ-ਦੁਸਹਿਰੇ ਦੀਆਂ ਛੁੱਟੀਆਂ ਵਿਚ ਲਾਹੌਰ ਹੋਵੇਗਾ। ਪਰ ਹਾਲਾਂ ਤਕ ਚੁੱਪ ਦਾ ਰਾਜ ਹੈ! ਨਾ ਲਾਹੌਰ ਵਾਲੇ ਹਿਲਦੇ ਜੁਲਦੇ ਹਨ ਨਾ ਸਿੱਖ ਲੀਗ ਕੋਈ ਵਿਚਾਰ ਕਰਦੀ ਹੈ। ਜਿਸ ਵੇਲੇ ਦਸ ਦਿਨ ਰਹਿ ਜਾਣਗੇ ਫਿਰ ਹਫੜਾ ਦਫੜੀ ਪੈ ਜਾਵੇਗੀ। "ਬਸ ਵੇਹੜੇ ਢੁਕੀ ਜੰਝ ਤੇ ਵਿਨ੍ਹੋਂ ਕੁੜੀ ਦੇ ਕੰਨ" ਵਾਲੀ ਗੱਲ ਬਣੇਗੀ। ਕਿਉਂ ਨਹੀਂ ਹੁਣ ਉਦਮ ਸ਼ੁਰੂ ਜੋ ਜਾਂਦਾ। ਜੇ ਲੀਗ ਦਾ ਦੀਵਾਨ ਇਕ ਅਦੁੱਤੀ ਬਹਾਨਾ ਹੈ ਤਾਂ ਝਟ ਪਟ ਤਰੀਕਾ ਦਾ ਫ਼ੈਸਲਾ ਕਰੋ ਤੇ ਕੰਮ ਆਰੰਭ ਕਰ ਦਿਉ।

੪—ਸਿੱਖ ਲੀਗ ਨੇ ਜ਼ਿਲ੍ਹੇ-ਜ਼ਿਲ੍ਹੇ ਲੀਗਾਂ ਬਣਾਈਆਂ। ਤੇ ਹਰ ਇਕ ਸਿੱਖ ਨੂੰ ਇਸ ਦਾ ਮੈਂਬਰ ਬਨਾਣਾ ਹੈ। ਪਰ ਸਾਰੇ ਆਪੋ ਆਪਣੇ ਘਰੀ ਤਮਾਸ਼ਾ ਵੇਖ ਰਹੇ ਹਨ। ਸਿੱਖ ਲੀਗ ਦੇ ਸੇਵਕ ਆਪ ਬਾਹਰ ਨਿਕਲਨ ਅਤੇ ਤਨਖ਼ਾਹਦਾਰ ਆਦਮੀ ਰੱਖਣ ਤਾਂ ਜੋ ਜਿਸ ਆਸੇ ਨਾਲ ਕੰਮ ਹੋਇਆ ਹੈ ਪੂਰਾ ਹੋਵੇ।

ਅਕਾਲੀ ਲਾਹੌਰ, ੧੯ ਜੂਨ ੧੯੨੦

ਮੰਗੀਏ ਹੱਕ ਤੇ ਨਜ਼ਰ ਮਿਲਾਨ ਕਿਉਂ ਨਹੀਂ !

ਵਿਤੋਂ ਵਧ ਕੇ ਕੀਤੀਆਂ 'ਭੇਟ' ਜਾਨਾਂ,
    ਸੁਣਦੇ ਅਰਜ਼ ਸਾਡੀ ਹੁਕਮ-ਰਾਨ ਕਿਉਂ ਨਹੀਂ ?
ਅਗ ਭੇਜ ਕੁਹਾਇਆ ਭਾਈ ਨੂੰ,
    ਮੰਗੀਏ ਹਕ ਤੇ ਨਜ਼ਰ ਮਿਲਾਨ ਕਿਉਂ ਨਹੀਂ ?
ਮੂੰਹੋਂ ਆਖ ਬਹਾਦਰੋ ਪਿਠ ਠੋਕੀ,
    ਪੁਛਦੇ ਕੌਣ ? ਹੁਣ ਰਹੀ ਪਛਾਨ ਕਿਉਂ ਨਹੀਂ ?
ਹਾਇ! ਕਹਿਰ ਦਾ ਹੋਇਆ ਇਨਸਾਫ ਸਾਡਾ,
    ਵੀਰੋ ਕੂਕਦੇ ਇਕ ਜ਼ਬਾਨ ਕਿਉਂ ਨਹੀਂ ?
ਸਾਡੇ ਵਿਚ ਦਰਬਾਰ ਦੇ ਦਖ਼ਲ ਦਿੱਤਾ,
    ਹੱਥ ਆਪਣਾ ਪਰੇ ਹਟਾਨ ਕਿਉਂ ਨਹੀਂ ?

ਕਹਿੰਦੇ ਮਜ਼੍ਹਬ ਦੇ ਵਿਚ ਨ ਦਖ਼ਲ ਦਈ,
    ਮੂੰਹੋਂ ਆਖ ਕੇ ਪੂਰਾ ਕੁਰਾਨ ਕਿਉਂ ਨਹੀਂ ?
ਅਸੀਂ ਜਾਣਦੇ ਹਾਂ ਕੰਮ ਕਾਲਜਾਂ ਦਾ,
    ਸਾਨੂੰ ਦੇ ਕੇ ਰਤਾ ਅਜ਼ਮਾਨ ਕਿਉਂ ਨਹੀਂ ?
ਜੇਲ੍ਹਾਂ ਵਿਚ ਕਿਉਂ ਬੁਰਾ ਸਲੂਕ ਕਰਦੇ,
    ਰੱਖਨ ਦੇਂਵਦੇ ਸਿਖੀ ਨਿਸ਼ਾਨ ਕਿਉਂ ਨਹੀਂ ?
(ਰਵੇਲ ਸਿੰਘ ਸ੍ਰਾਏ ਔਰੰਗਾਬਾਦ)

ਅਕਾਲੀ ਲਾਹੌਰ, ੨੦ ਜੂਨ-੧੯੨੦

ਫ਼ਜ਼ਲਾਬਾਦ ਵਿਚ ਭਾਰੀ ਦੀਵਾਨ

ਜ਼ਰੂਰੀ ਗੁਰਮਤੇ

ਓਡਵਾਇਰ ਨੂੰ ਐਡ੍ਰੈਸ ਦੇਣ ਵਾਲੇ ਤਨਖ਼ਾਹੀਏ ਹਨ!

ਫਜ਼ਲਾਬਾਦ ਜ਼ਿਲ੍ਹਾ ਗੁਰਦਾਸਪੁਰ ਵਿਚ ਸਿੰਘ ਸਭਾ ਵੱਲੋਂ ਪਹਿਲਾਂ ਸਲਾਨਾ ਦੀਵਾਨ ਪੂਰਨ ਕਾਮਯਾਬੀ ਸਹਿਤ ਸਮਾਪਤ ਹੋਇਆ, ਸ੍ਰੀਮਾਨ ਮਾਸਟਰ ਮੋਤਾ ਸਿੰਘ ਜੀ, ਸ੍ਰੀਮਾਨ ਭਾਈ ਰਾਮ ਸਿੰਘ ਜੀ ਐਡੀਟਰ 'ਪੰਚ' ਸ੍ਰੀਮਾਨ ਭਾਈ ਕਰਤਾਰ ਸਿੰਘ ਜੀ ਝਬਰ, ਸ੍ਰੀਮਾਨ ਭਾਈ ਹਰਨਾਮ ਸਿੰਘ ਜੀ, ਸ੍ਰੀਮਾਨ ਭਾਈ ਅਤ੍ਰਸਿੰਘ ਜੀ ਦੇ ਬੜੇ ਜ਼ੋਰਦਾਰ ਤੇ ਅਸਰ ਭਰੇ ਲੈਕਚਰ ਹੋਏ, ਤੇ ਲੇਕਚਰਾਂ ਦੇ ਅਸਰ ਨਾਲ ਲੋਕਾਂ ਦੀਆਂ ਆਪਣੇ ਰਾਜ ਨੀਤਕ ਹੱਕਾਂ ਸਬੰਧੀ ਅੱਖਾਂ ਖੁਲ੍ਹ ਗਈਆਂ, ਹੇਠ ਲਿਖੇ ਗੁਰਮਤੇ ਖੂਬ ਜ਼ੋਰ ਸ਼ੋਰ ਨਾਲ ਸਰਬ ਸੰਮਤੀ ਨਾਲ ਪਾਸ ਹੋਏ—

(੧) ਇਹ ਕਿ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਸਰਬਰਾਹ ਦੇ ਹੱਥੋਂ ਲੈ ਕੇ ਤੇ ਦਰਬਾਰ ਸਾਹਿਬ ਨਾਨਕਾਣਾ ਸਾਹਿਬ ਅਤੇ ਸਮੂਹ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਮਹੰਤਾਂ ਦੇ ਹੱਥੋਂ ਲੈ ਕੇ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਜਾਵੇ।

(੨) ਇਹ ਕਿ ਖਾਲਸਾ ਕਾਲਜ ਅੰਮ੍ਰਿਤਸਸਰ ਦੇ ਪ੍ਰਬੰਧ ਵਿਖੇ ਸਰਕਾਰ ਆਪਣਾ ਕੋਈ ਦਖ਼ਲ ਨਾ ਰੱਖੇ ਤੇ ਇਸ ਦਾ ਸਾਰਾ ਪ੍ਰਬੰਧ ਸਿੱਖ ਕੌਮ ਦੇ ਹੱਥ ਦੇ ਦੇਵੇ।

(੩) ਇਹ ਕਿ ਫ਼ੌਜੀ ਮੈਹਕਮੇ ਵਿਚ ਸਿੱਖਾਂ ਨੂੰ ਗਾਤਰੇ ਕ੍ਰਿਪਾਨ ਧਾਰਨ ਕਰਨ ਦੀ ਪੂਰਨ ਖੁਲ੍ਹ ਹੋਵੇ।

(੪) ਇਹ ਕਿ ਸਿੱਖ ਕੈਦੀਆਂ ਨੂੰ ਜੇਲ੍ਹ ਖਾਨ੍ਹਿਆਂ ਵਿਚ ਪੰਜ ਕਕਾਰ ਤੇ ਦਸਤਾਰ ਧਾਰਨ ਕਰਨ ਦੀ ਪੂਰੀ ਆਜ਼ਾਦੀ ਦਿੱਤੀ ਜਾਵੇ।

(੫) ਇਹ ਕਿ ਸ਼ਾਹੀ ਐਲਾਨ ਅਨੁਸਾਰ ਸਮੂਹ ਸਿੱਖ ਤੇ ਹੋਰ ਰਾਜਸੀ ਕੈਦੀਆਂ ਨੂੰ ਆਜ਼ਾਦ ਕਰ ਦਿੱਤਾ ਜਾਵੇ।

(੬) ਇਹ ਕਿ ਨਾਮਧਾਰੀਆਂ ਤੇ ਪੁਲਿਸ ਦੀ ਜੋ ਪਾਬੰਦੀ ਹੈ ਉਹ ਬਿਲਕੁਲ ਹੱਟਾ ਦਿੱਤੀ ਜਾਵੇ।

(੭) ਇਹ ਕਿ ਸਰਕਾਰ ਸਰਦੂਲ ਸਿੰਘ ਜੀ, ਬੀ. ਏ. ਕਵੀਸ਼ਰ ਲਾਹੌਰ ਦੀ ਪਾਬੰਦੀ ਹੱਟਾ ਦਿੱਤੀ ਜਾਵੇ ਤੇ ਸਮੂਹ ਸਿੱਖ ਨਜ਼ਰਬੰਦਾਂ ਨੂੰ ਆਜ਼ਾਦੀ ਦਿੱਤੀ ਜਾਵੇ।

(੮) ਇਹ ਕਿ ਸਿੱਖ ਕੌਮ ਦੀ ਸ਼ਾਨ ਤੇ ਇਜ਼ੱਤ ਨੂੰ ਕਾਇਮ ਕਰਨ ਲਈ ਪੰਜਾਬ ਕੌਂਸਲ ਵਿਚ ਤੀਸਰਾ ਤੇ ਵਾਇਸਰਾਇ ਕੌਂਸਲ ਵਿਚ ਪੰਜਵਾ ਹਿੱਸਾ ਦਿੱਤਾ ਜਾਵੇ।

(੯) ਇਹ ਕਿ ਹੰਟਰ ਕਮੇਟੀ ਦੇ ਅੰਗ੍ਰੇਜ਼ ਮੈਂਬਰਾਂ ਦੀ ਰਿਪੋਰਟ ਬਿਲਕੁਲ ਤਸੱਲੀ ਬਖਸ਼ ਨਹੀਂ ਹੈ ਕਿਉਂਕਿ ਉਹ ਪੱਖਪਤਾ ਦੇ ਰੰਗ ਵਿਚ ਲਿਖੀ ਗਈ ਹੈ।

(੧੦) ਇਹ ਕਿ ਕਾਂਗਰਸ ਕਮੇਟੀ ਦੀ ਰਿਪੋਰਟ ਪੂਰਨ ਯਕੀਨ ਦੇ ਯੋਗ ਹੈ।

(੧੧) ਇਹ ਕਿ ਹਜ਼ੂਰ ਮਹਾਰਾਜਾ ਸਾਹਿਬ ਪਟਿਆਲਾ ਦੀ ਉਡਵਾਇਰ ਫੰਡ ਵਿਚ ਵੀਹ ਹਜ਼ਾਰ ਦਾਨ ਦੇਣ ਦੀ ਕਾਰਵਾਈ ਅਤਯੰਤ ਘ੍ਰਿਣਾ ਦੇ ਯੋਗ ਹੈ।

(੧੨) ਇਹ ਕਿ ਪੰਜਾਬ ਦੇ ਪਹਿਲੇ ਲਾਟ ਸਰ ਮਾਈਕਲ ਉਡਵਾਇਰ ਨੂੰ ਪੰਜਾਬ ਤੋਂ ਜਾਣ ਲੱਗਿਆਂ ਮਾਨ ਪਤਰ ਪੇਸ਼ ਕਰਨ ਵਾਲੇ ਸਿੱਖ ਆਗੂ ਯਥਾ ਸੁੰਦਰ ਸਿੰਘ ਮਜੀਠੀਆਂ, ਗਜਨ ਸਿੰਘ ਲੁਧੇਹਾਨਾ, ਗੁਪਾਲ ਸਿੰਘ ਭਾਗੋਵਾਲਾ, ਰੂੜ ਸਿੰਘ ਸਰਬਰਾਹ, ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਆਦਿਕ ਤਨਖ਼ਾਹੀਏ ਹਨ ਤੇ ਇਨ੍ਹਾਂ ਦੇ ਨਾਮ ਨਾਲ ਸਰਦਾਰ ਜਾਂ ਭਾਈ ਪਦ ਨਾ ਵਰਤਿਆ ਜਾਵੇ।

(੧੩) ਇਹ ਕਿ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਕੌਮੀ ਰੁਪਏ ਨੂੰ ਖਰਚ ਕਰਨ ਲਈ ਜੋ ਟਰਸਟੀ ਚੁਣੇ ਹਨ ਉਹ ਪ੍ਰਵਾਨਗੀ ਦੇ ਯੋਗ ਨਹੀਂ, ਕਿਉਂਕਿ ਕੌਮ ਨੂੰ ਉਨ੍ਹਾਂ ਟਰਸਟੀਆਂ ਤੇ ਕੋਈ ਇਤਬਾਰ ਨਹੀਂ ਹੈ। ਇਸ ਲਈ ਟਰਸਟੀ ਤੋੜ ਕੇ ਸਾਰਾ ਰੁਪਇਆ ਕੌਮ ਦੇ ਨਾਂ ਰੱਖਿਆ ਜਾਵੇ।

(੧੪) ਸਮੂਹ ਪੰਥਕ ਆਸ਼ਰਮਾਂ ਦੇ ਪ੍ਰਬੰਧਕਾਂ ਅਗੇ ਜ਼ੋਰ ਨਾਲ ਬੇਨਤੀ ਕੀਤੀ ਜਾਵੇ ਕਿ ਕੌਮੀ ਆਸ਼ਰਮਾਂ ਦੀਆਂ ਰਜਿਸਟਰੀਆਂ ਕਾਨੂੰਨੀ ਤੌਰ ਤੇ ਗੁਰੂ ਪੰਥ ਦੇ ਨਾਮ ਕਰਾਈਆਂ ਜਾਣ ਅਤੇ ਹਿਸਾਬ ਕਿਤਾਬ ਦੀ ਰਿਪੋਰਟ ਆਮਦਨੀ ਤੇ ਖਰਚ ਦੇ ਪੂਰੇ ਵੇਰਵੇ ਤੇ ਪਤੇ ਅਨੁਸਾਰ ਛਪਿਆ ਕਰੇ। ਨਾਲ ਹੀ ਗੁਰੂ ਪੰਥ ਦੀ ਸੇਵਾ ਵਿਖੇ ਬੇਨਤੀ ਕੀਤੀ ਜਾਵੇ ਕਿ ਉਸ ਆਸ਼ਰਮ ਨੂੰ ਅਗੇ ਲਈ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਨਾ ਦਿੱਤੀ ਜਾਵੇ, ਜਿਨਾਂ ਚਿਰ ਕਿ ਉਹ ਉਪਰੋਕਤ ਨਿਯਮ ਅਨੁਸਾਰ ਆਪਣੇ ਸਕੂਲ ਜਾਂ ਆਸ਼ਰਮ ਦੀ ਰਜਿਸਟਰੀ ਗੁਰੂ ਪੰਥ ਦੇ ਨਾਮ ਨਾ ਕਰਾ ਦੇਣ ਅਤੇ ਪੂਰੇ ਪਤੇ ਤੇ ਵੇਰਵੇ ਸਹਿਤ ਹਿਸਾਬ ਕਿਤਾਬ ਦੀ ਰਿਪੋਰਟ ਨਾ ਛਾਪ ਦੇਣ।

(੧੫) ਇਹ ਕਿ ਪੰਚ ਖਾਲਸਾ ਦੀਵਾਨ ਭਸੌੜ ਦੇ ਜ਼ੁੰਮੇਂਵਾਰਾਂ ਦੀ ਇਸ ਚੁਪ ਦੀ ਵਰਤੋਂ ਤੇ ਘ੍ਰਿਣਾ ਪ੍ਰਗਟ ਕੀਤੀ ਜਾਵੇ। ਜੋ ਉਸ ਨੇ ਅਖ਼ਬਾਰ "ਪੰਚ" ਵਿਚ ਛਪੇ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਵਰਤੀ ਹੈ, ਅਤੇ ਅਜੇ ਤਕ ਦੀਵਾਨ ਦੇ ਹਿਸਾਬ ਕਿਤਾਬ ਦੀ ਰਿਪੋਰਟ ਦਾ ਵੇਰਵਾ ਪੂਰੇ ਪਤੇ ਅਤੇ ਤਸੱਲੀਬਖਸ਼ ਤਰੀਕੇ ਵਿਚ ਨਹੀਂ ਛਪਿਆ ਤੇ ਨਾ ਹੀ ਦੀਵਾਨ ਦੀ ਰਜਿਸਟਰੀ ਕਰਵਾਉਣ ਦੀ ਕੋਈ ਤਿਆਰੀ ਕੀਤੀ ਹੈ।

ਅਕਾਲੀ ਲਾਹੌਰ, ੨੪ ਜੂਨ ੧੯੨੦

ਪੁਜਾਰੀਆਂ ਦੇ ਹੱਥੋਂ ਇਕ ਨਿਹੰਗ ਸਿੰਘ ਦੀ ਦੁਰਗਤੀ !

ਤਰਨਤਾਰਨ ਤੋਂ ਚਿੱਠੀਆਂ ਆਈਆਂ ਹਨ ਕਿ ਮੱਸਿਆ ਵਾਲੇ ਦਿਨ ਪੁਜਾਰੀਆਂ ਨੇ ਇਕ ਬਿਰਧ ਨਿਹੰਗ ਸਿੰਘ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ ਤੇ ਉਸ ਦੀ ਦੁਰਗਤੀ ਕੀਤੀ। ਅਸਲ ਹਾਲ ਇਸ ਤਰ੍ਹਾਂ ਦੱਸੇ ਗਏ ਹਨ ਕਿ ਨਿਹੰਗ ਸਿੰਘ ਨੇ ਬੰਦੂਕ ਨਾਲ ਗੁਰੂ ਬਾਬੇ ਦੀ ਸਲਾਮੀ ਕਰਨ ਲਈ ਆਗਿਆ ਮੰਗੀ ਜੋ ਪੁਜਾਰੀਆਂ ਨੇ ਦੇ ਦਿੱਤੀ। ਨਿਹੰਗ ਸਿੰਘ ਨੇ ਪਟਾਖੇ ਰੱਖ ਕੇ ਇਕ ਦੋ ਬੰਦੂਕਾਂ ਚਲਾਈਆਂ। ਪੁਜਾਰੀਆਂ ਨੇ ਪਹਿਲੇ ਟਿਚਕਰਾਂ ਤੇ ਮਖੌਲ ਕੀਤੇ ਪਿੱਛੋਂ ਉਸ ਨੂੰ ਬੁਰੀ ਤਰ੍ਹਾਂ ਕੁਟ ਕੇ ਥਾਨੇ ਲੈ ਗਏ। ਥਾਨੇਦਾਰ ਸਾਹਿਬ ਨੇ ਖੋਜ ਕਰਕੇ ਨਿਹੰਗ ਸਿੰਘ ਬੇਦੋਸ਼ ਸਮਝਕੇ ਛਡ ਦਿੱਤਾ। ਪਰ ਉਸ ਦਾ ਇਕ ਝੋਲਾ ਜਿਸ ਵਿਚ ਅਫ਼ਸਰਾਂ ਦੀਆਂ ਚਿੱਠੀਆਂ ਸਨ ਤੇ ਕੁਝ ਸਾਮਾਨ ਸੀ, ਨਹੀਂ ਮਿਲਿਆ। ਪੁਜਾਰੀਆਂ ਨੂੰ ਬਥੇਰਾ ਸਮਝਾਇਆ ਗਿਆ ਪਰ ਉਨ੍ਹਾਂ ਕੋਈ ਪ੍ਰਵਾਹ ਨਹੀਂ ਕੀਤੀ!

ਜੇ ਗੁਰ ਅਸਥਾਨਾਂ ਵਿਚ ਸ਼ਰਧਾਲੂ ਯਾਤਰੂਆਂ ਦੀ ਇਹੋ ਜਿਹੀ ਆਉ ਭਗਤ ਹੁੰਦੀ ਹੈ ਤਾਂ ਸਾਡਾ ਖ਼ਿਆਲ ਹੈ ਕਿ ਲੋਕਾਂ ਨੂੰ ਦੰਗਲ ਦਾ ਤਮਾਸ਼ਾ ਵੇਖਣ ਦੀ ਕੀ ਲੋੜ ਹੈ ? ਕਿਡੇ ਹਨ੍ਹੇਰ ਦੀ ਗੱਲ ਹੈ ਕਿ ਯਾਤਰੂਆਂ ਦੀ ਸੇਵਾ ਤੇ ਟਹਿਲ ਕਰਨ ਦੀ ਥਾਂ ਪੁਜਾਰੀਆਂ ਵੱਲੋਂ ਮਾਰ ਕੁਟਾਈ ਦੀ ਖ਼ਾਤਰ ਕੀਤੀ ਜਾਂਦੀ ਹੈ! ਪਰ ਇਸ ਦਾ ਇਲਾਜ ਕੀ ਹੋਵੇ ? ਪੰਥ ਦਾ ਇਨ੍ਹਾਂ ਗੁਰਦੁਆਰਿਆਂ ਵਿਚ ਦਖ਼ਲ ਨਹੀਂ, ਸਰਕਾਰ ਨੇ ਪ੍ਰਲੋਯ ਹੋਣ ਤਕ ਇਕ ਸ੍ਰਬਰਾਹ ਬਣਾ ਛਡਿਆ ਹੈ। ਉਹ ਦਰਬਾਰ ਸਾਹਿਬ ਦਾ ਧਰਮਰਾਜ ਬਣਿਆ ਹੋਇਆ ਜੋ ਕਾਲਾ ਚਿਟਾ ਕਰੇ ਕੋਈ ਪੁਛਦਾ ਨਹੀਂ।

ਇਸ ਵੀਹਵੀਂ ਸਦੀ ਵਿਚ ਜ਼ਾਰ ਰੂਸ ਜਿਹਾਂ ਪਾਸੋ ਤਖ਼ਤ ਖੋਹੇ ਗਏ। ਅਤੇ ਜਰਮਨ ਕੈਸਰ ਹੁਰੀ ਖੁਦ-ਮੁਖਤਾਰੀ ਦੇ ਤਖ਼ਤ ਤੋਂ ਉਤਾਰੇ ਗਏ। ਪਰ ਹੋਮ ਰੂਲ (ਪੰਚੈਤੀ ਰਾਜ) ਦੇ ਮੋਢੀ ਖਾਲਸਾ ਪੰਥ ਦੇ ਗੁਰਦੁਆਰਿਆਂ ਤੇ ਬਦੋਬਦੀ ਸ਼ਖ਼ਸੀ ਰਾਜ ਨੂੰ ਕਾਇਮ ਕੀਤਾ ਜਾ ਰਿਹਾ ਹੈ।

ਐ ਗੁਰੂ ਪੰਥ! ਇਹ ਹਤਕਾਂ ਤੇ ਨਰਾਦਰੀਆਂ ਹੋਰ ਕਿਤਨਾ ਚਿਰ ਸਹੀ ਜਾਵੇਂਗਾ ?

ਧਰਮ-ਨਾਸ਼ਿਕ 'ਕੌਮ'

ਅੱਜ-ਕਲ੍ਹ ਦੁਨੀਆਂ ਵਿਚ "ਕੌਮ" ਦਾ ਬੜਾ ਦੌਰ ਦੌਰਾ ਹੈ। ਕਿਧਰੇ ਤਾਂ ਅਮਰੀਕਨ ਕੌਮ ਬਣੀ ਹੋਈ ਹੈ, ਕਿਧਰੇ ਜਰਮਨ ਕੌਮ ਹੈ, ਕਿਧਰੇ ਅੰਗ੍ਰੇਜ਼ ਕੌਮ ਤੇ ਕਿਧਰੇ ਹਿੰਦੁਸਤਾਨੀ ਕੌਮ ਤਿਆਰ ਹੋ ਰਹੀ ਹੈ। ਜਿਧਰ ਦੇਖੋ ਕੌਮ-ਕੌਮ ਦਾ ਰੌਲਾ ਹੈ। ਹਰ ਇਕ ਮਨੁੱਖ ਆਪਣੀ "ਕੌਮ" ਦੀ ਉਨਤੀ ਦੇ ਮਗਰ ਲੱਗਾ ਹੋਇਆ ਹੈ। ਪਰ ਇਸ ਦੌੜ ਵਿਚ ਮੁਕਾਬਲਾ ਕਰਨ ਤੋਂ ਪਹਿਲਾਂ ਸਾਨੂੰ ਇਹ ਤਾਂ ਸੋਚ ਲੈਣਾ ਚਾਹੀਦਾ ਹੈ ਕਿ ਇਹ "ਕੌਮ" ਹੈ ਕੀ ਚੀਜ਼। ਕੀ ਇਸ ਦਾ ਭਾਵ ਇਹ ਤਾਂ ਨਹੀਂ ਕਿ ਕੁਝ ਆਦਮੀਆਂ ਨੇ ਰਲ ਕੇ ਇਕ ਜਥਾ ਬਣਾ ਲਿਆ ਜਿਸ ਦਾ ਦੂਜੇ ਲੋਕਾਂ ਤੇ ਜ਼ੁਲਮ ਕਰਨਾ ਜਾ ਦੂਜੇ ਲੋਕਾਂ ਤੋਂ ਸੇਵਾ ਲੈਣੀ ਹੈ, ਤੇ ਇਸ ਜਥੇ ਨੂੰ "ਕੌਮ" ਵਰਗੇ ਸੋਹਣੇ ਨਾਮ ਨਾਲ ਯਾਦ ਕੀਤਾ। ਸੱਚ ਪੁੱਛੋਂ ਤਾਂ "ਕੌਮ" ਦਾ ਇਹੋ ਹੀ ਭਾਵ ਸੇਵਾ ਕਰਨਾ, ਦੂਜਿਆਂ ਨੂੰ ਫਾਇਦਾ ਪੁਚਾਣਾ, ਦੂਜਿਆਂ ਦੀ ਖ਼ਾਤਰ ਸ਼ਹੀਦ ਹੋਣਾ 'ਧਰਮ' ਹੈ। ਪਰ ਠੀਕ ਇਸ ਦਾ ਉਲਟ ਸੇਵਾ ਲੈਣੀ, ਦੂਜਿਆਂ ਤੋਂ ਫਾਇਦਾ ਉਠਾਣਾ, ਆਪਣੀ ਖ਼ਾਤਰ ਦੂਜਿਆਂ ਨੂੰ ਕੁਰਬਾਨ ਕਰਨਾ ਮੌਜੂਦਾ "ਕੌਮ" ਦਾ ਮੁਖ ਪ੍ਰਯੋਜਨ ਹੈ। ਪਰ ਸ਼ੋਕ ਤਾਂ ਇਹ ਹੈ ਕਿ ਇਸ "ਕੌਮ", ਇਸ ਫ਼ਰਜ਼ੀ ਦੇਵੀ, ਇਸ ਬੇਜਾਨ ਮਸ਼ੀਨ, ਇਸ ਖ਼ੁਦਗਰਜ਼ੀ ਦੇ ਪੁੰਜ ਨੂੰ ਪਾਲਣ ਲਈ ਭੀ ਬੇਗਰਜ਼ੀ ਤੇ ਕੁਰਬਾਨੀ (ਧਰਮ ਦੇ ਅੰਗਾਂ) ਦੀ ਲੋੜ ਹੈ। ਇਸ ਤਰ੍ਹਾਂ ਅਸੀਂ ਬੇਸਮਝੀ ਵਿਚ 'ਧਰਮ' ਦੇ ਆਸਰੇ "ਕੌਮ" ਨੂੰ ਪਾਲ ਕੇ 'ਧਰਮ' ਦੀ ਜੜ੍ਹ ਵੱਢ ਰਹੇ ਹਾਂ। ਚੰਗੇ ਭਲੇ ਆਦਮੀ, ਨੇਕ ਆਦਮੀ, ਧਾਰਮਿਕ ਆਦਮੀ ਇਸ "ਕੌਮ" ਦੇ ਗੇੜ ਵਿਚ ਆ ਕੇ ਆਪਣੀ ਨੇਕੀ, ਆਪਣੇ ਧਰਮ, ਤੇ ਆਪਣੀ ਭਲਾਈ ਨੂੰ ਜਵਾਬ ਦੇ ਬੈਠਦੇ ਹਨ। ਮਸਾਲ ਦੇ ਤੌਰ ਤੇ ਅੰਗ੍ਰੇਜ਼ ਕੌਮ ਲਵੋ, ਜੋ ਲੋਕ ਇਨ੍ਹਾਂ ਵਿਚ ਭਲੇ, ਨੇਕ ਤੇ ਕੁਰਬਾਨੀ ਕਰਨ ਵਾਲੇ ਹਨ "ਕੌਮ" ਦੇ ਸਵਾਲ ਉੱਤੇ ਆ ਕੇ ਉਨ੍ਹਾਂ ਦੀਆਂ ਸਤੇ ਸੁਧਾਂ ਭੁਲ ਜਾਂਦੀਆਂ ਹਨ। ਪਿਛਲੇ ਜੰਗ ਯੂਰਪ ਨੇ ਸਾਬਤ ਕਰ ਦਿੱਤਾ ਹੈ ਕਿ ਅੰਗ੍ਰੇਜ਼ ਲੋਕ ਕਿਸ ਤਰ੍ਹਾਂ ਨਾਲ ਕੁਰਬਾਨੀ ਕਰ ਸਕਦੇ ਹਨ ਤੇ ਕਿਸ ਤਰ੍ਹਾਂ ਦਲੇਰੀ ਨਾਲ ਜਾਨਾਂ ਵਾਰ ਸਕਦੇ ਹਨ। ਪਰ ਦੇਖਣਾ ਇਹ ਹੈ ਕਿ ਇਹ ਸਾਰੀ ਕੁਰਬਾਨੀ ਤੇ ਇਹ ਸਾਰੀ ਦਲੇਰ ਬੇ ਗਰਜ਼ੀ ਕਿਸੇ ਧਾਰਮਿਕ ਅਸੂਲ ਜਾ ਦੁਨੀਆਂ ਵਿਚ ਸ਼ਾਂਤੀ ਪੈਦਾ ਕਰਨ ਜਾ ਦੁਨੀਆਂ ਦੇ ਜੀਵਾਂ ਨੂੰ ਆਰਾਮ ਦੇਣ ਦੀ ਖ਼ਾਤਰ ਸੀ, ਕਿ ਇਹ ਭੀ ਇਸੇ ਕੰਮਬਖ਼ਤ "ਕੌਮ" ਦਾ, ਬੇਤਰਸ ਢਿਡ ਭਰਨ ਲਈ ਹੀ ਸੀ। ਇਹ ਖ਼ਿਆਲ ਕਰ ਲੈਣਾ ਕਿ ਸਭ ਕੁਰਬਾਨੀ ਨੇਕੀ ਲਈ ਹੀ ਹੁੰਦੀ ਹੈ ਭੁਲ ਹੈ। ਬੇਸ਼ਕ ਕੁਰਬਾਨੀ ਕਰਨ ਲਈ ਕੁਝ ਬੇਗਰਜ਼ੀ ਤੇ ਦਲੇਰੀ ਦੀ ਲੋੜ ਹੈ ਪਰ ਇਹ ਬੇਗਰਜ਼ੀ ਕਈ ਵੇਰੀ ਵੱਡੀ 'ਕੌਮ ਗਰਜ਼ੀ' ਵਿਚ ਗਰਕ ਹੋ ਜਾਂਦੀ ਹੈ, ਜੋ ਕਈ ਖ਼ੁਦਗਰਜ਼ੀਆਂ ਦਾ ਇਕ ਪੁੰਜ ਹੈ। ਜਿਸ ਤਰ੍ਹਾਂ ਨਾਲ ਕਈ ਚੋਰ ਹੁੰਦੇ ਹਨ ਜੋ ਆਪ ਭਾਵੇਂ ਮਾਰੇ ਜਾਣ ਪਰ ਸਾਥੀਆਂ ਦਾ ਭੇਦ ਨਹੀਂ ਦੇਂਦੇ। ਉਹ ਆਪਣੀ ਜਾਨ ਚੋਰਾਂ ਦੀ "ਕੌਮ" ਦੀ ਖ਼ਾਤਰ ਕੁਰਬਾਨ ਕਰ ਦੇਂਦੇ ਹਨ। ਜਿਸ ਤਰ੍ਹਾਂ ਜਰਮਨਾਂ ਨੇ ਕਿਸੇ "ਕੌਮ" ਤੋਂ ਘੱਟ ਕੁਰਬਾਨੀ ਨਹੀਂ ਕੀਤੀ, ਪਰ ਇਹ ਕੁਰਬਾਨੀ ਉਨ੍ਹਾਂ "ਜਰਮਨ ਕੌਮ" ਦੀ ਖ਼ਾਤਰ ਕੀਤੀ ਸੀ ਜਾ ਦੂਜੇ ਲਫ਼ਜ਼ਾਂ ਵਿਚ ਡਾਕੂਆਂ ਵਾਲੀ ਕੁਰਬਾਨੀ ਕੀਤੀ। ਹੁਣ ਦੇਖਣ ਵਾਲੀ ਇਹ ਗੱਲ ਹੈ ਕਿ ਬਾਕੀ ਯਰੂਪੀ ਤੇ ਏਸ਼ਿਆਈ "ਕੌਮਾਂ" ਦਾ ਕੀ ਹਾਲ ਹੈ। ਸਾਨੂੰ ਤਾਂ ਇਸ ਲੈਹੰਦੜ ਵਿੱਦਿਆ ਦੀ ਦੱਸੀ ਹੋਈ "ਕੌਮ" ਦਾ ਇਹੋ ਹੀ ਹਾਲ ਜਾਪਦਾ ਹੈ। ਹੁਣ ਇਨ੍ਹਾਂ ਸਾਰੀਆਂ ਵਿਚੋਂ ਪਰਮਾਤਮਾ ਤੇ ਗ੍ਰੰਥਾਂ ਦੀ ਰੱਖਿਆ ਕਰਨ ਦੀ ਦਾਵੇਦਾਰ ਅੰਗ੍ਰੇਜ਼ "ਕੌਮ" ਦਾ ਹਾਲ ਦੇਖ ਲਵੋ। ਦੇਖੋ ਵਜ਼ੀਰ ਹਿੰਦ ਮਿਸਟਰ ਮਾਨਟੇਗੂ ਵਰਗੇ ਤੇ ਵਾਈਸਰਾਏ ਸਾਹਿਬ ਲਾਰਡ ਜੈਮਸਫੋਰਡ ਵਰਗੇ ਨੇਕ ਆਦਮੀ ਇਸ "ਕੌਮ" ਦੀ ਖ਼ਾਤਰ ਡਾਇਰ ਸਾਹਿਬ ਨੂੰ ਨੇਕ ਨੀਅਤ ਕਹਿੰਦੇ ਹਨ। ਹਜ਼ਾਰਾਂ ਆਦਮੀ ਇਸ ਡਾਇਰ ਨੇ ਕਤਲ ਕੀਤੇ ਤੇ ਨੀਅਤ ਉਸ ਦੀ ਇਹ ਸੀ ਕਿ ਕੋਈ ਵੀ ਜੀਵਦਾ ਨਾ ਜਾਏ, ਪਰ ਇਹ ਨੀਅਤ ਨੇਕ ਸੀ, ਕਿਉਂਕਿ ਡਾਇਰ ਨੂੰ ਕੋਈ ਜ਼ਾਤੀ ਦੁਸ਼ਮਨੀ ਜਾਂ ਘ੍ਰਿਣਾ ਨਹੀਂ ਸੀ। ਸਿਰਫ "ਕੌਮੀ" ਜੋਸ਼ ਵਿਚ, ਆਪਣੀ ਕੌਮ ਖ਼ਾਤਰ, ਹਜ਼ਾਰਾ ਨੂੰ ਕਤਲ ਕੀਤਾ ਸੀ। ਸ਼ੋਕ ਮਹਾਂ ਸ਼ੋਕ !

ਹਿੰਦੁਸਤਾਨ ਭੀ ਹਾਲਾਂ ਇਸੇ "ਕੌਮ" ਵੱਲ ਦੌੜ ਰਿਹਾ ਹੈ। ਜ਼ਰਾ ਸੋਚ ਦਾ ਵੇਲਾ ਹੈ। ਕੀ ਅਸੀਂ ਆਪਣੇ ਧਰਮ ਨੂੰ ਇਸ "ਕੌਮ" ਤੋਂ ਕੁਰਬਾਨ ਕਰਨ ਲਈ ਤਿਆਰ ਹਾਂ ? ਜੇ ਨਹੀਂ ਤਾਂ ਸਾਡਾ "ਕੌਮ" ਦਾ ਕੀ ਭਾਵ ਹੈ ? ਅਜੇ ਤਕ ਤਾਂ "ਕੌਮ" ਧਰਮ-ਨਾਸ਼ਕ ਹੈ। ਕੀ ਕੋਈ ਚੰਗੇ ਸਿਆਣੇ ਹਿੰਦੁਸਤਾਨੀ ਕੋਈ ਧਰਮ-ਰਖਯਕ ਕੌਮ ਦਾ ਖ਼ਿਆਲ ਪ੍ਰਗਟ ਕਰ ਸਕਦੇ ਹਨ। ਜਦ ਤਕ ਇਹ ਸੋਚ ਸਮਝ ਨਾ ਲਈਏ ਐਵੇਂ ਖ਼ਾਹ ਮਖ਼ਾਹ "ਕੌਮ" ਬਣਾ ਕੇ ਅਸੀਂ ਭੀ

ਹਿੰਦੁਸਤਾਨੀ, ਡਾਇਰ, ਨੂੰ ਨੇਕਨੀਅਤ ਕਰਨ ਵਾਲੀ "ਕੌਮ" ਨਾ ਬਣੀਏ।

ਅਕਾਲੀ ਲਾਹੌਰ, ੨੪ ਜੂਨ ੧੯੨੦

ਵਿਛੋਏ ਦਾ ਅਦੁਤੀ ਦੀਵਾਨ !

ਮੁਲਕੀ ਲੀਡਰਾਂ ਦੇ ਦਰਸ਼ਨ!

ਦਰਦ ਭਰੇ ਵਖਿਆਨ

ਪੰਜ ਤੋਂ ਦਸ ਹਜ਼ਾਰ ਤਕ ਸੰਗਤ ਦਾ ਇਕੱਠ!

ਕੁਦਰਤੀ ਲੀਡਰਾਂ ਨੂੰ ਪੰਜ-ਪੰਜ ਲਾਨਤਾਂ!

ਜਬਰਦਸਤ ਗੁਰਮਤੇ!

ਕਾਰਵਾਈ!

ਗੁਰਮਤਾ ੧ ਪਾਸ ਹੋਇਆ ਕਿ ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਰਨਤਾਰਨ, ਨਾਨਕਾਣਾ ਸਾਹਿਬ ਆਦਿਕ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਸਿੱਖ ਕੌਮ ਦੇ ਸਪੁਰਦ ਕਰ ਦਿੱਤਾ ਜਾਵੇ ਕਿਉਂਕਿ ਇਨ੍ਹਾਂ ਦੇ ਪ੍ਰਬੰਧ ਵਿਚ ਸਰਕਾਰ ਦੇ ਕਿਸੇ ਤਰ੍ਹਾਂ ਦਾ ਦਖ਼ਲ ਨੂੰ ਭੀ ਸਿੱਖ ਕੌਮ ਨਹੀਂ ਪਸੰਦ ਕਰਦੀ।

(੧) ਪੇਸ਼ ਕਰਤਾ ਭਾਈ ਅਮਰ ਸਿੰਘ ਜੀ ਦਿਆਲ ਭੜੰਗ ਅਤੇ ਪੁਸ਼ਟੀਕਰਤਾ ਭਾਈ ਅਤਰ ਸਿੰਘ ਜੀ ਖੁਸ਼ਾਲਪੁਰ। ਵਿਖਯਾਨ ਸਾਰ। ਇਹ ਗੁਰਮਤਾ ਸਾਨੂੰ ਜਾਨ ਨਾਲੋਂ ਵੀ ਪਿਆਰਾ ਹੈ ਅਤੇ ਇਸ ਲਈ ਸੈਂਕੜੇ ਸਿੱਖ ਬਜ਼ੁਰਗਾਂ ਦੀਆਂ ਜਾਨਾਂ ਕੁਰਬਾਨ ਹੋ ਚੁੱਕੀਆਂ ਹਨ। ਕਿਸੇ ਕੌਮ ਦਾ ਕੋਈ ਹੱਕ ਨਹੀਂ ਕਿ ਉਹ ਦੂਜੀ ਕੌਮ ਦੇ ਧਾਰਮਿਕ ਅਸਥਾਨਾਂ ਵਿਚ ਦਖ਼ਲ ਦੇਵੇ। ਕੀ ਅੰਗ੍ਰੇਜ਼ ਆਪਣੇ ਗਿਰਜਿਆਂ ਦੇ ਪ੍ਰਬੰਧ ਵਿਚ ਸਿੱਖਾਂ ਦੇ ਕਿਸੇ ਦਖ਼ਲ ਨੂੰ ਪਸੰਦ ਕਰਦੇ ਹਨ ?

(੨) ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਸਰਕਾਰ ਕੋਈ ਦਖ਼ਲ ਨਾ ਰੱਖੇ, ਤੇ ਸਾਰੇ ਦਾ ਸਾਰਾ ਪ੍ਰਬੰਧ ਹੀ ਸਿੱਖ ਕੌਮ ਦੇ ਹੱਥਾਂ ਵਿਚ ਦੇ ਦੇਣ। ਪੇਸ਼ ਕਰਤਾ ਭਾਈ ਜਸਵੰਤ ਸਿੰਘ ਜੀ ਝਬਾਲ, ਪੁਸ਼ਟੀ ਕਰਤਾ ਭਾਈ ਠਾਕਰ ਸਿੰਘ ਜੀ ਫਤੇਹ ਗੜ੍ਹ। ਵਿਖਯਾਨ ਸਾਰ। ਕਾਲਜ ਸਿੱਖ ਕੌਮ ਦਾ ਇਕ-ਇਕ ਪੈਸਾ ਇਕੱਠਾ ਕਰਕੇ ਬਣਿਆ ਹੈ ਤਾਂ ਤੇ ਇਸ ਦਾ ਪ੍ਰਬੰਧ ਸਿੱਖ ਹੱਥਾ ਵਿਚ ਦਿੱਤਾ ਜਾਵੇ, ਨਵੀਂ ਸੁਧਾਰ ਸਕੀਮ ਅਨੁਸਾਰ ਵਿਦਯਾ ਦਾ ਮਹਿਕਮਾ ਹੀ ਦੇਸ਼ੀਆਂ ਨੂੰ ਦਿੱਤਾ ਜਾਣਾ ਹੈ। ਹਿੰਦੂ ਮੁਸਲਮਾਨ ਆਪਣੇ ਕਾਲਜ ਦਾ ਆਪ ਪ੍ਰਬੰਧ ਕਰਦੇ ਹਨ, ਸਿੱਖਾਂ ਨੂੰ ਵੀ ਅਜਿਹਾ ਕਿਉਂ ਨਹੀਂ ਕਰਨ ਦਿੱਤਾ ਜਾਂਦਾ।

(੩) ਸਿੱਖ ਕੈਦੀਆਂ ਨੂੰ ਜੇਲ੍ਹਖਾਨਿਆਂ ਵਿਚ ਪੰਜ ਕਕਾਰ ਤੇ ਦਸਤਾਰ ਧਾਰਨ ਕਰਨ ਤੋਂ ਸਖ਼ਤੀ ਨਾਲ ਰੋਕ ਕੇ ਸਰਕਾਰ ਵੱਲੋਂ ਧਾਰਮਿਕ ਆਜ਼ਾਦੀ ਵਿਚ ਦਖ਼ਲ ਨਾ ਦੇਣ ਵਾਲੀ ਪਾਲੀਸੀ ਦੇ ਵਿਰੁਧ ਵਰਤਾਵ ਹੋ ਰਿਹਾ ਹੈ। ਜਿਸ ਨੂੰ ਸਿੱਖ ਕੌਮ ਅਯੋਗ ਖ਼ਿਆਲ ਕਰਦੀ ਹੋਈ ਇਸ ਦੀ ਪੂਰੀ ਖੁਲ ਹੋਣ ਤੇ ਜ਼ੋਰ ਦਿੰਦੀ ਹੈ। ਪੇਸ਼ਕਰਤਾ ਭਾਈ ਤੇਜਾ ਸਿੰਘ, ਪੁਸ਼ਟੀ ਕਰਤਾ ਭਾਈ ਪ੍ਰਦੁਮਨ ਸਿੰਘ। ਵਿਖਯਾਨ ਸਾਰ। ਜੇਲ੍ਹਖਾਨਿਆਂ ਵਿਚ ਸਿੱਖਾਂ ਨੂੰ ਬੜੀ ਸਖ਼ਤੀ ਨਾਲ ਟੋਪੀ ਪਹਿਨਾਈ ਜਾਂਦੀ ਤੇ ਕੜਾ ਲੁਹਾਇਆ ਜਾਂਦਾ ਹੈ ਕਿ ਇਹ ਕੋਈ ਹਰਜ ਵਾਲੀਆਂ ਚੀਜਾਂ ਨਹੀਂ, ਰਹਿਤ ਸਿੱਖ ਲਈ ਜ਼ਰੂਰੀ ਹੈ ਤਾਂ ਤੇ ਜ਼ਰੂਰੀ ਖੁਲ੍ਹ ਹੋਣੀ ਚਾਹੀਏ।

(੪) ਸਿੱਖ ਕੌਮ ਦੀ ਸ਼ਾਨ ਤੇ ਇਜ਼ੱਤ ਦਾ ਖ਼ਿਆਲ ਕਰਕੇ ਪੰਜਾਬ ਕੌਂਸਲ ਵਿਚ ਤੀਸਰਾ ਵਾਇਸਰਾਇ ਕੌਂਸਲ ਵਿਚ ਪੰਜਵਾਂ ਹਿੱਸਾ ਸਿੱਖਾਂ ਨੂੰ ਦਿੱਤਾ ਜਾਏ ਇਸ ਬਾਬਤ ਵਾਇਸਰਾਇ ਦਾ ਉਤਰ ਬਿਲਕੁਲ ਤਸਲੀ ਬਖਸ਼ ਨਹੀਂ। ਪੇਸ਼ ਕਰਤਾ ਭਾਈ ਜਸਵੰਤ ਸਿੰਘ ਝਬਾਲ, ਪੁਸ਼ਟੀ ਕਰਤਾ ਭਾਈ ਰਾਮ ਸਿੰਘ ਜੀ ਐਡੀਟਰ "ਪੰਚ" ਲਾਹੌਰ। ਵਿਖਯਾਨ ਸਾਰ : ਉਹ ਕੌਮ ਜੋ ਅੱਜ ਤੋਂ ਅਸੀਂ ਸਾਲ ਪਹਿਲਾਂ ਰਾਜ ਕਰਦੀ ਸੀ ਹੱਕ ਮਿਲਣ ਵੇਲੇ ਉਸ ਨੂੰ ਕੇਵਲ ਦਸ ਮੈਂਬਰੀਆਂ ਦਿੱਤੀਆਂ ਗਈਆਂ ਹਨ। ਸਿੱਖ ਕੌਮ ਦਾ ਹੱਕ ਤੀਸਰਾ ਹਿੱਸਾ ਹੈ। ਸਿੱਖ ਵੋਟਰ ਗਿਣਤੀ ਵਿਚ ਬਹੁਤ ਜ਼ਿਆਦਾ ਹਨ।

(੫) ਸੁਧਾਰਕ ਕਾਨੂੰਨ ਅਨੁਸਾਰ ਮੈਂਬਰਾਂ ਦੀ ਚੋਣ ਵਿਖੇ ਕਿਸੇ ਤਰ੍ਹਾਂ ਦਾ ਵੀ ਸਰਕਾਰੀ ਦਬਾਉ ਸਰਕਾਰੀ ਅਫ਼ਸਰਾਂ ਦੀ ਰਾਹੀਂ ਨਾ ਵਰਤਿਆਂ ਜਾਏ ਤੇ ਸਰਕਾਰ ਪੰਜਾਬ ਵੱਲੋਂ ਸਰਕਾਰੀ ਅਫ਼ਸਰਾਂ ਦੇ ਨਾਮ ਇਸ ਭਾਵ ਦਾ ਇਕ ਸਰਕੂਲਰ ਜਾਰੀ ਕੀਤਾ ਜਾਏ। ਪੇਸ਼ਕਰਤਾ ਭਾਈ ਤੇਜਾ ਸਿੰਘ ਜੀ ਚੂਹੜਕਾਣਾ। ਪ੍ਰਸ਼ਟੀਕਰਤਾ ਭਾਈ ਰਾਮ ਸਿੰਘ ਜੀ ਐਡੀਟਰ "ਪੰਚ" ਲਾਹੌਰ।

(੬) ਸਾਰੇ ਦੇ ਸਾਰੇ ਸਿੱਖ ਨਜ਼ਰਬੰਦ ਆਜ਼ਾਦ ਕੀਤੇ ਜਾਣ। ਸਰਦੂਲ ਸਿੰਘ ਜੀ ਕਵੀਸਰ ਲਾਹੌਰ ਦੀ ਪਾਬੰਦੀ ਹਟਾਈ ਜਾਵੇ ਤੇ ਸਾਰੇ ਦੇ ਸਾਰੇ ਸਿੱਖ ਤੇ ਹੋਰ ਰਾਜਸੀ ਕੈਦੀ ਸ਼ਾਹੀ ਐਲਾਨ ਅਨੁਸਾਰ ਆਜ਼ਾਦ ਕਰ ਦਿੱਤੇ ਜਾਣ। ਨਾਮਧਾਰੀਆਂ ਤੇ ਪੁਲੀਸ ਦੀ ਪਾਬੰਦੀ ਬਿਲਕੁਲ ਦੂਰ ਕਰ ਦਿੱਤੀ ਜਾਵੇ। ਕਵੀਸ਼ਰ ਜੀ ਸਬੰਧੀ ਸਰਕਾਰ ਪੰਜਾਬ ਦਾ ਉਤਰ ਬਿਲਕੁਲ ਤੱਸਲੀ ਬਖ਼ਸ਼ ਨਹੀਂ, ਕਿਉਂਕਿ ਉਨ੍ਹਾਂ ਨੂੰ ਰਾਜ ਵਿਰੋਧੀ ਅਪਰਾਧ ਵਿਚ ਸਜ਼ਾ ਦਿੱਤੀ ਗਈ ਸੀ। ਸਿੱਖ ਕੌਮ ਉਨ੍ਹਾਂ ਦੀ ਤੇ ਭਾਈ ਚਤਰ ਸਿੰਘ ਜੀ ਦੀ ਰਿਹਾਈ ਤੇ ਬਹੁਤ ਜ਼ੋਰ ਦਿੰਦੀ ਹੈ। ਪੇਸ਼ ਕਰਤਾ ਸਰਦਾਰ ਦਾਨ ਸਿੰਘ ਜੀ ਪ੍ਰਧਾਨ। ਪੁਸ਼ਟੀਕਰਤਾ ਸ੍ਰ: ਅਮਰ ਸਿੰਘ ਜੀ ਦਿਆਲ ਭੜੰਗ।

(੭) ਫ਼ੌਜੀ ਮਹਿਕਮੇ ਵਿਚ ਗਾਤਰੇ ਸਮੇਤ ਕ੍ਰਿਪਾਨ ਧਾਰਨ ਕਰਨ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ, ਤੇ ਐਸਾ ਨਾ ਹੋਣ ਦੀ ਹਾਲਤ ਵਿਚ ਫ਼ੌਜੀ ਭਰਤੀ ਵਿਚ ਰੁਕਾਵਟ ਦਾ ਪੈ ਜਾਣਾ ਜ਼ਰੂਰੀ ਹੈ। ਪੇਸ਼ ਕਰਤਾ, ਸ੍ਰ: ਆਲਾ ਸਿੰਘ ਜੀ ਅੰਮ੍ਰਿਤਸਰ, ਪੁਸ਼ਟੀ ਕਰਤਾ ਸ੍ਰ: ਇੰਦਰ ਸਿੰਘ ਜੀ।

(੮) ਮਹਾਰਾਜਾ ਪਟਿਆਲਾ ਦੀ ਉਡਵਾਇਰ ਫੰਡ ਵਿਚ (੨੦੦੦੦) ਦੇਣ ਦੀ ਕਾਰਵਾਈ ਸਖਤ ਘ੍ਰਿਣਾ ਦੇਣ ਦੇ ਯੋਗ ਹੈ। ਪੇਸ਼ ਕਰਤਾ, ਸ੍ਰ: ਇੰਦਰ ਸਿੰਘ, ਪੁਸ਼ਟੀ ਕਰਤਾ ਸ੍ਰ: ਅਮਰ ਸਿੰਘ ਜੀ।

(੯) ਪੰਜਾਬ ਦੇ ਪਿਛਲੇ ਲਾਟ ਨੂੰ ਪੰਜਾਬ ਤੋਂ ਜਾਣ ਲੱਗਿਆਂ ਮਾਨ ਪੱਤਰ ਪੇਸ਼ ਕਰਨ ਵਾਲੇ ਸਿੱਖ ਯਥਾ ਸੁੰਦਰ ਸਿੰਘ ਮਜੀਠੀਆ, ਗੁਪਾਲ ਸਿੰਘ ਭਾਗੋ ਵਾਲ, ਰੂੜ ਸਿੰਘ ਸਰਬਰਾਹ, ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਆਦਕ ਤਨਖ਼ਾਹੀਏ ਹਨ ਤੇ ਇਨ੍ਹਾਂ ਦੇ ਨਾਮ ਨਾਲ ਸਰਦਾਰ ਜਾ ਭਾਈ ਪਦ ਨਾ ਵਰਤਿਆਂ ਜਾਵੇ। ਪੇਸ਼ ਕਰਤਾ ਸ੍ਰ: ਅਮਰ ਸਿੰਘ ਜੀ, ਪੁਸ਼ਟੀ ਕਰਤਾ ਸ੍ਰ: ਇੰਦਰ ਸਿੰਘ ਜੀ।

(੧੦) ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਕੌਮੀ ਰੁਪੈ ਦੇ ਖਰਚ ਵਾਸਤੇ ਜੋ ਟਰਸਟੀ ਬਣੇ ਸਨ, ਉਨ੍ਹਾਂ ਤੇ ਕੌਮ ਨੂੰ ਉਕਾ ਈ ਕੋਈ ਇਤਬਾਰ ਨਹੀਂ, ਇਸ ਲਈ ਟਰਸਟੀ ਤੋੜ ਕੇ ਸਾਰਾ ਰੁਪਇਆ ਕੌਮ ਦੇ ਨਾਮ ਤੇ ਰੱਖਿਆ ਜਾਵੇ ਤੇ ਕੌਮ ਦੀ ਸਲਾਹ ਅਨੁਸਾਰ ਕੌਮੀ ਰੁਪੈ ਦਾ ਖਰਚ ਹੋਣਾ ਹੀ ਜ਼ਰੂਰੀ ਹੈ। ਪੇਸ਼ ਕਰਤਾ ਡਾ: ਠਾਕੁਰ ਸਿੰਘ ਫਤੇਗੜ੍ਹ, ਪੁਸ਼ਟੀ ਕਰਤਾ, ਡਾ: ਅਮਰ ਸਿੰਘ ਜੀ ਸੂਫੀਆ।

(੧੧) ਡਿਸਟ੍ਰਿਕਟ ਬੋਰਡ ਅੰਮ੍ਰਿਤਸਰ ਲੋਕਲ ਰੇਟ ਨੂੰ ਜ਼ਿਲ੍ਹੇ ਦੀਆਂ ਆਮ ਸੜਕਾਂ ਤਰ੍ਹਾਂ ਤਿਆਰੀ ਉੱਤੇ ਖਰਚ ਕਰੇ। ਸਾਰਾ ਹੀ ਰੁਪਇਆ ਜਰਨੈਲੀ ਸੜਕ ਤੇ ਲਾ ਦੇਣ ਨਾਲ ਆਮ ਲੋਕਾਂ ਨੂੰ ਕੋਈ ਫਾਇਦਾ ਨਹੀਂ, ਜਰਨੈਲੀ ਸੜਕਾਂ ਵਾਸਤੇ ਰੁਪਇਆ ਸਰਕਾਰੀ ਖ਼ਜ਼ਾਨੇ ਵਿੱਚੋਂ ਹੋਣਾ ਚਾਹੀਦਾ ਹੈ। ਜੇ ਐਸਾ ਨਾ ਕੀਤਾ ਤਾਂ ਫਿਰ ਲਹਿਰ ਜਾਰੀ ਹੋਵੇਗੀ। ਪੇਸ਼ ਕਰਤਾ ਸ੍ਰ: ਜਸਵੰਤ ਸਿੰਘ ਜੀ, ਪੁਸ਼ਟੀ ਕਰਤਾ ਸ੍ਰ: ਲਾਲਾ ਲਾਜਪਤ ਰਾਇ ਤੇ ਡਾਕਟਰ ਸਤਯਾ ਪਾਲ। ਸੰਗਤ ਨੇ ਬੜੇ ਪ੍ਰੇਮ ਨਾਲ ਸਨਮਾਨਿਆ ਤੇ ਆਉ ਭਗਤ ਕੀਤੀ। ਉਨ੍ਹਾਂ ਦੇ ਦੀਵਾਨ ਵਿਚ ਬਿਰਾਜਮਾਨ ਹੋਣ ਤੇ ਪ੍ਰਧਾਨ ਨੇ ਸੋਹਣੇ ਉਸਤਤੀ ਭਰੇ ਲਫਜ਼ਾਂ ਵਿਚ ਉਨ੍ਹਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਉਰਦੂ ਦਾ ਇਹ ਮਿਸਲਾ ਪੜਿਆ "ਵੋਹ ਆਏ ਹਮਾਰੇ ਘਰ ਮੈ, ਜੋ ਹੈ ਇਲਾਹੀ ਕੁਦਰਤ, ਕਬੀ ਹਮ ਉਨਕੋ ਦੇਖਤੇ ਹੈ ਕਬੀ ਆਪਣੇ ਘਰ ਕੋ ਦੇਖਤੇ ਹੈ" ਉਪਰੰਤ ਮੋਤਾ ਸਿੰਘ ਜੀ ਨੇ ਦੋਹਾਂ ਲਾਲਾ ਸਾਹਿਬਾਂ ਦੀ ਜੀਵਣ-ਕਥਾ, ਕੁਰਬਾਨੀ ਤੇ ਮੁਲਕੀ ਸੇਵਾ ਬੜੇ ਉਤਸ਼ਾਹ ਤੇ ਉਸਤਤੀ ਭਰੇ ਲਫ਼ਜ਼ਾਂ ਵਿਚ ਦੱਸੀ। ਫਿਰ ਮਹਿਤਾ ਲਾਲ ਚੰਦ ਨੇ ਕੌਮੀ ਲੀਡਰਾਂ ਦੀ ਉਸਤਤੀ ਦੀ ਕਵਿਤਾ ਪੜੀ। ਉਸ ਦੇ ਪਿੱਛੋਂ ਗੋਰੀ ਸ਼ੰਕਰ ਸ਼ਰਮਾ ਮਜੀਠੇ ਵਾਲੇ ਨੇ ਸਰਗਰਮ ਹੰਜੂ ਤੇ ਠੰਡੀਆਂ ਆਹਾਂ" ਨਾਮੀ ਪੰਜਾਬੀ ਦੀ ਕਵਿਤਾ ਪੜਕੇ ਸੁਣਾਈ, ਫਿਰ ਦੋਹਾਂ ਲਾਲਾ ਜੀ ਦੇ ਸੰਗਤ ਨੂੰ ਦਰਸ਼ਨ ਕਰਾਏ ਗਏ। ਇਸ ਤੇ ਪਿੱਛੋਂ ਭਾਈ ਤੇਜਾ ਸਿੰਘ ਚੂਹੜਕਾਣੇ ਨੇ ਹਜ਼ਾਰੀ ਬਾਗ ਜੇਲ੍ਹ ਵਿਚੋਂ ਰਿਹਾ ਹੋ ਕੇ ਆਏ ਹੋਏ ਸਿੱਖ ਕੈਦੀਆਂ ਵਿਚੋਂ ਡਾ: ਹਰੀ ਸਿੰਘ ਜੀ ਨੂੰ ਸੰਗਤ ਦੇ ਪੇਸ਼ ਕੀਤਾ ਤੇ ਬੜੇ ਦਰਦ ਭਰੇ ਲਫ਼ਜ਼ਾਂ ਵਿਚ ਕਿਹਾ, ਕਿ ਹਜ਼ਾਰੀ ਬਾਗ ਜੇਲ੍ਹ ਵਿਚੋਂ ਰਿਹਾ ਹੋਏ ੧੭ ਸਿੱਖ ਕੈਦੀਆਂ ਵਿਚੋਂ ਪੰਜ ਸਿੱਖ ਰਾਹ ਵਿਚ ਹੀ

ਬੀਮਾਰ ਹੋ ਕੇ ਘਰ ਆਉਂਦੇ ਹੀ ਚਲਾਨਾ ਕਰ ਗਏ, ਜਿਸ ਦਾ ਕਾਰਨ ਜੇਲ੍ਹ ਵਿਚ ਅਧੂਰੀ ਖ਼ੁਰਾਕ ਤੇ ਘੱਟ ਕਪੜੇ ਹੈ।

ਫਿਰ (੧੩) ਗੁਰਮਤਾ ਪਾਸ ਕੀਤਾ ਗਿਆ।

(੧੩) ਜੇਲ੍ਹ ਵਿਚ ਸਖ਼ਤੀਆਂ ਕਰਨ ਵਾਲੇ ਅਫ਼ਸਰਾਂ ਤੇ ਨਫ਼ਰਤ ਪ੍ਰਗਟ ਕੀਤੀ ਗਈ ਤੇ ਹਜ਼ਾਰੀ ਬਾਗ ਜੇਲ੍ਹ ਵਿਚੋਂ ਛੁਟ ਕੇ ਘਰਾਂ ਵਿਚ ਆ ਕੇ ਸ਼ਹੀਦ ਹੋ ਜਾਣ ਵਾਲਿਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾਵੇ ਤੇ ਕੋਮਾ ਗਾਟਾ ਮਾਰੂ ਤੇ ਹੋਰ ਸਾਰੇ ਸਿੱਖ ਮੁਲਕੀ ਕੈਦੀਆਂ ਨਾਲ ਹਮਦਰਦੀ ਕੀਤੀ ਜਾਵੇ। ਪੇਸ਼ ਕਰਤਾ ਭਾਈ ਕਰਤਾਰ ਸਿੰਘ ਜੀ, ਪੁਸ਼ਟੀ ਕਰਤਾ ਸ੍ਰ: ਅਮਰ ਸਿੰਘ ਜੀ, ਵਿਖਯਾਨ ਸਾਰ: ਯੂਰਪ ਦੇ ਪੋਲੀਟੀਕਲ ਕੈਦੀਆਂ ਦੇ ਟਾਕਰੇ ਵਿਚ ਪੋਲੀਟੀਕਲ ਕੈਦੀਆਂ ਨੂੰ ਬੜੀਆਂ ਤਕਲੀਫਾਂ ਜੇਲ੍ਹਾਂ ਵਿਚ ਦਿੱਤੀਆਂ ਹਨ। ਅੰਡੇਮਾਨ ਦੇ ਸਿੱਖ ਕੈਦੀ ਪਕੇ ਸਿੱਖ ਤੇ ਬਾਣੀ ਦੇ ਪ੍ਰੇਮੀ ਹਨ। ਜਿਨ੍ਹਾਂ ਸਿੱਖ ਕੁਦਰਤੀ ਲੀਡਰਾਂ ਨੇ ਉਨ੍ਹਾਂ ਦੀ ਵਿਰੋਧਤਾ ਕੀਤੀ ਤੇ ਉਨ੍ਹਾਂ ਦੇ ਵਿਰੁਧ ਗੁਪਤ ਪਤਰ ਕਢੇ ਸਨ, ਉਹ ਖੁਦ ਸਿੱਖ ਨਹੀਂ ਹਨ। ਤਾਂ ਤੇ ਸਾਰੇ ਪੰਜ ਵੇਰਾਂ ਆਖੋ ਕਿ ਅਰੂੜ ਸਿੰਘ ਸਰਬ੍ਰਾਹ, ਸਿੱਖ ਨਹੀਂ ਤੇ ਉਸ ਨੂੰ ਲਾਨਤ ਹੈ। ਸੁੰਦਰ ਸਿੰਘ ਮਜੀਠੀਆ ਜਿਸ ਨੇ ਗੁਪਤ ਪੱਤਰ ਕਢਾਇਆ ਸੀ ਸਿੱਖ ਨਹੀਂ ਹੈ ਤੇ ਉਸ ਨੂੰ ਵੀ ਲਾਨਤ ਆਖੋ। ਸਾਡੇ ਲੀਡਰ ਤਾਂ ਇਨ੍ਹਾਂ ਨੇ ਕੀ ਹੋਣਾ ਸੀ ਇਹ ਤਾਂ ਸਿੱਖ ਨਹੀਂ ਹਨ। ਸਾਡੇ ਲੀਡਰ ਤਾਂ ਇਨ੍ਹਾਂ ਨੇ ਕੀ ਹੋਣਾ ਸੀ। ਇਹ ਤਾਂ ਸਿੱਖ ਨਹੀਂ ਸਨ। ਸਾਰੀ ਸੰਗਤ ਨੇ ਜ਼ੋਰ ਦਾਰ ਨਾਹਰਿਆਂ ਨਾਲ ਪੰਜ ਵੇਰਾਂ ਇਨ੍ਹਾਂ ਤੇ ਲਾਨਤ ਪਾਈ ਤੇ ਕਿਹਾ ਕਿ ਇਹ ਸਿੱਖ ਨਹੀਂ ਹਨ।

(੧੪) ਹੰਟਰ ਕਮੇਟੀ ਦੇ ਅੰਗ੍ਰੇਜ਼ ਮੈਂਬਰਾਂ ਦੀ ਰਿਪੋਰਟ ਬਿਲਕੁਲ ਤਸਲੀ ਬਖਸ਼ ਨਹੀਂ। ਕਿਉਂਕਿ ਉਨ੍ਹਾਂ ਨੇ ਰੰਗ ਤੇ ਨਸਲ ਦੇ ਪਖ ਪਾਤ ਤੋਂ ਕੰਮ ਲਿਆ ਹੈ। ਜਨਰਲ ਡਾਇਰ ਨੂੰ ਨੌਕਰੀ ਤੋਂ ਮਕੂਫ ਕਰਨ ਦੀ ਸਜ਼ਾ ਕਾਫ਼ੀ ਨਹੀਂ। ਤੇ ਪੰਜਾਬ ਦੇ ਪਿਛਲੇ ਲਾਟ ਸਾਹਿਬ ਦੀ ਵਡਿਆਈ ਅਤਿਯੰਤ ਅਯੋਗ ਹੈ। ਇਨ੍ਹਾਂ ਦੋਹਾਂ ਤੇ ਹੋਰ ਜ਼ੁਲਮ ਕਰਨ ਵਾਲਿਆਂ, ਮਰਸ਼ਲ ਲਾਅ ਦੇ ਅਫ਼ਸਰਾਂ ਨੂੰ ਸਖ਼ਤ ਸਜਾਵਾਂ ਦਿੱਤੀਆਂ ਜਾਣ। ਕਾਂਗਰਸ ਕਮੇਟੀ ਦੀ ਰਿਪੋਰਟ ਪੂਰਨ ਯਕੀਨ ਤੇ ਵਿਸ਼ਵਾਸ ਦੇ ਯੋਗ ਹੈ। ਪੇਸ਼ ਕਰਤਾ ਮਾ: ਸੁੰਦਰ ਸਿੰਘ ਲਾਇਲਪੁਰੀ, ਮੈਨੇਜਰ "ਅਕਾਲੀ" ਅਖ਼ਬਾਰ ਲਾਹੌਰ। ਪੁਸ਼ਟੀ ਕਰਤਾ ਮਾ: ਮੋਤਾ ਸਿੰਘ ਜੀ।

ਐਤਵਾਰ ਸ਼ਾਮ ਦੇ ਦੀਵਾਨ ਵਿਚ ੨ ਤੋਂ ੩ ਤੀਕ ਡਾਕਟਰ ਸਤਿਆ ਪਾਲ ਜੀ ਨੇ ਦਰਦ ਭਰਿਆ ਵਖਿਆਨ ਜਲ੍ਹਿਆ ਵਾਲੇ ਬਾਗ ਬਾਬਤ ਦਿੱਤਾ।

ਉਪਰੰਤ ਲਾਲਾ ਲਾਜਪਤ ਰਾਇ ਜੀ ਨੇ ਬੜਾ ਜਬਰਦਸਤ ਲੈਕਚਰ ਦੇ ਕੇ ਦੱਸਿਆ ਕਿ ਖਾਲਸਾ ਪੰਥ ਵਾਹਿਗੁਰੂ ਦੀ ਭਗਤੀ ਕਰਕੇ ਤੇ ਸੇਵਾ ਨਾਲ ਰੋਸ਼ਨ ਹੋਇਆ ਸੀ। ਹੁਣ ਭੀ ਇਸ ਨੂੰ ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਅੱਖਾਂ ਅਗੇ ਰੱਖ ਕੇ ਜੀਉਂਦੀ ਕੌਮ ਬਣੇ।

ਅਤੇ ਸਭ ਦਾ ਧੰਨਵਾਦ ਕਰਕੇ ਦੀਵਾਨ ਦੀ ਸਮਾਪਤੀ ਹੋਈ।

ਅਕਾਲੀ ਲਾਹੌਰ, ੨੫ ਜੂਨ ੧੯੨੦

(ੳ) ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?

ਮਹੰਤ ਸੁੰਦਰ ਸਿੰਘ ਦੀ ਸਫਾਈ।

ਸਾਡੇ ੧੦ ਜੂਨ ਦੇ ਉਪਰਲੇ ਸਿਰਨਾਵੇਂ ਵਾਲੇ ਮੁਖ ਲੇਖ ਬਾਬਤ ਭਾਈ ਸੁੰਦਰ ਸਿੰਘ ਮਹੰਤ ਅਕਾਲ ਬੁੰਗਾ ਅੰਮ੍ਰਿਤਸਰ ਨੇ ਕੁਝ ਕੁ ਉੱਤਰ ਆਪਣੀ ਸਫਾਈ ਲਈ ਪੰਥ ਸੇਵਕ ਵਿਚ ਛਪਵਾਏ ਹਨ। ਉਨ੍ਹਾਂ ਦੀ ਸਫ਼ਾਈ ਦੀ ਪੜਤਾਲ ਕਰਨ ਤੋਂ ਪਹਿਲਾਂ ਅਸੀਂ ਭਾਈ ਜੀ ਨੂੰ ਸੱਦਾ ਦਿੰਦੇ ਹਾਂ ਕਿ ਜਦ ਕਦੇ "ਅਕਾਲੀ" ਦੇ ਵਿਰੁਧ ਵੀ ਕੁਝ ਲਿਖਣਾ ਹੋਵੇ ਤਾਂ ਹੋਰ ਅਖ਼ਬਾਰਾਂ ਵਿਚ ਕੱਢਣ ਦੀ ਥਾਂਇ ਸਿਧਾ "ਅਕਾਲੀ" ਨੂੰ ਭੇਜੋ। ਤਾਂ ਜੋ ਅਕਾਲੀ ਦੇ ਪਾਠਿਕ ਉਸੇ ਮਾਮਲੇ ਦੇ ਦੋਵੇਂ ਪਾਸੇ ਵੇਖ ਸਕਣ।

"ਅਕਾਲੀ" ਨਾ ਕਿਸੇ ਦਾ ਵਿਰੋਧੀ ਹੈ ਅਤੇ ਨਾ ਕਿਸੇ ਦਾ ਪੱਖੀ! ਕੇਵਲ ਸੱਚ ਦਾ ਪੱਖ ਅਤੇ ਝੂਠ ਦਾ ਰੱਦ ਇਸ ਦਾ ਮੁਖ ਨਿਸ਼ਾਨਾ ਹੈ।

(ਮਹੰਤ ਜੀ ਦੀ ਸਫ਼ਾਈ ਅਸਾਂ ਕਿਸੇ ਹੋਰ ਸਫ਼ੇ ਤੇ ਛਾਪੀ ਹੈ)

ਸਫ਼ਾਈ ਦੀ ਪੜਤਾਲ!

(੧) ਸਾਡੇ ਲੇਖ ਨੂੰ ਮਹੰਤ ਜੀ "ਬੇਵਜਹੀ ਨੁਕਤਾ ਚੀਨੀ" ਦੱਸਦੇ ਹਨ, ਅਤੇ ਉਸ ਤੇ ਆਪ ਨੂੰ "ਬੜੀ ਮਾਯੂਸੀ" ਹੋਈ ਹੈ।

ਉੱਤਰ!

ਸਾਡਾ ਲੇਖ ਪੜ੍ਹ ਕੇ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਸੁਧਾਰ ਕਰਨ ਦੀ ਥਾਂਇ ਮਹੰਤ ਜੀ ਖਿਜ ਪਏ ਹਨ। ਅਤੇ ਸਾਡੇ ਲੇਖ ਦਾ ਕੋਈ ਉੱਤਰ ਪਾਸ ਨਾ ਹੋਣ ਕਰਕੇ ਸਾਡੇ ਤੇ ਐਧਰ ਉਧਰ ਦਾ ਚਿਕੜ ਸੁਟਣ ਦੀ ਕੋਸ਼ਿਸ਼ ਕੀਤੀ ਹੈ। ਪਰ ਮਹੰਤ ਜੀ ਨੂੰ ਪਤਾ ਰਹੇ ਕਿ ਇਨ੍ਹਾਂ ਚਿਕੜਾਂ ਸੁੱਟਿਆਂ ਹੁਣ ਬਚਾਉ ਨਹੀਂ ਹੋਣਾ।

ਹੁਣ ਤਾਂ "ਅਕਾਲੀ" ਸਿਰ ਤੇ ਆ ਗਜਿਆ ਹੈ। ਅਤੇ ਕਬੂਤਰ ਦੇ ਅੱਖਾਂ ਮੀਟਿਆਂ ਕੁਝ ਨਹੀਂ ਬਣਨਾ। "ਬੜੀ ਮਾਯੂਸੀ" ਤਾਂ ਮਹੰਤ ਜੀ ਨੂੰ ਜ਼ਰੂਰ ਹੋਣੀ ਸੀ, ਕਿਉਂਕਿ ਮਹੰਤ ਜੀ ਦੇ ਆਸ਼ਾ ਪੂਰਬਕ ਤਾਂ ਅਸੀਂ ਹਾ ਨਹੀਂ। ਸ੍ਰੀ ਦਰਬਾਰ ਸਾਹਿਬ ਜੀ ਦੇ ਚੰਗੇ ਪ੍ਰਬੰਧ ਨਾਲ ਸ਼ਾਇਦ ਮਹੰਤ ਜੀ ਨੂੰ ਕੁਝ ਬਾਂਡ ਲੱਗੇ ਅਤੇ **ਨਾਲ ਕਿਸੇ ਦਾ ਹੱਕ ਰਹਿਣਾ ਪਵੇ**, ਹੁਣ ਵਾਂਗੂ ਖੁਲੇ ਘੋੜ ਦੌੜੇ ਤਾਂ ਕੌਮ ਨੇ ਰਹਿਣ ਨਹੀਂ ਦੇਣਾ।

(੨) "ਮਾਈ ਰਾਮ ਕੌਰ ਨੂੰ ਇਥੇ ਮਾਰ ਨਹੀਂ ਸੀ ਪਈ" ਅਤੇ ਪੁਜਾਰੀ ਆਪ ਗੁਰਮਰਯਾਦਾ ਕਰਦੇ ਹਨ।

ਅਰਦਾਸ ਨਾ ਹੋਣ ਕਰਕੇ ਕੋਈ ਕੁਰਾਨੀ ਨਹੀਂ ਹੋਇਆ ਸਗੋਂ ਸ਼ਹਿਰ ਸ੍ਰੀ ਅੰਮ੍ਰਿਤਸਰ ਦਾ ਇਹ ਵਾਕਿਆ ਹੀ ਨਹੀਂ, ਕਿਸੇ ਹੋਰ ਥਾਂ ਦਾ ਹੈ।

ਉੱਤਰ—ਅਸਾਂ ਪੰਜ ਸ਼ਿਕਾਇਤਾਂ ਕੀਤੀਆਂ ਸਨ—

(੧) ਗੁਰਮਰਯਾਦਾ ਕਰਨ ਵਾਲਿਆਂ ਦੀ ਅਰਦਾਸ ਨਾ ਕਰਨੀ।

(੨) ਮਾਈ ਰਾਮ ਕੌਰ ਜੀ ਨੂੰ ਪੁਜਾਰੀਆਂ ਹੱਥੋਂ ਕੁਟ ਪੈਣੀ।

(੩) ਭਸੌੜ ਦੀਆਂ ਲੜਕੀਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਸ਼ਬਦ ਪੜ੍ਹਨੋਂ ਪੁਜਾਰੀਆਂ ਨੇ ਰੋਕਨਾ।

(੪) ਗੁਰਮਰਯਾਦਾ ਦੇ ਕਾਨੂੰਨ ਅਨੰਦ ਮੈਰਿਜ਼ ਐਕਟ ਦੇ ਵਿਰੁਧ ਪੁਜਾਰੀਆਂ ਨੇ ਗੁਰਮਤਾ ਪਾਸ ਕਰਨਾ।

(੫) ਅਰਦਾਸਾ ਨਾ ਹੋਣ ਕਰ ਕੇ ਇਕ ਸਿੰਘ ਦਾ ਕਰਾਨੀ ਹੋ ਜਾਨਾ।

ਇੰਨ੍ਹਾਂ ਪੰਜਾਂ ਹੀ ਗੱਲਾਂ ਵਿਚ ਨੰ: ੩ ਅਤੇ ੪ ਅਰਥਾਤ ਭਸੌੜ ਦੀਆਂ ਲੜਕੀਆਂ ਨੂੰ ਸ਼ਬਦ ਨਾ ਪੜ੍ਹਨ ਦੇਣਾ ਅਤੇ ਗੁਰ ਮਰਯਾਦਾ ਦੇ ਕਾਨੂੰਨ, ਮੈਰਿਜ ਐਕਟ ਦੇ ਵਿਰੁਧ ਪੁਜਾਰੀਆਂ ਨੇ ਗੁਰਮਤਾ ਪਾਸ ਕਰਨਾ, ਇਨ੍ਹਾਂ ਦੁਹਾਂ ਇਤਰਾਜਾਂ ਦੀ ਸਫ਼ਾਈ ਵਿਚ ਤਾਂ ਮਹੰਤ ਜੀ ਨੇ ਇਕ ਅੱਖ਼ਰ ਨਹੀਂ ਲਿਖਿਆ, ਕੇਵਲ ਚੁਪ ਹੀ ਚੁਪ ਤੋਂ ਕੰਮ ਲਿਆ ਹੈ। ਤਾਂ ਤੇ ਪਾਠਕ ਕੇਵਲ ਏਸੇ ਸਿਟੇ ਤੇ ਪੁੱਜ ਸਕਦੇ ਹਨ, ਕਿ ਪੁਜਾਰੀਆਂ ਨੇ ਗੁਰਮਰਯਾਦਾ ਦੇ ਵਿਰੁੱਧ ਗੁਰਮਤਾ ਪਾਸ ਕੀਤਾ ਅਤੇ ਭਸੌੜ ਦੀਆਂ ਬੀਬੀਆਂ ਨੂੰ ਪੁਜਾਰੀਆਂ ਨੇ ਦਰਬਾਰ ਵਿਚ ਸ਼ਬਦ ਨਾ ਪੜ੍ਹਨ ਦਿੱਤੇ!

(੨) ਮਾਈ ਰਾਮ ਕੌਰ ਜੀ ਨੂੰ ਪੁਜਾਰੀਆਂ ਵੱਲੋਂ ਕੁਟ ਪੈਣੀ ਮਹੰਤ ਜੀ ਮੰਨਦੇ ਤਾਂ ਹਨ, ਪਰੰਤੂ ਅਜੇ ਵੀ ਲੱਤ ਉੱਤੇ ਹੀ ਰੱਖਦੇ ਹਨ। ਕਹਿੰਦੇ ਹਨ ਕਿ ਮਾਈ ਰਾਮ ਕੌਰ ਨੂੰ ਮਾਰ "ਇਥੇ" (ਅਕਾਲ ਬੁੰਗੇ) ਨਹੀਂ ਸੀ ਪਈ। ਕਿਸੇ ਹੋਰ ਥਾਂਇ (ਦਰਬਾਰ ਵਿਚ) ਪਈ ਸੀ! ਅੱਚਰਜ ਲੀਲ੍ਹਾ ਹੈ। ਸਵਾਲ ਤਾਂ ਮਾਈ ਜੀ ਨੂੰ ਪੁਜਾਰੀਆਂ ਦੀ ਕੁਟ ਦਾ ਸੀ, ਅਕਾਲ ਬੁੰਗੇ ਪਈ ਕੀ ਤੇ ਹਰਿਮੰਦਰ ਸਾਹਿਬ ਪਈ ਕੀ। ਸਾਡੇ ਲੇਖ ਦਾ ਸਿਰਨਾਵਾ ਹੀ ਦਰਬਾਰ ਸੀ, ਅਤੇ ਅਸੀਂ ਅਕਾਲ ਬੁੰਗੇ ਨੂੰ ਵੀ ਦਰਬਾਰ ਸਾਹਿਬ ਦੇ ਨਾਲ ਖ਼ਿਆਲ ਕਰਦੇ ਰਹੇ! ਮਹੰਤ ਜੀ ਨੂੰ ਇਹ ਮੰਜ਼ੂਰ ਨਹੀਂ। ਲਵੋ ਜੀ ਅਸੀਂ ਆਪਣੀ ਭੁਲ ਮੰਨ ਲੈਂਦੇ ਹਾਂ ਅਤੇ ਲਿਖਦੇ ਹਾਂ ਕਿ ਮਾਈ ਰਾਮ ਕੌਰ ਨੂੰ ਅਕਾਲ ਬੁੰਗੇ ਦੇ ਪੁਜਾਰੀਆਂ ਨੇ ਨਹੀਂ ਦਰਬਾਰ ਦੇ ਪੁਜਾਰੀਆਂ ਨੇ ਕੁਟਿਆ ਸੀ। ਮਹੰਤ ਜੀ ਨੇ ਜੋ ਇਹ ਇਤਿਹਾਸਕ ਭੁਲ ਸਾਡੀ ਦਰੁਸਤ ਕੀਤੀ ਹੈ, ਉਸ ਲਈ ਅਸੀਂ ਉਨ੍ਹਾਂ ਦੇ ਕੋਟਾਂ ਕੋਟਾਂਨ ਧੰਨਵਾਦੀ ਹਾਂ।

ਪੁਜਾਰੀਆਂ ਦਾ ਗੁਰਮ੍ਰਯਾਦੀਆਂ ਦੀ ਅਰਦਾਸ ਨਾ ਕਰਨਾ ਇਕ ਅਜਿਹਾ ਅਸਲੀ ਤੇ ਸੱਚਾ ਵਾਕਿਆ ਹੈ। ਕਿ

ਜਿਸ ਨੂੰ ਸਾਰਾ ਸਿੱਖ ਪੰਥ ਚੰਗੀ ਤਰ੍ਹਾਂ ਜਾਣਦਾ ਹੈ। ਸੋ ਮਹੰਤ ਜੀ ਦੇ ਕਿਸੇ ਪੁਜਾਰੀ ਦੀ ਦੋਹਤੀ ਦੀ ਗੁਰਮਰਯਾਦਾ ਨਾਲ ਇਹ ਹਿਰਦਾ ਵਿਹਦਿਕ ਸਚਿਆਈ, ਝੂਠ ਨਹੀਂ ਹੋ ਸਕਦੀ।

ਸ਼ੁਕਰ ਦੀ ਗੱਲ ਹੈ ਕਿ ਜੇ ਕਿਸੇ ਪੁਜਾਰੀ ਨੇ ਵੀ ਗੁਰਮਰਯਾਦਾ ਕੀਤੀ ਹੈ। ਵਾਹਿਗੁਰੂ ਕਰੇ ਜੋ ਸਾਰੇ ਪੁਜਾਰੀ ਗੁਰਮਰਯਾਦਾ ਕਰਨ ਲੱਗ ਜਾਣ, ਉਨ੍ਹਾਂ ਦੇ ਵਿਰੁਧ ਆਪਣਾ ਇਹ ਦਾਹਵਾ ਕਿ ਪੁਜਾਰੀ "ਗੁਰਮਰਯਾਦੀਆਂ ਦੀ ਅਰਦਾਸ ਨਹੀਂ ਲੈਂਦੇ।" ਵਾਪਿਸ ਲੈਣਾ ਪਵੇ। ਪਰ ਸਿੱਖ ਕੌਮ ਦੇ ਐਡੇ ਉਚ ਭਾਗ ਕਿਥੋਂ।

(ਚਲਦਾ)

ਅਕਾਲੀ ਲਾਹੌਰ, ੨੫ ਜੂਨ ੧੯੨੦

ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?

'ਅਕਾਲੀ' ਲਾਹੌਰ ਨੇ ਆਪਣੇ ੧੦ ਜੂਨ ਦੇ ਪਰਚੇ ਵਿਚ ਉਪਰ ਲਿਖੇ ਸਿਰਨਾਵੇ ਹੇਠ ਦਰਬਾਰ ਸਾਹਿਬ, ਅੰਮ੍ਰਿਤਸਰ ਜੀ ਦੇ ਵਿਸ਼ੇ ਪਰ ਕੁਝ ਬੇਵਜਹੀ ਨੁਕਤਾਚੀਨੀ ਕੀਤੀ ਹੈ ਅਤੇ ਦੱਸਿਆ ਹੈ ਕਿ ਤਖ਼ਤ ਅਕਾਲ ਬੁੰਗੇ ਜੀ ਪਰ ਗੁਰਮਰਯਾਦਾ ਕਰਕੇ ਗਿਆਂ ਅਰਦਾਸ ਨਾ ਕੀਤੀ। ਸਾਰੇ ਜਾਣਦੇ ਹਨ ਕਿ ਇਥੇ ਮਾਈ ਰਾਮ ਕੌਰ ਜੀ ਨੂੰ ਸ਼ਬਦ ਪੜ੍ਹਦਿਆਂ ਪੁਜਾਰਿਆਂ ਨੇ ਕੁੱਟਿਆ ਆਦਿਕ। ਉੱਤਰ ਵਿਚ ਬੇਨਤੀ ਹੈ ਕਿ ਜਦ ਅਕਾਲੀ ਦੇ ਇਸ਼ਤਿਹਾਰ ਵਿਚ ਇਹ ਪੜ੍ਹਿਆ ਸੀ ਕਿ ਇਸ ਦੇ ਲੇਖਕ ਬੀ. ਏ. ਐਮ. ਏ. ਹੋਣਗੇ ਤਦ ਬੜੀ ਖੁਸ਼ੀ ਹੋਈ ਸੀ। ਪਰ ਇਸ ਲੇਖ ਤੋਂ ਬੜੀ ਮਾਯੂਸੀ ਹੋਈ ਹੈ, ਕਿਉਂਕਿ ਮਾਈ ਰਾਮ ਕੌਰ ਨੂੰ 'ਇਥੇ' ਕਿਸੇ ਨਹੀਂ ਕੁਟਿਆ, ਕਿਸੇ ਹੋਰ ਥਾ (ਇਥੇ ਨਹੀਂ) ਰਾਮ ਕੌਰ ਨੇ ਪੁਜਾਰੀ ਦੀ ਚਿਟੀ ਦਾੜ੍ਹੀ ਫੜ ਕੇ ਕੰਜਰ ਆਖਿਆ ਅਤੇ ਪਹਿਲਾਂ ਹੱਥੋਂ ਪਾਈ ਹੋਈ। ਕੋਈ ਯਾਤਰੀ ਭੀ ਮਨ੍ਹੇ ਕਰੇ ਤਾਂ ਉਸ ਨੂੰ ਪੁਜਾਰੀ ਆਖ ਕੇ ਐਸੀਆਂ ਗਾਲ੍ਹਾਂ ਕੱਢਦੀ ਸੀ। ਸੋ ਮਾਈ ਰਾਮ ਕੌਰ ਝੂਠੀ ਸੀ ਤਾਂ ਹੀ ਪੁਲਿਸ ਨੇ ਉਸ ਦੀ ਸ਼ਿਕਾਇਤ ਪਰ ਤਹਕੀਕਾਤ ਕਰਕੇ ਕਿਸੇ ਦਾ ਚਲਾਨ ਨਹੀਂ ਕੀਤਾ।

ਗੁਰਮਰਯਾਦਾ ਦੇ ਬਾਰੇ ਵਿਚ ਆਪਣੇ ਗੁਰਦੁਆਰੇ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਆਪ ਨੂੰ ਯਾਦ ਰਹੇ ਕਿ ਹੁਣੇ ਹੀ ਭਾਈ ਗਿਆਨ ਸਿੰਘ ਪੁਜਾਰੀ ਤਖ਼ਤ ਅਕਾਲ ਬੁੰਗਾ ਸਾਹਿਬ ਨੇ ਆਪਣੀ ਦੋਹਤ੍ਰੀ ਦੀ ਸ਼ਾਦੀ ਖ਼ੁਦ ਗੁਰਮਰਯਾਦਾ ਅਨੁਸਾਰ ਕੀਤੀ ਹੈ ਅਤੇ ਬਥੇਰੇ ਗੁਰਮਰਯਾਦਾ ਵਾਲਿਆਂ ਦੀ ਅਰਦਾਸ ਹੁੰਦੀ ਹੈ। ਜੇਕਰ ਆਪ ਨੂੰ ਗੁਰਦੁਆਰੇ ਨਾਲ ਜਿਦ ਜਾ ਹੱਠ ਨਹੀਂ ਹੈ ਤਾਂ ਬਥੇਰਾ ਸਬੂਤ ਮੌਜੂਦ ਹੈ। ਇਕ ਅਧੇ ਪੁਜਾਰੀ ਦੀ ਸਖ਼ਤੀ ਜਬਰਦਸਤੀ ਗੁਰਦੁਆਰੇ ਨਾਲ ਮਨਸੂਬ ਨਹੀਂ ਕੀਤੀ ਜਾ ਸਕਦੀ। ਸ਼ੱਕ ਦੀ ਗੱਲ ਹੈ ਕਿ ਆਪਣੀ ਮਾਲੂਮਾਤ ਦਾ ਜ਼ਖੀਰਾ ਬਹੁਤ ਤੰਗ ਹੈ। ਨਹੀਂ ਤਾਂ ਆਪ ਨੂੰ ਪਤਾ ਹੁੰਦਾ ਕਿ ਅਰਦਾਸ ਨਾ ਹੋਣ ਕਰਕੇ ਕੋਈ ਸਿੱਖ ਕੁਰਾਨੀ ਨਹੀਂ ਹੋਇਆ, ਸਗੋਂ ਸ਼ਹਿਰ ਅੰਮ੍ਰਿਤਸਰ ਦਾ ਇਹ ਵਾਕਿਆ ਹੀ ਨਹੀਂ, ਕਿਸੇ ਹੋਰ ਥਾਂ ਦਾ ਹੈ, ਉਹ ਸਿੱਖ ਮਜ਼੍ਹਬੀ ਸੀ, ਜਿਸ ਨੂੰ ਨਿਯਮ ਅਤੇ ਮਰਯਾਦਾ ਅਨੁਸਾਰ ਆਉਣ ਲਈ ਆਖਿਆ ਸੀ, ਪਰ ਉਸ ਨੇ ਚੂੰਕਿ ਸਿਖੀ ਨੂੰ ਸਿਰਫ਼ ਮਜਬੀਪਨੇ ਤੋਂ ਖੱਤਰੀ ਬ੍ਰਾਹਮਣ, ਅਰੋੜਾ ਆਦਿਕ ਬਣਨ ਦਾ ਹੀ ਜ਼ਰੀਆ ਮਿਥਿਆ ਹੋਇਆ ਸੀ। ਸੋ ਆਪਣੀ ਨਾ ਕਾਮਯਾਬੀ ਪਿੱਛੇ ਮੁੜ ਉਥੇ ਹੀ ਪੁੱਜਾ ਜਿਥੋਂ ਦੇ ਲਾਇਕ ਸੀ।

ਐਲਾਨ ਹੋ ਚੁਕਾ ਹੈ ਕਿ ਮਾਲਕ ਇਸ ਅਸਥਾਨ ਦਾ ਆਪ ਗੁਰੂ ਰਾਮਦਾਸ ਜੀ ਹੈ। ਅਗਰ ਆਪ ਐਲਾਨ ਨਾ ਪੜ੍ਹੋਂ ਤਾਂ ਪੁਜਾਰੀਆਂ ਨੂੰ ਬੁਰਾ ਭਲਾਂ ਕਹਿਣ ਦਾ ਕੀ ਫ਼ਾਇਦਾ ਹੈ। ਵਾਕਈ ਦਰਬਾਰ ਸਾਹਿਬ ਸਿੱਖ ਪੰਥ ਦਾ ਨਹੀਂ ਬਲਕਿ ਗੁਰੂ ਰਾਮਦਾਸ ਜੀ ਦਾ ਹੈ ਅਤੇ ਕੁਲ ਪੰਥ ਦਾ ਫ਼ੈਸਲਾ ਇਉਂ ਹੈ ਕਿ, ਦਾਵਾ ਸੇਵਕੀ ਦਾ ਸਰਬਤ ਸਾਧ ਸੰਗਤ ਔਰ ਖਾਲਸਾ ਜੀ ਕੋ ਯਕਸਾਂ ਹੈ। ਪੁਜਾਰੀ ਹਿੰਦੁਸਤਾਨ ਦੇ ਐਸੇ ਹੀ ਵਸਨੀਕ ਹਨ ਜੈਸੇ ਆਪ ਲੋਕ ਹੋ। ਇਸ ਕਰ ਕੇ ਪਿਆਰੇ ਬਾਦਸ਼ਾਹ ਸਲਾਮਤ ਦੀ ਵਫ਼ਾਦਾਰ ਰਿਆਇਆਂ ਹਨ। ਕੋਈ ਵਜਾ ਪ੍ਰਤੀਤ ਨਹੀਂ ਹੁੰਦੀ ਕਿ ਜਿਸ ਭਾਂਤ ਨਾਲ ਉਨ੍ਹਾਂ ਨੂੰ ਤੁਸੀਂ ਸ੍ਰਬਰਾਹ ਦੀ ਪ੍ਰਜਾ ਸਮਝਦੇ ਹੋ। ਉਹ ਤੁਹਾਡੀ ਪਰਜਾ ਕਿਉਂ ਬਨ ਜਾਣ ?

ਅਵਲ ਤਾਂ ਆਪ ਨੂੰ ਅਕਾਲ ਪੁਰਖ ਵੱਲੋਂ ਕੋਈ ਹੱਕ ਨਹੀਂ ਕਿ ਆਪਣੇ ਕਥਨ ਅਨੁਸਾਰ ਆਪ ਲੋਕ ਮੋਟਰਕਾਰਾਂ ਵਿਚ ਬੈਠ ਕੇ ਠੰਡੀਆਂ ਸੜਕਾਂ ਪਰ ਸੈਰ ਕਰੋ। ਪਰ ਪੁਜਾਰੀਆਂ ਦੀਆਂ ਐਸ਼ਾ ਨੂੰ ਅਤੇ ਗੁਲਸ਼ਰਿਆ ਪਰ ਨੁਕਤਾਚੀਨੀ ਕਰੋ, ਅਤੇ ਉਨ੍ਹਾਂ ਦੇ ਦਰਵਾਜਿਆਂ ਪਰ ਖੜੀਆਂ ਫਿਟਨਾਂ ਅਤੇ ਬਘੀਆਂ ਦੇਖਦੇ ਸਹਾਰ ਨਾ ਸਕੋ। ਸ਼ੋਕ ਹੈ ਕਿ ਅਕਾਲੀ ਦੇ ਲੇਖਕ ਅਜਿਹੇ ਬੀ. ਏ., ਐਮ. ਏ. ਹੋਣ, ਜਿਸ ਮੰਦਰ ਨਾਲ ਐਸ ਵੇਲੇ ਆਪ ਆਪਣੀ ਕਲਮ ਦੁਆਰਾ ਪ੍ਰੇਮ ਪ੍ਰਗਟ

ਕਰ ਰਹੇ ਹੋ, ਦੱਸੋਂ ਤਾਂ ਸਹੀ ਕਿ ਉਥੋਂ ਦੇ ਕਿਸੇ ਪੁਜਾਰੀ ਦੇ ਘਰ ਗਾਂਈ ਤਾਂ ਕਿਧਰੇ ਰਹੀ ਬਕਰੀ ਭੀ ਹੈ ? ਹਛਾ ਆਪ ਇਹ ਹੀ ਦੱਸੋ ਕਿ ਕਿਤਨੇ ਪੁਜਾਰੀਆਂ ਦੇ ਆਪਣੇ ਘਰ ਦੱਸਣ ਲਈ ਹਨ ? ਹਛਾ ਹੋਰ ਦੱਸੋ ਕਿ ਆਪ ਦੀ ਨੁਕਤਾਚੀਨੀ ਨੂੰ ਪ੍ਰਾਪਤ ਹੋਏ ਗੁਰਦਆਰੇ ਦੇ ਪੁਜਾਰੀਆਂ ਨੂੰ ਆਪ ਵੱਲੋਂ ਕੀ-ਕੀ ਮਹਾਵਰੀ ਪ੍ਰਾਪਤ ਹੁੰਦਾ ਹੈ ? ਪਿਆਰੇ ਐਡੀਟਰ ਸਾਹਿਬ ਜੀ, ਸ਼ੋਕ ਹੈ ਪਰਮ ਸ਼ੋਕ ਹੈ ਕਿ "ਘਰ ਵਿਚ ਤਾਂ ਸੂਤ ਨਹੀਂ ਅਤੇ ਜੁਲਾਹਿਆਂ ਨਾਲ ਡਾਂਗੋ ਡਾਂਗੀ" ਜਰਾ ਧਿਆਨ ਨਾਲ ਪੜ੍ਹਨਾ।

੧. ਮਹੰਤ ਸੁੰਦਰ ਸਿੰਘ ਜੀ	੧੦
੨. ਮਹੰਤ ਹਰਨਾਮ ਸਿੰਘ ਜੀ	੨
੩. ਮਹੰਤ ਬੂੜ ਸਿੰਘ ਜੀ	੯
੪. ਮਹੰਤ ਸੁੰਦਰ ਸਿੰਘ ਜੀ	੩
੫. ਮਹੰਤ ਠਾਕਰ ਸਿੰਘ ਜੀ	੩
੬. ਮਹੰਤ ਨਰੈਣ ਸਿੰਘ ਜੀ	੨
੭. ਮਹੰਤ ਗਿਆਨ ਸਿੰਘ ਜੀ	੧
੮. ਮਹੰਤ ਸੋਭਾ ਸਿੰਘ ਜੀ	੨
੯. ਮਹੰਤ ਪ੍ਰਤਾਪ ਸਿੰਘ ਜੀ	

ਸਾਹਮਣੇ ਬੈਠੇ ਚੁਬਨ ਵਾਲੇ ਪੁਜਾਰੀਆਂ ਦੀ ਇਹ ਆਮਦਨੀ ਹੈ, ਜਿਸ ਦੇ ਸਿਰ ਪਰ ਫਿਟਣਾ, ਐਸ਼ਾਂ, ਗੁਲਸ਼ਰੇ ਉਡ ਰਹੇ ਹਨ। ਜਿਸ ਕੌਮ ਦੇ ਐਡੇ ਹੈਸੀਅਤ ਵਾਲੇ ਪਾਦਰੀ ਹੋਨ, ਉਹ ਕੌਮ ਯੁਰਪੀਨ ਪਾਦਰੀਆਂ ਵਰਗੀਆਂ ਓਮੈਦਾਂ ਉਨ੍ਹਾਂ ਪਾਸੋਂ ਰੱਖਣ ਵਿਚ ਕਿਡੇ ਕੁ ਰਾਸਤੀ ਉੱਤੇ ਆਖੀ ਜਾ ਸਕਦੀ ਹੈ। ਐਡੀਟਰ ਅਕਾਲੀ ਜੀ ! ਪ੍ਰਿਥਮੇ ਤਾਂ ਆਪ ਦੀ ਤੰਗ ਮਾਲੂਮਾਤ ਪਰ ਸ਼ੱਕ ਹੈ। ਦੂਜੀ ਸਰਦਾਰ ਹਰਿਚੰਦ ਸਿੰਘ ਜੀ ਵੱਲੋਂ ਆਪ ਨੂੰ ਬਿਵਹਾਰਕ ਸਹਾਇਤਾ ਹੋਣ ਕਰ ਕੇ ਆਪ ਦੇ ਮੁਕਾਬਲੇ ਤੋਂ ਅਸਮਰਥ ਹਾਂ। ਇਸ ਕਰ ਕੇ ਆਪ ਪਾਸ ਖਿਮਾ ਲਈ ਬੇਨਤੀ ਕਰਦਾ ਹਾਂ ਅਤੇ ਭਰੋਸਾ ਰੱਖਦਾ ਹਾਂ ਕਿ ਗੁਰਦੁਆਰੇ ਸਾਹਿਬਾਨ ਪਰ ਨੁਕਾਤਾਚੀਨੀ ਕਰਨ ਤੋਂ ਪਹਿਲੋਂ ਪਹਿਲ ਇਨ੍ਹਾਂ ਦੇ ਅਸਲੀ ਹਾਲਾਤ ਤੋਂ ਪੂਰੀ-ਪੂਰੀ ਵਾਕਫੀਅਤ ਪ੍ਰਾਪਤ ਕਰ ਲਵੋਗੇ, ਕਿਉਂਕਿ ਜੋ ਖਾਹਿਸ਼ਾਂ ਐਸ ਵੇਲੇ ਸੰਗਤ ਦੇ ਚਿਤ ਵਿਚ ਸੁਰਜੀਤ ਹੋ ਰਹੀਆਂ ਹਨ, ਉਨ੍ਹਾਂ ਦਾ ਫ਼ੈਸਲਾ ਸਰਕਾਰ ਪ੍ਰਬੰਧ ਅਤੇ ਪੁਜਾਰੀ ਸੰਨ ੧੮੫੯ ਵਿਚ ਚੰਗੀ ਤਰ੍ਹਾਂ ਕਰ ਚੁੱਕੇ ਹਨ, ਤਿੰਨਾਂ ਹੀ ਸ਼੍ਰੇਣੀਆਂ ਦੇ ਅਧਿਕਾਰ ਭਿੰਨ-ਭਿੰਨ ਫ਼ੈਸਲਾ ਪਾ ਚੁੱਕੇ ਹਨ। ਉਨ੍ਹਾਂ ਪਰ ਚਿਰੰਕਾਲ ਤੋਂ ਅਮਲ ਹੋ ਰਿਹਾ ਹੈ। ਹਾਂ ਕਸੂਰਵਾਰ ਉਹ ਹੋਵੇਗਾ ਜੋ ਅਸ਼ਾਂਤੀ ਫ਼ੈਲਾਵੇਗਾ। ਸਰਕਾਰ ਅੰਗ੍ਰੇਜ਼ੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਹੈ।

ਲੇਖਕ—ਮਹੰਤ ਸੁੰਦਰ ਸਿੰਘ ਅਕਾਲੀ ਗੁਰਦੁਆਰਾ ਤਖ਼ਤ ਅਕਾਲ ਬੁੰਗਾ ਜੀ,

ਅੰਮ੍ਰਿਤਸਰ।

ਅਕਾਲੀ ਲਾਹੌਰ, ੨੬ ਜੂਨ ੧੯੨੦

ਸਿੱਖ ਕੌਮ ਜਾਗੇ !

ਜਦ ਪੰਜਾਬ ਵਿਚ ਖਾਲਸਾ ਸਰਕਾਰ ਅਤੇ ਹਿੰਦੁਸਤਾਨ ਵਿਚ ਅੰਗ੍ਰੇਜ਼ੀ ਸਰਕਾਰ ਸੀ। ਉਸ ਵੇਲੇ ਤੋਂ ਅੰਗ੍ਰੇਜ਼ ਸਿੱਖਾਂ ਦੀ ਬਹਾਦਰੀ ਦੀ ਸ਼ੋਭਾ ਸੁਣਦੇ ਰਹਿੰਦੇ ਸਨ ਅਤੇ ਫਿਰ ਪੰਜਾਬ ਲੈਣ ਲਈ ਅੰਗ੍ਰੇਜ਼ਾਂ ਨੂੰ ਸਿੱਖਾਂ ਨਾਲ ਜੋ ਜੰਗ ਕਰਨੇ ਪਏ ਉਨ੍ਹਾਂ ਨੇ ਤਾਂ ਸਿੱਖਾਂ ਦੀ ਦਲੇਰੀ ਅਤੇ ਸੂਰਬੀਰਤਾ ਨੂੰ ਪੱਥਰ ਤੇ ਲਕੀਰ ਦੀ ਤਰ੍ਹਾਂ ਅੰਗ੍ਰੇਜ਼ਾਂ ਦੇ ਦਿਲਾਂ ਤੇ ਗੈਹਰਾ ਜਮਾ ਦਿੱਤਾ॥ ਇਸ ਦੇ ਪਿੱਛੋਂ ਸਿੱਖਾਂ ਨੇ ੧੮੫੭ ਜੈਸੇ ਖ਼ਤਰਨਾਕ ਗ਼ਦਰ ਨੂੰ ਆਪਣੇ ਬਾਜੂ ਦੇ ਜ਼ੋਰ ਨਾਲ ਹਟਾ ਕੇ ਆਪਣੀ ਵਫ਼ਾਦਾਰੀ ਦਾ ਹੋਰ ਭੀ ਗਹਿਰਾ ਸਿੱਕਾ ਕਾਇਮ ਕਰ ਦਿੱਤਾ। ਅੰਗ੍ਰੇਜ਼ੀ ਪਲਟਨਾਂ ਅਤੇ ਰਸਾਲਿਆਂ ਵਿਚ ਭਰਤੀ ਹੋ ਕੇ ਕਾਬਲ, ਚਤਰਾਲ, ਮਿਸਰ, ਚੀਨ, ਬਰਮਾਂ ਆਦਿਕ ਅਨੇਕ ਜੰਗਾਂ ਵਿਚ ਆਪਣੀ

ਬੀਰਤਾ, ਹਿੰਦੁਸਤਾਨ ਤੋਂ ਬਾਹਰ ਜਾ ਕੇ ਵੀ ਜਹਾਨ ਨੂੰ ਵਿਖਾਈ ਅਤੇ ਅੰਤ ਵਿਚ ਇਸ ਜਰਮਨੀ ਦੇ ਮਹਾਂ ਭਿਆਨਕ ਜੰਗ ਵਿਚ ਜਰਮਨ ਤੋਪਾਂ ਦਾ ਅੰਦਰੋਂ ਅੰਦਰ ਤਿਆਰ ਕੀਤਾ ਹੋਇਆ ਪਹਿਲਾ ਜ਼ੋਰ ਆਪਣੇ ਸਰੀਰਾਂ ਤੇ ਸਹਾਰ ਕੇ, ਫਰਾਂਸ, ਗੈਲੀ ਪੌਲੀ ਆਦਿਕ ਜੰਗਾਂ ਵਿਚ ਉਹ ਸੂਰਬੀਰਤਾ ਵਿਖਾਈ ਕਿ ਸਾਰੀ ਦੁਨੀਆਂ ਹੈਰਾਨ ਹੋ ਗਈ ਅਤੇ ਸਰਕਾਰ ਅੰਗ੍ਰੇਜ਼ੀ ਦੇ ਅਫ਼ਸਰਾਂ ਨੇ ਅਨੇਕ ਵਾਰ ਸਿੱਖਾਂ ਦੀ ਸੂਰਬੀਰਤਾ ਨੂੰ ਸਲਾਹਿਆ।

ਦੂਜੇ ਪਾਸੇ ਜਦ ਮੁਲਕੀ ਸੇਵਾ ਦੇ ਕੰਮਾਂ ਨੂੰ ਧਿਆਨ ਅਤੇ ਚੰਗੀ ਵਿਚਾਰ ਨਾਲ ਦੇਖਿਆ ਜਾਂਦਾ ਹੈ ਤਾਂ ਸਾਫ ਪਤਾ ਲੱਗ ਜਾਂਦਾ ਹੈ ਕਿ ਭਾਵੇਂ ਸਿੱਖਾਂ ਵਿਚ ਜ਼ਬਾਨੀ ਤਕਰੀਰਾਂ ਕਰਨ ਵਾਲਿਆਂ ਦੀ ਗਿਣਤੀ ਕਾਫ਼ੀ ਹੈ, ਪਰ ਜਾਨ ਅਤੇ ਮਾਲ ਦੀ ਕੁਰਬਾਨੀ ਵਿਚ ਇਨ੍ਹਾਂ ਦਾ ਵੀ ਵੱਡਾ ਹਿੱਸਾ ਹੈ। ਜ਼ਰਾ ਕੈਨੇਡਾ ਆਦਿਕ ਗੈਰ ਮੁਲਕਾਂ ਵਿਚ ਹਿੰਦੁਸਤਾਨੀਆਂ ਦੇ ਅਬਾਦ ਹੋਣ ਦੇ ਮਾਮਲੇ ਨੂੰ ਸਾਰਾ ਵਿਚਾਰੋ ਕਿ ਕਿਤਨੇ ਫ਼ਾਂਸੀ ਮਿਲੇ, ਕਿਤਨੇ ਜੇਲ੍ਹਖਾਨਿਆਂ ਵਿਚ ਸੜਦੇ ਰਹੇ, ਕਿਤਨੇ ਅੱਜ ਤਕ ਸੜ ਰਹੇ ਹਨ। ਕਿਤਨੇ ਬਜ-ਬਜ ਘਾਟ ਤੇ ਗੋਲੀਆਂ ਨਾਲ ਉੜਾਏ ਗਏ ਅਤੇ ਲੱਖਾਂ ਰੁਪਏ ਉਨ੍ਹਾਂ ਨੇ ਗੁਰੂ ਨਾਨਕ ਜਹਾਜ ਨੂੰ ਅਮਰੀਕਾ ਲੈ ਜਾਣ ਅਤੇ ਹੋਰ ਸਬੰਧੀ ਕੰਮਾਂ ਵਿਚ ਖਰਚ ਕੀਤੇ ਅਤੇ ਰੌਲਟ ਐਕਟ ਜੈਸੀ ਧਕੇਸ਼ਾਹੀ ਦੇ ਬਰ ਖ਼ਿਲਾਫ ਸਿੱਖਾਂ ਦੇ ਪਿੰਡ ਵੀ ਸ਼ਾਮਿਲ ਹੋ ਗਏ।

ਇਨ੍ਹਾਂ ਸਾਰੇ ਹਾਲਾਂ ਨੂੰ ਦੇਖਦਿਆਂ ਹੋਇਆਂ ਅੰਗ੍ਰੇਜ਼ਾਂ ਜਿਹੀ ਸਿਆਣੀ ਕੌਮ ਭਲਾ ਉਹ ਫਰਕ ਲਭਣੋਂ ਕਦ ਰੈਹ ਸਕਦੀ ਸੀ ਕਿ ਜਿਸ ਕਰ ਕੇ ਹੋਰ ਹਮਸਾਈਆਂ ਕੌਮਾਂ ਤੋਂ ਬਹੁਤ ਵੱਧ ਚੜ ਕੇ ਸਿੱਖ ਕੌਮ ਵਿਚ ਇਹ ਸੂਰਬੀਰਤਾ ਅਤੇ ਕੁਰਬਾਨੀ ਪਾਈ ਜਾਂਦੀ ਹੈ। ਉਹ ਜਾਣਦੇ ਹਨ ਕਿ ਸਾਰੀ ਬਰਕਤ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦੀ ਹੈ। ਉਹ ਇਹ ਭੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਜੋ ਸਾਰੀ ਸਿੱਖ ਕੌਮ ਆਪਣੀ ਅਣਗੈਲੀ ਦੀ ਨੀਂਦ ਤੋਂ ਜਾਗ ਉੱਠੀ ਤਾਂ ਅੰਗ੍ਰੇਜ਼ ਅਫ਼ਸਰਾਂ ਲਈ ਓਡਵਾਇਰ ਗਰਦੀ ਮਚਾਂਨੀ ਔਖੀ ਹੋ ਜਾਵੇਗੀ। ਇਸ ਲਈ ਉਹ ਐਸੇ ਉਪਾਓ ਕਰਦੇ ਰਹਿੰਦੇ ਹਨ ਕਿ ਜਿਨਾਂ ਨਾਲ ਚੁਪਕੇ-ਚੁਪਕੇ ਹੀ ਸਿੱਖ ਸਪਿਰਟ ਮਧਮ ਪੈਂਦੀ ਜਾਵੇ। ਅਤੇ ਕਿਸੇ ਨੂੰ ਪਤਾ ਵੀ ਨਾ ਲੱਗੇ।

ਜੋ ਤਵਾਰੀਖਾਂ ਸਕੂਲਾਂ ਵਿਚ ਪੜ੍ਹਾਈਆਂ ਜਾਂਦੀਆਂ ਹਨ, ਉਨ੍ਹਾਂ ਵਿਚ ਮਹਾਤਮਾਂ ਬੁਧ ਦੀ ਜ਼ਿੰਦਗੀ ਅਤੇ ਧਾਰਮਿਕ ਅਸੂਲਾਂ ਤੇ ਦਰਜ਼ਨਾਂ ਸਫ਼ੇ ਲਿਖੇ ਪਏ ਹਨ (ਜਿਸ ਨੂੰ ਗੁਜਰੇ ਹਜ਼ਾਰਾਂ ਸਾਲ ਹੋ ਚੁਕੇ ਹਨ)। ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਬਤ ਜੇ ਹੈਗੀ ਤਾਂ ਦੋ ਚਾਰ ਸਤਰਾਂ ਤੋਂ ਵਧ ਕੇ ਕਿਤੇ ਨਹੀਂ ਵੇਖੋਗੇ। ਭਾਵੇਂ ਸਭ ਲੋਕ ਇਹ ਜਾਣਦੇ ਹਨ ਕਿ ਗੁਰੂ ਸਾਹਿਬ ਨੇ ਹਿੰਦੁਸਤਾਨ ਦੀ ਤਾਰੀਖ ਵਿਚ ਬੜਾ ਭਾਰੀ ਕੰਮ ਕੀਤਾ ਹੈ ਅਤੇ ਉਨ੍ਹਾਂ ਦੇ ਧਾਰਮਿਕ ਅਸੂਲ ਸਾਰੇ ਜਹਾਨ ਦੇ ਮੱਤਾ ਤੋਂ ਵਖਰੇ ਅਤੇ ਉੱਤਮ ਹਨ।

ਇਸ ਤੋਂ ਸਿਵਾ ਹੁਣ ਸਿੱਖਾਂ ਦੇ ਵੱਡੇ ਧਾਰਮਿਕ ਨਿਸ਼ਾਨ ਕੇਸਾਂ ਵੱਲੋਂ ਵੀ ਸਿੱਖਾਂ ਨੂੰ ਬੇਪਰਵਾਹ ਕਰਨ ਲਈ ਹੌਲੀ-ਹੌਲੀ ਚਾਲਾਂ ਚਲੀਆਂ ਜਾ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਪੰਥ ਘਾਤਕ ਮੈਂਬਰਾਂ ਦੀ ਰਾਹੀਂ ਵੀ ਇਹ ਰੈਜ਼ੁਲੇਸ਼ਨ ਪਾਸ ਕਰਵਾਉਣ ਦਾ ਯਤਨ ਹੋਇਆ ਹੈ ਕਿ "ਸਿੱਖਾ ਲਈ ਕੇਸ ਰੱਖਣੇ ਜ਼ਰੂਰੀ ਨਹੀਂ ਹਨ"। ਕੁਦਰਤੀ ਲੀਡਰਾਂ ਨੂੰ ਖ਼ਿਤਾਬ ਮੁਰੱਬੇ ਆਦਿਕ ਇਸੇ ਲਈ ਮਿਲਿਆ ਕਰਦੇ ਹਨ। ਦੂਸਰੇ ਪਾਸੇ ਹਰਨਾਮੀਂ ਸ਼ਾਹ ਜੇਹੇ ਕੇਸ ਕਟਾ ਕੇ ਸਿਖੀ ਤੋਂ ਪੱਤਤ ਹੋਏ ਹੋਏ ਆਦਮੀ ਨੂੰ ਇਕ ਸਿੱਖ ਸੀਟ ਦਾ ਜਾਇਜ਼ ਉਮੀਦਵਾਰ ਕਰਾਰ ਦਿੱਤਾ ਅਤੇ ਅੰਮ੍ਰਿਤਸਰ ਦੇ ਸਿੱਖਾਂ ਨੇ ਉਸ ਨੂੰ ਕੋਈ ਵੀ ਵੋਟ ਹਾਸਲ ਨਾ ਕਰਨ ਦਿੱਤਾ। ਪਰ ਅੰਗ੍ਰੇਜ਼ ਅਫ਼ਸਰਾਂ ਵੱਲੋਂ ਉਸ ਦੇ ਸਿੱਖ ਸੀਟ ਦੇ ਉਮੀਦਵਾਰ ਬਣਨ ਦੇ ਹੱਕ ਦੀ ਤਾਈਦ ਨਾ ਕੀਤੀ ਗਈ। ਹੋਰ ਕੇਸ ਕਟੇ ਸਿਖੀ ਤੋਂ ਪੱਤਤਾਂ ਨੂੰ 'ਸਰਦਾਰ ਸਾਹਿਬ' ਆਦਿਕ ਦਾ ਖ਼ਿਤਾਬ ਦਿੱਤੇ ਜਾਂਦੇ ਹਨ। ਹੁਣੇ ਹੀ ਸਿੱਖਾਂ ਨੂੰ ਤੀਸਰਾ ਹਿੱਸਾ ਸੀਟਾਂ ਮਿਲਣ ਲਈ ਜੋ ਡੈਪੂਟੇਸ਼ਨ ਗਵਰਮੈਂਟ ਹਿੰਦ ਪਾਸ ਗਿਆ ਸੀ, ਉਸ ਦੇ ਜਵਾਬ ਵਿਚ ਗਵਰਨਰ ਜਨਰਲ ਨੇ ਸਾਫ ਕਹਿ ਦਿੱਤਾ ਹੈ ਕਿ ਸਿੱਖ ਹਿੰਦੂਆਂ ਨਾਲ ਮਿਲ ਕੇ ਪੰਜਾਬ ਕੌਂਸਲ ਲਈ ਮੈਂਬਰ ਚੁਣ ਸਕਦੇ ਹਨ। ਸਿਆਲਕੋਟ ਬਾਬੇ ਦੀ ਬੇਰ ਦਾ ਗੁਰਦੁਆਰਾ ਇਕ ਕੇਸ ਕੱਟੇ ਸਿੱਖੀ ਤੋਂ ਪੱਤਤ ਦੇ ਹੱਥ ਦਿੱਤਾ ਗਿਆ ਹੈ ਅਤੇ ਅਫ਼ਸਰਾਂ ਨੇ ਸਿੱਖਾਂ ਦੇ ਪੁਕਾਰ ਤੇ ਭੀ ਉਸ ਨੂੰ ਨਹੀਂ ਹਟਾਇਆ। ਫ਼ੌਜਾਂ ਵਿਚ ਕ੍ਰਿਪਾਨਾਂ ਦੀ ਰੁਕਾਵਟ ਵੱਲ ਵੇਖੋ। ਇਨ੍ਹਾਂ ਸਾਰੀਆਂ ਪਾਲਸੀਆਂ ਦਾ ਮਤਲਬ ਇਹ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸਪਿਰਟ ਮੱਧਮ ਪੈਂਦੀ ਜਾਵੇ। ਅਤੇ ਸਿੱਖ ਹੌਲੀ-ਹੌਲੀ ਕੇਸਾਂ ਵੱਲੋਂ ਬੇਪਰਵਾਹ ਹੋ ਕੇ ਸਿਰ ਮੁਨਾਂਦੇ ਜਾਣ ਜਾ ਆਪਣੇ ਪੁੱਤਰਾਂ ਦੇ ਅੱਗੋਂ ਕੇਸ ਨਾ ਰਖਾਣ ਅਤੇ

ਇਸ ਤਰ੍ਹਾਂ ਕੇਸ ਹੀਨ ਹੋ ਕੇ ਹਿੰਦੂਆਂ ਨਾਲ ਰਲ ਕੇ ਭਗਤ ਜਨ ਹੋ ਜਾਣ, ਅਤੇ ਇਨ੍ਹਾਂ ਵਿੱਚੋਂ ਜੋਸ਼ ਅਤੇ ਕੁਰਬਾਨੀ ਨਸ਼ਟ ਹੋ ਹਾਵੇ। ਤਾਂ ਕਿ ਉਨ੍ਹਾਂ ਦਾ ਖ਼ਤਰਾ ਦੂਰ ਹੋਵੇ।

ਅਕਾਲੀ ਲਾਹੌਰ, ੨੬ ਜੂਨ ੧੯੨੦

ਝਬਾਲ ਵਿਚ ਸਿੱਖ ਲੀਗ ਦਾ ਜਲਸਾ !

੭ ਜੂਨ ਸੰ: ੧੯੨੦ ਨੂੰ ਪਿੰਡ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਹਰਿ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਸਪੁਤਰੀ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਦੀ ਯਾਦਗਾਰ ਦੇ ਮੇਲੇ ਉੱਤੇ ਡਿਸਟ੍ਰਕਟ ਸਿੱਖ ਲੀਗ ਵੱਲੋਂ ਖਾਲਸਾ ਜੀ ਦਾ ਬੜਾ ਭਾਰੀ ਦੀਵਾਨ ਹੋਇਆ। ਭਾਈ ਟਹਿਲ ਸਿੰਘ ਜੀ ਦੀ ਤਜਵੀਜ਼ ਅਤੇ ਸਰਦਾਰ ਉਜਾਗਰ ਸਿੰਘ ਦੀ ਤਾਈਦ ਕਰਨ ਤੇ ਸਰਦਾਰ ਅਮਰ ਸਿੰਘ ਜੀ ਦੀ ਪ੍ਰਧਾਨ ਥਾਪੇ ਗਏ। ਆਪ ਨੇ ਪੂਰੀ ਤਰ੍ਹਾਂ ਖਾਲਸਾ ਜੀ ਦੇ ਦੁਖੜਿਆਂ ਦਾ ਹਾਲ ਦੱਸਿਆ। ਪ੍ਰਧਾਨ ਜੀ ਪਿਛੋਂ ਗਯਾਨੀ ਗੁਰਬਖਸ਼ ਸਿੰਘ ਜੀ ਬੈਰਿਸਟਰ ਸਕੱਤਰ ਸੰਟ੍ਰਲ ਸਿੱਖ ਲੀਗ ਨੇ ਸਿੱਖ ਲੀਗ ਦੀ ਜ਼ਰੂਰਤ ਅਤੇ ਇਸ ਦੇ ਪਾਸ ਹੋਏ ਰੈਜ਼ੂਲੇਸ਼ਨਾ ਦਾ ਚੰਗੀ ਤਰ੍ਹਾਂ ਜਿਕਰ ਕੀਤਾ ਅਤੇ ਲੋਕਾਂ ਪਾਸ ਕੌਂਸਲ ਦੇ ਮੈਂਬਰਾਂ ਦੀ ਚੋਣ ਦੇ ਮੌਕੇ ਤੇ ਆਪਣੀ ਵੋਟ ਸੋਚ ਵਿਚਾਰ ਕੇ ਦੇਣ ਲਈ ਅਪੀਲ ਕੀਤੀ।

ਏਸ ਤੋਂ ਪਿੱਛੋਂ ਹੇਠ ਲਿਖੇ ਰੈਜ਼ੂਲੇਸ਼ਨ ਪਾਸ ਹੋਏ

(੧) ਕਿ ਸਰਕਾਰ ਦਾ ਸਿੱਖਾਂ ਨੂੰ ਨਵੀਂ ਸਕੀਮ ਬਾਬਤ ਜਵਾਬ ਨਿਰਾਸਤਾ ਭਰਿਆ ਹੈ ਅਤੇ ਇਹ ਜਲਸਾ ਬੜੇ ਜ਼ੋਰ ਨਾਲ ਬੇਨਤੀ ਕਰਦਾ ਹੈ ਕਿ ਸਿੱਖਾਂ ਨੂੰ ਪੰਜਾਬ ਦੀ ਕੌਂਸਲ ਵਿਚੋਂ ਸੀਟਾਂ ਦਾ ਤੀਸਰਾ ਅਤੇ ਵਾਇਸਰਾਇ ਦੀ ਕੌਂਸਲ ਵਿਚ ਪੰਜਵਾਂ ਹਿੱਸਾ ਦਿੱਤਾ ਜਾਵੇ।

(੨) ਕਿ ਸਿੱਖ ਦਰਬਾਰ ਸਾਹਿਬ ਦੇ ਅੱਜ-ਕਲ੍ਹ ਦੇ ਪ੍ਰਬੰਧ ਤੇ ਬਿਲਕੁਲ ਰਾਜੀ ਨਹੀ ਹਨ ਅਤੇ ਬੜੇ ਜ਼ੋਰ ਨਾਲ ਬੇਨਤੀ ਕਰਦੇ ਹਨ ਕਿ ਪ੍ਰਬੰਧ ਕੌਮ ਨੂੰ ਦਿੱਤਾ ਜਾਵੇ। ਤਜਵੀਜ਼ ਗੰਗਾ ਸਿੰਘ ਜੀ, ਉਪਦੇਸ਼ਕ ਭਾਈ ਚਰਨ ਸਿੰਘ ਜੀ ਧੂਪੀਆ।

(੩) ਕਿ ਖਾਲਸਾ ਕਾਲਜ ਅੰਮ੍ਰਿਤਸਰ ਸਿੱਖਾ ਦਾ ਆਪਨਾ ਕਾਲਜ ਹੈ। ਇਸ ਲਈ ਸਿੱਖਾਂ ਦੇ ਹਵਾਲੇ ਕੀਤਾ ਜਾਵੇ ਅਤੇ ਅੱਜ-ਕਲ੍ਹ ਦੀ ਤਰ੍ਹਾਂ ਮੈਂਬਰ ਮੁਕੱਰਰ ਕਰਨ ਦੀ ਥਾਂ ਕੌਮ ਨੂੰ ਅਖ਼ਤਿਆਰ ਦਿੱਤਾ ਜਾਵੇ। ਤਜਵੀਜ਼ ਸਾਧੂ ਸਿੰਘ, ਤਾਈਦ ਚਰਨ ਸਿੰਘ ਧੂਪੀਆ।

(੪) ਕਿ ਸਰਕਾਰ ਨੇ ਸ਼ਾਹੀ ਰੈਹਮ ਦੇ ਐਲਾਨ ਦੁਆਰਾ ਰਾਜਸੀ ਕੈਦੀ ਛਡੇ ਹਨ, ਪਰ ਅਜੇ ਵੀ ਬਹੁਤ ਸਾਰੇ ਰਾਜਸੀ ਅਤੇ ਮਾਰਸ਼ਲ-ਲਾਅ ਦੇ ਕੈਦੀ ਜੇਲ੍ਹਖਾਨਿਆਂ ਵਿਚ ਹਨ। ਇਸ ਲਈ ਉਨ੍ਹਾਂ ਸਾਰਿਆਂ ਨੂੰ ਛਡਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਖਾਸ ਕਰਕੇ ਭਾਈ ਰਣਧੀਰ ਸਿੰਘ ਨੂੰ ਛੇਤੀ ਛਡਿਆ ਜਾਵੇ ਅਤੇ ਭਾਈ ਸਰਦੂਲ ਸਿੰਘ ਕਵੀਸਰ ਬੀ. ਏ. ਅਤੇ ਭੈਣੀ ਸਾਹਿਬ ਗੁਰਦੁਆਰਾ ਜ਼ਿਲ੍ਹਾ ਲੁਧਿਆਣਾ ਦੇ ਸਿੱਖਾਂ ਉੱਤੇ ਜਿਹੜੀਆਂ ਬੰਦਸ਼ਾਂ ਲੱਗੀਆਂ ਹੋਈਆਂ ਹਨ ਉਹ ਹਟਾਈਆਂ ਜਾਣ। ਡਾ: ਜਸਵੰਤ ਸਿੰਘ ਜੀ, ਤਾਈਦ ਭਾਈ ਨਰਾਇਣ ਸਿੰਘ ਜੀ।

(੫) ਕਿ ਸਰਕਾਰ ਪਾਸ ਬੇਨਤੀ ਕੀਤੀ ਜਾਵੇ ਕਿ ਸਿੱਖ ਕੈਦੀਆਂ ਨੂੰ ਜੇਲ੍ਹਖਾਨਿਆਂ ਵਿਚ ਹਰ ਪ੍ਰਕਾਰ ਰਹਿਤ ਰੱਖਣ ਦੀ ਆਗਿਆ ਦਿੱਤੀ ਜਾਵੇ। ਤਜਵੀਜ਼ ਭਾਈ ਦਯਾਲ ਸਿੰਘ ਕੈਰੋਂ, ਤਾਈਦ ਨਰਾਇਣ ਸਿੰਘ ਜੀ ਪਦਰੀ।

(੬) ਕਿ ਹਿੰਦੁਸਤਾਨ ਦੇ ਸਭ ਤੋਂ ਵੱਡੇ ਫ਼ੌਜੀ ਲਾਟ ਪਾਸ ਬੇਨਤੀ ਕੀਤੀ ਜਾਵੇ ਕਿ ਉਹ ਸਿੱਖ ਸਿਪਾਹੀਆਂ ਨੂੰ ਉਨ੍ਹਾਂ ਦੇ ਕਕਾਰ ਰੱਖਣ ਦੀ ਹਰ ਤਰ੍ਹਾਂ ਨਾਲ ਖੁਲ ਦੇਣ ਅਤੇ ਇਹ ਜਲਸਾ ਰੁੜਕੀ ਅਤੇ ਸਿਆਲ ਕੋਟ ਦੀਆਂ ਫ਼ੌਜਾਂ ਵਿੱਚੋਂ ਸਿੱਖ ਸਿਪਾਹੀਆਂ ਦਾ ਕ੍ਰਿਪਾਨ ਪਹਿਨਣ ਦੇ ਕਸੂਰ ਵਿਚ ਕੱਢੇ ਜਾਣ ਦੇ ਵਿਰੁੱਧ ਅਵਾਜ਼ ਉਠਾਉਂਦਾ ਹੈ। ਤਜਵੀਜ਼ ਸ੍: ਸਾਧੂ ਸਿੰਘ ਜੀ, ਤਾਈਦ ਭਾਈ ਹਰਨਾਮ ਸਿੰਘ ਜੀ।

(੭) ਕਿ ਕਾਨੂੰਨ ਹਥਿਆਰਾਂ ਵਿਚ ਨਵੀਂ ਤਬਦੀਲੀ ਅਨੁਸਾਰ ਬਿਨਾਂ ਪੰਜਾਬ ਦੇ ਹਰ ਸੂਬੇ ਵਿਚ ਬਾਰੂਦ ਨਾਲ ਚਲਣ ਵਾਲੇ ਹਥਿਆਰ ਤੋਂ ਸਿਵਾ ਦੂਸਰੇ ਹਥਿਆਰਾਂ ਲਈ ਲੈਸੰਸ ਲੈਣ ਦੀ ਲੋੜ ਨਹੀਂ। ਇਸ ਲਈ ਸਰਕਾਰੀ ਹਿੰਦ ਪਾਸ ਬੇਨਤੀ ਕੀਤੀ ਜਾਵੇ ਕਿ ਇਸ ਸੂਬੇ ਨਾਲ ਦੂਜਿਆਂ ਵਰਗਾ ਸਲੂਕ ਕੀਤਾ ਜਾਵੇ। ਪ੍ਰਧਾਨ ਜੀ ਨੇ ਪੇਸ਼

ਕੀਤਾ। ਸਰਕਾਰ ਪਾਸ ਬੇਨਤੀ ਕੀਤੀ ਜਾਵੇ ਕਿ ਘੜੀ-ਘੜੀ ਬੰਦੋਬਸਤ ਕਰਨਾ ਤਕਲੀਫ ਦਾ ਕਾਰਨ ਹੈ ਅਤੇ ਨਾਲ ਹੀ ਤਰੱਕੀ ਲਈ ਇਕ ਰੋਕ ਹੈ। ਇਹ ਜਲਸਾ ਤਜਵੀਜ਼ ਕਰਦਾ ਹੈ ਕਿ ਬੰਦੋਬਸਤ ਮੁੜ-ਮੁੜ ਨਾ ਕੀਤਾ ਜਾਵੇ।

ਦਾਸ ਜਸਵੰਤ ਸਿੰਘ
ਜਾਇੰਟ ਸਕੱਤਰ ਡਿਸਟ੍ਰਿਕਟ ਸਿੱਖ ਲੀਗ
ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ।

ਅਕਾਲ ਬੁੰਗੇ ਦੇ ਪੁਜਾਰੀ!

ਮਹੰਤ ਅਕਾਲ ਬੁੰਗਾ ਸਾਹਿਬ ਜੀ ਕਹਿੰਦੇ ਹਨ ਕਿ ਅਸੀਂ ਗੁਰਮਰਯਾਦਾ ਵਾਲਿਆਂ ਦੀ ਅਰਦਾਸ ਕਰਦੇ ਹਾਂ। ਪਰ ਮੈਨੂੰ ਇਹ ਸੁਣ ਕੇ ਬਹੁਤ ਸ਼ੋਕ ਹੋਇਆ ਹੈ ਕਿ ਅਕਾਲ ਬੁੰਗੇ ਸਾਹਿਬ ਦੇ ਪੁਜਾਰੀ ਝੂਠ ਕਹਿੰਦੇ ਹਨ ਤੇ ਸਾਲ ਦੇ ਕਰੀਬ ਹੋਇਆ ਹੈ ਕਿ ਮੈਂ ਤੇ ਇਕ ਮੇਰਾ ਦੋਸਤ ਅਕਾਲ ਬੁੰਗੇ ਸਾਹਿਬ ਅਰਦਾਸ ਕਰਾਉਣ ਲਈ ਗਏ ਤੇ ਇਨ੍ਹਾਂ ਨੇ ਮੇਰੇ ਦੋਸਤ ਦੀ ਅਰਦਾਸ ਨਹੀਂ ਕੀਤੀ ਤੇ ਨਾ ਹੀ ਕੜਾਹ ਪ੍ਰਸ਼ਾਦ ਲਿਆ, ਫੇਰ ਮੈਂ ਪੁਛਿਆ ਕਿ ਕੀ ਸਬਬ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਗੁਰਮਰਯਾਦਾ ਵਾਲਿਆਂ ਦੀ ਅਰਦਾਸ ਨਹੀਂ ਲੈਂਦੇ। ਉਨ੍ਹਾਂ ਦੇ ਇਹ ਬਚਨ ਸੁਣ ਕੇ ਮੇਰਾ ਹਿਰਦਾ ਫਟ ਗਿਆ ਕਿ ਸਤਿਗੁਰੂ ! ਇਨ੍ਹਾਂ ਪੁਜਾਰੀਆਂ ਦੀ ਕਿਓ ਮਤ ਮਾਰੀ ਗਈ ਹੈ, ਸਿੱਖਾਂ ਦੀ ਅਰਦਾਸ ਨਹੀਂ ਲੈਣਗੇ ਤੇ ਕੁਰਾਨੀਆਂ ਦੀ ਲੈਣਗੇ ?

ਰਤਨ ਸਿੰਘ ਓਵਰਸੀਅਰ ਫਿਰੋਜ਼ਪੁਰ।

ਗੁਜਰਖਾਨ ਵਿਚ ਸਿੱਖ ਲੀਗ ਬਣ ਗਈ!

ਗੁਰਮਤੇ

(੧) ੳ. ਜੰਗ ਵਿਚ ਸਿੱਖਾਂ ਦੀ ਫ਼ੌਜੀ ਸੇਵਾ ਇਤਿਹਾਸਕ ਵਡਿਆਈ, ਮੁਆਮਲੇ ਦੀ ਰਕਮ ਦੀ ਬਹੁਲਤਾ, ਖ਼ਾਨਦਾਨੀ ਰਈਸਾਂ ਤੇ ਜਗੀਰਦਾਰਾਂ ਅਤੇ ਰਾਏ ਦੇਵਣ ਵਾਲਿਆਂ ਦੀ ਥੋੜ੍ਹੀ ਗਿਣਤੀ ਦਾ ਖ਼ਿਆਲ ਰੱਖਦੇ ਹੋਏ, ਪੰਜਾਬ ਦੀ ਕਾਨੂੰਨੀ ਕੌਂਸਲ ਵਿਚ ਸਿੱਖਾਂ ਨੂੰ ਮੈਂਬਰੀਆਂ ਦੇ ਤੀਜੇ ਹਿੱਸੇ ਥੀਂ ਕਿਸੇ ਭੀ ਹਾਲਤ ਵਿਚ ਘੱਟ ਹਿੱਸਾ ਨਾ ਦਿੱਤਾ ਜਾਵੇ।

ਅ. ਪੰਜਾਬ ਦੀ ਐਗਜੈਕਟਿਵ ਕੌਂਸਲ ਦੇ ਮੈਂਬਰਾਂ ਵਿੱਚੋਂ ਤੀਜਾ ਹਿੱਸਾ ਸਿੱਖਾਂ ਨੂੰ ਦਿੱਤਾ ਜਾਵੇ।

ੲ. ਵਾਇਸਰਾਇ ਦੀ ਕੌਂਸਲਾਂ ਵਿਚ ਜਿਨੇ ਮੈਂਬਰ ਪੰਜਾਬ ਵਿੱਚੋਂ ਲਏ ਜਾਵਨ ਉਨ੍ਹਾਂ ਵਿੱਚੋਂ ਤੀਜਾ ਹਿੱਸਾ ਸਿੱਖ ਮੈਂਬਰ ਹੋਣ।

ਸ. ਸ਼ਾਹੀ ਐਲਾਨ ਦੁਆਰਾ ਸਰਕਾਰ ਨੂੰ ਧਾਰਮਿਕ ਮੁਆਮਲਿਆਂ ਵਿਚ ਦਖ਼ਲ ਨਾ ਦੇਵਨ ਦਾ ਜੋ ਇਕਰਾਰ ਕੀਤਾ ਹੋਇਆ ਹੈ, ਉਸ ਦੇ ਅਨੁਸਾਰ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਕੌਮ ਦੇ ਆਪਣੇ ਹੱਥ ਹੋਵਨਾ ਚਾਹੀਦਾ ਹੈ। ਇਸ ਲਈ ਵਿਸ਼ੇਸ਼ ਕਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਜੋ ਹੁਣ ਸਰਕਾਰ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਬਹੁਤ ਛੇਤੀ ਸਿੱਖ ਕੌਮ ਵਲੋਂ ਚੁਣੀ ਹੋਈ ਕਮੇਟੀ ਦੇ ਸਪੁਰਦ ਕੀਤਾ ਜਾਵੇ।

(੩) ਸ੍ਰੀ ਹਜ਼ੂਰ ਸ਼ਹਿਨਸ਼ਾਹ ਦੇ ਦਿਆਲਤਾ ਭਰੇ ਹੁਕਮ ਅਨੁਸਾਰ ਬਹੁਤ ਸਾਰੇ ਰਾਜਸੀ ਕੈਦੀਆਂ ਨੂੰ ਛਡਿਆ ਗਿਆ ਹੈ। ਪਰ ਅਜੇ ਵੀ ਬਹੁਤ ਸਾਰੇ ਰਾਜਸੀ ਕੈਦੀ ਜੇਲ੍ਹਖਾਨਿਆਂ ਵਿਚ ਹੀ ਹਨ, ਇਸ ਲਈ ਸ੍ਰੀ ਹਜ਼ੂਰ ਲਾਟ ਸਾਹਿਬ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਸੁਭਾਵਕ ਕ੍ਰਿਪਾਲਤਾ ਅਨੁਸਾਰ ਬਾਕੀ ਦੇ ਸਾਰੇ ਰਾਜਸੀ ਕੈਦੀਆਂ ਨੂੰ ਵੀ ਛਡਕੇ ਪਰਜਾ ਵੱਲੋਂ ਧੰਨਵਾਦ ਦੇ ਭਾਗੀ ਬਣਨ, ਵਿਸ਼ੇਸ਼ ਕਰ ਕੇ ਉਨ੍ਹਾਂ ਸਿੱਖ ਕੈਦੀਆਂ ਨੂੰ ਵੀ ਬੰਧ ਖਲਾਸ ਕੀਤਾ ਜਾਵੇ ਜੋ ਦੂਜੇ ਦੇਸ਼ਾਂ ਥੀਂ ਮੁੜੇ ਆਏ ਫੜੇ ਗਏ ਸੀ ਅਤੇ ਮਰਸ਼ਲ-ਲਾਅ ਦੇ ਮੁਕੱਦਮਿਆਂ ਵਿਚ ਸਜ਼ਾ ਪਾ ਗਏ ਸਨ। ਵਿਸ਼ੇਸ਼ ਕਰਕੇ ਭਾਈ ਰਣਧੀਰ ਸਿੰਘ ਜੀ ਨੂੰ ਬਹੁਤ ਛੇਤੀ ਰਿਹਾ ਕੀਤਾ ਜਾਵੇ ਅਤੇ ਨਾਲ ਹੀ ਭਾਈ ਸਰਦੂਲ ਸਿੰਘ ਜੀ ਬੀ. ਏ. ਕਵੀਸ਼ਰ, ਲਾਹੌਰ ਦੇ ਗੁਰਦੁਆਰਾ ਭੈਣੀ ਸਾਹਿਬ ਦੇ ਸਿੱਖਾਂ ਪੁਰ ਲਾਈਆਂ ਹੋਈਆਂ ਬੰਦਸ਼ਾਂ ਅਤੇ ਵਾਧੂ ਪੈਹਰਾ ਹਟਾਇਆ ਜਾਵੇ।

(੪) ਸ੍ਰੀ ਹਜ਼ੂਰ ਲਾਟ ਸਾਹਿਬ ਪੰਜਾਬ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਇੰਤਜ਼ਾਮ ਸਿੱਖ ਕੌਮ ਦੇ ਪ੍ਰਬੰਧਕ ਆਪਣੀ ਮਰਜ਼ੀ ਅਨੁਸਾਰ ਕਰਨ।

(੫) ਪੰਜਾਬ ਗੌਂਵਰਮੈਂਟ ਅੱਗੇ ਬਿਨੈ ਕੀਤੀ ਜਾਵੇ ਕਿ ਕਿਸੇ ਸਿੱਖ ਫ਼ੌਜੀ ਨੂੰ ਕ੍ਰਿਪਾਨ ਰੱਖਣ ਤੋਂ ਰੋਕਿਆ ਨਾ ਜਾਵੇ ਕਿਉਂਕਿ ਇਸ ਦਾ ਰੱਖਣਾ ਮਜ਼੍ਹਬੀ ਤੇ ਕੌਮੀ ਚਿਨ੍ਹ ਹੋਣ ਕਰ ਕੇ ਅਤੀ ਜ਼ਰੂਰੀ ਹੈ ਅਤੇ ਨਾਲ ਹੀ ਇਹ ਭੀ ਕਿਰਪਾ ਕਰ ਕੇ ਜਿਹੜੇ ਸੱਜਣ ਨੌਕਰੀ ਥੀਂ ਬਰਖਾਸਤ ਕੀਤੇ ਗਏ ਸਨ ਉਨ੍ਹਾਂ ਨੂੰ ਨੌਕਰੀ ਤੇ ਬੁਲਾਇਆ ਜਾਵੇ।

(੬) ਗੌਂਵਰਮੈਂਟ ਦੀ ਸੇਵਾ ਵਿਖੇ ਬਿਨੈ ਕੀਤੀ ਜਾਵੇ ਕਿ ਸਿੱਖ ਕੈਦੀਆਂ ਨੂੰ ਆਪਣੇ ਧਾਰਮਿਕ ਚਿੰਨ੍ਹ ਕੜਾ, ਕ੍ਰਿਪਾਨ, ਕੰਘਾ ਆਦਿ ਰੱਖਣ ਤੋਂ ਨਾਂ ਰੋਕਿਆ ਜਾਵੇ ਅਤੇ ਸਿਰ ਪਰ ਬਜਾਏ ਟੋਪੀ ਦੇ ਦਸਤਾਰ ਬੰਨ੍ਹਣ ਦੀ ਆਗਿਆ ਦਿੱਤੀ ਜਾਵੇ ।

ਕਰਤਾਰ ਸਿੰਘ ਕੋਹਲੀ ।

ਅਕਾਲੀ ਲਾਹੌਰ, ੨੭ ਜੂਨ ੧੯੨੦

ਸ਼ਾਹੀ ਕਮਿਸ਼ਨ

ਸਿੱਖਾਂ ਨੂੰ ਸੁੱਕਾ ਜਵਾਬ ।

ਇਸ ਵਾਰੀ ਪੰਜ ਹਿੰਦੁਸਤਾਨੀ (ਸ਼ਾਹੀ ਕਮਿਸ਼ਨ) ਲਫਟੈਣੀ ਵਿਚ ਵਾਇਸਰਾਇ ਹਿੰਦ ਦੇ ਨੀਯਤ ਕੀਤੇ ਹਨ ਤੇ ਛੇਤੀ ਹੀ ਵਲਾਇਤ ਦੇ ਰਾਇਲ ਮਿਲਟਰੀ ਕਾਲਜ ਸੈਂਡਹਰਸਟ ਵਿਚ ਭੇਜੇ ਜਾਣਗੇ । ਸਾਰੇ ਪੰਥ ਵਿਚ ਇਹ ਖਬਰ ਸ਼ੋਕ ਨਾਲ ਸੁਣੀ ਜਾਏਗੀ ਕਿ ਇਨ੍ਹਾਂ ਪੰਜਾਂ ਵਿਚ ਸਿੱਖ ਇਕ ਵੀ ਨਹੀਂ, ਇਸ ਤੇ ਵਿਸਤਾਰ ਨਾਲ ਅਸੀਂ ਫੇਰ ਲਿਖਾਂਗੇ ।

ਜਦੋਂ ਸਿੱਖ, ਸਰਕਾਰ ਪਾਸ ਬੇਨਤੀ ਕਰਦੇ ਹਨ ਕਿ ਸਿੱਖਾਂ ਨੂੰ ਅਹੁਦੇ ਦਿੱਤੇ ਜਾਣ ਤਾਂ ਉੱਤਰ ਦਿੱਤਾ ਜਾਂਦਾ ਹੈ ਕਿ ਅੱਜੇ ਸਿੱਖਾਂ ਵਿਚ ਲਾਇਕ ਆਦਮੀ ਨਹੀਂ ਹਨ । ਜਦੋਂ ਲਾਇਕ ਆਦਮੀ ਮਿਲੇ ਤਾਂ ਸਿੱਖ ਵੀ ਲਏ ਜਾਣਗੇ। ਪਰ ਇਹ ਹਾਲ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਹ ਅਜਿਹਾ ਮੈਹਕਮਾਂ ਜਿਥੇ ਸਿੱਖਾਂ ਦੀ ਗਿਣਤੀ ਅਤੇ ਲਿਆਕਤ ਸਾਰੀਆਂ ਕੌਮਾਂ ਨਾਲੋਂ ਵਧੀਕ ਹੈ ਉਥੇ ਵੀ ਸਿੱਖ ਨਹੀਂ ਲਏ ਜਾਂਦੇ।

(ਅ) ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?

ਮਹੰਤ ਸੁੰਦਰ ਸਿੰਘ ਜੀ ਦੀ ਸਫਾਈ!

(ਨੰ: ੨)

੨੫ ਜੂਨ ਦੇ ਅਕਾਲੀ ਵਿਚ ਅਸਾਂ ਨੇ ਇਸ ਲੇਖ ਤੇ ਕੁਝ ਚਾਨਣਾ ਪਾਇਆ ਸੀ । ਭਾਵੇਂ ਸਾਡਾ ਭਾਵ "ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ? ਵਾਲੇ ਲੇਖ ਵਿਚ ਦਰਬਾਰ ਸਾਹਿਬ ਨਾਲ ਸਬੰਧ ਵਾਲੇ ਤੇ ਸਰਬਰਾਹੀ ਦੇ ਪ੍ਰਬੰਧ ਵਾਲੇ ਸਾਰੇ ਅਸਥਾਨਾਂ ਵਿਚ ਹੋਈਆਂ ਕੁਰੀਤੀਆਂ ਤੇ ਮਨਮਤਾ ਤੋਂ ਸੀ ਪਰ ਮਹੰਤ ਜੀ ਨੇ ਦਿਲ ਦੇ ਸਾੜ ਕਢਣ ਦੀ ਖ਼ਾਤਰ ਇਹ ਬਹਾਨਾ ਲਭ ਲਿਆ ਕਿ ਫਲਾਣੀ ਗੱਲ ਤਖ਼ਤ ਅਕਾਲ ਬੁੰਗੇ ਵਿਚ ਨਹੀਂ ਹੋਈ, ਫਲਾਣੀ ਗੱਲ ਅੰਮ੍ਰਿਤਸਰ ਨਹੀਂ ਹੋਈ, ਫਲਾਣੀ ਗੱਲ, ਕਿਸੇ ਇਕ ਅੱਧ ਪੁਜਾਰੀ ਦੀ ਜ਼ਬਰਦਸਤੀ ਹੈ ।

ਇਹ ਗੱਲਾਂ ਸਫਾਈ ਵਾਸਤੇ ਕਾਫੀ ਨਹੀਂ ਹਨ । ਆਪ ਨੂੰ ਚਾਹੀਦਾ ਸੀ ਕਿ ਆਪ ਸਾਬਤ ਕਰਦੇ ਫਲਾਣੀ ਗੱਲ ਨਹੀਂ ਹੋਈ । ਕਿਉਂਕਿ ਸਵਾਲ ਤਾਂ ਇਹ ਹੈ ਕਿ ਇਨ੍ਹਾਂ ਸਰਬਰਾਹੀ ਦੇ ਪ੍ਰਬੰਧ ਵਾਲੇ ਗੁਰ ਅਸਥਾਨਾਂ ਵਿਚ ਗੁਰ ਸਿੱਖਾਂ ਨਾਲ ਧੱਕਾ ਹੋਂਦਾ ਹੈ ਕਿ ਨਹੀਂ ? ਗੁਰਮਤਿ ਦੇ ਪਵਿਤਰ ਅਸੂਲਾਂ ਤੇ ਛੁਰੀ ਫੇਰੀ ਜਾਂਦੀ ਹੈ ਕਿ ਨਹੀਂ ? ਸਿੰਘ ਸਭੀਆਂ ਨੂੰ ਤਖ਼ਤ ਤੋਂ ਚੜਨੋਂ ਰੋਕਿਆ ਜਾਂਦਾ ਹੈ ਕਿ ਨਹੀਂ ? ਗੁਰ ਮਰਯਾਦਾ ਕਰਨ ਵਾਲਿਆਂ ਦੀਆਂ ਅਰਦਾਸਾਂ ਰੋਕੀਆਂ ਜਾਂਦੀ ਹਨ ਕਿ ਨਹੀਂ ?

ਇਹ ਠੀਕ ਹੈ ਕਿ ਇਕ ਅਧੇ ਪੁਜਾਰੀ ਦੀ ਸਖ਼ਤੀ ਤੇ ਜ਼ਬਰਦਸਤੀ ਗੁਰਦੁਆਰੇ ਨਾਲ ਮਨਸੂਬ ਨਹੀਂ ਕੀਤੀ ਜਾ ਸਕਦੀ ਅਤੇ ਇਸੇ ਤਰ੍ਹਾਂ ਇਕ ਅਧੇ ਪੁਜਾਰੀ ਦੀ ਗੁਰਮਤਿ ਕਰਨੀ ਤਾਂ ਸਾਰੇ ਗੁਰਦੁਆਰੇ ਲਈ ਸਰਟੀਫਿਕੇਟ ਨਹੀਂ ਹੋ ਸਕਦੀ । ਹੁਣ ਤੀਕਰ ਇਹੋ ਕੁਝ ਪੰਥ ਨੂੰ ਪਤਾ ਹੈ ਕਿ ਜੇ ਭੁਲ ਭੁਲੇਖੇ ਕਿਸੇ ਗੁਰਮਤਿ ਕਰਨ ਵਾਲੇ ਯਾ ਸਿੱਖ ਸਭੀਆ ਸਦਾਣ ਵਾਲੇ ਦੀ ਅਰਦਾਸ ਹੋ ਗਈ ਹੋਵੇ ਤਾਂ ਕੋਈ ਅਚਰਜ ਨਹੀਂ, ਪਰ ਜਿਸ ਦੀ ਬਾਬਤ ਪੁਜਾਰੀਆਂ

ਨੂੰ ਪਤਾ ਲੱਗ ਚੁਕਾ ਹੋਵੇ ਕਿ ਇਹ ਸਿੰਘ ਸਭੀਆਂ ਹੈ ਜਾ ਇਸ ਨੇ ਗੁਰਮਤਿ ਕੀਤੀ ਹੈ, ਤਾਂ ਉਸ ਦੀ ਅਰਦਾਸ ਨਹੀਂ ਹੋਈ। ਜਦ ਪੰਥ ਪ੍ਰਸਿੱਧ ਭਾਈ ਕਾਹਨ ਸਿੰਘ ਜੀ ਨਾਭਾ ਵਰਗਿਆਂ ਦੀ ਵੀ ਅਰਦਾਸ ਨਹੀਂ ਕੀਤੀ ਗਈ ਤਾਂ ਹੋਰ ਕਿਸੇ ਦੀ ਕੀ ਗਿਣਤੀ ਹੈ। ਇਥੇ ਤਾਂ ਇਹੋ ਗੱਲ ਫਬਦੀ ਹੈ—

"ਇਕ ਨੂੰ ਕੀ ਰੋਨੀ ਏ ਊਤ ਗਿਆ ਈ ਆਵਾ"

ਜੇ ਅਜਿਹੀ ਗੱਲ ਨਹੀਂ ਤਾਂ ਆਪ ਦੱਸੋ ਕਿ ਡਾ: ਕਾਹਨ ਸਿੰਘ ਜੀ ਨਾਭਾ ਵਾਲਿਆਂ ਦੀ ਅਰਦਾਸ ਨਾ ਕਰਨ ਵਾਲਿਆਂ ਨੂੰ ਕੀ ਦੰਡ ਲੱਗਾ ਹੈ? ਤੁਹਾਡੇ ਕਥਨ ਅਨੁਸਾਰ ਹੀ ਕਿਸੇ ਇਕ ਅਧ ਪੁਜਾਰੀ ਦੀ ਸਖਤੀ ਤੇ ਜਬਰਦਸਤੀ ਦਾ ਕੀ ਨੋਟਿਸ ਲਿਆ ਗਿਆ ਹੈ? ਕੀ ਆਪ ਕੋਈ ਇਕ ਮਿਸਾਲ ਵੀ ਪੇਸ਼ ਕਰ ਸਕਦੇ ਹੋ ਕਿ ਫਲਾਣੇ ਪੁਜਾਰੀ ਨੇ ਗੁਰਮਰਯਾਦਾ ਕਰਨ ਵਾਲੇ ਦੀ ਅਰਦਾਸ ਨਹੀਂ ਕੀਤੀ ਤੇ ਇਸ ਦੇ ਬਦਲੇ ਉਸ ਨੂੰ ਇਹ ਡੰਢ ਲੱਗਾ? ਜੇ ਆਪ ਦੇ ਕਥਨ ਵਿਚ ਕੁਝ ਸਚਾਈ ਹੈ ਤਾਂ ਹੁਣ ਵੀ ਸਾਰੇ ਮਹੰਤ ਤੇ ਪੁਜਾਰੀ ਦਸਖ਼ਤ ਕਰ ਕੇ ਇਕ ਪੱਤਰ ਛਾਪ ਦਿਓ ਕਿ ਅਸੀਂ ਆਪ ਸਾਰੇ ਗੁਰਮਰਯਾਦਾ ਕਰਿਆ ਕਰਾਂਗੇ ਅਤੇ ਗੁਰਮਤਿ ਕਰਨ ਵਾਲੇ ਜਾ ਸਿੰਘ ਸਭੀਆਂ ਸਦਾਣ ਵਾਲੇ ਦੀ ਅਰਦਾਸ ਜ਼ਰੂਰ ਕਰਿਆ ਕਰਾਂਗੇ। ਪਰ ਅਜਿਹੇ ਭਾਗ ਕਿਥੋਂ? ਭਾਈ ਸਾਹਿਬ ਜੀ ਇਸ ਪ੍ਰਤੱਖ ਸਚਾਈ ਨੂੰ ਕੋਈ ਚੀਜ ਕੱਜ ਨਹੀਂ ਸਕਦੀ ਕਿ ਇਨ੍ਹਾਂ ਅਸਥਾਨਾਂ ਵਿਚ ਗੁਰ ਸਿੱਖਾਂ ਨੂੰ ਧੱਕੇ ਪੈਂਦੇ ਹਨ ਅਤੇ ਅਸਿੱਖਾਂ ਅਤੇ ਪਤਿਤਾਂ ਦੀਆਂ ਅਰਦਾਸਾਂ ਹੁੰਦੀਆਂ ਹਨ ਤੇ ਸਿਰੋਪਾ ਮਿਲਦੇ ਹਨ। ਮੁਸਲਮਾਨ ਰਬਾਬੀਆਂ, ਅੰਗ੍ਰੇਜ਼ ਤੇ ਈਸਾਈਆਂ, ਗਊ-ਬਧ ਕਰਨ ਵਾਲਿਆਂ ਤੇ ਤੰਮਾਕੂ ਪੀਣ ਵਾਲਿਆਂ ਨੂੰ ਅੰਦਰ ਜਾਣ ਦੀ ਰੋਕ ਨਹੀਂ। ਪਰ ਕੇਸਧਾਰੀ, ਬਾਣੀ ਦੇ ਪ੍ਰੇਮੀ ਨੇਮੀ, ਮਜ਼੍ਹਬੀ ਸਿੱਖਾਂ ਨੂੰ ਉਹੋ ਜਿਹੀ ਖੁਲ੍ਹ ਨਹੀਂ। ਡਾਇਰ ਵਰਗੇ ਜ਼ਾਲਮ, ਮਸੂਮਾ ਤੇ ਬੇਗੁਨਾਹਾਂ ਦੇ ਕਾਤਲ, ਗੁਰੂ ਰਾਮਦਾਸ ਜੀ ਦੀ ਨਗਰੀ ਨੂੰ ਤੋਪਾਂ ਨਾਲ ਉਡਾਣ ਦੇ ਮਨਸੂਬੇ ਬੰਨ੍ਹਣ ਵਾਲੇ ਨੂੰ ਸੈਂਕੜੇ ਰੁਪਇਆ ਦੇ ਸਿਰੋਪਾ ਮਿਲਦੇ ਹਨ। ਪਰ ਵਤਨ ਦੇ ਪਿਆਰੇ, ਦੁਲਾਰੇ ਜੋ ਕੌਮੀ ਆਨ ਦੀ ਖ਼ਾਤਰ ਘਰ-ਬਾਰ ਉਜਾੜ ਕੇ ਜਾਂਦੇ ਹਨ, ਕਨੈਡਾ ਸਰਕਾਰ ਤੋਂ ਦੁਰਕਾਰੇ ਜਾਂਦੇ ਹਨ ਕਈ ਮਹੀਨੇ ਭੁਖ ਅਤੇ ਸਮੁੰਦਰੀ ਕਸ਼ਟਾਂ ਨਾਲ ਬੇਹਾਲ ਹੁੰਦੇ ਹਨ, ਆਖਰ ਉਨ੍ਹਾਂ ਦੇ ਫਟੇ ਦਿਲਾਂ ਦੇ ਜ਼ਖਮਾਂ ਉੱਤੇ ਬਜ ਬਜ ਘਾਟ ਤੇ ਲੂਣ ਅਤੇ ਮਰਚਾਂ ਧੂੜੀਆਂ ਜਾਂਦੀਆਂ ਹਨ। ਅਰਥਾਤ ਉਨ੍ਹਾਂ ਦਾ ਗਾਲੀਆਂ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਸਾਡੇ ਇਨ੍ਹਾਂ ਗੁਰ ਅਸਥਾਨਾਂ ਵਿਚ ਜਲਸੇ ਹੋ ਕੇ ਉਨ੍ਹਾਂ ਦੇ ਵਿਰੁੱਧ ਗੁਰਮਤੇ (ਮਨਮਤੇ) ਪਾਸ ਕੀਤੇ ਜਾਂਦੇ ਹਨ। ਕਿ ਇਨ੍ਹਾਂ ਸੁਖਾਂ ਨਾਲ ਸਾਡੀ ਕੋਈ ਹਮਦਰਦੀ ਨਹੀਂ। ਹਾਂ ਸ਼ੋਕ !! ਮਹਾਂ ਸ਼ੋਕ !! ਕਦੀ ਇਹੋ ਅਕਾਲ ਬੁੰਗਾ ਸੀ ਕਿ ਜਿਥੇ ਪ੍ਰਾਣੀ ਮਾਤ੍ਰ ਹਮਦਰਦੀ ਦੀ ਆਸ ਰੱਖਦਾ ਸੀ। ਤੇ ਆਪਣੇ ਕਸ਼ਟਾਂ ਦੀ ਨਵਿਰਤੀ ਪਾਂਦਾ ਸੀ। ਪਰ ਨਾ ਕਸ਼ਟ! ਹੁਣ ਦੀ ਸਰਬਰਾਹੀ ਵੇਲੇ ਇਸ ਅਸਥਾਨ ਵਿਚ ਜ਼ਖਮੀ ਦਿਲਾਂ ਉੱਤੇ ਮਰਹਮ ਲਾਉਣ ਦੀ ਥਾ ਤੇਜ਼ ਨਸਤਰ ਖਬੋਏ ਜਾਂਦੇ ਹਨ! ਪਿਆਰੇ ਭਾਈ ਸਾਹਿਬ ਜੀ ਕੀ ਆਪ ਉਸ ਵੇਲੇ ਤਖ਼ਤ ਅਕਾਲ ਬੁੰਗੇ ਵਿਚ ਨਹੀਂ ਸੀ? ਕੀ ਆਪਦੇ ਦਿਲ ਤੇ ਉਸ ਵੇਲੇ ਕੋਈ ਚੋਟ ਨਹੀਂ ਲੱਗੀ? ਇਸ ਪਵਿੱਤਰ ਗੁਰ ਅਸਥਾਨ ਅਤੇ ਅਕਾਲ ਤਖ਼ਤ ਉੱਤੇ ਆਪਣੇ ਇਹ ਕਾਲਾ ਦਾਗ ਕਿਉਂ ਲੱਗਣ ਦਿੱਤਾ?

ਅਗੇ ਆਪ ਲਿਖਦੇ ਹਨ ਕਿ "ਮਜ਼੍ਹਬੀ ਸਿੱਖ ਨੂੰ ਨਿਯਮ ਤੇ ਮਰਯਾਦਾ ਨਾਲ ਆਉਣ ਲਈ ਆਖਿਆ ਗਿਆ ਸੀ" ਕੀ ਆਪ ਦੱਸ ਸਕਦੇ ਹੋ ਕਿ ਮਜ਼੍ਹਬੀ ਸਿੱਖਾਂ ਲਈ ਆਪ ਨੇ ਕੀ ਨਿਯਮ ਬਣਾਏ ਹੋਏ ਹਨ? ਕੀ ਗੁਰਦੁਆਰਿਆਂ ਵਿਚ ਆਉਣ ਲਈ ਖਤਰੀ ਸਿੱਖਾਂ, ਬ੍ਰਾਹਮਣ ਸਿੱਖਾਂ, ਜੱਟ ਸਿੱਖਾਂ, ਮੁਸਲਮਾਨ ਸਿੱਖਾਂ ਅਤੇ ਈਸਾਈ ਸਿੱਖਾਂ ਲਈ ਵਖੋ ਵਖ ਨਿਯਮ ਤੇ ਮਰਯਾਦਾ ਹਨ? ਕ੍ਰਿਪਾ ਕਰ ਕੇ ਉਹ ਨਿਯਮ ਤੇ ਮਰਯਾਦਾ ਛੇਤੀ ਪ੍ਰਕਾਸ਼ਤ ਕਰੋ ਕਿਉਂਕਿ ਅਸੀਂ ਤਾਂ ਹੁਣ ਤੀਕ ਇਹੋ ਸਮਝਦੇ ਰਹੇ ਹਾਂ ਕਿ ਸਾਰੇ ਸੰਸਾਰ ਦੇ ਪ੍ਰਾਣੀ ਦੋ ਹਿੱਸਿਆ ਵਿਚ ਵੰਡੇ ਜਾ ਸਕਦੇ ਹਨ ੧ ਸਿੱਖ ਤੇ ੨ ਅਨਯ ਸਿੱਖ। ਜਿਨਾਂ ਨੇ ਗੁਰੂ ਦੇ ਹੁਕਮਾਂ ਅਨੁਸਾਰ ਗੁਰ ਸਿਖੀ ਧਾਰਨ ਕਰ ਲਈ ਹੈ ਉਹ ਸਾਰੇ ਆਪੋ ਵਿਚ ਭਰਾ ਹਨ ਤੇ ਉਨ੍ਹਾਂ ਦਾ ਗੁਰਦੁਆਰਿਆਂ ਵਿਚ ਇਕੋ ਜਿਹਾ ਅਧਿਕਾਰ ਹੈ। ਉਨ੍ਹਾਂ ਸਾਰਿਆ ਲਈ ਮਰਯਾਦਾ ਨਿਯਮ ਇਕ ਹਨ।

ਬਾਕੀ ਸਾਰਿਆਂ ਦੇਸ਼ਾਂ ਤੇ ਸਾਰੀਆਂ ਜ਼ਾਤਾਂ ਦੇ ਲੋਕ ਗੁਰੂ ਘਰ ਵਿਚ ਇਕੋ ਜਿਹਾ ਦਰਜਾ ਰੱਖਦੇ ਹਨ। ਪਰ ਹੁਣ ਇਨ੍ਹਾਂ ਉਚ ਆਰਦਸ਼ਾਂ ਦੇ ਕੇਂਦ੍ਰੀ ਅਸਥਾਨਾਂ ਵਿਚ ਚਿਟੇ ਰੰਗ, ਦੋਲਤ ਅਤੇ ਜ਼ੋਰ ਨਾਲ ਗੁਰ ਸਿਖੀ ਨੂੰ ਘਟੀਆ ਸਮਝਿਆ ਜਾਂਦਾ ਹੈ ਅਤੇ ਇਸ ਖੁਲ੍ਹ ਨਾਲ ਅੰਗ੍ਰੇਜ਼ ਤੇ ਮੁਸਲਮਾਨ ਜਾ ਆ ਸਕਦੇ ਹਨ, ਉਸ ਖੁਲ੍ਹ ਨਾਲ ਮਜ਼੍ਹਬੀਆਂ

ਵਿਚੋਂ ਸਜੇ ਹੋਏ ਕੇਸਾਂਧਾਰੀ ਤੇ ਅੰਮ੍ਰਿਤਧਾਰੀ ਨਹੀਂ ਜਾ ਸਕਦੇ।

ਅਕਾਲੀ ਲਾਹੌਰ, ੧ ਜੁਲਾਈ ੧੯੨੦

ਖਾਲਸਾ ਕਾਲਜ

ਖਾਲਸਾ ਕਾਲਜ ਦੇ ਪ੍ਰਬੰਧ ਦਾ ਹਿੱਸਾ ਸਿੱਖਾਂ ਦੇ ਆਪਣੇ ਹੱਥਾਂ ਵਿਚ ਨਾ ਹੋਣ ਦਾ ਸਿੱਖ ਕੌਮ ਦੀ ਉੱਨਤੀ ਨੂੰ ਜ਼ਬਰਦਸਤ ਧੱਕਾ ਅਤੇ ਸਿੱਖ ਪ੍ਰਬੰਧਕਾਂ ਦੀ ਯੋਗਤਾ ਤੇ ਕਾਲਾ ਦਾਗ਼ ਹੈ। ਹੁਣ ਜਦੋਂ ਕਿ ਵਿਦਿਆ ਦੇ ਸਾਰੇ ਮੈਹਕਮੇ ਦਾ ਪ੍ਰਬੰਧ ਲੋਕਾਂ ਦੇ ਆਪਣੇ ਹੱਥਾਂ ਵਿਚ ਦੇਣ ਦਾ ਫ਼ੈਸਲਾ ਹੋ ਗਿਆ ਹੈ, ਕੀ ਸਿੱਖ ਕੌਮ ਇਹੋ ਜਿਹੀ ਗਈ ਗੁਜ਼ਰੀ ਹੈ ਕਿ ਇਨ੍ਹਾਂ ਨੂੰ ਇਨ੍ਹਾਂ ਦਾ ਆਪਣਾ ਕਾਲਜ ਵੀ ਵਾਪਸ ਨਹੀਂ ਦਿੱਤਾ ਜਾਂਦਾ। ਖਾਲਸਾ ਜੀ ਗੁਰਮਤੇ ਪਾਸ ਕਰ ਕੇ ਧੜਾ ਧੜ ਤਾਰਾਂ ਸਰਕਾਰ ਪਾਸ ਭੇਜੇ।

ਦਰਬਾਰ ਸਾਹਿਬ ਜੀ !

ਜਿਸ ਕੌਮ ਦੇ ਧਾਰਮਿਕ ਅਤੇ ਵਿੱਦਿਅਕ ਸੋਮੇ ਆਪਣੇ ਹੱਥਾਂ ਵਿਚ ਨਾ ਹੋਣ। ਉਹ ਕੌਮ ਵੀ ਆਪਣੀ ਜ਼ਿੰਗਦੀ ਦੀ ਆਸ ਰੱਖਦੀ ਹੈ? ਜਿਸ ਪਵਿੱਤਰ ਗੁਰਦੁਆਰੇ ਲਈ ਸਿੱਖਾਂ ਦਾ ਇਤਨਾ ਲਹੂ ਡੁਲਿਆ ਹੈ। ਜਿਤਨਾ ਕਿ ਦਰਬਾਰ ਸਾਹਿਬ ਦੇ ਤਲਾ ਵਿਚ ਪਾਣੀ ਅਤੇ ਜਿਸ ਤੇ ਸਿੱਖਾਂ ਦੇ ਇਤਨੇ ਸਿਰ ਲੱਗੇ ਹਨ ਜਿਨੀਆਂ ਕਿ ਹਰਿਮੰਦਰ ਜੀ ਨੂੰ ਇੱਟਾਂ ਲੱਗੀਆਂ ਹਨ। ਜਿਸ ਪਿਆਰੀ ਵਸਤੂ ਨੂੰ ਅਸਾਂ ਜ਼ਾਲਮਾਂ ਦੇ ਰਾਜ ਵਿਚ ਕਾਇਮ ਰੱਖਿਆ। ਗਜ਼ਬ ਹੈ ਯਾਰੋ, ਅੱਜ ਮਿੱਤਰ ਅੰਗ੍ਰੇਜ਼ਾਂ ਦੇ ਰਾਜ ਵਿਚ ਗਵਾ ਬੈਠੇ। ਖਾਲਸਾ ਜੀ ਇਹ ਸਾਰੀਆਂ ਦੁਰਦਸ਼ਾਂ ਦੱਸ ਰਹੀਆਂ ਹਨ, ਕਿ ਸਿੱਖ ਕੌਮ ਦੀ ਮੌਤ ਵਿਚ ਕੋਈ ਕਸਰ ਨਹੀਂ ਰਹੀ।

ਅਕਾਲੀ ਲਾਹੌਰ, ੨ ਜੁਲਾਈ ੧੯੨੦

ਸਿੱਖ ਲੀਗ ਲਾਹੌਰ ਡੂੰਘੀ ਨੀਂਦ ਵਿਚ

ਇਕ ਸੱਜਣ ਨੇ ਆਖਿਆ ਕਿ ਲਾਹੌਰ ਵਿਚ ਵੀ ਸਿੱਖ ਲੀਗ ਹੋਣੀ ਚਾਹੀਦੀ ਹੈ। ਇਕ ਹੋਏ ਸਜੱਣ ਨੇ ਉੱਤਰ ਦਿੱਤਾ ਕਿ ਸਿੱਖ ਲੀਗ ਤਾਂ ਏਥੇ ਬਣੀ ਹੋਈ ਹੈ ਪਰ ਨਾ-ਹੋਇਆਂ ਵਰਗੀ ਹੈ। ਕਿਉਂ ਜੋ ਸਾਰਾ ਦੇਸ਼ ਇਸ ਵੇਲੇ ਹੰਟ੍ਰ ਕਮੇਟੀ ਦੀ ਰਿਪੋਰਟ ਦੇ ਵਿਰੁੱਧ ਦਬਾ ਦਬ ਜਲਸੇ ਕਰ ਰਿਹਾ ਹੈ, ਪਰ ਸਿੱਖ ਲੀਗ ਲਾਹੌਰ ਚੁਪ-ਚਾਪ ਹੈ।

ਲਾਹੌਰ ਪੰਜਾਬ ਦੀ ਰਾਜਧਾਨੀ ਹੈ। ਇਸ ਬੇਨਤੀ ਨੂੰ ਹਰ ਇਕ ਕੰਮ ਵਿਚ ਬਾਕੀ ਜ਼ਿਲ੍ਹਿਆ ਨਾਲੋਂ ਪਹਿਲਾਂ ਕੰਮ ਸ਼ੁਰੂ ਕਰਨਾ ਚਾਹੀਦਾ ਹੈ।

ਦੂਜੇ ਇਕ ਰਾਜਸੀ ਕੇਂਦ੍ਰ ਵਿਚ ਲੋੜ ਹੈ ਕਿ ਮੁਲਕੀ ਖ਼ਿਆਲਾਂ ਦਾ ਪ੍ਰਚਾਰ ਜ਼ੋਰ ਨਾਲ ਕੀਤਾ ਜਾਵੇ। ਖ਼ਾਸ ਕਰ ਕੇ ਸਿੱਖਾਂ ਵਿਚ ਤਾਂ ਪ੍ਰਚਾਰ ਦੀ ਅਤੀ ਹੀ ਲੋੜ ਹੈ। ਆਸ਼ਾ ਹੈ ਕਿ ਸਕੱਤਰ ਸਾਹਿਬ ਹੀ ਉਦਮ ਕਰ ਕੇ ਕੰਮ ਆਰੰਭ ਦੇਣਗੇ।

ਆਨਰੇਬਲ ਸੁੰਦਰ ਸਿੰਘ ਮਜੀਠੀਆ!

ਮਾਨਰੇਬਲ ਸੁੰਦਰ ਸਿੰਘ ਮਜੀਠੀਏ ਦੇ ਸਬੰਧ ਵਿਚ ਚੀਫ਼ ਖਾਲਸਾ ਦੀਵਾਨ ਵੱਲੋਂ ਇਕ ਚਿੱਠੀ ਕਿਸੇ ਹੋਰ ਥਾਂ ਛਪੀ ਹੈ। ਜਿਸ ਵਿਚ ਦੱਸਿਆ ਹੈ ਉਨ੍ਹਾਂ ਨੇ ਓਡਵਾਇਰ ਮੈਮੋਰੀਅਲ ਕਮੇਟੀ ਵਿਚੋਂ ਅਸਤੀਫਾ ਦੇ ਦਿੱਤਾ ਸੀ ਅਤੇ ਉਸ ਫੰਡ ਵਿਚ ਇਨ੍ਹਾਂ ਨੇ ਇਕ ਕੋਡੀ ਵੀ ਨਹੀਂ ਦਿੱਤੀ।

ਅਸੀਂ ਖੁਸ਼ ਹਾਂ ਕਿ ਉਪ੍ਰੋਕਤ ਦੋਸ਼ਾਂ ਤੋਂ ਉਹ ਬਰੀ ਹਨ ਪਰ ਉਨ੍ਹਾਂ ਉੱਤੇ ਦੋ ਬੱਜਰ ਦੋਸ਼ ਹੋਰ ਹਨ ਜਿਨ੍ਹਾਂ ਦੀ ਸਫਾਈ ਨਹੀਂ ਕੀਤੀ ਗਈ—

੧. ਜ਼ਾਲਮਾਂ ਦੇ ਸਿਰਤਾਜ ਓ ਡਵਾਇਰ ਨੂੰ ਐਡ੍ਰੈਸ ਦੇਣਾ, ਅਤੇ।

੨. ਕੋਮਾ ਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਦਾ ਦਰਦ ਨਾ ਵੰਡਾਣਾ, ਸਗੋਂ ਗਸ਼ਤੀ ਚਿੱਠੀ ਦੁਆਰਾ ਸਭ ਨੂੰ ਚੁਪ ਕਰਾ ਦੇਣਾ।

ਜੇ ਉਨ੍ਹਾਂ ਨੂੰ ਪੰਥ ਦੀ ਕੁਝ ਵੀ ਪ੍ਰਵਾਹ ਹੈ, ਤਾਂ ਉਹ ਆਪਣੀ ਸਫਾਈ ਆਪ ਕਰਨ। ਕੀ ਉਪ੍ਰੋਕਤ ਦੋ ਬੱਜਰ ਦੂਸ਼ਮਨਾਂ ਲਈ ਉਨ੍ਹਾਂ ਜੀ ਪਾਸ ਕੋਈ ਉੱਤਰ ਹੈ? ਜੇ ਹੈ ਤਾਂ ਪੰਥ ਪ੍ਰਤੀ ਪ੍ਰਗਟ ਕੀਤਾ ਜਾਵੇ। ਪਰ ਸਾਡਾ ਨਿਸਚਾ ਹੈ ਕਿ ਇਨ੍ਹਾਂ ਬੱਜਰ ਪਾਪਾਂ ਤੋਂ ਬਰੀ ਨਹੀਂ ਹਨ। ਇਸ ਲਈ ਜੇ ਉਹ ਆਪਣੇ ਆਪ ਨੂੰ ਮਨੁੱਖ ਅਤੇ 'ਭੁਲਣਹਾਰ' ਸਮਝ ਦੇ ਹਨ ਤਾਂ ਗੁਰੂ ਪੰਥ ਪਾਸੋਂ ਇਨ੍ਹਾਂ ਅਪਰਾਧਾਂ ਦੀ ਭੁਲ ਬਖਸ਼ਾ ਲੈਣ। ਉਨ੍ਹਾਂ ਦੀ ਇਹ ਇਖਲਾਕੀ ਦਲੇਰੀ ਸੰਭਵ ਹੈ ਕਿ ਪੰਥ ਦੀ ਨਰਾਜ਼ਗੀ
ਨੂੰ ਕੁਝ ਘਟਾ ਸਕੇ।

ਅਤੇ ਬਖਸ਼ਨ ਹਾਰ ਪੰਥ ਉਨ੍ਹਾਂ ਨੂੰ ਫਿਰ ਗਲੇ ਨਾਲ ਲਾ ਲਵੇ।

"ਸਿੱਖਾਂ ਦੇ ਹੱਕ"

ਤੁਸਾਂ ਜਿਹਾ ਨਾ ਕੋਈ ਸੀ ਬੀਰ ਜਗ ਵਿਚ,
ਤੁਸਾਂ ਜਿਹਾ ਨਾ ਕੋਈ ਸਰਦਾਰ ਹੈਸੀ।
ਤੁਸਾਂ ਜਿਹਾ ਨਾ ਰਹਿਮ ਤੇ ਤਰਸ ਵਾਲਾ,
ਤੁਸਾਂ ਜਿਹਾ ਨਾ ਸਖੀ ਦਾਤਾਰ ਹੈਸੀ।
ਤੁਸਾਂ ਜਿਹਾ ਉਪਕਾਰੀ, ਦਿਲਦਾਰ ਕੇਹੜਾ,
ਤੁਸਾਂ ਜੇਹਾ ਦਰਦੀ ਨਾ ਗਮਖਵਾਰ ਹੈਸੀ।
ਤੁਸਾਂ ਜਿਹਾ ਹਾਕਮ ਰੋਹਬਦਾਬ ਵਾਲਾ,
ਤੁਸਾਂ ਜਿਹਾ ਨਾ ਕੋਈ ਹੁਸ਼ਯਾਰ ਹੈ ਸੀ।
ਤਾਰੂ ਸਿੰਘ ਜੇਹੇ ਹਠੀ, ਤਪੀ, ਸੂਰੇ,
ਦੀਪ ਸਿੰਘ ਸ਼ਹੀਦ ਬਲਕਾਰ ਹੈਸੀ।
ਪੰਥ ਖੜਾ ਹੈ ਆਪਣੇ ਤਾਣ ਹੁਣ ਭੀ,
ਧੁਮ ਮਚੀ ਜੋ ਤੇਰੀ ਘਰ ਬਾਰ ਹੈਸੀ।
ਬਿਸ਼ਨ ਹਰੀ ਹੁਣ ਸੁਤਿਆ ਜਾਗ ਸ਼ੇਰਾ,
ਖਾਸਨ ਹੋਰ ਜੋ ਤੇਰਾ ਸ਼ਿਕਾਰ ਹੈਸੀ।
(ਬਿਸ਼ਨ ਸਿੰਘ ਗਿਆਨ)

ਗੁਰਮਤੇ

ਰੋੜੀ ਸਾਹਿਬ (ਗੁਜਰਾਂ ਵਾਲਾ)

ਪੂਰਨਮਾਸ਼ੀ ਦੇ ਭਾਰੀ ਦੀਵਾਨ ਵਿਚ ਸਰਬ ਸੰਮਤੀ ਨਾਲ ਪਾਸ ਹੋਯਾ ਕਿ—

ਫ਼ੌਜੀ ਸਿੰਘਾਂ ਨੂੰ ਕ੍ਰਿਪਾਨ ਰੱਖਣ ਦੀ ਖੁਲ੍ਹ ਹੋਵੇ। ਇਸ ਜ਼ੁਰਮ ਬਦਲੇ ਜੋ ਕੈਦ ਹੋਏ ਹਨ ਛਡੇ ਜਾਣ ਤੇ ਜ਼ੁਰਮਾਨਾ ਵਾਪਿਸ ਕਰਕੇ ਮੁੜ ਉਨ੍ਹਾਂ ਨੂੰ ਨੌਕਰੀ ਨੇ ਲਾਯਾ ਜਾਵੇ।

ਰਮਦਾਸ ਜ਼ਿਲ੍ਹਾ ਅੰਮ੍ਰਿਤਸਰ

ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਨ ਨੂੰ ਭਾਰੀ ਜੋੜ ਮੇਲ ਵਿਚ ਹੇਠਾਂ ਲਿਖੇ ਗੁਰਮਤੇ ਪਾਸ ਹੋਏ—

੧. ਸਿੱਖਾਂ ਨੂੰ ਪੰਜਾਬ ਕੌਂਸਲ ਵਿਚ ਤੀਜਾ ਹਿੱਸਾ ਸੀਟਾਂ ਦਿੱਤੀਆਂ ਜਾਣ, ਗਵਰਨਮੈਂਟ ਹਿੰਦ ਦਾ ਇਸ ਸਬੰਧੀ ਉੱਤਰ ਡਾਢਾ ਨਿਰਾਸ਼ਤਾ ਭਰਿਆ ਹੈ।

੨. ਸਾਰੇ ਪੁਲੀਟੀਕਲ ਕੈਦੀ ਛਡੇ ਜਾਣ, ਭਾਈ ਰਣਧੀਰ ਸਿੰਘ ਜੀ ਅਤੇ ਭਾਈ ਚਤਰ ਸਿੰਘ ਜੀ ਨੂੰ ਛੇਤੀ ਛਡਿਆ ਜਾਵੇ। ਭਾਈ ਸਰਦੂਲ ਸਿੰਘ ਜੀ ਦੀਆਂ ਬੰਦਸ਼ਾਂ ਹਟਾਈਆਂ ਜਾਣ।

੩. ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਖਾਲਸਾ ਕਾਲਜ ਦਾ ਪ੍ਰਬੰਧ ਸਿੱਖ ਪੰਥ ਦੇ ਹਵਾਲੇ ਕੀਤਾ ਜਾਵੇ।

੪. ਸਿੱਖ ਕੈਦੀਆਂ ਨੂੰ ਜੇਲ੍ਹ ਵਿਚ ਪੰਜ ਕਕਾਰ ਰੱਖਣ ਦੀ ਖੁਲ੍ਹ ਦਿੱਤੀ ਜਾਵੇ।

—ਫਤੇ ਸਿੰਘ ਸੈਕ੍ਰਟਰੀ।

ਚੀਫ਼ ਖਾਲਸਾ ਦੀਵਾਨ

ਚੀਫ਼ ਖਾਲਸਾ ਦੀਵਾਨ ਨੇ ਜੋ ਜੋ ਘਾਲਾਂ ਕੌਮ ਲਈ ਘਾਲੀਆਂ ਅਤੇ ਜੋ-ਜੋ ਸੇਵਾ ਪੰਥ ਦੀਆਂ ਕੀਤੀਆਂ ਹਨ, ਉਹ ਕਿਸੇ ਕੋਲੋਂ ਗੁਝੀਆਂ ਨਹੀਂ। ਪੈਹਲਾਂ-ਪੈਹਲਾਂ ਦੀਵਾਨ ਨੇ ਗੁਰ ਸਿਖੀ ਦੇ ਪ੍ਰਚਾਰ ਲਈ ਬਹੁਤ ਕੰਮ ਕੀਤਾ ਹੈ। ਦੀਵਾਨ ਦੇ ਸੇਵਕਾਂ ਨੇ ਦੂਰ ਦੁਰਾਡੇ ਸਿੰਧ ਆਦਕ ਦੇਸ਼ਾਂ ਵਿਚ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਕਾਲੀ ਉਪਦੇਸ਼ ਕੀਤਾ ਹੈ। ਪਰੰਤੂ ਸ਼ੋਕ ਹੈ ਕਿ ਅੱਜ-ਕਲ੍ਹ ਪ੍ਰਚਾਰ ਦਾ ਕੰਮ ਨਾ ਕੇਵਲ ਮੱਧਮ ਪੈ ਗਿਆ ਹੈ। ਸਗੋਂ ਉਕਾ ਹੀ ਬੰਦ ਹੋ ਗਿਆ ਹੈ।

ਵਿਦਯਕ ਮੈਦਾਨ ਵਿਚ ਵੀ ਦੀਵਾਨ ਨੇ ਅੱਛਾ ਕੰਮ ਕੀਤਾ ਹੈ। ਪਰੰਤੂ ਜਿਥੇ ਅਸੀਂ ਦੀਵਾਨ ਦੀ ਚੰਗੇ ਕੰਮ ਲਈ ਉਸਤਤੀ ਕਰਨ ਨੂੰ ਤਿਆਰ ਹਾਂ, ਉਥੇ ਅਸੀਂ ਇਹ ਆਖਣੋਂ ਕਦੇ ਵੀ ਨਹੀਂ ਝਿਜਕਾਂਗੇ ਕਿ ਜਿਸ ਕਿਸਮ ਦਾ ਪੰਥ ਵਿਚ ਵਿਦਯਕ ਜੋਸ਼ ਹੈ, ਅਤੇ ਜਿਤਨੀ ਕੁਰਬਾਨੀ ਪੰਥ ਨੇ ਇਸ ਪਾਸੇ ਕੀਤੀ ਹੈ ਅਤੇ ਕਰ ਰਿਹਾ ਹੈ, ਦੀਵਾਨ ਨੇ ਉਸ ਦਾ ਪੂਰਾ-ਪੂਰਾ ਲਾਭ ਨਹੀਂ ਉਠਾਯਾ। ਸਾਡਾ ਪੱਕਾ ਖ਼ਿਆਲ ਹੈ ਕਿ ਕੌਮ ਨੂੰ ਇਸ ਨਾਲੋਂ ਵਧੇਰੇ ਫਾਇਦਾ ਪਹੁੰਚ ਸਕਦਾ ਸੀ।

ਆਓ ਜ਼ਰਾ ਦੀਵਾਨ ਦੇ ਰਾਜਸੀ ਪਾਸੇ ਵੱਲ ਵੀ ਧਿਆਨ ਦੇਈਏ ਤਾਂ ਅਸੀਂ ਸਿਰ ਮੱਥੇ ਤੇ ਮੰਨਣ ਨੂੰ ਤਿਆਰ ਹਾਂ ਕਿ ਦੀਵਾਨ ਦੇ 'ਪਤਵੰਤੇ' ਆਗੂਆਂ ਨੇ ਵੱਡੇ-ਵੱਡੇ ਹਾਕਮਾਂ ਦੀ ਸੇਵਾ ਵਿਚ ਸਵਾਗਤ ਯਾ ਵਿਦਾਇਗੀ ਪੱਤਰ (ਐਡਰੈਸ) ਦੇਣ ਤੋਂ ਕਦੇ ਵੀ ਅਨਗੈਹਲੀ ਨਹੀਂ ਕੀਤੀ ਅਤੇ ਹਮੇਸ਼ਾ ਆਪਣੇ ਖ਼ਿਆਲ ਹਾਕਮਾਂ ਤੋੜੀਂ ਪਹੁੰਚਾਦੇ ਰਹੇ ਹਨ। ਏਥੋਂ ਤਾਈਂ ਕਿ ਪਿਛਲੇ ਸਾਲ ਮਾਰਸ਼ਲ-ਲਾ ਦੇ ਦਿਨਾਂ ਵਿਚ ਵੀ ਜਦੋਂ ਕਿ ਆਉਣ ਜਾਣ ਦੀਆਂ ਔਕੜਾਂ ਬਹੁਤ ਜ਼ਿਆਦਾ ਸਨ। ਅਤੇ ਲੋਕੀ ਡਰ ਦੇ ਮਾਰੇ ਘਰੋਂ ਬਾਹਰ ਪੈਰ ਨਹੀਂ ਸੀ ਪਾਉਂਦੇ ਤਾਂ ਚੀਫ਼ ਖਾਲਸਾ ਦੀਵਾਨ ਦੇ 'ਪਤਵੰਤੇ' ਬਹਾਦਰਾਂ ਨੇ ਲਾਹੌਰ ਆ ਕੇ ਸਰ ਮਾਈਕਲ ਓਡਵਾਇਰ, ਜਿਹੇ ਜ਼ਾਲਮ ਹਾਕਮ ਨੂੰ ਵੀ ਵਿਦਾਇਗੀ ਪੱਤਰ ਦਿੱਤਾ। ਭੋਰਾ ਨਹੀਂ ਡਰੇ॥ ਬਲੇ ਓਏ! ਪੰਚ ਜਣੋਂ! ਕੌਮ ਕਿਉਂ ਨਾ ਤੁਹਾਡੇ ਤੇ ਮਾਣ ਕਰੇ। ਪਰ ਅਸੀਂ ਇਹ ਹੱਲ ਵੀ ਸਾਫ-ਸਾਫ ਆਖ ਦੇਣਾ ਫ਼ਰਜ ਸਮਦੇ ਹਾਂ ਕਿ ਸਾਰੀ ਕੌਮ ਵਿਚ ਇਹ ਖ਼ਿਆਲ ਚੰਗੀ ਤਰ੍ਹਾਂ ਫ਼ੈਲਿਆਂ ਹੋਇਆ ਹੈ ਕਿ ਚੀਫ਼ ਖਾਲਸਾ ਦੀਵਾਨ ਦੇ 'ਪਰਤਿਸ਼ਟ' ਸੱਜਣ ਸਰਕਾਰੀ ਹਾਕਮਾਂ ਦੀ ਕਛ ਵਿਚ ਵੜਕੇ ਉਨ੍ਹਾਂ ਦੇ ਇਸ਼ਾਰੇ ਤੇ ਕੰਮ ਕਰਦੇ ਰਹੇ ਹਨ। 'ਗੁਰੂ ਪੰਥ' ਦੇ ਲਾਭ ਨੂੰ ਮੁਖ ਰੱਖ ਕੇ ਸੇਵਾ ਨਹੀਂ ਕੀਤੀ ਗਈ। 'ਸਾਹਿਬ ਪੰਥ' ਨੂੰ ਰਾਜ਼ੀ ਕਰਨ ਦੇ ਉਦਮ ਵਿਚ ਰਹੇ ਹਨ। ਅਤੇ ਕੌਮ ਨੂੰ ਫਾਇਦੇ ਦੀ ਥਾਂ ਉਲਟਾ ਨੁਕਸਾਨ ਪਹੁੰਚਦਾ ਰਿਹਾ। ਇਥੇ ਹੀ ਬਸ ਨਹੀਂ ਸਗੋਂ ਜੇ ਕਿਸੇ ਕੌਮ ਦੇ ਦਰਦੀ ਨੇ ਸਵਤੰਤ੍ਰ ਕੰਮ ਸ਼ੁਰੂ ਵੀ ਕੀਤਾ ਹੈ। ਤਾਂ ਦੀਵਾਨ ਨੇ ਸਹਾਇਤਾ ਦੀ ਥਾਂ ਸਗੋਂ ਅੱਗੇ ਔਕੜਾਂ ਅਤੇ ਸਹਾਰੇ ਦੀ ਥਾਂ ਧੱਕਾ ਦਿੱਤਾ ਹੈ। ਇਹੋ ਹੀ ਕਾਰਨ ਹੈ ਕਿ ਅੱਜ ਸਾਡੀ ਇਹ ਦੁਰਦਸ਼ਾ ਹੋ ਰਹੀ ਹੈ।

ਕੌਮ ਦੀਵਾਨ ਤੇ ਇਕ ਹੋਰ ਦੋਸ਼ ਲਾਉਂਦੀ ਹੈ। ਉਹ ਇਹ ਹੈ ਕਿ ਸਾਡੇ ਪਰਦੇਸਾਂ ਵਿਚ ਗਏ ਹੋਏ ਵੀਰਾਂ ਦੇ ਦਿਲਾਂ ਵਿਚ ਕੌਮੀ ਜੋਸ਼, ਪੰਥਕ ਪਿਆਰ ਅਤੇ ਦੇਸ਼ ਸੇਵਾ ਦਾ ਚਾਉ ਅਤੇ ਉਤਸ਼ਾਹ ਠਾਠਾਂ ਮਾਰ ਰਿਹਾ ਸੀ। ਬਹੁਤ ਸਾਰਿਆਂ ਦਾ ਹਿਰਦਾ ਇਤਨਾਂ ਪਵਿਤ੍ਰ ਅਤੇ ਉਚਾ ਸੀ ਕਿ ਉਹ ਕੌਮ ਅਤੇ ਦੇਸ਼ ਲਈ ਕੁਰਬਾਨ ਹੋ ਜਾਣ ਵਿਚ ਸਚੀ ਖੁਸ਼ੀ ਅਤੇ ਪੂਰਣ ਅਨੰਦ ਸਮਝਦੇ ਸੀ। ਉਹ ਵਿਚਾਰੇ ਕਈ ਸਾਲਾਂ ਤੋਂ ਕੈਨੇਡਾ ਅਤੇ ਅੰਗ੍ਰੇਜ਼ੀ ਇਨਸਾਫ਼ ਤੋਂ ਸਤੇ ਹੋਏ ਜਦੋਂ ਮੁੜ ਆਪਣੇ-ਪਿਆਰੇ ਵਤਨ ਨੂੰ ਆਏ ਅਤੇ ਜਦੋਂ ਉਨ੍ਹਾਂ ਸੋਹਣੀਆਂ ਸੂਰਤਾਂ ਪਵਿੱਤ੍ਰ ਆਤਮਾ ਖਾਲਸਾ ਕੌਮ ਦੇ ਫੁੱਲਾਂ ਦਾ ਬੰਦੂਕਾਂ ਨਾਲ ਸ੍ਵਾਗਤ ਕੀਤਾ ਗਿਆ। ਤਾਂ ਪੰਥ ਦੇ ਪਤਵੰਤਿਆਂ ਨੇ ਪੰਥ ਦੀ ਪੱਤ ਕਿਵੇਂ ਰੱਖੀ ਅਤੇ ਕੀ-ਕੀ ਨੀਚਤਾਈਆਂ ਕੀਤੀਆਂ, ਕਿਸੇ ਕੋਲੋਂ ਗੁਝੀਆਂ ਨਹੀਂ! ਉਸ! ਪੱਥਰ-ਦਿਲ ਦੀਵਾਨ ਨੇ ਆਪਣੇ ਜਿਗਰ ਦੇ ਟੋਟੇ ਨੂੰ ਆਪਣੇ ਲਹੂ ਨੂੰ ਆਖ ਦਿੱਤਾ ਕਿ ਇਹ ਤਾਂ ਸਿੱਖ ਹੀ ਨਹੀਂ। ਇਹ ਖਬ੍ਰ ਨਹੀਂ ਕਿਹੜੇ ਦੇਸ਼ ਦੇ ਹਨ। ਇਸ ਦਾ ਨਤੀਜਾ ਇਹ ਹੋਇਆ ਕਿ ਕਈ ਤਾਂ ਫਾਂਸੀ ਲਟਕਾਏ ਗਏ, ਕਈ ਜੇਲ੍ਹਾਂ ਵਿਚ ਤੜਫਦੇ ਰਹੇ ਅਤੇ ਕਈ ਪਿੰਡਾਂ ਵਿਚ ਨਜ਼ਰ ਬੰਦ ਪਏ ਹਨ।

ਦੂਜੇ ਪਾਸੇ ਪੰਥ ਦੀ ਕੀ ਦਸ਼ਾ ਹੈ। ਸਾਡਾ ਧਾਰਮਿਕ ਜ਼ਿੰਦਗੀ ਦਾ ਸੋਮਾ ਹੱਥਾਂ ਵਿਚ ਨਹੀਂ। ਉਥੇ ਜੋ ਸਲੂਕ ਸਿੱਖਾਂ ਨਾਲ ਕੀਤਾ ਜਾਂਦਾ ਹੈ। ਲਿਖਣ ਲੱਗਿਆਂ ਦਿਲ ਕੰਬਦਾ ਹੈ ਅਤੇ ਜੋ ਹਾਲਤ ਦਰਬਾਰ ਸਾਹਿਬ ਦੀ ਅੱਜ-

ਕਲ੍ਹ ਹੈ ਉਹ ਵਾਹਿਗੁਰੂ ਹੀ ਜਾਣਦਾ ਹੈ। ਸਾਡਾ ਵਿਦਯਕ ਆਸ਼ਰਮ ਜਿਥੇ ਕਿ ਕੌਮੀ ਸੇਵਕ ਪੈਦਾ ਹੋਣੇ ਹਨ ਦੂਜਿਆਂ ਦੇ ਹੱਥਾਂ ਵਿਚ ਹੈ। ਕ੍ਰਿਪਾਨ ਦਾ ਸਵਾਲ ਅਜੇ ਤਾਈਂ ਫ਼ੌਜਾਂ ਵਿਚ ਦੁਖਦਾਈ ਹੈ। ਉਧਰੋਂ ਸਰਕਾਰ ਨੇ ਵੀ ਆਖਰੀ ਵੇਲੇ ਧੱਕਾ ਦੇ ਦਿੱਤਾ। ਹਾਇ! ਹੁਣ ਕੀ ਕਰੀਏ!

ਖਾਲਸਾ ਜੀ ਇਉ ਹਾਉਕੇ ਲਿਆਂ ਅਤੇ ਦੀਵਾਨ ਵਿਚਾਰੇ ਨੂੰ ਬੁਰਾ ਆਖਣ ਨਾਲ ਜਾਂ ਕਿਸੇ ਨੂੰ ਲਾਨਤਾਂ ਅਤੇ ਫਿਟਕਾਰਾਂ ਕਰਨ ਨਾਲ ਸਾਡੀ ਕੌਮ ਦਾ ਕੁਝ ਨਹੀਂ ਬਣਦਾ। ਲੋੜ ਤਾਂ ਹੁਣ ਨਿੱਗਰ ਕੰਮ ਕਰਨ ਦੀ ਹੈ। ਨਿਰਾ ਦੂਰ-ਦੂਰ ਰਹਿ ਕੇ ਨੁਕਤਾਚੀਨੀ ਨਾਲ ਕੁਛ ਨਹੀਂ ਸੌਰਦਾ। ਵੀਰੋ! ਖ਼ਾਸ ਕਰ ਕੇ ਕੌਮ ਦੇ ਨੌਜਵਾਨ ਬਹਾਦਰੋ। ਕੌਮ ਦੀਆਂ ਅੱਖਾਂ ਤੁਹਾਡੇ ਤੇ ਲੱਗੀਆਂ ਹੋਈਆਂ ਹਨ। ਆਓ ਅਸੀਂ ਕੰਮ ਕਰ ਕੇ ਦਸੀਏ।

ਚੀਫ਼ ਖਾਲਸਾ ਦੀਵਾਨ ਕਿਸੇ ਮਕਾਨ ਦਾ ਨਾਮ ਨਹੀਂ ਅਤੇ ਨਾਹੀ ਦਫ਼ਤਰ ਦੀਆਂ ਕੁਰਸੀਆਂ ਤੇ ਮੇਜ਼ਾਂ ਤੋਂ ਮੁਰਾਦ ਹੈ। ਦੀਵਾਨ ਇਕ ਮੈਂਬਰਾਂ ਦੀ ਕਮੇਟੀ ਹੈ ਅਤੇ ਉਹ ਚੋਣ ਨਾਲ ਸਾਰੇ ਪੰਥ ਵਿੱਚੋਂ ਲਏ ਜਾਂਦੇ ਹਨ ਤਾਂ ਫੇਰ ਜੇ ਅਸੀਂ ਢਿਲੜ ਜੀ ਹਜ਼ੂਰੀਆਂ ਦੀ ਗਿਣਤੀ ਵਿਚੋਂ ਘਟਾ ਦੇਵੀਏ ਤਾਂ ਬਸ ਦੀਵਾਨ ਕੌਮ ਦਾ ਵਕੀਲ ਹੋ ਗਿਆ। ਆਓ ਅਸੀਂ ਅੱਗੇ ਨੂੰ ਇਸ ਪਾਸੇ ਲਗੀਏ। ਜੋ ਦੀਵਾਨ ਦੇ ਨਿਯਮਾਂ ਆਦਿਕ ਵਿਚ ਕੋਈ ਘਾਟਾ ਹੈ ਤਾਂ ਪੂਰਾ ਕਰੀਏ।

ਸਾਡੇ ਵਾਂਗੂ ਇੰਡੀਅਨ ਨੈਸ਼ਨਲ ਕਾਂਗਰਸ ਦੇ ਗਰਮ ਪਾਰਟੀ ਦੇ ਆਗੂ ਵੀ ਇਸੇ ਤਰ੍ਹਾਂ ਢਿਲੜਾਂ ਦੇ ਉਲਟ ਸੀ।

ਪਹਿਲਾਂ ਦਸ ਸਾਲ ਕਾਂਗਰਸ ਤੋਂ ਵਖਰੇ ਰਹੇ ਅਤੇ ਆਗੂਆਂ ਨੂੰ ਕੋਸਦੇ ਰਹੇ। ਨਤੀਜਾ ਇਹ ਹੋਇਆ ਕਿ ਕੌਮੀ ਕੰਮ ਬਹੁਤ ਪਿਛੇ ਪੈ ਗਿਆ ਹੈ। ਫਿਰ ਉਨ੍ਹਾਂ ਨੂੰ ਅਕਲ ਆਈ ਕਿ ਕੰਮ ਕੀਤੇ ਬਿਨਾਂ ਕੁਝ ਨਹੀਂ ਬਣਦਾ। ਕੰਮ ਕਰੋ, ਕਮਜ਼ੋਰ ਆਦਮੀਆਂ ਦੀ ਕੀ ਤਾਕਤ ਹੈ ਕਿ ਸਚਾਈ ਦਾ ਟਾਕਰਾ ਕਰ ਸਕਣ। ਇਸ ਤਰ੍ਹਾਂ ਵਿਚਾਰ ਕਰ ਕੇ ਸੰਨ ੧੯੧੭ ਵਿ ਮੁੜ ਕਾਂਗਰਸ ਵਿਚ ਆ ਗਏ ਅਤੇ ਇਕ ਸਾਲ ਵਚ ਹੀ ਕਾਂਗਰਸ ਦੀ ਕਾਂਇਆ ਪਲਟ ਦਿੱਤੀ ਅਤੇ ਦੋ ਤਿੰਨ ਸਾਲ ਵਿਚ ਉਹ ਕੰਮ ਕਰ ਕੇ ਦੱਸਿਆ ਕਿ ਦੁਨੀਆਂ ਹੈਰਾਨ ਹੈ।

ਆਉ ਅਸੀਂ ਵੀ ਇਸ ਤੋਂ ਸਿੱਖਿਆ ਲੈ ਕੇ ਦੀਵਾਨ ਵਿਚ ਆਪ ਦਾਖ਼ਲ ਹੋ ਜਾਈਏ ਅਤੇ ਆਪਣੀ ਗਿਣਤੀ ਬਹੁਤੀ ਕਰ ਕੇ ਕੌਮ ਦੀ ਸੇਵਾ ਕਰੀਏ।

ਅਕਾਲੀ ਲਾਹੌਰ, ੩ ਜੁਲਾਈ ੧੯੨੦

(ੲ) ਕੀ ਦਰਬਾਰ ਸਾਹਿਬ ਸਿੱਖਾਂ ਦਾ ਹੈ ?

(ਨੰ: ੩)

ਮਹੰਤ ਸੁੰਦਰ ਸਿੰਘ ਜੀ ਨੇ ਤਾਂ ਬਹੁਤ ਖਿਲਾਰਿਆ ਹੈ ਪਰ ਅਸੀਂ ਉਨ੍ਹਾਂ ਦੀ ਬਾਕੀ ਚਿੱਠੀ ਵਿੱਚੋਂ ਕੇਵਲ ਪੰਜ ਗੱਲਾਂ ਤੇ ਵਿਚਾਰ ਕਰਦੇ ਹਾਂ, ਆਪ ਲਿਖਦੇ ਹਨ—

ਸਫ਼ਾਈ!

(੧) "ਐਲਾਨ ਹੋ ਚੁਕਾ ਹੈ ਕਿ ਮਾਲਕ ਇਸ ਅਸਥਾਨ ਦਾ ਆਪ ਸ੍ਰੀ ਗੁਰੂ ਰਾਮਦਾਸ ਜੀ ਹੈ। ਅਗਰ ਆਪ ਐਲਾਨ ਨਾ ਪੜ੍ਹੋਂ ਤਾਂ ਪੁਜਾਰੀਆਂ ਨੂੰ ਬੁਰਾ ਭਲਾ ਕਹਿਣ ਦਾ ਕੀ ਫਾਇਦਾ ਹੈ। **ਵਾਕਈ ਦਰਬਾਰ ਸਾਹਿਬ ਸਿੱਖ ਪੰਥ. ਦਾ ਨਹੀਂ;**

ਬਲਕਿ ਸ੍ਰੀ ਗੁ: ਰਾਮਦਾਸ ਜੀ ਦਾ ਹੈ।

(੨) ਸ੍ਰ: ਹਰਚੰਦ ਸਿੰਘ ਜੀ ਵੱਲੋਂ ਆਪ ਨੂੰ ਬਿਵਹਾਰਕ ਸਹਾਇਤਾ ਹੋਣ ਕਰ ਕੇ ਆਪਣੇ ਮੁਕਾਬਲੇ ਤੋਂ ਅਸਮਰਥ ਹਾਂ।

(੩) ਜੋ ਖਾਹਿਸ਼ਾ ਐਸ ਵੇਲੇ ਸੰਗਤ ਦੇ ਚਿਤ ਵਿਚ ਸੁਰਜੀਤ ਹੋ ਰਹੀਆਂ ਹਨ। **ਉਨ੍ਹਾਂ ਦਾ ਫ਼ੈਸਲਾ ਸਰਕਾਰ, ਪੰਥ ਅਤੇ ਪੁਜਾਰੀ ਸੰ: ੧੯੫੯ ਵਿਚ ਚੰਗੀ ਤਰ੍ਹਾਂ ਕਰ ਚੁਕੇ ਹਨ।** ਤਿਨ੍ਹਾਂ ਹੀ ਸ਼੍ਰੇਣੀਆਂ ਦੇ ਅਧਿਕਾਰ ਭਿੰਨ-

ਭਿੰਨ ਫ਼ੈਸਲਾ ਪਾ ਚੁਕੇ ਹਨ, ਉਨ੍ਹਾਂ ਉਪਰ ਚਿਰੰਕਾਲ ਤੋਂ ਅਮਲ ਹੋ ਰਿਹਾ ਹੈ।

(੪) ਹੁਣ ਕਸੂਰਵਾਰ ਉਹ ਹੋ ਜਾਵੇਗਾ ਜੋ ਅਸ਼ਾਂਤੀ ਫ਼ੈਲਾਏਗਾ।

(੫) ਪੁਜਾਰੀਆਂ ਨੂੰ ਤਨਖ਼ਾਹਾਂ ਥੋੜ੍ਹੀਆਂ ਮਿਲਦੀਆਂ ਹਨ।

ਸਫ਼ਾਈ ਦੀ ਪੜਤਾਲ!

(੧) ਮਹੰਤ ਜੀ, ਜੋ ਅਸਥਾਨ ਗੁਰੂ ਰਾਮਦਾਸ ਜੀ ਦਾ ਹੈ। ਕੀ ਵਾਕਈ ਉਹ ਸਿੱਖ ਪੰਥ ਦਾ ਨਹੀਂ ? ਖ਼ੂਬ! ਸਤਿਗੁਰੂਆਂ ਦੇ ਹੁਕਮ ਤਾਂ ਹਨ ਕਿ ਸਾਡਾ ਸਭ ਕੁਝ ਸਿੱਖਾਂ ਦਾ ਹੈ। ਵਾਕ–'ਮੋਹਿ ਗ੍ਰਹਿ ਮੈਂ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ" ਆਪ ਕਿਸ ਤਰ੍ਹਾਂ ਕਹਿ ਸਕਦੇ ਹੋ, ਕਿ ਦਰਬਾਰ ਸਾਹਿਬ ਸਿੱਖਾਂ ਦਾ ਨਹੀਂ। ਪਰ ਆਪ ਦੇ ਵੀ ਕੁਝ ਵਸ ਨਹੀਂ। ਕਿਉਂਕਿ ਆਪਨੇ ਤਾਂ ਚਲਣਾ ਹੋਇਆ ਉਸ ਦਸਤੂਰ-ਉਲ-ਅਸੂਲ ਤੇ ਹੈ ਜੋ ਸਰਕਾਰ ਨੇ ੧੮੫੯ ਵਿਚ ਫ਼ੈਸਲਾ ਕੀਤਾ ਹੈ। ਵਾਹ ਜੀ ਵਾਹ! ਅਸੀਂ ਆਪਣੇ ਧਰਮ ਮੰਦਰ ਲਈ ਦਸਤੂਰ-ਉਲ-ਅਮਲ ਵੀ ਸਰਕਾਰ ਦੀ ਮੇਹਰ ਬਿਨਾਂ ਨਹੀਂ ਬਣਾ ਸਕਦੇ। ਪਰ ਅਧੀਨਤਾ ਦੀ ਹੱਦ ਹੋ ਗਈ। ਖਾਲਸਾ ਜੀ, ਆਓ ਬੁਕਲ ਵਿਚ ਮੂੰਹ ਪਾ ਕੇ ਰੋਵੀਏ, ਅਤੇ ਆਪਨੇ ਧਰਮ ਅਸਥਾਨਾਂ ਦੇ ਪ੍ਰਬੰਧ ਲਈ ਕੌਮ ਅੰਦਰ ਇਕ ਮਿਲਵਾਂ ਬਲ ਪੈਦਾ ਕਰੀਏ। ਵਿਚਾਰੇ ਮਹੰਤ ਜੀ ਨੂੰ

(੩) ੧੮੫੯ ਦਾ ਦਸਤੂਰ-ਉਲ-ਅਮਲ (ਪ੍ਰਬੰਧ ਅਤੇ ਨਿਯਮ) ਸਿੱਖਾਂ ਲਈ ਕਿਸ ਤਰ੍ਹਾਂ ਪ੍ਰਮਾਣੀਕ ਜਾਂ ਅਮਲ ਕਰਨ ਦੇ ਯੋਗ ਹੋ ਸਕਦਾ ਹੈ।

ਸਰਕਾਰ ਦਾ ਤਾਂ ਆਪਣਾ ਨਿਯਮ ਹੈ ਕਿ ਉਹ ਕਿਸੇ ਧਰਮ ਵਿਚ ਦਖ਼ਲ ਨਹੀਂ ਦੇਵੇਗੀ।

੧੮੫੯ ਵਿਚ ਫ਼ੈਸਲਾ ਕਰਨ ਵਿਚ ਜੋ ਸਰਕਾਰੀ ਦਖ਼ਲ ਦਿੱਤਾ ਗਿਆ ਹੈ ਉਹ ਸਰਕਾਰੀ ਅਫ਼ਸਰਾਂ ਦੀ ਵੱਡੀ ਭੁੱਲ ਹੈ। ਪਤਾ ਨਹੀਂ ਸਿੱਖਾਂ ਤੇ ਸਰਕਾਰੀ ਅਫ਼ਸਰਾਂ ਨੇ ਭੰਗ ਪੀ ਕੇ ਫ਼ੈਸਲਾ ਕੀਤਾ ਸੀ। ਸਰਕਾਰ ਸਾਡੇ ਧਰਮ ਮੰਦਰਾਂ ਵਿਚ ਦਖ਼ਲ ਦੇਣ ਦੀ ਲੱਗਦੀ ਕੀ ਹੈ ? ਅਤੇ ਜੇ ਕੋਈ ਆਪਹੁਦਰਾ ਸਰਕਾਰੀ ਅਫ਼ਸਰ ਪਿੱਛੇ ਦਖ਼ਲ ਦੇ ਚੁਕਾ ਹੈ ਤਾਂ ਕੀ ਅਸੀਂ ਉਸ ਨੂੰ ਸਦਾ ਲਈ ਨਿਯਮ ਬਣਾ ਕੇ ਮੰਨ ਜਾਵਾਂਗੇ ? ਕਦੇ ਨਹੀਂ, ਅਸੀਂ ਮਹੰਤ ਜੀ ਨੂੰ ਦੱਸਦੇ ਹਾਂ, ਕਿ ਹੁਣ ਪੰਥ ਉਹ ਨਹੀਂ ਰਿਹਾ ਜੋ ੧੮੫੯ ਵਿਚ ਸੀ। ਅਤੇ ਉਸ ਸਰਕਾਰ ਦਸਤਰ ਉਲ ਅਮਲ ਨੂੰ ਪੁਰਜਾ ਪੁਰਜਾ ਕਰ ਕੇ ਹੁਣ ਹਰਿਮੰਦਰ ਸਰੋਵਰ ਦੀ ਭੇਟਾ ਕਰ ਦਿਉ, ਹੁਣ ਕੌਮ ਆਪਣਾ ਦਸਤੂਰ-ਉਲ-ਅਮਲ ਆਪ ਬਣਾਵੇਗੀ।

(੪) ਮਹੰਤ ਜੀ, ਭਰਾਵਾਂ ਨੂੰ ਫ਼ਸਾਉਣ ਅਤੇ ਜੀਉਂਦਾ ਰਹਿਣ ਦੀਆਂ ਵਾਦੀਆਂ ਹੁਣ ਛਡ ਦਿਉ! ਕੀ ਦਰਬਾਰ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਦਾ ਨਾਂ ਅਸ਼ਾਂਤੀ ਫੈਲਾਣਾ ਹੈ ? ਭਾਈ, ਜੇ ਇਹੋ ਅਸ਼ਾਂਤੀ ਹੈ ਤਾਂ ਸਾਨੂੰ ਇਹੋ ਚੰਗੀ ਹੈ। ਇਸ ਤੋਂ ਚੰਗੀ ਸ਼ਾਂਤੀ ਤੋਂ ਪਰਮਾਤਮਾ ਸਾਨੂੰ ਹੱਥ ਦੇ ਕੇ ਰੱਖ ਲਏ। ਜੇ ਸਰਕਾਰ ਅੰਗ੍ਰੇਜ਼ੀ ਸਰਕਾਰ ਸਾਡੀ ਅਸ਼ਾਂਤੀ ਫ਼ੈਲਾਉਣ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਤਾਂ ਆਪਣੇ ਭਰਾ ਫ਼ਰੋਸ਼ੀ ਦੀ ਠੇਕੇਦਾਰੀ ਕਿਉਂ ਲਈ ਹੈ ? ਆਓ, ਆਪਣੇ ਆਪ ਤੇ ਤਰਸ ਕਰੋ, ਅਤੇ ਵਿਲ ਵੰਗ ਛਡ ਕੇ ਸਿੱਧੇ ਸਾਫ਼ ਹੋ ਜਾਓ, **ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਤੁਹਾਡੀ ਕਦੇ ਸਰਕਾਰ ਸੀ।** ਕਈ ਉਸ ਦਾ ਵੀ ਭੈ ਖਾਉ, ਨਾਲੇ ਹੁਣ ਉਡਵਾਇਰੀ ਜ਼ਮਾਨਾ ਨਹੀਂ ਜੋ ਇਹੋ ਜਿਹੀਆ ਭਿਤੀਆਂ ਨਾਲ ਲੋਕਾਂ ਨੂੰ ਜਿਹਲੀਂ ਡਕ ਦਿੱਤਾ ਜਾਉ। ਤਸਲੀ ਰੱਖੋ!

ਮਹੰਤ ਜੀ, ਤੁਸੀਂ ਘਾਬਰੋ ਨਹੀਂ, ਜੇ ਤੁਸੀਂ ਸਾਡਾ ਮੁਕਾਬਲਾ ਕਰਨਾ ਹੈ ਤਾਂ ਬੇਸ਼ਕ ਕਰੋ, ਕਿਉਂਕਿ ਤੁਹਾਨੂੰ ਸ੍ਰ: ਹਰਚੰਦ ਸਿੰਘ ਜੀ ਦੀ ਸਹਾਇਤਾ ਦਾ ਡਰ ਹੈ। ਸੋ ਉਹ ਡਰ ਤੁਸੀਂ ਲਾਹ ਦਿਓ। ਕਿਉਂ ਕਿ ਸ੍ਰ: ਹਰਚੰਦ ਸਿੰਘ ਜੀ ਪਾਸ ਅਕਾਲੀ ਲਈ ਅਸਾਂ ਅਜੇ ਤੀਕ ਧੇਲਾ ਵੀ ਨਹੀਂ ਲਿਆ। ਵਾਹ, ਮਹੰਤ ਜੀ ਵਾਹ, ਸਾਡਾ ਤੁਹਾਡਾ ਮੁਕਾਬਲਾ ਕਾਹਦਾ ਹੈ ? ਕੀ ਅਸਾਂ ਕੋਈ ਦਖ਼ਲ ਕਰਨਾ ਹੈ। ਆਉ, ਰਲ ਮਿਲ ਕੇ ਕੌਮ ਦੀ ਸੇਵਾ ਜਿੰਨੀ ਹੋ ਸਕੇ ਕਰ ਲਈਏ। ਮਹੰਤ ਜੀ, ਕੀ ਆਖੀਏ। ਤੁਸੀਂ ਕਿਹੜੇ ਪਾਸੇ ਜਾ ਪਏ ਹੋ।

ਬਾਕੀ ਰਹੀ 'ਅਕਾਲੀ' ਦੀ ਸਹਾਇਤਾ। ਸੋ, ਉਸ ਬਾਬਤ ਬੇਨਤੀ ਹੈ ਕਿ ਇਸ ਨੂੰ ਵਾਧਾ ਹੋਣਾ ਸਰਦਾਰ ਹਰਚੰਦ ਸਿੰਘ ਦਾ ਅਤੇ ਤੁਹਾਡਾ ਇਕੋ ਜਿਹਾ ਫ਼ਰਜ਼ ਹੈ। ਨਹੀਂ, ਨਹੀਂ, ਸਗੋਂ ਸਭ ਦਾ ਸਾਂਝਾ ਕੰਮ ਹੈ।

(੫) ਮਹੰਤ ਜੀ ਨੇ ਰੋਸ ਪ੍ਰਗਟ ਕੀਤਾ ਹੈ ਕਿ ਪੁਜਾਰੀਆਂ ਨੂੰ ਤਨਖ਼ਾਹਾਂ ਥੋੜ੍ਹੀਆਂ ਮਿਲਦੀਆਂ ਹਨ। ਜਦ ਪੰਥ ਵੱਲੋਂ ਪੁਜਾਰੀਆਂ ਦੋ, ਤਿੰਨ, ਪੰਜ ਰੁਪੈ ਤਨਖ਼ਾਹ ਮਿਲਦੀਆਂ ਹਨ ਤਾਂ ਇਨ੍ਹਾਂ ਪਾਸੋਂ ਯਰੂਪੀਨ ਪਾਦਰੀਆਂ ਵਰਗੀਆਂ

ਆਸਾ ਕਿਉਂ ਰੱਖੀਆਂ ਜਾਂਦੀਆਂ ਹਨ।

ਅਸੀਂ ਆਪਣੇ ਭਰਾਵਾਂ ਨੂੰ ਦੱਸਦੇ ਹਾਂ ਕਿ ਪੰਥ ਦੇ ਪ੍ਰਬੰਧ ਵਾਲੇ ਗੁਰਦਵਾਰਿਆਂ ਵਿਚ ਜਿਤਨੇ ਗ੍ਰੰਥੀ ਰਹਿੰਦੇ ਹਨ ਸਭ ਨੂੰ ੨੦), ੩੦), ੫੦) ਤਨਖ਼ਾਹਾਂ ਮਿਲਦੀਆਂ ਹਨ। ਪਿੰਡਾਂ ਥਾਵਾਂ ਵਿਚ ਵੀ ਉਨਾਂ ਦੇ ਗੁਜ਼ਾਰੇ ਲਈ ਯੋਗ ਪ੍ਰਬੰਧ ਹੁੰਦਾ ਹੈ।

ਪਰ ਆਪ ਨੂੰ ਜੋ ਥੋੜ੍ਹੀਆਂ ਤਨਖ਼ਾਹਾਂ ਮਿਲਦੀਆਂ ਹਨ ਇਹ ਆਪਣਾ ਕਸੂਰ ਹੈ ਕਿ ਪੰਥ ਦਾ। ਜੇ ਪੁਜਾਰੀ ਤੇ ਗ੍ਰੰਥੀ ਪੰਥ ਦੇ ਹੋ ਕੇ ਮਾਸਿਕ ਤਨਖ਼ਾਹਾਂ ਲੈ ਕੇ ਵੀ ਗੁਲਸ਼ਰੇ ਉਡਾ ਰਹੇ ਹਨ। ਕਈ ਸ਼ਰਾਬਾਂ ਪੀ ਕੇ ਤੇ ਵੇਸਵਾ ਨਾਲ ਕੁਲੰਕਤ ਹੋਂਦੇ ਹਨ। ਇਹ ਕੀ ਹਨ੍ਹੇਰ ਹੈ ? ਇਹ ਰੁਪਏ ਕਿਥੋਂ ਆਉਂਦੇ ਹਨ ? ਸਪਸ਼ਟ ਗੱਲ ਹੈ ਕਿ ਕਿਸੇ ਅਯੋਗ ਢੰਗ ਨਾਲ ਇਤਨੇ ਰੁਪਏ ਪੈਦਾ ਕੀਤੇ ਜਾਂਦੇ ਹਨ ਜੋ ਇਨ੍ਹਾਂ ਕੁਕਰਮਾਂ ਵਿਚ ਖ਼ਰਚ ਕਰਨੇ ਪੈਂਦੇ ਹਨ।

ਕਈ ਹੋਰ ਸਰਕਾਰੀ ਮਹਕਮਿਆਂ ਵਿਚ ਵੀ ਇਹੋ ਹਾਲ ਹੈ। ਜਿਹਾ ਕਿ ਪੁਜਾਰੀਆਂ ਨੂੰ ੧੦) ੧੨) ਤਨਖ਼ਾਹ ਮਿਲਦੀ ਹੈ ਪਰ ਉਹ ਅੱਜ-ਕਲ੍ਹ ਦੇ ਸਮੇਂ ਵਿਚ ਟੱਬਰ ਪਾਲਦੇ ਹਨ, ਮਹੀਂ ਗਾਈਂ ਰੱਖਦੇ ਹਨ, ਘੋੜੀਆਂ ਰੱਖਦੇ ਹਨ। ਕੀ ਇਹ ਲੋਕ ਕਿਸੇ ਅਯੋਗ ਢੰਗ ਨਾਲ ਕਮਾਈ ਨਹੀਂ ਕਰਦੇ ?

ਇਖ਼ਲਾਕ ਦੀ ਹਾਲਤ ਇਹ ਇਨ੍ਹਾਂ ਦੀ ਹੈ ਕਿ ਥੋੜ੍ਹੀਆਂ ਤਨਖ਼ਾਹਾਂ ਤੇ ਤੁਸੀਂ ਕੰਮ ਨਾ ਕਰੋ। ਹੜਤਾਲ ਕਰ ਦਓ। ਪੂਰੇ ਗੁਜ਼ਾਰੇ ਮਗਰੋਂ। ਅਸਲ ਗੱਲ ਇਹ ਹੈ ਕਿ ਬਹੁਤ ਸਾਰੇ ਪੁਜਾਰੀਆਂ ਮਹੰਤਾਂ ਨੂੰ ਕੰਮ ਕਰਨਾ ਨਹੀਂ ਪੈਂਦਾ। ਅੰਤਮ ਪ੍ਰਾਰਥਨਾ ਹੈ ਕਿ 'ਅਕਾਲੀ' ਦਾ ਕਿਸੇ ਨਾਲ ਵੈਰ ਨਹੀਂ। ਜੋ ਕੁਝ ਲਿਖਿਆ ਗਿਆ ਹੈ ਸੁਧਾਰ ਦੀ ਭਾਵਨਾ ਨਾਲ ਲਿਖਿਆ ਹੈ।

ਅਕਾਲੀ ਲਾਹੌਰ, ੪ ਜੁਲਾਈ ੧੯੨੦

ਸਿੱਖ ਕੌਣ ਹੈ ?

ਸੁਧਾਰ ਸਕੀਮ ਵਿਚ ਸਿੱਖਾਂ ਦੀ ਵੱਖਰੀ ਚੋਣ ਲਈ ਗਵਰਮੈਂਟ ਪੁੱਛ ਰਹੀ ਹੈ ਕਿ ਸਿੱਖ ਕੌਣ ਹੈ। ਇਹੋ ਪੁੱਛ ਚੀਫ਼ ਖਾਲਸਾ ਦੀਵਾਨ ਪਾਸੋਂ ਵੀ ਕੀਤੀ ਗਈ ਸੀ, ਦੀਵਾਨ ਦੇ ਪਿਛਲੇ ਸਾਲ ਦੇ ਇਸ ਮਤਲਬ ਲਈ ਕੀਤੇ ਇਕੱਠ ਵਿਚ ਬਹੁਤ ਸੰਮਤੀ ਇਸ ਪਾਸ ਸੀ ਕਿ ਸਿੱਖ ਕੇਸਾਧਾਰੀ ਹੋਣਾ ਜ਼ਰੂਰੀ ਹੈ। ਪਤਾ ਨਹੀਂ ਕਿਉਂ ਨਹੀਂ ਪਰ ਪ੍ਰਤੀਤ ਹੋਂਦਾ ਸੀ ਕਿ ਦੀਵਾਨ ਨੂੰ ਇਹ ਗੱਲ ਪਸੰਦ ਨਹੀਂ ਸੀ। ਆਖ਼ਰ ਉਸ ਦਿਨ ਨੂੰ ਇਹ ਫ਼ੈਸਲਾ ਕਰ ਕੇ ਟਾਲਿਆ ਗਿਆ ਕਿ ਇਸ ਵਿਚਾਰ ਲਈ ਪੰਥ ਦਾ ਇਕੱਠ ਫਿਰ ਕੀਤਾ ਜਾਵੇਗਾ ਜੋ ਹੁਣ ਤਾਈਂ ਹੁੰਦਾ ਹੈ।

ਇਸ ਤੋਂ ਪਿਛੋਂ ਪੰਥ ਦੇ ਦੋ ਭਾਰੇ ਦੀਵਾਨ ਨਾਭੇ ਅਤੇ ਮਸਤੂਆਣੇ ਹੋਏ ਜਿਨ੍ਹਾਂ ਵਿਚ ਪਾਸ ਹੋਇਆ ਕਿ ਦਸਾਂ ਗੁਰੂ ਸਾਹਿਬਾਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਰਹਿਤ ਆਦਿਕ ਅਸੂਲਾਂ ਨੂੰ ਮੰਨਣ ਵਾਲਾ ਸਿੱਖ ਹੋ ਸਕਦਾ ਹੈ। ਹੋਰ ਕਈ ਜਥਿਆਂ ਨੇ ਵੀ ਥੋੜ੍ਹੇ ਬਹੁਤੇ ਭੇਦ ਨਾਲ ਇਸ ਦੀ ਤਾਈਦ ਕੀਤੀ। ਪਰ ਕੇਸਾਂ ਦਾ ਹੋਣਾ ਸਭ ਨੇ ਜ਼ਰੂਰੀ ਦੱਸਿਆ।

ਅਸੀਂ ਹੈਰਾਨ ਹਾਂ ਕਿ ਗਵਰਮੈਂਟ ਸਿੱਖ ਪੰਥ ਦੀ ਅਵਾਜ਼ ਨੂੰ ਕਿਸ ਤਰ੍ਹਾਂ ਮਿੱਟੀ ਵਿਚ ਰੋਲ ਰਹੀ ਹੈ ਅਤੇ ਉਨ੍ਹਾਂ ਸੱਜਣਾਂ ਤੋਂ ਸਿੱਖ ਦੀ ਤਾਰੀਫ਼ ਕਰਾ ਰਹੀ ਹੈ ਜਿਨਾਂ ਦਾ ਪੰਥ ਨਾਲ ਕੋਈ ਸਬੰਧ ਨਹੀਂ ਅਤੇ ਪੰਥ ਦੇ ਕਿਸੇ ਹਿੱਸੇ ਵਿਚ ਆਦਰ ਨਹੀਂ।

ਇਕ ਪਾਸੇ ਤਾਂ ਭਾਰੀ ਦੀਵਾਨ ਵਿਚ ਪਾਸ ਹੋਈ ਤਾਰੀਫ ਹੈ ਜਿਨਾਂ ਵਿਚ ਸੰਤ ਅਤਰ ਸਿੰਘ ਜੀ, ਮਹਾਰਾਜਾ ਸਾਹਿਬ ਨਾਭਾ, ਪ੍ਰਿੰਸੀਪਲ ਤੇਜਾ ਸਿੰਘ ਜੀ ਐਮ. ਏ. ਅਤੇ ਹੋਰ ਕਈ ਧਾਰਮਿਕ ਸਜੱਣ ਸ਼ਾਮਿਲ ਹਨ ਅਤੇ ਪੰਥ ਦੇ ਕਈ ਜਥੇ ਤੇ ਸੁਸਾਇਟੀਆਂ ਗੁਰਮਤੇ ਪਾਸ ਕਰ ਕਰ ਕੇ ਭੇਜ ਰਹੀਆਂ ਹਨ। ਦੂਜੇ ਪਾਸੇ ਦੋ ਉਹ ਸੱਜਣ ਹਨ ਜਿਨਾਂ ਦਾ ਪੰਥ ਵਿਚ ਕੱਖ ਆਦਰ ਨਹੀਂ ਬਲਕਿ ਸੈਂਕੜੇ ਗੁਰਮਤੇ ਇਨ੍ਹਾਂ ਦੇ ਵਿਰੁੱਧ ਪਾਸ ਹੋ ਚੁਕੇ ਹਨ। ਕੀ ਗੁਰਬਖ਼ਸ਼ ਸਿੰਘ ਅਰੂੜ ਸਿੰਘ ਸਰਬਰਾਹ ਇਸ ਆਪਣੀ ਤਾਰੀਫ਼ ਨੂੰ ਮੰਨਣ ਲਈ ਤਿਆਰ ਹਨ ? ਜੇ ਕੋਈ ਮੁਸਲਮਾਨ ਜਾ ਈਸਾਈ ਸਹੁੰ ਖਾ ਕੇ ਆਖੇ ਮੈਂ ਸਿੱਖ ਹਾਂ ਤਾਂ ਉਸ ਨਾਲ ਵਰਤੋਂ ਕਰਨ ਨੂੰ ਤਿਆਰ ਨਹੀਂ। ਸਗੋਂ ਇਹ ਬਾਬੇ ਤਾਂ

ਕੇਸਾਧਾਰੀਆਂ ਨੂੰ ਵੀ ਧੱਕਾ ਮਾਰਦੇ ਹਨ। ਇਨ੍ਹਾਂ ਦੀ ਬਲਾ ਜਾਣੇ ਕਿ ਸਿੱਖ ਕੌਣ ਹੈ। ਦੁਨੀਆਂ ਜਾਣਦੀ ਹੈ ਕਿ ਇਨ੍ਹਾਂ ਨੂੰ ਬਿਨਾਂ "ਜੀ ਹਜ਼ੂਰ" ਤੋਂ ਹੋਰ ਕੱਖ ਵਾਸਤਾ ਨਹੀਂ ਅਜਿਹੇ ਸੱਜਣਾਂ ਦੀ ਦੱਸੀ ਹੋਈ ਤਾਰੀਫ ਗਵਰਮੈਂਟ ਮਨਜ਼ੂਰ ਕਰ ਕੇ ਸਿੱਖ ਪੰਥ ਦੇ ਦਿਲਾਂ ਤੇ ਡਾਢੀ ਚੋਟ ਲਾ ਰਹੀ ਹੈ ਅਤੇ ਸਾਬਤ ਕਰ ਰਹੀ ਹੈ ਕਿ ਆਪਣੀ ਹਾਂ ਵਿਚ ਹਾਂ ਮਿਲਵਾਉਣੀ ਉਸ ਦੇ ਰਾਜ ਕਰਨ ਦਾ ਗੁਰ ਹੈ। ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ, ਅਧਿਆਪਕਾਂ ਵਿੱਦਿਆ ਦਿੱਤੀ ਹੈ। ਇਸ ਵੇਲੇ ਝਟ-ਪਟ ਸਾਰੀਆਂ ਜਥਿਆਂ ਤੇ ਸਭਾਵਾਂ ਵੱਲੋਂ ਤਾਰਾਂ ਤੇ ਤਾਰਾਂ ਭੇਜ ਕੇ ਗਵਰਮੈਂਟ ਦੇ ਕੰਨ ਖੋਲ੍ਹ ਦਿਉ ਤੇ ਪ੍ਰਗਟ ਕਰ ਦਿਉ ਕਿ ਸਾਨੂੰ ਇਹ ਤਾਰੀਫ਼ ਮਨਜ਼ੂਰ ਨਹੀਂ ਅਤੇ ਬਾਵਾ ਗੁਰਬਖ਼ਸ਼ ਸਿੰਘ ਤੇ ਸਰਬਰਾਹ ਅਰੂੜ ਸਿੰਘ ਤੋਂ ਪੁਛਕੇ ਗਵਰਮੈਂਟ ਨੇ ਸਿੱਖਾਂ ਦੀ ਹਤਕ ਕੀਤੀ ਹੈ। ਇਸ ਵੇਲੇ ਲੋੜ ਹੈ ਬਹੁਤ ਛੇਤੀ ਪੰਥ ਦਾ ਇਕ ਮੁਖੀ ਭਾਰੀ ਇਕੱਠ ਹੋਵੇ ਜਿਸ ਵਿਚ ਸਾਰੇ ਜਥਿਆਂ, ਸਭਾਵਾਂ ਤੇ ਇਲਾਕਿਆਂ ਦੇ ਮੁਖੀ ਸੱਜਣਾਂ ਨੂੰ ਸਦਿਆ ਜਾਵੇ।

ਕਿਉਂਕਿ ਨਾ ਕੇਵਲ ਇਸ ਗੱਲ ਦਾ ਨਿਰਣਾ ਕਰ ਕੇ ਸਰਕਾਰ ਨੂੰ ਭੇਜਣਾ ਹੈ ਕਿ "ਸਿੱਖ ਕੌਣ ਹੈ" ਬਲਕਿ ਦਰਬਾਰ ਸਾਹਿਬ, ਖਾਲਸਾ ਕਾਲਜ, ਗੁਵਾਂਢੀ ਕੌਮਾਂ ਨਾਮ ਮੇਲ, ਸੁਧਾਰ ਸਕੀਮ, ਪੰਜਾਬ ਉੱਤੇ ਅਫ਼ਸਰਾਂ ਦਾ ਕਹਿਰ ਤੇ ਹੰਟਰ ਕਮੇਟੀ ਆਦਿਕ ਕਈ ਗੱਲਾਂ ਹਨ ਜਿਨ੍ਹਾਂ ਸਬੰਧੀ ਬੜੀ ਛੇਤੀ ਪੰਥ ਦੀ ਸਾਂਝੀ ਵਿਚਾਰ ਪ੍ਰਗਟ ਹੋਣ ਦੀ ਲੋੜ ਹੈ। ਹੁਣ ਸਭ ਤੋਂ ਪਿੱਛੇ ਰਹਿਣ ਵਾਲੀ ਬਾਣ ਛਡ ਦੇਣੀ ਚਾਹੀਦੀ ਹੈ।

ਪੰਥਕ ਇਕੱਠ ਕਿਥੇ ਹੋਵੇ ?

ਹੁਣ ਵਿਚਾਰਨ ਦੀ ਲੋੜ ਇਹ ਹੈ ਕਿ ਇਹ ਇਕੱਠ ਕਿੱਥੇ ਹੋਵੇ ਤੇ ਕੌਣ ਪ੍ਰਬੰਧ ਕਰੇ ? ਚੀਫ਼ ਖਾਲਸਾ ਦੀਵਾਨ ਨੇ ਤਾਂ ਜੋ ਕੁਝ ਕਰਨਾ ਸੀ ਕਰ ਚੁਕਾ ਅਤੇ ਸੈਂਟਰਲ ਸਿੱਖ ਲੀਗ ਨੇ ਵੀ ਹਾਲਾਂ ਸੁਸਤੀ ਦਾ ਕਾਫ਼ੀ ਸਬੂਤ ਦੇ ਦਿੱਤਾ ਹੈ। ਹੁਣ ਵੀ ਜੇ ਇਨ੍ਹਾਂ ਜਥਿਆਂ ਦੇ ਸੇਵਕ ਹਿੰਮਤ ਕਰਨ ਦਾ ਕੋਈ ਗੱਲ ਨਹੀਂ। ਸਵੇਰ ਦਾ ਭੁੱਲਿਆਂ ਤ੍ਰਿਕਾਲਾਂ ਨੂੰ ਹੀ ਘਰ ਆ ਜਾਵੇ ਤਾਂ ਵੀ ਧੰਨ ਭਾਗ ਹਨ ਅਤੇ ਜੇ ਇਨ੍ਹਾਂ ਦੇ ਪਿੰਡੇ ਤੇ ਜੂ ਨਾ ਸਰਕੇ ਤਾਂ......ਲਾਹੌਰ ਦੇ ਸਿੰਘ! ਮੈਦਾਨ ਵਿਚ ਉਤਰਨ ਅਤੇ ਸਾਰੇ ਪੰਥਕ ਜਥਿਆਂ ਨੂੰ ਸੱਦਾ ਭੇਜ ਕੇ, ਬਹੁਤ ਛੇਤੀ ਇਕ ਪ੍ਰਤੀਨਿਧ ਸਮਾਗਮ ਕਰ ਕੇ, ਪੰਥ ਦੀ ਭਲਾਈ ਲਈ ਵਿਚਾਰਾਂ ਕਰਨ।

ਸਿੱਖ ਵੋਟਰ

ਐਡੀਟਰ ਸਾਹਿਬ ਜੀ,

੨੬ ਜੂਨ ਨੂੰ ਖਾਲਸਾ ਕਾਲਜ ਵਿਚ ਪ੍ਰੋਫ਼ੈਸਰਾਂ, ਮਾਸਟਰਾਂ ਅਤੇ ਵਿਦਿਆਰਥੀਆਂ ਦਾ ਭਾਰੀ ਜੋੜ ਮੇਲਾ ਹੋਇਆ, ਜਿਸ ਵਿਚ ਹੇਠ ਲਿਖੇ ਗੁਰਮਤੇ ਪਾਸ ਹੋਏ—

(੧) ਪੰਜਾਬ ਗਵਰਮੈਂਟ ਨੇ ੨੪ ਜੂਨ ਨੂੰ ਜੋ ਐਲਾਨ ਸਿੱਖ ਵੋਟਰਾਂ ਦੀ ਪਛਾਣ ਕਰਨ ਲਈ ਛਾਪਿਆ ਹੈ ਉਹ ਅਪੂਰਣ ਹੋਣ ਕਰ ਕੇ ਤਸੱਲੀ ਬਖ਼ਸ਼ ਨਹੀਂ ਹੈ। ਇਸ ਲਈ ਜ਼ਰੂਰੀ ਹੈ ਕਿ ਜਿਹੜਾ ਆਦਮੀ ਉਸ ਐਲਾਨ ਮੂਜਬ ਸਿੱਖ ਹੋਣ ਦਾ ਦਾਵਾ ਕਰੇ, ਉਹ ਕੇਸਾਧਾਰੀ ਜ਼ਰੂਰ ਹੋਵੇ, ਨਹੀਂ ਤਾਂ ਉਹ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਨਹੀਂ ਕਹਾ ਸਕਦਾ ਅਤੇ ਇਸ ਕਰ ਕੇ ਗੁਰੂ ਸਾਹਿਬਾਨ ਦਾ ਸਿੱਖ ਭੀ ਨਹੀਂ ਹੋ ਸਕਦਾ।

(੨) ਉਤਲੇ ਗੁਰਮਤੇ ਦੀ ਨਕਲ ਲਾਟ ਸਾਹਿਬ ਪੰਜਾਬ ਦੀ ਸੇਵਾ ਵਿਚ ਡਾਕ ਰਾਹੀਂ ਭੇਜੀ ਜਾਵੇ। ਅਤੇ ਨਾਲ ਹੀ ਪ੍ਰੈਸ ਵਿਚ ਘੱਲੀ ਜਾਵੇ ਤੇ ਸਿੱਖ ਸਭਾਵਾਂ ਇਸੇ ਤਰ੍ਹਾਂ ਦੇ ਗੁਰਮਤੇ ਆਪਣੀ-ਆਪਣੀ ਥਾਂ ਪਾਸ ਕਰ ਕੇ ਛੇਤੀ ਹੀ ਸਰਕਾਰ ਨੂੰ ਘਲਣ।

ਤੇਜਾ ਸਿੰਘ, ਧਾਰਮਿਕ ਪ੍ਰੋਫ਼ੈਸਰ।

ਇਸ ਵੇਲੇ ਸਿੱਖ ਕੀ ਕਰਨ ?

ਕਈ ਮਹੀਨਿਆਂ ਤੋਂ ਅਰਜ਼ੀਆਂ ਅਤੇ ਗੁਰਮਤੇ ਭੇਜ-ਭੇਜ ਕੇ ਸਿੱਖ ਕੌਮ ਥੱਕ ਚੁਕੀ ਹੈ। ਪੰਜਾਬ ਗਵਰਮੈਂਟ ਵੱਲੋਂ ਕਈ ਤੱਸਲੀ ਵਾਲਾ ਉੱਤਰ ਨਹੀਂ ਮਿਲਿਆ। ਨਾ ਹੀ ਅਜੇ ਤੀਕਰ ਹਰਿਮੰਦਰ ਸਾਹਿਬ ਆਦਿਕ ਗੁਰਦੁਆਰਾ ਪ੍ਰਬੰਧ ਸਾਨੂੰ ਦਿੱਤਾ ਗਿਆ ਹੈ। ਨਾ ਹੀ ਖਾਲਸਾ ਕਾਲਜ ਵਿੱਚੋ ਅਫ਼ਸਰਾਂ ਦਾ ਦਖ਼ਲ ਹੁਣ ਤਾਈਂ ਹਟਾਇਆ ਗਿਆ ਹੈ। ਨਾ ਹੀ ਸਿੱਖ ਕੈਦੀਆਂ ਦੀ ਰਿਹਾਈ ਕਰ ਕੇ ਕੌਮ ਦੇ ਤੱਪਦੇ ਹਿਰਦਿਆਂ ਨੂੰ ਠੰਡ ਪਾਈ ਗਈ ਹੈ। ਨਾ ਹੀ ਜੇਲ੍ਹਾਂ ਵਿਚ ਰਹਿਤ ਦੀ ਖੁਲ੍ਹੀ ਛੁੱਟੀ ਦਾ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ। ਅਤੇ ਨਾ ਹੀ ਫ਼ੌਜਾਂ ਵਿਚ ਖਾਲਸੇ

ਦੇ ਧਾਰਮਿਕ ਚਿੰਨ੍ਹ, ਕ੍ਰਿਪਾਨ, ਧਾਰਨ ਦੀ ਆਗਿਆ ਦਿੱਤੀ ਗਈ ਹੈ।

ਪੰਜਾਬ ਗਵਰਮੈਂਟ ਦੀ ਇਸ ਬੇਪਰਵਾਹੀ ਦੇ ਕਾਰਨ ਸਿੱਖ ਕੌਮ ਵਿਚ ਬੜੀ ਨਿਰਾਸਤਾ ਤੇ ਰੋਸ ਪੈਦਾ ਹੋ ਗਿਆ ਹੈ।

ਜੇ ਇਨ੍ਹਾਂ ਦੁਖੜਿਆਂ ਦਾ ਦਾਰੂ ਛੇਤੀ ਨਾ ਕੀਤਾ ਗਿਆ ਤਾਂ ਸਿੱਖਾਂ ਵਿਚ ਭਾਰੀ ਬੇਚੈਨੀ ਫ਼ੈਲਣ ਦਾ ਡਰ ਹੈ। ਤਾਂ ਤੇ ਜਿਥੇ ਮੈਂ ਆਪਣੇ ਹਰਮਨ ਪਿਆਰੇ, ਰਹਿਮ ਦਿਲ ਅਤੇ ਆਜ਼ਾਦੀ ਦੇ ਪੱਖੀ ਮੈਕਲੇਗਨ ਬਹਾਦਰ ਲਾਟ ਸਾਹਿਬ ਪੰਜਾਬ ਦਾ ਧਿਆਨ ਸਿੱਖਾਂ ਦੀਆਂ ਇਨ੍ਹਾਂ ਮਜ਼੍ਹਬੀ ਲੋੜਾਂ ਵੱਲ ਦਿਵਾਉਂਦਾ ਹਾਂ, ਉਥੇ ਨਾਲ ਹੀ ਸਿੱਖ ਲੀਗ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਉਹ ਜਨਰਲ ਕਮੇਟੀ ਦਾ ਖ਼ਾਸ ਜੋੜ ਮੇਲ ਕਰ ਕੇ ਇਸ ਗੱਲ ਦਾ ਫ਼ੈਸਲਾ ਕਰਨ ਕਿ ਇਸ ਸਮੇਂ ਸਿੱਖ ਕੌਮ ਨੂੰ ਕਿਸ ਨਾਲ ਚਲਣਾ ਚਾਹੀਦਾ ਹੈ।

ਅੰਮ੍ਰਿਤਸਰ !

ਭਾਈ ਜੈ ਸਿੰਘ ਅੰਮ੍ਰਿਤਸਰ ਤੋਂ ਲਿਖਦੇ ਹਨ ਦੁੱਖ ਭੰਜਨੀ ਸਾਹਿਬ ਦੇ ਪਾਸ ਜਿਥੇ ਹਰਦਿਤ ਸਿੰਘ ਪੁਜਾਰੀ ਰਹਿੰਦਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਡਾਢੀ ਨਿਰਾਦਰੀ ਹੋ ਰਹੀ ਹੈ। ਨਾ ਸਾਫ਼ ਤੇ ਚੰਗੇ ਰੁਮਾਲ ਹਨ, ਨਾ ਸੰਭਾਲ ਹੈ। ਬੇਅਦਬੀ ਨਾਲ ਸੰਤੋਖਿਆ ਜਾਂਦਾ ਹੈ ਅਤੇ ਕਦੀ ਪੰਜ-ਪੰਜ ਦਿਨ ਪਿੰਜਰੇ ਅੰਦਰ ਦਰਬਾਰ ਸਾਹਿਬ ਖੁਲ੍ਹਾ ਰਹਿੰਦਾ ਹੈ।

ਕੀ ਦਰਬਾਰ ਸਾਹਿਬ ਦੇ ਨੇਮੀ ਤੇ ਪ੍ਰੇਮੀ ਇਹ ਬੇਅਦਬੀਆਂ ਦੂਰ ਨਹੀਂ ਕਰ ਸਕਦੇ ? ਪੰਜ ਦਸ ਸਿੰਘ ਮਿਲ ਕੇ ਗ੍ਰੰਥੀ ਨੂੰ ਸਮਝਾਉਣ ਜਾਂ ਹੋਰ ਕੋਈ ਯੋਗ ਤਰੀਕਾ ਵਰਤਣ ਤਾਂ ਬਹੁਤ ਕੁਝ ਸੁਧਾਰ ਹੋ ਸਕਦਾ ਹੈ।

ਅਕਾਲੀ ਲਾਹੌਰ, ੫ ਜੁਲਾਈ ੧੯੨੦

ਗੁਰੂ ਪੰਥ ਦੀ ਸੇਵਾ ਬੇਨਤੀਆਂ ।

(ਪ੍ਰਾਪਤ)

ਸੱਜਣੋਂ ਅਸੀਂ ਸਾਰੇ ਦੇਖ ਰਹੇ ਹਾਂ ਕਿ ਦਰਦੀ ਪੰਥ ਦੇ ਆਗੂ ਨਾ ਹੋਵਣ ਕਰ ਕੇ ਪੰਥ ਨੂੰ ਕਿੰਨਾਂ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਘਾਟੇ ਨੂੰ ਦੇਖਦੇ ਹੋਏ ਹਰ ਇਕ ਸੱਜਣ ਆਪਣੀ-ਆਪਣੀ ਸਲਾਹ ਦੇ ਰਿਹਾ ਹੈ ਅਤੇ ਆਵਣ ਵਾਲੇ ਸਮੇਂ ਵਿਚ ਇਸ ਪੰਥ ਦੀ ਹਾਨੀ ਨੂੰ ਦੇਖ ਕੇ ਇਕ ਪੰਥਕ ਡੁਬਦੀ ਹੋਈ ਬੇੜੀ ਨੂੰ ਇਕ ਹੁਸ਼ਿਆਰ ਮਲਾਹ ਦੀ ਤਰ੍ਹਾਂ ਜ਼ੋਰ-ਲਗਾ ਰਿਹਾ ਹੈ। ਯਤਨ ਕਰਨਾ ਸਾਡਾ ਧਰਮ ਹੈ, ਪਰ ਇਸ ਯਤਨ ਨੂੰ ਫਲ ਲਾਉਣਾ ਗੁਰੂ ਮਹਾਰਾਜ ਦੇ ਹੱਥ ਹੈ। ਪਰ ਸੱਜਣੋਂ ਇਸ ਯਤਨ ਦੇ ਸਮੇਂ ਅਸਾਂ ਨੂੰ ਆਪਣੇ ਪੰਥ ਦੀ ਹਾਨੀ ਕਰਨੀ ਠੀਕ ਨਹੀਂ। ਅਸਾਡੀਆਂ ਅਪਣੀਆਂ ਕਈ ਭੁਲਾਂ ਹਨ, ਅਤੇ ਉਨ੍ਹਾਂ ਦੀ ਸਜ਼ਾ ਅਸਾਂ ਨੂੰ ਚੁਪ ਕਰ ਕੇ ਬੜੀ ਗੰਭੀਰਤਾ ਨਾਲ ਭੁਗਤਣੀ ਚਾਹੀਦੀ ਹੈ। ਅਸੀਂ ਖੁਸ਼ਾਮਦੀ ਸੀ, ਮਾਇਆ ਵਿਚ ਰਚਿਤ ਸੀ, ਹਰ ਵੇਲੇ ਝੂਠ ਅਤੇ ਕਪਟ ਵਿਚ ਅਸਾਡਾ ਗੁਜ਼ਾਰਾ ਸੀ, ਅਸਾਡਾ ਆਧਾਰ ਗਿਰਨੇ ਕਰ ਕੇ ਅਸਾਡੇ ਵਿੱਚੋਂ ਪਿਛਲੇ ਸਿੰਘਾਂ ਵਰਗੀ ਗੰਭੀਰਤਾ ਉਡ ਗਈ ਅਤੇ ਸਰਕਾਰੀ ਖੁਸ਼ਾਮਦੀ, ਚੁਗਲ ਅਤੇ "ਜੀ ਹਜ਼ੂਰੀਏ" ਕੁਦਰਤੀ ਲੀਡਰ ਥਾਪੇ ਗਏ, ਅਤੇ ਪੁਰਾਣੀ ਜਥੇਬੰਦੀ, ਸਿੰਘ ਸਭਾਵਾਂ ਆਦਿਕ ਨੇ ਉਨ੍ਹਾਂ ਦੇ ਕੰਮਾਂ ਵੱਲ ਕੁਝ ਧਿਆਨ ਨਾ ਦਿੱਤਾ ਅਤੇ ਨਾ ਹੀ ਹੋਰ ਅਸਾਡੇ ਸੱਜਣਾਂ ਨੇ ਉਨ੍ਹਾਂ ਦੀ ਕਾਰਵਾਈ ਦੇ ਵਿਰੁੱਧ ਅਵਾਜ਼ ਉਠਾਈ। ਇਸ ਅਣਗਹਲੀ ਦਾ ਨਤੀਜਾ ਇਹ ਹੋਇਆ ਕਿ ਅਸਾਡੇ ਕੁਦਰਤੀ ਲੀਡਰਾਂ ਦੀ ਸ਼ੈਹ ਨਾਲ ਅਸਾਡੇ ਭਰਾ ਜਿਨ੍ਹਾਂ ਨੇ ਕੌਮ ਤੇ ਦੇਸ਼ ਦੀ ਸੇਵਾ ਦਾ ਬੀੜਾ ਚੁਕਿਆ, ਕੁਝ ਫ਼ਾਂਸੀ ਉੱਤੇ ਚੜ੍ਹਾਏ ਗਏ, ਬੰਦੂਕਾਂ ਦਾ ਨਿਸ਼ਾਨਾ ਹੋਏ, ਅਤੇ ਕਈਆਂ ਨੂੰ ਕਾਲੇਪਾਣੀ ਭੇਜਿਆ ਗਿਆ। ਅੱਜ ਜੇ ਪੂਰਾ-ਪੂਰਾ ਹਿਸਾਬ ਕੀਤਾ ਜਾਵੇ, ਤਾਂ ਅਸੀਂ ਦੱਸ ਸਕਦੇ ਹਾਂ ਕਿ ਪਿਛਲੇ ੭-੮ ਸਾਲਾਂ ਵਿਚ ਜਿੰਨੀਆਂ ਕੁਰਬਾਨੀਆਂ ਅਸੀਂ ਦਿੱਤੀਆਂ ਹਨ, ਨਾ ਹੀ ਏਨੀਆਂ ਅਸਾਡੇ ਭਰਾਵਾਂ ਮੁਸਲਮਾਨਾਂ ਵਿਚ ਹਨ, ਅਤੇ ਨਾ ਹੀ ਅਸਾਡੇ ਮਾਨਯੋਗ ਹਿੰਦੂਆਂ ਵਿਚ। ਹੁਣ ਇਨ੍ਹਾਂ ਗੱਲਾਂ ਦੇ ਹੁੰਦੇ ਸੁੰਦੇ ਅਸੀਂ ਸਾਰਿਆਂ ਤੋਂ ਪਿੱਛੇ ਹਾਂ ! ਸੱਜਣ ! ਆਓ, ਵਿਚਾਰ ਕਰੋ, ਪਿੱਛਲੀਆਂ ਭੁਲਾਂ ਨੂੰ ਮੰਨੋਂ, ਅਗਾਹਾਂ ਲਈ ਦਿਲ ਸਾਫ ਕਰੋ, ਆਪਣੀਆਂ ਖ਼ੁਦਗਰਜੀਆਂ ਨੂੰ ਛਡੋ, ਅਗਾਹਾਂ ਲਈ ਕਿਸੇ ਭਰਾ ਨੂੰ ਕਿਸੇ

ਸੇਵਾ ਦੇ ਲਾਇਕ ਸਮਝਦੇ ਹੋ ਅਤੇ ਸੇਵਕ ਥਾਪੋ। ਦਾਸ ਪੰਥ ਦੀ ਦਰਿਸ਼ਟੀ ਹੇਠ ਲਿਖੀਆਂ ਗੱਲਾਂ ਵਲ ਦਿਵਾਉਂਦਾ ਹੈ।

(੧) ਚੀਫ਼ ਖਾਲਸਾ ਦੀਵਾਨ ਦੇ ਮੈਂਬਰਾਂ ਨੂੰ ਆਪਣੇ ਆਪ ਪਿਛੇ ਹਟ ਜਾਣਾ ਚਾਹੀਦਾ ਹੈ ਅਤੇ ਚੋਣ ਫੇਰ ਹੋਣੀ ਚਾਹੀਦੀ ਹੈ। ਹੁਣ ਜੇ ਪੰਥ ਦਾ ਖ਼ਿਆਲ ਕਰ ਕੇ ਉਨ੍ਹਾਂ ਨੇ ਇਹ ਬੇਨਤੀ ਮੰਨ ਲਈ ਤਾਂ ਅਸੀਂ ਉਨ੍ਹਾਂ ਸੱਜਣਾਂ ਦੇ ਅਤੀ ਧੰਨਵਾਦੀ ਹੋਵਾਂਗੇ, ਅਤੇ ਸਮਝਾਂਗੇ ਕਿ ਜੋ ਕੁਝ ਪਿਛੇ ਹੋਇਆ, ਉਸ ਪਾਪ ਵਿਚ ਉਨ੍ਹਾਂ ਦਾ ਬੜਾ ਘੱਟ ਹਿੱਸਾ ਸੀ।

(੨) ਨਵਾਂ ਕੋਈ ਸੱਜਣ ਆਪਣੇ ਆਪ ਨੂੰ ਪੰਥ ਦੀ ਸੇਵਾ ਲਈ ਪੇਸ਼ ਨਾ ਕਰੇ, ਜਿਸ ਦਾ ਪਿਛਲਾ ਆਚਾਰ ਲੋਕਾਂ ਵਿਚ ਕਾਫ਼ੀ ਬਦਨਾਮ ਹੈ, ਅਤੇ ਅਗਾਹਾਂ ਲਈ ਉਸ ਨੂੰ ਆਪਣੇ ਆਪ ਉਪਰ ਪੂਰਾ-ਪੂਰਾ ਜ਼ਬਤ ਨਹੀਂ ਅਤੇ ਜ਼ਮਾਨੇ ਦੀ ਹਵਾ ਨੂੰ ਨਹੀਂ ਜਾਂਚ ਸਕਦਾ।

(੩) ਮੰਗਣੇ ਦੀ ਭੈੜੀ ਵਾਦੀ ਨੂੰ ਜਾਣ ਦੇਣਾ ਚਾਹੀਦਾ ਹੈ, ਇਹ ਸਾਡਾ ਧਰਮ ਨਹੀਂ ਅਤੇ ਨਾ ਹੀ ਅਸਾਂ ਨੂੰ ਸਰਕਾਰ ਉੱਤੇ ਹੁਣ ਇੰਨਾਂ ਭਰੋਸਾ ਹੈ, ਜੋ ਅਸੀਂ ਸਮਝ ਲਈਏ ਕਿ ਕੇਵਲ ਮੰਗਣ ਨਾਲ ਹੀ ਅਸਾਂ ਨੂੰ ਤੀਜਾਂ ਹਿੱਸਾ ਸੀਟਾਂ ਕੌਂਸਲ ਵਿਚ ਮਿਲ ਜਾਵਣਗੀਆਂ ਅਤੇ ਜੇ ਸਰਕਾਰ ਨੇ ੧ ਜਾਂ ਦੋ ਸੀਟਾਂ ਵਧਾ ਕੇ ਸਿੱਖਾਂ ਨੂੰ ਅਹਿਸਾਨ ਮੰਦ ਕਰਨਾ ਚਾਹੁੰਦੀ ਹੈ, ਤਾਂ ਉਹ ਵਾਪਸ ਕਰ ਦੇਣੀਆਂ ਚਾਹੀਦੀਆਂ ਹਨ।

(੪) ਜਿਨ੍ਹਾਂ ਚਿਰ ਅਸਾਡੀਆਂ ਆਪਣੀਆਂ ਬਾਹਾਂ ਵਿਚ ਬਲ ਨਹੀਂ, ਸਰਕਾਰੀ ਸੀਟਾਂ, ਖਾਲਸਾ ਕਾਲਜ ਦਾ ਵਾਪਿਸ ਆਉਣਾ, ਦਰਬਾਰ ਸਾਹਿਬ ਦੇ ਪ੍ਰਬੰਧ ਦਾ ਮਿਲਣਾ ਆਦਿਕ ਗੱਲਾਂ ਨਾਲ ਅਸਾਡੀ ਉੱਨਤੀ ਮੁਸ਼ਕਲ ਹੈ। ਇਸ ਲਈ ਜ਼ਰੂਰੀ ਹੈ ਜੋ ਅਸਾਡੀ ਚੰਗੀ ਜਥੇਬੰਦੀ ਹੋਵੇ ਅਤੇ ਅਸਾਂ ਤਨ ਮਨ ਧਨ ਨਾਲ ਸੇਵਾ ਕਰੀਏ। ਆਪਣੇ ਬਚਨਾਂ ਦੇ ਪੂਰੇ ਹੋਵੀਏ। ਮਾਨ ਨੂੰ ਤਿਆਗ ਕੇ ਸੇਵਾ ਕਰੀਏ।

(੫) ਉਪਰ ਲਿਖੀਆਂ ਜਥੇਬੰਦੀਆਂ ਉੱਤੇ ਵਿਚਾਰ ਕਰਨ ਲਈ ਮੰਨੇ ਹੋਏ, ਸੱਜਣ ਅੱਗੇ ਆਉਣ ਅਤੇ ਆਪਣੀਆਂ ਰਾਵਾਂ ਅਖ਼ਬਾਰਾਂ ਵਿਚ ਦੇ ਕੇ ਬਾਕੀ ਪੰਥ ਪਿਆਰਿਆਂ ਵਿਚ ਸਮਾਗਮਾਂ ਦੁਆਰਾ ਜਥੇਬੰਦੀ ਕਰਨ।

(੬) ਅਗਾਹਾਂ ਲਈ ਪੰਥ ਪਿਆਰਿਆਂ ਨੂੰ ਤਿਆਰ ਹੋਣਾ ਚਾਹੀਦਾ ਹੈ ਸੋ ਆਪਣੇ 'ਸਿੱਖ ਲੀਗ' ਦੁਆਰਾ ਪਿਛਲੇ ਫ਼ਰਕਾਂ ਨੂੰ ਭੁਲਾਂ ਕੇ ਅਸੀਂ ਸਾਰੇ ਸੱਜਣ ਹਿੰਦੂ, ਮੁਸਲਮਾਨ ਆਦਿਕ ਨਾਲ ਮਿਲ ਕੇ ਆਪਣੀ ਦੇਸ਼ ਸੇਵਾ ਕਰੀਏ, ਜੋ ਅਗਾਹਾਂ ਲਈ ਅਸਾਡੇ ਉੱਤੇ ਉਹ ਦਾਗ ਨਾ ਲੱਗੇ, ਜੋ ਸਦਾ ਤੋਂ ਅਸਾਂ ਨੂੰ ਲੱਗਦਾ ਆਇਆ ਹੈ।

ਆਸ਼ਾ ਹੈ ਕਿ ਪੰਥ ਦੇ ਮੁਖੀਏ ਸੱਜਣ ਉਪਰ ਲਿਖੀਆਂ ਗੱਲਾਂ ਵੱਲ ਜ਼ਰੂਰ ਆਪਣਾ ਧਿਆਨ ਦੇਵਣਗੇ।

ਅਕਾਲੀ ਲਾਹੌਰ, ੮ ਜੁਲਾਈ ੧੯੨੦

ਸਿੱਖ ਲੀਗ

ਰਾਜਸੀ ਪ੍ਰਚਾਰ ਦਾ ਆਰੰਭ

ਸੈਂਟਰਲ ਸਿੱਖ ਲੀਗ ਦੀ ਐਗਜ਼ੈਕਟਿਵ ਕਮੇਟੀ ਦੀ ਇਕੱਤਰਤਾ ੪ ਜੁਲਾਈ ਨੂੰ ੨ ਵਜੇ ਸ਼ਾਮ ਨੂੰ ਸਰਦਾਰ ਗੁਰਬਖਸ਼ ਸਿੰਘ ਜੀ ਗਿਆਨੀ ਬੈਰਿਸਟਰ ਜੀ ਦੇ ਮਕਾਨ ਤੇ (ਸੰਤ) ਤੇਜਾ ਸਿੰਘ ਜੀ ਪ੍ਰਿੰਸੀਪਲ ਅਕਾਲ ਕਾਲਜ ਦੀ ਪ੍ਰਧਾਨਗੀ ਹੇਠ ਹੋਈ। ਕੇਵਲ ਦੋ ਗੁਰਮਤੇ ਪਾਸ ਹੋਏ ਜਿੰਨ੍ਹਾਂ ਦਾ ਭਾਵ ਇਹ ਹੈ ਕਿ—

(੧) ਲੋਕਾਂ ਵਿਚ ਰਾਜਸੀ ਖ਼ਿਆਲਾਂ ਦਾ ਪ੍ਰਚਾਰ ਕਰਨ ਲਈ ਸਿਧੀ ਸਾਦੀ ਸਰਲ ਪੰਜਾਬੀ ਬੋਲੀ ਵਿਚ ਰਾਜ ਪ੍ਰਬੰਧ ਉੱਤੇ ਹਰ ਮਹੀਨੇ ਇਕ ਟ੍ਰੈਕਟ ਸਿੱਖ ਲੀਗ ਵੱਲੋਂ ਛਾਪ ਕੇ ਮੁਫਤ ਵੰਡਿਆ ਜਾਇਆ ਕਰੇ। ਇਸ ਕੰਮ ਲਈ ਇਕ ਸਬ ਕਮੇਟੀ ਬਣਾਈ ਗਈ। ਜਿਸ ਦੇ ਹੇਠ ਲਿਖੇ ਸੱਜਣ ਮੈਂਬਰ ਹਨ।

੧. ਸ੍ਰ: ਸੰਤ ਸਿੰਘ ਜੀ ਵਕੀਲ ਲਾਇਲਪੁਰ।
੨. ਸ੍ਰ: ਮੰਗਲ ਸਿੰਘ ਜੀ ਬੀ. ਏ. ਐਡੀਟਰ 'ਅਕਾਲੀ' ਲਾਹੌਰ।
੩. ਗਿਆਨੀ ਸ਼ੇਰ ਸਿੰਘ ਜੀ ਰਾਵਲਪਿੰਡੀ।

੪. ਸ: ਸੁਚਾ ਸਿੰਘ ਜੀ ਅੰਮ੍ਰਿਤਸਰ ।

(੨) ਪਿਛਲੇ ਜੋੜ ਮੇਲੇ ਵਿਚ ਪਾਸ ਹੋ ਕੇ ਗੁਰਮਤੇ ਅਤੇ ਹੁਣ ਹੋਰ ਕਈ ਗੱਲਾਂ ਦਾ ਧਿਆਨ ਕਰਦੀ ਹੋਈ ਕਮੇਟੀ ਜ਼ਰੂਰੀ ਨਹੀਂ ਸਮਝਦੀ ਕਿ ਪ੍ਰਧਾਨ ਜੀ ਸਬੰਧੀ ਹੋਰ ਕੋਈ ਕਾਰਵਾਈ ਕੀਤੀ ਜਾਵੇ। ਪ੍ਰਧਾਨ ਜੀ ਦਾ ਧੰਨਵਾਦ ਕਰਨ ਤੋਂ ਜੋੜ ਮੇਲੇ ਦੀ ਸਮਾਪਤੀ ਹੋਈ ।

ਅਕਾਲੀ ਲਾਹੌਰ, ੯ ਜੁਲਾਈ ੧੯੨੦

ਸਿੱਖਾਂ ਦੀ ਜਾਗ

ਗ੍ਰੈਜੂਏਟਾਂ ਦੀ ਜ਼ਬਰਦਸਤ ਜਥੇਬੰਦੀ

ਅੱਜ-ਕਲ੍ਹ ਸਿੱਖਾਂ ਦੀ ਦੁਰਦਸ਼ਾ ਕਿਉਂ ਹੋ ਰਹੀ ਹੈ ? ਸਿੱਖ ਕੌਮ ਦੂਜੀਆਂ ਕੌਮਾਂ ਨਾਲੋਂ ਉੱਨਤੀ ਦੇ ਮੈਦਾਨ ਵਿਚ ਫਾਡੀ ਕਿਉਂ ਹੈ ? ਪੰਥ ਮੁਰਦਾ ਜਿਹਾ ਨਜ਼ਰ ਕਿਉਂ ਆ ਰਿਹਾ ਹੈ ? ਸਿੱਖਾਂ ਨੂੰ ਦਰ-ਦਰ ਧੱਕੇ ਕਿਉਂ ਪੈਂਦੇ ਹਨ ? ਸਿੱਖਾਂ ਦੇ ਜਿਗਰ ਦੇ ਟੋਟੇ, ਪਿਆਰੇ ਵੀਰ, ਜੇਲ੍ਹਾਂ ਵਿਚ ਅਨੇਕ ਅਸਹਿ ਦੁਖੜੇ ਕਿਉਂ ਸਹਾਰ ਰਹੇ ਹਨ ? ਪੰਥ ਦੇ ਮਸੂਮ ਬੱਚੇ ਦਰ-ਦਰ ਕਿਉਂ ਬਿਲਕਦੇ ਫਿਰਦੇ ਹਨ ? ਸਿੱਖਾਂ ਦੇ ਧਾਰਮਿਕ ਸਥਾਨਾਂ ਦੇ ਪ੍ਰਬੰਧ ਵਿਚ ਇਤਨੀਆਂ ਖ਼ਰਾਬੀਆਂ ਕਿਉਂ ਹਨ ? ਅਤੇ ਸਿੱਖਾਂ ਦੇ ਵਿਦਯਕ ਆਸ਼ਰਮ, ਖਾਲਸਾ ਕਾਲਜ, ਸਿੱਖਾਂ ਦੇ ਹੱਥ ਵਿਚ ਕਿਉਂ ਨਹੀਂ ? ਇਤਆਦਿਕ ਹੋਰ ਅਨੇਕ ਨੁਕਸਾਨ ਹਨ, ਜਿਸ ਕਰ ਕੇ ਕੌਮ ਦੀ ਉੱਨਤੀ ਤਾਂ ਕੀ ਹੋਣੀ, ਹੁਣ ਤਾਂ ਜੀਉਣਾ ਵੀ ਔਖਾ ਹੋ ਗਿਆ ਹੈ। ਇਸ ਦਾ ਇਹ ਕਾਰਨ ਨਹੀਂ ਕਿ ਸਿੱਖਾਂ ਵਿਚ ਕੌਮੀ ਸੇਵਾ ਜਾਂ ਕੁਰਬਾਨੀ ਦਾ ਮਾਦਾ ਨਹੀਂ। ਇਸ ਦਾ ਇਹ ਮਤਲਬ ਵੀ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਬਾਣੀ ਦੀ ਰੂਹ ਫੂਕੀ ਹੋਈ ਹੁਣ ਗੁੰਮ ਹੋ ਗਈ ਹੈ। ਕਸਰ ਕੇਵਲ ਇਹੋ ਹੈ ਕਿ ਸਿੱਖਾਂ ਨੂੰ ਯੋਗ ਆਗੂ ਨਹੀਂ ਮਿਲੇ। ਪਿਛਲੇ ਵੀਹਾਂ ਪੰਝੀਆਂ ਸਾਲਾਂ ਤੋਂ ਸਿੱਖਾਂ ਵਿਚ ਕੌਮੀ ਸੇਵਾ ਅਤੇ ਪ੍ਰਚਾਰ ਵਿਚ ਵਿਦਵਾਨਾਂ ਨੇ ਕੋਈ ਬਹੁਤ ਹਿੱਸਾ ਨਹੀਂ ਲਿਆ। ਆਮ ਤੌਰ ਤੇ ਸਾਡੇ ਪ੍ਰਚਾਰਕ ਸਾਡੇ ਅਖ਼ਬਾਰਾਂ ਵਾਲੇ ਅਜਿਹੇ ਸੱਜਣ ਹਨ ਜਿਨਾਂ ਨੇ ਕਿ ਉਸ ਵਿੱਦਿਆ ਦਾ ਫ਼ਾਇਦਾ ਨਹੀਂ ਉਠਾਇਆ। ਪਿਛੇ ਹੋਇਆ ਸੋ ਹੋਇਆ। ਹੁਣ ਤਾਂ ਖ਼ਾਸ ਕਰ ਕੇ ਲੋੜ ਹੈ ਕਿ ਲੋਕਾਂ ਵਿਚ ਰਾਜਸੀ ਖ਼ਿਆਲਾਂ ਦੇ ਪ੍ਰਚਾਰ ਲਈ ਲਾਇਕ, ਰਾਜਸੀ ਵਿੱਦਿਆ ਤੋਂ ਜਾਣੂੰ, ਅਤੇ ਗੰਭੀਰਤਾ ਅਤੇ ਠੰਡੇ ਦਿਲ ਨਾਲ ਵਿਚਾਰ ਕਰਨ ਵਾਲੇ ਸੱਜਣ ਮੈਦਾਨ ਵਿਚ ਨਿਤਰਨ ਅਤੇ ਡਾਵਾਂ ਡੋਲ ਕੌਮ ਨੂੰ ਸਿਧੇ ਰਸਤੇ ਤੇ ਚਲਾਉਣ ।

ਇਨ੍ਹਾਂ ਗੱਲਾਂ ਨੂੰ ਮੁਖ ਰੱਖ ਕੇ ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਦੇ ਸ਼ਲਾਘਾ ਯੋਗ ਉਦਮ ਨਾਲ ਪੰਥ ਦੇ ਗ੍ਰੈਜੂਏਟਾਂ ਦੀ ਇਕ ਇਕੱਤਰਤਾ ੪ ਜੁਲਾਈ ਨੂੰ ਖਾਲਸਾ ਕਾਲਜ ਦੇ ਬੋਰਡਿੰਗ ਹਾਊਸ ਵਿਚ ਹੋਈ। ਇਤਨੀ ਗਰਮੀ ਦੇ ਹੁੰਦਿਆਂ ਵੀ ਲਾਇਲਪੁਰ, ਗੁਜਰਾਂ ਵਾਲਾ, ਰਾਵਲ ਪਿੰਡੀ, ਲੁਧਿਆਣਾ, ਅੰਬਾਲਾ ਆਦਿਕ ਤੋਂ ਦੂਰੋਂ ਦੂਰੋਂ ਸੱਜਣਾਂ ਨੇ ਦਰਸ਼ਨ ਦਿੱਤੇ ਅਤੇ ਹੋਰ ਕਈ ਉਘੇ ਉਘੇ ਵੀਰਾਂ ਦੇ ਹਮਦਰਦੀ ਦੇ ਪੱਤਰ ਵੀ ਆਏ। ਇਸ ਤੋਂ ਪਤਾ ਲੱਗਦਾ ਹੈ ਸਿਆਣੇ ਵਿਦਯਾਵਾਨ ਇਸ ਲੋੜ ਨੂੰ ਕਿਤਨਾ ਕੁ ਅਨੁਭਵ ਕਰ ਰਹੇ ਹਨ। ਬਾਹਰ ਦੇ ਆਏ ਸੱਜਣਾਂ ਲਈ ਪ੍ਰਸ਼ਾਦ, ਜਲ ਆਦਿਕ ਦਾ ਪ੍ਰਬੰਧ ਬਹੁਤ ਠੀਕ ਸੀ ਅਤੇ ਪ੍ਰੋਫ਼ੈਸਰ ਸਾਹਿਬ ਆਪ ਹੱਥੀਂ ਪੱਖੇ ਆਦਿਕ ਦੀ ਸੇਵਾ ਕਰਦੇ ਸੀ। ਠੀਕ ੧੨ ਵਜੇ ਜੋੜ ਮੇਲ ਸ਼ੁਰੂ ਹੋਇਆ। ਪਹਿਲਾਂ ਸ: ਤਾਰਾ ਸਿੰਘ ਜੀ ਐਮ. ਏ. ਪ੍ਰੋਫ਼ੈਸਰ ਖਾਲਸਾ ਕਾਲਜ ਨੇ ਬਾਹਰੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਇਸ ਇਕੱਤਰਤਾ ਦਾ ਮਨੋਰਥ ਦੱਸਿਆ। ਫੇਰ ਸ: ਨਰੈਣ ਸਿੰਘ ਜੀ ਪਲੀਡਰ ਗੁਜਰਾਂਵਾਲਾ ਵਾਲੇ ਪ੍ਰਧਾਨ ਥਾਪ ਕੇ ਜਲਸੇ ਦੀ ਕਾਰਵਾਈ ਦਾ ਆਰੰਭ ਹੋਇਆ। ਗ੍ਰੈਜੂਏਟ ਐਸੋਸੀਏਸ਼ਨ ਬਣਾਉਣ ਦੇ ਫ਼ੈਸਲੇ ਦੇ ਪਿਛੋਂ ਬਾਵਾ ਹਰਕ੍ਰਿਸ਼ਨ ਸਿੰਘ ਜੀ ਐਮ. ਏ. ਨੇ ਐਸੋਸੀਏਸ਼ਨ ਦੇ ਨਿਯਮਾਂ ਦਾ ਤਿਆਰ ਕੀਤਾ ਹੋਇਆ ਖਰੜਾ ਪੇਸ਼ ਕੀਤਾ। ਵਿਚਾਰ ਹੋ ਕੇ ਫ਼ੈਸਲਾ ਹੋਇਆ ਕਿ ਹਾਲਾਂ ਇਹ ਨਿਯਮ ਇਕ ਸਾਲ ਲਈ ਪੱਕੇ ਸਮਝੇ ਜਾਣ, ਉਸ ਤੋਂ ਪਿਛੋਂ ਫੇਰ ਵਿਚਾਰ ਕਰ ਕੇ ਪਾਸ ਕੀਤੇ ਜਾਣ।

ਇਸ ਤੋਂ ਉਪਰੰਤ ਬਾਵਾ ਜੀ ਨੇ ਇਕ ਗੁਰਮਤਾ ਪਾਸ ਕੀਤਾ ਜਿਸ ਦਾ ਭਾਵ ਇਹ ਹੈ ਕਿ ਸਾਰੇ ਰਾਇ ਦੇਣ ਵਾਲੇ ਸਿੱਖ ਗ੍ਰੈਜੂਏਟਾਂ ਨੂੰ ਰਲ ਕੇ ਕੇਵਲ ਇਕ ਉਮੀਦਵਾਰ ਨੂੰ ਸਾਰੀਆਂ ਰਾਵਾਂ ਦੇਣੀਆਂ ਚਾਹੀਦੀਆਂ ਹਨ। ਵਿਚਾਰ

ਕਾਫੀ ਦੇਰ ਹੁੰਦੀ ਰਹੀ। ਕਈ ਸੱਜਣ ਉਲਟ ਸਨ, ਪਰੰਤੂ ਅੰਤ ਨੂੰ ਬਹੁਤ ਸੰਮਤੀ ਨਾਲ ਗੁਰਮਤਾ ਪਾਸ ਹੋਇਆ। ਫੇਰ ਐਸੋਸੀਏਸ਼ਨ ਦੇ ਸੇਵਕਾਂ ਦੀ ਚੋਣ ਹੋਈ। ਹੇਠ ਲਿਖੇ ਸੱਜਣ ਸੇਵਕ ਚੁਣੇ ਗਏ।

ਪ੍ਰਧਾਨ ਸ੍ਰ: ਨਰੈਣ ਸਿੰਘ ਜੀ ਬੀ. ਏ. ਐਲ. ਐਲ. ਬੀ, ਪਲੀਡਰ ਗੁਜਰਾਂਵਾਲਾ।

ਸਕੱਤਰ ਬਾਵਾ ਹਰਕਿਸ਼ਨ ਸਿੰਘ ਐਮ. ਏ. ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ।

ਪ੍ਰਬੰਧਕ ਕਮੇਟੀ ਦੇ ਮੈਂਬਰ—

ਡਾ: ਜੋਧ ਸਿੰਘ ਜੀ ਐਮ. ਏ. ਗੁ: ਨਾ: ਖਾ: ਕਾਲਜ ਗੁਜਰਾਂਵਾਲਾ।

੨. ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ।

੩. ਸ੍ਰ: ਸੰਤ ਸਿੰਘ ਜੀ ਬੀ. ਏ. ਐਲ. ਐਲ. ਬੀ ਵਕੀਲ ਲਾਇਲਪੁਰ।

੪. ਸ੍ਰ: ਬੇਅੰਤ ਸਿੰਘ ਜੀ ਬੀ. ਏ. ਅਸਿਸਟੈਂਟ ਰਜਿਸਟਰਾਰ ਅੰਮ੍ਰਿਤਸਰ।

੫. ਸ੍ਰ: ਮੰਗਲ ਸਿੰਘ ਜੀ ਬੀ. ਏ. ਐਡੀਟਰ 'ਅਕਾਲੀ' ਲਾਹੌਰ।

ਇਸ ਤੋਂ ਪਿਛੋਂ ਜੋੜ ਮੇਲੇ ਦੀ ਸਮਾਪਤੀ ਹੋਈ।

ਹਰ ਇਕ ਸਿੱਖ ਗ੍ਰੈਜੁਏਟ ਭਾਵੇਂ ਕਿਸੇ ਯੂਨੀਵਰਸਿਟੀ ਦਾ ਹੋਵੇ ਇਸ ਜਥੇ ਦਾ ਮੈਂਬਰ ਬਣ ਸਕਦਾ ਹੈ। ੧) ਦਾਖ਼ਲਾ ਅਤੇ ੧) ਵਾਰਸ਼ਕ ਹੁੰਦਾ ਹੈ। ਕੌਮ ਦੇ ਦਰਦੀਆਂ ਨੂੰ ਛੇਤੀ ਮੈਂਬਰ ਬਣ ਕੇ ਕੌਮੀ ਸੇਵਾ ਵਿਚ ਹੱਥ ਵਟਾਉਣਾ ਚਾਹੀਦਾ ਹੈ।

ਹਰਿਮੰਦਰ ਸਾਹਿਬ

(ਵੱਲੋਂ ਸਰਦਾਰ ਚੰਦਾ ਸਿੰਘ ਜੀ)

ਹਰਿਮੰਦਰ ਸਾਹਿਬ ਜੀ ਦਾ ਬਿਉਹਾਰਕ ਸਬੰਧ, ਇਸ ਹਰਿਮੰਦਰ ਜੀ ਦੇ ਚਾਰੋ ਪਾਸੇ ਦੱਖਣ, ਉਤਰ, ਪੂਰਬ, ਪੱਛਮ ਚਾਰ ਦਰਵਾਜ਼ਿਆਂ ਦੇ ਹੋਣ ਦਾ ਇਹ ਭਾਵ ਹੈ ਕਿ ਇਹ ਗੁਰਬਾਣੀ ਦਾ ਸੱਚਾ ਜਹਾਜ਼ ਸੰਸਾਰ ਸਾਗਰ ਭਉਜਲ ਤੋਂ ਪਾਰ ਹੋਣ ਲਈ ਚੌਹਾਂ ਵਰਨਾਂ ਵਾਸਤੇ ਇਕੋ ਜਿਹਾ ਸਭ ਲਈ ਖੁਲ੍ਹਾ ਹੈ। ਮੁਢ ਤੋਂ ਹਰਿਮੰਦਰ ਜੀ ਸਬੰਧੀ ਇਹੋ ਨੀਤੀ ਭਾਈ ਮਨੀ ਸਿੰਘ ਸ਼ਹੀਦ ਦੇ ਸਮੇਂ ਤੀਕ ਚਲੀ ਆਈ, ਪਰੰਤੂ ਉਨ੍ਹਾਂ ਦੇ ਪਿਛੇ ਹਰਿਮੰਦਰ ਜੀ ਮਸੰਦਾਂ ਦੇ ਹੱਥ ਆ ਗਿਆ ਹੈ। ਹਰਿਮੰਦਰ ਜੀ ਦਾ ਬਿਵਹਾਰਕ ਪ੍ਰਬੰਧ ਭਾਵੇਂ ਇਕ ਨਾਮ ਧਰੀਕ ਸਿੱਖ ਦੇ ਹੱਥ ਦਿੱਤਾ ਜਾਂਦਾ ਹੈ, ਜਿਸ ਨੂੰ ਹਰਿਮੰਦਰ ਜੀ ਦਾ ਪ੍ਰਬੰਧਕ ਬੋਲਦੇ ਹਨ, ਪਰ ਇਹ ਪ੍ਰਬੰਧਕ ਜੀ ਮਹਾਤਮਾ ਤਾਂ ਕੇਵਲ ਇਕ ਸੁਆਰਥੀ ਪੁਤਲੇ ਹੁੰਦੇ ਹਨ, ਜਿਸ ਨੂੰ ਪੁਤਲੀ ਗਰ ਜ਼ਿਲੇ ਦਾ ਹਾਕਮ ਪ੍ਰਬੰਧਕ ਨਚਾਵੇ ਉਸੇ ਤਰ੍ਹਾਂ ਨੱਚਦੇ ਹਨ, ਅਤੇ ਜੋ ਇਸ ਧੁਨ ਦਾ ਰਾਗ ਉਕਤ ਸਾਹਿਬ ਬਹਾਦਰ ਸੁਣਨਾ ਪਸੰਦ ਕਰੇ, ਉਹੀ ਅਵਾਜ਼ ਇਸ ਪੁਤਲੀ ਦੇ ਮੂੰਹੋਂ ਨਿਕਲਦੀ ਹੈ, ਅਤੇ ਇਸ ਪ੍ਰਕਾਰ ਦੀਆਂ ਉਠਕਾਂ ਬੈਠਕਾਂ ਪੜ੍ਹਦੇ-ਪੜ੍ਹਦੇ ਪਿਛੋ, ਤਾਰ ਖਿਚਣ ਵਾਲਾ ਦੇਖਣਾ ਪਸੰਦ ਕਰੋ, ਉਸੇ ਪ੍ਰਕਾਰ ਦੀਆਂ ਊਠਕਾਂ ਬਠੈਕਾਂ ਇਹ ਪੁਤਲੀ ਵੇਖਦੀ ਹੈ। ਜਿਹਾ ਕਿ ਗੁਰੂ ਮਹਾਰਾਜ ਜੀ ਨੇ ਸ਼ਬਦ ਵਿਚ ਦੱਸਿਆ ਹੈ "ਕਾਠ ਕੀ ਪੁਤ੍ਰੀ ਕਿਆ ਕਰੇ ਬਪੁਰੀ ਖਿਲਾਵਨਹਾਰੋ ਜਾਨੇ।" ਆਦਿਕ ਪਰ ਇਸ ਵਿਚਾਰੀ ਪੁਤਲੀ ਨੂੰ ਤਾਂ ਪੰਦਰਾਂ ਪੰਦਰਾਂ ਵੀਹ-ਵੀਹ ਮੁਰਬੇ ਸਰਕਾਰ ਵੱਲੋਂ ਜ਼ਮੀਨ ਮਿਲ ਜਾਂਦੀ ਹੈ ਅਤੇ ਕਦੇ-ਕਦੇ ਆਪਣੇ ਨਾਮ ਦੇ ਨਾਲ ਪਦ ਸੀ ਆਈ. ਸੀ. ਅਥਵਾ, ਐਮ. ਆਈ. ਲਿਖ ਲੈਣ ਦੀ ਆਗਿਆ ਭੀ ਮਿਲ ਜਾਂਦੀ ਹੈ। ਉਕਤ ਲਿਖਤ ਦਾ ਥੋੜਾ ਜਿਹਾ ਨਕਸ਼ਾ ਪ੍ਰਬੰਧਕ ਸਾਹਿਬ ਦੇ ਜੀਵਨ ਦਾ ਲਿਖਿਆ ਗਿਆ ਹੈ, ਹਰਿਮੰਦਰ ਜੀ ਦੇ ਗ੍ਰੰਥੀ ਅਤੇ ਪੁਜਾਰੀਆਂ ਦੇ ਜੀਵਨ ਚਲਿਤਰ ਦਾ ਚਿਤਰ ਅਜਿਹਾ ਡਰਾਉਣਾ ਹੈ ਜੋ ਖੋਲ੍ਹ ਕੇ ਤਾਂ ਅਗੇ ਚਲ ਕੇ ਇਸ ਪੁਸਤਕ ਵਿਚ ਦੱਸਿਆ ਜਾਵੇਗਾ। ਪਰ ਦੇਖਣ ਵਿਚ ਤਾਂ ਇਹ ਸਾਰੇ ਭਾਈ ਸਾਹਿਬ ਦੂਹਰੇ-ਦੂਹਰੇ ਦਸਤਾਰਿਆਂ ਲੰਮੇ-ਲੰਮੇ ਦਾੜ੍ਹਿਆਂ ਵਾਲੇ ਹਨ। ਅਤੇ ਹਰ ਵੇਲੇ ਮੂੰਹੋਂ ਵਾਹਿਗੁਰੂ ਵਾਹਿਗੁਰੂ ਉਚਾਰਦੇ ਹਨ। ਅਤੇ ਹੱਥ ਵਿਚ ਵਰਤਾਉਣ ਲਈ ਕੜਾਹ ਪ੍ਰਸਾਦਿ ਜਾਂ ਫੁਲ ਰੱਖਦੇ ਹਨ। ਪਰ ਅਜਿਹੇ ਭਾਈ ਸਾਹਿਬਾਂ ਦੇ ਅੰਤਸ਼ਕਰਨ ਸਬੰਧੀ ਗੁਰੂ ਨਾਨਕ ਸਾਹਿਬ ਜੀ ਨੇ ਸ਼ਬਦ ਉਚਾਰਿਆ ਹੈ, "ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆਂ। ਮਨਹੁ ਕੁਸੁਧਾਂ ਕਾਲੀਆ ਬਾਹਰ ਚਿਟਵੀਆਂਹ। ਰੀਸਾਂ ਕਰਿਹ ਤਿਨਾਂੜੀਆਂ ਜੋ ਸੇਵਹਿ ਦਰ ਖੜੀਆਂ। ਨਾਲ ਖਸਮੈ ਰਤੀਆਂ ਮਾਣਹਿ ਸੁਖਿ ਰਲੀਆਹ॥ ਹੁੰਦੇ ਤਾਣ ਨਿਤਾਣੀਆਂ ਰਹ ਨਿਮਾਨਣੀ ਆਹ। ਨਾਨਕ ਜਨਮੁ ਸਕਾਰਥਾ ਜੇ ਤਿਨਕੈ ਸੰਗ ਮਿਲਾਹ॥"

ਅਕਾਲੀ ਲਾਹੌਰ, ੧੦ ਜੁਲਾਈ ੧੯੨੦

ਸਿੱਖ ਅਤੇ ਸਾਹਜ਼ਾਦਾ ਬ੍ਰਤਾਨੀਆ ਦਾ ਸਵਾਗਤ

ਸ਼ਾਹਜ਼ਾਦਾ ਬ੍ਰਤਾਨੀਆ ਦੀ ਸਵਾਗਤ ਲਈ ਥਾਓਂ ਥਾਈਂ ਅਫ਼ਸਰਾਂ ਦੇ ਯਤਨ ਨਾਲ ਤਿਆਰਿਆਂ ਹੋ ਰਹੀਆਂ ਹਨ। ਬੰਗਾਲ ਵਿਚ ਰੀਸੈਪਸ਼ਨ ਕਮੇਟੀ ਬਣ ਗਈ ਹੈ ਤੇ ਹੋਰਨਾ ਥਾਵਾਂ ਤੇ ਬਣਾਨ ਦਾ ਯਤਨ ਹੋ ਰਿਹਾ ਹੈ। ਪਰ ਪੰਜਾਬ ਦੇ ਅਤਯਾ- ਚਾਰਾਂ ਅਤੇ ਖ਼ਿਲਾਫ਼ਤ ਦੇ ਸਵਾਲ ਕਰ ਕੇ ਸਾਰੇ ਹਿੰਦੁਸਤਾਨ ਵਿਚ ਸੋਗ ਪਿਆ ਹੋਇਆ ਹੈ। ਅਤੇ 'ਨਾ ਮਿਲਵਰਤਣ' ਦੀਆਂ ਵਿਚਾਰਾਂ ਹੋ ਰਹੀਆਂ ਹਨ। ਸ਼ਾਹਜ਼ਾਦੇ ਦੀ ਸਵਾਗਤ ਸਬੰਧੀ ਤਾਂ ਖ਼ਿਲਾਫ਼ਤ ਕਮੇਟੀ ਦਿੱਲੀ ਨੇ ਗਸ਼ਤੀ ਚਿੱਠੀ ਵੀ ਭੇਜ ਦਿੱਤੀ ਹੈ ਕਿ ਮੁਸਲਮਾਨ ਰੈਜ਼ੂਲੇਸ਼ਨ ਪਾਸ ਕਰ ਕੇ ਭੇਜਣ ਕਿ ਸ਼ਾਹਜ਼ਾਦਾ ਹਿੰਦੁਸਤਾਨ ਵਿਚ ਹਾਲੀਂ ਨਾ ਆਵੇ ਅਤੇ ਜੇ ਆਵੇ ਤਾਂ ਸਵਾਗਤ ਨਾ ਕੀਤਾ ਜਾਵੇ।

ਸਿੱਖ ਵੀ ਹਿੰਦੁਸਤਾਨੀ ਹਨ ਅਤੇ ਪੰਜਾਬ ਇਨ੍ਹਾਂ ਦੀ ਜਨਮ ਭੂਮੀ ਹੈ ਜਿਥੇ ਅਫ਼ਸਰਾਂ ਨੇ ਅਨਰਥ ਕੀਤੇ ਹਨ ਤੇ ਸੁੱਕੇ ਬਚ ਗਏ ਹਨ।

ਇਸ ਤੋਂ ਬਿਨਾਂ ਖਾਲਸਾ ਕਾਲਜ ਅਤੇ ਦਰਬਾਰ ਸਾਹਿਬ ਵਿਚ ਸਰਕਾਰੀ ਦਖ਼ਲ ਕਰ ਕੇ ਸਾਰੇ ਸਿੱਖ ਤੜਫ ਰਹੇ ਹਨ ਤੇ ਦਰਾਂ ਦੇ ਕੀਰਨੇ ਪਾ ਰਹੇ ਹਨ ਕਿ ਖਾਲਸਾ ਕਾਲਜ ਤੇ ਦਰਬਾਰ ਸਾਹਿਬ ਸਿੱਖ ਪੰਥ ਦੇ ਸਪੁਰਦ ਕੀਤਾ ਜਾਵੇ ਪਰ ਸਰਕਾਰ ਨੂੰ ਕੱਖ ਨਹੀਂ ਪੋਹਿਆ।

ਅਨੇਕਾਂ ਨਵੇਂ ਤੇ ਪੁਰਾਣੇ ਰਾਜਸੀ ਕੈਦੀ ਤੇ ਨਜ਼ਰਬੰਦ ਛਡੇ ਹਏ ਹਨ ਪਰ ਸਾਡੇ ਕਈ ਭਰਾ ਹਾਲਾਂ ਤਕ ਜੇਲ੍ਹਾਂ ਵਿਚ ਸੜ ਰਹੇ ਹਨ ਜਾਂ ਪ੍ਰਦੇਸਾਂ ਵਿਚ ਧੱਕੇ ਖਾ ਰਹੇ ਹਨ ਜਾਂ ਥਾਓਂ ਥਾਈਂ ਨਜ਼ਰਬੰਦ ਹੋਏ ਹਨ। ਇਸ ਹਾਲਤ ਵਿਚ ਕੀ ਸਿੱਖ ਚੁਪ ਹੀ ਕੀਤੇ ਰਹਿਣਗੇ ? ਕੀ ਸਿੱਖ ਲੀਗ ਵਿਚਾਰ ਕਰੇਗੀ ਕਿ ਸਿੱਖਾਂ ਨੂੰ ਇਸ ਵੇਲੇ ਕੀ ਵਤੀਰਾ ਵਰਤਣਾ ਚਾਹੀਦਾ ਹੈ ? ਸਾਡੀ ਜਾਚੇ ਇਹ ਅਤੀ ਜ਼ਰੂਰੀ ਸਵਾਲ ਹੈ ਅਤੇ ਸਿੱਖ ਲੀਗ ਨੂੰ ਬਹੁਤ ਛੇਤੀ ਜਨਰਲ ਕਮੇਟੀ ਕਰ ਕੇ ਵਿਚਾਰ ਕਰਨੀ ਚਾਹੀਦੀ ਹੈ।

ਅਕਾਲੀ ਲਾਹੌਰ, ੧੨ ਜੁਲਾਈ ੧੯੨੦

ਖ਼ੁਫ਼ੀਆ ਪੁਲਿਸ ਅਤੇ ਮੈਂ !

(ਵੱਲੋਂ ਸ੍ਰ: ਹਰਚੰਦ ਸਿੰਘ ਜੀ ਰਈਸ ਲਾਇਲਪੁਰ)

ਪੰਜਾਬ ਸਰਕਾਰ ਦੇ ਧਿਆਨ ਯੋਗ। ੧੯੧੪ ਦੇ ਅੱਧ ਤੋਂ ਅੱਜ ਤਕ ਖ਼ੁਫ਼ੀਆ ਪੁਲਿਸ ਮੇਰੀ ਨਿਗਰਾਨੀ ਕਰਦੀ ਰਹਿੰਦੀ ਹੈ। ਜਿਸ ਜਗਾ ਮੈਂ ਜਾਂਦਾ ਹਾਂ ਖ਼ੁਫ਼ੀਆ ਪੁਲਿਸ ਦਾ ਕੋਈ ਨਾ ਕੋਈ ਆਦਮੀ, ਕਿਸੇ ਨਾ ਕਿਸੇ ਰੂਪ ਵਿਚ, ਮੇਰੇ ਨਾਲ ਰਹਿੰਦਾ ਹੈ।

ਪਹਿਲਾਂ-ਪਹਿਲਾਂ ਤਾਂ ਮੈਨੂੰ ਇਹ ਜ਼ਰਾ ਅਨਭਾਉਂਦੀ ਮਲੂਮ ਹੁੰਦੀ ਸੀ ਪਰ ਹੁਣ ਮੈਨੂੰ ਇਸ ਦੀ ਆਦਤ ਪੈ ਗਈ ਹੈ। ਪਰ ਜਿਸ ਭਲੇਮਾਨਸ ਦੇ ਘਰ ਮੈਂ ਪਰਾਹੁਣਾ ਜਾਂਦਾ ਹਾਂ ਉਸ ਨੂੰ ਬਹੁਤ ਹੀ ਬੁਰਾ ਮਾਲੂਮ ਹੁੰਦਾ ਹੈ। ਅਤੇ ਸਰਕਾਰ ਦੇ ਇਸ ਕੰਮ ਦਾ ਘਰਵਾਲੇ ਤੇ ਕੋਈ ਚੰਗਾ ਅਸਰ ਨਹੀਂ ਪੈਂਦਾ। ਸਗੋਂ ਉਸ ਦੇ ਦਿਲ ਵਿਚ ਸਰਕਾਰ ਤੇ ਬਦਗੁਮਾਨੀ ਜਿਹੀ ਪੈਦਾ ਹੋ ਜਾਂਦੀ ਹੈ। ਖ਼ਾਸ ਕਰ ਕੇ ਜਦ ਮੈਂ ਆਪਣੇ ਕਿਸੇ ਮਿਤਰ ਜਾ ਰਿਸ਼ਤੇਦਾਰ ਨੂੰ ਇਕ ਦੱਸਦਾ ਹਾਂ ਕਿ ਮੇਰੇ ਨਾਲ ਇਹ ਸਲੂਕ ਸਿਰਫ਼ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਰੌਲੇ ਵਿਚ ਹਿੱਸਾ ਲੈਣ ਦਾ ਨਤੀਜਾ ਹੈ।

ਮੈਂ ਇਸ ਗੱਲ ਤੇ ਬਹੁਤ ਖੁਸ਼ ਹਾਂ ਕਿ ਜਿੰਨੇ ਖ਼ੁਫ਼ੀਆ ਪੁਲਿਸਾਂ ਦੇ ਆਦਮੀ ਮੇਰੀ ਨਿਗਰਾਨੀ ਲਈ ਅੱਜ ਤਕ ਥਾਪੇ ਗਏ ਹਨ, ਉਨ੍ਹਾਂ ਦਾ ਸਲੂਕ ਸਿਵਾ ਇਕ ਦੋਹ ਤੋਂ ਮੇਰੇ ਨਾਲ ਮਾੜਾ ਨਹੀਂ ਰਿਹਾ। ਇਸ ਦੀ ਵਜ੍ਹਾ ਬਹੁਤ ਕਰ ਕੇ ਉਨ੍ਹਾਂ ਦੀ ਮੇਹਰਬਾਨੀ ਨਹੀਂ ਹੈ ਸਗੋਂ ਇਹ ਮੇਰੀ ਸਚਾਈ ਅਤੇ ਭਲਮਾਨਸੀ ਦਾ ਨਤੀਜਾ ਹੈ। ਕਿਉਂਕਿ ਮੈਂ ਉਨ੍ਹਾਂ ਨੂੰ ਆਪਣੇ ਜਾਨ ਦੀ ਕਦੇ ਗ਼ਲਤ ਜਾ ਹੇਰ ਫੇਰ ਕਰ ਕੇ ਖ਼ਬਰ ਨਹੀਂ ਦਿੱਤੀ। ਸਾਫ਼-ਸਾਫ਼ ਦੱਸ ਦੇਂਦਾ ਹਾਂ ਅਤੇ ਇਸ ਤੇ ਖੁਸ਼ ਹੋ ਜਾਂਦੇ ਹਨ।

ਮੈਨੂੰ ਤਾਂ ਇਸ ਦੀ ਕੋਈ ਐਡੀ ਤਕਲੀਫ਼ ਨਹੀਂ ਹੈ। ਪਰ ਮੇਰੇ ਸਾਕਾਂ ਸੱਜਣਾਂ ਨੂੰ ਇਸ ਦੀ ਸਖ਼ਤ ਤਕਲੀਫ਼

ਹੁੰਦੀ ਹੈ ਕਿਉਂਕਿ ਮੇਰੀ ਕੋਠੀ ਆਵਨ ਜਾਣ ਵਾਲੇ ਸੱਜਣਾਂ ਨੂੰ ਕਈ ਵਾਰੀ ਅਜਿਹੇ ਰੁਖੇ ਅਤੇ ਸਖ਼ਤ ਤਰੀਕੇ ਨਾਲ ਪੁੱਛ-ਗਿਛ ਕੀਤੀ ਜਾਂਦੀ ਹੈ ਕਿ ਉਹ ਘਬਰਾ ਜਾਂਦੇ ਹਨ ਅਤੇ ਉਨ੍ਹਾਂ ਨੂੰ ਇਹ ਗੱਲ ਬਹੁਤ ਹੀ ਬੁਰੀ ਲੱਗਦੀ ਹੈ। ਮੈਂ ਉਨ੍ਹਾਂ ਸੱਜਣਾਂ ਨੂੰ ਬਹੁਤ ਸਮਝਾਉਂਦਾ ਹਾਂ ਕਿ ਉਨ੍ਹਾਂ ਨਾਲ ਤਾਂ ਇਹ ਅੱਜ ਹੋਈ ਹੈ। ਪਰ ਮੇਰੇ ਨਾਲ ਰੋਜ਼ ਹੀ ਇਹੋ ਜਿਹੀ ਹੁੰਦੀ ਹੀ ਰਹਿੰਦੀ ਹੈ।"

ਭਾਵੇਂ ਮੈਂ ਕਿੰਨਾ ਹੀ ਉਨ੍ਹਾਂ ਨੂੰ ਸਮਝਾਵਾਂ ਅਤੇ ਤਸੱਲੀ ਦਿਆਂ ਕਿ ਇਹ ਮਾਮੂਲੀ ਗੱਲ ਹੈ। ਪਰ ਉਨ੍ਹਾਂ ਦੇ ਦਿਲ ਤੇ ਇਸ ਬੇਵਜ੍ਹਾ ਤੰਗੀ ਤੋਂ ਹਾਕਮਾਂ ਬਾਬਤ ਬੁਰਾ ਖ਼ਿਆਲ ਬੈਠ ਜਾਂਦਾ ਹੈ ਅਤੇ ਉਨ੍ਹਾਂ ਦੇ ਮੂੰਹ ਤੋਂ ਕਈ ਵਾਰੀ ਸਾਫ਼ ਨਿਕਲ ਜਾਂਦਾ ਹੈ ਕਿ ਇਹ ਸਮਾਂ ਵੀ ਆਉਣਾ ਸੀ ਕਿ ਭਲੇਮਾਨਸਾਂ ਨੂੰ ਧਾਰਮਿਕ ਕੰਮਾਂ ਲਈ ਪੁਲਿਸ ਦੀ ਪੁੱਛ ਗਿੱਛ ਵਿਚ ਰਹਿਣਾ ਪੈਣਾ ਸੀ" ਸੁਰਗਵਾਸੀ ਮਲਕਾ ਵਿਕਟੋਰੀਆਂ ਦੇ ਦਿਨਾਂ ਤੋਂ ਲੈ ਕੇ ਸਾਡੇ ਪਾਤਸ਼ਾਹ ਆਪਣੇ ਸ਼ਾਹੀ ਐਲਾਨਾਂ ਵਿਚ ਇਹ ਹੀ ਕਹਿੰਦੇ ਆਉਂਦੇ ਹਨ ਕਿ ਉਹ ਆਪਣੀ ਹਿੰਦੀ ਪਰਜਾ ਦੇ ਧਰਮ ਵਿਚ ਕਿਸੇ ਤਰ੍ਹਾਂ ਵੀ ਦਖ਼ਲ ਨਹੀਂ ਦੇਣਗੇ। ਪਰ ਇਹ ਸਿਰਫ ਆਖਣ ਲਈ ਹੀ ਹੈ। ਵਰਤਣ ਲਈ ਨਹੀਂ ਹੈ। ਮੈਂ ੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਦੀਵਾਰ ਬਾਬਤ ਸਿੱਖਾਂ ਦੀ ਅਵਾਜ਼ ਨੂੰ ਬੜੇ ਅਣਖ ਨਾਲ ਕਾਨੂੰਨ ਦੀ ਹਦ ਵਿਚ ਰਹਿ ਕੇ ਬਕਾਇਦਾ ਸਰਕਾਰ ਦੇ ਕੰਨਾਂ ਤਕ ਪਹੁੰਚਾਇਆ ਸੀ ਕਿ ਗੁਰਦੁਆਰੇ ਦੀ ਕੰਧ ਨਾ ਗਿਰਾਈ ਜਾਵੇ ਅਤੇ ਉਸ ਵਿਚ ਸਰਕਾਰ ਕਿਸੇ ਤਰ੍ਹਾਂ ਦੀ ਤਬਦੀਲੀ ਨਾ ਕਰੇ। ਸੜਕਾਂ ਅਤੇ ਨਲਕੇ ਗੁਰਦੁਆਰੇ ਦੀ ਫਸ਼ੀਲ ਤੋਂ ਬਾਹਰ-ਬਾਹਰ ਹੀ ਲੰਘਾਏ ਜਾਣ ਅਤੇ ਯਾਤਰੀਆਂ ਨੂੰ ਦਿਨ ਰਾਤ ਬਰਾਬਰ ਆਉਣ ਜਾਉਣ ਦੀ ਪਹਿਲੇ ਵਾਂਗ ਖੁਲ੍ਹ ਰਹੇ।

ਮੇਰੀ ਇਸ ਜਾਇਜ਼ ਮੰਗ ਨੂੰ ਪੂਤਾ ਨਹੀਂ ਅਫ਼ਸਰਾਂ ਨੇ ਕੀ ਸਮਝਿਆ ਕਿ ਮੇਰੇ ਅਖ਼ਬਾਰ 'ਖਾਲਸਾ ਅਖ਼ਬਾਰ' ਦੀ ਇਕ ਹਜ਼ਾਰ ਰੁਪੈ ਦੀ ਜ਼ਮਾਨਤ ਜ਼ਬਤ ਕਰ ਲਈ ਅਤੇ ਮੇਰੀ ਨਿਗਰਾਨੀ ਲਈ ਖੁਫ਼ੀਆ ਪੁਲਿਸ ਥਾਪੀ ਗਈ। ਅਤੇ ਹਾਕਮਾਂ ਦਾ ਮੇਰੇ ਨਾਲ ਇਹ ਸਕੂਲ ਸ਼ਾਹੀ ਐਲਾਨ ਦੇ ਅਸਲੋਂ ਹੀ ਵਿਰੁਧ ਸੀ। ਇਸ ਤੋਂ ਸਿਵਾ ਸਰਕਾਰ ਨੇ ਇਸ ਮੰਗ ਨੂੰ ਜਾਇਜ਼ ਜਾਣ ਕੇ ਨਲਕੇ ਸੜਕਾਂ ਗੁਰਦੁਆਰੇ ਤੋਂ ਪਰੇ ਹਟਾ ਲਈਆਂ। ਕੰਧ ਨੂੰ ਢਾਉਣਾ ਬੰਦ ਕਰ ਦਿੱਤਾ ਅਤੇ ਯਾਤਰੀਆਂ ਨੂੰ ਗੁਰਦੁਆਰੇ ਵਿਚ ਆਉਣ ਜਾਣ ਦੀ ਕੋਈ ਰੋਕ ਨਾ ਲਗਾਈ। ਅਸਚਰਜ ਹੈ ਕਿ ਇਨ੍ਹਾਂ ਮੰਗਾਂ ਨੂੰ ਜਾਇਜ਼ ਸਮਝਦੇ ਅਤੇ ਪੂਰਾ ਕਰਦਿਆਂ ਹੋਇਆ ਵੀ ਮੇਰੇ ਤੇ ਅੱਜ ਤਕ ਉਸੇ ਤਰ੍ਹਾਂ ਹੀ ਪੁਲਿਸ ਦੀ ਨਿਗਰਾਨੀ ਹੈ ਅਤੇ ਵਾਹਿਗੁਰੂ ਜਾਣੇ ਇਹ ਨਿਗਰਾਨੀ ਕਦ ਤਕ ਜਾਰੀ ਰਹੇਗੀ।

ਜਿੱਥੇ ਮੇਰੇ ਕਈ ਭਰਾ ਅਨਹੋਣੀਆਂ ਊਜਾਂ ਕਰ ਕੇ ਸੜ ਰਹੇ ਹਨ ਉੱਥੇ ਮੇਰੇ ਲਈ ਇਸ ਮਾਮੂਲੀ ਦੁੱਖ ਦਾ ਪ੍ਰਗਟ ਕਰਨਾ ਭੀ ਚੰਗਾ ਨਹੀਂ ਲੱਗਦਾ ਅਤੇ ਨਾ ਹੀ ਮੈਂ ਇਸ ਨੂੰ ਪ੍ਰਗਟ ਕਰਦਾ ਹਾਂ। ਪਰ ਇਹ ਲੇਖ ਸਿਰਫ਼ ਇਸ ਲਈ ਲਿਖਣਾ ਪਿਆ ਹੈ ਕਿ ਅੱਜ-ਕਲ੍ਹ ਹਿੰਦੁਸਤਾਨ ਦੇ ਪੁਰਾਣੇ ਰਾਜਿਆਂ ਦਾ ਸਮਾਂ ਨਹੀਂ ਹੈ, ਜਦ ਮੰਗਣ ਤੋਂ ਬਿਨਾਂ ਹੀ ਹਰ ਇਕ ਨੂੰ ਆਪਣਾ ਆਪਣਾ ਹੱਕ ਮਿਲ ਜਾਂਦਾ ਸੀ। ਹੁਣ ਤਾਂ ਨਿਆਂ ਲੈਣ ਲਈ ਆਪ ਉੱਦਮ ਅਤੇ ਕੋਸ਼ਿਸ਼ ਕਰਨੀ ਪੈਂਦੀ ਹੈ। ਇਸ ਲਈ ਮੈਂ ਸਰਕਾਰ ਪੰਜਾਬ ਦਾ ਧਿਆਨ ਆਪਣੀ ਇਸ ਤਕਲੀਫ ਵੱਲ ਦੁਆਉਂਦਾ ਹਾਂ।

ਮੈਂ ਇਸ ਨਿੱਕੀ ਜਿਹੀ ਹੱਲ ਲਈ ਰਹਿਮ ਨਹੀਂ ਚਾਹੁੰਦਾ, ਨਿਆਂ ਮੰਗਦਾਂ ਹਾਂ। ਅਤੇ ਤਰਲੇ ਨਹੀਂ ਕੱਢਦਾ ਸਗੋਂ ਜ਼ੋਰ ਨਾਲ ਆਖਦਾ ਹਾਂ ਕਿ ਅਫ਼ਸਰਾਂ ਦੇ ਅਜਿਹੇ ਬੇਅਸੂਲੇ ਕੰਮ ਨਾਲ ਲੋਕਾਂ ਦੇ ਦਿਲਾਂ ਵਿਚ ਸਰਕਾਰ ਦੀ ਕੋਈ ਵਡਿਆਈ ਨਹੀਂ ਬੈਠਦੀ ਸਗੋਂ ਨਰਾਜ਼ਗੀ ਪੈਦਾ ਹੋ ਜਾਂਦੀ ਹੈ। ਕਿਉਂਕਿ ਸਰਕਾਰ ਦਾ ਲੋਕਾਂ ਦੇ ਧਾਰਮਿਕ ਕੰਮਾਂ ਵਿਚ ਦਖ਼ਲ ਦੇਣਾ ਨਿਆਂ ਅਤੇ ਬਾਦਸ਼ਾਹੀ ਐਲਾਨ ਦੇ ਉਲਟ ਹੈ।

ਅਕਾਲੀ ਲਾਹੌਰ, ੧੪ ਜੁਲਾਈ ੧੯੨੦

ਪੰਜਾਬ ਕੌਂਸਲ ਦੇ ਸਿੱਖ ਉਮੀਦਵਾਰ।

ਇਸ ਵੇਲੇ ਤਕ ਪੰਜਾਬ ਕੌਂਸਲ ਦੀ ਮੈਂਬਰੀ ਵਾਸਤੇ ਹਰ ਇਕ ਹਲਕੇ ਵਿੱਚੋਂ ਕਈ ਉਮੀਦਵਾਰ ਖੜ੍ਹੇ ਹੋ ਰਹੇ ਹਨ ਅਤੇ ਕਈ ਹੋਰ ਹੋਣਗੇ। ਬਹੁਤ ਸਾਰੇ ਉਮੀਦਵਾਰ ਆਪਣੀ ਕਾਮਯਾਬੀ ਵਾਸਤੇ ਲੋਕਾਂ ਪਾਸੋਂ ਆਪਣੀ ਤਾਰੀਫ਼

ਅਤੇ ਦੂਜਿਆਂ ਦੀ ਨਿੰਦਿਆਂ ਦੇ ਇਸ਼ਤਿਹਾਰ ਛਾਪ-ਛਾਪ ਕੇ ਵੰਡ ਰਹੇ ਹਨ ਤੇ ਚਿੱਠੀਆਂ ਅਖ਼ਬਾਰਾਂ ਨੂੰ ਭੇਜ ਰਜੇ ਹਨ। ਪਰ ਇਹ ਵਤੀਰਾ ਚੰਗਾ ਨਹੀਂ ਹੈ।

ਸਭ ਤੋਂ ਜ਼ਰੂਰੀ

ਗੱਲ ਇਹ ਹੈ ਕਿ ਉਮੀਦਵਾਰ ਸੱਜਣ ਜੇ ਕੌਂਸਲ ਵਿਚ ਕਾਮਯਾਬ ਹੋ ਗਏ ਤਾਂ ਉਹ ਕੀ-ਕੀ ਕੰਮ ਕਰਨਗੇ ? ਤਾਂ ਜੋ ਕੌਮ ਨੂੰ ਵੀ ਕੁਝ ਪਤਾ ਲੱਗੇ ਕਿ ਉਸ ਦੀ ਸੱਚੀ ਸੇਵਾ ਕਰਨ ਦੇ ਯੋਗ ਹੈ। ਜਿਹੜੇ ਸੱਜਣ ਆਪਣੇ ਮੁਖਾਰਬਿੰਦ ਤੋਂ ਹੁਣੇ ਹੀ ਕੁਝ ਨਹੀਂ ਉਚਰਦੇ ਕਿ ਸਾਰੇ ਸਿੱਖ ਰਾਜਸੀ ਕੈਦੀਆਂ ਨੂੰ ਛੁਡਾਏ ਬਿਨਾਂ ਉਨ੍ਹਾਂ ਨੂੰ ਸੁਖ ਦੀ ਨੀਂਦ ਨਹੀਂ ਪਵੇਗੀ। ਦਰਬਾਰ ਸਾਹਿਬ ਤੇ ਖਾਲਸਾ ਕਾਲਜ ਪੰਥ ਦੇ ਪ੍ਰਬੰਧ ਵਿਚ ਕਰਾਏ ਬਿਨਾਂ ਉਹ ਚੈਨ ਨਹੀਂ ਲੈਣਗੇ। ਖ਼ਿਤਾਬਾਂ, ਜਗੀਰਾਂ ਅਤੇ ਮੁਰੱਬੇ ਲੈਣ ਦਾ ਨਾਮ ਨਾ ਲੈਣਗੇ ਆਦਿਕ। ਉਨ੍ਹਾਂ ਉਥੇ ਜਾਕੇ ਕੀ ਕਰਨਾ ਹੈ।

ਇਸ ਲਈ ਉਮੀਦਵਾਰ ਭਰਾ ਦੂਜਿਆਂ ਦੇ ਵਿਰੁੱਧ ਕੁਝ ਲਿਖਾਣ ਦੀ ਥਾਂ ਆਪਣਾ ਪ੍ਰੋਗਰਾਮ ਪ੍ਰਗਟ ਕਰਨ।

ਕੀ ਦਰਬਾਰ ਸਾਹਿਬ ਧਰਮ ਅਸਥਾਨ ਹੈ ?

ਵਾਹਵਾ ਲੌਂ ਜੀ! ਅੱਜ ਤਾਂ ਤੇਰੇ ਦਰਬਾਰ ਦੀ ਇਹੋ ਜਿਹੀ ਹਾਲਤ ਹੈ ਕਿ ਜਿਸ ਨੂੰ ਦੇਖ ਕੇ ਅੱਖਾਂ ਤੋਂ ਹੰਝੂ ਕਿਰ ਰਹੇ ਹਨ, ਜਿੱਥੇ ਲੱਖਾਂ ਦੀ ਗਿਣਤੀ ਵਿਚ ਸਿੱਖ ਸ਼ਹੀਦ ਹੋਏ ਹਨ, ਅੱਜ ਸੈਰਗਾਹ ਅਤੇ ਮੀਨਾ ਬਜ਼ਾਰ ਬਣ ਰਿਹਾ ਹੈ। ਥਾਂ-ਥਾਂ ਤੇ ਛਾਬੜੀਆਂ ਲੱਗੀਆਂ ਹੋਈਆਂ ਹਨ, ਅਤੇ ਛਾਬੜੀਆਂ ਕੋਲ ਬੜਾ ਭਾਰੀ ਇਕੱਠ ਹੁੰਦਾ ਹੈ। ਜੂਠ ਇਤਨੀ ਖਿਲਰਦੀ ਹੈ ਕਿ ਜਿਸ ਦਾ ਕੋਈ ਅੰਤ ਨਹੀਂ ਅਤੇ ਰੌਲਾ ਰੱਪਾ ਵੀ ਬੜਾ ਹੁੰਦਾ ਹੈ ਅਤੇ ਉਥੋਂ ੪ ਜਾਂ ੫ ਕਦਮ ਤੇ ਕੀਰਤਨ ਹੁੰਦਾ ਹੈ। ਕੀਰਤਨ ਵਿਚ ਬੈਠੇ ਸੱਜਣਾਂ ਨੂੰ ਕੁਝ ਸੁਣਾਈ ਨਹੀਂ ਦੇਂਦਾ, ਭਗਤੀ ਅਤੇ ਪ੍ਰੇਮ ਦਾ ਦਿਨ-ਬ-ਦਿਨ ਘਾਟਾ ਨਜ਼ਰ ਆਉਂਦਾ ਹੈ। ਆਰੀਆਂ ਦਾ ਕੋਈ ਵੀ ਇਤਨਾ ਚੰਗਾ ਅਸਥਾਨ ਨਹੀਂ ਜਿਥੇ ਪ੍ਰਚਾਰ ਕਰ ਸਕਣ। ਪਰ ਆਰੀਆਂ ਸਮਾਜ ਦੇ ਮੁਕਾਬਲੇ ਤੇ ਸਿੱਖ ਕੌਮ ਅੱਜ ਨਿਘਰਦੀ ਨਜ਼ਰ ਆਉਂਦੀ ਹੈ। ਥਾਂ-ਥਾ ਉਪਰ ਬਦਕਾਰ ਇਸਤਰੀਆਂ ਦੇ ਅੱਡੇ ਬਣੇ ਹੋਏ ਹਨ। ਭਲੇਮਾਨਸ ਆਦਮੀ ਨੂੰ ਤਾਂ ਪਾਠ ਪੂਜਾ ਕਰਨੀ ਕਿਤੇ ਰਹੀ ਅੱਜ ਦਰਸ਼ਨ ਕਰਨੋਂ ਵੀ ਜਵਾਬ ਮਿਲਦਾ ਹੈ। ਜੇ ਕੋਈ ਪਰਦੇਸੀ ਸੱਜਣ ਭੁਲਿਆ ਹੋਇਆ ਦਰਸ਼ਨ ਨੂੰ ਆ ਜਾਵੇ ਤਾਂ ਉਸ ਦਾ ਦਿਲ ਬੜੀ ਛੇਤੀ ਹੀ ਨਿਰਾਜ਼ਗੀ ਦਾ ਘਰ ਕਰ ਲੈਂਦਾ ਹੈ। ਪਰਕਰਮਾਂ ਵਿਚ ਕੀਰਤਨ ਕਰਨਾ ਅਤੇ ਉਪਦੇਸ਼ ਕਰਨਾ ਕਠਨ ਹੋ ਗਿਆ ਹੈ। ਬ੍ਰਹਾਮਣਾਂ ਦੀਆਂ ਪਾਰਟੀਆਂ ਜਗਾਂ-ਜਗਾਂ ਪੁਰ ਕਥਾ ਕਰ ਰਹੀਆਂ ਹਨ। ਕਿਤੇ ਕਈ ਤਾਂ ਤਸਵੀਰਾਂ ਨੂੰ ਅੱਗੇ ਰੱਖ ਕੇ ਢੋਲਕੀ ਵਜਾਉਂਦੇ ਆਦਮੀਆਂ ਨੂੰ ਇਕੱਠੇ ਕਰ ਕੇ ਪੈਸੇ ਮੰਗਣ ਦਾ ਢੰਗ ਖਲੇਰਦੇ ਹਨ, ਤੇ ਜੇ ਕੋਈ ਸਿੱਖ ਜਥਾ ਕੀਰਤਨ ਕਰਨ ਨੂੰ ਜਾ ਬੈਠੇ ਤਾਂ ਦੂਜੇ ਦਿਨ ਜਾ ਪੁੱਛ ਹੁੰਦੀ ਹੈ। ਕੀ ਇਹ ਦਰਬਾਰ ਸਾਹਿਬ ਕੀਰਤਨ ਕਰਨ ਨੂੰ ਨਹੀਂ ਤਾਂ ਬੁਤ ਪੂਜਣ ਦੀ ਜਗ੍ਹਾ ਹੈ ? ਜੋਤਸ਼ੀ ਪਹਿਲੇ ਇਕ ਜਾਂ ਦੋ ਹੁੰਦੇ ਸਨ। ਹੁਣ ਸਾਰੀ ਪ੍ਰਕਰਮਾਂ ਹੀ ਬਦਮਾਸ਼ ਅਤੇ ਲੁਟੇਰੇ ਜੋਤਸ਼ੀਆਂ ਨਾਲ ਭਰੀ ਹੋਈ ਹੈ। ਜੋ ਸਾਰਾ ਦਿਨ ਗਾਲਮੰਦਾ ਹੁੰਦੇ ਰਹਿੰਦੇ ਹਨ। ਇਹ ਸਾਰਾ ਕਸੂਰ ਸਰਬਰਾਹ ਦਾ ਹੈ, ਜਿਸ ਨੇ ਕੋਈ ਵੀ ਇੰਤਜ਼ਾਮ ਨਹੀਂ ਕੀਤਾ। ਜ਼ਰੂਰੀ ਹੈ ਕਿ ਇਨ੍ਹਾਂ ਬ੍ਰਾਹਮਣਾਂ ਦਾ, ਜੋ ਤਸਵੀਰਾਂ ਰੱਖ ਕੇ ਬੁਤ ਪੂਜਦੇ ਹਨ, ਜਾਂ ਜਿਹੜੇ ਜੋਤਸ਼ ਲਾਉਣ ਵਾਸਤੇ ਬੈਠੇ ਹਨ, ਇਨ੍ਹਾਂ ਦਾ ਕੋਈ ਬੰਦੋਬਸਤ ਹੋਵੇ। ਨਹੀਂ ਤਾਂ ਦਰਬਾਰ ਸਾਹਿਬ ਪੁਰ ਲੋਕਾਂ ਦਾ ਬਿਲਕੁਲ ਹੀ ਨਿਸਚਾ ਟੁਟ ਜਾਵੇਗਾ। ਇਹ ਲੋਕ ਦਰਬਾਰ ਸਾਹਿਬ ਨੂੰ ਬਦਨਾਮ ਕਰਨ ਦੇ ਯਤਨ ਵਿਚ ਹਨ। ਇਸ ਲਈ ਕੌਮ ਦੇ ਸੱਚੇ ਲੀਡਰਾਂ ਨੂੰ ਚਾਹੀਦਾ ਹੈ ਕਿ ਇਨ੍ਹਾ ਦਾ ਕੋਈ ਉਪਾ ਕਰਨ।

ਦਾਸ ਕੇਸਰ ਸਿੰਘ, ਸਕੱਤਰ
ਸੰਗਤ ਕਟੜਾ ਘਨੱਯਾ ਅੰਮ੍ਰਿਤਸਰ।

ਅਕਾਲੀ ਲਾਹੌਰ, ੧੫ ਜੁਲਾਈ ੧੯੨੦

ਦਰਬਾਰ ਸਾਹਿਬ ਅੰਮ੍ਰਿਤਸਰ ਜੀ।

ਭਾਈ ਬੂਟਾ ਸਿੰਘ ਜੀ ਲਿਖਦੇ ਹਨ ਕਿ ੨੪ ਜੂਨ ਨੂੰ ਮੈਂ ਦਰਬਾਰ ਦਰਸ਼ਨ ਕਰਨ ਗਿਆ ਤੇ ਵੇਖਿਆ ਕਿ

ਇਕ ਮਜ਼ਹਬੀ ਸਿੰਘ ੨ ਦਾ ਕੜਾਹ ਪ੍ਰਸਾਦ ਇਕ ਹਲਵਾਈ ਦੇ ਲੜਕੇ ਨੂੰ ਚੁਕਾਈ ਦਰਸ਼ਨੀ ਡਉੜ੍ਹੀ ਤੇ ਖੜ੍ਹਾ ਸੀ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਉਸ ਨੇ ਆਖਿਆ ਕੜਾਹ ਪ੍ਰਸ਼ਾਦ ਹੀ ਅੰਦਰ ਲੈ ਜਾਵੇ। ਇਹ ਗੱਲ ਵੀ ਨਹੀਂ ਮੰਨੀ ਗਈ ਤਾਂ ਉਸ ਪਾਸੋਂ ੧) ਅਰਦਾਸ ਲੈ ਕੇ ਦਰੋਗੇ ਹੋਰੀਂ ਤਿੜ੍ਹ ਹੋ ਗਏ। ਕੀ ਸਰਬਰਾਹ ਸਾਹਿਬ ਇਸ ਗੱਲ ਦਾ ਨੋਟਿਸ ਲੈਣਗੇ? ਜਦ ਸਰਕਾਰ ਨੂੰ ਜਾ ਕੇ ਸਿੱਖ ਦੀ ਤਾਰੀਫ਼ ਦੱਸਦੇ ਹਨ ਜੋ ਕਿ ਜਿਹੜਾ ਸਹੁੰ ਚੁਕ ਕੇ ਆਖੇ ਮੈਂ ਸਿੱਖ ਹਾਂ ਉਹ ਸਿੱਖ ਹੈ ਤਾਂ ਇਹ ਮਜ਼ਹਬੀ ਸਿੰਘ ਕੇਸਾਧਾਰੀ ਤੇ ਅੰਮ੍ਰਿਤਧਾਰੀ ਕਿਉ ਸਿੱਖ ਨਹੀਂ? ਫਿਰ ਜਦ ਪ੍ਰਸ਼ਾਦ ਹਲਵਾਈ ਨੇ ਚੁਕਿਆ ਹੋਇਆ ਸੀ ਉਸ ਨੂੰ ਕੀ ਭਿਟ ਲੱਗ ਗਈ ਸੀ? ਸਰਬਰਾਹ ਜੀ ਹੁਣ ਅੰਤ ਦੇ ਦੋ ਚਾਰ ਦਿਨ ਤਾਂ ਕੁਝ ਕੰਮ ਕਰ ਵਿਖਾਓ।

ਮਾਫ਼ੀ!

'ਅਕਾਲੀ' ੬ ਜੁਲਾਈ ਦੇ ਪਰਚੇ ਵਿਚ ਗਿਆਨੀ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਬਾਰੇ ਕਈ ਦੀਵਾਨਾਂ ਵਿਚ ਫ਼ੈਸਲਾ ਹੋ ਚੁਕਾ ਹੈ ਕਿ ਇਨਾਂ ਦਾ ਨਾਉਂ ਨਾਲ 'ਸਰਦਾਰ' ਜਾਂ 'ਭਾਈ' ਪਦ ਨਾ ਵਰਤਿਆ ਜਾਵੇ, ਭੁਲ ਦੀ ਖਿਮਾਂ ਬਖਸ਼ਵਾਉਣੀ ਚਾਹੁੰਦੇ ਹਨ।

ਨਾਲ ਹੀ ਅਸੀਂ ਗਿਆਨੀ ਜੀ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣਾ ਮਾਮਲਾ ਸਾਫ਼ ਕਰਨ। ਕਿਉਂਕਿ ਇਕ ਪਾਸੇ ਗੁਰਮਤੇ ਹੋ ਰਹੇ ਹਨ। ਦੂਜੇ ਪਾਸੇ ਆਪ ਸਕੱਤਰ ਹਨ। ਆਪੇ ਵਿਚ ਉਲਟ ਗੱਲਾਂ ਕਿਸ ਤਰ੍ਹਾਂ ਨਿਭ ਸਕਣਗੀਆਂ।

ਅਕਾਲੀ ਲਾਹੌਰ, ੧੭ ਜੁਲਾਈ ੧੯੨੦

ਸਿੱਖ ਰਾਜਸੀ ਕੈਦੀ ਅਤੇ ਚੀਫ਼ ਖਾਲਸਾ ਦੀਵਾਨ।

ਜਦ ਇਹ ਆਖਿਆ ਗਿਆ ਕਿ "ਸਿੱਖ ਲੀਗ" ਦੇ ਹੁੰਦਿਆਂ ਚੀਫ਼ ਖਾਲਸਾ ਦੀਵਾਨ ਨੂੰ ਰਾਜਸੀ ਕੰਮਾਂ ਵਿਚ ਲੱਤ ਅੜਾਨ ਦੀ ਕਿਉਂ ਲੋੜ ਪਈ ਹੈ ਤਾਂ ਝੱਟ ਨਿਯਮ ਨੰਬਰ ਚਾਰ ਕਰ ਕੇ ਵਿਖਾ ਦਿੱਤਾ ਗਿਆ ਕਿ ਰਾਜਸੀ ਕੰਮ ਦੀਵਾਨ ਦੇ ਹਲਕੇ ਤੋਂ ਬਾਹਰ ਨਹੀਂ ਹਨ। ਅਸੀਂ ਖੁਸ਼ ਹਾਂ ਕਿ ਦੀਵਾਨ ਕੁਝ ਕਰੇ। ਪਰ ਪੰਥ ਦੀ ਸ਼ਿਕਾਇਤ ਹੀ ਇਹੋ ਹੈ ਕਿ ਦੀਵਾਨ ਤੋਂ ਨਾ ਕੁਝ ਹੁੰਦਾ ਹੈ ਤੇ ਨਾ ਹੀ ਕਰਦਾ ਹੈ, ਪਰ ਜਦ ਕੋਈ ਕੰਮ ਪੰਥ ਦੇ ਜੋਸ਼ ਤੇ ਹਿੰਮਤ ਨਾਲ ਹੋ ਜਾਂਦਾ ਹੈ ਤਾਂ ਵਡਿਆਈ ਨੂੰ ਜੱਫਾ ਮਾਰਨ ਲਈ ਬਾਹਾਂ ਲੰਮੀਆਂ ਕਰ ਲੈਂਦਾ ਹੈ।

ਅਸੀਂ ਮੰਨ ਲੈਂਦੇ ਹਾਂ ਕਿ ਰਾਜਸੀ ਕੰਮ ਦੀਵਾਨ ਦੇ ਹਲਕੇ ਤੋਂ ਬਾਹਰ ਨਹੀਂ ਅਤੇ ਸਾਨੂੰ ਖੁਸ਼ੀ ਹੈ ਕਿ ਉਹ ਕਰੇ ਪਰ ਨਿਮ੍ਰਤਾ ਨਾਲ ਪੁੱਛਦੇ ਹਾਂ ਕਿ "ਸਿੱਖ ਰਾਜਸੀ ਕੈਦੀਆਂ ਅਤੇ ਨਜ਼ਰਬੰਦਾਂ ਲਈ ਦੀਵਾਨ ਨੇ ਕੀ ਕੀਤਾ ਹੈ? ਕੀ ਦੀਵਾਨ ਨੇ ਕੋਈ ਗੁਰਮਤਾ ਪਾਸ ਕਰ ਕੇ ਲਾਟ ਸਾਹਿਬ, ਵਾਇਸਰਾਇ ਸਾਹਿਬ ਤੇ ਵਜ਼ੀਰ ਹਿੰਦ ਨੂੰ ਭੇਜਿਆ ਹੈ? ਕੀ ਆਪਣੇ ਉਪਦੇਸ਼ਕ ਭੇਜ ਕੇ ਦੀਵਾਨ ਨੇ ਆਪਣੀਆਂ ਸਬੰਧਤ ਸਿੰਘ ਸਭਾਵਾਂ ਤੇ ਜਥਿਆਂ ਵੱਲੋਂ ਪਰਵਾਰ ਸਹਾਇਕ ਫੰਡ ਲਈ ਕੋਈ ਉਦਮ ਕੀਤਾ ਹੈ? ਕੀ ਕੋਈ ਉਪਦੇਸ਼ਕ ਜਾਂ ਕੋਈ ਦੀਵਾਨ ਦਾ ਮੈਂਬਰ ਰਾਜਸੀ ਕੈਦੀ ਭਰਾਵਾਂ ਦੇ ਦੁਖੀ ਪਰਵਾਰਾਂ ਦੀ ਸੁਰਤ ਲੈਣ ਲਈ ਭੇਜਿਆ ਹੈ?

ਅਸੀਂ ਆਸ਼ਾ ਰੱਖਦੇ ਹਾਂ ਕਿ ਦੀਵਾਨ ਵੱਲੋਂ ਇਸ ਵਿਸ਼ੇ ਤੇ ਵੀ ਪੂਰਾ ਚਾਨਣਾ ਪਾਇਆ ਜਾਵੇਗਾ।

ਗੁਜਰਾਂ ਵਾਲੇ ਦੀਆਂ ਖ਼ਬਰਾਂ : ਸਿੱਖ ਲੀਗ

ਖ਼ਬਰ ਨਹੀਂ ਉਹ ਸਿੱਖ ਲੀਗ, ਜਿਹੜੀ ਕਿ ਕਈ ਦਿਹਾੜੇ ਹੋਏ ਕਾਇਮ ਹੋਈ ਸੀ, ਕਿਥੇ ਲੁੜ ਗਈ! ਆਖਿਆ ਸਾਨੂੰ ਸਰਦਾਰ ਭਗਤ ਸਿੰਘ ਜੀ ਦਾ ਰੀਫ਼ਾਰਮ ਸਕੀਮ ਉਤੇ ਲੈਕਚਰ ਵੀ ਕੋਈ ਨਾ ਹੋਇਆ। ਗੁਜਰਾਂ ਵਾਲੇ ਵਿਚ ਆਗੂਆਂ ਦਾ ਬੜਾ ਕਾਲ ਏ। ਐਥੈ ਸਚੇ ਹਿਰਦੇ ਨਾਲ ਕੰਮ ਕਰਦਾ ਕੋਈ ਵੀ ਨਹੀਂ ਦਿਸਦਾ। ਮੁਲਕੀ ਕੰਮ ਕਰਨ ਤੋਂ ਲੋਕੀ ਡਰਦੇ ਨੇ। ਸਿੱਖ ਲੀਗ ਤਾਂ ਇਕ ਪਾਸੇ ਰਹੀ ਹੋਰ ਵੀ ਕੋਈ ਮੁਲਕੀ ਕੰਮ ਨਹੀਂ ਹੁੰਦਾ। ਕਾਂਗਰਸ ਵਾਲਿਆਂ ਵੀ ਇਕ ਸਬ ਕਮੇਟੀ ਬਣਾਈ ਹੋਈ ਏ। ਕੰਮ ਉਸ ਵੀ ਕੋਈ ਨਹੀਂ ਕੀਤਾ। ਹਾਂ ਮੁਸਲਮਾਨਾਂ ਭਰਾਵਾਂ ਦੀ ਇਕ ਖ਼ਿਲਾਫ਼ਤ ਕਮੇਟੀ ਜ਼ਰੂਰ ਕਦੀ ਕਦਾਈਂ ਜਲਸੇ ਕਰਦੀ ਰਹਿੰਦੀ ਏ ਪਰ ਉਸ ਦਾ ਅਸਰ ਸਾਰੇ ਸ਼ਹਿਰ ਤੇ ਨਹੀਂ ਪੈ ਸਕਦਾ। ਗੁਜਰਾਂਵਾਲੇ ਦੇ ਆਮ ਲੋਕ ਬੜੇ ਚੰਗੇ ਨੇ ਹਰ ਇਕ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਨੇ। ਪਰ ਉਨ੍ਹਾਂ ਤੋਂ

ਕੰਮ, ਲੈਣ ਵਾਲਾ ਕੋਈ ਆਗੂ ਨਹੀਂ। ਇਸੇ ਵਾਸਤੇ ਗੁਜਰਾਂਵਾਲੇ ਦੇ ਕਈ ਕੰਮ ਖਟੇ ਪਏ ਹੋਏ ਨੇ। ਐਥੋਂ ਤੀਕਰ ਕਿ ਕਿਥੇ ਹੰਟਰ ਕਮੇਟੀ ਦੀ ਰਿਪੋਰਟ ਉੱਤੇ ਵੀ ਕੋਈ ਗੁੱਸਾ ਪ੍ਰਗਟ ਨਹੀਂ ਕੀਤਾ ਗਿਆ। ਅਸਲ ਵਿਚ ਮਾਰਸ਼ਲ-ਲਾਅ ਦੇ ਜ਼ਮਾਨੇ ਵਿਚ ਇਥੇ ਬੜੀ ਸਖ਼ਤੀ ਹੋਈ ਏ। ਕੰਮ ਕਰਨ ਵਾਲੇ ਲੋਕ ਡਰ ਗਏ ਨੇ। ਤੇ ਹੁਣ ਤਕ ਭੀ ਉਨ੍ਹਾਂ ਦਾ ਡਰ ਚੰਗੀ ਤਰ੍ਹਾਂ ਨਹੀਂ ਲੱਥਾ। ਉਨ੍ਹਾਂ ਦਾ ਦਿਲ ਕੰਮ ਕਰਨ ਨੂੰ ਕਰਨਾ ਏ। ਪਰ ਹਾਇ ਰੱਬਾ। ਵਿਚਲਾ ਡਰਦਾ ਏ। ਸਿੱਖ ਲੀਗ ਦੀ ਵੀ ਇਹੋ ਗੱਲ ਨਾ ਹੋਵੇ। ਲੋਕਾਂ ਨੂੰ ਡਰ ਪੈਦਾ ਹੋ ਗਿਆ ਏ। ਇਸ ਲਈ ਸਿੱਖ ਲੀਗ ਦੇ ਆਗੂਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਛਾਤੀ ਕੱਢ ਕੇ ਅਗਾਂਹ ਕਦਮ ਧਰਨ। ਕਿਸੇ ਗੱਲ ਦਾ ਡਰ ਨਾ ਰੱਖਣ। ਹੁਣ ਕਈ ਮਾਰਸ਼ਲ-ਲਾਅ ਦਾ ਜ਼ਮਾਨਾ ਤਾਂ ਨਹੀਂ ਨਾ।

ਅਕਾਲੀ ਲਾਹੌਰ, ੧੯ ਜੁਲਾਈ ੧੯੨੦

ਦਰਬਾਰ ਸਾਹਿਬ ਜੀ

ਸਿੱਖਾਂ ਦੀਆਂ ਵੱਡੀਆਂ-ਵੱਡੀਆਂ ਮੰਗਾਂ ਜਿਨਾਂ ਨੂੰ ਮੁਖ ਰੱਖ ਕੇ ਖਾਲਸੇ ਜੀ ਦੇ ਸੇਵਕ 'ਅਕਾਲੀ' ਨੇ ਜਨਮ ਧਾਰਿਆ ਸੀ, ਉਨ੍ਹਾਂ ਵਿੱਚੋਂ ਇਹ ਇਕ ਵੀ ਸੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿੱਚੋਂ ਅੱਜ-ਕਲ੍ਹ ਉਸ ਦੀਆਂ ਕੁਰੀਤੀਆਂ ਹਟਾ ਕੇ ਉਸ ਦਾ ਪ੍ਰਬੰਧ ਸਿੱਖ ਕੌਮ ਦੇ ਆਪਣੇ ਹੱਥਾਂ ਵਿਚ ਆ ਜਾਵੇ। ਸਾਨੂੰ ਬੜੀ ਹੀ ਖੁਸ਼ੀ ਹੈ ਕਿ 'ਅਕਾਲੀ' ਦਾ ਇਕ ਮਨੋਰਥ ਪੂਰਾ ਹੋਣ ਦੀ ਹੁਣ ਦੀ ਪੱਕੀ ਆਸ ਹੈ। ਕਿਉਂਕਿ ਗਵਰਮੈਂਟ ਨੇ ਹੁਣ ਇਹ ਸਾਫ਼ ਐਲਾਨ ਕਰ ਦਿੱਤਾ ਹੈ ਜਦੋਂ ਸੁਧਾਰਕ ਕੌਂਸਲ ਬਣ ਗਈ ਛੇਤੀ ਹੀ ਚੁਣੇ ਹੋਏ ਸਿੱਖ ਮੈਂਬਰਾਂ ਦੀ ਸਲਾਹ ਲੈ ਕੇ ਇਕ ਅਜਿਹੀ ਕਮੇਟੀ ਬਣਾਈ ਜਾਵੇਗੀ ਜਿਸ ਦੇ ਹੱਥਾਂ ਵਿਚ ਮੈਨੇਜਰ ਦਾ ਨੀਯਤ ਕਰਨਾ ਅਤੇ ਹਿਸਾਬ ਕਿਤਾਬ ਦੀ ਪੜਤਾਲ ਕਰਨੀ ਹੋਵੇਗੀ। ਇਸ ਕਮੇਟੀ ਦੇ ਚੁਣੇ ਜਾਣ ਪਿੱਛੋਂ ਸਰਕਾਰ ਆਪਣਾ ਹੱਥ ਉੱਕਾ ਹੀ ਹਟਾ ਲਵੇਗੀ। ਅਸੀਂ ਸੱਚੇ ਦਿਲੋਂ ਧੰਨਵਾਦ ਕਰਦੇ ਹਾਂ। ਰਾਜ ਕਰਨ ਦਾ ਠੀਕ ਤਰੀਕਾ ਇਹੋ ਹੀ ਹੈ ਕਿ ਪਰਜਾ ਦੀਆਂ ਇਛਿਆ ਵੱਲ ਹਾਕਮ ਛੇਤੀ ਹੀ ਧਿਆਨ ਦੇ ਕੇ ਉਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕਰਨ। ਅਸੀਂ ਨਾਲ ਲੱਗਦੀ ਸਾਰੇ ਪੰਥ ਨੂੰ ਵਧਾਈ ਦਿੰਦੇ ਹੋਏ ਪੰਥ ਦੇ ਮੁਖੀਏ ਸੱਜਣਾਂ ਦਾ ਧੰਨਵਾਦ ਵੀ ਕਰਦੇ ਹਾਂ ਕਿ ਜਿਨਾਂ ਦੇ ਪੰਥ ਦੀ ਅਵਾਜ਼ 'ਅਕਾਲੀ' ਨਾਲ ਰਲ ਕੇ ਗਵਰਮੈਂਟ ਦੇ ਕੰਨਾਂ ਤੋੜੀ ਪਹੁੰਚਾਣ ਲਈ ਐਜੀਟੇਸ਼ਨ ਕੀਤੀ। ਸਾਨੂੰ ਆਸ਼ਾ ਹੈ, ਨਹੀਂ ਨਹੀਂ! ਅਸੀਂ ਬੜੇ ਜ਼ੋਰ ਨਾਲ ਪੰਥ ਨੂੰ ਭਰੋਸਾ ਦਵਾਉਂਦੇ ਹਾਂ ਕਿ ਖਾਲਸਾ ਜੀ ਜੇ ਤੁਸੀਂ ਢਿਲੇ ਨਾ ਪੈ ਜਾਵੋਗੇ ਅਤੇ ਤੁਸੀਂ ਆਪਣੇ ਦੁਖਾਂ ਨੂੰ ਲਗਾਤਾਰ ਹਾਕਮਾਂ ਦੀ ਸੇਵਾ ਵਿਚ ਨਿਰਭੈ ਅਤੇ ਨਿਰਪਖ ਹੋ ਕੇ ਜ਼ੋਰ ਨਾਲ ਆਖਦੇ ਰਹੋਗੇ ਤਾਂ ਉਹ ਦਿਨ ਦੂਰ ਨਹੀਂ ਕਿ ਜਦੋਂ ਖਾਲਸਾ ਕਾਲਜ ਦਾ ਪ੍ਰਬੰਧ ਵੀ ਤੁਹਾਡੇ ਹੱਥਾਂ ਵਿਚ ਦਿੱਤਾ ਜਾਵੇਗਾ, ਜਦੋਂ ਫ਼ੌਜਾਂ ਵਿਚ ਕ੍ਰਿਪਾਨ ਰੱਖਣ ਦੀ ਖੁਲ੍ਹ ਹੋ ਜਾਵੇਗੀ, ਜਦੋਂ ਕਿ ਤੁਹਾਡੇ ਜੇਲ੍ਹਾਂ ਵਿਚ ਤੜਫਦੇ ਵੀਰ ਵੀ ਗਲਵਕੜੀਆਂ ਪਾ ਕੇ ਤੁਹਾਨੂੰ ਮਿਲ ਕੇ ਤੁਹਾਡੇ ਤਪਤ ਹਿਰਦਿਆਂ ਵਿਚ ਠੰਡ ਪਾ ਦੇਣਗੇ। ਇਸ ਤੋਂ ਸਾਨੂੰ ਸਿੱਖਿਆ ਲੈਣੀ ਚਾਹੀਦੀ ਹੈ ਕਿ ਦੇਖੋ ਅਸੀਂ ਦੋ ਕੂ ਮਹੀਨੇ ਕੁਝ ਜ਼ੋਰ ਨਾਲ ਐਜੀਟੇਸ਼ਨ ਕੀਤੀ ਸਾਨੂੰ ਦੋ ਸੀਟਾਂ ਵੀ ਹੋਰ ਮਿਲ ਗਈਆਂ ਅਤੇ ਦਰਬਾਰ ਸਾਹਿਬ ਦਾ ਪ੍ਰਬੰਧ ਵੀ ਸਾਡੇ ਹੱਥਾਂ ਵਿਚ ਦੇਣ ਦਾ ਐਲਾਨ ਕੀਤਾ ਗਿਆ ਹੈ।

ਜਿੱਥੇ ਲਾਟ ਸਾਹਿਬ ਜੀ ਦਾ ਅਸੀਂ ਧੰਨਵਾਦ ਕਰਦੇ ਹਾਂ ਉੱਥੇ ਅਸੀਂ ਬੜੇ ਜ਼ੋਰ ਨਾਲ ਇਹ ਆਖ ਦੇਣਾ ਵੀ ਜ਼ਰੂਰੀ ਸਮਝਦੇ ਹਾਂ ਕਿ ਐਨਾ ਚਿਰ ਅੰਗ੍ਰੇਜ਼ਾਂ ਨੂੰ ਹਿੰਦ ਤੇ ਹਕੂਮਤ ਕਰਦਿਆਂ ਹੋ ਗਿਆ ਪਰੰਤੂ ਅਜੇ ਤਾਈਂ ਇਨ੍ਹਾਂ ਦੀ ਇਹ ਭੈੜੀ ਆਦਤ ਨਹੀਂ ਗਈ ਕਿ ਜੋ ਚੀਜ਼ ਇਹ ਦਿੰਦੇ ਹਨ ਉਹ ਹੌਲੀ-ਹੌਲੀ ਦਿੰਦੇ ਹਨ। ਇਸ ਤਰ੍ਹਾਂ ਆਪਣੀ ਆਪਣੀ ਉਦਾਰਤਾ ਦਾ ਨਾਸ਼ ਕਰ ਦੇਂਦੇ ਜਨ। ਜਦ ਅਸੀਂ ਚਿੱਠੀ ਵੱਲ ਧਿਆਨ ਦਿੰਦੇ ਹਾਂ ਤਾਂ ਗਵਰਮੈਂਟ ਦੇ ਧੰਨਵਾਦ ਦੀ ਲਹਿਰ ਸਾਡੇ ਦਿਲਾਂ ਵਿਚ ਵਗ ਤੁਰਦੀ ਹੈ। ਪਰੰਤੂ ਜਦੋਂ ਸਾਨੂੰ ਦੂਜੀਆਂ ਮੰਗਾਂ ਯਾਦ ਆਉਂਦੀਆਂ ਹਨ ਅਤੇ ਗਵਰਨਮੈਂਟ ਦੀ ਉਨ੍ਹਾਂ ਵੱਲੋਂ ਉੱਕਾ ਹੀ ਚੁਪ, ਤਾਂ ਇਸ ਇਨਸਾਫ਼ ਦਾ ਅਸਰ ਝੱਟ ਪੱਟ ਨਸ਼ਟ ਹੋ ਜਾਂਦਾ ਹੈ। ਚੰਗਾ ਹੁੰਦਾ ਹੈ ਕਿ ਖਾਲਸਾ ਕਾਲਜ ਅੰਮ੍ਰਿਤਸਰ ਸਬੰਧੀ ਵੀ ਇਹੋ ਜਿਹਾ ਐਲਾਨ ਕੀਤਾ ਜਾਂਦਾ ਅਤੇ ਹੋਰ ਸਿੱਖ ਮੰਗਾਂ ਵਲ ਵੀ ਯੋਗ ਧਿਆਨ ਦਿੱਤਾ ਜਾਂਦਾ। ਪਰੰਤੂ ਗਵਰਨਮੈਂਟ ਨੇ ਆਪਣੀ ਪੁਰਾਣੀ ਹਾਨੀਕਾਰਕ ਬਕਰੀ

ਵਾਂਗੂ "ਮੇਗਣਾਂ ਪਾ ਕੇ ਦੁਧ ਦੇਣ" ਵਾਲੀ ਕੁਦਾਲ ਨੂੰ ਨਹੀਂ ਛਡਿਆ। ਕੀ ਇਸ ਤੋਂ ਪੰਜਾਬ ਗਵਰਮੈਂਟ ਸਿੱਖਾਂ ਕੋਲੋਂ ਇਹ ਆਸ਼ਾ ਰੱਖ ਸਕਦੀ ਹੈ ਕਿ ਸਿੱਖ ਐਜੀਟੇਸ਼ਨ ਨੂੰ ਬੰਦ ਕਰ ਦੇਣਗੇ। ਜੇ ਨਹੀਂ ਤਾਂ ਦੁਚਿਤੇ ਜਿਹੇ ਦਿਲ ਨਾਲ ਇਨਸਾਫ਼ ਕਰਨ ਦਾ ਉਤਨਾ ਫ਼ਾਇਦਾ ਨਹੀਂ ਹੋ ਸਕਦਾ ਅਸੀਂ ਸਰਕਾਰ ਪਾਸ ਬੇਨਤੀ ਕਰਦੇ ਹਾਂ ਕਿ ਛੇਤੀ ਹੀ ਇਕ ਅਜਿਹਾ ਐਲਾਨ ਖਾਲਸਾ ਕਾਲਜ ਸਬੰਧੀ ਵੀ ਕੀਤਾ ਜਾਵੇ ਅਤੇ ਨਾਲੇ ਦੂਜੀਆਂ ਸਿੱਖ ਮੰਗਾਂ ਵੱਲੋਂ ਵੀ ਯੋਗ ਧਿਆਨ ਦੇ ਕੇ ਸਿੱਖਾਂ ਦੇ ਦਿਲਾਂ ਵਿੱਚੋਂ ਅਸ਼ਾਂਤੀ ਹਟਾ ਦਿੱਤੀ ਜਾਵੇ। ਅਜੇ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ। ਛੇਤੀ ਕੀਤੀ ਜਾਵੇ ਤਾਂ ਸਿੱਖਾਂ ਅਤੇ ਸਰਕਾਰ ਵਿਚ ਪੁਰਾਣੀ ਦੋਸਤੀ ਸ਼ਾਇਦ ਕਾਇਮ ਹੀ ਰਹਿ ਜਾਵੇ।

ਜਿੱਥੇ ਅਸੀਂ ਦਰਬਾਰ ਸਾਹਿਬ ਸਬੰਧੀ ਸਿੱਖ ਕੌਮ ਨੂੰ ਵਧਾਈ ਦਿੰਦੇ ਹਾਂ ਉੱਥੇ ਨਾਲ ਹੀ ਇਹ ਵੀ ਬੜੇ ਜ਼ੋਰ ਨਾਲ ਬੇਨਤੀ ਕਰਦੇ ਹਾਂ ਕਿ ਹੁਣ ਕਿਤੇ ਢਿਲੇ ਨਾ ਪੈ ਜਾਣਾ। ਜ਼ੋਰਦਾਰ ਐਜੀਟੇਸ਼ਨ ਕਰੀ ਜਾਵੋ। ਸਗੋਂ ਇਸ ਕੋਲੋਂ ਸਿੱਖਿਆ ਲਵੋ ਕਿ ਕਿ ਪਿਛਲੇ ਕੋਈ ਦੋ ਕੁ ਮਹੀਨੇ ਦੀ ਐਜੀਟੇਸ਼ਨ ਦੀ ਹੀ ਹਿੰਮਤ ਹੈ ਕਿ ਸਿੱਖਾਂ ਨੂੰ ਦੋ ਸੀਟਾਂ ਹੋਰ ਮਿਲ ਗਈਆਂ ਹਨ, ਅਤੇ ਹੁਣ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਵੀ ਸਿੱਖ ਕੌਮ ਦੇ ਹੱਥਾਂ ਵਿਚ ਦੇਣ ਦਾ ਐਲਾਨ ਕੀਤਾ ਗਿਆ ਹੈ। ਖਾਲਸਾ ਬਹਾਦਰੋ, ਉੱਠੋ, ਆਲਸ ਦੇ ਸਿਰ ਪਾਓ ਸੁਆਹ ਅਤੇ ਸੁਸਤੀ ਨੂੰ ਕਢੋਂ ਘਰੋਂ। ਹਿੰਮਤ ਕਰੋ! ਜਾਗੋ ਅਤੇ ਹੋਸ਼ ਸੰਭਾਲੋ! ਆਪਣੀ ਜਥੇਬੰਦੀ ਪਕਿਆਂ ਕਰੋ। ਫੁਟ ਨੂੰ ਘਰੋਂ ਕਢੋਂ ਚੰਗੇ ਮੰਦੇ ਆਗੂਆਂ ਦੀ ਪਛਾਣ ਕਰੋ। ਫੇਰ ਦੇਖੋ ਕਿ ਕਲਗੀਵਾਲੇ ਦੇ ਪੰਥ ਦੀ ਜੋਤ ਦਿਨੋਂ-ਦਿਨ ਸੁਵਾਈ ਹੋਵੇਗੀ। ਸਿੱਖ ਕੌਮ ਆਪਣੇ ਪੈਰਾਂ ਤੇ ਖਲੋ ਕੇ ਦੇਸ਼ ਸੇਵਾ ਦੇ ਮਨੋਰਥ ਨੂੰ ਪੂਰਾ ਕਰੇਗੀ।

ਸਿੱਖ ਕੌਣ ਹੈ ?

ਐਡਵਾਇਜ਼ਰੀ ਕਮੇਟੀ ਨੇ ਖਾਹਮੁਖਾਹ ਝਗੜਾ ਪਾ ਦਿੱਤਾ ਹੈ। ਸਰਕਾਰ ਜਾਣਦੀ ਹੈ ਅਤੇ ਦੁਨੀਆਂ ਜਾਣਦੀ ਕਿ ਸਿੱਖ ਕੌਣ ਹੈ ? ਅੱਜ ਤਕ ਕੋਈ ਅਜਿਹੀ ਮਿਸਾਲ ਨਹੀਂ ਕਿ ਕਿਤੇ ਸਿੱਖ ਦੀ ਪਛਾਣ ਵਿਚ ਭੁਲੇਖਾ ਲੱਗਾ ਹੋਵੇ। ਹਿੰਦੂ, ਮੁਸਲਮਾਨਾਂ ਅਤੇ ਈਸਾਈਆਂ ਦੀ ਪਛਾਣ ਵਿਚ ਤਾਂ ਭਾਵੇਂ ਕੁਝ ਭੁਲੇਖੇ ਲਗਣ ਜਾਂ ਸ਼ਕ ਹੋ ਸਕਦਾ ਹੈ ਪਰ ਹੈਰਾਨੀ ਹੈ ਜਿਸ ਨੂੰ ਲੱਖਾਂ ਵਿਚ ਖੜੋਤੇ ਹੋਏ ਇਕ ਸਿੱਖ ਨੂੰ ਦੁਨੀਆਂ ਪਛਾਣ ਲੈਂਦੀ ਹੈ ਉਸ ਨੂੰ ਅੱਜ ਸਰਕਾਰ ਨਹੀਂ ਪਛਾਣ ਸਕਦੀ ਅਤੇ ਐਡਵਾਇਜ਼ਰੀ ਕਮੇਟੀ ਉਨ੍ਹਾਂ ਵਾਸਤੇ ਸਹੁੰ ਖਾਣ ਦਾ ਨਿਯਮ ਚੁਕ ਬਣਾਂਦੀ ਹੈ ਅਤੇ ਫਿਰ ਉਨ੍ਹਾਂ ਆਦਮੀਆਂ ਦੇ ਆਖੇ ਜਿਹੜੇ ਸਿੱਖ ਕੌਮ ਦੀ ਭਲਾਈ ਕਰਨੀ ਹਤਕ ਸਮਝਦੇ ਹਨ।

ਹੁਣ ਚੁਫੇਰਿਉਂ ਸਿੱਖਾਂ ਨੇ ਆਪਣੀ ਦਿਲੀ ਅਵਾਜ਼ ਪ੍ਰਗਟ ਕਰਨੀ ਸ਼ੁਰੂ ਕਰ ਦਿੱਤੀ ਹੈ। ਆਸ਼ਾ ਹੈ ਐਡਵਾਇਜ਼ਰੀ ਕਮੇਟੀ ਅਤੇ ਸਰਕਾਰ ਨੂੰ ਚੰਗੀ ਤਸੱਲੀ ਹੋ ਜਾਵੇਗੀ ਕਿ ਸਿੱਖ ਕੌਣ ਹੈ।

ਕਲਰ, ਸਾਗਰੀ, ਰਈਆ ਆਦਿਕ ਕਈਆਂ ਥਾਵਾਂ ਦੇ ਗੁਰਮਤੇ ਅਗੇ ਛਪ ਚੁਕੇ ਹਨ ਅੱਜ ਆਨਰੇਬਲ ਗੁਪਾਲ ਸਿੰਘ ਦੀ ਚਿੱਠੀ ਅਤੇ ਹੋਰ ਸੰਗਤਾਂ ਦੇ ਗੁਰਮਤੇ ਛਾਪਦੇ ਹਾਂ—

ਕਰਾਚੀ

ਭਾ: ਮਤਾਬ ਸਿੰਘ ਲਿਖਦੇ ਹਨ ਕਿ ੧੧ ਜੁਲਾਈ ਨੂੰ ਯੰਗਮੈਨ ਸਿੱਖ ਐਸੋਸੀਏਸ਼ਨ ਦੀ ਖ਼ਾਸ ਮੀਟਿੰਗ ਵਿਚ ਪਾਸ ਹੋਇਆ ਕਿ—ਸਰਬਰਾਹ ਅਰੂੜ ਸਿੰਘ ਅਤੇ ਬਾਵਾ ਗੁਰਬਖਸ਼ ਸਿੰਘ ਦੀ ਦੱਸੀ ਹੋਈ ਸਿੱਖ ਦੀ ਤਾਰੀਫ਼ ਠੀਕ ਨਹੀਂ ਹੈ। ਸਿੱਖ ਦਾ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਰਹਿਤਵਾਨ ਹੋਣਾ ਜ਼ਰੂਰੀ ਹੈ ਅਤੇ ਦਸਾਂ ਸਤਿਗੁਰਾਂ ਤੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਨੂੰ ਨਾ ਮੰਨਦਾ ਹੋਵੇ।

ਸਿਆਲਕੋਟ

ਭਾਈ ਨਾਨਕ ਸਿੰਘ ਜੀ ਸਕੱਤਰ ਖਾਲਸਾ ਸੇਵਕ ਜਥਾ ਲਿਖਦੇ ਹਨ ਕਿ ਜਥੇ ਨੇ ਪਾਸ ਕੀਤਾ ਹੈ ਕਿ ਬਾਵਾ ਗੁਰਬਖ਼ਸ਼ ਸਿੰਘ ਅਤੇ ਸਰਬਰਾਹ ਅਰੂੜ ਸਿੰਘ ਦੀ ਦੱਸੀ ਹੋਈ ਤਾਰੀਫ਼ ਅਧੂਰੀ ਹੈ। 'ਕੇਸਾਧਾਰੀ' ਹੋਣ ਦੀ ਸ਼ਰਤ ਅਤੀ ਜ਼ਰੂਰੀ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ

ਦਰਬਾਰ ਸਾਹਿਬ ਸਬੰਧੀ ਗਵਰਮੈਂਟ ਦੇ ਐਲਾਨ ਉੱਤੇ ਵਿਚਾਰ ਕਰਦਾ ਹੋਇਆ ਲਾਹੌਰ ਦਾ ਅੰਗ੍ਰੇਜ਼ੀ ਅਖ਼ਬਾਰ ਟ੍ਰਿਬਯੂਨ ਇਉਂ ਲਿਖਦਾ ਹੈ—

"ਕੁਝ ਚਿਰ ਤੋਂ ਪੰਜਾਬ ਦੇ ਸਿੱਖ ਜਥਿਆਂ ਵੱਲੋਂ ਪਾਸ ਕੀਤੇ ਹੋਏ ਗੁਰਮਤੇ ਸਾਡੇ ਕੋਲ ਆਉਂਦੇ ਰਹੇ ਹਨ ਜਿਨਾਂ ਵਿਚ ਦਰਬਾਰ ਸਾਹਿਬ ਦੇ ਪ੍ਰਬੰਧ ਸਬੰਧੀ ਬਹੁਤ ਅਸ਼ਾਂਤੀ ਪ੍ਰਗਟ ਕੀਤੀ ਜਾਂਦੀ ਰਹੀ ਹੈ। ਅੱਜ ਦੇ ਪਰਚੇ ਵਿਚ ਹੋਰ ਕਿਤੇ ਇਕ ਗਵਰਮੈਂਟ ਦਾ ਚਿੱਠੀ ਛਾਪੀ ਹੈ ਜਿਸ ਨੂੰ ਪੜ੍ਹ ਕੇ ਆਸ਼ਾ ਹੈ ਕਿ ਇਸ ਸਵਾਲ ਸਬੰਧੀ ਸਿੱਖਾਂ ਵਿਚ ਸ਼ਾਂਤੀ ਹੋ ਜਾਵੇਗੀ। ਗਵਰਮੈਂਟ ਨੇ ਇਹ ਫ਼ੈਸਲਾ ਕੀਤਾ ਹੈ ਕਿ ਹਾਲਾਂ ਇਸ ਸਵਾਲ ਨੂੰ ਛਡ ਦਿੱਤਾ ਜਾਵੇ ਅਤੇ ਜਦੋਂ ਨਵੀਆਂ ਕੌਂਸਲਾਂ ਬਣ ਜਾਣ ਤਾਂ ਛੇਤੀ ਹੀ ਐਲਾਨ ਕਰ ਦੇਵੇ। ਸਿੱਖ ਮੈਂਬਰਾਂ ਦੀ ਰਾਇ ਨਾਲ ਇਕ ਕਮੇਟੀ ਬਣਾਈ ਜਾਵੇ ਜਿਸ ਦੇ ਹੱਥਾਂ ਵਿਚ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਦਿੱਤਾ ਜਾਵੇ। ਇਸ ਕਮੇਟੀ ਦੇ ਬਣ ਜਾਣ ਤੋਂ ਪਿੱਛੇ ਸਰਕਾਰ ਆਪਣਾ ਹੱਥ ਉਕਾ ਹੀ ਹਟਾ ਲਵੇਗੀ। ਇਹ ਠੀਕ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ ਪਰੰਤੂ ਇਕ ਹੋਰ ਅਜਿਹਾ ਸਵਾਲ ਹੈ ਕਿ ਜਿਸ ਕਰ ਕੇ ਸਿੱਖਾਂ ਵਿਚ ਬਹੁਤ ਅਸ਼ਾਂਤੀ ਫੈਲ ਰਹੀ ਹੈ। ਸਾਡਾ ਖਿਆਲ ਹੈ ਕਿ ਇਹ ਅਸ਼ਾਂਤੀ ਠੀਕ ਹੈ। ਇਹ ਸਵਾਲ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਬੰਧ ਸਬੰਧੀ ਹੈ। ਗਵਰਮੈਂਟ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖਾਂ ਹੱਥਾਂ ਵਿਚ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਤਰ੍ਹਾਂ ਖਾਲਸਾ ਕਾਲਜ ਅੰਮ੍ਰਿਤਸਰ ਸਬੰਧੀ ਵੀ ਛੇਤੀ ਹੀ ਐਲਾਨ ਕਰ ਦੇਵੇ।

ਅਕਾਲੀ ਲਾਹੌਰ, ੧੯ ਜੁਲਾਈ ੧੯੨੦

ਕੌਂਸਲ ਵਿਚ ਸਿੱਖ ਪਦ ਦੀ ਤਾਰੀਫ਼

(ਵਲੋਂ ਆਂਨਰੇਬਲ ਗੁਪਾਲ ਸਿੰਘ ਜੀ ਭਾਗੋਵਾਲੀਆ)

ਖਾਲਸਾ ਜੀ ਦੇ ਆਗੂਆਂ ਅਨੁਸਾਰ ਆਪਣਾ ਦਾਸ ਸਿੱਖ ਪਦ ਦੀ ਤਾਰੀਫ਼ ਉਤੇ ਰਾਇ ਦੇਣਾ ਚਾਹੁੰਦਾ ਹੈ, ਅਤੇ ਇਹ ਉਹ ਰਾਇ ਹੈ ਜਿਹੜੀ ਕਿ ਕਈ ਵਾਰੀ ਦਾਸ ਨੇ ਜਦੋਂ ਕਦੀ ਵੀ ਉਸ ਦੇ ਬਾਰੇ ਵਿਚ ਹੁਕਮ ਹੋਇਆ। ਵਿਸਥਾਰ ਨਾਲ ਬਿਆਨ ਕੀਤਾ ਸੀ ਪਰ ਉਹ ਇਹ ਹੇਠ ਲਿਖੀ ਹੈ :-

ਕੋਈ ਭੀ ਸਿੱਖ ਪੱਕਾ ਸਿੱਖ ਨਹੀਂ, ਅਰ ਨਾਂ ਹੀ ਕੋਈ ਸਿੱਖ ਦਾਅਵਾ ਕਰ ਸਕਦਾ ਹੈ, ਕਿ ਉਹ ਪੱਕਾ ਹੈ, ਜਦ ਤਕ ਕਿ ਉਹ ਦਸਾਂ ਗੁਰੂਆਂ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਹੀਂ ਮੰਨਦਾ। ਸਹਿਜਧਾਰੀ ਇਕ ਭਾਂਤ ਦਾ ਸਿੱਖੀ ਦਾ ਉਮੀਦਵਾਰ ਹੈ, ਅਰ ਉਸਦੀ ਦਸ਼ਾ ਠੀਕ ਠੀਕ ਕਾਲਜ ਦੇ ਵਿਦਿਆਰਥੀ ਨਾਲ ਜਿਹੜਾ ਕਿ ਹਾਲੀ ਤਕ ਕਾਲਜ ਦੀ ਪੜ੍ਹਾਈ ਦਾ ਵੱਡਾ (ਸਾਲਾਨਾ) ਇਮਤਿਹਾਨ ਨਹੀਂ ਦੇ ਚੁੱਕਾ, ਮਿਲਦੀ ਹੈ। ਤੁਸੀਂ ਹੀ ਦਸ ਸਕਦੇ ਹੋ, ਕਿ ਕਦੀ ਕਿਸੇ ਵਿਦਿਆਰਥੀ ਨੂੰ, ਜਿਸ ਨੇ ਹਾਲੀ ਇਮਤਿਹਾਨ ਪਾਸ ਨਾ ਕੀਤਾ ਹੋਵੇ, ਸੰਨਦ ਮਿਲ ਸਕਦੀ ਹੈ, ਜਾਂ ਯੂਨੀਵਰਸਿਟੀ ਕਿਸੇ ਨੂੰ ਇਮਤਿਹਾਨ ਪਾਸ ਕਰਨ ਤੋਂ ਪਹਿਲਾਂ ਸੰਨਦ ਦੇ ਦੇਂਦਾ ਹੈ, ਕਿ ਇਹ ਵਿਦਿਆਰਥੀ ਕਾਲਜ ਵਿਚ ਪੜ੍ਹਦਾ ਹੈ ?

ਕਦਾਚਿਤ ਨਹੀਂ :-

ਇਹ ਇਕ ਅਸ਼ੁਭ ਖ਼ਿਆਲ ਹੈ, ਜਿਹੜਾ ਕਿ ਹਿੰਦੂਆਂ ਅਰਥਾਤ ਮੋਨਿਆਂ ਦੇ ਹਿਰਦੇ ਵਿਚ ਹੈ, ਕਿ ਸਿੱਖ ਕਈ ਭਾਂਤ ਦੇ ਹੋ ਸਕਦੇ ਹਨ, ਯਥਾ ਉਹ ਵੀ ਸਿੱਖ ਹਨ, ਜਿਨਾਂ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਪਾਹੁਲ ਲਈ ਹੈ, ਅਰ ਉਹ ਵੀ ਸਿੱਖ ਹਨ ਜਿਹੜੇ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਸਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖ ਉਹ ਸੀ ਜਿਹੜਾ ਕਿ ਗੁਰੂ ਨਾਨਕ ਦੇਵ ਜੀ ਨੂੰ ਮੰਨਦਾ ਸੀ ਅਰ ਗੁਰੂ ਅੰਗਦ ਦੇਵ ਜੀ ਦੇ ਵੇਲੇ ਸਿੱਖ ਉਹ ਸੀ ਜੋ ਗੁਰੂ ਨਾਨਕ ਦੇਵ, ਅਰ ਗੁਰੂ ਅੰਗਦ ਦੇਵ ਜੀ ਦਾ ਪੈਰੋਕਾਰ ਸੀ, ਗੁਰੂ ਅਮਰ ਦਾਸ ਜੀ ਦੇ ਵੇਲੇ ਸਿੱਖ ਉਹ ਸੀ ਜੋ ਗੁਰੂ ਨਾਨਕ ਜੀ, ਗੁਰੂ ਅੰਗਦ ਦੇਵ ਜੀ ਸਹਿਤ ਗੁਰੂ ਅਮਰ ਦਾਸ ਜੀ ਨੂੰ ਮੰਨਦਾ ਸੀ। ਅਰ ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਵੇਲੇ ਸਿੱਖ ਉਹ ਸੀ, ਜਿਹੜਾ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੀਆਂ ਅੱਠਾਂ ਪਾਤਸ਼ਾਹੀਆਂ ਸਹਿਤ ਗੁਰੂ ਤੇਗ ਬਹਾਦਰ ਜੀ ਦੀ ਸਿੱਖਿਆ ਨੂੰ ਧਾਰਨ ਕਰਦਾ ਸੀ। ਅਰ ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਉਹ ਸੀ ਜੋ ਗੁਰੂ ਗੋਬਿੰਦ ਸਿੰਘ ਸਹਿਤ ਪਹਿਲੀਆਂ ਪਾਤਸ਼ਾਹੀਆਂ ਨੂੰ ਮੰਨਦਾ ਸੀ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੋਂ ਕੋਈ ਦੇਹਧਾਰੀ ਗੁਰੂ ਨਹੀਂ ਹੋਇਆ। ਇਸ ਕਰਕੇ ਉਨ੍ਹਾਂ ਦੇ ਹੁਕਮ ਅਨੁਸਾਰ ਸਿੱਖ ਦਾ ਧਰਮ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਹੈ, ਅਰ ਪਹਿਲਾਂ ਲੜੀ ਦੇ ਅਨੁਸਾਰ

ਇਹ ਵੀ ਨਾਲ ਆਖਿਆ ਕਿ ਸਿੱਖ ਦਾ ਧਰਮ ਗੁਰੂ ਗ੍ਰੰਥ ਸਾਹਿਬ ਜੀ ਸਹਿਤ ਪਹਿਲੇ ਦਸ ਗੁਰੂ ਜੀ ਦੇ ਹੁਕਮ ਨੂੰ ਮੰਨਦਾ ਹੈ। ਇਸ ਕਰਕੇ ਉਹ ਪੁਰਸ਼ ਜਿਹੜਾ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਹਿਬ, ਦਸਾਂ ਪਾਤਸ਼ਾਹੀਆਂ ਜੀ ਨੂੰ ਨਹੀਂ ਮੰਨਦਾ ਉਹ ਸਿੱਖ ਖ਼ਿਆਲ ਨਹੀਂ ਕੀਤਾ ਜਾਂਦਾ, ਅਰ ਉਹ ਪੁਰਸ਼ ਜਿਹੜਾ ਕਿ ਆਪਣੇ ਆਪ ਨੂੰ ਦਸਾਂ ਗੁਰੂਆਂ ਜੀ ਦਾ ਪੈਰੋਂ ਖ਼ਿਆਲ ਕਰਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਹੀਂ ਮੰਨਦਾ ਕੋਈ ਭੀ ਦਾਅਵਾ ਨਹੀਂ ਕਰ ਸਕਦਾ ਕਿ ਉਹ ਸਿੱਖ ਹੈ। ਅਰ ਇਹ ਹੀ ਸਾਨੂੰ ਸਿਖੀ ਸਿਖਾਂਦੀ ਹੈ, ਸਿਖੀ ਦੇ ਅਸੂਲਾਂ ਦੀ ਜਾਨ ਪਛਾਨ ਜਿਹੜੇ ਕਿ ਹਿੰਦੂਸਤਾਨੀ ਫ਼ੌਜੀ ਮਹਿਕਮੇਂ ਦੇ ਵਿਚ ਕਿਸੇ ਪੁਰਸ਼ ਨੂੰ ਸਿੱਖਾਂ ਦੀ ਫ਼ੌਜ ਵਿਚ ਰਖੇ ਜਾਂਦੇ ਹਨ ਬਿਲਕੁਲ ਠੀਕ ਹਨ।

ਮੈਂ ਖਾਲਸਾ ਕਾਲਜ ਅੰਮ੍ਰਿਤਸਰ ਦੇ ੨੯ ਵੇਂ ਅਸੂਲ ਨੂੰ ਸ਼ਬਦ ਬ ਸ਼ਬਦ ਲਿਖਦਾ ਹਾਂ :-

ਅਸੂਲ ਨੰ: ੨੯ ਵਾਂ :-

"ਧਾਰਮਿਕ ਮਜ਼ਮੂਨਾਂ ਦੀ ਪੜ੍ਹਾਈ ਦੀ ਸਕੀਮ ਵਿਚ ਕਮੇਟੀ ਸ੍ਰੀ ਗ੍ਰੰਥ ਸਾਹਿਬ ਜੀ ਦੇ ਅਰ ਸਿਖੀ ਧਰਮ ਦੇ ਅਸੂਲਾਂ ਦੇ ਪੜ੍ਹਾਨ ਵਿਚ ਜਿਹੜੇ ਕਿ ਦਸਾਂ ਗੁਰੂਆਂ ਜੀ ਦੇ ਬਣਾਏ ਹੋਏ ਹਨ, ਮਦਦ ਦੇਵੇਗੀ।

ਉਸ ਸਿੱਖ ਦੀ ਤਾਰੀਫ਼ ਵਿਚ ਜਿਹੜਾ ਕਿ ਫ਼ੌਜ ਵਿਚ ਹੈ, ਕਈ ਇਤਿਹਾਸ ਉਸ ਦੇ ਬਾਰੇ ਵਿਚ ਨਹੀਂ ਹੈ, ਅਰ ਉਨ੍ਹਾਂ ਅਸੂਲਾਂ ਤੇ ਭੀ ਕਿਸੇ ਭਾਂਤ ਦਾ ਸ਼ਕ ਨਹੀਂ ਜਿਹੜੇ ਕਿ ਖਾਲਸਾ ਕਾਲਜ ਸਿੱਖ ਕਮੇਟੀ ਅੰਮ੍ਰਿਤਸਰ ਨੇ ਬਣਾਏ ਹਨ, ਅਰ ਏਸੇ ਕਰਕੇ ਮੈਂ ਇਸ ਗੱਲ ਦੇ ਲਾਇਕ ਨਹੀਂ ਕਿ ਮੈਂ ਗਵਰਨਮੈਂਟ ਦੀਆਂ ਹੁਣ ਦੀਆਂ ਮੁਸ਼ਕਲਾਂ ਸਿੱਖਾਂ ਦੇ ਵਿਚ ਹਨ ਦੇ ਬਾਰੇ ਵਿਚ ਬੱਝ ਸਕਾਂ, ਅਰ ਇਹ ਗੱਲ ਸਮਝ ਵਿਚ ਵੀ ਨਹੀਂ ਆਉਂਦੀ ਜੋ ਗਵਰਨਮੈਂਟ ਨੂੰ ਕਿਸ ਗੱਲ ਨੇ ਤੰਗ ਕੀਤਾ ਹੈ ਕਿ ਉਹ ਇਸ ਸਵਾਲ ਨੂੰ ਪੁਛੇ ਕਿ ਸਿੱਖ ਕੌਣ ਹੈ? ਜੇਕਰ ਕਈ ਸਿੱਖਾਂ ਦੀ ਤਾਰੀਫ਼ ਹਿੰਦੁਸਤਾਨੀ ਫ਼ੌਜੀ ਮਹਿਕਮੇ ਅਰ ਖਾਲਸਾ ਕਾਲਜ ਅੰਮ੍ਰਿਤਸਰ ਦੇ ਅਸੂਲਾਂ ਦੇ ਵਿਰੁੱਧ ਕਰੇਗਾ ਮੈਂ ਖਾਲਸਾ ਜੀ ਵਲੋਂ ਇਸ ਗੱਲ ਤੇ ਬੜਾ ਅੜਾਗਾਂ।

ਕਿਸੇ ਮੋਨੇ ਨੂੰ ਕੇਸਾਧਾਰੀ ਸਿੱਖਾਂ ਦੇ ਵਿਚ ਸਮਝਣ ਦੇ ਅਰਥ ਇਹ ਹਨ ਕਿ ਸਾਡੇ ਗੁਰੂ ਗੋਬਿੰਦ ਸਿੰਘ ਜੀ ਦੇ ਦਸੇ ਹੋਏ ਅਸੂਲਾਂ ਤੋਂ ਵਿਰੁੱਧ ਚਲਣਾ ਅਰ ਦੂਸਰਿਆਂ ਦੇ ਵਾਸਤੇ (ਜਿਹੜੇ ਕਿ ਮੋਨੇ ਹਨ) ਸਿੱਖਾਂ ਦੇ ਮੈਦਾਨ ਦਾ ਦਰਵਾਜ਼ਾ ਖੋਲ ਦੇਣਾ ਹੈ, ਅਰ ਇਸ ਦਾ ਸਿੱਟਾ ਅਖ਼ੀਰ ਵਿਚ ਬਹੁਤ ਖ਼ਰਾਬ ਹੋਵੇਗਾ।

ਮੈਂ ਇਹ ਵੀ ਇਕ ਹੋਰ ਵੱਧ ਗਲ ਲਿਖਣੀ ਚਾਹੁੰਦਾ ਹਾਂ, ਕਿ ਜਦੋਂ ਕਿ ਹਰੇ ਉਮੀਦਵਾਰ ਅਰ ਛਾਂਟਨ ਵਾਲਿਆ ਦੀ ਛਾਨ ਬੀਨ ਕੀਤੀ ਜਾਂਦੀ ਹੈ, ਤੇ ਫੇਰ ਕਿਉਂ ਨਾ ਉਹ ਸਿੱਖ ਹੈ, ਆਪਣੇ ਦਾਅਵੇ ਕਰਨ ਤੋਂ ਪਹਿਲਾਂ ਇਹ ਸਾਬਤ ਕਰ ਕੇ ਉਹ ਸਿੱਖ ਹੈ? ਕੇਵਲ ਇਹ ਹੀ ਕਿ ਉਹ ਸਿੱਖ ਹੈ, ਕੋਈ ਭੀ ਦਾਅਵਾ ਨਹੀਂ ਕਰ ਸਕਦਾ ਕਿ ਉਹ ਸਿੱਖ ਹੈ ਅਤੇ ਜੇਕਰ ਇਸ ਤਰ੍ਹਾਂ ਹੋ ਸਕਦਾ ਹੈ, ਤਾਂ ਫੇਰ ਕਿਉਂ ਉਨ੍ਹਾਂ ਉਮੀਦਵਾਰਾਂ ਦੀ ਛਾਨਬੀਨ ਕੀਤੀ ਜਾਂਦੀ ਹੈ, ਜਿਹੜੇ ਕਹਿੰਦੇ ਹਨ, ਕਿ ਅਸੀਂ ਸਭ ਲੋੜਵੰਦ ਲਿਆਕਤਾਂ ਪ੍ਰਾਪਤ ਕਰ ਚੁੱਕੇ ਹਾਂ ਅਰ ਸਭ ਕੁਝ ਸਾਡੇ ਹੱਥਾਂ ਦੀਆਂ ਉਂਗਲੀਆਂ ਦੇ ਨੌਹੁਆਂ ਵਿਚ ਹਨ। ਜੋ ਕਿ ਪੁਰਸ਼ ਇਹ ਕਹੇ ਕਿ ਉਹ ਸਿੱਖ ਹੈ, ਪਹਿਲੋਂ ਇਹ ਸਾਬਤ ਕਰੇ ਕਿ ਠੀਕ ਉਹ ਇਸੇ ਤਰ੍ਹਾਂ ਦਾ ਹੈ। ਅਰ ਉਹ ਦਸਾਂ ਗੁਰੂਆਂ ਸਹਿਤ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੈ।

ਅਕਾਲੀ ਲਾਹੌਰ, ੨੨ ਜੁਲਾਈ ੧੯੨੦

ਸਿੱਖ ਕੌਣ ਹੈ ?

ਮਾਮੂਲੀ ਤੋਂ ਮਾਮੂਲੀ ਸਮਝ ਵਾਲਾ ਆਦਮੀ ਵੀ ਹਜ਼ਾਰਾਂ ਹਿੰਦੂ ਮੁਸਲਮਾਨਾਂ ਵਿੱਚੋਂ ਇਕ ਸਿੱਖ ਨੂੰ ਝਟ-ਪਟ ਪਹਿਚਾਣ ਸਕਦਾ ਹੈ। ਪਰ ਸ਼ੋਕ ਹੈ ਕਿ ਸਰਕਾਰ ਨਹੀਂ ਪਹਿਚਾਣ ਸਕਦੀ। ਸਿੱਖਾਂ ਦੇ ਭਿੰਨੋਂ ਭਿੰਨ ਜਥਿਆਂ ਨੇ ਅਤੇ ਨਰਮ ਗਰਮ ਆਦਿਕ ਸਾਰੀਆਂ ਅਖ਼ਬਾਰਾਂ ਨੇ ਇਕੋ ਜ਼ਬਾਨ ਹੋ ਕੇ ਬੜੇ ਜ਼ੋਰ ਨਾਲ ਆਖ ਦਿੱਤਾ ਹੈ ਕਿ ਸਿੱਖ ਦੀ ਇਹ ਤਾਰੀਫ ਗ਼ਲਤ ਹੈ, ਪਰੰਤੂ ਸਾਨੂੰ ਸਮਝ ਵਿਚ ਨਹੀਂ ਆਉਂਦਾ ਕਿ ਸਰਕਾਰ ਜਾਣ ਬੁਝ ਕੇ ਕਿਉਂ ਸਿੱਖਾਂ ਨੂੰ ਖ਼ਾਹਮੁਖ਼ਾਹ ਤੰਗ ਕਰ ਰਹੀ ਹੈ। ਹੁਣ ਲੋੜ ਹੈ ਕਿ ਸਰਕਾਰ ਛੇਤੀ ਹੀ ਇਸ ਤਾਰੀਫ਼ ਵਿਚ 'ਕੇਸਾਧਾਰੀ' ਦੀ ਸ਼ਰਤ ਕਰ ਦੇਵੇ ਨਹੀ ਤਾਂ ਅਸੀਂ ਸਮਝਾਂਗੇ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਅਸੂਲਾਂ ਦਖ਼ਲ ਦੇ ਰਹੀ ਹੈ।

ਅਕਾਲੀ ਲਾਹੌਰ, ੨੨ ਜੁਲਾਈ-੧੯੨੦

ਧਾਰਮਿਕ ਜਥੇ ਦੀ ਲੋੜ

(ਇਹ ਸਿੱਖ ਗ੍ਰੈਜੂਏਟ ਦੀ ਕਲਮ ਤੋਂ)

੧੫ ਜੁਲਾਈ ਦੇ ਅਕਾਲੀ ਵਿਚ ਇਕ ਸਿੱਖ ਗ੍ਰੈਜੂਏਟ ਵੱਲੋਂ ਚਿੱਠੀ ਪੜ੍ਹੀ ਜਿਸ ਵਿਚ ਉਨ੍ਹਾਂ ਨੇ ਇਕ ਸ਼੍ਰੋਮਣੀ ਜਥੇ ਦੇ ਬਨਾਣੇ ਲਈ ਪ੍ਰੇਰਨਾ ਕੀਤੀ ਹੈ। ਮੇਰੀ ਸਮਝ ਵਿਚ ਖਾਲਸਾ ਦੀਵਾਨ ਦੇ ਮਨੋਰਥਾਂ ਵਾਲਾ ਦੀਵਾਨ ਬਨਾਣ ਦੀ ਹੁਣ ਕੋਈ ਲੋੜ ਨਹੀਂ। ਕਿਉਂਕਿ ਉਹ ਮਨੋਰਥ ਬਹੁਤ ਵਿਸਥਾਰ ਵਾਲੇ ਹਨ। ਉਨ੍ਹਾਂ ਵਿਚ ਪੰਥ ਦੀ ਧਾਰਮਿਕ, ਵਿੱਦਿਅਕ, ਪੋਲੀਟੀਕਲ, ਸੋਸ਼ਲ ਆਦਿ ਸਾਰੀਆਂ ਲੋੜਾਂ ਦਾ ਧਿਆਨ ਰੱਖਿਆ ਹੋਇਆ ਹੈ। ਇਸ ਤਰ੍ਹਾਂ ਦੇ ਮਨੋਰਥਾਂ ਵਾਲੇ ਦੀਵਾਨ ਦੀ ਪੰਥ ਦੇ ਕੌਮੀ ਜੀਵਨ ਲਈ ਸ਼ੁਰੂ-ਸ਼ੁਰੂ ਵਿਚ ਹੀ ਲੋੜ ਹੋਇਆ ਕਰਦੀ ਹੈ, ਜਦ ਕਿ ਉਪਰ ਦੱਸੇ ਕੰਮ ਬਹੁਤ ਵਧੇ ਹੋਏ ਨਹੀਂ ਹੁੰਦੇ। ਪਰੰਤੂ ਹੁਣ ਇਹ ਕੰਮ ਇਤਨੇ ਵਧ ਗਏ ਹਨ, ਕਿ ਇਕ ਦੀਵਾਨ ਕੋਲੋਂ ਇਨ੍ਹਾਂ ਸਾਰੀਆਂ ਦੀ ਸੰਭਾਲ ਕਰਨੀ ਅਸੰਭਵ ਹੈ। ਇਸ ਔਕੜ ਨੂੰ ਸਮੇਂ ਨੇ ਬਹੁਤ ਸਾਰਾ ਹਲ ਕਰ ਦਿੱਤਾ ਹੈ। ਪੁਲੀਟੀਕਲ ਕੰਮਾਂ ਲਈ ਸਿੱਖ ਲੀਗ ਬਣ ਗਈ ਹੈ, ਅਤੇ ਇਹ ਕੰਮ ਕਿਸੇ ਹੋਈ ਜਥੇ ਦੇ ਮਨੋਰਥਾਂ ਵਿਚ ਨਹੀਂ ਹੋਣਾ ਚਾਹੀਦਾ। ਨਹੀਂ ਤਾਂ ਕੰਮਾਂ ਦਾ ਟਾਕਰਾ ਹੋਣ ਕਰ ਕੇ ਈਰਖਾ, ਫੁਟ ਅਤੇ ਕਮਜ਼ੋਰੀ ਵਧੇਗੀ। ਇਸ ਲਈ ਪੁਲੀਟੀਕਲ ਮਨੋਰਥਾਂ ਲਈ ਲੀਗ ਨੂੰ ਵੀ ਸ਼੍ਰੋਮਣੀ ਜਥਾ ਰਹਿਣ ਦਿਉ। ਵਿੱਦਿਅਕ ਕੰਮਾਂ ਲਈ ਐਜੂਕੇਸ਼ਨਲ ਕਮੇਟੀ ਬਣੀ ਹੋਈ ਹੈ। ਅਤੇ ਵਿੱਦਿਅਕ ਮਨੋਰਥਾਂ ਦੀ ਸਿਧੀ ਲਈ ਇਸੇ ਨੂੰ ਸ਼੍ਰੋਮਣੀ ਜਥਾ ਬਣਾਨਾ ਚਾਹੀਦਾ ਹੈ ਅਤੇ ਇਸੇ ਦੇ ਹੱਥ ਕਾਨਫ੍ਰੰਸ ਅਤੇ ਆਸ਼ਰਮਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਹਾਂ, ਧਾਰਮਿਕ ਅਤੇ ਸੋਸ਼ਲ ਕੰਮਾਂ ਲਈ ਇਸ ਮਨੋਰਥ ਨੂੰ ਚੀਫ਼ ਖਾਲਸਾ ਦੀਵਾਨ ਚੰਗੀ ਤਰ੍ਹਾਂ ਪੂਰਾ ਕਰ ਸਕਦਾ ਹੈ। ਪਰ ਇਸ ਲਈ ਲੋੜ ਇਸ ਗੱਲ ਦੀ ਹੈ ਕਿ ਸਿੰਘ ਸਭਾਵਾਂ ਥਾਉਂ ਥਾਈਂ ਤਕੜੀਆਂ ਹੋਣ ਅਤੇ ਆਪਣੇ ਪ੍ਰਤੀਨਿਧਾਂ ਨੂੰ ਦੀਵਾਨ ਵਿਚ ਭੇਜਣ। ਅਤੇ ਉਧਰੋਂ ਦੀਵਾਨ ਭੀ ਪੁਲੀਟੀਕਲ ਅਤੇ ਵਿੱਦਿਅਕ ਮਨੋਰਥ ਛੱਡ ਕੇ ਆਪਣੇ ਆਪ ਨੂੰ ਧਾਰਮਿਕ ਦੀਵਾਨ ਹੀ ਸਮਝੇ ਅਤੇ ਸਿੰਘ ਸਭਾਵਾਂ ਦਾ ਹੀ ਸ਼੍ਰੋਮਣੀ ਜਥਾ ਬਣੇ।

ਸਿੰਘ ਸਭਾਵਾਂ ਅੱਜ-ਕਲ੍ਹ ਬਹੁਤ ਕਮਜ਼ੋਰ ਹਨ, ਜਿਸ ਦਾ ਕਾਰਨ ਇਹ ਹੈ ਕਿ ਪੰਥ ਦੇ ਕਰੀਬਨ ਸਾਰੇ ਦੇ ਸਾਰੇ ਸਿਆਣੇ ਤੇ ਉੱਘੇ ਸੱਜਣ ਵਿੱਦਿਅਕ ਅਤੇ ਪੁਲੀਟੀਕਲ ਕੰਮਾਂ ਵਿਚ ਜੁੜੇ ਹੋਏ ਹਨ, ਅਤੇ ਉਨ੍ਹਾਂ ਵਿੱਚੋਂ ਬਹੁਤ ਥੋੜ੍ਹੇ ਹੀ ਸਿੰਘ ਸਭਾਵਾਂ ਵਿਚ ਹੋ ਕੇ ਕੰਮ ਕਰਨਾ ਚਾਹੁੰਦੇ ਹਨ। ਦੂਜਾ ਕਾਰਨ ਇਹ ਹੈ ਕਿ ਸਿੰਘ ਸਭਾਵਾਂ ਦਾ ਕੋਈ ਪ੍ਰਤੀਨਿਧ ਜਥਾ ਨਹੀਂ ਹੈ। ਸਿੰਘ ਸਭਾਵਾਂ ਚੀਫ਼ ਖਾਲਸਾ ਦੀਵਾਨ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੀਆਂ। ਉਨ੍ਹਾਂ ਦੇ ਕੋਈ ਮੈਂਬਰ ਦੀਵਾਨ ਵਿਚ ਨਹੀਂ ਆਉਂਦੇ ਅਤੇ ਨਾ ਹੀ ਦੀਵਾਨ ਉਨ੍ਹਾਂ ਦੇ ਕੰਮ ਵਿਚ ਕੋਈ ਦਿਲਚਸਪੀ ਦੱਸਦਾ ਹੈ। ਦੋਹਾਂ ਧਿਰਾਂ ਨੇ ਇਕ ਦੂਜੇ ਨੂੰ ਛੱਡਿਆ ਹੋਇਆ ਹੈ।

ਇਸ ਲਈ ਪੰਥ ਦੇ ਮੁਖੀ ਸੱਜਣਾਂ ਦਾ ਇਕ ਮੇਲ ਹੋਣਾ ਚਾਹੀਦਾ ਹੈ। ਜਿਸ ਵਿਚ ਦੀਵਾਨ ਦੇ ਮੁਖੀ ਸੱਜਣ ਭੀ ਬੁਲਾਏ ਜਾਣੇ। ਸਭ ਨੂੰ ਰਲ ਮਿਲ ਕੇ ਸਾਰੀ ਹਾਲਤ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਜੇ ਇਸ ਮਨੋਰਥ ਨੂੰ ਚੀਫ਼ ਖਾਲਸਾ ਦੀਵਾਨ ਪੂਰਾ ਕਰਨਾ ਚਾਹੇ ਤਾਂ ਰੂਲਾਂ ਵਿਚ ਯੋਗ ਤਬਦੀਲੀ ਕਰ ਦਿੱਤੀ ਜਾਵੇ। ਨਹੀਂ ਤਾਂ ਸਿੰਘ ਸਭਾਵਾਂ ਆਪਣਾ ਧਾਰਮਿਕ ਜਥਾ ਬਣਾ ਲੈਣ।

ਅਕਾਲੀ ਲਾਹੌਰ, ੨੩ ਜੁਲਾਈ ੧੯੨੦

ਸਾਡੀ ਕੌਮੀ ਜਥੇਬੰਦੀ

ਅਫਗਾਨ ਡੈਲੀਗੇਟ ਦੀਵਾਨ ਨਿਰੰਜਨ ਦਾਸ ਜੀ ਦੇ ਹਰਦਵਾਰ ਵਾਲੇ ਵਖਿਆਨ ਤੇ ਵਿਚਾਰ ਕਰਦਾ ਹੋਇਆ ਸਾਡਾ ਸਮਕਾਲੀ 'ਖਾਲਸਾ ਸਮਾਚਾਰ' ਜਥੇਬੰਦੀ ਕਰਨ ਲਈ ਜੋਰ ਨਾਲ ਲਿਖਦਾ ਹੈ ਕਿ "ਖਾਲਸਾ ਜੀ ਜੇ ਕਦੀ ਆਪ ਵੀ ਜਥੇਬੰਦ ਹੋ ਕੇ ਇਕ ਹੋ ਜਾਓ ਤਾਂ ਆਪ ਦਾ ਸਤਾਰਾ ਵੀ ਚਮਕ ਸਕਦਾ ਹੈ"।

ਅਸੀਂ 'ਖਾਲਸਾ ਸਮਾਚਾਰ' ਨਾਲ ਕਦੀ ਘਟ ਵਧ ਹੀ ਸੰਮਤੀ ਰੱਖਦੇ ਹਾਂ ਪ੍ਰੰਤੂ ਅੱਜ ਅਸੀਂ 'ਖਾਲਸਾ ਸਮਾਚਾਰ'

ਦੇ ਜਥੇਬੰਦੀ ਕਰਨ ਦੇ ਸਦੇ ਨੂੰ ਸਚੇ ਦਿਲ ਨਾਲ ਜੀ ਆਇਆ ਨੂੰ ਆਖਦੇ ਹਾਂ, ਪ੍ਰੰਤੂ ਜੇ ਜਥੇਬੰਦੀ ਤੋਂ ਮਤਲਬ ਚੀਫ਼ ਖਾਲਸਾ ਦੀਵਾਨ ਦੀ ਤ੍ਰਿਕੁਟੀ ਦੀ ਮਰਜ਼ੀ ਅਨੁਸਾਰ ਨਿਯਤ ਕੀਤੇ ਹੋਏ ਪੰਥ ਦੇ ਰਈਸ, ਪ੍ਰਤਿਸ਼ਠਿਤ ਅਤੇ ਪਤਵੰਤੇ ਸਜਣਾਂ ਦੀ ਜਥੇਬੰਦੀ ਹੈ, ਤਾਂ ਸਾਨੂੰ ਇਹੋ ਜਿਹੀ ਜਥੇਬੰਦੀ ਤੋਂ ਨਜ਼ਰਬੰਦੀ ਹੀ ਚੰਗੀ ਹੈ, ਕਿਉਂਕਿ ਇਸ ਹਾਲਤ ਵਿਚ ਪਤਵੰਤੇ ਸੱਜਣਾਂ ਨੂੰ ਚੌਧਰੀ ਬਣ ਕੇ ਕੌਮ ਦਾ ਘਾਤ ਕਰਨ ਦਾ ਸਮਾਂ ਤਾਂ ਨਹੀਂ ਮਿਲੇਗਾ। ਹਾਂ ਜੇ 'ਖਾਲਸਾ ਸਮਾਚਾਰ' ਅਤੇ ਚੀਫ਼ ਖਾਲਸਾ ਦੀਵਾਨ ਦੇ ਸੇਵਕਾਂ ਦੇ ਦਿਲਾਂ ਵਿਚ ਠੀਕ ਹੀ ਪੰਥ ਦਾ ਦਰਦ ਹੈ। ਜੇ ਉਨ੍ਹਾਂ ਦੇ ਦਿਲਾਂ ਵਿਚ ਵਾਕਈ ਸਚੀ ਕੌਮੀ ਸੇਵਾ ਦਾ ਉਤਸ਼ਾਹ ਉਛਾਲੇ ਮਾਰ ਰਿਹਾ ਹੈ। ਜੇ ਸਚ ਮੁਚ ਹੀ ਉਹ ਕੌਮ ਦੀ ਨਿਸ਼ਕਾਮ ਸੇਵਾ ਕਰਨੀ ਸਚੇ ਦਿਲ ਨਾਲ ਚਾਹੁੰਦੇ ਹਨ। ਜੇ ਠੀਕ ਉਨ੍ਹਾਂ ਦਾ ਦਿਲ ਸਚੀ ਅਤੇ ਪੱਕੀ ਜਥੇਬੰਦੀ ਲਈ ਲੋਚ ਰਿਹਾ ਹੈ ਤਾਂ ਆਉ ਚੀਫ਼ ਖਾਲਸਾ ਦੀਵਾਨ ਨੂੰ ਸਦ ਮੁਚ ਹੀ ਪੰਥ ਦਾ ਸ਼ਿਰੋਮਣੀ ਅਤੇ ਪ੍ਰਤੀਨਿਧ ਜਥਾ ਬਣਾਈਏ ਆਉ ਇਸ ਦੀ ਬਣਾਵਟ ਨੂੰ ਨਵੇਂ ਸਿਰੇ ਤੋਂ ਘੜ ਕੇ ਖਾਲਸਾ ਪੰਥ ਦੇ ਅਸਲੀ ਅਤੇ ਮੁਢਲੇ ਪ੍ਰਤੀਨਿਧ ਅਸੂਲਾਂ ਨੂੰ ਮੁਖ ਰੱਖਦੇ ਹੋਏ ਇਸ ਨੂੰ ਪੰਥ ਦਾ ਸਚਾ ਵਕੀਲ ਬਣਾਈਏ। ਸਾਡੀ ਜਾਚੇ ਸਾਰਾ ਪੰਥ ਇਸ ਗੱਲ ਤੇ ਵਿਚਾਰ ਕਰਨ ਨੂੰ ਇਸ ਵੇਲੇ ਤਿਆਰ ਹੈ। ਚੰਗਾ ਹੋਵੇ ਕਿ ਚੀਫ਼ ਖਾਲਸਾ ਦੀਵਾਨ ਵੀ ਇਸ ਸਬੰਧੀ ਛੇਤੀ ਹੀ ਐਲਾਨ ਕਰੇ ਤਾਂ ਫੇਰ ਸਾਰੇ ਪੰਥ ਦੀ ਇਕ ਚੌਣਵੀਂ ਸਬ ਕਮੇਟੀ ਬਣਾਕੇ ਜਥੇਬੰਦੀ ਬਣਾਉਣ ਲਈ ਵਿਚਾਰ ਕੀਤੀ ਜਾਵੇ ਅਤੇ ਜੋ ਜੋ ਅਦਲਾ ਬਦਲੀਆਂ ਚੀਫ਼ ਖਾਲਸਾ ਦੀਵਾਨ ਦੀ ਬਣਾਵਟ ਵਿਚ ਕੀਤੀਆਂ ਜਾਣ ਉਹ ਸਾਰੇ ਪੰਥ ਨੂੰ ਮੰਨਣੀਆਂ ਪੈਣਗੀਆਂ। ਸਾਨੂੰ ਹੈਰਾਨੀ ਹੈ ਕਿ ਅੱਜ ਕਲ੍ਹ ਦੇ ਕੌਮੀ ਜਾਗ ਦੇ ਸਮੇਂ ਵਿਚ ਸਾਰੇ ਸੰਸਾਰ ਦੀਆਂ ਬਾਦਸ਼ਾਹੀਆਂ ਦੀਆਂ ਬਣਾਵਟਾਂ ਲੋਕਾਂ ਦੀ ਇੱਛਾ ਅਨੁਸਾਰ ਬਦਲੀਆਂ ਜਾ ਰਹੀਆਂ ਹਨ ਤਾਂ ਕੀ ਕਾਰਨ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਦਾਇਰਾ ਇਤਨਾ ਤੰਗ ਰੱਖਿਆ ਜਾ ਰਿਹਾ ਹੈ। ਯਾਦ ਰਹੇ ਸਾਨੂੰ ਚੀਫ਼ ਖਾਲਸਾ ਦੀਵਾਨ ਦੇ ਲਫ਼ਜ਼ਾਂ ਨਾਲ, ਮੇਜ਼ ਕੁਰਸੀਆਂ ਨਾਲ, ਯਾ ਮਕਾਨਾਂ ਨਾਲ ਵਿਰੋਧਤਾ ਨਹੀਂ। ਸਾਨੂੰ ਕੇਵਲ ਵਿਰੋਧਤਾ ਚੀਫ਼ ਖਾਲਸਾ ਦੀਵਾਨ ਦੀ ਬਣਾਵਟ ਨਾਲ ਹੈ। ਕਿਉਂਕਿ ਇਹ ਅਸਲੀ ਖਾਲਸਾ ਧਰਮ ਦੇ ਅਸੂਲਾਂ ਅਨੁਸਾਰ ਨਹੀਂ। ਇਸ ਦੀ ਬਣਾਵਟ ਸਾਰੇ ਪੰਥ ਦੀ ਮਰਜ਼ੀ ਅਨੁਸਾਰ ਹੋਣੀ ਚਾਹੀਦੀ ਹੈ। ਖਾਲਸਾ ਜੀ ਜੇ ਅਸੀਂ ਸਚੇ ਦਿਲ ਨਾਲ ਗੁਰੂ ਪੰਥ ਦੀ ਪਰ ਸੁਵਾਰਥੀ ਹੋ ਕੇ ਸੇਵਾ ਹੀ ਕਰਨੀ ਹੈ ਤਾਂ ਫੇਰ ਝਗੜਾ ਕਿਸ ਗੱਲ ਦਾ ਹੈ ਆਉ ਸਾਰੇ ਪੰਥ ਦੀ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਵਿਛੜੇ ਹੋਏ ਵੀਰ ਮਿਲਕੇ ਛਾਤੀਆਂ ਵਿਚ ਠੰਡ ਪਾਈਏ। ਲੋੜ ਕੇਵਲ ਦਿਲ ਦੀ ਸਫ਼ਾਈ ਦੀ ਹੈ। ਜੇ ਇਹ ਗੱਲ ਨਹੀਂ ਤਾਂ ਅਸੀਂ ਸਮਝਾਂਗੇ ਕਿ 'ਖਾਲਸਾ ਸਮਾਚਾਰ' ਦੀ ਜਥੇਬੰਦੀ ਲਈ ਸਾਰੀ ਕੌਮ ਨੂੰ ਅਪੀਲ ਥੋਥੀ ਅਤੇ ਫੋਕੀ ਹੈ। ਇਹ ਐਵੇਂ ਜਥੇਬੰਦੀ ਦਾ ਨਾਮ ਲੈ ਕੇ ਕੌਮੀ ਸੇਵਾ ਨੂੰ ਮਖੌਲ ਕੀਤਾ ਜਾ ਰਿਹਾ ਹੈ। ਅਸੀਂ ਚੀਫ਼ ਖਾਲਸਾ ਦੀਵਾਨ ਅਤੇ 'ਖਾਲਸਾ ਸਮਾਚਾਰ' ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਦੇ ਹਾਂ ਕਿ ਉਹ ਛੇਤੀ ਹੀ ਇਸ ਸਬੰਧੀ ਆਪਣੀ ਰਾਇ ਪ੍ਰਗਟ ਕਰਕੇ ਜਥੇਬੰਦੀ ਦੀ ਵਿਚਾਰ ਕਰਨ ਲਈ ਮੈਦਾਨ ਵਿਚ ਆਉਣ।

ਅਕਾਲੀ ਲਾਹੌਰ, ੨੪ ਜੁਲਾਈ ੧੯੨੦

ਗੁਰਦੁਆਰਾ ਰਕਾਬ ਗੰਜ

ਸੰਨ ੧੯੧੩ ਵਿਚ ਗੌਵਰਮੈਂਟ ਹਿੰਦ ਨੇ ਚੀਫ਼ ਖਾਲਸਾ ਦੀਵਾਨ, ਪੰਥ ਦੇ ਸ਼੍ਰੋਮਣੀ ਜਥੇ, ਦੀ ਸਲਾਹ ਨਾਲ ਨਵੀਂ ਦਿੱਲੀ ਦੇ ਮਕਾਨ ਬਣਾਉਣ ਦੀ ਸਕੀਮ ਅਨੁਸਾਰ ਗੁਰਦੁਆਰਾ ਰਕਾਬ ਗੰਜ ਦੀ ਬਾਹਰ ਦੀ ਵਡੀ ਕੰਧ ਨੂੰ ਢਾਹ ਦੇਣ ਅਤੇ ਯਾਤਰੀਆਂ ਉੱਤੇ ਕਈ ਪ੍ਰਕਾਰ ਦੀਆਂ ਰੋਕਾਂ ਲਾਉਣ ਦਾ ਫ਼ੈਸਲਾ ਕਰ ਕੇ ਕ੍ਰੋਧ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ ਸੀ। ਪਰੰਤੂ ਜਦੋਂ ਸਿੱਖ ਪੰਥ ਨੂੰ ਇਸ ਕਰਤੂਤ ਦਾ ਪਤਾ ਲੱਗਾ ਤਾਂ ਪੰਥ ਦੇ ਸਾਰੇ ਜਥਿਆਂ ਵਿਚ ਜ਼ਬਰਦਸਤ ਐਜੀਟੇਸ਼ਨ ਹੋਈ। ਇਥੋਂ ਤਾਈਂ ਕਿ ਜੇ ਕਰ ਗੌਵਰਨਮੈਂਟ ਨੇ ਸਿੱਖਾਂ ਦੇ ਦਰਦ ਭਰੇ ਚੀਖ ਚੰਗਾੜੇ ਨੂੰ ਨਾ ਸੁਣਿਆ ਅਤੇ ਉਨ੍ਹਾਂ ਦੀਆਂ ਮੰਗਾਂ ਅਨੁਸਾਰ ਫ਼ੈਸਲਾ ਨਾ ਹੋਇਆ ਤਾਂ 'ਚੁਪ ਟਾਕਰੇ' ਦੀਆਂ

ਤਿਆਰੀਆਂ ਵੀ ਸ਼ੁਰੂ ਹੋ ਗਈਆਂ ਸਨ। ਪਰੰਤੂ ਅਗਸਤ ਸੰਨ ੧੯੧੪ ਵਿਚ ਜੰਗ ਯੂਰਪ ਸ਼ੁਰੂ ਹੋ ਗਿਆ। ਸਰਕਾਰ ਦੇ ਕਹਿਣ ਤੇ ਸਿੱਖਾਂ ਨੇ ਇਸ ਗੱਲ ਨੂੰ ਉਚਿਤ ਨਾ ਸਮਝਿਆ ਕਿ ਜਦੋਂ ਸਰਕਾਰ ਅੰਗ੍ਰੇਜ਼ੀ ਇਕ ਪਾਸੇ ਘੋਰ ਯੁੱਧ ਵਿਚ ਜੁਟੀ ਹੋਈ ਹੈ ਅਤੇ ਦੂਜੇ ਪਾਸੇ ਸਿੱਖ ਉਸ ਨੂੰ ਇਕ ਘਰੋਗੀ ਮਾਮਲੇ ਲਈ ਤੰਗ ਕਰਨ। ਇਸ ਗੱਲ ਨੂੰ ਮੁਖ ਰੱਖ ਕੇ ਸਿੱਖ ਸਾਰੀ ਐਜੀਟੇਸ਼ਨ ਬੰਦ ਕਰ ਕੇ ਸਰਕਾਰ ਦੀ ਸਹਾਇਤਾ ਵਿਚ ਜੁਟ ਪਏ। ਖ਼ਿਆਲ ਇਹ ਸੀ ਕਿ ਹੁਣ ਗਵਰਮੈਂਟ ਐਸੀ ਅਯੋਗ ਕਾਰਵਾਈ ਨਹੀਂ ਕਰੇਗੀ। ਪਹਿਲਾਂ ਸਰਕਾਰ ਨੂੰ ਸ਼੍ਰੋਮਣੀ ਜਥੇ ਦੀ ਕੁ ਸਲਾਹ ਨੇ ਧੋਖਾ ਦੇ ਦਿੱਤਾ ਸੀ। ਪਰੰਤੂ ਸਾਨੂੰ ਸ਼ੋਕ ਹੈ ਕਿ ਸਰਕਾਰ ਨੇ ਅਜੇ ਤਾਈਂ ਸਿੱਖਾਂ ਵਰਗੀ ਬੀਬੀ ਕੌਮ ਨੂੰ ਇਸ ਅਤੀ ਦੁਖਦਾਈ ਸਵਾਲ ਸਬੰਧੀ ਕੱਖ ਨਹੀਂ ਦੱਸਿਆ ਕਿ ਸਰਕਾਰ ਦਾ ਹੁਣ ਕੀ ਇਰਾਦਾ ਹੈ।

ਇਸ ਵਾਸਤੇ ਅਸਾਂ ਨੇ ਚੀਫ਼ ਕਮਿਸ਼ਨਰ ਦਿਲੀ ਵੀ ਸੇਵਾ ਵਿਚ ਇਕ ਚਿੱਠੀ ਲਿਖ ਭੇਜੀ ਹੈ ਕਿ ਉਹ ਕ੍ਰਿਪਾ ਕਰ ਕੇ ਗੁਰਦੁਆਰੇ ਸਬੰਧੀ ਛੇਤੀ ਹੀ ਸਾਫ਼-ਸਾਫ਼ ਦੱਸਣ ਕਿ ਹੁਣ ਗੁਰਦੁਆਰੇ ਦਾ ਕੀ ਹਾਲ ਹੈ। ਅਸੀਂ ਨਾਲ ਹੀ ਗੁਰਦੁਆਰੇ ਦੇ ਮਹੰਤ ਸਾਹਿਬ ਜੀ ਅਤੇ ਹੋਰ ਦਿੱਲੀ ਨਿਵਾਸੀ ਸੱਜਣਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਉਹ ਇਸ ਮਾਮਲੇ ਦੇ ਅਸਲੀ-ਅਸਲੀ ਹਾਲ ਦੱਸ ਦੇ ਵਧੇਰੇ ਚਾਨਣਾ ਪਾਣ। ਅਸੀਂ ਚੀਫ਼ ਕਮਿਸ਼ਨਰ ਸਾਹਿਬ ਜੀ ਦਾ ਧਿਆਨ ਹੇਠ ਲਿਖੇ ਸਵਾਲਾਂ ਵਲ ਖਾਸ ਕਰ ਕੇ ਦਿਵਾਇਆ ਹੈ।

੧. ਗੁਰਦੁਆਰਾ ਰਕਾਬ ਗੰਜ ਦੀ ਹੁਣ ਕੀ ਹਾਲਤ ਹੈ? ਕੰਧ ਢਠੀ ਪਈ ਹੈ ਕਿ ਫੇਰ ਨਵੇਂ ਸਿਰੇ ਬਣਾਈ ਗਈ ਹੈ? ਜੇ ਨਹੀਂ ਬਣਾਈ ਤਾਂ ਕੀ ਸਰਕਾਰ ਦਾ ਇਸ ਵਿਚ ਹੱਥ ਹੈ ਕਿ ਨਹੀਂ?

੨. ਕੀ ਹੁਣ ਯਾਤਰੀਆਂ ਤੇ ਕੋਈ ਰੋਕਾਂ ਲਾਈਆਂ ਜਾਂਦੀਆਂ ਹਨ? ਜੇ ਇਸ ਦਾ ਉਤਰ 'ਹਾਂ' ਵਿਚ ਹੈ ਤਾਂ ਕਿਹੜੀਆਂ ਕਿਹੜੀਆਂ?

੩. ਜੇ ਅਜੇ ਤਾਈਂ ਸਰਕਾਰ ਨੇ ਕੋਈ ਫ਼ੈਸਲਾ ਨਹੀਂ ਕੀਤਾ ਤਾਂ ਸਰਕਾਰ ਇਸ ਸਬੰਧ ਕੀ ਅਤੇ ਕਦੋਂ ਫ਼ੈਸਲਾ ਕਰੇਗੀ? ਅਸੀਂ ਸਰਕਾਰ ਨੂੰ ਬੜੇ ਜ਼ੋਰ ਨਾਲ ਚੇਤੇ ਕਰਾਉਣਾ ਚਾਹੁੰਦੇ ਹਾਂ ਪਰੰਤੂ ਨਿਮ੍ਰਤਾ ਨਾਲ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਹੁਣ ਸਿੱਖ ਕੌਮ ਅਗੇ ਨੂੰ ਇਹ ਬੇਇਜ਼ਤੀ ਕਦੇ ਨਹੀਂ ਸਹਾਰ ਸਕਦੀ ਕਿ ਸਿੱਖਾਂ ਦੇ ਧਾਰਮਿਕ ਸਥਾਨਾਂ ਵਿਚ ਗਵਰਮੈਂਟ ਖ਼ਾਹਮੁਖ਼ਾਹ ਦਖ਼ਲ ਦੇਵੇ। ਕੀ ਸਰਕਾਰ ਨੂੰ ਪਤਾ ਨਹੀਂ ਕਿ ਅੰਗ੍ਰੇਜ਼ੀ ਰਾਜ ਦਾ ਇਹ ਇਕ ਵੱਡਾ ਅਸੂਲ ਹੈ ਕਿ ਦੱਸਿਆ ਜਾਂਦਾ ਕਿਸੇ ਦੇ ਧਰਮ ਵਿਚ ਦਖ਼ਲ ਨਾ ਦਿੱਤਾ ਜਾਵੇ। ਸਾਨੂੰ ਆਸ਼ਾ ਹੈ ਕਿ ਸਰਕਾਰ ਛੇਤੀ ਹੀ ਇਸ ਸਬੰਧੀ ਕੋਈ ਸਪਸ਼ਟ ਐਲਾਨ ਕਰ ਦੇਵੇਗੀ ਤਾਂ ਜੋ ਸਿੱਖਾਂ ਵਿਚ ਬੈਚੇਨੀ ਨਾ ਫ਼ੈਲੇ।

ਖਾਲਸਾ ਜੀ ਦੇ ਅਵਾਜ਼ੇ

ਪਿੰਡਾਂ-ਪਿੰਡਾਂ ਸ਼ਹਿਰਾਂ ਗੱਲ ਕੀ ਦੇਸ਼ ਦੇ ਦੂਰ ਦੁਰਾਡੇ ਨੁਕਰਾਂ ਤੋਂ ਵੀ ਜ਼ੋਰਦਾਰ ਆਵਾਜ਼ੇ ਆ ਰਹੇ ਹਨ। ਥਾਂ-ਥਾਂ ਤੋਂ ਖਾਲਸਾ ਜੀ ਵੱਲੋਂ ਗੁਰਮਤੇ ਧੜਾ ਧੜ ਆ ਰਹੇ ਹਨ ਕਿ ਖਾਲਸਾ ਕਾਲਜ, ਜਿਸ ਤੇ ਗਰੀਬ ਸਿੱਖਾਂ ਦੀ ਦਸਾਂ ਨਹੁੰਆਂ ਦੀ ਕਮਾਈ ਲੱਗੀ ਹੋਈ ਹੈ, ਸਿੱਖਾਂ ਦੇ ਆਪਣੇ ਹੱਥਾਂ ਵਿਚ ਦਿੱਤਾ ਜਾਵੇ। ਸ਼ਾਹੀ ਐਲਾਨ ਹੋਏ ਨੂੰ ਅਜੇ ਸਤ ਮਹੀਨੇ ਹੋ ਗਏ ਪਰ ਰਾਜਸੀ ਕੈਦੀ ਅਜੇ ਤੀਕ ਅੰਡੇਮਾਨ (ਕਾਲੇਪਾਣੀ) ਦੀਆਂ ਜੇਲ੍ਹਾਂ ਵਿਚ ਤੜਫ ਰਹੇ ਹਨ। ਪਰੰਤੂ ਸਰਕਾਰ ਨੇ ਇਕੋ ਚੁੱਪ ਵੱਟੀ ਹੋਈ ਹੈ। ਚੰਗਾ ਹੁੰਦਾ ਜੇ ਸਰਕਾਰ ਦਰਬਾਰ ਸਾਹਿਬ ਜੀ ਦੇ ਨਾਲ ਹੀ ਖਾਲਸਾ ਕਾਲਜ ਅਤੇ ਦੂਜੀਆਂ ਸਿੱਖ ਮੰਗਾਂ ਵਲ ਯੋਗ ਧਿਆਨ ਦਿੰਦੀ ਤਾਂ ਕਿ ਸਿੱਖਾਂ ਵਿਚ ਸ਼ਾਂਤੀ ਹੋ ਜਾਂਦੀ, ਪਰ ਸਾਨੂੰ ਸ਼ੋਕ ਹੈ ਕਿ ਇਨ੍ਹਾਂ ਗੱਲਾਂ ਦੇ ਹੁੰਦਿਆਂ ਹੋਇਆ ਸਿੱਖ ਕੀ ਕੋਈ ਮੁਰਦਾ ਤੋਂ ਮੁਰਦਾ ਕੌਮ ਵੀ ਸ਼ਾਂਤ ਨਹੀਂ ਹੋ ਸਕਦੀ। ਅਸੀਂ ਸ੍ਰੀ ਹਜ਼ੂਰ ਲਾਟ ਸਾਹਿਬ ਸਰ ਐਡਵਰਡ ਮੈਕਲੇਗਨ ਦਾ ਬੜਾ ਧੰਨਵਾਦ ਕਰਦੇ ਹਾਂ ਕਿ ਉਹ ਪੰਜਾਬੀਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਅਸੀਂ ਸੱਚੇ ਦਿਲ ਨਾਲ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਇਸ ਉੱਚ ਆਸ਼ੇ ਵਿਚ ਪੂਰੀ-ਪੂਰੀ ਸਿਧੀ ਹੋਵੇ। ਆਸਾ ਹੈ ਕਿ ਉਹ ਸਿੱਖਾਂ ਦੀਆਂ ਅਤੀ ਜ਼ਰੂਰੀ ਮੰਗਾਂ ਵੱਲ ਯੋਗ ਧਿਆਨ ਦੇਣਗੇ। ਤਾਂ ਜੋ ਸਾਊ ਸਿੱਖਾਂ ਨੂੰ ਵੀ ਜ਼ਬਰਦਸਤ ਐਜੀਟੇਸ਼ਨ ਅਤੇ ਨਾ ਮਿਲਵਰਤਨ ਵਰਗੇ ਵਤੀਰੇ ਉੱਤੇ ਵਿਚਾਰ ਕਰਨ ਦੀ ਲੋੜ ਨਾ ਪਵੇ।

ਅਕਾਲੀ ਲਾਹੌਰ, ੨੮ ਜੁਲਾਈ ੧੯੨੦

ਸਿੱਖ ਕੌਣ ਹੈ !

ਕੀ ਸਰਕਾਰ ਦੀ ਪੁੱਛ ਕਿ 'ਸਿੱਖ ਕੌਣ ਹੈ', ਉਸ ਰਾਮਇਣ ਦੇ ਸਰੋਤੇ ਨਾਲੋਂ ਘੱਟ ਹੈਰਾਨ ਕਰਨ ਵਾਲੀ ਗੱਲ ਹੈ ? ਇਸ ਦਾ ਉੱਤਰ ਕੀ ਦਿੱਤਾ ਜਾਵੇ ? ਅਸੀਂ ਨਿਮਰਤਾ ਨਾਲ ਪੁੱਛਦੇ ਹਾਂ ਕਿ ਪੰਜਾਬ ਦਾ ਰਾਜ ਸਰਕਾਰ ਨੇ ਕਿਸ ਪਾਸੋਂ ਲਿਆ ਸੀ ? ਸੰਨ ੫੭ ਦੇ ਗ਼ਦਰ ਵਿਚ ਅੰਗ੍ਰੇਜ਼ੀ ਰਾਜ ਅਤੇ ਗੋਰੀਆਂ ਦੀ ਪਤ ਦੀ ਰਾਖੀ ਕਿਸ ਕੀਤੀ ਸੀ ? ਜਰਮਨ ਦੇ ਜੰਗ ਵਿਚ ਉਹ ਕਿਹੜੇ ਸ਼ੇਰ ਸਨ ਜਿਨ੍ਹਾਂ ਦੀ ਗਰਜ ਨੇ ਯੂਰਪ ਵਿਚ ਧਾਕ ਪਾ ਦਿੱਤੀ ਹੈ ? ਸੱਚ ਮੁਚ ਇਹ ਕਿੱਡੇ ਅਫ਼ਸੋਸ ਦੀ ਗੱਲ ਹੈ—

ਮਹੀਆਂ ਠਗ ਕੇ ਤੁਧ ਚਰਾ ਲਈਆਂ!
　　ਤੇਰੀ ਖਾਤਰੇ ਜੋਗ ਦਾ ਭੇਸ ਬਣਿਆ,
ਅੱਜ ਅਖੀਆਂ ਤੁਧ ਵਟਾ ਲਈਆਂ!

ਸਾਨੂੰ ਸਮਝ ਨਹੀਂ ਆਈ ਕਿ ਜਦ ਸਰਕਾਰ ਨੂੰ ਭਰਤੀ ਲਈ ਲੋੜ ਪਵੇ, ਜੰਗੀ ਕਰਜ਼ਾ ਲੈਣਾ ਹੋਵੇ, ਉਹ ਝਟ ਸਿੱਖਾਂ ਨੂੰ ਪਛਾਣ ਲਵੇ ਪਰ ਕੌਂਸਲਾਂ ਵਿਚ ਚਾਰ ਸੀਟਾਂ ਦੇਣੀਆਂ ਪਈਆਂ ਤਾਂ ਸਿੱਖ ਦੀ ਪਛਾਣ ਹੀ ਭੁਲ ਗਈ।

ਅਸੀਂ ਲਾਟ ਸਾਹਿਬ ਜੀ ਦੀ ਸੇਵਾ ਵਿਚ ਸਾਫ਼-ਸਾਫ਼ ਪ੍ਰਗਟ ਕਰ ਦੇਂਦੇ ਹਾਂ ਕਿ ਐਡਵਾਇਜ਼ਰੀ ਕਮੇਟੀ ਨੇ ਬਾਵਾ ਗੁਰਬਖਸ਼ ਸਿੰਘ ਬੇਦੀ ਅਤੇ ਸਰਬਰਾਹ ਅਰੂੜ ਸਿੰਘ ਦੀ ਸਲਾਹ ਨਾਲ ਜੋ ਸਿੱਖ ਦੀ ਤਾਰੀਫ਼ ਕੀਤੀ ਹੈ ਇਸ ਨਾਲ ਸਿੱਖਾਂ ਵਿਚ ਡਾਢੀ ਬੈਚੇਨੀ ਫ਼ੈਲੀ ਹੋਈ ਹੈ। ਇਸ ਪਛਾਣ ਨਾਲ ਸਿੱਖਾਂ ਦੇ ਅਧਿਕਾਰ ਹਰਨਾਮੀ ਸ਼ਾਹ ਵਰਗੇ ਪਤਤਾਂ ਦੇ ਹੱਥ ਜਾਣ ਦਾ ਖ਼ਤਰਾ ਹੈ। 'ਕੇਸ' ਸਿੱਖ ਨੂੰ ਜਾਨ ਤੋਂ ਪਿਆਰੇ ਹਨ। ਅਤੇ ਇਹ ਇਕ ਅਜੇਹੀ ਨਿਸ਼ਾਨੀ ਹੈ ਕਿ ਲੱਖਾਂ ਬੰਦਿਆਂ ਵਿਚ ਖੜੋਤਾ ਹੋਇਆ ਇਕੱਲਾ ਸਿੱਖ ਪਛਾਣਿਆ ਜਾਂਦਾ ਹੈ। ਸਿੱਖ ਇਹ ਕਦੀ ਨਹੀਂ ਸਹਾਰ ਸਕਣਗੇ ਕਿ ਜਿਸ ਦੇ ਸਿਰ ਤੇ ਕੇਸ ਭੀ ਨਾ ਹੋਣ ਸਰਕਾਰ ਉਸ ਨੂੰ ਸਿੱਖ ਸਮਝ ਕੇ ਸਿੱਖਾਂ ਦੇ ਅਧਿਕਾਰ ਦੇ ਦੇਵੇ।

ਇਹ ਤਾਂ ਹੋ ਸਕਦਾ ਹੈ ਕਿ ਸਿੱਖ ਆਪਣਾ ਮੈਂਬਰ ਕੇਸਹੀਨ ਨੂੰ ਨਾ ਚੁਣਨ। ਪਰ ਮੈਡੀਕਲ ਸਕੂਲਾਂ, ਟ੍ਰੇਨਿਗ ਕਾਲਜਾਂ ਤੇ ਹੋਰ ਮੈਹਕਮਿਆਂ ਵਿਚ ਇਕ ਕੇਸਹੀਨ ਜਾਂ ਪਤਿਤ ਸਹੁੰ ਖਾ ਕੇ ਆਖ ਦੇਵੇਗਾ ਕਿ ਮੈਂ ਸਿੱਖ ਹਾਂ ਤੇ ਸਿੱਖਾਂ ਦੇ ਅਧਿਕਾਰ ਪ੍ਰਾਪਤ ਕਰ ਲਵੇਗਾ।

ਇਸ ਲਈ ਅਸੀਂ ਬੜੇ ਜ਼ੋਰ ਨਾਲ ਪ੍ਰਾਰਥਨਾ ਕਰਦੇ ਹਾਂ ਕਿ ਐਡਵਾਇਜ਼ਰੀ ਕਮੇਟੀ ਸਿੱਖ ਦੀ ਪਛਾਣ ਸਬੰਧੀ ਐਲਾਨ ਬਹੁਤ ਛੇਤੀ ਵਾਪਿਸ ਲਵੇ। ਖਾਲਸਾ ਪੰਥ ਵਿਚ ਸਿੱਖ ਲਈ ਕੇਸਾਧਾਰੀ ਤੇ ਸਤਿਗੁਰਾਂ ਦੇ ਅਸੂਲਾਂ ਦਾ ਅਨੁਸਾਰੀ ਹੋਣਾ ਜ਼ਰੂਰੀ ਹੈ।

ਜਦ ਸਾਰੇ ਸਿੱਖ ਜਥੇ, ਸਭਾਵਾਂ ਤੇ ਦੀਵਾਨ ਸਰਕਾਰ ਨੂੰ ਲਿਖ ਰਹੇ ਹਨ, ਸਾਰੀਆਂ ਸਿੱਖ ਅਖ਼ਬਾਰਾਂ ਇਕ ਜ਼ਬਾਨ ਹੋ ਕੇ ਆਖ ਰਹੀਆਂ ਹਨ ਕਿ ਐਡਵਾਇਜ਼ਰੀ ਕਮੇਟੀ ਦੀ ਦੱਸੀ ਹੋਈ ਸਿੱਖ ਦੀ ਤਾਰੀਫ਼ ਗ਼ਲਤ ਹੈ ਫਿਰ ਸਰਕਾਰ ਉਸ ਨੂੰ ਕਿਉਂ ਨਹੀਂ ਬਦਲਾ ਦੇਂਦੀ ?

ਫ਼ੌਜੀ ਵੀਰ ਅਤੇ ਕ੍ਰਿਪਾਨ

ਕ੍ਰਿਪਾਨ ਸਿੱਖ ਲਈ ਪ੍ਰਾਣਾਂ ਤੋਂ ਪਿਆਰੀ ਚੀਜ਼ ਹੈ। ਖਾਲਸਾ ਜੀ ਨੇ ਕੁਝ ਚਿਰ ਕ੍ਰਿਪਾਨ ਵੱਲੋਂ ਘਾਉਲ ਰੱਖੀ। ਜਿਸ ਦਾ ਫਲ ਭੜਾ ਹਾਨੀਕਾਰਕ ਹੋਇਆ ਅਤੇ ਬੜੀ ਮੇਹਨਤ ਨਾਲ ਇਸ ਦੀ ਖੁਲ੍ਹ ਸਰਕਾਰ ਪਾਸੋਂ ਲੈਣੀ ਪਈ। ਹੁਣ ਸਿੰਘਾਂ ਨੇ ਵੱਡੀ ਕ੍ਰਿਪਾਨ ਰੱਖਣੀ ਸ਼ੁਰੂ ਕਰ ਦਿੱਤੀ ਹੈ ਪਰ ਫ਼ੌਜਾਂ ਵਿਚ ਹਾਲਾਂ ਤਕ ਖੁਲ੍ਹ ਨਹੀਂ ਹੋਈ। ਹੈਰਾਨੀ ਹੈ ਕਿ ਜਦ ਫ਼ੌਜੀ ਖਾਲਸੇ ਨੂੰ ਤਲਵਾਰਾਂ ਤੇ ਬੰਦੂਕਾਂ ਰੱਖਣ ਦੀ ਖੁਲ੍ਹ ਹੈ ਤਾਂ ਕ੍ਰਿਪਾਨ ਦੀ ਰੋਕ ਕਿਉ ਪਾਈ ਜਾਂਦੀ ਹੈ। ਅੱਜ ਸਰਦਾਰ ਰਾਮ ਸਿੰਘ ਜੀ ਸੂਬੇਦਾਰ ਮੇਜਰ ਦੀ ਇਕ ਚਿੱਠੀ ਛਪੀ ਹੈ ਕਿ ਜੰਗੀ ਲਾਟ ਸਾਹਿਬ ਪਾਸ ਡੈਪੂਟੇਸ਼ਨ ਗਿਆ ਸੀ ਤੇ ਅੱਗੋਂ ਉਤਰ ਮਿਲਿਆ ਸੀ ਕਿ ਕ੍ਰਿਪਾਨ ਦੀ ਇਕ ਖ਼ਾਸ ਸ਼ਕਲ ਮੁਕੱਰਰ ਕਰ ਦਿਉ ਸਾਰੇ ਫ਼ੌਜੀਆਂ ਨੂੰ ਖੁਲ੍ਹ ਦਿੱਤੀ ਜਾਵੇਗੀ। ਹੁਣ ਫ਼ੌਜੀ ਸਰਦਾਰਾਂ ਦਾ ਅਤੇ ਸਾਰੇ ਪੰਥ ਦਾ ਫ਼ਰਜ਼ ਹੈ ਕਿ ਇਸ ਦਾ ਛੇਤੀ ਉਪਾ ਕਰਨ।

ਕ੍ਰਿਪਾਨ ਅਤੇ ਫ਼ੌਜੀ ਖਾਲਸਾ

ਕਈ ਅਖ਼ਬਾਰਾਂ ਆਦਿ ਵਿਚ ਕ੍ਰਿਪਾਨ ਦੀ ਖੁਲ੍ਹ ਦੇ ਲੇਖ ਪੜ੍ਹ ਕੇ ਭੋਲੇ ਭਾਲੇ ਫ਼ੌਜੀ ਵੀਰ ਖੁਲ੍ਹ ਦੀ ਥਾਂ ਸਗੋਂ ਬਧੇ ਜਾਂਦੇ ਹਨ। ਖਾਲਸਾ ਚਿੰਨ੍ਹਾਂ ਨਾਲ ਪਿਆਰ ਕਰਨ ਵਾਲੇ ਫ਼ੌਜੀ ਕ੍ਰਿਪਾਨ ਦੀ ਹਰ ਪ੍ਰਕਾਰ ਖੁਲ੍ਹ ਸਮਝ ਕੇ ਵਰਦੀ ਨਾਲ ਭੀ ਕ੍ਰਿਪਾਨਾਂ ਸਜਾ ਲੈਂਦੇ ਹਨ ਅਤੇ ਫ਼ੌਜੀ ਅਫ਼ਸਰ ਜਾਨ ਬੁਝ ਕੇ ਜਾਂ ਅਣਜਾਨਪੁਣੇ ਵਿਚ ਮਨ੍ਹਾ ਕਰਦੇ ਹਨ। ਨਾ ਮਨ੍ਹਾ ਹੋਣ ਪਰ ਉਹ ਸਭ ਤੋਂ ਸੌਖੇ, ਫ਼ੌਜੀ ਹੁਕਮ ਅਦੂਲੀ, ਦੇ ਦੋਸ਼ ਵਿਚ ਲਿਆ ਕੇ ਉਨ੍ਹਾਂ ਨੂੰ ਸਜ਼ਾ ਦੇਂਦੇ ਹਨ ਜਿਸ ਨਾਲ ਖਾਲਸਾ ਪੰਥ ਦੇ ਦਿਲਾਂ ਨੂੰ ਸੱਟ ਲੱਗਦੀ ਹੈ ਦੇਰ ਤਕ ਅਖ਼ਬਾਰਾਂ ਵਿਚ ਰੌਲੇ ਪੈਂਦੇ ਹਨ ਪਰ ਸਿੱਖਾਂ ਦਾ ਸਰਕਾਰ ਨਾਲ ਪਿਆਰ ਘਟਣ ਤੋਂ ਸਿਵਾਏ ਹੋਰ ਕੱਖ ਨਹੀਂ ਬਣਦਾ। ਇਸ ਲਈ ਮੈਂ ਹੇਠ ਲਿਖੀਆਂ ਦੋ ਬੇਨਤੀਆਂ ਕਰਨੀਆਂ ਮੁਨਾਸਬ ਸਮਝੀਆਂ ਹਨ।

(੧) ਫ਼ੌਜੀ ਵੀਰੋ ਤੁਸੀਂ ਕ੍ਰਿਪਾਨ ਦੀ ਖੁਲ੍ਹ ਦੇ ਲੇਖਾਂ ਨੂੰ ਪੜ੍ਹ ਕੇ ਹਠ ਤੋਂ ਕੰਮ ਨਾ ਲਿਆ ਕਰੋ। ਤੁਸੀਂ ਜਾਣਦੇ ਹੋ ਜਦ ਕੇ ਫ਼ੌਜੀ ਕਾਨੂੰਨ ਅਨੁਸਾਰ ਆਪ ਲਹੂ ਲੁਹਾਨ ਹੋ ਕੇ ਹਾਸਿਲ ਕੀਤੇ ਹੋਏ ਤਗਮੇ ਅਤੇ ਫ਼ੀਤੇ ਭੀ ਜਨਰਲ ਆਡਰ ਤੋਂ ਬਿਨਾਂ ਵਰਦੀ ਤੇ ਨਹੀਂ ਪਹਿਨ ਸਕਦੇ ਤਾਂ ਵਰਦੀ ਦੇ ਨਾਲ ਨਾਲ ਦੀ ਕ੍ਰਿਪਾਨ ਪਹਿਨਣ ਮਨਜ਼ੂਰੀ ਭੀ ਹਜ਼ੂਰ ਜੰਗੀ ਲਾਟ ਸਾਹਿਬ ਜੀ ਤੋਂ ਹੋਣੀ ਜ਼ਰੂਰੀ ਹੈ।

(੨) ਪੰਥ ਦੇ ਦਰਦੀਓ! ਸਿੱਖ ਚਿੰਨ੍ਹਾਂ ਨਾਲ ਪਿਆਰ ਕਰਨ ਵਾਲੇ ਵੀਰੋ ਕੀ ਤੁਸੀਂ ਕਦੇ ਕ੍ਰਿਪਾਨ ਦੇ ਮਾਮਲੇ ਨੂੰ ਲੈ ਕੇ ਸ੍ਰੀਮਾਨ ਜੰਗੀ ਲਾਟ ਸਾਹਿਬ ਜੀ ਕੋਲ ਗਏ। ਜੇ ਗਏ, ਤਾਂ ਕੀ ਉਨ੍ਹਾਂ ਨੇ ਇਹ ਨਹੀਂ ਫ਼ੁਰਮਾਇਆ ਕਿ ਤੁਸੀਂ ਕ੍ਰਿਪਾਨ ਦੀ ਇਕ ਖ਼ਾਸ ਸ਼ਕਲ ਮੁਕੱਰਰ ਕਰ ਦਿਉ ਤਾਂ ਅਸੀਂ ਫੌਜਾਂ ਵਿਚ ਪਹਿਨਣ ਦੀ ਆਗਿਆ ਦੇ ਦੇਵਾਂਗੇ। ਜੇ ਇਹ ਠੀਕ ਹੈ ਤਾਂ ਕੀ ਤੁਸੀਂ ਤੇਢ ਸਾਲ ਵਿਚ ਕੋਈ ਫ਼ੈਸਲਾ ਨਹੀਂ ਕੀਤਾ ? ਪ੍ਰੇਮੀਓ ਆਪਣੀ ਘਾਉਲ ਨਾਲ ਆਏ ਦਿਨ ਫ਼ੌਜੀ ਵੀਰਾਂ ਨੂੰ ਨਾ ਕਹਾਓ। ਸਾਰੇ ਮਿਲ ਕੇ ਘਟੋ ਘਟ ਫ਼ੌਜਾਂ ਵਿਚ ਪਹਿਨਣ ਵਾਲੀ ਕ੍ਰਿਪਾਨ ਦੀ ਕੋਈ ਸ਼ਕਲ ਜ਼ਰੂਰ ਮੁਕੱਰਰ ਕਰੋ ਕਿਉਂਕਿ ਫ਼ੌਜਾਂ ਵਿਚ ਹਰ ਚੀਜ਼ ਲਈ ਜੰਗੀ ਲਾਟ ਸਾਹਿਬ ਜੀ ਤੋਂ ਮਨਜ਼ੂਰ ਕਰਾ ਕੇ ਫ਼ੌਜਾਂ ਵਿਚ ਪਹਿਨਣ ਦੀ ਆਗਿਆ ਲਓ।

ਨਮੂਨਾ ਪਾਸ ਕਰਨ ਵਿਚ ਸਾਰੇ ਜਥੇ ਹਠ-ਧਰਮੀ ਨੂੰ ਛੱਡ ਕੇ, ਇਕ ਜਾਨ ਹੋ ਕੇ, ਦੀਰਘ ਵਿਚਾਰ ਨਾਲ ਅਜਿਹਾ ਫ਼ੈਸਲਾ ਕਰੋ ਜਿਸ ਤੋਂ ਕ੍ਰਿਪਾਨਾਂ ਸਿਰਫ਼ ਵਰਦੀ ਦਾ ਸ਼ਿੰਗਾਰ ਹੋ ਕੇ ਕੇਸਾਂ ਵਿਚ ਹੀ ਨਾ ਰੱਖੀਆਂ ਰਿਹਾ ਕਰਨ, ਸਗੋਂ ਫ਼ੌਜੀ ਖਾਲਸਾ ਉਨ੍ਹਾਂ ਨੂੰ ਹਰ ਵੇਲੇ ਸਜਾ ਕੇ ਰੱਖਿਆ ਕਰੇ। ਮਾਮਲਾ ਵੱਡਾ ਜ਼ਰੂਰੀ ਹੈ। ਛੇਤੀ ਇਕੱਤਰ ਹੋ ਕੇ ਤੈਅ ਕਰਨ ਸਮੇਂ ਚੰਗਾ ਹੋਵੇ ਜੋ ਫ਼ੌਜੀ ਸਰਦਾਰ ਭੀ ਸ਼ਾਮਿਲ ਹੋਣ ਤਾਂ ਕਿ ਉਨ੍ਹਾਂ ਨੂੰ ਪਹਿਨਣ ਵੇਲੇ ਕ੍ਰਿਪਾਨ ਦੇ ਨਮੂਨੇ ਪਰ ਕੋਈ ਇਤਰਾਜ਼ ਨਾ ਹੋਵੇ।

(ਲੇਖਕ ਪਿਨਸ਼ਨਰ ਸੂਬੇਦਾਰ ਮੇਜਰ ਰਾਮ ਸਿੰਘ ਚਕ ੨੪ ਜਨੂਬੀ ਜ਼ਿਲ੍ਹਾ ਸ਼ਾਹਪੁਰ)।

ਇਕ ਪੰਥ ਦਰਦੀ ਦੀ ਚਿੱਠੀ।

ਸ੍ਰੀਮਾਨ ਐਡੀਟਰ ਸਾਹਿਬ ਜੀ!

'ਅਕਾਲੀ' ਦੇ ੧੯ ਜੁਲਾਈ ਦੇ ਪਰਚੇ ਵਿਚ ਦਰਬਾਰ ਸਾਹਿਬ ਬਾਬਤ ਐਲਾਨ ਛਪਿਆ ਹੈ, ਪਰ ਐਉਂ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਲੋੜ ਤੋਂ ਵਧ ਖ਼ੁਸ਼ੀ ਤੇ ਜੋਸ਼ ਪ੍ਰਗਟ ਕਰ ਰਹੇ ਹੋ। ਤੁਹਾਡੀ ਖ਼ੁਸ਼ੀ ਤੋਂ ਇਹ ਭਾਸ ਰਿਹਾ ਹੈ, ਕਿ ਸਰਕਾਰ ਦਾ ਹੁਣ ਤਾਈਂ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਆਪਣੇ ਹੱਥ ਵਿਚ ਰੱਖਣ ਦਾ ਰੋਸ ਪੰਥ ਵੱਲੋਂ ਸਿਰਫ਼ ਸਰਕਾਰ ਦੇ ਸਿਰ ਹੈ।

'ਅਕਾਲੀ' ਦੇ ਕਿਸੇ ਪਿਛਲੇ ਪਰਚੇ ਵਿਚ ਇਕ ਦੋ ਚਿੱਠੀਆਂ ਦਰਬਾਰ ਸਾਹਿਬ ਜੀ ਦੇ ਇਕ ਪੁਜਾਰੀ ਵੱਲੋਂ ਛਪੀਆਂ ਹਨ, ਜਿਹੜੀਆਂ ਸਾਫ਼ ਪ੍ਰਗਟ ਕਰ ਰਹੀਆਂ ਹਨ, ਕਿ ਪੰਥ ਦੀ ਆਪਣੀ ਢਿਲ ਇਸ ਦਾ ਕਾਰਨ ਸੀ।

'ਜੇ ਘਰ ਭੰਨੇ ਪਾਹਰੂ ਕਉਣ ਰੱਖਣ ਹਾਰਾ'

ਖਾਲਸਾ ਜੀ ਆਪਣੀ ਘਰ ਦੀ ਫੁਟ ਨੇ ਜੋ ਨਜ਼ਾਰੇ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਪਿੱਛੋਂ ਵਿਖਾਲੇ, ਉਨ੍ਹਾਂ ਦਾ ਚੇਤਾ ਹੁਣ ਤਾਈਂ ਪੰਥ ਦਰਦੀਆਂ ਦੇ ਨੇਤਰਾਂ ਵਿੱਚੋਂ ਝੜੀ ਲਾ ਦੇਂਦਾ ਹੈ। ਦਰਬਾਰ ਸਾਹਿਬ ਜੀ ਦੇ ਮਹੰਤ

ਅਤੇ ਪੁਜਾਰੀ ਸਤਿਗੁਰੂ ਅਤੇ ਪੰਥ ਗੁਰੂ ਦੇ ਥਾਪੇ ਹੋਏ ਅਸੂਲ ਅਨੁਸਾਰ ਪੰਥ ਦੇ ਪ੍ਰਚਾਰਕ ਅਤੇ ਆਗੂ ਹੋਣੇ ਚਾਹੀਦੇ ਸਨ। ਇਹ ਉਸ ਸਮੇਂ ਉਨ੍ਹਾਂ ਦਾ ਪਰਮ ਧਰਮ ਸੀ, ਕਿ ਜਿਹੜਾ ਮਾਨ ਪੰਥ ਨੇ ਉਨ੍ਹਾਂ ਨੂੰ ਬਖਸ਼ਿਆ ਹੋਇਆ ਸੀ, ਉਸ ਨੂੰ ਉਹ ਇਮਾਨਦਾਰੀ ਨਾਲ ਵਰਤਦੇ। ਪਰ ਪੰਥ ਦੀ ਫੁਟ ਅਤੇ ਤਬਾਹੀ ਵੇਖ ਕੇ ਇਨ੍ਹਾਂ ਆਗੂਆਂ ਨੂੰ ਵੀ ਖ਼ੁਦਗ਼ਰਜ਼ੀ ਨੇ ਆਨ ਘੇਰਿਆ। ਵਰਤਮਾਨ ਸਰਕਾਰ ਨੇ ਅਜੇ ਨਵਾਂ-ਨਵਾਂ ਪੰਜਾਬ ਦਾ ਰਾਜ ਸੰਭਾਲਿਆ ਸੀ, ਸਿੱਖਾਂ ਨਾਲ ਡੂੰਘਾ ਵਾਹ ਨਹੀਂ ਸੀ ਪਿਆ। ਇਸ ਵਾਸਤੇ ਉਸ ਵੇਲੇ ਦੇ ਆਗੂਆਂ ਨੇ ਜੋ ਕੁਝ ਦੱਸਿਆ ਉਹੋ ਹੀ ਸਰਕਾਰ ਨੇ ਪ੍ਰਵਾਣ ਕਰ ਕੇ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਕਰ ਦਿੱਤਾ।

ਹੁਣ ਪੰਥ ਦੀ ਅਸਲੀ ਅਵਾਜ਼ ਸੁਣ ਕੇ ਇਸ ਪ੍ਰਬੰਧ ਨੂੰ ਸੋਧਣ ਦਾ ਸਰਕਾਰ ਨੇ ਐਲਾਨ ਕਰ ਦਿੱਤਾ ਹੈ, ਜਿਹੜਾ ਆਪ ਦੀ ਅਖ਼ਬਾਰ ਵਿਚ ਪ੍ਰਕਾਸ਼ਿਤ ਹੈ। ਇਸ ਐਲਾਨ ਦੇ ਆਖ਼ਰੀ ਅਖ਼ਰ ਖ਼ਾਸ ਧਿਆਨ ਯੋਗ ਹਨ—'ਸਿੱਖਾਂ ਵੱਲੋਂ ਚੁਣੇ ਹੋਏ ਮੈਂਬਰਾਂ ਦੀ ਸਲਾਹ ਲਈ ਜਾਏਗੀ, ਕਿ ਇਸ ਵਿਚ ਕੀ-ਕੀ ਅਦਲਾ ਬਦਲੀਆਂ ਕੀਤੀਆਂ ਜਾਣ।'

ਮਸਾਂ-ਮਸਾਂ ਠੋਕਰਾਂ ਖਾ-ਖਾ ਕੇ ਪੰਥ ਨੂੰ ਕੁਝ ਜਾਗ ਆਈ, ਤੇ ਕਈ ਇਕ ਦਰਦੀ ਵੀਰਾਂ ਨੇ ਹਿੰਮਤ ਕਰ ਕੇ 'ਸਿੱਖ ਲੀਗ' ਨਾਮੀ ਜਥਾ ਬਣਾਇਆ। ਇਸ ਜਥੇ ਦੇ ਅੰਮ੍ਰਿਤਸਰ ਜੀ ਵਾਲੇ ਸਮਾਗਮ ਨੇ ਇਕ ਖ਼ਾਸ ਰੌਲਾ ਪਵਾ ਦਿੱਤਾ, ਕਿ ਸਿੱਖ ਹੁਣ ਤਿਆਰ-ਬਰ-ਤਿਆਰ ਹੋ ਰਹੇ ਹਨ। 'ਲੀਗ' ਬੜੇ ਜ਼ਬਰਦਸਤ ਕੰਮ ਕਰੇਗੀ। ਕਈ ਥਾਈਂ 'ਲੀਗ' ਦੀਆਂ ਸ਼ਾਖਾਂ ਵੀ ਬਣੀਆਂ। ਪਰ ਕਿਉਂ ਜੀ ਹੁਣ ਤਾਈਂ ਕੀਤਾ ਕੀਹ। ਜੇ ਅਸੀਂ ਸਿਆਲਕੋਟ ਦੇ ਜ਼ਿਲ੍ਹੇ ਵੱਲ ਵੇਖ ਕੇ ਸੋਚੀਏ, ਤਾਂ ਤੇ ਪਤਾ ਲੱਗਦਾ ਹੈ ਕਿ ਵਖੋ ਵਖਰੀ ਥਾਈਂ ਸਕੱਤਰ ਅਤੇ ਪ੍ਰੈਜ਼ੀਡੰਟ ਬਣਨ ਦੀ ਖੇਚਲ ਹੋਈ ਹੋਵੇਗੀ ਅਤੇ ਅਗਾਹਾਂ ਬਸ।

ਕਿਉਂ ਜੀ! ਨਵੀਂ ਚੋਣ ਵਿਚ ਕਿੰਨੀ ਦੇਰ ਰਹਿ ਗਈ ਹੈ ਅਤੇ ਦੇਖੋ ਆ ਕੇ ਪਿੰਡਾਂ ਦਾ ਕੀ ਹਾਲ ਹੈ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਚਾਰਕਾਂ ਨੇ ਤਾਂ ਆ ਕੇ ਪਰਚਾਰ ਦੀ ਐਤਨੀ ਬੜੀ ਲਾਈ, ਕਿ ਲੋਕ ਬਸ ਬਸ ਕਰ ਉਠੇ। ਹੁਣ ਤਾਈਂ ਸਹੁੰ ਖਾਣ ਨੂੰ ਵੀ ਕੋਈ ਤਿਆਰ ਸਿੰਘ ਨਹੀਂ ਲਭਦਾ। ਪਰ ਵਾਹ ਜੀ! 'ਸਿੱਖ ਲੀਗ' ਦੀਆਂ ਸ਼ਾਖਾਂ ਨੇ ਪ੍ਰਚਾਰ ਦਾ ਹੜ੍ਹ ਹੀ ਲੈ ਆਂਦਾ ਹੈ। ਲੋਕਾਂ ਨੂੰ ਅਜੇ ਤਾਈਂ ਇਹ ਪਤਾ ਨਹੀਂ ਕਿ 'ਵੋਟ' ਕਿਸ ਬਲਾਓ ਦਾ ਨਾਂਓ ਹੈ। 'ਹਕ' ਕਿਸ ਨੂੰ ਆਖੀਦਾ ਹੈ। ਕਿਉਂ ਜੀ! ਇਨ੍ਹਾਂ ਹੀ ਸਿੰਘਾਂ ਨੇ ਨਵੀਂ ਚੋਣ ਵਿਚ ਮੈਂਬਰ ਚੁਣ ਕੇ ਘਲਣੇ ਹਨ, ਜਾਂ ਉਹ ਉਸ ਵੇਲੇ, ਅਸਮਾਨ ਤੋਂ ਉਤਰਨੇ ਹਨ। ਫੇਰ ਜੀ। ਇਹੋ ਜਿਹੇ ਤਿਆਰ-ਬਰ-ਤਿਆਰ ਮੈਂਬਰ ਹੋਵਣਗੇ, ਜਾਂ ਉਨ੍ਹਾਂ ਨੂੰ ਸਿੰਘ ਧਰਮ ਦਾ ਇਲਹਾਮ ਹੋ ਜਾਵੇਗਾ।

ਸੋ ਖਾਲਸਾ ਜੀ! ਹਿੱਕ ਤੇ ਪਿਆ ਹੋਇਆ ਬੇਰ ਕੌਣ ਮੂੰਹ ਵਿਚ ਪਾ ਜਾਏ। ਜੇ ਮੈਂਬਰ ਤਿਆਰ-ਬਰ-ਤਿਆਰ ਸਿੰਘ ਨਾ ਬਣੇ, ਤਾਂ ਕਲ੍ਹ ਨੂੰ ਫੇਰ ਸਰਕਾਰ ਤੇ ਰੋਸ਼ ਕਢਣਾ ਭੁਲ ਹੈ।

ਅਕਾਲੀ ਲਾਹੌਰ, ੨੯ ਜੁਲਾਈ ੧੯੨੦

ਸਰਗੋਧਾ

੨੬ ਜੂਨ ੧੯੨੦ ਨੂੰ ਖਾਲਸਾ ਯੰਗ ਮੈਨ ਐਸੋਸੀਏਸ਼ਨ ਦੀ ਮੀਟਿੰਗ ਹੋਈ।

(੧) ਕੌਂਸਲਾਂ ਵਿਚ ਸਿੱਖਾਂ ਦੇ ਅਧਿਕਾਰ, (੨) ਸਾਰੇ ਰਾਜਸੀ ਕੈਦੀਆਂ ਦਾ ਛਡਣਾ, (੩) ਜੇਲ੍ਹਾਂ ਵਿਚ ਸਿੱਖ ਕੈਦੀਆਂ ਨੂੰ ਪਗੜੀ ਤੇ ਰਹਿਤ ਦੀ ਖੁਲ੍ਹ, (੪) ਫ਼ੌਜੀ ਸਿੱਖਾਂ ਨੂੰ ਕ੍ਰਿਪਾਨ ਦੀ ਖੁਲ੍ਹ, ਮੰਗਲ ਸਿੰਘ ਸਿਪਾਹੀ ਦੀ ਸਜ਼ਾ (੫) ਸਿੱਖ ਕੇਸਾਧਾਰੀ ਹੋਵੇ। (੬) ਦਰਬਾਰ ਸਾਹਿਬ ਤੇ ਖਾਲਸਾ ਕਾਲਜ ਦੇ ਪ੍ਰਬੰਧ ਸਬੰਧੀ ਗੁਰਮਤੇ ਪਾਸ ਹੋਏ।

(ਮੋਹਨ ਸਿੰਘ ਸਕੱਤਰ)

ਮੱਸਿਆ ਤਰਨ ਤਾਰਨ

ਸਰਦਾਰ ਜਸਵੰਤ ਸਿੰਘ ਜੀ ਝਬਾਲ ਵਾਲਿਆਂ ਦੀ ਪ੍ਰਧਾਨਤਾ ਹੇਠ ੧੫ ਜੁਲਾਈ ਨੂੰ ਸਿੱਖ ਲੀਗ ਵੱਲੋਂ ਜਲਸਾ ਹੋਇਆ ਬੜੇ ਜ਼ਬਰਦਸਤ ਵਖਿਆਨਾਂ ਪਿੱਛੋਂ ਗੁਰਮਤੇ ਪਾਸ ਹੋਏ।

(੧) ਸਿੱਖ ਦਾ ਕੇਸਾਧਾਰੀ ਹੋਣਾ, ਦਸਾਂ ਗੁਰੂਆਂ ਤੇ ਉਨ੍ਹਾਂ ਦੇ ਅਸੂਲਾਂ ਨੂੰ ਮੰਨਣਾ ਜ਼ਰੂਰੀ ਹੈ।

(੨) ਦਰਬਾਰ ਸਾਹਿਬ, ਤਰਨਤਾਰਨ, ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਨੂੰ ਸੌਂਧਿਆ ਜਾਵੇ।
(੩) ਕੌਂਸਲਾਂ ਵਿਚ ਸਿੱਖਾ ਨੂੰ ਪੂਰੇ ਅਧਿਕਾਰ ਦਿੱਤੇ ਜਾਣ।
(੪) ਸਿੱਖ ਰਾਜਸੀ ਕੈਦੀ ਤੇ ਹੋਰ ਰਾਜਸੀ ਕੈਦੀਆਂ ਨੂੰ ਛਡਿਆ ਜਾਵੇ।
(੫) ਹੰਟਰ ਕਮੇਟੀ ਦੀ ਰਿਪੋਰਟ ਘ੍ਰਿਣਾ ਯੋਗ ਹੈ।
(੬) ਪਿੰਡਾਂ ਵਿਚ ਪੰਚਾਇਤਾਂ ਹੋਣ। ਪੁਲਿਸ ਇਨਾਂ ਨਾਲ ਮਿਲ ਕੇ ਕੰਮ ਕਰੇ।
(੭) ਫ਼ੌਜੀ ਸਿੱਖ ਸਿਪਾਹੀਆਂ ਨੂੰ ਕ੍ਰਿਪਾਨ ਦੀ ਖੁਲ੍ਹ ਹੋਵੇ।

ਅਕਾਲੀ ਲਾਹੌਰ, ੩੦ ਜੁਲਾਈ ੧੯੨੦

ਇਕ ਦੁਖ ਦਾਈ ਖਬਰ !

ਖਾਲਸਾ ਜੀ ਆਪ ਕਦ ਤੀਕ ਅਜੇਹੀਆ ਦੁਖਦਾਈ ਖ਼ਬਰਾਂ ਸੁਣੀ ਜਾਓਗੇ। ਰੁੜਕੀ ਦੇ ਮੌਕੂਫ਼ ਹੋਏ ਸਿੰਘਾਂ ਦਾ ਮਾਮਲਾ ਖੱਟੇ ਪਿਆ ਹੈ। ਸਿਆਲਕੋਟ ਵਿਚ ਮੰਗਲ ਸਿੰਘ ਸਿਪਾਹੀ ਕ੍ਰਿਪਾਨ ਪਹਿਨਣ ਬਦਲੇ ਕੈਦ ਹੈ ਅਤੇ ਅੱਜ ਇਕ ਹੋਰ ਖਬਰ ਆ ਗਈ ਹੈ ਕਿ ੩੪ ਸੈਕੰਡ ਪਸ਼ੌਰ, ਕਿਲ੍ਹਾ ਜਮਰੋਦ ਵਿਚ, ੧੨ ਸਿੰਘ ਹੋਰ ਕ੍ਰਿਪਾਨ ਬਦਲੇ ਨਜ਼ਰ ਬੰਦ ਕੀਤੇ ਹਏ ਹਨ! ਇਹ ਅਚਰਜ ਤਮਾਸ਼ਾ ਹੈ ਕਿ ਹੋਰ ਸਿੱਖਾਂ ਨੂੰ ਕ੍ਰਿਪਾਨ ਪਹਿਨਣ ਦੀ ਖੁਲ੍ਹ ਹੈ ਪਰ ਫ਼ੌਜੀ ਸਿੰਘਾਂ ਲਈ ਬੰਦਸ਼ ਹੈ! ਜਦ ਸਰਕਾਰ ਨੇ ਫ਼ੈਸਲਾ ਕਰ ਦਿੱਤਾ ਹੈ ਕਿ ਕ੍ਰਿਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਇਸ ਦੀ ਰੋਕ ਨਾ ਕੀਤੀ ਜਾਵੇ। ਫਿਰ ਫ਼ੌਜੀ ਅਫ਼ਸਰ ਇਸ ਧਾਰਮਿਕ ਨਿਸ਼ਾਨ ਨੂੰ ਕਿਉਂ ਖੋਹ ਰਹੇ ਹਨ! ਕੀ ਉਹ ਸਿੱਖਾਂ ਨੂੰ ਬੇਧਰਮ ਕਰਨ ਵਿਚ ਰਾਜ਼ੀ ਹਨ ?

ਪਿਆਰੇ ਖਾਲਸਾ ਜੀ ਮਾਮਲਾ ਬੜਾ ਨਾਜ਼ਕ ਹੋ ਰਿਹਾ ਹੈ। ਹੁਣ ਨਿਰੇ ਗੁਰਮਤਿਆਂ ਨਾਲ ਕੁਝ ਨਹੀਂ ਬਣਨਾ। ਝਟ-ਪਟ ਸਿੱਖ ਲੀਗ ਵੱਲੋਂ ਇਕ ਡੈਪੂਟੇਸ਼ਨ ਕਮਾਂਡਰ ਇਨ-ਚੀਫ਼ ਪਾਸ ਜਾਣਾ ਚਾਹੀਦਾ ਹੈ। ਆਸ਼ਾ ਹੈ 'ਸਿੱਖ ਲੀਗ' ਬਹੁਤ ਛੇਤੀ ਇਸ ਪਾਸੇ ਧਿਆਨ ਦੇਵੇਗੀ।

ਅਕਾਲੀ ਲਾਹੌਰ, ੩੧ ਜੁਲਾਈ-੧੯੨੦

ਨਾ ਮਿਲਵਰਤਨ ਅਤੇ ਸ੍ਰੀਮਾਨ ਭਾ: ਜੋਧ ਸਿੰਘ ਜੀ ਐਮ. ਏ.

ਇਸ ਵੇਲੇ ਦੁਨੀਆਂ ਦੇ ਅੰਦਰ ਖ਼ਿਆਲਾਂ ਦੀ ਲਹਿਰ ਐਡੀ ਜ਼ਬਰਦਸਤ ਚਲ ਰਹੀ ਹੈ ਕਿ ਇਸ ਦੀ ਹਵਾ ਡੂੰਹਗੇ ਤਹਿਖਾਨਿਆਂ ਅਤੇ ਚੂਹਿਆਂ ਦੀਆਂ ਖੁੱਡਾਂ ਤੋਂ ਵੀ ਅਗਾਂਹ ਪਹੁੰਚ ਚੁਕੀ ਹੈ। ਸਮੇਂ ਦੀ ਤੇਜ਼ ਚਾਲ ਨੇ ਸਭ ਦੇ ਹਿਰਦਿਆਂ ਵਿਚ ਹਲਚਲੀ ਤੇ ਗੜਬੜਾਹਟ ਮਚਾ ਦਿੱਤੀ ਹੈ।

ਇਸੇ ਲਹਿਰ ਦੀਆਂ ਛੱਲਾਂ ਦੇ ਅਸਰ ਨਾਲ ਮਲੂਮ ਹੁੰਦਾ ਹੈ ਕਿ ਸ੍ਰੀਮਾਨ ਭਾ: ਜੋਧ ਸਿੰਘ ਜੀ ਐਮ. ਏ. ਆਪਣੀ ਪੁਰਾਣੀ ਆਜ਼ਾਦ ਜ਼ਿੰਦਗੀ ਵੱਲ ਸ਼ਾਇਦ ਫਿਰ ਮੋੜ ਪਾਉਣ ਵਾਲੇ ਹਨ।

ਪ੍ਰਿੰਸੀਪਲ ਸਾਹਿਬ ਦੀ ਸ਼ਖ਼ਸੀਅਤ (ਜ਼ਿੰਦਗੀ) ਸਿੱਖਾਂ ਵਿਚ ਇਕ ਖ਼ਾਸ ਅਤੇ ਅਨੋਖੀ ਹੈ। ਆਪ ਦੀ ਵਿੱਦਿਆ ਵਿਚ ਪ੍ਰਬੀਨਤਾ ਮੰਨੀ ਹੋਈ ਹੈ। ਬੀ. ਏ. ਵਿਚ ਆਪ ਪੰਜਾਬ ਭਰ ਵਿਚ ਮੁਹਰੀ ਰਹੇ। ਗੁਰਮਤ ਦੇ ਗ੍ਰੰਥਾਂ ਅਤੇ ਤਵਾਰੀਖਾਂ ਦੇ ਅਰਥ ਆਪ ਨੇ ਮੌਜੂਦਾ ਲਾਇਕ ਲਾਇਕ ਗਿਆਨੀਆਂ ਪਾਸੋਂ ਪੜ੍ਹੇ। ਆਪ ਖਾਲਸਾ ਕਾਲਜ ਵਿਚ ਧਾਰਮਿਕ ਪ੍ਰੋਫ਼ੈਸਰ ਰਹਿ ਚੁਕੇ ਹਨ। ਆਪ ਵਖਿਆਨ ਵੀ ਡਾਹਢਾ ਚੁਣ ਚੁਣ ਅਤੇ ਤੋਲ ਤੋਲ ਕੇ ਦੇ ਸਕਦੇ ਹਨ। ਆਪਨੀ ਉਠਦੀ ਜਵਾਨੀ ਵਿਚ ਧਾਰਮਿਕ ਪ੍ਰੋਫ਼ੈਸਰੀ ਵੱਲੋਂ ਆਪ ਆਜ਼ਾਦੀ ਅਤੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਵੀ ਚੋਖੇ ਹਾਮੀ ਸਨ। ਇਨ੍ਹਾਂ ਗੱਲਾਂ ਉੱਤੇ ਵਖਿਆਨ ਵੀ ਆਪ ਨੇ ਉਨ੍ਹਾਂ ਦਿਨੀਂ ਬਹੁਤੇਰੇ ਦਿੱਤੇ ਸਨ। ਆਪ ਨੇ ਆਪਣੀ ਹੱਥੀਂ ਚੱਕੀ ਪੀਹ ਕੇ ਆਪ ਰੋਟੀ ਵੀ ਕੁਝ ਦਿਨ ਖਾਧੀ ਸੀ। ਜੇ ਕਰ ਆਪ ਉਸੇ ਰਾਹੇ ਟੁਰੀ ਜਾਂਦੇ ਤਾਂ ਸ਼ਾਇਦ ਅੱਜ ਗਾਂਧੀ ਤੋਂ ਵੀ ਕਈ ਕਦਮ ਅਗੇਰੇ ਹੁੰਦੇ। ਚੱਕੀ ਪੀਹਣ ਤੋਂ ਬਿਨਾਂ ਆਪ ਨੇ ਇਹ ਵੀ ਐਲਾਨ ਕੀਤਾ ਸੀ ਕਿ ਮੈਂ ੭੫) ਪਝਤਰ ਰੁਪੈ ਮਹੀਨਾ ਲੈ ਕੇ ਲਾਲਾ ਹੰਸਰਾਜ ਜੀ ਪ੍ਰਿੰਸੀਪਲ ਆਰੀਆ ਕਾਲਜ ਵਾਗੂੰ ਕੌਮ ਦਾ ਜੀਵਨ

ਸੇਵਕ ਰਹਾਂਗਾ।

ਕਈ ਸਾਲ ਤੀਕ ਆਪ ਆਪਣੇ ਇਸ ਐਲਾਨ ਦੇ ਪ੍ਰਣ ਤੇ ਕਾਇਮ ਭੀ ਰਹੇ। ਜਿਸ ਲਈ ਕੌਮ ਆਪ ਦੀ ਧੰਨਵਾਦੀ ਹੈ। ਪਰ ਅਜ਼ਮਾਇਸ਼ ਆਈ! ਇਮਤਿਹਾਨ ਦੇਣਾ ਪਿਆ। ਇਮਤਿਹਾਨ ਭੀ ਉਹ ਜਿਸ ਤੋਂ ਸ੍ਰੀ ਈਸਾ ਜਿਹੇ ਮਹਾਤਮਾ ਨੇ ਭੀ 'ਕੰਬ ਕੇ ਕੰਨਾਂ ਤੇ ਹੱਥ ਰੱਖ ਕੇ ਆਖਿਆ ਸੀ ਹੇ ਰੱਬਾ! ਮੈਨੂੰ ਇਮਤਿਹਾਨ ਵਿਚ ਨਾ ਪਾਈਂ"

ਇਮਤਿਹਾਨ।

ਕਾਲਜ ਦੇ ਅੰਗ੍ਰੇਜ਼ ਅਫ਼ਸਰਾਂ ਨੇ ਅੱਖਾਂ ਬਲਦੀਆਂ ਅਤੇ ਘੂਰੀ ਵਟ ਕੇ ਗਹਰੀ ਨਜ਼ਰ ਨਾਲ ਤਕ ਕੇ ਕਿਹਾ "ਪ੍ਰੋਫ਼ੈਸਰ ਜੋਧ ਸਿੰਘ ਆਪ ਜਿਹੇ ਆਜ਼ਾਦ ਆਦਮੀਆਂ ਲਈ ਖਾਲਸਾ ਕਾਲਜ ਵਿਚ ਥਾਂ ਨਹੀਂ! ਤਾਂ ਤੇ ਤੁਮ ਕੋ ਕਾਲਜ ਸੇ ਅਲਹਿਦਾ ਕੀਆ ਜਾਤਾ ਹੈ।"

ਇਮਤਿਹਾਨ ਦਾ ਸਿੱਟਾ

ਇਮਤਿਹਾਨ ਹੋਇਆ, ਸਿਟਾ ਨਿਕਲਿਆ, ਆਪ ਦੇ ਨਾਮ ਅਗੇ ਪਾਸ ਦੀ ਥਾਂ ਕਾਲੀ ਲਕੀਰ ਹੋਈ ਸੀ। ਹਾਂ ਕੌਮ ਤੇਰੇ ਭਾਗ! ਇਹੋ ਜਿਹਾ ਵਿਦਵਾਨ ਅਤੇ ਚਤੁਰ ਪੁਰਸ਼ ਅਮਲੀ ਇਮਤਿਹਾਨ ਵਿਚ ਫੇਲ੍ਹ ਹੋ ਗਿਆ! ਜਿਹੜਾ ਹੀਰਾ ਪਹਿਲਾਂ ਇਸ ਤਰ੍ਹਾਂ ਦੀਆਂ ਚਮਕਾਂ ਮਾਰਦਾ ਸੀ ਕਿ ਸਾਡੇ ਸਕੂਲ ਅਤੇ ਆਸ਼ਰਮ ਸਰਕਾਰੀ ਸਹਾਇਤਾ ਤੇ ਪ੍ਰਵਾਨਗੀ ਤੇ ਸੁਤੰਤਰ ਹੋਣੇ ਚਾਹੀਦੇ ਹਨ, ਉਹ ਰੂੜੀ ਤੇ ਡਿਗ ਪਿਆ। ਇਕੋ ਗੋਰੀ ਘੂਰੀ ਨੇ ਆਪ ਪਾਸੋਂ ਆਜ਼ਾਦੀ ਅਤੇ ਜੀਵਨ ਸੇਵਕੀ ਛਿੱਕੇ ਤੇ ਟੰਗਵਾ ਦਿੱਤੀ ਅਤੇ ਹੁਣ ਉਨ੍ਹਾਂ ਹੀ ਗੋਰੇ ਦਸਤ ਪੰਜਿਆ ਲਈ ਆਮ ਲੋਕਾਂ ਵਾਂਗੂੰ ਆਪ ਦੇ ਮੂੰਹ ਵਿਚ ਸਭ ਤੋਂ ਮੋਹਰੇ ਪਾਣੀ ਭਰ ਆਉਂਦਾ ਹੈ! ਨਾ ਉਹ ਆਜ਼ਾਦੀ ਹੈ, ਨਾ ਉਹ ਪ੍ਰੋਫ਼ੈਸਰ ਸਾਹਿਬ ਹਨ, ਨਾ ਉਹ ਜੀਵਨ ਸੇਵਕੀ ਹੈ! ਹਾਂ! ਮਾਇਆ ਦੇ ਅਨੰਦਾਂ ਨੇ ਕਿਸ ਕਿਸ ਨੂੰ ਨਹੀਂ ਮਗਨ ਕਰ ਛਡਿਆ। ਕਿਥੇ ੭੫) ਦੀ ਜੀਵਨ ਸੇਵਕੀ ਅਤੇ ਕਿਥੇ ੩੦੦) ਤਿੰਨ ਸੌ ਦੀ ਪ੍ਰਿੰਸੀਪਲੀ! ਥੋੜ੍ਹਾ ਹੀ ਫ਼ਰਕ ਹੈ।

ਪਰ ਫਿਰ ਵੀ ਸ਼ੁਕਰ!

ਕਿਉਂਕਿ ਆਪ ਫਿਰ ਸਰਕਾਰ ਸਬੰਧੀ ਮਾਮਲਿਆਂ ਵਿਚ ਬੋਲਣ ਤਾਂ ਲੱਗ ਪਏ ਹਨ। ਮੇਰੀ ਤਾਂ ਇਹ ਅਰਦਾਸ ਹੈ ਕਿ ਆਪ ਨੂੰ ਨਵੇਂ ਸਿਰੇ ਆਪਣੇ ਪੁਰਾਣੇ ਆਜ਼ਾਦ ਖ਼ਿਆਲਾਂ ਵੱਲ ਫੇਰਾ ਪਾਉਣਾ ਚਾਹੀਦਾ ਹੈ ਅਤੇ ਨਵੇਂ ਸਿਰੇ ਜੀਵਨ ਸੇਵਕ ਬਣ ਕੇ ਕੌਮ ਦੀ ਅਗਵਾਈ ਕਰਨ ਵਾਲਿਆਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਵਾਹਿਗੁਰੂ ਆਪ ਨੂੰ ਹਿੰਮਤ ਦੇਵੇ ਅਤੇ ਆਪ ਪੁਲੀਟੀਕਲ ਮੈਦਾਨ ਵਿਚ ਨਿਤਰ ਕੇ ਮੈਨੂੰ ਇਹ ਕਹਿਣ ਦੇ ਜੋਗੇ ਬਣਾਉਣ ਕਿ ਸਿੱਖਾਂ ਵਿਚ ਵੀ ਵਿੱਦਿਆ, ਅਮਲ ਤੇ ਕੁਰਬਾਨੀ ਨਾਲੋਂ ਨਾਲ ਚਲਦੇ ਹਨ! ਨਾਲ ਹੀ ਕੌਮ ਨੂੰ ਇਸ ਪਾਸੇ ਵਿਦਵਾਨ ਲਾਇਕ ਪੁਰਸ਼ਾਂ ਦੀ ਲੋੜ ਵੀ ਡਾਢੀ ਹੈ।

ਨਾ ਮਿਲਵਰਤਨ ਅਤੇ ਆਪ!

ਆਪ ੨੯ ਜੁਲਾਈ ਨੂੰ ਅਕਾਲੀ ਵਿਚ ਲਿਖਦੇ ਹਨ।

"ਖ਼ਿਲਾਫ਼ਤ ਨਾਲ ਸਿੱਖਾਂ ਦਾ ਮਜ਼ਹਬੀ ਤਅੱਲਕ ਕੋਈ ਨਹੀਂ, ਮੁਸਲਮਾਨ ਭਰਾਵਾਂ ਨਾਲ ਦਰਦ ਵੰਡਣਾ ਫ਼ਰਜ਼ ਹੈ। ਪਰ ਜਿਸ ਮਾਮਲੇ ਵਿਚ ਸਾਰੇ ਮੁਸਲਮਾਨ ਹੀ ਇਕ ਰਾਇ ਨਾ ਹੋਣ ਉਹ ਦੇ ਵਿਚ ਸਿੱਖਾਂ ਦਾ ਅਗੇ ਵਧ ਵਧ ਕੇ ਕਦਮ ਰੱਖਣਾ ਫ਼ਰਜ਼ ਨਹੀਂ! ਕਈ ਮੁਸਲਮਾਨ ਸਾਫ਼ ਕਹਿ ਰਹੇ ਹਨ ਕਿ ਨਾ ਮਿਲਵਰਤਨ ਦੀ ਪਾਲਸੀ ਠੀਕ ਨਹੀਂ। ਇਸ ਲਈ ਜਿਨ੍ਹਾਂ ਦਾ ਧਰਮ ਇਹ ਹੈ ਜਦ ਉਹ ਇਸ ਕਦਮ ਨੂੰ ਗ਼ਲਤ ਸਮਝਦੇ ਹਨ ਤਾਂ ਮੁੱਦਈ ਸੁਸਤ ਤੇ ਗਵਾਹ ਚੁਸਤ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ।"

ਭ੍ਰਾਤਾ ਜੀ ਨਾ ਕਦੇ ਕੌਮ ਸਾਰੀ ਦੀ ਸਾਰੀ ਇਕ ਮੂੰਹੀ ਹੋਈ ਅਤੇ ਨਾ ਇਹ ਹੋ ਹੀ ਸਕਦਾ ਹੈ। ਇਸ ਵੇਲੇ ਜੋ ਸਚਾ ਮੁਸਲਮਾਨ ਹੈ ਜਿਸ ਨੂੰ ਇਸਲਾਮ ਤੇ ਪੂਰਾ ਈਮਾਨ ਹੈ ਉਹ ਤਾਂ ਨਾ ਮਿਲ ਵਰਤਨ ਦੇ ਹਕ ਵਿਚ ਹੈ। ਹਾਂ ਪਿਛਾਂਹ ਰੱਸਾ ਖਿਚਣ ਵਾਲੇ ਅਤੇ ਖ਼ੁਸ਼ਾਮਦੀ ਲੋਕ ਸਿੱਖਾਂ ਵਾਂਗੂੰ ਮੁਸਲਮਾਨਾਂ ਵਿਚ ਵੀ ਮੌਜੂਦ ਹਨ। ਅਸਾਂ ਹਮਦਰਦੀ ਮੁਸਲਮਾਨਾਂ ਨਾਲ ਕਰਨੀ ਹੈ ਨਾ ਕਿ ਗਏਆਂ ਗੁਜ਼ਰਿਆਂ ਨਾਲ। ਬਾਕੀ ਰਿਹਾ ਆਪ ਦਾ 'ਮੁਦਈ ਸੁਦਤ ਤੇ ਗਵਾਹ ਚੁਸਤ।' ਉਸ ਬਾਬਤ ਬੇਨਤੀ ਹੈ ਕਿ ਜੇ ਤੁਸੀਂ ਅਖ਼ਬਾਰ ਪੜ੍ਹਦੇ ਹੋ ਤਾਂ ਤੁਹਾਨੂੰ ਪਤਾ ਹੋਵੇਗਾ। ਮੁਸਲਮਾਨ ਤਾਂ

ਹਜ਼ਾਰਾਂ ਦੀ ਗਿਣਤੀ ਵਿਚ ਦੁਖੀ ਹੋ ਕੇ ਕਾਬਲ ਵੀ ਜਾ ਪੁੱਜੇ ਹਨ। ਕੀ ਸਿੱਖਾਂ ਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਕਰਨੀ ਚਾਹੀਦੀ। ਚੰਗਾ ਹੁੰਦਾ ਜੇ ਤੁਸੀਂ ਆਪਣੇ ਉਪਰਲੇ ਖ਼ਿਆਲ ਆਪਣੇ ਢਿੱਡ ਵਿਚ ਹੀ ਰੱਖਦੇ! ਸ਼ੋਕ! ਮੇਰੀ ਰਾਇ ਵਿਚ ਸਿੱਖਾਂ ਨੂੰ ੧ ਅਗਸਤ ਨੂੰ ਮੁਸਲਮਾਨਾਂ ਨਾਲ ਹੜਤਾਲ ਵਿਚ ਸ਼ਾਮਿਲ ਹੋ ਕੇ ਦਸ ਦੇਣਾ ਚਾਹੀਦਾ ਹੈ ਕਿ ਉਹ ਕਿਸੇ ਹਦ ਤੀਕ ਉਨ੍ਹਾਂ ਨਾਲ ਜ਼ਰੂਰ ਦਰਦ ਰੱਖਦੇ ਹਨ।

ਉਹ ਜਿਹੜਾ ਤੁਸੀਂ 'ਦਰਦ ਵੰਡਣਾ ਫ਼ਰਜ਼ ਹੈ' ਲਿਖਦੇ ਹੋ ਉਸ ਦਾ ਕੋਈ ਪ੍ਰਗਟ ਸਬੂਤ ਵੀ ਹੋਣਾ ਚਾਹੀਦਾ ਹੈ ਕਿ ਜ਼ਬਾਨੀ ਜਮਾਂ ਖਰਚ ਹੀ ਕਾਫ਼ੀ ਹੋਊ!

ਅਸੀਂ ਮੁਸਲਮਾਨਾਂ ਨਾਲ ਰਲ ਕੇ ਹਿਜਰਤ ਨਾ ਕਰੀਏ, ਜਹਾਦ ਨਾ ਕਰੀਏ। ਕੋਈ ਅਯੋਗ ਗੜਬੜ ਨਾ ਕਰੀਏ; ਪਰ ਹੜਤਾਲ ਜਿਹੇ ਅਮਨ ਭਰੇ ਰੋਸੇ ਵਿਚ ਨਾ ਸ਼ਾਮਿਲ ਹੋਈਏ ਤਾਂ ਫਿਰ ਸਾਡੀ ਹਮਦਰਦੀ ਉਨ੍ਹਾਂ ਨਾਲ ਖ਼ਾਕ ਦੀ ਹੈ। ਤਾਂ ਤੇ ਭਰਾ ਜੀ ਨੂੰ ਅੱਗੇ ਤੋਂ ਸੋਚ ਵਿਚਾਰ ਕੇ ਰਾਇ ਦੇਣੀ ਚਾਹੀਦੀ ਹੈ।

ਦਾਸ—
ਸੁੰਦਰ ਸਿੰਘ ਲਾਇਲਪੁਰੀ

"ਮਾਮਲਾ ਕ੍ਰਿਪਾਨ ਅਤੇ ਫ਼ੌਜੀ ਮਹਕਿਮਾ"

ਪਿਆਰੇ ਖਾਲਸਾ ਪੰਥ ਜੀ! ਆਪ ਦੀ ਪਵਿੱਤਰ ਸੇਵਾ ਵਿਖੇ ਬੇਨਤੀ ਹੈ ਕਿ **ਜਿਸ ਕੌਮ ਦੇ ਧਾਰਮਿਕ ਅਸੂਲ ਕਮਜ਼ੋਰ ਹੋ ਜਾਵਨ ਉਹ ਦੁਨੀਆਂ ਵਿਚ ਕਦੇ ਵੀ ਜ਼ਿੰਦਾ ਨਹੀਂ ਅਖਵਾ ਸਕਦੀ ਅਤੇ ਨਾ ਹੀ ਕਿਸੇ ਕਿਸਮ ਦੀ ਧਾਰਮਿਕ ਅਥਵਾ ਸੰਸਾਰਕ ਤਰੱਕੀ ਕਰ ਸਕਦੀ ਹੈ।**

ਕ੍ਰਿਪਾਨ ਦਾ ਮਾਮਲਾ ਸਾਡੀ ਕੌਮ ਦੀ ਜਿੰਦ ਜਾਨ ਹੈ। ਦੁਨੀਆਂ ਦੀਆਂ ਦੂਸਰੀਆਂ ਸਭ ਕੌਮਾਂ ਨਾਲੋਂ ਗੁਰੂ ਜੀ ਸਾਹਿਬਾਨ ਨੇ ਸਾਨੂੰ 'ਰਹਿਤ' ਇਕ ਅਮੋਲਕ ਦਾਤ ਬਖਸ਼ੀ ਹੈ ਅਤੇ ਇਸ ਦੇ ਧਾਰਨੀ ਲਈ 'ਰਹਿਣੀ ਰਹੇ ਸੋਈ ਸਿੱਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ" ਦਾ ਵਾਕ ਉਚਾਰ ਕੇ ਆਪਣਾ ਸਾਹਿਬ ਦੱਸਦਾ ਕਿਉਂ ਜੋ ਪੰਜਾਂ ਪਿਆਰਿਆਂ ਨੇ ਇਹ ਅਮੋਲਕ ਦਾਤ ਕੇਸਗੜ੍ਹ ਸਾਹਿਬ ਵਿਖੇ ਆਪਣੇ ਸੀਸ ਭੇਟ ਕਰ ਕੇ ਬੜੇ ਦੁਰਲਭ ਭਾਗਾਂ ਸਹਿਤ ਪ੍ਰਾਪਤ ਕੀਤੀ ਸੀ ਜਿਸ ਦੇ ਕਾਰਨ ਖਾਲਸਾ ਪੰਥ ਦੇ ਪੁਰਾਤਨ ਯੋਧੇ ਜਾਨਾਂ ਕੁਰਬਾਨ ਕਰ ਕਰ ਕੇ ਸ਼ਹੀਦ ਹੁੰਦੇ ਪਰੰਤੂ ਇਸ ਅਮੋਲਕ ਰਹਿਤ ਦੀ ਪਵਿੱਤਰ ਧਾਰਨਾ ਨੂੰ ਰਤਾ ਭਰ ਦੀ ਠੇਸ ਨਾ ਲਗਣ ਦਿੰਦੇ ਸੀ।

ਅਫ਼ਸੋਸ ਨਾਲ ਆਖਣਾ ਪੈਂਦਾ ਹੈ ਕਿ ਅੱਜ-ਕਲ੍ਹ ਜ਼ਮਾਨੇ ਦੀ ਚਾਲ ਇਹੋ ਜਿਹੀ ਆ ਗਈ ਹੈ ਕਿ ਫ਼ੌਜੀ ਮਹਿਕਮੇ ਵਿਚ ਇਸ ਰਹਿਤ ਪਰ ਲਗਾਤਾਰ ਕਈ ਹਮਲੇ ਹੋ ਚੁਕੇ ਹਨ ਅਤੇ ਕਈ ਪ੍ਰੇਮੀ ਉਨ੍ਹਾਂ ਦੀਆਂ ਜੰਗ ਸਬੰਧੀ ਉਤਮ ਖ਼ਿਦਮਤਾਂ ਦੇ ਹੁੰਦਿਆਂ ਹੋਇਆਂ ਸਰਦਾਰੀਆਂ ਦੀਆਂ ਉਮੈਦਾਂ ਦੀ ਥਾਏਂ ਉਲਟਾ ਮੌਕੂਫ਼ ਕਰ ਕੇ ਘਰਾਂ ਨੂੰ ਤੋਰੇ ਗਏ ਹਨ ਅਤੇ ਖ਼ਿਦਮਤਾਂ ਦਾ ਕੁਝ ਲਿਹਾਜ਼ ਨਹੀਂ ਕੀਤਾ ਗਿਆ।

ਨੌਬਤ ਇਥੋਂ ਤਕ ਪੁੱਜ ਚੁਕੀ ਹੈ ਕਿ ਕ੍ਰਿਪਾਨ ਧਾਰਨ ਦੇ ਬਦਲੇ ਕੋਰਟ ਮਾਰਸ਼ਲ-ਲਾਅ ਹੋ ਕੇ ਜੇਲ੍ਹ ਖਾਨੇ ਵਿਚ ਦਿਤੇ ਜਾ ਰਹੇ ਹਨ ਅਤੇ ਡਰ ਹੈ ਜੋ ਕਿਤੇ ਖਾਲਸਾ ਪੰਥ ਦੇ ਉਹ ਨਿਸ਼ਾਨ ਭੀ ਜੋ ਇਸ ਨੂੰ ਜ਼ਿੰਦਾ ਰੱਖਣ ਦੇ ਕਾਰਨ ਸੀ, **ਹੌਲੀ-ਹੌਲੀ ਸ਼ਾਇਦ ਸਾਥੋਂ ਹੁਕਮਨ ਛੀਨੇ ਜਾਨ ਅਤੇ ਰਹਿਤ-ਹੀਨੇ ਹੋ ਕੇ ਮੁੜ ਉਸੇ ਅੰਧੇਰ ਖਾਤੇ ਵਿਚ ਗਿਰ ਜਾਵੀਏ।**

ਉਕਤ ਦਿਸ਼ਾ ਵੇਖ ਕੇ ਵੀ ਪੰਥ ਚੁਪ ਹੈ ਅਤੇ ਇਸ ਔਕੜ ਨੂੰ ਦੂਰ ਕਰਨ ਦਾ ਕੋਈ ਯੋਗ ਉਪਾਓ ਨਹੀਂ ਸੋਚਦਾ ਹਾਲਾਂ ਕਿ ਕਈ ਮੌਕੂਫ ਹੋਏ ਵੀਰਾਂ ਸਬੰਧੀ ਅਖ਼ਬਾਰਾਂ ਦੁਆਰਾ ਵੀ ਪੰਥ ਪ੍ਰਤੀ ਬੇਨਤੀ ਪ੍ਰਗਟ ਕੀਤੀ ਜਾ ਚੁਕੀ ਹੈ ਅਤੇ ਕਈ ਸੌ ਦਮੜੇ ਖਰਚ ਕੇ ਪਹਿਲੇ ਟ੍ਰੈਕਟ 'ਕ੍ਰਿਪਾਨ ਵਿਰਲਾਪ' ਅਤੇ ਦੂਜੀ ਵੇਰ 'ਅਪੀਲ ਕ੍ਰਿਪਾਨ' ਵੀ ਛਪਵਾ ਕੇ ਪੰਥ ਦੀ ਸੇਵਾ ਵਿਖੇ ਪੇਸ਼ ਕੀਤੇ ਜਾ ਚੁਕੇ ਹਨ।

ਉਤਮ ਖ਼ਿਦਮਤਾਂ ਦੇ ਬਾਵਜੂਦ ਜੋ ਸਿੰਘ ਮੌਕੂਫ਼ ਕੀਤੇ ਗਏ ਸਨ ਅਤੇ ਉਨ੍ਹਾਂ ਵਿੱਚੋਂ ਭਾਈ ਮਨਸ਼ਾ ਸਿੰਘ ਜੀ ਨੂੰ ਨੌਂ ਮਹੀਨੇ ਲਈ ਜੇਲ੍ਹ ਦਿੱਤਾ ਗਿਆ ਸੀ। ਪਰੰਤੂ ਹੁਣ ਪਲਟਨ ਨੰਬਰ ਸੈਕੰਡ ਚੌਤੀ ਸਿਆਲਕੋਟ ਵਿਚ ਭਾਈ ਮੰਗਲ ਸਿੰਘ ਜੀ ਸਿਪਾਹੀ ਨੰਬਰ ੨੧੩੬ ਨੂੰ ਵੀ ਕ੍ਰਿਪਾਨ ਗਾਤਰੇ ਰੱਖਣ ਦੇ ਕਾਰਨ ਇਕ ਸਾਲ ਲਈ ਜੇਲ੍ਹ ਖਾਨਾ

ਦਿੱਤਾ ਗਿਆ ਹੈ, ਜੋ ਕੈਦ ਦੀ ਚੱਕੀ ਪੀਸਦਾ ਹੋਇਆ ਖਾਲਸਾ ਜੀ ਵੱਲ ਅੱਖਾਂ ਲਾਈ ਤੱਕ ਰਿਹਾ ਹੈ।

ਪਿਆਰੇ ਖਾਲਸਾ ਜੀ, ਕੀ ਅਜੇ ਵੀ ਤੇਰੇ ਸੀਨੇ ਵਿਚ ਕੌਮੀ ਪਿਆਰ ਦਾ ਜੋਸ਼ ਲਹਿਰਾਂ ਨਹੀਂ ਮਾਰੇਗਾ?

ਸਾਨੂੰ ਡਰ ਜਾਪਦਾ ਹੈ ਕਿ ਜੇਕਰ ਫ਼ੌਜਾਂ ਵਿਚ ਕ੍ਰਿਪਾਨ ਦੀ ਬੰਦਸ਼ ਸਬੰਧੀ ਹੁਕਮ ਇਸੇ ਤਰ੍ਹਾਂ ਕਾਇਮ ਰਿਹਾ ਅਤੇ ਆਪ ਨੇ ਵੀ ਇਸੇ ਤਰ੍ਹਾਂ ਚੁੱਪ ਵੱਟੀ ਰੱਖੀ ਅਤੇ ਯੋਗਤਾ ਸਹਿਤ ਫ਼ੌਜੀ ਅਫ਼ਸਰਾਂ ਨੂੰ ਆਪਣੀ ਖਾਲਸਾ ਰਹਿਤ ਬਾਬਤ ਪੂਰਨ ਨਿਸਚਾ ਨਾ ਕਰਾਇਆ ਤਾਂ ਪਤਾ ਨਹੀਂ ਜੋ ਹੋਰ ਕਿਤਨੇ ਇਹੋ ਜਿਹੇ ਧਾਰਨੀ ਖਾਲਸਾ ਵੀਰਾਂ ਨੂੰ ਜੇਲ੍ਹ ਦਾ ਮੂੰਹ ਵੇਖਣਾ ਪਵੇ।

ਇਹ ਚੁਪ ਬੈਠੇ ਰਹਿਣ ਦਾ ਵੇਲਾ ਨਹੀਂ ਹੈ ਪਿੱਛੋਂ ਖਾਲੀ ਹੱਥ ਪਛਤੌਣਾ ਪਵੇਗਾ ਪਰੰਤੂ 'ਫਿਰ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ'

ਆਪ ਲਈ ਯੋਗ ਹੈ ਕਿ ਕਮਾਂਡਰ ਇਨ ਚੀਫ਼ ਸਾਹਿਬ ਪਾਸ ਇਸ ਕਿਸਮ ਦੇ ਗੁਰਮਤੇ ਜਗਾ-ਜਗਾ ਤੋਂ ਪਾਸ ਕਰਵਾ ਕੇ ਭੇਜੋ ਕਿ 'ਫ਼ੌਜਾਂ ਵਿਚ ਸਾਡੀ ਧਾਰਮਿਕ ਰਹਿਤ ਕ੍ਰਿਪਾਨ ਦੀ ਖੁਲ੍ਹ ਦਾ ਐਲਾਨ ਕੀਤਾ ਜਾਵੇ ਅਤੇ ਕ੍ਰਿਪਾਨ ਬਦਲੇ ਮੌਕੂਫ਼ ਹੋਏ ਵੀਰਾਂ ਨੂੰ ਬਹਾਲ ਕੀਤਾ ਜਾਵੇ।'

ਆਸ਼ਾ ਹੈ ਜੋ ਖਾਲਸਾ ਪੰਥ ਇਸ ਪਰ ਯੋਗ ਵਿਚਾਰ ਅਤੇ ਵਰਤਾਉ ਕਰ ਕੇ ਨਿਹਾਲ ਕਰੇਗਾ।

ਦਾਸ—ਸੇਵਾ ਸਿੰਘ,
ਕ੍ਰਿਪਾਨ ਬਹਾਦਰ, ਬਖ਼ਤ ਗੜ੍ਹ
ਜ਼ਿਲ੍ਹਾ ਲੁਧਿਆਣਾ।

ਅਕਾਲੀ ਲਾਹੌਰ, ੧ ਅਗਸਤ ੧੯੨੦

ਗੁਰਦੁਆਰਾ ਬਾਬੇ ਦੀ ਬੇਰ

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਨੂੰ ਇਕ ਪੰਡਤ ਦੇ ਪ੍ਰਬੰਧ ਹੇਠੋਂ ਕੱਢ ਕੇ ਸਿੱਖਾਂ ਦੀ ਕਮੇਟੀ ਦੇ ਪ੍ਰਬੰਧ ਹੇਠ ਲਿਆਉਣ ਲਈ ਸਿੱਖਾਂ ਵੱਲੋਂ ਜੋ ਮੁਕਦਮਾ ਦੀਵਾਨੀ ਅਦਾਲਤ ਵਿਚ ਪੰਡਤ ਕੁੰਦਨ ਲਾਲ ਸੀਨੀਅਰ ਸਬ ਜਜ ਦੀ ਕਚਿਹਰੀ ਵਿਚ ਚਲ ਰਿਹਾ ਹੈ, ਮੁਦਈਆਂ ਵੱਲੋਂ ਉਸ ਦੀ ਪੈਰਵੀ ਦਿਲ ਲਾ ਕੇ ਨਾ ਹੁੰਦੀ ਵੇਖ ਕੇ ਖਾਲਸਾ ਸੇਵਕ ਜਥੇ ਨੇ ੨੩-੭-੨੦ ਸ਼ਾਮ ਨੂੰ ਸਿੰਘ ਸਭਾ ਵਿਚ ਜਨਰਲ ਕਮੇਟੀ ਦੀ ਇਕੱਤਰਤਾ ਕੀਤੀ, ਜਿਸ ਵਿਚ ਮੈਨੇਜਿੰਗ ਕਮੇਟੀ ਗੁਰਦੁਆਰਾ ਸ਼ਹੀਦ ਬੁੰਗਾ ਦੇ ਮੈਂਬਰਾਂ ਨੇ ਵੀ ਦਰਸ਼ਨ ਦਿੱਤੇ ਬਹੁਤ ਸਾਰੀ ਵਿਚਾਰ ਦੇ ਮਗਰੋਂ ਫ਼ੈਸਲਾ ਹੋਇਆ ਕਿ ੧੧ ਆਦਮੀਆਂ ਦੀ ਇਕ ਸਬ ਕਮੇਟੀ ਬਣਾਈ ਜਾਵੇ ਜੋ ਗੁਜਰਾਂਵਾਲੇ ਜਾਂ ਲਾਹੌਰ ਵਿੱਚੋਂ ਕਿਸੇ ਸਿੱਖ ਵਕੀਲ ਨਾਲ ਪ੍ਰਬੰਧ ਕਰ ਕੇ ਭਾਈ ਆਤਮਾ ਸਿੰਘ ਜੀ ਪਾਸੋਂ, ਜੋ ਮਹੰਤ ਗੁਲਾਬ ਸਿੰਘ ਜੀ ਦੇ ਖਾਨਦਾਨ ਵਿੱਚੋਂ ਹਨ ਤੇ ਜਿਨਾਂ ਪਾਸੋਂ ਮਹੰਤ ਪ੍ਰੇਮ ਸਿੰਘ ਸੁਵਰਗਵਾਸੀ ਨੇ ਨਾ-ਬਾਲਗੀ ਦੀ ਹਾਲਤ ਵਿਚ ਗੱਦੀ ਲੈ ਲਈ ਸੀ, ਇਕ ਹੋਰ ਦਾਵਾ ਕਰਾਇਆ ਜਾਵੇ। ਬਾਹਰੋਂ ਆਏ ਵਕੀਲ ਸਾਹਿਬ ਦੋਹਾਂ ਮੁਕੱਦਮਿਆਂ ਦੀ ਪੈਰਵੀ ਵਿਚ ਮਦਦ ਦੇਵਣ। ਉਪਰੋਕਤ ਸਬ ਕਮੇਟੀ ੧੧ ਮੈਂਬਰਾਂ ਦੀ ਚੋਣ ਇਸ ਪ੍ਰਕਾਰ ਹੋਣੀ ਪ੍ਰਵਾਨ ਹੋਈ— ੩ ਮੈਂਬਰ ਖਾਲਸਾ ਸੇਵਕ ਜਥੇ ਵੱਲੋਂ, ੩ ਮੈਂਬਰ ਮੈਨੇਜਿਗ ਕਮੇਟੀ ਗੁਰਦੁਆਰਾ ਸ਼ਹੀਦ ਬੁੰਗਾ ਵੱਲੋਂ, ੩ ਖਾਲਸਾ ਦੀਵਾਨ ਸਿਆਲਕੋਟ ੨ ਮੈਂਬਰ ਸ਼ਹਿਰ ਦੇ ਸਿੱਖਾਂ ਵੱਲੋਂ। ਪਾਸ ਹੋਇਆ ਕਿ ਐਤਵਾਰ ੨੫ ਜੁਲਾਈ ਨੂੰ ਸ਼ਹਿਰ ਦੇ ਸਾਰੇ ਸਿੱਖਾਂ ਦਾ ਇਕ ਇਕੱਠ ਕੀਤਾ ਜਾਵੇ ਜਿਸ ਵਿਚ ਬਾਬੇ ਦੀ ਬੇਰ ਦੇ ਸਾਰੇ ਹਾਲਾਤ, ਪਹਿਲੇ ਤੇ ਹੁਣ ਦੇ ਪ੍ਰਬੰਧ ਦਾ ਟਾਕਰਾ, ਦੱਸੇ ਜਾਣ।

ਇਹ ਵੀ ਪਾਸ ਹੋਇਆ ਕਿ ਜੋ ਮੁਕੱਦਮਾ ਅੱਜ-ਕਲ੍ਹ ਦਾਇਰ ਹੈ ਉਸ ਦੇ ਮੁਦਈਆਂ ਨੂੰ ਮੁਕਦਮਾ ਪੰਡਤ ਕੁੰਦਨ ਲਾਲ ਦੀ ਅਦਾਲਤ ਵਿੱਚੋਂ ਬਦਲ ਕੇ ਕਿਸੇ ਅੰਗ੍ਰੇਜ਼ ਦੀ ਅਦਾਲਤ ਵਿਚ ਮੁਨਤਕਿਲ ਕਰਾਉਣ ਦੀ ਦਰਖ਼ਾਸਤ ਛੇਤੀ ਦੇਣ ਲਈ ਬੇਨਤੀ ਕੀਤੀ ਜਾਵੇ। ਕਿਉਂਕਿ ਇਸ ਅਦਾਲਤ ਵਿਚ ਮੁਕਦਮਾ ਨਾ ਲਿਜਾਣ ਦੀ ਖਾਤਰ ਹੀ ਅੱਗੇ ਮੁਕਦਮਾ ਦਾਇਰ ਕਰਨ ਵਿਚ ਢਿੱਲ ਮਠ ਹੁੰਦੀ ਰਹੀ ਹੈ।

ਦਾਸ
ਨਾਨਕ ਸਿੰਘ ਸਕੱਤਰ, ਖਾਲਸਾ ਸੇਵਕ ਜਥਾ, ਸਿਆਲਕੋਟ

ਅਕਾਲੀ ਲਾਹੌਰ, ੫ ਅਗਸਤ ੧੯੨੦

ਗਰਮ ਅਖ਼ਬਾਰਾਂ !

ਸਾਡੇ ਮਾਨਯੋਗ ਸਮਕਾਲੀ "ਖ਼ਾਲਸਾ ਐਡਵੋਕੇਟ" ਨੇ ਆਪ ਅਤੇ ਇਕ ਦੋ ਹੋਰ ਅਖ਼ਬਾਰਾਂ ਤੋਂ ਛੁਟ ਸਾਰੇ ਸਿੱਖ ਅਖ਼ਬਾਰਾਂ ਨੂੰ 'ਗਰਮ ਅਖ਼ਬਾਰਾਂ" ਦੀ ਪਦਵੀ ਦਿੱਤੀ ਹੈ। ਇਸ ਸਬੰਧੀ ਅਸੀਂ ਕੇਵਲ ਇਤਨੀ ਹੀ ਬੇਨਤੀ ਕਰਨੀ ਉਚਿਤ ਸਮਝਦੇ ਹਾਂ ਕਿ ਪੰਜਾਬ ਵਿਚ ਅਤੇ ਖ਼ਾਸ ਕਰ ਸਿੱਖਾਂ ਵਿਚ ਨਰਮ ਗਰਮ ਦਲ ਆਦਿਕ ਦਾ ਕੋਈ ਭਿੰਨ ਭੇਦ ਨਹੀਂ। ਅਸੀਂ ਤਾਂ ਕੇਵਲ ਸਚੀ ਕੌਮੀ ਸੇਵਾ ਨੂੰ ਮੁਖ ਰੱਖਕੇ ਸਾਰਿਆਂ ਸਵਾਲਾਂ ਤੇ ਵਿਚਾਰ ਕਰਦੇ ਹਾਂ ਭਲਾ ਜੇਕਰ ਸਾਡੇ ਵੀਰ ਜੀ ਦਾ ਮਤਲਬ ਇਹ ਹੈ ਕਿ ਜ਼ਾਲਮ ਹਾਕਮਾਂ ਨੂੰ ਮਾਨ ਪਤਰ ਦੇਣ ਵਾਲੇ, ਕੌਮੀ ਸੇਵਕ ਸਿੱਖਾਂ ਨੂੰ ਅਸਿੱਖ ਆਖਣ ਵਾਲੇ, 'ਜੀ ਹਜ਼ੂਰੀਏ' ਕੌਮ ਦਾ ਬੇੜਾ ਗਰਕ ਕਰਨ ਵਾਲਿਆਂ ਤੋਂ ਬਿਨਾਂ ਸਭ 'ਗਰਮ ਅਖ਼ਬਾਰਾਂ' ਹਨ ਤਾਂ ਅਸੀਂ ਇਸ ਪਦਵੀ ਨੂੰ ਧੰਨਵਾਦ ਕਰਕੇ ਪ੍ਰਵਾਨ ਕਰਦੇ ਹਾਂ। ਵੀਰ ਜੀ ਇਸ ਤਰ੍ਹਾਂ ਸਚਾਈ ਕਿਤਨਾ ਕੁ ਚਿਰ ਲੁਕੀ ਰਹੂ। ਆਓ ਹੁਣ ਰਲਕੇ ਕਲਗੀਧਰ ਜੀ ਦੇ ਆਸ਼ੇ ਅਨੁਸਾਰ ਦੁਖੀ ਕੌਮ ਦੀ ਸੇਵਾ ਕਰੀਏ। ਇਸ ਤਰ੍ਹਾਂ ਆਪਸ ਵਿਚ ਬੁਰਾ ਭਲਾ ਆਖਣਾ ਮੁਫ਼ਤ ਦੀ ਲੋਕਾਂ ਕੋਲੋਂ ਹਾਸੀ ਕਰਵਾਉਣਾ ਹੈ।

ਸਿੱਖਾਂ ਦੇ ਹਕ !

ਅੱਗੇ ਚਲ ਕੇ ਸਾਡੇ ਵੀਰ ਜੀ ਫੇਰ ਲਿਖਦੇ ਹਨ ਕਿ ਸਿੱਖ ਪੈਂਚ ਵਲਾਇਤ ਵਿਚ ਅਤੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆਂ ਸ਼ਿਮਲੇ ਵਿੱਚ ਸਿੱਖਾਂ ਦੇ ਹੱਕਾਂ ਲਈ ਸਿਰ ਤੋੜ ਸ਼ਿਮਲੇ ਵਿਚ ਸਿੱਖਾਂ ਦੇ ਹੱਕਾਂ ਲਈ ਯਤਨ ਕਰ ਰਹੇ ਹਨ। ਪਰ 'ਗਰਮ ਸਿੱਖ' ਅਖ਼ਬਾਰ ਇਨ੍ਹਾਂ ਸੇਵਕਾਂ ਦੀ ਸੇਵਾ ਨੂੰ ਘਟੌਣ ਦਾ ਯਤਨ ਕਰ ਰਹੇ ਹਨ। ਸਾਡਾ ਤਾਂ ਇਹ ਪਕਾ ਨਿਸਚਾ ਹੈ ਕਿ ਮਿੰਨਤਾਂ ਤਰਲੇ ਹੱਥ ਪੈਰ ਜੋੜ ਕੇ, ਰਈਂ ਰਈਂ ਕਰਨ ਨਾਲ ਕੱਖ ਨਹੀਂ ਮਿਲਦਾ, ਸਗੋਂ ਆਪਣੀ ਇਜ਼ੱਤ ਵੀ ਗਵਾ ਬੈਠਦੇ ਹਨ। ਗੁਰੂ ਜੀ ਨੇ ਫੁਰਮਾਇਆ ਹੈ : "ਮਰੇ ਸੋ ਮੰਗਣ ਜਾਇ।" ਦਰ-ਦਰ ਠੂਠੇ ਫੜ ਕੇ ਮੰਗਣ ਗਿਆਂ ਤਾਂ ਮਾਮੂਲੀ ਤੋਂ ਮਾਮੂਲੀ ਚੀਜ਼ਾਂ ਵੀ ਨਹੀਂ ਮਿਲਦੀਆਂ ਤਾਂ ਫੇਰ ਸੁਤੰਤਰਤਾ ਵਰਗੀ ਵਡਮੁਲੀ ਵਸਤੂ ਕਿਵੇਂ ਮਿਲ ਸਕਦੀ ਹੈ। ਪਰ ਕਈ ਭਾਈਆਂ ਦੇ ਦਿਲਾਂ ਵਿੱਚੋਂ ਅਜੇ ਇਹ ਵਿਸ਼ਵਾਸ ਨਹੀਂ ਗਿਆ। ਭਲਾ ਵਲਾਇਤ ਦੇ ਪੈਂਚਾ ਨੇ ਕੀ ਕੀਤਾ ਹੈ। ਜਿਹੜੀਆਂ ਵਾਧੂ ਮੈਂਬਰੀਆਂ ਮਿਲੀਆਂ ਹਨ ਉਹ ਕੋਈ ਸਿੱਖਾਂ ਨੂੰ ਹੀ ਨਹੀਂ ਮਿਲੀਆਂ ਕੁਲ ਛੇ ਮੈਂਬਰੀਆਂ ਵਿੱਚੋਂ ੩ ਮੁਸਲਮਾਨਾਂ ਨੂੰ ੨ ਸਿੱਖਾਂ ਨੂੰ ਅਤੇ ੧ ਹਿੰਦੂਆਂ ਨੂੰ। ਇਸ ਹਾਲਤ ਵਿਚ ਇਹ ਆਖਣਾ ਕਿ ਮੈਂਬਰੀਆਂ ਸਿੱਖਾਂ ਨੂੰ ਵਧ ਮਿਲ ਗਈਆਂ ਹਨ, ਮਹਾਂ ਭੁਲ ਹੈ। ਦੂਜੇ, ਇਸ ਦਾ ਫੈਸਲਾ ਵੀ ਸਾਡੇ ਬਹਾਦਰ ਪੈਂਚਾਂ ਦੇ ਅਪੜਨ ਤੋਂ ਪਹਿਲਾਂ ਹੀ ਹੋ ਚੁਕਿਆ ਸੀ। ਤਾਰ ਤੋਂ ਮਾਲੂਮ ਹੁੰਦਾ ਹੈ ਕਿ ਉਹ ੨੩ ਤਰੀਕ ਦੀ ਸਵੇਰ ਨੂੰ ਮਿਸਟਰ ਮਾਨਟੇਗੂ ਜੀ ਨੂੰ ਮਿਲੇ ਹਨ। ਕਿਉਂਕਿ ੨੩ ਨੂੰ ਹੀ ਸੁਧਾਰ ਨਿਯਮ ਪਾਰਲੀਮੈਂਟ ਵਿਚ ਅਦਲਾ ਬਦਲੀਆਂ ਹੋ ਕੇ ਪਾਸ ਹੋ ਚੁਕੇ ਹਨ। ਇਨ੍ਹਾਂ ਵਿਚ ਸਿੱਖਾਂ ਦਾ ਤਾਂ ਕਿਤੇ ਨਾਮ ਤਕ ਨਹੀਂ ਆਇਆ। ਮਲੂਮ ਹੁੰਦਾ ਹੈ ਕਿ ਹੱਸ ਕੇ ਚਿਟੇ ਹੱਥ ਮਿਲੌਣ ਨੂੰ ਹੀ ਸਾਡੇ ਭੋਲੇ ਭਾਲੇ ਵੀਰ ਹਮਦਰਦੀ ਸਮਝੀ ਬੈਠੇ ਹਨ। ਸਾਡੇ ਪੈਂਚਾਂ ਨੇ ਤਾਰ ਵਿਚ ਦੱਸਿਆ ਹੈ ਕਿ ਮਿਸਟਰ ਮਾਨਟੇਗੂ ਤਾਰ ਦੇ ਰਾਹੀਂ ਸਰਕਾਰ ਹਿੰਦ ਨਾਲ ਸਿੱਖਾਂ ਦੇ ਹੱਕਾਂ ਸਬੰਧੀ ਲਿਖਾ ਪੜ੍ਹੀ ਕਰ ਰਿਹਾ ਹੈ ਅਤੇ ਸਾਡਾ ਸਮਕਾਲੀ 'ਖ਼ਾਲਸਾ ਐਡਵੋਕੇਟ' ਇਸ ਤੇ ਵਧੇਰੇ ਮਿਸਾਲਾ ਲਾਂਦਾ ਹੈ ਕਿ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਸ਼ਿਮਲੇ ਵਿਚ ਸਰਕਾਰ ਹਿੰਦ ਤੇ ਜ਼ੋਰ ਦੇ ਰਹੇ ਹਨ। ਮਾਰ ਓਏ! ਇਉਂ ਮਾਲੂਮ ਹੁੰਦਾ ਹੈ ਭਾਈ ਸਿੱਖਾਂ ਨੂੰ ਤਾਂ ਸਵਰਾਜ ਮਿਲਿਆ ਕਿ ਮਿਲਿਆ।

ਪਰ ਅਸਲ ਵਿਚ ਗੱਲ ਇਹ ਹੈ ਕਿ ਸੁਧਾਰ ਕਾਨੂੰਨ ਪਾਸ ਹੋ ਚੁਕਿਆ ਹੈ। ਉਸ ਦੇ ਹੇਠਾਂ ਨਿਯਮ ਬਣ ਚੁਕੇ ਹਨ। ਚੋਣ ਕਰਨ ਲਈ ਸਿਰ ਤੋੜ ਤਿਆਰੀਆਂ ਸ਼ੁਰੂ ਹਨ। ਹੁਣ ਤਾਂ ਜੇ ਪਾਰਲੀਮੈਂਟ ਚਾਹੇ ਵੀ ਤਾਂ ਵੀ ਕੋਈ ਅਦਲਾ ਬਦਲੀ ਨਹੀਂ ਕਰ ਸਕਦੀ ਕਿਉਂਕਿ ਜਦੋਂ ਲਾਰਡ ਸਿੰਡਨਹਮ ਨੇ ਇਹ ਤਜਵੀਜ਼ ਪੇਸ਼ ਕੀਤੀ ਹੈ ਕਿ ਸਿਵਲ ਪੈਨਸ਼ਨੀਏ ਅਫ਼ਸਰਾਂ ਨੂੰ ਵੀ ਰਾਇ ਦੇਣ ਦਾ ਹਕ ਮਿਲਣਾ ਚਾਹੀਦਾ ਹੈ, ਤਾਂ ਲਾਰਡ ਸਿਨਹਾ ਨੇ ਸਰਕਾਰ ਵੱਲੋਂ ਉੱਤਰ ਵਿਚ ਆਖਿਆ ਕਿ ਤਜਵੀਜ਼ ਤਾਂ ਮੰਨਣ ਯੋਗ ਹੈ ਪਰ ਜੇ ਇਹ ਮੰਨ ਲਈ ਗਈ ਤਾਂ ਨਿਯਮ ਫੇਰ 'ਲੋਕ ਸਭਾ' ਵਿਚ ਭੇਜਣਾ ਪਵੇਗਾ ਪਰ ਇਤਨਾ ਸਮਾਂ ਨਹੀਂ। ਇਸ ਲਈ ਹੁਣ ਇਸ ਨੂੰ ਜਾਣ ਦਿਉ। ਕਦੇ ਫੇਰ ਸਹੀ।

ਜਦੋਂ ਹਾਲਤ ਇਹ ਹੈ ਤਾਂ ਫੇਰ ਮਿਸਟਰ ਮਾਨਟੇਗੂ ਜੀ ਦਾ ਸਰਕਾਰ ਹਿੰਦ ਨਾਲ ਸਿੱਖਾਂ ਦੇ ਹੱਕਾਂ ਸਬੰਧੀ ਲਿਖਾ ਪੜ੍ਹੀ ਕਰਨਾ ਅਤੇ ਸਰਦਾਰ ਸੁੰਦਰ ਸਿੰਘ ਜੀ ਦਾ ਸ਼ਿਮਲੇ ਵਿਚ ਸਰਕਾਰ ਹਿੰਦ ਤੇ ਜ਼ੋਰ ਦੇਣ ਦੇ ਕੀ ਅਰਥ ਹਨ।

ਖ਼ਾਲਸਾ ਜੀ। ਜੇ ਕੁਝ ਮਿਲਣਾ ਹੈ ਤਾਂ ਠੂਠੇ ਫੜ ਕੇ ਮੰਗਿਆਂ ਕਖ ਨਹੀਂ ਮਿਲਣਾ। ਆਪਣੇ ਹੱਕਾਂ ਨੂੰ ਜਮਾਂਦਰੂ ਹੱਕ ਸਮਝ ਕੇ ਅਤੇ ਸੱਚੇ ਦਿਲ ਨਾਲ ਜ਼ਬਰਦਸਤ ਐਜੀਟੇਸ਼ਨ ਕਰਨ ਨਾਲ ਮਿਲਣਾ ਹੈ। ਆਪਣੇ ਪੈਰਾਂ ਤੇ ਆਪ ਖੜੇ ਹੋਣ ਦਾ ਵਲ ਸਿਖੋ। ਸਹਾਰਾ ਲਿਆਂ ਕੱਖ ਨਹੀਂ ਬਨਣਾ। ਪਹਿਲੇ ਵੀ ਜੋ ਕੁਝ ਥੋੜਾ ਬਹੁਤ ਮਿਲਿਆ ਹੈ ਇਹ ਤੁਹਾਡੇ ਉੱਦਮ ਦਾ ਹੀ ਨਤੀਜਾ ਹੈ।

ਅਕਾਲੀ ਲਾਹੌਰ, ੫ ਅਗਸਤ ੧੯੨੦

ਕੌਂਸਲ ਦੀ ਮੈਂਬਰੀ।

ਭਾਈ ਲੋਕਾਂ ਦਾ ਡਾਢਾ ਹੌਂਸਲਾ ਹੈ। ਕੌਂਸਲ ਦੀ ਮੈਂਬਰੀ ਦੇ ਉਮੀਦਵਾਰ ਅਚਰਜ ਅਚਰਜ ਨਮੂਨੇ ਖੜ੍ਹੇ ਹੋ ਰਹੇ ਹਨ। ਉਹ ਮੁਲਕ ਵਾਸੀਆਂ ਨੂੰ ਟਿਚ ਸਮਝ ਰਹੇ ਹਨ। ਜਰਾ ਖਿਆਲ ਕਰੋ ਜਿਹੜੇ ਆਦਮੀ ਕੱਲ੍ਹ ਕੌਮ ਅਤੇ ਮੁਲਕ ਦੇ ਘਾਤਕ ਸਨ, ਭੈੜੇ ਅਫ਼ਸਰਾਂ ਨਾਲ ਰਲ ਕੇ ਲੋਕਾਂ ਤੇ ਕਹਿਰ ਢਾਂਦੇ ਸਨ, ਜਿਨਾਂ ਪਾਸੋਂ ਕਦੀ ਮੁਲਕ ਦਾ ਭਲਾ ਨਹੀਂ ਹੋਇਆ, ਉਹ ਵੀ ਮੈਦਾਨ ਵਿਚ ਦਮ ਮਾਰ ਰਹੇ ਹਨ ਕਿ ਅਸੀਂ ਕੌਮ ਦੇ ਬੜੇ ਸੇਵਕ ਆਗੂ ਹਾਂ। ਕੰਜਰੀਆਂ, ਨਾਚਾਂ ਤੇ ਰੰਗਾਂ ਵਿਚ ਖਚਤ ਰਹਿਣ ਵਾਲੇ, ਸ਼ਰਾਬਾਂ ਵਿਚ ਮਤਵਾਲੇ ਫਿਰਨ ਵਾਲੇ, ਅਤੇ ਇਨ੍ਹਾਂ ਗੱਲਾਂ ਨੂੰ ਠੀਕ ਸਮਝਦੇ ਹੋਏ ਮੁਲਕ ਤੇ ਕੌਮ ਦੀ ਭਲਾਈ ਦੇ ਦਾਵੇ ਕਰ ਰਹੇ ਹਨ। ਮੁਲਕ ਦੀ ਅਣਖ ਅਤੇ ਆਣ ਰੱਖਣ ਵਾਲੇ ਸੱਜਣਾਂ ਦੀ ਤਾਂ ਰਾਇ ਹੈ ਕਿ ਕੌਂਸਲਾਂ ਵਿਚ ਜਾਣਾ ਹੀ ਨਹੀਂ ਚਾਹੀਦਾ।

ਇਸ ਹਾਲਤ ਵਿਚ ਅਜਿਹੇ ਉਮੀਦਵਾਰਾਂ ਦਾ ਮੈਂਬਰੀ ਲਈ ਖੜ੍ਹਾ ਹੋਣਾ ਕੌਮ ਦੀ ਸਖ਼ਤ ਹੱਤਕ ਹੈ। ਐ ਕੌਮ! ਕੀ ਤੂੰ ਇਨ੍ਹਾਂ ਲੋਕਾਂ ਦੀਆਂ ਕਰਤੂਤਾਂ ਨੂੰ ਉਕਾ ਭੁਲ ਗਈ ਹੈ। ਜੇ ਤੇਰੇ ਵਿਚ ਸਫਾਈ, ਨਿਰਭੈਤਾ ਤੇ ਦਲੇਰੀ ਹੈ ਤਾਂ ਅਜਿਹੇ ਲੋਕਾਂ ਨੂੰ ਕਿਉਂ ਹੌਂਸਲਾ ਪੈ ਰਿਹਾ ਹੈ ਕਿ ਤੇਰੇ ਕਾਇਮ ਮੁਕਾਮ ਖੜ੍ਹੇ ਹੋ ਕੇ ਤੇਰੀ ਨਿਰਾਦਰੀ ਕਰਨ।

ਇਕ ਪਾਸੇ ਸਿੱਖਾਂ ਦੀਆਂ ਮੰਗਾਂ ਨੂੰ ਨੌਕਰਸ਼ਾਹੀ (Bureaucracy) ਕੰਨੀ ਬੁੱਜੇ ਦੇ ਕੇ ਸੁਣ ਰਹੀ ਹੈ ਅਤੇ, ਹਾਲਾਂ ਤਕ ਨਾ ਰਾਜਸੀ ਕੈਦੀ ਛਡੇ ਹਏ ਹਨ, ਨਾ ਖਾਲਸਾ ਕਾਲਜ ਸਿੱਖਾਂ ਨੂੰ ਸੌਂਪ ਦੇਣ ਦਾ ਐਲਾਨ ਕੀਤਾ ਗਿਆ ਹੈ ਨਾ ਹੀ ਪੂਰੇ ਅਧਿਕਾਰ ਦਿੱਤੇ ਹਨ। ਜਿੰਦੋਂ ਪਿਆਰੀ ਖਾਲਸਾ ਦੀ ਰਹਿਤ ਕ੍ਰਿਪਾਨ ਹੈ। ਹਨੇਰ ਹੈ ਕਿ ਫ਼ੌਜਾਂ ਵਿਚ ਇਸ ਰਹਿਤ ਨੂੰ ਰੱਖਣ ਵਾਲੇ ਨਜ਼ਰ ਬੰਦ ਹੋ ਰਹੇ ਹਨ ਜੁਰਮਾਨੇ ਭਰ ਰਹੇ ਹਨ ਤੇ ਕੈਦਾਂ ਭੁਗਤ ਰਹੇ ਹਨ। ਜੇਲ੍ਹਖਾਨਿਆਂ ਵਿਚ ਧੱਕੋ-ਧੱਕੀ ਕਛੇ ਕੜੇ ਤੇ ਪੱਗਾਂ ਉਤਾਰੀਆਂ ਜਾ ਰਹੀਆਂ ਹਨ। ਗੁਰੂ ਪਿਆਰੇ ਰਹਿਤਾਂ ਤੋਂ ਵਿਛੜ ਕੇ ਰੋਟੀ ਖਾਣੀ ਤੇ ਪਾਣੀ-ਪੀਣਾ ਛਡ ਦੇਂਦੇ ਹਨ ਤੇ ਉਨ੍ਹਾਂ ਨੂੰ ਰੂੰ ਵਾਂਗੂੰ ਤੁੰਬਿਆ ਜਾਂਦਾ ਹੈ।

ਦੂਜੇ ਪਾਸੇ ਪੰਜਾਬ ਦੇ ਮੁਖੀ ਲੀਡਰਾਂ ਨੂੰ ਬੇਇਜ਼ੱਤ ਕਰਨ ਵਾਲੇ, ਮਾਸੂਮਾਂ ਤੇ ਗੋਲੀਆਂ ਵਰਸਾਉਣ ਵਾਲੇ ਸਤਵੰਤੀਆਂ ਤੀਵੀਆਂ ਦੀ ਪੱਤ ਲਾਹੁਣ ਵਾਲੇ ਹਨ, ਜਿਨ੍ਹਾਂ ਹੱਥੋਂ ਡਾਇਰ ਤੇ ਉਡਵਾਇਰ ਵਰਗੇ ਬਰੀ ਕੀਤੇ ਜਾਂਦੇ ਹਨ ਬਲਕਿ ਉਨ੍ਹਾਂ ਦੀ ਵਡਿਆਈ ਕੀਤੀ ਜਾਂਦੀ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਬਾਬਤ ਵੀ ਅਜੇ ਛੜਾ ਐਲਾਨ ਹੀ ਹੋਇਆ ਹੈ ਅਤੇ ਗੁਰਦੁਆਰਾ ਰਕਾਬ ਗੰਜ ਦੀ ਪਵਿੱਤਰ ਦੀਵਾਰ ਅੱਜੇ ਤਕ ਢੱਠੀ ਪਈ। ਸਿੱਖਾਂ ਦੀ ਨਿਰਦਾਰੀ ਅਤੇ ਬੇਪਤੀ ਦਾ ਸਬੂਤ ਖੜ੍ਹੀ ਹੈ।

ਤੀਜੇ ਮੁਸਲਮਾਨ ਭਰਾਵਾਂ ਦੇ ਧਾਰਮਿਕ ਕੰਮਾਂ ਵਿਚ ਦਖ਼ਲ ਦੇ ਕੇ ਉਨ੍ਹਾਂ ਨੂੰ ਦੁਖੀ ਕੀਤਾ ਜਾ ਰਿਹਾ ਹੈ ਹਾਲਤ ਇਹ ਹੈ ਕਿ ਹਜ਼ਾਰਾਂ ਮੁਸਲਮਾਨ ਭਾਈ ਖ਼ਿਲਾਫ਼ਤ ਦੀ ਖ਼ਾਤਰ ਘਰ-ਬਾਰ ਛੋੜ ਕੇ ਕਾਬਲ ਜਾ ਰਹੇ ਹਨ ਅਤੇ ਹਿੰਦੂ ਤੇ ਸਿੱਖ ਸਾਰੇ ਦਿਲੋਂ ਉਨ੍ਹਾਂ ਨਾਲ ਦਰਦ ਵੰਡੋਈ ਕਰ ਰਹੇ ਹਨ ਪਰ ਸਾਰੇ ਹਿੰਦਵਾਸੀਆਂ ਦੀ ਦਰਦ ਭਰੀ ਪੁਕਾਰ ਨੂੰ ਮਿਟੀ ਦੇ ਭਾ ਨਹੀਂ ਪੁਛਿਆ ਜਾਂਦਾ ਹੈ।

ਸਾਡੀ ਰਾਇ ਵਿਚ ਜਦ ਤੀਕ ਸਾਡੀਆਂ ਉਪਰਲੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਪੰਜਬ ਦੇ ਜ਼ਖ਼ਮੀ ਦਿਲਾਂ ਤੇ ਮਲ੍ਹਮ ਨਹੀਂ ਲਾਈ ਜਾਂਦੀ ਅਤੇ ਮੁਸਲਮਾਨ ਭਰਾਵਾਂ ਦੇ ਤਪਦੇ ਦਿਲਾਂ ਨੂੰ ਠੰਡਾ ਨਹੀਂ ਕੀਤਾ

ਜਾਂਦਾ, ਤਦ ਤੀਕ ਮਿਲਵਰਤਣ ਹੋਣਾ ਸਾਡੀ ਬੇਗੈਰਤੀ ਅਤੇ ਢੀਠ-ਪੁਣਾ ਹੈ।

ਸਿੱਖ ਲੀਗ ਨੂੰ ਚਾਹੀਦਾ ਹੈ ਕਿ ਆਪਣੀ ਜਨਰਲ ਕਮੇਟੀ ਕਰ ਕੇ ਉਹ ਵੀ ਆਪਣੀ ਰਾਇ ਪ੍ਰਗਟ ਕਰੇ ਅਤੇ ਆਪਣੇ ਅਗਵਾਈ ਦੇ ਫ਼ਰਜ਼ ਨੂੰ ਪੂਰਾ ਕਰੇ।

ਦਰਬਾਰ ਸਾਹਿਬ ਜੀ।

ਸਰਦਾਰ ਹੁਕਮ ਸਿੰਘ ਜੀ, ਉਵਰਸੀਅਰ ਪਸ਼ੌਰ, ਦਰਬਾਰ ਸਾਹਿਬ ਦੀ ਯਾਤਰਾ ਕਰਦੇ ਹੋਏ ਹੇਠਾਂ ਲਿਖੀਆਂ ਸੁਧਾਰੰ ਯੋਗ ਗੱਲਾਂ ਲਿਖਦੇ ਹਨ ਜੋ ਦਰਬਾਰ ਸਾਹਿਬ ਨੂੰ ਛੇਤੀ ਦੂਰ ਕਰਨੀਆਂ ਚਾਹੀਦੀਆਂ ਹਨ—

੧. ਗੋਲ ਪੌੜੀਆਂ ਦੇ ਕੋਲ ਜਿਥੇ ਫੁਹਾਰੇ ਲੱਗੇ ਹੋਏ ਹਨ ਉਥੇ ਛੋਲਿਆਂ ਵਾਲੇ ਛੋਲੇ ਵੇਚਦੇ ਹਨ ਤੇ ਬਦਮਾਸ਼ ਮਰਦ ਤੇ ਤੀਵੀਆਂ ਜਮ੍ਹਾ ਰਹਿੰਦੇ ਹਨ ਖ਼ਾਸ ਕਰ ਕੇ ੫ ਤੋਂ ੮ ਵਜੇ ਤਕ, ਕਈ ਅਣਭੋਲ ਤੀਵੀਆਂ ਇਥੇ ਫਸ ਜਾਂਦੀਆਂ ਹਨ। ਸੁਣਿਆ ਹੈ ਛੋਲਿਆਂ ਵਾਲੇ ਨੂੰ ਠੇਕਾ ਦਿੱਤਾ ਹੋਇਆ ਹੈ। ਛੋਲਿਆਂ ਵਾਲਾ ਛੇਤੀ ਉਠਾ ਦੇਣਾ ਚਾਹੀਦਾ ਹੈ।

੨. ਪੁਜਾਰੀ ਯਾਤਰੀਆਂ ਨੂੰ ਬਹੁਤ ਤੰਗ ਕਰਦੇ ਹਨ। ਅਖੀਂ ਵੇਖੀਆਂ ਗੱਲਾਂ ਹਨ ਕਿ ਯਾਤਰੀਆਂ ਦੇ ਹੱਥੋਂ ਚੜ੍ਹਾਵੇ ਖੋਹ ਲਏ ਜਾਂਦੇ ਹਨ ਤੇ ਸ਼ਰਧਾਲੂਆਂ ਦੀ ਬੁਰੀ ਗਤ ਬਨਾਈ ਜਾਂਦੀ ਹੈ। ਦਰੋਗਾ ਕਖ ਪ੍ਰਵਾਹ ਨਹੀਂ ਕਰਦਾ। ਚਾਹੀਦਾ ਹੈ ਕਿ ਪੁਜਾਰੀਆਂ ਦੀਆਂ ਗੁਜ਼ਾਰੇ ਜੋਗੀਆਂ ਤਨਖ਼ਾਹਾਂ ਬੱਝ ਜਾਣ ਤੇ ਯਾਤਰੀਆਂ ਦੇ ਹੱਥੋਂ ਚੜ੍ਹਾਵੇ ਬਿਲਕੁਲ ਨਾ ਖੋਹੇ ਜਾਣ।

੩. ਪਰਿਕਰਮਾ ਵਿੱਚੋਂ ਪੁਸਤਕਾਂ, ਕੰਘੀਆਂ, ਫੁਲਾਂ ਆਦਿਕ ਦੀਆਂ ਦੁਕਾਨਾਂ ਉਠਾ ਦੇਣੀਆਂ ਚਾਹੀਦੀਆਂ ਹਨ। ਕਈ ਵੇਰ ਵੇਖਣ ਵਿਚ ਆਇਆ ਹੈ ਕਿ ਦੁਕਾਨਾਂ ਤੇ ਤੀਵੀਆਂ ਨਾਲ ਟਿਚਕਰਾਂ ਤੇ ਹਾਸੇ ਕੀਤੇ ਜਾਂਦੇ ਹਨ। ਦਰਬਾਰ ਸਾਹਿਬ ਵਿਚ ਯਾਤਰਾ ਲਈ ਤੀਵੀਆਂ ਵੇਲੇ ਕੁਵੇਲੇ ਆਉਂਦੀਆਂ ਹਨ। ਇਥੇ ਦੁਕਾਨਾਂ ਉਕੀਆਂ ਨਹੀਂ ਚਾਹੀਦੀਆਂ।

੪. ਕੀਰਤਨ ਕਰਨ ਵਾਲੇ ਰਬਾਬੀ ਹੁੱਕੇ ਪੀਂਦੇ ਹਨ ਤੇ ਕੀਰਤਨ ਕੋਈ ਰਸ ਦਾ ਨਹੀਂ ਕਰਦੇ। ਨਿਰਾ ਵੇਲਾ ਹੀ ਟਾਲਦੇ ਹਨ। ਰਾਗੀ ਸਿੱਖ ਚਾਹੀਦੇ ਹਨ ਜਾਂ ਘਟੋ-ਘੱਟ ਇਨ੍ਹਾਂ ਨੂੰ ਤੰਮਾਕੂ ਪੀਣ ਤੋਂ ਉੱਕਾ ਬੰਦ ਕੀਤਾ ਜਾਵੇ ਅਤੇ ਕੀਰਤਨ ਕਰਨ ਲਈ ਖ਼ਾਸ ਤਾੜਨਾ ਕੀਤੀ ਜਾਵੇ।

ਲਾਲਾਮੂਸਾ

ਲਾਲਾਮੂਸਾ ਤੋਂ ਭਾਈ ਗੁਪਾਲ ਸਿੰਘ ਜੀ ਲਿਖਦੇ ਹਨ ਕਿ ੧੮ ਜੁਲਾਈ ਨੂੰ ਲਾਲਾਮੂਸਾ ਸਿੰਘ ਸਭਾ ਦੇ ਖ਼ਾਸ ਜੋੜ ਮੇਲੇ ਵਿਚ ਹੇਠ ਲਿਖੇ ਗੁਰਮਤੇ ਪਾਸ ਹੋਏ।

(੧) ਦਰਬਾਰ ਸਾਹਿਬ ਅੰਮ੍ਰਿਤਸਰ ਹੁਣੇ ਹੀ ਸਿੱਖਾਂ ਦੇ ਇੰਤਜ਼ਾਮ ਵਿਚ ਦਿੱਤਾ ਜਾਵੇ।

(੨) ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਵੇ।

(੩) ਕਮਾਂਡਰ ਇਨ ਚੀਫ਼ ਦੀ ਸੇਵਾ ਵਿਚ ਸਿੱਖ ਸਿਪਾਹੀਆਂ ਨੂੰ ਕ੍ਰਿਪਾਨ ਰੱਖਣ ਦੀ ਖੁਲ੍ਹ ਵਾਸਤੇ ਬੇਨਤੀ ਕੀਤੀ ਜਾਵੇ। ਤੇ ਸਿਆਲਕੋਟ ਤੇ ਰੁੜਕੀ ਦੇ ਸਿੱਖ ਸਿਪਾਹੀਆਂ ਦੀ ਬਰਖ਼ਾਸਤਗੀ ਤੇ ਵਿਰੋਧਤਾ ਪ੍ਰਗਟ ਕੀਤੀ ਜਾਵੇ।

(੪) ਸ਼ਾਹੀ ਐਲਾਨ ਦੇ ਅਨੁਸਾਰ ਸਾਰੇ ਸਿੱਖ ਕੈਦੀਆਂ ਨੂੰ ਰਿਹਾ ਕੀਤਾ ਜਾਵੇ। ਸਰਦੂਲ ਸਿੰਘ ਕਵੀਸ਼ਰ ਤੇ ਨਾਮਧਾਰੀਆਂ ਤੋਂ ਪਾਬੰਦੀਆਂ ਹਟਾਈਆਂ ਜਾਣ।

(੫) ਸਿੱਖ ਕੈਦੀਆਂ ਨੂੰ ਪਗੜੀਆਂ ਤੇ ਧਾਰਮਿਕ ਚਿੰਨ੍ਹ ਰੱਖਣ ਦੀ ਆਜ਼ਾਦੀ ਬਖ਼ਸ਼ੀ ਜਾਵੇ।

(੬) ਸਿੱਖਾਂ ਨੂੰ ਲੈਜਿਸਲੇਟਿਵ ਕੌਂਸਲ ਵਿਚ ਤੀਜਾ ਹਿੱਸਾ ਤੇ ਵਾਇਸਰਾਇ ਦੀ ਕੌਂਸਲ ਵਿਚ ਪੰਜਵਾਂ ਹਿੱਸਾ ਦਿੱਤਾ ਜਾਵੇ।

(੭) ਬਾਵਾ ਗੁਰਬਖਸ਼ ਸਿੰਘ ਅਤੇ ਸਰਬਰਾਹ ਅਰੂੜ ਸਿੰਘ ਸਿੱਖਾਂ ਦੇ ਪ੍ਰਤੀਨਿਧ ਨਹੀਂ ਹਨ ਅਤੇ ਉਨ੍ਹਾਂ ਦੀ 'ਸਿੱਖ' ਦੀ ਤਾਰੀਫ਼ ਭੀ ਅਧੂਰੀ ਹੈ। ਸਿੱਖਾਂ ਲਈ ਅੰਮ੍ਰਿਤਧਾਰੀ ਅਤੇ ਕੇਸਾਧਾਰੀ ਹੋਣਾ ਲਾਜ਼ਮੀ ਹੈ।

ਕਲਕਤਾ ਬਾਉਲੀ ਗੰਜ

ਭਾਈ ਬਲਵੰਤ ਸਿੰਘ ਜੀ ਪਰਦੇਸੀ ਗ੍ਰੰਥੀ ਲਿਖਦੇ ਹਨ ਕਿ ਸਿੰਘ ਸਭਾ ਬਾਵਲੀ ਗੰਜ ਦੇ ਸਪਤਾਹਕ ਦੀਵਾਨ ਵਿਚ ਪਾਸ ਹੋਇਆ :

(੧) ਕਿ ਉਨ੍ਹਾਂ ਅਫ਼ਸਰਾਂ ਤੇ ਸੱਜਣਾਂ ਜਿਨ੍ਹਾਂ ਇਸ ਗੁਰਦੁਆਰੇ ਵੀ ਜ਼ਮੀਨ ਤੇ ਮਕਾਨ ਬਨਾਵਣ ਵਿਚ ਸਹਾਇਤਾ ਦਿੱਤੀ ਹੈ ਤੇ ਖ਼ਾਸ ਕਰ ਕੇ ਸਰਦਾਰ ਅਜਾਇਬ ਸਿੰਘ ਜੀ, ਦਾ ਧੰਨਵਾਦ ਕੀਤਾ ਜਾਵੇ।

(੨) ਕਿ ਫ਼ੌਜੀ ਮਹਿਕਮੇ ਤੇ ਜੇਲ੍ਹ ਦੇ ਸਿੱਖ ਕੈਦੀਆਂ ਨੂੰ ਕ੍ਰਿਪਾਨ ਤੇ ਦਸਤਾਰ ਰੱਖਣ ਦੀ ਖੁਲ੍ਹ ਦਿੱਤੀ ਜਾਵੇ ਤੇ ਕ੍ਰਿਪਾਨ ਦੇ ਬਾਰੇ ਵਿਚ ਬੰਗਾਲ ਵਿਚ ਗਵਰਮੈਂਟ ਨੂੰ ਖ਼ਾਸ ਤੌਰ ਤੇ ਇਤਲਾਹ ਦਿੱਤੀ ਜਾਵੇ ਤਾਂ ਕਿ ਸਿੱਖਾਂ ਨੂੰ ਰੋਕ ਟੋਕ ਨਾ ਹੋਵੇ।

(੩) ਕਿ ਸ਼ਾਹੀ ਐਲਾਨ ਅਨੁਸਾਰ ਮੁਲਕੀ ਕੈਦੀਆਂ ਨੂੰ ਤੇ ਖ਼ਾਸ ਕਰ ਕੇ ਭਾਈ ਰਣਧੀਰ ਸਿੰਘ ਜੀ ਨੂੰ ਛੇਤੀ ਹੀ ਛਡ ਦਿੱਤਾ ਜਾਵੇ।

(੪) ਕਿ ਪੰਜਾਬ ਕੌਂਸਲ ਵਿਚ ਸਿੱਖਾ ਨੂੰ ਤੀਸਰਾ ਤੇ ਵਾਇਸਰਾਇ ਦੀ ਕੌਂਸਲ ਵਿਚ ਪੰਜਵਾਂ ਹਿੱਸਾ ਦਿੱਤਾ ਜਾਵੇ।

(੫) ਕਿ ਖਾਲਸਾ ਕਾਲਜ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਸਿੱਖਾਂ ਅਸਥਾਨਾਂ ਦਾ ਇੰਤਜ਼ਾਮ ਸਿੱਖਾਂ ਨੂੰ ਦਿੱਤਾ ਜਾਵੇ।

ਅਕਾਲੀ ਲਾਹੌਰ, ੬ ਅਗਸਤ ੧੯੨੦

ਚੀਫ਼ ਖਾਲਸਾ ਦੀਵਾਨ

ਸਾਨੂੰ ਖ਼ੁਸ਼ੀ ਹੋਈ ਹੈ ਕਿ ਚੀਫ਼ ਖਾਲਸਾ ਦੀਵਾਨ ਨੇ ਸਾਡੇ ਲੇਖ ਦਾ ਉੱਤਰ ਭੇਜਿਆ ਹੈ। (ਜੋ ਅੱਜ ਦੀ ਅਖ਼ਬਾਰ ਵਿਚ ਕਿਸੇ ਦੂਜੀ ਥਾਂ ਛਪਿਆ ਹੈ)। ਸੋ ਸਾਡਾ ਇਹ ਲੇਖ ਪੜ੍ਹਨ ਤੋਂ ਪਹਿਲਾਂ ਉਹ ਚਿੱਠੀ ਪੜ੍ਹ ਲਓ। ਅਸੀਂ ਸੁਧਾਰ ਦੀ ਨੀਯਤ ਨਾਲ ਦੀਵਾਨ ਦੇ ਨਿਯਮਾਂ ਦੀ ਪੜਤਾਲ ਕਰ ਰਹੇ ਹਾਂ ਅਤੇ ਬੜੇ ਹੀ ਖ਼ੁਸ਼ ਹੋਵਾਂਗੇ ਜੇ ਦੀਵਾਨ ਸਾਡੇ ਇਤਰਾਜ਼ਾਂ ਦੇ ਯੁਕਤੀ ਪੂਰਬਕ ਉੱਤਰ ਦੇਵੇ।

ਪੰਥ ਦੀ ਜਥੇਬੰਦੀ ਦੇ ਸੁਧਾਰ ਦੇ ਸਬੰਧ ਵਿਚ ਪਿਆਰੇ ਦੀਵਾਨ ਦੀ ਇਹ ਚਿੱਠੀ ਪੜ੍ਹ ਕੇ 'ਅਕਾਲੀ' ਦੇ ੧੭ ਅਤੇ ੨੧ ਜੁਲਾਈ ਦੇ ਪਰਚਿਆਂ ਵਿਚੋਂ ਮੁਖ ਲੇਖ ਵੀ ਜ਼ਰੂਰ ਪੜ੍ਹ ਲੈਣ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਦੀਵਾਨ ਦੀ ਇਹ ਚਿੱਠੀ ਕਿਤਨੀ ਕੁ ਤਸੱਲੀ ਬਖਸ਼ੀ ਹੈ।

ਅੱਜ ਦੀ ਚਿੱਠੀ ਉਪਰ ਸਾਡੇ ਇਹ ਪ੍ਰਸ਼ਨ ਹਨ ਕ੍ਰਿਪਾ ਕਰ ਕੇ ਦੀਵਾਨ ਉੱਤਰ ਬਖ਼ਸ਼ੇ—

'ੳ' ਅੰਮ੍ਰਿਤਧਾਰੀ ਦੇ ਨਾਲ ਕੇਸਾਧਾਰੀ ਪੰਜ ਕਕਾਰਾਂ ਦੀ ਰਹਿਤ ਅਤੇ ਗੁਰਮਤਿ ਕਰਨ ਦੀ ਸ਼ਰਤ ਕਿਉਂ ਨਹੀਂ ਰੱਖੀ ਗਈ? ਫਾਰਮ 'ੳ' ਅਤੇ 'ੳੳ' ਦੋ ਤਰ੍ਹਾਂ ਦੇ ਕਿਉਂ ਬਣਾਏ ਗਏ ਹਨ? ਫਾਰਮ 'ੳ' ਵਿਚ ਲਿਖਿਆ ਹੈ— "ਮੈਂ ਅੰਮ੍ਰਿਤ ਛਕਿਆ ਹੈ ਪੰਜ ਕਕਾਰਾਂ ਦੀ ਰਹਿਤ ਰੱਖਦਾ ਹਾਂ, ਨਿਤਨੇਮ ਕਰਦਾ ਹਾਂ, ਚੌਹਾਂ ਕੁਰੈਹਤਾਂ ਵਿੱਚੋਂ ਮੇਰੇ ਵਿਚ ਕੋਈ ਵੀ ਨਹੀਂ।"

ਅਤੇ ਫਾਰਮ 'ੳੳ' ਵਿਚ ਸਿਰਫ ਲਿਖਿਆ ਹੈ "ਮੈਂ ਅੰਮ੍ਰਿਤ ਛਕਿਆ ਹੋਇਆ ਹੈ।"

ਅਸਾਂ 'ਅਕਾਲੀ' ਵਿਚ ਇਨ੍ਹਾਂ ਨਿਯਮਾਂ ਤੇ ਇਤਰਾਜ਼ ਕੀਤੀ ਸੀ ਕਿ ਦੋ ਤਰ੍ਹਾਂ ਦੇ ਫਾਰਮ ਬਨਾਣ ਦਾ ਇਹ ਭਾਵ ਨਿਕਲਦਾ ਹੈ ਕਿ ਗੁਰਮਤਿ ਕਰਨ ਵਾਲਾ ਅਤੇ ਨਾ ਰੱਖਣ ਵਾਲਾ; ਕੁਰਹਿਤੀਆ ਅਤੇ ਪੱਕਾ ਸਿੱਖ ਨਿਤਨੇਮ ਕਰਨ ਵਾਲਾ ਅਤੇ ਨਾ ਕਰਨ ਵਾਲਾ ਦੋਹਾਂ ਤਰ੍ਹਾਂ ਦੇ ਦੀਵਾਨ ਦੇ ਮੈਂਬਰ ਬਣ ਸਕਦੇ ਹਨ। ਜੇ ਨਹੀਂ ਤਾਂ ਦੀਵਾਨ ਦੱਸੇ ਕਿ ਕਿਹੜੇ ਨਿਯਮ ਨਾਲ ਰੋਕ ਸਕਦੇ ਹਨ ਅਤੇ ਦੋ ਤਰ੍ਹਾਂ ਦੇ ਫਾਰਮ ਕਿਉਂ ਬਣਾਏ ਹਨ?

ਅ 'ਦੀਵਾਨ ਦੇ ਕੁਲ ਮੈਂਬਰ ਭਾਵੇਂ ਕਿਸੇ ਸ਼੍ਰੇਣੀ ਵਿਚ ਹੋਣ ਕੇਸਾਧਾਰੀ ਹੋਣ ਦੀ ਹਾਲਤ ਵਿਚ ਮੈਂਬਰ ਬਣ ਸਕਦੇ ਹਨ'। ਸਾਡਾ ਇਤਰਾਜ਼ ਇਹ ਹੈ ਕਿ ਇਹ ਧਾਰਮਿਕ ਦੀਵਾਨ ਲਈ ਸ਼੍ਰੇਣੀਆਂ ਦੀ ਵੰਡ ਕਿਉਂ ਬਣਾਈ ਗਈ ਹੈ? ਇਹ ਸ਼੍ਰੇਣੀਆਂ ਦੀ ਵੰਡ ਤਾਂ ਜ਼ਾਤਪਾਤ ਨਾਲੋਂ ਵੀ ਵੱਧ ਖ਼ਤਰਨਾਕ ਹੈ ਤੇ ਸਤਿਗੁਰੂ ਦੇ ਪੰਚੈਤੀ ਅਸੂਲਾਂ ਦੇ ਐਨ ਉਲਟ ਹੈ।

ਜਿਹਾ ਕਿ ਇਕ ਕੇਸਾਧਾਰੀ ਰਈਸ ਹੈ। ਵਕੀਲ ਹੈ ਜਾਂ ਡਾਕਟਰ ਹੋਣ ਕਰ ਕੇ ਪ੍ਰਤਿਸ਼ਠਿਤ ਹੈ। ਉਹ ਸਥਾਨੀ ਸਿੰਘ ਸਭਾ ਦਾ ਮੈਂਬਰ ਨਹੀਂ ਬਣਦਾ, ਪੰਥਕ ਕੰਮਾਂ ਵਿਚ ਅਸੀਂ ਹਿੱਸਾ ਨਹੀਂ ਲੈਂਦਾ, ਰਹਿਤਾਂ ਨਹੀਂ ਰੱਖਦਾ, ਗੁਰਮਤਿ

ਨਹੀਂ ਕਰਦਾ ਸਗੋਂ ਮਨਮਤਾਂ ਕਰਦਾ ਹੈ। ਪਰ ਉਹ ਫਾਰਮ 'ੳ ੳ' ਉਪਰ ਦਸਖ਼ਤ ਕਰ ਕੇ ਦੀਵਾਨ ਦਾ ਮੈਂਬਰ ਬਣ ਸਕਦਾ ਹੈ। ਹੁਣ ਜਿਹੜਾ ਆਦਮੀ ਜਿਸ ਗੁਣ (Qualification) ਕਰ ਕੇ ਮੈਂਬਰ ਬਣੇਗਾ ਉਸ ਨੂੰ ਉਸੇ ਨਾਲ ਪਿਆਰ ਹੋਵੇਗਾ। ਭਾਵੇਂ ਇਕ ਆਦਮੀ ਕੇਸਾਧਾਰੀ ਸਿੱਖ ਹੈ ਪਰ ਜਦ ਉਹ 'ਰਈਸ' ਤੇ ਪ੍ਰਤਿਸ਼ਠਿਤ ਹੋਣ ਦੀ ਹੈਸੀਅਤ ਵਿਚ ਮੈਂਬਰ ਲਿਆ ਜਾਂਦਾ ਹੈ ਤਾਂ ਕੁਦਰਤੀ ਗੱਲ ਹੈ ਕਿ ਉਸ ਦੇ ਅੰਦਰ 'ਰਈਸੀ' ਤੇ ਪ੍ਰਤਿਸਠਿਤਾ ਦਾ ਮਾਣ ਵਧੇ ਤੇ ਗਰੀਬਾਂ ਨਾਲ ਮਿਲਵਰਤਣਾ (Co-operate) ਹੱਤਕ ਸਮਝੇ।

ਸ਼ੁਭਚਿੰਤਕਾਂ ਦੇ ਅਰਥ ਭਾਵੇਂ ਕੁਝ ਹੋਣ ਪਰ ਭਾਵ ਦੀਵਾਨ ਦੀ ਹਾਂ ਵਿਚ ਹਾਂ ਮਿਲਾਣ ਵਾਲਾ 'ਪੱਕਾ ਝੋਲੀ ਚੁਕ' ਹੈ। ਅਸੀਂ ਕਈ ਪ੍ਰਮਾਣ ਦੇ ਸਕਦੇ ਹਾਂ ਕਿ ਦੀਵਾਨ ਦੇ ਮੁਖੀ ਮੈਂਬਰ ਉਸ ਪ੍ਰਤਿਸ਼ਠਿਤ ਤੇ ਰਈਸ ਜਿਹੜੇ ਪੰਥਕ ਕੰਮਾਂ ਤੋਂ ਕਮਲ ਫੁਲ ਵਾਂਗੂੰ ਨਿਰਲੇਪ ਰਹਿੰਦੇ ਹਨ ਪਰ ਕਈ ਗਰੀਬ ਪੰਥ ਲਈ ਘਾਇਲ ਹੋ ਜਾਣ ਵਾਲੇ ਦੀਵਾਨ ਦੀ ਨਿਗਾਹ ਵਿਚ ਹੀ ਨਹੀਂ ਅਤੇ ਦੀਵਾਨ ਉਨ੍ਹਾਂ ਨੂੰ ਪੁਛਣ ਦਾ ਵੀ ਨਹੀਂ।

(ੲ) ਉੱਤਰ ਵਿਚ ਅਸੀਂ ਇਹੋ ਆਖਾਂਗੇ ਕਿ ਇਕ ਪ੍ਰਤੀਨਿਧ ਜਥੇ ਵਿਚ ਸਾਰੇ ਮੈਂਬਰ ਸਿੰਘ ਸਭਾਵਾਂ ਤੇ ਜਥਿਆਂ ਵੱਲੋਂ ਚੁਣੇ ਹੋਏ ਆਵਣੇ ਚਾਹੀਏ। ਪਰ ਦੀਵਾਨ ਦੇ ਕਥਨ ਅਨੁਸਾਰ ਅੱਧੇ ਮੈਂਬਰ ਚੁਣੇ ਹੋਏ ਆਂਵਦੇ ਹਨ ਅਤੇ ਅੱਧੇ ਦੀਵਾਨ ਆਪ ਬਣਾ ਲੈਂਦਾ ਹੈ। ਸਾਡੇ ਖ਼ਿਆਲ ਵਿਚ ਤਾਂ ਅਸਲੀ ਚੁਣੇ ਹੋਏ ਮੈਂਬਰ ਕੇਵਲ, ਸਿੰਘ ਸਭਾਵਾਂ ਤੇ ਧਾਰਮਿਕ ਜਥਿਆਂ ਦੇ ਪ੍ਰਤੀਨਿਧ ਹੀ ਹਨ ਅਤੇ ਉਹ ਚੌਥਾ ਹਿੱਸਾ ਹਨ।

ਸੁਣਿਆ ਹੈ ਕਿ ਇਸ ਵੇਲੇ ਪੰਥ ਦੇ ਕੋਈ ੩੦੦ ਜਥਿਆਂ ਤੇ ਸਿੰਘ ਸਭਾਵਾਂ ਵਿੱਚੋਂ ਮਸਾਂ ਪੰਜ ਸਤ ਸਿੰਘ ਸਭਾਵਾਂ ਹੀ ਦੀਵਾਨ ਨਾਲ ਸਬੰਧਤ ਹਨ। ਇਸ ਲਈ ਦੀਵਾਨ ਵਿਚ ਸਿੰਘ ਸਭਾਵਾਂ ਵੱਲੋਂ ਚੁਣੇ ਹੋਏ ਪ੍ਰਤੀਨਿਧ ਚੌਥੇ ਹਿਸੇ ਨਾਲੋਂ ਵੀ ਘੱਟ ਹੋਣਗੇ।

ਆਸ਼ਾ ਹੈ ਕਿ ਦੀਵਾਨ ਮੌਜੂਦਾ ਮੈਂਬਰਾਂ ਦੀ ਫਹਿਰਿਸਤ ਵੀ ਛਾਪ ਦੇਵੇਗਾ ਤਾਂ ਜੋ ਪਤਾ ਲੱਗ ਜਾਵੇ ਕਿ ਹਰ ਇਕ ਸ਼੍ਰੇਣੀ ਵਿੱਚੋਂ ਕਿਤਨੇ ਮੈਂਬਰ ਹਨ।

ਨੰ: ੨ ਦੀ ਇਬਾਰਤ ਸਾਫ਼ ਨਹੀਂ ਅਤੇ ਨੰ: ੩, ੪ ਸਾਡੇ ਲੇਖ ਦਾ ਉੱਤਰ ਨਹੀਂ ਹੈ। ਆਸ਼ਾ ਹੈ ਅਸੀਂ ਬਾਕੀ ਨਿਯਮਾਂ ਉੱਤੇ ਵੀ ਛੇਤੀ ਹੀ ਵਿਚਾਰ ਕਰਾਂਗੇ।

ਚੀਫ਼ ਖਾਲਸਾ ਦੀਵਾਨ ਦੇ ਸੇਵਕਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਉਹ ਸਾਫ਼ ਦਿਲ ਹੋ ਕੇ ਜੋ ਜੋ ਨਿਯਮ ਰੱਦੀ ਹਨ ਉਨ੍ਹਾਂ ਨੂੰ ਕੱਢ ਦੇਣ ਅਤੇ ਦੀਵਾਨ ਨੂੰ ਇਕ ਪ੍ਰਤੀਨਿਧ ਜਥਾ ਬਣਨ ਦੇਣ। ਨਹੀਂ ਤਾਂ ਪੰਥ ਦੇ ਧਾਰਮਿਕ ਜਥੇ ਦੀ ਲੋੜ ਜ਼ਰੂਰ ਪੂਰੀ ਹੋਵੇਗੀ ਅਤੇ ਫਿਰ ਦੀਵਾਨ ਦੇ ਸ਼ੁਭਚਿੰਤਕ ਫੁਟ-ਫੁਟ ਦਾ ਰੌਲਾ ਪਾਉਣ ਲੱਗ ਪੈਣਗੇ।

(ਨੋਟ : ਉਪਰਲਾ ਐਡੀਟੋਰੀਅਲ 'ਚੀਫ਼ ਖਾਲਸਾ ਦੀਵਾਨ' ਦੀ ਹੇਠਲੀ ਚਿੱਠੀ ਦਾ ਜਵਾਬ ਸੀ। ਇਹ ਚਿੱਠੀ ਇਸੇ ਪਰਚੇ ਵਿਚ ਸਫ਼ਾ ੩ ਤੇ ਛਪੀ ਸੀ)

ਵੱਲੋਂ ਸਕੱਤਰ ਚੀਫ਼ ਖਾਲਸਾ ਦੀਵਾਨ

ਸ੍ਰੀ ਮਾਨ ਐਡੀਟਰ ਸਾਹਿਬ ਜੀ
'ਅਕਾਲੀ' ਅਖ਼ਬਾਰ ਲਾਹੌਰ,

ਆਪ ਦੇ ਪਰਚੇ ਵਿਚ ਚੀਫ਼ ਖਾਲਸਾ ਦੀਵਾਨ ਦੇ ਨਿਯਮ ੮ ਦੇ ਉੱਤਰ ਵਿਚ ਇਕ ਲੇਖ ਛਪਿਆ ਹੈ ਇਸ ਵਿਚ ਦਰਜ ਹੈ ਕਿ ਨਿਯਮ ਦੀ ਹੈਸੀਅਤ ਵਿਚ ਦੀਵਾਨ ਦਾ ਮੈਂਬਰ ਬਣ ਸਕਦਾ ਹੈ ਬਾਕੀ ੩ ਹਿੱਸੇ ਵਿਚ ਸਿੱਖ ਹੋਣ ਦੀ ਹੈਸੀਅਤ ਵਿਚ ਮੈਂਬਰ ਨਹੀਂ ਲਏ ਜਾਂਦੇ—

(ੳ) ਦੀਵਾਨ ਦਾ ਕੋਈ ਸੱਜਣ ਮੈਂਬਰ ਨਹੀਂ ਬਣ ਸਕਦਾ ਜੋ ਅੰਮ੍ਰਿਤਧਾਰੀ ਸਿੰਘ ਨਾ ਹੋਵੇ।

(ਅ) ਦੀਵਾਨ ਦੇ ਕੁਲ ਮੈਂਬਰ ਭਾਵੇਂ ਕਿਸੇ ਸ਼੍ਰੇਣੀ ਵਿਚ ਮੈਂਬਰ ਬਣਨ ਤਦ ਹੀ ਦੀਵਾਨ ਦੇ ਮੈਂਬਰ ਬਣ ਸਕਦੇ ਹਨ ਜਦ ਉਹ ਕੇਸਾਧਾਰੀ ਸਿੰਘ ਹੋਣ।

(ੲ) ਦੀਵਾਨ ਦੇ ਕੁਲ ਮੈਂਬਰਾਂ ਦੀ ਵੰਡ ੪ ਹਿੱਸਿਆਂ ਵਿਚ ਹੈ।

ਹਰ ਇਕ ਹਿਸੇ ਵਿਚ ਕੁਲ ਗਿਣਤੀ ਦਾ ਚੌਥਾ ਹਿੱਸਾ ਮੈਂਬਰ ਹੋ ਸਕਦਾ ਹੈ। ਇਨ੍ਹਾਂ ਚੌਹਾਂ ਹਿੱਸਿਆਂ ਵਿੱਚੋਂ

ਦੋ ਹਿੱਸਿਆਂ ਵਿਚ ਮੈਂਬਰ ਹੋਣ ਦੇ ਜ਼ਰੀਏ ਪ੍ਰਤੀਨਿਧਾਂ ਦੀ ਹੈਸੀਅਤ ਵਿਚ ਆਉਂਦੇ ਹਨ ਜੈਸਾ ਕਿ ਸਬੰਧਤ ਸਿੰਘ ਸਭਾਵਾਂ, ਦੀਵਾਨ, ਸੁਸਾਇਟੀਆਂ ਹਰ ਜਥੇ ਆਪਣੇ ਪ੍ਰਤੀਨਿਧ ਚੁਣ ਕੇ ਘੱਲਣ ਜਾਂ ਸਿੱਖ ਵਿਦਿਅਕ ਕਾਨਫ੍ਰੰਸ ਦੇ ਰਜਿਸਟ੍ਰਡ ਡੈਲੀਗੇਟ, ਰਜਿਸਟ੍ਰਡ ਫ਼ੈਲੋਜ਼ ਜਾ ਦਸਵੰਧ ਭੰਡਾਰ ਦੇ ਰਜਿਸਟ੍ਰਡ ਮੈਂਬਰ ਜਾ ਦੀਵਾਨ ਦੇ ਸਹਾਇਕ ਪ੍ਰਤੀਨਿਧ ਚੁਣ ਕੇ ਘਲਣ। ਬਾਕੀ ਦੇ ਦੋ ਹਿੱਸਿਆਂ ਦੀ ਥਾਵਾਂ ਦਾ ਪੁਰ ਕਰਨਾ ਦੀਵਾਨ ਦੀ ਮੌਜੂਦਾ ਜਨਰਲ ਕਮੇਟੀ ਦੇ ਵਸੀਕਾਰ ਵਿਚ ਹੈ। ਉਹ ਸਾਰੇ ਪੰਥ ਵਿੱਚੋਂ ਜਿਨਾਂ ਨੂੰ ਯੋਗ ਸਮਝਦੀ ਹੈ ਚੁਣਦੀ ਹੈ। ਚਾਹੇ ਉਹ ਤਖ਼ਤਾਂ ਜਾਂ ਗੁਰਦੁਆਰਿਆਂ ਦੇ ਸੱਜਣ ਹੋਣ ਜਾਂ ਦੇਸੀ ਰਿਆਸਤਾਂ ਦੇ ਪ੍ਰਤੀਨਿਧ ਸੱਜਣ ਹੋਣ ਜਾਂ ਫ਼ੌਜੀ ਸਰਦਾਰ ਹੋਣ ਜਾਂ ਖਾਲਸਾ ਪੰਥ ਦੇ ਸੁਭਚਿੰਤਕ ਜਾਂ ਗੈਜੂਏਟ ਖਾਲਸਾ ਜੀ ਹੋਣ।

ਇਸ ਚੋਣ ਵਿਚ ਪੰਥ ਦਾ ਕੋਈ ਹਿੱਸਾ ਬਾਹਰ ਨਹੀਂ ਗਿਆ। 'ਪੰਥ ਦੇ ਸੁਭਚਿੰਤਕ' ਲਫਜ਼ ਵਿਚ ਹਰ ਇਕ ਸੱਜਣ, ਜੋ ਸੁਭਚਿੰਤਕ ਹੋਵੇ, ਆ ਸਕਦਾ ਹੈ। ਇਹ ਕਹਿਣਾ ਕਿ ਅਮੀਰ ਕੇਵਲ ਆਪਣੇ ਆਪ ਨੂੰ ਸਿੱਖ ਕਹਿਣ ਤੇ ਦੀਵਾਨ ਦਾ ਮੈਂਬਰ ਬਣ ਸਕਦਾ ਹੈ ਤੇ ਜੋ ਨਿਰਧਨ ਹੋਵੇ ਉਸ ਦੇ ਮੈਂਬਰ ਬਣਨ ਵਿਚ ਰੋਕ ਹੈ। ਬਿਲਕੁਲ ਗ਼ਲਤ ਹੈ। ਦੋਹਾਂ ਤਰ੍ਹਾਂ ਦੀ ਚੋਣ ਲਈ ਚੌਹਾਂ ਹਿੱਸਿਆਂ ਵਿਚ ਧਨ ਪਾਤਰ ਅਰ ਨਿਰਧਨ ਲਈ ਦੀਵਾਨ ਦੇ ਮੈਂਬਰ ਬਨਣ ਲਈ ਇਕੋ ਜੇਹੀ ਹੀ ਗੁੰਜਾਇਸ਼ ਹੈ।

(੨) ਆਪ ਨੇ ਲੇਖ ਲਿਖਿਆ ਹੈ ਕਿ ਕੋਈ ਸਿੱਖ ਕੇਵਲ ਪ੍ਰਣ ਪਤਰ ਪਰ ਦਸਤਖ਼ਤ ਕਰਨ ਦੀਵਾਨ ਦਾ ਮੈਂਬਰ ਨਹੀਂ ਬਣ ਸਕਦਾ। ਇਹ ਇਤਰਾਜ਼ ਕਿਸੇ ਭੀ ਕਮੇਟੀ ਜਾਂ ਕੌਂਸਲ ਤੇ ਆਇਦ ਹੋ ਸ਼ਕਦਾ ਹੈ। ਕਿਸੇ ਵੀ ਕਮੇਟੀ ਦੀ ਮੈਂਬਰੀ ਲਈ ਕੋਈ ਨਾ ਕੋਈ ਖ਼ਾਸ ਸ਼ਰਤਾਂ ਲਗਾਉਣੀਆਂ ਪੈਂਦੀਆਂ ਹਨ। ਨਹੀਂ ਤਾਂ ਕਮੇਟੀ, ਦਾ ਵਜੂਦ ਕਿਸੇ ਵਿਤ ਵਿਚ ਨਹੀਂ ਰਹਿ ਸਕਦਾ।

(੩) ਦੀਵਾਨ ਦਾ ਜੋ ਕਾਰਜ ਹੁੰਦਾ ਹੈ ਅੰਤ੍ਰਿਗ ਕਮੇਟੀ ਜਾਂ ਜਨਰਲ ਕਮੇਟੀ ਦੀ ਆਗਿਆ ਅਨੁਸਾਰ ਹੁੰਦਾ ਹੈ। ਅੰਤ੍ਰਿਗ ਕਮੇਟੀ ਦੀ ਇਕਤਰਤਾ ਹਰ ਮਹੀਨੇ ਹੁੰਦੀ ਹੈ। ਜਨਰਲ ਕਮੇਟੀ ਦੀ ਇਕੱਤਰਤਾ ਸਾਲ ਵਿਚ ਪੰਜ ਜਾਂ ਛੇ ਵਾਰ ਹੁੰਦੀ ਹੈ। ਕਮੇਟੀਆਂ ਦੇ ਫ਼ੈਸਲੇ ਸਦੀਵ ਬਹੁ-ਸੰਮਤੀ ਨਾਲ ਹੁੰਦੇ ਹਨ ਕਿਸੇ ਇਕ ਸ਼ਖ਼ਸ ਦੀ ਇਛਾ ਅਨੁਸਾਰ ਨਹੀ ਹੁੰਦੇ ਭਾਵੇਂ ਉਹ ਕਮੇਟੀ ਦਾ ਮੈਂਬਰ ਹੋਵੇ ਜਾਂ ਸੇਵਕ।

(੪) ਦੀਵਾਨ ਦੀ ਮੈਂਬਰੀ ਦੀ ਮਿਆਦ ਨਿਯਮਾਂ ਅਨੁਸਾਰ ੫ ਸਾਲ ਨਿਯਤ ਹੈ। ਉਸ ਤੋਂ ਉਪਰੰਤ ਪੰਜ ਸਾਲ ਤੋਂ ਹੋਏ ਮੈਂਬਰ ਦਾ ਨਾਮ ਜਨਰਲ ਕਮੇਟੀ ਵਿਚ ਪੇਸ਼ ਹੁੰਦਾ ਹੈ ਇਹ ਉਸ ਦੇ ਵਸੀਕਾਰ ਵਿਚ ਹੈ ਜੋ ਉਸ ਦੀ ਥਾਂ ਕਿਸੇ ਹੋਰ ਨੂੰ ਚੁਨਣ ਜਾਂ ਉਸੇ ਨੂੰ ਹੀ ਲੈਣ। ਪ੍ਰਤੀਨਿਧਾਂ ਦੀ ਹੈਸੀਅਤ ਵਿਚ ਮੁੜ ਚੋਣ ਵਿਚ ਜੋ ਮੈਂਬਰ ਹੁੰਦੇ ਹਨ ਉਨ੍ਹਾਂ ਦੀ ਦੁਬਾਰਾ ਚੋਣ ਪ੍ਰਤੀਨਿਧ ਘੱਲਣ ਵਾਲੀ ਸੰਗਤ ਦੇ ਵਸੀਕਾਰ ਵਿਚ ਹੁੰਦੀ ਹੈ।

ਕ੍ਰਿਪਾ ਕਰ ਕੇ ਇਸ ਬਿਨੈ ਪੱਤਰ ਨੂੰ ਆਪਣੇ ਅਖ਼ਬਾਰ ਵਿਚ ਪ੍ਰਕਾਸ਼ਿਤ ਕਰ ਦੇਣਾ ਤਾਂ ਤੇ ਪਾਠਕਾਂ ਨੂੰ ਅਸਲ ਵਾਕਿਆਤ ਮਾਲੂਮ ਹੋ ਜਾਣ ਤੇ ਉਹ ਮੁਗ਼ਾਲਤੇ ਵਿਚ ਨਾ ਪੈਣ।

ਦਾਸ—ਭਗਤ ਸਿੰਘ

ਦਫ਼ਤਰ ਚੀਫ਼ ਖਾਲਸਾ ਦੀਵਾਨ

ਅਕਾਲੀ ਲਾਹੌਰ, ੯ ਅਗਸਤ ੧੯੨੦

ਕੀ ਟੋਪੀ ਵਾਲਾ ਸਿੱਖ ਹੋ ਸਕਦਾ ਹੈ ?

ਪਿਆਰੇ ਸਿੱਖ ਭਰਾਓ ਸਾਡੇ ਪੁਰਾਣੇ ਇਤਿਹਾਸਕਾਰਾਂ ਨੇ ਸਿੱਖ ਤਾਰੀਖ਼ ਨੂੰ ਲਿਖਦਿਆਂ ਹੋਇਆਂ ਐਸੀਆਂ-ਐਸੀਆਂ ਭੁੱਲਾਂ ਕੀਤੀਆਂ ਹਨ ਮਾਨੋ ਕਿ ਜਿਵੇਂ ਚੰਦ ਨੂੰ ਗ੍ਰਹਿਣ ਲੱਗ ਜਾਂਦਾ ਹੈ। ਖ਼ਾਸ ਕਰ ਕੇ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨੇ ਕਈ ਭੁਲਾਂ ਕੀਤੀਆਂ ਹਨ। ਏਥੇ ਮੈਂ ਸਾਰੀਆਂ ਵਰਣਨ ਨਹੀਂ ਕਰਨੀਆਂ ਚਾਹੁੰਦਾ। ਦਾਲ ਵਿੱਚੋਂ ਦਾਣਾ ਟੋਹਣ ਵਾਲੀ ਗੱਲ ਇਕ ਲਿਖਦਾ ਹਾਂ। ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਔਰੰਗਜ਼ੇਬ ਦੇ ਹੁਕਮ ਵਿਚ ਨਜ਼ਰਬੰਦ ਸਨ ਤਾਂ (ਪੰਥ ਪ੍ਰਕਾਸ਼ ਵਿਚ ਲਿਖਿਆ ਹੈ) ਇਕ ਦਿਨ ਗੁਰੂ

ਜੀ ਇਕ ਮਹਿਲ ਦੇ ਉਪਰਲੇ ਛਤ ਖਲੋਤੇ ਸੀ ਤੇ ਔਰੰਗਜ਼ੇਬ ਨੇ ਪੁੱਛਿਆ ਆਪ ਕੀ ਵੇਖਦੇ ਹੋ ਇਸ ਦੇ ਉੱਤਰ ਵਿਚ ਆਪ ਨੇ ਫ਼ੁਰਮਾਇਆ ਕਿ ਮੈਂ ਆਪਣਾ ਟੋਪੀ ਵਾਲਾ ਸਿੱਖ ਵੇਖਦਾ ਹਾਂ "ਭਾਵ ਕਿ ਅਸੀਂ ਅੰਗਰੇਜ਼ਾਂ ਨੂੰ ਵੇਖਦੇ ਹਾਂ"। ਸੋ ਗਿਆਨੀ ਜੀ ਨੇ ਇਥੇ ਦਸਮੇਸ਼ ਪਿਤਾ ਦੇ ਹੁਕਮ ਨੂੰ ਵਿਸਾਰ ਕੇ ਇਹ ਭੁਲ ਕੀਤੀ ਹੈ।

"ਗੁਰੂ ਵਾਕ" ਸਿਖ ਹੋਇ ਸਿਰ ਟੋਪੀ ਧਰੇ, ਸਾਤ ਜਨਮ ਕੁਸ਼ਟੀ ਹੋਇ ਮਰੇ।

ਗੁਰੂ ਜੀ ਤਾਂ ਲਿਖਦੇ ਹਨ ਕਿ ਜੋ ਸਿੱਖ ਟੋਪੀ ਧਰੇਗਾ ਉਹ ਕੁਸ਼ਟੀ ਹੋ ਕੇ ਮਰੇਗਾ ਪਰ ਗਿਆਨੀ ਜੀ ਗੋਰੇ ਰੰਗ ਦੇ ਦਬ ਦਬੇ ਵਿਚ ਆ ਕੇ ਟੋਪੀ ਵਾਲਾ ਸਿੱਖ ਕਰ ਦੇਂਦੇ ਹਨ ਅਤੇ ਇਹ ਸਾਖੀ ਘੜ ਕੇ ਗੁਰੂ ਤੇਗ਼ ਬਹਾਦਰ ਜੀ ਦੀ ਦੇਸ਼ ਭਗਤੀ ਤੇ ਦਾਗ ਲਾ ਦਿੱਤਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਟੋਪੀ ਵਾਲਿਆਂ ਨੂੰ ਸੱਦ ਕੇ ਹਿੰਦ ਨੂੰ ਗੁਲਾਮੀ ਦਾ ਤੌਕ ਗਲ ਵਿਚ ਪਾਉਣ ਵਾਸਤੇ ਸੀਸ ਦਿੱਤਾ ਸੀ। ਨਹੀਂ ਨਹੀਂ ਇਹ ਗਿਆਨੀ ਜੀ ਦੀ ਭੁਲ ਹੈ। ਗੁਰੂ ਜੀ ਨੇ ਹਿੰਦ ਨੂੰ ਆਜ਼ਾਦ ਕਰਨ ਲਈ ਸੀਸ ਦਿੱਤਾ ਅਤੇ ਇਸ ਕੁਰਬਾਨੀ ਦਾ ਨਤੀਜਾ ਹੀ ਆਪਣੇ ਸਪੂਤ ਕਲਗੀਧਰ ਨੇ ਖਾਲਸਾ ਪਰਗਟ ਕੀਤਾ ਜਿਨਾਂ ਨੇ ਕਈ ਸਾਲਾਂ ਬੱਧੀ ਤਲਵਾਰ ਮਾਰ ਮਾਰ ਕੇ ਅਤੇ ਲੱਖਾਂ ਜਾਨਾਂ ਕੁਰਬਾਨ ਕਰ ਕੇ ਸੈਂਕੜੇ ਸਾਲਾਂ ਦੇ ਗੁਲਾਮ ਦੇਸ਼ ਨੂੰ ਆਜ਼ਾਦ ਕਰ ਵਿਖਾਇਆ। ਟੋਪੀ ਵਾਲਾ ਸਿੱਖ ਨਹੀਂ ਹੋ ਸਕਦਾ ਇਹ ਮਹਾਂ ਭੁਲ ਹੈ।

ਲੇਖਕ ਕਰਤਾਰ ਸਿੰਘ

ਦੀਵਾਨ ਨਾ ਲਾਓ, ਅੰਮ੍ਰਿਤ ਨਾ ਛਕਾਓ!

ਕੱਲੇ, ਜ਼ਿਲ੍ਹਾ ਅੰਮ੍ਰਿਤਸਰ ਤੋਂ ਸਰਦਾਰ ਨਰੈਣ ਸਿੰਘ ਜੀ ਲਿਖਦੇ ਹਨ ਕਿ "ਇਥੇ ਤਿੰਨ ਦਿਨ ਦੀਵਾਨ ਕਰਨ ਲਈ ਇਸ਼ਤਿਹਾਰ ਦਿੱਤਾ ਗਿਆ ਸੀ ਤੇ ਸੰਗਤਾਂ ਧੂਮ ਧਾਮ ਨਾਲ ਆਈਆਂ ਸਨ। ਦੋ ਦਿਨ ਪਿੱਛੋਂ ਤਸੀਲਦਾਰ ਸਾਹਿਬ ਨੇ ਦੀਵਾਨ ਬੰਦ ਕਰਾ ਦਿੱਤਾ। ਕਈ ਸੱਜਣ ਅੰਮ੍ਰਿਤ ਛਕਣ ਲਈ ਤਿਆਰ ਸਨ। ਅੰਮ੍ਰਿਤ ਪ੍ਰਚਾਰ ਕਰਨ ਤੋਂ ਵੀ ਰੋਕ ਦਿੱਤਾ ਗਿਆ ਤੇ ਆਖਿਆ ਕਿ ਪੁਲੀਟੀਕਲ ਜਲਸਾ ਬੰਦ ਕਰ ਦਿਉ ਅਤੇ ਹੋਰ ਕਈ ਡਰਾਵੇ ਦਿੱਤੇ।"

ਸਾਨੂੰ ਪਤਾ ਹੈ ਕਿ ਜਦ ਵਿਛੋਏ ਦੀਵਾਨ ਹੋਇਆ ਸੀ ਤਾਂ ਪਿੰਡਾਂ ਵਿਚ ਇਹ ਗੱਲ ਫ਼ੈਲਾ ਦਿੱਤੀ ਗਈ ਸੀ ਕਿ ਇਥੇ ਕੋਈ ਨਾ ਜਾਵੋ ਮਸ਼ੀਨਾ ਤੇ ਬੰਬ ਮਾਰੇ ਜਾਣਗੇ ਇਹ ਜਲਸਾ ਸਰਕਾਰ ਦੇ ਵਿਰੁੱਧ ਹੈ।

ਲੁਲਿਯਾਨੀ ਜ਼ਿਲ੍ਹਾ ਲਾਹੌਰ ਵਿਚ ਦੀਵਾਨ ਹੋਇਆ ਤਾਂ ਲਾਗੇ ਦੇ ਪਿੰਡਾਂ ਵਿਚ ਦੀਵਾਨ ਬੰਦ ਹੋ ਜਾਣ ਦੀਆਂ ਖ਼ਬਰਾਂ ਭੇਜੀਆਂ ਗਈਆਂ ਤੇ ਲਾਜਪਤ ਰਾਇ ਨੂੰ ਵੀ ਤਾਰ ਭਿਜਵਾ ਦਿੱਤੀ ਗਈ ਕਿ ਜਲਸਾ ਬੰਦ ਹੋ ਗਿਆ ਹੈ ਆਪ ਨਾ ਆਵੋ। ਪ੍ਰਬੰਧਕਾਂ ਦੀ ਸਾਰੀ ਮੇਹਨਤ ਚੌੜ ਕਰ ਦਿੱਤੀ ਗਈ। ਸਾਰੀ ਗੱਲ ਦਾ ਪਤਾ ਲੱਗਣ ਤੇ ਡਾਢੇ ਹੀ ਹੈਰਾਨ ਹੋਏ।

ਮਾਲੂਮ ਹੁੰਦਾ ਹੈ ਕਿ ਸਰਕਾਰੀ ਅਫ਼ਸਰ ਇਹ ਨਹੀਂ ਸਾਹਾਰ ਸਕਦੇ ਕਿ ਪਿੰਡਾਂ ਵਾਲਿਆਂ ਨੂੰ ਵੀ ਕੋਈ ਮਤ ਆ ਜਾਵੇ ਅਤੇ ਉਹ ਵੀ ਅਫ਼ਸਰਾਂ ਦੀਆਂ ਆਯੋਗ ਕਾਰਵਾਈਆਂ ਨੂੰ ਸਮਝ ਜਾਣ। ਇਸ ਲਈ ਹਰ ਤਰ੍ਹਾਂ ਪੁਲਿਸ ਅਤੇ ਦੂਜੇ ਅਫ਼ਸਰ ਯਤਨ ਕਰਦੇ ਹਨ ਕਿ ਪਿੰਡਾਂ ਵਿਚ ਜਲਸੇ ਨਾ ਹੋਣ। ਵਿਚਾਰੇ ਪੇਂਡੂਆਂ ਨੂੰ ਡਰਾ ਧਮਕਾ ਕੇ ਜੋੜ ਮੇਲੇ ਬੰਦ ਕਰਾ ਦੇਂਦੇ ਹਨ। ਪਰ ਇਹ ਨਿਭੂ ਕਦ ਤੀਕ! ਜਿਸ ਗੱਲ ਦੀ ਖੁਲ੍ਹ ਸਰਕਾਰ ਆਪ ਦੇ ਰਹੀ ਹੈ, ਜਿਹੜੀ ਆਜ਼ਾਦੀ ਦਾ ਸੂਰਜ ਸਾਡੀ ਸਰਕਾਰ ਆਪ ਚੜ੍ਹਾ ਰਹੀ ਹੈ, ਉਸ ਨੂੰ ਮਾਮੂਲੀ ਅਫ਼ਸਰ ਕਿਸ ਤਰ੍ਹਾਂ ਬੰਦ ਕਰ ਸਕਦੇ ਹਨ?

ਸਾਡਾ ਨਿਸਚਾ ਹੈ ਲਾਟ ਸਾਹਿਬ ਬਹਾਦਰ ਅਜਿਹੇ ਅਫ਼ਸਰਾਂ ਦੀ ਚੰਗੀ ਤਰ੍ਹਾਂ ਖ਼ਬਰ ਲੈਣਗੇ ਜੋ ਲੋਕਾਂ ਨੂੰ ਬੁਧੂ ਰੱਖ਼ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ।

ਸਿੱਖ ਧਰਮ ਵਿਚ ਪੁਲੀਟੀਕਲ ਕੰਮ (ਰਾਜਸੀ ਕੰਮ) ਬਿਲਕੁਲ ਵਖਰੇ ਨਹੀਂ ਹਨ। ਸਿੱਖ ਧਰਮ ਦਾ ਵੱਡਾ ਸਿਧਾਂਤ ਹੀ ਇਹੋ ਹੈ ਕਿ ਧਰਮ ਦੁਨੀਆਂ ਤੋਂ ਵਖਰਾ ਨਹੀਂ—

ਵਿਚ ਦੁਨੀਆਂ ਸੇਵ ਕਮਾਈਐ, ਤਾਂ ਦਰਗਹਿ ਬੈਸਣ ਪਾਈਐ॥

(ਗੁਰੂ ਗ੍ਰੰਥ ਸਾਹਿਬ)

ਪਰ ਪੰਜਾਬ ਵਿਚ ਤਾਂ ਰਾਜਸੀ ਜਲਸੇ ਕਰਨ ਦੀ ਵੀ ਖੁਲ੍ਹ ਹੈ। ਇਸ ਲਈ ਸਾਡੇ ਧਾਰਮਿਕ ਜਲਸਿਆਂ ਨੂੰ

ਬੰਦ ਕਰਾਣਾ ਸਰਕਾਰੀ ਕਾਨੂੰਨ ਨੂੰ ਤੋੜਨਾ ਹੈ ।

ਅਸੀਂ 'ਸਿੱਖ ਲੀਗ' ਦਾ ਧਿਆਨ ਬੜੇ ਜ਼ੋਰ ਨਾਲ ਇਸ ਪਾਸੇ ਦੁਆਉਂਦੇ ਹਾਂ ਕਿ ਉਹ ਡੀ. ਸੀ ਲਾਟ ਸਾਹਿਬ ਪੰਜਾਬ ਨੂੰ ਅਫ਼ਸਰਾਂ ਦੀ ਅਯੋਗ ਕਾਰਵਾਈ ਬਾਬਤ ਇਤਲਾਹ ਦੇ ਕੇ ਅਫ਼ਸਰਾਂ ਨੂੰ ਯੋਗ ਤਾੜਨਾ ਕਰਾਵੇ ।

ਗੁਰਮਤੇ (ਲਾਹੌਰ)

ਸਰਦਾਰ ਮਾਂਹ ਸਿੰਘ ਜੀ ਸਕੱਤਰ ਖਾਲਸਾ ਭੁ ਸਰਵਿੰਗ ਕਲੱਬ ਲਾਹੌਰ ਲਿਖਦੇ ਹਨ ਕਿ ੨੫, ੨੬ ਜੁਲਾਈ ਨੂੰ ਬਾਬਾ ਜ਼ੋਰਾਵਰ ਸਿੰਘ ਜੀ ਦੇ ਜਨਮ ਦਿਨ ਨੂੰ ਸਭਾ ਵੱਲੋਂ ਬੜੀ ਧੂਮ ਧਾਮ ਨਾਲ ਜੋੜ ਮੇਲ ਹੋਇਆ । ਸ੍ਰ: ਸਰਦੂਲ ਸਿੰਘ ਜੀ ਕਵੀਸ਼ਰ, ਪ੍ਰਧਾਨ ਸਨ । ਹੇਠਾਂ ਲਿਖੇ ਗੁਰਮਤੇ ਪਾਸ ਹੋਏ ।

੧. ਹਰ ਇਕ ਸਿੰਘ ਵੱਡੀ ਕ੍ਰਿਪਾਨ ਰੱਖੇ ਅਤੇ ਸਾਰੇ ਧਾਰਮਿਕ ਜਥਿਆਂ ਨੂੰ ਇਸ ਦੇ ਪ੍ਰਚਾਰ ਲਈ ਲਿਖਿਆ ਜਾਵੇ ।

੨. ਫ਼ੌਜੀ ਸਿੰਘਾਂ ਨੂੰ ਕ੍ਰਿਪਾਨ ਗਾਤਰੇ ਰੱਖਣ ਦੀ ਖੁਲ੍ਹ ਹੋਵੇ ।

੩. ਲਾਹੌਰ ਮਿ: ਕਮੇਟੀ ਨੂੰ ਸ਼ਹਿਰ ਵਿਚ ਗੁਰਮੁਖੀ ਸਕੂਲ ਖੋਲਨ ਲਈ ਜ਼ੋਰ ਦਿੱਤਾ ਜਾਵੇ ।

੪. ਸਿੱਖ ਕੈਦੀਆਂ ਨੂੰ ਰਹਿਤ ਰੱਖਣ ਦੀ ਖੁਲ੍ਹ ਦਿੱਤੀ ਜਾਵੇ ਅਤੇ ਸਾਬਨ ਤੇਲ ਕੇਸੀਂ ਅਸ਼ਨਾਨ ਲਈ ਮਿਲਿਆ ਕਰੇ ।

੫. ਸਰਬਰਾਹ ਅਰੂੜ ਸਿੰਘ ਨੂੰ ਸਰਬਰਾਹੀ ਤੋਂ ਝੱਟ-ਪਟ ਹਟਾ ਦਿੱਤਾ ਜਾਵੇ।

ਨੁਸ਼ਹਿਰਾ (ਸ਼ਾਹਪੁਰ) ਦੇ ਗੁਰਮਤੇ

੨੯ ਜੁਲਾਈ ਨੂੰ ਖਾਲਸਾ ਯੰਗ ਐਸੋਸੀਏਸ਼ਨ ਦੇ ਖ਼ਾਸ ਜੋੜ ਮੇਲ ਵਿਚ ਹੇਠਾਂ ਲਿਖੇ ਗੁਰਮਤੇ ਪਾਸ ਹੋਏ—

੧ ਦਰਬਾਰ ਸਾਹਿਬ ਸਬੰਧੀ ਸਰਕਾਰੀ ਐਲਾਨ ਦਾ ਧੰਨਵਾਦ ਕੀਤਾ ਜਾਵੇ।

੨ ਸਰਬਰਾਹ ਅਰੂੜ ਸਿੰਘ ਨੂੰ ਝਟਪਟ ਹੁਣੇ ਹਟਾਇਆ ਜਾਵੇ ।

੩ ਖਾਲਸਾ ਕਾਲਜ ਦਾ ਪ੍ਰਬੰਧ ਤੇ ਹੋਰ ਸਾਰੀਆਂ ਸਿੱਖ ਵਕਫ਼ ਜਾਇਦਾਦਾਂ ਦਾ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਵੇ।

੪ ਫ਼ੌਜੀ ਸਿੰਘਾਂ ਨੂੰ ਗਾਤਰੇ ਕ੍ਰਿਪਾਨ ਰੱਖਣ ਦੀ ਖੁਲ੍ਹ ਦਿੱਤੀ ਜਾਵੇ ।

੫. ਸਾਰੇ ਸਿੱਖ ਰਾਜਸੀ ਕੈਦੀਆਂ ਨੂੰ ਛਡਿਆ ਜਾਵੇ ।

੬. ਬਾਵਾ ਗੁਰਬਖਸ਼ ਸਿੰਘ ਅਤੇ ਅਰੂੜ ਸਿੰਘ ਦੀ ਦੱਸੀ ਹੋਈ ਸਿੱਖਾਂ ਦੀ ਤਾਰੀਫ਼ ਅਧੂਰੀ ਹੈ। ਸਿੱਖ ਦਾ ਕੇਸਾਧਾਰੀ ਤੇ ਰਹਿਤ ਵਾਲਾ ਹੋਣਾ ਜ਼ਰੂਰੀ ਹੈ ।

੭. ਬਾਬੇ ਦੀ ਬੇਰ ਦਾ ਸਰਬਰਾਹ ਗੰਡਾ ਸਿੰਘ ਹਟਾਇਆ ਜਾਵੇ ।

ਅਕਾਲੀ ਲਾਹੌਰ, ੧੨ ਅਗਸਤ-੧੯੨੦

ਜਲ੍ਹਿਆਂ ਵਾਲੇ ਬਾਗ ਵਿਚ ਜਲਸਾ !

ਡਿਸਟ੍ਰਿਕਟ ਸਿੱਖ ਲੀਗ ਅੰਮ੍ਰਿਤਸਰ ਦਾ ਦੀਵਾਨ ਪਿਛਲੇ ਬੁਧਵਾਰ ਬੜੀ ਰੌਣਕ ਨਾਲ ਹੋਇਆ । ਸ੍ਰੀ ਦਰਬਾਰ ਸਾਹਿਬ ਸਬੰਧੀ, ਗੁਰਮਤਾ ਪਾਸ ਹੋਇਆ ਕਿ ਫੌਰਨ ਹੀ ਸਰਬਰਾਹ ਨੂੰ ਹਟਾ ਕੇ ਕੋਈ ਲਾਇਕ ਗੁਰਮੁਖ, ਤੇ ਦਿਆਨਤਦਾਰ ਰੱਖਿਆ ਜਾਵੇ ਜਿਨੀ ਦੇਰ ਤਕ ਕੌਂਸਲਾਂ ਦਾ ਇੰਤਜ਼ਾਮ ਠੀਕ ਤਰ੍ਹਾਂ ਨਹੀਂ ਹੋ ਜਾਂਦਾ। ਹੋਰ ਕ੍ਰਿਪਾਨ, ਖਾਲਸਾ ਕਾਲਜ, ਕੈਦੀਆਂ ਦੀ ਰਹਿਤ ਤੇ ਕੈਦੀ ਪ੍ਰਵਾਰ ਸਹਾਇਕ ਫੰਡ ਤੇ ਲਾਟ ਫਿਨਲੇ ਦੇ ਐਲਾਨ ਦੀ ਬਾਬਤ ਕਿ ਡਾਇਰ ਨੂੰ ਸਿੱਖ ਬਣਾਇਆ ਗਿਆ ਸੀ ਗੁਰਮਤੇ ਪਾਸ ਹੋਏ। ਅਖ਼ੀਰਲੇ ਗੁਰਮਤੇ ਤੇ ਗਿਆਨੀ ਗੁਰਬਖਸ਼ ਸਿੰਘ ਜੀ ਪ੍ਰਧਾਨ ਜਲਸੇ ਨੇ ਲੈਕਚਰ ਦੇਂਦੇ ਹੋਏ ਦਸਿਆ ਕਿ ਡਾਇਰ ਨੂੰ ਸਿੱਖ ਬਣਾਉਣ ਦਾ ਕੀ ਮੰਤਵ ਸੀ । ਜਿਸ ਵਕਤ ਡਾਇਰ ਦਰਬਾਰ ਸਾਹਿਬ ਆਇਆ ਤਾਂ ਸਰਬਰਾਹ ਨੇ ਉਸ ਨੂੰ ਇਕ ਕੜਾ ਤੇ ਹੋਰ ਕੁਝ ਵੀ ਪੇਸ਼ ਕੀਤੇ ਜਿਸ ਤੋਂ ਲਾਟ ਫਿਨਲੇ ਨੇ ਸਮਝ ਲਿਆ ਕਿ ਡਾਇਰ ਨੂੰ ਸਿੱਖ ਬਣਾਇਆ ਗਿਆ ਤੇ ਸਿੱਖਾਂ ਨੇ ਉਹ ਨੂੰ ਬਣਾਇਆ । ਭਲਾ ਰੂੜ ਸਿੰਘ ਜਿਹੇ

ਆਦਮੀ ਦੇ ਹਥੋਂ ਕੜਾ ਜਾਂ ਕਿਰਪਾਨ ਲੈ ਲੈਣ ਤੇ ਕੋਈ ਆਦਮੀ ਸਿੱਖਾਂ ਵੱਲੋਂ ਸਿੱਖ ਬਣ ਸਕਦਾ ਹੈ ? ਫੇਰ ਉਹਨਾਂ ਦਸਿਆ ਕਿ ਸ਼ਾਇਦ ਏਸ ਤੋਂ ਵਧਕੇ ਲਾਟ ਫਿਨਲੇ ਤੇ ਡਾਇਰ ਨੇ ਰੂੜ ਸਿੰਘ ਦੀ ਕੀਤੀ ਹੋਈ ਤਾਰੀਫ਼ ਸਿੱਖ ਦੀ ਪਦ ਲਈ ਹੋਵੇ ਤੇ ਆਪਣੇ ਆਪ ਨੂੰ ਸਮਝ ਲਿਆ ਹੋਵੇ ਕਿ ਚਲੋ ਮੈਂ ਕਸਮ ਖਾ ਕੇ ਸਿੱਖ ਬਣ ਸਕਦਾ ਹਾਂ ਸੋ ਬਣ ਜਾਵੇ ਸ਼ਾਇਦ ਜਾਨ ਛੁਟ ਜਾਵੇ।

ਦੀਵਾਨ ਵਿਚ ਸਭ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ ਹੋਰ ਕਈ ਇਕ ਸੱਜਣਾਂ ਨੇ ਵਖਿਆਣ ਵੀ ਦਿਤੇ। ਖ਼ਾਸ ਕਰ ਪੁਜਾਰੀਆਂ ਵੱਲੋਂ ਜਿਹੜੇ ਡੈਪੂਟੇਸ਼ਨ ਜਾਂ ਮੈਮੋਰੀਅਲ ਰੂੜ ਸਿੰਘ ਨੇ ਧਕੋ ਜੋਰੀ ਭਿਜਵਾਇਆ ਹੈ ਉਹ ਦੇ ਬਰਖਲਾਫ਼ ਪੁਜਾਰੀਆਂ ਵੱਲੋਂ ਜਿਹੜਾ ਗੁਰਮਤਾ ਤੇ ਸਪੀਚਾਂ ਹੋਈਆਂ ਉਹ ਦਸਨ ਯੋਗ ਹਨ।

ਅਕਾਲੀ ਲਾਹੌਰ, ੧੩ ਅਗਸਤ-੧੯੨੦

ਦੋ ਬਾਹਮਣਾਂ ਨੇ ਇਕ ਸਿੱਖ ਦੇ ਬਦੋਬਦੀ ਕੇਸ ਕਟ ਦਿਤੇ।

ਭਾਈ ਚਰਨ ਸਿੰਘ ਜੀ ਨਿੜਾਲੀ ਤੇ ਸੀਲ ਗੁਜਰ ਖਾਨ ਹੁਣ ਜਲੰਧਰ ਮੰਡੀ ਤੋਂ ਇਕ ਦਰਦ ਭਰੀ ਕਹਾਣੀ ਲਿਖਦੇ ਹਨ ਕਿ ਦੋ ਬ੍ਰਾਹਮਣਾਂ (ਗੋਕਲ ਅਤੇ ਗੁਜਰ) ਨੇ ਇਕ ਸਿੱਖ ਭਾਈ ਚੇਤ ਸਿੰਘ ਜੀ ਦੇ ਕੇਸ ਬਦੋ ਬਦੀ ਕਟ ਦਿਤੇ। ਪਤਰ ਪ੍ਰੇਰਕ ਜੀ ਲਿਖਦੇ ਹਨ :-

ਮੈਂ ਜਲੰਧਰ ਮੰਡੀ ਵਿਚ ਕਿਸੇ ਮਾਲ ਦੇ ਖਰੀਦ ਕਰਨ ਲਈ ਆਇਆ ਜੋ ਸਟੇਸ਼ਨ ਦੇ ਨਾਲ ਹੀ ਹੈ। ਉਥੇ ਦੋ ਬ੍ਰਾਹਮਣ ਹਲਵਾਈ ਦੀ ਦੁਕਾਨ ਕਰਦੇ ਹਨ, ਉਹਨਾਂ ਪਾਸ ਇਕ ਸਿੱਖ ਨੌਕਰ ਸੀ, ਤਿੰਨ ਮਹੀਨੇ ਤੋਂ ਇਨ੍ਹਾਂ ਪਾਸੋਂ ਇਕ ਪੈਸਾ ਤਨਖਾਹ ਨਹੀਂ ਮਿਲੀ ਸੀ ਤੇ ਉਹ ਹਰ ਵਕਤ ਉਸਨੂੰ ਮਜਬੂਰ ਕਰਦੇ ਸਨ ਕਿ ਕੇਸ ਕਟਾ ਦਏਂ ਤਾਂ ਤਨਖਾਹ ਦੇਵਾਂਗੇ ਅਤੇ ਵਾਧਾ ਵੀ ਦੇਵਾਂਗੇ। ਉਹ ਸਿੱਖ ਇਨਕਾਰ ਕਰਦਾ ਰਿਹਾ। ਅੱਜ ਦੋਨੋਂ ਬ੍ਰਾਹਮਣਾਂ ਨੇ ਪਕੜ ਕੇ ਨਾਈ ਨੂੰ ਸਦ ਕੇ ਸਰੇ ਬਜ਼ਾਰ ਕੇਸ ਕਟਵਾਨੇ ਸ਼ੁਰੂ ਕਰ ਦਿਤੇ, ਇਕ ਹੋਰ ਸਿੱਖ ਰੌਲਾ ਸੁਣ ਕੇ ਆਇਆ ਉਹਨਾਂ ਨੇ ਉਸ ਨਾਲ ਵੀ ਮੁਕੇ ਘੁੱਸਨ ਦਾ ਸਲੂਕ ਕੀਤਾ ਅਸੀਂ ਵੀ ਰੌਲਾ ਸੁਣ ਕੇ ਸਟੇਸ਼ਨ ਤੋਂ ਚਾਰ ਪੰਜ ਆਦਮੀ ਗਏ ਤਾਂ ਮਲੂਮ ਹੋਇਆ ਕੇ ਕੇਸ ਤਾਂ ਜਬਰਨ ਉਨ੍ਹਾਂ ਮਸ਼ੀਨ ਨਾਲ ਕਟ ਦਿਤੇ ਹਨ, ਅਤੇ ਦਾੜ੍ਹੀ ਦੀ ਹਾਲਾਂ ਬੇਅਦਬੀ ਨਹੀਂ ਹੋਈ ਸਾਨੂੰ ਮਜਹਬੀ ਜੋਸ਼ ਨੇ ਮਜਬੂਰ ਕੀਤਾ—ਤੇ ਉਸ ਆਦਮੀ ਪਾਸੋਂ ਮਲੂਮ ਕੀਤਾ, ਉਸ ਦਾ ਬਿਆਨ ਸੀ ਕਿ ਮੈਨੂੰ ਅਠ ਦਿਨ ਤੋਂ ਰੋਜ ਤੰਗ ਕਰਦੇ ਸਨ, ਅਤੇ ਅੱਜ ਸਵੇਰੇ ਹੀ ਨਾਈ ਨੂੰ ਬੁਲਾ ਕੇ ਮੈਨੂੰ ਪਕੜ ਕਰ ਕੇਸ ਉਤਰਵਾਏ, ਉਹ ਕੇਸ ਲੈ ਕਰ ਕੋਤਵਾਲੀ ਗਿਆ ਅਤੇ ਰਿਪੋਰਟ ਦਰਜ ਕਰਾ ਕੇ ਦਾਵਾ ਕਰ ਦਿੱਤਾ ਹੈ ਪਰ ਚੇਤ ਸਿੰਘ ਗਰੀਬ ਆਦਮੀ ਹੈ ਤਨਖਾਹ ਵੀ ਇਕ ਪੈਸਾ ਉਹਨਾਂ ਪਾਸੋਂ ਵਸੂਲ ਨਹੀਂ ਹੋਈ ਸਿੰਘ ਸਭਾ ਜਲੰਧਰ ਨੂੰ ਇਸ ਦੀ ਮਦਦ ਜ਼ਰੂਰ ਕਰਨੀ ਯੋਗ ਹੈ।

ਇਸ ਉਤੇ ਹੋਰ ਵਧੇਰੇ ਲਿਖਣ ਦੀ ਲੋੜ ਨਹੀਂ। ਅਸੀਂ ਗੁਰੂ ਸਿੰਘ ਸਭਾ ਜਲੰਧਰ ਦੇ ਪ੍ਰਬੰਧਕਾਂ ਦਾ ਧਿਆਨ ਇਸ ਪਾਸੇ ਦਿਵਾਉਂਦੇ ਹੋਏ ਬੜੇ ਜੋਰ ਨਾਲ ਬੇਨਤੀ ਕਰਦੇ ਹਾਂ ਕਿ ਉਹ ਭਾਈ ਚੇਤ ਸਿੰਘ ਜੀ ਦੀ ਪੂਰੀ ਪੂਰੀ ਸਹਾਇਤਾ ਕਰਕੇ ਦੋਸ਼ੀਆਂ ਨੂੰ ਪੂਰਾ-ਪੂਰਾ ਦੰਡ ਦਵਾਉਣ।

ਅਕਾਲੀ ਲਾਹੌਰ, ੧੪ ਅਗਸਤ ੧੯੨੦

ਓਡਵਾਇਰ ਦਾ ਸਿਖਾਂ ਨਾਲ ਧਰੋਹ।

(ਵਲੋਂ ਸ: ਸਰਦੂਲ ਸਿੰਘ ਜੀ ਕਵੀਸ਼ਰ)

ਜਦ ਤੋਂ ਪੰਜਾਬ ਸਿੱਖਾਂ ਕੋਲੋਂ ਖੋਹਿਆ ਗਿਆ ਹੈ, ਬਹੁਤ ਥੋੜ੍ਹੇ ਅੰਗਰੇਜ਼ਾਂ ਨੇ ਸਿੱਖਾਂ ਨਾਲ ਕੋਈ ਖ਼ਾਸ ਹਮਦਰਦੀ ਜ਼ਾਹਿਰ ਕੀਤੀ ਹੈ। ਪਰ ਜੋ ਵੈਰ ਪਿਛਲੇ ਲਾਟ ਨੇ ਸਿੱਖਾਂ ਨਾਲ ਪਾਲਿਆ ਹੈ, ਉਸਦੀ ਕੋਈ ਮਿਸਾਲ ਪਿਛਲੇ ੬੦ ਸਾਲਾਂ ਵਿਚ ਨਹੀਂ ਮਿਲਦੀ।

ਓਡਵਾਇਰ ਦੇ ਸਿਰ ਤੇ ਜਦ ਮਾਰਸ਼ਲ ਲਾਅ ਦੇ ਮੁਤੱਲਕ ਪੁੱਛ-ਗਿੱਛ ਦਾ ਜੂਤ ਵਰ੍ਹਨ ਲਗਾ ਤਾਂ ਉਸ

ਨੇ ਹੰਟਰ ਕਮੇਟੀ ਦੇ ਅੱਗੇ ਮਾਰਸ਼ਲ ਲਾਅ ਜਾਰੀ ਰੱਖਣ ਤੇ ਕਾਇਮ ਕਰਨ ਦੀ ਹਿਮਾਇਤ ਵਿਚ ੯ ਦਲੀਲਾਂ ਪੇਸ਼ ਕੀਤੀਆਂ। ਹੰਟਰ ਕਮੇਟੀ ਦੀ ਛੋਟੀ ਰਿਪੋਰਟ ਵਿਚ ਇਨ੍ਹਾਂ ਦਲੀਲਾਂ ਦੀ ਖੂਬ ਹੀ ਮਿਟੀ ਖ਼ਰਾਬ ਕੀਤੀ ਗਈ ਹੈ ਅਤੇ ਹਿੰਦੁਸਤਾਨੀ ਮੈਂਬਰਾਂ ਨੇ ਸਾਬਤ ਕਰ ਵਿਖਾਇਆ ਹੈ ਕਿ ਪਿਛਲੇ ਮਗਰੂਰ ਲਾਟ ਦੀਆਂ ਇਹ ਦਲੀਲਾਂ ਬਿਲਕੁਲ ਥੋਥੀਆਂ ਅਤੇ ਝੂਠੀਆਂ ਹੈਨ। ਇਨ੍ਹਾਂ ਦਲੀਲਾਂ ਵਿੱਚੋਂ ਖ਼ਾਸ ਦਲੀਲ ਜਿਸ ਦੇ ਨਾਲ ਸਿੱਖਾਂ ਦਾ ਸਬੰਧ ਹੈ ਉਹ ਪੰਜਵੀਂ ਦਲੀਲ ਹੈ।

ਓਡਵੈਰ ਨੇ ਇਹ ਦਲੀਲ ਫ਼ੌਜੀ ਧਕੇਸ਼ਾਹੀ ਜ਼ਾਰੀ ਕਰਨ ਦੇ ਹੱਕ ਵਿਚ ਇਸ ਤਰ੍ਹਾਂ ਦਿੱਤੀ ਕਿ "ਬਦੇਸਾਂ ਤੋਂ ਵਾਪਸ ਆਏ ਹੋਏ ਸਿੱਖਾਂ ਤੋਂ ਖ਼ਤਰਾ ਸੀ, ਕਿ ਉਹ ਕਿਤੇ ਫੇਰ ਫ਼ਸਾਦਾਂ ਵਿਚ ਹਿੱਸਾ ਨਾ ਲੈਣ ਅਤੇ ਇਨ੍ਹਾਂ ਨੂੰ ਇਸ ਗੱਲ ਤੋਂ ਰੋਕਨ ਵਾਸਤੇ ਮਾਰਸ਼ਲ ਲਾਅ ਜਾਂ ਫ਼ੌਜੀ ਧਕੇਸ਼ਾਹੀ ਜ਼ਾਰੀ ਕਰਨੀ ਅਤੇ ਜ਼ਰੂਰੀ ਸੀ।"

ਪਰ ਸੱਚ ਉਹ ਜਿਹੜਾ ਸਿਰ ਤੇ ਚੜ੍ਹ ਕੇ ਬੋਲੇ। ਹੰਟਰ ਕਮੇਟੀ ਦੀ ਰਿਪੋਰਟ ਤੋਂ ਪਹਿਲਾਂ ਇਸ ਲਾਟ ਸਾਹਿਬ ਦੇ ਆਪਣੇ ਦਫ਼ਤਰ ਵੱਲੋਂ ਇਹ ਐਲਾਨ ਛਪ ਚੁੱਕਾ ਹੈ ਕਿ ਬਦੇਸ਼ਾਂ ਤੋਂ ਮੁੜੇ ਹੋਏ ਸਿੱਖਾਂ ਦਾ ਮਾਰਸ਼ਲ ਲਾਅ ਦੇ ਦਿਨਾਂ ਵਿਚ ਬੜਾ ਸ਼ਲਾਘਾ-ਯੋਗ ਵਤੀਰਾ ਰਿਹਾ। ਫੇਰ ਓਡਵੈਰ ਦਾ ਹੰਟਰ ਸਾਮਨੇ ਇਨ੍ਹਾਂ ਗਰੀਬ ਮਜ਼ਲੂਮਾਂ ਨੂੰ ਆਪਣੇ ਸਿਰ ਜੁਤੀਆਂ ਵਰਦੀਆਂ ਦੇਖ ਬਦਨਾਮ ਕਰਨਾ ਕਮੀਨਾਪਨ ਨਹੀਂ ਤਾਂ ਹੋਰ ਕੀ ਹੈ ? ਓਡਵੈਰ ਨੇ ਇਨਾਂ ਗਰੀਬ ਸਿੱਖਾਂ ਨੂੰ ਆਪਣੇ ਘਰ ਦੀਆਂ ਕਚਿਹਰੀਆਂ ਬਣਾ ਕੇ ਫਾਂਸੀਆਂ ਤੇ ਲਟਕਾਇਆ ਤੇ ਹਜ਼ਾਰਾਂ ਸਿੱਖਾਂ ਨੂੰ ਬਿਨਾਂ ਕਸੂਰ ਨਜ਼ਰਬੰਦ ਕਰਾਇਆ ਤੇ ਪੁਲਿਸ ਤੋਂ ਤੰਗ ਕਰਾਇਆ ਅਤੇ ਜਿਸ ਵੇਲੇ ਇਨ੍ਹਾਂ ਮੁਸੀਬਤ ਦੇ ਮਾਰਿਆਂ ਦਾ ਮੁਕਦਮਾਂ ਵਾਇਸਰਾਏ ਦੇ ਪੇਸ਼ ਸੀ, ਇਸ ਨੇ ਭਲਮਾਣਸੀ ਵਤੀਰੇ ਦੇ ਉਲਟ ਸ਼ਿਮਲੇ ਵਿਚ ਅੰਗਰੇਜ਼ਾਂ ਨੂੰ ਤੇ ਵਾਇਸਰਾਏ ਨੂੰ ਭੜਕਾਉਣ ਦੀ ਖ਼ਾਤਰ ਇਨਾਂ ਦੇ ਵਿਰੁੱਧ ਇਕ ਜਲਸੇ ਵਿਚ ਬੇਸ਼ਰਮੀ ਵਤ ਖੁਲ੍ਹ ਮਖੁਲ੍ਹਾ ਜ਼ਹਿਰ ਉਗਲਿਆ। ਏਥੇ ਹੀ ਬਸ ਨਾ ਕੀਤੀ ਬਲਕਿ ਆਪਣੇ ਹਮੈਤੀ ਚੀਫ਼ ਖਾਲਸਾ ਦੀਵਾਨ ਦੇ ਬੇਸ਼ਰਮ ਆਗੂਆਂ ਤੋਂ ਬਹੁਤ ਸਾਰੇ ਗੁਰਮੁਖ ਅਤੇ ਵਤਨ ਸੇਵਕ ਸਿੱਖਾਂ ਨੂੰ ਅਸਿਖੀ ਦਾ ਫ਼ਤਵਾ ਦਿਵਾਯਾ।

ਇਹ ਉਸ ਲਾਟ ਸਾਹਿਬ ਦੀ ਕਰਤੂਤ ਹੈ, ਜਿਹੜਾ ਬਾਹਰੋਂ ਆਪਣੇ ਆਪ ਨੂੰ ਸਿੱਖਾਂ ਦਾ ਪੱਖੀ ਦਸਦਾ ਸੀ ਅਤੇ ਜਿਸ ਨੇ ਇਸ ਪੱਖ ਦੀ ਓਟ ਵਿਚ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਲੜਾਉਣ ਦੇ ਹੀਲੇ ਕੀਤੇ। ਇਹ ਸ਼ਰਮ ਦੀ ਗੱਲ ਹੈ ਕਿ ਐਸੇ ਲਾਟ ਸਾਹਿਬ ਦੇ ਹਮੈਤੀ ਕੋਈ ਸਿੱਖਾਂ ਵਿੱਚੋਂ ਵੀ ਨਿਕਲਣ। ਕੁਝ ਲਾਲਚੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਇਸ ਲਾਟ ਸਾਹਿਬ ਨੂੰ ਤੁਰਨ ਲਗਿਆਂ ਐਡਰੈਸ ਦਿੱਤਾ। ਪਰ ਉਨ੍ਹਾਂ ਦਾ ਐਡਰੈਸ ਦੇਣਾ ਏਡਾ ਮਾੜਾ ਨਹੀਂ ਸੀ, ਕਿਉਂਕਿ ਇਸ ਲਾਟ ਸਾਹਿਬ ਨੇ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਉਹ ਖ਼ਾਸ ਜ਼ੁਲਮ ਨਹੀਂ ਸੀ ਕੀਤਾ ਜਿਹੜਾ ਕਿ ਸਿੱਖਾਂ ਨਾਲ।

ਓਡਵਾਇਰ ਜਾਂ ਡਾਇਰ ਨੂੰ ਹੁਣ ਵਲੈਤ ਵਿਚ ਕੋਈ ਭਲਾ ਮਾਨਸ ਛੇਤੀ ਛੇਤੀ ਨਹੀਂ ਮਿਲਦਾ ਅਤੇ ਸ਼ਰੀਫ਼ ਆਦਮੀ ਇਨ੍ਹਾਂ ਕਮੀਨੇ ਦੁਸ਼ਟਾਂ ਤੋਂ ਕੰਨੀ ਕਤਰਾਂਦੇ ਹਨ। ਸ਼ੁਕਰ ਹੈ ਖਾਲਸਾ ਜੀ ਨੇ ਵੀ ਐਸੇ ਕੌਮੀ ਵੈਰੀਆਂ ਦੇ ਹਮੈਤੀਆਂ ਨੂੰ ਤਿਲਾਂਜਲੀ ਦੇਣ ਦਾ ਬੀੜਾ ਚੁਕ ਲਿਆ ਹੈ। ਜੋ ਗੁਰਮਤੇ ਅਜੇਹੇ ਪੰਥ ਘਾਤਕਾਂ ਨੂੰ ਤਨਖਾਹੀਆ ਕਰਨ ਦੇ ਥਾਂ ਥਾਂ ਪਾਸ ਹੋ ਰਹੇ ਹਨ, ਉਹਨਾਂ ਤੋਂ ਮਲੂਮ ਹੁੰਦਾ ਹੈ ਕਿ ਸਿੱਖਾਂ ਵਿਚ ਬਾਬਾ ਫੂਲਾ ਸਿੰਘ ਜੀ ਅਕਾਲੀ ਵਰਗਿਆਂ ਦੀ ਰੂਹ ਫੇਰ ਕੰਮ ਕਰਨ ਲੱਗ ਪਈ ਹੈ। ਜਦ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਵਰਗਿਆਂ ਨੂੰ ਤਨਖ਼ਾਹ ਲਾ ਕੇ ਕੋਰੜੇ ਮਾਰੇ ਸਨ ਤਾਂ ਇਹ ਵਿਚਾਰੇ ਕਿਸ ਬਾਗ ਦੀ ਮੂਲੀ ਹਨ। ਜਦ ਸਿੱਖ ਰਾਜਾ ਭੋਜ ਨੂੰ ਕੁਰੀਤੀ ਕਰਨ ਤੋਂ ਦੰਡ ਦੇ ਸਕਦੇ ਸਨ, ਤਾਂ ਕੀ ਹੁਣ ਉਹ ਗਾਂਗੇ ਤੇਲੀ ਨੂੰ ਵੀ ਸਿਧੇ ਰਸਤੇ ਨਾਂ ਪਾ ਸਕਣਗੇ ?

ਅਕਾਲੀ ਲਾਹੌਰ, ੧੬ ਅਗਸਤ ੧੯੨੦

ਦਰਬਾਰ ਸਾਹਿਬ ਜੀ

ਕੁਝ ਚਿਰ ਤੋਂ 'ਅਕਾਲੀ' ਵਿਚ ਦਰਬਾਰ ਸਾਹਿਬ ਸਬੰਧੀ ਬਹੁਤ ਘੱਟ ਲੇਖ ਨਿਕਲੇ ਹਨ। ਇਸ ਦਾ ਕਾਰਨ

ਇਹ ਨਹੀਂ ਕਿ ਅਸਾਂ ਨੇ ਦਰਬਾਰ ਸਾਹਿਬ ਦਾ ਮਾਮਲਾ ਫ਼ੈਸਲਾ ਹੋਇਆ ਸਮਝ ਲਿਆ ਹੈ ਬਲਕਿ ਸਰਕਾਰੀ ਐਲਾਨ ਹੋਣ ਦੇ ਮਗਰੋਂ ਅਸੀਂ ਵੇਖ ਰਹੇ ਸਾਂ ਕਿ ਪੰਥ, ਸਰਬਰਾਹ ਪੁਜਾਰੀਆਂ ਅਤੇ ਹੋਰ ਲੋਕਾਂ ਉੱਤੇ ਇਸ ਦਾ ਕੀ ਅਸਰ ਪਿਆ ਹੈ ਅਤੇ ਹੁਣ ਸ਼ਤਰੰਜ ਦੀ ਚਾਲ ਕਿਸ ਤਰ੍ਹਾਂ ਚਲੀ ਜਾਵੇਗੀ। ਸਾਡੇ ਪਾਸ ਇਸ ਵੇਲੇ ਕਈ ਇਸ਼ਤਿਹਾਰ ਤੇ ਚਿੱਠੀਆਂ ਆਈਆਂ ਪਈਆਂ ਹਨ। ਇਸ ਤੋਂ ਬਿਨਾਂ ਪੰਥ ਦੇ ਮੁਖੀਆਂ, ਅਖ਼ਬਾਰਾਂ ਅਤੇ ਦੀਵਾਨਾ ਨੇ ਵੀ ਆਪਣੇ ਦਿਲੀ ਭਾਵ ਪ੍ਰਗਟ ਕੀਤੇ ਹਨ। ਜਿਨ੍ਹਾਂ ਤੋਂ ਅਸੀਂ ਇਹ ਨਤੀਜਾ ਕਢ ਸਕੇ ਹਾਂ।

ਸਰਕਾਰੀ ਐਲਾਨ ਅਤੇ ਪੰਥ!

"ਨੌਕਰ ਸ਼ਾਹੀ" ਦੀਆਂ ਚਾਲਾਂ ਤੇ ਵਰਤਾਵ ਵੇਖ ਕੇ ਦਰਬਾਰ ਸਾਹਿਬ ਸਬੰਧੀ ਐਲਾਨ ਬਾਬਤ ਪੰਥ ਨੂੰ ਜੋ ਖੁਸ਼ੀ ਹੋਈ ਸੀ ਉਹ ਨਿਰਾਸਤਾ ਵਿਚ ਬਦਲ ਰਹੀ ਹੈ। ਪੰਥ ਖਾਲਸਾ ਨੇ ਸਰਕਾਰ ਪਾਸੋਂ ਜਾਨ ਮਾਲ ਦੀ ਅਦੁਤੀ ਕੁਰਬਾਨੀ ਬਦਲੇ ਕੀ ਮੰਗਿਆ! ਕੇਵਲ ਆਪਣੇ ਅਧਿਕਾਰ! ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ, ਰਾਜਸੀ ਸਿੱਖ ਕੈਦੀ ਤੇ ਨਜ਼ਰਬੰਦ ਭਰਾਵਾਂ ਦੀ ਰਿਹਾਈ ਅਤੇ ਖਾਲਸਾ ਕਾਲਜ ਦਾ ਪ੍ਰਬੰਧ! ਪੰਜਾਬ ਦਾ ਰਾਜ ਨਹੀਂ ਮੰਗਿਆ! ਜਿੰਦੋਂ ਪਿਆਰੇ ਦਰਬਾਰ ਸਾਹਿਬ ਦਾ ਭੈੜਾ ਪ੍ਰਬੰਧ ਕਰਨ ਵਾਲਿਆਂ ਨੇ ਇਥੇ ਪੰਥ ਨੂੰ ਕਲੰਕਤ ਕਰਨ ਵਾਲਿਆਂ ਕਰਤੂਤਾਂ ਕਰਾ ਕੇ ਖਾਲਸਾ ਪੰਥ ਦੇ ਦੇ ਸੀਨੇ ਚੀਰਨ ਵਾਲਿਆਂ ਕਾਲਿਆਂ ਗੋਰਿਆਂ ਅਪਰਾਧੀਆਂ ਨੂੰ ਦੰਡ ਦੇਣ ਲਈ ਨਹੀਂ ਆਖਿਆ! ਪੰਥ ਦੀ ਲਹੂ ਦੀ ਕਮਾਈ ਨਾਲ ਬਣੇ ਹੋਏ ਖਾਲਸਾ ਕਾਲਜ ਨੂੰ ਕੌਮ ਦੇ ਹੱਥੋਂ ਖੋਹਣ ਵਾਲਿਆਂ ਉੱਤੇ ਮੁਕੱਦਮਾ ਚਲਾਣ ਲਈ ਜ਼ੋਰ ਨਹੀਂ ਦਿੱਤਾ। ਕੈਨੇਡਾ ਅਤੇ ਬਜ ਬਜ ਘਾਟ ਤੇ ਸਿੱਖਾਂ ਬੀਰਾਂ ਨਾਲ ਪਸ਼ੂਆਂ ਤੋਂ ਭੈੜਾ ਵਰਤਾਵ ਕਰਨ ਵਾਲਿਆਂ ਆਪਣੀਆਂ ਅਤੀ ਜ਼ਰੂਰੀ ਮੰਗਾਂ ਅਤੇ ਅਧਿਕਾਰ ਮੰਗੇ। ਜਿਸ ਦੇ ਉੱਤਰ ਵਿਚ ਬਸ ਦਰਬਾਰ ਸਾਹਿਬ ਸਬੰਧੀ ਇਕ ਐਲਾਨ ਕਰ ਕੇ ਸਰਕਾਰ ਚੁਪ ਹੋ ਰਹੀ ਹੈ। ਕਿਉਂਕਿ ਇਸ ਦੇ ਨਾਲ ਹੀ ਖ਼ਰਾਬੀ ਦੀ ਜੜ੍ਹ ਸਰਬਰਾਹ ਅਰੂੜ ਸਿੰਘ ਹਾਲਾਂ ਤਕ ਸਰਬਰਾਹੀ ਦੀ ਕੁਰਸੀ ਤੇ ਡਟਿਆ ਹੋਇਆ ਸਾਡੇ ਪਵਿੱਤਰ ਸ਼ਹੀਦੀ ਅਸਥਾਨ ਨੂੰ ਅਪਵਿੱਤਰ ਕਰ ਰਿਹਾ ਹੈ। ਜਿਸ ਨੂੰ ਸਿੱਖ ਪੰਥ ਕਈ ਵਰ੍ਹਿਆਂ ਤੋਂ ਧਕੇ ਮਾਰ ਰਿਹਾ ਹੈ ਸਰਕਾਰ ਉਸ ਨੂੰ ਸਿੱਖਾਂ ਦਾ ਆਗੂ ਬਣਾ ਰਹੀ ਹੈ। ਅਜਬ ਤਮਾਸ਼ਾ ਹੈ। "ਜਾਨ ਨ ਪਛਾਨ ਮੈਂ ਤੇਰਾ ਮਹਿਮਾਨ"। ਅਸੀਂ ਚਾਹੁੰਦੇ ਸਾਂ ਕਿ ਸਿੱਖਾਂ ਦੇ ਸੱਚੇ ਪ੍ਰਤੀਨਿਧ ਕੌਂਸਲ ਵਿਚ ਜਾਂਦੇ। ਸਰਕਾਰ ਨਾਲ ਮਿਲ ਕੇ ਰਾਜ ਪ੍ਰਬੰਧ ਵਿਚ ਹੱਥ ਵਟਾਂਦੇ। ਪੰਥ ਦੇ ਅਧਿਕਾਰਾਂ ਦੀ ਰਾਖੀ ਕਰਦੇ ਪਰ ਹੁਣ ਜਦ ਕਿ ਨਾ ਪੂਰੇ ਅਧਿਕਾਰ ਮਿਲੇ ਹਨ ਨਾ ਚਿਰਾਂ ਦੇ ਰਾਜਸੀ ਕੈਦੀਆਂ ਤੇ ਨਜ਼ਰਬੰਦਾਂ ਨੂੰ ਖੁਲ੍ਹ ਦਿੱਤੀ ਗਈ ਹੈ ਅਤੇ ਨਾ ਹੀ ਖਾਲਸਾ ਕਾਲਜ ਬਾਬਤ ਕੋਈ ਐਲਾਨ ਹੋਇਆ ਹੈ। ਸਗੋਂ ਕੌਂਸਲ ਦੀਆਂ ਦੱਸ ਮੈਂਬਰੀਆਂ ਬਾਬਤ ਤਾਂ ਸ਼ਹਿਰੀ ਤੇ ਪੇਂਡੂ ਵੰਡ ਕਰ ਕੇ ਨਵਾਂ ਝਗੜਾ ਖੜਾ ਕਰ ਦਿੱਤਾ ਗਿਆ ਹੈ ਅਤੇ ਸਰਬਰਾਹ ਅਰੂੜ ਸਿੰਘ ਨੂੰ ਸਗੋਂ ਪੁਜਾਰੀਆਂ ਅਤੇ ਭੋਲੇ ਲੋਕਾਂ ਨੂੰ ਭੜਕਾਉਣ ਅਤੇ ਖਰਾਬੀਆਂ ਪੈਦਾ ਕਰਨ ਲਈ ਉਸੇ ਤਰ੍ਹਾਂ ਡਟਾਇਆ ਹੋਇਆ ਹੈ। ਇਸ ਹਾਲਤ ਵਿਚ ਇਸ ਐਲਾਨ ਨੂੰ ਪੰਥ ਕੀ ਕਰੇ ?

ਹਾਲਾਤ ਪੰਥ ਨੂੰ ਮਜਬੂਰ ਕਰ ਰਹੇ ਹਨ ਕਿ ਉਹ ਆਪਣੇ ਪ੍ਰਤੀਨਿਧ ਕੌਂਸਲਾਂ ਵਿਚ ਨਾ ਭੇਜੇ ਅਤੇ "ਨੌਕਰ ਸ਼ਾਹੀ" ਯਤਨ ਕਰ ਰਹੀ ਹੈ ਕਿ ਪਿੰਡਾਂ ਦੇ ਲੋਕ ਬੁਧੂ ਦੇ ਬੁਧੂ ਰਹਿਣ ਕਿਉਂਕਿ ਜੇ ਪੇਂਡੂ ਭਰਾਵਾਂ ਨੂੰ ਸਮਝਾਉਣ ਲਈ ਕੋਈ ਜੋੜ ਮੇਲ ਜਾਂ ਜਲਸਾ ਕੀਤਾ ਜਾਂਦਾ ਹੈ ਤਾਂ ਉਸ ਨੂੰ ਜਾਂ ਤਾਂ ਯੋਗ ਅਯੋਗ ਤਰੀਕਿਆਂ ਨਾਲ ਬੰਦ ਕੀਤਾ ਜਾਂਦਾ ਹੈ ਜਾਂ ਪ੍ਰਬੰਧਕਾਂ ਦੀ ਖ਼ੂਬ ਖ਼ਬਰ ਲਈ ਜਾਂਦੀ ਹੈ ਅਤੇ ਲੋਕਾਂ ਨੂੰ ਜਲਸਿਆਂ ਵਿਚ ਜਾਣ ਤੋਂ ਰੋਕਿਆ ਜਾਂਦਾ ਹੈ।

ਜਦ "ਨੌਕਰ ਸ਼ਾਹੀ" ਲੋਕਾਂ ਨੂੰ ਜਲਸੇ ਕਰਨ ਤੇ ਲੈਕਚਰਣ ਸੁਣਨ ਤੋਂ ਵੀ ਬੰਦ ਕਰ ਰਹੀ ਹੈ ਤਾਂ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਪੇਂਡੂ ਲੋਕਾਂ ਨੂੰ ਉਹ ਪੰਥ ਦੇ ਸੱਚੇ ਆਗੂਆਂ ਨੂੰ ਰਾਵਾਂ ਦੇਣ ਦੇਵੇ!

ਇਸ ਲਈ ਪ੍ਰਤੀਤ ਹੋਂਦਾ ਹੈ ਕੌਂਸਲਾਂ ਵਿਚ 'ਜੀ ਹਜ਼ੂਰੀਏ', 'ਝੋਲੀ ਚੁਕ' ਅਤੇ 'ਕੁਦਰਤੀ ਲੀਡਰ' ਹੀ ਜਾ ਸਕਣਗੇ ਅਤੇ ਜੇ ਦਰਬਾਰ ਸਾਹਿਬ ਦਾ ਪ੍ਰਬੰਧ ਇਨ੍ਹਾਂ ਦੇ ਹੱਥ ਹੀ ਆ ਗਿਆ ਤਾਂ ਇਹ ਪ੍ਰਬੰਧ ਹੁਣ ਨਾਲੋਂ ਚੰਗਾ ਨਹੀਂ ਹੋਵੇਗਾ। ਕਿਉਂਕਿ ਇਹ ਆਦਮੀ ਤਾਂ ਸਾਰੇ ਸਰਕਾਰੂ ਹੋਣਗੇ ਪਰ ਗਿਣੇ ਜਾਣਗੇ ਪੰਥ ਦੇ ਪ੍ਰਤੀਨਿਧ। ਗੱਲ ਕੀ ਪ੍ਰਤੀਨਿਧਾਂ ਦੀ ਓਟ ਵਿਚ ਨੌਕਰ ਸ਼ਾਹੀ ਦਾ ਪ੍ਰਬੰਧ ਚਲੇਗਾ।

ਅਕਾਲੀ ਲਾਹੌਰ, ੧੮ ਅਗਸਤ ੧੯੨੦

ਗੁਰਦੁਆਰਾ ਰਕਾਬ ਗੰਜ ।

ਸਾਡੀ ਚਿਠੀ ਦੇ ਉਤਰ ਵਿਚ ਹੇਠ ਲਿਖੀ ਚਿਠੀ ਜਨਾਬ ਚੀਫ਼ ਕਮਿਸ਼ਨਰ ਸਾਹਿਬ ਦਿਲੀ ਵੱਲੋਂ ਆਈ ਹੈ :-

ਸ੍ਰੀ ਮਾਨ ਐਡੀਟਰ ਸਾਹਿਬ ਜੀ,

੧. ਮੈਨੂੰ ਆਗਿਆ ਹੋਈ ਹੈ ਕਿ ਮੈਂ ਆਪ ਦੀ ੧੯ ਜੁਲਾਈ ਵਾਲੀ ਗੁਰਦੁਆਰਾ ਰਕਾਬਗੰਜ ਸਬੰਧੀ ਚਿੱਠੀ ਦੇ ਉਤਰ ਵਿਚ ਆਪ ਨੂੰ ਲਿਖਾਂ। ਐਉਂ ਮਾਲੂਮ ਹੁੰਦਾ ਹੈ ਕਿ ਆਪ ਨੂੰ ਅਸਲੀ ਹਾਲਤ ਦਾ ਪਤਾ ਨਹੀਂ। ਗੁਰਦੁਆਰੇ ਦੀ ਹੁਣ ਇਹ ਹਾਲਤ ਹੈ :-

ਡਿਪਟੀ ਕਮਿਸ਼ਨਰ, ਚੀਫ਼ ਇੰਜੀਨਅਰ ਖਾਲਸਾ ਦੀਵਾਨ ਦਿਲੀ ਦੇ ਪ੍ਰਧਾਨ ਮੀਤ ਪ੍ਰਧਾਨ ਅਤੇ ਕਮੇਟੀ ਦੇ ਮੈਂਬਰਾਂ ਦੀ ਇਕਤਰਤਾ ਪਹਿਲੀ ਮਾਰਚ ਨੂੰ ਹੋ ਕੇ ਇਸ ਮਾਮਲੇ ਤੇ ਵਿਚਾਰ ਹੋਈ। ਇਸ ਕਮੇਟੀ ਨੇ ਫ਼ੈਸਲਾ ਕੀਤਾ ਕਿ ਚੀਫ਼ ਇੰਜੀਨੀਅਰ ਦੇ ਮਨਜ਼ੂਰ ਕੀਤੇ ਹੋਏ ਨਮੂਨੇ ਅਨੁਸਾਰ ਜਿਸ ਸ਼ਕਲ ਵਿਚ ਗੁਰਦੁਆਰਾ ਹੁਣ ਕੀਤਾ ਗਿਆ ਹੈ। ਉਸ ਦੇ ਸਾਰੇ ਰਕਬੇ ਦੇ ਦੁਆਲੇ ਇਕ ਕੰਧ ਬਣਾਈ ਜਾਵੇ। ਉਨ੍ਹਾਂ ਇਹ ਵੀ ਫ਼ੈਸਲਾ ਕੀਤਾ ਕਿ ਦਿਲੀ ਇੰਪੀਰਯਲ ਕਮੇਟੀ ਯਾ ਉਸ ਦੇ ਵਾਰਸਾਂ ਦੀ ਆਗਿਆ ਬਿਨਾਂ ਗੁਰਦੁਆਰੇ ਦੇ ਹਾਤੇ ਅੰਦਰ ਕੋਈ ਮਕਾਨ ਨਹੀਂ ਬਣਾਇਆ ਜਾਵੇਗਾ। ਗੁਰਦੁਆਰੇ ਦਿਲੀ ਦੇ ਕਬਜ਼ੇ ਅਤੇ ਪੂਰੇ ਕਾਬੂ ਵਿਚ ਸਦਾ ਲਈ ਰਹੇਗਾ। ਜੇ ਖਾਲਸਾ ਦੀਵਾਨ ਨਵਾਂ ਗੁਰਦੁਆਰਾ ਅਤੇ ਰਹਿਣ ਲਈ ਮਕਾਨ ਬਣਾਉਣਾ ਚਾਹੇ ਤਾਂ ਇੰਪੀਰਯਲ ਦਿਲੀ ਕਮੇਟੀ ਅਜੇਹੀ ਤਜਵੀਜ਼ ਦਾ ਸ੍ਵਾਗਤ ਕਰੇਗੀ। ਗੁਰਦੁਆਰੇ ਦੀ ਕੰਧ ਬਣਾਉਣ ਲਈ ਖਰਚ ਦਿਲੀ ਦੇ ਫੰਡ ਵਿੱਚੋਂ ਨਹੀਂ ਦਿੱਤਾ ਜਾਵੇਗਾ। ਹੁਣ ਖਾਲਸਾ ਦੀਵਾਨ ਨੂੰ ਨਹਿਰ ਤੇ ਬਹੁਤ ਸਾਰੀ ਜ਼ਮੀਨ ਦਿਤੀ ਗਈ ਹੈ।

ਆਪ ਦਾ ਦਾਸ
ਐਚ, ਆਰ. ਵਾਫ਼
ਪਰਸਨਲ ਅਸਿਸਟੈਂਟ

ਅਕਾਲੀ ਲਾਹੌਰ, ੧੯ ਅਗਸਤ ੧੯੨੦

ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹਿੰਦੂ ।

ਜਿਸ ਤਰ੍ਹਾਂ ਮੁਸਲਮਾਨਾਂ ਦੇ 'ਖਿਲਾਫਤ' ਦੇ ਸਵਾਲ ਨਾਲ ਹਰ ਇਕ ਸੱਚੇ ਹਿੰਦੂ ਅਤੇ ਸਿੱਖ ਦੀ ਹਮਦਰਦੀ ਹੈ ਅਤੇ ਸਭ ਦੀ ਇਹ ਦਿਲੀ ਚਾਹ ਹੈ ਕਿ ਮੁਸਲਮਾਨਾਂ ਦੇ ਧਰਮ ਅਸਥਾਨ ਅਤੇ ਖ਼ਲੀਫਾ ਦੂਜੇ ਮਤਾਂ ਤੋਂ ਆਜ਼ਾਦ ਰਹਿਣ। ਇਸੇ ਤਰ੍ਹਾਂ ਹਰ ਇਕ ਸਚਾ ਮੁਸਲਮਾਨ ਅਤੇ ਹਿੰਦੂ ਇਹ ਚਾਹੁੰਦਾ ਹੈ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਰਕਾਰੀ ਹੱਥਾਂ ਵਿੱਚੋਂ ਹਟ ਕੇ ਸਿੱਖ ਪੰਥ ਦੇ ਹੱਥ ਹੋ ਜਾਵੇ। ਅਜਿਹਾ ਕਿਹੜਾ ਦੁਸ਼ਟ ਹੈ ਜੋ ਕਿਸੇ ਧਰਮ ਮੰਦਰ ਵਿਚ ਖ਼ਰਾਬੀ ਤੇ ਪਾਪ ਹੁੰਦੇ ਵੇਖ ਕੇ ਖੁਸ਼ ਹੋਵੇ।

ਸਾਡੇ ਪਾਸ ਤਿੰਨ ਚਾਰ ਹਟਵਾਣੀਆਂ ਦਾ ਦਸਖ਼ਤੀ ਇਕ ਇਸ਼ਤਿਹਾਰ ਪੌਂਚਿਆਂ ਹੈ ਜੋ ਆਪਣੇ ਆਪ ਨੂੰ ਹਿੰਦੂ ਪ੍ਰਗਟ ਕਰ ਕੇ ਦਰਬਾਰ ਸਾਹਿਬ ਦੀ ਮਾਲਕੀ ਦੇ ਦਾਵੇਦਾਰ ਬਣਦੇ ਹਨ। ਇਸ਼ਤਿਹਾਰ ਵਿਚ ਸਿੰਘਾਂ ਨੂੰ ਛੇੜ-ਛੇੜ ਕੇ ਹਿੰਦੂਆਂ ਦੇ ਗਲ ਪਵਾਣ ਦਾ ਯਤਨ ਕੀਤਾ ਗਿਆ ਹੈ। ਅਸੀਂ ਨਹੀਂ ਸਮਝ ਸਕਦੇ ਕਿ ਅੱਜ-ਕਲ੍ਹ ਮੇਲ ਦੇ ਜ਼ਮਾਨੇ ਵਿਚ ਭਰਾਵਾਂ ਨੂੰ ਲੜਾਣ ਵਾਲੇ ਕਿਸ ਤਰ੍ਹਾਂ ਦਲੇਰੀ ਕਰ ਕੇ ਮੈਦਾਨ ਵਿਚ ਆ ਗੱਜਦੇ ਹਨ।

ਕੀ ਅਜਿਹੇ ਫੋਟਕ ਪਾਣ ਵਾਲਿਆਂ ਨੂੰ ਕੋਈ ਸਚਾ ਹਿੰਦੂ ਪਸੰਦ ਕਰੇਗਾ ? ਕਦੀ ਨਹੀਂ। ਮਹਾਤਮਾ ਗਾਂਧੀ ਜੀ ਅਤੇ ਹੋਰ ਲੀਡਰ ਤਾਂ ਮੁਸਲਮਾਨਾਂ ਭਰਾਵਾਂ ਲਈ ਪਰਸਵਾਰਥੀ ਹੋ ਕੇ ਜੁਟੇ ਹੋਏ ਹਨ ਅਤੇ ਉਨ੍ਹਾਂ ਦੇ ਧਰਮ ਵਿੱਚੋਂ ਦੂਜੇ ਮਤਾਂ ਦਾ ਦਖ਼ਲ ਹਟਾਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਹਨ ਅਤੇ ਇਧਰ ਇਨ੍ਹਾਂ ਦੀ ਕਰਤੂਤ ਵੇਖੋ ਕਿ ਹਿੰਦੂ ਭਰਾਵਾਂ ਨੂੰ ਗੁਰੂ ਕਲਗੀਧਰ ਦੇ ਸ਼ੇਰਾਂ ਦੇ ਗਲ ਪਵਾ ਕੇ 'ਘਰ ਫੂਕ ਤਮਾਸ਼ਾ' ਦੱਸਣ ਲਈ ਤਿਆਰ ਹੋ ਰਹੇ ਹਨ।

ਅਸਲ ਗੱਲ ਇਹ ਹੈ ਕਿ ਦਰਬਾਰ ਸਾਹਿਬ ਸਿੱਖ ਪ੍ਰਬੰਧ ਵਿਚ ਆਣ ਮਗਰੋਂ ਹੁਣ ਵਰਗਾ ਹਨੇਰ ਨਹੀਂ ਰਹਿਣਾ। ਇਹ ਧਰਮ ਅਸਥਾਨ ਖਰਾਬੀਆਂ ਦਾ ਅੱਡਾ ਨਹੀਂ ਰਹੇਗਾ। ਬਦਚਲਨ ਤੇ ਵਿਭਚਾਰੀ ਮੰਡਲੀ ਨੂੰ ਇਥੋਂ ਦੇਸ਼ ਨਿਕਾਲਾ ਮਿਲ ਜਾਵੇਗਾ । ਇਸ ਲਈ ਜਿਹੜੇ ਆਦਮੀ ਇਨ੍ਹਾਂ ਅਨਰਥਾਂ ਨੂੰ ਅੱਖਾਂ ਵੇਖ ਕੇ ਕਦੀ ਬੋਲੇ ਨਹੀਂ, ਅੱਜ ਉਨ੍ਹਾਂ ਦਾ ਦਾਵੇਦਾਰ ਬਣਨਾ ਅਤੇ ਰੌਲਾ ਪਾਣਾ ਕੀ ਅਰਥ ਰੱਖਦਾ ਹੈ ? ਕੀ ਇਸ ਦੇ ਇਹ ਅਰਥ ਨਹੀਂ ਕਿ ਉਹ ਅਜਿਹੀਆਂ ਕਰਤੂਤਾਂ ਕਰਾਣ ਵਾਲੇ ਹਨ ਜਾਂ ਹੋਂਦੀਆਂ ਵੇਖ ਕੇ ਪਸੰਦ ਕਰਦੇ ਹਨ ?

ਭੋਲੇ ਲੋਕੋ ਸ਼ੇਰ ਹੁਣ ਸੁਤਾ ਹੋਇਆ ਨਹੀਂ । ਕੁਝ ਹੋਸ਼ ਕਰੋ ਅਤੇ ਸਮੇਂ ਵੱਲ ਧਿਆਨ ਮਾਰੋ । ਜਿਸ ਦਰਬਾਰ ਸਾਹਿਬ ਨੂੰ ਮੱਸੇ ਰੰਘੜ ਪਾਸੋਂ ਇਕ ਦਸਮੇਸ਼ ਦੇ ਬੀਰ ਨੇ ਛੁਡਾ ਲਿਆ ਸੀ ਤੇ ਹੁਣ ਸਰਕਾਰ ਉਸ ਨੂੰ ਸਿੱਖਾਂ ਦੇ ਹਵਾਲੇ ਕਰ ਰਹੀ ਹੈ ਉਸ ਦੇ ਵਾਸਤੇ ਦੋ ਚਾਰ ਗਵਾਂਢੀਆਂ ਦਾ ਹੱਥ ਪੈਰ ਮਾਰਨ ਲੱਗ ਪੈਣਾ ਖ਼ਾਹ ਮੁਖ਼ਾਹ ਸਿੱਖਾਂ ਨੂੰ ਹੋਰ ਚੜ੍ਹਾਣਾ ਨਹੀਂ ਤਾਂ ਹੋਰ ਕੀ ਹੈ ?

ਲੋਕਾਂ ਨੂੰ ਟਪਲਾ ਲਾਇਆ ਗਿਆ ਹੈ ਕਿ ਦਰਬਾਰ ਸਾਹਿਬ ਸਿੱਖ ਪ੍ਰਬੰਧ ਵਿਚ ਆ ਕੇ ਲੋਕਾਂ ਨੂੰ ਯਾਤਰਾ ਕਰਨ ਦੀ ਰੋਕ ਹੋ ਜਾਵੇਗੀ । ਸਿੱਖ ਪ੍ਰਬੰਧ ਵਿਚ ਤਾਂ ਸਗੋਂ ਪ੍ਰਾਣੀ ਮਾਤਰ ਨੂੰ ਦਰਸ਼ਨ ਕਰਨ ਦੀ ਖੁਲ੍ਹ ਹੋ ਜਾਵੇਗੀ, ਰੋਕਾਂ ਤਾਂ ਹੁਣ ਹਨ। ਜਿਹੜੇ ਗੁਰ ਅਸਥਾਨ ਖਾਲਸ ਸਿੱਖ ਪ੍ਰਬੰਧ ਵਿਚ ਹਨ ਉਥੇ ਸਭ ਨੂੰ ਯਾਤਰਾ ਕਰਨ ਅਤੇ ਦਰਸ਼ਨ ਕਰਨ ਦੀ ਖੁਲ੍ਹ ਹੈ ।

ਅਤੇ ਜਿਹੜਾ ਇਹ ਆਖਿਆ ਗਿਆ ਹੈ ਕਿ ਹਿੰਦੂਆਂ ਦੀ ਭੇਟਾ ਇਥੇ ਬੜੀ ਖਰਚ ਹੋਈ ਹੈ; ਇਥੇ ਤਾਂ ਅਮੀਰ ਕਾਬਲ ਅਤੇ ਹੋਰ ਕਈ ਮੁਸਲਮਾਨ ਦੀ ਭੇਟਾ ਚੜ੍ਹਾ ਗਏ ਹਨ । ਹਜ਼ੂਰ ਅਬਚਲ ਨਗਰ ਸਾਹਿਬ ਤਾਂ ਹਜ਼ਾਰਾਂ ਰੁਪਏ ਨਜ਼ਾਮ ਹੈਦਰਾਬਾਦ ਦੇ ਖਰਚ ਹੁੰਦੇ ਹਨ ਤੇ ਕੀ ਮੁਸਲਮਾਨ ਭਰਾ ਵੀ ਦਾਵੇਦਾਰ ਬਣ ਜਾਣ ?

ਅਸੀਂ ਹਿੰਦੂ ਭਰਾਵਾਂ ਨੂੰ ਨਿਚਸਾ ਦਵਾਉਂਦੇ ਹਾਂ ਕਿ ਦੋ ਚਾਰ ਆਦਮੀਆਂ ਦੀ ਗ਼ਲਤੀ ਨਾਲ ਸਾਡੀ ਹਿੰਦੂ ਭਰਾਵਾਂ ਨਾਲ ਕੋਈ ਨਰਾਜ਼ਗੀ ਨਹੀਂ ਹੋਈ । ਹਰ ਇਕ ਕੌਮ ਵਿਚ ਅਜਿਹੇ ਆਦਮੀ ਹੋਇਆ ਹੀ ਕਰਦੇ ਹਨ ਅਤੇ ਸਾਨੂੰ ਯਕੀਨ ਹੈ ਕਿ ਦਰਬਾਰ ਸਾਹਿਬ ਦਾ ਖਾਲਸ ਸਿੱਖ ਪ੍ਰਬੰਧ ਵਿਚ ਆਉਣ ਉੱਤੇ ਸਭ ਸੱਚੇ ਤੇ ਦਿਆਨਤਦਾਰ ਹਿੰਦੂ ਪ੍ਰਸੰਨ ਹਨ ।

ਸਿੱਖਾਂ ਨੂੰ ਧੋਤੇ ਮੂੰਹ ਚਪੇੜ

ਹੁਣ ਕੀ ਕਰਨਾ ਚਾਹੀਏ !

ਜਦੋਂ ਦਾ ਅੰਗ੍ਰੇਜ਼ੀ ਰਾਜ ਪੰਜਾਬ ਵਿਚ ਆਇਆ ਹੈ ਉਦੋਂ ਦੇ ਹੀ ਸਿੱਖ ਅੰਗ੍ਰੇਜ਼ਾਂ ਦੀ ਖ਼ਾਤਰ ਪਸੀਨੇ ਦੀ ਥਾਂ ਆਪਣਾ ਲਹੂ ਡੋਲਦੇ ਰਹੇ ਹਨ । ਦੂਰ ਦੁਰਾਡੇ ਦੇਸ਼ਾਂ ਵਿਚ ਜਾ ਕੇ ਅਨੇਕ ਪ੍ਰਕਾਰ ਦੇ ਦੁਖ ਤਕਲੀਫ਼ਾਂ ਸਹਾਰ ਕੇ ਅੰਗ੍ਰੇਜ਼ੀ ਰਾਜ ਦੀ ਖ਼ਾਤਰ ਜਾਨਾਂ ਵਾਰਦੇ ਰਹੇ ਹਨ । ਸੰਨ ੧੮੫੭ ਦੇ ਭਿਆਨਕ ਗ਼ਦਰ ਵੇਲੇ ਜੇ ਕਰ ਸਿੱਖ ਮੱਦਦ ਨਾ ਕਰਦੇ ਤਾਂ ਅੰਗ੍ਰੇਜ਼ਾਂ ਦਾ ਨਿਸ਼ਾਨ ਹਿੰਦ ਵਿਚ ਮੁਸ਼ਕਲ ਨਾਲ ਲਭਦਾ। ਇਸ ਤੋਂ ਪਿੱਛੋਂ ਚੀਨ, ਬਰਮਾ, ਕਾਬਲ, ਅਫਰੀਕਾ, ਮਿਸਰ ਆਦਿਕ ਦੇਸ਼ਾਂ ਵਿਚ ਜਾ ਕੇ ਸਿਰਫ਼ ੧੧) ਤੇ ਲੜਦੇ ਰਹੇ । ਇਸ ਮਹਾਂ ਜੰਗ ਵਿਚ ਤਾਂ ਸਿੱਖਾਂ ਨੇ ਹਦ ਹੀ ਕਰ ਦਿੱਤੀ । ਸਿੱਖਾਂ ਦੇ ਗੁਰਦੁਆਰਿਆਂ ਦੇ ਸਵਾਲ ਛਿੜੇ ਹੋਏ ਸੀ । ਬਾਹਰੋਂ ਆਏ ਸਿੱਖਾਂ ਨੂੰ ਬੇਰੈਹਮੀ ਨਾਲ ਕਤਲ ਅਤੇ ਫਾਂਸੀ ਦਿੱਤਾ ਗਿਆ ਸੀ ਪਰ ਸਿੱਖਾ ਨੇ ਇਕੋ ਗੰਢ ਦੇ ਲਈ ਕਿ ਅਸੀਂ ਇਸ ਵੇਲੇ ਸਰਕਾਰ ਦੀ ਮਦਦ ਕਰਨੀ ਹੈ । ਇਹ ਸਾਰੇ ਜ਼ੁਲਮਾਂ ਨੂੰ ਅੰਦਰੋਂ ਅੰਦਰੀ ਪੀ ਗਏ ਅਤੇ ਲੱਕ ਬੰਨ ਕੇ ਲੜਾਈ ਨੂੰ ਜਿਤਣ ਦੇ ਵਿਚ ਜੁਟ ਪਏ । ਹਜ਼ਾਰਾਂ ਜ਼ਿਗਰ ਦੇ ਟੋਟੇ ਕੁਰਬਾਨ ਕੀਤੇ । ਅੰਗ੍ਰੇਜ਼ਾਂ ਦੀ ਇਜ਼ੱਤ ਬਚਾਣ ਖ਼ਾਤਰ ਫ਼ਰਾਸ ਜਾ ਕੇ ਵਧਦੇ ਵੈਰੀ ਨੂੰ ਸਿੱਖਾਂ ਨੇ ਰੋਕਿਆ । ਗੈਲੀ ਪੋਲੀ ਵਿਚ ਕੱਟ ਕੇ ਮਰ ਗਏ ਪਰ ਸ਼ੇਰਾਂ ਨੇ ਪਿੱਛੇ ਪੈਰ ਨਹੀਂ ਪਾਏ । ਮੈਸੋਪੁਟਾਮੀਆ, ਮਿਸਰ, ਅਫ਼ਰੀਕਾ, ਬੈਲਜੀਅਮ ਵਿਚ ਢਿੱਡੋਂ ਭੁਖੇ ਰਹਿ ਕੇ ਲੜੇ। ਏਧਰ ਆਪਣੇ ਹੱਕਾਂ ਲਈ ਵੀ ਜ਼ੋਰ ਦੇ ਕੇ ਨਹੀਂ ਆਖਿਆ । ਸਰ ਮਾਈਕਲ ਉਡਵਾਇਰ ਵਰਗੇ ਸਿੱਖਾਂ ਨੂੰ ਥਾਪੜੇ ਦੇਣ ਵਾਲੇ ਹਾਕਮਾਂ ਤੇ ਭਰੋਸਾ ਕਰ ਕੇ ਇਸ ਖ਼ਿਆਲ ਤੇ ਚੁਪ ਰਹੇ ਕਿ ਸਰਕਾਰ ਬਿਨਾਂ ਪੁਛੇ ਸਾਨੂੰ ਪੂਰੇ ਹਕ ਦੇ ਦੇਵੇਗੀ । ਚੁਨਾਂਚਿ ਜਦੋਂ ਮਿਸਟਰ

ਮਾਂਨਟੈਗੂ ਜੀ ਹਿੰਦ ਵਿਚ ਆਏ ਤਾਂ ਉਨਾਂ ਨੇ ਸਾਫ਼-ਸਾਫ਼ ਲਿਖਿਆ ਕਿ ਸਿੱਖਾਂ ਨੂੰ ਵੀ ਮੁਸਲਮਾਨਾਂ ਵਾਂਗੂੰ ਅਡਰੇ ਹਕ ਦਿੱਤੇ ਜਾਣਗੇ। ਜਦੋਂ ਜੰਗ ਮੁਕ ਗਿਆ ਤਾਂ ਉਹ ਚੋਪੜੀਆਂ ਚਾਪੜੀਆਂ ਗੱਲਾਂ ਕਰਨ ਵਾਲੇ ਅਤੇ ਭੋਲੇ ਭਾਲੇ ਲਾਈ ਲਗ ਸਿੱਖਾਂ ਤੋਂ ਕੰਮ ਕਢਣ ਵਾਲੇ ਹਾਕਮਾਂ ਨੇ ਅੱਖਾਂ ਫੇਰ ਲਈਆਂ ਸਿੱਖਾਂ ਦੇ ਪੈਂਚ ਮਿਲ ਕੇ ਪੰਜਾਬ ਗਵਰਮੈਂਟ ਕੋਲ ਗਏ ਤਾਂ ਅਜਿਹਾ ਰੁੱਖਾ ਜਵਾਬ ਮਿਲਿਆ ਕਿ ਕੰਨ ਝਾੜ ਕੇ ਚੁਪ ਕਰ ਕੇ ਘਰ ਨੂੰ ਮੁੜ ਆਏ। ਫੇਰ ਸਰਕਾਰ ਹਿੰਦ ਪਾਸ ਗਏ ਉਸ ਨੇ ਉਸ ਤੋਂ ਵੀ ਵਧ ਕੇ ਸੁੱਕਾ ਜਵਾਬ ਦਿੱਤਾ ਅਤੇ ਇਥੋਂ ਤਕ ਆਖ ਦਿੱਤਾ ਕਿ ਜੇ ਕਰ ਤੁਹਾਨੂੰ ਇਹ ਹੱਕ ਮਨਜ਼ੂਰ ਨਹੀਂ ਤਾਂ ਬੇਸ਼ਕ ਇਹ ਵੀ ਛਡ ਦਿਉ। ਪਰ ਤੁਹਾਨੂੰ ਹੋਰ ਕੁਝ ਨਹੀਂ ਮਿਲ ਸਕਦਾ। ਫੇਰ ਖਾਲਸਾ ਜੀ ਨੇ ਵਲਾਇਤ ਨੂੰ ਕਮਰ ਕਸੇ ਕੀਤੇ। ਭਾਵੇਂ ਅਸੀਂ ਇਹ ਮੰਨਦੇ ਹਾਂ ਕਿ ਪੰਚ ਕੌਮ ਵੱਲੋਂ ਪ੍ਰਤੀਨਿਧ ਬਣ ਕੇ ਨਹੀਂ ਗਏ ਅਤੇ ਗਏ ਵੀ ਬੜੇ ਕੁਵੇਲੇ। ਪਰ ਸਰਕਾਰ ਨੇ ਤਾਂ ਹਕ ਦੇਣਾ ਸੀ ਨਾ ਕਿ ਮੰਗਤਿਆਂ ਨੂੰ ਖੈਰ ਪਾਣਾ ਸੀ। ਇਸ ਲਈ ਇਨ੍ਹਾਂ ਪੈਂਚਾਂ ਨੂੰ ਜੋ ਜਵਾਬ ਦਿੱਤਾ ਗਿਆ ਅਸੀਂ ਉਸ ਨੂੰ ਸਾਰੀ ਸਿੱਖ ਕੌਮ ਦੀ ਬੇਇਜ਼ੱਤੀ ਸਮਝਦੇ ਹਾਂ। ਇਹ ਚਪੇੜ ਸਿਰਫ਼ ਸਾਡੇ ਪੈਂਚਾਂ ਨੂੰ ਹੀ ਨਹੀਂ ਲੱਗੀ ਸਗੋਂ ਸਾਡੇ ਸਾਰਿਆਂ ਦੇ ਮੂੰਹ ਉੱਤੇ ਪਈ ਹੈ। ਐ ਖਾਲਸਾ ਕੌਮ ਦੇ ਦੁਲਾਰਿਓ! ਅੰਗ੍ਰੇਜ਼ੀ ਰਾਜ ਲਈ ਪੁੱਤਰ, ਵੀਰ ਅਤੇ ਪਿਤਾ ਕੁਰਬਾਨ ਕਰਨ ਵਾਲਿਓ, ਅੱਜ ਤੁਹਾਡੀ ਅੰਗ੍ਰੇਜ਼ੀ ਰਾਜ ਵਿਚ ਇਹ ਦੁਰਗਤੀ ਹੋ ਰਹੀ ਹੈ ਕਿ ਜਿਸ ਨੂੰ ਕੋਈ ਅਣਖ ਵਾਲੀ ਕੌਮ ਇਕ ਮਿੰਟ ਲਈ ਵੀ ਨਹੀਂ ਸਹਾਰ ਸਕਦੀ। ਕਿਥੇ ਉਹ ਵੇਲੇ ਜਦੋਂ ਤੁਹਾਡੀਆਂ ਬਹਾਦਰੀਆਂ ਦੇ ਰਾਗ ਗਾ ਕੇ ਤੁਹਾਨੂੰ ਦੁਸ਼ਮਨਾਂ ਦੀਆਂ ਤੋਪਾਂ ਅੱਗੇ ਡਾਹਿਆ ਜਾਂਦਾ ਸੀ ਅਤੇ ਕਿਥੇ ਇਹ ਵੇਲਾ ਕਿ ਅੱਜ ਕੌਂਸਲਾਂ ਦੀਆਂ ਮੈਂਬਰੀਆਂ ਲਈ ਖਾਲਸਾ ਦਰ ਦਰ ਧਕੇ ਖਾਂਦਾ ਫਿਰਦਾ ਹੈ।

ਐ ਕੌਮ! ਜੇ ਮਤਲਬੀ ਅਫ਼ਸਰਾਂ ਨੂੰ ਹੀ ਕੋਈ ਸ਼ਰਮ ਨਹੀਂ। ਜੇ ਉਹ ਥਾਪੜੇ ਦੇਣ ਵਾਲੇ ਹਾਕਮ ਇਨਸਾਫ਼ ਨੂੰ ਛਿਕੇ ਤੇ ਟੰਗ ਕੇ ਬਚਨੋਂ ਹਾਰ ਗਏ ਹਨ ਤਾਂ ਕੀ ਤੇਰੇ ਵਿਚ ਕੋਈ ਅਣਖ ਬਾਕੀ ਨਹੀਂ ? ਆ ਹੁਣ ਤਾਂ ਸਮਝ ਜਾ ਕਿ ਚਾਲਾਕ 'ਨੌਕਰਸ਼ਾਹੀ' ਦੀ ਕਛ ਵਿਚ ਵੜ ਕੇ ਤੇਰਾ ਬੇੜਾ ਅਧਵਾਟੇ ਹੀ ਡੁਬੇਗਾ। ਲੱਕ ਟੁੱਟਾ ਆਦਮੀ ਕਿਤਨਾ ਕੁ ਚਿਰ ਦੂਜੇ ਦੇ ਸਹਾਰੇ ਚਲ ਸਕਦਾ ਹੈ! ਉਠ ਹੁਣ! ਉਦਮ ਕਰ ਅਤੇ ਆਪਣੇ ਘਰ ਦੀ ਸਾਰ ਲੈ। ਗੁਰੂ ਗੋਬਿੰਦ ਸਿੰਘ ਦੀ ਪਵਿੱਤਰ ਸਿੱਖਿਆ ਲੈ ਕੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਜਾਚ ਸਿਖ।

ਹੁਣ ਸਵਾਲ ਇਹ ਹੈ ਕਿ ਸਿੱਖ ਕੀ ਕਰਨ ? ਸਾਡੇ ਖਿਆਲ ਵਿਚ ਹੁਣ ਰਸਤਾ ਕੇਵਲ ਇਕੋ ਹੀ ਹੈ ਅਤੇ ਉਹ ਬਿਲਕੁਲ ਸਾਫ਼ ਹੈ ਕਿ ਸਿੱਖ ਕੌਂਸਲਾਂ ਵਿਚ ਉਕਾ ਨਾ ਜਾਣ। ਇਸ ਵੇਲੇ ਸਾਡੀ ਕੌਮੀ ਅਣਖ, ਮਾਨ, ਅਤੇ ਇਜ਼ੱਤ ਆਗਿਆ ਨਹੀਂ ਦਿੰਦੀ ਕਿ ਅਸੀਂ ਬੇਸ਼ਰਮ ਹੋ ਕੇ ਕੌਂਸਲਾਂ ਵਿਚ ਜਾ ਕੇ ਬੈਠੀਏ। ਸਿੱਖਾਂ ਨੂੰ ਪੂਰੇ ਹੱਕ ਨਹੀਂ ਦਿੱਤੇ ਗਏ ਅਤੇ ਵੱਡੇ-ਵੱਡੇ ਜ਼ਿੰਮੇਵਾਰ ਵਜ਼ੀਰਾਂ ਨੇ ਬਚਨ ਕਰ ਕੇ ਹਾਰ ਦਿੱਤੇ ਹਨ। ਹੁਣ ਕੌਮ ਦੀ ਇਜ਼ੱਤ ਆਪਣੇ ਹੱਥਾਂ ਵਿਚ ਹੈ। ਚਾਹੇ ਰਖੇ ਚਾਹੇ ਗਵਾਏ। ਹੁਣ ਲੋੜ ਹੈ ਕਿ ਜਿਤਨੇ ਸਿੱਖ ਉਮੀਦਵਾਰ ਖੜ੍ਹੇ ਹੋਏ ਹਨ ਉਹ ਸਾਰੇ ਝਟ-ਪਟ ਆਪਣੇ ਆਪ ਨਾਂ ਵਾਪਸ ਲੈ ਲੈਣ। ਕੀ ਸਾਡੇ ਪੈਂਚਾਂ ਨੂੰ ਅਜੇ ਕੋਈ ਹੋਰ ਆਸ ਬਾਕੀ ਹੈ? ਕੀ ਉਨਾਂ ਨੂੰ ਵੀ ਇਸ ਕੌਮੀ ਹਤਕ ਦੀ ਕੋਈ ਸ਼ਰਮ ਹੈ ? ਜੇ ਹੈ ਤਾਂ ਇਸ ਤੋਂ ਚੰਗਾ ਹੋਰ ਕਿਹੜਾ ਵੇਲਾ ਹੈ! ਕੌਮ ਨਾਲ ਮਿਲ ਕੇ ਕੌਂਸਲਾਂ ਵਿਚ ਜਾਣ ਤੋਂ ਨਾਹ ਕਰ ਦੇਣ।

ਅਕਾਲੀ ਲਾਹੌਰ, ੧੯ ਅਗਸਤ ੧੯੨੦

ਲੁਲਿਆਨੀ ਦੀਵਾਨ ਅਤੇ ਗੁਰਦੁਆਰਾ ਰਕਾਬ ਗੰਜ

ਗਿਆਨੀ ਸ਼ੇਰ ਸਿੰਘ ਜੀ।

ਕੀ ਗਿਆਨੀ ਜੀ ਇਸ ਤੋਂ ਅਗਿਆਤ ਹਨ ਕਿ ਪਟਿਆਲਾ ਰਿਆਸਤ ਦੀ ਪੋਜੀਸ਼ਨ ਉਹ ਨਹੀਂ, ਜਿਹੜੀ ਕਿ ਹੋਰ ਰਿਆਸਤਾਂ ਦੀ ਹੋ ਸਕਦੀ ਹੈ, ਕਿਉਂਕਿ ਸਿੱਖ ਕੌਮ ਦਾ ਖ਼ਾਸ ਹਿੱਸਾ ਪਟਿਆਲਾ ਪਤੀ ਨੂੰ ਸਿੱਖਾਂ ਦਾ ਜਥੇਦਾਰ ਸਮਝਦਾ ਹੈ ਅਤੇ "ਮੇਰਾ ਘਰ ਸੋ ਤੇਰਾ ਘਰ" ਇਕ ਹੋਰ ਸਬੰਧ ਹੈ, ਜਿਸ ਨੂੰ ਅੱਗੇ ਰੱਖਦੇ ਹੋਏ "ਪਟਿਆਲਾ" ਪਤੀ ਦੇ ਇਸ ਕਰਤਵ ਤੋਂ ਸਿੱਖ ਅੱਖਾਂ ਮੀਟ ਨਹੀਂ ਸਕਦੇ। ਇਸ ਤੋਂ ਬਿਨਾਂ ਮੇਰੀ ਆਪਣੀ ਰਾਇ ਵਿਚ ਜੇਕਰ ਇਹ ਸਬੰਧ

ਨ ਭੀ ਹੋਵੇ, ਤਾਂ ਭੀ ਇਸ ਸਮੇਂ ਭਾਰਤ ਦੀ ਮਿੱਟੀ ਵਿੱਚੋਂ ਬਣਿਆ ਹੋਇਆ ਕੋਈ ਭੀ ਪ੍ਰਾਣੀ ਭਾਵੇਂ ਉਹ ਅਮੀਰ ਹੋਵੇ ਭਾਵੇਂ ਗਰੀਬ ਜਾਗੀਰਦਾਰ ਹੋਵੇ, ਭਾਵੇਂ ਚੀਫ਼, ਡਾਇਰ ਉਡਵਾਇਰ ਜੈਸੇ ਘੋਰ ਅਪਰਾਧੀਆਂ ਨਾਲ ਹਮਦਰਦੀ ਕਰਨ ਕਰਕੇ ਜ਼ਰੂਰ ਦੋਸ਼ੀ ਹੈ।

"ਰਾਜੇ ਨਿਹ ਕਲੰਕ ਹੁੰਦੇ ਹਨ" ਮੇਰੀ ਇਸ ਅਖਾਣ ਨਾਲ ਕਦਾਚਿਤ ਸੰਮਤੀ ਨਹੀਂ ਹੋ ਸਕਦੀ।

ਕੀ ਇਕ ਪ੍ਰਾਣੀ ਦਾ ਦੁਨੀਆਂ ਵਿਚ ਸੌ ਜਾਂ ਦੋ ਸੌ ਪਿੰਡ ਦੂਸਰਿਆਂ ਕੋਲੋਂ ਵਾਧੂ ਮਲਕੀਅਤ ਰੱਖਣਾ ਇਸ ਗੱਲ ਦੀ ਦਲੀਲ ਹੋ ਸਕਦੀ ਹੈ, ਕਿ ਉਹ ਦੇਸ਼ ਵਿਰੁੱਧ ਮਨ ਭਾਉਂਦੀਆਂ ਕੁਚਾਲਾਂ ਕਰੀ ਜਾਵੇ, ਇਸ ਲਈ ਹਰ ਇਕ ਦੇਸ਼ ਹਿਤੂ ਦਾ ਫ਼ਰਜ਼ ਹੋਣਾ ਚਾਹੀਦਾ ਹੈ। ਕਿ ਉਹ ਨਿਰਪਖਸ਼ ਹੋ ਕੇ ਕਿਸੀ ਰਾਜੇ ਮਹਾਰਾਜੇ ਦੇ ਲਿਹਾਜ ਵਿਚ ਨ ਫਸਦਾ ਹੋਇਆ ਦੇਸ਼ ਵਿਰੋਧੀਆਂ ਅਤੇ ਉਨ੍ਹਾਂ ਦੀ ਪਿੱਠ ਠੋਕਣ ਵਾਲਿਆਂ ਦੀ ਤਾੜਨਾ ਵਿਚ ਨਿਧੜਕ ਹੋ ਕੇ ਹਿੱਸਾ ਲਵੇ।

ਨੋਟ :- ਇਹ ਗੱਲ ਚੰਗੀ ਤਰ੍ਹਾਂ ਸਾਬਤ ਹੋ ਚੁੱਕੀ ਹੈ, ਕਿ ਮਹਾਰਾਜਾ ਪਟਿਆਲਾ ਨੇ ਸੋਲਜਰ ਫੰਡ ਦੀ ਬੀਸ ਹਜ਼ਾਰ ਦੀ ਰਕਮ ਤੋਂ ਵੱਖ ਰਕਮ 'ਉਡਵਾਇਰ ਮੈਮੋਰੀਅਲ ਫੰਡ ਵਿਚ ਦਿਤੀ ਹੈ। ਜਿਸ ਦੇ ਸਬੂਤ ਲਈ "ਪਾਓਨੀਅਰ" "ਵਕੀਲ" "ਸ਼ਾਂਤੀ" ਅਤੇ "ਬੰਦੇ ਮਾਤ੍ਰਮ" ਆਦਿਕ ਅਖ਼ਬਾਰਾਂ ਦੀਆਂ ਤਾਜੀਆਂ ਲਿਖਤਾਂ ਕਾਫ਼ੀ ਵਜਨ ਰਖਦੀਆਂ ਹਨ।

ਲੇਖਕ,
ਦਾਸ ਮੋਤਾ ਸਿੰਘ
ਪਤਾਰਾ, ਜਲੰਧਰ।

ਗੁਰਦੁਆਰਾ ਰਕਾਬ ਗੰਜ

ਕਲ੍ਹ ਚੀਫ਼ ਕਮਿਸ਼ਨਰ ਦਿਲੀ ਦੀ ਚਿੱਠੀ ਦੇ ਛੇਕੜ "ਰੁਪਿਆ ਦਿਲੀ ਦੇ ਫ਼ੰਡ ਵਿੱਚੋਂ ਦਿੱਤਾ ਜਾਵੇਗਾ" ਦੀ ਥਾਂ "ਨਹੀਂ ਦਿੱਤਾ ਜਾਵੇਗਾ" ਛਪ ਗਿਆ ਹੈ ਠੀਕ ਕਰ ਲਉ।

ਅਕਾਲੀ ਲਾਹੌਰ, ੨੧ ਅਗਸਤ ੧੯੨੦

ਨੋਟਸ

ਬਨਾਮ ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ

ਅੰਮ੍ਰਿਤਸਰ ਜੀ ਮਿਆਦੀ ਏਕ ਹਫ਼ਤਾ

ਤੁਮਕੋ ਖਾਲਸਾ ਕੌਮ ਔਰ ਸਿੱਖ ਸੰਗਤ ਨੇ ਬੜੇ ਬੜੇ ਦੀਵਾਨ ਕਰਕੇ ਹੁਕਮ ਦੀਆ ਹੈ ਕਿ ਸਰਬਰਾਹੀ ਸੇ ਫ਼ੌਰਨ ਜੁਦਾ ਹੋ ਜਾਓ! ਕਿਉਂਕਿ ਤੁਮਨੇ ਦਰਬਾਰ ਸਾਹਿਬ ਮੇਂ ਵੋਹ ਬਦਇੰਤਜ਼ਾਮੀ ਔਰ ਬਦ ਕਾਮ ਸ਼ੁਰੂ ਕਰਾ ਦੀਏ ਹੈਂ ਜਿਨ ਸੇ ਹਮ ਲੋਗ ਤੰਗ ਆ ਗਏ ਹੈਂ ਅਬ ਹਮ ਬਰਦਾਸ਼ਤ ਨਹੀਂ ਕਰ ਸਕਤੇ, ਇਸ ਲੀਏ ਇਸ ਨੋਟਸ ਕੇ ਜ਼ਰੀਏ ਇਤਲਾਹ ਦੇਤੇਂ ਹੈਂ ਕਿ ਅਗਰ ਮਿਆਦ ਮਜ਼ਕੂਰਾ ਕੇ ਅੰਦਰ ਸਰਬਰਾਹੀ ਨਾ ਛੋੜੋਗੇ ਤੋਂ ਬਿਬਾਨ ਨਿਕਾਲਾ ਜਾਵੇਗਾ, ਔਰ ਕੌਮ ਤੁਮਕੋ ਆਪਣੀ ਤਰਫ਼ ਸੇ ਮੁਰਦਾ ਸਮਝੇਗੀ।

ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ

ਅਰੂੜ ਸਿੰਘ ਸਰਬਰਾਹੀ ਤੋਂ ਹਟਾਇਆ ਗਿਆ

ਅੱਜ ਦੀ ਤਾਰ—੧੯ ਅਗਸਤ ੧੯੨੦

"ਮਾਸਟਰ ਚੰਦਾ ਸਿੰਘ ਜੀ "ਪੰਥ ਸੇਵਕ" ਤਾਰ ਭੇਜਦੇ ਹਨ ਕਿ ਅੱਜ ਸਰਬਰਾਹ

ਅਰੂੜ ਸਿੰਘ ਨੂੰ ਹਟਾਕੇ ਉਸ ਦੀ ਥਾਂ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਨੂੰ ਸਰਬਰਾਹ ਬਣਾਇਆ ਗਿਆ।"

ਮੰਜੀ ਸਾਹਿਬ ਦੀਵਾਨ ਦੀ ਬੰਦਸ਼।

ਧਕੋ ਧਕੀ ਦੀਵਾਨ ਕੀਤਾ ਗਿਆ।

ਹਰ ਐਤਵਾਰ ਨੂੰ ਮੰਜੀ ਸਾਹਿਬ ਸਭਾ ਦੀਵਾਨ ਹੋਇਆ ਕਰਦਾ ਹੈ। ੧੪ ਅਗਸਤ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਦਰਬਾਰ ਸਾਹਿਬ ਸਬੰਧੀ ਜਲਸਾ ਹੋਇਆ ਤੇ ਐਲਾਨ ਕੀਤਾ ਗਿਆ ਕਿ ਐਤਵਾਰ ਨੂੰ ਮੰਜੀ ਸਾਹਿਬ ਵੀ ਸਰਬਰਾਹ ਦੇ ਹਟਾਣ ਸਬੰਧੀ ਵਖਿਆਨ ਹੋਣਗੇ। ਸਵੇਰੇ ਭਾਈ ਦੇਵ ਸਿੰਘ ਜੀ ਸਕੱਤਰ ਨੂੰ ਡਿਪਟੀ ਕਮਿਸ਼ਨਰ ਦਾ ਹੁਕਮ ਆ ਗਿਆ ਕਿ ਤੁਸੀਂ ਮੰਜੀ ਸਾਹਿਬ ਲੈਕਚਰ ਨ ਦਿਓ।

ਸਰਦਾਰ ਜਸਵੰਤ ਸਿੰਘ ਜੀ ਤੇ ਸਰਦਾਰ ਅਮਰ ਸਿੰਘ ਜੀ ਝਬਾਲ ਵਾਲਿਆਂ ਨੇ ਆਕੇ ਦੀਵਾਨ ਆਰੰਭ ਕੀਤਾ ਤੇ ਪੁਲਿਸ ਵੀ ਆ ਉਦਾਲੇ ਹੋ ਗਈ ਕਿ ਦੀਵਾਨ ਨਾ ਕਰੋ ਅਤੇ ਲੈਕਚਰ ਨ ਦਿਓ। ਪਰ ਗੁਰਦੁਆਰਿਆਂ ਦੇ ਦਿਲ ਸਰਬਰਾਹ ਦੇ ਅਤਿਆਚਾਰਾਂ ਤੇ ਦਰਬਾਰ ਸਾਹਿਬ ਦੀਆਂ ਬੇਅਦਬੀਆਂ ਤੋਂ ਇਤਨੇ ਦੁਖੇ ਹੋਏ ਸਨ ਕਿ ਉਹ ਸਭ ਤਰ੍ਹਾਂ ਦੇ ਦੁੱਖ ਝਲਨ ਨੂੰ ਤਿਆਰ ਸਨ ਉਹਨਾਂ ਪੁਲਿਸ ਵਾਲਿਆਂ ਅਤੇ ਡਿਪਟੀ ਕਮਿਸ਼ਨਰ ਦੇ ਅਯੋਗ ਹੁਕਮ ਦੀ ਕੋਈ ਪਰਵਾਹ ਨਾ ਕੀਤੀ ਅਤੇ ਦੀਵਾਨ ਕਰਕੇ ਜ਼ਬਰਦਸਤ ਲੈਕਚਰ ਦਿਤੇ ਕਿ ਅਸੀਂ ਅਰੂੜ ਸਿੰਘ ਦਾ ਸਰਬਰਾਹ ਰਹਿਣਾ ਤੇ ਪਵਿਤਰ ਗੁਰਧਾਮ ਦੀਆਂ ਨਿਰਾਦਰੀਆਂ ਬਿਲਕੁਲ ਨਹੀਂ ਸਹਾਰ ਸਕਦੇ। ਹਜ਼ਾਰਾਂ ਆਦਮੀ ਇਕੱਠੇ ਹੋ ਗਏ। ਸਰਬਰਾਹ ਨੂੰ ਫੌਰਨ ਹਟਾ ਦੇਣ ਦੇ ਗੁਰਮਤੇ ਪਾਸ ਕੀਤੇ ਗਏ ਅਤੇ ਸਮਾਪਤੀ ਮਗਰੋਂ ਸ਼ਬਦਾਂ ਦੀ ਘਨਘੋਰ ਧਮਾਲ ਨਾਲ ਦਰਬਾਰ ਸਾਹਿਬ ਦੀ ਪ੍ਰਕਰਮਾਂ ਕੀਤੀ ਗਈ। ਕਹਿੰਦੇ ਹਨ ਪੁਜਾਰੀ ਦਰਬਾਰ ਸਾਹਿਬ ਛੱਡ ਕੇ ਨਸ ਗਏ। ਇਸ ਦੀਵਾਨ ਦਾ ਇਡਾ ਪ੍ਰਭਾਵ ਪਿਆ ਕਿ ਸਾਰੇ ਸ਼ਹਿਰ ਵਿਚ ਇਕ ਖਾਲਸਈ ਜੋਸ਼ ਦੀ ਲਹਿਰ ਪੈਦਾ ਹੋ ਗਈ ਤੇ ਦੂਜੇ ਦਿਨ ੧੬ ਤਾਰੀਖ਼ ਨੂੰ ਫਿਰ ਜਲ੍ਹਿਆਂ ਵਾਲੇ ਬਾਗ ਵਿਚ ਇਕ ਭਾਰੀ ਦੀਵਾਨ ਹੋ ਕੇ ਉਪਰੋਕਤ ਨੋਟਸ ਸਰਬਰਾਹ ਨੂੰ ਦਿੱਤਾ ਗਿਆ। ਸਰਦਾਰ ਅਮਰ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਦਾ ਖਾਲਸਈ ਜੋਸ਼ ਅਤਿਅੰਤ ਸ਼ਲਾਘਾ ਯੋਗ ਹੈ।

ਅਕਾਲੀ ਲਾਹੌਰ, ੨੧ ਅਗਸਤ ੧੯੨੦

ਦਰਬਾਰ ਸਾਹਿਬ ਅੰਮ੍ਰਿਤਸਰ ਜੀ!

ਸਰਬਰਾਹ ਹਟਿਆ ਗਿਆ ਖਾਲਸਾ ਜੀ ਦੀ ਫਤਹਿ

ਜਦ ਤੋਂ ਐਲਾਨ ਹੋਇਆ ਸੀ ਕਿ ਨਵੀਂ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ ਨਾਲ ਵਿਚਾਰ ਕਰਕੇ ਦਰਬਾਰ ਸਾਹਿਬ ਸਬੰਧੀ ਕਮੇਟੀ ਬਣਾਈ ਜਾਵੇਗੀ। ਸਰਬਰਾਹ ਅਰੂੜ ਸਿੰਘ ਨੇ ਅੱਤ ਚਲਾਈ ਸੀ। ਕਦੀ ਕਿਸੇ ਪਾਸੋਂ ਇਸ਼ਤਿਹਾਰ ਕਢਾ ਦਿਤਾ ਕਦੀ ਪੁਜਾਰੀਆਂ ਤੇ ਗ੍ਰੰਥੀਆਂ ਦੇ ਡੈਪੂਟੇਸ਼ਨ ਅਫ਼ਸਰਾਂ ਕੋਲ ਭਿਜਵਾਏ। ਕਦੀ ਹਿੰਦੂਆਂ ਨੂੰ ਭੜਕਾਕੇ ਸਿੱਖਾਂ ਦੇ ਗੱਲ ਪਵਾਉਣ ਦਾ ਯਤਨ ਕੀਤਾ ਗੱਲ ਕੀ ਸਰਬਰਾਹੀ ਜਾਂਦੀ ਵੇਖ ਉਹ ਤਾਂ ਬਾਵਲਾ ਹੋ ਗਿਆ ਅਤੇ ਅਗੇ ਨਾਲੋਂ ਕਈ ਗੁਣਾਂ ਵੱਧ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਦਰਬਾਰ ਸਾਹਿਬ ਵਿਚ ਖਪ ਤੇ ਫਸਾਦ ਸ਼ੁਰੂ ਹੋ ਗਏ। ਜਿਥੇ 'ਨਾਮ' ਅਤੇ 'ਪ੍ਰੇਮ' ਦੇ ਗਫੇ ਵਰਤਣੇ ਚਾਹੀਦੇ ਹਨ ਉਥੇ ਇਕ ਦੂਜੇ ਦੇ ਵਿਰੁੱਧ ਇਸ਼ਤਿਹਾਰ ਗਾਹਲਾਂ ਤੇ ਘਸੁੰਨ ਮੁਕੇ ਵਰਤਨੇ ਆਰੰਭ ਹੋ ਗਏ।

ਗੁਰਦੁਆਰਿਆਂ ਤੋਂ ਇਹ ਗੱਲ ਨ ਸਹਾਰੀ ਗਈ। ਸਰਬਰਾਹ ਅਰੂੜ ਸਿੰਘ ਨੂੰ ਫੌਰਨ ਹਟਾਉਣ ਲਈ ਹਰ ਪਾਸਿਓਂ ਅਵਾਜ਼ਾਂ ਆਉਣ ਲੱਗੀਆਂ। ਪਰ ਫਿਰ ਭੀ ਕੋਈ ਸੁਣਾਈ ਨ ਹੋਈ। ਸਗੋਂ ਭਾਈ ਬੂੜ ਸਿੰਘ ਤੋਂ ੧੬ ਆਦਮੀਆਂ ਤੇ ਜ਼ਮਾਨਤ ਦਾ ਮੁਕਦਮਾ ਖੜਾ ਕਰਵਾ ਦਿੱਤਾ ਕਿ ਇਹ ਮਾਰਨਾ ਚਾਹੁੰਦੇ ਹਨ।

ਇਸ ਪੁਰ ੧੬ ਅਗਸਤ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਸ: ਜਸਵੰਤ ਸਿੰਘ ਜੀ ਦੀ ਪ੍ਰਧਾਨਤਾ ਹੇਠ ਇਕ

ਜਬਰਦਸਤ ਜਲਸਾ ਹੋਇਆ ਛੇ ਸਤ ਹਜ਼ਾਰ ਖਾਲਸਾ ਜੀ ਅਤੇ ਹੋਰ ਲੋਕਾਂ ਦਾ ਇਕੱਠ ਸੀ। ਸ: ਅਮਰ ਸਿੰਘ ਜੀ ਝਬਾਲ, ਸ: ਦੇਵਾ ਸਿੰਘ ਜੀ, ਡਾਕਟਰ ਭਗਵਾਨ ਸਿੰਘ ਜੀ, ਅਤੇ ਹੋਰ ਕਈ ਸੱਜਣਾਂ ਨੇ ਧੜਲੇਦਾਰ ਵਖਿਆਨ ਦਿਤੇ ਅਤੇ ਦਸਿਆ ਗਿਆ ਕਿ ਹਾਲਾਂ ਤਾਂ ੧੬ ਸਿੱਖਾਂ ਪੁਰ ਜ਼ਮਾਨਤ ਦਾ ਮੁਕਦਮਾ ਚਲਾਇਆ ਗਿਆ ਹੈ ਪਰ ਤੀਹ ਲੱਖ ਖਾਲਸੇ ਦੀ ਜ਼ਮਾਨਤ ਹੋ ਜਾਵੇ ਤਾਂ ਵੀ ਅਸੀਂ ਆਪਣੇ ਪਵਿੱਤਰ ਗੁਰਧਾਮ ਦਾ ਪ੍ਰਬੰਧ ਲੈਣ ਅਤੇ ਸਰਬਰਾਹ ਨੂੰ ਹਟਾਉਣ ਤੋਂ ਨਹੀਂ ਟਲਾਂਗੇ। ਇਸ ਜਲਸੇ ਵਿਚ ਪਾਸ ਹੋਇਆ ਕਿ ੨੨ ਅਗਸਤ ਨੂੰ ਸਰਦਾਰ ਅਰੂੜ ਸਿੰਘ ਦਾ ਮੁਰਦਾ ਬਣਾਕੇ ਕੇ ਕਢਿਆ ਜਾਵੇ ਤੇ ਸਸਕਾਰਿਆ ਜਾਵੇ ਅਤੇ ਸਰਬਰਾਹ ਨੂੰ ਇਕ ਹਫ਼ਤੇ ਦਾ ਨੋਟਿਸ ਦਿੱਤਾ ਜਾਵੇ ਕਿ ਉਹ ਸਰਬਰਾਹੀ ਛੱਡਕੇ ਵੱਖ ਹੋ ਜਾਵੇ।

ਇਸ ਤੋਂ ਬਿਨਾਂ ਦੋ ਢਾਈ ਹਜ਼ਾਰ ਇਸਤਰੀਆਂ ਦਾ ਜਲਸਾ ਹੋਇਆ ਜਿਸ ਵਿਚ ਡਾਕਟਰ ਭਗਵਾਨ ਸਿੰਘ ਜੀ ਦੀ ਸੁਪਤਨੀ ਨੇ ਜ਼ਬਰਦਸਤ ਵਖਿਆਨ ਦੇ ਕੇ ਦਸਿਆ ਕਿ ਦਰਬਾਰ ਸਾਹਿਬ ਵਿਚ ਕਿਸ ਤਰ੍ਹਾਂ ਇਸਤਰੀਆਂ ਦੀ ਪਤ ਲਾਹੀ ਜਾਂਦੀ ਹੈ ਤੇ ਤੀਵੀਆਂ ਦਾ ਵੇਲੇ ਕੁਵੇਲੇ ਜਾਣਾ ਕਿਤਨਾ ਖਤਰਨਾਕ ਹੈ। ਸਰਬ ਸੰਮਤੀ ਨਾਲ ਪਾਸ ਕੀਤਾ ਕਿ ਜਦ ਤੀਕ ਸਰਬਰਾਹ ਹਟਾਕੇ ਚੰਗਾ ਪ੍ਰਬੰਧ ਨਹੀਂ ਕੀਤਾ ਜਾਂਦਾ ਅਸੀਂ ਦਰਬਾਰ ਸਾਹਿਬ ਨਹੀਂ ਜਾਵਾਂਗੀਆਂ।

ਗੱਲ ਕੀ ਹਰ ਇਕ ਇਸਤਰੀ ਅਤੇ ਮਰਦ ਦਾ ਦਿਲ ਜੋਸ਼ ਵਿਚ ਠਾਠਾਂ ਮਾਰ ਰਿਹਾ ਸੀ। ਜਿਸ ਦਾ ਫਲ ਇਹ ਨਿਕਲਿਆ ਕਿ ਅੱਜ ਤਾਰ ਆ ਗਈ ਹੈ ਕਿ ਸਰਬਰਾਹ ਅਰੂੜ ਸਿੰਘ ਨੂੰ ਹਟਾ ਦਿੱਤਾ ਗਿਆ ਹੈ ਅਤੇ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆਂ ਨੂੰ ਚਾਰਜ ਦਿੱਤਾ ਗਿਆ ਹੈ ਅਸੀਂ ਗੁਰਦੁਆਰਾ ਸੇਵਕ ਕਮੇਟੀ ਅਤੇ ਹੋਰ ਸਾਰੇ ਗੁਰਦੁਆਰਿਆਂ ਨੂੰ ਵਧਾਈ ਦੇਂਦੇ ਹਾਂ ਜਿਨ੍ਹਾਂ ਦੀ ਹਿੰਮਤ ਦਾ ਇਹ ਫਲ ਨਿਕਲਿਆ ਹੈ।

ਅਕਾਲੀ ਲਾਹੌਰ, ੨੩ ਅਗਸਤ ੧੯੨੦

ਅੰਮ੍ਰਿਤਸਰ ਦੇ ਸਿੱਖਾਂ ਦਾ ਉਦਮ

ਜਲ੍ਹਿਆਂ ਵਾਲੇ ਬਾਗ ਵਿਚ ਭਾਰੀ ਜੋੜ ਮੇਲ!

੧੮ ਅਗਸਤ ਨੂੰ ਅਰੂੜ ਸਿੰਘ ਦੇ ਸਰਬਰਾਹੀ ਹਟਾਏ ਜਾਣ ਤੋਂ ਪਿੱਛੋਂ ਅੰਮ੍ਰਿਤਸਰ ਦੇ ਸਿੱਖਾਂ ਦਾ ਜਲਿਆਂ ਵਾਲੇ ਬਾਗ ਵਿਚ ਇਕ ਭਾਰਾ ਜੋੜ ਮੇਲ ਸਰਦਾਰ ਠਾਕਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਇਆ। ਪੁਜਾਰੀਆਂ ਦੀਆਂ ਕੁਰੀਤੀਆਂ ਅਤੇ ਅਰੂੜ ਸਿੰਘ ਦੀਆਂ ਨੀਚਤਾਈਆਂ ਅਤੇ ਕਮੀਨਗੀਆਂ ਨੇ ਲੋਕਾਂ ਦੇ ਦਿਲ ਸਖ਼ਤ ਦੁਖਾ ਛਡੇ ਸਨ। ਇਸ ਜੋੜ ਮੇਲ ਵਿਚ ਲੱਗ ਭਗ ੭-੮ ਹਜ਼ਾਰ ਤੀਵੀਂ ਮਰਦ ਜਮਾ ਸਨ ਅਤੇ ਬੇਅੰਤ ਜੋਸ਼ ਸੀ। ਬੜੇ ਜ਼ੋਰ ਨਾਲ ਧੜਲੇਦਾਰ ਵਖਿਆਨ ਹੋਏ ਅਤੇ ਜਿੱਥੇ ਚੰਦਰੇ ਅਰੂੜ ਸਿੰਘ ਦਾ ਨਾਉਂ ਜਾ ਉਸ ਦੀਆਂ ਕਮੀਨਗੀਆਂ ਦਾ ਜ਼ਿਕਰ ਆਉਂਦਾ ਸੀ ਉਥੇ ਹਰ ਪਾਸਿਓਂ ਫਿਟਕਾਰਾਂ ਅਤੇ ਲਾਨਤਾਂ ਪਾਈਆਂ ਜਾਂਦੀਆਂ ਸਨ।

ਭਾਈ ਦੇਵਾ ਸਿੰਘ ਜੀ : ਭਾਈ ਦੇਵਾ ਸਿੰਘ ਜੀ ਨੇ ਬੜੇ ਲੰਬੇ ਚੌੜੇ ਵਖਿਆਨ ਵਿਚ ਦੱਸਿਆ ਕਿ 'ਅੱਜ-ਕਲ੍ਹ ਰੂੜ ਸਿੰਘ ਹਿਸਾਬ ਕਿਤਾਬ ਦੀ ਪੜਤਾਲ ਤੋਂ ਡਰਦਾ ਨਵੇਂ ਰਜਿਸਟਰ ਤਿਆਰ ਕਰਵਾ ਰਿਹਾ ਹੈ। ਪਰ ਹੁਣ ਕੌਮ ਨੂੰ ਪਤਾ ਲੱਗ ਗਿਆ ਹੈ ਕਿ ਅਤੇ ਕੌਡੀ-ਕੌਡੀ ਦਾ ਹਿਸਾਬ ਦੇ ਕੇ ਛੁਟੇਗਾ।

ਆਪ ਨੇ ਦੱਸਿਆ ਕਿ ਕਿਸ ਤਰ੍ਹਾਂ ਅਰੂੜ ਸਿੰਘ ਨੇ ਸਿੱਖਾਂ ਦੇ ਉਲਟ ਉਗਾਹੀਆਂ ਦਿੱਤੀਆਂ। ਕਿਸ ਤਰ੍ਹਾਂ ਅਨੇਕ ਨਿਦੋਸੇ ਸਿੱਖਾਂ ਨੂੰ ਫੜਾਇਆ। ਕਿਵੇਂ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿੱਚੋਂ ਜ਼ਾਲਮ ਡਾਇਰ ਨੂੰ ੧੦੦੦ ਰੁਪੈ ਦੀ ਥੈਲੀ ਦਿੱਤੀ ਅਤੇ ਨਾਲ ਜੀ ਸਿਰੋਪਾਓ ਪਹਿਨਾਇਆਂ ਜਿਸ ਦਾ ਫਲ ਇਹ ਹੋਇਆ ਕਿ ਸਿੱਖ ਸਾਰੀ ਦੁਨੀਆਂ ਵਿਚ ਬਦਨਾਮ ਹੋ ਗਏ।

ਕੁਰੈਸ਼ੀ ਅਬਦੁਲ-ਵਕੀਲ : ਨੇ ਸਿੱਖ-ਹਿੰਦੂ-ਮੁਸਲਿਮ ਮਿਲਾਪ ਤੇ ਜ਼ੋਰ ਦਿੰਦੇ ਹੋਇਆ ਆਖਿਆ ਕਿ ਸਿੱਖਾਂ ਨੇ ਜੋ ਕੁਰਬਾਨੀਆਂ ਆਪਣੀ ਕੌਮ ਬਨਾਉਣ ਲਈ ਕੀਤੀਆਂ ਹਨ ਉਨ੍ਹਾਂ ਦੀ ਮਿਸਾਲ ਕਿਤੇ ਘਟ ਵਧ ਹੀ ਮਿਲਦੀ ਹੈ। ਹੁਣ ਵੀ ਕੌਮੀ ਉਨਤੀ ਲਈ ਸਾਨੂੰ ਬੇਅੰਤ ਕੁਰਬਾਨੀਆਂ ਦੀ ਲੋੜ ਪਵੇਗੀ। ਸੋ ਆਸ਼ਾ ਹੈ ਕਿ ਸਿੱਖਾਂ ਵਰਗੀ ਦਲੇਰ ਕੌਮ ਸਚਾਈ ਦੀ ਖ਼ਾਤਰ ਸਾਰਿਆਂ ਤੋਂ ਅੱਗੇ ਹੋ ਕੇ ਦੱਸੇਗੀ ਕਿ ਗੁਰੂਆਂ ਦੀ ਰੂਹ ਸਿੱਖਾਂ ਵਿੱਚੋਂ ਗੁੰਮ ਨਹੀਂ

ਹੋ ਗਈ।

ਮਿਸਟਰ ਦੀਨਾ ਨਾਥ ਐਡੀਟਰ 'ਦਰਦ' ਨੇ ਵੀ ਬੜਾ ਲੰਬਾ ਚੌੜਾ ਵਖਿਆਨ ਦਿੰਦੇ ਹੋਏ ਆਖਿਆ ਕਿ ਮੈਨੂੰ ਬਹੁਤ ਸਾਰੀਆਂ ਗੁਪਤ ਗੱਲਾਂ ਮਲੂਮ ਹਨ ਜੋ ਮੈਂ ਦਸਾਂਗਾ। ਪਵਿੱਤਰ ਅਸਥਾਨ ਦਰਬਾਰ ਸਾਹਿਬ ਵਿੱਚੋਂ ਕੁਰੀਤੀਆਂ ਨੂੰ ਦੂਰ ਕਰਨ ਲਈ ਮੈਂ ਹਮੇਸ਼ਾਂ ਤੋਂ ਲਿਖਦਾ ਰਿਹਾ ਹਾਂ। ਪਰ ਮੈਨੂੰ ਉਲਟੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ ਪਰ ਖੁਸ਼ੀ ਦੀ ਗੱਲ ਹੈ ਕਿ ਹੁਣ ਖਾਲਸਾ ਜਾਗ ਪਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੀ ਲਹਿਰ ਹੁਣ ਸਿੱਖਾਂ ਵਿਚ ਮੁੜ ਸੁਰਜੀਤ ਹੋ ਰਹੀ ਹੈ।

ਸ੍ਰ: ਜਸਵੰਤ ਸਿੰਘ ਜੀ : ਸਰਦਾਰ ਜਸਵੰਤ ਸਿੰਘ ਜੀ ਨੇ ਬੜੇ ਜ਼ੋਰਦਾਰ ਵਖਿਆਨ ਵਿਚ ਆਖਿਆ ਕਿ 'ਜਦੋਂ ਤੀਕ ਸਿੱਖ ਜ਼ਬਰਦਸਤ ਐਜੀਟੇਸ਼ਨ ਕਰ ਕੇ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦੇ, ਜਦੋਂ ਤੀਕ ਸਿੱਖ ਆਜ਼ਾਦੀ ਦੇ ਮੰਦਰ ਤੇ ਅਪੜਨ ਲਈ ਬੇਅੰਤ ਕੁਰਬਾਨੀਆਂ ਨਹੀਂ ਕਰਦੇ, ਜਦੋਂ ਤਾਈਂ ਉਹ ਸਰਕਾਰੀ ਹਾਕਮਾਂ ਦੀਆਂ ਟੇਢੀਆਂ ਚਾਲਾਂ ਅਤੇ ਮੀਸਣੀ ਜ਼ਬਾਨ ਦਾ ਡਟ ਕੇ ਨਾ-ਮਿਲਵਰਤਣ ਜਾ ਰੋਸੇ ਨਾਲ ਚੁਪ ਟਾਕਰਾ ਨਹੀਂ ਕਰਦੇ ਉਨਤੀ ਅਸੰਭਵ ਹੈ।

ਇਸ ਤੋਂ ਉਪਰੰਤ ਡਾਕਟਰ ਭਗਵਾਨ ਸਿੰਘ, ਸ੍ਰ: ਜਵਾਹਰ ਸਿੰਘ, ਅਕਾਲੀ ਕੌਰ ਸਿੰਘ ਜੀ ਨੇ ਵਖਿਆਨ ਦਿੱਤੇ। ਬੂੜ ਸਿੰਘ ਗ੍ਰੰਥੀ ਅਤੇ ਮਹੰਤ ਸੁੰਦਰ ਸਿੰਘ ਤੇ ਹਜ਼ਾਰ-ਹਜ਼ਾਰ ਫਿਟਕਾਰਾਂ ਪਾਈਆਂ ਗਈਆਂ। ਫੇਰ ਇਕ ਸਿਆਪੇ ਦੇ ਢੰਗ ਤੇ ਅਲੌਹਣੀ ਪੜ੍ਹ ਕੇ ਦੀਵਾਨ ਦੀ ਸਮਾਪਤੀ ਹੋਈ।

ਇਹ ਵੀ ਦੱਸਿਆ ਗਿਆ ਹੈ ਕਿ ਅਰੂੜ ਸਿੰਘ ਨੂੰ ਹਾਲਾਂ ਦੋ ਮਹੀਨੇ ਦੀ ਛੁਟੀ ਤੇ ਭੇਜਿਆ ਗਿਆ ਹੈ। ਅਜਿਹੀਆਂ ਗੱਲਾਂ ਬਣਾ ਕੇ ਹੁਣ ਅਰੂੜ ਸਿੰਘ ਦਾ ਦਿਲ ਖੁਸ਼ ਕਰਨ ਜਾਂ ਖਾਲਸੇ ਜੀ ਦੇ ਜੋਸ਼ ਅਤੇ ਦੁਖੀ ਦਿਲਾਂ ਵੱਲੋਂ ਬੇ ਪ੍ਰਵਾਹੀ ਪ੍ਰਗਟ ਕਰਨਾ ਬਿਅਰਥ ਹੈ। ਹੁਣ ਤਾਂ ਅਰੂੜ ਸਿੰਘ ਦਾ ਛੁਟਕਾਰਾ ਹੋਣਾ ਹੀ ਕਠਨ ਹੈ। ਉਸ ਨੂੰ ਦਰਬਾਰ ਸਾਹਿਬ ਦਾ ਪੂਰਾ-ਪੂਰਾ ਹਿਸਾਬ ਦੇਣਾ ਪਵੇਗਾ। ਡਾਇਰ ਜ਼ਾਲਮ ਨੂੰ ਗੁਰੂ ਪਿਆਰਿਆਂ ਦੀ ਸ਼ਰਧਾ ਦੀ ਭੇਟਾ ਵਿੱਚੋਂ ਹਜ਼ਾਰ ਰੁਪਏ ਦੇ ਕੇ ਸਿੱਖਾਂ ਦੇ ਦਿਲਾਂ ਨੂੰ ਚੀਰਨ ਦਾ ਬਦਲਾ ਦੇਣਾ ਪਵੇਗਾ ਅਤੇ ਦਰਬਾਰ ਸਾਹਿਬ ਵਿਚ ਖਰਾਬੀਆਂ ਪੈਦਾ ਕਰਨ ਦਾ ਢੰਡ ਭਰਨਾ ਪਵੇਗਾ।

ਹੁਣ ਖਾਲਸਾ ਪੰਥ ਵਿਚ ਸਚਮੁਚ ਪਹਿਲੇ ਵਰਗੇ ਖਾਲਸਈ ਜੋਸ਼ ਦੀਆਂ ਨਿਸ਼ਾਨੀਆਂ ਪ੍ਰਗਟ ਹੋਣ ਲੱਗ ਪਈਆਂ ਹਨ। ਹੁਣ ਆਸ ਰੱਖਣੀ ਚਾਹੀਦੀ ਹੈ ਕਿ ਸਾਡੇ ਪਵਿੱਤਰ ਗੁਰਧਾਮਾਂ ਦੀ ਕੋਈ ਨਿਰਾਦਰੀ ਨਹੀਂ ਕਰ ਸਕੇਗਾ।

ਜਲਿਆ ਵਾਲੇ ਬਾਗ ਦੇ ਦੀਵਾਨ ਦੇ ਗੁਰਮਤੇ

੧. ਅਰੂੜ ਸਿੰਘ ਨੂੰ ਦੋ ਮਹੀਨੇ ਛੁਟੀ ਦੇਣ ਨਾਲ ਸਿੱਖਾਂ ਵਿਚ ਹੋਰ ਨਰਾਜ਼ਗੀ ਵਧੇਗੀ। ਉਸ ਨੂੰ ਮੌਕੂਫ਼ ਕਰਨ ਦਾ ਐਲਾਨ ਕੀਤਾ ਜਾਵੇ।

੨. ਇਕ ਗ਼ੈਰ-ਸਰਕਾਰੀ ਪੰਚਾਇਤ ਦਰਬਾਰ ਸਾਹਿਬ ਦਾ ੧੯ ਸਾਲ ਦਾ ਹਿਸਾਬ ਕਿਤਾਬ ਪੜਤਾਲ ਕਰਨ ਲਈ ਬਣਾਈ ਜਾਵੇ।

੩. ਬੂੜੀ (ਬੂੜ ਸਿੰਘ) ਨੂੰ ਬਰਾਦਰੀ ਵਿਚ ਖਾਰਜ ਸਮਝਿਆ ਜਾਵੇ।

੪. ਸ੍ਰ. ਸੁੰਦਰ ਸਿੰਘ ਜੀ ਨਵੇਂ ਸਬਰਰਾਹ ਅੱਗੇ ਬੇਨਤੀ ਕੀਤੀ ਜਾਵੇ ਕਿ ਜਦ ਤਕ ਬੂੜ ਸਿੰਘ ਗੁਰੂ ਖਾਲਸੇ ਪਾਸੋਂ ਭੁਲ ਨ ਬਖਸ਼ਾਵੇ ਉਸ ਨੂੰ ਅਕਾਲ ਤਖ਼ਤ ਉੱਤੇ ਬੈਠਣ ਦੀ ਆਗਿਆ ਨਾ ਦਿੱਤੀ ਜਾਵੇ।

ਅਕਾਲੀ ਲਾਹੌਰ, ੨੫ ਅਗਸਤ ੧੯੨੦

ਸੰਗਤ ਦੀ ਨਰਾਦਰੀ ਚੁਮਾਲੇ ਸਾਹਿਬ ਦੇ ਗ੍ਰੰਥੀ ਦੀ ਕਰਤੂਤ

੨੧ ਅਗਸਤ ਨੂੰ ਗੁਰਦੁਆਰਾ ਚੁਮਾਲਾ ਸਾਹਿਬ ਵਿਚ ਸੰਗਤਾਂ ਬੜੇ ਚਾਉ ਤੇ ਪ੍ਰੇਮ ਨਾਲ ਵਹੀਰਾਂ ਪਾਕੇ ਗਈਆਂ ਕਿਉਂਕਿ ਅੱਜ ਇਥੇ ਖਾ: ਪ੍ਰਚਾਰਕ ਜਥੇ ਦਾ ਦੀਵਾਨ ਸੀ ਅਤੇ ਅੰਮ੍ਰਿਤਸਰ ਤੋਂ ਸ: ਜਸਵੰਤ ਸਿੰਘ ਜੀ ਤੇ ਮਾਸਟਰ ਚੰਦਾ ਸਿੰਘ ਜੀ ਦੇ ਦਰਸ਼ਨ ਦੇਣ ਦੀ ਵੀ ਖ਼ਬਰ ਸੀ। ਪਰ ਜਦ ਸੰਗਤ ਗੁਰਦੁਆਰੇ ਪਹੁੰਚੀ ਤੇ ਅੱਗੋਂ ਗ੍ਰੰਥੀ ਸਣੇ

ਕੁਝ ਬੁਲਾਏ ਹੋਏ ਆਦਮੀਆਂ ਦੇ ਦਰਵਾਜੇ ਵਿਚ ਖੜਾ ਸੀ ਕਿ ਕਿਸੇ ਨੂੰ ਅੰਦਰ ਨਹੀਂ ਜਾਣ ਦੇਣਾ ਅਤੇ ਦੀਵਾਨ ਨਹੀਂ ਲਾਉਣ ਦੇਣਾ। ਕਦੀ ਪੁਲਿਸ ਦੇ ਡਰਾਵੇ ਦਸੇ ਕਦੀ ਲੜਾਈ ਕਰਨ ਨੂੰ ਤਿਆਰ ਹੋਵੇ। ਆਖ਼ਰ ਸੰਗਤ ਗੁਰਦੁਆਰੇ ਵਿਚ ਜਾ ਹੀ ਸਜੀ ਤੇ ਸ਼ਬਦ ਕੀਰਤਨ ਕਰਨਾ ਆਰੰਭ ਦਿੱਤਾ ਥੋੜ੍ਹੇ ਚਿਰ ਪਿੱਛੋਂ ਇਕ ਮਾਈ (ਜੋ ਸਾਇਦ ਗ੍ਰੰਥੀ ਦੀ ਮਾਂ ਸੀ) ਨੇ ਆ ਭੜਥੂ ਪਾਇਆ। ਕੀਰਤਨ ਕਰਦਿਆਂ ਰਾਗੀਆਂ ਦੇ ਵਾਜੇ ਜੋੜੀਆਂ ਭੰਨਣ ਲਗ ਪਈ, ਇਕ ਤਬਲਾ ਬਾਹਰ ਸੁਟ ਪਾਇਆ ਦੂਜੇ ਤੇ ਦੁਹਥੜ ਜ਼ੋਰ ਦੇ ਹੱਥ ਮਾਰੇ, ਵਾਲ ਪਟੇ, ਮੱਥਾ ਭੰਨਿਆਂ ਤੇ ਸੰਗਤ ਨੂੰ ਕਈ ਕੁਬਚਨ ਬੋਲੇ। ਇਕ ਪਾਸਿਓਂ ਅਵਾਜ਼ ਆਈ ਮਾਈ ਜੀ ਸ਼ਾਂਤੀ ਕਰੋ ਬਸ ਝਟ ਇਕ ਚਪੇੜ ਭਾਈ ਸੋਹਣ ਸਿੰਘ ਜੀ ਐਡੀਟਰ "ਹਕ" ਦੀ ਅੱਖ ਤੇ ਜਾ ਠੋਕੀ,, ਸੋਟੀ ਖੋਹਣ ਦੀ ਕੋਸ਼ਿਸ਼ ਕੀਤੀ ਬੜੀ ਮੁਸ਼ਕਿਲ ਨਾਲ ਇਕ ਗੁਆਂਢੀ ਮੁਸਲਮਾਨ ਨੇ ਮਾਈ ਨੂੰ ਬਾਹਰ ਖੜਿਆ।

ਇਤਨੇ ਨੂੰ ਪੁਲਿਸ ਆਈ ਤੇ ਉਸ ਨੇ ਸਾਰੇ ਹਾਲ ਦੀ ਰਿਪੋਰਟ ਲਿਖ ਲਈ। ਮਾਸਟਰ ਚੰਦਾ ਸਿੰਘ ਜੀ ਦੇ ਹੱਥ ਵਿੱਚੋਂ ਲਹੂ ਵਗ ਰਿਹਾ ਸੀ ਜੋ ਕਿਸੇ ਦੁਸ਼ਟ ਨੇ ਚੱਕ ਵਢਿਆ ਸੀ।

ਦੀਵਾਨ ਦੀ ਬੜੀ ਬੇਰਸੀ ਹੋਈ, ਬਾਹਰੋਂ ਆਏ ਸੱਜਣਾਂ ਦੀ ਖੇਚਲ ਵਿਅਰਥ ਗਈ, ਕੋਈ ਲੈਕਚਰ ਨਹੀਂ ਹੋ ਸਕਿਆ ਰਹਿਰਾਸ ਦਾ ਪਾਠ ਹੋ ਕੇ ਸਮਾਪਤੀ ਹੋਈ।

ਇਹ ਛੇਵੇਂ ਗੁਰੂ ਸਾਹਿਬ ਦੇ ਪਵਿੱਤਰ ਅਸਥਾਨ ਵਿਚ ਹੋਈ ਜੋ ਕਿ ਗੁਰੂ ਪੰਥ ਦੀ ਜ਼ਗੀਰ ਹੈ ਅਤੇ ਹੁਣ ਜਿਸ ਦੇ ਵਿਚ ਮਹੀਂ ਗਾਈਂ ਬਲਦਾਂ ਦੇ ਤਾਂ ਵਾੜੇ ਬਣੇ ਹੋਏ ਹਨ ਪਰ ਗੁਰੂ ਪੁਜਾਰਿਆਂ ਨੂੰ ਧੱਕੇ ਮਾਰੇ ਜਾਂਦੇ ਹਨ ! ਵੇਖ ਪੰਥ ਤੇਰੀਆਂ ਬੇ ਪ੍ਰਵਾਹੀਆਂ ਦੇ ਫਲ !!

(ਨਾਮਾ ਨਗਾਰ)

ਐਡੀਟਰ :- ਇਸ ਉਤੇ ਭਲਕੇ ਵਿਚਾਰ ਪ੍ਰਗਟ ਕੀਤੀ ਜਾਵੇਗੀ।

ਅਕਾਲੀ ਲਾਹੌਰ, ੨੫ ਅਗਸਤ ੧੯੨੦

ਡਿਪਟੀ ਕਮਿਸ਼ਨਰ ਸਾਹਿਬ ਲਾਹੌਰ ਨੂੰ ਭਾਈ ਸਰਦੂਲ ਸਿੰਘ ਜੀ ਕਵੀਸ਼ਰ ਦੀ ਕਰਾਰੀ ਚਿੱਠੀ !

ਡਿਪਟੀ ਕਮਿਸ਼ਨਰ ਸਾਹਿਬ ਲਾਹੌਰ ਨੇ ਪਿੱਛੇ ਜਿਹੇ ਲਾਹੌਰ ਦੇ ਕੁਝ ਐਡੀਟਰਾਂ ਨੂੰ ਸਦ ਕੇ ਝਾੜ ਪਾਈ ਸੀ। ਹੁਣ ਉਨ੍ਹਾਂ ਨੇ ਭਾ: ਸਰਦੂਲ ਸਿੰਘ ਕਵੀਸ਼ਰ ਨੂੰ ਬੁਲਾ ਭੇਜਿਆ ਸੀ ਪਰ ਇਨ੍ਹਾਂ ਜਾਣ ਦੀ ਥਾਂ ਹੇਠਾਂ ਲਿਖੀ ਕਰਾਰੀ ਚਿੱਠੀ ਭੇਜੀ ਹੈ—

ਸੇਵਾ ਵਿਖੇ ਅਸਿਸਟੈਂਟ ਸੁਪ੍ਰੰਡੈਂਟਸ
ਦਫ਼ਤਰ ਡਿਪਟੀ ਕਮਿਸ਼ਨਰ ਸਾਹਿਬ ਬਹਾਦਰ ਲਾਹੌਰ

ਸ੍ਰੀਮਾਨ ਜੀ !

ਆਪ ਦੀ ੧੦ ਅਗਸਤ ਦੀ ਚਿੱਠੀ ਮਿਲੀ ਜਿਸ ਲਈ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਆਪ ਨੇ ਮੈਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ੧੨ ਤਾਰੀਕ ਨੂੰ ਸਵੇਰ ਦੇ ੧੧ ਵਹੇ ਹਾਜ਼ਰ ਹੋਣ ਲਈ ਆਖਿਆ ਹੈ ਕਿਉਂਕਿ ਆਪ ਦੀ ਲਿਖਤ ਮੁਜਬ ਡਿਪਟੀ ਕਮਿਸ਼ਨਰ ਸਾਹਿਬ ਨੂੰ ਮੇਰੇ ਨਾਲ ਗੱਲਬਾਤ ਕਰਨ ਦੀ ਚਾਹ ਹੈ।

ਮੈਨੂੰ ਸ਼ੋਕ ਹੈ ਕਿ ਮੈਂ ਡਿਪਟੀ ਕਮਿਸ਼ਨਰ ਸਾਹਿਬ ਦੀ ਮਰਜੀ ਅਨੁਸਾਰ ਅਮਲ ਕਰਨ ਤੋਂ ਅਸਮਰਥ ਹਾਂ ਕਿਉਂਕਿ ਉਪਰੋਕਤ ਚਿੱਠੀ ਮੈਨੂੰ ਵੇਲੇ ਸਿਰ ਪੁੱਜੀ ਜਿਸ ਕਰ ਕੇ ਮੈਂ ਦੂਸਰੇ ਜ਼ਰੂਰੀ ਕੰਮਾਂ ਨੂੰ ਰੋਕ ਸਕਦਾ ਪਰੰਤੂ ਅਜਿਹਾ ਹੋਣ ਤੇ ਵੀ ਸ਼ੈਦ ਮੈਂ ਉਨ੍ਹਾਂ ਨਾਲ ਨਿਯਤ ਸਮੇਂ ਉਪਰ ਮੁਲਾਕਾਤ ਨਾ ਕਰ ਸਕਦਾ ਕਿਉਂਕਿ ਮੈਂ ਜਾਣਦਾ ਹਾਂ ਕਿ ਕਿਸੇ ਸਰਕਾਰੀ ਅਫ਼ਸਰ ਨੂੰ ਇਹ ਹੱਕ ਹਾਸਲ ਨਹੀਂ ਕਿ ਉਹ ਕਿਸੇ ਇਕ ਜਾਂ ਸਾਰਿਆਂ ਨੂੰ ਮੁਕੱਦਮੇ ਤੋਂ ਬਿਨਾਂ ਕਿਸੇ ਵਾਧੂ ਕੰਮ ਲਈ ਉਨ੍ਹਾਂ ਦੀ ਸਲਾਹ ਤੇ ਸੋਚ ਵਿਚਾਰੇ ਬਿਨਾਂ ਹੀ ਬੁਲਾ ਭੇਜੇ ਨਾ ਹੀ ਮੈਂ ਉਨ੍ਹਾ ਦੇ ਮਿਲਣ ਦਾ ਮਾਣ ਪ੍ਰਾਪਤ ਕਰਨ ਨੂੰ ਤਿਆਰ ਸਾਂ ਕਿਉਂਕਿ ਆਪ ਨੇ ਮੈਨੂੰ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਕਿਸ ਕੰਮ ਲਈ ਡਿਪਟੀ

ਕਮਿਸ਼ਨਰ ਸਾਹਿਬ ਮੈਨੂੰ ਬੁਲਾਉਂਦੇ ਹਨ ਮੈਨੂੰ ਇਸ ਗੱਲ ਦਾ ਪਹਿਲੇ ਜ਼ਰੂਰ ਪਤਾ ਲੱਗਣਾ ਚਾਹੀਦਾ ਹੈ ਕਿ ਉਹ ਮੇਰੇ ਪਾਸੋਂ ਕੀ ਗੱਲ ਜਾਣਨੀ ਚਾਹੁਦੇ ਹਨ ਜਾਂ ਉਹ ਮੈਨੂੰ ਕੀ ਦੱਸਣਾ ਚਾਹੁੰਦੇ ਹਨ। ਮੈਨੂੰ ਇਹ ਬਿਨ ਮੰਗੀ ਵਡਿਆਈ ਮੰਜ਼ੂਰ ਨਹੀਂ ਕਿ ਮੈਨੂੰ ਅਚਨਚੇਤ ਮੁਲਾਕਾਤ ਕਰਨ ਲਈ ਮਜਬੂਰ ਕੀਤਾ ਜਾਵੇ।

ਨਾਲ ਹੀ ਮੇਰੇ ਸੁਣਨ ਵਿਚ ਆਇਆ ਹੈ, ਕਿ ਹੁਣ ਜੋ ਡਿਪਟੀ ਕਮਿਸ਼ਨਰ ਸਾਹਿਬ ਜਿਨ੍ਹਾਂ ਆਦਮੀਆਂ ਨੂੰ ਦਫ਼ਤਰ ਵਿਚ ਸਦ ਭੇਜਦੇ ਹਨ ਉਨ੍ਹਾਂ ਨੂੰ ਬੈਠਣ ਲਈ ਕੋਈ ਕੁਰਸੀ ਆਦਿਕ ਨਹੀਂ ਦਿੱਤੀ ਜਾਂਦੀ। ਥੋੜ੍ਹੇ ਦਿਨ ਬੀਤੇ ਹਨ ਕਿ ਮੇਰਾ ਇਕ ਮਿਤਰ ਜਿਹੜਾ ਕੇ ਡਿਪਟੀ ਕਮਿਸ਼ਨਰ ਸਾਹਿਬ ਨਾਲੋਂ ਕਿਸੇ ਪ੍ਰਕਾਰ ਪਬਲਿਕ ਦਾ ਘਟ ਜ਼ਿੰਮੇਵਾਰ ਸੇਵਕ ਨਹੀਂ ਸੀ, ਉਨ੍ਹਾਂ ਦੇ ਬੁਲਾ ਭੇਜਣ ਪਰ ਮਿਲਣ ਲਈ ਗਿਆ। ਪਰ ਜਦ ਤਕ ਡਿਪਟੀ ਕਮਿਸ਼ਨਰ ਉਸ ਦੇ ਨਾਲ ਗੱਲਾਂ ਕਰਦਾ ਰਿਹਾ ਉਸ ਨੂੰ ਇਹ ਸਾਰਾ ਸਮਾਂ ਖਲੋਤੇ ਰਹਿਣਾ ਪਿਆ। ਜੇ ਜ਼ਰਾ ਵੀ ਸੋਚਆ ਜਾਵੇ ਤਾਂ ਡਿਪਟੀ ਕਮਿਸ਼ਨਰ ਦਾ ਇਹ ਸਲੂਕ ਬਹੁਤ ਹੀ ਭੈੜਾ ਹੈ ਅਤੇ ਮੈਂ ਏਨਾ ਬੇਸ਼ਰਮ ਨਹੀਂ ਹਾਂ ਕਿ ਇਸ ਗੱਲ ਨੂੰ ਮੈਂ ਪਸੰਦ ਕਰਾਂ ਕਿ ਉਪਰ ਲਿਖੇ ਪ੍ਰਕਾਰ ਦਾ ਸਲੂਕ ਮੇਰੇ ਨਾਲ ਵੀ ਕੀਤਾ ਜਾਏ ਜਦ ਕੇ ਮੇਰਾ ਵਿਚਾਰ ਹੈ ਕਿ ਮੈਂ ਐਸਾ ਕੋਈ ਕੰਮ ਨਹੀਂ ਕੀਤਾ ਜੋ ਕਾਨੂੰਨ ਦੇ ਉਲਟ ਹੋਵੇ।

ਹੋਰ ਮੈਂ ਇਹ ਵੀ ਪ੍ਰਗਟ ਕਰਦਿਆਂ ਕਿ ਭਾਵੇਂ ਤੁਸੀਂ ਮੈਨੂੰ ਉਪਰੋਕਤ ਗੱਲਾਂ ਬਾਬਤ ਨਿਸਚੇ ਵੀ ਕਰਾ ਦਿਓ, ਪਰੰਤੂ ਜੇ ਡਿਪਟੀ ਕਮਿਸ਼ਨਰ ਸਾਹਿਬ ਓਹੋ ਹਨ ਜਿਨ੍ਹਾਂ ਨੇ ਕੁਝ ਦਿਨ ਬੀਤੇ ਲਾਹੌਰ ਦੇ ਕਈ ਅਖ਼ਬਾਰ ਨਵੀਸਾਂ ਦਾ ਅਪਮਾਨ ਕੀਤਾ ਸੀ ਅਤੇ ਪੰਜਾਬ ਸਰਕਾਰ ਪਾਸ ਉਨ੍ਹਾਂ ਦੇ ਮਾਮਲੇ ਨੂੰ ਅਯੋਗ ਤਰੀਕੇ ਨਾਲ ਪੇਸ਼ ਕਰਨ ਦੀ ਦਲੇਰੀ ਕੀਤੀ ਸੀ, ਤਾਂ ਮੈਂ ਉਨ੍ਹਾਂ ਨਾਲ ਮੁਲਾਕਾਤ ਕਰਨਾ ਆਪਣੇ ਲਈ ਚੰਗਾ ਨਹੀਂ ਸਮਝਦਾ। ਮੈਨੂੰ ਅਗੇ ਹੀ ਸਰਕਾਰੀ ਅਫ਼ਸਰਾਂ ਦੀਆਂ ਗ਼ਲਤ ਬਿਆਨੀਆਂ ਨੇ ਕਾਫ਼ੀ ਹਾਨੀ ਪਹੁੰਚਾਈ ਹੈ ਮੈਨੂੰ ਲੋੜ ਨਹੀਂ ਕਿ ਉਪਰਲੀ ਵਡਿਆਈ ਵਾਲੇ ਹਾਕਮ ਨਾਲ ਮੁਲਾਕਾਤ ਕਰ ਕੇ ਆਪਣੇ ਅਸਲੀ ਅਥਵਾ ਖ਼ਿਆਲੀ ਅਪਰਾਧਾਂ ਵਿਚ ਹੋਰ ਵਾਧਾ ਕਰਾਂ। ਸਾਡੇ ਦੋਵਾਂ ਲਈ ਸਭ ਤੋਂ ਚੰਗੀ ਇਹੋ ਗੱਲ ਹੈ ਕਿ ਉਨ੍ਹਾਂ ਨੇ ਜੋ ਕੁਝ ਸੁਨੇਹਾ ਦੇਣਾ ਹੋਵੇ ਲਿਖ ਕੇ ਭੇਜ ਦੇਣ। ਇਸ ਕ੍ਰਿਪਾਲਤਾ ਲਈ ਮੈਂ ਉਨ੍ਹਾਂ ਦਾ ਬੜਾ ਹੀ ਧੰਨਵਾਦੀ ਹੋਵਾਂਗਾ।

ਲਾਜ ਲਿਬਰਟੀ ਰੇਲਵੇ ਰੋਡ,
ਲਾਹੌਰ ੧੩-੮-੨੦

ਲਾਟ ਸਾਹਿਬ ਪੰਜਾਬ ਤੇ ਹਜ਼ੂਰ ਵਾਇਸਰਾਏ ਨੂੰ ਤਾਰਾਂ।

ਮਾਸਟਰ ਚੰਦਾ ਸਿੰਘ ਜੀ ਸੈਕਟਰੀ ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ ਲਿਖਦੇ ਹਨ ਕੇ ਹੇਠਲੀ ਤਾਰ ਲਾਟ ਸਾਹਿਬ ਪੰਜਾਬ ਤੇ ਹਜ਼ੂਰ ਵਾਇਸਰਾਏ ਨੂੰ ਦਿੱਤੀ ਗਈ ਹੈ :-

ਅੰਮ੍ਰਿਤਸਰ ਦੇ ਸਿੱਖ, ਹਿੰਦੂ ਤੇ ਮੁਸਲਮਾਨਾਂ ਦੀ ਏਹ ਵਡਾ ਭਾਰੀ ਇਕੱਠ (ਜਲਸਾ) ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ ਨੂੰ ਸਰਕਾਰ ਵੱਲੋਂ (ਕੁਛ ਸਮੇਂ ਲਈ) ਛੁੱਟੀ ਮਿਲਣ ਉਪਰ ਨਰਾਜ਼ਗੀ ਪ੍ਰਗਟ ਕਰਦਾ ਹੈ ਤੇ ਜ਼ੋਰ ਦੇਂਦਾ ਹੈ ਕੇ ਉਸ ਨੂੰ ਝਟਪਟ ਸਰਬਰਾਹੀ ਤੋਂ ਹਟਾਇਆ ਜਾਵੇ ਨਹੀਂ ਤੇ ਬੜੀ ਭਾਰੀ ਐਜੀਟੇਸ਼ਨ ਹੋਣ ਦਾ ਡਰ ਹੈ। ਨਾਲੇ ਬੇਨਤੀ ਕਰਦਾ ਹੈ ਕਿ ਕਿਸੇ ਗ਼ੈਰ ਸਰਕਾਰੀ ਇਤਬਾਰੀ ਸਿੱਖ ਕਮਿਸ਼ਨ ਨੂੰ ਦਰਬਾਰ ਸਾਹਿਬ ਦੇ ਹਿਸਾਬ ਪੜਤਾਲ ਕਰਨ ਦੀ ਆਗਿਆ ਦਿਤੀ ਜਾਵੇ ਤੇ ਸਾਰੇ ਰਜਿਸਟਰ ਮੋਹਰਾਂ ਲਾ ਕੇ ਪੜਤਾਲ ਸਮੇਂ ਤਕ ਬੰਦ ਰਖੇ ਜਾਣ।

ਅਕਾਲੀ ਲਾਹੌਰ, ੨੬ ਅਗਸਤ ੧੯੨੦

ਪਰਚਾਰ ਵਿਚ ਰੋਕਾਂ।

ਸਾਡੇ ਪਾਸ ਕਈ ਸ਼ਕਾਇਤਾਂ ਆਈਆਂ ਹਨ ਕਿ ਅੱਜ ਕਲ੍ਹ ਪਿੰਡਾਂ ਵਿਚ ਸਰਕਾਰੀ ਹਾਕਮ ਪਰਚਾਰ ਵਿਚ ਸਖ਼ਤ ਰੋਕਾਂ ਪਾ ਰਹੇ ਹਨ। ਪਿੰਡ ਪਿੰਡ ਫਿਰ ਕੇ ਦੀਵਾਨ ਕਰਨ ਵਾਲਿਆਂ ਅਤੇ ਜਾਣ ਵਾਲੇ ਲੋਕਾਂ ਨੂੰ ਧੌਂਸਾਂ ਦਿੰਦੇ ਹਨ। ਕਈ ਝੋਲੀ ਚੁਕ ਲੋਕਾਂ ਤੋਂ ਝੂਠੀਆਂ ਸੋਆਂ ਮਸ਼ਹੂਰ ਕਰਵਾ ਦਿੰਦੇ ਹਨ ਕਿ ਦੀਵਾਨ ਹੋਣਾ ਹੀ ਨਹੀਂ ਅਤੇ ਜੇ ਹੋਇਆ ਤਾਂ ਮਸ਼ੀਨੀ ਤੋਪਾਂ ਬੰਬ ਆਦਿਕ ਆਉਣਗੇ। ਭਲਾ ਜੇ ਦੀਵਾਨ ਹੋ ਵੀ ਜਾਵੇ ਤਾਂ ਫੇਰ ਧਕੋ ਧਕੀ ਬੰਦ ਕਰਵਾਇਆ

ਜਾਂਦਾ ਹੈ। ਏਥੋਂ ਤਾਈਂ ਕਿ ਅੰਮ੍ਰਿਤ ਪਰਚਾਰ ਵੀ ਬੰਦ ਕੀਤਾ ਜਾਂਦਾ ਹੈ। ਵਿਛੋਆ, ਲੁਲਿਆਣੀ, ਕਲ੍ਹਾ, ਖੁਰੜਿਆਂ ਵਾਲਾ, ਝਬਾਲ, ਸ਼ਾਮਚੁਰਾਸੀ, ਤਰਨਤਾਰਨ ਆਦਿਕ ਜਿਥੇ ਜਿਥੇ ਦੀਵਾਨ ਹੋਏ ਹਨ, ਹਾਕਮਾਂ ਨੇ ਅਤੇ ਉਹਨਾਂ ਦੇ ਖ਼ਿਤਾਬਾਂ ਦੇ ਭੁੱਖਿਆਂ ਚੇਲਿਆਂ-ਚਾਟੜਿਆਂ ਨੇ ਏਹੋ ਜੇਹੀਆਂ ਕਮੀਨਗੀਆਂ ਪਰਗਟ ਕੀਤੀਆਂ ਹਨ। ਭਾਈ ਗੰਡਾ ਸਿੰਘ ਜੀ ਸ਼ਾਮ ਚੁਰਾਸੀ ਤੋਂ ਲਿਖਦੇ ਹਨ ਕਿ ਲੋਕਾਂ ਨੂੰ ਬਦੋ ਬਦੀ ਆਖਿਆ ਜਾਂਦਾ ਹੈ ਕਿ ਤੁਸੀਂ ਆਖੋ ਕਿ ਭਾਈ ਜੀ ਰਾਜ ਵਿਰੁਧ ਵਖਿਆਨ ਦਿੰਦੇ ਹਨ ਤਾਂ ਜੋ ਇਨ੍ਹਾਂ ਦੇ ਉਲਟ ਮੁਕਦਮਾ ਚਲਾਇਆ ਜਾਵੇ। ਏਸੇ ਤਰ੍ਹਾਂ ਸਰਦਾਰ ਜਸਵੰਤ ਸਿੰਘ ਅਤੇ ਸਰਦਾਰ ਅਮਰ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਵਿਰੁੱਧ ਵੀ ਕਈ ਬੇਹੂਦਾ ਝੂਠੀਆਂ ਗੱਲਾਂ ਬਣਾਉਣ ਦੀਆਂ ਅਯੋਗ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ ਅਤੇ ਵਿਚਾਰੇ ਅਨਪੜ੍ਹ ਲੋਕਾਂ ਨੂੰ ਡਰਾਇਆ ਜਾਂਦਾ ਹੈ।

ਅਸੀਂ ਆਪਣੇ ਪੇਂਡੂ ਭਰਾਵਾਂ ਦੀ ਸੇਵਾ ਵਿਚ ਖਾਸ ਤੌਰ ਤੇ ਜ਼ੋਰ ਨਾਲ ਪ੍ਰਾਰਥਨਾ ਕਰਦੇ ਹਾਂ ਕਿ ਕਾਨੂੰਨ ਅਨੁਸਾਰ ਜੋੜਮੇਲ ਕਰ ਕੇ ਆਪਣੇ ਦੁਖ ਉਚੇ ਹਾਕਮਾਂ ਦੇ ਕੰਨਾਂ ਤਕ ਪਹੁੰਚਾਣ ਦਾ ਸਾਡਾ ਜਮਾਂਦਰੂ ਹਕ ਹੈ ਕਿਸੇ ਹਾਕਮ ਨੂੰ ਕੋਈ ਹੱਕ ਨਹੀਂ ਕਿ ਏਹ ਜ਼ਰੂਰੀ ਹੱਕ ਖੋਹ ਲਵੇ। ਸ਼ਹਿਰੀ ਲੋਕਾਂ ਨੂੰ ਖ਼ੁਦਗਰਜ਼ ਹਾਕਮ ਕੇਵਲ ਇਸ ਲਈ ਰੋਕਦੇ ਹਨ ਕਿ ਜੇ ਇਨਾਂ ਨੂੰ ਸਮੇਂ ਦੀ ਹਵਾ ਲੱਗ ਗਈ ਅਤੇ ਏਹ ਆਪਣੇ ਜਮਾਂਦਰੂ ਹੱਕਾਂ ਨੂੰ ਚੰਗੀ ਤਰ੍ਹਾਂ ਸਮਝਣ ਲੱਗ ਗਏ ਤਾਂ ਫੇਰ ਸਾਡੀ ਬਾਤ ਕਿਸੇ ਨੇ ਨਹੀਂ ਪੁਛਣੀ। ਮੁਫਤ ਆਂਡੇ, ਮੁਰਗੀਆਂ, ਮਖਣ ਆਦਿਕ ਖਾ ਕੇ ਗੁਲ ਛਰਰੇ ਉਡਾਉਣ ਦਾ ਸਮਾਂ ਜਾਂਦਾ ਰਹੇਗਾ। ਪੇਂਡੂ ਵੀਰੋ! ਤਕੜੇ ਹੋਵੋ! ਕਮਜ਼ੋਰੀ ਨਾ ਕਰੋ। ਹਾਕਮਾਂ ਦੀਆਂ ਅਯੋਗ ਧੌਂਸਾਂ ਤੋਂ ਨਾ ਡਰੋ।

ਸਗੋਂ ਵਢੀਆਂ ਲੈਣ ਵਾਲੇ ਮੁਫ਼ਤ ਖੋਰਿਆਂ ਦੇ ਚੰਗੀ ਤਰ੍ਹਾਂ ਪਾਜ ਖੋਲ੍ਹੋ। ਜੇ ਜ਼ਿਮੀਂਦਾਰੋ ਤੁਸੀਂ ਜਰਾ ਕੁ ਹੌਂਸਲਾ ਕਰ ਕੇ ਇਕ ਹੋ ਜਾਵੋ ਤਾਂ ਬਸ ਫੇਰ ਸਦਾ ਲਈ ਤੁਸੀਂ ਏਹਨਾਂ ਦੀਆਂ ਝਿੜਕਾਂ ਤੋਂ ਛੁਟ ਜਾਓਗੇ। ਫੇਰ ਤੁਹਾਡੀ ਏਹ ਬੜੀ ਇੱਜ਼ਤ ਕਰਿਆ ਕਰਨਗੇ। ਏਹਨਾਂ ਦੀਆਂ ਜੜ੍ਹਾਂ ਤਾਂ ਉੱਤੇ ਹੀ ਹਨ। ਘਾਟਾ ਕੇਵਲ ਏਨਾ ਹੈ ਕਿ ਅਸੀਂ ਆਪਣੇ ਹੱਕ ਨਹੀਂ ਪਛਾਣਦੇ ਅਤੇ ਪ੍ਰਜਾ ਦੇ ਨੌਕਰਾਂ ਪਾਸੋਂ ਛਿੱਤਰ ਖਾਂਦੇ ਹਾਂ। ਪਰ ਯਾਦ ਰੱਖਣ ਵਾਲੀ ਗੱਲ ਏਹ ਹੈ ਕਿ ਤੁਸੀਂ ਜੋ ਕੁਝ ਕਰੋ ਕਾਨੂੰਨ ਅਨੁਸਾਰ ਕਰੋ ਫੇਰ ਉਚੇ ਹਾਕਮ ਅਤੇ ਮੁਲਕ ਦੇ ਵਡੇ ਵਡੇ ਆਗੂ ਤੁਹਾਡੇ ਨਾਲ ਹਨ।

ਅਸੀਂ ਆਪਣੇ ਦੇਸ਼ ਭਾਈ, ਸਰਕਾਰੀ ਹਾਕਮਾਂ, ਦੀ ਸੇਵਾ ਵਿਚ ਵੀ ਅਰਜ਼ ਕਰਦੇ ਹਾਂ ਕਿ ਹੁਣ "ਉਹ ਮਾਸੀ ਮਰ ਗਈ ਜਿਹੜੀ ਦਹੀਂ ਨਾਲ ਟੁਕ ਦਿੰਦੀ ਸੀ"। ਵੀਰ ਜੀ ਸਮੇਂ ਨੇ ਰੰਗ ਫੇਰ ਲਿਆ ਹੈ। ਜੇ ਇਜ਼ਤ ਚਾਹੁੰਦੇ ਹੋ ਤਾਂ ਤੁਸੀਂ ਵੀ ਰੰਗ ਬਦਲੋ। ਆਪਣੇ ਭਰਾਵਾਂ ਦੀ ਵਿਰੋਧਤਾ ਕਰ ਕੇ ਕਿਉਂ ਮੁਫ਼ਤ ਬਦਨਾਮੀ ਦਾ ਕਾਲਾ ਦਾਗ਼ ਆਪਣੇ ਮਥੇ ਤੇ ਲਾਉਂਦੇ ਹੋ? ਭਲਾ ਜੇ ਤੁਹਾਨੂੰ ਕੋਈ ਖ਼ਿਤਾਬ ਯਾ ਮੁਰੱਬਾ, ਭਾਈਆਂ ਦੇ ਗੱਲ ਵਢਿਆਂ, ਮਿਲ ਵੀ ਗਿਆ ਤਾਂ ਕੀ ਲਾਭ? ਤੁਸੀਂ ਲੋਕਾਂ ਦੇ ਸੇਵਕ ਬਣ ਕੇ ਆਪਣੇ ਫ਼ਰਜ਼ ਨੂੰ ਪਛਾਣੋਂ। ਲੋਕਾਂ ਦਾ ਲੂਣ ਖਾਕੇ.............. ਨ ਕਰੋ॥

ਅਸੀਂ ਇਕ ਸਵਾਲ ਸ੍ਰੀ ਹਜ਼ੂਰ ਲਾਟ ਸਾਹਿਬ ਜੀ ਦੀ ਸੇਵਾ ਵਿਚ ਕਰਦੇ ਹਾਂ ਕਿ ਕੀ ਦੀਵਾਨ ਬੰਦ ਕਰਨ ਦਾ ਹੁਕਮ ਉਤੋਂ ਆਇਆ ਹੈ ਕਿ ਏਹ ਅਨਪੜ੍ਹ ਭੋਲੇ ਲੋਕਾਂ ਤੇ ਧੌਂਸੇ ਬਠਾਉਣ ਲਈ ਏਹਨਾਂ ਦਾ ਮਨ ਘੜਤ ਢਕੌਂਸਲਾ ਹੈ। ਸਾਨੂੰ ਨਿਸਚਾ ਹੈ ਕਿ ਸਰ ਐਡਵਰਡ ਮੈਕਲੇਗਨ ਦੀ ਸਰਕਾਰ ਆਜਿਹਾ ਅਯੋਗ ਹੁਕਮ ਕਦੇ ਨਹੀਂ ਦਿੰਦੀ। ਫੇਰ ਜੇ ਪਿਛਲੀ ਗੱਲ ਠੀਕ ਹੈ ਤਾਂ ਫੇਰ ਅਜੇਹੇ ਖ਼ੁਦਗਰਜ਼ ਲੋਕਾਂ ਅਤੇ ਸਰਕਾਰ ਵਿਚ ਪਾਟਕ ਪੌਣ ਵਾਲੇ ਹਾਕਮਾਂ ਦੇ ਕੰਨ ਕਿਉਂ ਨਹੀਂ ਖਿਚੇ ਜਾਂਦੇ। ਸਰਕਾਰ ਦੀ ਚੁਪ ਦਾ ਮਤਲਬ ਇਹ ਹੈ ਕਿ ਇਸ ਨੂੰ ਅੰਦਰੋਂ ਅੰਦਰੀਂ ਉੱਚੇ ਹਾਕਮਾਂ ਦੀ ਚੁੱਕ ਹੈ। ਇਸ ਲਈ ਇਸ ਵੇਲੇ ਸਖ਼ਤ ਲੋੜ ਹੈ ਕਿ ਸਰਕਾਰ ਸਾਫ਼ ਸਾਫ਼ ਐਲਾਨ ਕਰ ਦੇਵੇ ਕਿ ਪਿੰਡਾਂ ਵਾਲੇ ਲੋਕਾਂ ਨੂੰ ਜੋੜਮੇਲ ਕਰ ਕੇ ਆਪਣੇ ਦੁਖੜੇ ਰੋਣ ਦੀ ਖੁਲ੍ਹ ਹੈ।

ਪ੍ਰਿੰਸੀਪਲ ਭਾ: ਜੋਧ ਸਿੰਘ ਜੀ (ਵੱਲੋਂ ਜੁਆਬ)

ਕੋਇਟੇ ਦੀਵਾਨ ਤੋਂ ਮੁੜਦੇ ਹੋਏ ਪਰਸੋਂ ਮੇਰੇ ਇਕ ਮਿਤਰ ਨੇ ਆਪ ਦਾ ਉਹ ਪਰਚਾ ਮੇਰੇ ਹੱਥ ਵਿਚ ਦੇ ਦਿੱਤਾ ਜਿਹਦੇ ਵਿਚ ਆਪ ਨੇ ਭਾਈ ਸੁੰਦਰ ਸਿੰਘ ਜੀ ਲੈਲਪੁਰੀ ਦੀ ਚਿੱਠੀ ਛਾਪੀ ਹੈ। ਮਾਸਟਰ ਹੋਰਾਂ ਸਵਾ ਦੋ ਕਾਲਮ

ਮੇਰੇ ਜੀਵਨ ਦੇ ਗੁਣ ਅਵਗੁਣ ਵਿਚਾਰਨ ਪਰ ਖਰਚ ਕੀਤੇ ਹਨ। ਮੈਂ ਤਾਂ ਆਪਣੀ ਚਿੱਠੀ ਵਿਚ ਇਹ ਨਹੀਂ ਸੀ ਲਿਖਿਆ ਕਿ ਮੈਂ ਸਿੱਖਾਂ ਦਾ ਲੀਡਰ ਜਾਂ ਮੈਂ ਪੂਰਨ ਸਿੱਖ ਹਾਂ। ਜੇ ਮੈਨੂੰ ਖ਼ਿਆਲ ਹੁੰਦਾ ਕਿ ਅਕਾਲੀ ਕੇਵਲ ਪੂਰਨ ਸਿੱਖਾਂ ਦੇ ਹੀ ਲੇਖ ਛਾਪਦਾ ਹੈ ਤਾਂ ਮੈਂ ਕੁਝ ਲਿਖਣ ਦੀ ਜੁਰਅਤ ਭੀ ਨਾ ਕਰਦਾ ਤੇ ਜੇ ਤੁਸੀਂ ਹੁਣ ਇਹ ਐਲਾਨ ਕਰ ਦਿਉ ਤਾਂ ਕਈ ਹਮਾਤੜਾਂ ਨੂੰ ਲਾਭ ਪੁਜ ਜਾਵੇ।

ਭਾਵੇਂ ਮਾਸਟਰ ਹੋਰਾਂ ਮੇਰੇ ਜੀਵਨ ਪੁਰ ਨਜ਼ਰ ਮਾਰਦੇ ਕਈ ਗ਼ਲਤ ਬਿਆਨੀਆਂ ਕੀਤੀਆਂ ਹਨ ਪਰ ਉਹ ਇਹ ਸੁਣ ਕੇ ਖੁਸ਼ ਹੋਣਗੇ ਕਿ ਜਿਸ ਨਤੀਜੇ ਪੁਰ ਉਹ ਪੁਜੇ ਹਨ ਤਕਰੀਬਨ ਉਸੀ ਨਤੀਜੇ ਪੁਰ ਮੈਂ ਭੀ ਪੁੱਜਾ ਹਾਂ। ਉਹ ਕਹਿੰਦੇ ਹਨ ਕਿ ਮੈਂ ਕਦੀ ਚੰਗਾ ਹੁੰਦਾ ਸਾਂ ਤੇ ਹੁਣ ਖਰਾਬ ਹੋ ਗਿਆ ਹਾਂ। ਪਰ ਮੈਂ ਉਨ੍ਹਾਂ ਨੂੰ ਸਚ ਸਚ ਦਸਦਾ ਹਾਂ ਕਿ ਜੋ ਸਿਖੀ ਦਾ ਨਿਸ਼ਾਨਾ ਮੇਰੀ ਅੱਖਾਂ ਦੇ ਸਾਹਮਣੇ ਹੈ। ਨਾ ਮੈਂ ਅਗੇ ਕਦੇ ਉਹਦੇ ਨੇੜੇ ਸਾਂ ਨਾਂ ਹੁਣ ਹਾਂ।

ਪਰ ਸ਼ੇਖ ਸਾਅਦੀ ਜੀ ਲਿਖਦੇ ਹਨ ਕਿ ਨਸੀਹਤ ਕੰਧ ਕੋਲੋਂ ਭੀ ਲੈ ਲੈਣੀ ਚਾਹੀਦੀ ਹੈ ਤੇ ਹੋ ਸਕਦਾ ਹੈ ਕਿ ਮੇਰੇ ਜਿਹਾ ਪਾਪੀ ਤੇ ਅੰਞਾਣ ਭੀ ਕਦੀ ਤੀਰ ਨਿਸ਼ਾਨੇ ਤੇ ਮਾਰ ਦੇਵੇ। ਮਾਸਟਰ ਹੋਰਾਂ ਨਾ-ਮਿਲਵਰਤਣ ਦਾ ਸਰੂਪ ਕੇਵਲ ੧ ਅਗਸਤ ਨੂੰ ਹੜਤਾਲ ਕਰਨਾ ਹੀ ਸਮਝਿਆ ਹੈ। ਪਰ ਗਾਂਧੀ ਨੇ ਜੋ ਸਰੂਪ ਆਪਣੇ ਐਲਾਨ ਵਿਚ ਖਿਚਿਆ ਹੈ ਉਹ ਕੇਵਲ ਹੜਤਾਲ ਹੀ ਨਹੀਂ, ਫ਼ੌਜੀ ਤੇ ਸਿਵਲ ਸਭ ਨੌਕਰੀਆਂ ਛਡਣੀਆਂ, ਮਾਮਲਾ ਨਾ ਦੇਣਾ ਇਹ ਸਭ ਗਲਾਂ ਹਨ ਜਿਨ੍ਹਾਂ ਪੁਰ ਆਪ ਨੂੰ ਅਮਲ ਕਰਨਾ ਪਵੇਗਾ। ਕਿਆ ਮਾਸਟਰ ਹੋਰੀਂ ਕੇਵਲ ਹੜਤਾਲ ਹੀ ਚਾਹੁੰਦੇ ਹਨ ਜਾਂ ਅਖ਼ੀਰੀ ਹਦ ਤਕ ਮੁਸਲਮਾਨਾਂ ਨਾਲ ਤੁਰਨਗੇ ?

ਆਪ ਨੇ ਜੋ ਇਹ ਲਿਖਿਆ ਹੈ ਕਿ ਸਾਨੂੰ ਸਾਰੇ ਮੁਸਲਮਾਨਾਂ ਨਾਲ ਕੀ, ਅਸਾਂ ਤਾਂ ਪੱਕੇ ਮੁਸਲਮਾਨਾਂ ਨਾਲ ਹਮਦਰਦੀ ਕਰਨੀ ਹੈ। ਸੋ ਮੁਆਫ਼ ਰੱਖਣਾ ਪੱਕੇ ਮੁਸਲਮਾਨ ਤਾਂ ਹਿਜਰਤ ਕਰ ਰਹੇ ਹਨ ਤੇ ਕਈ ਵਿਚਲੇ ਜਹਾਦ ਭੀ ਫ਼ਰਜ਼ ਦਸ ਰਹੇ ਹਨ। ਫਿਰ ਤਾਂ ਭਾਈ ਸਾਹਿਬ ਅਸਲ ਹਮਦਰਦੀ ਤਾਂ ਇਹ ਹੈ ਕਿ ਹਿਜਰਤ ਕਰੋ। ਦਸਾਂ ਹਟਵਾਣੀਆਂ ਹੱਟੀਆਂ ਬੰਦ ਕਰ ਦਿੱਤੀਆਂ ਤਾਂ ਕੀ ਬਣਿਆ ?

ਕਿਆ ਮਾਲਵੀ ਜੀ ਭੀ ਖ਼ੁਸ਼ਾਮਦੀ ਹਨ ? ਕਿਆ ਹਿੰਦੁਸਤਾਨ ਦੇ ਸਾਰੇ ਵਡੇ ਵਡੇ ਲੀਡਰ ਜਿਨ੍ਹਾਂ ਗਾਂਧੀ ਜੀ ਨਾਲ ਇਤਫ਼ਾਕ ਨਹੀਂ ਕੀਤਾ ਸਭ ਖੁਸ਼ਾਮਦੀ ਹਨ ?

ਇਹ ਯਾਦ ਰਖੋ ਸਿੱਖ ਸੁੱਕਾ ਬਰੂਦ ਹਨ। ਇਕੇਰਾਂ ਭੜਕ ਪਏ ਤਾਂ ਸੰਭਾਲਣਾ ਮੁਸ਼ਕਲ ਹੋ ਜਾਏਗਾ। ਅਗੇ ਹਰਦਿਆਲ ਨੇ ਅੱਗ ਲਾਈ। ਕਈ ਫ਼ਾਂਸੀ ਲਗੇ, ਕਈ ਗੋਲੀ ਦਾ ਨਿਸ਼ਾਨਾ ਬਣੇ। ਹਰਦਿਆਲ ਆਪ ਜੀਂਦਾ ਹੈ ਤੇ ਹੁਣ ਤੌਬਾ ਦੇ ਘਰ ਵਿਚ ਆ ਗਿਆ ਹੈ ਪਰ ਸਿੱਖ ਜਾਨਾਂ ਦਾ ਕੌਣ ਜ਼ੁੰਮੇਵਾਰ ? ਇਸ ਲਈ ਇਸ ਰਾਹ ਤੇ ਸੰਭਲ ਕੇ ਪੈਰ ਧਰੋ। ਜੋਸ਼ ਦੇਣਾ ਤਾਂ ਅਸਾਨ ਹੈ ਪਰ ਜਿਸ ਵੇਲੇ ਜੋਸ਼ ਦਾ ਜਿੱਨ ਪਰਗਟ ਹੋ ਗਿਆ ਉਹਨੂੰ ਸੰਭਾਲਣਾ ਅਸੰਭਵ ਹੈ।

ਇਸ ਮਾਮਲੇ ਪੁਰ ਬਾ-ਦਲੀਲ ਬੈਹਸ ਕਰਨਾ ਚਾਹੋ ਤਾਂ ਮੈਂ ਤਿਆਰ ਹਾਂ। ਜਾਤੀ ਹਮਲਿਆਂ ਦਾ ਉਤਰ ਕੁਝ ਨਹੀਂ ਦਿਆਂਗਾ।

ਜੋਧ ਸਿੰਘ

ਫ਼ੌਜੀਆਂ ਨੂੰ ਕਿਰਪਾਨ ਦੀ ਖੁਲ੍ਹ ਖਾਲਸਾ ਜੀ ਦੀਆਂ ਹਿਮਤਾਂ ਨੂੰ ਫਲ !

'ਲਾਇਲ ਗਜ਼ਟ' ਨੂੰ ਸ਼ਿਮਲੇ ਤੋਂ ਖ਼ਬਰ ਮਿਲੀ ਹੈ ਕਿ ਫ਼ੌਜੀ ਸਿੱਖਾਂ ਨੂੰ ਵਰਦੀ ਉਪਰ ਕਿਰਪਾਨ ਪਹਿਨਣ ਦੀ ਖੁਲ੍ਹ ਦਿੱਤੀ ਗਈ ਹੈ। ਅਰਥਾਤ ਹੁਣ ਹਰ ਇਕ ਫ਼ੌਜੀ ਸਿੱਖ ਨੂੰ ਵਰਦੀ ਉਤੇ ਕਿਰਪਾਨ ਜ਼ਰੂਰ ਪਾਉਣੀ ਪਵੇਗੀ।

ਸਾਨੂੰ ਭਰੋਸਾ ਹੈ ਕਿ ਇਹ ਖ਼ਬਰ ਸਚੀ ਹੈ। ਅਸੀਂ ਫ਼ੌਜੀ ਉਚੇ ਹਾਕਮਾਂ ਦਾ ਸਚੇ ਦਿਲ ਨਾਲ ਧੰਨਵਾਦ ਕਰਦੇ ਹੋਏ ਸਿੱਖਾਂ ਨੂੰ ਉਨ੍ਹਾਂ ਦੇ ਉਦਮ ਦੀ ਸਫਲਤਾ ਤੇ ਵਧਾਈ ਦਿੰਦੇ ਹਾਂ। ਹੁਣ ਤਾਈ ਸਿੱਖਾਂ ਦੀ ਦੁਰਗਤੀ ਇਸ ਕਰਕੇ ਵੀ ਹੁੰਦੀ ਰਹੀ ਹੈ ਕਿ ਸਾਡੇ ਜੀ ਹਜ਼ੂਰੀਏ ਆਗੂ ਸਰਕਾਰੀ ਹਾਕਮਾਂ ਕੋਲ ਸਾਡੀ ਸਚੀ ਅਤੇ ਦਿਲੀ ਆਵਾਜ਼ ਨਹੀਂ ਪਹੁੰਚਾਉਂਦੇ ਸਨ। ਇਧਰ ਉਧਰ ਦੀਆਂ ਸਚੀਆਂ ਝੂਠੀਆਂ ਗੱਲਾਂ ਕਰਕੇ ਹਾਕਮਾਂ ਕੋਲੋਂ ਪਦਵੀਆਂ ਜਾਂ ਮੁੱਰਬੇ ਲੈਣ ਲਈ ਕੌਮ ਦਾ ਸਤਿਆਨਾਸ ਕਰਦੇ ਰਹੇ ਹਨ।

ਅਕਾਲੀ ਲਾਹੌਰ, ੨੬ ਅਗਸਤ ੧੯੨੦

ਜ਼ਿਲ੍ਹੇ ਲੁਧਿਆਣੇ ਵਿਖੇ ਦੀਵਾਨ ਤੇ ਗੁਰਮਤੇ ।

ਸਰਦਾਰ ਲਾਲ ਸਿੰਘ ਜੀ ਭਸੌੜ ਤੋਂ ਲਿਖਦੇ ਹਨ ਕਿ ਰਾਏਕੋਟ ਖ਼ਿਆਲੀ ਅਤੇ ਭੈਣੀ ਬੜਿੰਗ ਵਿਖੇ ਖਾਲਸੇ ਜੀ ਵੱਲੋਂ ਦੀਵਾਨ ਕਰ ਕੇ ਹੇਠਲੇ ਗੁਰਮਤੇ ਪਾਸ ਕੀਤੇ ਗਏ (੧) ਫ਼ੌਜਾਂ ਵਿਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਖੁੱਲ੍ਹ ਕੀਤੀ ਜਾਏ (੨) ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਕੌਮ ਦੇ ਹਵਾਲੇ ਕਰ ਦਿੱਤਾ ਜਾਏ (੩) ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਦੇ ਸਪੁਰਦ ਕੀਤਾ ਜਾਏ । (੪) ਭਾਈ ਰਣਧੀਰ ਸਿੰਘ ਜੀ ਤੇ ਹੋਰ ਪੋਲੀਟੀਕਲ ਕੈਦੀਆਂ ਨੂੰ ਸਾਡੀ ਫ਼ੌਜੀ ਸੇਵਾ ਨੂੰ ਮੁੱਖ ਰੱਖਦੇ ਹੋਏ ਬਹੁਤ ਛੇਤੀ ਛਡ ਦਿੱਤਾ ਜਾਏ । (੫) ਜੇਲ੍ਹਖਾਨੇ ਵਿਚ ਸਿੱਖਾਂ ਨੂੰ ਪੰਜੇ ਕਕਾਰ ਰੱਖਣ ਦੀ ਖੁਲ੍ਹ ਦਿੱਤੀ ਜਾਵੇ ਅਤੇ (੬) ਗੁਰਦੁਆਰਾ ਸਾਹਿਬ ਕਿਲ੍ਹਾ ਗਵਾਲੀਅਰ ਦਾ ਪ੍ਰਬੰਧ ਮੁਸਲਮਾਨ ਮਜੌਰ ਪਾਸੋਂ ਮਹਾਰਾਜਾ ਸਾਹਿਬ ਗਵਾਲੀਅਰ ਰਾਹੀਂ ਲੈਕੇ ਸਿੱਖ ਰਿਆਸਤ ਜਾਂ ਪੰਥ ਦੇ ਹਵਾਲੇ ਕੀਤਾ ਜਾਏ ।

ਅਕਾਲੀ ਲਾਹੌਰ, ੨੭ ਅਗਸਤ ੧੯੨੦

ਬੇਪ੍ਰਵਾਹੀਆਂ ਦੇ ਫਲ !

ਸਿੱਖਾਂ ਨੂੰ ਗੁਰਦੁਆਰਿਆਂ ਵਿੱਚੋਂ ਧਕੇ !

ਸੁਤੇ ਦੇ ਸੀਨੇ ਵਿੱਚੋਂ,
ਸੀਨਾ ਫ਼ਿਗਾਰ ਹੋਯਾ !
ਹੁਣ ਨੀਂਦ ਸਾਰੀ ਭੁਲੀ,
ਕੋਈ ਤੀਰ ਪਾਰ ਹੋਯਾ !

ਕਲ੍ਹ ਚੁਮਾਲੇ ਸਾਹਿਬ ਛੇਵੇਂ ਗੁਰੂ ਸਾਹਿਬ ਦੇ ਗੁਰਦੁਆਰੇ ਵਿਚ ਜੋ ਨਿਰਾਦਰੀ ਗੁਰੂ ਸੰਗਤ ਤੇ ਗੁਰਬਾਣੀ ਦੀ ਹੋਈ ਹੈ ਓਹ ਪਾਠਕਾਂ ਨੇ ਪੜ੍ਹ ਲਈ ਹੋਣੀ ਹੈ । ਇਹ ਗੱਲ ਕੋਈ ਹੈਰਾਨ ਕਰਨ ਵਾਲੀ ਨਹੀਂ, ਇਹ ਸਭ ਪੰਥ ਦੀ ਬੇਪ੍ਰਵਾਹੀ ਤੇ ਪਾਟਕ ਦੇ ਫਲ ਹਨ । ਜੇ ਪੰਥ ਇਕ ਮੁਠ ਤੇ ਇਕ ਜਾਨ ਹੋਵੇ ਤਾਂ ਕਦੀ ਕਿਸੇ ਦਾ ਹੌਂਸਲਾ ਨਹੀਂ ਪੈ ਸਕਦਾ ਹੈ ਕਿ ਇਸ ਤਰ੍ਹਾਂ ਗੁਰੂ ਦੀਆਂ ਸੰਗਤਾਂ ਦੀ ਨਿਰਾਦਰੀ ਕਰੇ ? ਸੰਗਤਾਂ ਦੀ ਹਤਕ ਤੇ ਨਿਰਾਦਰੀ ਕਰ ਕੇ ਜੋ ਫਲ ਚੰਦੂ ਅਤੇ ਕਈ ਮਸੰਦਾਂ ਨੇ ਚਖਿਆ ਹੈ ਉਹ ਕਦੀ ਕਿਸੇ ਨੂੰ ਭੁਲ ਸਕਦਾ ਹੈ ? ਹੁਣ ਇਹ ਨਿਰੀ ਚੁਮਾਲਾ ਸਾਹਿਬ ਦੀ ਕਥਾ ਨਹੀਂ ਹੋਰ ਕਈ ਗੁਰਧਾਮਾਂ ਵਿਚ ਵੀ ਇਹੋ ਜਿਹੇ, ਕਈ ਵੇਰ, ਸਾਕੇ ਵਰਤਦੇ ਹਨ ਅਤੇ ਜੇ ਪੰਥ ਵਿੱਚੋਂ ਸ੍ਵਾਰਥ ਦੇ ਬੂਟੇ ਪੁਟ ਕੇ ਪੰਥ ਨੂੰ ਜਥੇਬੰਦ ਕਰ ਕੇ ਇਕ ਜਾਨ ਨਾ ਕੀਤਾ ਗਿਆ ਤਾਂ ਇਹੋ ਜਿਹੀਆਂ ਦਿਲ ਚੀਰਵੀਆਂ ਵਾਰਤਾਂ ਪਈਆਂ ਸੁਣੀਣਗੀਆਂ ।

ਸਭ ਗੁਰਦੁਆਰੇ ਤੇ ਗੁਰ ਅਸਥਾਨ ਪੰਥ ਗੁਰੂ ਦੀ ਮਲਕੀਅਤ ਹਨ ਉਨ੍ਹਾਂ ਵਿਚ ਸ਼ਬਦ ਕੀਰਤਨ ਕਰਨ ਅੰਤ ਪੰਥ ਦੀ ਭਲਾਈ ਲਈ ਵਿਚਾਰਾਂ ਦੇ ਕਰਨ ਤੋਂ ਕੋਈ ਨਹੀਂ ਰੋਕ ਸਕਦਾ । ਇਸ ਵਿਚ ਨਾ ਪੁਲਿਸ ਦਖ਼ਲ ਦੇ ਸਕਦੀ ਹੈ ਨਾ ਸਰਕਾਰ, ਇਹ ਅਸਥਾਨ ਇਸ ਮਤਲਬ ਤੋਂ ਬਿਨਾਂ ਹੋਰ ਕਿਸੇ ਲਈ ਨਹੀਂ ਵਰਤੇ ਜਾ ਸਕਦੇ । ਜਿਹੜੇ ਆਦਮੀ ਗੁਰ ਅਸਥਾਨਾਂ ਤੇ ਗੁਰ ਸੰਗਤਾਂ ਦੇ ਆਰਾਮ ਦੀਆਂ ਜਗ੍ਹਾ ਨੂੰ ਦੁਕਾਨਾਂ ਬਣਾ ਕੇ ਵਰਤਦੇ ਹਨ ਯਾ ਮਾਲ ਡੰਗਰਾਂ ਦੇ ਵਾੜੇ ਬਣਾ ਰਹੇ ਹਨ ਓਹ ਸਚਮੁਚ ਅਨਰਥ ਕਰ ਰਹੇ ਹਨ ।

ਪਰ ਵਿਚਾਰਨ ਦੀ ਗੱਲ ਹੈ ਕਿ ਸੰਗਤ ਦੀ ਚੀਜ਼ ਉਤੇ ਇਸ ਤਰ੍ਹਾਂ ਡਾਕੇ ਮਾਰਨ ਦੀ ਇਕ ਸਾਧਾਰਨ ਆਦਮੀ ਅਤੇ ਸੰਗਤ ਦੇ ਸੇਵਾਦਾਰ ਨੂੰ ਕਿਸ ਤਰ੍ਹਾਂ ਦਲੇਰੀ ਹੋ ਸਕਦੀ ਹੈ ?

ਅਸਲ ਗੱਲ ਇਹ ਹੈ ਕਿ ਇਕ ਤਾਂ ਪੰਥ ਨੇ ਬੇਪ੍ਰਵਾਹੀ ਨਾਲ ਕਈਆਂ ਵਰ੍ਹਿਆਂ ਤੋਂ ਗੁਰਧਾਮਾਂ ਦੀ ਸਾਰ ਲੈਣੀ ਹੀ ਛੱਡ ਦਿੱਤੀ ਸੀ ਦੂਜੇ ਕਈ ਸ੍ਵਾਰਥੀ ਸਿੱਖੀ ਦੇ ਭੇਖ ਵਿਚ ਰਹਿ ਕੇ ਇਨ੍ਹਾਂ ਦੀ ਪਿੱਠ ਠੋਕ ਰਹੇ ਹਨ "ਤੁਸੀਂ ਮਾਲਕ ਹੋ ਇਥੇ ਕਿਸੇ ਦਾ ਕੀ ਦਖ਼ਲ ਹੈ," ਪਰ ਹੁਣ :-

"ਜਬੈ ਬਾਣ ਲਾਗੈ
ਤਬੈ ਰੋਸ ਜਾਗੈ"

ਦੇ ਅਨੁਸਾਰ ਅਰੂੜ ਸਿੰਘ ਅਤੇ ਬੂੜ ਸਿੰਘ ਅੰਮ੍ਰਿਤਸਰ ਵਾਲਿਆਂ ਦੀਆਂ ਚੋਟਾਂ ਨੇ ਪੰਥ ਵਿਚ ਖਾਲਸਈ ਜੋਸ਼ ਦੀ ਲਹਿਰ ਪੈਦਾ ਕਰ ਦਿੱਤੀ ਹੈ। ਹੁਣ ਇਹ ਗੱਲ ਅਸੰਭਵ ਹੈ ਕਿ ਗੁਰੂ ਸੰਗਤਾਂ ਦੀ ਹਤਕ ਕਰਨ ਵਾਲੇ ਤੇ ਪੰਥ ਦ੍ਰੋਹੀ ਆਪਣੀਆਂ ਕਰਤੂਤਾਂ ਦਾ ਫਲ ਭੋਗੇ ਬਿਨਾਂ ਬਚੇ ਰਹਿਣ।

ਖਾਲਸਾ ਪ੍ਰਚਾਰਕ ਜਥੇ ਨੇ ਫ਼ੈਸਲਾ ਕੀਤਾ ਹੈ ਕਿ ਹੁਣ ਹਰ ਸ਼ਨੀਛਰਵਾਰ ਨੂੰ ਚੁਮਾਲੇ ਸਾਹਿਬ ਦੀਵਾਨ ਲਗਿਆ ਕਰੇਗਾ। ਅਸੀਂ ਆਸ਼ਾ ਰੱਖਦੇ ਹਾਂ ਲਾਹੌਰ ਵਾਸੀ ਸਭ ਸਿੱਖ ਵੀਰ ਜਥੇ ਨਾਲ ਮਿਲ ਕੇ ਗੁਰਧਾਮਾਂ ਵਿਚ ਦੀਵਾਨ ਲਾਉਣ ਅਤੇ ਸ਼ਬਦ ਕੀਰਤਨ ਕਰਨ ਦੇ ਹੱਕ ਨੂੰ ਕਦੀ ਨ ਛਡਣਗੇ।

ਸਿੰਘ ਸਭਾ ਲਾਹੌਰ !

ਐਤਵਾਰ ੨੨ ਅਗਸਤ ਨੂੰ ਬਾਵਲੀ ਸਾਹਿਬ ਦੀਵਾਨ ਸਜਿਆ ਸੰਗਤ ਦੀ ਹਾਜ਼ਰੀ ਅਗੇ ਨਾਲੋਂ ਬਹੁਤ ਵਧ ਕੇ ਸੀ। ਭਾਈ ਸਰਦੂਲ ਸਿੰਘ ਜੀ ਦੇ ਵਖਿਆਨ ਮਗਰੋਂ ਸਰਦਾਰ ਸੁੰਦਰ ਸਿੰਘ ਜੀ ਚਾਵਲਾ ਨੇ ਚੁਮਾਲਾ ਸਾਹਿਬ ਦਾ ਕਲ੍ਹ ਦਾ ਸਾਰਾ ਬ੍ਰਿਤਾਂਤ ਸੁਣਾਇਆ ਸੰਗਤ ਸੁਣ ਕੇ ਤ੍ਰਾਹ ਤ੍ਰਾਹ ਕਰ ਉਠੀ ਕਿ ਗੁਰੂ ਕੇ ਸੇਵਕ ਕਿਸ ਦਲੇਰੀ ਨਾਲ ਸੰਗਤਾਂ ਦੀ ਨਿਰਾਦਰੀ ਕਰਨ ਨੂੰ ਤਿਆਰ ਹੋ ਪਏ ਹਨ। ਚੁਮਾਲੇ ਸਾਹਿਬ ਦੇ ਗ੍ਰੰਥੀ ਅਤੇ ਉਸ ਦੀ ਮਾਈ ਤੇ ਘ੍ਰਿਣਾ ਪ੍ਰਗਟ ਕੀਤੀ ਅਤੇ ਇਕ ਕਮੇਟੀ ਬਣਾਈ ਗਈ ਜੋ ਇਸ ਮਾਮਲੇ ਨੂੰ ਵਿਚਾਰ ਕੇ ਨਜਿੱਠੇ।

ਇਸ ਤੋਂ ਬਿਨਾਂ ਤਖ਼ਤ ਅਕਾਲ ਬੁੰਗੇ ਦੇ ਗ੍ਰੰਥੀ ਬੂੜ ਸਿੰਘ ਤੇ ਘ੍ਰਿਣਾ ਪ੍ਰਗਟ ਕੀਤੀ ਤੇ ਨਵੇਂ ਸਰਬਰਾਹ ਸਾਹਿਬ ਅਗੇ ਬੇਨਤੀ ਕੀਤੀ ਗਈ ਕਿ ਜਦ ਤਕ ਇਹ ਮਾਫ਼ੀ ਨ ਮੰਗੇ ਤਖ਼ਤ ਤੇ ਨ ਚੜ੍ਹਨ ਦਿੱਤਾ ਜਾਵੇ।

ਅਕਾਲੀ ਲਾਹੌਰ, ੨੭ ਅਗਸਤ ੧੯੨੦

ਜਲ੍ਹਿਆਂ ਵਾਲੇ ਬਾਗ ਵਿਚ ਦੀਵਾਨ !

ਸਰਬਰਾਹ ਅਰੂੜ ਸਿੰਘ ਨੇ ਮੁਆਫ਼ੀ ਮੰਗ ਲਈ !

ਕਲ੍ਹ ੨੪ ਤਰੀਕ ਸ਼ਾਮ ਦੇ ੬ ਵਜੇ ਜਲ੍ਹਿਆਂ ਵਾਲੇ ਬਾਗ ਵਿਚ ਗੁਰਦੁਆਰਾ ਸੇਵਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਦੀਵਾਨ ਹੋਇਆ। ਅਜੇ ਦੀਵਾਨ ਸਜਨਾ ਹੀ ਸੀ ਕਿ ਸਰਦਾਰ ਬਸੰਤ ਸਿੰਘ ਰਸਾਲਦਾਰ ਤੇ ਸ: ਚੰਦਾ ਸਿੰਘ ਅਟਾਰੀ ਵਾਲੇ ਤੇ ਇਕ ਹੋਰ ਸਰਦਾਰ ਸੇਵਕਾਂ ਕੋਲ ਆਏ ਕਿ ਜੇ ਕਰ ਅਰੂੜ ਸਿੰਘ ਆ ਕੇ ਮੁਆਫ਼ੀ ਮੰਗ ਲਵੇ ਤਾਂ ਤੁਸੀਂ ਜਨਾਜ਼ਾ ਤਾਂ ਨ ਕਢੋਗੇ ਤੇ ਜੇ ਉਹ ਏਥੇ ਆਵੇ ਤਾਂ ਉਹ ਦੀ ਬੇਅਦਬੀ ਤਾਂ ਨ ਕਰੋਗੇ ? ਜਿਸ ਪਰ ਮਾਸਟਰ ਚੰਦਾ ਸਿੰਘ ਜੀ ਨੇ ਸਭ ਸੰਗਤ ਤੇ ਭਰੋਸਾ ਰਖਦੇ ਹੋਏ ਬਚਨ ਦਿੱਤਾ ਕਿ ਜੇ ਕਰ ਅਰੂੜ ਸਿੰਘ ਆ ਕੇ ਮੁਆਫ਼ੀ ਮੰਗੇ ਤਾਂ ਬੇ ਅਦਬੀ ਵੀ ਨਹੀਂ ਕਰਾਂਗੇ ਤੇ ਜਨਾਜ਼ਾ ਵੀ ਨ ਕਢਾਂਗੇ। ਸਵਾ ਘੰਟੇ ਦੀ ਮੋਹਲਤ ਉਹਨਾਂ ਨੂੰ ਦਿੱਤੀ ਗਈ ਤੇ ਦੀਵਾਨ ਸਜ ਕੇ ਸ਼ਬਦ ਕੀਰਤਨ ਹੋਣ ਲੱਗ ਪਇਆ। ਅੱਧੇ ਘੰਟੇ ਬਾਅਦ ਜਦ ਦੀਵਾਨ ਆਰੰਭ ਹੋਣ ਦਾ ਅਰਦਾਸਾ ਹੋਣਾ ਸ਼ੁਰੂ ਹੋਇਆ ਤਾਂ ਅਰੂੜ ਸਿੰਘ ਵੀ ਆ ਪੁੱਜਾ ਤੇ ਅਰਦਾਸ ਦੇ ਪਿੱਛੋਂ ਮਾਸਟਰ ਚੰਦਾ ਸਿੰਘ, ਸ: ਦੇਵਾ ਸਿੰਘ, ਸ: ਜਸਵੰਤ ਸਿੰਘ, ਗਿਆਨੀ ਠਾਕਰ ਸਿੰਘ ਤੇ ਬੁਧ ਸਿੰਘ ਤੇ ਸ: ਬਸੰਤ ਸਿੰਘ ਜੀ ਬੋਲੇ। ਉਸ ਦੇ ਪਿੱਛੋਂ ਅਰੂੜ ਸਿੰਘ ਨੇ ਖੜੋ ਕੇ ਹੱਥ ਜੋੜ ਕੇ ਆਖਿਆ ਕਿ ਖਾਲਸਾ ਜੀ ਮੈਂ ਅਠਾਰਾਂ ਵਰ੍ਹੇ ਗੁਰੂ ਰਾਮਦਾਸ ਜੀ ਦੀ ਤੇ ਖਾਲਸੇ ਦੀ ਸੇਵਾ ਕੀਤੀ ਹੈ ਚੰਗੀ ਕੀਤੀ ਜਾਂ ਮੰਦੀ ਆਪ ਪ੍ਰਵਾਨ ਕਰੋ ਤੇ ਹੁਣ ਮੈਂ ਅਸਤੀਫ਼ਾ ਦੇਂਦਾ ਹਾਂ ਤੇ ਆਪ ਜਨਾਜ਼ਾ ਨ ਕਢੋ। ਜਿਸ ਪਰ ਸੰਗਤ ਸਾਰੀ ਨੇ ਫ਼ੈਸਲਾ ਦੇ ਦਿੱਤਾ ਕਿ ਜਨਾਜ਼ਾ ਨਹੀਂ ਕਢਿਆ ਜਾਵੇਗਾ।

ਏਸ ਫ਼ੈਸਲੇ ਦਾ ਏਹ ਮਤਲਬ ਖਾਲਸੇ ਨੂੰ ਨਹੀਂ ਸਮਝਣਾ ਚਾਹੀਦਾ ਕਿ ੧੮ ਸਾਲਾ ਕਾਰਵਾਈ ਦਾ ਹਿਸਾਬ ਅਰੂੜ ਸਿੰਘ ਨੂੰ ਛਡ ਦਿੱਤਾ ਗਇਆ ਹੈ ਜਾਂ ਉਹਦੇ ਔਗੁਣ ਮੁਆਫ਼ ਹੋ ਗਏ ਹਨ। ੨੪ ਤਰੀਕ ਦੀ ਕਾਰਵਾਈ ਸਿਰਫ਼ ਏਨੀ ਹੀ ਸੀ ਕਿ ਅਰੂੜ ਸਿੰਘ ਨੇ ਸਰਬਰਾਹੀ ਛਡ ਦਿੱਤੀ ਤੇ ਖਾਲਸੇ ਨੇ ਜਨਾਜ਼ਾ ਨਹੀਂ ਕਢਣਾ।

ਹੁਣ ਜਨਾਜ਼ਾ ਨਹੀਂ ਨਿਕਲੇਗਾ

ਪਰ ਹਿਸਾਬ ਦੀ ਪੜਤਾਲ ਜਾਂ ਔਗੁਣਾਂ ਦੀ ਮੁਆਫ਼ੀ ਦਾ ਫ਼ੈਸਲਾ ਪਿੱਛੋਂ ਹੋਵੇਗਾ ਜਦ ਉਹ ਹਿਸਾਬ ਦੇ ਦੇਵੇਗਾ ਤੇ ਮੁਆਫ਼ੀ ਮੰਗੇਗਾ।

ਅਕਾਲੀ ਲਾਹੌਰ, ੨੯ ਅਗਸਤ ੧੯੨੦

ਖਾਲਸਾ ਜੀ ਦਾ ਭਾਰੀ ਜਲਸਾ ਪੁਰਜੋਸ਼ ਵਖਿਆਨ ਤੇ ਗੁਰਮਤੇ

ਲਾਹੌਰ ਡਿਸਟ੍ਰਿਕਟ ਸਿੱਖ ਲੀਗ ਦੇ ਪ੍ਰਬੰਧ ਹੇਠ ੨੬ ਅਗਸਤ ਨੂੰ ਮੋਚੀ ਦਰਵਾਜੇ ਦੇ ਬਾਹਰ ਇਕ ਭਾਰੀ ਜਲਸਾ ਹੋਇਆ ਜਲਸੇ ਦੇ ਪ੍ਰਧਾਨ ਭਾਈ ਸਰਦੂਲ ਸਿੰਘ ਜੀ ਕਵੀਸ਼ਰ ਥਾਪੇ ਗਏ। ਸਿੱਖ ਹਿੰਦੂ ਮੁਸਲਮਾਨਾਂ ਦੀ ਹਾਜ਼ਰੀ ਲਗ ਭਗ ਢਾਈ ਤਿੰਨ ਹਜ਼ਾਰ ਸੀ ਅਰਦਾਸ ਕਰਕੇ ਇਕ ਕੌਮੀ ਗੀਤ ਨਾਲ ਜਲਸਾ ਆਰੰਭ ਹੋਇਆ। ਸਰਦਾਰ ਸੋਹਣ ਸਿੰਘ ਜੀ ਐਡੀਟਰ "ਦੀ ਸਿੱਖ" ਨੇ ਸਿੱਖ ਲੀਗ ਦਾ ਸਾਲਾਨਾ ਜਲਸਾ ਸਜ ਧਜ ਨਾਲ ਕਰਨ ਅਤੇ ਇਕ ਤਕੜੀ ਆਗਤ ਭਾਗਤ ਕਮੇਟੀ ਬਣਾਉਣ ਲਈ ਆਖਿਆ ਭਾਈ ਹੀਰਾ ਸਿੰਘ "ਦਰਦ" ਨੇ ਇਕ ਜੋਸ਼ ਭਰੀ ਪੰਜਾਬੀ ਕਵਿਤਾ ਪੜੀ।

ਸਰਦਾਰ ਸੁੰਦਰ ਸਿੰਘ ਜੀ ਚਾਵਲਾ ਨੇ ਪਹਿਲਾਂ ਗੁਰਮਤਾ ਪੇਸ਼ ਕੀਤਾ ਕਿ "ਦਰਬਾਰ ਸਾਹਿਬ ਦੇ ਪਿਛਲੇ ਹਿਸਾਬ ਦੀ ਪੜਤਾਲੀ ਸਿੱਖ ਕਮੇਟੀ ਬਣਾਉਣ ਲਈ ਸਰਕਾਰ ਨੂੰ ਲਿਖਿਆ ਜਾਵੇ" ਅਤੇ ਆਖਿਆ ਕਿ "ਸਾਡੇ ਅੱਜ ਕਲ੍ਹ ਦੇ ਵੱਡੇ ਆਗੂ ਪਾਲਿਟੈਕਸ ਨੂੰ ਹਊਆ ਸਮਝਦੇ ਰਹੇ ਹਨ। ਪਾਲਟੈਕਸ ਕੀ ਹੈ ? ਆਪਣੇ ਹਕ ਪ੍ਰਾਪਤ ਕਰਨੇ। ਉਹਨਾਂ ਦੀ ਅਕਲ ਮਾਰੀ ਗਈ ਕਿ ਹਾਲਾਂ ਤਕ ਇਸ ਦੇ ਅਰਥ ਨਹੀਂ ਸਮਝਦੇ ਤੇ ਸਰਕਾਰ ਤੇ ਸਿੱਖਾਂ ਦੇ ਸਬੰਧ ਬਾਬਤ ਆਖਿਆ ਕਿ ਸਿੱਖਾਂ ਨੇ ਸੰਨ ੫੭ ਦੇ ਗਦਰ ਵੇਲੇ ਮਿਤਰਤਾ ਪਾਲੀ ਹਰ ਥਾਂ ਯੁਧਾਂ ਜੰਗਾਂ ਵਿਚ ਮੋਹਰੇ ਲੜੇ ਪਰ ਘਰ ਬੈਠਿਆਂ ਨੇ ਤਾਂ ਮੱਰਬੇ, ਖ਼ਿਤਾਬ ਤੇ ਸਰਦਾਰੀਆਂ ਲੈ ਲਈਆ ਪਰ ਸਿੱਖ ਕੌਮ ਦਾ ਉਲਟਾ ਦਰਬਾਰ ਸਾਹਿਬ ਤੇ ਕਾਲਜ ਵੀ ਸਾਂਭ ਲਿਆ। ਦਰਬਾਰ ਸਾਹਿਬ ਵਿਚ ਸਿੱਖਾਂ ਦੀ ਪੱਤ ਲਹਿੰਦੀ ਹੈ ਤੇ ਕਾਲਜ ਨੇ ਸ਼ਾਇਦ ਹੀ ਕੋਈ ਕੌਮੀ ਰੰਗ ਵਿਚ ਰਤਾ ਕੋਈ ਸਿੱਖ ਪੈਦਾ ਕੀਤਾ ਹੋਵੇ।"

ਸਰਦਾਰ ਦਾਨ ਸਿੰਘ ਜੀ ਵਿਛੋਆ ਨੇ ਪੁਸ਼ਟੀ ਕੀਤੀ, ਸਰਦਾਰ ਅਮਰ ਸਿੰਘ ਜੀ ਝਬਾਲ ਵਾਲਿਆ ਨੇ ਅੰਮ੍ਰਿਤਸਰ ਵਿਚ ਖਾਲਸੇ ਦੇ ਜੋਸ਼ ਅਤੇ ਅਰੂੜ ਸਿੰਘ ਦੇ ਬਿਬਾਨ ਕਢਨ ਤੇ ਮਾਫ਼ੀ ਮੰਗਣ ਦਾ ਸਾਰਾ ਹਾਲ ਡਾਢੇ ਜੋਸ਼ੀਲੇ ਸ਼ਬਦਾਂ ਵਿਚ ਦਸ ਕੇ ਗੁਰਮਤੇ ਦੀ ਹੋਰ ਪੁਸ਼ਟੀ ਕੀਤੀ।

ਸੰਤ ਤੇਜਾ ਸਿੰਘ ਜੀ ਐਮ. ਏ. ਮਸਤੂਆਨੇ ਨੇ ਗੁਰਦੁਆਰਾ ਰਕਾਬ ਗੰਜ ਦਾ ਗੁਰਮਤਾ ਪੇਸ਼ ਕੀਤਾ ਕਿ "ਗੁਰਦੁਆਰੇ ਦੀ ਢਠੀ ਹੋਈ ਕੰਧ ਸਰਕਾਰ ਉਸੇ ਤਰ੍ਹਾਂ ਬਣਾ ਦੇਵੇ" ਤੇ ਆਖਿਆ ਕਿ "ਕਿਡਾ ਹਨੇਰ ਹੈ ਕਿ ਸਾਡੇ ਧਾਰਮਿਕ ਕੰਮਾਂ ਨੂੰ ਵੀ ਪਾਲਿਟੈਕਸ ਵਿਚ ਘੁਸੇੜਿਆਂ ਜਾਂਦਾ ਹੈ। ਅਸਲ ਵਿਚ ਪਾਲਿਟੈਕਸ ਤਾਂ ਪਰਉਪਕਾਰ, ਸੇਵਾ, ਦੁਖੀਆਂ ਦੀ ਰਖਿਆ ਤੇ ਕੁਰਬਾਨੀ ਦਾ ਨਾਉਂ ਹੈ ਪਰ ਅੱਜ ਕਲ੍ਹ ਇਸ ਦੇ ਅਰਥ ਪਾਲਸੀ ਤੇ ਚਾਲਾਂ ਵਾਲੇ ਬਣਾ ਲਏ ਗਏ ਹਨ। ਤੁਸੀਂ ਗੁਰੂ ਤੇਗ ਬਹਾਦਰ ਸਾਹਿਬ ਵੱਲ ਧਿਆਨ ਕਰੋ :-

"ਧਰਮ ਹੇਤ ਸਾਕਾ ਜਿਨ ਕੀਆ"
ਸੀਸ ਦੀਆਂ ਪਰ ਸਿਰੜ ਨ ਦੀਆ"

ਦਿਲੀ ਦੇ ਪਾਤਸ਼ਾਹ ਨਾਲ ਧਰਮ ਦੀ ਖ਼ਾਤਰ ਉਨ੍ਹਾਂ ਟਾਕਰਾ ਕੀਤਾ ਸਿਰ ਦਿੱਤਾ ਇਹ ਪਾਲਿਟੈਕਸ ਹੈ। ਜੋ ਸਤਿਗੁਰੂ ਨੇ ਸਾਨੂੰ ਸਿਖਿਆ ਹੈ।

ਇਨ੍ਹਾਂ ਗੁਰਾਂ ਜੀ ਦੀ ਪਵਿੱਤਰ ਯਾਦਗਾਰ ਗੁਰਦੁਆਰਾ ਰਕਾਬ ਗੰਜ ਹੈ। ਗੁਰੂ ਘਰ ਸਭ ਹਿੰਦੂ ਮੁਸਲਾਮਾਨਾਂ ਦਾ ਸਾਂਝਾ ਹੈ। ਦਸਾਂ ਗੁਰੂ ਸਾਹਿਬਾਂ ਨੇ ਸਭ ਨਾਲ ਇਕੋ ਜਿਹਾ ਪਿਆਰ ਕਰ ਕੇ ਦੱਸਿਆ ਹੈ ਅੱਜ ਗੁਰਦੁਆਰਾ ਰਕਾਬ ਗੰਜ ਦੀ ਢਠੀ ਕੰਧ ਚੜਾਨ ਲਈ ਸਭ ਹਿੰਦੂ ਮੁਸਲਮਾਨਾਂ ਨੂੰ ਅਵਾਜ਼ ਉਠਾਣੀ ਚਾਹੀਦੀ ਹੈ।

ਦਾਸ ਆਪ ਦਿੱਲੀ ਜਾ ਕੇ ਵੇਖ ਆਇਆ ਹੈ ਹੁਣ ਕੰਧ ਦਾ ਸਵਾਲ ਨਹੀਂ ਹੈ ਇਹ ਤਾਂ ਖਾਲਸੇ ਦੀ ਆਣ

ਦਾ ਸਵਾਲ ਹੈ। ਕੌਮ ਦੀ ਆਣ ਗਈ ਤਾਂ ਸਮਝੋ ਜਾਣ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਆਣ ਰਖਣ ਲਈ ਹੀ ਪਾਤਸ਼ਾਹੀ ਡਰਾਵੇ ਨਾਲ ਇਕ ਹਾਥੀ ਨਹੀਂ ਸੀ ਦਿੱਤਾ। ਖਾਲਸਾ ਜੀ, ਆਣ ਕਾਇਮ ਰਖੋ। ਜੇ ਸਰਕਾਰ ਢੱਠੀ ਹੋਈ ਦੀਵਾਰ ਨ ਬਣਾ ਦੇਵੇ ਤਾਂ ਖਾਲਸਾ ਟੋਕਰੀ ਢੋ ਕੇ ਆਪ ਬਣਾ ਲਵੇਗਾ। ਜੇ ਕੌਮ ਆਣ ਰੱਖਣ ਦਾ ਫ਼ਰਜ਼ ਪੂਰਾ ਨ ਕਰੇਗੀ ਤਾਂ ਅਕ੍ਰਿਤਘਣ ਹੋਵੇਗੀ।

ਗੁਰਮਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਾਸ ਹੋਏ।

ਭਾਈ ਸਰਦਾਰਾ ਸਿੰਘ ਜੀ ਐਡੀਟਰ "ਖਾਲਸਾ ਅਖਬਾਰ" ਨੇ ਆਖਿਆ "ਸਾਡੇ ਚਿਰਾਂ ਦੇ ਭੁਜੇ ਦਿਲਾਂ ਅੰਦਰ ਸ਼ਾਹੀ ਐਲਾਨ ਨੇ ਖੁਸ਼ੀ ਪੈਦਾ ਕਰ ਦਿੱਤੀ ਸੀ ਪਰ ਹੁਣ ਤੀਕ ਪਿਆਰੇ ਰਣਧੀਰ ਸਿੰਘ ਤੇ ਹੋਰ ਸਿੱਖ ਰਾਜਸੀ ਕੈਦੀਆਂ ਦੇ ਅਜੇ ਤੀਕ ਜੇਹਲ ਵਿਚ ਡੱਕੇ ਰਹਿਣ ਨੇ ਸਾਡੀਆਂ ਅਸਾਂ ਉਮੀਦਾਂ ਤੇ ਪਾਣੀ ਫੇਰ ਦਿੱਤਾ! ਅਫ਼ਸਰਾਂ ਦੀਆਂ ਚਾਲਾਂ ਅਤੇ "ਮਾਰਸ਼ਲ ਲਾਅ ਅਤੇ "ਹਿੰਦੂ ਰਖਿਅਕ ਐਕਟ" ਦਿਆਂ ਕਾਰਿਆਂ ਤੇ ਰੌਸ਼ਨੀ ਪਾਂਦਿਆਂ ਹੋਇਆਂ ਆਪ ਨੇ ਗੁਰਮਤਾ ਪੇਸ਼ ਕੀਤਾ ਕਿ "ਸਾਰੇ ਸਿੱਖ ਰਾਜਸੀ ਕੈਦੀਆਂ ਨੂੰ ਛੇਤੀ ਛਡ ਕੇ ਸਿੱਖ ਹਿਰਦਿਆਂ ਨੂੰ ਠੰਡਾ ਕੀਤਾ ਜਾਵੇ" ਸ: ਜਸਵੰਤ ਸਿੰਘ ਜੀ ਝਬਾਲ ਅਤੇ ਭਾਈ ਮੰਗਲ ਸਿੰਘ ਜੀ ਨਾਮਧਾਰੀ ਨੇ ਪੁਸ਼ਟੀ ਕੀਤੀ।

ਰਤੋਨਾ ਦੇ ਬੁਚੜ ਖਾਨੇ ਸਬੰਧੀ ਭਾਈ ਪ੍ਰੇਮ ਸਿੰਘ ਜੀ ਸੋਢ ਬੰਸ ਨੇ ਗੁਰਮਤਾ ਪੇਸ਼ ਕੀਤਾ ਕਿ "ਅੰਗਰੇਜ਼ ਕੰਪਨੀ ਦਾ ਬੁਚੜ ਖਾਨਾ ਖੋਲ੍ਹਣਾ ਤੇ ਸਰਕਾਰੀ ਅੰਗਰੇਜ਼ੀ ਦਾ ਇਸ ਨੂੰ ਸਹਾਇਤਾ ਦੇਣਾ ਸਿੱਖ, ਹਿੰਦੂ, ਮੁਸਲਮਾਨ ਸਭ ਦੇ ਦਿਲਾਂ ਨੂੰ ਦੁਖੀ ਕਰ ਰਿਹਾ ਹੈ" ਲਾਲਾ ਧਰਮ ਦਾਸ ਜੀ ਸੂਰੀ ਅਤੇ ਬਾਬਾ ਗੁਰਦਿਆਲ ਸਿੰਘ ਜੀ ਨਾਮਧਾਰੀ ਨੇ ਪੁਸ਼ਟੀ ਕੀਤੀ।

"ਬਾਬੇ ਦੀ ਬੇਰ ਸਿਆਲਕੋਟ ਦਾ ਪਤਤਿ ਮਹੰਤ ਗੰਡਾ ਸਿੰਘ ਹਟਾ ਕੇ ਗੁਰਦੁਆਰਾ ਸਿੱਖ ਕਮੇਟੀ ਨੂੰ ਦਿੱਤਾ ਜਾਵੇ" ਸੰਤ ਤੇਜਾ ਸਿੰਘ ਜੀ ਨੇ ਪੇਸ਼ ਕੀਤਾ ਅਤੇ ਸ: ਸੁੰਦਰ ਸਿੰਘ ਜੀ ਚਾਵਲਾ ਨੇ ਤਾਈਦ ਕੀਤੀ।

ਮਿ: ਦੀਵਾਨਾ ਨੇ ਇਕ ਉਰਦੂ ਗਜ਼ਲ ਪੜੀ ਫਿਰ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਪੇਸ਼ ਕੀਤਾ ਕਿ "ਮੁਸਲਮਾਨਾਂ ਦੀ ਖ਼ਿਲਾਫ਼ਤ ਵਿਚ ਸਰਕਾਰੀ ਦਖ਼ਲ ਨੂੰ ਸਿੱਖ ਅਯੋਗ ਸਮਝਦੇ ਹਨ ਅਤੇ ਮੁਸਲਮਾਨਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ" ਅਤੇ ਭਾਈ ਸਾਧੂ ਸਿੰਘ ਜੀ ਨੇ ਪੁਸ਼ਟੀ ਕੀਤੀ।

ਫਿਰ ਭਾਈ ਸੋਹਣ ਸਿੰਘ ਜੀ ਨੇ ਖਾਲਸਾ ਕਾਲਜ ਨੂੰ ਸਿੱਖ ਕੌਮ ਦੇ ਹਵਾਲੇ ਕਰਨ ਦਾ ਗੁਰਮਤਾ ਪੇਸ਼ ਕੀਤਾ ਅਤੇ ਐਡੀਟਰ "ਅਕਾਲੀ" ਨੇ ਪੁਸ਼ਟੀ ਕੀਤੀ।

ਸਾਰਾ ਸਮਾਂ ਲੋਕ ਡਾਢੇ ਪ੍ਰੇਮ ਨਾਲ ਬੈਠੇ ਰਹੇ ਤੇ ਵਖਿਆਨਾਂ ਦੀ ਖਿਚ ਨਾਲ ਬੱਧੇ ਰਜੇ।

੧੦ ਵਜੇ ਅਰਦਾਸ ਹੋ ਕੇ ਇਹ ਸ਼ਾਨਦਾਰ ਜਲਸਾ ਸਮਾਪਤ ਹੋਇਆ।

***ਅਕਾਲੀ ਲਾਹੌਰ*, ੧ ਸਤਬੰਰ-੧੯੨੦**

ਗੁਰਦੁਆਰਾ ਰਕਾਬ ਗੰਜ !

ਗੁਰਦੁਆਰਾ ਰਕਾਬ ਗੰਜ ਸਬੰਧੀ ਚੀਫ਼ ਕਮਿਸ਼ਨਰ ਦਿਲੀ ਵੱਲੋਂ ਜੋ ਗੋਲ ਮੋਲ ਉੱਤਰ ਸਾਡੀ ਪੁੱਛ ਦਾ ਆਇਆ ਹੈ, ਉਹ ਤਾਂ ਪਾਠਕਾਂ ਨੂੰ ਪਤਾ ਹੀ ਹੈ। ਇਸ ਤੋਂ ਛੁਟ ਪੂਰੇ ਹਾਲ ਦਰਿਆਫ਼ਤ ਕਰਨ ਲਈ ਅਸੀਂ ਖ਼ਾਸ ਯਤਨ ਵੀ ਕੀਤੇ ਹਨ। (ਸੰਤ) ਤੇਜਾ ਸਿੰਘ ਜੀ ਪ੍ਰਿੰਸੀਪਲ ਅਕਾਲ ਕਾਲਜ ਵਾਲੇ ਕੇਵਲ ਏਸੇ ਕੰਮ ਲਈ ਦਿਲੀ ਗਏ। ਆਪ ਨੇ ਜੋ ਕੁਝ ਸਾਨੂੰ ਦਸਿਆ ਹੈ ਉਸਦਾ ਨਿਚੋੜ ਇਹ ਹੈ ਕਿ ਜਿਹੜੀ ਕੰਧ ਸੰਨ ੧੯੧੪ ਵਿਚ ਢਾਈ ਗਈ ਸੀ ਉਹ ਉਸੇ ਤਰ੍ਹਾਂ ਢੱਠੀ ਪਈ ਹੈ। ਸੰਗਤ ਵੱਲੋਂ ਯਾ ਸਥਾਨੀ ਹਾਕਮਾਂ ਵੱਲੋਂ ਬਣਾਉਣ ਦਾ ਕੋਈ ਉਦਮ ਨਹੀਂ ਹੋਇਆ। ਜਿਹੜੀ ਕਮੇਟੀ ਨੇ ਪਹਿਲੀ ਮਾਰਚ ਨੂੰ ਫ਼ੈਸਲਾ ਕੀਤਾ ਹੈ ਉਸ ਵਿਚ ਡਿਪਟੀ ਕਮਿਸ਼ਨਰ ਅਤੇ ਚੀਫ਼ ਇੰਜੀਨੀਅਰ ਤੋਂ ਛੁਟ ਚਾਰ ਪੰਜ ਠੇਕੇਦਾਰ ਸਨ। ਭਲਾ ਚੀਫ਼ ਇੰਜਨੀਅਰ ਦੇ ਸਾਹਮਣੇ ਠੇਕੇਦਾਰਾਂ ਦੀ ਸੁਤੰਤਰ ਰਾਇ ਕੀ ਹੋ ਸਕਦੀ ਹੈ ? ਜਿਨ੍ਹਾਂ ਨੇ ਹਰ ਵੇਲੇ ਆਪਣੇ ਵਿਉਪਾਰ ਦੇ ਵਾਧੇ ਲਈ ਉਸਦੇ ਹੱਥਾਂ ਵਲ ਤਕਣਾ ਹੈ। ਪੰਥ ਤੋਂ ਪੁੱਛੇ ਗਿੱਛੇ ਬਿਨਾਂ ਜੋ ਫ਼ੈਸਲਾ ਇਸ ਅਣੋਖੀ ਕਮੇਟੀ ਵਿਚ ਹੋਇਆ ਹੈ ਉਸ ਦਾ ਮਤਲਬ ਇਹ ਹੈ ਕਿ ਵੱਡੀ

ਕੰਧ ਤੋਂ ਬਾਹਰ ਦੀ ਕੁਛ ਹੋਰ ਜ਼ਮੀਨ (ਜਿਹੜੀ ਕਿ ਗੁਰਦੁਆਰੇ ਦੀ ਆਪਣੀ ਹੀ ਸੀ) ਗੁਰਦੁਆਰੇ ਵਿਚ ਮਿਲ ਕੇ ਇਸ ਦੇ ਦੁਆਲ ਛੋਟੀ ਛੋਟੀ ਕੰਧ ਬਣਾਈ ਜਾਵੇ। ਫੇਰ ਹੌਲੀ ਹੌਲੀ ਕਿਸੇ ਹੀਲੇ ਨਾਲ ਸਿੱਖਾਂ ਕੋਲੋਂ ਹੀ ਉਹ ਕੰਧ ਢੁਹਾਈ ਜਾਵੇ। ਇਸ ਚਾਲ ਵਿਚ ਨੱਕ ਨੂੰ ਪੁਠਾ ਹਥ ਲਾਉਣ ਵਾਲੀ ਗੱਲ ਹੈ। ਸੰਨ ੧੯੧੪ ਵਿਚ ਵੱਡੀ ਕੰਧ ਢਾ ਕੇ ਫੇਰ ਉਸ ਦੀ ਥਾਂ ਛੋਟੀ ਛੋਟੀ ਕੰਧ ਯਾ ਜੰਗਲਾ ਬਣਾਇਆ ਜਾਣਾ ਸੀ। ਹੁਣ ਛੋਟੀ ਛੋਟੀ ਕੰਧ ਬਾਹਰ ਬਾਹਰ ਪਹਿਲਾਂ ਬਣਾ ਕੇ ਫੇਰ ਵੱਡੀ ਕੰਧ ਢਾਹੀ ਜਾਵੇਗੀ। ਨੌਕਰ ਸ਼ਾਹੀ ਸਿੱਖ ਕੌਮ ਨੂੰ ਬੁੱਧੂ ਸਮਝ ਕੇ ਅਜਬ ਮਖੌਲ ਕਰ ਰਹੀ ਹੈ।

ਹੁਣ ਪੰਥ ਦੀ ਆਨ

ਦਾ ਸਵਾਲ ਹੈ ਅਤੇ ਉਹ ਇਸੇ ਤਰ੍ਹਾਂ ਰਹਿ ਸਕਦੀ ਹੈ ਕਿ ਢੱਠੀ ਹੋਈ ਕੰਧ ਸਰਕਾਰ ਪਾਸੋਂ ਚੜ੍ਹਵਾ ਕੇ ਅਗੋਂ ਲਈ ਗੁਰਦੁਆਰਾ ਸ੍ਵਤੰਤ੍ਰ ਰਹੇ ਅਤੇ ਕੋਈ ਅਦਲਾ ਬਦਲੀ ਸਰਕਾਰੀ ਹੁਕਮ ਨਾਲ ਨਾ ਕੀਤੀ ਜਾਵੇ।

ਜੇ ਸਰਕਾਰ ਦੀਵਾਰ ਨ ਬਣਾ ਦੇਵੇ ਤਾਂ ਖਾਲਸੇ ਨੂੰ ਆਪ ਟੋਕਰੀ ਢੋ ਕੇ ਹੱਥੀਂ ਕਾਰ ਕਰ ਕੇ ਦੀਵਾਰ ਚੜ੍ਹਾ ਕੇ ਸਰਕਾਰ ਦੀ ਫੋਕੀ ਦੋਸਤੀ ਦੀ ਇਕ ਜੀਉਂਦੀ ਯਾਦਗਾਰ ਖੜੀ ਕਰ ਦੇਣੀ ਚਾਹੀਦੀ ਹੈ ਕਿ ਸਰਕਾਰ ਨੇ ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਤੇ ਸੱਚੀ ਮਿਤਰਤਾ ਬਦਲੇ ਇਕ ਕੰਧ ਢਾਹ ਕੇ ਵੀ ਫਿਰ ਚੜ੍ਹਾ ਨਹੀਂ ਦਿੱਤੀ!

ਅਕਾਲੀ ਲਾਹੌਰ, ੩ ਸਤਬੰਰ ੧੯੨੦

ਦਰਬਾਰ ਸਾਹਿਬ, ਅੰਮ੍ਰਿਤਸਰ ! ਛੇਤੀ ਸੁਧਾਰ ਦੀ ਲੋੜ

ਹਰੇਕ ਚੀਜ਼ ਵਖੋ ਵਖ ਮਤਲਬ ਲਈ ਬਣਾਈ ਗਈ ਹੈ। ਜੋ ਅਸਥਾਨ ਜਿਸ ਮਤਲਬ ਲਈ ਬਣਾਇਆ ਗਿਆ ਹੋਵੇ ਉਥੇ ਜਿਹਾ ਹੀ ਕਾਰਜ ਹੋਣਾ ਫਬਦਾ ਹੈ, ਬਜ਼ਾਰਾਂ ਵਿਚ ਘੋੜ ਦੌੜ ਨਹੀਂ ਹੋ ਸਕਦੀ ਨਾਂ ਹੀ ਘੋੜ ਦੌੜ ਵਿਚ ਬਾਜ਼ਾਰ ਲਗ ਸਕਦੇ ਹਨ, ਸਕੂਲ ਅਤੇ ਪਾਠਸ਼ਾਲਾਂ ਵਿਚ ਮੀਨਾ ਬਾਜ਼ਾਰ ਨਹੀਂ ਲਗ ਸਕਦੇ ਨਾਂ ਹੀ ਸਕੂਲ ਦੇ ਅੰਦਰ ਸਾਨ੍ਹਾਂ ਦੇ ਘੋਲ ਹੋ ਸਕਦੇ ਹਨ। ਦੁਨੀਆਂ ਵਿਚ ਹੋਰ ਅਸਥਾਨ ਭਾਵੇਂ ਕਿਸੇ ਦੂਜੇ ਮਤਲਬ ਲਈ ਕਦੀ ਵਰਤੇ ਜਾਣ ਪਰ ਹਰ ਇਕ ਦੇਸ਼ ਤੇ ਮਜ਼ਹਬ ਵਿਚ ਧਰਮ ਅਸਥਾਨਾਂ ਨੂੰ ਕੇਵਲ ਧਰਮ ਪ੍ਰਚਾਰ ਲਈ ਹੀ ਵਰਤਣਾਂ ਠੀਕ ਸਮਝਿਆ ਜਾਂਦਾ ਹੈ, ਇਸ ਤੋਂ ਉਲਟ ਕਰਨ ਵਾਲਾ ਪਾਪੀ ਤੇ ਪਤਿਤ ਖ਼ਿਆਲ ਕੀਤਾ ਜਾਂਦਾ ਹੈ, ਪਰ ਸ਼ਾਇਦ ਦੁਨੀਆਂ ਵਿਚ ਕੇਵਲ ਸਿੱਖਾਂ ਦਾ ਹੀ ਦਰਬਾਰ ਸਾਹਿਬ ਹੋਵੇ ਜਿਥੇ ਪ੍ਰਕਰਮਾਂ ਵਿਚ ਸਾਹਨਾਂ ਦੇ ਘੋਲ ਹੁੰਦੇ ਹਨ ਤੇ ਯਾਤਰੂ ਫੱਟੜ ਹੁੰਦੇ ਹਨ, ਦੁਕਾਨਾਂ ਦਾ ਬਾਜ਼ਾਰ ਬਣਿਆ ਹੋਇਆ ਅਤੇ ਦੀਵਾਲੀ ਤੇ ਵਿਸਾਖੀ ਨੂੰ ਤਾਂ ਐਨ ਮੀਨਾ ਬਾਜ਼ਾਰ ਬਣ ਜਾਂਦਾ ਹੈ ਕਿਉਂਕਿ ਮਨਿਆਰੀ ਖਿਡਾਉਣੇ ਆਦਿ ਸਭ ਤਰ੍ਹਾਂ ਦੀਆਂ ਦੁਕਾਨਾਂ ਆ ਸਜਦੀਆਂ ਹਨ, ਜੋਤਸ਼ੀ, ਰਮਲੀਆਂ ਤੇ ਹੋਰ ਕਈ ਤਰ੍ਹਾਂ ਦੇ ਜਾਲਾਂ ਵਿਚ ਓਪਰਿਆਂ ਨੂੰ ਫਸਾਉਣ ਵਾਲੇ, ਥਾਂ ਥਾਂ ਡੇਰੇ ਲਾਈ ਬੈਠੇ ਹਨ। ਬੁੰਗੇ ਜੋ ਯਾਤਰੀਆਂ ਦੇ ਬਿਸ੍ਰਾਮ ਲਈ ਬਣਾਏ ਗਏ ਸਨ ਉਨ੍ਹਾਂ ਵਿੱਚੋਂ ਕਈ ਕਰਾਇਆਂ ਤੇ ਚੜ੍ਹੇ ਹੋਏ ਹਨ, ਕਿਧਰੇ ਲਲਾਰੀ ਕਪੜੇ ਰੰਗ ਰਹੇ ਹਨ ਕਿਧਰੇ ਹੋਰ ਕੁਝ ਹੋ ਰਿਹਾ ਹੈ, ਇਕ ਓਪਰਾ ਪ੍ਰਦੇਸੀ ਯਾਤਰੂ ਆ ਕੇ ਸਭ ਕੁਝ ਵੇਖ ਕੇ ਕਦੀ ਇਸ ਨਤੀਜੇ ਤੇ ਨਹੀਂ ਪਹੁੰਚ ਸਕਦਾ ਕਿ ਇਹ ਕਿਸੇ ਉੱਚੇ ਆਦਰਸ਼ਕ ਧਰਮ ਦਾ ਅਸਥਾਨ ਹੈ। ਉਸ ਦਾ ਦਿਲ ਠੰਡੀ ਆਹ ਭਰਕੇ ਆਖੇਗਾ "ਆਹ" ਇਸ ਅਸਥਾਨ ਦਾ ਬਾਨੀ ਕੋਈ ਅਦੁਤੀ ਮਹਾਤਮਾ ਤੇ ਹਰ ਮਨ ਪਿਆਰਾ ਬਜ਼ੁਰਗ ਹੋਇਆ ਹੈ ਪਰ ਉਸ ਦੇ ਮੁਰੀਦ ਬੜੇ ਬੇਅਣਖੇ, ਦਲਿਦਰੀ ਤੇ ਬੁੱਧੂ ਹਨ, ਜਿਨ੍ਹਾਂ ਨੇ ਆਪਣੇ ਧਾਰਮਕ ਅਸਥਾਨ ਦਾ ਇਹ ਹਾਲ ਬਣਾ ਦਿੱਤਾ ਹੈ,

ਬੇਸ਼ਕ ! ਇਕ ਓਪਰੇ ਆਦਮੀ ਦੇ ਮੂੰਹੋਂ ਈਹੋ ਬਚਨ ਨਿਕਲ ਸਕਦੇ ਹਨ। ਅਸੀਂ ਨਵੇਂ ਸਰਬਰਾਹ ਸਰਦਾਰ ਸੁੰਦਰ ਸਿੰਘ ਜੀ ਦਾ ਧਿਆਨ ਇਨ੍ਹਾਂ ਗੱਲਾਂ ਦੇ ਸੁਧਾਰ ਲਈ ਦਿਵਾਂਦੇ ਹੋਏ ਬੇਨਤੀ ਕਰਦੇ ਹਾਂ ਕਿ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਇਸ ਧਰਮ ਅਸਥਾਨ ਨੂੰ ਸਚਮੁਚ ਧਰਮ ਅਸਥਾਨ ਬਣਾ ਦਿਓ। ਇਸ ਜਗਾ ਵਾਧੂ ਤੇ ਫ਼ਜ਼ੂਲ ਦੁਕਾਨਾਂ ਵੇਹਲਿਆਂ ਤੇ ਦੁਰਾਚਾਰੀ ਪੁਰਸ਼ਾਂ ਦਾ ਅੱਡਾ ਬਣੀਆਂ ਹੋਈਆਂ ਹਨ। ਉਹ ਕੇਵਲ ਇਨ੍ਹਾਂ ਦੀ ਓਟ ਲੈ ਕੇ ਕਈ ਤਰ੍ਹਾਂ ਦੇ ਦਾਉ ਲਾਉਂਦੇ ਹਨ। ਸਭ ਤਰ੍ਹਾਂ ਦੀਆਂ ਦੁਕਾਨਾਂ ਪ੍ਰਕਰਮਾਂ ਵਿੱਚੋਂ ਹਟਾ ਦੇਣੀਆਂ ਚਾਹੀਦੀਆਂ

ਹਨ। ਬੁੰਗਾ ਕੋਈ ਕਰਾਏ ਤੇ ਨ ਦਿੱਤਾ ਜਾਵੇ ਸਭ ਯਾਤਰੀਆਂ ਦੇ ਬਿਸ਼੍ਰਾਮ ਲਈ ਖੁਲੇ ਰਹਿਣ। ਗਊਆਂ ਅਤੇ ਸਾਹਣ ਪ੍ਰਕਰਮਾਂ ਵਿਚ ਨ ਆਵਣ। ਆਸ਼ਾ ਹੈ ਕਿ ਸਰਬਰਾਹ ਸਾਹਿਬ ਗੁਰੂ ਜੀ ਅਤੇ ਸਾਧ ਸੰਗਤ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਪੂਰਾ ਯਤਨ ਕਰਨਗੇ। ਅਤੇ ਗੁਰੂ ਪੰਥ, ਜਦ ਤੀਕ ਪੂਰਾ ਸੁਧਾਰ ਨ ਹੋ ਜਾਵੇ, ਉੱਕਾ ਸਬਰ ਨ ਕਰੇ।

ਬਾਬੇ ਦੀ ਬੇਰ ਸਿਆਲ ਕੋਟ

ਹਿੰਦ ਦੇ ਕੌਮੀ ਸਵਾਲ ਨੇ ਸਭ ਨੂੰ ਇਕਮਿਕ ਹੋਣ ਲਈ ਮਜਬੂਰ ਕਰ ਦਿੱਤਾ ਹੈ। ਹਿੰਦੂ, ਮੁਸਲਮਾਨ ਤੇ ਸਿੱਖ ਗਲੇ ਮਿਲ ਰਹੇ ਹਨ ਤੇ ਇਕ ਦੂਜੇ ਦੇ ਮਜ਼ਹਬੀ ਸਵਾਲਾਂ ਨੂੰ ਆਦਰ ਨਾਲ ਵੇਖ ਰਹੇ ਹਨ। ਪਰ ਪੇਟ ਪਾਲੂਆਂ ਤੇ ਝੋਲੀ ਚੁਕਾਂ ਸਰਕਾਰੀ ਅਫ਼ਸਰਾਂ ਤੇ ਹੋਰ ਲੋਕਾਂ ਨੂੰ ਇਹ ਗੱਲ ਨਹੀਂ ਭਾਉਂਦੀ। ਉਹ ਹੁਣ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਨੂੰ ਲੜਾਨ ਲਈ ਕਈ ਹੀਲੇ ਵਰਤ ਰਹੇ ਹਨ। ਮੁਕਤਸਰ ਵਿਚ ਝਟਕੇ ਦਾ ਸਵਾਲ ਛੇੜ ਕੇ ਅਤੇ ਸਿੱਖਾਂ ਨੂੰ ਖੂਹਾਂ ਤੋਂ ਪਾਣੀ ਭਰਨੋ ਰੋਕ ਕੇ ਫਿਕ ਪਾਇਆ ਗਿਆ। ਹੁਣ ਸਿਆਲਕੋਟ ਦੀ ਖ਼ਬਰ ਹੈ ਕਿ ਸਿੱਖਾਂ ਨੂੰ ਤੰਗ ਕਰ ਕਰ ਕੇ ਭੜਕਾਇਆ ਜਾ ਰਿਹਾ ਹੈ।

ਇਹ ਸਿੱਖ ਗੁਰਦੁਆਰਾ ਹੈ ਅਤੇ ਸਿੱਖ ਪ੍ਰਬੰਧ ਵਿਚ ਹੀ ਰਹਿਣਾ ਹੈ। ਪਤਤ ਗੰਡਾ ਸਿੰਘ ਦਾ ਸਰਬਰਾਹੀ ਨੂੰ ਜੱਫ਼ਾ ਮਾਰਨਾ ਤੇ ਸਰਕਾਰੀ ਅਫ਼ਸਰਾਂ ਦੀ ਸਹੈਤਾ ਨਾਲ ਚਾਰ ਦਿਨ ਖੱਪ ਪਾਣੀ, ਕੇਵਲ ਸਿੱਖਾਂ ਤੇ ਹਿੰਦੂਆਂ ਨੂੰ ਲੜਾਨ ਦਾ ਯਤਨ ਹੈ।

ਗੁਰੂ ਪੰਥ ਕਦੀ ਸਹਾਰ ਨਹੀਂ ਸਕਦਾ ਕਿ ਪਵਿੱਤਰ ਗੁਰਧਾਮ ਦੂਜੇ ਮਤਾਂ ਵਾਲਿਆਂ ਦੇ ਹੱਥਾਂ ਵਿਚ ਹੋਣ। ਸਰਕਾਰ ਅੰਗ੍ਰੇਜ਼ੀ ਅੰਮ੍ਰਿਤਸਰ ਵਿਚ ਦਖ਼ਲ ਦੇਣੋਂ ਲਾਂਭੇ ਹੋ ਰਹੀ ਹੈ। ਫਿਰ ਸਮਝ ਨਹੀਂ ਆਈ ਕਿ ਗੰਡਾ ਸਿੰਘ ਕਿਸ ਹੌਂਸਲੇ ਤੇ ਲੱਤ ਅੜਾ ਰਿਹਾ ਹੈ।

ਮੁਕਦਮੇ ਸਬੰਧੀ ਜੋ ਸਥਾਨੀ ਮੈਜਿਸਟ੍ਰੇਟ ਪੱਖ ਪਾਤ ਤੋਂ ਕੰਮ ਲੈ ਰਿਹਾ ਹੈ ਉਸ ਦਾ ਪੂਰਾ ਹਾਲ ਫਿਰ ਦਿੱਤਾ ਜਾਵੇਗਾ।

ਕੀ ਅੰਮ੍ਰਿਤ ਪ੍ਰਚਾਰ ਬੰਦ ਕਰ ਦਈਏ!

ਸ: ਨਰੈਣ ਸਿੰਘ ਜੀ ਪਿੰਡ ਕਲ੍ਹਾ ਲਿਖਦੇ ਹਨ "ਕਲ੍ਹੇ ਵਿਚ ਅੰਮ੍ਰਿਤ ਪ੍ਰਚਾਰ ਕਰਨਾ ਤਸੀਲਦਾਰ ਨੇ ਧਕੋ ਧਕੀ ਬੰਦ ਕਰ ਦਿੱਤਾ। ਦੀਵਾਨ ਰੋਕ ਦਿੱਤਾ। ਇਸ ਦੀ ਖਬਰ ਚੀ: ਖਾ: ਦੀਵਾਨ ਤੇ "ਖਾ: ਸਮਾਚਾਰ" ਨੂੰ ਰਜਿਸਟਰੀਆਂ ਤੇ ਤਾਰਾਂ ਦੂਾਰਾ ਭੇਜੀ ਗਈ। ਨਾ ਇਹ "ਖਾ: ਸਮਾਚਾਰ" ਨੇ ਛਾਪੀ, ਨਾ ਦੀਵਾਨ ਨੇ ਕੋਈ ਉਤਰ ਦਿੱਤਾ ਤੇ ਨਾ ਹੀ ਕੋਈ ਉਪਾ ਕੀਤਾ। ਕੀ ਇਨ੍ਹਾਂ ਦੀ ਈਹੋ ਮਰਜ਼ੀ ਹੈ ਕਿ ਦੀਵਾਨ ਨ ਲਾਈਏ ਤੇ ਅੰਮ੍ਰਿਤ ਪ੍ਰਚਾਰ ਬੰਦ ਕਰ ਦੇਈਏ? ਦਾਸ ਇਸ ਉਤਰ ਦਾ ਉਡੀਕਵਾਨ ਹੈ।"

ਅਸੀਂ ਭਾਈ ਨਰੈਣ ਸਿੰਘ ਜੀ ਨੂੰ ਬੇਨਤੀ ਕਰਦੇ ਹਾਂ ਕਿ ਅਜੇਹੇ ਔਖੇ ਕੰਮਾਂ ਲਈ ਇਨ੍ਹਾਂ ਨੂੰ ਖੇਚਲ ਨ ਦਿਆ ਕਰੋ ਜੇ ਕਦੀ ਕੋਈ "ਐਡ੍ਰੈਸ" ਦੇਣਾ ਹੋਵੇ ਤਾਂ ਬੇਸ਼ਕ ਸਦਾ ਪੱਤਰ ਭੇਜ ਦਿੱਤਾ!

ਅਕਾਲੀ ਲਾਹੌਰ, ੪ ਸਤਬੰਰ ੧੯੨੦

ਗੁਰਦੁਆਰਿਆਂ ਨੂੰ ਬਚਾਓ ! ਅਤੇ ਆਪਣੇ ਜੀਊਂਦੇ ਹੋਣ ਦਾ ਸਬੂਤ ਦਸੋ !

੧.

ਦੁਨੀਆਂ ਅਚਰਰਜ ਭੇੜ ਵਿਚ ਜੁਟੀ ਪਈ ਹੈ। ਕੋਈ ਮੁਲਖਾਂ ਦੇ ਮੁਲਖ ਆਪਣੇ ਵਸ ਵਿਚ ਰੱਖਣ ਲਈ ਬੇਸ਼ੁਧ ਹੋ ਕੇ ਜੁਟਾ ਹੋਇਆ ਹੈ। ਕੋਈ ਸ੍ਵਰਾਜ ਪ੍ਰਾਪਤ ਕਰਨ ਲਈ ਹਥ ਪੈਰ ਮਾਰ ਰਹੇ ਹਨ। ਕਈ ਸਾਰੇ ਸੰਸਾਰ ਨੂੰ ਇਕ ਟੱਬਰ ਵਾਂਗ ਆਪੋ ਵਿਚ ਮਿਲਾ ਕੇ ਸਭ ਅਫ਼ਸਰੀ ਤੇ ਮਾਤਹਿਤੀ ਦੇ ਟੰਟੇ, ਚੁਕਾ ਕੇ ਖੁਲ੍ਹਾਂ ਦਿਵਾਉਣ ਦਾ ਦੰਮ ਮਾਰ ਰਹੇ ਹਨ।

ਇਕ ਪਾਸੇ ਤਾਂ ਇਡੇ ਵਡੇ ਆਦਰਸ਼ਾਂ ਵਾਲੀ ਦੁਨੀਆਂ ਵਸਦੀ ਹੈ। ਦੂਜੇ ਪਾਸੇ ਦਸਮੇਸ਼ ਪਿਤਾ ਦਾ ਅਕਾਲੀ

ਖਾਲਸਾ ਹੈ ਅਤੇ ਉਸ ਦੇ ਆਪਣੇ ਧਰਮ ਅਸਥਾਨ ਤੇ ਗੁਰਦੁਆਰੇ ਵੀ ਇਸਦੇ ਪ੍ਰਬੰਧ ਵਿਚ ਨਹੀਂ ਹਨ। ਦਰਬਾਰ ਸਾਹਿਬ ਅੰਮ੍ਰਿਤਸਰ ਦਾ ਹਾਲਾਂ ਪੰਥ ਦੇ ਮਨ ਭਾਉਂਦਾ ਪ੍ਰਬੰਧ ਨਹੀਂ ਹੋਇਆ। ਗੁਰਦੁਆਰੇ ਰਕਾਬ ਗੰਜ ਦੀ ਢਠੀ ਹੋਈ ਕੰਧ ਖਾਲਸੇ ਦੀ ਬੇ ਹਿੰਮਤੀ ਦਸ ਕੇ ਸ਼ਰਮਿੰਦਾ ਕਰ ਰਹੀ ਹੈ। ਬਾਬੇ ਦੀ ਬੇਰ ਸਿਆਲਕੋਟ ਵਿਚ ਇਕ ਸਿੱਖੀ ਤੋਂ ਪਤਿਤ ਮਿਸਟਰ ਗੰਡਾ ਸਿੰਘ ਛਾਤੀ ਠੋਕ ਕੇ ਸਰਬਰਾਹ ਬਣਿਆ ਹੋਇਆ ਤੀਹ ਲੱਖ ਖਾਲਸੇ ਨੂੰ ਵੰਗਾਰ ਰਿਹਾ ਹੈ। ਨਾਨਕਾਣਾ ਸਾਹਿਬ ਨੂੰ ਮਹੰਤ ਹੁਰੀਂ ਹੀ ਸਾਂਭ ਕੇ ਆਪਣਾ ਅਨੰਦ ਭਵਨ ਬਣਾਈ ਬੈਠੇ ਹਨ ਤੇ ਗੁਰੂ ਪੰਥ ਦੀ ਕੱਖ ਪ੍ਰਵਾਹ ਨਹੀਂ ਕਰਦੇ। ਪੰਜਾ ਸਾਹਿਬ, ਗੁਰ ਸਰ ਸਤਲਾਣੀ, ਤਰਨ ਤਾਰਨ ਸਾਹਿਬ, ਕੇਹੜੇ ਕੇਹੜੇ ਗੁਰਧਾਮ ਨੂੰ ਗਿਣੀਏ ?

ਇਕ ਲਾਹੌਰ ਦੇ ਗੁਰ ਅਸਥਾਨ ਹੀ ਬੇਅੰਤ ਹਨ।

ਪਿਛੇ ਜਿਹੇ ਸੰਗਤ ਨੇ ਚੁਮਾਲੇ ਸਾਹਿਬ ਛੇਵੇਂ ਗੁਰ ਸਾਹਿਬ ਦੇ ਗੁਰਦੁਆਰੇ ਵਿਚ ਜਾ ਕੇ ਦੀਵਾਨ ਸਜਾਇਆ ਤਾਂ ਅਗੋਂ ਭਾਈ ਹੁਰੀਂ ਹਥੋਂ ਪਾਈ ਹੋਣ ਨੂੰ ਤਿਆਰ! ਆਦਮੀ ਸਦ ਕੇ ਬੂਹੇ ਅਗੇ ਖੜ੍ਹੇ ਕਰ ਦਿੱਤੇ। ਗੁਰੂ ਅਤੇ ਸੰਗਤ ਦੀ ਨਿਰਾਦਰੀ ਕਰਨ ਵਿਚ ਕੋਈ ਕਸਰ ਬਾਕੀ ਨ ਛੱਡੀ। ਸ਼ਾਇਦ ਹੀ ਕੋਈ ਅਸਥਾਨ ਹੋਵੇ ਜਿਥੇ ਗੁਰੂ ਪੰਥ ਦਾ ਪ੍ਰਬੰਧ ਹੋਵੇ। ਹਾਂ ਪਸ਼ੌਰ ਦੀ ਸਿੰਘ ਸਭਾ ਨੇ ਹਿੰਮਤ ਕਰ ਕੇ ਅਕਾਲੀ ਫੂਲਾ ਸਿੰਘ ਜੀ ਦੀ ਸਮਾਧ ਦਾ ਪ੍ਰਬੰਧ ਕਰ ਲਿਆ ਹੈ।

ਜਦ ਪੰਥ ਦੇ ਕ੍ਰੋੜਾਂ ਰੁਪਏ ਨਾਲ ਬਣੇ ਹੋਏ ਅਤੇ ਲੱਖਾਂ ਸ਼ਹੀਦਾਂ ਦੇ ਲਹੂ ਨਾਲ ਧੋਤੇ ਹੋਏ ਪਵਿੱਤਰ ਧਰਮ ਅਸਥਾਨ ਗੁਰਸਿੱਖੀ ਦੀ ਨਿਰਾਦਰੀ ਅਤੇ ਗੁਰੂ ਪੰਥ ਦੀ ਹੱਤਕ ਦੇ ਅੱਡਾ ਬਣੇ ਹੋਏ ਹਨ ਤਾਂ ਕੀ ਪੰਥ ਨੂੰ ਇਕ ਪਲ ਲਈ ਵੀ ਚੈਨ ਕਰਨਾ ਯੋਗ ਹੈ ?

ਸਾਡੇ ਲਈ ਈਹੋ ਸ੍ਵਰਾਜ ਤੇ ਈਹੋ ਅਧਿਕਾਰ ਪ੍ਰਾਪਤ ਕਰਨੇ ਹਨ ਕਿ ਅਸੀਂ ਆਪਣੇ ਧਾਰਮਕ ਮੰਦਰ ਸੰਭਾਲ ਲਈਏ ਤੇ ਇਨ੍ਹਾਂ ਨੂੰ ਸਚ ਮੁਚ ਧਰਮ ਅਸਥਾਨ ਬਣਾ ਦਈਏ।

ਮੈਹਕਮਾ ਫਾਈਨੈਂਨਸ ਅਤੇ ਸਿੱਖ

ਸੁਧਾਰ ਸਕੀਮ ਅਨੁਸਾਰ ਸਰਕਾਰ ਨੇ ਸਿੱਖਾਂ ਦੇ ਅੱਡਰੇ ਹਕਾਂ ਦੀ ਰਾਖੀ ਕਰਨ ਦੇ ਅਸੂਲ ਨੂੰ ਸਾਫ਼ ਸਾਫ਼ ਮੰਨ ਲਿਆ ਹੈ। ਪਰ ਨਿਰਾ ਪੁਰਾ ਦਸ ਬਾਰਾਂ ਕੌਂਸਲ ਦੀਆਂ ਮੈਂਬਰੀਆਂ ਨਾਲ ਹੀ ਸਿੱਖਾਂ ਦੇ ਹੱਕਾਂ ਦੀ ਰਾਖੀ ਨਹੀਂ ਹੋ ਸਕਦੀ। ਇਸ ਤੋਂ ਕਈ ਗੁਣਾਂ ਵਧ ਕੇ ਲੋੜ ਹੈ ਕਿ ਹਰ ਇਕ ਮਹਿਕਮੇ ਵਿਚ ਵਡੇ ਛੋਟੇ ਹਾਕਮਾਂ ਵਿਚ ਸਿੱਖਾਂ ਦੀ ਗਿਣਤੀ ਕਾਫ਼ੀ ਹੋਵੇ। ਕਿਉਂਕਿ ਅਫ਼ਸਰਾਂ ਨਾਲ ਪਰਜਾ ਦਾ ਸਦਾ ਹੀ ਕੰਮ ਪੈਂਦਾ ਰਹਿੰਦਾ ਹੈ। ਹੁਣ ਤਕ ਜਦੋਂ ਕਦੇ ਸਿੱਖਾਂ ਵੱਲੋਂ ਇਹ ਮੰਗ ਕੀਤੀ ਗਈ ਹੈ ਤਾਂ ਸਰਕਾਰ ਵੱਲੋਂ ਹਮੇਸ਼ਾ ਇਹ ਉਤਰ ਦੇ ਕੇ ਟਾਲਿਆ ਜਾਂਦਾ ਰਿਹਾ ਹੈ ਕਿ ਅਜੇ ਸਿੱਖ ਪੜ੍ਹੇ ਲਿਖੇ ਘਟ ਮਿਲਦੇ ਹਨ। ਜਦੋਂ ਸਿੱਖਾਂ ਵਿਚ ਲੈਕ ਆਦਮੀ ਪੈਦਾ ਹੋ ਗਏ ਤਾਂ ਫੇਰ ਸਰਕਾਰ ਸਿੱਖਾਂ ਦਾ ਜ਼ਰੂਰ ਖ਼ਿਆਲ ਰਖੇਗੀ। ਪਰ ਹੁਣ ਸਿੱਖਾਂ ਵਿਚ ਪੜ੍ਹੇ ਲਿਖੇ ਅਤੇ ਲਾਇਕ ਆਦਮੀਆਂ ਦਾ ਕੋਈ ਤੋੜਾ ਨਹੀਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਆਪਨੇ ਕਈ ਵਾਰ ਦਿਤੇ ਹੋਏ ਬਚਨਾਂ ਨੂੰ ਨੇਕ ਨੀਯਤੀ ਨਾਲ ਪਾਲੇ।

ਅਸੀਂ ਮਹਿਮਾ ਫਾਇਨੈਂਨਸ ਦੇ ਅਫ਼ਸਰਾਂ ਦੀ ਫ਼ਹਿਰਿਸਤ ਨੂੰ ਪਤਰਾ ਪਤਰਾ ਕਰਕੇ ਫੋਲਿਆ ਹੈ। ਪਰ ਸ਼ੋਕ ਹੈ ਕਿ ਇਕ ਵੀ ਸਿੱਖ ਦਾ ਨਾਉਂ ਨਹੀਂ ਮਿਲਿਆ। ਜੇ ਭਲਾ ਵਿਦਿਆ ਦੇ ਘਾਟੇ ਕਰ ਕੇ ਕੋਈ ਸਿੱਖ ਟਾਕਰੇ ਦੇ ਇਮਤਿਹਾਨ ਵਿਚ ਹੁਣ ਤਾਂਈ ਕਾਮਯਾਬ ਨਹੀਂ ਹੋ ਸਕਿਆ ਤਾਂ ਸਰਕਾਰ ਨੂੰ ਚਾਹੀਦਾ ਸੀ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ ਯਾ ਤਾਂ ਕਿਸੇ ਸਿੱਖ ਨੂੰ ਸਿੱਧਾ ਨੀਯਤ ਕਰਦੀ ਅਤੇ ਯਾ ਮਹਿਕਮੇ ਵਿੱਚੋਂ ਕਿਸੇ ਲਾਇਕ ਅਤੇ ਤਜਰਬਾਕਾਰ ਸਿੱਖ ਨੂੰ ਤਰੱਕੀ ਦੇ ਕੇ ਉਚੇ ਹਾਕਮਾਂ ਵਿਚ ਲੈ ਲੈਂਦੀ ਤਾਂ ਜੋ ਸਿੱਖ ਹੱਕਾਂ ਦੀ ਰਾਖੀ ਵੀ ਚੰਗੀ ਤਰ੍ਹਾਂ ਹੋ ਸਕਦੀ। ਇਸ ਮਹਿਕਮੇ ਦੇ ਵਡੇ ਦਫ਼ਤਰ ਲਾਹੌਰ ਵਿਚ ੪੦੦ ਕਲਰਕਾਂ ਵਿੱਚੋਂ ਮਸਾਂ ਦਸ ਬਾਰਾਂ ਹੀ ਸਿੱਖ ਹਨ। ਸਿੱਖ ਵਡੇ ਹਾਕਮ ਨਾ ਹੋਣ ਕਰ ਕੇ ਛੋਟੇ ਅਫ਼ਸਰਾਂ ਦੀ ਉਨਤੀ ਵਿਚ ਵੀ ਕਈ ਕਿਸਮ ਦੇ ਰੋੜੇ ਅਟਕਾਏ ਜਾਂਦੇ ਹਨ ਅਤੇ ਤਰਕੀਆਂ ਦੇ ਮੌਕਿਆਂ ਤੇ ਸਿੱਖਾਂ ਦਾ ਖ਼ਿਆਲ ਨਹੀਂ ਰਖਿਆ ਜਾਂਦਾ।

ਅਸੀਂ ਖ਼ਾਸ ਕਰਕੇ ਅਕੌਂਟੰਟ ਜਨਰਲ ਅਤੇ ਕੰਨਟੋਲਰ ਜਨਰਲ ਦਾ ਧਿਆਨ ਇਸ ਪਾਸੇ ਦਿਵਾਉਂਦੇ ਹੋਏ ਬੜੇ

ਜ਼ੋਰ ਨਾਲ ਬੇਨਤੀ ਕਰਦੇ ਹਾਂ ਕਿ ਹੁਣ ਛੇਤੀ ਹੀ :-

੧. ਇਸ ਮਹਿਕਮੇ ਵਿਚ ਸਿੱਖਾਂ ਦੀ ਗਿਣਤੀ ਵਧਾਈ ਜਾਵੇ ।

੨. ਕਿਸੇ ਲਾਇਕ ਅਤੇ ਤਜਰਬਾਕਾਰ ਸਿੱਖ ਨੂੰ ਤਰੱਕੀ ਦੇ ਕੇ ਉੱਚੇ ਹਾਕਮਾਂ ਵਿਚ ਲਿਆ ਜਾਵੇ ।

੩. ਖ਼ਾਸ ਕਰ ਕੇ ਛੋਟੇ ਅਫ਼ਸਰਾਂ ਦੇ ਇਮਤਿਹਾਨ ਦੇ ਸਮੇਂ ਸਿੱਖਾਂ ਦਾ ਖ਼ਾਸ ਖ਼ਿਆਲ ਰਖਿਆ ਜਾਵੇ। ਏਸ ਇਮਤਿਹਾਨ ਵਿਚ ਬੈਠਣ ਲਈ ਸਿੱਖਾਂ ਨੂੰ ਖ਼ਾਸ ਤੌਰ ਤੇ ਪਰੇਰਿਆ ਜਾਵੇ ।

ਅਕਾਲੀ ਲਾਹੌਰ, ੫ ਸਤਬੰਰ ੧੯੨੦

ਗੁਰਦੁਆਰਿਆਂ ਨੂੰ ਬਚਾਓ ! ਅਤੇ ਆਪਣੇ ਜੀਊਂਦੇ ਹੋਣ ਦਾ ਸਬੂਤ ਦਸੋ !

(੨)

ਪਿਆਰੇ ਪੰਥ ! ਲੈਕਚਰ ਦੇਣ ਵਾਲਿਆਂ ਦੀਆਂ ਜੀਭਾਂ ਥਕ ਗਈਆਂ ਤੇ ਲਿਖਣ ਵਾਲਿਆਂ ਦੀਆਂ ਕਾਨੀਆਂ ਘਸ ਗਈਆਂ । ਸੋਚਣ ਵਾਲਿਆਂ ਦੇ ਦਿਮਾਗ ਫਿਰ ਗਏ । ਹੁਣ ਨਿਰਾ ਲੈਕਚਰ ਦੇਣ, ਲਿਖਣ ਤੇ ਸੋਚਾਂ ਵਿਚ ਸਮਾਂ ਬਿਤਾਉਣ ਜੋਗਾ ਨਹੀਂ ਰਿਹਾ ! ਪੰਥ ਵੱਲੋਂ ਜਿਤਨੀ ਢਿਲਾਈ ਹੋ ਰਹੀ ਹੈ ਗੁਰਧਾਮਾਂ ਨੂੰ ਗ਼ੈਰ ਆਦਮੀ ਬਾਹਲਾ ਪੱਕੀ ਤਰ੍ਹਾਂ ਜੱਫਾ ਮਾਰ ਕੇ ਕਾਬੂ ਕਰ ਰਹੇ ਹਨ ।

ਹੁਣ ਜਦ ਕਿ ਪੰਥ ਵਿਚ ਹਿਲਜੁਲ ਮੱਚੀ ਹੈ ਅਤੇ ਅੰਮ੍ਰਿਤਸਰ ਦੇ ਖਾਲਸੇ ਨੇ ਖਾਲਸਈ ਜੋਸ਼ ਦਾ ਇਕ ਚਮਤਕਾਰਾ ਵਿਖਾਇਆ ਹੈ ਇਸ ਲਈ ਸਭ ਨੂੰ ਫਿਕਰ ਪੈ ਗਏ ਹਨ ਅਤੇ ਉਹ ਆਪਣੀਆਂ 'ਜਦੀ ਜੈਦਾਦਾਂ' ਨੂੰ ਕਾਬੂ ਰੱਖਣ ਲਈ ਸਾਰੇ ਹੀਲੇ ਵਰਤਨਗੇ ।

ਹੁਣ ਲੋੜ ਹੈ ਕਿ ਥਾਉਂ ਥਾਂਈਂ ਗੁਰਦੁਆਰਾ ਸੇਵਕ ਕਮੇਟੀਆਂ ਬਣ ਜਾਣ ਤੇ ਗੁਰਦੁਆਰਿਆਂ ਦੇ ਸੁਧਾਰ ਲਈ।

"ਜੇ ਤਉਹਿ ਪ੍ਰੇਮ ਖੇਲਨ ਕਾ ਚਾਓ
ਸਿਰ ਧਰ ਤਲੀ ਗਲੀ ਮੋਰੀ ਆਓ"

ਦੇ ਵਾਕ ਨੂੰ ਮੰਨਦੇ ਹੋਏ ਹਰ ਤਰ੍ਹਾਂ ਦੇ ਕਸ਼ਟ ਤੇ ਦੁਖੜੇ ਝਲਣ ਲਈ ਤਿਆਰ ਹੋ ਜਾਣ ।

ਸਭ ਤੋਂ ਪਹਿਲਾਂ ਗੁਰ ਅਸਥਾਨ ਵਿਚ ਦੀਵਾਨ ਸਜਾਓ । ਕਥਾ, ਕੀਰਤਨ ਅਤੇ ਪ੍ਰਚਾਰ ਕਰੋ । ਕੁਰੀਤੀਆਂ ਹਟਾਓ ਤੇ ਗ੍ਰੰਥੀਆਂ ਨੂੰ ਪ੍ਰੇਮ ਨਾਲ ਸਮਝਾਓ । ਇਸ ਤਰ੍ਹਾਂ ਬਹੁਤ ਸਾਰੀ ਕਾਮਯਾਬੀ ਦੀ ਆਸ ਹੈ ਜੇ ਕੋਈ ਗ੍ਰੰਥੀ ਯਾ ਕੋਈ ਹੋਰ ਸ਼ਰਾਰਤੀ, ਕਿਸੇ ਸ਼ਹ ਉਪਰ, ਦੰਗਾ ਫਸਾਦ ਕਰੇ ਤਾਂ ਵੀ ਆਪ ਉਸਨੂੰ ਬੇਨਤੀ ਕਰੋ ਕਿ "ਭਾਈ ਅਸੀਂ ਗੁਰੂ ਅਸਥਾਨ ਵਿਚ ਗੁਰੂ ਜਸ ਕਰਨ ਬਿਨਾਂ ਜੀਊਂ ਨਹੀਂ ਸਕਦੇ, ਅਸੀਂ ਇਥੇ ਬੇ ਅਦਬੀਆਂ ਤੇ ਨਿਰਾਦਰੀਆਂ ਵੇਖ ਨਹੀਂ ਸਕਦੇ ਇਸ ਤੋਂ ਪਹਿਲਾਂ ਕਿ ਸਾਨੂੰ ਤੁਸੀਂ ਹਰੀ ਜਸ ਕਰਦਿਆਂ ਰੋਕੋ ਯਾ ਸਾਡੀਆਂ ਅੱਖੀਆਂ ਦੇ ਸਾਮ੍ਹਣੇ ਕੋਈ ਗੁਰਸਿਖੀ ਦੀ ਨਿਰਾਦਰੀ ਕਰੋ ਸਾਨੂੰ ਮੁਕਾ ਲੌ" ॥

ਜੇ ਪੰਥ ਨੇ ਪਯਾਰੇ ਸਤਿਗੁਰਾਂ ਦੇ ਪਵਿੱਤਰ ਧਾਮਾਂ ਨੂੰ ਸਚ ਮੁਚ ਅੰਮ੍ਰਿਤ ਦਾ ਚਸ਼ਮਾ ਬਣਾ ਕੇ ਮੁਰਦਾ ਦੁਨੀਆਂ ਅੰਦਰ ਜਾਨ ਪੈਦਾ ਕਰਨੀ ਹੈ ਤਾਂ ਕੁਰਬਾਨੀ ਲਈ ਤਿਆਰ ਹੋਵੇ ।

ਸਾਡੇ ਪਾਸ ਨੁਸ਼ਹਿਰੇ ਤੋਂ ਇਕ ਲੰਮੀ ਚਿਠੀ ਆਈ ਹੈ ਕਿ ਲਾਲਾ ਕਾਸ਼ੀ ਰਾਮ ਕੁਝ ਹੋਰ ਸਾਥੀਆਂ ਨੂੰ ਨਾਲ ਰਲਾ ਕੇ ਉਸ ਗੁਰਦੁਆਰੇ ਨੂੰ ਜੱਫਾ ਮਾਰੀ ਬੈਠਾ ਹੈ ਜਿਹੜਾ ਕਿ ਬਹੁਤ ਸਾਰਾ ਫ਼ੌਜੀ ਸਿੰਘਾਂ ਦੀ ਗਾਹੜੀ ਕਮਾਈ ਅਤੇ ਮਿਹਨਤ ਨਾਲ ਬਣਿਆ ਸੀ । ਅਸੀਂ ਚਾਹੁੰਦੇ ਹਾਂ ਕਿ ਨੁਸ਼ਹਿਰੇ ਵਾਸੀ ਸਿੱਖ ਇਸ ਤੇ ਹੋਰ ਚੰਗੀ ਤਰ੍ਹਾਂ ਰੌਸ਼ਨੀ ਪਾਉਣ ਤਾਂ ਜੋ ਪੰਥ ਨੂੰ ਸਾਰਾ ਹਾਲ ਪਤਾ ਲੱਗ ਜਾਵੇ ।

ਅਜ ਅਸੀਂ ਇਕ ਪੰਜਾ ਸਾਹਿਬ ਦੇ ਯਾਤਰੀ ਦੀ ਚਿੱਠੀ ਛਾਪਦੇ ਹੋਏ ਰਾਵਲ ਪਿੰਡੀ, ਪਸ਼ੌਰ ਅਤੇ ਪੋਠੋਹਾਰ ਦੀਆਂ ਸੰਗਤਾਂ ਦਾ ਧਿਆਨ ਬੜੇ ਜ਼ੋਰ ਨਾਲ ਇਸ ਪਾਸੇ ਦੇਣ ਲਈ ਪ੍ਰਾਰਥਨਾ ਕਰਦੇ ਹਾਂ ਕਿ ਪੋਠੋਹਾਰ ਦੇ ਇਸ ਮੁਖੀ ਅਸਥਾਨ

ਨੂੰ ਬਹੁਤ ਛੇਤੀ ਸੁਧਾਰਿਆ ਜਾਵੇ।

ਦਰਬਾਰ ਪੰਜਾ ਸਾਹਿਬ।

(ਲੇਖਕ ਇਕ ਪਸ਼ੌਰੀ ਯਾਤਰੀ)

ਐ ਗੁਰੂ **ਪੰਥ ! ਸਾਡੇ ਦੋ ਜਹਾਨ ਵਾਲੀ** ਜੀਵਨ ਦਾਤਾ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ ਉਸ ਮਹਾ ਤੀਰਥ "ਪੰਜਾ ਸਾਹਿਬ" ਜੀ ਦੇ ਦਰਬਾਰ ਦੀ ਹਾਲਤ ਇਥੋਂ ਤਕ ਭਿਆਨਕ ਦਿਸ਼ਾ ਅਖ਼ਤਿਆਰ ਕਰ ਚੁਕੀ ਹੈ ਕਿ ਲਿਖਦਿਆਂ ਲੇਖਣੀ ਨਹੀਂ ਚਲਦੀ। "ਜਿਨਾਂ ਗੁਰਦੁਆਰਿਆਂ ਤੋਂ ਗੁਰਬਾਣੀ ਦੇ ਪ੍ਰਚਾਰ ਦੀ ਆਸ ਸੀ ਅਜ ਉਥੋਂ ਗੁਰਸਿੱਖੀ ਦੇ ਉਲਟ ਆਵਾਜ਼ ਉਠ ਰਹੀ ਹੈ"। ਜਿਸ ਪਵਿਤ੍ਰ ਤੀਰਥ ਪਰ ਹਜ਼ਾਰਾਂ ਸ਼ਰਧਾਲੂ ਆਪਣੇ ਤਪਤ ਹਿਰਦਿਆਂ ਨੂੰ ਬੁਝਾ ਕੇ ਸ਼ਾਂਤ ਰਸ ਲੈਣ ਜਾਂਦੇ ਹੈਨ ਤੇਰੀ ਅਣਗਹਿਲੀ ਕਰ ਕੇ ਅਤਿ ਨਿਰਾਸੇ ਹੋ ਕੇ ਮੁੜਦੇ ਹੈਨ। ਕੀਰਤਨ ਦਾ ਕੋਈ ਪ੍ਰਬੰਧ ਨਹੀਂ। ਲੰਗਰ ਦਾ ਕੋਈ ਤਸਲੀ ਬਖ਼ਸ਼ ਇੰਤਜ਼ਾਮ ਨਹੀਂ। ਯਾਤਰੀਆਂ ਦੀ ਕੋਈ ਆਗਤ ਨਹੀਂ। ਰਹਿਣ ਨੂੰ ਥਾਂ ਨਹੀਂ। ਗ੍ਰੰਥੀ ਸਿੰਘਾਂ ਦੇ ਸਰਬੰਧੀ ਜਾਂ ਆਸ਼ਨਾ ਜ਼ਰੂਰ ਕੋਠੜੀ ਆਦਿਕ ਲੈ ਸਕਦੇ ਹੈਨ। ਪਰੰਤੂ ਮੁਸਾਫ਼ਰ ਦੀ ਕੋਈ ਪੁੱਛ ਨਹੀਂ। ਗ੍ਰੰਥੀ ਸਿੰਘਾਂ ਦਾ ਹੰਕਾਰ ਤਾਂ ਹੁਣ ਹਦੋਂ ਟਪ ਚੁੱਕਾ ਹੈ। ੨੧ ਜੁਲਾਈ ਨੂੰ ਇਕ ਗੁਜਰਖਾਨੀ ਜਥੇ ਨਾਲ ਜੋ ਯਾਤਰੂ ਸਨ ਸਿਰਫ਼ ਇਸ ਕਰ ਕੇ ਉਨ੍ਹਾਂ ਨੇ ਕਿਹਾ ਕੇ ਕੜਾਹ ਪ੍ਰਸ਼ਾਦ ਸਾਰਾ ਹੀ ਸੰਗਤ ਵਿਚ ਵੰਡ ਦੇਵੇ ਓਹ ਦੁਰਬਚਨ ਤੇ ਓਹ ਗੰਦੀਆਂ ਗਾਲਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗ੍ਰੰਥੀ ਸਿੰਘਾਂ ਨੇ ਕੱਢੀਆਂ ਕੇ ਵਾਹਿਗੁਰੂ ਹੀ ਜਾਣਦਾ ਹੈ। ਆਏ ਹੋਇ ਜਾਤ੍ਰੀ ਅਤੇ ਭੈਣਾਂ ਪਰ ਉਹ ਅਸਰ ਪਾਇਆ ਕੇ ਕੰਨਾਂ ਉਪਰ ਹੱਥ ਧਰਦੀਆਂ ਤ੍ਰਾਹ ਤ੍ਰਾਹ ਕਰਦੀਆਂ ਸਨ। ਜੋ ਥੋੜ੍ਹੇ ਬਾਹਲੇ ਚੁਬਾਰੇ ਹਨ ਭੀ ਉਹ ਭਾਈ ਸਾਹਿਬ ਨੇ ਡਿਪਟੀਆਂ ਆਦਿਕ ਲਈ ਰੀਜ਼ਰਵ ਰਖੇ ਹੋਏ ਹਨ। ਇਕ ਮੁਸਾਫ਼ਰਖ਼ਾਨਾ ਹੈ ਜੋ ਭਾਈ ਮਾਂਹ ਸਿੰਘ ਜੀ ਪਿਸ਼ਾਵਰੀ ਨੇ ਬਣਾਇਆ ਹੋਇਆ ਹੈ ਅਤੇ ਜੋ ਕੁਛ ਕੰਮ ਆਂਵਦਾ ਹੈ ਨਹੀਂ ਤਾਂ ਰਾਤ ਕਟਣੀ ਔਖੀ ਹੈ। ਕੜਾਹ ਪ੍ਰਸ਼ਾਦਿ ਇਕ ਕੁਠਈ ਹਿੰਦੂ ਕਰਦਾ ਹੈ ਜਿਸ ਪਾਸੋਂ ਭਾਈ ਸਾਹਿਬ ੧੨੦੦) ਸਾਲ ਠੇਕਾ ਲੈਂਦੇ ਹੈਨ। ਚੀਜ਼ ਇਤਨੀ ਮਹਿੰਗੀ ਮਿਲਦੀ ਹੈ ਕਿ ਚਾਰ ਆਨੇ ਫੀ ਰਾਤ ੧ ਚਾਰਪਾਈ ਦੇ ਉਹ ਹਲਵਾਈ ਲੈਂਦਾ ਹੈ। ਜੇ ਗ੍ਰੰਥੀ ਸਿੰਘਾਂ ਨੂੰ ਆਖੋ ਤਾਂ ਉਹ ਮਾਇਆ ਵਿਚ ਮਸਤ ਹੋਇ ਹੋਏ ਸੁਣਦੇ ਹੀ ਨਹੀਂ ਕਿਉਂਕਿ ਉਨ੍ਹਾਂ ਨੇ ਤਾਂ ੧੨੦੦) ਭੇਟਾ ਲੈਣੀ ਹੈ। ਕੋਈ ਹੋਰ ਲੰਗਰ ਆਦਿਕ ਕਰੇ ਜਿਹਾ ਕਿ ਇਕ ਨਿਹੰਗ ਸਿੰਘ ਜੀ ਕਰਦੇ ਸਨ ਤਾਂ ਹੁਕਮਨ ਬੰਦ ਕਰ ਦੇਂਦੇ ਹਨ ਕਿ ਨਹੀਂ ਤਾਂ ਥਾਂ ਛੋੜ। ੧ ਕਾਮਾ ਹੈ ਜੋ ਗੁਰੂ ਦਰਬਾਰ ਜੀ ਦੀ ਸੇਵਾ ਕਰਦਾ ਹੈ। ਭਾਈ ਸਾਹਿਬ ਤਾਂ ਸਵੇਰੇ ੮ ਵਜੇ ਉਠ ਕੇ ਸਰ ਪਰ ਅਸ਼ਨਾਨ ਕਰਦੇ ਹੈਨ ਤੇ ਦਰਸ਼ਨ ਦੇਂਵਦੇ ਹਨ। ਫਿਰ ਪ੍ਰਕਰਮਾਂ ਵਿਚ ੧ ਗਦੇਲਾ ਸਰਹਾਣਾ ਡਾਹ ਕੇ ਗਪੂਟੇਸ਼ਨ ਲਈ ਬੈਠ ਜਾਂਦੇ ਹੈਨ :-ਪ੍ਰਚਾਰ ਦਾ ਏਹ ਹਾਲ ਕਿ ਮਹੀਨਾ ਜੁਲਾਈ ਵਿਚ ਹੀ ੨ ਸਿੱਖਾਂ ਨੇ ਕੇਸ ਕਤਲ ਕਰਵਾਏ ਹਨ। ਐ ਪੰਥ ਜਾਗ ! ਗੁਰੂ ਸਿੰਘ ਸਭਾ ਪਿੰਡੀ ਕੈਮਲਪੁਰ ਤੇ ਐਬਟਾਬਾਦ ਸ਼ੀਘਰ ਹੀ ਲੋਕਲ ਪ੍ਰੇਮੀਆਂ ਸਹਿਤ ਮਿਲ ਕੇ ਇਕ ਇਕਠ ਪੰਜੇ ਸਾਹਿਬ ਕਰਨ ਅਤੇ ਮੁਨਾਸਿਬ ਕਾਰਵਾਈ ਕਰਨ ਨਹੀਂ ਤਾਂ ਹਾਲਤ ਬਿਗੜ ਜਾਵੇਗੀ।

ਅਕਾਲੀ ਲਾਹੌਰ, ੬ ਸਤਬੰਰ ੧੯੨੦

ਕੀ ਸਿੱਖ ਸੁੱਕਾ ਬਰੂਦ ਹਨ ?

ਇਕ ਸਿੱਖ ਪ੍ਰਿੰਸੀਪਲ ਦਾ ਸਿੱਖ ਕੌਮ ਨੂੰ ਸਰਟੀਫ਼ਿਕੇਟ

ਪਾਠਕਾਂ ਨੂੰ ਭੁਲਿਆ ਨਹੀਂ ਹੋਣਾ ਕਿ "ਦੀ ਸਿੱਖ" ਵਿਚ ਅਤੇ "ਅਕਾਲੀ" ਵਿਚ ਭਾਈ ਜੋਧ ਸਿੰਘ ਜੀ ਐਮ. ਏ. ਪ੍ਰਿੰਸੀਪਲ ਨੇ ਲਿਖਿਆ ਸੀ ਕਿ "ਸਿੱਖ ਸੁੱਕਾ ਬਰੂਦ ਹਨ" ਅਤੇ ਅਗੇ ਇਨ੍ਹਾਂ ਨੂੰ ਹਰਦਿਆਲ ਨੇ ਅੱਗ ਲਾ ਕੇ ਸਾੜਿਆ ਸੀ ਤੇ ਹੁਣ ਮਾਸਟਰ ਸੁੰਦਰ ਸਿੰਘ ਜੀ ਤੇ ਕਈ ਇਨ੍ਹਾਂ ਦੇ ਹੋਰ ਸਾਥੀ ਓਹਾ ਕੁਝ ਕਰਨ ਤੋਂ ਟਲ ਜਾਣ"।

ਜੇ ਉਪ੍ਰੋਕਤ ਲਫ਼ਜ਼ ਕਿਸੇ ਅੰਗ੍ਰੇਜ਼ ਦੇ ਮੂੰਹੋਂ ਨਿਕਲਦੇ ਯਾ ਕੋਈ ਹਿੰਦੂ ਯਾ ਮੁਸਲਮਾਨ ਲਿਖਦਾ ਤਾਂ ਸਿੱਖ ਕੌਮ ਇਨ੍ਹਾਂ ਨੂੰ ਵਾਪਸ ਕਰਾਣ ਤੋਂ ਪਹਿਲਾਂ ਸਾਹ ਨ ਲੈਂਦੀ ਪਰ ਹੁਣ ਇਕ ਸਿੱਖ ਪ੍ਰਿੰਸੀਪਲ ਦੀ ਲੇਖਣੀ ਦਵਾਰਾ ਇਹ ਵਾਕ ਨਿਕਲਣੇ "ਕੁੱਛੜ ਬਹਿ ਕੇ ਦਾਹੜੀ ਪੁਟਣ" ਵਾਲੀ ਗੱਲ ਹੈ ਅਤੇ ਕੋਈ ਕਾਰਨ ਨਹੀਂ ਕਿ ਅਸੀਂ ਇਨ੍ਹਾਂ ਦੀ

ਪੂਰੀ ਤਰ੍ਹਾਂ ਵਿਰੋਧਤਾ ਕਰਨ ਲਈ ਖੋਜ ਅਤੇ ਵਿਚਾਰ ਨ ਕਰੀਏ। ਅਸੀਂ ਜਾਤੀ ਹਮਲਿਆਂ ਦੇ ਭੂਤ ਤੋਂ ਡਰ ਕੇ ਯਾ ਕਿਸੇ ਹੋਰ ਦਬਾਓ ਤੋਂ ਘਬਰਾ ਕੇ ਕੌਮੀ ਹੱਤਕ ਸਹਾਰਨ ਲਈ ਕਦੀ ਵੀ ਤਿਆਰ ਨਹੀਂ ਹਾਂ।

"ਸਿੱਖ ਸੁਕਾ ਬਰੂਦ ਹਨ", ਜੇ ਇਸ ਵਾਕ ਦੇ ਅਸੀਂ ਅਰਥ ਕਰੀਏ ਤਾਂ ਇਹ ਬਣਦੇ ਹਨ :-"ਸਿੱਖਾਂ ਵਿਚ ਸੋਚ ਵਿਚਾਰ ਕੋਈ ਨਹੀਂ, ਨਿਰੇ ਬੁਧੂ ਹਨ ਇਨ੍ਹਾਂ ਨੂੰ ਕੋਈ ਭੜਕਾ ਦੇਵੇ ਤਾਂ ਦੂਜੇ ਨੂੰ ਬਿਨਾਂ ਸੋਚੇ ਹੀ ਤਬਾਹ ਕਰ ਦੇਂਦੇ ਹਨ ਤੇ ਆਪ ਸਵਾਹ ਹੋ ਜਾਂਦੇ ਹਨ, ਇਨ੍ਹਾਂ ਨੂੰ ਭੜਕ ਪੈਣ ਵਾਲੀ ਕੋਈ ਗੱਲ ਨਾ ਦੱਸੀ ਜਾਵੇ।"

ਇਸ ਤੋਂ ਪਹਿਲਾਂ ਕਿ ਕੁਝ ਹੋਰ ਲਿਖੀਏ ਸਿੱਖ ਇਤਿਹਾਸ ਵੱਲ ਝਾਤੀ ਪਾਉਣੀ ਜ਼ਰੂਰੀ ਹੈ ਕਿ ਪ੍ਰਿੰਸੀਪਲ ਜੀ ਦਾ ਸਿੱਖ ਕੌਮ ਉਤੇ ਇਹ ਦੋਸ਼ ਥਪਣਾ ਕਿਤਨਾ ਨਿਰਮੂਲ ਹੈ।

ਸਿੱਖ ਪੰਥ ਦਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਵਰਗੀ ਸ਼ਹਿਣਸ਼ੀਲਤਾ, ਧੀਰਜ, ਸਹਾਰਾ ਕਿਸੇ ਹੋਰ ਵਿਚ ਨਹੀਂ। ਹਾਂ ਜਦ ਇਹ ਕੋਈ ਹੋਰ ਉਪਾ, ਧਰਮ ਤੇ ਕੌਮੀ ਸ਼ਾਨ ਦੇ ਬਣਾਏ ਨਹੀਂ ਵੇਖਦੇ, ਤਾਂ ਜਾਨ ਤੇ ਖੇਡ ਜਾਂਦੇ ਹਨ। ਕਾਇਰਾਂ ਵਾਂਗ ਆਪਣੇ ਆਪ ਨੂੰ ਦੂਜੇ ਦੇ ਤਰਸ ਤੇ ਨਹੀਂ ਛਡਦੇ।

ਸਿੱਖ ਪੰਥ ਦੇ ਜਨਮ ਤੋਂ ਹੀ ਸਿੱਖ ਗੁਰੂ ਅਤੇ ਸਿਦਕੀ ਸਿੱਖਾਂ ਤੇ ਵਿਰੋਧੀਆਂ ਵੱਲੋਂ ਸਖ਼ਤੀਆਂ ਹੁੰਦੀਆਂ ਰਹੀਆਂ। ਗੁਰੂ ਨਾਨਕ ਸਾਹਿਬ ਜੀ ਕੈਦਾਂ ਵਿਚ ਪਏ ਤੇ ਇਟਾਂ ਵੱਟੇ ਵਿਰੋਧੀਆਂ ਵੱਲੋਂ ਸਹੇ। ਗੁਰੂ ਅੰਗਦ ਸਾਹਿਬ ਆਪਣੇ ਘਰੋਂ ਧੱਕੇ ਮਾਰ ਕੇ ਬਾਹਰ ਕੱਢੇ ਗਏ ਗੁਰੂ ਅਮਰ ਦਾਸ ਜੀ ਨੂੰ ਭਰੇ ਦੀਵਾਨ ਵਿਚ ਲੱਤਾਂ ਮਾਰੀਆਂ ਗਈਆਂ, ਸੰਗਤਾਂ ਨੂੰ ਖੂਹਾ ਤੋਂ ਪਾਣੀ ਭਰਦਿਆਂ ਘੜੇ ਭੰਨੇ ਗਏ ਤੇ ਹਰ ਤਰ੍ਹਾਂ ਤੰਗ ਕੀਤਾ ਗਿਆ ਪਰ ਕਿਸੇ ਨੇ ਅਗੋਂ ਹੱਥ ਨਹੀਂ ਉਠਾਇਆ। ਸਾਰੀਆਂ ਸਖ਼ਤੀਆਂ ਠੰਡੇ ਦਿਲ ਸਹਾਰਦੇ ਰਹੇ ਆਖ਼ਰ ਤਸੀਹੇ ਸਹਿਣ ਦੇ ਨਾਲ ਨਾਲ ਆਪਣਾ ਸਰੀਰ ਵੀ ਵਿਰੋਧੀਆਂ ਦੇ ਭੇਟ ਕਰ ਦਿੱਤਾ ਫਿਰ ਵੀ ਸਿੱਖਾਂ ਵਿਚ ਸ਼ਾਂਤੀ ਹੀ ਰਹੀ। ਪਰ ਜਦ ਖੁਲ੍ਹੇ ਡੁਲ੍ਹੇ ਹਰ ਥਾਂ ਇਨ੍ਹਾਂ ਉੱਤੇ ਹਥੋਂ ਪਾਈ ਹੋਣ ਲਗ ਪਈ, ਕਿਸੇ ਸ਼ਰਧਾਲੂ ਦੇ ਘੋੜੇ ਖੋਹ ਲਏ ਕਿਸੇ ਤੋਂ ਹਰ ਚੰਗੀ ਚੀਜ਼ ਲੈ ਲਈ ਤਾਂ ਖਾਲਸਾ ਜਾਨ ਤੇ ਖੇਲਨ ਲਈ ਤਿਆਰ ਹੋ ਪਿਆ! ਇਕ ਸਦੀਆਂ ਦੀ ਜੰਮੀ ਹੋਈ ਪਾਤਸ਼ਾਹੀ ਦੇ ਸਾਮਹਣੇ ਜਿਸ ਦੇ ਕੋਲ ਸਾਰੇ ਜੰਗੀ ਸਾਮਾਨ ਹੋਣ, ਪਰਜਾ ਦੇ ਇਕ ਗਰੀਬ ਜਥੇ ਦਾ ਉਠ ਖੜ੍ਹੇ ਹੋਣਾ ਕੇਵਲ ਮੌਤ ਨਾਲ ਜਫੀਆਂ ਪਾਣੀਆਂ ਹਨ। ਇਸ ਵੇਲੇ ਸਿੱਖਾਂ ਨੇ ਧਰਮ ਹਾਨੀ ਤੇ ਕੌਮੀ ਆਨ ਦੀ ਤਬਾਹੀ ਦੀ ਥਾਂ ਆਪ ਹੀ ਕੁਰਬਾਨ ਹੋ ਜਾਣਾ ਠੀਕ ਸਮਝਿਆ ਤੇ ਬਹੁਤ ਸਾਰੀਆਂ ਕੁਰਬਾਨੀਆਂ ਦੇ ਕੇ ਧਰਮ ਤੇ ਆਨ ਨੂੰ ਬਣਾ ਲਿਆ।

ਅੱਜ ਕਲ੍ਹ ਤਾਂ ਵਿਦਜਾ ਦੇ ਚਾਨਣੇਂ ਨੇ ਹਰ ਪਾਸੇ ਰੌਸ਼ਨੀ ਕਰ ਦਿੱਤੀ ਹੈ। ਪਰ ਉਸ ਅਵਿਦਜ ਸਮੇਂ ਦੇ ਵਿਚ ਵੀ ਪ੍ਰਿਥੀਆਂ, ਚੰਦੂ, ਰਾਮ ਰਾਇ, ਧੀਰ ਮਲ ਆਦਿਕ ਕਈ ਆਦਮੀ ਸਿੱਖਾਂ ਨੂੰ ਕਈ ਤਰ੍ਹਾਂ ਭੜਕਾਂਦੇ ਰਹੇ ਪਰ ਕੱਖ ਨ ਵਿਗਾੜ ਸਕੇ।

ਅਸੀਂ ਮੰਨਦੇ ਹਾਂ ਕਿ ਸਿੱਖ ਕੌਮ ਦੇ ਸੀਨੇ ਵਿਚ ਗੁਰੂ ਸਾਹਿਬਾਨ ਨੇ ਉਹ ਦਿਲ ਪਾਇਆ ਹੈ ਕਿ ਇਹ ਧਰਮ ਹਾਨੀ ਤੇ ਜ਼ੁਲਮ ਨੂੰ ਨ ਸਹਾਰ ਸਕੇ। ਪਰ ਇਸ ਦੇ ਅੰਦਰ ਸਚ ਅਤੇ ਝੂਠ ਦੀ ਵੀ ਪਰਖ ਹੈ। ਐਵੇਂ ਹੀ ਜ਼ੁਲਮ ਜ਼ੁਲਮ ਆਖ ਕੇ ਇਸ ਨੂੰ ਕੋਈ ਨਹੀਂ ਭੜਕਾ ਸਕਦਾ ਇਸ ਤੋਂ ਬਿਨਾਂ ਇਸ ਦਾ ਇਹ ਵਤੀਰਾ ਹੈ ਕਿ ਪਹਿਲਾਂ ਪ੍ਰੇਮ ਨਾਲ ਮਿੱਠੀ ਤਰ੍ਹਾਂ ਕੰਮ ਲੈਣਾ। ਮੁਸਲਮਾਨੀ ਰਾਜ ਵੇਲੇ ਜਦ ਕਦੀ ਮੇਲ ਦੀ ਗੱਲ ਸ਼ੁਰੂ ਹੋਈ ਸਿੱਖ ਪਹਿਲਾਂ ਜਾਂਦੇ ਰਹੇ। ਔਰੰਗਜ਼ੇਬ ਪਾਸ ਪਹਿਲਾਂ ਰਾਮ ਰਾਇ ਗਿਆ, ਗੁਰੂ ਤੇਗ ਬਹਾਦਰ ਸਾਹਿਬ ਜੀ ਗਏ ਅਤੇ ਘਰ ਬਾਰ ਉਜਾੜ ਕੇ ਸਰਬੰਸ ਕੁਰਬਾਨ ਕਰ ਕੇ, ਗੁਰੂ ਗੋਬਿੰਦ ਸਿੰਘ ਵੀ ਦਿਲ ਵਿੱਚੋਂ ਸਭ ਗੱਲਾਂ ਕੱਢ ਕੇ ਔਰੰਗਜ਼ੇਬ ਨੂੰ ਮਿਲਣ ਤੁਰ ਪਏ ਸਨ ਅਤੇ ਉਸੇ ਦੇ ਪੁੱਤਰ ਬਹਾਦਰ ਸ਼ਾਹ ਨੂੰ ਸਹਾਇਤਾ ਕਰ ਕੇ ਦਸ ਦਿੱਤਾ ਸੀ ਕਿ ਉਹ ਕੈਸੇ ਸਾਫ਼ ਦਿਲ ਹਨ।

ਬਾਕੀ ਇਤਿਹਾਸ ਵੀ ਅਜੇਹੀਆਂ ਬੇਅੰਤ ਮਸਾਲਾਂ ਨਾਲ ਭਰਿਆ ਪਿਆ ਹੈ।

ਅੱਜ ਪ੍ਰਿੰਸੀਪਲ ਜੀ ਕੈਨੇਡਾ ਦੇ ਸਿੱਖਾਂ ਦਾ ਪੰਜਾਬ ਵਿਚ ਆ ਕੇ ਵਤਨ ਅਤੇ ਆਨ ਬਦਲੇ ਕੁਰਬਾਨ ਹੋ ਜਾਣ ਨੂੰ ਹਰਦਿਆਲ ਦੀ ਭੜਕਾਹਟ ਦਸਦੇ ਹਨ। ਇਹ ਇਕ ਐਹੋ ਜੇਹੀ ਗੱਲ ਹੈ ਜਿਸ ਤਰ੍ਹਾਂ ਆਖਿਆ ਜਾਏ ਕਿ ਬੁਧੂ ਸ਼ਾਹ ਫਕੀਰ ਦੇ ਆਖੇ ਲਗ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਨਾਲ ਭੰਗਾਣੀ ਦੀ ਲੜਾਈ ਕੀਤੀ ਸੀ। ਬੇਸ਼ੱਕ ਸਰਕਾਰੀ ਖੋਜ ਤੇ ਫ਼ੈਸਲੇ ਇਸ ਨਤੀਜੇ ਤੇ ਪਹੁੰਚੇ ਹਨ ਕਿ ਹਰਦਿਆਲ ਨੇ ਸਿੱਖਾਂ ਨੂੰ ਭੜਕਾਇਆ

ਅਤੇ ਇਤਨੀ ਗੱਲ ਮੰਨਣ ਵਿਚ ਸਾਨੂੰ ਵੀ ਨਾਂਹ ਨਹੀਂ ਕਿ ਹਰਦਿਆਲ ਸਿੱਖਾਂ ਨਾਲ ਮੇਲ ਜੋੜੀ ਰਖਦਾ ਸੀ। ਪਰ ਅਸਲ ਵਿਚ ਸਰਕਾਰੀ ਸਲੂਕ ਨੇ ਕੈਨੇਡਾ ਵਿਚ ਸਿੱਖਾਂ ਨੂੰ ਜੀਊਣ ਤੋਂ ਨਿਰਾਸ ਕਰ ਦਿੱਤਾ ਸੀ। ਉਹ ਉਥੋਂ ਦੇ ਵਹਿਸ਼ੀ ਕਾਨੂੰਨਾਂ ਲਈ ਚਿਰ ਤੋਂ ਪੁਕਾਰ ਕਰ ਰਹੇ ਸਨ।

ਉਹਨਾਂ ਨੇ ਕੋਈ ਬੇ ਕਾਇਦਾ ਕੰਮ ਨਹੀਂ ਕੀਤਾ। ਪਹਿਲਾਂ ਕੈਨੇਡਾ ਵਿਚ ਕਾਨੂੰਨ ਦਾ ਵਿਰੋਧ ਕੀਤਾ। ਫਿਰ ਉਹਨਾਂ ਨੇ ਆਪਣੇ ਜਥੇ ਨੂੰ ਹਿੰਦ ਵਿਚ ਭੇਜਿਆ। ਪਾਤਸ਼ਾਹ ਪਾਸ ਮੈਮੋਰੰਡਮ ਤੇ ਮਤੇ ਭਿਜਵਾਏ। ਜੇ ਆਪ ਆਖੋ ਕਿ ਹਰਦਿਆਲ ਉਥੇ ਹੀ ਰਹਿੰਦਾ ਸੀ ਤੇ ਇਹ ਸਾਰੀਆਂ ਗੱਲਾਂ ਉਹ ਹੀ ਕਰਵਾਂਦਾ ਸੀ ਤਾਂ ਅਸੀਂ ਪੁਛਦੇ ਹਾਂ ਕਿ ਕੀ ਸਰਦਾਰ ਗੁਰਦਿਤ ਸਿੰਘ ਜੀ ਨੂੰ ਉਹ ਹੀ ਆਕੇ ਸਿਖਾ ਗਿਆ ਸੀ? ਕੀ ਕਾਮਾਗਾਟਾ ਮਾਰੂ ਜਹਾਜ਼ ਵੀ ਉਸੇ ਤਿਆਰ ਕਰਵਾਇਆ ਸੀ? ਜੇ ਨਹੀਂ ਤਾਂ ਕੀ ਕਾਨੂੰਨ ਅਨੁਸਾਰ ਪਾਸਪੋਰਟ ਲੈ ਕੇ ਜਹਾਜ਼ ਦਾ ਚਲਾਣਾ ਵੀ ਰਾਜਰੌਲਾ ਪਾਣਾ ਹੈ? ਅੰਤ ਨੂੰ ਜਦ ਕਾਮਾਗਾਟਾ ਮਾਰੂ ਦੇ ਭਾਗਹੀਣ ਮੁਸਾਫਰਾਂ ਨੂੰ ਕੈਨੇਡਾ ਸਰਕਾਰ ਨੇ ਕਸਾਈਆਂ ਵਾਲਾ ਸਲੂਕ ਕੀਤਾ ਬਲਕਿ ਕਈ ਦਿਨ ਉਹਨਾਂ ਨੂੰ ਭੁੱਖਾ ਰਖ ਰਖ ਕੇ ਕੁਝ ਇਸ ਤੋਂ ਵੀ ਵਧ ਬੇ-ਤਰਸ ਤੇ ਜ਼ਾਲਮ ਹੋਣ ਦਾ ਸਬੂਤ ਦਿੱਤਾ ਅਤੇ ਬਜ ਬਜ ਦੇ ਘਾਟ ਨੂੰ ਸਰਕਾਰ ਹਿੰਦ ਨੇ ਸਿੱਖ ਕੌਮ ਦੇ ਸਪੁੱਤਰਾਂ ਦੇ ਖ਼ੂਨ ਨਾਲ ਰੰਗ ਦਿੱਤਾ ਤਾਂ ਕੈਨੇਡਾ ਵਾਸੀ ਵੀਰ ਰਹਿ ਨ ਸਕੇ ਅਤੇ ਜੀਉਣ ਨੂੰ ਧ੍ਰਿਗ ਸਮਝਿਆ। ਅਤੇ ਹਥ ਧੋ ਕੇ ਜਾਨ ਤੇ ਖੇਡਨ ਲਈ ਤਿਆਰ ਹੋ ਪਏ।

ਹਾਂ ਸ਼ੋਕ! ਜੇ ਉਸ ਵੇਲੇ ਸਾਡੇ ਲਾਨ੍ਹਤੀ ਲੀਡਰ ਦੁਨੀਆਂ ਤੇ ਨਾਂਹ ਹੁੰਦੇ। ਉਹਨਾਂ ਨੂੰ ਸਿੱਖੀ ਤੋਂ ਖਾਰਜ ਕਰਨ ਵਾਲੇ ਪਾਜੀ ਮਰ ਚੁਕੇ ਹੁੰਦੇ ਅਤੇ ਸਿੱਖ ਕੌਮ ਵੱਲੋਂ ਬਿਪਤਾ ਮਾਰੇ ਵੀਰਾਂ ਦਾ ਕਿਸੇ ਦਰਦ ਨਾਲ ਸੁਾਗਤ ਹੁੰਦਾ ਤਾਂ ਆਸ ਸੀ ਕਿ ਇਹ ਖ਼ੂਨੀ ਝਾਂਕੀ ਅਖੀਆਂ ਦੇ ਸਾਹਮਣੇ ਨ ਆਉਂਦੀ! ਅਤੇ ਸਿੱਖ ਕੌਮ ਦੇ ਨੌਂ ਨਿਹਾਲ ਬੇ ਖਸਮੇ ਬਕਰਿਆਂ ਵਾਂਗ ਬੁੱਚੜ ਖਾਨਿਆਂ ਵਿਚ ਨ ਕੋਹੇ ਜਾਂਦੇ !!

ਉਹਨਾਂ ਦੀਆਂ ਜਾਨਾਂ ਦਾ ਜ਼ਿੰਮੇਵਾਰ ਹਰਦਿਆਲ ਬਿਲਕੁਲ ਨਹੀਂ ਹੈ। ਉਹਨਾਂ ਦੀ ਜ਼ਿੰਮੇਵਾਰੀ ਸਭ ਤੋਂ ਵਧ ਕੈਨੇਡਾ ਸਰਕਾਰ ਉਤੇ ਹੈ। ਫਿਰ ਸਰਕਾਰ ਹਿੰਦ ਅਤੇ ਸਿੱਖ ਕੌਮ ਦੇ ਲਾਨ੍ਹਤੀ ਲੀਡਰਾਂ ਉਤੇ ਹੈ ਜਿਹੜੇ ਉਸ ਵੇਲੇ ਵੀ ਸਿੱਖ ਕੌਮ ਨੂੰ ਸੁਕਾ ਬਰੂਦ ਸਮਝ ਕੇ ਸਚੇ ਸਚੇ ਹਾਲਾਂ ਤੋਂ ਵੀ ਕੌਮ ਨੂੰ ਬੇਖ਼ਬਰ ਰੱਖਣ ਦਾ ਯਤਨ ਕਰਦੇ ਰਹੇ ਅਤੇ ਸਿੱਖ ਕੌਮ ਦੇ ਅਮੋਲ ਹੀਰਿਆਂ ਨੂੰ ਸਿਖੀ ਤੋਂ ਖਾਰਜ ਕਰਦੇ ਰਹੇ। ਹੁਣ ਉਨ੍ਹਾਂ ਲੀਡਰਾਂ ਵੱਲੋਂ ਨਿਰਾਸ ਹੋ ਕੇ ਕੁਝ ਕੌਮੀ ਦਰਦੀਆਂ ਨੇ ਉਦਮ ਆਰੰਭ ਕੀਤਾ ਹੈ ਕਿ ਸ਼ਹੀਦ ਹੋ ਚੁਕੇ ਭਰਾਵਾਂ ਦੇ ਪਰਵਾਰਾਂ ਦੀ ਪਾਲਨਾ ਕੀਤੀ ਜਾਵੇ, ਜੇਹਲਾਂ ਵਿੱਚੋਂ ਬੇਦੋਸੇ ਧਰਮੀ ਵੀਰਾਂ ਨੂੰ ਛੁਡਾਇਆ ਜਾਵੇ, ਧਾਰਮਕ ਅਸਥਾਨ ਤੇ ਖਾਲਸਾ ਕਾਲਜ ਕੌਮ ਨੂੰ ਦਿਵਾਇਆ ਜਾਵੇ। ਪਵਿੱਤਰ ਰਹਿਤਾਂ ਦੀ ਖੁਲ ਪ੍ਰਾਪਤ ਕੀਤੀ ਜਾਵੇ ਅਤੇ ਪੰਜਾਬ ਉਤੇ ਜੋ ਉਡਵਾਇਰ ਅਤੇ ਡਾਇਰ ਸ਼ਾਹੀ ਨੇ ਮਾਰਸ਼ਲ ਲਾ ਕਰ ਕੇ ਜੋ ਕਹਿਰ ਢਾਹੇ ਹਨ ਇਨਾਂ ਦਾ ਕੋਈ ਦਾਰੂ ਕੀਤਾ ਜਾਵੇ ਕਿ ਫਿਰ ਅਜੇਹਾ, ਅਨ੍ਹੇਰ ਨ ਮਰ ਸਕੇ ਪਰ ਹੁਣ ਫਿਰ ਇਕ ਅਵਾਜ਼ ਆਈ ਹੈ ਕਿ "ਸਿੱਖ ਸੁੱਕਾ ਬਰੂਦ ਹਨ ਇਨ੍ਹਾਂ ਨੂੰ ਇਸ ਰਸਤੇ ਨ ਪਾਇਆ ਜਾਵੇ" ਐ ਪੰਥ! ਕੀ ਥੂੰ ਸੁੱਕਾ ਬਰੂਦ ਹੈ? ਕੀ ਤੈਨੂੰ ਹਿਲਜੁਲ ਤੋਂ ਵੱਖਰਾ ਹੋਣਾ ਵਾਹੀਦਾ ਹੈ? ਕੀ ਤੈਨੂੰ ਆਪਣੇ ਉਤੇ ਵਰਤੇ ਹੋਏ ਕਹਿਰ ਭੁਲ ਗਏ! ਕੀ ਤੂੰ ਜਿਗਰ ਦੇ ਟੋਟਿਆਂ ਨੂੰ ਜੇਹਲਾਂ ਵਿਚ ਤੜਫਦੇ ਵੇਖਕੇ ਚੁਪ ਰਹੇਂਗਾ? ਕੀ ਤੇਰੇ ਧਰਮ ਅਸਥਾਨ ਤੇਰੀ ਨਿਰਾਦਰੀ ਤੇ ਹੱਤਕ ਦੇ ਅੱਡੇ ਬਣੇ ਰਹਿਣਗੇ? ਜੇ ਨਹੀਂ ਤਾਂ ਪ੍ਰਿੰਸੀਪਲ ਜੀ ਪਾਸੋਂ ਪੁਛ ਕਿ "ਸਿੱਖ ਸੁਕਾ ਬਰੂਦ ਹਨ" ਇਸ ਦੇ ਕੀ ਅਰਥ ਹਨ? ਅਤੇ ਮਾਸਟਰ ਸੁੰਦਰ ਸਿੰਘ ਸੀ ਨੂੰ ਹਰਿਦਿਆਲ ਨਾਲ ਰਲਾ ਕੇ ਰਾਜਦ੍ਰੋਹੀ ਕਹਿਣ ਵਿਚ ਆਪ ਪਾਸ ਕੀ ਸਬੂਤ ਹੈ? ਕੀ ਪੰਜਾਬ ਪੁਲਿਸ ਨਾਲੋਂ ਵੀ ਆਪ ਵਧੇਰੇ ਲੋਕਾਂ ਦੀ ਜਾਂਚ ਪੜਤਾਲ ਰੱਖਦੇ ਹੋ? ਜੇ ਨਹੀਂ ਤਾਂ ਕੀ ਕਾਰਨ ਹੈ ਕਿ ਪੰਜਾਬ ਸਰਕਾਰ ਅਤੇ ਪੁਲਿਸ ਤਾਂ ਉਨ੍ਹਾਂ ਨੂੰ ਪੁਛਦੀ ਵੀ ਨਹੀਂ ਅਤੇ ਆਪ ਉਨ੍ਹਾਂ ਨੂੰ ਰਾਜ ਦ੍ਰੋਹੀ ਸ਼੍ਰੇਣੀ ਵਿਚ ਗਿਣਦੇ ਹੋ? ਐਸ ਵੇਲੇ ਤਕ ਮਾਸਟਰ ਸੁੰਦਰ ਸਿੰਘ ਜੀ ਨੇ ਕੇਵਲ ਪਿੰਡਾਂ ਵਿਚ ਵਿਦਿਆ ਫੈਲਾਣ ਸਕੂਲ ਖੋਲ੍ਹਣ ਅਤੇ ਖਾਲਸਾ ਕਾਲਜ ਨੂੰ ਸਿੱਖ ਕੌਮ ਨੂੰ ਦਿਵਾਉਣ ਵਾਸਤੇ ਜੀਵਨ ਖਰਚ ਕੀਤਾ ਹੈ ਤੇ ਅਤੇ ਹੁਣ ਰਾਜਸੀ ਕੈਦੀ ਵੀਰਾਂ ਨੂੰ ਛੁਡਾਣ ਤੇ ਗੁਰਧਾਮਾਂ ਨੂੰ ਸੁਧਾਰਨ ਲਈ ਲਕ ਬੱਧਾ ਹੈ ਆਪਦਾ ਇਨ੍ਹਾਂ ਨੂੰ ਰਾਜ ਦ੍ਰੋਹੀ ਕਹਿਣਾ ਕੌਮ ਨਾਲ ਡਾਡਾ ਧੱਕਾ ਹੈ। ਜੇ ਇਨ੍ਹਾਂ ਕੰਮਾਂ ਦਾ ਨਾਮ ਰਾਜਰੌਲਾ ਹੈ ਤਾਂ ਬੇਸ਼ਕ ਹੋਵੇ ਅਸੀਂ ਤਾਂ ਮਾਸਟਰ ਜੀ ਨੂੰ ਸਲਾਹ ਦਿਆਂਗੇ ਕਿ ਉਹ ਆਪਣੇ ਪਵਿੱਤਰ ਮਿਸ਼ਨ ਉਤੇ ਡਟਕੇ ਜੰਮੇਂ ਰਹਿਣ।

ਅਕਾਲੀ ਲਾਹੌਰ, ੧੦ ਸਤਬੰਰ ੧੯੨੦

ਗੁਰਦੁਆਰਾ ਰਕਾਬ ਗੰਜ

ਆਪ ਇਹ ਪੜ੍ਹਕੇ ਅਤੇ ਸੁਣਕੇ ਬੜੇ ਹੈਰਾਨ ਹੋਏ ਹੋਵੋਗੇ ਕਿ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢਠੀ ਹੋਈ ਕੰਧ ਬਨਾਉਣ ਦੀ ਥਾਂ ਹੋਰ ਬਾਕੀ ਦੀ ਢਾਉਂਣ ਦੇ ਮਨਸੂਬੇ ਹੋ ਰਹੇ ਹਨ ? ਕੀ ਆਪ ਨੂੰ ਇਹ ਖਬਰ ਨਹੀਂ ਹੈ ਇਹ ਗੁਰਦੁਆਰਾ ਕਿਸ ਸਤਿਗੁਰੂ ਦੀ ਯਾਦ ਹੈ। ਇਹ ਉਸ ਨਾਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਅਸਥਾਨ ਹੈ ਜਿਨ੍ਹਾਂ ਨੇ ਹਿੰਦੁਸਤਾਨ ਵਿੱਚੋਂ ਜ਼ੁਲਮ ਨੂੰ ਨਸ਼ਟ ਕਰਨੇ ਦੀ ਖਾਤਰ ਆਪਨੇ ਸੀਸ ਨੂੰ ਕੁਰਬਾਨ ਕਰ ਦਿੱਤਾ। ਹਾਏ ਅੱਜ ਉਹ ਕੌਮ ਜਿਹੜੀ ਦੁਨੀਆਂ ਵਿਚ ਸਚਾਈ ਅਤੇ ਧਰਮ ਨੂੰ ਕਾਇਮ ਰਖਣ ਅਤੇ ਜ਼ੁਲਮ ਦਾ ਨਾਸ਼ ਕਰਨੇ ਲਈ ਬਨਾਈ ਗਈ ਸੀ ਅਤੇ ਜਿਸ ਦਾ ਐਡਾ ਸਖ਼ਤ ਇਮਿਤਹਾਨ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਨੇ ਲੈ ਕੇ ਨੀਂਹ ਰੱਖੀ ਸੀ ਅੱਜ ਇਹ ਵੇਖੇਗੀ ਕਿ ਦੂਜਿਆਂ ਦੇ ਮੰਦਰਾਂ ਦੀ ਰਖਿਆ ਤਾਂ ਇਕ ਪਾਸੇ ਰਹੀ ਉਹਦੇ ਅਪਨੇ ਗੁਰਦੁਆਰੇ ਢਾਹੇ ਜਾਨਗੇ! ਹੁਣ ਜ਼ਰਾ ਇਹ ਗੱਲ ਸੋਚਨ ਵਾਲੀ ਹੈ ਕਿ ਫ਼ੌਜੀ ਖਾਲਸਾ ਕਿਉਂ ਯੂਰਪ ਅਤੇ ਹੋਰਨਾਂ ਦੇਸਾਂ ਵਿਚ ਜਾ ਕੇ ਲੜਿਆਂ ਕੀ ਥੋੜੀ ਜਿਹੀ ਤਨਖ਼ਾਹ ਲਈ। ਨਹੀਂ ਨਹੀਂ ਉਸ ਜ਼ੁਲਮ ਨੂੰ ਹਟਾਉਣ ਲਈ ਜਿਹੜਾ ਲੋਕਾਂ ਅਤੇ ਗਿਰਜਿਆਂ ਤੇ ਹੁੰਦਾ ਦਸਿਆ ਜਾਂਦਾ ਸੀ। ਭਲਾ ਜੀ ਜਿਹੜਾ ਖਾਲਸਾ ਹੋਰਨਾਂ ਦੇ ਗਿਰਜਿਆਂ ਦੀ ਰਖਿਆ ਲਈ ਆਪਣਾ ਸੀਸ ਦੇ ਸਕਦਾ ਹੈ ਕੀ ਆਪਣੇ ਗੁਰਦੁਆਰੇ ਲਈ ਬਿਨਾਂ ਕਿਸੇ ਨੂੰ ਦੁਖ ਦੇਣ ਦੇ ਅਪਨੀ ਜਾਨ ਨਹੀਂ ਗਵਾ ਸਕਦਾ। ਖਾਲਸਾ ਕੌਮ ਨੇ ਆਪਨੇ ਧਰਮ ਅਤੇ ਗੁਰਦੁਆਰਿਆਂ ਦੀ ਰਖਿਆ ਲਈ ਚੱਪੇ ਚੱਪੇ ਤੇ ਕੁਰਬਾਨੀਆਂ ਕੀਤੀਆਂ ਹਨ ਜਿਨਾਂ ਨਾਲ ਕਿ ਇਤਿਹਾਸ ਭਰਿਆ ਪਿਆ ਹੈ ਅਤੇ ਇਤਿਹਾਸਕਾਰ ਇਹ ਵੀ ਯਕੀਨ ਦਵਾਉਂਦੇ ਹਨ ਕਿ ਜੇਕਰ ਆਉਣ ਵਾਲੇ ਜ਼ਮਾਨੇ ਵਿਚ ਕਿਸੇ ਤਰ੍ਹਾਂ ਗੁਰਦੁਆਰਿਆਂ ਦੀ ਬੇਅਦਬੀ ਹੋਈ ਤਾਂ ਖਾਲਸਾ ਅਪਨੀਆਂ ਜਾਨਾਂ ਨੂੰ ਪਿਆਰਾ ਨਹੀਂ ਰਖੇਗਾ ਕਿਉਂਕਿ ਉਨ੍ਹਾਂ ਦੀਆ ਨਜ਼ਰਾਂ ਵਿਚ ਧਰਮ ਜਾਨ ਨਾਲੋਂ ਪਿਆਰਾ ਹੈ।

ਸਾਨੂੰ ਇਹ ਕਿਹਾ ਜਾਂਦਾ ਹੈ ਕਿ ਗੁਰਦੁਆਰਾ ਵਾਇਸਰਾਏ ਦੀ ਕੋਠੀ ਦੇ ਪਾਸ ਹੈ ਅਤੇ ਚੰਗੀ ਹਾਲਤ ਵਿਚ ਨਹੀਂ ਹੈ ਕੰਧ ਢਾਹਕੇ ਸਰਕਾਰ ਸੋਹਣੇ ਬਾਗ਼ ਲਗਵਾਨੇ ਚਾਹੁੰਦੀ ਹੈ ਹਾਂ ਠੀਕ ਹੈ ਏਸ ਅਸੂਲ ਉਤੇ ਤਾਂ ਗੋਰੇ ਰੰਗ ਵਾਲੇ ਕਿਸੇ ਦਿਨ ਇਹ ਵੀ ਕੈਹ ਦੇਨਗੇ ਕਿ ਤੁਸੀਂ ਕਾਲੇ ਹੋ ਅਸਾਂ ਗੋਰਿਆਂ ਪਾਸ ਨਾ ਰਹੋ ਅਫ਼ਰੀਕਾ ਵਿਚ ਹਬਸ਼ੀਆਂ ਪਾਸ ਚਲੇ ਜਾਓ ਨ ਜਾਓਂਗੇ ਤਾਂ ਹਥਿਆਰਾਂ ਦੇ ਜ਼ੋਰ ਨਾਲ ਭੇਜਾਂਗੇ। ਸਾਨੂੰ ਵਾਇਸਰਾਏ ਦੀ ਕੋਠੀ ਦਸਦੇ ਹੋ ਅਸੀਂ ਇਕੋ ਹੀ ਕੈਹ ਦਿੰਦੇ ਹਾਂ ਕਿ ਸਾਡੀਆਂ ਨਜ਼ਰਾਂ ਵਿਚ ਸਤਿਗੁਰਾਂ ਦੀ ਇੱਜ਼ਤ ਦੇ ਹੁੰਦਿਆਂ ਹੋਇਆਂ ਵਾਇਸਰਾਏ ਤਾਂ ਕੀ ਦੁਨੀਆਂ ਦੇ ਬੜੇ ਤੋਂ ਬੜੇ ਬਾਦਸ਼ਾਹ ਦੀ ਇੱਜ਼ਤ ਤੁਛ ਹੈ।

ਸ: ਸਰਦੂਲ ਸਿੰਘ ਜੀ ਕਵੀਸ਼ਰ ਨੇ ਲਿਖਿਆ ਹੈ ਕਿ ਗੁਰਦੁਆਰੇ ਦੀ ਸੇਵਾ ਲਈ ੧੦੦ ਖਾਲਸੇ ਦੀ ਲੋੜ ਹੈ ੨ ਸਤੰਬਰ ਨੂੰ ਅਸਾਂ ਨੇ ਆਪਨੇ ਨਗਰ ਵਿਚ ਦੀਵਾਨ ਕਰਕੇ ਅਪੀਲ ਕੀਤੀ ਅਤੇ ਦੋ ਸਿੰਘਾਂ ਨੇ ਸੇਵਾ ਲਈ ਨਾਮ ਲਖਾਏ ਉਨ੍ਹਾਂ ਨੂੰ ਨਾਮ ਲਖਾਉਣ ਤੋਂ ਪਹਿਲਾਂ ਦਸਿਆ ਗਿਆ ਕਿ ਆਪ ਨੇ ਕਿਸੇ ਨੂੰ ਕੁਝ ਨਹੀਂ ਕਹਿਣਾ ਅਤੇ ਜੇਕਰ ਤੁਹਾਨੂੰ ਸੇਵਾ ਕਰਦਿਆ ਕੋਈ ਦੁਖ ਦੇਵੇ ਤਾਂ ਸਹਿਣ ਨੂੰ ਤਿਆਰ ਰਹਿਣਾ ਸੋ ਆਪ ਨੂੰ ਪਤਾ ਲਗ ਗਿਆ ਹੋਵੇਗਾ ਕਿ ਖਾਲਸਾ ਕੌਮ ਅਜੇ ਜ਼ਿੰਦਾ ਹੈ ਅਤੇ ਉਹ ਉਹਨਾਂ ਚਿਰ ਤਕ ਕੰਧ ਢਠਣ ਨਹੀਂ ਦੇਵੇਗੀ ਜਿਨੇ ਚਿਰ ਤਕ ਉਹਨਾਂ ਵਿਚ ਧਰਮ ਦੀ ਜਾਗ ਹੈ।

ਸੋ ਮੇਰੀ ਖਾਲਸਾ ਜੀ ਅਗੇ ਬੇਨਤੀ ਹੈ ਕਿ ਆਪ ਆਪਨੇ ਗੁਰਦੁਆਰਿਆਂ ਦੇ ਨਿਸ਼ਾਨਾ ਦੇ ਮਿਟਣ ਤੋਂ ਪਹਿਲਾਂ ਆਪ ਮਿਟਣ ਲਈ ਤਿਆਰ ਹੋ ਕੇ ਗਵਰਨਮੈਂਟ ਨੂੰ ਇਹ ਦਸ ਦਿਉ ਕਿ ਸਾਨੂੰ ਗੁਰਦੁਆਰੇ ਸੀਸਾਂ ਨਾਲੋਂ ਪਿਆਰੇ ਹਨ ਅਤੇ ਅਸੀਂ ਜੀਉਂਦਿਆਂ ਢੁਵਾਕੇ ਅਪਨੇ ਸਤਿਗੁਰੂ ਕਲਗੀਆਂ ਵਾਲੇ ਨੂੰ ਮੂੰਹ ਨਹੀਂ ਦਿਖਾ ਸਕਦੇ। ਏਸ ਦੇ ਨਾਲ ਹੀ ਮੇਰੀ ਲਾਟ ਸਾਹਿਬ ਸਰ ਐਡਵਰਡ ਮੈਕਲੇਗਨ ਪਾਸ ਵੀ ਬੇਨਤੀ ਹੈ ਕਿ ਆਪ ਬੜੀ ਸੋਚ ਵੀਚਾਰ ਦੇ ਨਾਲ ਕੰਮ ਲੈ ਕੇ ਚੀਫ਼ ਕਮਿਸ਼ਨਰ ਦਿਲੀ ਅਤੇ ਸਰਕਾਰ ਹਿੰਦ ਨੂੰ ਲਿਖ ਦਿਓ ਕਿ ਉਹ ਖਾਲਸੇ ਜੀ ਦੇ ਗੁਰਦੁਆਰੇ ਦੀ ਗਿਰੀ ਹੋਈ ਕੰਧ ਨੂੰ ਬਨਵਾ ਦੇਣ ਨਹੀਂ ਤਾਂ ਖਾਲਸਾ ਆਪ ਜਾ ਕੇ ਸੇਵਾ ਕਰ ਆਵੇਗਾ ਅਤੇ ਜਿਹੜਾ ਗੁਰਦੁਆਰੇ ਦੀ ਕੰਧ ਨੂੰ ਢਾਉਣ ਦਾ ਖ਼ਿਆਲ ਹੈ ਉਹ ਦਿਲੋਂ ਕੱਢ ਦੇਣ ਕਿਉਂ ਕਿ ਗੁਰਦੁਆਰੇ ਨੂੰ ਢਠਦਿਆਂ ਕੋਈ ਸਿੱਖ ਵੀ

ਨਹੀਂ ਦੇਖ ਸਕੇਗਾ । (ਜਸਵੰਤ ਸਿੰਘ ਝਬਾਲ)

੨ ਸਤੰਬਰ ਰਾਤ ਨੂੰ ਗੁਰਦੁਆਰਾ ਮਾਣਕ ਚੌਂਕ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਖਾਲਸਾ ਜੀ ਦਾ ਦੀਵਾਨ ਭਾਈ ਮਿਸਰਾ ਸਿੰਘ ਜੀ ਦੀ ਜਥੇਦਾਰੀ ਹੇਠ ਹੋਇਆ। ਭਾਈ ਜਸਵੰਤ ਸਿੰਘ ਜੀ ਭਾਈ ਸਰਮੁਖ ਸਿੰਘ ਜੀ ਅਤੇ ਭਾਈ ਰੰਧੀਰ ਸਿੰਘ ਜੀ ਹੋਰਾਂ ਦੇ ਲੈਕਚਰ ਹੋਏ ਅਤੇ ਹੇਠ ਲਿਖੇ ਗੁਰਮਤੇ ਸੋਧੇ ਗਏ ।

(੧) ਪਿਛਲੇ ਲਾਟ ਸਾਹਿਬ ਦਾ ਇਹ ਕਥਨ ਕਿ ਆਮ ਤੌਰ ਤੇ ਪੰਜਾਬੀ ਮੇਰੇ ਕੰਮਾਂ ਨੂੰ ਪਸੰਦ ਕਰਦੇ ਹਨ ਬਿਲਕੁਲ ਝੂਠਾ ਹੈ ਅਤੇ ਇਹ ਦੀਵਾਨ ਓਡਵਾਇਰ ਦੇ ਜ਼ਮਾਨੇ ਨੂੰ ਜ਼ੁਲਮ ਵਾਲਾ ਮੰਨਦਾ ਹੈ ।

ਫੇਰ ਵਗਾਰ ਬਾਬਤ ਲਾਟ ਸਾਹਿਬ ਦਾ ਐਲਾਨ ਪੜ੍ਹ ਕੇ ਸੁਣਾਇਆ ਗਿਆ ਅਤੇ ਪਿੰਡ ਵਾਸੀਆਂ ਨੂੰ ਦਸਿਆ ਗਿਆ ਕਿ ਅੱਜ ਤੋਂ ਵਗਾਰ ਨ ਦੇਣੀ ਆਪ ਦਾ ਹੱਕ ਹੈ ਇਸ ਤੋਂ ਪਿੱਛੋਂ ਭਾਈ ਟੈਹਲ ਸਿੰਘ ਜੀ ਨੇ ਬੜੇ ਜੋਰ ਦੇ ਨਾਲ ਅਕਾਲੀ ਵਿੱਚੋਂ ਭਾ: ਸਰਦੂਲ ਸਿੰਘ ਜੀ ਕਵੀਸ਼ਰ ਦਾ ਮਜ਼ਮੂਨ ਰਕਾਬ ਗੰਜ ਬਾਬਤ ਪੜ੍ਹਕੇ ਸੁਣਾਉਣ ਦੇ ਮਗਰੋਂ ਇਹ ਦੂਸਰਾ ਗੁਰਮਤਾ ਪਾਸ ਹੋਇਆ ।

(੨) ਕਿ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਢਾਹਕੇ ਦਿਲੀ ਦੇ ਅਫ਼ਸਰਾਂ ਨੇ ਜੋ ਅਪਰਾਧ ਕੀਤਾ ਸੀ। ਉਸ ਨਾਲ ਸਿੱਖ ਧਾਰਮਿਕ ਦਿਲਾਂ ਨੂੰ ਅਤੀ ਸਟ ਵਜੀ ਹੈ ਅਤੇ ਜਦ ਤਕ ਸਰਕਾਰ ਇਸ ਕੰਧ ਨੂੰ ਫੇਰ ਨ ਬਣਾ ਦੇਵੇ ਸਿੱਖਾਂ ਨੂੰ ਕਦੀ ਸ਼ਾਤੀ ਨਹੀਂ ਹੋ ਸਕਦੀ ।

ਸਭ ਤੋਂ ਪਿੱਛੋਂ ਭਾਈ ਜਸਵੰਤ ਸਿੰਘ ਜੀ ਨੇ ਐਸੇ ਸੇਵਾਂਦਾਰਾ ਲਈ ਜਿਹੜੇ ਕਿਸੇ ਨੂੰ ਦੁਖ ਦੇਣ ਨੂੰ ਤਿਆਰ ਨ ਹੋਣ ਅਤੇ ਆਪ ਹਰ ਤਰ੍ਹਾਂ ਦਾ ਦੁਖ ਝਲਕੇ ਗੁਰਦੁਆਰੇ ਦੀ ਕੰਧ ਦੀ ਸੇਵਾ ਕਰਨੀ ਚਾਹੁਣ ਅਪੀਲ ਕੀਤੀ ਅਤੇ ੧ ਭਾਈ ਕੇਹਰ ਸਿੰਘ ੨ ਭਾਈ ਗੰਡਾ ਸਿੰਘ ੩ ਭਾ: ਰੰਧੀਰ ਸਿੰਘ ੪ ਭਾ: ਸਰਮੁਖ ਸਿੰਘ ੫ ਭਾ: ਦਲੀਪ ਸਿੰਘ ੬ ਭਾ: ਮਹੈਣ ਸਿੰਘ ੭ ਭਾ: ਦੇਵਾ ਸਿੰਘ ੮ ਭਾ: ਅਰਜਨ ਸਿੰਘ ੯ ਭਾ: ਸੇਵਾ ਸਿੰਘ ੧੦ ਭਾ: ਜਸਵੰਤ ਸਿੰਘ ੧੧ ਭਾ: ਊਧਮ ਸਿੰਘ ੧੨ ਭਾ: ਜਵਾਲਾ ਸਿੰਘ ਹੋਰਾਂ ਅਪਨੇ ਨਾਮ ਲਖਾਏ (ਉਨ੍ਹਾਂ ਦੇ ਨਾਮ ਅਤੇ ਦਸਖਤ ਦੂਸਰੇ ਕਾਗਜ਼ ਤੇ ਦਰਜ ਹਨ) ਏਸ ਤੋਂ ਪਿੱਛੋਂ ਕੜਾਹ ਪ੍ਰਸ਼ਾਦ ਵਰਤਾ ਕੇ ਦੀਵਾਨ ਦੀ ਸਮਾਪਤੀ ਹੋਈ।

ਦਸਖਤ ਜਥੇਦਾਰ ਦੀਵਾਨ ੨ ਸਤੰਬਰ ੧੯੨੦

ਮਿਸਰ ਹਰਨਾਮ ਸਿੰਘ

ਅਕਾਲੀ ਲਾਹੌਰ, ੧੧ ਸਤਬੰਰ ੧੯੨੦

ਗਿਆਨੀ ਗੁਰਬਖਸ਼ ਸਿੰਘ

ਚਿਰ ਤੋਂ ਚਰਚਾ ਛਿੜੀ ਹੋਈ ਹੈ ਕਿ ਗਿਆਨੀ ਗੁਰਬਖਸ਼ ਸਿੰਘ ਜਾਲਮ ਓਡਵਾਇਰ ਨੂੰ ਐਡ੍ਰੈਸ ਦੇਣ ਵਿਚ ਸ਼ਾਮਲ ਸਨ ਅਤੇ ਕੈਨੇਡਾ ਵਾਸੀ ਵੀਰਾਂ ਦੇ ਆਉਣ ਸਮੇਂ ਤਖ਼ਤ ਅਕਾਲ ਬੁੰਗੇ ਵਿਚ ਇਨ੍ਹਾਂ ਦੀ ਸਕਤਰੀ ਵਿਚ ਇਕ ਦੀਵਾਨ ਹੋਇਆ ਸੀ ਜਿਸ ਵਿਚ ਉਹਨਾਂ ਸਿੱਖਾਂ ਨੂੰ ਅਸਿੱਖ ਆਖ ਕੇ ਖਾਰਜ ਕੀਤਾ ਗਿਆ ਸੀ । ਗਿਆਨੀ ਜੀ ਨੇ ਹਲਾਂ ਤਕ ਇਨ੍ਹਾਂ ਦੋਸਾਂ ਸਬੰਧੀ ਕੋਈ ਤਸੱਲੀ ਬਖਸ਼ ਉੱਤਰ ਨਹੀਂ ਦਿੱਤਾ ਹੈ ।

ਕਈ ਲੋਕ ਕਹਿੰਦੇ ਹਨ ਕਿ ਹੁਣ ਗਈ ਗੱਲ ਨੂੰ ਜਾਣ ਦੇਣਾ ਚਾਹੀਦਾ ਹੈ। ਗਿਆਨੀ ਸਾਹਿਬ ਹੁਣ ਸਚੇ ਦਿਲ ਨਾਲ ਕੌਮੀ ਸੇਵਾ ਵਿਚ ਜੁਟੇ ਪਏ ਹਨ ।

ਕੌਮੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਨਾ ਹਰ ਇਕ ਦਾ ਫ਼ਰਜ਼ ਹੈ। ਸਵਾਲ ਤਾਂ ਇਹ ਹੈ ਕਿ ਗਿਆਨੀ ਜੀ ਆਪਣੇ ਉਤੇ ਲਗੇ ਦੋਸ਼ਾਂ ਨੂੰ ਮੰਨਦੇ ਵੀ ਹਨ ਕਿ ਨਹੀਂ ? ਜੇ ਮੰਨਦੇ ਹਨ ਤਾਂ ਪੰਥ ਗੁਰੂ ਅਗੇ ਐਨੀ ਗੱਲ ਕਹਿੰਦਿਆਂ ਕਿ "ਐ ਗੁਰੂ ਪੰਥ ਮੈਥੋਂ ਭੁਲ ਹੋ ਗਈ ਹੈ ਹੁਣ ਬਖਸ਼ ਦੇ" ਉਹਨਾਂ ਨੂੰ ਕਿਉਂ ਸ਼ਰਮ ਆਉਂਦੀ ਹੈ ? ਇਹ ਤਾਂ ਸਗੋਂ ਵਡਿਆਈ ਹੈ। ਜਦ ਗੁਰੂ ਗੋਬਿੰਦ ਸਿੰਘ ਜੀ ਪੰਥ ਪਾਸੋਂ ਮਾਫ਼ੀ ਮੰਗਣ ਨੂੰ ਵਡਿਆਈ ਸਮਝਦੇ ਸਨ ਤਦ ਗਿਆਨੀ ਜੀ ਕਿਉਂ ਡਰਦੇ ਹਨ ।

ਸਾਡੇ ਖ਼ਿਆਲ ਵਿਚ ਗਿਆਨੀ ਸਾਹਿਬ ਯਾ ਤਾਂ ਸਫ਼ਾਈ ਕਰਨ ਯਾ ਮਾਫ਼ੀ ਮੰਗਣ । ਕਿਉਂਕਿ ਇਸ ਤੋਂ ਬਗ਼ੈਰ

ਹੋਰ ਕੋਈ ਉਪਾ ਨਹੀਂ ਹੋ ਸਕਦਾ।

ਫੁਟ ਦੇ ਬੀਜ ਨਾਸ ਲਈ ਖਾਸ ਦੀਵਾਨ!

ਪੰਥ ਵਿਚ ਪ੍ਰਸਪਰ ਖੈਹ ਮਖੈਹ ਤੇ ਇਤਫ਼ਾਕ ਵੀ ਅਨਹੋਂਦ ਨੂੰ ਗੁਰੂ ਪੰਥ ਦੇ ਦਰਦੀ ਅਨੁਭਵ ਕਰਕੇ ਸਖ਼ਤ ਦੁਖੀ ਹੋ ਰਹੇ ਹਨ ਆਏ ਦਿਨ ਆਪੋ ਵਿਚ ਖਿਚਾ ਖਿਚੀ ਵਧਦੀ ਹੈ।

ਅਖ਼ਬਾਰਾਂ ਵਿਚ ਵੀ ਦਿਨੋ ਦਿਨ ਪ੍ਰੇਮ ਤੇ ਪਿਆਰ ਘਾਟੇ ਵਿਚ ਹੈ ਤੇ ਵਿਤੰਡਾ ਵਾਦ ਵਧ ਰਿਹਾ ਹੈ—ਗੁਰੂ ਦੇ ਸਚੇ ਸੇਵਕ ਇਸ ਦਰਦ ਤੋਂ ਸਖ਼ਤ ਪੀੜਤ ਹੋ ਰਹੇ ਹਨ ਤੇ ਥਾਉਂ ਥਾਂਈਂ ਇਹ ਸੋਚਾਂ ਹੁੰਦੀਆਂ ਹਨ ਕਿ ਕਿਵੇਂ ਇਸ ਅਪ੍ਰੇਮ ਨੂੰ ਹਟਾ ਕੇ ਫਿਰ ਪਿਆਰ ਤੇ ਆਪੋ ਵਿਚ ਮਿਲਾਨ ਦੇ ਖ਼ਿਆਲ ਨੂੰ ਵਧਾਇਆ ਜਾਵੇ।

ਗੁਰੂ ਸਿੰਘ ਸਭਾ ਮਿੰਟਗੁਮਰੀ ਦੇ ਸੇਵਕਾਂ ਨੇ ਇਸ ਖ਼ਿਆਲ ਨੂੰ ਮੁਖ ਰੱਖਕੇ ਕਿ ਜਿਨੀ ਛੇਤੀ ਹੋ ਸਕੇ ਕੋਈ ਬਾਨ੍ਹਣੂੰ ਅਜਿਹਾ ਬਧਾ ਜਾਵੇ ਕਿ ਇਹ ਨਾ ਇਤਫ਼ਾਕੀ ਸ਼ੀਘਰ ਹੀ ਦੂਰ ਹੋਵੇ ਇਹ ਫ਼ੈਸਲਾ ਕੀਤਾ ਹੈ ਕਿ ਸਭਾ ਦਾ ਇਕ ਭਾਰੀ ਦੀਵਾਨ ਕਰਕੇ ਪੰਥ ਪਿਆਰਿਆਂ ਨੂੰ ਇਕ ਥਾਂ ਕਠੇ ਹੋ ਕੇ ਵਿਚਾਰਾਂ ਕਰਨ ਲਈ ਮੌਕਾਂ ਦਿੱਤਾ ਜਾਵੇ ਦੀਵਾਨ ਦੀਆਂ ਤਾਰੀਖਾਂ ੨੧-੨੨ ਅਤੇ ੨੩ ਸਤੰਬਰ ੧੯੨੦ ਰਖੀਆਂ ਗਈਆਂ ਹਨ ਗੁਰੂ ਪੰਥ ਅਗੇ ਅਤੇ ਨਿਮ੍ਰਤਾ ਸੈਹਤ ਬੇਨਤੀ ਹੈ ਕਿ ਇਸ ਮੌਕਿਆਂ ਤੇ ਇਕਤ੍ਰ ਹੋ ਕੇ ਪੰਥ ਉਨਤੀ ਦੀਆਂ ਵਿਚਾਰਾਂ ਵਿਚ ਹਿਸਾ ਲੈ ਕੇ ਗੁਰੂ ਦੀਆਂ ਖੁਸ਼ੀਆਂ ਲੈਣ। ਇਹ ਵੀ ਖ਼ਿਆਲ ਹੈ ਕਿ ਜੋ ਸਜਨ ਇਥੇ ਦਰਸਨ ਦੇ ਕੇ ਆਪਣੀਆਂ ਅਮੋਲਕ ਰਾਵਾਂ ਦੇਣਗੇ ਉਨ੍ਹਾਂ ਨੂੰ ਪੰਥ ਪ੍ਰਤੀ ਪ੍ਰਗਟ ਕੀਤਾ ਜਾਵੇਗਾ। ਆਸ਼ਾ ਹੈ ਕੇ ਸਾਰੇ ਗੁਣੀ ਗਿਆਨੀ ਤੇ ਪੰਥ ਨਾਲ ਪਿਆਰ ਰੱਖਣ ਵਾਲੇ ਜ਼ਰੂਰ ਦਰਸ਼ਨ ਦੇ ਕੇ ਕ੍ਰਿਤਾਰਥ ਕਰਨਗੇ ਤਾਂ ਜੋ ਪੰਥ ਉਨ੍ਹਾਂ ਦੀਆਂ ਕੀਮਤੀ ਵਿਚਾਰਾਂ ਤੋਂ ਵਾਂਜਿਆ ਨਾ ਰਹੇ।

ਜੋ ਸਜਨ ਆਉਣਾ ਚਾਹੁਣ ਉਹ ਅਪਨੇ ਆਉਣ ਦੀ ਤਰੀਕ ਤੋਂ ਸਕਤਰ ਸ੍ਰੀ ਗੁਰੂ ਸਿੰਘ ਸਭਾ ਨੂੰ ਗਿਆਤ ਕਰਨ ਤਾਂ ਜੋ ਉਨ੍ਹਾਂ ਦੇ ਰੈਹਨ ਆਦਿ ਦਾ ਪ੍ਰਬੰਧ ਕੀਤਾ ਜਾਵੇ। ਪੰਥਕ ਅਖ਼ਬਾਰਾਂ ਦੇ ਐਡੀਟਰ-ਚੀਫ਼ ਖਾਲਸਾ ਦੀਵਾਨ ਦੇ ਪ੍ਰੇਮੀਆਂ ਤੇ ਹੋਰ ਸਿੱਖ ਲੀਗ ਅਰ ਸਿੰਘ ਸਭਾਵਾਂ ਤੇ ਦੀਵਾਨਾਂ ਦੇ ਸਰਕਰਦਿਆਂ ਦੀ ਸੇਵਾ ਵਿਚ ਵਿਸ਼ੇਸ਼ ਕਰਕੇ ਬੇਨਤੀ ਹੈ ਕਿ ਉਹ ਜ਼ਰੂਰ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ।

ਦਾਸ ਹੁਕਮ ਸਿੰਘ ਰਈਸ ਪ੍ਰੈਜ਼ੀਡੰਟ ਸਿੰਘ ਸਭਾ ਮਿੰਟਗੁਮਰੀ

ਗੁਰੂ ਪੰਥ ਬਖਸ਼ੇ

੨੦-੮-੨੦ ਨੂੰ ਮੈਂ ਦਰਬਾਰ ਸਾਹਿਬ ਅੰਮ੍ਰਿਤਸਰ ਯਾਤਰਾ ਲਈ ਗਿਆ ਦਰਸ਼ਨ ਕਰਕੇ ਬੈਠ ਗਿਆ ਪੁਜਾਰੀਆਂ ਦੀਆਂ ਮੇਰੇ ਨਾਲ ਬਹੁਤ ਗੱਲਾਂ ਹੋਈਆਂ ਮੈਂ ਕਿਹਾ ਤੁਸੀਂ ਸਾਰੇ ਹੁਣ ਆਪਣਾ ਨੇਕ ਚੱਲਣ ਬਣਾਕੇ ਸ੍ਰੀ ਹਰਮੰਦਰ ਜੀ ਵਿੱਚ ਕੇਵਲ ਹਰ ਸਿਮਰਨ ਕੀਤਾ ਕਰੋ ਜਿਸ ਨਾਲ ਪੰਥ ਦੀ ਭਲਾਈ ਤੇ ਤੁਹਾਡੀ ਕਲਿਆਣ ਹੋਵੇ। ਆਖ਼ਰ ਮੈਨੂੰ ਉਤਰ ਵਿੱਚ ਕਹਿਣ ਲਗੇ ਕਿ ਬਾਬਾ ਜੀ ਹੁਣ ਜਿਸ ਤਰ੍ਹਾਂ ਵੀ ਹੋ ਸਕੇ ਸਾਡਾ ਗੁਰੂ ਪੰਥ ਨਾਲ ਸਲੂਕ ਤੇ ਮਿਲਾਪ ਕਰਾ ਦਿਓ, ਜੋ ਵੀ ਸਾਥੋਂ ਗਲਤੀਆਂ ਜਾਂ ਭੁੱਲਾਂ ਕੌਮ ਦੀ ਸ਼ਾਨ ਵਿਚ ਹੋਈਆਂ ਹਨ ਇੱਕ ਦਮ ਬਖ਼ਸ਼ਾ ਦਿਓ, ਵਾਕਈ ਅਸੀਂ ਬਦਨਾਮ ਹੋ ਚੁਕੇ ਹਾਂ ਤੇ ਬਾਬਾ ਜੀ ਕਰੀਏ ਵੀ ਕੀ ਸਾਡੇ ਤਿੰਨ ਪੈਸੇ ਜਾ ਛੇ ਪੈਸੇ ਕਈਆਂ ਦੇ ਰੋਜ਼ ਹੁੰਦੇ ਹਨ, ਮਰਦੇ ਖੋਹਾ ਖਾਹੀ ਕਰਦੇ ਹਾਂ ਇੱਕ ਪੁਜਾਰੀ ਨੇ ਕਿਹਾ ਮੇਰਾ ਰੋਜ਼ਾਨਾਂ ਸਭ ਤੋਂ ਘੱਟ ਹੈ। ਪਰ ਮੈਂ ਸਵੇਰ ਦੇ ਕਿਸੇ ਢੰਗ ਨਾਲ ਦੋ ਆਨੇ ਦੋ ਟਕੇ ਯਾ ਚਾਰ ਆਨੇਂ ਆਪਨੀ ਜੇਬ ਵਿਚ ਕੀਤੇ ਹਨ ਸੋ ਸਾਡੀ ਹੁਣ ਪੁਕਾਰ ਹੈ ਪੰਥ ਅੱਗੇ ਕਿ ਪੰਥ ਇਕ ਪ੍ਰਤੀਨਿਧ ਦੀਵਾਨ ਕਰਕੇ ਸਾਨੂੰ ਸਾਡੀਆਂ ਤਕਲੀਫ਼ਾਂ ਪੁੱਛੇ ਤਾਂ ਜੋ ਅਸੀਂ ਆਪਣੇ ਦੁੱਖੜੇ ਪੰਥ ਨੂੰ ਦੱਸੀਏ ਦੂਜਾ ਸਾਡੀਆਂ ਤਨਖਾਹਾਂ ਮੁਕੱਰਰ ਕੀਤੀਆਂ ਜਾਣ ਅਤੇ ਆਪ ਨੇ ਜਿਸ ਤਰ੍ਹਾਂ ਪ੍ਰੇਮ ਨਾਲ ਪੁੱਛਿਆ ਹੈ ਅਗੇ ਕਿਸੇ ਪੰਥ ਪਿਆਰੇ ਨੇ ਦਰਦ ਨਾਲ ਨਹੀਂ ਪੁੱਛਿਆ ਸੋ ਦਾਸ ਨੇ ਉਪਰੋਕਤ ਬਿਨੈਂ ਗੁਰੂ ਪੰਥ ਦੇ ਵਿਚਾਰ ਲਈ ਕਰ ਦਿੱਤੀ ਹੈ ਅਗੇ ਗੁਰੂ ਪੰਥ ਮਾਲਕ ਹੈ।

ਗੁਰੂ ਪੰਥ ਦਾ ਦਾਸ :-
ਕੇਹਰ ਸਿੰਘ ਬੁਰਜ ਪੱਟੀ

ਅਕਾਲੀ ਲਾਹੌਰ, ੧੧ ਸਤਬੰਰ ੧੯੨੦

ਗੁਰਮਤੇ

ਮਿਰਜੇ ਵਾਲੀ—ਜਿਲਾ ਗੁਰਦਾਸ ਪੁਰ ਵਿਚ ੧੫, ੧੬ ਭਾਦੋਂ ਨੂੰ ਦੀਵਾਨ ਹੋ ਕੇ ਹੇਠਾਂ ਲਿਖੇ ਗੁਰਮਤੇ ਪਾਸ ਹੋਏ। ੧. ਤਿਲਕ ਦੇ ਚਲਾਣੇ ਤੇ ਸ਼ੋਕ, (੨) ਮਾਰਸ਼ਲ ਲਾ ਅਤੇ ਪਹਿਲੇ ਸਾਰੇ ਰਾਜਸੀ ਕੈਦੀਆਂ ਦਾ ਛਡਣਾਂ (੩) ਬੁਚੜ ਖਾਨੇ ਬੰਦ ਕਰਾਨੇ (੪) ਅਤੇ ਗੁਰਦੁਵਆਰਾ ਭੈਣੀ ਸਾਹਿਬ ਤੋਂ ਪੁਲਿਸ ਦੀ ਚੌਂਕੀ ਹਟਾਣੀ।
(ਦਾਸ ਗੋਪਾਲ ਸਿੰਘ ਸਕਤਰ)

ਸਯਦ ਕਸਰਾਂ—ਸਿੰਘ ਸਭਾ ਦੇ ਦੀਵਾਨ ਵਿਚ ਪਾਸ ਹੋਇਆ (੧) ਸਿੱਖ ਰਾਜਸੀ ਕੈਦੀਆਂ ਨੂੰ ਸਰਕਾਰ ਛੇਤੀ ਛੱਡ ਦੇਵੇ ਤੇ ਪਾਬੰਦੀਆਂ ਹਟਾ ਦੇਵੇ (੨) ਖਾ: ਕਾਲਜ ਤਰਨ ਤਾਰਨ, ਦਰਬਾਰ ਸਾਹਿਬ ਤੇ ਸਭ ਧਾਰਮਕ ਅਸਥਾਨ ਦਾ ਪ੍ਰਬੰਧ ਸਿੱਖ ਪੰਥ ਨੂੰ ਦਿੱਤਾ ਜਾਵੇ (ਤਾਰਾ ਸਿੰਘ ਸੇਵਕ)

ਚੀਮਾ—ਸਿੰਘ ਸਭਾ ਦੇ ਦੀਵਾਨ ਵਿਚ ਹੇਠਾਂ ਲਿਖੇ ਗੁਰਮਤੇ ਪਾਸ ਹੋਏ :-

(੧) ਕੌਂਸਲਾਂ ਵਿਚ ਪੂਰੇ ਅਧਿਕਾਰ

(੨) ਅੰਮ੍ਰਿਤਧਾਰੀ ਕੇਸ ਧਾਰੀ ਰਹਿਤ ਵਾਨ ਸਿੱਖ ਹੋ ਸਕਦਾ ਹੈ (੩) ਜੇਹਲਾਂ ਵਿਚ ਰਹਿਤਾਂ ਦੀ ਖੁਲ੍ਹ (੪) ਮਾਮਲੇ ਦਾ ਪਕਾ ਬੰਦੋਬਸਤ (੫) ਖਾ: ਕਾਲਜ, ਦਰਬਾਰ ਸਾਹਿਬ ਤੇ ਹੋਰ ਧਾਰਮਕ ਅਸਥਾਨਾਂ ਦਾ ਸਿੱਖ ਪ੍ਰਬੰਧ ਹੋਵੇ। (੬) ਰਾਜਸੀ ਕੈਦੀਆਂ ਤੇ ਨਜ਼ਰ ਬੰਦਾਂ ਦੀ ਖੁਲ੍ਹ ਹੋਵੇ (੭) ਨਾਮਧਾਰੀਆਂ ਤੇ ਸਰਦਾਰ ਸਰਦੂਲ ਸਿੰਘ ਦੀਆਂ ਪਾਬੰਦੀਆ ਹਟਾਈਆ ਜਾਨ (੮) ਫੌਜੀਆਂ ਨੂੰ ਗਾਤਰੇ ਕ੍ਰਿਪਾਨ ਰੱਖਣ ਦੀ ਖੁਲ੍ਹ ਹੋਵੇ।

(ਸੌਦਾਗਰ ਸਿੰਘ ਸਕੱਤਰ ਸਿੰਘ ਸਭਾ)

ਅਕਾਲੀ ਲਾਹੌਰ, ੧੨ ਸਤਬੰਰ ੧੯੨੦

ਮੂਲੋਂ ਗਪ ਤੇ ਝੂਠੀ ਅਵਾਂਈ।

ਨਾਰੰਗਵਾਲ

੨੮ ਜੁਲਾਈ ੧੯੨੦

ਮੈਨੂੰ ਪਤਾ ਲਗਾ ਹੈ ਕਿ ਆਮ ਲੋਕਾਂ ਵਿਚ ਤੇ ਖਾਸ ਕਰਕੇ ਕੌਮ ਵਿਚ ਇਹ ਝੂਠੀ ਅਵਾਈ ਉੜਾਈ ਗਈ ਹੈ ਕਿ ਮੇਰੇ ਪਤੀ ਰਣਧੀਰ ਸਿੰਘ ਜੋ ਕਿ ਰਾਜਧ੍ਰੋਹੀ ਮੁਕੱਦਮੇ ਵਿਚ ਜੇਹਲ ਵਿਚ ਕੈਦ ਹਨ। ਆਨਰੇਬਲ ਸਰਦਾਰ ਬਹਾਦਰ ਗਜਨ ਸਿੰਘ ਵਕੀਲ ਉਨ੍ਹਾਂ ਦੀ ਰਿਹਾਈ ਤੋਂ ਵਿਰੁੱਧ ਹਨ। ਇਹ ਅਵਾਈ ਬਿਲਕੁਲ ਝੂਠੀ ਤੇ ਮੂਲੋਂ ਗਪ ਹੈ ਕਿਉਂਕਿ ਮੈਂ ਤੇ ਆਪਣੇ ਪਤੀ ਦੀ ਰਿਹਾਈ ਲਈ ਦੋ ਮੈਮੋਰੀਅਲ ਸਰਕਾਰ ਦੀ ਸੇਵਾ ਵਿਚ ਭੇਜੇ ਹਨ। ਉਹ ਉਕਤ ਸਰਦਾਰ ਬਹਾਦਰ ਜੀ ਦੀ ਸਲਾਹ ਨਾਲ ਉਹਨਾਂ ਦੇ ਮਕਾਨ ਪਰ ਬੈਠ ਕੇ ਭੇਜੇ ਗਏ ਸੀ। ਮੈਂ ਸਦਾ ਉਹਨਾਂ ਦੇ ਪਾਸ ਜਾਂਦੀ ਰਹਿੰਦੀ ਹਾਂ। ਸਰਦਾਰ ਸਾਹਿਬ ਮੇਰੇ ਪਤੀ ਦੀ ਰਿਹਾਈ ਲਈ ਜਤਨ ਕਰਦੇ ਰਹੇ ਹਨ ਅਤੇ ਹੁਣ ਜਤਨ ਕਰਦੇ ਹਨ। ਇਹ ਚਾਰ ਸਤਰਾਂ ਪਬਲਿਕ ਦੀ ਸੇਵਾ ਵਿਚ ਝੂਠੀ ਅਵਾਈ ਦੇ ਦੂਰ ਕਰਨ ਹਿਤ ਭੇਜਦੀ ਹਾਂ।

(ਦਸਖਤ) ਕਰਤਾਰ ਕੌਰ ਸੁਪਤਨੀ ਰਣਧੀਰ ਸਿੰਘ

ਦੂਜਾ ਪੱਤਰ ਇਸ ਦੇ ਉਲਟ ਸੀ ਕਿ "ਸਰਦਾਰ ਗਜਨ ਸਿੰਘ ਜੀ ਦੇ ਭਰਾ ਸਰਦਾਰ ਸੰਤ ਸਿੰਘ ਨੇ ਨਾਰੰਗ ਵਾਲ ਬੁਲਾ ਕੇ ਧਕੋ ਧਕੀ ਮੇਰੇ ਪਾਸੋਂ ਤਿੰਨਾਂ ਕਾਗਜ਼ਾਂ ਤੇ ਦਸਖਤ ਕਰਾ ਲਏ ਹਨ ਪਤਾ ਨਹੀਂ ਉਹਨਾਂ ਪਰ ਕੀ ਲਿਖਿਆ ਹੈ, ਆਦਿਕ। ਅਸਾਂ ਪਹਿਲਾਂ ਉਰਦੂ ਦਾ ਪੱਤਰ ਬੀਬੀ ਜੀ ਨੂੰ ਭੇਜ ਦਿੱਤਾ ਜਿਸਦਾ ਉੱਤਰ ਹੇਠਾਂ ਲਿਖਿਆ ਆਇਆ ਹੈ :-

ਉੱਤਰ :-

੧. ਇਹ ਉਪਰਲਾ ਲੇਖ ਨ ਮੈਂ ਲਿਖਿਆ ਨ ਕਿਸੇ ਪਾਸੋਂ ਲਿਖਾਇਆ ਤੇ ਨ ਮੇਰੇ ਸਾਹਮਣੇ ਕਿਸੇ ਨੇ ਲਿਖਿਆ।

ਮੈਨੂੰ ਕੇਵਲ ਇਹ ਦਸ ਕੇ ਦਸਖਤ ਕਰਾਏ ਗਏ ਸਨ ਕਿ ਅਸੀਂ ਅੱਜਕਲ੍ਹ ਹੀ ਭਾ: ਰਣਧੀਰ ਸਿੰਘ ਬਾਬਤ ਸਰਕਾਰ ਨੂੰ ਚਿੱਠੀ ਲਿਖੀ ਹੈ। ਜਿਸਦਾ ਜਵਾਬ ਆਉਣ ਵਾਲਾ ਹੈ। ਤੁਸੀਂ ਇਹਨਾਂ ਤਿੰਨਾਂ ਕਾਗਜ਼ਾਂ ਪਰ ਇਸ ਗੱਲ ਦੇ ਦਸਖਤ ਕਰ ਦਿਓ। ਕਿ ਸਾਡੀ ਸ: ਬ: ਗਜਣ ਸਿੰਘ ਨਾਲ ਕੋਈ ਦੁਸ਼ਮਣੀ ਨਹੀਂ ਹੈ। ਤਾਂਕਿ ਸਾਡੀ ਚਿਠੀ ਦਾ ਅਸਰ ਚੰਗਾ ਪਵੇ। ਤੇ ਬਿਨਾਂ ਮਜ਼ਮੂਨ ਦੇ ਸੁਣਾਇਆ ਤੇ ਚਲ ਕੇ ਰੋਹਬ ਦੁਆਰਾ ਘਰ ਸਦਕੇ ਦਸਖਤ ਕਰਾਏ।

ਕੋਈ ਮੈਮੋਰੀਅਲ ਸਰਦਾਰ ਬਹਾਦਰ ਦੀ ਸਲਾਹ ਨਾਲ ਤੇ ਉਹਨਾਂ ਦੇ ਮਕਾਨ ਪਰ ਬੈਠ ਕੇ ਨਹੀਂ ਭੇਜਿਆ ਗਿਆ। ਭਾਈ ਸਾਹਿਬ ਦੇ ਕੈਦ ਹੋਣ ਸਮੇਂ ਲਾਟ ਸਾਹਿਬ ਤੇ ਵਾਇਸਰਾਏ ਦੀ ਸੇਵਾ ਵਿਚ ਮਿ: ਰਊਫਅਲੀ ਦਿਲੀ ਤੋਂ ਮੈਮੋਰੀਅਲ ਲਿਖਾ ਕੇ ਭੇਜੇ ਗਏ ਹਨ। ਪਿਛਲੇ ਨਵੰਬਰ ਵਿਚ ਜੰਗ ਦੀ ਫਤਹਿ ਦੀ ਖੁਸ਼ੀ ਸਮੇਂ ਲਾਲਾ ਰਘੁਬੰਸ ਲਾਲ ਪਲੀਡਰ ਤੋਂ ਮੈਮੋਰੀਅਲ ਲਿਖਾ ਕੇ ਭੇਜਿਆ ਗਿਆ ਸੀ ਅਤੇ ਅਪ੍ਰੈਲ ਵਿਚ ਜੋ ਤਾਰ ਲਾਟ ਸਾਹਿਬ ਨੂੰ ਭੇਜੀ ਗਈ ਸੀ। ਉਹ ਮੈਂ ਆਪਣੇ ਭ੍ਰਾਤਾ ਸ: ਧੰਨਾ ਸਿੰਘ ਦੀ ਸਹਾਇਤਾ ਨਾਲ ਭੇਜੀ ਸੀ। ਇਸ ਤੋਂ ਉਪਰੰਤ ਇਕ ਮੈਮੋਰੀਅਲ ਹੋਰ ਭੇਜਿਆ ਹੈ। ਜਿਸਦਾ ਜੁਵਾਬ ਅਜ ਤਕ ਨਹੀਂ ਆਇਆ। ਉਹ ਭੀ ਮੇਰੇ ਭ੍ਰਾਤਾ ਸ: ਧੰਨਾ ਸਿੰਘ ਦੀ ਸਹਾਇਤਾ ਨਾਲ ਹੀ ਭੇਜਿਆ ਗਿਆ ਹੈ।

ਸੰ: ੧੯੧੯ ਦੇ ਅੰਤ ਵਿਚ ਭਾ: ਰਣਧੀਰ ਸਿੰਘ ਜੀ ਦੀ ਜ਼ਬਤੀ ਜਾਇਦਾਦ ਦਾ ਮੁਕੱਦਮਾਂ ਲੁਧਿਆਣੇ ਅਦਾਲਤ ਵਿਚ ਚਲਦਾ ਸੀ ਤਾਂ ਮੈਂ ਕਿਸੇ ਭਲੇਮਾਨਸ ਦੀ ਪ੍ਰੇਰਨਾ ਦੁਆਰਾ ਸਰਦਾਰ ਬਹਾਦਰ ਪਾਸ ਮੁਕੱਦਮੇ ਦੀ ਖ਼ਾਤਰ ਸਲਾਹ ਲੈਣ ਗਈ ਸੀ ਤਾਂ ਸਰਦਾਰ ਜੀ ਨੇ ਮੈਨੂੰ ਹੇਠ ਲਿਖਿਆ ਉੱਤਰ ਦਿੱਤਾ ਸੀ। "ਜੇ ਤੁਹਾਡੀ ਜਾਇਦਾਦ ਕੁਰਕ ਨਾ ਹੋਈ ਤਾਂ ਤੁਸੀਂ ਕੀ ਜਾਣੋਗੇ ਤੇ ਰਣਧੀਰ ਸਿੰਘ ਨੂੰ ਕੀ ਦੁੱਖ ਪਹੁੰਚੇਗਾ।"

ਇਸ ਮੌਕੇ ਤੋਂ ਬਿਨਾਂ ਮੈਂ ਸਰਦਾਰ ਸਾਹਿਬ ਪਾਸ ਕਦੇ ਨਹੀਂ ਗਈ ਤੇ ਨ ਉਹਨਾਂ ਪਾਸੋਂ ਕਿਸੇ ਪ੍ਰਕਾਰ ਦੀ ਸਹਾਇਤਾ ਮੰਗੀ ਹੈ।

੪. ਪਿਛੇ ੧੯੨੦ ਦੇ ਅਰੰਭ ਵਿਚ ਜਦ ਕਿ ਡਿਸਟ੍ਰਿਕਟ ਬੋਰਡ ਦੀ ਮੈਂਬਰੀ ਦੀ ਚੋਣ ਹੋਈ ਸੀ ਤਾਂ ਪਿੰਡ ਕਿਲਾਂ ਰਾਇਪੁਰ ਵਿਚ ਰਾਇ ਦੇਣ ਵਾਲਿਆਂ ਸ: ਸਾਹਿਬ ਨੂੰ ਆਖਿਆ ਸੀ ਕਿ ਆਪ ਭਾ: ਸਾਹਿਬ ਦੀ ਰਿਹਾਈ ਲਈ ਕੋਸ਼ਿਸ਼ ਕਰੋ। ਤਾਂ ਆਪਨੇ ਕਿਹਾ ਸੀ ਕਿ ਮੈਂ ਉਨ੍ਹਾਂ ਦੇ ਛੁਡਾਉਣ ਦਾ ਖਾਸ ਜਤਨ ਕਰਾਂਗਾ। ਪਰ ਇਸ ਗੱਲ ਨੂੰ ਸਾਰਾ ਜੱਗ ਜਾਣਦਾ ਹੈ ਕਿ ਸ਼ਾਹੀ ਐਲਾਨ ਦੇ ਪਿੱਛੋਂ ਮਿ: ਸਰੈਂਦਰੋ ਨਾਥ ਬੈਨਰਜੀ ਨੇ ਬੰਗਾਲੀ ਕੈਦੀਆਂ ਦੇ ਛੁਡਾਉਣ ਲਈ ਕੌਂਸਲ ਵਿਚ ਸਵਾਲ ਕੀਤਾ ਤੇ ਲਾਲਾ ਜਵਾਹਰ ਲਾਲ ਨੇ ਭਾ: ਪਰਮਾਨੰਦ ਜੀ ਦੇ ਛੁਡਾਉਣ ਹਿਤ ਪੰਜਾਬ ਕੌਂਸਲ ਵਿਚ ਸਵਾਲ ਕੀਤਾ। ਪਰ ਸ੍ਰ: ਬਹਾਦਰ ਜੀ ਨੇ ਭਾ: ਸਾਹਿਬ ਦੀ ਰਿਹਾਈ ਲਈ ਇਹੋ ਜਤਨ ਕੀਤਾ ਕਿ ਕੌਂਸਲਾਂ ਵਿਚ ਜਾ ਕੇ ਇਕੋ ਚੁਪ ਵੱਟ ਛਡੀ।

੫. ਥੋੜ੍ਹੇ ਹੀ ਦਿਨ ਹੋਏ ਹਨ ਕਿ ਨਾਰੰਗਵਾਲ ਵਿਚ ਸੰਤ ਤੇਜਾ ਸਿੰਘ ਜੀ ਪ੍ਰੋਫੈਸਰ ਦੇ ਆਉਣ ਪਰ ਦੀਵਾਨ ਸਜਿਆ ਸੀ ਤੇ ਭਾ: ਰਣਧੀਰ ਸਿੰਘ ਜੀ ਦੀ ਰਿਹਾਈ ਖਾਤਰ ਗੁਰਮਤਾ ਪਾਸ ਕੀਤਾ ਗਿਆ ਸੀ। ਉਸ ਜਗ੍ਹਾ ਸ੍ਰ: ਬਹਾਦਰ ਗਜਣ ਸਿੰਘ ਜੀ ਭੀ ਆਏ ਸਨ। ਭਾਵੇਂ ਆਪ ਆਪਣੀ ਸਪੁਤ੍ਰੀ ਦੀ ਬੀਮਾਰੀ ਕਰਕੇ ਪਛੜ ਕੇ ਪਹੁੰਚੇ ਸਨ ਤੇ ਆਪ ਦੇ ਆਉਣ ਤੋਂ ਅਗੋਂ ਗੁਰਮਤੇ ਪਾਸ ਹੋ ਚੁਕੇ ਸਨ ਪਰ ਫੇਰ ਭੀ ਆਪਨੇ ਇਸ ਗੱਲ ਦੇ ਸਬੂਤ ਵਿਚ ਕਿ ਮੈਂ ਭਾ: ਰਣਧੀਰ ਸਿੰਘ ਜੀ ਦੀ ਰਿਹਾਈ ਦੇ ਹੱਕ ਵਿਚ ਹਾਂ। ਆਪਣੀ ਕੌਂਸਲ ਦੀ ਕਾਰਵਾਈ ਵਾਲੀ ਕਿਤਾਬ ਪੇਸ਼ ਕੀਤੀ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਆਪਨੇ ਸ਼ਾਹੀ ਐਲਾਨ ਤੋਂ ਪਹਿਲਾਂ ਸਾਂਝੇ ਤੌਰ ਪਰ ਸਿੱਖ ਕੈਦੀਆਂ ਦੇ ਛੱਡਣ ਲਈ ਕੌਂਸਲ ਦੇ ਇਕੱਠ ਵਿਚ ਸਰਕਾਰ ਪਾਸ ਬੇਨਤੀ ਕੀਤੀ ਤੇ ਇਕ ਦੋ ਹੋਰ ਮੌਕਿਆਂ ਪਰ ਭੀ ਆਪਨੇ ਕੌਂਸਲ ਵਿਚ ਇਸ ਬਾਰੇ ਵਿਚ ਜ਼ਿਕਰ ਕੀਤਾ ਪਰ ਜਿਸ ਵੇਲੇ ਸ਼ਾਹੀ ਐਲਾਨ ਹੋਇਆ ਤੇ ਹੋਰ ਆਨਰੇਬਲਾਂ ਨੇ ਕੈਦੀਆਂ ਦੇ ਨਾਮ ਲੈ ੨ ਕੇ ਸਵਾਲ ਕੀਤੇ ਤਾਂ ਆਪ ਚੁਪ ਹੋ ਰਹੇ। ਹੁਣ ਤਾਂ ਸਚ ਮੁਚ ਉਹੋ ਗੱਲ ਹੈ ਕਿ "ਵਕਤੋਂ ਖੁੰਝੀ ਡੂੰਮਣੀ ਬੋਲੇ ਆਲ ਪਤਾਲ"

ਆਪ ਦਾ ਲੁਧਿਆਣੇ ਸਿੱਖ ਲੀਗ ਵਿਚ ਕੈਦੀਆਂ ਪ੍ਰਥਾਇ ਰੈਜ਼ੂਲਿਯੂਸ਼ਨ ਪਾਸ ਕਰਨਾ ਤੇ ਅਗੋਂ ਪਿੱਛੋਂ ਕੌਂਸਲ ਵਿਚ ਵਖਿਆਨ ਦੇਣਾ ਕਿਸੇ ਅਰਥ ਨ ਆਇਆ। ਜੇ ਆਪ ਭਾ: ਸਾਹਿਬ ਨੂੰ ਛੁਡਾਉਣਾ ਚਾਹੁੰਦੇ ਤਾਂ ਭਾਵੇਂ ਸ਼ਾਹੀ ਐਲਾਨ ਹੁੰਦੇ ਹੀ ਕੌਂਸਲ ਵਿਚ ਭਾ: ਸਾਹਿਬ ਦਾ ਤੇ ਸਿੱਖ ਕੈਦੀਆ ਦਾ ਮਾਮਲਾ ਪੇਸ਼ ਕਰਦੇ। ਜਿਹੜੇ ਕੈਦੀ ਮੁਕੱਦਮਾ

ਰਾਜ ਧ੍ਰੋਹੀ ਵਿਚ ਬਹੁਤ ਖ਼ਤਰਨਾਕ ਸਿੱਧ ਕੀਤੇ ਗਏ ਸਨ ਉਹ ਤਾਂ ਛੁੱਟ ਕੇ ਆ ਗਏ। ਕੀ ਭਾ: ਸਾਹਿਬ ਨ ਆਉਂਦੇ ? ਤੇ ਨਾ ਹੀ ਆਪ ਮੁਕੱਦਮਾ ਜਾਇਦਾਦ ਦੇ ਵੇਲੇ ਮੈਨੂੰ ਮੇਹਣੇ ਮਾਰਵਾਂ ਜਵਾਬ ਦਿੰਦੇ, ਸਰਦਾਰ ਸਾਹਿਬ ਨੇ ਨਾਰੰਗ ਵਾਲ ਦੀਵਾਨ ਵਿਚ ਭਾ: ਸਾਹਿਬ ਦੀ ਰਿਹਾਈ ਲਈ ਇਕ ਡੈਪੂਟੇਸ਼ਨ ਸਰਕਾਰ ਪੰਜਾਬ ਦੀ ਸੇਵਾ ਵਿਚ ਲੈ ਜਾਣ ਵਾਸਤੇ ਕਿਹਾ ਸੀ। ਜਿਸ ਵਿਚ ਭਾ: ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਦਾ ਨਾਮ ਭੀ ਲਿਆ ਸੀ ਦੇਖੀਏ ਇਹ ਡੈਪੂਟੇਸ਼ਨ ਕਰ ਜਾਂਦਾ ਹੈ। ਪਰ ਜੇ ਸ਼ਾਹੀ ਐਲਾਨ ਸਮੇਂ ਸ: ਸਾਹਿਬ ਕੌਂਸਲ ਵਿਚ ਮਾਮਲਾ ਪੇਸ਼ ਕਰਦੇ। ਤਾਂ ਅੱਜ ਡੈਪੂਟੇਸ਼ਨ ਲਿਜਾਣ ਦੀਆਂ ਕੋਸ਼ਿਸ਼ਾਂ ਨਾ ਕਰਨੀਆਂ ਪੈਂਦੀਆਂ।

੬ ਨਾਰੰਗਵਾਲ ਦੀਵਾਨ ਵਿਚ ਸਰਦਾਰ ਬਹਾਦਰ ਨੇ ਜੋ ਬਚਨ ਕੀਤੇ ਸਨ ਉਨ੍ਹਾਂ ਪਰ ਤਾਂ ਅਸੀਂ ਰੀਝ ਗਏ ਸੀ ਪਰ ਇਹ ਜੋ ਸਰਦਾਰ ਜੀ ਨੇ ਝੂਠਾ ਲੇਖ ਲਿਖਕੇ ਤੇ ਉਪਰ ਮੇਰੇ ਦਸਖਤ ਕਰਵਾਏ ਅਖ਼ਬਾਰਾਂ ਦੁਵਾਰਾ ਆਪਨੀ ਪੋਜੀਸ਼ਨ ਨੂੰ ਸਾਫ਼ ਕਰਨ ਦੀ ਅਯੋਗ ਕੋਸ਼ਿਸ਼ ਕੀਤੀ। ਇਸ ਤੋਂ ਸਾਨੂੰ ਫੇਰ ਸ਼ੱਕ ਪੈ ਗਿਆ ਹੈ ਕਿ ਦਾਲ ਵਿਚ ਜ਼ਰੂਰ ਕਾਲਾ ੨ ਹੈ। ਜੇ ਸਰਦਾਰ ਸਾਹਿਬ ਮੈਨੂੰ ਕੇਵਲ ਇਤਨਾ ਹੀ ਕਹਿ ਦਿੰਦੇ ਕਿ ਤੁਸੀਂ ਅਗਲੀਆਂ ਗੱਲਾਂ ਨੂੰ ਜਾਣ ਦਿਓ ਤੇ ਸਭ ਗੁਸੇ ਭੁਲ ਜਾਓ ਹੁਣ ਆਪਾਂ ਰਲ ਕੇ ਭਾ: ਸਾਹਿਬ ਨੂੰ ਛੁਡਾਂਵਾਂਗੇ ਤਾਂ ਮੇਰਾ ਸਰਦਾਰ ਸਾਹਿਬ ਪਰ ਜ਼ਰਾ ਭਰ ਭੀ ਰੋਸਾ ਨਾ ਹੁੰਦਾ ਤੇ ਨ ਆਪ ਦੀ ਬਾਬਤ ਪਬਲਿਕ ਵਿਚ ਸ਼ਕ ਪੈਦਾ ਹੁੰਦਾ ਅਤੇ ਸਰਦਾਰ ਸਾਹਿਬ ਜੋ ਚਾਹੁੰਦੇ ਮੇਰੇ ਪਾਸੋਂ ਲਿਖਵਾ ਲੈਂਦੇ। ਪਰ ਆਪ ਨੂੰ ਅਜਿਹੇ ਸਿਆਨੇ ਤੇ ਐਡੇ ਵਡੇ ਆਦਮੀ ਹੋ ਕੇ ਐਨਾ ਪੂਰਾ ਗੁੰਦਣ ਗੁੰਦਕੇ ਮੇਰੇ ਪਾਸੋਂ ਦਸਖਤ ਕਰਾਉਣੇ ਯੋਗ ਨਹੀਂ ਸੀ ਇਹ ਤਾਂ ਉਹੋ ਗੱਲ ਹੋਈ ਨਾਲੇ ਚੋਰ ਨਾਲੇ ਚਤਰਾਈ।

ਸਰੀ ੨ ਵਿਖਿਆ ਪ੍ਰਗਟ ਕੀਤੀ ਗਈ ਹੈ। ਪਬਲਿਕ ਵਿਚਾਰ ਲਵੇ ਤੇ ਟਪਲਾ ਨ ਖਾਵੇ।

ਦਾਸੀ—ਕਰਤਾਰ ਕੌਰ
ਸੁਪਤਨੀ ਭਾ: ਰਣਧੀਰ ਸਿੰਘ

ਅਕਾਲੀ ਲਾਹੌਰ, ੧੭ ਸਤਬੰਰ ੧੯੨੦

ਗੁਰਦੁਆਰਾ ਰਕਾਬ ਗੰਜ ਲਈ ਸ਼ਹੀਦੀ ਦਲ

ਗੁਰਦੁਆਰਾ ਰਕਾਬ ਗੰਜ ਸਬੰਧੀ ਸ: ਸਰਦੂਲ ਸਿੰਘ ਜੀ ਦਾ ਲੇਖ ਪੜ੍ਹਕੇ ਜਿਸ ਉਤਸ਼ਾਹ ਨਾਲ ਗੁਰਦੁਆਰਿਆਂ ਨੇ ਆਪਣੇ ਨਾਮ ਭੇਜੇ ਹਨ ਉਸ ਤੋਂ ਸਾਬਤ ਹੋਂਦਾ ਹੈ ਕਿ ਗੁਰੂ ਪੰਥ ਵਿਚ ਕੁਰਬਾਨੀ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ ਅਤੇ ਉਹ ਆਪਣੇ ਧਰਮ ਅਤੇ ਆਨ ਲਈ ਸਭ ਤਰ੍ਹਾਂ ਦੇ ਦੁਖੜੇ ਸ਼ਾਂਤੀ ਪੂਰਬਕ ਝਲਣ ਨੂੰ ਤਿਆਰ ਹਨ, ਭਾਵੇਂ ਲੇਖ ਵਿਚ ਲੋੜ ਕੇਵਲ ਸੌ ਸਿੰਘਾਂ ਦੀ ਸ਼ਹੀਦੀ ਦਲ ਵਾਸਤੇ ਪ੍ਰਗਟ ਕੀਤੀ ਗਈ ਸੀ ਪਰ ਇਸ ਦਾ ਉਤਰ ਇਹ ਆ ਰਿਹਾ ਹੈ ਕਿ **"ਸੌ ਦੀ ਕੇਹੜੀ ਗਲ ਹੈ ਹਜਾਰਾਂ ਸਿੰਘ ਇਸ ਧਰਮ ਦੀ ਆਨ ਉਤੋਂ ਕੁਰਬਾਨ ਹੋ ਕੇ ਜਨਮ ਸਫਲ ਕਰਨ ਲਈ ਤਯਾਰ ਹਨ"** ਇਸ ਵੇਲੇ ਕਈ ਸੌ ਨਾਮ ਸਾਡੇ ਪਾਸ ਪਹੁੰਚ ਗਏ ਹਨ। ਖ਼ਾਸ ਨਾਮ ਜਿਹੜੇ ਛਾਪਣੇ ਯੋਗ ਨਹੀਂ ਛੱਡ ਕੇ ਬਾਕੀ ਫਹਰਿਸਤ ਕਲ ਆਰੰਭ ਕਰ ਦਿਤੀ ਜਾਵੇਗੀ ਅਤੇ ਛੇਤੀ ਹੀ ਵਿਚਾਰ ਕਰਕੇ ਯੋਗ ਉਪਰਾਲਾ ਕੀਤਾ ਜਾਵੇਗਾ।

ਗੁਰਧਾਮਾਂ ਉਪਰ ਕਹਿਰ ਦੇ ਬਦਲ!

ਮਿਸਰ ਨੂੰ ਆਜ਼ਾਦੀ ਮਿਲ ਗਈ, ਕੋਰੀਆ ਨੂੰ ਸ੍ਵਰਾਜ ਦੇਣ ਦੀਆਂ ਵਿਚਾਰਾਂ ਹੋ ਰਹੀਆਂ ਹਨ, ਆਇਰ ਲੈਂਡ ਵਾਲੇ ਪੂਰਨ ਖੁਲ੍ਹ ਤੋਂ ਬਗੈਰ ਸਰਚਦੇ ਹੀ ਨਹੀਂ ਅਤੇ ਹਿੰਦੁਸਤਾਨ ਨੂੰ ਵੀ ਕਈਆਂ ਵਰ੍ਹਿਆਂ ਦੇ ਹਾੜੇ ਤਰਲਿਆਂ ਮਗਰੋਂ ਆਜ਼ਾਦੀ ਦਾ ਇਕ ਡਿਗਿਆ ਹੋਇਆ ਭੋਰਾ ਸੁਧਾਰ ਸਕੀਮ ਦੇ ਕੇ ਵਲਾਣ ਦਾ ਯਤਨ ਕੀਤਾ ਗਿਆ ਹੈ ਪਰ ਹਨੇਰ ਹੈ ਕਿ ਸਿੱਖ ਕੌਮ ਜੋ ਦੂਜਿਆਂ ਦੀ ਆਜ਼ਾਦੀ ਲਈ ਕੁਰਬਾਨ ਹੋ ਮਰ ਮਿਟੀ ਹੈ, ਅੱਜ ਉਸ ਦੇ ਗੁਰਧਾਮਾਂ ਉਪਰ ਕਹਿਰ ਦੇ ਬੱਦਲ ਗਰਜ ਰਹੇ ਹਨ।

ਗੁਰਦੁਆਰੇ ਰਕਾਬ ਗੰਜ ਦੀ ਢਠੀ ਹੋਈ ਕੰਧ ਅਜੇ ਪੰਥ ਦੇ ਕਲੇਜੇ ਵਿਚ ਬਰਛੀ ਵਾਂਗ ਰੜਕਦੀ ਸੀ ਕਿ ਅਰੂੜ ਸਿੰਘ ਨੇ ਅੱਤ ਆਣ ਚੁੱਕੀ, ਨੌਕਰਸ਼ਾਹੀ ਨੇ ਉਸ ਦੀ ਪਿਠ ਠੋਕੀ, ਨਤੀਜਾ ਇਹ ਨਿਕਲਿਆ ਕਿ ਪੰਥ ਪਯਾਰਿਆਂ

ਸਾਫ਼ ਆਖ ਦਿੱਤਾ ਕਿ ਜੇ ਅਰੂੜ ਸਿੰਘ ਨ ਹਟਾਯਾ ਗਿਆ ਤਾਂ ਇਸ ਦਾ ਬਬਾਨ ਬਣਾ ਕੇ ਸਸਕਾਰਿਆ ਜਾਵੇਗਾ ਅਤੇ ਇਸਨੂੰ ਮੁਰਦਾ ਸਮਝ ਕੇ ਸਰਬਰਾਹੀ ਤੋਂ ਵੱਖ ਸਮਝਿਆ ਜਾਵੇਗਾ ਭਾਵੇਂ ਅਰੂੜ ਸਿੰਘ ਨੇ ਹਥ ਜੋੜ ਕੇ ਬਬਾਨ ਵੱਲੋਂ ਮਾਫ਼ੀ ਮੰਗ ਲਈ ਪਰ ਸਰਕਾਰ ਹਾਲਾਂ ਤਕ ਉਸਨੂੰ ਨ ਹਟਾ ਕੇ ਇਸ ਗੱਲ ਦਾ ਸਬੂਤ ਦੇ ਰਹੀ ਹੈ ਕਿ ਉਹ ਸਿੱਖਾਂ ਵਿਚ ਨਰਾਜ਼ਗੀ ਫੈਲਣ ਵਿਚ ਖੁਸ਼ ਹੈ। ਜੇ ਨਹੀਂ ਤਾਂ ਕਿਉਂ ਨਹੀਂ ਐਲਾਨ ਕੀਤਾ ਜਾਂਦਾ ਕਿ ਅਰੂੜ ਸਿੰਘ ਸਰਬਰਾਹੀ ਤੋਂ ਹਟਾਇਆ ਗਿਆ ਹੈ ? ਜਦ ਸਾਰੇ ਸਿੱਖ ਪੰਥ ਦੀ ਨਰਾਜ਼ਗੀ ਦੀ ਪ੍ਰਵਾਹ ਨ ਕਰਕੇ ਅਰੂੜ ਸਿੰਘ ਅਜੇ ਤਕ ਸਰਬਰਾਹੀ ਔਹਦੇ ਪਰ ਕਾਇਮ ਹੈ ਤਾਂ ਸਿੱਖ ਨਵੇਂ ਪ੍ਰਬੰਧ ਸਬੰਧੀ ਐਲਾਨ ਨੂੰ ਕੀ ਕਰਨ ?

ਅਜੇ ਇਹ ਝਗੜੇ ਨਹੀਂ ਮਿਟੇ ਕਿ ਸਿਆਲ ਕੋਟ ਬਾਬੇ ਦੀ ਬੇਰ ਦੀ ਸਰਬਰਾਹ ਗੰਡਾ ਸਿੰਘ (ਪਤਤਿ) ਛਾਤੀ ਠੋਕ ਕੇ ਮੈਦਾਨ ਵਿਚ ਆ ਡਟਿਆ ਹੈ। ਖਬਰੇ ਕਿਸ ਦੀ ਹਲਾ ਸ਼ੇਰੀ ਤੇ ਉਹ ਇਤਨਾ ਨਚ ਰਿਹਾ ਹੈ ਜੋ ਖਬਰਾਂ ਸਾਨੂੰ ਸਿਆਲਕੋਟ ਤੋਂ ਆਈਆਂ ਹਨ ਉਹ ਦਸਦੀਆਂ ਹਨ ਕਿ ਗੰਡਾ ਸਿੰਘ ਸਿੱਖਾਂ ਨੂੰ ਬਾਬੇ ਦੀ ਬੇਰ ਵਿੱਚੋਂ ਬੇ ਦਖਲ ਕਰਕੇ ਕੋਈ ਵਡੀ ਨਾਮਵਰੀ ਖਟਣ ਦੇ ਫਿਕਰ ਵਿਚ ਹੈ ਅਤੇ ਬੜੇ ਹੋਛੇ ਹਥਿਆਰਾਂ ਤੇ ਉਤਰ ਆਇਆ ਹੈ। ਇਕ ਪ੍ਰੇਮੀ ਸਿੰਘ ਨੂੰ ਬਾਜ਼ਾਰ ਵਿਚ ਇਸੇ ਦੀ ਚੁਕ ਨਾਲ ਬੁਰੀ ਤਰ੍ਹਾਂ ਕੁਟਿਆ ਗਿਆ ਹੈ ਅਤੇ ਬਾਕੀ ਜਥੇ ਦੇ ਸੇਵਕਾਂ ਉਤੇ ਵੀ ਦਾਉ ਲਾਏ ਜਾ ਰਹੇ ਹਨ। ਮਾਮਲਾ ਬੜਾ ਵਿਗੜ ਰਿਹਾ ਹੈ। ਇਸ ਵੇਲੇ ਜ਼ਿੰਮੇਵਾਰ ਅਫ਼ਸਰਾਂ ਨੂੰ ਵਿਚ ਪੈ ਕੇ ਮਾਮਲਾ ਨਿਬੇੜਨ ਦੀ ਲੋੜ ਹੈ ਜੇ ਗੰਡਾ ਸਿੰਘ ਨੂੰ ਸਿੱਖਾਂ ਦੇ ਦਿਲ ਦੁਖਾਣੋਂ ਬੰਦ ਨ ਕੀਤਾ ਗਿਆ ਅਤੇ ਉਸਨੂੰ ਸਰਬਰਾਹੀ ਤੋਂ ਨ ਹਟਾਯਾ ਗਿਆ ਤਾਂ ਸਾਰੇ ਪੰਥ ਵਿਚ ਇਕ ਅਗ ਲਗ ਉਠੇਗੀ। ਕਿਉਂਕਿ ਗੁਰੂ ਪੰਥ ਆਪਣੇ ਗੁਰਧਾਮਾਂ ਦੀ ਹੱਤਕ ਨਹੀਂ ਸਹਾਰ ਸਕਦਾ।

ਇਥੇ ਹੀ ਬਸ ਨਹੀਂ ਗੁਰਧਾਮਾਂ ਦੇ ਦੁਖੜੇ ਮੁਕਣ ਵਾਲੇ ਨਹੀਂ। ਨੁਸ਼ਹਿਰਾ, ਮੁਲਤਾਨ, ਲਾਹੌਰ ਦੇ ਗੁਰਦੁਆਰੇ, ਨਾਨਕਾਣਾ ਸਾਹਿਬ, ਮੁਕਤਸਰ ਗੱਲ ਕੀ ਸਭ ਪਾਸਿਓਂ ਦਿਲ ਚੀਰਵੀਆਂ ਚਿਠੀਆਂ ਆ ਰਹੀਆਂ ਹਨ। ਇਕ ਚਿਠੀ ਜੋ ਅੱਜ ਹੀ ਸ: ਠਾਕਰ ਸਿੰਘ ਜੀ ਨੇ ਭੇਜੀ ਹੈ ਉਹ ਅਸੀਂ ਇਥੇ ਹੀ ਦਰਜ ਕਰਦੇ ਹਾਂ ਜੇ ਸਾਡੀ ਆਵਾਜ਼ ਸੁਣਨ ਲਈ ਵੀ ਕੋਈ ਕੰਨ ਹਨ ਤਾਂ ਇਸ ਚਿਠੀ ਨੂੰ ਦਿਲ ਥੰਮ ਕੇ ਪੜ੍ਹਨਾ :-

"ਪੁਲਿਸ ਦੀ ਕਾਰਸਤਾਨੀ ਅਤੇ ਪੰਥ ਦਾ ਫਰਜ"

ਠਾਨਾ ਬਰਕੀ ਜ਼ਿਲ੍ਹਾ ਲਾਹੌਰ ਦੇ ਦੋਨੋਂ ਸਬ ਇਨਸਪੈਕਟਰ ਪੁਲਿਸ ਕੁਝ ਪੁਲਿਸ ਵਾਲਿਆਂ ਸਮੇਤ ਕੁਝ ਦਿਨਾਂ ਤੋਂ ਇਕ ਮੁਕਦਮੇਂ ਦੀ ਤਫ਼ਤੀਸ਼ ਵਾਸਤੇ ਪਿੰਡ ਪਦਰੀ ਜ਼ਿਲ੍ਹਾ ਲਾਹੌਰ ਥਾਨਾ ਬਰਕੀ ਵਿਚ ਆਏ ਹੋਏ ਹਨ ਅਤੇ ਉਨ੍ਹਾਂ ਪਿੰਡ ਵਾਲਜਾਂ ਦੀ ਮਰਜੀ ਦੇ ਵਿਰੁੱਧ ਗੁਰਦੁਆਰੇ ਵਿਚ ਡੇਰੇ ਜਮਾ ਲਏ ਹਨ ਕੋਠੜੀ ਕੋਈ ਨਹੀਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖੁਲੇ ਕਮਰੇ ਵਿਚ ਹੀ ਪ੍ਰਕਾਸ਼ ਹੁੰਦੇ ਹਨ। ਉਸੀ ਜਗਾ ਪੁਲਿਸ ਵਾਲੇ ਜੁਤੀਆਂ ਲੈ ਜਾਂਦੇ ਤੰਮਾਕੂ ਹੁਕਾ ਪੀਂਦੇ ਅਤੇ ਕੁੱਠਾ ਖਾਂਦੇ ਹੁਨ ਅਤੇ ਰਾਤ ਨੂੰ ਕੋਠੇ ਪਰ ਮੰਜੀਆਂ ਲੈਜਾ ਕੇ ਸੌਂਦੇ ਹਨ ਅਤੇ ਗੁਰੂ ਸਾਹਿਬ ਹੇਠਾਂ ਹੁੰਦੇ ਹਨ ਪਿੰਡ ਛੋਟਾ ਹੈ ਸਿੱਖਾਂ ਦੇ ਘਰ ਥੋੜੇ ਹਨ ਅਤੇ ਉਹ ਵੀ ਮਨਮਤੀ ਹਨ। ਅਨਪੜ ਹੋਣ ਕਰਕੇ ਪੁਲਿਸ ਦੇ ਭੈ ਤੋਂ ਚੂੰ ਚਰਾ ਤਕ ਨਹੀਂ ਕਰਦੇ। ਇਕ ਸਿੱਖ ਗੰਗਾ ਸਿੰਘ ਨੇ ਇਸ ਗੱਲ ਤੋਂ ਰੋਕਿਆ ਪਰ ਉਸਨੂੰ ਵੀ ਇਸੀ ਮੁਕਦਮੇਂ ਵਿਚ ਮੁਲਜਮ ਬਣਾ ਕੇ ਮਾਰ ਕੁਟਾਈ ਸ਼ੁਰੂ ਕਰ ਦਿੱਤੀ ਹੈ ਅਤੇ ਉਸਨੂੰ ਪਕੜ ਰਖਿਆ ਹੈ ਉਸ ਦੀ ਇਕਲੀ ਮਾਈ ਹੀ ਮਾਈ ਹੈ ਉਸ ਨੂੰ ਬੜੀ ਤਕਲੀਫ਼ ਹੋ ਰਹੀ ਹੈ ਉਸਦੀ ਫਸਲ ਚਰੀ ਵਗੈਰਾ ਘੋੜੀਆਂ ਚਾਰ ਕੇ ਅਤੇ ਕੁਝ ਠਾਣੇ ਲੈ ਜਾ ਕੇ (ਜੋ ਇਥੋਂ ਦੋ ਮੀਲ ਦੇ ਕਰੀਬ ਹੈ) ਬਰਬਾਦ ਕਰ ਰਹੇ ਹਨ ਹੁਣ ਹੋਰ ਕਿਸੇ ਨੂੰ ਹੌਂਸਲਾ ਨਹੀਂ ਪੈਂਦਾ ਕਿ ਉਨ੍ਹਾਂ ਨੂੰ ਰੋਕੇ। ਹੁਣ ਕੁਝ ਪੰਥ ਪ੍ਰੇਮੀਆਂ ਨਾਲ ਸਲਾਹ ਕਰਕੇ ਡਿਪਟੀ ਕਮਿਸ਼ਨਰ ਲਾਹੌਰ ਅਤੇ ਡਿਪਟੀ ਇਨਸਪੈਕਟਰ ਜਨਰਲ ਪੁਲਿਸ ਲਾਹੌਰ ਨੂੰ ਖਬਰ ਭੇਜੀ ਗਈ ਹੈ। ਪਜਾਰੇ ਖਾਲਸਾ ਜੀ ਆਪਦਾ ਫ਼ਰਜ਼ ਹੈ ਕਿ ਜਲਦੀ ਹੀ ਡਿਪਟੀ ਕਮਿਸ਼ਨਰ ਅਤੇ ਡਿਪਟੀ ਇਨਸਪੈਕਟਰ ਜਨਰਲ ਪੁਲਿਸ ਲਾਹੌਰ ਨੂੰ ਗੁਰਮਤੇ, ਤਾਰਾਂ ਭੇਜੋ ਕਿ ਬਰਕੀ ਦੇ ਦੋਨੋਂ ਠਾਨੇਦਾਰਾਂ ਦੀ ਪਦਰੀ ਗੁਰਦੁਆਰੇ ਸਬੰਧੀ ਬੇ ਅਦਬੀ ਬਾਬਤ ਨੋਟਿਸ ਲੈ ਕੇ ਉਨ੍ਹਾਂ ਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਅਗੇ ਲਈ ਐਲਾਨ ਕੀਤਾ ਜਾਵੇ ਕਿ ਕੋਈ ਸਰਕਾਰੀ ਅਫ਼ਸਰ ਇਸ ਤਰ੍ਹਾਂ ਦੀ ਕਾਰਵਾਈ ਨਾ ਕਰੇ।

ਆਸ਼ਾ ਹੈ ਜੁ ਪੰਥ ਇਸ ਪਰ ਯੋਗ ਕਾਰਵਾਈ ਕਰੇਗਾ।

ਦਾਸ—ਠਾਕਰ ਸਿੰਘ ਲੈਸ ਨੈਕ

ਸਫ਼ਰ ਮੈਂਨ ਕੋਹਰੀਆਂ
ਜ਼ਿਲ੍ਹਾ ਲਾਹੌਰ

ਜੋ ਚਿੱਠੀ ਵਿਚ ਲਿਖੀਆਂ ਗੱਲਾਂ ਸਚ ਹਨ ਅਤੇ ਸਾਡਾ ਖ਼ਿਆਲ ਹੈ ਸਚ ਹੋਣਗੀਆਂ ਤਾਂ ਅਸੀਂ ਕਹਿੰਦੇ ਹਾਂ ਪੁਲਿਸ ਵਾਲਿਆਂ ਨੇ ਹਨੇਰ ਮਾਰਿਆ ਹੈ। ਉਹ ਸੁਤੀਆਂ ਕਲਾ ਜਗ੍ਹਾ ਕੇ ਪ੍ਰਜਾ ਅਤੇ ਸਰਕਾਰ ਦੋਹਾਂ ਨੂੰ ਬਿਪਤਾ ਵਿਚ ਪਾਉਣ ਲਗੇ ਹਨ। ਜਿਸ ਖੇਤ ਦੀ ਅਜੇਹੀ ਵਾੜ ਹੋਵੇ ਉਹ ਖੇਤ ਕਿਉਂ ਨ ਫਲੇ ਫੁਲੇ !

ਅਸੀਂ ਡਿਪਟੀ ਕਮਿਸ਼ਨਰ ਸਾਹਿਬ ਲਾਹੌਰ ਦਾ ਧਿਆਨ ਇਸ ਮਾਮਲੇ ਵਲ ਦੇਣ ਲਈ ਬੜੇ ਜ਼ੋਰ ਨਾਲ ਦਰਖਾਸਤ ਕਰਦੇ ਹਾਂ। ਜਿਤਨੀ ਛੇਤੀ ਇਨ੍ਹਾਂ ਪਾਪੀ ਪੁਰਸ਼ਾਂ ਨੂੰ ਯੋਗ ਦੰਡ ਦੇ ਕੇ ਸਿਖਾਂ ਦੇ ਦਿਲ ਠੰਡੇ ਕੀਤੇ ਜਾਣ ਉਤਨਾ ਹੀ ਚੰਗਾ ਹੈ। ਸਾਰੇ ਹਾਲਾਂ ਨੂੰ ਵਿਚਾਰਕੇ ਅਸੀਂ ਇਸ ਨਤੀਜੇ ਤੇ ਅਪੜੇ ਹਾਂ ਕਿ ਦੋ ਤਾਕਤਾਂ ਗੁਰਧਾਮਾਂ ਨੂੰ ਤਬਾਹ ਕਰਨ ਵਿਚ ਤੇ ਗੁਰਧਾਮਾਂ ਦੀ ਤਬਾਹੀ ਨਾਲ ਸਿੱਖ ਕੌਮ ਦੀ ਤਬਾਹੀ ਵਿਚ ਅਤੇ ਸਿੱਖ ਕੌਮ ਦੀ ਤਬਾਹੀ ਨਾਲ ਸਰਕਾਰ ਦੀ ਤਬਾਹੀ ਵਿਚ ਕੰਮ ਕਰ ਰਹੀਆਂ ਹਨ।

(੧) ਸਰਕਾਰੀ ਅਫ਼ਸਰ ਅਤੇ (੨) ਝੋਲੀ ਚੁਕ ਕਚੇ ਖੁਸ਼ਾਮਦੀ, ਖਤਾਬਾਂ ਦੇ ਭੁਖੇ ਅਤੇ ਦੇਸ਼ ਤੇ ਕੌਮ ਦੇ ਕਟੜ ਵੈਰੀ।

ਸ਼ਕੈਤ ਕੀਤੀ ਜਾਂਦੀ ਹੈ ਕਿ ਹਿੰਦੂ ਯਾ ਮੁਸਲਮਾਨ ਅਫ਼ਸਰ ਯਾ ਆਮ ਹਿੰਦੂ ਤੇ ਮੁਸਲਮਾਨ ਸਿੱਖ ਗੁਰਧਾਮਾਂ ਦੀ ਹੱਤਕ ਕਰਕੇ ਸਿੱਖਾਂ ਨੂੰ ਸਤਾ ਰਹੇ ਹਨ ਅਸੀਂ ਕਹਿੰਦੇ ਹਾਂ ਇਨ੍ਹਾਂ ਨੂੰ ਨ ਹਿੰਦੂ ਆਖੋ ਨ ਮੁਸਲਮਾਨ ਇਹ ਤਾਂ ਨੌਕਰ ਸ਼ਾਹੀ ਹੀਰ ਦੇ ਰਾਂਝੇ ਹਨ। ਇਸ ਲਈ ਇਨ੍ਹਾਂ ਦਾ ਯਤਨ ਹੈ ਕਿ ਅਸੀਂ ਆਪਣੇ ਮਜ਼ਹਬ ਦੀ ਓਟ ਲੈ ਕੇ ਕੌਮਾਂ ਵਿਚ ਲੜਾਈਆਂ ਤੇ ਫਸਾਦ ਖੜੇ ਕਰ ਦਈਏ ਅਤੇ ਮੌਜੂਦਾ ਕੌਮੀ ਮੇਲ ਨੂੰ ਧਾਗੇ ਧਾਗੇ ਕਰਕੇ ਵਡੇ ਰੁੱਤਬੇ ਤੇ ਦਰਜੇ ਪ੍ਰਾਪਤ ਕਰੀਏ।

ਇਸ ਲਈ ਇਕ ਪਾਸੇ ਤਾਂ ਅਸੀਂ ਹਿੰਦੂ ਮੁਸਲਮਾਨ ਭਰਾਵਾਂ ਨੂੰ ਸੁਚੇਤ ਕਰਦੇ ਹਾਂ ਕਿ ਉਹ ਇਨ੍ਹਾਂ ਦੇ ਧੋਖੇ ਵਿਚ ਨ ਆਉਣ ਸਿੱਖ ਗੁਰਧਾਮਾਂ ਯਾ ਸਿੱਖ ਅਸੂਲਾਂ ਵਿਚ ਦਖਲ ਦੇਣ ਵਾਲੇ ਨੂੰ ਪਾਪੀ, ਹਤਿਆਰਾ ਅਤੇ ਕੌਮ ਘਾਤਕ ਸਮਝ ਕੇ ਫਿਟਕਾਰਾਂ ਪਾਣ ਅਤੇ ਉਸ ਨੂੰ ਸਿੱਧਾ ਕਰਨ ਦਾ ਯਤਨ ਕਰਨ।

ਦੂਜੇ ਪਾਸੇ ਅਸੀਂ ਸਿੱਖ ਵੀਰਾਂ ਅਗੇ ਬਿਨੈ ਕਰਦੇ ਹਾਂ ਕਿ ਐਸ ਵੇਲੇ ਕੁਰਬਾਨੀ ਦੀ ਲੋੜ ਹੈ। ਪਰ ਫਸਾਦ ਕਰਨ ਦੀ ਨਹੀਂ। ਹਰ ਇਕ ਸਿੱਖ ਆਪਣੇ ਅਸੂਲਾਂ ਨੂੰ ਕਾਇਮ ਰਖੇ ਅਤੇ ਗੁਰਧਾਮਾਂ ਨੂੰ ਬਚਾਉਣ ਲਈ ਭਾਈ ਮਨੀ ਸਿੰਘ ਜੀ ਅਤੇ ਭਾਈ ਤਾਰੂ ਸਿੰਘ ਜੀ ਵਾਂਗੂੰ ਅਡੋਲ ਆਪਣਾ ਆਪ ਵਾਰ ਦੇਣ ਲਈ ਤਿਆਰ ਰਖੇ ਅਤੇ ਗੁਰਸਿਖੀ ਦੀ ਹਤਕ ਅਖੀਂ ਨਾਲ ਨ ਵੇਖੇ।

ਤੀਜੇ ਸਰਕਾਰ ਦਾ ਫਰਜ਼ ਹੈ ਕਿ ਇਕ ਆਮ ਐਲਾਨ ਕਰਕੇ ਅਫ਼ਸਰਾਂ ਨੂੰ ਤਾੜਨਾਂ ਕਰੇ ਕਿ ਕਿਸੇ ਦੇ ਧਰਮ ਵਿਚ ਦਖ਼ਲ ਨ ਦੇਣ। ਉਨ੍ਹਾਂ ਦੀ ਇਸ ਦਲੇਰੀ ਨੂੰ ਜਦ ਤੀਕ ਸਰਕਾਰ ਤੋੜੇਗੀ ਨਹੀਂ ਉਹ ਨਹੀਂ ਟਲਣਗੇ।

ਕੀ ਸਿੱਖ ਸੁਕਾ ਬਰੂਦ ਹਨ ?

ਜਿਨ੍ਹਾਂ ਸਜਨਾਂ ਨੇ ਪੰਥ ਦੀ ਸ਼ਾਨ ਵਿਚ "ਸਿੱਖ ਸੁਕਾ ਬਰੂਦ" ਆਦਿਕ ਸ਼ਬਦਾਂ ਨੂੰ ਨਾਂ ਸਹਾਰਦੇ ਹੋਏ ਚਿੱਠੀਆਂ ਭੇਜੀਆਂ ਸਨ ਕਿ ਪ੍ਰਿੰਸੀਪਲ ਸਾਹਿਬ ਭਾਈ ਜੋਧ ਸਿੰਘ ਜੀ ਆਪਣੇ ਅਯੋਗ ਸ਼ਬਦ ਵਾਪਸ ਲੈਣ ਉਹਨਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਿੰਸੀਪਲ ਸਾਹਿਬ ਨੇ ਆਪਣੇ ਲਫ਼ਜ਼ ਵਾਪਸ ਲੈ ਲਏ ਹਨ। ਤਾਂ ਤੇ ਅਗੇ ਨੂੰ ਹੁਣ ਇਹ ਸਿਲ ਸਿਲਾ ਬੰਦ ਹੋਣਾਂ ਚਾਹੀਦਾ ਹੈ। ਅਸੀਂ ਬੜੇ ਖੁਸ਼ ਹੋਏ ਹਾਂ ਕਿ ਪ੍ਰਿੰਸੀਪਲ ਸਾਹਿਬ ਨੇ ਲਫ਼ਜ਼ ਵਾਪਸ ਲੈਣ ਦਾ ਯੋਗ ਹੌਂਸਲਾ ਕੀਤਾ ਹੈ। ਉਹਨਾਂ ਦੀ ਚਿੱਠੀ ਹੂ ਬਹੂ ਹੇਠਾਂ ਛਾਪੀ ਜਾਂਦੀ ਹੈ :-

ਸ੍ਰੀ ਮਾਨ ਐਡੀਟਰ ਸਾਹਿਬ
'ਅਕਾਲੀ' ਲਾਹੌਰ

ਮੇਰੀ ਤੇ ਆਪ ਦੀ ਬੈਹਸ ਕੇਵਲ ਨਾਂ ਮਿਲਵਰਤਨ ਤੇ ਸੀ। ਸਿੱਖਾਂ ਵਿਚ 'ਨਾਮਿਲਵਰਤਨ' ਦੇ ਪ੍ਰਚਾਰ ਦੇ ਮੈਂ ਵਿਰੁੱਧ ਲਿਖਿਆ ਸੀ। ਮੈਂ ਇਹ ਕਦੀ ਨਹੀਂ ਲਿਖਿਆ ਕਿ ਸਿੱਖ ਪੋਲਿਟੀਕਲ ਕੈਦੀਆਂ ਦੀ ਰਿਹਾਈ ਲਈ ਜਤਨ ਨਾ ਕੀਤਾ ਜਾਵੇ ਜਾਂ ਉਨ੍ਹਾਂ ਦੇ ਬਿਪਤਾ ਵਿਚ ਪਏ ਪਰਵਾਰਾਂ ਦੀ ਸਹੈਤਾਂ ਨਾ ਕੀਤੀ ਜਾਵੇ। ਕੌਣ ਸਿੱਖ ਹੈ ਜੋ ਏਹ ਨਹੀਂ

ਚਾਹੁੰਦਾ ਕਿ ਸਾਡੇ ਗੁਰਦੁਆਰੇ ਤੇ ਧਾਰਮਕ ਅਸਥਾਨ ਨਿਰੋਲ ਸਿੱਖਾਂ ਦੇ ਪ੍ਰਬੰਧ ਹੇਠਾਂ ਹੋਣ। ਬਾਕੀ ਰਿਹਾ ਖਾਲਸਾ ਕਾਲਜ ਅੰਮ੍ਰਿਤਸਰ ਆਪ ਜਾਣਦੇ ਹੀ ਹੋ ਕਿ ਮੇਰੇ ਉਥੋਂ ਅੱਡ ਹੋਣ ਦਾ ਕਾਰਨ ਹੀ ਸਿੱਖਾਂ ਦੇ ਹੱਥੋਂ ਉਹਦੇ ਪ੍ਰਬੰਧ ਦਾ ਨਿਕਲਨਾ ਸੀ। ਸੁ ਇਨ੍ਹਾਂ ਗੱਲਾਂ ਵਿਚ ਮੇਰੀ ਤੇ ਆਪ ਦੀ ਕੋਈ ਵਿਰੋਧਤਾ ਨਹੀਂ।

'ਸੁੱਕਾ ਬਰੂਦ' ਤੋਂ ਮੇਰਾ ਭਾਵ ਇਹ ਨਹੀਂ ਸੀ ਜੋ ਆਪ ਨੇ ਸਮਝਿਆ ਹੈ। ਮੰਤਵ ਦਿਲ ਦੁਖਾਣ ਦਾ ਨਹੀਂ ਸੀ। ਨਾਂ ਹੀ ਮੈਂ ਪੰਥ ਬਾਬਤ ਜਿਸ ਨੂੰ ਮੈਂ ਗੁਰੂ ਰੂਪ ਸਮਝਦਾ ਹਾਂ ਅਯੋਗ ਪਦ ਲਿਖਕੇ ਆਪਣੇ ਆਪ ਨੂੰ ਸਿੱਖ ਆਖ ਸਕਦਾ ਹਾਂ। ਮੇਰਾ ਭਾਵ ਇਹ ਸੀ ਕਿ ਸਿੱਖ ਅੰਦਰੋਂ ਬਾਹਰੋਂ ਇਕ ਨਿਰਛਲ ਹਨ। ਜਿਨਾਂ ਨੂੰ ਇਹ ਆਪਣਾ ਲੀਡਰ ਸਮਝ ਲੈਣ ਉਨ੍ਹਾਂ ਦਾ ਕਿਹਾ ਛੇਤੀ ਮੰਨ ਲੈਂਦੇ ਹਨ। ਮਹਾਤਮਾਂ ਗਾਂਧੀ ਜੀ ਦੀ ਸਾਰਾ ਦੇਸ ਇੱਜ਼ਤ ਕਰਦਾ ਹੈ ਪਰ ਉਨ੍ਹਾਂ ਦੇ ਦੱਸੇ 'ਨਾਂ ਮਿਲਵਰਤਨ' ਦੇ ਪ੍ਰੋਗਰਾਮ ਤੇ ਅਮਲ ਕਰਨ ਵਾਲੇ ਕਿੰਨੇਂ ਨਿਤਰੇ ਹਨ ? ਪਰ ਮੇਰਾ ਖ਼ਿਆਲ ਹੈ ਕਿ ਜੇ ਸਿੱਖਾਂ ਵਿਚ ਭੀ ਇਹ ਪਰਚਾਰ ਕੀਤਾ ਜਾਵੇ ਤਾਂ ਸੈਂਕੜੇ ਅਮਲ ਲਈ ਨਿੱਤਰ ਪੈਣਗੇ। ਮੈਂ ਇਹ ਨੂੰ ਪੰਥ ਲਈ ਹਾਨੀਕਾਰਕ ਸਮਝਦਾ ਹਾਂ ਤੇ ਇਸ ਲਈ ਇਹ ਦੇ ਵਿਰੁਧ ਹਾਂ। ਵਰਨਾ ਮੇਰਾ ਮਤਲਬ ਕਿਸੇ ਨੂੰ ਊਜਾਂ ਲਾਣ ਦਾ ਨਾਂ ਅਗੇ ਹੋਇਆ ਹੈ ਨਾਂ ਹੈ। ਜੇ ਇਨ੍ਹਾਂ ਸ਼ਬਦਾਂ ਨਾਲ ਕਿਸੇ ਸਿੱਖ ਦਾ ਦਿਲ ਦੁਖਿਆ ਹੈ, ਉਸ ਤੋਂ ਮੈਂ ਖਿਮਾਂ ਮੰਗਦਾ ਹਾਂ। ਹਰਦਿਆਲ ਦੀ ਮਿਸਾਲ ਦੇਣ ਦਾ ਇਹ ਭਾਵ ਨਹੀਂ ਸੀ ਕਿ ਮਾਸਟਰ ਸੁੰਦਰ ਸਿੰਘ ਜੀ ਨਫ਼ਰਤ ਦਾ ਪਰਚਾਰ ਕਰ ਰਹੇ ਹਨ। ਮੈਂ ਉਨ੍ਹਾਂ ਨੂੰ ਐਸੇ ਨਾਜ਼ੁਕ ਸਮੇਂ (non-co-operation) ਦਾ ਪਰਚਾਰ ਕਰਨੋਂ ਵਰਜਣਾ ਚਾਹੁੰਦਾ ਹਾਂ ਇਨ੍ਹਾਂ ਕਹਿਣੋਂ ਮੈਂ ਨਹੀਂ ਰੁਕਦਾ ਕਿ ਨੇਕ ਨੀਤੀ ਨਾਲ ਇਖ਼ਤਲਾਫ ਰਾਇ ਸਦਾ ਤੋਂ ਚਲੀ ਆਉਂਦਾ ਹੈ ਤੇ ਇਹਦਾ ਹੋਣਾਂ ਕੋਈ ਪਾਪ ਹੀ ਸਗੋਂ ਤੁੱਕੀ ਦਾ ਸਾਧਨ ਮੰਨਿਆ ਜਾਂਦਾ ਹੈ।

ਆਪ ਦਾ ਹਿਤੂ ਜੋਧ ਸਿੰਘ

ਪ੍ਰਿੰਸੀਪਲ ਖਾਲਸਾ ਕਾਲਜ ਗੁਜਰਾਂ ਵਾਲਾ

ਗਿਆਨੀ ਸ਼ੇਰ ਸਿੰਘ ਜੀ

੧੭ ਭਾਦਰੋਂ ਦੇ "ਸਤਿਜੁਗ" ਵਿਚ ਮਿ: ਸੰਧੂ ਵੱਲੋਂ ਗਿਆਨੀ ਸ਼ੇਰ ਸਿੰਘ ਜੀ ਬਾਬਤ ਲੇਖ ਪੜ੍ਹਕੇ ਬਹੁਤ ਸ਼ੋਕ ਹੋਇਆ ਪਤਾ ਨਹੀਂ ਲਗਦਾ ਕਿ ਪੜ੍ਹੇ ਲਿਖੇ ਸਮਝਦਾਰ ਸੱਜਣਾਂ ਨੂੰ ਕੀ ਹੋ ਗਿਆ ਹੈ ਕਿ ਇਕ ਦੂਜੇ ਨਾਲ ਵਿਚਾਰ ਕਰਦਿਆਂ ਨਿਰੋਲ ਦਲੀਲ ਵਰਤਣ ਦੀ ਥਾਂ ਗਾਲਾਂ ਕੱਢਣ ਲੱਗ ਪੈਂਦੇ ਹਨ। ਗਿਆਨੀ ਸਾਹਿਬ ਨੇ ਭਾਵੇਂ ਕੁਝ ਭੀ ਲਿਖਿਆ ਹੋਵੇ, ਉਸਨੂੰ ਗਲਤ ਸਾਬਤ ਕਰਨ ਲਈ ਇਕ ਸਮਝਦਾਰ ਸੱਜਣ ਨੂੰ ਗਾਲਾਂ ਵਰਤਣ ਦੀ ਲੋੜ ਹੈ ? ਜੇ ਸਾਬਤ ਕਰ ਦਸੋ ਕਿ ਉਨ੍ਹਾਂ ਦੇ ਖ਼ਿਆਲ ਠੀਕ ਨਹੀਂ ਬਲਕਿ ਧਰਮ ਦੇ ਵਿਰੁੱਧ ਹਨ, ਖ਼ਤਰਨਾਕ ਹਨ, ਤਾਂ ਕੀ ਕਾਫ਼ੀ ਨਹੀਂ ? ਜੋ ਨਾਲ ਫਿੱਕੇ ਸ਼ਬਦ ਲਿਖੋਗੇ ਅਤੇ ਉਨ੍ਹਾਂ ਨੂੰ ਗਾਲਾਂ ਕੱਢੋਗੇ ਤਾਂ ਕੀ ਤੁਹਾਡੀ ਦਲੀਲ ਜ਼ਿਆਦਾ ਤਕੜੀ ਹੋ ਜਾਵੇਗੀ ? ਨਹੀਂ! ਸਗੋਂ ਆਪਦੀ ਦਲੀਲ ਚੰਗੀ ਭੀ ਹੋਵੇ, ਤਦ ਭੀ ਜਦ ਉਹ ਪੰਥ ਦੇ ਇਕ ਉਘੇ ਲਾਇਕ ਨਿਰਮਾਣ ਸੇਵਕ ਬਾਬਤ 'ਝੂਠਾ', 'ਅਗਿਆਨੀ', 'ਯਈਂ' 'ਯਈ' ਕਰਨ ਵਾਲਾ, 'ਚਾਲ' ਖੇਡਣ ਵਾਲਾ, ਆਦਿ ਦੁਰਬਚਨ ਵਰਤੇ ਪੜ੍ਹੇਗਾ ਉਹ ਆਪਦੇ ਤਰੀਕੇ ਨੂੰ ਚੰਗਾ ਨਹੀਂ ਸਮਝੇਗਾ। ਉਹ ਸੋਚੇਗਾ ਕਿ ਇਕ ਚਿਰਾਂ ਤੋਂ ਕੰਮ ਕਰਨ ਵਾਲਾ ਪੰਥ ਦਾ ਜੋਸ਼ੀਲਾ ਦਰਦੀ ਕਿਵੇਂ ਇਕ ਲੇਖ ਲਿਖਣ ਨਾਲ ਹੀ "ਉੱਲੂ", "ਸਵਾਰਥੀ", "ਪੇਟ ਪਾਲੂ" ਆਦਿ ਹੋ ਗਿਆ। ਉਹ ਆਪ ਨੂੰ ਉਸ ਦਾ ਗਲਤੀ ਨਾਲ ਵਿਰੋਧੀ ਜਾਣ ਲਵੇਗਾ ਅਤੇ ਉਸਤੋਂ ਉਪਰੰਤ ਜੋ ਕੁਝ ਭੀ ਆਪ ਚੰਗਾ ਜਾਂ ਮੰਦਾ ਕਹੋਗੇ, ਉਹ ਮੰਦੇ ਭਾ ਹੀ ਬਿਕੇਗਾ। ਆਪਦੀ ਗੱਲ ਦਾ ਇਤਬਾਰ ਜਾਂਦਾ ਰਹੇਗਾ। ਇਸ ਤੋਂ ਪ੍ਰਤਖ ਹੁੰਦਾ ਹੈ ਕਿ ਗਿਆਨੀ ਜੀ ਨੇ ਠੀਕ ਲਿਖਯਾ ਸੀ ਕਿ "ਬਹੁਤ ਜੋਸ਼ ਨਾਲ ਬੋਲਿਆਂ ਤੇ ਲਿਖਿਆਂ ਅਸਲੀ ਤਾਕਤ ਬੇਜਾ ਖ਼ਰਚ ਹੋ ਜਾਂਦੀ ਹੈ"। ਆਪਦੇ ਵਾਧੂ ਜੋਸ਼ ਨੇ ਆਪ ਦੇ ਲਿਖੇ ਦੀ ਕਦਰ ਮਾਰ ਦਿੱਤੀ।

ਇਥੇ ਅਸੀਂ ਇਹ ਵਿਚਾਰ ਨਹੀਂ ਕਰਨੀ ਚਾਹੁੰਦੇ ਕਿ ਗਿਆਨੀ ਜੀ ਦੀ ਦਲੀਲ ਠੀਕ ਸੀ ਜਾਂ ਕਿਸੇ ਹੋਰ ਦੀ। ਪ੍ਰੰਤੂ ਮਿ: ਸੰਧੂ ਜੀ ਨੇ ਗਿਆਨੀ ਜੀ ਉਤੇ ਇਕ ਦੂਸ਼ਣ ਲਾਇਆ ਹੈ ਜੋ ਬਹੁਤ ਅਯੋਗ ਹੈ। ਆਪਨੇ ਰਖਵੇਂ ਲਫ਼ਜ਼ਾਂ ਵਿਚ ਇਹ ਦੱਸਨ ਦਾ ਜਤਨ ਕੀਤਾ ਹੈ ਕਿ ਗਿਆਨੀ ਜੀ ਨੇ ਲਾਲਚ ਬਦਲੇ ਮਹਾਰਾਜਾ ਪਟਿਆਲਾ ਦੇ ਪੱਖ ਵਿਚ ਲੇਖ ਲਿਖਿਆ ਸੀ।

ਅਸੀਂ ਉਨ੍ਹਾਂ ਦੀ ਸ਼ਖ਼ਸੀ ਜ਼ਿੰਦਗੀ ਤੋਂ ਚੰਗੀ ਤਰ੍ਹਾਂ ਵਾਕਫ਼ ਹਾਂ ਅਤੇ ਤਸੱਲੀ ਨਾਲ ਆਖਦੇ ਹਾਂ ਕਿ ਇਹ ਦੂਸ਼ਣ ਨਰੋਲ ਬੇ-ਬੁਨਿਆਦ ਹੈ।

ਤੇਜਾ ਸਿੰਘ ਐਮ. ਏ. ਪ੍ਰੋਫੈਸਰ ਖਾਲਸਾ ਕਾਲਜ
ਗੁਲਾਬ ਸਿੰਘ ਪਲੀਡਰ ਸਕੱਤਰ
ਡਿਸਟ੍ਰਿਕਟ ਸਿੱਖ ਲੀਗ ਰਾਵਲਪਿੰਡੀ,
ਤਾਰਾ ਸਿੰਘ ਹੈਡਮਾਸਟਰ
ਖਾਲਸਾ ਹਾਈ ਸਕੂਲ ਲੈਲਪੁਰ

ਖਾਲਸਾ ਦੀਵਾਨ ਬੈਚਾਂ।

੩੦ ਅਗਸਤ ਨੂੰ ਪਿੰਡ ਬੈਚਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਖਾਲਸੇ ਜੀ ਦਾ ਧਾਰਮਕ ਦੀਵਾਨ ਸਜਿਆ ਜਿਸ ਵਿਚ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ।

(੧) ਹਰਿਮੰਦਰ ਸਾਹਿਬ ਅਤੇ ਖਾਲਸਾ ਕਾਲਜ ਆਦਿਕ ਸਾਰੇ ਧਾਰਮਕ ਅਸਥਾਨਾਂ ਦਾ ਪ੍ਰਬੰਧ ਸਿੱਖ ਕੌਮ ਦੇ ਹੱਥ ਦਿੱਤਾ ਜਾਵੇ।

(੨) ਜੋ ਸਿੱਖ ਪੋਲੀਟੀਕਲ ਕੈਦੀ ਅਜੇ ਤਕ ਜੇਹਲ ਵਿਚ ਹਨ ਉਹ ਸ਼ਾਹੀ ਹੁਕਮ ਅਨੁਸਾਰ ਛੇਤੀ ਛਡੇ ਜਾਣ।

(੩) ਸਿੱਖ ਕੈਦੀਆਂ ਨੂੰ ਜੇਹਲ ਵਿਚ ਪੰਜ ਕਕਾਰ ਦੀ ਰਹਿਤ ਰਖਣ ਦੀ ਖੁਲ ਦਿੱਤੀ ਜਾਵੇ।

(੪) ਹਿੰਦੁਸਤਾਨ ਵਿਚ ਰੋਜ਼ ਰੋਜ਼ ਮੁਆਮਲਾ ਵਧਨ ਨਾਲ ਆਮ ਜਿਮੀਂਦਾਰ ਤੰਗ ਆ ਰਹੇ ਹਨ ਇਸ ਲਈ ਇਕ ਵੇਰ ਪੱਕਾ ਬੰਦੋਬਸਤ ਹੋਣਾ ਚਾਹੀਦਾ ਹੈ।

(੫) ਜੋ ਜ਼ਾਲਮ ਡਾਇਰ ਨੂੰ ਬਜਾਏ ਸਜ਼ਾ ਦੇਣ ਦੇ ਜੋ ਹਿੰਦੁਸਤਾਨ ਦੇ ਖਜਾਨੇ ਵਿੱਚੋਂ ਪੈਨਸ਼ਨ ਦੇਣ ਦੀ ਖਬਰ ਛਪੀ ਹੈ ਏਸ ਤੋਂ ਸਾਰੀ ਪਬਲਿਕ ਦੇ ਜ਼ਖ਼ਮੀ ਦਿਲਾਂ ਤੇ ਲੂਣ ਛਿੜਕਿਆ ਗਿਆ ਹੈ।

(੬) ਡਾਕਖਾਨੇ ਦਾ ਮਹਸੂਲ ਨਹੀਂ ਵਧਣਾ ਚਾਹੀਦਾ ਕਿਉਂਕਿ ਇਸ ਮਹਿਕਮੇਂ ਨੂੰ ਅਗੇ ਹੀ ਕਾਫ਼ੀ ਬਚਤ ਹੈ ਅਤੇ ਪਬਲਿਕ ਗਰੀਬ ਹੈ।

(੭) ਫ਼ੌਜੀ ਖਾਲਸੇ ਨੂੰ ਗਾਤਰੇ ਵਾਲੀ ਕ੍ਰਿਪਾਨ ਪਹਿਨਣ ਦੀ ਖੁਲ੍ਹ ਦਿੱਤੀ ਜਾਵੇ।

(੮) ਨਾਮਧਾਰੀਆਂ ਉਤੋਂ ਪੁਲੀਸ ਦੀ ਪਾਬੰਦੀ ਹਟਾਈ ਜਾਵੇ।

(੯) ਰਤੋਕੇ ਦਾ ਬੁਚੜਖਾਨਾ ਬੰਦ ਕੀਤਾ ਜਾਵੇ।

ਦਾਸ : ਜੋਗਿੰਦਰ ਸਿੰਘ,
ਸੈਕਟਰੀ ਦੀਵਾਨ।

ਅਕਾਲੀ ਲਾਹੌਰ, ੧੯ ਸਤਬੰਰ ੧੯੨੦

ਸਿਆਲਕੋਟ ਬਾਬੇ ਦੀ ਬੇਰ ਸਾਹਿਬ ਬੇਅਦਬੀ ਰੋਕਣ ਲਈ ਮੋਰਚੇ ਲਗ ਗਏ

ਗੰਡਾ ਸਿੰਹੁ ਪੱਤਤ ਦੀਆਂ ਸੀਨੇ ਜ਼ੋਰੀਆਂ ਹੱਦੋਂ ਟਪ ਗਈਆਂ ਹਨ। ਸ: ਅਮਰ ਸਿੰਘ ਜੀ ਤੇ ਜਸਵੰਤ ਸਿੰਘ ਜੀ ਸਿਆਲ ਕੋਟ ਪਹੁੰਚ ਗਏ ਹਨ। ਹਿੰਦੂ, ਮੁਸਲਮਾਨ ਤੇ ਸਿੱਖਾਂ ਨੇ ਇਕ ਜ਼ਬਾਨ ਹੋ ਕੇ ਗੰਡਾ ਸਿਹੁੰ ਤੇ ਘ੍ਰਿਣਾਂ ਪ੍ਰਗਟ ਕੀਤੀ ਹੈ। ਦਸ ਦਸ ਹਜ਼ਾਰ ਦੇ ਇਕੱਠ ਹੋ ਰਹੇ ਹਨ। ਗੰਡਾ ਸਿਹੁੰ ਨੂੰ ਸਿੰਘਾਂ ਨੇ ਗੁਰਦੁਆਰੇ ਵਿਚ ਨਹੀਂ ਵੜਨ ਦਿੱਤਾ। ਪੰਜਾ ਸਿੰਘਾਂ ਤੋਂ ਜ਼ਮਾਨਤਾ ਮੰਗੀਆਂ ਗਈਆਂ ਸਨ ਉਨ੍ਹਾਂ ਨੇ ਜ਼ਮਾਨਤਾਂ ਅਤੇ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਾਰੇ ਸਿੱਖ ਧਰਮ ਦੀ ਖ਼ਾਤਰ ਜੇਹਲ ਵਿਚ ਜਾਣ ਨੂੰ ਤਿਆਰ ਬੈਠੇ ਹਨ। ਡਿਪਟੀ ਕਮਿਸ਼ਨਰ ਨੇ ਦਫ਼ਾ ੧੪੪ ਅਨੁਸਾਰ ਨੋਟਸ ਦੇ ਕੇ ਸਿੱਖਾਂ ਨੂੰ ਪ੍ਰਬੰਧ ਵਿਚ ਦਖ਼ਲ ਦੇਣੋਂ ਰੋਕ ਦਿੱਤਾ ਹੈ। ਸਿੱਖ ਗੁਰਦੁਆਰੇ ਨੂੰ ਨਹੀਂ ਛੱਡਨਗੇ। ਹਿੰਦੂ ਮੁਸਲਮਾਨ ਤੇ ਸਿੱਖਾਂ ਦੇ ਭਰੇ ਜਲਸੇ ਵਿਚ ਫੈਸਲਾ ਹੋਇਆ ਕਿ ਅਸੀਂ ਧਰਮ ਵਿਰੁੱਧ ਕਾਨੂੰਨ ਅਤੇ ਨੋਟਿਸ ਨਹੀਂ ਮੰਨਾਂਗੇ ਅਤੇ ਗੰਡਾ ਸਿਹੁੰ ਨੂੰ ਗੁਰਦੁਆਰੇ ਨਹੀਂ ਵੜਨ ਦਿਆਂਗੇ।

ਖਾਲਸਾ ਕਾਲਜ ਅੰਮ੍ਰਿਤਸਰ

ਐ ਕੌਮ ਕਦੋਂ ਸੰਭਲੇਂਗੀ ? ਖਾਲਸਾ ਕਾਲਜ ਦੇ ਸਕੱਤਰ ਪਾਸੋਂ ਪੁਛ ਕਿ ਕੀ ਇਹ ਠੀਕ ਹੈ ਕਿ ਖਾਲਸਾ ਕਾਲਜ ਦੀ ਨਵੀਂ ਤੇ ਅਧੂਰੀ ਇਮਾਰਤ ਜੋ ਅੱਜ ਕਲ੍ਹ ਮੁਕੰਮਲ ਕੀਤੀ ਜਾ ਰਹੀ ਹੈ ਉਸ ਦੇ ਸਿਖਰ ਲਾਉਣ ਲਈ ਸੁਨੈਹਰੀ ਕਲਸੀਆਂ ਤਿਆਰ ਹੋ ਰਹੀਆਂ ਹਨ। ਜਾਓ ਹੇ ਪੰਥ ਦਰਦੀਓ ! ਆਰਯਾ ਕਾਲਜ ਲਾਹੌਰ ਦੇ ਨਵੇਂ ਬੋਰਡਿੰਗ ਹਾਊਸ ਵਿਚ ਤੇ ਵੇਖੋ ਕਿ ਕਯੂਬੀ ਕਲਸ ਦੀਆਂ ਛੱਤਾਂ ਕਿਸ ਨਵੇਂ ਤੇ ਓਪਰੇ ਤਰੀਕੇ ਨਾਲ ਤਿਆਰ ਕੀਤੀਆਂ ਗਈਆਂ ਹਨ, ਇਸ ਤਰਲੇ ਵਿਚ ਕਿ ਕਿਵੇਂ ਲਾਗਤ ਬਹੁਤ ਹੀ ਘਟ ਆਵੇ ਤੇ ਮੈਂ ਦਾਹਵੇ ਨਾਲ ਆਖ ਸਕਦਾ ਹਾਂ ਕਿ ਜਿਤਨੀਆਂ ਸਸਤੀਆਂ ਇਹ ਛੱਤਾਂ ਤਿਆਰ ਹੋਈਆਂ ਹਨ ਹਿੰਦੁਸਤਾਨ ਭਰ ਵਿਚ ਸ਼ਾਇਦ ਹੀ ਅਜਿਹੀ ਸਸਤੀ ਕੋਈ ਹੋਵੇ। ਇਹਨਾਂ ਛੱਤਾਂ ਵਿਚ ਨਾਂ ਲੋਹਾ ਵਰਤਿਆ ਗਿਆ ਹੈ ਨਾਂ ਲਕੜੀ, ਕੇਵਲ ਇੱਟਾਂ ਦੀ ਹੈ ਤੇ ਇਹ ਖਿਆਲ ਕਰਨਾ ਕਿ ਜੇ ਸਸਤੀਆਂ ਹਨ ਤਾਂ ਕਮਜ਼ੋਰ ਹੋਣਗੀਆਂ।

ਹੇ ਵਿਦਵਾਨ ਵੀਰੋ ! ਮਿਸਟਰ ਜੀ: ਐਸ. ਐਰੰਡੇਲ ਪਾਸੋਂ ਨੈਸ਼ਨਲ ਐਜੂਕੇਸ਼ਨ ਦੀ ਸਕੀਮ ਤੇ ਉਸ ਨੂੰ ਵਿਚਾਰੋ ਜੋ ਤੁਹਾਨੂੰ ਪਤਾ ਲਗੇ ਕਿ ਹਿੰਦ ਵਰਗੇ ਗੁਥੀ ਨਾਲ ਚੂਰ ਹੋਏ ਦੇਸ ਲਈ ਸੱਚੀ ਕੌਮੀ ਵਿਦਿਆ ਕਿਤਨੀ ਸਸਤੀ ਹੋਣ ਦੀ ਲੋੜ ਹੈ ਤਾਂ ਜੋ ਸਾਡਾ ਪਿਆਰਾ (ਭਾਵੇਂ ਦੁਖਾਂ ਮਾਰਿਆ) ਵਤਨ ਵਿਦਵਾਨ ਹੋ ਕੇ ਸੰਸਾਰ ਦੀਆਂ ਮੋਹਰੀ ਕੌਮਾਂ ਦੀ ਪੰਗਤੀ ਵਿਚ ਖੜੋਨ ਦੇ ਯੋਗ ਹੋ ਸਕੇ। ਫੇਰ ਕਰੋ ਮੁਕਾਬਲਾ ਉਸ ਸਾਦਗੀ ਤੇ ਸਸਤਿਆਈ ਦਾ ਇਸ ਸ਼ਰਮਨਾਕ ਫ਼ਜ਼ੂਲ ਖ਼ਰਚੀ ਨਾਲ ਜੋ ਗਰੀਬ ਸਿੱਖ ਕੌਮ ਦੇ ਲਹੂ ਪਾਣੀ ਇਕ ਕਰਕੇ ਕਮਾਏ ਹੋਏ ਰੁਪਏ ਨਾਲ ਕੀਤੀ ਜਾ ਰਹੀ ਹੈ। ਇਕ ਪਾਸੇ ਸਾਹੀਵਾਲ ਵਰਗੇ ਹਾਈ ਸਕੂਲ ਕੇਵਲ ਮਾਯਾ ਦੀ ਥੁੜੋਂ ਕਰਕੇ ਮਜ਼ਬੂਰ ਹੋ ਰਹੇ ਹਨ ਕਿ ਕੁਝ ਚਿਰ ਲਈ ਦੋ ਚਾਰ ਜਮਾਤਾਂ ਘਟਾ ਦੇਵਣ ਤੇ ਦੂਜੇ ਪਾਸੇ ਖਾਲਸਾ ਕਾਲਜ ਦੇ 'ਸੁਤਰ ਬੇਮੁਹਾਰ' ਪ੍ਰਬੰਧਕ ਉਹ ਫ਼ਜ਼ੂਲ ਖਰਚੀ ਕਰ ਰਹੇ ਹਨ ਜਿਸਦੀ ਮਿਸਾਲ ਹਿੰਦ ਵਿਚ ਕੀ ਸੰਸਾਰ ਭਰ ਵਿਚ ਨਹੀਂ ਮਿਲਦੀ! ਐ ਕੌਮ! ਜੇ ਤੇਰੇ ਪਾਸ ਮਾਇਆ ਫਾਲਤੂ ਹੈ ਤਾਂ ਮਾਯਾ ਖੁਣੋ ਮਰਦੇ ਸਕੂਲਾਂ ਨੂੰ ਬਚਾਅ ਪਰ ਕਾਲਜ ਦੀ ਇਮਾਰਤ ਪਰ ਸੋਨਾ ਲਗਵਾ ਕੇ ਇਸ ਗੱਲ ਦਾ ਸਬੂਤ ਨਾਂ ਦੇਹ ਕਿ ਸਿੱਖਾਂ ਨ ਮਾਯਾ ਵਰਤਣੀ ਨਹੀਂ ਆਉਂਦੀ।

ਕਿਸੇ ਵਿੱਦਿਅਕ ਆਸ਼ਰਮ ਦਾ ਮੁਖ ਮੰਤਵ ਵਿਦਿਆ ਪ੍ਰਚਾਰ ਹੁੰਦਾ ਹੈ ਤੇ ਇਹੋ ਮੰਤਵ ਖਾਲਸਾ ਕਾਲਜ ਦਾ ਹੋਣਾ ਚਾਹੀਦਾ ਹੈ, ਪਰ ਇਸ ਸੁਨੈਹਰੀ ਕਾਲਜ ਦੇ ਰਜ਼ੀਜ਼ ਨਤੀਜਿਆਂ ਪਰ ਜੇ ਨਜ਼ਰ ਮਾਰੋ ਤਾਂ ਹਰੇਕ ਸਿੱਖ ਨੂੰ ਜਿਸ ਦੇ ਚਿਤ ਵਿਚ ਰੰਚਕ ਵੀ ਕੌਮੀ ਆਣ ਹੈ। ਸ਼ਰਮ ਨਾਲ ਮੂੰਹ ਲੁਕਾਣ ਬਿਨਾਂ ਹੋਰ ਚਾਰਾ ਨਹੀਂ ਰਹਿੰਦਾ। ਵਿਦਿਆਰਥੀ ਲਾਹੌਰ ਦੇ ਕਾਲਜਾਂ ਨੂੰ ਵਿਦਿਆ ਵਿਚ ਪਿੱਛੇ ਪਾਣ ਦੇ ਥਾਂ ਸ਼ੌਕੀਨੀ ਵਿਚ ਮਾਤ ਪਾ ਦੇਣਗੇ ਅਤੇ ਸੰਸਥਾ ਵੀ ਅਜਿਹੀ ਵਿਗੜ ਗਈ ਹੈ ਕਿ ਯੋਗ ਮੇਹਨਤ ਕਰਨ ਵਾਲਾ ਵਿਦਿਆਰਥੀ ਜੇ ਕੋਈ ਕਾਲਜ ਵਿਚ ਆ ਜਾਵੇ ਤਾਂ ਉਸ ਨੂੰ ਮਖੌਲ ਕਰਕੇ ਪੜ੍ਹਾਈ ਤੋਂ ਤੋਬਾ ਕਰਾਈ ਜਾਂਦੀ ਹੈ। ਸਾਨੂੰ ਸਮਝ ਨਹੀਂ ਆਂਵਦੀ ਕਿ ਕਾਲਜ ਦੇ ਜ਼ਿਮੇਵਾਰ ਸੇਵਕ ਕਿਸ ਗੱਲ ਪੁਰ ਗਿਬ ਗਿਬ ਬੈਠਦੇ ਹਨ। ਕੀ ਕਾਲਜ ਕੋਈ ਰਾਜ ਭਵਨ ਹੈ ਜਿਸ ਪੁਰ ਸੋਨਾ ਲਗਾਣਾ ਜ਼ਰੂਰੀ ਹੈ ?

ਅੱਜਕਲ੍ਹ ਦੇ ਵਿਦਿਆਰਥੀਆਂ ਦੀ ਧਾਰਮਕ ਅਵਸਥਾ ਅਜਿਹੀ ਰੱਦੀ ਹੈ ਕਿ ਵਿਰਲੇ ਹਨ ਜੋ ਗੁਰਦੁਆਰੇ ਹਾਜਰ ਹੁੰਦੇ ਰੈਹਤ ਰਖਦੇ ਜਾਂ ਸਤਿਗੁਰ ਨਾਨਕ ਪਾਤਸ਼ਾਹ ਦੀ ਧੁਰ ਤੋਂ ਲਿਆਂਦੀ ਬਾਣੀ ਨਾਲ ਪਿਆਰ ਰਖਦੇ ਹਨ। ਸੋ ਜਿਸ ਮਤਲਬ ਲਈ ਕਾਲਜ ਖੁਲ੍ਹਾ ਸੀ ਜੇ ਠੀਕ ਉਹੀ ਮਨੋਰਥ ਪਿੱਠ ਪਿੱਛੇ ਸੁਟ ਕੇ ਇਮਾਰਤ ਨੂੰ ਸੋਨਾ ਲਾਣ ਪੁਰ ਜ਼ੋਰ ਪੈ ਰਿਹਾ ਹੈ ਤਾਂ ਸਚ ਜਾਣੋ ਇਹ ਸੁਨਿਹਰੀ ਕਲਸੀਆਂ ਉਸ ਸੂਲ ਨੂੰ ਹਟਾ ਨਹੀਂ ਸਕਣਗੀਆਂ ਜੋ ਵਿਦਿਆਰਥੀਆਂ ਨੂੰ ਵੇਖ ਕੇ ਅਜੋਕੇ ਪੰਥ ਦਰਦੀ ਦੇ ਕਾਲਜੇ ਵਿਚ ਉਠਦਾ ਹੈ। ਸੱਚ ਦੱਸ ਐ ਕੌਮ! ਤੂੰ ਕਦੋਂ ਸੰਭਲਨਾ ਹੈ ? ਕਸੂਰ ਸਾਰਾ ਸੇਵਾਦਾਰਾਂ ਦਾ ਨਹੀਂ ਹੈ, ਤੇਰਾ, ਹੈ ਦੁਖਾਂ ਲਈ ਬਣਾਈ ਗਈ ਕੌਮ ! ਬਹੁਤਾ ਤੇਰਾ ਆਪਣਾ ਹੈ। ਜੇ ਤੂੰ ਸਪਸ਼ਟ ਤੌਰ ਪੁਰ ਸੇਵਾਦਾਰਾਂ ਨੂੰ ਦੱਸ ਦੇਵੇ ਕਿ ਆਪਣੇ ਇਕੋ ਇਕ ਫਸਟ ਗ੍ਰੇਡ ਕਾਲਜ ਤੋਂ ਤੂੰ ਕੀ ਆਸ਼ਾ ਰਖਦੀ ਹੈ, ਆਯਾ ਇਹ ਕਿ ਉਹ ਪੜ੍ਹਾਈ ਵਿਚ ਹੋਰ ਮਤਾਂ ਦੇ ਕਾਲਜਾਂ ਨੂੰ ਮਾਤ ਕਰੇ ਜਾਂ ਇੱਟਾਂ ਉਤੇ ਸੋਨਾਂ ਲਾਣ ਵਿਚ, ਤਾਂ ਕੀ ਮਜਾਲ ਹੈ ਕਾਲਜ ਕੌਂਸਲ ਦੀ ਕਿ ਉਹ ਅਜਿਹੀ ਫ਼ਜ਼ੂਲ ਖ਼ਰਚੀ ਕਰਨ ਜਿਸ ਕਰਕੇ ਸਿੱਖ ਕੌਮ ਮੂਰਖਾਂ ਵਿਚ ਗਿਣੀ ਜਾਵੇ ! ਐਡੀ ਲੰਮੀ ਚੌੜੀ ਦੁਨੀਆਂ ਵਿਚ ਕੇਹੜਾ ਕਾਲਜ ਹੈ ਜਿਸ ਦੀ ਇਮਾਰਤ ਪੁਰ ਸੁਨਿਹਰੀ ਕਲਸੀਆਂ ਹੋਵਨ ? ਇਹੋ ਜਿਹੀਆਂ ਫ਼ਜ਼ੂਲ ਖਰਚੀਆਂ ਦੇ ਹੁੰਦਿਆਂ ਜੇ ਸਾਹੀਵਾਲ ਵਰਗੇ ਸਕੂਲ ਮਾਯਾ ਦੀ ਥੁੜੋਂ ਕਰਕੇ ਕਮਜ਼ੋਰ ਪੈ ਜਾਣ

ਤਾਂ ਅਚਰਜ ਹੀ ਕੀ ਹੈ ?

ਕੀ ਮੈਂ ਰੁੱਖਾਂ ਤੇ ਝਾਂੜੀਆਂ ਅਗੇ ਕੀਰਨੇ ਪਾ ਰਿਹਾ ਹਾਂ ? ਜਾਂ ਕੋਈ ਸਿੱਖ ਹਿਰਦਾ ਕਲਗੀਆਂ ਵਾਲੇ ਦੀ ਵਾੜੀ ਨੂੰ ਸਰਸਬਜ਼ ਦੇਖਣ ਦਾ ਚਾਹਵਾਨ ਹਿਰਦਾ—ਵੀ ਇਸ ਪੁਕਾਰ ਨੂੰ ਸੁਣ ਕੇ ਬਹੁੜੀ ਕਰੇਗਾ ?

ਅਮਰ ਸਿੰਘ ਸਰਗੋਧਾ ।

ਅਕਾਲੀ ਲਾਹੌਰ, ੨੦ ਸਤੰਬਰ ੧੯੨੦

ਧਰਮ ਅਸਥਾਨਾਂ ਉਤੇ ਰਾਜ

ਬਾਬੇ ਦੀ ਬੇਰ ਸਾਹਿਬ ਦੀ ਬੇਅਦਬੀ

ਪਤਾ ਨਹੀਂ ਲਗਦਾ ਜਦ ਹੋਰ ਕਿਡੀ ਖੁਲ੍ਹੀ ਧਰਤੀ ਰਾਜ ਕਰਨ ਲਈ ਪਈ ਹੈ ਵਿਚ ਧਰਮ ਅਸਥਾਨਾਂ ਉਤੇ ਰਾਜ ਕਰਕੇ ਸਰਕਾਰੀ ਅਫ਼ਸਰ ਕੀ ਚਾਹੁੰਦੇ ਹਨ ? ਐਲਾਨ ਹੋ ਚੁਕੇ ਹਨ ਕਿ ਕਿਸੇ ਦੇ ਧਰਮ ਵਿਚ ਦਖਲ ਨਹੀਂ ਦਿੱਤਾ ਜਾਵੇਗਾ। ਪਰ ਗੁਰਦੁਆਰੇ ਰਕਾਬ ਗੰਜ ਦੀ ਕੰਧ ਸਰਕਾਰੀ ਹੁਕਮ ਨਾਲ ਢਾਹਕੇ ਸਿੱਖਾਂ ਦੇ ਕਲੇਜੇ ਚੀਰੇ ਗਏ ਹਨ, ਦਰਬਾਰ ਸਾਹਿਬ ਉਤੇ ਸਾਰੀ ਕੌਮ ਦੀਆਂ ਪੁਕਾਰਾਂ ਵੱਲੋਂ ਕੰਨ ਘੁਸਾ ਕੇ ਅਰੂੜ ਸਿੰਘ ਨੂੰ ਸਰਬਰਾਹ ਬਣਾਈ ਰਖਿਆ ਅਤੇ ਅਜੇ ਤਕ ਨਹੀਂ ਮੌਕੂਫ ਕੀਤਾ ਗੁਰਦੁਆਰਾ ਬਾਬੇ ਦੀ ਬੇਰ ਸਾਹਿਬ ਦਾ ਗੰਡਾ ਸਿੰਹੁ (ਪਤਤਿ) ਸਰਬਰਾਹ ਬਣਾਇਆ ਹੋਇਆ ਜੋ ਸਿੱਖਾਂ ਦੀ ਛਾਤੀ ਤੇ ਮੂੰਗ ਦਲ ਰਿਹਾ ਹੈ।

ਗੰਡਾ ਸਿੰਹੁ ਕੌਣ ਹੈ ?

ਆਪਣੇ ਕੇਸ ਕਤਲ ਕਰਾ ਚੁੱਕਾ ਹੈ। ਆਪਣੇ ਪੁਤਰਾਂ ਪੋਤਰਿਆਂ ਦੇ ਕੇਸ ਲੁਹਾ ਚੁਕਾ ਹੈ। ਆਪਣੇ ਇਕ ਲੜਕੇ ਦਾ ਹਰਦੇਵ ਸਿੰਘ ਦੀ ਥਾਂ ਹੁਣ "ਜਾਨ ਹੈਡੋ" ਨਾਮ ਰੱਖਿਆ ਹੋਇਆ ਜੋ ਫਰੰਗੀ ਟੋਪ ਪਾਂਦਾ ਤੇ ਫਰੰਗੀ ਬਾਣਾ ਰਖਦਾ ਹੈ।

ਇਸ ਪਤਤਿ ਤੇ ਸਿਖੀ ਦੇ ਕਟੜ ਵੈਰੀ ਨੂੰ ਸਰਬਰਾਹੀ ਤੋਂ ਹਟਾਣ ਲਈ ਮੁਕਦਮੇਂ ਕੀਤੇ ਗਏ ਸਭ ਸਿੱਖ ਜਥਿਆਂ ਤੇ ਸਭਾਵਾਂ ਵਲੋਂ ਗੁਰਮਤੇ ਕਰਕੇ ਭੇਜੇ ਗਏ, ਅਖ਼ਬਾਰਾਂ ਨੇ ਸਾਰਾ ਜ਼ੋਰ ਲਾਕੇ ਸਿੱਖਾਂ ਦੀ ਆਵਾਜ਼ ਨੂੰ ਸਰਕਾਰ ਦੇ ਕੰਨਾਂ ਤੱਕ ਪੁਚਾਉਣ ਦਾ ਯਤਨ ਕੀਤਾ ਪਰ ਸਭ ਨਿਸਫਲ ! ਹੁਣ ਜੇ ਸਿੱਖ ਆਪਣੇ ਪਵਿੱਤਰ ਧਾਰਮਕ ਅਸਥਾਨ ਵਾਸਤੇ ਕੁਰਬਾਨ ਹੋਣ ਲਈ ਅਤੇ ਸਭ ਤਰ੍ਹਾਂ ਦੇ ਕਸ਼ਟ ਝਲਣ ਲਈ ਤਿਆਰ ਹੋ ਪਏ ਹਨ ਤਾਂ ਕੋਈ ਅਚਰਜ ਨਹੀਂ। ਜਿਹੜੀ ਸਿੱਖ ਕੌਮ ਦੂਜਿਆਂ ਦੇ ਧਰਮ ਬਚਾਣ ਲਈ ਕੁਰਬਾਨ ਹੁੰਦੀ ਰਹੀ ਹੈ ਉਹ ਇਹ ਨਹੀਂ ਸਹਾਰ ਸਕਦੀ ਕਿ ਇਸ ਦੇ ਆਪਣੇ ਧਰਮ ਅਸਥਾਨਾਂ ਉਤੇ ਇਕ ਪਤਿਤ ਆਦਮੀ ਰਾਜ ਕਰੇ। ਬੇਸ਼ਕ ਗੰਡਾ ਸਿਹੁੰ ਆਪਣੀ ਦੌਲਤ ਦੇ ਰਸੂਖ ਨਾਲ ਅਤੇ ਖੁਸਾਮਦਾਂ ਤੇ ਚਾਪਲੂਸੀਆਂ ਨਾਲ ਅਫ਼ਸਰਾਂ ਦਾ ਮਨ ਭਾਉਣਾ ਬਣਿਆ ਹੋਇਆ ਹੈ। ਪਰ ਉਸ ਨੂੰ ਹਿੰਦੂ, ਮੁਸਲਮਾਨ ਤੇ ਸਿੱਖ ਕੋਈ ਵੀ ਪਸੰਦ ਨਹੀਂ ਕਰਦਾ। ਸਾਰੇ ਉਸ ਤੋਂ ਘ੍ਰਿਣਾ ਕਰਦੇ ਹਨ ਫਿਰ ਪਤਾ ਨਹੀਂ ਕਿ ਕਿਉਂ ਧਕੋ ਧਕੀ ਸਿੱਖ ਧਾਰਮਕ ਅਸਥਾਨਾਂ ਦਾ ਉਸ ਨੂੰ ਸਰਬਰਾਹ ਬਣਾਇਆ ਜਾਂਦਾ ਹੈ। ਇਹ ਤਾਂ ਇਹੋ ਜਿਹੀ ਗਲ ਹੈ "ਅਖੀਂ ਡਿਠਾ ਭਾਵੇਂ ਨਾਂਹ ਤੇ ਕੁਛੜ ਬਹੇ ਨਿਲੱਜ" ਜੇ ਅਫ਼ਸਰਾਂ ਦੇ ਖ਼ਿਆਲ ਵਿਚ ਉਹ ਚੰਗਾ ਪ੍ਰਬੰਧਕ ਹੈ ਤਾਂ ਰਤਾ ਪਹਿਲਾਂ ਪੰਜਾਬ ਦੇ ਗਿਰਜਿਆਂ ਦਾ ਹੀ ਉਸ ਨੂੰ ਸਰਬਰਾਹ ਬਣਾ ਕੇ ਉਸ ਦੀ ਲਿਆਕਤ ਦਾ ਸਬੂਤ ਲੈ ਵੇਖਣ। ਅਫ਼ਸਰਾਂ ਨੇ ਸਿੱਖ ਕੌਮ ਦੀ ਪ੍ਰਵਾਹ ਨ ਕਰਕੇ ਇਸ ਨੂੰ ਇਹ ਧਰਮ ਅਸਥਾਨ ਸੌਂਪਿਆ ਹੈ ਇਸ ਲਈ ਹੁਣ ਜੋ ਨਤੀਜੇ ਨਿਕਲ ਰਹੇ ਹਨ ਇਸ ਦੇ ਜਿਮੇਂਵਾਰ ਗੰਡਾ ਸਿਹੁੰ ਅਤੇ ਸਰਕਾਰੀ ਅਫ਼ਸਰ ਹਨ ਹੁਣ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਾਰੀ ਸਿੱਖ ਕੌਮ ਉਸ ਦੀਆਂ ਵਧੀਕੀਆਂ ਤੋਂ ਤੰਗ ਪੈ ਕੇ ਤੜਫ ਉਠੀ ਹੈ। ਉਹ ਡੰਡੇ ਦੇ ਜ਼ੋਰ ਸਿੱਖ ਧਰਮ ਤੇ ਰਾਜ ਕਰਨਾ ਚਾਹੁੰਦਾ ਹੈ। ਅਤੇ ਸਿੱਖ ਅਜੇਹੇ ਭੈੜੀ ਇਛਿਆ ਵਾਲੇ ਪਾਪੀ ਦਾ ਮੂੰਹ ਵੀ ਨਹੀਂ ਵੇਖਣਾ ਚਾਹੁੰਦੇ ਕਿਉਂਕਿ ਸਿੱਖ ਧਰਮ ਦਾ ਇਹ ਅਸੂਲ ਹੈ ਜੋ ਪਤਤ ਹੋ ਜਾਵੇ ਉਸਨੂੰ ਮੂੰਹ ਨ ਲਾਇਆ ਜਾਵੇ। ਗੁਰੂ ਹਰਿ ਰਾਏ ਸਾਹਿਬ ਨੇ ਰਾਮ ਰਾਇ ਨੂੰ ਮੂੰਹ ਨਹੀਂ ਲਾਇਆ। ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦਰਬਾਰ ਸਾਹਿਬ ਦੇ ਅੰਦਰ ਵੜਨ ਨਹੀਂ ਦਿੱਤਾ। ਇਸੇ ਤਰ੍ਹਾਂ ਹੁਣ ਗੰਡਾ ਸਿਹੁੰ ਨੂੰ ਸਿੱਖ ਗੁਰਦੁਆਰੇ ਵਿਚ ਨ ਵੜਨ ਦੇਣਗੇ।

ਹਾਲਤ ਡਾਢੀ ਬਿਖੜੀ ਬਣ ਰਹੀ ਹੈ। ਪਰ ਹਨੇਰ ਹੈ ਕਿ ਡਿਪਟੀ ਕਮਿਸ਼ਨਰ ਸਾਹਿਬ ਫਿਰ ਵੀ ਸਿੱਖਾਂ ਦੀਆਂ ਹੀ ਜ਼ਮਾਨਤਾਂ ਮੰਗਦੇ ਹਨ ਅਤੇ ਸਿੱਖਾਂ ਨੂੰ ਹੀ ਪ੍ਰਬੰਧ ਵਿਚ ਦਖ਼ਲ ਦੇਣੋਂ ਰੋਕਦੇ ਹਨ।

ਜਿਸ ਪ੍ਰਬੰਧ ਨੇ ਇਹ ਭੈੜੇ ਫਲ ਪੈਦਾ ਕੀਤੇ ਹਨ ਕਿਉਂ ਨਹੀਂ ਫੌਰਨ ਤੋਂ ਪਹਿਲਾਂ ਉਸ ਨੂੰ ਠੀਕ ਕੀਤਾ ਜਾਂਦਾ? ਕਿਉਂ ਨਹੀਂ ਗੰਡਾ ਸਿੰਘ ਨੂੰ ਹਟਾ ਕੇ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਂਦਾ? ਇਕ ਪਾਸੇ ਸਾਰੀ ਸਿੱਖ ਕੌਮ ਹੈ ਅਤੇ ਹਿੰਦੂ ਮੁਸਲਮਾਨ ਨਾਲ ਹਨ ਦੂਜੇ ਪਾਸੇ ਸਰਕਾਰ ਪਾਸ ਇਕ ਗੰਡਾ ਸਿਹੁੰ ਹੈ ਅਤੇ ਸਰਕਾਰ ਕੌਮਾਂ ਦੀ ਪਰਵਾਹ ਨ ਕਰਕੇ ਇਕ ਆਦਮੀ ਨੂੰ ਸਿੱਖ ਧਰਮ ਤੇ ਰਾਜ ਕਰਾਉਣ ਲਈ ਤੁਲੀ ਬੈਠੀ ਹੈ। ਇਸ ਦਾ ਫਲ ਪਰਤੱਖ ਦਿਸ ਰਿਹਾ ਹੈ ਕਿ ਫਿਕ ਵਧੇਗਾ ਸਿੱਖ ਕੌਮ ਦੇ ਦਿਲ ਵਿੱਚੋਂ ਸਰਕਾਰੀ ਪਿਆਰ ਤੇ ਇਤਬਾਰ ਘਟੇਗਾ ਅਤੇ ਸਰਕਾਰ ਨੂੰ ਇਸ ਵਿਚ ਸਰਾ ਸਰ ਘਾਟਾ ਰਹੇਗਾ।

ਅਸੀਂ ਲਾਟ ਸਾਹਿਬ ਪੰਜਾਬ ਦਾ ਧਿਆਨ ਬਹੁਤ ਛੇਤੀ ਇਸ ਮਾਮਲੇ ਵਲ ਦੇਣ ਲਈ ਬੇਨਤੀ ਕਰਦੇ ਹਾਂ ਕਿ ਅਫ਼ਸਰਾਂ ਅਤੇ ਗੰਡਾ ਸਿਹੁੰ ਦੀਆਂ ਚਾਲਾਂ ਸਿੱਖਾਂ ਅਤੇ ਹਿੰਦੂ ਮੁਸਲਮਾਨਾਂ ਨੂੰ ਡਾਢਾ ਭੜਕਾ ਰਹੀਆਂ ਹਨ ਇਸ ਲਈ ਇਸ ਮਾਮਲੇ ਨੂੰ ਨਜਿਠਣ ਲਈ ਬਹੁਤ ਛੇਤੀ ਉਪਰਾਲਾ ਕੀਤਾ ਜਾਵੇ ਅਤੇ ਸਾਰੇ ਅਫ਼ਸਰਾਂ ਨੂੰ ਧਾਰਮਕ ਮਾਮਲਿਆਂ ਵਿਚ ਦਖਲ ਦੇਣ ਤੋਂ ਸਖ਼ਤੀ ਨਾਲ ਰੋਕਿਆ ਜਾਵੇ।

ਬਾਬੇ ਦੀ ਬੇਰ ਸਾਹਿਬ!
ਉਥੇ ਕੀ ਹੋ ਰਿਹਾ ਹੈ?

ਮਹੰਤ ਹਰਨਾਮ ਸਿੰਘ ਜੀ ਦੇ ਚਲਾਣਾ ਕਰ ਜਾਣ ਪਿੱਛੋਂ ਉਹਨਾਂ ਦਾ ਨਾਬਾਲਗ ਲੜਕਾ ਗੁਰਚਰਨ ਸਿੰਘ ਰੈਹ ਗਿਆ ਹੈ ਤੇ ਗੰਡਾ ਸਿਹੁੰ ਸਰਬਰਾਹ ਬਨਾਇਆ ਗਿਆ ਹੈ ਜੋ ਸ਼ਰਾਬੀ ਹੈ, ਬਦਚਲਨ ਹੈ, ਆਪਣੇ ਵਰ੍ਹੇ ਤੋਂ ਖਾਲਸਾ ਸੇਵਕ ਜਥਾ ਗੁਰਦੁਆਰੇ ਵਿਚ ਸ਼ਬਦ ਕੀਰਤਨ ਤੇ ਆਸਾ ਦੀ ਵਾਰ ਦਾ ਦੀਵਾਨ ਲਾਉਂਦਾ ਹੈ ਕੁਝ ਦਿਨਾਂ ਤੋਂ ਗੰਡਾ ਸਿਹੁੰ ਨੇ ਗੁੰਡਿਆਂ ਬਦਮਾਸ਼ਾਂ ਦੀ ਸਹਾਇਤਾ ਨਾਲ ਜਥੇ ਦੇ ਸੇਵਕਾਂ ਨੂੰ ਤੰਗ ਕਰਨਾ ਆਰੰਭ ਕਰ ਦਿੱਤਾ ਤਾਂ ਜੋ ਇਹ ਗੁਰਦੁਆਰੇ ਆਉਣਾ ਛਡ ਦੇਣ ਅਤੇ ਇਕ ਪ੍ਰੇਮੀ ਸਿੰਘ ਭਾਈ ਜਵਾਹਰ ਸਿੰਘ ਜੀ ਨੂੰ ਬੁਰੀ ਤਰ੍ਹਾਂ ਕੁਟਿਆ, ਡਰਾਇਆ ਤੇ ਧਮਕਾਇਆ ਗਿਆ ਫਿਰ ਵੀ ਸ਼ਬਦ ਕੀਰਤਨ ਤੇ ਆਸਾ ਦੀ ਵਾਰ ਲਾਣੀ ਜਥੇ ਨੇ ਬੰਦ ਨ ਕੀਤੀ। ਉਸ ਦੇ ਪਿੱਛੋਂ ਸਰਬਰਾਹ ਨੇ ਇਕ ਤਾਂ ਕੁਝ ਵਿਧਵਾ ਤੀਵੀਆਂ ਨੂੰ ਆਖਕੇ ਜਥੇ ਦੇ ਗਲ ਪਵਾਣ ਦਾ ਯਤਨ ਕੀਤਾ ਦੂਜੇ ਫਤੇ ਸਿੰਘ, ਨੌਕਰ ਗੁਰਦੁਆਰਾ ਤੋਂ ਦਫ਼ਾ ੧੦੭ ਦੇ ਅਨੁਸਾਰ ਜਥੇ ਦੇ ਪੰਜ ਸੇਵਕਾਂ ਉਤੇ ਜ਼ਮਾਨਤਾਂ ਲਈ ਦਾਵਾ ਕਰਾ ਦਿੱਤਾ।

ਇਹ ਵਿਧਵਾ ਤੀਵੀਆਂ ਜਥੇ ਨੂੰ ਸਦਾ ਤੰਗ ਕਰਦੀਆਂ ਸਨ। ਇਥੋਂ ਤਕ ਕਿ ਇਕ ਦਿਨ ਕਈ ਵਾਧੂ ਆਦਮੀਆਂ ਨੂੰ ਲਿਆ ਕੇ ਗੰਡਾ ਸਿਹੁੰ ਨੇ ਫਸਾਦ ਕਰਨ ਦਾ ਯਤਨ ਕੀਤਾ। "ਜਾਨ ਹੈਡੋਂ" ਪਸਤੌਲ ਨਾਲ ਡਰਾਉਂਦਾ ਰਿਹਾ। ਅੰਤ ਨੂੰ ਭਾਈ ਨਾਨਕ ਸਿੰਘ ਜੀ ਸੈਕ੍ਰਟਰੀ ਜਥਾ ਲਾਹੌਰ ਗਏ ਫਿਰ ਤਰਨ ਤਾਰਨ ਮਸਿਆ ਤੇ ਜਾਕੇ ਸਾਰਾ ਹਾਲ ਖੋਲ੍ਹਕੇ ਦਸਿਆ। ਉਥੋਂ ਪੰਥ ਦਰਦੀ ਅਤੇ ਗੁਰ ਸਿੱਖੀ ਤੋਂ ਵਿਕੇ ਹੋਏ ਸਰਦਾਰ ਅਮਰ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਸਿਆਲ ਕੋਟ ਆ ਪਹੁੰਚੇ।

੧੪ ਸਤੰਬਰ ਸ਼ਾਮ ਨੂੰ ਰਾਮ ਤਲਾਈ ਵਿਚ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਦਾ ਸਾਂਝਾ ਭਾਰੀ ਜਲਸਾ ਹੋਇਆ ਜਿਸ ਵਿਚ ਸਰਦਾਰ ਅਮਰ ਸਿੰਘ ਜੀ ਨੇ ਸੰਗਤ ਅਗੇ ਸਾਰਾ ਹਾਲ ਪੇਸ਼ ਕੀਤਾ। ਕੀ ਹਿੰਦੂ ਤੇ ਕੀ ਮੁਸਲਮਾਨ ਗੰਡਾ ਸਿਹੁੰ ਦੀਆਂ ਬਦਚਲਨੀਆਂ ਤੇ ਧਕੇ ਸ਼ਾਹੀਆਂ ਤੋਂ ਤੰਗ ਪਏ ਹੋਏ ਸਨ ਸਭ ਨੇ ਉਸ ਦੇ ਵਿਰੁੱਧ ਆਵਾਜ਼ ਉਠਾਈ ਉਥੇ ਪ੍ਰਗਟ ਕੀਤਾ ਗਿਆ ਕੇ ਸਵੇਰੇ ਗੁਰਦੁਆਰਾ ਬਾਬੇ ਦੀ ਬੇਰ ਦੀਵਾਨ ਸਜੇਗਾ ਸਭ ਸੰਗਤ ਦਰਸ਼ਨ ਦੇਵੇ।

ਸਵੇਰੇ ਸਭ ਸੰਗਤ ਹਾਜ਼ਰ ਹੋਈ ਸਰਬਰਾਹ ਆਪ ਤਾਂ ਹੋ ਕੇ ਮੁੜ ਗਿਆ ਤੇ ਤੀਵੀਆਂ ਨੂੰ ਚੁਕ ਗਿਆ ਕਿ ਤੁਸੀਂ ਫਸਾਦ ਕਰੋ ਤੁਹਾਡੇ ਤੇ ਕੋਈ ਹੱਥ ਨਹੀਂ ਉਠਾਵੇਗਾ ਜੇ ਕੋਈ ਹੱਥ ਉਠਾਵੇਗਾ ਤਾਂ ਸਗੋਂ ਵਾਧਾ ਉਨ੍ਹਾਂ ਦਾ ਗਿਣਿਆ ਜਾਵੇਗਾ।

ਉਸੇ ਵੇਲੇ ਭਰੇ ਦੀਵਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਉਨ੍ਹਾਂ ਤੀਵੀਆਂ ਨੇ ਉਹ ਬਕਵਾਸ ਕੀਤੇ ਅਤੇ ਉਹ ਗੰਦੀਆਂ ਗਾਲ੍ਹਾਂ ਕੱਢੀਆਂ ਜੋ ਕਥਨ ਤੋਂ ਬਾਹਰ ਹਨ। ਪੁਲਿਸ ਸਾਰਜੰਟ ਮੌਜੂਦ ਸੀ। ਉਨ੍ਹਾਂ ਵਾਜਾ, ਜੋੜੀ

ਤੇ ਛੈਣੇਂ ਖੋਹੇ। ਹਥੋਂ ਪਾਈ ਕਰਨ ਦੀ ਕੋਸ਼ਿਸ਼ ਕੀਤੀ ਪਰ ਸੰਗਤ ਚੁਪ ਸ਼ਾਂਤ ਨਾਲ ਬੈਠੀ ਰਹੀ ਤੇ ਸ਼ਬਦ ਪੜ੍ਹਨੇ ਜਾਰੀ ਰਖੇ।

ਦੀਵਾਨ ਸਮਾਪਤੀ ਮਗਰੋਂ ਜਥੇ ਦੇ ਪੰਜ ਸੇਵਕਾਂ ਨੂੰ ਡਿਪਟੀ ਕਮਿਸ਼ਨਰ ਨੇ ੧੬ ਸਤੰਬਰ ਨੂੰ ਹਾਜਰੀ ਵਾਸਤੇ ਹੁਕਮ ਭੇਜਿਆ ਕਿ ਕਿਉਂ ਨ ਤੁਹਾਡੀਆਂ ਵਰ੍ਹੇ ਵਰ੍ਹੇ ਲਈ ਜ਼ਮਾਨਤਾਂ ਲਈਆਂ ਜਾਣ।

ਇਸ ਉਤੇ ਰਾਤ ਨੂੰ ਫਿਰ ਭਾਰੀ ਪਬਲਕ ਜਲਸਾ ਹੋਇਆ ਜਿਸ ਵਿਚ ਆਗੂਆਂ ਨੇ ਕਿਹਾ ਕਿ "ਸਾਨੂੰ ਅਫ਼ਸਰਾਂ ਪਾਸੋਂ ਨਿਆਉਂ ਦੀ ਕੋਈ ਆਸ ਨਹੀਂ ਗੰਡਾ ਸਿਹੁੰ ਦੌਲਤ ਮੰਦ ਹੈ ਤੇ ਸਭ ਅਫ਼ਸਰ ਉਸ ਦੇ ਧੜੇਦਾਰ ਹਨ। ਇਸ ਲਈ ਸਾਡੀ ਕੋਈ ਜ਼ਮਾਨਤ ਨ ਦੇਵੇ, ਅਸੀਂ ਕੋਈ ਬਿਆਨ ਨਹੀਂ ਦਿਆਂਗੇ ਅਤੇ ਨਾ ਹੀ ਜਿਰਾ ਕਰਾਂਗੇ ਅਤੇ ਗੁਰੂ ਅਸਥਾਨ ਦੀ ਖ਼ਾਤਰ ਹਰ ਤਰ੍ਹਾਂ ਦੇ ਦੁਖੜੇ ਤੇ ਕਸ਼ਟ ਝਲਣ ਲਈ ਤਿਆਰ ਰਹਾਂਗੇ"। ਸਰਦਾਰ ਖੜਕ ਸਿੰਘ ਜੀ ਰਈਸ ਨੇ ਆਖਿਆ ਅਸੀਂ ਇਨ੍ਹਾਂ ਪੰਜਾਂ ਭਰਾਵਾਂ ਨੂੰ ਇਕਲਿਆਂ ਜੇਹਲ ਵਿਚ ਨਹੀਂ ਜਾਣ ਦਿਆਂਗੇ ਗੁਰਦੁਆਰੇ ਦੀ ਖ਼ਾਤਰ **ਅਸੀਂ** ਸਾਰੇ ਜੇਹਲਾਂ ਵਿਚ ਜਾਣ ਨੂੰ ਤਿਆਰ ਹਾਂ"।

ਸਰਦਾਰ ਅਮਰ ਸਿੰਘ ਜੀ ਨੇ ਵਖਿਆਨ ਵਿਚ ਜ਼ੋਰ ਦਿੱਤਾ ਕਿ ਅਸੀਂ ਪਤਿਤ ਗੰਡਾ ਸਿੰਘ ਨੂੰ ਸਰਬਰਾਹ ਨਹੀਂ ਰਹਿਣ ਦਿਆਂਗੇ ਅਤੇ ਨਾ ਹੀ ਸਵੇਰੇ ਉਸ ਨੂੰ ਗੁਰਦੁਆਰੇ ਵਿਚ ਵੜਨ ਦਿਆਂਗੇ।

ਅੰਮ੍ਰਿਤ ਵੇਲੇ ੧੬ ਸਤੰਬਰ ਨੂੰ ਸੰਗਤ ਗੁਰਦੁਆਰੇ ਪਹੁੰਚ ਗਈ ਤੇ ਸਰਦਾਰ ਅਮਰ ਸਿੰਘ ਜੀ ਨਾਲ ਪੰਜ ਸਿੰਘ ਦਰਵਾਜੇ ਤੇ ਖੜ੍ਹੇ ਹੋ ਗਏ ਕਿ ਸਿੱਖ ਧਰਮ ਅਨੁਸਾਰ ਪਤਿਤ ਹੋ ਚੁਕੇ ਨੂੰ ਗੁਰਦੁਆਰੇ ਵਿਚ ਨਹੀਂ ਵੜਨ ਦਿਆਂਗੇ। ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਦਰਬਾਰ ਸਾਹਿਬ ਦੇ ਅੰਦਰ ਜਾਣੋਂ ਰੋਕ ਦਿੱਤਾ ਸੀ ਫਿਰ ਗੰਡਾ ਸਿਹੁੰ ਕੀ ਚੀਜ਼ ਹੈ? ਇਕ ਮਜਿਸਟ੍ਰੇਟ ਤੇ ਪੁਲਿਸ ਦੀ ਗਾਰਦ ਨੇ ਆਕੇ ਸਰਦਾਰ ਅਮਰ ਸਿੰਘ ਜੀ ਨੂੰ ਧਮਕਾਇਆ ਤੇ ਡਰਾਇਆ ਪਰ ਧਰਮ ਤੋਂ ਵਿਕੇ ਹੋਇਆ ਨੂੰ ਡਰਾਵਿਆ ਦੀ ਕੀ ਵਾਹ ਹੈ। ਸਰਦਾਰ ਅਮਰ ਸਿੰਘ ਜੀ ਡੱਟੇ ਰਹੇ ਤੇ ਆਖਿਆ ਤੁਸੀਂ ਸਾਡੇ ਧਾਰਮਕ ਅਸੂਲਾਂ ਵਿਚ ਦਖ਼ਲ ਨਾ ਦਿਓ। ਸਿੱਖ ਧਰਮ ਅਨੁਸਾਰ ਪਤਿਤ ਆਦਮੀ ਨੂੰ ਜਦ ਤੀਕ ਉਹ ਭੁਲ ਬਖਸ਼ਾ ਕੇ ਮੁੜ ਸਿਖੀ ਨ ਧਾਰਨ ਕਰੇ ਗੁਰਦੁਆਰੇ ਵਿਚ ਨਹੀਂ ਵੜਨ ਦਿੱਤਾ ਜਾਵੇਗਾ।

ਇਸ ਤੋਂ ਪਿੱਛੋਂ ਪੰਜ ਸੇਵਕ ਜਥੇ ਦੇ ਮੈਂਬਰ ਅਤੇ ਕੁਝ ਹੋਰ ਸਿੰਘ ਡਿਪਟੀ ਕਮਿਸ਼ਨਰ ਕੋਲ ਗਏ ਅਤੇ ਬੜਾ ਚਿਰ ਗਲਾਂ ਹੁੰਦੇ ਆ ਰਹੀਆਂ। ਜ਼ਮਾਨਤਾਂ ਨਹੀਂ ਲਈਆਂ ਗਈਆਂ।

ਦੁਪਹਿਰ ਨੂੰ ਹੇਠਾਂ ਲਿਖਿਆ ਨੋਟਸ ਡਿਪਟੀ ਕਮਿਸ਼ਨਰ ਸਾਹਿਬ ਨੇ ਜਾਰੀ ਕਰ ਦਿਤਾ :-

ਡਿਸਟਰਿਕਟ ਮੈਜਿਸਟਰੇਟ ਵੱਲੋਂ ਨੋਟਸ।

(ਹਿੰਦ ਡੰਡਾਵਲੀ ਦਾ ਦਫ਼ਾ ੧੪੪ ਅਨੁਸਾਰ)

ਪਤਾ ਲਗਾ ਹੈ ਕਿ ਸਿਆਲਕੋਟ ਦੇ ਪਵਿੱਤਰ ਅਸਥਾਨ ਬਾਬੇ ਦੀ ਬੇਰ ਦੇ ਮਜੂਦਾ ਇੰਤਜਾਮ ਵਿਚ ਕੁਝ ਆਦਮੀ ਰੋਕ ਪਾਉਣ ਦਾ ਜਤਨ ਕਰ ਰਹੇ ਹਨ ਅਤੇ ਗੁਰਦੁਆਰੇ ਦੇ ਮੌਜੂਦਾ ਸਰਬਰਾਹ ਚੌਧਰੀ ਗੰਡਾ ਸਿੰਘ ਉਦੇ ਰਾਏ ਅਤੇ ਹੋਰ ਦੂਜੇ ਪ੍ਰਬੰਧਕਾਂ ਨੂੰ ਧਮਕੀ ਦੇ ਰਹੇ ਹਨ ਜਿਸ ਤੋਂ ਅਮਨ ਟੁਟਣ ਦਾ ਭੈ ਹੈ ਇਸ ਲਈ ਮੈਂ ਆਮ ਪਬਲਿਕ ਨੂੰ ਹਿਦੈਤ ਕਰਦਾ ਹਾਂ ਕਿ ਜਦ ਇਹ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਤਦ ਕਿਸੇ ਕਾਰ ਦੀ ਉਥੋਂ ਦੇ ਇੰਤਜ਼ਾਮ ਵਿਚ ਦੋ ਚੌਧਰੀ ਗੰਡਾ ਸਿੰਘ ਉਦੇ ਰਾਏ ਕਾਨੂੰਨ ਅਨੁਸਾਰ ਏਥੋਂ ਦੇ ਪ੍ਰਬੰਧ ਤੋਂ ਹਟਾਇਆ ਨਹੀਂ ਜਾਂਦਾ ਅਤੇ ਜਦ ਤਕ ਇਹਨਾਂ ਦੋਵਾਂ ਗੱਲਾਂ ਵਿਚ ਇਕ ਨਹੀਂ ਹੋ ਜਾਂਦੀ ਕੋਈ ਦਖ਼ਲ ਨ ਦੇਣ।

ਦਸਤਖਤ ਐਚ. ਫਾਈਸਨ

ਡਿਸਟਰਿਕਟ ਮੈਜਿਸਟ੍ਰੇਟ

ਮਾਮਲਾ ਵਧ ਤੋਂ ਵੱਧ ਵਿਗੜਦਾ ਵੇਖਕੇ ਮਾਸਟਰ ਸੁੰਦਰ ਸਿੰਘ ਜੀ "ਲਾਲਿਪੁਰੀ" ਨੂੰ ਤਾਰ ਦਿੱਤੀ ਗਈ। ਰਾਤ ਨੂੰ ਇਹ ਵੀ ਪਹੁੰਚ ਗਏ ਅਤੇ ਇਕ ਭਾਰੀ ਜਲਸਾ ਹੋਇਆ ਜਿਸ ਵਿਚ ਮਾਸਟਰ ਜੀ ਦਾ ਤੇ ਹੋਰ ਸਜਨਾਂ ਦੇ ਜਬਰਦਸਤ ਲੈਕਚਰ ਹੋਏ ਅਤੇ ਫੈਸਲਾ ਹੋਇਆ ਕਿ ਸਭ ਤੋਂ ਪਹਿਲਾਂ ਧਰਮ ਨੂੰ ਮੰਨਣਾ ਫ਼ਰਜ਼ ਹੈ ਜੇ ਕੋਈ ਕਾਨੂੰਨ ਸਾਡੇ ਧਰਮ ਦੇ ਉਲਟ ਹੋਵੇਗਾ ਤਾਂ ਅਸੀਂ ਬਿਲਕੁਲ ਮੰਨਣ ਨੂੰ ਤਿਆਰ ਨਹੀਂ ਹਾਂ। ਹਿੰਦੂ, ਮੁਸਲਮਾਨਾਂ ਨੇ ਵੀ ਇਸੇ ਮਤਲਬ ਦੀਆਂ ਤਕਰੀਰਾਂ ਕੀਤੀਆਂ। ਆਖ਼ਰ ਇਹ ਫ਼ੈਸਲਾ ਹੋਇਆ ਕਿ ਭਾਵੇਂ ਕੁਝ ਹੋਵੇ ਜਦ ਤੀਕ ਸਰੀਰ ਵਿਚ ਜਿੰਦ

ਹੈ ਗੰਡਾ ਸਿਹੁੰ ਨੂੰ ਗੁਰਦੁਆਰੇ ਵਿਚ ਨਹੀਂ ਵੜਨ ਦਿੱਤਾ ਜਾਵੇਗਾ।

ਅਕਾਲੀ ਲਾਹੌਰ, ੨੨ ਸਤੰਬਰ ੧੯੨੦

ਗੁਰਮੁਖੀ ਸਿਧੇ ਦਾੜ੍ਹੇ ਦੀ ਧਾਰਨਾ ਬਦਲੇ ਕਸ਼ਟ

ਪਜਾਰੇ ਖਾਲਸਾ ਜੀ !

ਆਪ ਪਹਿਲੇ ਅਖ਼ਬਾਰ ਅੰਕ ਭਾਦ੍ਰੋ ਦੇ ਵਿਚ ਪੜ੍ਹ ਚੁਕੇ ਹੋ ਕਿ ਭਾਈ (ਜਵਾਲਾ ਸਿੰਘ ਜੀ ਲੈਸ ਨੈਕ ਅਤੇ ਭਾਈ ਸੌਦਾਗਰ ਸਿੰਘ ਜੀ ੮੨ ਤੋਪਖਾਨਾ, ਸਿਰਫ ਗੁਰਮੁਖੀ ਸਿਧੇ ਦਾੜੇ ਦੇ ਰੱਖਣੇ ਖ਼ਾਤਰ (ਜੋ ਕਿ ਖਾਲਸਾ ਧਰਮ ਦਾ ਨਿਰੋਲ ਧਾਰਮਿਕ ਅਸੂਲ ਹੈ) ਅੱਜ ਕਲ੍ਹ ਫ਼ੌਜੀ ਕਰੜੇ ਹੁਕਮ ਅੰਦਰ ਜਕੜੇ ਹੋਏ ਹਨ, ਸੋ ਉਕਤ ਵੀਰਾਂ ਨੂੰ ਲਗਭਗ ਦੋ ਢਾਈ ਮਹੀਨੇ ਤੋਂ ਕਾਂਜੀ ਹੌਸ (ਕੈਚਿੰਗ ਹਾਊਸ) ਵਿਚ ਪਕੜਿਆ ਹੋਇਆ ਹੈ। ਅੱਜ ਇਕ ਹੋਰ ਦੁਖ ਭਰੀ ਪੱਤ੍ਰਕਾ "ਪੰਚ ਖਾਲਸਾ ਦੀਵਾਨ" ਦੇ ਦਫ਼ਤਰ ਵਿਚ ਪੁੱਜੀ ਹੈ।

ਯਥਾ :–ਨਕਲ ਪੱਤ੍ਰਕਾ :–

ਬੇਨਤੀ ਹੈ ਕਿ ਦਾਸਾਂ ਨੂੰ ਕੈਦ ਹੋਇਆ ਅੱਜ ਦੋ ਮਹੀਨੇ ਹੋ ਗਏ ਹਨ (ਖਾਲਸਾ ਪੰਥ ਵੱਲੋਂ) ਕਿਸੇ ਨੇ ਫ਼ੈਸਲਾ ਕਰਕੇ ਨਹੀਂ ਭੇਜਿਆ...........ਆਪ ਕ੍ਰਿਪਾ ਕਰਕੇ ਦਾੜ੍ਹੇ ਬਾਬਤ ਕਮਾਨ ਆਫੀਸਰ ਸਾਹਿਬ ਬਹਾਦਰ ਨੂੰ ਫ਼ੈਸਲਾ ਕਰਕੇ ਭੇਜੋ, ਅਸੀਂ (ਕੈਦੋਂ) ਛੁਟ ਜਾਈਏ, ਨਹੀਂ ਤਾਂ ਸਾਨੂੰ ਸਜ਼ਾ ਮਲੂਮ ਨਹੀਂ ਜੇਲ੍ਹ ਖਾਨਾਂ ਹੋਵੇ ਪਤਾ ਨਹੀਂ ਕਾਲੇ ਪਾਨੀ ਹੋਵੇ।............................ਅਸੀਂ ੩੫ ਸਿੱਖ ਵਿਚ ਕੈਦ ਕੀਤੇ ਹਾਂ, ਕਾਂਜੀ ਹੋਂਦ ਵਿਚ ਜਿਥੇ ਬੰਦ ਹਾਂ ਗਰਮੀ ਬਹੁਤ ਹੈ ਆਪ ਦਾ (ਖਾਲਸਾ ਪੰਥ ਦਾ) ਇਨਸਾਫ਼ ਮੰਗਦੇ ਹਾਂ।...............................ਕਮਾਨ ਆਫੀਸਰ ਸਾਹਿਬ ਨੂੰ ਪੁਛਦੇ ਹਾਂ ਤਾਂ ਕਹਿੰਦੇ ਹਨ ਕਿ ਆਪ ਦੀ ਖ਼ਬਰ ਗਈ ਹੈ ਜਦ ਖ਼ਬਰ ਆਊ ਤਦ ਫ਼ੈਸਲਾ ਹੋਊ।

ਵੱਲੋਂ

ਜਵਾਲਾ ਸਿੰਘ ੩੨ ਤੋਪਖਾਨਾ

ਐਮ. ਬੀ. ਈ. ਈ. ਐਫ

ਸੋ ਇਸ ਉਤਲੇ ਦੁਖ ਭਰੇ ਪੱਤਰ ਦੇ ਪੇਸ਼ ਹੋਵਨ ਪਰ "ਪੰਚ ਖਾਲਸਾ ਦੀਵਾਨ" ਵਲੋਂ ਹੈਠ ਲਿਖੇ ਮੂਜਬ ੨੯ ਭਾਦ੍ਰੋ ਨੂੰ ਗੁਰਮਤਾ ਪਾਸ ਹੋਇਆ।

੧. ਚੂੰਕਿ ਗੁਰਮੁਖੀ ਸਿਧੇ ਦਾੜ੍ਹੇ ਰਖਣੇ ਖਾਲਸਾ ਪੰਥ ਦਾ ਧਾਰਮਿਕ ਅਸੂਲ ਹੈ ਜਿਸ ਦਾ ਪ੍ਰਮਾਣਾਂ ਸਹਿਤ ਪੰਥਕ ਫ਼ੈਸਲਾ "ਖਾਲਸਾ ਰਹਿਤ ਪ੍ਰਕਾਸ਼ ਦੇ" ਐਕੜ ਨੰ: ੧ ਪੰਨਾ ੬੯ ਪਰ ਪ੍ਰਸਿਧ ਹੈ, ਇਸ ਕਰਕੇ ਉਕਤ ਤੋਪਖਾਨਾ ਦੇ ਕਮਾਨ ਆਫੀਸਰ ਸਾਹਿਬ ਬਹਾਦਰ ਅਤੇ ਉਕਤ ਡਵੀਜਨ ਦੇ ਜਰਨੈਲ ਸਾਹਿਬ ਬਹਾਦਰ ਅਤੇ ਸ੍ਰੀ ਮਾਨ ਜੰਗੀ ਲਾਟ ਸਾਹਿਬ ਬਹਾਦਰ ਨੂੰ ਇਸ ਗੁਰਮਤੇ ਦੁਆਰਾ ਬੇਨਤੀ ਕੀਤੀ ਜਾਵੇ ਕਿ ਵੀਰ ਜਵਾਲਾ ਸਿੰਘ ਤੇ ਉਕਤ ਵੀਰ ਸੌਦਾਗਰ ਸਿੰਘ ਆਦਿ ੩੨ ਤੋਪਖਾਨਾ (੩੨, ਐਮ. ਬੀ. ਈ. ਈ. ਐਫ) ਬਿਲਕੁਲ ਨਿਰਦੋਸ ਹਨ, ਇਸ ਕਰਕੇ ਗੁਰਮੁਖੀ ਭਾਵ (ਸਿਧਾ ਦਾੜ੍ਹਾ) ਰੱਖਣ ਖਾਤਰ ਉਨ੍ਹਾਂ ਨੂੰ ਕੋਈ ਸਜ਼ਾ ਨਾ ਦਿੱਤੀ ਜਾਵੇ ਕਿਉਂਕਿ ਇਹ ਖਾਲਸਾ ਧਰਮ ਦਾ ਧਾਰਮਿਕ ਅਸੂਲ ਹੈ।

੨. ਸਭਨਾਂ ਖਾਲਸਾ ਦੀਵਾਨਾਂ ਅਤੇ ਸਿੰਘ ਸਭਾਵਾਂ ਨੂੰ ਬੇਨਤੀ ਕੀਤੀ ਜਾਵੇ ਕਿ ਆਪੋ ਆਪਣੇ ਵੱਲੋਂ ਉਤੇ ਲਿਖੇ ਵੱਤ ਰੈਜ਼ੂਲੇਸ਼ਨ ਪਾਸ ਕਰਕੇ ਉਤੇ ਲਿਖੇ ਆਫ਼ੀਸਰਾਂ ਸਾਹਿਬ ਬਹਾਦਰਾਂ ਦੀ ਸੇਵਾ ਵਿਚ ਵੱਖੋ ਵੱਖ ਭੇਜਕੇ ਨਿਹਾਲ ਕਰਨ।

੩. ਇਸ ਗੁਰਮਤੇ ਦੀ ਇਕ ੨ ਨਕਲ ਅਖ਼ਬਾਰਾਂ ਨੂੰ ਭੇਜੀ ਜਾਵੇ।

ਲੇ: ਖਾ: ਕਿੰ: ਤੇਜਾ ਸਿੰਘ

ਸੇਵਕ ਪੰਚ ਖਾਲਸਾ ਦੀਵਾਨ

— : ਅਰਥਾਤ :–

ਖਾਲਸਾ ਪਾਰਲੀਮੈਂਟ (ਪੰਚ ਮੰਡ)

ਅਕਾਲੀ ਲਾਹੌਰ, ੨੪ ਸਤੰਬਰ ੧੯੨੦

ਦੀਵਾਨ

ਗੁਰਦੁਆਰਾ ਰਕਾਬਗੰਜ ਸਾਹਿਬ ਦੀ ਢਾਹੀ ਹੋਈ ਕੰਧ ਸਬੰਧੀ ਵਿਚਾਰ ਕਰਨ ਲਈ ੨੫ ਸਤੰਬਰ ਨੂੰ ਸਿੰਘ ਸਭਾ ਲਾਇਲਪੁਰ ਵਿਚ ਭਾਰੀ ਦੀਵਾਨ ਹੋਵੇਗਾ।

ਬਾਬੇ ਦੀ ਬੇਰ ਸਾਹਿਬ !

ਪੰਥ ਵਿਚ ਜੋਸ਼ ਦੀ ਲਹਿਰ ਵਹਿ ਤੁਰੀ !

ਲਾਹੌਰ ਵਿਚ ਮੋਚੀ ਦਰਵਾਜੇ ਦੇ ਬਾਹਰ ੨੧ ਸਤੰਬਰ ਨੂੰ ਡਿਸਟ੍ਰਿਕਟ ਸਿੱਖ ਲੀਗ ਦੇ ਪ੍ਰਬੰਧ ਨਾਲ ਭਾਰੀ ਪਬਲਕ ਜਲਸਾ ਹੋਇਆ ਜਿਸ ਵਿਚ ਚਾਰ ਪੰਜ ਹਜ਼ਾਰ ਹਿੰਦੂ ਮੁਸਲਮਾਨ ਅਤੇ ਸਿੱਖਾਂ ਨੇ ਦਰਸ਼ਨ ਦਿੱਤੇ। ਸ: ਪ੍ਰੇਮ ਸਿੰਘ ਜੀ ਸੋਢਬੰਸ ਜਲਸੇ ਦੇ ਪ੍ਰਧਾਨ ਬਣਾਏ ਗਏ। ਸ: ਸਰਦੂਲ ਸਿੰਘ ਜੀ ਕਵੀਸ਼ਰ ਤੇ ਮਾਸਟਰ ਮੋਤਾ ਸਿੰਘ ਜੀ ਦੇ ਨ ਮਿਲਵਰਤਨ ਉਪਰ ਜਬਰਦਸਤ ਲੈਕਚਰ ਹੋਏ। ਗਿਆਨੀ ਸ਼ੇਰ ਸਿੰਘ ਜੀ ਨੇ ਸਰਬਰਾਹ ਗੰਡਾ ਸਿਹੁੰ ਦੇ ਘ੍ਰਿਣਾ ਯੋਗ ਵਤੀਰੇ ਉਪਰ ਨਰਾਜਗੀ ਦਾ ਗੁਰਮਤਾ ਪੇਸ਼ ਕੀਤਾ ਤੇ ਗਿਆਨੀ ਹੀਰਾ ਸਿੰਘ ਜੀ ਨੇ ਤਾਈਦ ਕੀਤੀ। ਪ੍ਰਧਾਨ ਵੱਲੋਂ ਮੌਲਵੀ ਜ਼ਫਰ ਅਲੀ ਖਾਨ ਦੀ ਗ੍ਰਿਫ਼ਤਾਰੀ ਉਪਰ ਹਮਦਰਦੀ ਦਾ ਗੁਰਮਤਾ ਪੇਸ਼ ਹੋ ਕੇ ਪਾਸ ਹੋਇਆ, ਭਾਈ ਜਵਾਹਰ ਸਿੰਘ ਜੀ ਰਾਵਲ ਪਿੰਡੀ ਵਾਲਿਆਂ ਨੇ ਪੁਰਜੋਸ਼ ਨਜ਼ਮਾਂ ਪੜ੍ਹੀਆਂ ਤੇ ਬੜੀ ਕਾਮਯਾਬੀ ਨਾਲ ਜਲਸਾ ਸਮਾਪਤ ਹੋਇਆ।

ਨਾਰਲੀ ਵਿਚ ਗੁਰੂ ਖਾਲਸੇ ਜੀ ਦਾ ਭਾਰੀ ਦੀਵਾਨ।

ਖਾਲਸਈ ਜੋਸ਼ ਦੇ ਅਚਰਜ ਨਜ਼ਾਰੇ !

੧੭, ੧੮, ੧੯ ਨੂੰ ਨਾਰਲੀ ਜ਼ਿਲ੍ਹਾ ਲਾਹੌਰ ਵਿਚ ਭਾਰੀ ਦੀਵਾਨ ਹੋਇਆ ਤਿੰਨੇ ਦਿਨ ਸੰਗਤਾਂ ਨਾਲ ਦੀਵਾਨ ਖਚਾ ਖਚ ਭਰਿਆ ਰਹਿੰਦਾ ਸੀ। ਇਸ ਦੀਵਾਨ ਵਿਚ ਕਈ ਕੌਂਸਲਾਂ ਦੀ ਮੈਂਬਰੀ ਦੇ ਚਾਹਵਾਨ ਕਈ ਪੰਥ ਵਿਚ ਫੁਟ ਪਾਕੇ ਸਰਕਾਰ ਪਾਸੋਂ ਵਡਿਆਈ ਲੈਣ ਦੇ ਭੁਖੇ, ਅਤੇ ਕਈ ਫੋਕੇ ਦਮਗਜਿਆਂ ਨਾਲ, ਪੰਥ ਦੇ ਲੀਡਰ ਬਣਨ ਵਾਸਤੇ ਆਏ ਹੋਏ ਸਨ ਪਰ ਅਫ਼ਸੋਸ ਕਿ ਕਿਸੇ ਦੀ ਵੀ ਮੁਰਾਦ ਪੂਰੀ ਨ ਹੋਈ! ਗੁਰੂ ਖਾਲਸਾ ਦੇ ਦੀਵਾਨ ਵਿਚ ਉਹ ਕੁਛ ਕਰਕੇ ਵਿਖਾਇਆ ਜੋ ਖਾਲਸਾ ਜੀ ਦੀ ਸ਼ਾਨ ਨੂੰ ਫਬਦਾ ਹੈ।

੧੮ ਸਤੰਬਰ ਨੂੰ ਸਵੇਰ ਦੇ ਦੀਵਾਨ ਵਿਚ ਵੀਚਾਰ ਹੋਈ ਕਿ ਜ਼ਿਲ੍ਹਾ ਲਾਹੌਰ ਵੱਲੋਂ ਕਿਸ ਨੂੰ ਕੌਂਸਲ ਦਾ ਮੈਂਬਰ ਭੇਜਿਆ ਜਾਵੇ ਦੀਵਾਨ ਵਿਚ ਹਾਜ਼ਰ ਉਮੀਦਵਾਰ ਮੈਂਬਰਾਂ ਨੇ ਆਪਣੀ ਆਪਣੀ ਪਿਛਲੀ ਪੰਥਕ ਤੇ ਮੁਲਕੀ ਸੇਵਾ ਅਤੇ ਅਗੇ ਲਈ ਕੰਮ ਕਰਨ ਦਾ ਪ੍ਰੋਗਰਾਮ ਸੰਗਤ ਨੂੰ ਦਸਿਆ। ਇਹਨਾਂ ਵਿਚ ਸਰਦਾਰ ਖੜਕ ਸਿੰਘ ਜੀ ਵਕੀਲ, ਸਰਦਾਰ ਜਨਮੇਜਾ ਸਿੰਘ ਜੀ ਆਨਰੇਰੀ ਮੈਜਿਸਟ੍ਰੇਟ ਸਰਦਾਰ ਹਰਿਦਿਆਲ ਸਿੰਘ ਜੀ ਸੂਬੇਦਾਰ ਸਨ ਸਰਦਾਰ ਸੰਗਤ ਸਿੰਘ ਜੀ ਰਈਸ ਕੁਲਾ ਨਹੀਂ ਸਨ ਆਏ। ਫ਼ੈਸਲੇ ਹੋਇਆ ਕਿ ਰਾਤ ਨੂੰ ਹਰ ਇਕ ਪਿੰਡ ਵਿੱਚੋਂ ਇਕ ਇਕ ਮੁਖੀ ਆਦਮੀ ਲੈ ਕੇ ਕਮੇਟੀ ਕਰਕੇ ਫ਼ੈਸਲਾ ਕੀਤਾ ਜਾਵੇ।

ਦੁਪਹਿਰ ਨੂੰ ਮਾਸਟਰ ਮੋਤਾ ਸਿੰਘ ਜੀ ਨੇ ਸੁਧਾਰ ਸਕੀਮ ਉਤੇ ਯੁਕਤੀ ਪੂਰਬਕ ਵਿਚਾਰ ਪ੍ਰਗਟ ਕਰਕੇ ਦਸਿਆ ਕਿ "ਸੁਧਾਰ ਸਕੀਮ ਇਕ ਪ੍ਰੋਸਿਆਂ ਹੋਇਆ ਤੇ ਸੋਹਣੇ ਰੇਸ਼ਮੀ ਰੁਮਾਲ ਨਾਲ ਕਜਿਆ ਹੋਇਆ ਥਾਲ ਹੈ ਜਿਸ ਨੂੰ ਵੇਖ ਕੇ ਕਈਆਂ ਦੇ ਮੂੰਹ ਵਿਚ ਪਾਣੀ ਭਰ ਆਇਆ ਤੇ ਖਾਣ ਲਈ ਦੌੜ ਰਹੇ ਹਨ ਪਰ ਥਾਲ ਵਿਚ ਕੁਝ ਨਹੀਂ। ਸਾਰੀ ਤਾਕਤ ਵਾਇਸਰਾਇ ਦੇ ਹਥ ਵਿਚ ਹੈ। ਫਿਰ ਉਹਨਾਂ ਨੇ ਮਿਸਰ ਦਾ ਹਾਲ ਦਸਕੇ ਆਖਿਆ ਕਿ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਨ ਮਿਲਵਰਤਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ।

ਰਾਤ ਨੂੰ ਚੋਣਵੀਂ ਕਮੇਟੀ ਵਿਚ ਨ ਮਿਲਵਰਤਨ ਉਤੇ ਖ਼ੂਬ ਵਿਚਾਰ ਹੋਈ ਸਰਦਾਰ ਜਸਵੰਤ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ ਨੇ ਨ ਮਿਲਵਰਤਨ ਦੇ ਹਾਮੀਆਂ ਨੂੰ ਖ਼ੂਬ ਉੱਤਰ ਦਿਤੇ ਛੇਕੜ ਨ ਮਿਲਵਰਤਨ ਦਾ ਗੁਰਮਤਾ ਪਾਸ ਹੋ ਗਿਆ।

ਇਸ ਤੋਂ ਬਿਨਾਂ ਮਾਝਾ ਸਿੱਖ ਲੀਗ ਅਤੇ ਮਾਝਾ ਖਾਲਸਾ ਦੀਵਾਨ ਸਬੰਧੀ ਵੀ ਖ਼ੂਬ ਵਿਚਾਰ ਹੋਈ ਤੇ ਫ਼ੈਸਲਾ ਹੋਇਆ ਕਿ ਸਾਬ ਪੜਤਾਲ ਕਰਕੇ ਇਸ ਨੂੰ ਫਿਰ ਸੁਰਜੀਤ ਕੀਤਾ ਜਾਵੇ।

੧੯ ਨੂੰ ਅੰਮ੍ਰਿਤ ਵੇਲ ਰਾਗੀ ਜਵਾਲਾ ਸਿੰਘ ਜੀ ਦੇ ਮਨੋਹਰ ਕੀਰਤਨ ਮਗਰੋਂ ਭਾਈ ਗੰਗਾ ਸਿੰਘ ਜੀ ਨੇ ਕਥਾ ਕੀਤੀ ਫਿਰ ਸੈਕਟਰੀ ਜਲਸਾ ਨੇ ਕਸੂਰ ਲੀਗ ਸਬੰਧੀ ਵਿਚਾਰ ਪੇਸ਼ ਕੀਤੀ ਉਪਰੰਤ ਇਨਾਂ ਦੋ ਸਜਨਾਂ ਨੇ ਤਾਈਦ ਕਰਦਿਆਂ ਹੋਇਆਂ ਸ਼ਹਿਰੀ ਅਤੇ ਪੇਂਡੂ ਸਿੱਖਾਂ ਵਿਚ ਫੁਟ ਪਾਣ ਦੀ ਚਾਲ ਉਤੇ ਵਿਚਾਰ ਕਰਦਿਆਂ ਹੋਇਆਂ "ਐਕਟ ਇੰਤਕਾਲ ਇਰਾਜ਼ੀ" ਦਾ ਚਕਮਾ ਦੇ ਕੇ ਜ਼ਿਮੀਦਾਰਾਂ ਅਤੇ ਵਪਾਰੀਆਂ ਦੇ ਲਾਭਾਂ ਨੂੰ ਵੱਖ ਵੱਖ ਕਰਕੇ ਇਕ ਜ਼ਹਿਰ ਦਾ ਬੀਜ ਪਾ ਦਿੱਤਾ। ਸ: ਜਸਵੰਤ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ ਭਾਈ ਗੰਗਾ ਸਿੰਘ ਜੀ ਉਪਦੇਸ਼ਕ ਅਤੇ ਕਈ ਹੋਰ ਸਜਨਾਂ ਮੂੰਹ ਮੋੜਵੇਂ ਉੱਤਰ ਦੇ ਕੇ ਖੰਡਨ ਕੀਤਾ ਅਤੇ ਜ਼ੋਰ ਦਿੱਤਾ ਕਿ ਜ਼ਿਲ੍ਹੇ ਵਿਚ ਇਕ ਹੀ ਲੀਗ ਬਣੇ ਬਾਕੀ ਇਲਾਕੇ ਵਿਚ ਭਾਵੇਂ ਪਿੰਡ ਪਿੰਡ ਸਬ ਕਮੇਟੀਆਂ ਬਣ ਜਾਣ ਪਰ ਡਿਸਟ੍ਰਿਕਟ ਲੀਗ ਇਕ ਹੀ ਹੋਣੀ ਚਾਹੀਦੀ ਹੈ ਅਤੇ ਸ਼ਹਿਰੀ ਤੇ ਪੇਂਡੂ ਸਵਾਲ ਛੇੜਨਾ ਪੰਥ ਦੀਆਂ ਜੜ੍ਹਾਂ ਤੇ ਕੁਹਾੜਾ ਮਾਰਨਾ ਹੈ। ਕੇਵਲ ਜਿਮੀਂਦਾਰਾਂ ਦੀ ਲੀਗ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਜਿਮੀਂਦਾਰ ਸ਼ਾਮਲ ਹੋ ਸਕਦੇ ਹਨ ਸਿੱਖ ਲੀਗ ਸਾਰੇ ਸਿੱਖ ਹਕਾਂ ਦੀ ਰਾਖੀ ਲਈ ਹੋਵੇਗੀ।

ਇਸ ਵੇਲੇ ਇਕ ਜ਼ੈਲਦਾਰ ਸਾਹਿਬ ਨੇ ਬੜੀ ਖਪ ਪਾਈ ਅਤੇ ਸੰਗਤ ਦਾ ਰੁਖ ਮੇਲ ਅਤੇ ਜਥੇਬੰਦੀ ਵਲ ਵੇਖਕੇ ਬੇਰਸੀ ਪੈਦਾ ਕਰਨ ਦਾ ਯਤਨ ਕੀਤਾ ਕਈ ਵੇਰ ਬੰਦ ਕਰਨ ਤੇ ਵੀ ਉਹ ਨ ਟਲਿਆ ਫਿਰ ਕਈ ਅਵਾਜ਼ਾਂ ਆਈਆਂ ਕਿ ਅਜੇਹੇ ਫਸਾਦੀ ਆਦਮੀ ਨੂੰ ਬਾਹਰ ਕਢ ਦਿਓ। ਇਸ ਵੇਲੇ ਸਚ ਮੁਚ ਬੇਰਸੀ ਪੈਦਾ ਹੋ ਗਈ ਜ਼ੈਲਦਾਰ ਸਾਹਿਬ ਆਪਣੀ ਬੇਪਤੀ ਵੇਖ ਕੇ ਉਠ ਨਸੇ ਤੇ ਪਿੱਛੋਂ ਬਿਲਕੁਲ ਸ਼ਾਂਤ ਹੋ ਗਈ।

ਪਿੱਛੋਂ ਮਾਸਟਰ ਮੋਤਾ ਸਿੰਘ ਜੀ ਨੇ ਵਖਯਾਨ ਆਰੰਭ ਕਰਕੇ ਬੇਰਸੀ ਨੂੰ ਦੂਰ ਕੀਤਾ। ਸ: ਖੜਕ ਸਿੰਘ ਜੀ ਨੇ ਵੀ ਤਾਈਦ ਕੀਤੀ ਅਤੇ ਬਾਕੀ ਸਾਰਿਆਂ ਨੇ ਵੀ ਜੋ ਪਹਿਲਾਂ ਪੇਂਡੂਆਂ ਦੀ ਵੱਖਰੀ ਲੀਗ ਬਨਾਣ ਦੇ ਹਾਮੀ ਸਨ ਜਥੇਬੰਦੀ ਦੇ ਹੱਕ ਵਿਚ ਹੋ ਗਏ ਤੇ ਸਰਬ ਸੰਮਤੀ ਨਾਲ ਪਾਸ ਹੋਇਆ ਕਿ 'ਡਿਸਟਰਿਕਟ ਸਿੱਖ ਲੀਗ ਲਾਹੌਰ" ਦੇ ਮੈਂਬਰ ਬਣਕੇ ਕੰਮ ਕਰਨਾ ਚਾਹੀਦਾ ਹੈ ਉਸ ਵੇਲੇ ੪੦-੫੦ ਆਦਮੀਆਂ ਨੇ ਨਾਮ ਲਿਖਾ ਦਿਤੇ।

ਨਾ ਮਿਲਵਰਤਨ ਆਰੰਭ

ਸ਼ਾਮ ਦੇ ਦੀਵਾਨ ਵਿਚ ਸੈਕ੍ਰੇਟਰੀ ਜਲਸਾ ਨੇ ਆਖਿਆ ਕਿ ਭਾਵੇਂ ਰਾਤੀਂ ਚੋਣਵੀਂ ਕਮੇਟੀ ਵਿਚ "ਨਾ ਮਿਲਵਰਤਨ" ਦਾ ਗੁਰਮਤਾ ਪਾਸ ਹੋ ਗਿਆ ਹੈ ਪਰ ਕਈਆਂ ਸਜਨਾਂ ਦੀ ਵਿਚਾਰ ਕਰਕੇ ਉਹ ਹੁਣ ਪੇਸ਼ ਨਹੀਂ ਕੀਤਾ ਜਾਂਦਾ।

ਕੌਂਸਲ ਦੀ ਮੈਂਬਰੀ ਸਬੰਧੀ ਜਿਸ ਤਰ੍ਹਾਂ ਸਿੱਖ ਲੀਗ ਫ਼ੈਸਲਾ ਕਰੇਗੀ ਉਸੇ ਤਰ੍ਹਾਂ ਕੀਤਾ ਜਾਵੇਗਾ। ਸ: ਖੜਕ ਸਿੰਘ ਜੀ ਨੇ ਇਤਰਾਜ ਕੀਤਾ ਕਿ ਚੋਣਵੀ ਕਮੇਟੀ ਨੂੰ ਮਤਾ ਪਾਸ ਕਰਨ ਦਾ ਕੋਈ ਹੱਕ ਨਹੀਂ ਸੀ। ਉਸ ਨੂੰ ਤਾਂ ਇਕ ਮੈਂਬਰ ਨੂੰ ਚੁਣਕੇ ਵੋਟਾਂ ਦੇਣ ਦੇ ਫ਼ੈਸਲੇ ਲਈ ਮੁਕਰਰ ਕੀਤਾ ਗਿਆ ਸੀ। ਇਸ ਲਈ ਇਹ ਫ਼ੈਸਲਾ ਹੋਣਾ ਚਾਹੀਦਾ ਹੈ ਪਰ ਇਸ ਵੇਲੇ ਸੰਗਤ ਵਿਚ ਬੜਾ ਰੌਲਾ ਪੈ ਗਿਆ ਤੇ ਸਰਦਾਰ ਜੀ ਨੂੰ ਬੈਠਨਾ ਪਿਆ।

ਇਸ ਵੇਲੇ ਸਰਦਾਰ ਹਰਦਿਆਲ ਸਿੰਘ ਜੀ ਰਈਸ ਨੇ ਖੜ੍ਹੇ ਹੋ ਕੇ ਆਖਿਆ ਕਿ ਜੇ ਸਿੱਖ ਲੀਗ "ਨਾ ਮਿਲਵਰਤਨ" ਪਾਸ ਕਰ ਦੇਵੇਗੀ ਤਾਂ ਮੈਂ ਆਪਣਾ ਨਾਮ ਵਾਪਸ ਲੈ ਲਵਾਂਗਾ ਸ: ਜਨਮੇਜਾ ਸਿੰਘ ਜੀ ਅਤੇ ਸ: ਬਲਵੰਤ ਸਿੰਘ ਜੀ ਨੇ ਵੀ ਖੜ੍ਹੇ ਹੋ ਕੇ ਇਸੇ ਤਰ੍ਹਾਂ ਆਖਿਆ ਸੰਗਤ ਨੇ ਖੁਸ਼ੀ ਵਿਚ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜਾ ਦਿੱਤਾ। ਪਰ ਸ: ਖੜਕ ਸਿੰਘ ਜੀ ਚੁਪ ਹੀ ਰਹੇ।

ਇਸ ਦੇ ਉਪਰੰਤ ਗੁਰਦੁਆਰਾ ਰਕਾਬ ਗੰਜ ਸਬੰਧੀ ਮਸ਼ਹੂਰ ਮੋਤਾ ਸਿੰਘ ਜੀ ਦਾ ਲੈਕਚਰ ਹੋਇਆ ਸੰਗਤ ਵਿਚ ਇਡਾ ਜੋਸ਼ ਫੈਲਿਆ ਕਿ ਸੈਂਕੜੇ ਆਦਮੀ ਨਾਮ ਲਿਖਾਣ ਲਈ ਖੜ੍ਹੇ ਹੋ ਗਏ।

ਗਿਆਨੀ ਹੀਰਾ ਸਿੰਘ ਜੀ ਨੇ ਸਿੱਖ ਲੀਗ ਦੇ ਸਲਾਨਾ ਜਲਸੇ ਵਾਸਤੇ ਪ੍ਰੇਰਨਾ ਕੀਤੀ। ਮੌਲਵੀ ਜਫਰ ਅਲੀ ਜੀ ਦਾ ਗ੍ਰਿਫ਼ਤਾਰੀ ਤੇ ਨਰਾਜ਼ਗੀ ਪ੍ਰਗਟ ਕੀਤੀ ਗਈ ਅਤੇ ਮੌਲਵੀ ਜੀ ਨਾਲ ਹਮਦਰਦੀ ਕੀਤੀ ਗਈ ਅਤੇ ਮਾਝਾ ਦੀਵਾਨ ਨੂੰ ਸੁਰਜੀਤ ਕਰਨ ਲਈ ਕਮੇਟੀ ਬਣਾਈ ਗਈ। ਬਾਬੇ ਦੀ ਬੇਰ ਦੇ ਸਰਬਰਾਹ ਗੰਡਾ ਸਿਹੁੰ ਤੇ ਉਸ ਦੇ ਹਮਾਇਤੀ ਸਰਕਾਰੀ ਅਫ਼ਸਰਾਂ ਉਤੇ ਘ੍ਰਿਣਾ ਤੇ ਰੋਸ ਪ੍ਰਗਟ ਕੀਤਾ ਗਿਆ।

ਬਾਬੇ ਦੀ ਬੇਰ ਸਿਆਲ ਕੋਟ!

ਗੁਰਦੁਆਰਾ ਸਾਹਿਬ ਸਿਆਲ ਕੋਟ ਅਤੇ ਗੰਡਾ ਸਿਹੁੰ ਦੇ ਮਾਮਲੇ ਬਾਬਤ ਸ੍ਰੀ ਮਾਨ ਭਾਈ ਸਰਦੂਲ ਸਿੰਘ ਜੀ

ਕਵੀਸ਼ਰ ਪਰੇਜ਼ੀਡੈਂਟ ਸਿੱਖ ਲੀਗ ਲਾਹੌਰ ਨੇ ਹੇਠਲੀ ਚਿੱਠੀ ਡਿਪਟੀ ਕਮਿਸ਼ਨਰ ਸਿਆਲਕੋਟ ਨੂੰ ਲਿਖੀ ਹੈ :—

ਲਾਜ ਲਿਬਹਟੀ ਰੇਲਵੇ ਰੋਡ

ਲਾਹੌਰ, ੧੮, ੯, ੧੯੨੦ ਪ੍ਰੇਮੀ ਜੀ,

ਮੇਰਾ ਵਿਸ਼ਵਾਸ ਹੈ ਕਿ ਆਪ ਨੂੰ ਇਸ ਗੱਲ ਦਾ ਪਤਾ ਹੀ ਹੋਵੇਗਾ ਕਿ ਸਿੱਖਾਂ ਵਿਚ ਸਿਆਲ ਕੋਟ ਦੇ ਹਰਿਮੰਦਰ ਦੇ ਮੁੱਦੇ ਮਹੰਤ ਦੇ ਲਾਲਾ ਗੰਡਾ ਸਿਹੁੰ ਦੀ ਸਰਬਰਾਹੀ ਬਾਬਤ ਬੜਾ ਜੋਸ਼ ਹੈ। ਜਾਇਜ਼ ਨਜਾਇਜ਼ ਇੰਵ ਸਰਬਰਾਹ ਥਾਪੇ ਜਾਣ ਦੇ ਸਵਾਲ ਨੂੰ ਛਡਕੇ ਆਪ ਨੂੰ ਇਸ ਗੱਲ ਵਿਚ ਮੇਰੇ ਨਾਲ ਪੂਰੀ ਸੰਮਤੀ ਹੋਵੇਗੀ ਕਿ ਸਿੱਖਾਂ ਨੂੰ ਬਲਕੇ ਹਰ ਕੌਮ ਨੂੰ ਏਹ ਪੂਰਾ ਅਧਿਕਾਰ ਹੈ ਕਿ ਉਹ ਪਤਤਾਂ ਨੂੰ ਅਪਨੇ ਮੰਦਰਾਂ ਵਿਚ ਵੜਨ ਨਾ ਦੇਣ। ਲਾਲਾ ਗੰਡਾ ਸਿਹੁੰ ਉੱਕਾ ਸਿਖੀ ਤੋਂ ਪਤਤ ਹੋ ਚੁਕਾ ਹੈ, ਅਤੇ ਇਸ ਕਰਕੇ ਉਸ ਨੂੰ ਸਿੱਖ ਮੰਦਰ ਵਿਚ ਦਾਖਲ ਹੋਣ ਦਾ ਜਾਂ ਸਿੱਖ ਸੰਗਤ ਦੇ ਕੰਮ ਵਿਚ ਹਿੱਸਾ ਲੈਣ ਦਾ ਕੋਈ ਹੱਕ ਹਾਸਲ ਨਹੀਂ ਹੈ।

ਇਹ ਆਖਿਆ ਜਾਂਦਾ ਹੈ ਕਿ ਲਾਲਾ ਜੀ ਦਾ ਸਰਕਾਰੀ ਅਫ਼ਸਰੀ ਵਿਚ ਕੁਝ ਰਸੂਖ ਹੈ। ਇਹ ਵੀ ਆਖਿਆ ਜਾਂਦਾ ਹੈ ਕਿ ਆਪ ਅਤੇ ਸਿਆਲ ਕੋਟ ਦੀ ਪੁਲਿਸ ਉਸ ਦੀ ਖਾਸ ਹਮੈਤ ਕਰਕੇ ਉਸ ਨੂੰ ਸਿੱਖ ਸੰਗਤ ਵਿਚ ਜਬਰਨ ਘੁਸੇੜਨਾ ਚਾਹੁੰਦੇ ਹੋ। ਮੈਨੂੰ ਆਸ਼ਾ ਹੈ ਕਿ ਕੋਈ ਐਸਾ ਇਨਤਜ਼ਾਮੀ ਹੁਕਮ ਜਾਰੀ ਕਰਨ ਤੋਂ ਪਹਿਲੇ ਆਪ ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰ ਲਓਗੇ ਕਿ ਸਾਰੀ ਸਿੱਖ ਕੌਮ ਸਿਆਲ ਕੋਟ ਦੇ ਅਫ਼ਸਰਾਂ ਦੇ ਵਤੀਰੇ ਨੂੰ ਬੁਰੀ ਤਰ੍ਹਾਂ ਨਾਲ ਦੇਖ ਰਹੀ ਹੈ। ਖਾਲਸਾ ਜੀ ਆਪਣੇ ਧਾਰਮਿਕ ਮਾਮਲਿਆਂ ਵਿਚ ਕਿਸੇ ਕਿਸਮ ਦਾ ਭੀ ਬਾਹਰਲਾ ਦਖ਼ਲ ਕਬੂਲ ਕਰਨ ਵਾਸਤੇ ਤਿਆਰ ਨਹੀਂ ਤੇ ਮੈਂ ਆਪ ਨੂੰ ਬੜੇ ਜ਼ੋਰ ਨਾਲ ਦਰਖਾਸਤ ਕਰਦਾ ਹਾਂ ਕਿ ਆਪ ਕਿਸੇ ਖੁਦਗਰਜ਼ ਦੇ ਹੱਥਾਂ ਵਿਚ ਕਠਪੁਤਲੀ ਨ ਬਨਨ ਦੇਵੋਗੇ। ਐਸੀ ਹਾਲਤ ਵਿਚ ਆਪ ਸਰਕਾਰ ਦੀ ਧਾਰਮਿਕ ਮਾਮਲਿਆਂ ਵਿਚ ਨਿਰਪਖ ਰਹਿਣ ਦੀ ਦਸ਼ਾ ਨੂੰ ਵਟਾ ਲਵੋਗੇ। ਆਪ ਨੂੰ ਪਤਾ ਹੀ ਹੈ ਕਿ ਧਾਰਮਿਕ ਮਾਮਲਿਆਂ ਵਿਚ ਹਿੰਦ ਵਾਸੀ ਬੜੀ ਛੇਤੀ ਰੰਜ ਹੋ ਜਾਂਦੇ ਹਨ, ਅਤੇ ਐਸਾ ਨਾ ਹੋਵੇ ਕਿ ਆਪ ਦਡੀ ਯਾ ਆਪ ਦੇ ਕਿਸੇ ਮਾਤੈਹਤ ਦੀ ਗਲਤ ਚਾਲ ਕੋਈ ਐਸਾ ਨਤੀਜਾ ਪੈਦਾ ਕਰੇ ਜਿਹੜਾ ਫੇਰ ਚੰਗਾ ਨਾ ਲਗੇ।

ਮੈਂ ਸਿੱਖਾਂ ਦਾ ਜੋਸ਼ ਠੰਡਾ ਕਰਨ ਦੀ ਖ਼ਾਤਰ ਉਨ੍ਹਾਂ ਸਜਨਾਂ ਨੂੰ ਜਿਹੜੇ ਸਿਆਲਕੋਟ ਆਉਣਾ ਚਾਹੁੰਦੇ ਸਨ ਰੋਕ ਦਿੱਤਾ ਹੈ। ਆਪ ਕਿਰਪਾ ਕਰਕੇ ਮੈਨੂੰ ਅਸਲੀ ਹਾਲਤ ਦਸੋ ਤਾਂ ਕੇ ਸਿੱਖਾਂ ਦੇ ਇਸ ਮਾਮਲੇ ਵਿਚ ਰੋਜ਼ ਵਧਦੇ ਜੋਸ਼ ਨੂੰ ਠੰਡਾ ਕਰ ਸਕਿਆ ਜਾਵੇ।

ਆਪ ਦਾ ਸ਼ੁਭ ਚਿੰਤਕ,
ਸਰਦੂਲ ਸਿੰਘ ਕਵੀਸ਼ਰ
ਪਰੈਜ਼ੀਡੈਂਟ ਸਿੱਖ ਲੀਗ ਲਾਹੌਰ।

ਗੁਰਦੁਆਰਾ ਰਕਾਬ ਗੰਜ

ਅੱਜ ਕਲ੍ਹ ਕਈ ਇਕ ਅਖ਼ਬਾਰਾਂ ਵਿਚ ਗੁਰਦੁਆਰਾ ਰਕਾਬ ਗੰਜ ਦਿਲੀ ਦੀ ਨਿਸਬਤ ਮਜਮੂਨ ਨਿਕਲ ਰਹੇ ਹਨ, ਸਿੱਖ ਪਬਲਿਕ ਨੂੰ ਇਸ ਮੁਆਮਲੇ ਦੀ ਅਸਲੀਅਤ ਦਸਣ ਵਾਸਤੇ ਹੇਠ ਲਿਖਿਆ ਮਜ਼ਮੂਨ ਸਮੇਤ ਇਕ ਨਕਲ ਫੈਸਲੇ ਦੇ ਜਿਹੜਾ ਕਿ ਚੀਫ਼ ਇਨਜੀਨੀਅਰ ਦਿਲੀ ਅਤੇ ਡਿਪਟੀ ਕਮਿਸ਼ਨਰ ਦਿਲੀ ਅਤੇ ਲੋਕਲ ਖਾਲਸਾ ਦੀਵਾਨ ਦੇ ਪ੍ਰਤੀਨਿੱਧਾਂ ਦੇ ਦਰਮਿਆਨ ਹੋਇਆ ਸੀ, ਮੈਂ ਇਕ ਕਾਪੀ ਨਕਸ਼ਾ ਭੇਜ ਕੇ ਬਿਨੈ ਕਰਦਾ ਹਾਂ ਕਿ ਇਸ ਨੂੰ ਆਪਨੀ ਅਖ਼ਬਾਰ ਦੁਆਰਾ ਪ੍ਰਕਾਸ਼ਤ ਕਰਕੇ ਧੰਨਵਾਦੀ ਬਨਾਓ।

ਕੁਝ ਚਿਰ ਤੋਂ ਖਾਲਸਾ ਦੀਵਾਨ ਦਿਲੀ ਅਤੇ ਚੀਫ਼ ਇਨਜੀਨੀਅਰ ਸਾਹਿਬ ਦਿਲੀ ਦੇ ਦਰਮਿਆਨ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਬਾਹਰ ਵਾਲੀ ਟੁਟੀ ਹੋਈ ਦਵਾਰ ਦੇ ਮੁਤਲੱਕ ਮੁਆਮਲਾ ਦਰ ਪੇਸ਼ ਸੀ, ਆਖ਼ਰ ਬੜੀ ਵਿਚਾਰ ਦੇ ਪਿੱਛੋਂ ਫ਼ੈਸਲਾ ਹੋ ਗਿਆ। ਜਿਹੜਾ ਕੋਈ ਮੁਤਲਕ ਗੱਲਾਂ ਦੇ ਫ਼ੈਸਲਾ ਨਾ ਹੋਣ ਕਰਕੇ ਇਸ ਤੋਂ ਪਹਿਲਾਂ ਪ੍ਰਕਾਸ਼ਤ ਨਾ ਹੋ ਸਕਿਆ। ਇਸ ਆਪੋ ਵਿਚ ਦੇ ਫ਼ੈਸਲੇ ਦੇ ਅਨੁਸਾਰ ਜਿਹਾ ਕੁ ਨਾਲ ਵਾਲੇ ਨਕਸ਼ੇ ਤੋਂ ਪਤਾ ਲਗਦਾ ਹੈ ਗੁਰਦੁਆਰਾ ਸਾਹਿਬ ਦੀ ਪੁਰਾਣੀ ਦੀਵਾਰ ਵਿਚ ਕਿਸੇ ਤਰ੍ਹਾਂ ਦੀ ਦਖ਼ਲ ਅੰਦਾਜ਼ੀ ਨਹੀਂ ਕੀਤੀ ਗਈ ਅਤੇ ਨਾ ਹੀ ਫ਼ੈਸਲੇ ਦੇ ਮੁਤਾਬਕ ਕੀਤੀ ਜਾਵੇਗੀ, ਨਾ ਹੀ ਖਾਲਸਾ ਦੀਵਾਨ ਦਿਲੀ ਦਾ ਕੋਈ ਖ਼ਿਆਲ ਇਸ ਵਿਚ ਦਖ਼ਲ ਅੰਦਾਜ਼ੀ

ਕਰਨ ਦਾ ਹੈ ਗੁਰੂ ਪੰਥ ਨੂੰ ਹਰ ਤਰ੍ਹਾਂ ਨਾਲ ਪੂਰਾ ਪੂਰਾ ਅਖਤਿਆਰ ਹੈ ਕਿ ਜਿਸ ਤਰ੍ਹਾਂ ਚਾਹੇ ਉਸ ਦੀਵਾਰ ਦੇ ਮੁਤਲਕ ਕਰੇ। ਖਾਲਸਾ ਦੀਵਾਨ ਦਿਲੀ ਕੇਵਲ ਇਕ ਸੁੰਦਰ ਜੰਗਲਾ ਜਾਂ ਦੀਵਾਰ ਜਿਹੜੀ ਕਿ ਖਾਲਸਾ ਕੌਮ ਦੀ ਉਚੀ ਸ਼ਾਨ ਦੇ ਮੁਤਾਬਿਕ ਹੋਵੇ ਉਸ ਰਕਬੇ ਦੇ ਬਾਹਰ ਬਣਾ ਦੇਵੇਗਾ ਜਿਹੜਾ ਕਿ ਹੁਣ ਗਵਰਮੈਂਟ ਨੇ ਗੁਰਦੁਆਰਾ ਸਾਹਿਬ ਨੂੰ ਦਿੱਤਾ ਹੈ ਅਤੇ ਜਿਹੜਾ ਲਾਲ ਲਕੀਰ ਨਾਲ ਹਰਫ ਬੀ. ਸੀ. ਡੀ. ਈ. ਨਾਲ ਜ਼ਾਹਰ ਕੀਤਾ ਗਿਆ ਹੈ ਇਸ ਜੰਗਲੇ ਜਾਂ ਦੀਵਾਰ ਦਾ ਖਰਚ ਵੀ ਗਵਰਨਮੈਂਟ ਜਿਥੇ ਤਕ ਹੋ ਸਕੇਗਾ ਦੇਵੇਗੀ। ਇਸ ਤੋਂ ਛੁਟ ਗਵਰਨਮੈਂਟ ਨੇ ੩੦ ਮੁਰੱਬੇ ਜ਼ਮੀਨ ਇਲਾਕਾ ਮਿੰਟਗੁਮਰੀ ਵਿਚ ਦੋਨੋਂ ਗੁਰਦੁਆਰਿਆਂ ਵਾਸਤੇ ਦੇਣ ਦੀ ਮੰਜ਼ੂਰੀ ਦੇ ਦਿੱਤੀ ਹੈ ਜਿਸ ਦੀ ਬਾਬਤ ਕੁਲ ਕਾਰਵਾਈ ਹੁਣ ਕੇਵਲ ਅਫ਼ਸਰ ਮੋਹਤਮਿਮ ਆਬਾਦੀ ਦੀਆਂ ਸ਼ਰਤਾਂ ਸਬੰਧੀ ਚਿੱਠੀ ਪਤਰ ਖਾਲਸਾ ਦੀਵਾਨ ਦਿਲੀ ਵੱਲੋਂ ਹੋ ਰਿਹਾ ਹੈ ਉਮੀਦ ਹੈ ਕਿ ਜਲਦੀ ਇਸ ਦਾ ਫ਼ੈਸਲਾ ਹੋ ਕੇ ਦਖ਼ਲ ਮਿਲ ਜਾਵੇਗਾ, ਇਸ ਜ਼ਮੀਨ ਅਤੇ ਗੁਰਦੁਆਰੇ ਦੀ ਦੀਵਾਰ ਦੇ ਅੰਦਰਲੀ ਜ਼ਮੀਨ ਤੇ ਲੋਕਲ ਖਾਲਸਾ ਦੀਵਾਨ ਦਾ ਪੂਰਾ ਵਸੀਕਾਰ ਹੋਵੇਗਾ।

ਨੋਃ ਪੁਰਾਨੀ ਦੀਵਾਰ ਰੰਗ ਪੀਲੇ ਦੀ ਲਕੀਰ ਨਾਲ ਨਕਸ਼ੇ ਵਿਚ ਜ਼ਾਹਰ ਹੈ।

ਦਾਸ—ਸ਼ਿਵਦੇਵ ਸਿੰਘ ਬੀ. ਏ.
ਸਕੱਤਰ ਖਾਲਸਾ ਦੀਵਾਨ ਦਿਲੀ।

ਖਾਲਸਾ ਭੁਝੰਗੀ ਸਭਾ ਲਾਇਲਪੁਰ

ਭਾਈ ਕਰਮ ਸਿੰਘ ਜੀ ਸਕੱਤਰ ਭੁਝੰਗੀ ਸਭਾ ਲਾਇਲ ਪੁਰ ਲਿਖਦੇ ਹਨ ਕਿ ਸ: ਬਚਨ ਸਿੰਘ ਜੀ ਦੀ ਨਾਨਕਾਣਾ ਸਾਹਿਬ ਸਬੰਧੀ ਦਰਦਨਾਕ ਚਿਠੀ ੨-੯-੨੦ ਦੇ ਜੋੜ ਮੇਲ ਵਿਚ ਪੇਸ਼ ਹੋਈ ਜਿਸ ਤੋਂ ਪਤਾ ਲਗਾ ਕਿ ਨਨਕਾਣੇ ਸਾਹਿਬ ਦਾ ਮਹੰਤ ਕਿਸ ਤਰ੍ਹਾਂ ਗੁਰੂ ਪੰਥ ਦੀ ਜਾਇਦਾਦ ਨੂੰ ਵੇਚ ਵੇਚ ਕੇ ਉਜਾੜ ਰਿਹਾ ਹੈ।

ਅਗੇ ਮਾਲ ਸਾਹਿਬ ਦੀ ਮੰਡੀ ਨੀਲਾਮ ਕਰਕੇ ਹਜ਼ਾਰਾਂ ਰੁਪਏ ਮਹੰਤ ਖਾ ਗਿਆ ਹੈ ਹੁਣ ਜਨਮ ਅਸਥਾਨ ਦੀ ਜ਼ਮੀਨ ਨੀਲਾਮ ਹੋ ਰਹੀ ਹੈ ਜੋ ਜਾਇਦਾਦ ਗੁਰ ਸੰਗਤਾਂ ਦੇ ਵਰਤਨ ਅਤੇ ਪਬਲਕ ਦੇ ਲਾਭ ਲਈ ਵਕਫ ਹੋ ਚੁਕੀ ਹੈ ਉਸ ਨੂੰ ਵੇਚਨ ਦਾ ਮਹੰਤ ਨੂੰ ਕੋਈ ਹੱਕ ਨਹੀਂ। ਇਹ ਸੁਣ ਕੇ ਸੰਗਤ ਨੇ ਸਖ਼ਤ ਅਫ਼ਸੋਸ ਪ੍ਰਗਟ ਕੀਤਾ ਅਤੇ ਹੇਠਾਂ ਲਿਖੇ ਗੁਰਮਤੇ ਪਾਸ ਹੋਏ :-

੧. ਸ੍ਰੀ ਨਾਨਕਾਣਾ ਸਾਹਿਬ ਦੇ ਸੁਧਾਰ ਤੇ ਪ੍ਰਬੰਧ ਲਈ ਚੀ: ਖਾ: ਦੀਵਾਨ ਪੰਚ ਖਾ: ਦੀਵਾਨ, ਸੈਂਟਰਲ ਖਾਲਸਾ ਦੀਵਾਨ ਮਾੜਾ, ਬਾਤ ਖਾਲਸਾ ਦੀਵਾਨ, ਖਾ: ਦੀਵਾਨ ਗੁਜਰਾਂ ਵਾਲਾ ਅਤੇ ਸਿੱਖ ਲੀਗ ਨੂੰ ਸੁਚੇਤ ਕੀਤਾ ਜਾਵੇ।

੨. ਗੁਰਦੁਆਰਾ ਰਕਾਬ ਗੰਜ ਦੀ ਢਾਹੀ ਹੋਈ ਕੰਧ ਸਰਕਾਰ ਬਹੁਤ ਛੇਤੀ ਬਣਾ ਦੇਵੇ ਨਹੀਂ ਤਾਂ ਸਿੱਖਾਂ ਨੂੰ ਸ਼ਾਂਤੀ ਨਹੀਂ ਹੋਵੇਗੀ।

੩. ਸਭ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਠੀਕ ਕੀਤਾ ਜਾਵੇ ਤੇ ਖ਼ੁਦ ਮੁਖਤਾਰ ਸਰਬਰਾਹਾਂ ਤੇ ਮਹੰਤਾਂ ਨੂੰ ਹਟਾਇਆ ਜਾਵੇ।

ਮਿੰਟਗੁਮਰੀ

ਡਿਸਟ੍ਰਿਕਟ ਸਿੱਖ ਲੀਗ ਮਿੰਟਗੁਮਰੀ ਦੀ ਇਕਤ੍ਰਤਾ ਵਿਚ ਹੇਠਾਂ ਲਿਖੇ ਗੁਰਮਤੇ ਪਾਸ ਹੋਏ :-

੧, ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰਕੇ ਸ਼੍ਰੋਮਣੀ ਜਥਾ ਬਨਾਇਆ ਜਾਵੇ।

੨. ਦੀਵਾਨ ਦੇ ਸਾਰੇ ਮੈਂਬਰ ਚੋਣਵੇਂ ਹੋਣ। (Nonnation) ਚੁਗਣ ਬੰਦ ਕੀਤੀ ਜਾਵੇ ਸਾਲ ਦੇ ਸਾਲ ਚੋਣ ਹੋਵੇ।

੩. ਦੀਵਾਨ ਰਾਜਸੀ ਕੰਮ ਸਿੱਖ ਲੀਗ ਵਾਸਤੇ ਛੱਡ ਦੇਵੇ ਤੇ ਧਾਰਮਿਕ ਭਾਈ ਚਾਰਕ ਤੇ ਵਿਦਯਕ ਕੰਮ ਕਰੇ।

੪. ਪੰਥ ਦਾ ਵਡਾ ਸਾਂਝਾ ਛੇਤੀ ਦੀਵਾਨ ਹੋਵੇ।

ਅਕਾਲੀ ਲਾਹੌਰ, ੨੫ ਸਤੰਬਰ ੧੯੨੦

ਗੁਰਦੁਆਰਾ ਰਕਾਬ ਗੰਜ

ਕਲ ਸਜਨਾਂ ਨੇ ਦਿਲੀ ਖਾਲਸਾ ਚੀਫ਼ ਕਮਿਸ਼ਨਰ ਸਾਹਿਬ ਦੀ ਚਿਠੀ ਤੋਂ ਜੋ ਕੁਝ ਪ੍ਰਗਟ ਹੋਇਆ ਸੀ ਉਸ

ਤੋਂ ਵਧ ਇਹ ਚਿੱਠੀ ਕੁਝ ਨਹੀਂ ਦਸਦੀ ਅਤੇ ਸਗੋਂ ਕਈ ਟਪਲੇ ਲਗਦੇ ਹਨ ਲਿਖਿਆ ਹੈ ਕਿ "ਬੜੀ ਵਿਚਾਰ ਮਗਰੋਂ ਫ਼ੈਸਲਾ ਹੋ ਗਿਆ ਹੈ" ਜਦ ਪੰਥ ਨੇ ਚੀਫ਼ ਖਾ: ਦੀਵਾਨ ਦੇ ਫ਼ੈਸਲੇ ਨੂੰ ਨਹੀਂ ਮੰਨਿਆ ਤਾਂ ਦਿੱਲੀ ਦੀਵਾਨ ਨੇ ਬਿਨਾਂ ਪੰਥ ਦੀ ਸਲਾਹ ਦੇ ਚੌਧਰਪੁਣਾ ਕਿਉਂ ਲੈ ਲਿਆ ? ਜੇ ਫ਼ੈਸਲਾ ਕਰਨਾ ਸੀ ਤਾਂ ਪਹਿਲਾਂ ਪੰਥ ਅਗੇ ਕਿਉਂ ਪ੍ਰਗਟ ਨਹੀਂ ਕੀਤਾ ਗਿਆ ? ਸਾਨੂੰ ਡਾਡਾ ਅਫ਼ਸੋਸ ਇਸ ਗੱਲ ਤੇ ਆਉਂਦਾ ਹੈ ਕਿ ਇਕ ਤਾਂ ਗਲਤੀ ਕੀਤੀ ਜਾਂਦੀ ਹੈ ਦੂਜਾ ਉਸ ਨੂੰ ਲਪੇਟਣ ਲਈ ਕਈ ਹੇਰ ਫੇਰ ਲਾਏ ਜਾਂਦੇ ਜਿਹਾ ਕਿ ਇਸੇ ਚਿੱਠੀ ਵਿਚ ਹੇਠਾਂ ਲਿਖੇ ਫਿਕਰੇ ਹਨ :-

੧. "ਦੀਵਾਰ ਵਿਚ ਕਿਸੇ ਤਰ੍ਹਾਂ ਵੀ ਦਖ਼ਲ ਅੰਦਾਜੀ ਨਹੀਂ ਕੀਤੀ ਜਾਵੇਗੀ"।

੨. "ਗੁਰੂ ਪੰਥ ਨੂੰ ਹਰ ਤਰ੍ਹਾਂ ਪੂਰਾ ਪੂਰਾ ਅਖ਼ਤਿਆਰ ਹੈ ਜਿਸ ਤਰ੍ਹਾਂ ਚਾਹੇ ਕਰੇ।"

੩. "ਦਿੱਲੀ ਖਾਲਸਾ ਦੀਵਾਨ ਬਾਹਰ ਦਾ ਸੁੰਦਰ ਜੰਗਲਾ ਯਾ ਦੀਵਾਰ ਬਣਾ ਦੇਵੇਗਾ। ਖਰਚ ਸਰਕਾਰ ਦੇਵੇਗੀ"।

੪. "ਗਵਰਨਮੈਂਟ ਨੇ ੩੦ ਮੁਰਬੇ ਜ਼ਮੀਨ ਗੁਰਦੁਆਰਿਆਂ ਨੂੰ ਦਿੱਤੀ ਹੈ"।

੫. "ਦੀਵਾਰ ਦੀ ਅੰਦਰਲੀ ਜ਼ਮੀਨ ਅਤੇ ਗੁਰਦੁਆਰੇ ਦੀ ਅੰਦਰਲੀ ਦੀਵਾਰ ਉਤੇ ਲੋਕਲ ਖਾਲਸਾ ਦੀਵਾਨ ਦਾ ਪੂਰਾ ਪੂਰਾ ਵਸੀਕਾਰ ਹੋਵੇਗਾ'।

ਉਪ੍ਰੋਕਤ ਗਲਾਂ ਅਸਲ ਮਾਮਲੇ ਨੂੰ ਉਕਾ ਆਖੀਆਂ ਤੋਂ ਉਹਲੇ ਕਰਕੇ ਟਪਲਾ ਦੇਣ ਵਾਲ਼ੀਆਂ ਹਨ ਕਿਉਂਕਿ :-

੧. ਇਹ ਕਿਸੇ ਨਹੀਂ ਕਿਹਾ ਕਿ ਦੀਵਾਰ ਵਿਚ ਹੁਣ ਦਖ਼ਲਅੰਦਾਜ਼ੀ ਕੀਤੀ ਗਈ ਹੈ ਪੰਥ ਵਿਚ ਰੌਲਾ ਇਸ ਗਲ ਦਾ ਹੈ ਕਿ "ਦੀਵਾਰ ਢਾਹ ਕੇ ਪਹਿਲਾਂ ਦਖ਼ਲ- ਅੰਦਾਜ਼ੀ ਕੀਤੀ ਗਈ ਸੀ ਤੇ ਹੁਣ ਤਕ ਹੋਰ ਦਖ਼ਲਅੰਦਾਜ਼ੀ ਕਰਨ ਦਾ ਇਰਾਦਾ ਪ੍ਰਤੀਤ ਹੁੰਦਾ ਹੈ" ਜੋ ਕਿ ਅਗਲਿਆਂ ਫਿਕਰਿਆਂ ਥੀਂ ਸਪਸ਼ਟ ਹੈ।

੨. ਇਥੇ ਇਹ ਕਿਉਂ ਨਹੀਂ ਕਿਹਾ ਕਿ ਪੰਥ ਦੀਵਾਰ ਬੇਸ਼ਕ ਚੜ੍ਹਾ ਲਵੇ ਜਾਂ ਦਿੱਲੀ ਖਾਲਸਾ ਦੀਵਾਨ ਚਾੜ੍ਹੇਗਾ। ਇਹ ਇਸ ਕਰਕੇ ਨਹੀਂ ਲਿਖਿਆ ਕਿ ਬਾਹਰ ਸਰਕਾਰੀ ਜੰਗਲਾ ਯਾ ਦੀਵਾਰ ਬਣਾਕੇ ਕਦੀ ਸਮਾਂ ਤਾੜ ਕੇ ਅੰਦਰਲੀ ਦੀਵਾਰ ਸਾਫ ਕਰਨ ਦੀ ਨੀਤ ਗੁਝੀ ਰਖੀ ਹੋਈ ਹੈ। ਜੇ ਨਹੀਂ ਤਾਂ ਅਸੀਂ ਪੁਛਦੇ ਹਾਂ ਕਿ :-

੩. ਜਦ ਦੀਵਾਨ ਬਾਹਰ ਇਕ ਸੁੰਦਰ ਜੰਗਲ ਯਾ ਦੀਵਾਰ ਸਰਕਾਰੀ ਖਰਚ ਤੇ ਚੜ੍ਹਾਨ ਲਈ ਤਿਆਰ ਹੋ ਬੈਠਾ ਹੈ ਤਾਂ ਕੀ ਕਾਰਨ ਹੈ ਕਿ ਪਹਿਲਾਂ ਢਠੀ ਹੋਈ ਦੀਵਾਰ ਸਰਕਾਰੀ ਖਰਚ ਤੇ ਨਹੀਂ ਚੜ੍ਹਾਉਂਦਾ ? ਜਿਸ ਗੱਲ ਨੇ ਸਾਰੇ ਪੰਥ ਅੰਦਰ ਹਿਲ ਜੁਲੀ ਪਾ ਰਖੀ ਹੈ ਉਸ ਨੂੰ ਨਵੀਂ ਸੁੰਦਰ ਦੀਵਾਰ ਵਿਖਾਕੇ ਕਿਉਂ ਛਪਾਯਾ ਜਾਂਦਾ ਹੈ ਇਹ ਤਾਂ ਸਰਕਾਰੀ ਕਬਜ਼ੇ ਵਿਚ ਰਹੇਗੀ ਅਤੇ ਸਰਕਾਰੀ ਦੀਵਾਰ ਹੈ।

ਕਿਉਂਕਿ ਫਿਕਰਾ ਨੰ: ੬ ਵਿਚ ਸਾਫ ਲਿਖਿਆ ਹੈ ਕਿ ਦੀਵਾਨ ਦਾ ਵਸੀਕਾਰ ਅੰਦਰਲੀ ਦੀਵਾਰ ਅਤੇ ਜ਼ਮੀਨ ਉਤੇ ਰਹੇਗਾ। ਸਾਨੂੰ ਸਮਝ ਨਹੀਂ ਆਈ ਕਿ ਪੰਥ ਦੇ ਕਲੇਜੇ ਵਿਚ ਢਠੀ ਹੋਈ ਦੀਵਾਰ ਦੀ ਬਰਛੀ ਉਸੇ ਤਰ੍ਹਾਂ ਖੁਭੀ ਹੋਈ ਹੈ ਅਤੇ ਦਿੱਲੀ ਦਾ ਠੇਕੇਦਾਰ ਦੀਵਾਨ ਸਰਕਾਰੀ ਜੰਗਲਾ ਯਾ ਦੀਵਾਰ ਬਣਾਕੇ ਇਹ ਪ੍ਰਗਟ ਕਰ ਰਿਹਾ ਹੈ ਕਿ ਅਸੀਂ ਗੁਰਦੁਆਰੇ ਦੀ ਉਚੀ ਸ਼ਾਨ ਵਾਲੀ ਦੀਵਾਰ ਯਾ ਜੰਗਲਾ ਬਣਾ ਦੇਵੇਗਾ! ਬਿਨਾਂ ਕੰਡਾ ਕਢਣ ਦੇ ਕਦੀ ਫੂਕਾਂ ਮਾਰਨ ਨਾਲ ਪੀੜ ਹਟ ਸਕਦੀ ਹੈ ? ਅਸੀਂ ਪੁਛਦੇ ਹਾਂ ਕਿ ਸਰਕਾਰ ਵੱਲੋਂ ੩੦ ਮੁਰਬਿਆਂ ਦੇ ਮਿਲਣ ਦਾ ਜ਼ਿਕਰ ਕਰਕੇ ਜੋ ਪੰਥ ਨੂੰ ਸਰਕਾਰ ਦਾ ਧੰਨਵਾਦੀ ਬਣਾਨ ਦਾ ਯਤਨ ਕੀਤਾ ਗਿਆ ਹੈ ਕੀ ਇਹ ਮੁਰਬੇ ਮੁਫ਼ਤ ਮਿਲੇ ਹਨ ? ਜੇ ਨਹੀਂ ਤਾਂ ਫਿਰ ਇਸ ਦਾਤ ਦੇ ਜ਼ਿਕਰ ਕਰਨ ਦਾ ਕੀ ਮਤਲਬ ? ਜਿਥੋਂ ਤਕ ਸਾਨੂੰ ਪਤਾ ਹੈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕਾਫ਼ੀ ਜ਼ਮੀਨ ਸਰਕਾਰ ਨੇ ਲਈ ਹੈ ਜੇ ਸ਼ਹਿਰ ਅੰਦਰ ਆ ਜਾਣ ਕਰਕੇ ਕੀਮਤੀ ਬਣ ਚੁਕੀ ਸੀ। ਕ੍ਰਿਪਾ ਕਰਕੇ ਦੀਵਾਨ ਪ੍ਰਗਟ ਕਰੇ ਕਿ ਇਹ ਮੁਰਬੇ ਕਿਸ ਤਰ੍ਹਾਂ ਮਿਲੇ ਹਨ ? ਸਰਕਾਰ ਨੇ ਇਨ੍ਹਾਂ ਦੇ ਬਦਲੇ ਕੀ ਲਿਆਂ ਹੈ ਤਾਂ ਜੇ ਪੰਥ ਦਾ ਸੰਸਾ ਨਵਿਰਤ ਹੋ ਜਾਵੇ।

ਦਿਲੀ ਦੀਵਾਨ ਦੀ ਚਿੱਠੀ ਨੂੰ ਵਿਚਾਰ ਕੇ ਸਜਨ ਜਨ ਸਮਝ ਗਏ ਹੋਣਗੇ ਕਿ ਢਠੀ ਹੋਈ ਦੀਵਾਰ ਨੂੰ ਚੜ੍ਹਾ ਦੇਣ ਦਾ ਸਰਕਾਰ ਨੇ ਕੋਈ ਉਤਰ ਨਹੀਂ ਦਿੱਤਾ ਨਾ ਹੀ ਦਿਲੀ ਦੀਵਾਨ ਨੇ ਇਸ ਦੇ ਚੜ੍ਹਾਨ ਦਾ ਫਿਕਰ ਕੀਤਾ ਹੈ ਅਤੇ ਬਾਹਰ ਦੀ ਦੀਵਾਰ ਯਾ ਜੰਗਲਾ ਸਰਕਾਰੀ ਵਸੀਕਾਰ ਵਿਚ ਰਹੇਗਾ। ਇਸ ਲਈ ਅਸੀਂ ਬੜੇ ਨਾਲ ਪੰਥ ਦੀ ਇਹ ਚਾਹ ਪ੍ਰਗਟ ਕਰ ਦੇਣਾ ਚਾਹੁੰਦੇ ਹਾਂ ਕਿ ਸਭ ਤੋਂ ਪਹਿਲਾਂ ਢਠੀ ਹੋਈ ਦੀਵਾਰ ਜਿਸ ਦੇ ਹੁਕਮ ਨਾਲ ਜਿਨ੍ਹਾਂ ਹਥਾਂ ਤੇ ਕਹੀਆਂ ਨਾਲ ਢਾਹੀ ਗਈ ਹੈ ਮੁੜ ਉਹਾ ਹੀ ਹੁਕਮ ਹਥ ਅਤੇ ਕਹੀਆਂ ਇਸ ਨੂੰ ਬਣਾ ਦੇਣ ਅਤੇ

ਜੇ ਦਿਲੀ ਦੀਵਾਨ ਵਿਚੋਲਾ ਬਣਿਆ ਹੈ ਤਾਂ ਸਰਕਾਰ ਨੂੰ ਪੰਥ ਦੀ ਇਸ ਇਛਿਆ ਨੂੰ ਦਸ ਕੇ ਦੀਵਾਰ ਚੜ੍ਹਾ ਦੇਵੇ ਤੇ ਪਿੱਛੋਂ ਕੋਈ ਹੋਰ ਵਿਚਾਰ ਵਿਚਾਰੀ ਜਾਵੇ। ਨਹੀਂ ਤਾਂ ਇਸ ਵੇਲੇ ਤਕ ਕੋਈ ਪੰਜ ਛੇ ਸੌ ਗੁਰੂ ਦੁਲਾਰਿਆਂ ਨੇ ਆਪਣੇ ਨਾਮ "ਸ਼ਹੀਦੀ ਦਲ" ਵਿਚ ਲਿਖਾ ਦਿਤੇ ਹਨ, ਜੋ ਹਰ ਤਰ੍ਹਾਂ ਦੇ ਦੁਖ ਕਲੇਸ਼ ਝਲਨ ਅਤੇ ਆਪਣੇ ਆਪ ਨੂੰ ਪਿਆਰੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦਗਾਰ ਨੂੰ ਕਾਇਮ ਰਖਣ ਲਈ ਭੇਟਾ ਕਰਨ ਨੂੰ ਤਿਆਰ ਹਨ। ਉਹ ਇਹ ਦੀਵਾਰ ਆਪ ਚੜ੍ਹਾ ਲੈਣਗੇ ਅਤੇ ਫਿਰ ਚੜ੍ਹੀ ਹੋਈ ਦੀਵਾਰ ਖਾਲਸਾ ਪੰਥ ਅਤੇ ਸਰਕਾਰ ਦੇ ਤੋੜ ਵਿਛੋੜੇ ਦੀ ਅਟੱਲ ਯਾਦਗਾਰ ਸਦਾ ਲਈ ਖੜ੍ਹੀ ਰਹੇਗੀ।

ਦੀਵਾਨ ਤੇ ਗੁਰਮਤੇ

ਗੁਰਦੁਆਰਾ ਛੇਵੀਂ ਪਾਤਸ਼ਾਹੀ ਭਾਈ ਦਰਵਾਜ਼ਾ ਲਾਹੌਰ ਦੇ ਗ੍ਰੰਥੀ ਹਰੀ ਸਿੰਘ ਤੇ ਉਸ ਦੀ ਮਾਈ ਨੇ ੨੧ ਅਗਸਤ ਨੂੰ ਜੋ ਸੰਗਤ ਦੀ ਨਿਰਾਦਰੀ ਕੀਤੀ ਸੀ ਉਹ ਪ੍ਰੇਮੀਆਂ ਨੂੰ ਭੁਲੀ ਨਹੀਂ ਹੋਵੇਗੀ ਇਹ ਵੀ ਪ੍ਰੇਮੀਆਂ ਨੂੰ ਯਾਦ ਹੋਵੇਗਾ ਕੇ ਸਿੰਘ ਸਭਾ ਲਾਹੌਰ ਨੇ ਇਕ ੬ ਸਜਨਾਂ ਦੀ ਸਬ ਕਮੇਟੀ ਬਨਾਈ ਸੀ ਜਿਹੜੀ ਏਸ ਗ੍ਰੰਥੀ ਨੂੰ ਸਮਝਾਵੇ ਕਿ ਉਹ ਆਪਨੇ ਕੀਤੇ ਤੇ ਪਸਚਾਤਾਪ ਕਰਦਾ ਹੋਇਆ ਸੰਗਤਾ ਪਾਸੋਂ ਮੁਆਫ਼ੀ ਮੰਗ ਲਵੇ ਪਰ ਮਾਇਆ ਦੇ ਸੱਤੇ ਹੋਏ ਗ੍ਰੰਥੀ ਨੂੰ ਕੋਈ ਅਸਰ ਨਾਂ ਹੋਇਆ ਤੇ ਮੁਆਫ਼ੀ ਮੰਗਨ ਦੀ ਥਾਂ ਹਰ ਹਫ਼ਤੇ ਪੁਲਿਸ ਤੋਂ ਹੋਰ ਕਈ ਧਮਕੀਆਂ ਜਥੇ ਨੂੰ ਤੇ ਸਬ ਕਮੇਟੀ ਨੂੰ ਦੇਣੀਆਂ ਸ਼ੁਰੂ ਕਰ ਦਿੱਤੀਆਂ ਇਹਨਾਂ ਧਮਕੀਆਂ ਤੋਂ ਤੰਗ ਹੋਏ ਸਜਨਾਂ ਨੇ ਹੇਠ ਲਿਖੇ ਗੁਰਮਤੇ ਸੰਗਤ ਵਿਚ ਪਾਸ ਕਰਵਾਏ।

(੧) ਗੁਰਦੁਆਰੇ ਛੇਵੀਂ ਪਾਤਸ਼ਾਹੀ ਵਿਚ ਹਰ ਹਫ਼ਤੇ ਸਨੀਛਰਵਾਰ ਨੂੰ ਖਾਲਸਾ ਪ੍ਰਚਾਰਕ ਜਥੇ ਦੇ ਦੀਵਾਨ ਦੀ ਚੜ੍ਹਤ ਜਥੇ ਨੂੰ ਦਿੱਤੀ ਜਾਵੇ ਅਤੇ ਗ੍ਰੰਥੀ ਨੂੰ ਦੀਵਾਨ ਵਿਚ ਨਾ ਆਉਣ ਦਿਤਾ ਜਾਵੇ।

(੨) ਸਾਰੇ ਲੋਕਾਂ ਦੇ ਲਾਭ ਲਈ ਇਹ ਪ੍ਰਗਟ ਕੀਤਾ ਜਾਵੇ ਕਿ ਕੋਈ ਸਜਨ ਹਰੀ ਸਿੰਘ ਗ੍ਰੰਥੀ ਕੋਲੋਂ ਇਸ ਗੁਰਦੁਆਰੇ ਦੀ ਲਗਦੀ ਜਾਇਦਾਦ ਖਰੀਦ ਜਾਂ ਰਹਿਨ ਨ ਕਰੇ ਗੁਰਦੁਆਰਾ ਤੇ ਇਸ ਦੀ ਜਾਇਦਾਦ ਖਾਲਸੇ ਦੀ ਮਲਕੀਅਤ ਹੈ ਅਤੇ ਖਾਲਸਾ ਖਰੀਦਨ ਜਾਂ ਰਹਿਨ ਰਖਨ ਵਾਲੇ ਦੇ ਨੁਕਸਾਨ ਦਾ ਜੁਮੇਂਵਾਰ ਨਹੀਂ ਹੋਵੇਗਾ ਅਤੇ ਜੇ ਅਜੇ ਵੀ ਗ੍ਰੰਥੀ ਤੇ ਉਸ ਦੀ ਮਾਈ ਦੀ ਹੋਸ਼ ਟਿਕਾਨੇ ਨ ਆਈ ਹੈ ਅਤੇ ਪੰਥ ਪਾਸੋਂ ਆਪਨੀਆਂ ਕੁਰੀਤੀਆਂ ਦੀ ਮਾਫ਼ੀ ਮੰਗਣ ਅਤੇ ਉਹਨਾਂ ਨੂੰ ਸੋਧਨ ਦਾ ਜਤਨ ਨ ਕੀਤਾ ਤਾਂ ਏਸ ਤੋਂ ਅੱਗੇ ਜੋ ਕਦਮ ਰਖਿਆ ਜਾਵੇਗਾ ਅਤੇ ਇਸ ਤੋਂ ਇਲਾਵਾ ਦੋ ਗੁਰਮਤੇ ਹੋਰ ਸੋਧੇ ਗਏ।

(੩) ਭਾਈ ਤਾਰਾ ਚੰਦ ਛਿਬਰ ਪੁਸਤਕਾਂ ਵਾਲੇ ਲਾਹੌਰੀ ਦਰਵਾਜ਼ਾ ਨੇ ਯੂਨੀਵਰਸਲ ਪ੍ਰੈਸ ਲਾਹੌਰ ਵਿਚ ਜਿਹੜਾ ਨਿਤ ਨੇਮ ਦਾ ਗੁਟਕਾ ਛਪਾਇਆ ਹੈ ਉਹ ਬੜਾ ਅਸ਼ੁਧ ਹੈ ਇਸ ਲਈ ਉਸ ਨੂੰ ਕੋਈ ਨ ਲਵੇ ਅਤੇ ਉਹ ਪੁਸਤਕਾਂ ਵਾਲਾ ਜਾਂ ਕੋਈ ਹੋਰ ਇਸ ਗੁਟਕੇ ਨੂੰ ਨਾ ਵੇਚੇ।

(੪) ਸਿਆਲਕੋਟ ਦੀ ਸੰਗਤ ਨੇ ਪਤਤ ਗੰਡੇ ਨੂੰ ਗੁਰਦੁਆਰੇ ਬਾਬੇ ਦੀ ਬੇਰ ਚੋਂ ਕੱਢਣ ਦਾ ਜੋ ਸ਼ੁਭ ਉਦਮ ਅਰੰਭਿਆ ਹੈ ਲਾਹੌਰ ਦੀ ਸੰਗਤ ਉਨ੍ਹਾਂ ਨਾਲ ਪੂਰੀ ਸੰਮਤੀ ਰਖਦੀ ਹੈ ਤੇ ਹਰ ਇਕ ਸਿੱਖ ਉਨ੍ਹਾਂ ਦੀ ਸਹਾਇਤਾ ਕਰਨ ਲਈ ਤਿਆਰ ਹੈ।

ਅਕਾਲੀ ਲਾਹੌਰ, ੨੭ ਸਤੰਬਰ ੧੯੨੦

ਗੁਰਦੁਆਰਾ ਰਕਾਬ ਗੰਜ ਸਾਹਿਬ

ਦਿਲੀ ਦੀਵਾਨ ਵੱਲੋਂ ਦੂਜੀ ਚਿੱਠੀ ਆ ਗਈ ਹੈ ਜਿਸ ਵਿਚ ਲਿਖਿਆ ਹੈ ਕਿ "ਚੀਫ਼ ਇੰਜੀਨੀਅਰ ਸਾਹਿਬ ਨੂੰ ਫਿਰ ਮਿਲੇ, ਬੜੀ ਵਿਚਾਰ ਮਗਰੋਂ ਫ਼ੈਸਲਾ ਹੋਇਆ ਕਿ ਨਵੀਂ ਦੀਵਾਰ ਨੂੰ ਪਹਿਲੀ ਦੀਵਾਰ ਨਾਲੋਂ ਪਿਛੇ ਹਟਾ ਲਿਆ ਜਾਵੇ ਹੁਣ ਨਵੀਂ ਵਿਥ ਉਤੇ ਹੋਵੇਗੀ ਅਤੇ **ਪੁਰਾਨੀ ਦੀਵਾਰ ਜੇਕਰ ਪੰਥ ਬਣਾ ਲਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਉਨ੍ਹਾਂ ਨੂੰ ਬਨਾਣ ਦੀ ਖੁਲ੍ਹ ਹੈ"** ਹਾਲਾਂ ਸਾਨੂੰ ਨਾ ਤਾਂ ਬਾਹਲੀ ਖੁਸ਼ੀ ਹੈ ਅਤੇ ਨਾ ਹੀ ਸਰਕਾਰ ਦੇ ਧੰਨਵਾਦੀ ਹਾਂ ਕਿਉਂਕਿ ਪੰਥ ਤਾਂ ਪੁਕਾਰ ਰਿਹਾ ਹੈ ਕਿ ਜਦ ਸਰਕਾਰ ਨੇ ਦੀਵਾਰ ਢਾਹੀ ਹੈ ਤਾਂ ਹੁਣ ਸਰਕਾਰ ਹੀ ਬਣਾ ਦੇਵੇ ਅਤੇ ਅਜੇ ਵੀ ਅਸੀਂ ਜ਼ੋਰ ਦਿਆਂਗੇ ਕਿ ਦੀਵਾਰ ਸਰਕਾਰ ਨੂੰ ਬਣਾ ਦੇਣੀ ਚਾਹੀਦੀ ਹੈ।

ਇਹ ਫਤੇ 'ਸ਼ਹੀਦੀ ਦਲ' ਦੇ ਹਰ ਤਰ੍ਹਾਂ ਦੇ ਕਸ਼ਟ ਝਲਣ ਲਈ ਤਿਆਰ ਹੋਣ ਅਤੇ ਖਾਲਸਈ ਜੋਸ਼ ਤੇ ਹਿੰਮਤ ਵਿਖਾਣ ਦੀ ਹੈ। ਹੁਣ ਕੁਝ ਚਿਰ ਉਡੀਕ ਕੇ ਜੇ ਸਰਕਾਰ ਨੇ ਦੀਵਾਰ ਆਪ ਬਣਾ ਦੇਣ ਦਾ ਕੋਈ ਐਲਾਨ ਨ ਕੀਤਾ ਅਤੇ ਨ ਬਣਾ ਦਿੱਤੀ ਤਾਂ ਸ਼ਹੀਦੀ ਦਲ ਵਿੱਚੋਂ ਪੰਜ ਸਿੰਘ ਦਿਲੀ ਭੇਜੇ ਜਾਣਗੇ। ਉਹ ਦਿਲੀ ਦੀ ਸੰਗਤ ਅਤੇ ਦਿਲੀ ਖਾਲਸਾ ਦੀਵਾਨ ਨਾਲ ਮਿਲ ਕੇ ਇਟਾਂ ਚੂਨਾਂ ਆਦਿਕ ਸਾਮਾਨ ਦਾ ਪ੍ਰਬੰਧ ਕਰਕੇ ਇਕ ਦਿਨ ਮਿਥ ਆਵਣਗੇ ਤਦੋਂ "ਸ਼ਹੀਦੀ ਦਲ" ਉਥੇ ਪਹੁੰਚ ਕੇ ਸਿਰ ਤੇ ਟੋਕਰੀ ਢੋ ਕੇ ਇਸ ਪਵਿਤਰ ਯਾਦਗਾਰ ਨੂੰ ਸੁਰਜੀਤ ਕਰੇਗਾ। ਭਾਵੇਂ ਦਿਲੀ ਦੀਵਾਨ ਇਹ ਸੇਵਾ ਕਰਨ ਲਈ ਤਿਆਰ ਹੈ ਪਰ ਹਥੀਂ ਸੇਵਾ ਕਰਕੇ ਲਾਹਾ ਲੈਣ ਦਾ ਹੁਣ ਸ਼ਹੀਦੀ ਦਲ ਦਾ ਹੀ ਹੱਕ ਹੈ ਹੋਰ ਸੰਗਤ ਵੀ ਜੇ ਨਾਲ ਰਲ ਕੇ ਸੇਵਾ ਕਰਨੀ ਚਾਹੇ ਉਹ ਬੇਸ਼ਕ ਕਰੇ।

ਫ਼ੌਜ ਵਿਚ ਕ੍ਰਿਪਾਨ ਦੀ ਖੁਲ੍ਹ

ਸਜਨ ਜਨ ਸੁਣਕੇ ਪ੍ਰਸੰਨ ਹੋਣਗੇ ਕਿ ਕਮਾਂਡਰ ਇਨ ਚੀਫ਼ ਨੇ ਫ਼ੌਜਾਂ ਵਿਚ ਵਰਦੀ ਨਾਲ ਕ੍ਰਿਪਾਨ ਪਹਿਨਣ ਦੀ ਖੁਲ੍ਹ ਦੇ ਦਿੱਤੀ ਹੈ। ਛੇਤੀ ਹੀ ਵਰਦੀ ਨਾਲ ਪਾਣ ਵਾਲੀ ਕ੍ਰਿਪਾਨ ਦੇ ਨਮੂਨੇ ਅਤੇ ਪਹਿਨਣ ਦੇ ਢੰਗ ਸਬੰਧੀ ਫ਼ੌਜੀ ਹੁਕਮ ਸਾਰੇ ਜਾਰੀ ਹੋ ਜਾਣਗੇ।

ਇਸ ਦੇ ਨਾਲ ਹੀ ਅਸੀਂ ਕਮਾਂਡਰ ਇਨ ਚੀਫ਼ ਦਾ ਉਨ੍ਹਾਂ ਗੁਰੂ ਪਿਆਰਿਆਂ ਵਲ ਧਿਆਨ ਦਿਵਾਂਦੇ ਹਾਂ ਜੋ ਕ੍ਰਿਪਾਨ ਪਹਿਨਣ ਬਦਲੇ ਮੌਕੂਫ਼ ਹੋਏ, ਕੈਦ ਕੀਤੇ ਗਏ ਯਾ ਜਿਨਾਂ ਨੂੰ ਜੁਰਮਾਨੇ ਹੋਏ। ਇਨ੍ਹਾਂ ਸਾਰਿਆਂ ਨੂੰ ਆਪੋ ਆਪਨੀ ਨੌਕਰੀ ਤੇ ਬਹਾਲ ਕੀਤਾ ਜਾਵੇ ਤੇ ਜੁਰਮਾਨੇ ਵਾਪਸ ਕੀਤੇ ਜਾਣ।

ਚੀ: ਖਾ: ਦੀਵਾਨ ਨੂੰ ਰਜਾ ਦਿਓ

ਸਾਡੀ ਬੇਨਤੀ ਹੈ ਕਿ ਜਿਥੇ ਵੀ ਕੋਈ ਕਾਰਜ ਸਿਰੇ ਚੜ੍ਹ ਜਾਵੇ ਅਤੇ ਜਿਥੇ ਵੀ ਕੋਈ ਵਡਿਆਈ ਦੀ ਸਨਦ ਕਿਸੇ ਨੂੰ ਮਿਲੇ ਉਹ ਝਟ ਰਜਿਸਟਰੀ ਕਰਕੇ ਚੀ: ਖਾ: ਦੀਵਾਨ ਨੂੰ ਭੇਜ ਦਿਆ ਕਰੋ। ਕਿਉਂਕਿ ਸੇਵਕਾਂ ਨੂੰ ਸੇਵਾ ਨਾਲ ਅਤੇ ਪੰਥ ਨੂੰ ਕੰਮ ਨਾਲ ਮਤਲਬ ਹੈ ਅਤੇ ਵਡਿਆਈ ਸਾਰੀ ਚੀ: ਖਾ: ਦੀਵਾਨ ਨੂੰ ਦੇ ਦਿਆ ਕਰੋ ਤਾਂ ਜੇ ਉਹ ਵੀ ਪ੍ਰਸੰਨ ਰਹੇ ਅਤੇ ਕਦੀ ਕਿਸੇ ਮਾਮਲੇ ਵਿਚ ਰੋਕ ਨ ਬਣੇ। ਕ੍ਰਿਪਾਨ ਬਦਲੇ ਕਈ ਫ਼ੌਜੀ ਵੀਰ ਕੈਦ ਹੋਏ ਬ੍ਰਖ਼ਾਸਤ ਹੋਏ, ਅਤੇ ਉਨ੍ਹਾਂ ਜੁਰਮਾਨੇ ਭਰੇ। ਪੰਚ ਖਾਲਸਾ ਦੀਵਾਨ ਅਤੇ ਸਿੱਖ ਲੀਗ ਨੇ ਪੰਥ ਵਿਚ ਐਜੀਟੇਸ਼ਨ ਕਰਕੇ ਗੁਰਮਤੇ ਭਿਜਵਾਏ। ਸਰਕਾਰੀ ਅਫ਼ਸਰਾਂ ਦੇ ਕੰਨ ਖੁਲ੍ਹ ਗਏ। ਸੋ ਗੁਰੂ ਦੀ ਕ੍ਰਿਪਾ ਨਾਲ ਕਾਰਜ ਫਤੇ ਹੋ ਗਿਆ ਹੈ। ਹੁਣ ਚੀਫ਼ ਖਾਲਸਾ ਦੀਵਾਨ ਵੱਲੋਂ ਅਖ਼ਬਾਰਾਂ ਨੂੰ ਚਿੱਠੀਆਂ ਭੇਜੀਆਂ ਗਈਆਂ ਹਨ ਕਿ ਦੀਵਾਨ ਦੀ ਪੱਤ੍ਰਕਾ ਨਾਲ ਕਮਾਂਡਰ ਇਨ ਚੀਫ਼ ਨੇ ਕ੍ਰਿਪਾਨ ਦੀ ਖੁਲ੍ਹ ਕਰ ਦਿੱਤੀ ਹੈ। ਅਸੀਂ ਸਾਰੇ ਪੰਥ ਨੂੰ ਦੀਵਾਨ ਦਾ ਧੰਨਵਾਦ ਕਰਨ ਲਈ ਬੇਨਤੀ ਕਰਦੇ ਹਾਂ।

ਪਠਾਨ ਵਾਲੀ (ਸਿਆਲਕੋਟ)

੧੨ ਸਤੰਬਰ ਸੰਗਤ ਵਿੱਚੋਂ ਹੇਠਾਂ ਲਿਖੇ ਗੁਰਮਤੇ ਪਾਸ ਹੋਏ :-

੧. ਬਾਬੇ ਦੀ ਬੇਰ ਦਾ ਪਤਤ ਸਰਬਰਾਹ ਹਟਾਇਆ ਜਾਵੇ ਤੇ ਗੁਰਦੁਆਰਾ ਸਿੱਖ ਕਮੇਟੀ ਦੇ ਸਪੁਰਦ ਹੋਵੇ।
੨. ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਵੇ।
੩. ਭਾਈ ਰਣਧੀਰ ਸਿੰਘ ਜੀ, ਬਾ: ਚਤਰ ਸਿੰਘ ਜੀ ਤੇ ਹੋਰ ਸਾਰੇ ਰਾਜਸੀ ਕੈਦੀ ਛਡੇ ਜਾਣ।
੪. ਗੁਰਦੁਆਰਾ ਰਕਾਬ ਗੰਜ ਦੀ ਢਠੀ ਹੋਈ ਕੰਧ ਸਰਕਾਰ ਬਣਾ ਦੇਵੇ।
੫. ਸਿਆਲ ਕੋਟ ਦੇ ਜਜ ਪੰਡਤ ਕੁੰਦਨ ਲਾਲ ਨੂੰ ਝਟ ਪਟ ਬਦਲਾਯਾ ਜਾਵੇ।
੬. ਨਾਮ ਧਾਰੀ ਸਿੱਖਾਂ ਤੋਂ ਪਾਬੰਦੀਆਂ ਹਟਾਈਆਂ ਜਾਣ। (ਦਾਸ ਕੇਸਰ ਸਿੰਘ)

ਅਕਾਲੀ ਲਾਹੌਰ, ੨੯ ਸਤੰਬਰ ੧੯੨੦

ਬਾਬੇ ਦੀ ਬੇਰ

ਸੁਣਨ ਵਿਚ ਆਇਆ ਹੈ ਕਿ ਲਾਟ ਸਾਹਿਬ ਪੰਜਾਬ ਨੇ ਡਿਪਟੀ ਕਮਿਸ਼ਨਰ ਸਿਆਲਕੋਟ ਨੂੰ ਤਾਰ ਭੇਜੀ ਹੈ

ਕਿ ਬਾਬੇ ਦੀ ਬੇਰ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਦਿੱਤਾ ਜਾਵੇ ਤੇ ਗੰਡਾ ਸਿੰਹੁ ਨੂੰ ਹਟਾ ਦਿੱਤਾ ਜਾਵੇ।

ਜੇ ਇਹ ਖ਼ਬਰ ਸਚੀ ਹੈ ਤਦ ਲਾਟ ਸਾਹਿਬ ਪੰਜਾਬ ਸਿੱਖਾਂ ਵੱਲੋਂ ਧੰਨਵਾਦ ਦੇ ਯੋਗ ਹਨ।

ਸਿੱਖਾਂ ਵਿਚ ਨਵਾਂ ਜੀਵਨ

ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਹਰ ਇਕ ਸਿੱਖ ਹਿਰਦੇ ਵਿੱਚੋਂ ਇਕ ਦਰਦ ਦੀਆਂ ਚੀਸਾਂ ਨਿਕਲ ਰਹੀਆਂ ਹਨ। ਕੀ ਬਚੇ ਤੇ ਕੀ ਬਿਰਧ, ਕੀ ਜਵਾਨ ਤੇ ਕੀ ਤੀਵੀਆਂ ਐਉਂ ਮਲੂਮ ਹੁੰਦਾ ਹੈ ਕਿ ਸਭ ਦੇ ਦਿਲ ਸਿੱਖ ਰਹਿਤਾਂ ਦੀ ਬੰਦਸ਼ ਨਾਲ ਤੜਫ ਰਹੇ ਹਨ, ਸਿੱਖ ਰਾਜਸੀ ਕੈਦੀਆਂ ਦੇ ਦੁਖਾਂ ਨਾਲ ਫਟੇ ਹੋਏ ਹਨ, ਸਿੱਖ ਅਧਿਕਾਰਾਂ ਦੀ ਤਬਾਹੀ ਨੇ ਇਨ੍ਹਾਂ ਉਤੇ ਲੂਣ ਛਿੜਕ ਦਿੱਤਾ ਹੈ। ਪਰ ਇਹ ਦੁਖ ਮੁਬਾਰਕ ਹੈ ਇਹ ਦਿਲਾਂ ਦੇ ਫਟ ਸੁਭਾਗ ਹਨ ਕਿਉਂਕਿ ਪੰਥ ਦੀ ਚਿਰਾਂ ਦੀ ਨੀਦਰ ਇਸੇ ਨੇ ਖੋਲ੍ਹੀ ਹੈ ਤੇ ਹੁਣ ਜਿਹੜੀ ਸਾਰੇ ਪੰਥ ਵਿਚ ਇਕ ਨਵੇਂ ਜੀਵਨ ਦੀ ਲਹਿਰ ਵਗ ਰਹੀ ਹੈ ਇਹ ਇਨ੍ਹਾਂ ਹੀ ਦੁਖਾਂ ਦੀ ਕ੍ਰਿਪਾ ਦਾ ਫਲ ਹੈ।

ਸੁਤੇ ਹੋਏ ਨੂੰ ਰਾਤ ਵੇਲੇ ਡਾਕੂ ਲੁਟ ਕੇ ਲੈ ਜਾਂਦੇ ਹਨ ਸਵੇਰੇ ਜਾਗਦਾ ਹੈ ਤਾਂ ਹਾਲ ਪੁਕਾਰ ਕਰਦਾ ਹੈ ਦੁਹਾਈ ਪਾਂਦਾ ਹੈ, ਰੀਪੋਟਾਂ ਕਰਦਾ ਹੈ। ਭਾਵੇਂ ਲੁਟਿਆ ਗਿਆ ਮਾਲ ਮੁੜ ਮਿਲੇ ਯਾ ਨਾ ਮਿਲੇ ਭਾਵੇਂ ਡਾਕੂਆਂ ਨੂੰ ਕੀਤੇ ਦਾ ਫਲ ਮਿਲੇ ਯਾ ਨ ਮਿਲੇ ਪਰ ਇਤਨੀ ਗੱਲ ਜ਼ਰੂਰ ਹੋ ਜਾਂਦੀ ਹੈ ਕਿ ਲੁਟਾਣ ਵਾਲਾ ਅਗੋਂ ਲਈ ਘਰ ਦੀ ਚੰਗੀ ਤਰ੍ਹਾਂ ਰਖਵਾਲੀ ਦਾ ਉਪਰਾਲਾ ਕਰੇ। ਰਹਿੰਦਾ ਖਹਿੰਦਾ ਮਾਲ ਚੰਗੀ ਤਰ੍ਹਾਂ ਸੰਭਾਲ ਕੇ ਰਖੇ। ਜਿਸ ਨੇ ਅਗੋਂ ਲਈ ਆਪਣੇ ਘਰ ਨੂੰ ਬਣਾ ਲਿਆ ਤੇ ਰਖਵਾਲੀ ਦਾ ਯੋਗ ਪ੍ਰਬੰਧ ਕਰ ਲਿਆ ਸਮਝੋ ਕਿ ਉਸ ਦੇ ਲਈ ਸਚਮੁਚ "ਦੁਖ ਦਾਰੂ" ਬਣ ਗਿਆ, ਮਨੁੱਖ ਨੂੰ ਫਟ ਲਗਦਾ ਹੈ ਤਾਂ ਬੇ ਸੁਰਤ ਹੋ ਜਾਂਦਾ ਹੈ ਜਦ ਹੋਸ਼ ਆ ਗਈ ਤਾਂ ਦਰਦ ਨਾਲ ਪੁਕਾਰਦਾ ਹੈ। ਹੋਸ਼ ਅਤੇ ਪੁਕਾਰ ਉਸ ਦੇ ਦਰਦ ਦੇ ਛੇਤੀ ਇਲਾਜ ਕਰਾਣ ਵਿਚ ਸਹਾਈ ਹੋਵੇਗੀ।

੧੯੧੯ ਸਾਲ ਖਾਲਸਾ ਪੰਥ ਲਈ ਮੁਬਾਰਕ ਸਾਲ ਹੈ ਜਦੋਂ ਕਿ ਘੂਕ ਸੁਤੇ ਪੰਥ ਨੂੰ ਜਾਗ ਆਈ ਤੇ ਮੂੰਹ ਵਿੱਚੋਂ "ਹਾਇ" ਨਿਕਲੀ ! ਹਾਇ ਪਯਾਰਾ ਖਾਲਸਾ ਕਾਲਜ ਹਾਇ ਦਰਬਾਰ ਸਾਹਿਬ ! ਦੀ ਪੁਕਾਰ ਉਠੀ ! ਇਸ ਨੂੰ ਸੁਤਾ ਵੇਖਕੇ ਮੌਜਾਂ ਮਾਣਨ ਵਾਲੇ ਤ੍ਰਬਕ ਉਠੇ ਉਨ੍ਹਾਂ ਬਥੇਰਾ ਯਤਨ ਕੀਤਾ ਕਿ ਇਹ ਫਿਰ ਸੌਂ ਜਾਵੇਂ ਪਰ ਅਫਸੋਸ ਕਿ ਉਨ੍ਹਾਂ ਦੀਆ ਸਭ ਮਿਹਨਤਾਂ ਬੇ-ਅਰਥ ਗਈਆਂ। ਖਾਲਸਾ ਪੰਥ ਜਾਗ ਪਿਆ ਤੇ "ਸਿੱਖ ਲੀਗ" ਨਾਮੀ ਜਥਾ ਬਣਾ ਕੇ ਆਪਣੇ ਦੁਖਾਂ ਦੀ ਹਾਲ ਦੁਹਾਈ ਦੁਨੀਆਂ ਨੂੰ ਸੁਣਾਨੀ ਸ਼ੁਰੂ ਕਰ ਦਿੱਤੀ।

ਇਸ ਨਵੇਂ ਬੂਟੇ ਦੇ ਪੈਦਾ ਹੁੰਦਿਆਂ ਹੀ ਹਨੇਰੀਆਂ ਆਈਆਂ, ਗੜ੍ਹੇ ਵਸੇ, ਸੋਕੇ ਲਗੇ ਪਰ ਅਕਾਲ ਪੁਰਖ ਦੀ ਪ੍ਰੇਮ ਕ੍ਰਿਪਾਲਤਾ ਨਾਲ ਇਹ ਬੂਟਾ ਬਚ ਰਿਹਾ।

ਇਹ ਸੱਚ ਹੈ ਕਿ ਇਹ ਬੂਟਾ ਹਾਲਾਂ ਛਾਂ ਦਾਰ ਨਹੀਂ ਬਣਿਆ ਇਹ ਭੀ ਸਚ ਹੈ ਕਿ ਹਾਲਾਂ ਇਸ ਨੂੰ ਫਲ ਨਹੀਂ ਲਗੇ ਪਰ ਇਸ ਦੀ ਪੈਦਾਇਸ਼ ਨੇ ਹੀ ਇਕ ਨਵੀਂ ਲਹਿਰ ਪੈਦਾ ਕਰ ਦਿਤੀ ਅਤੇ ਸਾਰੇ ਦਿਲ ਇਸ ਦੇ ਖਿਚ ਲਏ ਹਨ। ਜਦ ਇਸ ਨੂੰ ਮਿਠੇ ਮਿਠੇ ਫਲ ਖਾਣਗੇ ਜਾਂ ਉਹ ਕੌਣ ਹੈ ਜੋ ਖਾਣ ਲਈ ਨਾ ਪੰਥ ਨੇ ਇਹ ਖਬਰ ਚਾਉ ਤੇ ਪ੍ਰਸੰਨਤਾ ਨਾਲ ਸੁਣ ਲਈ ਹੈ ਕਿ ਦੁਸਹਿਰੇ ਦੇ ਦਿਨਾਂ ਵਿਚ ੧੯, ੨੦, ੨੨ ਅਕਤੂਬਰ ਨੂੰ ਲਾਹੌਰ ਵਿਚ ਸਿੱਖ ਲੀਗ ਦਾ ਦੂਜਾ ਸਾਲਾਨਾ ਜਲਸਾ ਹੋਵੇਗਾ। ਇਸ ਵੇਲੇ ਸਾਨੂੰ ਐਨ ਪੁਰਾਤਨ ਖਾਲਸੇ ਵਾਲੀ ਝਾਕੀ ਨਜ਼ਰ ਆ ਰਹੀ ਹੈ ਜਦ ਕਿਸੇ ਖਾਲਸੇ ਦੀ ਮਿਸਲ ਯਾ ਦਲ ਵਲੋਂ ਕਿਸੇ ਜ਼ਰੂਰੀ ਗੁਰਮਤੇ ਲਈ ਸੁਨੇਹਾ ਭੇਜਿਆ ਜਾਂਦਾ ਹੈ ਤਾਂ ਜੰਗਲਾਂ ਤੇ ਬਣਾਂ ਵਿਚ ਸੈਂਕੜੇ ਕੋਹ ਪੰਥ ਪੈਦਲ ਝਾਗ ਕੇ ਲੱਖਾਂ ਦੀ ਗਿਣਤੀ ਵਿਚ ਖਾਲਸੇ ਇਕੱਠਾ ਹੋ ਕੇ ਪੰਥ ਦੀ ਭਲਾਈ ਲਈ ਗੁਰਮਤੇ ਸੋਧਦਾ ਹੈ ਕਦੀ ਤਖ਼ਤ ਅਕਾਲ ਬੁੰਗੇ ਦਰਬਾਰ ਲਗਦੇ ਹਨ ਅਤੇ ਕਦੀ ਕਾਹਨੂੰ-ਵਾਣ ਦੇ ਛੰਭ ਵਿਚ ਗੁਰਮਤੇ ਸੋਧੇ ਜਾਂਦੇ ਹਨ।

ਲੋਕੀਂ ਅਜੇਹੇ ਕਾਰਜਾਂ ਲਈ ਕਈ ਮਹੀਨੇ ਪਹਿਲਾਂ ਤਿਆਰੀਆਂ ਅਰੰਭ ਕਰ ਦੇਂਦੇ ਹਨ ਪਰ ਜੇ ਖਾਲਸੇ ਅੰਦਰ ਗੁਰੂ ਦੇ ਪਯਾਰ ਵਾਲੀ ਤੇ ਪੰਥ ਅਤੇ ਮੁਲਕ ਦੇ ਦਰਦ ਵਾਲੀ ਉਹ ਪੁਰਾਣੀ ਸਪਿਰਿਟ (ਰੂਹ) ਆ ਗਈ ਹੈ ਤਾਂ ਇਹ ੨੦, ੨੨ ਦਿਨ ਗੁਰੂ ਖਾਲਸਾ ਲਈ ਬੜੇ ਕਾਫ਼ੀ ਹਨ ਅਖ਼ਬਾਰਾਂ ਤੇ ਇਸ਼ਤਿਹਾਰਾਂ ਨੇ ਇਸ ਸੁਨੇਹੇ ਨੂੰ ਘਰ ਘਰ ਪੁਚਾ ਦੇਣਾ ਹੈ ਤੇ ਬੰਦਈ ਖਾਲਸੇ ਨੂੰ ਕਮਰ ਕਸ ਕਰਕੇ ਵਹੀਰਾਂ ਪਾ ਦੇਣੀਆਂ ਚਾਹੀਦੀਆਂ ਹਨ।

ਡੈਲੀਗੇਟ, ਮੈਂਬਰ ਯਾ ਵਿਜ਼ੀਟਰ ਬਣਕੇ ਦਰਸ਼ਨ ਦੇਣ ਵਾਲੇ ਸਜਨ ਇਹ ਖਬਰ ਪੜ੍ਹਦਿਆਂ ਹੀ ਆਪਣੇ ਨਾਮ

ਲਿਖ ਭੇਜਣ ਤਾਂ ਕਿ ਆਉਣ ਵਾਲੇ ਸਜਨਾਂ ਦੀ ਗਿਣਤੀ ਅਨੁਸਾਰ ਥਾਂ ਦਾ ਪ੍ਰਬੰਧ ਪੂਰਾ ਪੂਰਾ ਹੋ ਸਕੇ।

ਇਸ ਵੇਲੇ ਪੰਥ ਦੇ ਸਾਮਣੇ ਕੀ ਕੀ ਜ਼ਰੂਰੀ ਸਵਾਲ ਹਨ ਜਿਨ੍ਹਾਂ ਉਤੇ ਇਸ ਭਾਰੀ ਸਮਾਗਮ ਵਿਚ ਵਿਚਾਰ ਹੋਣੀ ਹੈ ਅਤੇ ਗੁਰਮਤੇ ਸੋਧੇ ਜਾਣੇ ਹਨ ਇਨ੍ਹਾਂ ਗੱਲਾਂ ਵਿਚਾਰ ਅਸੀਂ ਫੇਰ ਚੰਗੀ ਤਰ੍ਹਾਂ ਕਰਾਂਗੇ।

ਅਯੋਗ ਧੱਕਾ।

ਮੁਲਤਾਨ ਦੇ ਪ੍ਰਸਿਧ ਗੁਰਦੁਆਰੇ ਬਾਬੇ ਦਿਆਲ ਸਿੰਘ ਜੀ ਵਿਚ ਸਿੱਖ ਸੰਗਤ ਨੇ ਭਾਈ ਜਵਾਹਰ ਸਿੰਘ ਜੀ ਨੂੰ ੪ ਜੁਲਾਈ ਨੂੰ ਮਹੰਤ ਅਸਥਾਪਨ ਕੀਤਾ ਸੀ ਪਰ ੨ ਸਤੰਬਰ ਨੂੰ ਭਾਈ ਜਵਾਹਰ ਸਿੰਘ ਜੀ ਦੀ ਗ਼ੈਰ ਹਾਜ਼ਰੀ ਵਿਚ ਲਾਲਾ ਹਰੀ ਚੰਦ ਬੀ. ਏ. ਗੁਰਮਤਿ ਵਿਰੋਧੀ ਤੇ ਅਨਯਮਤੀ ਆਦਮੀਆਂ ਨੂੰ ਨਾਲ ਲੈ ਕੇ ਗੁਰਦੁਆਰੇ ਵਿਚ ਆਏ ਅਤੇ ਸ਼ੋਰ ਸ਼ਰਾਬਾ ਪਾ ਕੇ ਆਖਿਆ ਕਿ ਅਸੀਂ ਭਾਈ ਧੰਨਾ ਸਿੰਘ ਨੂੰ ਮਹੰਤ ਮੁਕਰਰ ਕਰਾਂਗੇ ਜੇ ਤੁਹਾਡੀ ਮਰਜ਼ੀ ਹੈ ਤਾਂ ਇਹਨਾਂ ਦੀ ਮਰਜ਼ੀ ਅਨੁਸਾਰ ਚਲੋ ਨਹੀਂ ਤਾਂ ਤੁਹਾਡੀ ਇਛਿਆ"।

ਅਸੀਂ ਪੁਛਦੇ ਹਾਂ ਕਿ ਲਾਲਾ ਹਰੀਚੰਦ ਗੁਰਦੁਆਰੇ ਦੇ ਪ੍ਰਬੰਧ ਦਾ ਕੀ ਲਗਦਾ ਹੈ ਜਦ ਦੋ ਮਹੀਨੇ ਹੋ ਚੁਕੇ ਹਨ ਸੰਗਤ ਨੇ ਯੋਗ ਆਦਮੀ ਨੂੰ ਮਹੰਤ ਅਸਥਾਪਨ ਕੀਤਾ ਫਿਰ ਸੰਗਤ ਦੀ ਮਰਜ਼ੀ ਦੇ ਉਲਟ ਕਾਰਵਾਈ ਕਰਨ ਦਾ ਇਨਾਂ ਨੂੰ ਕਿਉਂ ਹੌਸਲਾ ਮੈਜਿਸਟ੍ਰੇਟੀ ਇਸ ਵਾਸਤੇ ਦਿਤੀ ਹੈ ਕਿ ਤੁਸੀਂ ਲੋਕਾਂ ਨੂੰ ਦਬਾਓ ਅਤੇ ਉਨ੍ਹਾਂ ਦੇ ਧਰਮ ਵਿਚ ਦਖਲ ਦਿਓ?

ਅਸੀਂ ਵੱਡੇ ਜ਼ਿਮੇਂਵਾਰ ਅਫ਼ਸਰਾਂ ਦਾ ਧਿਆਨ ਇਸ ਪਾਸੇ ਦਿਵਾਂਦੇ ਹੋਏ ਬੇਨਤੀ ਕਰਦੇ ਹਾਂ ਕਿ ਸਿੱਖ ਪੰਥ ਅਗੇ ਹੀ ਆਪਣੇ ਧਾਰਮਿਕ ਅਸਥਾਨ ਨੂੰ ਬੁਰੇ ਹਾਲ ਸੁਣ ਸੁਣ ਕੇ ਤੜਫ ਰਿਹਾ ਹੈ! ਗੁਰਦੁਆਰਾ ਰਕਾਬ ਗੰਜ, ਦਰਬਾਰ ਸਾਹਿਬ ਅਤੇ ਬਾਬੇ ਦੀ ਬੇਰ ਦੇ ਮਾਮਲਿਆਂ ਨੇ ਪੰਥ ਦੀ ਭੁਖ ਨੀਂਦ ਭੁਲਾ ਦਿਤੀ ਹੈ। ਸੈਂਕੜੇ ਆਦਮੀ ਗੁਰਦੁਆਰਾ ਰਕਾਬ ਗੰਜ ਦੀ ਦੀਵਾਰ ਚਾੜ੍ਹਨ ਲਈ ਸ਼ਹੀਦੀ ਦਲ ਵਿਚ ਨਾਮ ਲਿਖ ਰਹੇ ਹਨ ਸੈਂਕੜੇ ਸਿਆਲਕੋਟ ਨੂੰ ਭੱਜੇ ਜਾ ਰਹੇ ਅਤੇ ਜੇ ਮੁਲਤਾਨ ਵਿਚ ਕੋਈ ਵਾਧਾ ਹੋਇਆ ਤਾਂ ਕਈਆਂ ਨੂੰ ਉਧਰ ਭਜਨਾ ਪਵੇਗਾ! ਇਸ ਲਈ ਅਸੀਂ ਹੈਰਾਨ ਹਾਂ ਕਿ ਦੂਜੀਆਂ ਕੌਮਾਂ ਤਾਂ ਦੇਸ਼ ਉਨਤੀ ਤੇ ਕੌਮ ਉਨਤੀ ਵਿਚ ਜੁਟੀਆਂ ਪਈਆਂ ਹਨ ਪਰ ਸਿੱਖਾਂ ਨੂੰ ਘਰ ਦੇ ਰੌਲਿਆਂ ਵਿਚ ਪਾਕੇ ਰਾਜਸੀ ਲਹਿਰ ਤੋਂ ਲਾਂਭੇ ਰੱਖਣ ਦੇ ਯਤਨ ਹੋ ਰਹੇ ਹਨ। ਪੰਥ ਨੂੰ ਸ਼ਕ ਹੈ ਕਿ ਇਹ ਸਭ ਨੌਕਰਸ਼ਾਹੀ ਦੀ ਸ਼ਰਾਰਤ ਹੈ ਪਰ ਇਸ ਦਾ ਨਤੀਜਾ ਸਰਕਾਰ ਅਤੇ ਦੇਸ਼ ਦੋਹਾਂ ਲਈ ਬੁਰਾ ਨਿਕਲੇਗਾ। ਇਸ ਲਈ ਅਜੇਹੇ ਸਰਕਾਰ ਦੇ ਜ਼ਿਮੇਂਵਾਰ ਅਫ਼ਸਰ ਸਮੇਂ ਨੂੰ ਸਮਝਨ ਤੇ ਲਾਲਾ ਹਰੀ ਚੰਦ, ਲਾਲਾ ਗੰਡਾ ਸਿਹੁੰ ਵਰਗੇ ਬਦ-ਅਮਨੀ ਤੇ ਫਸਾਦ ਪੈਦਾ ਕਰਨ ਵਾਲਿਆਂ ਨੂੰ ਚੰਗੀ ਤਰ੍ਹਾਂ ਮਤ ਦੇਣ ਤਾਂ ਜੇ ਕੋਈ ਵਧਾਣ ਨ ਹੋ ਜਾਵੇ।

ਬਗ਼ਦਾਦ

੨੫ ਜੁਲਾਈ ੧੯੨੦ ਨੂੰ ਕਰਾਡੇ (ਬਗ਼ਦਾਦ) ਵਿਖੇ ਗੁਰੂ ਖਾਲਸੇ ਜੀ ਦਾ ਬੜਾ ਭਾਰੀ ਦੀਵਾਨ ਸਜਿਆ, ਜਿਸ ਵਿਖੇ ਦਾਸ ਨੇ "ਸਿੱਖ ਕੈਦੀ ਪਰਵਾਰ ਸਹਾਇਕ ਫੰਡ" ਤੇ ਕੁਝ ਵਖਿਯਾਨਾ ਸੁਣਾਇਆ। ੧੧੭) ਇਕ ਸੌ ਸਤਾਰਾਂ ਉਸੇ ਵੇਲੇ ਨਕਦ ਇਕਤ੍ਰ ਹੋ ਗਏ ਅਤੇ ੬੯) ਅਕਰਾਰੀ ਹੋਏ। ਜਥਿਆਂ ਨੇ ਸੰਗਤ ਵਿਚ ਅਵਾਜ਼ ਦਿੱਤੀ, ਕਿ ਰੁਪਏ ਭੇਜਨ ਦਾ ਪਤਾ ਸਾਨੂੰ ਦਸਿਆ ਜਾਵੇ, ਅਸੀਂ ਅਪਨੇ ਅਪਨੇ ਅਸਥਾਨਾਂ ਵਿੱਚੋਂ ਹੋਰ ਮਾਇਆ ਇਕੱਤਰ ਕਰਕੇ ਇਸ ਫੰਡ ਵਿਖੇ ਘਲਾਂਗੇ।

ਉਪਰੋਕਤ ਇਕੱਤਰ ਹੋਏ ੧੧੭) ਦਾਸ ਨੇ ੩੦ ਜੁਲਾਈ ਨੂੰ ਸ੍ਰੀ ਮਾਨ ਸਰਦਾਰ ਹਰਚੰਦ ਸਿੰਘ ਜੀ ਰਈਸ ਲਾਇਲਪੁਰ ਦੀ ਸੇਵਾ ਵਿਖੇ ਮਨੀਆਡਰ ਦੁਵਾਰਾ ਭੇਜ ਦਿਤੇ ਹਨ। ਬਾਕੀ ਅਕਰਾਰੀ ੬੯) ਬੀ ਮੇਰੇ ਪਾਸ ਇਕੱਤਰ ਹੋ ਗਏ ਹਨ, ਜੋ ਸ਼ੀਘਰ ਹੀ ਘੱਲੇ ਜਾਨਗੇ। ਹੋਰ ਜਥਿਆਂ ਨੇ ਬਹੁਤ ਸਾਰਾ ਉਦੱਮ ਬਗ਼ਦਾਦ ਵਿਖੇ ਕੀਤਾ ਜਾਪਦਾ ਹੈ, ਜਿਹਾ ਕਿ ਭਾਈ ਬੇਲਾ ਸਿੰਘ ਜੀ ਪਾਟਰ ਮੇਕਰ ਨੰ: ੮੪੩ ਬਿਲਟ ਨੰ: ੭੦ ਬਗ਼ਦਾਦ ਨੇ ੨੩੯) ਅਪਨੇ ਜਥੇ ਵਿੱਚੋਂ ਇਕੱਤਰ ਕਰਕੇ ੪, ੫, ਅਗਸਤ ਨੂੰ ਮਨੀਆਰਡਰ ਕਰਕੇ ਭੇਜ ਦਿਤੇ ਹਨ। ਹੋਰ ਜਥਿਆਂ ਵੱਲੋਂ ਬੀ ਸ਼ਲਾਘਾ ਯੋਗ ਉੱਦਮ ਹੋ ਰਿਹਾ ਹੈ। ਇਸ ਦੀਵਾਨ ਵਿਖੇ ਸਰਬ ਸੰਮਤੀ ਨਾਲ ਹੇਠ ਲਿਖੇ ਗੁਰਮਤੇ ਪਾਸ ਹੋਏ, ਜੋ 'ਅਕਾਲੀ' ਵਿਚ ਛਪਨ ਲਈ ਘੱਲੇ ਜਾਂਦੇ ਹਨ :-

(੧) ਸਿੱਖ ਸਿਪਾਹੀਆਂ ਨੂੰ ਕ੍ਰਿਪਾਨ ਰਖਣ ਦੀ ਖੁਲ੍ਹ ਦਿੱਤੀ ਜਾਵੇ, ਜੋ ਫ਼ੌਜੀ ਸਿੰਘ ਕ੍ਰਿਪਾਨ ਰਖਨ ਦੇ ਅਪਰਾਧ

ਵਿਚ ਮੌਕੀਫ ਕੀਤੇ ਗਏ ਹਨ, ਉਨ੍ਹਾਂ ਨੂੰ ਅਪਨੀ ਥਾਂ ਤੇ ਬਹਾਲ ਕੀਤਾ ਜਾਵੇ।

(੨) ਜੇਹਲ ਖਾਨਿਆਂ ਵਿਚ ਸਿੱਖ ਕੈਦੀਆਂ ਨੂੰ ਰਹਿਤ ਰੱਖਣ ਦੀ ਆਗਿਆ ਦਿਤੀ ਜਾਵੇ।

(੩) ਦਰਬਾਰ ਸਾਹਿਬ ਅੰਮ੍ਰਿਤਸਰ ਜੀ ਅਤੇ ਤਰਨਤਾਰਨ ਤੇ ਨਾਨਕਾਣਾ ਸਾਹਿਬ, ਅਤੇ ਖਾਲਸਾ ਕਾਲਜ ਦਾ ਪ੍ਰਬੰਧ ਸਿੱਖ ਕੌਮ ਦੇ ਸਪੁਰਦ ਕੀਤਾ ਜਾਵੇ।

(੪) ਸ਼ਾਹੀ ਐਲਾਨ ਅਨੁਸਾਰ ਸਭ ਰਾਜਸੀ ਕੈਦੀਆਂ ਨੂੰ ਛਡਿਆ ਜਾਵੇ, ਭਾਈ ਸਰਦੂਲ ਸਿੰਘ ਜੀ ਕਵੀਸ਼ਰ ਅਤੇ ਭੈਣੀ ਸਾਹਿਬ ਦੇ ਗੁਰਦੁਆਰੇ ਤੇ ਜੋ ਬੰਦਸ਼ਾਂ ਹਨ, ਉਹ ਛੇਤੀ ਹੀ ਹਟਾਈਆਂ ਜਾਵਨ।

ਦਾਸ

ਮਾਸਟਰ ਆਇਆ ਸਿੰਘ ਅਕਾਲੀ
ਮੋਟਰ ਡਰਾਈਵਰ
ਐਮ. ਟੀ. ਐਡਵਾਨਸ ਡੀਪੂ
ਗੁਰਦੁਆਰਾ ਬਗਦਾਦ।

ਅਕਾਲੀ ਲਾਹੌਰ, ੩੦ ਸਤੰਬਰ ੧੯੨੦

ਕੀੜੀਆਂ ਨੂੰ ਖੰਭ।

ਗੁਰਧਾਮਾਂ ਵਿਚ ਪੁਜਾਰੀਆਂ ਦੀ ਬੁਰਛਾ ਗਰਦੀ ਤੇ ਖਾਲਸਾ ਜੀ ਦਾ ਫ਼ਰਜ਼।

ਜਦ ਕੀੜੀਆਂ ਦੀ ਮੌਤ ਆਉਂਦੀ ਹੈ ਤਾਂ ਉਹਨਾਂ ਨੂੰ ਖੰਭ ਲੱਗ ਜਾਂਦੇ ਹਨ। ਉਹ ਉਚੀਆਂ ਉਡਾਰੀਆਂ ਲਾਂਦੀਆਂ ਹਨ ਤੇ ਪਲ ਭਰ ਮਗਰੋਂ ਮੌਤ ਦੀ ਗੋਦੀ ਵਿਚ ਜਾ ਬਿਰਾਜਦੀਆਂ ਹਨ।

ਖਾਲਸਾ ਪੰਥ ਦੇ ਧਾਰਮਕ ਅਸਥਾਨਾਂ ਵਿਚ ਹਜ਼ਾਰਾਂ ਲੱਖਾਂ ਰੁਪਏ ਦੀ ਆਮਦਨ ਹੈ। ਲੱਖਾਂ ਅਤੇ ਕਈਆਂ ਨਾਲ ਕ੍ਰੋੜਾਂ ਰੁਪਇਆ ਦੀਆਂ ਜਗੀਰਾਂ ਲਗੀਆਂ ਹੋਈਆਂ ਹਨ। ਇਹ ਆਮਦਨ ਅਤੇ ਜਗੀਰਾਂ ਸੰਗਤ ਦੇਂਦੀ ਹੈ ਕਿ ਇਨ੍ਹਾਂ ਨਾਲ ਲੋਕਾਂ ਦੀ ਸੇਵਾ, ਦੀਨਾਂ ਗਰੀਬਾਂ ਦੀ ਪਾਲਨਾ, ਵਿਦਜਾ ਅਤੇ ਧਰਮ ਪ੍ਰਚਾਰ, ਆਦਿਕ ਚੰਗੇ ਚੰਗੇ ਕੰਮ ਹੋਇਆ ਕਰਨ। ਪਰ ਧਾਰਮਕ ਅਸਥਾਨਾਂ ਦੇ ਗ੍ਰੰਥੀ, ਪੁਜਾਰੀ, ਮਹੰਤ ਤੇ ਸਰਬਰਾਹ ਮਾਲਕ ਬਣੇ ਬੈਠੇ ਹੋਏ ਹਨ। ਸੰਗਤ ਦੀ ਆਮਦਨ ਅਤੇ ਜਗੀਰਾਂ ਨੂੰ ਵੇਸਵਾ, ਸ਼ਰਾਬਾਂ ਤੇ ਗੁਲਸ਼ਰੇ ਉਡਾਣ ਦੇ ਰਾਹ ਉਡਾਯਾ ਜਾ ਰਿਹਾ ਹੈ, ਗੁਰੂ ਸੰਗਤ ਅਤੇ ਧਰਮ ਦੀ ਕੋਈ ਪਰਵਾਹ ਹੀ ਨਹੀਂ। ਭਾਵੇਂ ਇਹ ਹਾਲਤ ਚਿਰ ਤੋਂ ਚਲੀ ਆ ਰਹੀ ਸੀ ਪਰ ਹੁਣ ਇਨ੍ਹਾਂ ਮਹੰਤਾਂ, ਪੁਜਾਰੀਆਂ ਤੇ ਸਰਬਰਾਹਾਂ ਦੀ ਹਾਲਤ ਠੀਕ "ਕੀੜੀਆਂ ਨੂੰ ਖੰਭ" ਲਗਣ ਵਾਲੀ ਹੈ। ਕਿਉਂਕਿ ਅਗੇ ਤਾਂ ਗੁਰੂ ਸੰਗਤ ਦੀ ਆਮਦਨ ਅਤੇ ਜਗੀਰਾਂ ਨੂੰ ਬੁਰੇ ਕੰਮਾਂ ਵਿਚ ਤਬਾਹ ਕਰ ਹੀ ਰਹੇ ਸਨ ਹੁਣ ਗੁਰੂ ਸੰਗਤ ਨੂੰ ਗੁਰਧਾਮਾਂ ਵਿਚ ਵੜਨੋਂ ਹੀ ਬੰਦ ਕਰਨ ਲਗ ਪਏ ਹਨ ਅਤੇ ਸ਼ਬਦ ਕੀਰਤਨ ਕਰਨੋਂ ਗੁਰਧਾਮਾਂ ਦੇ ਦਰਸ਼ਨ ਕਰਕੇ ਦਿਲ ਨੂੰ ਠੰਡਾ ਕਰਨ ਵਾਲੇ ਸਜਨਾਂ ਨੂੰ ਧਕੋ ਧਕੀ ਰੋਕਣ ਨੂੰ ਡਟ ਗਏ ਹਨ ਅਤੇ ਗੁਰ ਸਿੱਖਾਂ ਨੂੰ ਧਕੇ ਮਾਰਨੇ, ਬੇਪਤ ਕਰਨਾ, ਇਨ੍ਹਾਂ ਆਪਣਾ ਧਰਮ ਬਣਾ ਲਿਆ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਭਸੌੜ ਦੀਆਂ ਬੀਬੀਆਂ ਨੂੰ ਸ਼ਬਦ ਪੜਨੋਂ ਬੰਦ ਕੀਤਾ ਗਿਆ ਸੀ। ਤਰਨਤਾਰਨ ਧਾਰੋ ਵਾਲ ਦੀਆਂ ਬੀਬੀਆਂ ਨੂੰ ਪ੍ਰੇਮ ਪੂਰਾ ਕਰਨ ਲਈ ਇਕ ਵੀ ਸ਼ਬਦ ਪੜਨ ਦੀ ਆਗਿਆ ਨਹੀਂ ਸੀ ਦਿੱਤੀ ਗਈ। ਸਿਆਲਕੋਟ ਬਾਬੇ ਦੀ ਬੇਰ "ਖਾਲਸਾ ਸੇਵਕ ਜਥੇ" ਨੂੰ ਆਸਾ ਦੀ ਵਾਰ ਲਾਣ ਤੇ ਸ਼ਬਦ ਕੀਰਤਨ ਕਰਨ ਵਿਚ ਗੰਡਾ ਸਿੰਘ ਰੋੜਾ ਅਟਕਾ ਰਿਹਾ ਹੈ। ਇਹੋ ਹੀ ਹਾਲ ਹੋਰ ਅਨੇਕ ਥਾਵਾਂ ਦਾ ਸੁਣਿਆ ਜਾ ਰਿਹਾ ਹੈ।

ਅੱਜ ਹੀ ਇਕ ਸਿੰਘ ਨੇ ਨਾਨਕਾਣਾ ਸਾਹਿਬ ਤੋਂ ਲਿਖਿਆ ਕਿ "ਮੈਂ ਕਿਰਪਾਨ ਗਾਤਰੇ ਪਾਈ ਹੋਈ ਜਨਮ ਅਸਥਾਨ ਦਰਸ਼ਨ ਕਰਨ ਗਿਆ ਮੈਨੂੰ ਦਰਵਾਜੇ ਵਿਚ ਹੀ ਰੋਕ ਦਿੱਤਾ ਗਿਆ ਪੁਛਣ ਪਰ ਗ੍ਰੰਥੀਆਂ ਨੇ ਦਸਿਆ ਕਿ ਮਹੰਤ ਨੇ ਕਿਰਪਾਨ ਵਾਲੇ ਸਿੰਘ ਦਾ ਏਥੇ ਆਉਣਾ ਬੰਦ ਕਰ ਦਿੱਤਾ ਹੈ ਮੈਨੂੰ ਧਕੇ ਮਾਰਕੇ ਬਾਹਰ ਕਢਿਆ ਗਿਆ" ਚਿਠੀਆਂ ਆ ਰਹੀਆਂ ਹਨ ਕਿ ਮਹੰਤ ਗੁਰੂ ਪੰਥ ਦੀ ਧਰਮ ਕਾਰਜਾਂ ਵਾਸਤੇ ਬਖਸ਼ੀ ਹੋਈ ਲਖਾਂ ਰੁਪਿਆਂ ਦੀ ਆਮਦਨ ਨੂੰ

ਗੁਰ ਸਿੱਖਾਂ ਦੀ ਹਤਕ ਨਿਰਾਦਰੀ ਤੇ ਤਬਾਹੀ ਵਾਸਤੇ ਪਾਣੀ ਵਾਂਗ ਡੋਲ੍ਹ ਰਿਹਾ ਹੈ ਅਫਸਰਾਂ ਨੂੰ ਆਪਣੇ ਕਾਬੂ ਵਿਚ ਕਰ ਰਿਹਾ ਹੈ। ਇਲਾਕੇ ਦੇ ਲੋਕਾਂ ਨੂੰ ਵੀ ਆਪਣੇ ਕਾਬੂ ਵਿਚ ਕਰ ਰਿਹਾ ਹੈ ਤੇ ਸੁਣਨ ਵਿਚ ਆਇਆ ਹੈ ਕਿ ਐਤਕਾਂ "ਕਤਕ ਪੁੰਨਿਆਂ" ਦਾ ਮੇਲਾ ਵੀ ਬੰਦ ਕਰਾਣਾ ਚਾਹੁੰਦਾ ਹੈ। ਇਸ ਸਬੰਧੀ ਹਾਲ ਭਲਕੇ ਛਪਣਗੇ।

ਗੁਰਦੁਆਰਾ ਪਾ: ਛੇਵੀਂ

ਅਜ ਅਸੀਂ ਲਾਹੌਰ ਦੇ ਮਹੱਲਾ ਚੁਮਾਲਾ ਵਾਲੇ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੇ ਗ੍ਰੰਥੀ ਦੀਆਂ ਕਰਤੂਤਾਂ ਦਸੇ ਬਿਨਾਂ ਨਹੀਂ ਰਹਿ ਸਕਦੇ। ਬੜਾ ਯਤਨ ਕੀਤਾ ਗਿਆ ਕਿ ਇਹ ਭਲਾ ਲੋਕ ਗੁਰੂ ਪੰਥ ਦਾ ਸਚਾ ਸੇਵਾਦਾਰ ਹੋ ਕੇ ਵਰਤੇ ਤੇ ਗੁਰੂ ਪੰਥ ਨਾਲ ਮਿਲਕੇ ਕੰਮ ਕਰੇ ਪਰ ਇਸ ਦੇ ਸਿਰ ਤੇ ਪਤਾ ਨਹੀਂ ਕੀ ਭੂਤ ਸਵਾਰ ਹੋਇਆ ੨ ਹੈ ਕਿ ਇਹ ਕਿਸੇ ਦੀ ਮੰਨਣ ਵਿਚ ਨਹੀਂ ਆਉਂਦਾ।

"ਖਾਲਸਾ ਪ੍ਰਚਾਰਕ ਜਥਾ" ਨੇ ਇਸ ਗੁਰਦੁਆਰੇ ਵਿਚ ਦੀਵਾਨ ਕਰਕੇ ਉਜੜੇ ਹੋਏ ਗੁਰਧਾਮਾਂ ਵਿਚ ਰੌਣਕ ਤੇ ਪ੍ਰਚਾਰ ਦਾ ਉਦਮ ਕੀਤਾ ਪਰ ਭਾਈ ਹੁਰਾਂ ਨੇ ਨਾਲ ਹੋ ਕੇ ਸੇਵਾ ਕਰਨ ਦੀ ਥਾਂ ਝੂਠ ਸਚ ਜੋੜ ਕੇ ਪੁਲਿਸ ਵਿਚ ਰਪੋਟਾਂ ਕੀਤੀਆਂ ਕਈ ਹਿੰਦੂਆਂ ਨੂੰ ਨਾਲ ਲੈ ਕੇ ਸੰਗਤ ਨੂੰ ਗੁਰਦੁਆਰੇ ਵਿਚ ਜਾਣ ਤੋਂ ਰੋਕਿਆ ਅਤੇ ਕੁਝ ਤੀਵੀਆਂ ਦੀ ਰਾਹੀਂ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਸੰਗਤ ਦੀ ਉਹ ਨਿਰਾਦਰੀ ਕੀਤੀ ਕਿ ਅਨਮਤ ਵਾਲਾ ਵੀ ਇਸ ਤਰ੍ਹਾਂ ਨਹੀਂ ਕਰ ਸਕਦਾ ਤੀਵੀਆਂ ਨੇ ਆ ਕੇ ਪਿਟ-ਕੁਟਾਪਾ ਪਾਇਆ, ਗੰਦ ਬੋਲੇ, ਵਾਜੇ ਜੋੜੀਆਂ ਖੋਹ ਕੇ ਬਾਹਰ ਸੁਟੇ ਅਤੇ ਕਈ ਗੁਰੂ ਪਿਆਰਿਆਂ ਨੂੰ ਹਥੋ ਪਾਈ ਕਰਕੇ ਸਟਾਂ ਲਾਈਆਂ, ਫਸਾਦ ਵਧਾਣਾ ਚਾਹਿਆ। ਪਰ ਸੰਗਤ ਚੁਪ ਅਤੇ ਸ਼ਾਂਤ ਰਹੀ।

ਇਸ ਦੇ ਮਗਰੋਂ ਸ਼ਹਿਰ ਦੇ ਵਡੇ ਵਡੇ ਆਦਮੀਆਂ ਨੇ ਭਾਈ ਨੂੰ ਆਖਿਆ ਕਿ ਤੂੰ ਬੱਜਰ ਅਪਰਾਧ ਕੀਤਾ ਹੈ ਇਸ ਦੀ ਸੰਗਤ ਪਾਸੋਂ ਮਾਫ਼ੀ ਮੰਗ, ਕਿਉਂਕਿ ਗੁਰੂ ਜੀ ਨੇ ਸੰਗਤ ਨੂੰ ਆਪਣੇ ਨਾਲੋਂ ਵੀ ਉਚਾ ਕਿਹਾ ਹੈ ਅਤੇ ਸੰਗਤ ਦੇ ਗੁਰਦੁਆਰੇ ਵਿਚ ਆਉਣ ਵਾਸਤੇ ਕੋਈ ਰੋਕ ਟੋਕ ਨਾ ਪਾ" ਪਰ ਭਾਈ ਕਿਥੋਂ ਮੰਨੇ। ਕਈ ਅਯੋਗ ਚਾਲਾਂ ਕਰਕੇ ਛੇਕੜ ਉਸ ਨੇ ਇਕ ਵਕੀਲ ਨੂੰ ਮੁਖਤਾਰ ਬਨਾ ਕੇ ਖਾਲਸਾ ਪ੍ਰਚਾਰਕ ਜਥੇ ਦੇ ਸੈਕ੍ਰਟਰੀ, ਪੈਜੀਡੰਟ ਅਤੇ ਸਿੰਘ ਸਭਾ ਦੇ ਸੈਕ੍ਰਟਰੀ ਨੂੰ ਤਾਰ ਦੇ ਜ਼ਰੀ ਹੇ ਨੋਟਸ ਦਿਵਾਯਾ ਕਿ "ਤੁਸੀਂ ਗੁਰਦੁਆਰੇ ਵਿਚ ਆਕੇ ਗ੍ਰੰਥੀ ਦੀ ਆਗਿਆ ਬਿਨਾਂ ਹਰਗਿਜ਼ ਦੀਵਾਨ ਨਾ ਲਗਾਓ ਅਤੇ ਸ਼ਬਦ ਕੀਰਤਨ ਨਾ ਕਰੋ ਆਦਿਕ" ਇਹ ਤਾਰਾਂ ਪੜ੍ਹਕੇ ਗੁਰੂ ਪਿਆਰਿਆਂ ਦੇ ਹਿਰਦੇ ਵਿੰਨੇ ਗਏ!

ਕਲ ੨੭ ਸਤੰਬਰ ਸੋਮਵਾਰ ਨੂੰ ਸਿੰਘ ਸਭਾ ਲਾਹੌਰ ਦੇ ਪ੍ਰਬੰਧ ਨਾਲ ਤੀਸਰੀ ਪਾਤਸ਼ਾਹੀ ਦਾ ਗੁਰਪੁਰਬ ਮਨਾਣ ਲਈ ਇਸੇ ਗੁਰਦੁਆਰੇ ਵਿਚ ਪ੍ਰਬੰਧ ਕੀਤਾ ਗਿਆ ਤੇ ਸੰਗਤਾਂ ਨੇ ਹੁਮ ਹੁਮਾ ਕੇ ਦਰਸ਼ਨ ਦਿੱਤੇ। ਸ: ਮਹਿਰ ਸਿੰਘ ਜੀ ਚਾਵਲਾ ਸ: ਮਹਿਤਾਬ ਸਿੰਘ ਜੀ ਵਕੀਲ। ਸ: ਜਸਵੰਤ ਸਿੰਘ ਜੀ ਝਬਾਲ ਵਾਲੇ ਤੇ ਹੋਰ ਬਹੁਤ ਸਾਰੇ ਸ਼ਹਿਰ ਦੇ ਮੁੱਖੀ ਸੱਜਣਾਂ ਨੇ ਦਰਸ਼ਨ ਦਿੱਤੇ। ਸ: ਸੋਹਣ ਸਿੰਘ ਜੀ, ਸ: ਜਸਵੰਤ ਸਿੰਘ ਜੀ ਦੇ ਜ਼ਬਰਦਸਤ ਲੈਕਚਰ ਹੋਏ ਤੇ ਗੁਰਦੁਆਰੇ ਸਬੰਧੀ ਹਾਲ ਅਤੇ ਗ੍ਰੰਥੀ ਦੀਆਂ ਕਰਤੂਤਾਂ ਤੇ ਸ਼ਰਾਰਤਾਂ ਤੇ ਰੋਸ਼ਨੀ ਪਾਈ ਗਈ। ਸ: ਸੂਦੂਲ ਸਿੰਘ ਜੀ ਦੀ ਤਜਵੀਜ਼ ਤੇ ਸੰਗਤ ਨੇ ਸਰਬਸੰਮਤੀ ਨਾਲ ਪਾਸ ਕੀਤਾ ਕਿ ਗ੍ਰੰਥੀ ਹਰੀ ਸਿੰਘ ਤਨਖ਼ਾਹੀਆਂ ਹੈ ਇਸ ਨੂੰ ਗੁਰ ਸੰਗਤ ਵਿੱਚੋਂ ਛੇਕ ਦਿੱਤਾ ਜਾਵੇ। ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ। ਹੁਣ ਸਵਾਲ ਪੈਦਾ ਹੋਇਆ ਕਿ ਤਨਖ਼ਾਹੀਆਂ ਹੋਣ ਦੀ ਸੂਰਤ ਵਿਚ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਦਾ ਅਧਿਕਾਰੀ ਨਹੀਂ ਰਿਹਾ। ਉਸੇ ਵੇਲੇ ਸੰਗਤ ਵਿੱਚੋਂ ੧੧ ਸਿੰਘਾਂ ਨੇ ਸੇਵਾ ਪੇਸ਼ ਕੀਤੀਆਂ ਕਿ ਜਦ ਤੀਕ ਸਾਨੂੰ ਸੰਗਤ ਹੁਕਮ ਦੇਵੇ ਅਸੀਂ ਪ੍ਰੇਮ ਨਾਲ ਗੁਰਦੁਆਰੇ ਦੀ ਸੇਵਾ ਤਨ, ਮਨ, ਧਨ ਨਾਲ ਕਰਾਂਗੇ। ਸੰਗਤ ਨੇ ਪ੍ਰਸੰਨਤਾ ਨਾਲ ਪ੍ਰਵਾਨ ਕਰ ਕੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਇਨ੍ਹਾਂ ੧੧ ਸਿੰਘਾਂ ਦੇ ਸਪੁਰਦ ਕਰ ਦਿੱਤੀ। ਅਤੇ ਹੁਣ ਉਹ ਸੇਵਾ ਕਰ ਰਹੇ ਹਨ।

ਇਸ ਤੋਂ ਪਿੱਛੋਂ ਗੁਰਦੁਆਰੇ ਦੇ ਯੋਗ ਪ੍ਰਬੰਧ ਲਈ ੧੧ ਮੁੱਖੀ ਸਿੰਘਾਂ ਦੀ ਕਮੇਟੀ ਬਣਾਈ ਗਈ ਜਿਸ ਵਿਚ ੩ ਸਿੰਘ ਸਭਾ ਵੱਲੋਂ ੩ ਖਾਲਸਾ ਪ੍ਰਚਾਰਕ ਜਥੇ ਵੱਲੋਂ ਸਿੱਖ ਲੀਗ ਵੱਲੋਂ ਤੇ ੨ ਆਮ ਸੰਗਤ ਵੱਲੋਂ ਲਏ ਗਏ।

ਭਾਈ ਹਰੀ ਸਿੰਘ ਗ੍ਰੰਥੀ ਨੇ ਸੱਚ ਮੁਚ ਸੰਗਤ ਨਾਲ ਟਾਕਰਾ ਲੈ ਕੇ ਆਪਣੇ ਪੈਰਾਂ ਆਪ ਕੁਹਾੜਾ ਮਾਰ ਲਿਆ ਹੈ। ਜਿਸ ਸੰਗਤ ਦੇ ਹੁਕਮ ਨੂੰ ਮੰਨ ਕੇ ਸਤਿਗੁਰੂ ਅਰਜਨ ਦੇਵ ਜੀ ਤਵੀਆਂ ਤੇ ਬੈਠਣਾ ਤੇ ਗਰਮ ਦੇਗਾਂ ਵਿਚ

ਉਬਲਨਾ ਮੰਜ਼ੂਰ ਕਰਦੇ ਹਨ। ਜਿਸ ਸੰਗਤ ਦੀ ਆਗਿਆ ਨੇ ਦਸਮੇਸ਼ ਗੁਰੂ ਜੀ ਤੋਂ ਮਾਫੀ ਮੰਗਵਾਈ ਹੈ ਤੇ ਤਨਖ਼ਾਹ ਲਗਾਈ ਹੈ। ਸਾਨੂੰ ਸਮਝ ਨਹੀਂ ਆਉਂਦੀ ਕਿ ਭਾਈ ਹਰੀ ਸਿੰਘ ਗ੍ਰੰਥੀ ਉਸੇ ਸੰਗਤ ਦੇ ਸਾਹਮਣੇ ਕਿਉਂ ਆਕੜਿਆ ਫਿਰਦਾ ਹੈ! ਇਸ ਨੇ ਗੁਰਦੁਆਰੇ ਨੂੰ ਜਿਸ ਬੁਰੀ ਤਰ੍ਹਾਂ ਬਰਬਾਦ ਕੀਤਾ ਹੈ ਉਸ ਨੂੰ ਹਾਲਾਂ ਛੋੜਿਆ ਵੀ ਨਹੀਂ ਗਿਆ! ਗੁਰਦੁਆਰੇ ਦਾ ਵੇਹੜਾ ਮਹੀਆਂ ਗਾਈਆਂ ਦਾ ਵਾੜਾ ਬਣਿਆ ਹੋਇਆ ਹੈ ਜਿਸ ਦਾ ਸੈਂਕੜੇ ਰੁਪਏ ਕਿਰਾਇਆ ਭਾਈ ਖਾਂਦਾ ਹੈ। ਗੁਰਦੁਆਰੇ ਦੇ ਸਾਹਮਣੇ ਮਕਾਨ ਵਿਚ ਖਰਾਸ ਲਗਵਾਇਆ ਹੋਇਆ ਹੈ ਹੋਰ ਗੁਰਦੁਆਰੇ ਦੀਆਂ ਹਟੀਆਂ ਤੰਮਾਕੂ ਅਤੇ ਕਸਾਈਆਂ ਨੂੰ ਕੁਠਾ ਮਾਸ ਵੇਚਣ ਲਈ ਕਰਾਏ ਤੇ ਦਿੱਤੀਆਂ ਹੋਈਆਂ ਹਨ ਇਸ ਤੋਂ ਬਿਨਾਂ ਹੋਰ ਕਈ ਗੁਪਤ ਕਰਾਵਾਈਆਂ ਗੁਰਦੁਆਰੇ ਵਿਚ ਹੁੰਦੀਆਂ ਰਹਿੰਦੀਆਂ ਹਨ ਜੋ ਲਿਖਣ ਵਿਚ ਨਹੀਂ ਆ ਸਕਦੀਆਂ!

ਭਾਈ ਨੂੰ ਇਧਰ ਆਪਣੀਆਂ ਕਰਤੂਤਾਂ ਅਤੇ ਉਧਰ ਸੰਗਤ ਦਾ ਇਤਬਾਰ ਅਤੇ ਭਰੋਸਾ ਯਾਦ ਕਰ ਕੇ ਸ਼ਰਮ ਨਾਮ ਡੁਬ ਮਰਨਾ ਚਾਹੀਦਾ ਹੈ! ਉਹ ਸੰਗਤ ਦੇ ਚਰਨਾਂ ਵਿਚ ਡਿਗ ਕੇ ਮਾਫੀ ਮੰਗਣ ਤੇ ਸੱਚ ਮੁਚ ਦਾ ਗ੍ਰੰਥੀ ਬਣ ਕੇ ਸੇਵਾ ਕਰਨ ਦੀ ਥਾਂ ਸਗੋਂ ਟਾਕਰਾ ਕਰਨ ਲਈ ਡੱਟ ਖਲੋਤਾ ਹੈ! ਅਜੇ ਵੀ ਉਸ ਵਾਸਤੇ ਮੌਕਾ ਹੈ। ਸੰਗਤ ਦੇ ਚਰਨ ਫੜ ਲਵੇ, ਅਤੇ ਆਪਣੇ ਆਪ ਨੂੰ ਚੰਦੂ ਅਤੇ ਪ੍ਰਿਥੀਏ ਦੀ ਸ਼੍ਰੇਣੀ ਵਿਚ ਨਾ ਰਲਾਵੇ। ਗੁਰੂ ਅਤੇ ਸੰਗਤ ਦਾ ਬਿਰਧ "ਜੋ ਸ਼ਰਨ ਆਵੇ ਤਿਸ ਕੰਠ ਲਾਵੇ" ਹੈ। ਇਸ ਲਈ ਉਸ ਨੂੰ ਨਿਰਮਾਣ ਹੋ ਕੇ ਸੰਗਤ ਅੱਗੇ ਨਿਵ ਜਾਣਾ ਚਾਹੀਦਾ ਹੈ। ਨਹੀਂ ਤਾਂ ਉਸ ਨੂੰ ਫਿਰ ਇਹ ਮੌਕਾ ਨਹੀਂ ਲਗਣਾ।

ਅਕਾਲੀ ਲਾਹੌਰ, ੧ ਅਕਤੂਬਰ ੧੯੨੦

ਸਿੱਖ ਅਤੇ ਨਾ ਮਿਲਵਰਤਨ

ਸਰਦਾਰ ਉਜਲ ਸਿੰਘ ਜੀ ਐਮ. ਏ. ਵਲੈਤ ਤੋਂ ਵਾਪਸ ਆਉਂਦਿਆਂ ਬੰਬਈ ਕਿਸੇ ਅਖ਼ਬਾਰ ਦੇ ਪੱਤਰ ਪ੍ਰੇਰਕ ਨੂੰ ਮਿਲੇ ਤੇ ਆਖਿਆ—

'ਸਰਦਾਰ ਨੇ ਮੁਸਲਮਾਨਾਂ ਵਾਂਗ ਸਿੱਖਾਂ ਨੂੰ ਵਖਰੇ ਅਧਿਕਾਰ ਦੇਣ ਦੇ ਇਕਰਾਰ ਪੂਰੇ ਨਹੀਂ ਕੀਤੇ। ਅਸੀਂ ਵਲੈਤੋਂ ਨਿਰਾਸ਼ ਹੋ ਕੇ ਮੁੜੇ ਹਾਂ ਤੇ ਸਾਡੇ ਦਿਲ ਖਟੇ ਹੋ ਗਏ ਹਨ। ਸਾਡਾ ਨੌਕਰਸ਼ਾਹੀ ਉੱਤੇ ਭਰੋਸਾ ਨਹੀਂ ਰਿਹਾ। ਹੁਣ ਅਸਾਂ ਆਪਣੇ ਪੈਰਾਂ ਤੇ ਖੜ੍ਹੇ ਹੋਣ ਦਾ ਪਕਾ ਇਰਾਦਾ ਕਰ ਲਿਆ ਹੈ। ਅਸੀ ਨਾ ਮਿਲਵਰਤਨ ਸਬੰਧੀ ਬੜੀ ਡੂੰਘੀ ਵਿਚਾਰ ਕਰਾਂਗੇ। ਸਾਨੂੰ ਵਲੈਤ ਵਿਚ ਪ੍ਰਚਾਰ ਲਈ ਕਾਮਯਾਬੀ ਹੋਈ, ਰਾਜ ਕਰਮਚਾਰੀਆਂ ਨੇ ਹਮਦਰਦੀ ਪ੍ਰਗਟ ਕੀਤੀ ਪਰ ਨਿਸਫਲ, ਅਸੀਂ ਵਖਰੇ ਅਧਿਕਾਰਾਂ ਨੂੰ ਠੀਕ ਨਹੀਂ ਸਮਝਦੇ ਜੇ ਮੁਸਲਮਾਨ ਵਖਰੇ ਅਧਿਕਾਰ ਲੈਣੇ ਛਡ ਦੇਣ ਤਾਂ ਅਸੀਂ ਵੀ ਝਟ-ਪਟ ਇਸੇ ਤਰ੍ਹਾਂ ਕਰਾਂਗੇ।

ਸਾਡੀ ਉਨਤੀ ਦੇ ਰਾਹ ਵਿਚ ਨਵੀਆਂ ਰੋਕਾਂ!

ਇਸ ਵੇਲੇ ਸਾਰੀ ਦੁਨੀਆਂ ਦੀਆਂ ਕੌਮਾਂ ਕਾਫੀ ਤੇਜ਼ੀ ਨਾਲ ਉਨਤੀ ਵੱਲ ਭਜ ਰਹੀਆਂ ਹਨ। ਖ਼ਾਸ ਹਿੰਦੁਸਤਾਨ ਵਿਚ ਸਾਡੇ ਹਿੰਦੂ ਤੇ ਮੁਸਲਮਾਨ ਭਰਾ ਕੌਮੀ ਉਨਤੀ ਵਿਚ ਦਿਨ ਅਤੇ ਰਾਤ ਜੁਟੇ ਪਏ ਹਨ। ਕੌਮੀ ਦਰਦੀਆਂ ਨੂੰ ਸਵਾਏ ਕੌਮੀ ਉਨਤੀ ਦੇ ਕੱਖ ਨਹੀਂ ਸੁਝਦਾ। ਪਿਛਲੇ ਸਾਲ ਤੋਂ ਖਾਲਸਾ ਕੌਮ ਨੇ ਵੀ ਕੁਝ ਪਾਸਾ ਪਰਤਿਆਂ ਸੀ। ਸਿੱਖ ਲੀਗ ਬਣਾਈ, ਡਿਸਟ੍ਰਿਕਟ ਲੀਗਾਂ ਬਣਾਈਆਂ ਕੁਝ ਜਲਸੇ ਹੋਏ, ਕਈ ਗੁਰਮਤੇ ਪਾਸ ਹੋਏ ਅਤੇ ਕੰਮ ਵਿਚ ਹਿਲ ਜੁਲ ਪੈਦਾ ਹੋ ਗਈ ਪਰ ਨੌਕਰ ਸ਼ਾਹੀ ਨੂੰ ਸਿੱਖ ਕੌਮ ਦੀ ਇਹ ਜਾਗ ਪਸੰਦ ਨਾ ਆਈ। ਥਾਓਂ ਥਾਂਈ ਝੋਲੀ ਚੁੱਕਾਂ ਦੇ ਨਾਲ ਮਿਲ ਕੇ ਧਰਮ ਅਸਥਾਨਾਂ ਦੇ ਝਗੜੇ ਖੜ੍ਹੇ ਕਰਾ ਦਿੱਤੇ। ਗੁਰਦੁਆਰਿਆਂ ਵਿਚ ਬੇਅਦਬੀਆਂ ਸ਼ੁਰੂ ਕਰਾ ਦਿੱਤੀਆਂ। ਕਿਧਰੇ ਗੁਰਧਾਮਾਂ ਵਿਚ ਸ਼ਬਦ ਪੜ੍ਹਨ ਤੋਂ ਰੋਕਿਆਂ ਜਾਂਦਾ ਹੈ ਕਿਧਰੇ ਕ੍ਰਿਪਾਨ ਗਾਤਰੇ ਪਾਏ ਸਿੰਘਾਂ ਨੂੰ ਧਕੇ ਮਾਰ ਕੇ ਬਾਹਰ ਕੱਢਿਆ ਜਾਂਦਾ ਹੈ ਕਿਧਰੇ ਹੋਰ ਉਪਦਰਵ ਕਰ ਕੇ ਖਾਲਸੇ ਦੇ ਕਲੇਜੇ ਵਿਚ ਬਰਛੀਆਂ ਮਾਰੀਆਂ ਜਾਂਦੀਆਂ ਹਨ। ਥੋੜੇ ਦਿਨਾਂ ਦੀ ਗੱਲ ਹੈ ਕਿ ਪਧਰੀ ਵਿਚ ਇਕ ਥਾਣੇਦਾਰ ਨੇ ਗੁਰਦੁਆਰੇ ਵਿਚ ਡੇਰਾ ਕਰ ਕੇ ਉਥੇ ਹੀ ਤੰਮਾਕੂ ਪੀਤਾ, ਕੁੱਕੜ ਕੋਹੇ ਅਤੇ ਇਕ ਅਣਖ ਵਾਲੇ ਸਿੱਖ ਨੇ ਇਤਰਾਜ਼ ਕਰਨ ਤੇ ਉਸ ਨੂੰ ਫੜ ਲਿਆ।

ਇਕ ਦੋ ਥਾਵਾਂ ਤੋਂ ਹੋਰ ਵੀ ਖਬਰ ਆਈ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਤਕ ਕੀਤੀ ਗਈ ਹੈ।

ਹਰ ਰੋਜ ਨਵੀਂ ਤੋਂ ਨਵੀਂ ਬੇਅਦਬੀ ਅਤੇ ਖਾਲਸਾ ਪੰਥ ਦੀ ਹੱਤਕ ਵੇਖ ਕੇ ਹੈਰਾਨ ਹੋਈ ਦਾ ਹੈ ਕਿ ਖਬਰੇ ਨੌਕਰਸ਼ਾਹੀ ਨੇ ਸਿੱਖਾਂ ਤੋਂ ਕਿਤਨਾ ਕੁ ਵੈਰ ਲੈਣਾ ਹੈ ?

ਸਿੱਖ ਗੁਰਦੁਆਰਿਆਂ ਦੀਆਂ ਨਿਰਾਦਰੀਆਂ ਸਿੱਖ ਅਸੂਲਾਂ ਉੱਤੇ ਧਾੜੇ, ਅਤੇ ਸਿੱਖ ਰਹਿਤਾਂ ਦੀਆਂ ਪਾਬੰਦੀਆਂ ਨੇ ਸਾਰੇ ਪੰਥ ਦਾ ਧਿਆਨ ਰਾਜਸੀ ਕੰਮਾਂ ਵੱਲੋਂ ਉਲਟਾ ਕੇ ਇਸ ਪਾਸੇ ਲਾ ਦਿੱਤਾ ਹੈ।

ਪ੍ਰਤੀਤ ਹੁੰਦਾ ਹੈ ਕਿ ਨੌਕਰਸ਼ਾਹੀ ਨੇ ਇਹ ਸਾਰਾ ਉਪਰਾਲਾ ਸਿੱਖ ਪੰਥ ਨੂੰ ਰਾਜਸੀ ਕੰਮਾਂ ਵਿਚ ਹਿੱਸਾ ਲੈਣ ਤੋਂ ਰੋਕਣ ਲਈ ਕੀਤਾ ਹੈ।

ਇਕ ਗੁਰਦੁਆਰੇ ਦਾ ਰੌਲਾ ਪੈਂਦਾ ਹੈ ਸਾਰੀਆਂ ਅਖ਼ਬਾਰਾਂ ਉਸੇ ਪਾਸੇ ਲੱਗ ਪੈਂਦੀਆਂ ਹਨ, ਸਾਰੇ ਜਥੇ ਜਲਸੇ ਕਰਦੇ ਅਤੇ ਰੈਜ਼ੂਲੇਸ਼ਨ ਪਾਸ ਕਰਦੇ ਹਨ ਅਤੇ ਇਕ ਦੋ ਮਹੀਨੇ ਰੌਲਾ ਪਾਂਦਿਆਂ ਗੁਜ਼ਰਦੇ ਹਨ ਤਾਂ ਮਾੜਾ ਜਿਹਾ ਸਰਕਾਰੀ ਐਲਾਨ ਹੋ ਜਾਂਦਾ ਹੈ ਕਿ "ਇਸ ਦਾ ਪ੍ਰਬੰਧ ਸਿੱਖਾਂ ਨੂੰ ਦਿੱਤਾ ਜਾਵੇਗਾ" ਕੇਵਲ ਇਤਨੇ ਐਲਾਨ ਉੱਤੇ ਹੋਰ ਗੁਰਦੁਆਰੇ ਜਾਂ ਧਾਰਮਿਕ ਅਸੂਲ ਉੱਤੇ ਡਾਕਾ ਆਣ ਵਜਦਾ ਹੈ। ਇਸ ਦਾ ਨਤੀਜਾ ਕੀ ਹੋਵੇਗਾ ? ਖਾਲਸਾ ਪੰਥ ਨੂੰ ਰਾਜਸੀ ਕੰਮਾਂ ਵਿੱਚੋਂ ਹਿੱਸਾ ਲੈਣ ਤੋਂ ਲਾਂਭੇ ਰੱਖ ਕੇ ਹੌਲੀ ਹੌਲੀ ਕਈ ਵਰ੍ਹੇ ਬਿਤਾਏ ਜਾਣਗੇ। ਅਤੇ ਹੋਰ ਵੱਖ-ਵੱਖ ਤਰੀਕਿਆਂ ਨਾਲ ਪਾਸੇ ਰੱਖ ਕੇ ਸਾਰੇ ਭਾਰਤ ਦੀ ਉਨਤੀ ਵਿਚ ਇਕ ਰੋੜਾ ਬਨਾਇਆ ਜਾਵੇਗਾ।

ਅਸੀਂ ਵੰਗਾਰ ਕੇ ਕਹਿੰਦੇ ਹਾਂ ਕਿ ਨੌਕਰਸ਼ਾਹੀ ਦੀ ਇਹ ਚਾਲ ਸਿੱਖਾਂ ਵਿਚ ਅਤੇ ਸਰਕਾਰ ਵਿਚ ਕਦੀ ਨਾ ਮਿਲਨ ਵਾਲਾ ਪਾੜਾ ਪਾ ਦੇਵੇਗੀ। ਸਿੱਖ ਪੰਥ ਨੂੰ ਰਾਜ ਖੋਏ ਜਾਣ ਦਾ ਕਦੀ ਇੰਨਾ ਦੁਖ ਨਹੀਂ ਹੋਇਆ, ਖਾਲਸਾ ਕਾਲਜ ਗਵਾ ਲੈਣ ਦੀ ਕਦੀ ਇਤਨੀ ਪੀੜ ਨਹੀਂ ਹੋਈ ਅਤੇ ਅਸੀਂ ਸੱਚ ਕਹਿੰਦੇ ਹਾਂ ਕਿ ਗੁਰਦੁਆਰਿਆਂ ਦੇ ਸਰਬਰਾਹੀ ਪ੍ਰਬੰਧ ਨੇ ਵੀ ਇਤਨਾ ਵਿਆਕੁਲ ਨਹੀਂ ਕੀਤਾ ਜਿਤਨਾ ਨੌਕਰਸ਼ਾਹੀ ਦੀਆਂ ਮੌਜੂਦਾ ਖ਼ਤਰਨਾਕ ਚਾਲਾਂ ਕਲੇਜਾ ਚੀਰ ਰਹੀਆਂ ਹਨ।

ਦਰਬਾਰ ਸਾਹਿਬ ਅੰਮ੍ਰਿਤਸਰ ਸਬੰਧੀ ਸਾਰੇ ਪੰਥ ਵਿਚ ਕਿਤਨਾ ਰੌਲਾ ਮਚਿਆ ਹੋਇਆ ਹੈ। ਫਿਰ ਕਿਉਂ ਨਹੀਂ ਅਰੂੜ ਸਿੰਘ ਦੀ ਮੌਕੂਫੀ ਦਾ ਹਾਲਾਂ ਤਕ ਐਲਾਨ ਹੋਇਆ ? ਗੁਰਦੁਆਰਾ ਰਕਾਬ ਗੰਜ ਦੀ ਢਠੀ ਹੋਈ ਕੰਧ ਕਿਉਂ ਨਹੀਂ ਸਰਕਾਰ ਨੇ ਹਾਲਾਂ ਤਕ ਚੜ੍ਹਾਈ ? ਜਬਾਨੀ ਜ਼ਬਾਨੀ ਕਿਸੇ ਅਫ਼ਸਰ ਕੋਲੋਂ ਇਹ ਅਖਵਾ ਦੇਣਾ ਕਿ ਸਿੱਖ ਪਏ ਦੜ੍ਹਾ ਲੈਣ ਲਈ ਅਰਥ ਨਹੀਂ ਰੱਖਣਾ। ਇਹ ਉਸ ਭਾਰਤ ਦੇ ਰਖਿਆ ਗੁਰੂ ਦੀ ਯਾਦਗਾਰ ਹੈ ਜਿਸ ਦੇ ਨਾਮ ਉੱਤੇ ਨਾ ਕੇਵਲ ਸਿੱਖ ਬਲਕਿ ਸਾਰੇ ਹਿੰਦੂਵਾਸੀ ਸਦਕੇ ਹੋ ਰਹੇ ਹਨ। ਸਿੱਖ ਗੁਰਦੁਆਰਾ ਹੈ ਅਤੇ ਸਿੱਖਾਂ ਨੇ ਆਪ ਤਾਂ ਕੰਧ ਚੜ੍ਹਾ ਹੀ ਲੈਣੀ ਹੈ। ਸਾਡੇ ਖ਼ਿਆਲ ਵਿਚ ਜੇ ਸਰਕਾਰ ਵੱਲੋਂ ਭੀ ਇਹ ਐਲਾਨ ਹੋ ਜਾਵੇ ਕਿ ਸਿੱਖ ਕੰਧ ਪਏ ਚੜ੍ਹਾ ਲੈਣ ਤਦ ਵੀ ਕੋਈ ਖੁਸ਼ੀ ਨਹੀਂ ਸਰਕਾਰ ਆਪ ਕਿਉਂ ਨਾ ਚੜ੍ਹਾ ਦੇਵੇ ਇਸ ਕੰਧ ਦੇ ਚੜ੍ਹਨ ਵਿਚ ਕੀ ਸਰਕਾਰ ਦੇ ਖਜ਼ਾਨੇ ਖਾਲੀ ਹੋ ਜਾਣਗੇ ? ਜੇ ਸਰਕਾਰ ਦੇ ਦਿਲ ਵਿਚ ਲੱਖਾਂ ਸੂਰਬੀਰ ਸਿੰਘਾਂ ਦੀ ਸਰਕਾਰ ਬਦਲੇ ਸ਼ਹੀਦੀ ਦੀ ਕੁਝ ਵੀ ਖ਼ਿਆਲ ਹੈ ਤਾਂ ਇਹ ਢਾਹੀ ਹੋਈ ਕੰਧ ਸਰਕਾਰ ਨੂੰ ਬਹੁਤ ਛੇਤੀ ਆਪ ਬਣਾ ਦੇਣੀ ਚਾਹੀਦੀ ਹੈ।

ਸਿਆਲਕੋਟ ਬਾਬੇ ਦੀ ਬੇਰ ਵਿਚ ਗੰਡਾ ਸਿੰਹੁ ਦਾ ਕਿਉਂ ਦਖ਼ਲ ਹੈ ?

ਜਦ ਤੀਕ ਸਰਕਾਰ ਪੰਜਾਬ ਵੱਲੋਂ ਇਕ ਐਲਾਨ ਹੋ ਕੇ ਇਹ ਨਾ ਪ੍ਰਗਟ ਕੀਤਾ ਜਾਵੇ ਕਿ ਸਿੱਖ ਧਰਮ ਅਸਥਾਨਾਂ ਵਿਚ ਅਫ਼ਸਰ ਅਤੇ ਗ਼ੈਰ ਸਿੱਖ ਕੋਈ ਦਖਲ ਨਾ ਦੇਵੇ ਅਤੇ ਧਾਰਮਿਕ ਕਾਰਜਾਂ ਵਿਚ ਪੂਰੀ ਪੂਰੀ ਆਜ਼ਾਦੀ ਦਿੱਤੀ ਜਾਵੇ ਤਦ ਤੀਕਣ ਸਿੱਖ ਪੰਥ ਇਹੋ ਹੀ ਸਮਝੇਗਾ ਕਿ ਸਾਨੂੰ ਜਾਣ ਬੁਝ ਕੇ ਰਾਜਸੀ ਕੰਮਾਂ ਤੋਂ ਲਾਂਭੇ ਰੱਖਣ ਲਈ ਉਪਰਾਲੇ ਹੋ ਰਹੇ ਹਨ ਅਤੇ ਇਸ ਨਾਲ ਸਰਕਾਰ ਅਤੇ ਸਿੱਖਾਂ ਲਈ ਚੰਗੇ ਨਤੀਜੇ ਨਹੀਂ ਨਿਕਲ ਸਕਣਗੇ।

ਇਥੇ ਸਾਡਾ ਮਤਲਬ ਇਹ ਨਹੀਂ ਕਿ ਸਿੱਖ ਧਾਰਮਿਕ ਕੰਮ ਛਡ ਦੇਣ ਜਾਂ ਇਨ੍ਹਾਂ ਵੱਲ ਕੋਈ ਧਿਆਨ ਨਾ ਦੇਣ। ਸਾਡਾ ਪ੍ਰਯੋਜਨ ਤੇ ਜਾਨ ਸਭ ਤੋਂ ਵਧ ਪਿਆਰਾ ਹੈ ਅਤੇ ਧਰਮ ਦੀ ਰਤਾ ਜਿਨੀ ਹਾਨੀ ਵੇਖ ਕੇ ਵੀ ਖਾਲਸਾ ਪੰਥ ਨੂੰ ਹੋਰ ਕੱਖ ਨਹੀਂ ਸੁਝਦਾ! ਇਉ ਧਾਰਮਿਕ ਪਿਆਰ ਤੋਂ ਨੌਕਰਸ਼ਾਹੀ ਇਹ ਫਾਇਦਾ ਉਠਾਂਦੀ ਹੈ ਕਿ ਸਿੱਖਾਂ ਨੂੰ ਧਾਰਮਿਕ ਝਗੜਿਆਂ ਵਿਚ ਪਾ ਕੇ ਰਾਜਸੀ ਹਿਲ ਜੁਲ ਤੋਂ ਲਾਂਭੇ ਹੀ ਰਹਿਣ ਦਿੱਤਾ ਜਾਵੇ। ਕਿਉਂਕਿ ਸਿੱਖਾਂ ਦੀ ਕੁਰਬਾਨੀ

ਅਤੇ ਬੀਰਤਾ ਜਦ ਸੁਤੰਤਰਤਾ ਪ੍ਰਾਪਤ ਕਰਨ ਲਈ ਜੁਟ ਪਈ ਤਾਂ ਦਿਨਾਂ ਵਿਚ ਹੀ ਨੌਕਰਸ਼ਾਹੀ ਦੀ ਤਾਕਤ ਮਾਤ ਪੈ ਜਾਵੇਗੀ।

ਇਸ ਵੇਲੇ ਮੁਲਕ ਦੇ ਸਾਹਮਣੇ ਪੰਜਾਬ ਦੇ ਜ਼ੁਲਮਾਂ ਦਾ ਸਵਾਲ, ਸੁਧਾਰ ਸਕੀਮ, ਖ਼ਿਲਾਫਤ. ਰਾਜਸੀ ਕੈਦੀਆਂ ਤੇ ਹੋਰ ਕਿਤਨੇ ਹੀ ਜ਼ਰੂਰੀ ਸਵਾਲ ਹਨ ਜਿਨਾਂ ਉੱਤੇ ਸਿੱਖ ਪੰਥ ਨੇ ਵਿਚਾਰ ਕਰ ਕੇ ਮੁਲਕ ਦੇ ਨਾਲ ਮੋਢਾ ਜੋੜ ਕੇ ਤੁਰਨਾਂ ਹੈ ਕਿਉਂ ਕਿ ਸਿੱਖ ਵੀ ਹਿੰਦ ਵਾਸੀ ਹਨ ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਡੇ ਧਾਰਮਿਕ ਅਸਥਾਨਾਂ ਵਿਚ ਸਰਕਾਰ ਦਾ, ਕਿਸੇ ਸਰਕਾਰੀ ਅਫ਼ਸਰ ਦਾ ਜਾਂ ਸਰਕਾਰੀ ਆਦਮੀ ਦਾ ਕੋਈ ਦਖ਼ਲ ਨਾ ਹੋਵੇ ਅਤੇ ਇਨਾਂ ਦਾ ਪ੍ਰਬੰਧ ਨਿਰੋਲ ਸਿੱਖ ਪੰਥ ਉਪਰ ਛੱਡ ਦਿੱਤਾ ਜਾਵੇ। ਤਾਂ ਜੇ ਗੁਰ ਆਸ਼ੇ ਅਨੁਸਾਰ ਸਭ ਪ੍ਰਬੰਧ ਕਰ ਕੇ ਰਾਜਸੀ ਕੰਮਾਂ ਵਿਚ ਵੀ ਹਿੱਸਾ ਲੈਣ ਅਤੇ ਦੇਸ਼ ਸੇਵਾ ਦਾ ਫਰਜ਼ ਪੂਰਾ ਕਰਨ।

ਗੁਰਦੁਆਰਾ ਜਨਮ ਅਸਥਾਨ (ਨਾਨਕਾਣਾ ਸਾਹਿਬ) ਮਹੰਤ ਨਰੈਣ ਦਾਸ ਕਰਤੂਤਾਂ

ਮਹੰਤ ਕਿਸ਼ਨ ਦਾਸ ਦੇ ਵਕਤ ਵਿਚ ਮਹੰਤ ਨਰੈਣ ਦਾਸ ਨੇ ਇਕ.... ਨੂੰ ਰੱਖਿਆ ਸੀ। ਉਸ ਵਕਤ ਦੀ ਸੰਗਤ ਅਰ ਮਹੰਤ ਕਿਸ਼ਨ ਦਾਸ ਨੇ ਇਸ ਨੂੰ ਗੁਰਦੁਆਰੇ ਤੋਂ ਕੱਢ ਦਿੱਤਾ ਸੀ। ਜਦੋਂ ਮਹੰਤ ਕਿਸ਼ਨ ਦਾਸ ਲਾਹੌਰ ਆ ਕੇ ਮੋਇਆ ਉਸ ਦੇ ਖਜ਼ਾਨੇ ਦੀਆਂ ਚਾਬੀਆਂ ਨਰੈਣ ਦਾਸ ਦੇ ਹੱਥ ਆ ਗਈਆਂ। ਸੁਣਿਆ ਜਾਂਦਾ ਹੈ ਕਿ ਮਹੰਤ ਕ੍ਰਿਪਾ ਰਾਮ ਦੀ ਰਾਹੀਂ...ਦੇ ਕੇ ਮਹੰਤ ਬਣ ਗਿਆ। ਉਸ ਵੇਲੇ ਇਕ ਇਸ਼ਟਾਮ ਲਾਲਾ ਗੌਰੀ ਸ਼ੰਕਰ ਆਫਿਸ਼ੇਟਿੰਗ ਡੀ. ਸੇ. ਨੇ ਲਿਖਵਾਇਆ ਸੀ। ਜਿਸ ਦਾ ਮਤਲਬ ਇਹ ਸੀ, ਕਿ ਮੈਂ ਝਾੜੂ ਬਰਦਾਰ ਰਹਾਂਗਾਂ ਅਤੇ ਵਿਆਹ ਨਹੀਂ ਕਰਾਵਾਂਗਾ ਤੇ ਕੁਲ ਰੁਪਿਆ ਗੁਰਦੁਆਰੇ ਲੰਗਰ ਅਤੇ ਵਿੱਦਿਆ ਤੇ ਖਰਚ ਕਰਾਂਗਾ ਤੇ ਖਰਚ ਦਾ ਹਿਸਾਬ ਕਿਤਾਬ ਦਿਆਂਗਾ ਉਸ ਇਸ਼ਟਾਮ ਦੀ ਨਕਲ ਸਾਰੇ ਅਖ਼ਬਾਰਾਂ ਵਿਚ ਛਪ ਚੁਕੀ ਸੀ ਇਸ ਵੇਲੇ ਉਸ ਨੇ ਇਕ ਸ਼ਰਤ ਪੂਰੀ ਨਹੀਂ ਕੀਤੀ। ਗੁਰਦੁਆਰੇ ਦੀ ਸਾਲਾਨਾ ਆਮਦਨੀ ਤਿੰਨ ਚਾਰ ਲੱਖ ਰੁਪੈ ਦੇ ਲੱਗ ਪਗ ਹੈ। ਇਸ ਦੇ ਗਦੀ ਬੈਠਣ ਤੋਂ ਲੈ ਕੇ ਹੁਣ ਤਕ ੧੫, ੧੬ ਲੱਖ ਆਮਦਨ ਆ ਚੁਕੀ ਹੈ ਜਿਸ ਵਿੱਚੋਂ ਇਸ ਨੇ ਅੱਜ ਤਕ ਸ਼ਾਇਦ ਹੀ ਕੁਝ ਚੰਗੇ ਪਾਸੇ ਖਰਚ ਕੀਤਾ ਹੈ। ਇਸ ਦਾ ਲੰਗਰ ਮਹੰਤ ਕ੍ਰਿਪਾ ਰਾਮ ਨਾਲੋਂ ਘਟ ਚਲਦਾ ਹੈ, ਕੇਵਲ ਆਪਣੇ ਮਤਲਬ ਦੇ ਬੰਦਿਆਂ ਨੂੰ ਰੋਟੀ ਖਲਾਂਉਂਦਾ ਹੈ ਤੇ ਸੰਗਤ ਨੂੰ ਅਤੇ ਗਰੀਬਾਂ ਨੂੰ ਇਸ ਦੇ ਲੰਗਰ ਤੋਂ ਕੋਈ ਲਾਭ ਨਹੀਂ। ਹਾਂ ਜਦੋਂ ਕਦੀ ਅਫ਼ਸਰ ਆ ਜਾਵੇ ਤਾਂ ਕਿਤਾਬ ਤੇ ਲਿਖਾਉਣ ਲਈ ਬਹੁਤ ਸਾਰੇ ਆਸ ਪਾਸ ਦੇ ਆਦਮੀਆਂ ਨੂੰ ਇਕੱਠੇ ਕਰ ਕੇ ਬੈਠਾ ਲੈਂਦਾ ਹੈ, ਜਾਂ ਮੇਲੇ ਦੇ ਦਿਨਾਂ ਵਿਚ ਦੋ ਦਿਨ ਲੰਗਰ ਚਲਾਂਦਾ ਹੈ ਉਸ ਵੇਲੇ ਹੋਰ ਭੀ ਸੰਗਤਾਂ ਦੇ ਕਈ ਲੰਗਰ ਚਲਦੇ ਹਨ ਇਸ ਦੇ ਲੰਗਰ ਦਾ ਖ਼ਾਸ ਲਾਭ ਨਹੀਂ ਹੁੰਦਾ, ਉਹ ਹੀ ਮਰਾਸਣ ਹੁਣ ਮਹੰਤਣੀ ਬਨੀ ਹੋਈ ਹੈ ਉਸ ਦੇ ਤਿੰਨ ਚਾਰ ਬੱਚੇ ਬੱਚੀਆਂ ਭੀ ਹਨ।.........ਸਾਰੇ ਸ਼ਹਿਰ ਵਿਚ ਵਰਤੀ ਹੋਈ ਹੈ ਅਰ ਜਨਮ ਅਸਥਾਨ ਦੇ ਰਬਾਬੀ ਜੋ ਅੰਮ੍ਰਿਤ ਛਕ ਕੇ ਸਿੰਘ ਬਨ ਗਏ ਹਨ, ਉਨ੍ਹਾਂ ਨੂੰ ਖੂਹ ਤੋਂ ਪਾਣੀ ਭੀ ਨਹੀਂ ਭਰਨ ਦੇਂਦਾ। ਰਾਏ ਸਿਰੀ ਰਾਮ, ਐਮ. ਡੀ. ਓ. ਜਿਸ ਨੇ ਮਾਰਸ਼ਲ-ਲਾਅ ਵਿਚ ਜ਼ੁਲਮ ਕੀਤੇ ਸਨ। ਉਸ ਨਾਲ ਮਿਲ ਕੇ ਇਹ ਹਾਈ ਸਕੂਲ ਦਾ ਢਾਂਚਾ ਖੜ੍ਹਾ ਕੀਤਾ ਹੈ ਕਿ ਮੈਂ ਪਬਲਿਕ ਦੇ ਫਾਇਦੇ ਦੇ ਵਾਸਤੇ ਇਕ ਹਾਈ ਸਕੂਲ ਖੋਲਾਂਗਾ। ਉਸ ਦੇ ਵਾਸਤੇ ਸਰਕਾਰ ਪਾਸੋਂ ਜ਼ਮੀਨ ਵੇਚਣ ਦੀ ਆਗਿਆ ਲੈ ਲਈ। ਅਤੇ ਤਿੰਨ ਚਾਰ ਲੱਖ ਰੁਪਇਆ ਵਟ ਲਿਆ ਅਤੇ ਸਕੂਲ ਵਾਸਤੇ ਜੋ ਇੱਟਾਂ ਢੋਈਆਂ ਸਨ। ਉਹ ਇੱਟਾਂ ਭੀ ਵੇਚਨੀਆਂ ਆਰੰਭ ਕਰ ਦਿੱਤੀਆਂ ਹਨ ਅਤੇ ਸਕੂਲ ਦਾ ਨਾਮੋ ਨਿਸ਼ਾਨ ਭੀ ਨਹੀਂ। ਬਾਕੀ ਰੁਪੈ ਦੇ ਨਾਲ ਕੁਝ ਮਕਾਨ ਲਾਹੌਰ ਬਨਵਾਏ ਹਨ। ਕੁਝ ਇਥੇ ਕੁਝ ਜ਼ਮੀਨਾਂ ਆਪਣੇ ਨਾਂ ਖਰੀਦੀਆਂ ਅਤੇ ਬਹੁਤ ਸਾਰੇ ਮੁਰਬੇ ਲਾਇਲਪੁਰ ਦੀ ਨੀਲਾਮੀ ਵਿੱਚੋਂ ਆਪਣੇ ਲੜਕੇ ਦੇ ਨਾਂ ਤੇ ਖਰੀਦੇ ਹਨ।

ਜਿਤਨੀ ਆਮਦਨ ਦਰਬਾਰ ਸਾਹਿਬ ਦੀ ਇਸ ਦੇ ਵਕਤ ਵਿਚ ਆਈ ਹੈ। ਉਹ ਆਪ ਹੜਪ ਕਰ ਗਿਆ ਹੈ ਜਾਂ ਕੁਝ ਰਿਸ਼ਵਤਾਂ ਵਿਚ ਗਈ ਹੈ ਤੇ ਗੁਰਦੁਆਰੇ ਤੇ ਸ਼ਾਇਦ ਕੁਝ ਖਰਚ ਕੀਤਾ ਹੋਵੇ।

(ਇਸ ਦੀਆਂ ਸਿਫ਼ਤਾਂ ਇਹ ਹਨ)

ਜਬਾਨ ਦਾ ਕੱਚਾ ਮਤਲਬ ਦਾ ਪਕਾ ਅਤੇ ਦਰਬਾਰ ਸਾਹਿਬ ਪੈਹਰ ਦਿਨ ਚੜੇ ਆ ਜਾਂਦਾ ਹੈ ਅਤੇ ਰਾਤ ਨੂੰ ਰਹਿਰਾਸ ਅਤੇ ਆਰਤੀ ਵੇਲੇ ਆਉਂਦਾ ਹੈ। ਗੁਰਦੁਆਰੇ ਆਸਾ ਦੀ ਵਾਰ ੭ ਵਜੇ ਲੱਗਦੀ ਹੈ। ਅਤੇ ੯ ਵਜੇ

ਭੋਗ ਪੈਂਦਾ ਹੈ।

(ਨਰੈਣ ਦਾਸ ਦਾ ਵੱਡਾ ਕੈਹਰ)

ਜੋ ਮੰਡੀ ਮਹੰਤ ਨਰੈਣ ਦਾਸ ਹੁਣ ਵੇਚ ਰਿਹਾ ਹੈ ਬਾਜ਼ਾਰ ਦੇ ਦਰਮਿਆਨ ਵਿਚ ਬਾਬਾ ਬੀਰ ਸਿੰਘ ਜੀ ਸ਼ਹੀਦ ਦਾ ਗੁਰਦੁਆਰਾ ਹੈ। ਜਿਸ ਨੂੰ ਬੜੀ ਬੇਰੈਹਮੀ ਨਾਲ ਗਿਰਾ ਕੇ ਵੇਚ ਰਿਹਾ ਹੈ। ਇਸ ਦੇ ਸਾਰੇ ਕਾਗਜਾਤ ਅਤੇ ਮਿਸਲਾਂ ਗੁਜਰਾਂਵਾਲੇ ਦੀ ਸੰਗਤ ਪਾਸ ਮੌਜੂਦ ਹਨ। ਸੁਣੀਦਾ ਹੈ ਕਿ ਇਸ ਗੁਰਦੁਆਰੇ ਦੇ ਨਾਮ ਬਹੁਤ ਸਾਰੀ ਜ਼ਮੀਨ ਸੀ ਜੋ ਇਸਨੇ ਕਾਬੂ ਕਰ ਲਈ ਹੈ। ਇਸ ਦੇ ਜਿਤਨੇ ਗੁਰ ਭਾਈ ਤੇ ਚੇਲੇ ਹਨ। ਜਿਤਨੇ ਇਸ ਅਸਥਾਨ ਦੇ ਸਾਧੂ ਹਨ। ਸਮੇਤ ਪੁਜਾਰੀ ਅਰ ਗ੍ਰੰਥੀਆਂ ਦੇ ਬਹੁਤ ਸਾਰੇ...ਹਨ। ਜੋ ਬਾਹਰੋਂ ਅਕਲੀ ਦੁਕਲੀ ਇਸਤਰੀਆਂ ਯਾਤਰਾ ਲਈ ਆਉਂਦੀਆਂ ਹਨ। ਉਨ੍ਹਾਂ ਦੀ ਪਤ ਖ਼ਤਰੇ ਵਿਚ ਹੈ ਜੋ ਆਪਣੇ ਨਾਲ ਸਾਮਾਨ ਤੇ ਨਗਦੀ ਲਿਆਉਂਦੇ ਹਨ। ਉਹ ਭੀ ਇਥੇ ਕਈ ਵੇਰ ਚੋਰੀ ਹੋ ਜਾਂਦੀ ਹੈ...ਇਸਤਰੀਆਂ ਨੂੰ....ਵਾਸਤੇ ਇਥੇ ਰਹਿੰਦੀਆਂ ਹਨ ਅਤੇ ਸ਼ਹਿਰ ਵਿਚ ਠੇਕੇ ਤੋਂ ਸਿਵਾ ਇਤਨੀ ਸ਼ਰਾਬ ਪੀਤੀ ਜਾਂਦੀ ਹੈ ਜਿਸ ਦਾ ਕੋਈ ਹੱਦ ਹਿਸਾਬ ਨਹੀਂ ਹਾਲਾਂ ਕਿ ਸਰਕਾਰ ਵੱਲੋਂ ਇਥੇ ਕੋਈ ਠੇਕਾ ਨਹੀਂ ਹੈ। ਕੇਵਲ ਮਹੰਤ ਹੋਰਾਂ ਦੀ ਹੀ ਕ੍ਰਿਪਾ ਨਾਲ ਇਨ੍ਹਾਂ ਪ੍ਰਚਾਰ ਹੋ ਗਿਆ ਹੈ। ਜੇ ਕਰ ਇਨ੍ਹਾਂ ਗੱਲਾਂ ਵਿੱਚੋਂ ਕੋਈ ਗੱਲ ਭੀ ਝੂਠ ਹੋਵੇ ਤਾਂ ਸਾਬਤ ਕਰੇ।

ਸੁਣਿਆ ਹੈ ਇਸ ਨੇ ਭੀ ਆਪਣੇ ਆਪ ਨੂੰ ਵੋਟਰਾਂ ਦੀ ਲਿਸਟ ਵਿਚ ਦਰਖ਼ਾਸਤ ਦੇ ਕੇ ਆਪਣਾ ਨਾਮ ਨਾ ਮਹੰਮਡਨ ਵਿਚ ਲਿਖਾਇਆ ਹੈ ਕਿ ਅਸੀਂ ਦਸਾਂ ਗੁਰੂਆਂ ਨੂੰ ਨਹੀਂ ਮੰਨਦੇ ਇਸ ਲਈ ਅਸੀਂ ਸਿੱਖ ਨਹੀਂ ਹਾਂ ਸਾਡਾ ਨਾਮ ਸਿੱਖਾਂ ਵਿਚ ਨਾ ਲਿਖਿਆ ਜਾਵੇ।

ਜੇ ਇਹ ਸੱਚ ਹੈ ਤਾਂ ਗੁਰੂ ਨਾਨਕ ਜੀ ਦੇ ਅਸਥਾਨ ਨਾਲ ਉਸ ਦਾ ਕੀ ਵਾਸਤਾ ਹੈ ?

(ਇਕ ਵਾਕਫ਼ਕਾਰ)

ਅਕਾਲੀ ਲਾਹੌਰ, ੨ ਅਕਤੂਬਰ ੧੯੨੦

ਗੁਰਦੁਆਰਾ ਪਾ: ਛੇਵੀਂ

੨੮ ਤਾਰੀਖ਼ ਸ਼ਾਮ ਨੂੰ ਫਿਰ ਭਾਰੀ ਜੋੜ ਮੇਲਾ ਹੋਇਆ ਸੰਗਤਾਂ ਨੇ ਹੁੰਮ ਹੁਮਾ ਕੇ ਦਰਸ਼ਨ ਦਿੱਤੇ, ਮਾਸਟਰ ਸੁੰਦਰ ਸਿੰਘ "ਲਾਇਲਪੁਰੀ" ਨੇ ਇਕ ਜ਼ਬਰਦਸਤ ਵਖਿਆਨ ਵਿਚ ਆਖਿਆ "ਖਾਲਸਾ ਜੀ ਇਸ ਗੁਰਦੁਆਰੇ ਦਾ ਤਾਂ ਇਕ ਸਾਧਾਰਨ ਕੰਮ ਹੈ ਸਾਰੇ ਗੁਰਧਾਮਾਂ ਦੇ ਸੁਧਾਰ ਅਤੇ ਪ੍ਰਬੰਧ ਲਈ ਤੁਹਾਨੂੰ ਕਿਤਨੀਆਂ ਹੀ ਕੁਰਬਾਨੀਆਂ ਕਰਨੀ ਪੈਣੀਆਂ ਹਨ, ਜੇ ਤੁਸੀਂ ਦੁਨੀਆਂ ਵਿਚ ਜੀਊਣਾ ਲੋੜਦੇ ਹੋ ਤਾਂ ਗੁਰਧਾਮਾਂ ਦੇ ਸੁਧਾਰ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਰੱਖੋ। ਸੰਗਤਾਂ ਨੇ ਗਾਹੜੀ ਕਮਾਈ ਨਾਲ ਇਹ ਪਵਿੱਤਰ ਅਸਥਾਨ ਅਤੇ ਯਾਦਗਾਰਾਂ ਬਣਾਈਆਂ ਹਨ ਇਨ੍ਹਾਂ ਨੂੰ ਅਸੀਂ ਹੁਣ ਅਯੋਗ ਢੰਗ ਨਾਲ ਕਿਸੇ ਨੂੰ ਨਹੀਂ ਵਰਤਨ ਦਿਆਂਗੇ ਅਤੇ ਇਨ੍ਹਾਂ ਦੇ ਪ੍ਰਬੰਧ ਵਿਚ ਨਾ ਸਰਕਾਰ ਦਾ ਨਾ ਕਿਸੇ ਹੋਰ ਦਾ ਕੋਈ ਦਖ਼ਲ ਹੈ ਕੇਵਲ ਖਾਲਸਾ ਪੰਥ ਇਨ੍ਹਾਂ ਦਾ ਪ੍ਰਬੰਧ ਕਰੇਗਾ ਆਦਿਕ।

ਸੇਵਾਦਾਰ ਬਰਾਬਰ ਗੁਰਦੁਆਰੇ ਦੀ ਸੇਵਾ ਕਰ ਰਹੇ ਹਨ ਅਤੇ ਗ੍ਰੰਥੀ ਨੂੰ ਨਹੀਂ ਵੜਨ ਦਿੱਤਾ ਗਿਆ ਉਨ੍ਹਾਂ ਸੇਵਾਦਾਰਾਂ ਦੇ ਨਾਮ ਇਹ ਹਨ—

੧. ਸਰਦਾਰ ਸੰਤ ਸਿੰਘ ਜੀ ਪ੍ਰਧਾਨ ਖਾਲਸਾ ਪ੍ਰਚਾਰਕ ਜਥਾ, ੨. ਸਰਦਾਰ ਸਾਧੂ ਸਿੰਘ ਜੀ ਸੈਕ੍ਰਟਰੀ ਜਥਾ, ੩. ਸ: ਬਾਵਾ ਸਿੰਘ ਜੀ, ੪. ਸ: ਗੁਰਦਿਤ ਸਿੰਘ ਜੀ, ੫. ਸ: ਬਿਸ਼ਨ ਸਿੰਘ ਜੀ, ੬. ਸ: ਚਤਰ ਸਿੰਘ ਜੀ, ੭. ਸ: ਦੀਵਾਨ ਸਿੰਘ ਜੀ, ੮. ਸ: ਅਰੂੜ ਸਿੰਘ ਜੀ, ੯. ਸ: ਵਰਯਾਮ ਸਿੰਘ ਜੀ, ੧੦. ਸ੍ਰ. ਹਰੀ ਸਿੰਘ ਜੀ, ੧੧. ਸ: ਚੇਤ ਸਿੰਘ ਜੀ, ੧੨. ਸ: ਨਥਾ ਸਿੰਘ ਜੀ, ੧੩. ਸ: ਚਰਨ ਸਿੰਘ ਜੀ, ੧੪. ਸ: ਜਸਬੀਰ ਸਿੰਘ ਜੀ।

ਕਮੇਟੀ

ਹੇਠਾਂ ਲਿਖੇ ਸੱਜਣਾਂ ਦੀ ਪ੍ਰਬੰਧਕ ਕਮੇਟੀ ਬਣਾਈ ਗਈ—

੧. ਸ: ਸੋਹਣ ਸਿੰਘ ਜੀ ਸੈਕ੍ਰਟਰੀ ਸਿੰਘ ਸਭਾ।

੨. ਸ: ਅਮਰ ਸਿੰਘ ਜੀ ਐਡੀਟਰ "ਲਾਇਲ ਗਜ਼ਟ"।
੩. ਸ: ਮਹਿਤਾਬ ਸਿੰਘ ਜੀ ਵਕੀਲ ਲਾਹੌਰ।
੪. ਸ: ਸੱਜਣ ਸਿੰਘ ਜੀ ਐਡੀਟਰ "ਦੀ ਸਿੱਖ"।
੫. ਸ: ਸਰਦੂਲ ਸਿੰਘ ਜੀ ਕਵੀਸ਼ਰ।
੬. ਸ: ਸੁੰਦਰ ਸਿੰਘ ਜੀ ਰਈਸ।
੭. ਸ: ਸੁੰਦਰ ਸਿੰਘ ਜੀ 'ਲਾਇਲ ਪੁਰੀ'।
੮. ਸ: ਗੁਰਦਿਤ ਸਿੰਘ ਜੀ।
੯. ਸ: ਗੁਰਬਖਸ਼ ਸਿੰਘ।
੧੦. ਸ: ਸੰਤ ਸਿੰਘ ਜੀ ਪ੍ਰਧਾਨ ਖਾਲਸਾ ਪ੍ਰਧਾਨ ਜੀ ਸੈਕ੍ਰਟਰੀ ਜਥਾ।
੧੧. ਸ: ਸਾਧੂ ਸਿੰਘ ਜੀ ਸੈਕ੍ਰੇਟਰੀ ਜਥਾ।
੧੨. ਮਹੰਤ ਤੇਜਾ ਸਿੰਘ ਗੁਰਦੁਆਰਾ ਡੇਰਾ ਸਾਹਿਬ ਗੁਰੂ ਅਰਜਨ ਦੇਵ ਜੀ।

ਹੁਕਮ ਵਾਪਸ ਲੈ ਲਿਆ

ਡਿਪਟੀ ਕਮਿਸ਼ਨਰ ਸਿਆਲ ਕੋਟ ਨੇ ਆਪਣਾ ਹੁਕਮ ਵਾਪਸ ਲੈ ਲਿਆ ਹੈ ਅਤੇ ਹੇਠ ਲਿਖਿਆ ਜਾਰੀ ਕੀਤਾ ਹੈ।

ਨੋਟਿਸ

ਹੇਠ ਲਿਖਿਆ ਹੁਕਮ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਜ਼ਾਬਤਾ ਫ਼ੌਜਦਾਰਖੀ ਦੇ ਦਫ਼ਾ ੧੪੪ ਅਨੁਸਾਰ ਜਿਹੜਾ ਹੁਕਮ ਮੈਂ ਦਿੱਤਾ ਸੀ ਕਿ ਬਾਬੇ ਦੀ ਬੇਰ ਦੇ ਗੁਰਦੁਆਰੇ ਵਿਚ ਚੌਧਰੀ ਗੰਡਾ ਸਿਹੁੰ ਦੇ ਪ੍ਰਬੰਧ ਵਿਚ ਲੋਕ ਕਿਸੇ ਕਿਸਮ ਦਾ ਦਖ਼ਲ ਨਾ ਦੇਣ ਉਸ ਸਬੰਧੀ ਮੈਨੂੰ ਚੌਧਰੀ ਗੰਡਾ ਸਿਹੁੰ ਨੇ ਭਰੋਸਾ ਦਵਾਇਆ ਹੈ ਕਿ ਪਾਠ ਪੂਜਾ ਕਰਨ ਤੋਂ ਬਿਨਾਂ ਅਗੇ ਨੂੰ ਗੁਰਦੁਆਰੇ ਵਿਚ ਕਿਸੇ ਕਿਸਮ ਦਾ ਦਖ਼ਲ ਨਹੀਂ ਦੇਵਾਂਗਾ। ਇਸ ਲਈ ਹੁਣ ਉਸ ਦੇ ਪ੍ਰਬੰਧ ਸਬੰਧੀ ਅਮਨ ਟੁਟਣ ਦਾ ਕੋਈ ਡਰ ਨਹੀਂ ਹੈ। ਮੈਂ ਇਸ ਨੋਟਿਸ ਦੁਆਰਾ ਉਕਤ ਹੁਕਮ ਅਤੇ ਪੰਜਾਂ ਸਿੰਘਾਂ ਦੀਆਂ ਜ਼ਮਾਨਤਾਂ ਕਰਵਾਉਣ ਲਈ ਜਿਹੜਾ ਦਾਵਾ ਫਤੇਹ ਸਿੰਘ ਨੇ ਕੀਤਾ ਹੈ ਉਹ ਵੀ ਵਾਪਸ ਲੈਂਦਾ ਹਾਂ।

(ਦਸਤਖ਼ਤ) ਐਚ. ਫਾਈਸਨ
ਡਿਸਟ੍ਰਿਕਟ ਮੈਜਿਸਟ੍ਰੇਟ

੨੪-੯-੧੯੨੦ ਸਿਆਲਕੋਟ ਡਿਪਟੀ ਕਮਿਸ਼ਨਰ ਸਾਹਿਬ ਦੇ ਉਪਰੋਕਤ ਹੁਕਮ ਤੇ ਵਿਚਾਰ ਲਈ ਰਾਮ ਤਲਾਈ ਵਿਚ ਸ਼ਾਮ ਨੂੰ ਜਲਸਾ ਹੋਇਆ ਹਿੰਦੂ ਮੁਸਲਮਾਨ ਅਤੇ ਸਿੱਖਾਂ ਦਾ ਕੋਈ ਦਸ ਬਾਰਾਂ ਹਜ਼ਾਰ ਦਾ ਇਕੱਠ ਸੀ। ਦੱਸਿਆ ਗਿਆ ਕਿ "ਇਸ ਹੁਕਮ ਨਾਲ ਸਿੱਖਾਂ ਦੀ ਤਸੱਲੀ ਨਹੀਂ ਹੋ ਸਕਦੀ ਕਿਉਂਕਿ ਜਦ ਜਗੀਰ ਦਾ ਅਤੇ ਗੁਰਦੁਆਰੇ ਦਾ ਪ੍ਰਬੰਧਕ ਗੰਡਾ ਸਿਹੁੰ ਰਹੇਗਾ ਅਤੇ ਗੁਰਦੁਆਰੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣੀਆਂ ਰੱਖਣਾ ਇਸੇ ਦੇ ਵਸ ਹੋਵੇਗਾ ਤਾਂ ਇਹ ਇਸ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਗੁਰਦੁਆਰੇ ਦੀ ਸੇਵਾ ਲਈ ਯੋਗ ਆਦਮੀ ਰੱਖੇ। ਇਸ ਲਈ ਜਦ ਤਕ ਗੰਡਾ ਸਿਹੁੰ ਗੁਰਦੁਆਰੇ ਦਾ ਮੈਨੇਜਰ ਰਹੇਗਾ ਇਸ ਨੂੰ ਗੁਰਦੁਆਰੇ ਵਿਚ ਵੜਨ ਨਹੀਂ ਦਿੱਤਾ ਜਾਵੇਗਾ।

ਪੁਲਿਸ ਦਾ ਪਹਿਰਾ ਹੁਣ ਗੁਰਦੁਆਰੇ ਵਿੱਚੋਂ ਹਟਾ ਦਿੱਤਾ ਗਿਆ ਹੈ। ਅਖੰਡ ਪਾਠ ਰੱਖਿਆ ਹੋਇਆ ਹੈ ਸੰਗਤ ਪ੍ਰਬੰਧ ਕਰ ਰਹੀ ਹੈ। ਅੰਦਰੋਂ-ਅੰਦਰ ਮਹੰਤ ਦੀਆਂ ਰਿਸ਼ਤੇਦਾਰ ਤੀਵੀਆਂ ਨੂੰ ਉਕਸਾਇਆ ਜਾਂਦਾ ਹੈ ਕਿ ਰੌਲਾ ਪਾਵਨ।

(ਅਮਰ ਸਿੰਘ)

ਤਾਰੀਖ ਬਦਲ ਗਈ

ਬਾਬੇ ਦੀ ਬੇਰ ਸਿਆਲਕੋਟ ਵਿਚ ਪੰਥਕ ਇਕੱਠ ਦੀ ਤਾਰੀਖ ੩ ਅਕਤੂਬਰ ਦੀ ਥਾਂ ੫ ਅਕਤੂਬਰ ਕਰ ਦਿੱਤੀ ਗਈ ਹੈ। ਕਿਉਂਕਿ ੧, ੨, ੩ ਨੂੰ ਧਾਰੋਵਾਲੀ ਭਾਰੀ ਜਲਸਾ ਹੈ ਅਤੇ ੪ ਅਕਤੂਬਰ ਲਾਹੌਰ ਵਿਚ ਆਗਤ ਭਾਗਤ ਕਮੇਟੀ ਦੀ ਚੋਣ ਹੋਣੀ ਹੈ।

ਛੇਕਿਆ ਗਿਆ।

ਗੰਡਾ ਸਿੰਘ ਦੇ ਆਖੇ ਲਗਕੇ ਝੂਠਾ ਦਾਵਾ ਕਰਨ ਵਾਲੇ ਫਤਿਹ ਸਿੰਘ ਨੂੰ ਛੇਕ ਦਿੱਤਾ ਗਿਆ ਹੈ। ੨੮ ਅਗਸਤ ਨੂੰ ਅਖੰਡ ਪਾਠ ਦਾ ਭੋਗ ਪਿਆ। ਹੁਣ ਗੁਰਦੁਆਰਾ ਖਾਲਸੇ ਦੇ ਕਬਜ਼ੇ ਵਿਚ ਹੈ। ਚੜ੍ਹਤ ਵੀ ਖਾਲਸੇ ਨੇ ਲਈ ਹੈ। ੫ ਅਕਤੂਬਰ ਨੂੰ ਪੰਥ ਦੀ ਮਰਜ਼ੀ ਅਨੁਸਾਰ ਪ੍ਰਬੰਧ ਕੀਤਾ ਜਾਵੇਗਾ।

(ਨਾਨਕ ਸਿੰਘ)

ਸੰਟ੍ਰਲ ਮਾਝਾ ਖਾਲਸਾ ਦੀਵਾਨ ਥਾਂ ਦੇ ਕੀਰਤਨ ਗੜ੍ਹ।

ਮੈਂ ੨੫ ਸਤੰਬਰ ਛੇਹਰਟੇ ਸਟੇਸ਼ਨ ਤੋਂ ਉੱਤਰ ਕੇ ਕੀਰਤਨ ਗੜ੍ਹ ਪਹੁੰਚਿਆ। ਹਜ਼ਾਰਾਂ ਆਦਮੀਆਂ ਦੇ ਬੈਠਣ ਲਈ ਇਕ ਖੁਲ੍ਹੇ ਅਸਥਾਨ ਤੇ ਸ਼ਾਮਿਆਨੇ ਲੱਗੇ ਹੋਏ ਸਨ ਅਤੇ ਦੀਵਾਨ ਦੇ ਸੂਰਬੀਰ ਸੇਵਕ ਕਮਰ ਕਸੇ ਕੀਤੇ ਹੋਏ ਤੇ ਸੇਵਾ ਵਿਚ ਡੱਟੇ ਹੋਏ ਸਨ ਰੌਣਕ ਦੀ ਕੰਮੀ ਵੇਖ ਕੇ ਮੈਂ ਸੋਚਾਂ ਹੀ ਸੋਚ ਰਿਹਾ ਸੀ ਕਿ ਮਾਸਟਰ ਮੋਤਾ ਸਿੰਘ ਜੀ ਨੇ ਵਖਿਆਨ ਵਿਚ ਸਾਰਾ ਭੇਦ ਖੋਲ ਦਿੱਤਾ ਕਿ ਵਿਛੋਏ ਆਦਿਕ ਹੋਰ ਦੀਵਾਨਾਂ ਦੀ ਤਰ੍ਹਾਂ ਇਥੇ ਵੀ ਪਿੰਡ-ਪਿੰਡ ਫਿਰ ਕੇ ਪੁਲਿਸ ਅਤੇ ਝੋਲੀ ਚੁੱਕਾਂ ਨੇ ਲੋਕਾਂ ਨੂੰ ਕਈ ਗ਼ਲਤ ਫਹਿਮੀਆਂ ਵਿਚ ਪਾ ਕੇ ਦੀਵਾਨ ਉੱਤੇ ਆਉਣ ਤੋਂ ਰੋਕਿਆ ਦੀਵਾਨ ਬੰਦ ਹੋਣ ਦੀਆਂ ਖ਼ਬਰਾਂ ਘੁਮਾਣੀਆਂ ਗਈਆਂ ਫਿਰ ਵੀ ਡੇਢ ਦੋ ਹਜ਼ਾਰ ਦੇ ਕਰੀਬ ਸੰਗਤ ਦੀਵਾਨ ਵਿਚ ਸਜ ਰਹੀ ਸੀ।

ਤਕਰੀਬਨ ਸਾਰੀਆਂ ਸਿੰਘਣੀਆਂ ਦੇ ਗਾਤਰੇ ਕ੍ਰਿਪਾਨਾਂ ਅਤੇ ਸਿਰ ਤੇ ਦਸਤਾਰੇ ਸਜੇ ਹੋਏ ਸਨ। ਇਸ ਦੀਵਾਨ ਵਿਚ ਹਰ ਪਾਸਿਓਂ, ਸੇਵਾ ਤੇ ਕੁਰਬਾਨੀ ਟਪਕ ਰਹੀ ਸੀ।

੨੬ ਸਵੇਰੇ ੬ ਵਜੇ ਤੋਂ ਪਹਿਲਾਂ ਪਹਿਲਾਂ ਸਾਰੀ ਸੰਗਤ ਇਸ਼ਨਾਨ ਨਿਤਨੇਮ ਕਰ ਕੇ ਦੀਵਾਨ ਵਿਚ ਸਜ ਚੁਕੀ ਸੀ।

ਸ਼ਾਮ ਦਾ ਦੀਵਾਨ

ਸਵੇਰੇ ਕਥਾ ਕੀਰਤਨ ਦੇ ਵਖਯਾਨ ਮਗਰੋਂ ਸੰਗਤਾਂ ਨੇ ਲੰਗਰ ਛਕਿਆ ਤੇ ਗੁਰਮਤੇ ਸੋਧਣ ਲਈ ਸ਼ਾਮ ਦਾ ਦੀਵਾਨ ਸਜਿਆ।

ਗੁਰਮਤਾ ਪੇਸ਼ ਹੋਇਆ ਕਿ—

"ਚੂੰਕਿ ਚੀਫ਼ ਖਾਲਸਾ ਦੀਵਾਨ ਹਮੇਸ਼ਾਂ ਸਰਕਾਰੀ ਹਾਂ ਵਿਚ ਮਿਲਾਉਂਦਾ ਰਿਹਾ ਹੈ ਇਸ ਲਈ ਇਸ ਨੂੰ ਬਾਈਕਾਟ (ਤਨਖ਼ਾਹੀਆਂ) ਕੀਤਾ ਜਾਵੇ।"

ਇਸ ਦੇ ਨਾਮ ਕੋਮਾ ਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਵਿਰੁੱਧ ਗੁਪਤ ਪੱਤਰ ਅਤੇ ਸਰਕਾਰੀ ਕੌਂਸਲਾਂ ਵਿਚ ਦੀਵਾਨ ਦੀਆਂ ਮੈਂਬਰਾਂ ਦਾ ਮੁਲਕ ਦੇ ਵਿਰੁੱਧ ਰੱਖਿਆ ਦੱਸਿਆ ਗਿਆ ਤੇ ਇਸ ਦੀ ਪੁਸ਼ਟੀ ਕੀਤੀ ਗਈ।

ਦਾਸ ਨੇ ਉੱਠ ਕੇ ਬੇਨਤੀ ਕੀਤੀ ਕਿ "ਬੇਸ਼ਕ ਕੋਮਾ ਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਹਮਦਰਦੀ ਨਹੀਂ ਕੀਤੀ ਗਈ ਦੀਵਾਨ ਦੇ ਗੁਪਤ ਪੱਤਰ ਨੇ ਡਾਢਾ ਅਨਰਥ ਕੀਤਾ ਸੀ। ਦੀਵਾਨ ਦੇ ਕੁਝ ਮੈਂਬਰਾਂ ਨੇ ਮੁਲਕ ਤੋਂ ਉਲਟ ਸਰਕਾਰ ਦੀ ਝੋਲੀ ਚੁੱਕ ਕੇ ਸਿੱਖ ਪੰਥ ਨੂੰ ਲੋਕਾਂ ਵਿਚ ਬਦਨਾਮ ਕਰਾਇਆ ਪਰ ਇਥੇ ਕੌਂਸਲਾਂ ਦੇ ਬਾਈਕਾਟ ਦਾ ਅਸੂਲ ਨਹੀਂ ਘਾਟ ਦਾ ਦੀਵਾਨ ਇਕ ਪੰਥ ਦਾ ਪੁਰਾਣਾ ਜਥਾ ਹੈ ਜਿਸ ਦੇ ਹੱਥ ਵਿਚ ਲੱਖਾਂ ਰੁਪਏ ਅਤੇ ਕਿਤਨੇ ਹੀ ਆਸ਼ਰਮ ਹਨ ਅਸੀਂ ਚਾਹੁੰਦੇ ਹਾਂ ਚੀਫ਼ ਖਾਲਸਾ ਦੀਵਾਨ ਦੀ ਬਣਾਉਟ ਪੰਥ ਦੀ ਮਰਜੀ ਅਨੁਸਾਰ ਠੀਕ ਹੋ ਜਾਵੇ ਤੇ ਸਾਰਾ ਰੁਪਇਆ ਅਤੇ ਸਾਰੇ ਆਸ਼ਰਮ ਪੰਥ ਦੇ ਹੱਥ ਆ ਜਾਣੇ ਦੋਸ਼ੀਆਂ ਨੂੰ ਦੰਡ ਜ਼ਰੂਰ ਮਿਲੇ ਪਰ ਸਾਰੇ ਦੀਵਾਨ ਨੂੰ ਤਨਖਾਹੀਆਂ ਕਰਨ ਦਾ ਗੁਰਮਤਾ ਅਯੋਗ ਹੈ ਇਸ ਉੱਤੇ ਮੇਰੇ ਹੇਠਾਂ ਲਿਖੇ ਇਤਰਾਜ਼ ਹਨ—

੧. ਹਾਂ ਵਿਚ ਹਾਂ ਮਿਲਾਣੀ ਬੁਰੀ ਹੈ ਪਰ ਜੇ ਇਹ ਤਨਖ਼ਾਹ ਹੈ ਤਾਂ ਮੇਰਾ ਖ਼ਿਆਲ ਹੈ ਕਿ ੩੦ ਹਿੰਦੁਸਤਾਨੀਆਂ ਵਿੱਚੋਂ ਜਾਂ ਤੀਹ ਲੱਖਾਂ ਸਿੱਖਾਂ ਵਿੱਚੋਂ ਬਹੁਤ ਥੋੜ੍ਹੇ ਹੀ ਇਸ ਤੋਂ ਬਰੀ ਹੋ ਸਕਦੇ ਹਨ।

੨. ਗੁਪਤ ਪੱਤਰ ਕਢਣ ਕਰ ਕੇ ਵੀ ਸਾਰਾ ਦੀਵਾਨ ਤਨਖ਼ਾਹੀਆਂ ਨਹੀਂ ਹੋ ਸਕਦਾ। ਇਸ ਦੇ ਵਾਸਤੇ ਸਾਬਤ ਕਰਨਾ ਜ਼ਰੂਰੀ ਹੈ ਕਿ ਪੱਤਰ ਦੀਵਾਨ ਦੀ ਅੰਤ੍ਰਿਗ ਜਾਂ ਜਨਰਲ ਕਮੇਟੀ ਵਿਚ ਪਾਸ ਕਰ ਕੇ ਭੇਜਿਆ ਗਿਆ ਸੀ ਜਾਂ ਇਕੱਲੇ ਸੈਕਟਰੀ ਨੇ ਹੀ ਛਪਵਾ ਕੇ ਭੇਜ ਦਿੱਤਾ ਸੀ? ਇਕ ਆਦਮੀ ਜਾਂ ਦੋ ਚਾਰ ਆਦਮੀਆਂ ਦੇ ਮਿਲ ਕੇ ਪੱਤਰ ਕੱਢਣ ਨਾਲ ਸਾਰੇ ਮੈਂਬਰ ਕਿਸ ਤਰ੍ਹਾਂ ਤਨਖ਼ਾਹੀਏ ਹੋ ਗਏ?

੩. ਜੇ ਆਖਿਆ ਜਾਵੇ ਕਿ ਬਾਕੀ ਦੇ ਇਤਰਾਜ਼ ਨਾ ਕਰਨ ਦੀ ਕਮਜ਼ੋਰੀ ਕਰਕੇ ਤਨਖ਼ਾਹੀਏ ਹਨ ਤਾਂ ਉਸ ਵੇਲੇ ਸੈਂਕੜੇ ਸਿੰਘ ਸਭਾਵਾਂ ਦੀਵਾਨ ਤੇ ਜਥੇ ਮੌਜੂਦ ਸਨ। ਜਿਸ ਤਰ੍ਹਾਂ ਅੱਜ ਹਰ ਇਕ ਸਿੱਖ ਅਤੇ ਜਥਾ ਦੀਵਾਨ ਉੱਤੇ ਇਤਰਾਜ਼ ਕਰ ਰਿਹਾ ਹੈ ਉਸ ਵੇਲੇ ਵੀ ਉਨ੍ਹਾਂ ਨੂੰ ਹੱਕ ਸੀ ਪਰ ਕਿਸੇ ਨੇ ਇਤਰਾਜ਼ ਨਾ ਕੀਤਾ ਸੀ ਇਸ ਲਈ ਸਾਰੇ ਤਨਖ਼ਾਹੀਏ ਹੋਏ।

੪. ਉਸ ਵੇਲੇ ਦੇ ਕਈ ਮੈਂਬਰ ਦੀਵਾਨ ਦੇ ਸੁਧਾਰ ਲਈ ਪੂਰਾ ਯਤਨ ਕਰ ਰਹੇ ਹਨ ਅਤੇ ਸੱਚੇ ਪੰਥ ਦਰਦੀ ਹਨ ਇਸ ਗੁਰਮਤੇ ਅਨਸੁਾਰ ਉਹ ਵੀ ਤਨਖ਼ਾਹੀਏ ਬਣ ਜਾਂਣਗੇ ਅਤੇ ਇਸ ਗੁਰਮਤੇ ਦਾ ਅਸਰ ਉਹੋ ਕੁਝ ਹੋਵੇਗਾ ਜੋ ਡਾਇਰ ਦੇ ਬੇਦੋਸ਼ਿਆ ਉੱਤੇ ਗੋਲੀਆਂ ਚਲਾਣ ਦਾ ਜਾਂ ਮਿਸ ਸ਼ੇਰਵੁਡ ਵਾਲੀ ਗਲੀ ਵਿਚ ਹਰ ਇਕ ਬੇਦੋਸ਼ ਨੂੰ ਢਿਡ ਭਾਰ ਤੋਰਨ ਦਾ ਹੋਇਆ ਹੈ ਅਤੇ ਹੁਣ ਦਾ ਪੰਥ ਵਿਚ ਮੇਲ ਅਤੇ ਸੁਧਾਰ ਦਾ ਯਤਨ ਸਭ ਲਿਖੀ ਤਰਮੀਮ ਪੇਸ਼ ਕਰਦਾ ਹਾਂ—

"ਚੀਫ਼ ਖਾਲਸਾ ਦੀਵਾਨ ਨੂੰ ਲਿਖਿਆ ਜਾਵੇ ਕਿ ਆਪਣੇ ਨਿਯਮ ਬਦਲਾ ਕੇ ਕੇਵਲ ਚੋਣ ਦਾ ਤਰੀਕਾ ਰੱਖੇ (Nomination) ਚੁਣਨ ਦਾ ਤਰੀਕਾ ਹਟਾ ਦਿੱਤਾ ਜਾਵੇ, ਟ੍ਰਸਟ ਤੋੜ ਦਿੱਤਾ ਜਾਵੇ ਜੇ ਦੀਵਾਨ ਇਸ ਤਰ੍ਹਾਂ ਨਾ ਮੰਨੇ ਤਾਂ ਪੰਥ ਯੋਗ ਕਾਰਵਾਈ ਕਰੇਗਾ"

ਇਸ ਦੀ ਤਾਈਦ ਸ: ਸਾਹਿਬ ਸਿੰਘ ਜੀ ਬੀ. ਏ. ਪ੍ਰੋਫੈਸਰ ਗੁਰੂ ਨਾਨਕ ਕਾਲਜ ਅਤੇ ਸ: ਜਵੰਦ ਸਿੰਘ ਜੀ ਅਤੇ ਫਿਰ ਸ: ਜਸਵੰਤ ਸਿੰਘ ਜੀ ਝਭਾਲ ਵਾਲਿਆਂ ਨੇ ਕੀਤੀ। ਇਸ ਦੇ ਬਾਅਦ ਮਾਸਟਰ ਮੋਤਾ ਸਿੰਘ ਜੀ ਤੇ ਕੁਝ ਹੋਰ ਸੱਜਣ ਬੋਲੇ ਉਨ੍ਹਾਂ ਸਾਰਿਆਂ ਦੇ ਕਥਨ ਦਾ ਦਾਸ ਨੇ ਜਵਾਬ ਦਿੱਤਾ ਉਪਰੋਕਤ ਫਿਰ ਮਾਸਟਰ ਮੋਤਾ ਸਿੰਘ ਜੀ ਨੇ ਬਾਈਕਾਟ ਵਾਲੇ ਗੁਰਮਤੇ ਦੇ ਹਕ ਵਿਚ ਲੰਮਾ ਵਖਯਾਨ ਦਿੱਤਾ। ਬਜਬਜ ਤੇ ਮਾਰਸ਼ਲ-ਲਾਅ ਦੇ ਦਰਦ ਨਾਲ ਹਾਲ ਦੱਸ ਕੇ ਲੋਕਾਂ ਦੇ ਦਿਲਾਂ ਨੂੰ ਗੁਰਮਤੇ ਵਾਸਤੇ ਅਪੀਲ ਕੀਤਾ।

ਫਿਰ ਆਖਿਆ ਕਿ ਤਰਮੀਮ ਪੇਸ਼ ਕਰਨ ਵਾਲੇ ਅਤੇ ਤਾਈਦ ਕਰਨ ਵਾਲੇ ਕੇਵਲ ਦੋ ਵਾਰ ਬੋਲ ਸਕਦੇ ਹਨ ਬਾਕੀ ਦੋ ਜਿਤਨਾ ਚਿਰ ਚਾਹੁਣ ਬਹਿਸ ਕਰ ਸਕਦੇ ਹਨ। ਮੈਂ ਜਿਤਨੀ ਵੇਰ ਚਾਹਵਾਂ ਬੋਲਾਂਗਾ ਅਤੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਣਗੇ। ਬਹੁ ਸੰਮਤੀ ਲਈ ਰਾਵਾਂ ਨਹੀਂ ਲਈਆਂ ਜਾਣੀਆਂ। ਕਿਸੇ ਹੋਰ ਨੇ ਬਹਿਸ ਕਰਨੀ ਹੈ ਤਾਂ ਬੇਸ਼ਕ ਬੋਲੇ! ਮੈਂ ਆਖਿਆ ਮੈਂ ਬਹਿਸ ਕਰਨ ਲਈ ਤਿਆਰ ਹਾਂ ਅਤੇ ਇਹ ਨਿਯਮ ਪਹਿਲਾਂ ਦੱਸੇ ਜਾਣੇ ਚਾਹੀਦੇ ਸਨ ਪਰ ਮੈਨੂੰ ਸ: ਸਾਹਿਬ ਸਿੰਘ ਜੀ ਨੂੰ ਤੇ ਸ: ਜਸਵੰਤ ਸਿੰਘ ਜੀ ਨੂੰ ਬੋਲਣ ਦੀ ਆਗਿਆ ਨਾ ਮਿਲੀ ਅਤੇ ਪਹਿਲਾਂ ਗੁਰਮਤਾ ਸਤਿ ਸ੍ਰੀ ਅਕਾਲ ਗਜਾ ਕੇ ਪਾਸ ਕਰ ਲਿਆ ਗਿਆ।

ਜੇ ਦਲੀਲ ਨਾਲ ਮੇਰੀ ਤਸੱਲੀ ਕਰਾ ਲਈ ਜਾਂਦੀ ਤਾਂ ਇਹ ਸਤਰਾਂ ਮੈਂ ਕਦੀ ਨਾ ਲਿਖਦਾ ਪਰ ਮੈਨੂੰ ਹਾਲਾਂ ਤਕ ਨਿਸਚਾ ਹੈ ਕਿ ਮੇਰੀਆਂ ਦਲੀਲਾਂ ਦਾ ਉੱਤਰ ਨਹੀਂ ਮਿਲਿਆ ਅਤੇ ਇਸ ਗੁਰਮਤੇ ਨੇ ਪਹਿਲੇ ਗੁਰਮਤਿਆਂ ਦਾ ਵੀ ਅਸਰ ਨਹੀਂ ਰਹਿਣ ਦਿੱਤਾ ਜਿਨਾਂ ਨਾਲ ਕੁਝ ਸੱਜਣ ਤਨਖ਼ਾਹੀਏ ਕੀਤੇ ਗਏ ਸਨ।

ਇਸ ਦੇ ਉਪਰੰਤ ਗੁਰਦੁਆਰੇ ਰਕਾਬ ਗੰਜ ਲਈ ਜਥੇ ਵੱਲੋਂ ਐਲਾਨ ਹੋਇਆ ਕਿ ਸੈਂਟ੍ਰਲ ਮਾਝਾ ਖਾਲਸਾ ਦੀਵਾਨ ਸਣੇ ਪ੍ਰਵਾਰ ਦਿਲੀ ਜਾਣ ਨੂੰ ਤਿਆਰ ਹੈ। ਸਰਕਾਰ ਢੱਠੀ ਹੋਈ ਕੰਧ ਆਪ ਬਣਾ ਦੇਵੇ ਇਸ ਗੁਰਮਤੇ ਪਰ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ।

ਇਸ ਦੇ ਉਪਰੰਤ ਮੈਂ ਜ਼ਰੂਰੀ ਲਾਹੌਰ ਪਹੁੰਚਣ ਵਾਸਤੇ ਚੱਲਿਆ ਆਇਆ। ਬਾਕੀ ਕਾਰਵਾਈ ਆਉਣ ਤੇ ਦਰਜ ਕੀਤੀ ਜਾਵੇਗੀ।

—ਹੀਰਾ ਸਿੰਘ "ਦਰਦ"

ਅਕਾਲੀ ਲਾਹੌਰ, ੩ ਅਕਤੂਬਰ ੧੯੨੦

ਸਿੱਖ ਲੀਗ ਲਾਹੌਰ

੩੦ ਸਤੰਬਰ ਸ਼ਾਮ ਨੂੰ ਮੋਚੀ ਦਰਵਾਜੇ ਦੇ ਬਾਹਰ ਹਿੰਦੂ ਮੁਸਲਮਾਨਾਂ ਦਾ ਇਕ ਸਾਂਝਾ ਜਲਸਾ ਹੋਇਆ ਜਿਸ

ਵਿਦ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਕੌਮੀ ਮਿਲਾਪ ਉਪਰ ਜ਼ਬਰਦਸਤ ਵਖਿਆਨ ਦਿੱਤਾ। ਸਿਆਲ ਕੋਟ ਬਾਬੇ ਦੀ ਬੇਰ ਸਬੰਧੀ ਇਕ ਅਵਾਜ਼ ਹੋ ਕੇ ਸਭ ਨੇ ਕਿਹਾ ਕਿ ਗੰਡਾ ਸਿਹੁੰ ਸਿੱਖ ਗੁਰਦੁਆਰੇ ਵਿਚ ਕੋਈ ਦਖ਼ਲ ਨਾ ਦੇਵੇ ਇਸ ਤਰ੍ਹਾਂ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਮਹੱਲਾ ਚੁਮਾਲਾ ਦੇ ਗ੍ਰੰਥੀ ਦੇ ਵਤੀਰੇ ਤੇ ਸਖ਼ਤ ਘ੍ਰਿਣਾ ਪ੍ਰਗਟ ਕੀਤੀ ਗਈ। ਸਰਦਾਰ ਸੋਹਣ ਸਿੰਘ ਜੀ ਜਲਸੇ ਦੇ ਪ੍ਰੈਜ਼ੀਡੈਂਟ ਸਨ ਤੇ ਸ: ਸੁਜਾਨ ਸਿੰਘ ਜੀ ਵਕੀਲ ਸਰਗੋਧਾ ਨੇ ਵੀ ਇਕ ਉੱਤਮ ਲੈਕਚਰ ਦਿੱਤਾ।

ਗੁਰੂ ਪੰਥ ਅਤੇ ਸੰਗਤ ਦੀਆਂ ਜਗੀਰਾਂ ਦੇ ਬਣੇ ਹੋਏ
ਵਾਹਦ ਮਾਲਕਾਂ ਨੂੰ ਖੁਲੀ ਚਿੱਠੀ!

ਐ ਸਰਬਰਾਹੋ, ਮਹੰਤੋ, ਗ੍ਰੰਥੀਓ, ਪੁਜਾਰੀਓ ਅਤੇ ਮੈਨੇਜਰ। ਤੁਸੀਂ ਸਾਨੂੰ ਖਿਮਾਂ ਕਰੋਗੇ ਕਿਉਂ ਕਿ ਤੁਹਾਡੀਆਂ ਚਾਲਾਂ ਅਤੇ ਵਤੀਰਿਆਂ ਤੋਂ ਮਜ਼ਬੂਰ ਹੋ ਕੇ ਇਹ ਖੁਲੀ ਚਿੱਟੀ ਜਾਂ ਨੋਟਿਸ ਲਿਖਣ ਲੱਗੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਹਾਡੇ ਵਿੱਚੋਂ ਕੁਝ ਅਜਿਹੇ ਜ਼ਰੂਰ ਹੋਣਗੇ ਜੋ ਪੰਥ ਦੇ ਸਾਰੇ ਸੇਵਾਦਾਰ ਪ੍ਰੇਮੀ ਅਤੇ ਗੁਰ ਸਿੱਖੀ ਦੇ ਪੂਰਿਨਆਂ ਤੇ ਆਪ ਚਲ ਕੇ ਦੂਜਿਆਂ ਨੂੰ ਚਲਾਂਦੇ ਹੋਣਗੇ ਅਤੇ ਇਹ ਨੋਟਿਸ ਉਨ੍ਹਾਂ ਵਾਸਤੇ ਨਹੀਂ ਪਰ ਆਮ ਤੌਰ ਤੇ ਹੁਣ ਗਲੀ-ਗਲੀ ਘਰ-ਘਰ ਇਹੋ ਚਰਚਾ ਛਿੜੀ ਹੋਈ ਹੈ ਕਿ ਗੁਰਦੁਆਰੇ, ਪਾਪਸ਼ਾਲਾਂ ਹੋ ਗਈਆਂ ਹਨ ਤੇ ਪੰਥ ਦੀਆਂ ਇਨ੍ਹਾਂ ਧਾਰਮਿਕ ਅਸਥਾਨਾਂ ਨਾਲ ਧਰਮ ਦੀ ਖ਼ਾਤਰ ਲਾਈਆਂ ਹੋਈਆਂ ਜਗੀਰਾਂ ਨਾਲ ਅਧਰਮ ਫ਼ੈਲ ਰਿਹਾ ਹੈ। ਗੁਰਧਾਮਾਂ ਦੀ ਇਸ ਹਾਲਤ ਨੇ ਖਾਲਸਾ ਪੰਥ ਦੀ ਸ਼ਾਨ ਨੂੰ ਵੱਟਾ ਲਾ ਦਿੱਤਾ ਹੈ, ਅਤੇ ਪੰਥ ਹੁਣ ਇਸ ਹੱਤਕ ਤੇ ਨਿਰਾਦਰੀ ਨੂੰ ਹੋਰ ਸਹਾਰ ਨਹੀਂ ਸਕਦੀ! ਗੁਰੂ ਪੰਥ ਨੇ ਸ਼ੁਰੂ ਸ਼ੁਰੂ ਵਿਚ ਇਨ੍ਹਾਂ ਅਸਥਾਨਾਂ ਉੱਤੇ ਬਾਬਾ ਬੁੱਢਾ ਜੀ, ਭਾਈ ਮਨੀ ਸਿੰਘ ਜੀ ਵਰਗਿਆਂ ਨੂੰ ਅਸਥਾਪਨ ਕੀਤਾ ਸੀ। ਅਤੇ ਉਨ੍ਹਾਂ ਗੁਰਮੁਖਾਂ, ਮਹਾਤਮਾਂ ਦੀਆਂ ਅਦੁਤੀ ਘਾਲਾਂ ਨੇ ਪੰਥ ਨੂੰ ਪ੍ਰਬੰਧ ਵਿਚ ਦਖ਼ਲ ਤੇ ਬੇਪਰਵਾਹ ਕਰ ਦਿੱਤਾ। ਕਿਉਂਕਿ ਉਹ ਪੰਥ ਸੇਵਕ ਤਨ, ਮਨ, ਧਨ ਕਰ ਕੇ ਪੰਥ ਲਈ ਕੁਰਬਾਨ ਹੋ ਚੁਕੇ ਸਨ ਉਨ੍ਹਾਂ ਦੀਆਂ ਉੱਚ ਜ਼ਿੰਦਗੀਆਂ ਨੇ ਗੁਰਧਾਮਾਂ ਦੇ ਸੇਵਕਾਂ ਉੱਤੇ ਪੂਰਨ ਭਰੋਸਾ ਰੱਖਣ ਲਈ ਮਜ਼ਬੂਰ ਕਰ ਦਿੱਤਾ।

ਪੰਥ ਇਸ ਭਰੋਸੇ ਤੇ ਰਿਹਾ ਕਿ ਇਨ੍ਹਾਂ ਧਰਮ ਅਸਥਾਨਾਂ ਵਿਚ ਕਈ ਸੁਪਨੇ ਵਿਚ ਵੀ ਧੰਨ ਦੇ ਵਪਾਰੀ, ਵਿਸ਼ੇ ਵਿਕਾਰਾਂ ਦੇ ਕੀੜੇ ਤੇ ਮਾਇਆ ਦੇ ਗੋਲੇ ਆਉਣ ਦਾ ਹੀਯਾ ਹੀ ਨਾ ਕਰਨਗੇ ਪਰ ਸਮੇਂ ਨੇ ਡਾਢਾ ਭਿਆਨਕ ਰੰਗ ਵਿਖਾਇਆ ਅਤੇ ਸੱਚ ਮੁਚ ਹੁਣ "ਧਰਮ ਪੰਥ ਕਰ ਉਡਰਿਆ" ਵਾਲੀ ਗੱਲ ਦਿਸ ਰਹੀ ਹੈ।

ਆਖਿਆ ਜਾਂਦਾ ਹੈ ਕਿ ਇਹ ਪੰਥ ਦੀ ਬੇਪਰਵਾਹੀ ਦੇ ਫਲ ਹਨ।

ਬੇਸ਼ਕ ਰਾਤ ਨੂੰ ਬੇਖਬਰ ਹੋਕੇ ਸੋਣ ਵਾਲੇ ਦੀ ਬੇਪਰਵਾਹੀ ਹੈ ਪਰ ਇਸ ਗੱਲ ਕਰ ਕੇ ਸੁਤਾ ਵੇਖ ਕੇ ਡਾਕਾ ਮਾਰਨ ਵਾਲਾ ਅਪਰਾਧ ਤੋਂ ਬੁਰੀ ਨਹੀਂ ਹੋ ਸਕਦਾ। ਜੇ ਡਾਕੂ ਅਦਾਲਤ ਵਿਚ ਇਹ ਜਾ ਕੇ ਆਖੇ ਕਿ ਇਹ ਸੁਤਾ ਹੋਇਆ ਸੀ ਇਸ ਕਰ ਕੇ ਮੈਂ ਇਸ ਨੂੰ ਲੁਟ ਲਿਆ ਹੈ ਤਾਂ ਉਹ ਦੰਡ ਤੋਂ ਨਹੀਂ ਛੁਟੇਗਾ ਅਤੇ ਜੇ ਕੋਈ ਪਹਿਰੇਦਾਰ ਅਜਿਹੀ ਕਰਤੂਤ ਕਰੇ ਤਾਂ ਉਹ ਬਾਹਲੇ ਦੰਡ ਦਾ ਭਾਗੀ ਬਣੇਗਾ।

ਸਾਹਿਬੋ! ਤੁਸੀਂ ਤਾਂ ਪਹਿਰੇਦਾਰ ਬਣਾਏ ਗਏ ਸਾਓ, ਤੁਸੀਂ ਤਾਂ ਪੰਥਕ ਬਾਗ ਦੇ ਮਾਲੀ ਬਣਾਏ ਗਏ ਸਾਓ! ਅਤੇ ਤੁਹਾਨੂੰ ਇਤਨਾ ਮਸਾਲਾ (ਧੰਨ ਦੌਲਤ ਜਗੀਰਾਂ) ਦਿੱਤਾ ਗਿਆ ਸੀ ਕਿ ਤੁਸੀਂ ਪੰਥ ਨੂੰ ਸਾਰੇ ਸੰਸਾਰ ਦਾ ਸਿਰਤਾਜ ਬਣਾ ਸਕਦੇ ਸਾਓ! ਸ਼ੋਕ! ਜੇ ਤੁਸੀਂ ਇਸ ਤਰ੍ਹਾਂ ਕਰਦੇ ਪਿਆਰੇ ਕਲਗੀਆਂ ਵਾਲੇ ਦੀ ਗੁਲਜ਼ਾਰ ਨੂੰ ਵਿੱਦਿਆ, ਧਰਮ ਅਤੇ ਸਦਾਚਾਰ ਦਾ ਪਾਣੀ ਦੇ ਕੇ ਹਰੀ ਭਰੀ ਰੱਖਦੇ ਤਾਂ ਪੰਥ ਅੱਜ ਆਪ ਨੂੰ ਸਿੱਰ ਅੱਖਾਂ ਤੇ ਬਿਠਾਂਦਾ, ਤੁਹਾਡੇ ਚਰਨਾਂ ਦੀ ਧੂੜੀ ਨਾਲ ਆਪਣੇ ਆਪ ਨੂੰ ਪਵਿੱਤਰ ਕਰਦਾ! ਪਰ ਮਹਾਂ ਸ਼ੋਕ!! ਕਿ ਐਥੇ ਤਾਂ॥

"ਉਲਟੀ ਵਾੜ ਖੇਤ ਨੂੰ ਖਾਈ"

ਇਹ ਅਸਥਾਨ ਸਤਿਸੰਗ ਦਾ ਸੋਮਾਂ ਹੋਣੇ ਚਾਹੀਦੇ ਸਨ ਦੁਨੀਆਂ ਦੀਆਂ ਖੁਦਗਰਜ਼ੀਆਂ ਤੇ ਝੰਮੇਲਿਆਂ ਵਿਚ ਭੁਜ ਰਹੇ ਲੋਕਾਂ ਨੂੰ ਐਥੋਂ ਠੰਡ ਪ੍ਰਾਪਤ ਹੋਣੀ ਚਾਹੀਦੀ ਸੀ। ਧਾਰਮਿਕ ਅਸੂਲਾਂ ਦਾ ਐਥੇ ਨਿਰਣਾ ਹੋ ਕੇ ਧਰਮ ਪ੍ਰਚਾਰ ਹੋਣਾ ਚਾਹੀਦਾ ਸੀ ਪਰ ਅੱਜ-ਕਲ੍ਹ ਇਹ ਅਸਥਾਨ ਕੁਸੰਗਤ ਤੇ ਅੱਡੇ, ਫ਼ਸਾਦਾਂ ਦੇ ਘਰ ਅਤੇ ਵਹਿਮਾਂ ਭਰਮਾਂ ਦੇ ਕੇਂਦਰ ਬਣ ਰਹੇ ਹਨ।

ਸੰਗਤਾਂ ਵਲੋਂ ਰੋਜ਼ ਦੀ ਲੱਖਾਂ ਰੁਪਇਆ ਦੀ ਭੇਟਾ ਤੇ ਕਰੋੜਾਂ ਰੁਪਇਆਂ ਦੀਆਂ ਜ਼ਗੀਰਾਂ ਇਸ ਵਾਸਤੇ ਸਨ ਕਿ ਇਨ੍ਹਾਂ ਨਾਲ ਗਰੀਬਾਂ ਦੀ ਪਾਲਨਾ, ਯਤੀਮਾਂ ਦੀ ਸੰਭਾਲ, ਵਿੱਦਿਆ ਪ੍ਰਚਾਰ, ਧਰਮ ਦਾ ਵਾਧਾ, ਪ੍ਰਦੇਸਾਂ ਵਿਚ ਧਰਮ ਪ੍ਰਚਾਰ, ਕਾਲ ਅਤੇ ਬੀਮਾਰੀਆਂ ਵੇਲੇ ਪ੍ਰਾਣੀ ਮਾਤ੍ਰ ਦੀ ਸੇਵਾ ਕੀਤੀ ਜਾਂਦੀ। ਪਰ ਸ਼ੋਕ! ਕਿ ਅੱਜ-ਕਲ੍ਹ ਇਹ ਸਾਰੀ ਮਾਇਆ ਉਲਟੇ ਹੀ ਪਾਸੇ ਲੱਗ ਕੇ ਪੰਥ ਦੀ ਹੱਤਕ, ਮੁਲਕ ਦੀ ਗਰੀਬੀ, ਦੁਰਾਚਾਰ ਦੇ ਵਾਧੇ ਦਾ ਕਾਰਨ ਬਣ ਰਹੀ ਹੈ।

ਇਕ ਝੂਠ ਨੂੰ ਸਾਬਤ ਕਰਨ ਲਈ ਸੈਂਕੜੇ ਝੂਠ ਬੋਲਣੇ ਪੈਂਦੇ ਹਨ ਅਤੇ ਇਕ ਪਾਪ ਦੇ ਦਬਾਉਣ ਲਈ ਕਈ ਪਾਪ ਕਰਨੇ ਪੈਂਦੇ ਹਨ।

"ਅੰਦਰ ਬਹਿ ਕੇ ਪਾਪ ਕਮਾਂਵੈ ਸੋ ਚਹੁੰ ਕੁੰਟੀ ਜਾਣੀਐ" "ਜੋ ਧਰਮ ਕਰੈ ਤਿਸ ਧਰਮਿ ਨਾਉ ਹੋਵੈ ਪਾਪ ਕਮਾਣੈ ਪਾਪੀ ਜਾਣੀਐ।"

ਤੁਸਾਂ ਹਨੇਰ ਮਾਰਿਆ ਕਿ ਗੁਰੂ ਪੰਥ ਦੀ ਬਖਸ਼ੀ ਹੋਈ ਦਾਤ ਤੇ ਵਡਿਆਈ ਨਾਲ ਤੁਸੀਂ ਗੁਰੂ ਪੰਥ ਨੂੰ ਤਬਾਹ ਕਰਨ ਵਾਸਤੇ ਹੀ ਜੁਟ ਪਏ! ਤੁਸਾਂ ਗੁਰੂ ਪਿਆਰਿਆਂ ਨੂੰ ਤਖ਼ਤਾਂ ਤੇ ਚੜ੍ਹਨ ਤੋਂ ਰੋਕ ਦਿੱਤਾ ਤੁਸਾਂ ਗੁਰ ਮਰਿਆਦਾ ਕਰਨ ਵਾਲਿਆਂ ਦੀਆਂ ਅਰਦਾਸਾਂ ਬੰਦ ਕਰ ਦਿੱਤੀਆਂ, ਤੁਸਾਂ ਗੁਰੂ ਸਿੱਖਾਂ ਨੂੰ ਸ਼ਬਦ ਕੀਰਤਨ ਕਰਨ ਬਦਲੇ ਧਕੇ ਮਾਰੇ ਅਤੇ ਸਰਕਾਰੀ ਅਫ਼ਸਰਾਂ ਤੇ ਝੋਲੀ ਚੁੱਕਾਂ ਨਾਲ ਮਿਲ ਕੇ ਜਾਂ ਉਨ੍ਹਾਂ ਦੇ ਦਬਾ ਹੇਠਾਂ ਆ ਕੇ ਤੁਸਾਂ ਪੰਥ ਦੇ ਸੁਚੇ ਹੀਰਿਆਂ ਤੇ ਸ਼ਹੀਦ ਸਿੰਘਾਂ ਨੂੰ ਅਸਿੱਖ ਆਖਿਆ! ਤੁਸਾਂ ਏਕਤਾ ਦੇ ਘਰ ਅਤੇ ਇਕ ਵਾਹਿਗੁਰੂ ਦੀ ਪੂਜਾ ਸਿਖਾਣ ਲਈ ਬਾਬੇ ਦੇ ਡੇਰੇ ਵਿਚ ਬੁਤ ਪੂਜਾ ਸ਼ੁਰੂ ਕਰ ਦਿੱਤੀ! ਤੁਸਾਂ ਇਨ੍ਹਾਂ ਪਵਿਤਰ ਅਸਥਾਨਾਂ ਵਿਚ ਗੁਰ ਸਿਖੀ ਨੂੰ ਨਸ਼ਟ ਕਰਨ ਵਾਲੇ ਪ੍ਰਚਾਰ ਜਾਰੀ ਹੋਣ ਦਿੱਤੇ।

ਕੀ ਅਜੇ ਵੀ ਤੁਸੀਂ ਬਸ ਨਹੀਂ ਕਰੋਗੇ? ਕੀ ਇਨ੍ਹਾਂ ਪਾਪਾਂ ਦੇ ਬਦਲੇ ਤੁਸੀਂ ਪੰਥ ਦੀ ਸ਼ਰਨੀ ਪੈ ਕੇ ਮਾਫ਼ੀਆਂ ਮੰਗਣ ਲਈ ਤਿਆਰ ਨਹੀਂ ਹੋ? ਕੀ ਆਪ ਨੂੰ ਗੁਰੂ ਪੰਥ ਦਾ ਪੰਥ ਘਾਤਕਾਂ ਤੇ ਪਾਪੀਆਂ ਨਾਲ ਸਲੂਕ ਭੁਲ ਗਿਆ ਹੈ?

ਖਾਲਸਾ ਪੰਥ ਦਾ ਜਨਮ ਕੇਵਲ ਸੰਸਾਰ ਵਿਚ ਧਰਮ ਦਾ ਪ੍ਰਚਾਰ ਅਤੇ ਅਧਰਮ ਦਾ ਨਾਮ ਕਰਨ ਲਈ ਹੋਇਆ ਹੈ ਜਿਸ ਤਰ੍ਹਾਂ ਇਕ ਨਿਆਈ ਕਰਨ ਬਦਲੇ ਦੂਜਿਆਂ ਨਾਲੋਂ ਵੀ ਸਖ਼ਤ ਸਜ਼ਾ ਦੇਂਦਾ ਹੈ ਇਸ ਤਰ੍ਹਾਂ ਪੰਥ ਦੇ ਸਾਜਣ ਹਾਰੇ ਗੁਰੂ ਸਾਹਿਬਾਂ ਨੇ ਅਕਾਲੀ ਅਸੂਲ ਤੋੜਨ ਨਾਲ ਪੁੱਤਰਾਂ ਅਤੇ ਸਬੰਧੀਆਂ ਨੂੰ ਛੇਕ ਦਿੱਤਾ ਤੇ ਮੂੰਹ ਨਾ ਲਾਇਆ ਦਸਮੇਸ਼ ਪਿਤਾ ਗੁਰੂ ਕਲਗੀਆਂ ਵਾਲੇ ਨੇ ਸੰਗਤ ਦੀ ਭੇਟਾ ਨੂੰ ਅਯੋਗ ਤਰ੍ਹਾਂ ਵਰਤਨ ਵਾਲੇ ਤੇ ਦੁਰਾਚਾਰ ਫ਼ੈਲਾਣ ਵਾਲੇ ਮਸੰਦਾਂ ਨੂੰ ਤੇਲ ਦੇ ਕੜਾਹਾਂ ਵਿਚ ਤੱਲ ਕੇ ਪਾਪ ਤੋਂ ਕੰਬਾ ਦੇਣ ਵਾਲਾ ਨਜ਼ਾਰਾ ਦੁਨੀਆਂ ਦੇ ਸਾਹਮਣੇ ਰੱਖ ਦਿੱਤਾ! ਪੰਥ ਗੁਰੂ ਨੇ ਬੰਦੇ ਵਰਗੇ ਬਹਾਦਰ ਨੂੰ ਰਾਜ ਲੈਣ ਦੀ ਤਾਕਤ ਦੀ ਪ੍ਰਵਾਹ ਨਾ ਕਰਕੇ ਛੇਕ ਬੰਨੇ ਮਾਰਿਆ।

ਭੁਲੇ ਹੋਇਓ! ਇਹ ਅਕਾਲੀ ਪੰਥ ਹੈ ਅਤੇ ਇਸ ਦੇ ਅੰਦਰ ਅਕਾਲ ਸ਼ਕਤੀ ਕੰਮ ਕਰ ਰਹੀ ਹੈ। ਇਸ ਲਈ ਤੁਸੀਂ ਚਾਹੁੰਦੇ ਹੋ ਕਿ ਪੰਥ ਦੇ ਉਸ ਸਲੂਕ ਤੋਂ ਬਚ ਜਾਵੇ ਜੋ ਇਹ ਪਾਪੀਆਂ ਨਾਲ ਕਰਿਆ ਕਰਦਾ ਹੈ ਜੇਕਰ ਤੁਸੀਂ ਚਾਹੁੰਦੇ ਹੋ ਕਿ ਗੁਰੂ ਦੇ ਦਰਬਾਰ ਵਿਚ ਤੁਹਾਡੀ ਦੁਰਗਤੀ ਨਾ ਹੋਵੇ ਅਤੇ ਜੇ ਤੁਸੀਂ ਚਾਹੁੰਦੇ ਹੋ ਕਿ ਪੰਥ ਦੇ ਸੇਵਾਦਾਰ ਬਣ ਕੇ "ਸੇਵਕ ਕੌ ਸੇਵਾ ਬਨਿ ਆਈ" ਦੀ ਤੁਕ ਨੂੰ ਫਿਰ ਕਮਾ ਕੇ ਵਿਖਾਓ ਤਾਂ ਜਿਤਨੀ ਛੇਤੀ ਹੋ ਸਕੇ ਗੁਰੂ ਪੰਥ ਦੀ ਸ਼ਰਨੀ ਪੈ ਜਾਵੋ। ਖੁਲੇ ਸ਼ਬਦਾਂ ਵਿਚ ਪ੍ਰਗਟ ਕਰ ਦੇਵੋ ਕਿ ਅਸੀਂ ਪੰਥ ਦੇ ਹੁਕਮ ਅਨੁਸਾਰ ਸੇਵਾ ਕਰਾਂਗੇ।

ਗੁਰਦੁਆਰੇ ਅਤੇ ਜਗੀਰਾਂ ਸਭ ਪੰਥ ਦੀਆਂ ਹਨ। ਪੰਥ ਜਿਸ ਤਰ੍ਹਾਂ ਚਾਹੇ ਪ੍ਰਬੰਧ ਕਰੇ ਸਾਡਾ ਇਨ੍ਹਾਂ ਕੋਈ ਤਲੱਕ ਨਹੀਂ ਪੰਥ ਦੇ ਰੁਪਏ ਨਾਲ ਬਣੇ ਹੋਏ ਆਸ਼ਰਮਾਂ ਦੇ ਵਾਹਦ ਮਾਲਕ ਅਤੇ ਪੰਥ ਦੇ ਰੁਪਏ ਦੇ ਆਪੇ ਆਪ ਬਣੇ ਹੋਏ ਟ੍ਰਸਟੀ ਹੀ ਨੋਟ ਕਰ ਲੈਣ ਕਿ ਉਨ੍ਹਾਂ ਦੇ ਬਚਾਅ ਦੀ ਕੇਵਲ ਇਹੋ ਸ਼ਰਤ ਹੈ ਕਿ ਉਹ ਮਾਲਕੀਆਂ ਦੇ ਦਾਵੇ ਛਡ ਦੇਣ ਕਿ ਅਸੀਂ ਸਾਰੇ ਪੰਥ ਦੇ ਸਾਂਝੇ ਫ਼ੈਸਲੇ ਅਗੇ ਸਿਰ ਨਿਵਾਵਾਂਗੇ ਅਤੇ ਇਸ ਵਿਚ ਆਪ ਦੀ ਵਡਿਆਈ ਹੈ ਅਤੇ ਪੰਥ ਆਪਣੇ ਬਿਰਧ ਨੂੰ ਸਦਾ ਪਾਲੇਗਾ।

"ਜੋ ਸਰਨ ਆਵੈ ਇਸ ਕੰਠ ਲਾਵੈ ਇਹ ਬਿਰਧ ਸੁਆਮੀ ਸੰਦਾ"

ਖਾਲਸਾ ਜੀ ਆਪਣੀ ਆਨ ਰੱਖ ਵਖਾਓ!

ਗੁਰਦੁਆਰਾ ਬਾਬੇ ਦੀ ਬੇਰ ਸਬੰਧੀ ਮਾਮਲਾ ਪਹਿਲੀ ਹੀ ਹਾਲਤ ਵਿਚ ਅੜਿਆ ਖਲੋਤਾ ਹੈ ਸਤਿਗੁਰੂ ਜੀ ਦੇ

ਦੁਲਾਰੇ ਸਰਦਾਰ ਅਮਰ ਸਿੰਘ ਜੀ ਝਬਾਲ ਵਾਲੇ ਸਤਿਗੁਰੂ ਦੇ ਭਰੋਸੇ ਤੇ ਐਲਾਨ ਕਰ ਚੁਕੇ ਹਨ ਕਿ ਜਦ ਤਕ ਗੰਡਾ ਸਿਹੁੰ ਪਤਤ ਨੂੰ ਹਟਾ ਕੇ ਗੁਰਦੁਆਰੇ ਦਾ ਇਤਜ਼ਾਮ ਸਿੱਖ ਕਮੇਟੀ ਦੇ ਸਪੁਰਦ ਨਾ ਹੋ ਜਾਵੇ ਅਸੀਂ ਸਿਆਲਕੋਟ ਨਹੀਂ ਛਡਾਂਗੇ ਸ੍ਰੀ ਅੰਮ੍ਰਿਤਸਰ ਜੀ, ਇਲਾਕਾ ਬਾਰ ਤੇ ਗੁਜਰਾਂਵਾਲੇ ਤੋਂ ਸੰਗਤਾਂ ਦਬਾ ਦਬ ਆਂ ਰਹੀਆਂ ਹਨ, ਖਾਲਸਾ ਜੀ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ ਕਿ ਇਸ ਵਾਸਤੇ ਆਪ ਦੀ ਸੇਵਾ ਵਿਚ ਬੇਨਤੀ ਹੈ ਕਿ ਆਪ ਖਾਲਸਾ ਪੰਥ ਦੀ ਸ਼ਾਨ ਨੂੰ ਕਾਇਮ ਰੱਖਣ ਹਿਤ ਅਤੇ ਧਰਮ ਦੀ ਖ਼ਾਤਰ ਆਪਣਾ ਤਨ ਮਨ ਦੇ ਧਨ ਨਿਛਾਵਰ ਕਰਨ ਵਾਲੀ ਆਨ ਨੂੰ ਸਦਾ ਲਈ ਅਟਲ ਰੱਖਣ ਵਾਸਤੇ ਕਮਰ ਕਸ ਕਰ ਕੇ ਸਿਆਲਕੋਟ ਵੱਲ ਚੜ੍ਹਾਈ ਕਰ ਦੇਵੋ ਤੇ ੩ ਅਕਤੂਬਰ ਤੋਂ ਪਹਿਲਾਂ ੨ ਇਥੇ ਪਹੁੰਚ ਕੇ ਆਪ ਨੇ ਭ੍ਰਾਵਾ ਦਾ ਗੁਰਦੁਆਰੇ ਦੀ ਸੇਵਾ ਵਿਚ ਹੱਥ ਵਟਾ ਕੇ ਗੁਰੂ ਕਲਗੀਧਰ ਜੀ ਦੀਆਂ ਖੁਸ਼ੀਆਂ ਦੇ ਭਾਗੀ ਬਣੋ।

ਦਾਸ—ਸੱਜਣ ਸਿੰਘ ਸਕੱਤਰ
ਖਾਲਸਾ ਦੀਵਾਨ ਸਿਆਲਕੋਟ।

ਅਕਾਲੀ ਲਾਹੌਰ, ੪ ਅਕਤੂਬਰ ੧੯੨੦

ਗੁਰਦੁਆਰਾ ਰਕਾਬ ਗੰਜ ਸਾਹਿਬ।

ਸ਼ਹੀਦੀ ਦਲ ਨੂੰ ਸੁਨੇਹਾ।

ਅਜੇ ਤਕ ਹਰ ਰੋਜ਼ 'ਸ਼ਹੀਦੀ ਦਲ' ਵਿਚ ਨਾਮ ਆ ਰਹੇ ਹਨ। ਸਾਰੇ ਨਾਮ ਤਕਰੀਬਨ ਸਤ ਅੱਠ ਸੌ ਬਣ ਗਏ ਹਨ। ਇਸ ਲਈ ਹੁਣ ਅਖ਼ਬਾਰ ਵਿਚ ਛਾਪਣੇ ਬੰਦ ਕਰ ਦਿੱਤੇ ਹਨ। ਵਿਚਾਰ ਕੀਤੀ ਗਈ ਹੈ ਕਿ ਦੋ ਸੱਜਣ ਬਹੁਤ ਛੇਤੀ ਦਿੱਲੀ ਭੇਜੇ ਜਾਣ ਜੋ ਸਭ ਹਾਲ ਪੂਰਾ-ਪੂਰਾ ਪਤਾ ਕਰ ਕੇ ਸਿੱਖ ਲੀਗ ਦੇ ਸਮਾਗਮ ਵੇਲੇ "ਸ਼ਹੀਦੀ ਦਲ" ਵਿਚ ਪੇਸ਼ ਕਰਨ। ਇਸ ਲਈ ਜ਼ਰੂਰੀ ਬੇਨਤੀ ਹੈ ਕਿ ੧੯, ੨੦, ੨੧ ਅਕਤੂਬਰ ਨੂੰ ਜਿਨਾਂ ਸੱਜਣਾਂ ਨੇ ਸ਼ਹੀਦੀ ਦਲ ਵਿਚ ਨਾਮ ਲਿਖਾਏ ਹਨ ਜ਼ਰੂਰ ਦਰਸ਼ਨ ਦੇਣ ਤਾਂ ਜੇ ਢਠੀ ਹੋਈ ਕੰਧ ਚਾੜ੍ਹਨ ਲਈ ਛੇਕੜਲਾ ਫ਼ੈਸਲਾ ਕੀਤਾ ਜਾਵੇ।

ਗੁਰੂ ਸਿੰਘ ਸਭਾ ਲਾਹੌਰ

(੧) ੧੮ ਸਤੰਬਰ ਨੂੰ ਸਿੰਘ ਸਭਾ ਲਾਹੌਰ ਦੇ ਸਪਤਾਹਕ ਜੋੜ ਮੇਲ ਵਿਚ ਬਾਬੇ ਦੀ ਬੇਰ ਸਿਆਲਕੋਟ ਦੇ ਮੈਨੇਜਰ ਚੌਧਰੀ ਗੰਡਾ ਸਿਹੁੰ ਦੇ ਵਤੀਰੇ ਤੇ ਗੁਸਾ ਤੇ ਘ੍ਰਿਣਾ ਪ੍ਰਗਟ ਕੀਤੀ ਗਈ ਅਤੇ ਸਿਆਲਕੋਟ ਦੇ ਸਿੱਖਾਂ ਨਾਲ ਹਮਦਰਦੀ ਕਰਦੇ ਹੋਏ ਭਰੋਸਾ ਦਿਵਾਇਆ ਕਿ ਲਾਹੌਰ ਦੀ ਸੰਗਤ ਉਨ੍ਹਾਂ ਦੀ ਹਰ ਤਰ੍ਹਾਂ ਸਹਾਇਤਾ ਕਰਨ ਨੂੰ ਤਿਆਰ ਹੈ।
(੨) ਪੰਜਾਬ ਗੌਵਰਮੈਂਟ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕਿ ਉਹ ਆਪ ਵਿਚ ਪੈ ਕੇ ਇਸ ਮਾਮਲੇ ਦਾ ਫ਼ੈਸਲਾ ਕਰਵਾ ਦੇਵੇ।

ਅਕਾਲੀ ਲਾਹੌਰ, ੬ ਅਕਤੂਬਰ ੧੯੨੦

ਸਾਡੇ ਸਾਹਮਣੇ ਕੌਮੀ ਕੰਮ!

ਸੈਂਟ੍ਰਲ ਸਿੱਖ ਲੀਗ ਦੇ ਲਾਹੌਰ ਵਿਚ ਹੋਣ ਵਾਲੇ ਜੋੜ ਮੇਲੇ ਦੇ ਸਾਹਮਣੇ ਅਜਿਹੇ ਜ਼ਰੂਰੀ ਅਤੇ ਵੱਡੇ-ਵੱਡੇ ਕੌਮੀ ਸਵਾਲ ਪੇਸ਼ ਹੋਣੇ ਹਨ ਕਿ ਅੱਜ ਤਾਈਂ ਕਦੇ ਕਿਸੇ ਸਿੱਖ ਜਥੇ ਦੇ ਸਾਹਮਣੇ ਵਿਚਾਰ ਨਹੀਂ ਆਏ। 'ਸਿੱਖ ਲੀਗ' ਅੱਜੇ ਮਸਾਂ ਡੇਢ ਕੁ ਸਾਲ ਦਾ ਛੋਟਾ ਜਿਹਾ ਬੱਚਾ ਹੈ ਅਤੇ ਇਸ ਨਰਮ ਉਮਰ ਵਿਚ ਅਜਿਹੇ ਕਰੜੇ ਸਮੇਂ ਸਾਰੀ ਕੌਮ ਦੀ ਅਗਵਾਈ ਕਰਨ ਦਾ ਭਾਰ ਇਸ ਦੇ ਮੋਢਿਆਂ ਤੇ ਆ ਪੈਣਾ ਵਾਕਈ ਇਕ ਕਠਨ ਜਿਹਾ ਕੰਮ ਜਾਪਦਾ ਹੈ। ਅਜਿਹਾ ਜ਼ਰੂਰੀ ਅਤੇ ਮੁਸ਼ਕਲ ਕੰਮ ਇਸ ਉਮਰ ਵਿਚ ਸ਼ਾਇਦ ਹੀ ਕਿਸੇ ਜਥੇ ਨੇ ਕੀਤਾ ਹੋਵੇ। ਇਸ ਵੇਲੇ ਕੌਮੀ ਔਕੜ ਦੇ ਨਾਜ਼ੁਕ ਸਮੇਂ ਨਾ ਕੇਵਲ ਸਾਰੀ ਸਿੱਖ ਕੌਮ ਦੀਆਂ ਹੀ ਸਗੋਂ ਸਾਰੇ ਹਿੰਦ ਵਾਸੀਆਂ ਦੀਆਂ ਅਤੇ ਵਿਦੇਸ਼ੀ

ਨੌਕਰਸ਼ਾਹੀ ਦੀਆਂ ਅੱਖਾਂ 'ਸਿੱਖ ਲੀਗ' ਵੱਲ ਲੱਗੀਆਂ ਹੋਈਆਂ ਹਨ, ਕਿ ਇਸ ਵੇਲੇ ਉਹ ਪੰਥ ਦੀ ਅਗਵਾਈ ਕਿਵੇਂ ਕਰਦੀ ਹੈ। ਇਹ ਗੱਲ ਮੰਨਣ ਵਿਚ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਸਿੱਖ ਰਾਜਸੀ ਕੰਮਾਂ ਵਿਚ ਦੂਜੀਆਂ ਕੌਮਾਂ ਨਾਲੋਂ ਪਿੱਛੇ ਹਨ। 'ਸਿੱਖ ਲੀਗ' ਅਜੇ ਬਹੁਤ ਛੋਟੀ ਉਮਰ ਦਾ ਬਾਲਕ ਹੈ ਪਰ ਇਹ ਸਾਰੀਆਂ ਔਕੜਾਂ ਦਿਲ ਢੋਹਣੀਆਂ ਨਹੀਂ। ਸਾਨੂੰ ਗੁਰੂ ਪੰਥ ਦੀ ਦੇਸ਼ ਭਗਤੀ, ਹੋਰ ਕੌਮੀ ਸੇਵਾ, ਦਾਨਾਈ ਅਤੇ ਸਚਾਈ ਤੇ ਐਨ ਭਰੋਸਾ ਹੈ ਕਿ ਉਨ੍ਹਾਂ ਇਨ੍ਹਾਂ ਸਾਰਿਆਂ ਜ਼ਰੂਰੀ ਕੰਮਾਂ ਨੂੰ ਇਸ ਤਰੀਕੇ ਨਾਲ ਨਜਿਠੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਪੰਥ ਦੀ ਸ਼ਾਨ ਨੂੰ ਦੁਨੀਆਂ ਦੀਆਂ ਕੌਮਾਂ ਦੀ ਨਜ਼ਰ ਵਿਚ ਉੱਚਿਆਂ ਕਰੇਗਾ। ਸਿੱਖ ਕੌਮ ਆਪਣੇ ਜਨਮ ਦੇ ਮਨੋਰਥ ਨੂੰ ਅਤੇ ਇਤਿਹਾਸ ਨੂੰ ਮੁਖ ਰੱਖਦੀ ਹੋਈ ਆਪਣੀ ਜ਼ਿੰਮੇਵਾਰੀ ਚੰਗੀ ਤਰ੍ਹਾਂ ਸਮਝਦੀ ਹੈ ਅਤੇ ਇਹ ਵੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਦੇਸ਼ ਦੀ ਸੇਵਾ ਕਰਨੀ, ਦੁਖੀਆਂ ਦਾ ਦੁਖ ਦੂਰ ਕਰਨਾ ਸਿੱਖਾਂ ਦਾ ਪਰਮ ਧਰਮ, ਆਜ਼ਾਦੀ ਲਈ ਵੱਧ ਵੱਧ ਕੇ ਕੁਰਬਾਨੀ ਕਰਨੀ ਸਿੱਖਾਂ ਦਾ ਹਕ ਹੈ, ਅਤੇ ਇਸ ਵਿਚ ਸਾਡਾ ਕੌਮੀ ਵਡੱਪਣ ਹੈ।

ਇਸ ਲਈ ਸਾਨੂੰ ਭਰੋਸਾ ਹੈ ਕਿ ਇਸ ਕੌਮੀ ਔਕੜ ਵੇਲੇ ਸਿੱਖ ਕੌਮ ਦੁਖ, ਤਕਲੀਫ਼ਾਂ, ਜਾਂ ਕੁਰਬਾਨੀਆਂ ਦੀ ਪ੍ਰਵਾਹ ਨਾ ਕਰਦੀ ਹੋਈ ਧਰਮ ਦੇ ਰਸਤੇ ਤੋਂ ਇਕ ਇੰਚ ਭਰ ਵੀ ਆਸੇ ਪਾਸੇ ਨਹੀਂ ਹੋਵੇਗੀ ਮੁਸੀਬਤਾਂ ਦਾ ਟਾਕਰਾ ਮਰਦਾਂ ਵਾਂਗੂ ਛਾਤੀ ਡਾਹਕੇ ਕਰੇਗੀ ਅਤੇ ਸਿੱਖ ਸਾਬਤ ਕਰ ਦੇਣਗੇ ਕਿ ਭਾਵੇਂ ਅੱਜ ਤਾਈਂ ਸਿੱਖ ਰਾਜਸੀ ਕੰਮਾਂ ਤੋਂ ਦੂਰ ਦੂਰ ਭਜਦੇ ਰਹੇ ਹਨ ਪਰ ਜਦੋਂ ਕੋਈ ਵੇਲਾ ਕੰਮ ਕਰਨ ਦਾ ਆਇਆ ਹੈ ਤਾਂ ਸਿੱਖ ਕੌਮ ਆਪਣੀ ਜਗਾਂ ਤੇ ਦੇਸ਼ ਸੇਵਾ ਲਈ ਹਾਜ਼ਰ ਹੈ। ਐਸ ਵੇਲੇ ਕਮਜ਼ੋਰੀ ਕਰਨਾ ਮੌਤ ਨੂੰ ਜਫਾ ਮਾਰਨਾ ਹੈ। ਮੁਸੀਬਤਾਂ ਨੂੰ ਪਿਠ ਦੇਣੀ ਸਿੱਖਾਂ ਨੂੰ ਫਬਦਾ ਹੀ ਨਹੀਂ। ਇਸ ਲਈ ਇਸ ਨਾਜ਼ਕ ਸਮੇਂ ਸਾਰਾ ਪੰਥ ਰਲ ਕੇ ਠੰਡੇ ਦਿਲ ਨਾਲ, ਗੰਭੀਰਤਾ ਨਾਲ ਵਿਚਾਰ ਕਰਕੇ, ਫ਼ੈਸਲਾ ਕਰੇਗਾ। ਨਾਲੇ ਵੀਰਾਂ ਅਤੇ ਹੋਰ ਹਰ ਇਕ ਕੌਮੀ ਦਰਦ ਰੱਖਣ ਵਾਲੇ ਸਿੱਖ ਭਾਈ ਦੀ ਸੇਵਾ ਵਿਚ ਖ਼ਾਸ ਤੌਰ ਤੇ ਬੇਨਤੀ ਕਰਦੇ ਹਾਂ ਕਿ ਉਹ ਸਿੱਖ ਲੀਗ ਦੇ ਜਲਸੇ ਤੇ ਅਪੜਕੇ ਜ਼ਰੂਰ ਸੇਵਕਾਂ ਦਾ ਕੌਮੀ ਸੇਵਾ ਵਿਚ ਹੱਥ ਵਟਾਉਣ।

ਐਸ ਵੇਲੇ ਕੰਮ ਦੇ ਸਾਹਮਣੇ ਚਾਰ ਵੱਡੇ-ਵੱਡੇ ਸਵਾਲ ਹਨ। (੧) ਨਾ ਮਿਲਵਰਤਨ (੨) ਰਾਜਸੀ ਕੈਦੀ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ, (੩) ਗੁਰਦੁਆਰਿਆਂ ਦਾ ਸੁਧਾਰ, (੪) ਜਥੇਬੰਦੀ।

ਜਿਵੇਂ ਹਾਥੀ ਦੇ ਪੈਰ ਵਿਚ ਸਾਰੇ ਪੈਰ ਆ ਜਾਂਦੇ ਹਨ ਇਸੇ ਤਰ੍ਹਾਂ 'ਨਾ ਮਿਲਵਰਤਨ' ਦੇ ਸਵਾਲ ਵਿਚ ਪੰਜਾਬ ਦੇ ਜ਼ੁਲਮ, ਸਿੱਖਾਂ ਨਾਲ ਬੇਇੰਨਸਾਫ਼ੀਆਂ, ਖਿਲਾਫਤ ਹੰਟਰ ਰਿਪੋਰਟ, ਸੁਧਾਰ ਸਕੀਮ ਆਦਿਕ ਸਾਰੇ ਸਵਾਲ ਆ ਜਾਂਦੇ ਹਨ। ਇਸ ਤੇ ਅਸੀਂ ਫੇਰ ਵਿਚਾਰ ਕਰਾਂਗੇ।

ਦੂਜਾ ਸਵਾਲ ਰਾਜਸੀ ਕੈਦੀਆਂ ਦਾ ਹੈ। ਜੇਕਰ ਜਿਸ ਤਰ੍ਹਾਂ ਕਿ ਸਾਨੂੰ ਆਸ਼ਾ ਹੈ। ਨਾ ਮਿਲਵਰਤਨ ਦਾ ਗੁਰਮਤਾ ਪਾਸ ਹੋ ਗਿਆ ਤਾਂ, ਫੇਰ ਕੈਦੀ ਸਾਨੂੰ ਛਡਣ ਲਈ ਸਰਕਾਰ ਪਾਸ ਬੇਨਤੀ ਕਰਨੀ ਅਸੰਭਵ ਹੈ। ਫਿਰ ਇਹੋ ਹੀ ਹੋ ਸਕਦਾ ਹੈ ਕਿ ਕੈਦੀਆਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਅਮਲੀ ਕੰਮ ਕਰਨ ਲਈ ਇਕ ਕਮੇਟੀ ਬਣਾਈ ਜਾਵੇ, ਅਤੇ ਚੰਦਾ ਹੋਰ ਜਮਾਂ ਕੀਤਾ ਜਾਵੇ ਕਿਉਂਕਿ ਸੰਭਵ ਹੈ ਕਿ ਹੁਣ ਕੈਦੀਆਂ ਦੀ ਗਿਣਤੀ ਵਿਚ ਘਾਟੇ ਦੀ ਥਾਂ ਵਾਧਾ ਹੋ ਜਾਵੇ।

ਤੀਜੇ ਅਤੇ ਚੌਥੇ ਸਵਾਲ ਤੇ ਸਾਇਦ ਸਿੱਖ ਲੀਗ ਵਿਚ ਵਿਚਾਰ ਨਾ ਹੋ ਸਕੇ ਕਿਉਂਕਿ ਇਹ ਸਵਾਲ ਸਾਫ਼-ਸਾਫ਼ ਰਾਜਸੀ ਸ਼੍ਰੇਣੀ ਵਿਚ ਨਹੀਂ ਆ ਸਕਦੇ। ਪਰ ਇਹ ਦੋਨੋਂ ਸਵਾਲ ਇਤਨੇ ਜ਼ਰੂਰੀ ਹਨ ਕਿ ਪੰਥ ਚੁਪ ਵੀ ਨਹੀਂ ਰਹਿ ਸਕਦਾ। ਇਸ ਲਈ ਇਨ੍ਹਾਂ ਸਵਾਲਾਂ ਤੇ ਵਿਚਾਰ ਕਰਨ ਲਈ ਇਨ੍ਹਾਂ ਹੀ ਦਿਨਾਂ ਵਿਚ ਕੋਈ ਖ਼ਾਸ ਇਕਤਰਤਾਂ ਕਰਨੀਆਂ ਪੈਣਗੀਆਂ।

ਗੁਰਦੁਆਰਿਆਂ ਦੇ ਸੁਧਾਰ ਦਾ ਮਾਮਲਾ ਸਾਫ਼ ਹੈ। ਸਾਰੇ ਗੁਰਧਾਮ ਧਰਮ ਦੇ ਪ੍ਰਚਾਰ ਲਈ ਬਣਾਏ ਗਏ ਸਨ ਅਤੇ ਗੁਰੂ ਪੰਥ ਦੀ ਜਾਇਦਾਦ ਹਨ ਸੋ ਹੁਣ ਇਨ੍ਹਾਂ ਸਾਰੀਆਂ ਜਾਇਦਾਦਾਂ ਦਾ ਪ੍ਰਬੰਧ ਗੁਰੂ ਪੰਥ ਆਪ ਕਰੇਗਾ। ਚੰਗਾ ਹੋਵੇ ਜੇ ਸਾਰੇ ਮਹੰਤ ਪੁਜਾਰੀ ਆਦਿਕ ਪੰਥ ਦੀ ਮਰਜੀ ਅਨੁਸਾਰ ਗੁਰਧਾਮਾਂ ਦੀ ਸੇਵਾ ਕਰ ਕੇ ਆਪਣਾ ਜਨਮ ਸਫਲਾ ਕਰਨ, ਨਹੀਂ ਤਾਂ ਜੋ ਸਿੱਟਾ ਨਿਕਲੇਗਾ ਉਹ ਸਾਫ਼ ਹੈ।

ਜਥੇਬੰਦੀ ਦੇ ਸਵਾਲ ਤੇ ਵੀ ਸਾਰੇ ਪੰਥ ਦੀ ਇਕ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਜ਼ਥਾ ਬਣਾਇਆ

ਜਾਵੇ ਤਾਂ ਕਿ ਇਹ ਕੌਮ ਦੇ ਹੱਕਾਂ ਦੀ ਰਾਖੀ ਭਲੀ ਪ੍ਰਕਾਰ ਕਰ ਸਕੇ । ਹੁਣ ਜਿਹੜੇ ਸੱਜਣ ਇਸ ਜਰੂਰੀ ਕੰਮ ਦੇ ਸਿਰੇ ਚੜ੍ਹਨ ਵਿਚ ਜਾਣ ਬੁਝ ਕੇ ਰੋੜੇ ਅਟਕਾਉਣਗੇ ਉਹ ਪੰਥ ਉਨਤੀ ਵਿਚ ਰੋਕਾਂ ਪਾਉਣਗੇ ਅਤੇ ਫੁਟ ਦਾ ਪ੍ਰਚਾਰ ਕਰਨਗੇ । ਸਾਨੂੰ ਚਾਹੀਦਾ ਹੈ ਕਿ ਇਸ ਮੁਸੀਬਤ ਦੇ ਵੇਲੇ ਅਸੀਂ ਸਾਰੇ ਭਾਈ ਇਕ ਮਿਕ ਹੋ ਕੇ ਦੇਸ਼ ਤੇ ਕੌਮ ਦੀ ਸੇਵਾ ਕਰੀਏ । ਪਰ ਕਈ ਖ਼ੁਦਗਰਜ਼ ਲੋਕ ਇਹ ਨਹੀਂ ਚਾਹੁੰਦੇ ਕਿ ਸਿੱਖ ਲੀਗ ਰਲ ਕੇ ਬੈਠਣ ਅਤੇ ਕੌਮ ਉਨਤੀ ਲਈ ਰਲ ਕੇ ਵਿਚਾਰ ਕਰਨ । ਪਰ ਹੁਣ ਖਾਲਸਾ ਜਾਗ ਪਿਆ ਹੈ । ਹੁਣ ਜਦੋਂ ਇਨ੍ਹਾਂ ਪੇਟ ਪਾਲੂਆਂ ਦੀ ਦਾਲ ਕਿਤੇ ਨਾ ਗਲੀ ਤਾਂ ਆਪੇ ਹੀ ਗੁਰੂ ਪੰਥ ਦੀ ਸ਼ਰਨ ਆ ਪੈਣਗੇ ।

ਨੌਕਰਸ਼ਾਹੀ ਤੋਂ ਭਰੋਸਾ ਉਠ ਗਿਆ

ਉਜਲ ਸਿੰਘ ਜੀ ਨਾਲ ਮੁਲਾਕਾਤ

"ਬੰਬਈ ਕਰਾਨੀਕਲ" ਦੇ ਪੱਤਰ ਪ੍ਰੇਰਕ ਨਾਲ ਮੁਲਾਕਾਤ ਦੇ ਸਮੇਂ ਸਰਦਾਰ ਉਜਲ ਸਿੰਘ ਜੀ ਐਮ. ਏ. ਜਿਹੜੇ ਕਿ ਸਿੱਖ ਡੈਪੂਟੇਸ਼ਨ ਨਾਲ ਵਲੈਤ ਗਏ ਸਨ ਅਤੇ ਪਿਛਲੇ ਸ਼ਨੀਚਰਵਾਰ ਵਾਪਸ ਮੁੜ ਆਏ ਹਨ ਨੇ ਪ੍ਰਗਟ ਕੀਤਾ ਕਿ ਸਿੱਖਾਂ ਨੂੰ ਨੌਕਰਸ਼ਾਹੀ ਤੋਂ ਭਰੋਸਾ ਉਠ ਗਿਆ ਹੈ, ਅਤੇ ਹੁਣ ਸਾਡੀ ਕੌਮ 'ਨਾ ਮਿਲਵਰਤਨ' ਸਬੰਧੀ ਵਿਚਾਰ ਕਰੇਗੀ ।

ਪ੍ਰਸ਼ਨ— ਜੋ ਤੁਹਾਡੇ ਮਿਸ਼ਨ ਦਾ ਫਲ ਹੋਇਆ ਕੀ ਤੁਸੀਂ ਉਸ ਤੋਂ ਸੰਤੁਸ਼ਟ ਹੋ ?

ਉੱਤਰ— ਅਸੀਂ ਇਸ ਲਈ ਵਲੈਤ ਗਏ ਸਾਂ ਕਿ ਸਰਕਾਰ ਹਿੰਦ ਨੇ ਜੋ ਸਾਨੂੰ ਸੁਧਾਰ ਸਕੀਮ ਅਨੁਸਾਰ ਸਾਡੇ ਯੋਗ ਅਧਿਕਾਰ ਦੇਣ ਤੋਂ ਨਾ ਕੀਤੀ ਹੈ ਤਾਂ ਉਸ ਦੀ ਅਪੀਲ ਕਰੀਏ ਅਤੇ ਜਿਸ ਹਦ ਤਕ ਪ੍ਰੈਸ ਅਤੇ ਪਬਲਿਕ ਹਮਦਰਦੀ ਦਾ ਸਬੰਧ ਹੈ ਸਾਡੇ ਮਿਸ਼ਨ ਨੂੰ ਬੇਸ਼ਕ ਪੂਰਨ ਸਫਲਤਾ ਹੋਈ ਪਰੰਤੂ ਇਸ ਦੇ ਫਲ ਸਬੰਧੀ ਮੈਂ ਮੰਨਦਾ ਹਾਂ ਕਿ ਸਾਨੂੰ ਨਿਰਾਸਤਾ ਹੋਈ ਹੈ । ਸਾਡੇ ਇੰਗਲੈਂਡ ਨੂੰ ਜਾਣ ਸਮੇਂ ਜਾਇੰਟ ਕਮੇਟੀ ਨੇ ਸਿੱਖਾਂ ਨੂੰ ਦੋ ਹੋਰ ਸੀਟਾਂ ਦੇਣੀਆਂ ਪ੍ਰਵਾਣ ਕੀਤੀਆਂ ਪਰੰਤੂ ਇਸ ਰਿਐਤ ਦੀ ਕਦਰ ਤੇ ਕੀਮਤ ਨੂੰ ਪੰਜਾਬ ਸਰਕਾਰ ਦੀਆਂ ਉਨਾਂ ਉਲਟੀਆਂ ਸਫਾਰਸ਼ਾਂ ਨੇ ਉਕਾ ਹੀ ਗਵਾ ਦਿੱਤਾ ਹੈ ਜਿਹੜੀਆਂ ਉਸ ਨੇ ਖ਼ਾਹ ਮੁਖ਼ਾਹ ਸ਼ਹਿਰੀ ਤੇ ਪੇਂਡੂ ਹਲਕਿਆਂ ਵਿਚ ਵੰਡ ਪਾਉਣ ਸਬੰਧੀ ਕੀਤੀਆਂ ਹਨ ।

ਪ੍ਰਸ਼ਨ— ਅਫ਼ਸਰਾਂ ਦਾ ਵਤੀਰਾ ਕਿਹੋ ਜਿਹਾ ਸੀ ?

ਉੱਤਰ— ਲਾਰਡ ਸੈਲਬੋਰਨ, ਮਿਸਟਰ ਮਾਂਟੀਗੋ ਅਤੇ ਇੰਡੀਆਂ ਆਫਿਸ ਦੀ ਸਿਫਾਰਸ਼ ਕਮੇਟੀ ਦੇ ਮੈਂਬਰ ਤੇ ਹੋਰ ਅਫ਼ਸਰਾਂ ਦਾ ਹਮਦਰਦੀ ਭਰਿਆ ਸੀ ਇਨ੍ਹਾਂ ਵਿੱਚੋਂ ਕੋਈ ਸੱਜਣ ਵੀ ਹਾਮੀ ਭਰਨ ਲਈ ਤਤਪਰ ਨਹੀਂ ਸੀ ਮਿਸਟਰ ਮਾਂਟੀਗੋ ਨੇ ਸਰਕਾਰ ਹਿੰਦ ਨਾਲ ਲਿਖਾ ਪੜੀ ਕੀਤੀ ਅਤੇ ਦੱਸੀ ਦਿਨ ਮਗਰੋਂ ਸਾਨੂੰ ਉੱਤਰ ਭੇਜਿਆ ਇਹ ਉੱਤਰ ਸਨ ਲਾਰਡ ਸਿਨਹਾ ਦੁਆਰਾ ਲਗ ਭਗ ਉਨ੍ਹਾਂ ਹੀ ਲਫਜ਼ਾਂ ਦੁਆਰਾ ਪਹੁੰਚਾ ਜਿਹੜੇ ਲਫਜ਼ਾਂ ਦੁਆਰਾ ਕਿ ਸਰਕਾਰ ਹਿੰਦ ਨੇ ਸਾਨੂੰ ਸ਼ਿਮਲੇ ਵਿਚ ਨਾ ਕੀਤੀ ਸੀ ਅਤੇ ਜਾਇੰਟ ਕਮੇਟੀ ਦੇ ਇਕਰਾਰ ਨੂੰ ਤੋੜ ਮਰੋੜ ਕੇ ਸਾਡੀ ਤਸੱਲੀ ਕਰਨੀ ਚਾਹੀ ਸੀ ।

ਪ੍ਰਸ਼ਨ— ਕੀ ਤੁਸੀਂ ਸਮਝ ਦੇ ਹੋ ਕਿ ਜਿਹੜਾ ਤੁਹਾਡੇ ਨਾਲ ਇਕਰਾਰ ਕੀਤਾ ਗਿਆ ਸੀ ਉਹ ਤੋੜ ਦਿੱਤਾ ਗਿਆ ਹੈ ?

ਉੱਤਰ— ਬੇਸ਼ਕ ਸਾਡੇ ਨਾਲ ਇਕਰਾਰ ਕੀਤਾ ਗਿਆ ਸੀ ਕਿ ਸਿੱਖਾਂ ਨੂੰ ਉਹੋ ਤਰੀਕਾ ਤੇ ਉਹੋ ਰਿਐਤ ਦਿੱਤੀ ਜਾਏਗੀ ਜਿਹੜੀ ਕਿ ਮੁਸਲਮਾਨਾਂ ਨੂੰ ਦਿੱਤੀ ਗਈ ਹੈ ।

ਸੁਧਾਰ ਸਕੀਮ ਅਨੁਸਾਰ ਮੁਸਲਮਾਨ ਨੂੰ ਜਿਥੇ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੈ ਉਨ੍ਹਾਂ ਸੂਬਿਆਂ ਵਿਚ ਖਾਸ ਪ੍ਰਤੀਨਿਧਤਾ ਦਿੱਤੀ ਗਈ ਹੈ ਸਿੱਖ ਵੀ ਇਹੋ ਕੁਝ ਮੰਗਦੇ ਹਨ ਉਨ੍ਹਾਂ ਨਾਲ ਇਸੇ ਰਿਐਤ ਦਾ ਪਕਾ ਕੌਲ ਕੀਤਾ ਗਿਆ ਸੀ ਪਰੰਤੂ ਇਕ ਕੌਲ ਨਿਭਾਇਆ ਨਹੀਂ ਗਿਆ । ਸਰਕਾਰ ਹਿੰਦ ਦਾ ਇਸ ਇਕਰਾਰ ਨੂੰ ਕੇ ਦੱਸਣ ਦਾ ਵਤੀਰਾ ਹੈ ਕਿ ਜਿਸ ਨੇ ਸਿੱਖਾ ਦੇ ਦਿੱਲਾਂ ਵਿਚ ਤਲਖੀ ਤੇ ਜੋਸ਼ ਉਤਪਨ ਕਰ ਦਿੱਤਾ ਹੈ ।

ਪ੍ਰਸ਼ਨ— ਸਿੱਖ ਕੌਮ ਦਾ 'ਨਾ ਮਿਲਵਰਤਨ' ਸਬੰਧੀ ਜੋ ਵਤੀਰਾ ਹੈ ਇਸ ਗੱਲ ਦਾ ਉਸ ਉਪਰ ਕੁਝ ਅਸਰ ਪਏਗਾ ?

ਉੱਤਰ— ਸਿੱਖਾਂ ਨੂੰ ਹੁਣ ਨੌਕਰਸ਼ਾਹੀ ਉਪਰ ਕੋਈ ਭਰੋਸਾ ਨਹੀਂ ਰਿਹਾ ਉਹ ਇਹ ਗੱਲ ਸਮਝਣ ਲੱਗ ਪਏ ਹਨ ਕੇ

ਉਨ੍ਹਾਂ ਨੂੰ ਆਪਣਿਆਂ ਪੈਰਾਂ ਉਪਰ ਖਲੋਣਾ ਚਾਹੀਦਾ ਤੇ ਹਾਕਮਾਂ ਦੀ ਸਹਾਇਤਾ ਉਪਰ ਨਿਰਭਰ ਨਹੀਂ ਰਹਿਣਾ ਚਾਹੀਦਾ। ਇਕ ਰਾਹ ਪੂਰਾ ਨਾ ਹੋਣ ਦੀ ਸੂਰਤ ਵਿਚ ਜੋ ਸਿੱਖਾਂ ਨੂੰ ਨਿਰਾਸਤਾ ਹੋਈ ਹੈ ਉਸ ਦਾ ਅਸਰ ਸਿੱਖਾਂ ਦੇ ਵਤੀਰੇ ਉਪਰ ਹੋਣਾ ਜ਼ਰੂਰੀ ਹੈ ਅਤੇ ਉਹ ਨਾ ਮਿਲ ਵਰਤਨ ਸਬੰਧੀ ਗੂੜ੍ਹੀ ਵਿਚਾਰ ਕਰਨਗੇ ।

ਪ੍ਰਸ਼ਨ— ਮੈਂ ਆਪ ਨੂੰ ਇਕ ਬੜਾ ਜ਼ਰੂਰੀ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਨੂੰ ਨਿਸਚਾ ਹੈ ਕਿ ਕੌਮ ਵਾਰ ਪ੍ਰਤੀਨਿਧਤਾ ਥੋੜ੍ਹੀ ਗਿਣਤੀ ਦੀ ਰਾਇ ਮੁਕਾਮੀ ਲਈ ਚੰਗਾ ਤਰੀਕਾ ਹੈ ।

ਉੱਤਰ— ਬਤੌਰ ਰਿਵਾਜ ਇਜ ਨਾ ਤਾਂ ਚੰਗਾ ਹੈ ਤੇ ਨਾ ਹੀ ਬਕਾਇਦਾ ਹੈ ਬੇਸ਼ਕ ਥੋੜ੍ਹਿਆਂ ਨੂੰ ਹਿਫਾਜ਼ਤ ਦੀ ਲੋੜ ਹੈ ਅਤੇ ਮੈਂ ਇਸ ਗੱਲ ਨੂੰ ਦੇਖਣਾ ਪਸੰਦ ਕਰਦਾ ਹਾਂ ਕਿ ਮੁਸਲਮਾਨ ਕੌਮਵਾਰ ਪ੍ਰਤੀਨਿਧਤਾ ਨੂੰ ਛਡ ਦੇਣ ਅਤੇ ਮੈਨੂੰ ਰਤਾ ਸ਼ਕ ਨਹੀਂ ਕਿ ਸਿੱਖ ਵੀ ਇਸ ਗੱਲ ਨੂੰ ਝਟ ਹੀ ਛਡ ਦੇਣਗੇ ਥੋੜ੍ਹੀ ਗਿਣਤੀ ਦੀ ਰੱਖਿਆ ਲਈ ਹੋਰ ਵੀ ਕਈ ਤਰੀਕੇ ਹਨ ਜਦੋਂ ਮੈਂ ਕਰਨੈਲ ਵੈਜਵੁਡ ਨਾਲ ਮੁਲਾਕਾਤ ਕੀਤੀ ਤਦ ਮੈਨੂੰ ਪਤਾ ਲਗਾ ਕਿ ਉਹ ਕੌਮਵਾਰ ਪ੍ਰਤੀਨਿਧਤਾ ਦਾ ਪਕਾ ਵਿਰੋਧੀ ਹੈ ਕਿਉਂਕਿ ਉਸ ਦੀ ਰਾਏ ਵਿਚ ਇਸ ਨਾਲ ਹਿੰਦ ਦੀਆਂ ਕੌਮਾਂ ਵਿਚ ਇਤਫਾਕ ਵਧ ਜਾਏਗਾ।

ਪ੍ਰਸ਼ਨ— ਡਾਇਰ ਨੇ ਆਪਣੇ ਆਪ ਨੂੰ ਸਿੱਖ ਹੋਣਾ ਪ੍ਰਗਟ ਕੀਤਾ ਸੀ ਕੀ ਤੁਸੀਂ ਇਸ ਮਾਮਲੇ ਉਪਰ ਵਧੇਰੇ ਚਾਨਣਾ ਪਾ ਸਕਦੇ ਹੋ ?

ਉੱਤਰ— ਲਾਰਡ ਸਭਾ ਵਿਚ ਬਹਿਸ ਦੇ ਸਮੇਂ ਕੁਝ ਕੁ ਲੋਕਾਂ ਨੇ ਬਿਆਨ ਕੀਤਾ ਸੀ ਕਿ ਡਾਇਰ ਸਿੱਖ ਬਣਾਇਆ ਗਿਆ ਹੈ ਲਾਰਡ ਕਰਜ਼ਨ ਨੇ ਵੀ ਇਸ

ਸੱਚ ਮੰਨਿਆ ਅਸਾਂ ਝਟ ਇਸ ਝੂਠ ਦਾ ਪਾਸ ਉਘਾੜਨ ਦੀ ਲੋੜ ਨੂੰ ਅਨੁਭਵ ਕਰ ਕੇ ਪ੍ਰੈਸ ਦੁਆਰਾ ਇਸ ਦੀ ਕਲਈ ਖੋਲ੍ਹੀ ਅਤੇ ਵੱਡੀ ਗੱਲ ਇਹ ਹੈ ਕਿ ਡਾਇਰ ਦੇ ਹਿਮੈਤੀਆਂ ਵੱਲੋਂ ਇਸ ਦਾ ਕੋਈ ਉੱਤਰ ਨਾ ਮਿਲਿਆ।

ਪ੍ਰਸ਼ਨ— ਕੀ ਤੁਸੀਂ ਵਲਾਇਤ ਵਿਚ ਪ੍ਰਚਾਰ ਦੀ ਲੋੜ ਉਪਰ ਨਿਸਚਾ ਰੱਖਦੇ ਹੋ ?

ਉੱਤਰ— ਮੈਂ ਬੜੇ ਜ਼ੋਰ ਨਾਲ ਕਹਿੰਦਾ ਹਾਂ ਪਰੰਤੂ ਇਸ ਦਾ ਟਪਲਾ ਨਾ ਖਾਣਾ ਮੈਨੂੰ ਨਿਸਚਾ ਹੋ ਗਿਆ ਹੈ ਕਿ ਉਹ ਡੈਪੂਟੇਸ਼ਨ ਤੇ ਮਿਸ਼ਨ ਜਿਹੜੇ ਨਿਕੀਆਂ-ਨਿਕੀਆਂ ਗਲਾਂ ਦੀ ਮੰਗ ਲਈ ਵਲਾਇਤ ਜਾਂਦੇ ਹਨ ਉਹ ਬਿਲਕੁਲ ਵਿਅਰਥ ਹਨ, ਪਰੰਤੂ ਪ੍ਰਚਾਰ ਦੀ ਨਿਯਤ ਨਾਲ ਜਾਣ ਵਾਲੇ ਮਿਸ਼ਨ ਜਿਨਾਂ ਦੇ ਮਗਰ ਪਬਲਿਕ ਹੋਵੇ ਉਨ੍ਹਾਂ ਦੀ ਉਥੇ ਬੜੀ ਲੋੜ ਹੈ ਸਾਨੂੰ ਕੇਵਲ ਸਰਕਾਰ ਨੂੰ ਆਪਣੇ ਹੱਕ ਦੱਸਣ ਤਕ ਹੀ ਬਸ ਨਹੀਂ ਕਰ ਦੇਣੀ ਚਾਹੀਦੀ ਸਗੋਂ ਵਲਾਇਤ ਦੀ ਪਬਲਿਕ ਨੂੰ ਸਹੀ ਹਾਲਾਂ ਤੋਂ ਜਾਣੂੰ ਕਰਨਾ ਅਤੇ ਉਨ੍ਹਾਂ ਨੂੰ ਇਹ ਦੱਸਣਾ ਕਿ ਉਨ੍ਹਾਂ ਨੂੰ ਬਿਲਕੁਲ ਹਨੇਰੇ ਵਿਚ ਰੱਖਿਆ ਜਾਂਦਾ ਹੈ। ਮੈਂ ਤਾਂ ਇਸ ਤੋਂ ਵਧੇਰੇ ਚਾਹੁੰਦਾ ਹਾਂ ਅਤੇ ਲੋਕ ਮਾਨ ਤਿਲਕ ਤੇ ਪੂਰਨ ਸੰਮਤੀ ਹੈ ਕਿ ਇਸ ਵੇਲੇ ਸਾਰੇ ਯੂਰਪ ਤੇ ਅਮਰੀਕਾ ਵਿਚ ਪ੍ਰਚਾਰ ਦੀ ਲੋੜ ਹੈ ਸਾਡੀ ਪੁਕਾਰ ਬਿਲਕੁਲ ਸਾਫ਼ ਤੇ ਮਿਲਵੀ ਹੋਵੇ ਮੇਰੀ ਇੰਗਲੈਂਡ ਵਿਚ ਚੀਕ ਪੁਕਾਰ ਦਾ ਇਹ ਫਲ ਹੋਇਆ ਕਿ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਾਨੂੰ ਹਕ ਪ੍ਰਾਪਤੀ ਲਈ ਅੱਜ-ਕਲ੍ਹ ਦੇ ਨਵੇਂ ਜਥੇਬੰਦੀ ਦੇ ਤਰੀਕੇ ਵਰਤਨੇ ਚਾਹੀਦੇ ਹਨ ਅਤੇ ਇਸ ਬਾਬਤ ਮੈਂ ਇੰਗਲੈਂਡ ਦੀ ਮੰਜ਼ੂਰੀ ਪਾਰਟੀ ਦੀ ਅੱਜ-ਕਲ੍ਹ ਦੀ ਬਨਾਵਟ ਨੂੰ ਦੇਖ ਕੇ ਬੜਾ ਪ੍ਰਸ਼ਨ ਹਾਂ ਹਿੰਦ ਨੂੰ ਵੀ ਇਸੇ ਤਰ੍ਹਾਂ ਕਰਨਾ ਚਾਹੀਦਾ ਹੈ ।

ਅਕਾਲੀ ਲਾਹੌਰ, ੭ ਅਕਤੂਬਰ ੧੯੨੦

ਧਾਰੋਵਾਲੀ ਦੀਵਾਨ ਦੇ ਨਜ਼ਾਰੇ !

ਨਾ ਮਿਲਵਰਤਨ ਦਾ ਗੁਰਮਤਾ ਬੜੀ ਵਿਚਾਰ ਅਤੇ ਬਹਿਸ ਮਗਰੋਂ ਪਾਸ ਕੀਤਾ ਗਿਆ। ਸ: ਦਾਨ ਸਿੰਘ ਜੀ ਵਿਛੋਆ ਵਾਲਿਆਂ ਨੇ ਪੇਸ਼ ਕੀਤਾ ਸ: ਜਸਵੰਤ ਸਿੰਘ ਜੀ ਅਤੇ ਮਾ: ਮੋਤਾ ਸਿੰਘ ਜੀ ਨੇ ਤਾਈਦ ਕੀਤੀ ।

ਸਾਂਗਲਾ ਖਾਲਸਾ ਹਾਈ ਸਕੂਲ ਦੇ ਹੈੱਡ ਮਾਸਟਰ ਭਾਈ ਕਪੂਰ ਸਿੰਘ ਜੀ ਨੇ ਵਿਦਿਆਰਥੀਆਂ ਅਤੇ ਮਾਸਟਰਾਂ ਨੂੰ ਆਰਡਰ (ਹੁਕਮ) ਕਰ ਦਿੱਤਾ ਕਿ ਧਾਰੋ ਵਾਲ ਜਲਸੇ ਤੇ ਨਾ ਜਾਵੋ। ਇਸ ਗੱਲ ਉੱਤੇ ਸਖ਼ਤ ਨਰਾਜ਼ਗੀ ਪ੍ਰਗਟ ਕੀਤੀ ਗਈ।

ਮੌਲਵੀ ਜ਼ਫਰ ਉੱਤੇ ਅਲੀ ਦੇ ਫੜੇ ਜਾਣ ਪਰ ਨਰਾਜ਼ਗੀ ਪ੍ਰਗਟ ਕੀਤੀ ਗਈ ਅਤੇ ਮੌਲਵੀ ਜੀ ਨਾਲ ਹਮਦਰਦੀ ਪ੍ਰਗਟ ਕੀਤੀ ਗਈ।

ਨਨਕਾਣਾ ਸਾਹਿਬ ਦਿਲ ਹਿਲਾ ਦੇਣ ਵਾਲੇ ਹਾਲ ਸੁਣ ਕੇ ਸੰਗਤ ਬੜੇ ਜੋਸ਼ ਵਿਚ ਆਈ ਤੇ ਪਾਸ ਹੋਇਆ ਕਿ ਮਹੰਤ ਨਾਨਕਾਣਾ ਸਾਹਿਬ ਬਹੁਤ ਛੇਤੀ ਪੰਥ ਨਾਲ ਮਿਲ ਕੇ ਸੁਧਾਰ ਕਰੇ ਨਹੀਂ ਤਾਂ ਪੰਥ ਮੁਨਾਸਬ ਕਾਰਵਾਈ ਕਰੇਗਾ।

ਆਗਾ ਸਫਦਰ ਸਿਆਲਕੋਟ ਅਤੇ ਡਾਕਟਰ ਕਿਚਲੂ ਜੀ ਦੇ ਜਬਰਦਸਤ ਲੈਕਚਰ ਦੂਜੀ ਜਗਾਂ ਛਪੇ ਹਨ।

ਸਾਡੇ ਗੁਰੂਧਾਮ!

ਕੋਈ ਦਿਨ ਖਾਲੀ ਨਹੀਂ ਜਾਂਦਾ ਜਿਸ ਦਿਨ ਪੰਜ ਸਤ ਗੁਰਦੁਆਰਿਆਂ ਦੀ ਹੱਤਕ ਨਿਰਾਦਰੀ ਅਤੇ ਪੰਥ ਦੀ ਬੇਬਸੀ ਦੀਆਂ ਸ਼ਿਕਾਇਤਾਂ ਨਹੀਂ ਆਉਂਦੀਆਂ ਹੋਣ! ਸਾਰੇ ਸੱਜਣ ਜ਼ੋਰ ਦਿੰਦੇ ਹਨ ਕਿ 'ਅਕਾਲੀ' ਵਿਚ ਚੰਗੀ ਤਰ੍ਹਾਂ ਹਿਲ ਜੁਲ ਪੈਦਾ ਕੀਤੀ ਜਾਵੇ, ਅਸੀਂ ਕਈ ਵੇਰ ਲਿਖ ਚੁਕੇ ਹਾਂ ਕਿ ਇਕੋ ਵੇਰ ਥਾਓਂ ਥਾਈਂ ਅਜਿਹੀਆ ਕਾਰਵਾਈਆਂ ਆਰੰਭ ਹੋ ਜਾਣੀਆਂ ਗ੍ਰੰਥੀਆਂ ਭਾਈਆਂ ਤੇ ਪੁਜਾਰੀਆਂ ਦੀ ਹਿੰਮਤ ਤੋਂ ਬਾਹਰ ਹਨ, ਇਨ੍ਹਾਂ ਪੁਤਲੀਆਂ ਦੀ ਤਾਰ ਖਿਚਣ ਵਾਲੀ ਪੁਕਾਰ ਰਹੇ ਹਾਂ ਕਿ ਸਰਦਾਰ ਸਿੱਖਾ ਵਿਚ ਵਧ ਰਹੀ ਨਰਾਜ਼ਗੀ ਨੂੰ ਅਨੁਭਵ ਕਰੇ, ਅਤੇ ਸਿੱਖ ਗੁਰਧਾਮਾਂ ਵਿਚ ਕਿਸੇ ਤਰ੍ਹਾਂ ਦੀ ਵੀ ਸਰਕਾਰੀ ਮਦਦ ਜਾਂ ਝੋਲੀ ਚੁੱਕਾਂ ਦੀ ਚੁੱਕ ਨੂੰ ਫੌਰਨ ਰੋਕ ਦਿੱਤਾ ਜਾਵੇ ਗੁਰੂ ਪੰਥ ਦੇ ਪਰਵਾਨੇ ਧਰਮ ਦੀ ਅਜਿਹੀ ਹੱਤਕ ਨਹੀਂ ਸਹਾਰ ਸਕਦੇ ਅਸੀਂ ਹੇਠਾਂ ਕੁਝ ਜੀ ਦਾ ਜੋਸ਼ ਅਤੇ ਨਰਾਜ਼ਗੀ ਦੇ ਨਮੂਨੇ ਪੇਸ਼ ਕਰਦੇ ਹਾਂ।

ਅਕਾਲੀ ਲਾਹੌਰ, ੭ ਅਕਤੂਬਰ ੧੯੨੦

ਨਾਨਕਾਣਾ ਸਾਹਿਬ

ਆਦਿ ਗੁਰੂ ਸਾਹਿਬ ਜੀ ਦਾ ਜਨਮ ਅਸਥਾਨ ਹੈ ਕ੍ਰੋੜਾਂ ਰੁਪੈ ਦੀ ਜਾਇਦਾਦ ਧਰਮ ਅਰਥ ਵਰਤਨ ਲਈ ਲਗੀ ਹੋਈ ਹੈ, ਸਾਰਿਆਂ ਤੋਂ ਵਡੇ ਮੇਲੇ ਏਥੇ ਲਗਦੇ ਹਨ ਅਤੇ ਲੱਖਾਂ ਰੁਪਏ ਦੀ ਆਮਦਨ ਹੈ। ਇਹ ਆਮਦਨ ਕਿਸ ਤਰ੍ਹਾਂ ਖਰਚ ਹੋ ਰਹੀ ਹੈ ? ਬਸ 'ਚੋਰਾਂ ਦਾ ਕਪੜਾ ਤੇ ਡਾਂਗੇ ਦੇ ਗਜ" ਵਾਲੀ ਗਲ ਹੈ ਹਜ਼ਾਰਾਂ ਰੁਪਿਆਂ ਸ਼ਰਾਬ ਅਤੇ ਵੇਸਵਾ ਦੇਵੀਆਂ ਦੀ ਭੇਟਾ ਹੁੰਦੇ ਹਨ, ਹਜ਼ਾਰਾਂ ਰੁਪਏ ਨਾਲ ਗੁਰੂ ਪੰਥ ਦੇ ਵਿਰੁੱਧ ਤਾਕਤ ਪੈਦਾ ਕਰਨ ਲਈ ਤਿਆਰ ਹੋ ਰਹੇ ਹਨ। ਪਤਾ ਨਹੀਂ ਇਹ ਗੱਲ ਕਿਥੋਂ ਤਕ ਸੱਚ ਹੈ ਪਰ ਆਮ ਅਫ਼ਵਾਹ ਉਡ ਰਹੀ ਹੈ ਕਿ ਮਹੰਤ ਸਾਹਿਬ ਸਿੰਘ ਸਭੀਆਂ ਨੂੰ ਰੋਕਣ ਲਈ ਅਤੇ ਗੁਰਦੁਆਰੇ ਵਿਚ ਕਿਸੇ ਤਰ੍ਹਾਂ ਦਾ ਦਖ਼ਲ ਦੇਣ ਤੋਂ ਬੰਦ ਕਰਨ ਲਈ ਛਵ੍ਹੀਆਂ ਅਤੇ ਚੋਰਾਂ ਬਦਮਾਸ਼ਾਂ ਦੀ ਫ਼ੌਜ ਤਿਆਰ ਕਰਨ ਜਾ ਰਿਹਾ ਹੈ ਜੇ ਇਹ ਸੱਚ ਹੈ ਤਾਂ ਮਹੰਤ ਦੀ ਇਹ ਕਰਤੂਤ ਸਰਕਾਰ ਦੇ ਖ਼ਾਸ ਧਿਆਨ ਦੇ ਲਾਇਕ ਹੈ। ਨਾਨਕਾਣਾ ਸਾਹਿਬ ਦੇ ਅਫ਼ਸਰ ਕਹਿੰਦੇ ਹਨ ਕਿ ਸਭ ਉਸ ਦੇ ਮਾਇਆ ਦੇ ਜਾਲ ਵਿਚ ਫਸ ਚੁੱਕੇ ਹਨ। ਕੋਈ ਉਸ ਦੀ ਵਿਰੋਧਤਾ ਨਹੀਂ ਕਰਦਾ। ਖੁਲ੍ਹੇ ਬਾਜ਼ਾਰਾਂ ਵਿਚ ਇਕ ਮਰਾਸਣ ਨਾਲ ਮੋਟਰਾਂ ਵਿਚ ਸੈਰਾਂ ਹੁੰਦੀਆਂ ਹਨ ਅਤੇ.......ਲਏ ਜਾਂਦੇ ਹਨ। ਜੇ ਨੌਕਰਸ਼ਾਹੀ ਇਸ ਹਨੇਰ ਗਰਦੀ ਦਾ ਕੋਈ ਸੁਧਾਰ ਕਰਨ ਦੀ ਥਾਂ ਸਗੋਂ ਸਹਾਇਕ ਬਣ ਜਾਵੇ ਤਾਂ ਪੰਥ ਖਾਲਸਾ ਦਾ "ਜਬੇ ਬਾਣ ਲਾਗੈ ਤਬੈ ਰੋਸ ਜਾਗੈ" ਅਨੁਸਾਰ ਕਿਉਂ ਨ ਜੋਸ਼ ਉਬਾਲੇ ਮਾਰੇ। ਹੁਣ ਜਾਂ ਤਾਂ ਨੌਕਰਸ਼ਾਹੀ ਝਟ ਪਟ ਸਮੇਂ ਨੂੰ ਸੰਭਾਲ ਕੇ ਉਸ ਨੂੰ ਤਾੜੇ ਅਤੇ ਮਹੰਤ ਗੁਰੂ ਖਾਲਸੇ ਦੀ ਸ਼ਰਨੀ ਪੈਕੇ ਆਖ ਦੇਵੇ ਕਿ "ਐ ਗੁਰੂ ਪੰਥ ਤੂੰ ਆਪਣੀ ਚੀਜ਼ ਆਪ ਸੰਭਾਲ ਅਤੇ ਮੇਰੀਆਂ ਭੁਲਾਂ ਬਖਸ਼ਕੇ ਚਰਨੀ ਲਾ" ਨਹੀਂ ਤਾਂ ਪੰਥ ਦੀ ਅਣਖ ਤੇ ਧਾਰਮਿਕ ਜੋਸ਼ ਬਹੁਤ ਛੇਤੀ ਕੋਈ ਸੁਧਾਰ ਦੀ ਯੋਗ ਕਾਰਵਾਈ ਕਰੇਗਾ। ਧਾਰੋ ਵਾਲੀ ਦੀਵਾਨ ਤੇ ਬੇਹਦ ਜੋਸ਼ ਫੈਲ ਚੁੱਕਾ ਹੈ।

ਵਜ਼ੀਰਾਬਾਦ

ਇਥੇ ਭਾਈ ਅਬਨਾਸ਼ਾ ਸਿੰਘ ਦੀ ਧਰਮਸਾਲਾ ਹੈ ਇਸ ਦੇ ਨਾਲ ੪੦੦੦ ਰੁਪਏ ਦੀ ਸਾਲਾਨਾ ਜਗੀਰ ਹੈ ੧੦੦੦ ਸਲਾਨਾ ਲੰਗਰ ਦੇ ਖਰਚ ਲਈ ਸਰਕਾਰੀ ਮਿਲਦਾ ਹੈ। ਹੁਣ ਇਥੋਂ ਦਾ ਇਕ ਕ੍ਰਿਪਾਲ ਸਿੰਘ ਹੈ ਨਾਮੀ ਮਹੰਤ ਹੈ ਜਿਸ ਉਪਰ ਹੇਠਾਂ ਲਿਖੇ ਬੱਜਰ ਅਪਰਾਧ ਲੱਗੇ ਹਨ—

੧. ਇਸ ਨੇ ਪੰਜ ਹਜ਼ਾਰ ਰੁਪਏ ਦੇ ਕਰੀਬ ਗੁਰਦੁਆਰੇ ਦੀ ਜਾਇਦਾਦ ਵੇਚ ਦਿੱਤੀ ਹੈ। ਤੇ ਹਾਕਮਾਂ ਨਾਲ ਰਸੂਖ ਲੜਾ ਕੇ ਜਗੀਰ ਆਪਣੇ ਨਾਮ ਕਰ ਲਈ ਹੈ ਤੇ ਲੰਗਰ ਬੰਦ ਹੈ। ਕਿਸ ਨੇ ਸ਼ਾਇਦ ਹੀ ਕੋਈ ਇਕ ਅੱਧ ਰੋਟੀ ਮਿਲਦੀ ਹੋਵੇ।

੨. ਉਹ ਆਪਣੀ ਚਾਚੀ ਤੇ ਆਸ਼ਕ ਹੈ। ਸਾਰੇ ਭੰਡੀ ਪੈ ਚੁਕੀ ਹੈ ਕਿਸੇ ਗਲੋਂ ਵਿਗਾੜ ਹੋ ਕੇ ਉਸ ਦੀ ਚਾਚੀ ਨੂੰ ਮਾਰ ਕੁਟਾਈ ਕੀਤੀ ਚਾਚੀ ਹੁਰਾਂ ਨੇ ਮੁਕੱਦਮਾ ਦਾਇਰ ਕਰ ਦਿੱਤਾ। ਇਹ ਫ਼ੈਸਲਾ ਤਾਂ ਅਦਾਲਤ ਕਰੇਗੀ ਕਿ ਅਪਰਾਧ ਕਿਸ ਦਾ ਹੈ ਪਰ ਅਦਾਲਤ ਵਿਚ ਜੋ ਗੰਦੇ ਤੇ ਵਿਸ਼ੇ ਪ੍ਰੇਮ ਦੇ ਰੰਗੇ ਹੋਏ ਖਤ ਪੇਸ਼ ਹੋਏ ਹਨ ਉਨ੍ਹਾਂ ਨੂੰ ਪੜ੍ਹ ਕੇ ਹਰ ਕੋਈ ਮਹੰਤ ਤੇ ਲਾਹਨਤਾਂ ਪਾ ਰਿਹਾ ਹੈ। ਉਸ ਦੇ ਚਾਲ ਚਲਨ ਦੇ ਨਮੂਨੇ ਦੀ ਇਕ ਇਹ ਨਿਕੀ ਜਿਹੀ ਮਿਸਾਲ ਹੈ ਜੋ ਅਦਾਲਤ ਵਿਚ ਪ੍ਰਗਟ ਹੋਈ ਹੈ ਖਤ ਗੰਦੇ ਤੇ ਬੜੇ ਲੰਮੇ ਹਨ ਪਰ ਕੁਝ ਥੋੜ੍ਹਾ ਨਮੂਨਾ ਦੱਸਣਾ ਜ਼ਰੂਰੀ ਮਲੂਮ ਹੁੰਦਾ ਹੈ—

੧-੬-੧੯ ਦਾ ਖਤ—"ਚੰਨ ਜੀ ਮੈਨੂੰ ਕੀੜੇ ਪੈ ਜਾਨ ਜੇ ਮੈਂ ਆਪ ਨੂੰ ਭੈੜੀ ਬਨਾਵਾ ਮੈਂ ਆਪਦੇ ਨੌਕਰਾਂ ਦੀ ਨੌਕਰਾ ਹਾਂ ਆ ਕੇ ਠੰਡ ਪਾਉ।"

੧੬-੫-੧੯ ਦਾ ਖਤ—"ਮੇਰੀ ਪਿਆਰੀ ਜਾਨ, ਰੱਬ ਵੀ ਰਿਸ਼ਵਤ ਖਾਂਦਾ ਏ, ਸੋਹਣੇ ਨਾਜ਼ਕਾਂ ਦੀ ਰੱਬ ਮਦਦ ਕਰਦਾ ਏ, "ਪ੍ਰਮੇਸ਼ਰ ਤੋਂ ਭੁਲਿਆਂ ਵਯਾਪਨ ਸਭੇ ਰੋਗ" ਨਹੀਂ! ਇਹ ਗ਼ਲਤ ਏ, ਇਸ ਤਰ੍ਹਾਂ ਏ '**ਆਪਣੇ ਪਿਆਰੇ ਚੰਨ ਸੇ ਭੁਲਿਆਂ ਵਯਾਪਨ ਸਭੇ ਰੋਗ।**'

ਇਸ ਤਰ੍ਹਾਂ ਦੇ ਕਈ ਖਤ ਪੇਸ਼ ਹੋਏ ਹਨ ਜਿਸ ਵਿਚ ਮਹੰਤ ਦਾ ਵਿਭਚਾਰੀ ਹੋਣਾ ਸਾਬਤ ਹੁੰਦਾ ਹੈ।

੪ ਉਪਰ ਲਿਖੀ ਗੁਰੂ ਗ੍ਰੰਥ ਸਾਹਿਬ ਤੁਕ ਉਲਟਾ ਕੇ ਮਹੰਤ ਨੇ ਰਾਮ ਰਾਇ ਤੋਂ ਵਧ ਅਨਰਥ ਕੀਤਾ ਹੈ।

ਅਜਿਹੇ ਬਦਚਲਨ ਆਦਮੀ ਦਾ ਮਹੰਤ ਹੋਣਾ ਗੁਰ ਅਸਥਾਨ ਲਈ ਕਲੰਕ ਹੈ। ਜਿਥੇ ਅਜਿਹੇ ਮਹੰਤ ਹੋਣ ਉੱਥੇ ਕਿਸੇ ਇਸਤਰੀ ਦੀ ਪਤਿ ਬਚੀ ਰਹਿਣ ਦੀ ਆਸ ਹੋ ਸਕਦੀ ਹੈ? ਕਦੀ ਨਹੀਂ! ਵਜ਼ੀਰਾਬਾਦ ਵਾਲੇ ਸਿੰਘਾਂ ਨੇ ਬਥੇਰਾ ਰੌਲਾ ਪਾਇਆ ਪਰ ਕ੍ਰਿਪਾਲ ਸਿੰਘ ਦੇ ਹਾਕਮਾਂ ਨਾਲ ਰਸੂਖ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਅੰਤ ਖਾਲਸੇ ਦਾ ਜੋਸ਼ ਰੁਕ ਨਾ ਸਕਿਆ। ਸਿਆਲਕੋਟ ਤੋਂ ਸਰਦਾਰ ਅਮਰ ਸਿੰਘ ਜੀ ਬੁਲਾਏ ਗਏ ੩੦-੯-੨੦ ਨੂੰ ਪਬਲਿਕ ਜਲਸੇ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੀ ਹਜ਼ਾਰਾਂ ਦੀ ਗਿਣਤੀ ਵਿਚ ਮਹੰਤ ਦੀਆਂ ਕਰਤੂਤਾਂ ਦੱਸੀਆਂ ਗਈਆਂ। ਸ੍ਰੀ ਗੁਰੂ ਸਿੰਘ ਸਭਾ ਦੀ ਧਰਮਸਾਲ ਵਿਚ ਕ੍ਰਿਪਾਲ ਸਿੰਘ ਨੂੰ ਤਨਖ਼ਾਹੀਆਂ ਕਰ ਕੇ ਛੇਕ ਦਿੱਤਾ ਗਿਆ ਅਤੇ ਗੁਰਦੁਆਰਾ ਪੰਥ ਨੇ ਆਪਣੇ ਪ੍ਰਬੰਧ ਵਿਚ ਲੈ ਲਿਆ ਹੈ।

ਤਖ਼ਤ ਪੜੀ

ਤਖ਼ਤ ਪੜੀ ਜ਼ਿਲਾ ਰਾਵਲ ਪਿੰਡੀ ਵਿਚ ਇਕ ਗੁਰਦੁਆਰਾ ਭਾਈ ਗੁਰਦਿਤ ਸਿੰਘ ਭਾਈ ਲਾਇਕ ਸਿੰਘ ਜੀ ਦੀ ਯਾਦਗਾਰ ਵਿਚ ਬਣਿਆਂ ਹੋਇਆ ਹੈ ਜਿਸ ਦੇ ਨਾਲ ਲਗ ਭਗ ੪੦ ਹਜ਼ਾਰ ਦੀ ਜਾਇਦਾਦ ਹੈ। ੧੨ ਸਾਲ ਹੋਏ ਪਿੰਡ ਦੀ ਪੰਚਾਇਤ ਨੇ ਇਕ ਭਾਈ ਪਾਲਾ ਸਿੰਘ ਗੁਰਦੁਆਰੇ ਵਿਚ ਬਨਾਇਆ। ਭਾਈ ਜੀ ਗੁਰਦੁਆਰੇ ਦੀ ਹੁਣ ਮਾਲਕੀ ਹੀ ਬਨਾ ਬੈਠਾ ਹੈ। ਬਹੁਤ ਹੀ ਕੁਕਰਮ ਕਰਦਾ ਹੈ। ਬਿਨ ਵਿਆਹੀ ਤੀਵੀਂ ਰੱਖੀ ਹੋਈ ਹੈ।

ਕੁਝ ਦਨ ਹੋਏ ਕਿ ਗੁਰੂ ਗ੍ਰੰਥ ਸਾਹਿਬ ਦੇ ੩੫ ਵਰਕੇ ਫਟ ਗਏ ਤੇ ਅਪਰਾਧ ਬਕਰੀ ਦਾ ਲੱਗਦਾ ਹੈ। ਇਸ ਗੱਲ ਨੂੰ ਦੇਖ ਦੇ ਤਖ਼ਤ ਪੜੀ ਦੀ ਸੰਗਤ ਉਸ ਨੂੰ ਕੱਢਣਾ ਚਾਹੁੰਦੀ ਹੈ। ਸਾਰੇ ਪੰਥ ਅਗੇ ਤੇ ਖ਼ਾਸ ਕਰ ਕੇ ਪੋਠੋਹਾਰ ਦੀਆਂ ਸੰਗਤਾਂ ਅਤੇ ਰਾਵਲ ਪਿੰਡੀ ਦੇ ਸਿੱਖ ਸੱਜਣਾਂ ਅਗੇ ਬੇਨਤੀ ਹੈ ਕਿ ਛੇਤੀ ਤਖ਼ਤ ਪੜੀ ਪੁਜ ਕੇ ਬਦਚਲਨ ਗ੍ਰੰਥੀ ਨੂੰ ਤਨਖ਼ਾਹੀਆਂ ਬਨਾ ਕੇ ਕਢ ਦੇਣ।

ਦਾਸ ਨਥਾ ਸਿੰਘ ਸਕੱਤਰ

ਸਿੱਖ ਭਝੰਗੀ ਸਭਾ ਤਖ਼ਤ ਪੜੀ।

ਨੋਟ—ਖਬਰ ਆ ਗਈ ਹੈ ਕਿ ਗ੍ਰੰਥੀ ਕੱਢ ਦਿੱਤਾ ਗਿਆ ਹੈ।

ਸਿੱਖ ਲੀਗ ਤੇ ਨਾ ਮਿਲਵਰਤਨ।

ਕਿਉਂਕਿ ਸਿੱਖ ਲੀਗ ਦੀ ਇਕਤਰਤਾ ਨੇੜੇ ਆ ਰਹੀ ਹੈ ਇਸ ਲਈ ਨਾ ਮਿਲਵਰਤਨ ਸਬੰਧੀ ਸੋਚ ਵਿਚਾਰ ਕਰਨਾ ਹਰ ਇਕ ਸਿੱਖ ਡੈਲੀਕੇਟ ਦਾ ਫਰਜ਼ ਹੈ ਜਦ ਤਕ ਨਾ ਮਿਲਵਰਤਨ ਦਾ ਮਤਾ ਕਾਂਗਰਸ ਵਿਚ ਪਾਸ ਨਹੀਂ ਸੀ ਹੋਇਆ ਉਸ ਵੇਲੇ ਤਕ ਮੇਰੀ ਆਪਣੀ ਰਾਇ ਇਹ ਸੀ ਕਿ ਨਾ ਮਿਲਵਰਤਨ ਲਈ ਅੱਜੇ ਸਮਾਂ ਨਹੀਂ ਆਇਆ ਇਸ ਵੇਲੇ ਵੀ ਲਗ ਭਗ ਮੇਰੀ ਇਹੋ ਰਾਏ ਹੈ ਪਰੰਤੂ ਹੁਣ ਜਦੋਂ ਹਿੰਦੁਸਤਾਨ ਦੀ ਇਕ ਕੌਮੀ ਮਜਲਸ ਨੇ ਇਸ ਮਤੇ ਨੂੰ ਪਾਸ ਕਰ ਲਿਆ ਹੈ ਤਦ ਹੁਣ ਕਿਸੇ ਦੀ ਜ਼ਾਤੀ ਰਾਏ ਦਾ ਇਸ ਵਿਚ ਦਖ਼ਲ ਨਹੀਂ ਰਿਹਾ ਇਸ ਲਈ ਵਾਜਬ ਹੈ ਕਿ ਸਿੱਖ ਲੀਗ ਨੂੰ ਥਾਂ-ਥਾਂ ਤੋਂ ਜਲਸੇ ਕਰ ਕੇ ਉਭਾਰਿਆ ਜਾਏ ਕਿ ਇਸ ਜਲਸੇ ਵਿਚ ਨਾ ਮਿਲਵਰਤਨ ਦਾ ਮਤਾ ਪੇਸ਼ ਕੀਤਾ ਜਾਏ ਕਿਉਂਕਿ ਬਹੁਤ ਸਾਰੇ ਸਿੱਖ ਜਿਨਾਂ ਨੇ ਕੌਂਸਲ ਦੀ ਮੈਂਬਰੀ ਦੀ ਉਮੀਦਵਾਰੀ ਦਾ ਐਲਾਨ ਕੀਤਾ ਹੋਇਆ ਹੈ ਉਹ ਉਮੀਦਵਾਰੀ ਨੂੰ ਛਡਣ ਲਈ ਤਿਆਰ ਹਨ ਉਹ ਕੇਵਲ ਸਿੱਖ ਲੀਗ ਫ਼ੈਸਲੇ ਦੀ ਉਡੀਕ ਕਰ ਰਹੇ ਹਨ।

ਹੋਰ ਮੇਰਾ ਤਾਂ ਇਹ ਅਜ ਤੋਂ ਹੀ ਅਸਤੀਫ਼ਾ ਸਮਝ ਲਉ ਲਾਇਲਪੁਰ ਦੇ ਜ਼ਿਲੇ ਵਿਚ ਚੌਦਾਂ ਹਜ਼ਾਰ ਸਿੱਖ ਵੋਟਰ ਹਨ ਜਿਨਾਂ ਵਿੱਚੋਂ ਦਸ ਹਜ਼ਾਰ ਦੇ ਕਰੀਬ ਮੈਨੂੰ ਵੋਟ ਦੇਣ ਵਾਲੇ ਸਨ ਹੁਣ ਇਨ੍ਹਾਂ ਦਸਾਂ ਹਜ਼ਾਰਾਂ ਵਿੱਚੋਂ ਬਹੁਤ ਸਾਰੇ ਕਿਸੇ ਕੌਂਸਲ ਦੇ ਉਮੀਦਵਾਰ ਨੂੰ ਆਪਣੀ ਰਾਇ ਨਹੀਂ ਦੇਣਗੇ ਸਗੋਂ ਕਾਂਗਰਸ ਦੇ ਤਿਆਗ ਨਾਮੇ ਉਪਰ ਆਪਣੇ ਦਸਖ਼ਤ ਕਰਨਗੇ।

ਦਾਸ ਹਰਚੰਦ ਸਿੰਘ ਰਈਸ ਲਾਇਲਪੁਰ।

ਫਰੂਕਾ

(੧) ਸ੍ਰੀ ਹਜ਼ੂਰ ਸਾਹਿਬ ਇੰ: ਚੀਫ ਜੀ ਦੀ ਸੇਵਾ ਵਿਚ ਮਿਤ੍ਰਤਾ ਪੂਰਬਕ ਪਰ ਬੜੇ ਜ਼ੋਰ ਨਾਲ ਬਿਨੈ ਕੀਤੀ ਜਾਵੇ ਕਿ ਕ੍ਰਿਪਾਨ ਧਾਰਨ ਬਦਲੇ ਜੋ ਫ਼ੌਜੀ ਸਿੱਖਾਂ ਨੂੰ ਸਜ਼ਾਵਾਂ ਹੋਈਆ ਹਨ ਉਹ ਮਾਫ਼ ਕਰ ਕੇ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ।

(੨) ਇਸੇ ਤਰ੍ਹਾਂ ਤੋਪ ਖਾਨਾ ਨੰ: ੩੫ ਵਿਚ ਜੋ ਲੈਂਸ ਨੈਕ ਭਾਈ ਜਵਾਲਾ ਸਿੰਘ ਅਤੇ ਸਰਦਾਰ ਸਿੰਘ ਸਿਧੇ ਗੁਰਮੁਖੀ ਦਾੜ੍ਹੇ ਬਦਲੇ ਕੈਦ ਕੀਤੇ ਗਏ ਹਨ ਸ੍ਰੀ ਹਜ਼ੂਰ ਜੰਗੀ ਲਾਟ ਸਾਹਿਬ ਉਨ੍ਹਾਂ ਦੀ ਰਿਹਾਈ ਬਾਬਤ ਫੌਰਨ ਹੁਕਮ ਦੇ ਕੇ ਛੁੜਾਨ ਅਤੇ ਅਗੋਂ ਲਈ ਸਿੱਖ ਫ਼ੌਜਾਂ ਵਿਚ ਖੁਲ੍ਹੇ ਦਾੜ੍ਹੇ ਦੀ ਖੁਲ੍ਹ ਦਾ ਐਲਾਨ ਕਰਨ।

(੩) ਸਿੱਖ ਰਾਜਸੀ ਕੈਦੀਆਂ ਨੂੰ ਫੌਰਨ ਛਡਿਆ ਜਾਵੇ।

(੪) ਖਾਲਸਾ ਕਾਲਜ ਤੇ ਦਰਬਾਰ ਸਾਹਿਬ ਪੰਥ ਦੇ ਹਵਾਲੇ ਕੀਤਾ ਜਾਵੇ।

(੫) ਪਾਸ ਹੋਇਆ ਜੋ ਮੁਕਤਸਰ ਵਿਚ ਜਿਹੜੇ ਹਾਕਮ ਤੇ ਹੋਰ ਲੋਕ ਸਾਹਿਬ ਡਿਪਟੀ ਕਮਿਸ਼ਨਰ ਜੀ ਦੇ ਫ਼ੈਸਲਿਆਂ ਦੇ ਉਲਟ ਉਥੋਂ ਦੇ ਨਵੇਂ ਸਿੰਘ ਸਜੇ ਅੰਮ੍ਰਿਤਧਾਰੀ ਸਿੱਖਾਂ ਨੂੰ ਡੀ: ਸੀ: ਦੇ ਖੂਹਾਂ ਤੋਂ ਪਾਣੀ ਨਹੀਂ ਭਰਨ ਦੇਂਦੇ ਉਨ੍ਹਾਂ ਤੋਂ ਡਿਪਟੀ ਕਮਿਸ਼ਨਰ ਸਾਹਿਬ ਜ਼ਿਲਾ ਫਿਰੋਜ਼ਪੁਰ ਸਖ਼ਤ ਨੋਟਿਸ ਲੈਣ ਅਥਵਾ ਅਜਿਹੇ ਜ਼ਾਲਮ ਲੋਕਾਂ ਨਾਲ ਕਾਨੂੰਨੀ ਸਲੂਕ ਕਰਨ।

(੬) ਸਿਆਲਕੋਟ ਦੇ ਬਾਬੇ ਦੀ ਬੇਰ ਵਾਲੇ ਗੁਰਦੁਆਰੇ ਵਿੱਚੋਂ ਪਤਿਤ ਗੰਡਾ ਸਿਹੁੰ ਨੂੰ ਕੱਢਕੇ ਹਰ ਤਰ੍ਹਾਂ ਦਾ ਪ੍ਰਬੰਧ ਸਿੱਖ ਪੰਥ ਦੇ ਹਵਾਲੇ ਕੀਤਾ ਜਾਵੇ।

(੭) ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢਾਹੀ ਹੋਈ ਕੰਧ ਨੂੰ ਬਹੁਤ ਛੇਤੀ ਸਰਕਾਰ ਬਣਾ ਕੇ ਸਿੱਖਾਂ ਦੇ ਤਪਤ ਹਿਰਦਿਆਂ ਨੂੰ ਸ਼ਾਂਤ ਕਰੇ।

—ਦਾਸ ਸੈਕਟਰੀ ਖ਼ੁਸ਼ਾਲ ਸਿੰਘ

ਖਾਲਸਾ ਯੰਗਮੈਨ ਐਸੋਸੀਏਸ਼ਨ, ਫਰੂਕਾ।

ਅਕਾਲੀ ਲਾਹੌਰ, ੯ ਅਕਤੂਬਰ ੧੯੨੦

ਭਾਈ ਸਰਦੂਲ ਸਿੰਘ ਕਵੀਸ਼ਰ ਅਤੇ ਗੁਰਦੁਆਰਾ ਸਾਹਿਬ ਬਾਬੇ ਦੀ ਬੇਰ ਸਿਆਲਕੋਟ

ਖਾਲਸਾ ਜੀ!

ਮੈਨੂੰ ਪਤਾ ਲੱਗਾ ਹੈ ਕਿ ਸੰਗਤ ਸਿਆਲਕੋਟ ਵਿਚ ਇਹ ਗ਼ਲਤ ਫਹਿਮੀ ਕਿਸੇ ਤਰ੍ਹਾਂ ਫੈਲ ਗਈ ਹੈ ਦਾਸ ਨੂੰ ਗੰਡਾ ਸਿੰਘ ਜਾਂ ਉਸ ਦੇ ਹੱਥ ਵਿਚ ਫਸੇ ਹੋਏ ਮਹੰਤ ਜਾਂ ਰਿਸ਼ਤੇਦਾਰਾਂ ਨਾਲ ਸਬਬ ਕਿਸੇ ਸਾਕਾਦਾਰੀ ਦੇ ਹਮਦਰਦੀ ਹੈ। ਅਤੇ ਉਸ ਦਾ ਸਬੂਤ ਇਹ ਬਿਆਨ ਕੀਤਾ ਗਿਆ ਹੈ ਕਿ ਮੈਨੂੰ ਭਾਵੇ ਤਾਰ ਦੇ ਜ਼ਰੀਏ ਸਦਿਆ ਵੀ ਗਿਆ ਮੈਂ ਸਿਆਲਕੋਟ ਨਹੀਂ ਪਹੁੰਚਿਆ। ਇਹ ਠੀਕ ਹੈ ਕਿ ਮੈਂ ਸਿਆਲਕੋਟ ਨਹੀਂ ਪਹੁੰਚ ਸਕਿਆ ਪਰ ਮੈਂ ਪਿਛਲੇ ਦਿਨਾਂ ਵਿਚ ਬਾਵਜੂਦ ਕਈ ਤਾਰਾਂ ਅਤੇ ਸੱਜਣਾਂ ਦੇ ਬਹੁਤ ਜ਼ੋਰ ਦੇਣ ਨਾਲ ਭੀ ਨਾਰਲੀ, ਮਿੰਟਗੁਮਰੀ, ਧਾਰਵਾਲ, ਲੁਲਿਆਨੀ, ਜਲਸਿਆ ਪਰ ਨਹੀਂ ਗਿਆ। ਸਬਬ ਇਹ ਕਿ ਦਾਸ ਨੂੰ ਲਾਹੌਰ ਬਹੁਤ ਹੀ ਜ਼ਰੂਰੀ ਕੌਮੀ ਕੰਮ ਸੀ ਅਤੇ ਇਸ ਜਗਾ ਐਸੇ ਜ਼ਰੂਰੀ ਗੁਰਮਤੇ ਇਨ੍ਹਾਂ ਦਿਨਾਂ ਵਿਚ ਹੁੰਦੇ ਰਹੇ ਜਿਨਾਂ ਦਾ ਫਲ ਛੇਤੀ ਹੀ ਮਸ਼ਹੂਰ ਕੌਮੀ ਲੀਡਰਾਂ ਦੀ ਰਾਹੀਂ ਮੁਲਕ ਦੇ ਸਾਹਮਣੇ ਪੇਸ਼ ਹੋ ਜਾਵੇਗਾ।

ਬਾਕੀ ਸਾਕਾਦਾਰੀ ਦੀ ਬਾਬਤ ਮੈਨੂੰ ਕੋਈ ਭੀ ਪਤਾ ਨਹੀਂ ਕਿ ਮਹੰਤ ਬਾਬੇ ਦੀ ਬੇਰ ਸਾਹਿਬ ਮੇਰੇ ਕੀ ਲੱਗਦੇ ਹਨ। ਜੇ ਕੋਈ ਖ਼ਿਆਲੀ ਸਾਕ ਹੋਵੇ ਤਾਂ ਪਤਾ ਨਹੀਂ ਪਰ ਮੈਨੂੰ ਕਿਸੇ ਭੀ ਐਸੇ ਰਿਸ਼ਤੇ ਦਾ ਇਲਮ ਨਹੀਂ ਹੈ ਤੇ ਨਾ ਹੀ ਮੈਨੂੰ ਮਹੰਤ ਜਾਂ ਉਸ ਦੇ ਸਰਪ੍ਰਸਤ ਨਾਲ ਕੋਈ ਕਿਸੇ ਤਰ੍ਹਾਂ ਦਾ ਤਲਕ ਹੈ। ਮੈਂ ਮਹੰਤ ਜਾਂ ਉਸ ਦੇ ਮਾਤਾ ਪਿਤਾ ਦਾ ਦਾਦਾ ਪੜਦਾਦਾ ਦੇ ਕਦੇ ਦਰਸ਼ਨ ਵੀ ਨਹੀਂ ਕੀਤੇ। ਪਰ ਜੇ ਕੋਈ ਤਲਕ ਹੋਵੇ ਭੀ ਤੇ ਮੈਂ ਇਹ ਗੱਲ ਸਾਫ਼ ਕਹਿਣ ਨੂੰ ਤਿਆਰ ਹਾਂ ਕਿ ਜੇ ਮਹੰਤ ਉਸ ਦੇ ਸਰਪ੍ਰਸਤ ਮੇਰੇ ਸਕੇ ਮਾਂ ਜਾਏ ਭਰਾ ਵੀ ਹੋਣ ਤਾਂ ਭੀ ਉਨ੍ਹਾਂ ਦੇ ਕੌਮ ਦੇ ਵਿਰੁੱਧ ਵਤੀਰੇ ਦੀ ਮੈਂ ਸਖ਼ਤ ਮੁਖ਼ਾਲਫਤ ਕਰਾਂਗਾ, ਤੇ ਕਰਦਾ ਹਾਂ ਅਤੇ ਮੈਨੂੰ ਐਸੇ ਸੱਜਣਾਂ ਨਾਲ ਕੋਈ ਸਰੋਕਾਰ ਨਹੀਂ ਹੋ ਸਕਦਾ।

ਪੰਥ ਦਾ ਦਾਸ—ਸਰਦੂਲ ਸਿੰਘ ਕਵੀਸ਼ਰ

ਬਾਬੇ ਦੀ ਬੇਰ ਸਾਹਿਬ

ਸਿਆਲਕੋਟ ਵਿਚ ੫ ਅਕਤੂਬਰ ਨੂੰ ਭਾਰੀ ਦੀਵਾਨ ਹੋਇਆ ਤਕਰੀਬਨ ਪੰਜਾਬ ਦੇ ਸਾਰੇ ਇਲਾਕਿਆਂ ਵਿੱਚੋਂ ਪੰਥ ਪਿਆਰੇ ਪੌਂਚ ਗਏ ਸਨ। ਹਾਲਾਂ ੧੩ ਆਦਮੀਆਂ ਦੀ ਕੰਮ ਚਲਾਉ ਕਮੇਟੀ ਪੰਥ ਨੇ ਬਣਾ ਦਿੱਤੀ ਹੈ ਜੋ ਗੁਰਦੁਆਰੇ ਦਾ ਪ੍ਰਬੰਧ ਕਰੇਗੀ ਗੰਡਾ ਸਿਹੁੰ ਦਾ ਕੋਈ ਦਖ਼ਲ ਨਹੀਂ ਰਿਹਾ ਤੇ ਨਾ ਹੀ ਪਹਿਲੇ ਮਹੰਤਾਂ ਦਾ। ਸਾਡੇ ਹਾਲ ਭਲਕੇ ਛਪਣਗੇ।

ਗੁਰਦੁਆਰਾ ਪਾ: ਛੇਵੀਂ ਮਹੱਲਾ ਚੁਮਾਲਾ

ਪਾਠਕਾਂ ਨੂੰ ਪਤਾ ਹੋਣਾ ਹੈ ਕਿ ਸੰਗਤ ਦੀ ਬੇਅਦਬੀ ਕਰਨ ਕਰ ਕੇ ਇਸ ਗੁਰਦੁਆਰੇ ਦੇ ਭਾਈ ਹਰੀ ਸਿੰਘ ਨੂੰ ਗੁਰਦੁਆਰੇ ਦੀ ਸੇਵਾ ਤੋਂ ਵੱਖ ਕੀਤਾ ਗਿਆ ਸੀ ਖੁਸ਼ੀ ਦੀ ਗੱਲ ਹੈ ਭਾਈ ਹਰੀ ਸਿੰਘ ਅਤੇ ਉਸ ਦੀ ਮਾਤਾ ਨੇ ਸੰਗਤ ਦੀ ਸ਼ਰਨ ਪਕੜ ਲਈ ਹੈ। ਅਸੀਂ ਭਾਈ ਜੀ ਦੀ ਇਸ ਗੁਰਮੁਖ ਤਾਈ ਤੇ ਪ੍ਰਸੰਨਤਾ ਪ੍ਰਗਟ ਕਰਦੇ ਹਾਂ। ਮਾਫ਼ਫ਼ ਮੰਗਣ ਦਾ ਹਾਲ ਇਸ ਤਰ੍ਹਾਂ ਹੈ—

ਅਕਤੂਬਰ ਨੂੰ ਖਾਲਸਾ ਪ੍ਰਚਾਰਕ ਜਥੇ ਦਾ ਦੀਵਾਨ ਸਜਿਆ। ਸ: ਮਹਿਤਾਬ ਸਿੰਘ ਜੀ ਅਤੇ ਸ: ਮੇਹਰ ਸਿੰਘ ਜੀ ਚਾਵਲਾ ਦੀ ਅਪੀਲ਼ ਤੇ ਹੇਠਾਂ ਲਿਖਿਆ ਗੁਰਮਤਾ ਪਾਸ ਹੋਇਆ।

"ਭਾਈ ਹਰੀ ਸਿੰਘ ਗ੍ਰੰਥੀ ਅਤੇ ਉਸ ਦੀ ਮਾਤਾ ਨੂੰ ਸੰਗਤ ਮਾਫੀ ਮੰਗਣ ਦੀ ਆਗਿਆ ਦੇਵੇ ਗ੍ਰੰਥੀ ਕੋਈ ਸ਼ਰਤ ਨਹੀਂ ਪੇਸ਼ ਕਰੇਗਾ ਸੰਗਤ ਜੋ ਯੋਗ ਸਮਝੇ ਡੰਡ ਲਾਵੇ।"

ਪੰਜਾਂ ਸਿੰਘਾਂ ਨੇ ਵਿਚਾਰ ਕੇ ੧੨੫ ਦੰਡ ਅਤੇ ਇਕ ਮਹੀਨਾ ਸੰਗਤ ਦੇ ਜੋੜੇ ਝਾੜਨੇ ਅਤੇ ੧੦ ਸਿੰਘਾਂ ਨੂੰ ਰਜ ਅਸ਼ਨਾਨ ਕਰਾਉਣਾ ਤਨਖ਼ਾਹ ਲਗਾਈ ਜੋ ਗ੍ਰੰਥੀ ਜੀ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਕਰ ਲਈ।

੩ ਸਤੰਬਰ ਨੂੰ ਗ੍ਰੰਥੀ ਜੀ ਦੀ ਮਾਈ ਨੇ ਵੀ ਆ ਕੇ ਸੰਗਤ ਪਾਸੋਂ ਮਾਫੀ ਮੰਗੀ ਕਿ "ਕੀਰਤਨ ਕਰਦਿਆਂ ਜੋ ਵਿਘਨ ਪਾਣ ਦਾ ਅਪਰਾਧ ਮੈਥੋਂ ਹੋਇਆ ਹੈ ਸੰਗਤ ਮਾਫ ਕਰੇ ਸੰਗਤ ਨੇ ਬੜੀ ਦਿਆਲਤਾ ਨਾਲ ੨੫ ਦਿਨ ਗੁਰਦੁਆਰੇ ਦਾ ਝਾੜੂ ਦੇਣਾ, ੫ ਨਕਦ ਦੇ ਜਪੁਜੀ ਤੇ ਰਹਿਰਾਸ ਦੇ ਪਾਠ ਤਨਖ਼ਾਹ ਲੱਗਾ ਕੇ ਮਾਫ ਕਰ ਦਿੱਤਾ।

ਹਾਲਾਂ ਉਨ੍ਹਾਂ ਨੂੰ ਗ੍ਰੰਥੀ ਦੀ ਸੇਵਾ ਨਹੀਂ ਦਿੱਤੀ ਗਈ। ਛੇਤੀ ਹੀ ਕਮੇਟੀ ਹੋ ਕੇ ਇਸ ਸਬੰਧੀ ਵੀ ਫ਼ੈਸਲਾ ਕੀਤਾ ਜਾਵੇਗਾ।

ਧੰਨ ਖਾਲਸਾ ਜੀ, ਤੇ ਧੰਨ ਗੁਰੂ ਦੀ ਸੰਗਤ। ਕਲ ਉਹ ਮਹੰਤ ਜਿਹੜਾ ਖਾਲਸਾ ਜੀ ਨੂੰ ਦੀਵਾਨ ਲਗਾਨ ਤੋਂ ਟੋਕਦਾ ਸੀ। ਅੱਜ ਉਸੇ ਦੀਵਾਨ ਦੇ ਜੋੜੇ ਝਾੜਦਾ ਹੈ।

ਇਹ ਨਤੀਜਾ ਖਾਲਸੇ ਦਾ ਆਪਣਾ ਬਲ ਪਛਾਨਣ ਦਾ ਹੈ। ਹੋਰਨਾਂ ਮਹੰਤਾਂ ਨੂੰ ਭੀ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਅਕਾਲੀ ਲਾਹੌਰ, ੧੦ ਅਕਤੂਬਰ ੧੯੨੦

ਸਾਡੇ ਗੁਰਧਾਮ ਗੁਰਦੁਆਰਾ ਪਧਰੀ

ਇਥੇ ਗੁਰਦੁਆਰੇ ਵਿਚ ਇਕ ਥਾਣੇਦਾਰ ਨੇ ਗੁਰੂ ਜੀ ਦੀ ਹੱਤਕ ਕੀਤੀ ਸੀ। ਡਿਪਟੀ ਸੁਪ੍ਰੰਡੈਂਟ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ। ੨੭ ਸਤੰਬਰ ਨੂੰ ਖੋਜ ਕਰਨ ਲਈ ਡਿਪਟੀ ਸੁਪ੍ਰੰਡੈਂਟ ਦੇ ਜਾਣ ਦੀ ਉਡੀਕ ਸੀ ਲਾਂਭ ਦੇ ਪਿੰਡਾਂ ਦੇ ਕਈ ਸਿੰਘ ਪਧਰੀ ਆਏ ਪਰ ਉਹ ਆਪ ਨਾ ਗਏ ਤੇ ਇਨਸਪੈਕਟਰ ਪੁਲਸ ਨੂੰ ਭੇਜਿਆ, ਮੌਕਿਆ ਵੇਖ ਕੇ ਲੋਕਾ ਪਾਸੋਂ ਪੁਛ ਗਿੱਛ ਕੀਤੀ ਗਈ। ਥਾਣੇਦਾਰ ੧) ਵਿਖਾ ਕੇ ਕਹਿਣ ਲੱਗਾ ਮੈਨੂੰ ਮਾਫ ਕਰ ਦਿਓ ਮੈਥੋਂ ਗ਼ਲਤੀ ਹੋ ਗਈ ਹੈ। ਸਿੰਘਾਂ ਨੇ ਆਖਿਆ ਕਿ ਇਹ ਪੰਥ ਦਾ ਸਾਂਝਾ ਮਾਮਲਾ ਹੈ ਅਸੀਂ ਕੁਝ ਨਹੀਂ ਕਰ ਸਕਦੇ।

ਇਸੇ ਸਬੰਧੀ ੪ ਅਕਤੂਬਰ ਨੂੰ ਡਿਪਟੀ ਸੁਪ੍ਰੰਡੈਂਟ ਦੇ ਪਾਸ ਫਿਰ ਪਿੰਡ ਦੇ ਤੇ ਲਾਂਭੇ ਦੇ ਸਿੰਘ ਆਏ। ਹਾਲਾਂ ਤਕ ਮੁਕੱਦਮਾ ਨਹੀਂ ਚਲਿਆ। ਪੁਲਿਸ ਇਸ ਕੋਸ਼ਿਸ਼ ਵਿਚ ਹੈ ਕਿ ਮਾਮਲਾ ਠਪਿਆ ਜਾਵੇ।

ਇਸ ਲਈ ਲੋੜ ਹੈ ਕੋਈ ਪੰਥਕ ਜਥਾ ਝਟਪਟ ਇਸ ਮਾਮਲੇ ਨੂੰ ਹੱਥ ਵਿਚ ਲੈ ਕੇ ਬਾਕਾਇਦਾ ਕਾਰਵਾਈ ਕਰੇ।

ਸਾਡੀ ਇਸ ਬਾਰੇ ਦੋ ਤਜਵੀਜ਼ਾਂ ਹਨ ਇਕ ਤਾਂ ਥਾਣੇਦਾਰ ਸੰਗਤ ਪਾਸੋਂ ਮਾਫੀ ਮੰਗੇ ਅਤੇ ਸੰਗਤ ਦੀ ਜੋ ਮਰਜੀ ਹੋਵੇ ਡੰਡ ਲਗਾਵੇ। ਥਾਣੇਦਾਰ ਨੂੰ ਸੰਗਤ ਦਾ ਲਾਇਆ ਹੋਇਆ ਢੰਡ ਭਰਨਾ ਪਵੇਗਾ ਦੂਜਾ ਬਾਕਾਇਦਾ ਅਦਾਲਤ ਵਿਚ ਮੁਕੱਦਮਾ ਚਲ ਕੇ ਅਜਿਹੀ ਸਜਾ ਦਿਵਾਈ ਜਾਵੇ ਕਿ ਫਿਰ ਕਿਸੇ ਅਫ਼ਸਰ ਨੂੰ ਇਸ ਤਰ੍ਹਾਂ ਹੱਤਕ ਕਰਨ ਦੀ ਦਲੇਰੀ ਨਾ ਪਵੇ।

ਸ਼ਹਿਰ ਤਖ਼ਤ ਪੜੀ

ਕੁਝ ਦਿਨਾਂ ਦੀ ਗੱਲ ਹੈ ਜਦ ਥਾਣੇਦਾਰ ਸਾਹਿਬ (ਰਵਾਲ) ਉਥੇ ਗਏ ਤਦ ਉਨ੍ਹਾਂ ਨੂੰ ਗੁਰਦੁਆਰੇ ਵਿਚ ਡੇਰਾ ਦਿੱਤਾ ਗਿਆ ਉਹ ਗੁਰਦੁਆਰੇ ਦੀ ਡਿਉਢੀ ਵਿਚ ਬਿਖਿਆ ਪੀਂਦੇ ਰਹੇ ਸ਼ਰਾਬ ਰਾਣੀ ਦੇ ਦੌਰ ਚਲਦੇ ਰਹੇ ਇਸ ਤੋਂ ਛੁਟ ਹੋਰ ਜੋ ਖਰਾਬੀਆਂ ਉਥੇ ਹੋਈਆਂ ਅਸੀਂ ਕੌਮੀ ਹੱਤਕ ਜਾਨ ਕਰ ਕੇ ਅਖ਼ਬਾਰ ਵਿਚ ਦਰਜ਼ ਨਹੀਂ ਕਰਨਾ ਚਾਹੁੰਦੇ।

ਦਾਸ ਕਲ੍ਹ ਉਥੇ ਗਿਆ ਤਦ ਪਤਾ ਲੱਗਾ ਕਿ ਇਨ੍ਹਾਂ ਹਾਲਤਾਂ ਨੂੰ ਦੇਖ ਕਰ ਕੇ ਉਥੇ ਦੀ ਸਾਰੀ ਸੰਗਤ ਦੁਖੀ ਹੋਈ ਸੀ ਉਸ ਗ੍ਰੰਥੀ ਦੀਆਂ ਜ਼ਿਆਦਤੀਆਂ ਤੋਂ ਬੱਚਾ-ਬੱਚਾ ਤੰਗ ਆਇਆ ਹੋਇਆ ਸੀ। ਪਰੰਤੂ ਪੁਲਿਸ ਅਫ਼ਸਰਾਂ ਤੋਂ ਡਰਦੇ ਹੋਏ ਉਨ੍ਹਾਂ ਦਾ ਕੁਝ ਕਰਨ ਨੂੰ ਹੀਆ ਨਹੀਂ ਪੈਂਦਾ ਸੀ ਇਸ ਤੋਂ ਪਿਛੇ ਗੁਰਦੁਆਰੇ ਵਿਚ ਸਾਰੀ ਸੰਗਤ ਇਕੱਠੀ ਇਹ ਗੁਰਮਤਾ ਪਾਸ ਹੋਇਆ ਕਿ ਧਾਰਮਿਕ ਅਸਥਾਨ ਨੂੰ ਅਜਿਹੇ ਦੁਰਾਚਾਰੀ ਤੋਂ ਖਾਲੀ ਕੀਤਾ ਜਾਵੇ ਸੋ ਗੁਰੂ ਜੀ ਦੀ ਕ੍ਰਿਪਾ ਨਾਲ ਕਾਰਜ ਰਾਸ ਹੋ ਗਿਆ ਹੈ ਪਰ ਸਾਨੂੰ ਸ਼ਕ ਹੈ ਕਿ ਉਹ ਮੁਕਾਮੀ ਅਫ਼ਸਰਾਂ ਨਾਲ ਮਿਲ ਕੇ ਕੋਈ ਹੋਰ ਬਖੇੜਾ ਨਾ ਉਠਾ ਦੇਵੇ ਇਸ ਕਰ ਕੇ ਅਸੀਂ ਸਾਹਿਬ ਜ਼ਿਲਾ ਅਫ਼ਸਰ ਦੀ ਸੇਵਾ ਵਿਚ ਬੜੀ ਅਧੀਨਗੀ ਨਾਲ ਬੇਨਤੀ ਕਰਦੇ ਹਾਂ ਕਿ ਉਹ ਥਾਣੇਦਾਰ ਸਾਹਿਬ ਤੇ ਹੋਰ ਦੂਜੇ ਪੁਲਿਸ ਅਫ਼ਸਰਾਂ ਜੋਗ ਹਿਦਾਇਤਾਂ ਕਰਨ ਕਿ

ਉਹ ਇਸ ਮਜ਼ਹਬੀ ਮਾਮਲੇ ਵਿਚ ਉਕਾ ਹੀ ਦਖ਼ਲ ਨਾ ਦੇਣ ਅਸੀਂ ਉਮੀਦ ਰੱਖਦੇ ਹਾਂ ਜੋ ਸ਼ਹਿਰ ਤਖ਼ਤ ਪੜੀ ਨਿਵਾਸੀ ਸੱਜਣ ਭੀ ਆਪਣੇ ਇਸ ਉਦਮ ਵਿਚ ਡਟੇ ਰਹਿਣਗੇ ।

ਮੈਂ ਹਾਂ ਆਪ ਦਾ ਦਾਸ
ਗੋਪਾਲ ਸਿੰਘ ਸੇਵਕ ਗੁਰਮਤ ਪ੍ਰਚਾਰਕ ਜਥਾ ਖਾਲਸਾ ਸਕੂਲ ਸਾਗਰੀ
(ਰਾਵਲ ਪਿੰਡੀ)

ਅਕਾਲੀ ਲਾਹੌਰ, ੧੧ ਅਕਤੂਬਰ ੧੯੨੦

ਗੁਰਦੁਆਰਾ ਰਕਾਬ ਗੰਜ

ਭਾਈ ਰਤਨ ਸਿੰਘ ਜੀ ਮੁਖ਼ਤਾਰ ਆਮ ਗੁਰਦੁਆਰਾ ਰਕਾਬ ਗੰਜ ਲਿਖਦੇ ਹਨ ਕਿ ੨੮ ਸਤੰਬਰ ਨੂੰ ਸੌ ਕੁ ਨਿਹੰਗ ਸਿੰਘਾਂ ਦਾ ਜਥਾ ਇਥੇ ਆਇਆ ਵਸਾਖਾ ਸਿੰਘ ਜੀ ਠੇਕੇਦਾਰ ਤੋਂ ਇਹ ਸੁਣਿਆ ਕਿ ਸਰਕਾਰ ਨੇ ਦੀਵਾਰ ਚਾੜਨ ਦੀ ਖੁਲ੍ਹ ਦੇ ਦਿੱਤੀ ਹੈ ਢਠੀ ਹੋਈ ਕੰਧ ਚੜਾਨੀ ਸ਼ੁਰੂ ਕਰ ਦਿੱਤੀ । ਤਕਰੀਬਨ ੧੦੦ ਫੁੱਟ ਥਾਂ ਦੀਆਂ ਨੀਹਾਂ ਸਾਫ ਕਰ ਦਿੱਤੀਆਂ । ਜਦ ਠੇਕੇਦਾਰ ਨੂੰ ਪਤਾ ਲੱਗਾ ਤਾਂ ਉਸ ਨੇ ਆ ਕੇ ਬੇਨਤੀ ਕੀਤੀ ਕਿ ਦੀਵਾਰ ਦੀ ਸੇਵਾ ਅਸੀਂ ਕਰਾਂਗੇ ਤੁਸੀਂ ਹਜ਼ੂਰ ਸਾਹਿਬ ਜਾਵੋ।

ਉਨ੍ਹਾਂ ਦੇ ਜਾਣ ਮਗਰੋਂ ਠੇਕੇਦਾਰ ਸਾਹਿਬ ਮੇਰੇ ਉਦਾਲੇ ਹੋ ਗਏ ਕਿ ਤੂੰ ਹੀ ਕੰਮ ਵਿਗਾੜਦਾ ਹੈ ਤੇ ਹਰ ਕੰਮ ਵਿਚ ਦਖ਼ਲ ਦੇਂਦਾ ਹੈ । ਤੂੰ ਚੀਫ਼ ਕਮਿਸ਼ਨਰ ਪਾਸ ਅਪੀਲ ਕਿਉਂ ਕੀਤੀ । ਗੁਰਦੁਆਰੇ ਤੋਂ ਬਾਹਰ ਜਾਵੋ । ਮੇਰੇ ਕੁਝ ਜਵਾਬ ਦੇਣ ਪਰ ਮੈਨੂੰ ਧੱਕੇ ਮਾਰ ਕੇ ਬਾਹਰ ਕੱਢਿਆ ਗਿਆ ।

ਮੇਰਾ ਗੁਰਦੁਆਰੇ ਨਾਲ ਇਕ ਸਿੱਖ ਦੀ ਹੈਸੀਯਤ ਦਾ ਸਬੰਧ ਹੈ । ਨਾਬਾਲਗ ਮਹੰਤ ਗੁਰਬਖਸ਼ ਸਿੰਘ ਦਾ ਮੈਂ ੬ ਸਾਲ ਤੋਂ ਮੁਖਤਾਰ ਹਾਂ । ਇਹ ਠੇਕੇਦਾਰ ਹੀ ਕੰਮ ਵਿਗਾੜਦੇ ਹਨ ।

ਨੋਟ— ਜਾ: ਸਕੱਤਰ ਖਾਲਸਾ ਦੀਵਾਨ ਦਿੱਲੀ ਅਤੇ ਖਾਲਸਾ ਪ੍ਰਚਾਰਕ ਜਥਾ ਦੀ ਚਿੱਠੀ ਆਈ ਹੈ ਕਿ ਰਤਨ ਸਿੰਘ ਦੀਆਂ ਅਯੋਗ ਕਾਰਵਾਈਆਂ ਤੋਂ ਤੰਗ ਆ ਕੇ ਸੰਗਤ ਨੇ ਉਸ ਨੂੰ ਕਢ ਦਿੱਤਾ ਹੈ । ਸਾਰੀ ਚਿੱਠੀ ਫਿਰ ਛਪੇਗੀ।

ਬਾਬੇ ਦੀ ਬੇਰ ਸਾਹਿਬ ਸਿਆਲਕੋਟ

੫ ਅਕਤੂਬਰ ਨੂੰ ਬੜੀ ਧੂਮ ਧਾਮ ਨਾਲ ਦੀਵਾਨ ਹੋਇਆ । ਪੰਜਾਬ ਦੀ ਹਰ ਕੂੰਟ ਵਿੱਚੋਂ ਸਿੱਖ ਸੰਗਤਾਂ ਆਪਣੇ ਪਵਿੱਤਰ ਗੁਰਧਾਮ ਦੀ ਰੱਖਿਆ ਲਈ ਹੁੰਮ ਹੁਮਾ ਕੇ ਪੁੱਜੀਆਂ ਸਨ । ਸਵੇਰ ਵੇਲੇ ਦੇ ਦੀਵਾਨ ਵਿਚ ਸਭ ਜ਼ਿਲਿਆਂ ਵਿੱਚੋਂ ਤਿੰਨ-ਤਿੰਨ ਸੱਜਣ ਚੁਣ ਕੇ ਅਤੇ ਕੁਝ ਸੱਜਣ ਜ਼ਿਲਾ ਸਿਆਲਕੋਟ ਦੇ ਪਾਕ ਗੁਰਦੁਆਰੇ ਦਾ ਪ੍ਰਬੰਧ ਸੋਚਣ ਲਈ ਇਕ ਚੋਣਵੀਂ ਪੰਥਿਕ ਇਕਤਰਤਾ ਹੋਈ ।ਜਿਸ ਨੇ ਗੁਰਦੁਆਰੇ ਦੇ ਪ੍ਰਬੰਧ ਲਈ ਸਿਆਲਕੋਟ ਦੇ ਜ਼ਿਲੇ ਦੇ ੧੩ ਸਿੰਘਾਂ ਦੀ ਕਮੇਟੀ ਅਸਥਾਪਨ ਕਰ ਦਿੱਤੀ ਅਤੇ ਉਸ ਕਮੇਟੀ ਨੇ ੨ ਸੇਵਾਦਾਰ ਨੀਯਤ ਕਰ ਦਿੱਤੇ ਹਨ ।

ਬਾਬੇ ਦੀ ਬੇਰ ਤੇ ਕਮਿਸ਼ਨਰ ਸਾਹਿਬ

ਛੇ ਅਕਤੂਬਰ ਸਵੇਰ ਨੂੰ ਕਮਿਸ਼ਨਰ ਸਾਹਿਬ ਨੇ ਅਖਵਾ ਭੇਜਿਆ ਕਿ ਜੇਕਰ ਸਿੱਖ ਭਾਈ ਗੁਰਦੁਆਰੇ ਬਾਬਤ ਕੁਝ ਕਹਿੰਣਾ ਚਾਹੁੰਣ ਤਾਂ ਓਹ ਕਹਿ ਸਕਦੇ ਹਨ । ਸੋ ਨੌਂ ਸਿੰਘ ਸਾਹਿਬ ਬੰਗਲੇ ਗਏ ਅਤੇ ਕਮਿਸ਼ਨਰ ਸਾਹਿਬ ਨਾਲ ਗੱਲ ਬਾਤ ਕੀਤੀ । ਆਪ ਨੇ ਕਿਹਾ ਕਿ ਖਾਲਸਾ ਜਿਵੇਂ ਚਾਹਵੇ ਆਪਣੇ ਗੁਰਦੁਆਰੇ ਦਾ ਪ੍ਰਬੰਧ ਕਰੇ, ਸਰਕਾਰ ਮਜ਼ਹਬੀ ਮਾਮਲੇ ਵਿਚ ਕੋਈ ਦਖ਼ਲ ਨਹੀਂ ਦੇਵੇਗੀ । ਪਰੰਤੂ ਗੁਰਦੁਆਰੇ ਦੀ ਜਾਗੀਰ ਤੇ ਮੁਰਬਿਆਂ ਦੀ ਆਮਦਨੀ ਹਾਲੀ ਸਰਕਾਰੇ ਜਮਾਂ ਰਹੇਗੀ ਅਤੇ ਜਦੋਂ ਦੁਹਾਂ ਪਾਰਟੀਆਂ ਦਾ ਫ਼ੈਸਲਾ ਆਪੋ ਵਿਚ ਹੋ ਜਾਵੇਗਾ, ਉਸ ਵੇਲੇ ਜਾਗੀਰ ਦੀ ਆਮਦਨੀ ਸਣੇ ਵਿਆਜ ਦਿੱਤੀ ਜਾਵੇਗੀ ਇਕ ਸਿੰਘ ਦੇ ਕਹਿਣ ਤੇ ਕਿ ਦੋ ਪਾਰਟੀਆਂ ਕੋਈ ਨਹੀਂ ਹਨ ਇਕ ਪਾਸੇ ਸਾਰਾ ਪੰਥ ਹੈ, ਅਤੇ ਇਕ ਪਾਸੇ ਇਕ ਪੁਜਾਰੀ ਹੈ । ਜਿਸ ਨੂੰ ਪੰਥ ਆਪਣੀ ਇੱਛਾ ਅਨੁਸਾਰ ਰੱਖ ਜਾਂ ਹਟਾ ਸਕਦਾ ਹੈ। ਸੋ ਜਾਗੀਰ ਸਰਕਾਰ ਨੂੰ ਨਹੀਂ ਰੋਕਣੀ ਚਾਹੀਦੀ । ਸਾਹਿਬ ਬਹਾਦਰ ਨੇ ਕਹਿਆ ਕਿ ਜਾਗੀਰ ਅਜੇ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਇਸ ਤਰ੍ਹਾਂ ਕਰਨਾ ਤੁਹਾਡੀ ਪਾਰਟੀ ਨੂੰ ਮੰਨਣਾ ਹੈ ।

ਮੁਲਾਕਾਤ ਦੇ ਅਰਥ

ਇਹ ਫ਼ੈਸਲਾ ਖਾਲਸਾ ਜੀ ਖੁਦ ਕਰ ਲੈਣ ਕਿ ਮੁਲਾਕਾਤ ਦੇ ਕੀ ਅਰਥ ਹਨ। ਸਾਰੇ ਪੰਥ ਦੀ ਮਿਲਵੀਂ ਅਵਾਜ਼ ਦੀ ਕੋਈ ਪ੍ਰਵਾਹ ਨਾ ਕਰਣਾ, ਅਤੇ ਇਕ ਪੁਜਾਰੀ ਨੂੰ ਇਕ ਪਾਰਟੀ ਮੰਨ ਕੇ ਗੁਰਦੁਆਰੇ ਦੀ ਜਾਗੀਰ ਰੋਕਣੀ ਅਤੇ ਫਿਰ ਕਹਿਣਾ ਕਿ ਸਰਕਾਰ ਮਜ਼ਹਬੀ ਮਾਮਲਿਆਂ ਵਿਚ ਕੋਈ ਦਖ਼ਲ ਨਹੀਂ ਦੇਂਦੀ, ਇਕ ਦੂਜੇ ਦੇ ਉਲਟ ਗੱਲਾਂ ਹਨ। ਇਹੋ ਜਿਹੀਆਂ ਗੁੰਝਲਦਾਰ ਗੱਲਾਂ ਨਾਲ ਠੰਡ ਪੈਣ ਦੀ ਥਾਏਂ ਬਲਦੀ ਤੇ ਤੇਲ ਪੈਂਦਾ ਹੈ। ਸ਼ੋਕ!

ਸਰਦਾਰ ਅਮਰ ਸਿੰਘ ਜੀ ਦੀ ਵਿਦੈਗੀ!

ਅਦੁਤੀ ਨਜ਼ਾਰੇ

੬ ਅਕਤੂਬਰ ਦੀ ਰਾਤ ਨੂੰ ਰਾਮਤਲਾਈ ਵਿਚ ਭਾਰੀ ਜੋੜ ਮੇਲਾ ਹੋਇਆ, ਜਿਸ ਵਿਚ ਕਮਿਸ਼ਨਰ ਸਾਹਿਬ ਦੇ ਦੁਹਤੇ ਜਾਂ ਦੋ ਰੰਗੇ ਰਵਯੀਏ ਤੇ ਚੰਗੀ ਤਰ੍ਹਾਂ ਚਾਨਣਾ ਪਾਇਆ ਗਿਆ। ਉਪਰੰਤ ਸ: ਅਮਰ ਸਿੰਘ ਜੀ ਨੇ ਹਿੰਦੂ, ਮੁਸਲਮਾਨ ਅਤੇ ਸਿੱਖਾਂ ਸਭ ਪਾਸੋਂ ਕੁਝ ਦਿਨਾਂ ਲਈ ਛੁਟੀ ਮੰਗੀ। ਇਸ ਤੇ ਇਕ ਸੱਜਣ ਦੇ ਤਜਵੀਜ਼ ਕਰਨ ਤੇ ਸਭ ਪਾਸਿਓਂ ਅਵਾਜ਼ਾਂ ਆਈਆਂ, "ਸਵੇਰੇ ਦਸ ਵਜੇ, ਸਵੇਰੇ ਦਸ ਵਜੇ," ਸਰਦਾਰ ਜੀ ਨੇ ਉੱਤਰ ਵਿਚ ਕਿਹਾ, ਮੈਨੂੰ ਜਾਣ ਲਈ ਫਰਜ਼ ਮਜਬੂਰ ਕਰ ਰਿਹਾ ਹੈ। ਸਿੱਖ ਲੀਗ ਦਾ ਸਮਾਗਮ ਸਿਰ ਤੇ ਆ ਰਿਹਾ ਹੈ। ਜਿਸ ਵਿਚ ਨਾ ਮਿਲਵਰਤਨ ਦਾ ਪਾਸ ਕਰਾਉਣਾ ਅਤੀ ਜ਼ਰੂਰੀ ਹੈ ਕਿਉਂਕਿ ਇਸ ਫ਼ੈਸਲੇ ਤੇ ਸਿੰਘਾਂ ਦੀ ਜ਼ਿੰਦਗੀ ਜਾਂ ਮੌਤ ਦੀ ਬਾਜ਼ੀ ਲੱਗ ਰਹੀ ਹੈ। ਗਦਾਰ ਤੇ ਖ਼ੁਸ਼ਾਮਦੀ ਲੋਕ ਕੌਮ ਨੂੰ ਗੁਮਰਾਹ ਕਰਨ ਲਈ ਸਿਰਤੋੜ ਯਤਨ ਕਰ ਰਹੇ ਹਨ, ਤਾਂ ਤੇ ਮੈਨੂੰ ਜ਼ਰੂਰ ਛੁਟੀ ਬਖਸ਼ੀ ਜਾਵੇ।

ਇਸ ਤੇ ਛੁਟੀ ਦੀ ਪ੍ਰਵਾਨਗੀ ਜੈਕਾਰਿਆਂ ਨਾਲ ਦਿੱਤੀ ਗਈ।

ਸ: ਨਾਨਕ ਸਿੰਘ ਜੀ ਨੇ ਖਾਲਸਾ ਸੇਵਕ ਜਥਾ ਸਿਆਲਕੋਟ ਅਤੇ ਸਭ ਸਿੱਖਾਂ ਵੱਲੋਂ ਸਰਦਾਰ ਅਮਰ ਸਿੰਘ ਜੀ ਅਤੇ ਬਾਕੀ ਸੇਵਕਾਂ ਦਾ ਧੰਨਵਾਦ ਕੀਤਾ, ਫਿਰ ਹਿੰਦੂ ਮੁਸਲਮਾਨਾਂ, ਖਿਲਾਫ਼ਤ ਕਮੇਟੀ, ਕਾਂਗਰਸ ਕਮੇਟੀ ਅਤੇ ਸੇਵਾ ਸੰਮਤੀ ਵੱਲੋਂ ਹਕੀਮ ਅਬਦੁਲ ਹਕੀਮ ਜੀ ਨੇ ਸ: ਅਮਰ ਸਿੰਘ ਜੀ ਦਾ ਧੰਨਵਾਦ ਕਰਦਿਆਂ ਹੋਇਆਂ ਫ਼ੁਰਮਾਇਆ, ਕਿ ਭਾਰਤ ਮਾਤਾ ਦੀ ਸੇਵਾ ਲਈ ਇਸ ਦੇ ਤਿੰਨੇਂ ਬੇਟੇ, ਹਿੰਦੂ, ਮੁਸਲਮਾਨ ਅਤੇ ਸਿੱਖ ਇਕ ਦੂਜੇ ਨਾਲੋਂ ਅਗੇ ਵਧਣ ਦਾ ਯਤਨ ਕਰ ਰਹੇ ਹਨ ਅਤੇ ਮੈਂ ਬੜੀ ਖੁਸ਼ੀ ਨਾਲ ਪ੍ਰਗਟ ਕਰਦਾ ਹਾਂ ਕਿ ਭਾਰਤ ਮਾਤਾ ਦਾ ਗਿਣਤੀ ਵਿਚ ਸਭਨੋਂ ਛੋਟਾ ਬੇਟਾ ਅਰਥਾਤ ਸਿੱਖ ਪੰਥ ਸੇਵਾ ਦੀ ਬਾਜੀ ਲੈ ਗਿਆ ਹੈ। ਸਾਡਾ ਖ਼ਿਆਲ ਸੀ ਕਿ ਸਿੱਖ ਪੁਲੀਟੀਕਲ ਖ਼ਿਆਲਾਂ ਵਿਚ ਹਿੰਦੂ ਮੁਸਲਮਾਨਾਂ ਤੋਂ ਪਿਛੇ ਰਹਿ ਗਏ ਹਨ। ਪਰ ਇਥੇ ਸਿਆਲਕੋਟ ਵਿਚ ਸਿੱਖਾ ਨੇ ਦੱਸ ਦਿੱਤਾ ਹੈ, ਕਿ ਉਹ ਪੁਲੀਟੀਕਲ ਖ਼ਿਆਲ ਅਤੇ ਅਮਲ ਵਿਚ ਸਭ ਤੋਂ ਮੂਹਰੇ ਹਨ ਅਤੇ ਉਨ੍ਹਾਂ ਨੇ ਹਿੰਦੂ ਮੁਸਲਮਾਨ ਦੁਹ ਨੂੰ ਇਸ ਮਾਮਲੇ ਵਿਚ ਸਬਕ ਸਿਖਾਇਆ ਹੈ। ਜਿਸ ਲਈ ਅਸੀਂ ਉਨ੍ਹਾਂ ਦੇ ਦਿਲੋਂ ਧਨਵਾਦੀ ਹਾਂ। ਉਪਰੰਤ ਹਜ਼ਾਰਾਂ ਸੰਗਤਾਂ ਰਾਤ ਦੇ ਬਾਰਾਂ ਵਜੇ ਦੀ ਗਡੀ ਤੇ ਸਰਦਾਰ ਅਮਰ ਸਿੰਘ ਜੀ ਨੂੰ ਵਿਦਾ ਕਰਨ ਲਈ ਗਈਆਂ, ਅਤੇ ਗਡੀ ਤੁਰਨ ਤੀਕ ਸਟੇਸ਼ਨ ਜੈਕਾਰਿਆਂ ਨਾਲ ਗੂੰਜਦਾ ਰਿਹਾ।

ਇਹ ਸਾਰਾ ਪ੍ਰੇਮ ਤੇ ਚਾਉ ਭਰਿਆ ਨਜ਼ਾਰਾ ਵੇਖਣ ਜੋਗ ਹੀ ਸੀ। ਕਲਮ ਇਸ ਨੂੰ ਲਿੱਖ ਨਹੀਂ ਸਕਦੀ।

ਖਾਲਸਾ ਦੀਵਾਨ ਚਕਵਾਲ

੮-੯-੧੦ ਕਤਕ ੨੩, ੨੪, ੨੫ ਅਕਤੂਬਰ ਨੂੰ ਖਾਲਸਾ ਜੀ ਦੇ ਭਾਰੀ ਦੀਵਾਨ ਸਜਨੇ ਮੁਕੱਰਰ ਹੋਏ ਹਨ। ਅਕਾਲ ਪੁਰਖ ਦੀ ਕ੍ਰਿਪਾ ਨਾਲ ਇਥੇ ਦੀਵਨਾਂ ਵਿਚ ਸਦਾ ਅਮਲੀ ਕਾਰਜ ਹੁੰਦੇ ਹਨ। ਜੈਸਾ ਕਿ ਅੰਮ੍ਰਿਤ ਪ੍ਰਚਾਰ, ਕੇਸਾਧਾਰੀਆਂ ਤੇ ਸਹਿਜਧਾਰੀਆਂ ਨੂੰ ਸਿੰਘ ਸਜਾਣਾ ਜ਼ਾਤ-ਪਾਤ ਦੇ ਬੰਧਨ ਤੋੜ ਕੇ ਨਾਤੇ ਕਰਨੇ ਪੰਥਕ ਆਸ਼ਰਮਾਂ ਲਈ ਅਰਦਾਸ, ਗੁਰਮਤੇ ਆਦਿ।

ਇਸ ਵੇਰੀ ਦੀ ਆਸ ਹੈ ਕਿ ਸਤਿਗੁਰ ਦੇ ਪਿਆਰੇ ਕਈ ਅਮਲੀ ਕਾਰਜ ਕਰਨਗੇ। ਜ਼ਾਤ-ਪਾਤ, ਵਿਧਵਾ ਵਿਵਾਹ ਤੇ ਹੋਰ ਕਈ ਸੁਧਾਰ ਦੀਆਂ ਵਿਚਾਰਾਂ ਹੋਣਗੀਆ। ਕਈ ਸਹਿਜਧਾਰੀ ਤੇ ਕੇਸਾਂਧਾਰੀ ਅੰਮ੍ਰਿਤ ਛਕਣਗੇ। ਖਾਲਸਾ ਹਾਈ ਸਕੂਲ ਦੀਆਂ ਲੋੜਾਂ (ਬੋਰਡਿੰਗ ਦੀ ਇਮਾਰਤ ਦਾ ਸੰਪੂਰਨ ਕਰਨਾ, ਗੁਰਦੁਆਰੇ ਦੀ ਇਮਾਰਤ, ਬੋਰਡਿੰਗ ਵਿਚ ਖੂਹ, ਲੰਗਰ ਅਸਥਾਨ, ਸਕੂਲ ਦੇ ਹੋਰ ਪੰਜ ਕਮਰੇ, ਪੱਕੀ ਗੋਲਕ ਆਦਿਕ) ਪੂਰੀਆਂ ਕਰਨਗੇ। ਸ਼ਬਦ ਕੀਰਤਨ

ਕਥਾ ਵਖਯਾਨਾਂ ਦੁਆਰਾ ਗੁਰਮਤ ਦਾ ਪ੍ਰਚਾਰ ਹੋਵੇਗਾ। ਇਸ ਲਈ ਸਤਿਗੁਰੂ ਦੇ ਪਿਆਰੇ ਪੰਥ ਦੇ ਦਰਦੀ ਦਰਸ਼ਨ ਦੇਣ। ਇਸ ਇਲਾਕੇ ਦੇ ਸਿੰਘ ਤੇ ਸਕੂਲ ਵਿੱਚੋਂ ਲਾਭ ਪ੍ਰਾਪਤ ਕਰ ਗਏ ਵਿਦਿਆਰਥੀਆਂ ਦੀ ਸੇਵਾ ਵਿਚ ਖ਼ਾਸ ਬੇਨਤੀ ਹੈ ਕਿ ਉਹ ਜਿਸ ਤਰ੍ਹਾਂ ਆਪਣੇ ਰਿਸ਼ਤੇਦਾਰਾਂ ਦੇ ਵਿਵਾਹ ਕਾਰਜਾਂ ਵਾਸਤੇ ਕੰਮ ਛਡ ਕੇ ਤੇ ਛੁਟੀ ਲੈ ਕੇ ਆਉਂਦੇ ਹਨ, ਇਸ ਤਰ੍ਹਾਂ ਤੁਸੀਂ ਵੀ ਦੀਵਾਨ ਦੀ ਖ਼ਾਤਰ ਉਚੇਚੇ ਆਉਣਾ ਤੇ ਆਪਣੇ ਪਿਆਰੇ ਸਕੂਲ ਦੀਆਂ ਲੋੜਾਂ ਪੂਰੀਆਂ ਕਰਨ ਹਿਤ ਗਫੇ ਤਿਆਰ ਕਰ ਕੇ ਲਿਆਉਣੇ ਤੇ ਜੇਕਰ ਕੋਈ ਸੱਜਣ ਕਿਸੇ ਜ਼ਰੂਰੀ ਕੰਮ ਕਰ ਕੇ ਨਾ ਆ ਸਕੇ ਤਾਂ ਉਹ ਆਪਣੇ ਕੋਲੋਂ ਅਤੇ ਹੋਰ ਸੱਜਣਾਂ ਮਿੱਤਰਾਂ ਕੋਲੋਂ ਉਗਰਾਹ ਕੇ ਸਹਾਇਤਾ ਭੇਜਣ ਦੀ ਕ੍ਰਿਪਾ ਕਰੇ।

ਪੰਥ ਦਾ ਟੈਹਲੀਆ
ਤੇਜਾ ਸਿੰਘ ਹਜ਼ੂਰੀਆ

ਅਕਾਲੀ ਲਾਹੌਰ, ੧੩ ਅਕਤੂਬਰ ੧੯੨੦

ਸਿੱਖ ਲੀਗ ਦਾ ਪ੍ਰਧਾਨ

ਦੂਸਰੀ ਸਿੱਖ ਲੀਗ, ਲਾਹੌਰ ਦੇ ੧੯-੨੦-੨੧ ਨੂੰ ਹੋਣ ਵਾਲੇ ਦੂਸਰੇ ਸਾਲਾਨਾ ਸਮਾਗਮਾਂ ਦੇ ਪ੍ਰਧਾਨ ਸ: ਖੜਕ ਸਿੰਘ ਜੀ ਰਈਸ ਸਿਆਲਕੋਟ ਚੁਣੇ ਗਏ ਹਨ। ਆਪ ਦੀ ਚੋਣ ੧੦ ਅਕਤੂਬਰ ਨੂੰ ਸੈਂਟ੍ਰਲ ਸਿੱਖ ਲੀਗ ਦੀ ਅੰਤ੍ਰਿੰਗ ਕਮੇਟੀ ਵਿਚ ਸਰਬ ਸੰਮਤੀ ਨਾਲ ਪ੍ਰਵਾਨ ਹੋਈ। ਆਪ ਨੇ ਬਾਬੇ ਦੀ ਬੇਰ ਸਾਹਿਬ ਦੇ ਮਾਮਲੇ ਵਿਚ ਜਿਸ ਸਿਆਣਪ ਅਤੇ ਦਲੇਰੀ ਤੋਂ ਕੰਮ ਲਿਆ ਹੈ। ਕਿਸੇ ਤੋਂ ਗੁਝਾ ਛਿੱਪਾ ਨਹੀਂ। ਅਸੀਂ ਸੈਂਟ੍ਰਲ ਸਿੱਖ ਲੀਗ ਨੂੰ ਉਨ੍ਹਾਂ ਦੀ ਸੁੰਦਰ ਚੋਣ ਤੇ, ਅਤੇ ਸਰਦਾਰ ਖੜਕ ਸਿੰਘ ਜੀ ਨੂੰ ਪ੍ਰਧਾਨ ਚੁਣੇ ਜਾਣ ਤੇ ਵਧਾਈ ਦੇਂਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ, ਕਿ ਵਾਹਿਗੁਰੂ ਉਨ੍ਹਾਂ ਨੂੰ ਉਹ ਬਲ ਦੇਵੇ ਜਿਸ ਨਾਲ ਉਹ ਇਸ ਨਾਜ਼ੁਕ ਸਮੇਂ ਸਿੱਖਾਂ ਵਾਲੀ ਸਿਆਣਪ, ਹਿੰਮਤ ਅਤੇ ਦਲੇਰੀ ਨਾਲ ਕੌਮ ਦੀ ਆਣ ਰੱਖਣ ਦੇ ਯੋਗ ਹੋਵਣ। ਸਾਰੇ ਪੰਥ ਵਿਚ ਇਹ ਖਬਰ ਪ੍ਰਸੰਨਤਾ ਅਤੇ ਖੁਸ਼ੀ ਪੈਦਾ ਕਰੇਗੀ।

ਅਕਾਲੀ ਲਾਹੌਰ, ੧੪ ਅਕਤੂਬਰ ੧੯੨੦

ਸ਼ਹੀਦੀ ਦਲੂਨ ਸੱਦਾ

ਸਿੱਖ ਲੀਗ ਦੇ ਦਿਨਾਂ ਵਿਚ ਹੀ ਗੁਰਦੁਆਰਾ ਰਕਾਬ ਗੰਜ ਸਬੰਧੀ ਸ਼ਹੀਦੀ ਦਲ ਦਾ ਜੋੜ ਮੇਲ ਹੋਵੇਗਾ। ਜਿਸ ਵਿਚ ਗੁਰਦੁਆਰੇ ਦਾ ਪੂਰਾ-ਪੂਰਾ ਹਾਲ ਦੱਸਿਆ ਜਾਵੇਗਾ ਅਤੇ ਕੰਧ ਚੜ੍ਹਾਉਣ ਲਈ ਉਪਰਾਲੇ ਸੋਚੇ ਜਾਣਗੇ। ਕਿਰਪਾ ਕਰ ਕੇ ਸਭ ਸੱਜਣ ਦਰਸ਼ਨ ਦੇਣ।

ਗੁਰਦੁਆਰਾ ਰਕਾਬ ਗੰਜ

ਖਾਲਸਾ ਜੀ ਅੱਜ-ਕਲ੍ਹ ਗੁਰਦੁਆਰਾ ਰਕਾਬ ਗੰਜ ਸਾਹਿਬ ਦਾ ਪੁਜਾਰੀ ਨਾਬਾਲਿਗ ਹੈ, ਤੇ ਇਕ ਰਤਨ ਸਿੰਘ ਨਾਮੀਂ ਕਈ ਸਾਲਾਂ ਤੋਂ ਗੁਰਦੁਆਰੇ ਸਾਹਿਬ ਵਿਚ ਗ੍ਰੰਥੀ ਸੀ, ਇਸ ਸਮੇਂ ਵਿਚ ਉਹ ਇਨ੍ਹਾਂ ਵਧ ਗਿਆ, ਕਿ ਅੱਜ-ਕਲ੍ਹ ਆਪਣੇ ਆਪ ਨੂੰ ਸੇਵਾਦਾਰਾਂ ਦੀ ਥਾਂ ਮਾਲਕ ਖ਼ਿਆਲ ਕਰਨ ਲੱਗ ਪਿਆ, ਇਥੇ ਤਕ ਕਿ ਕਈ ਵੇਰੀ ਇਥੇ ਦੇ ਸੇਵਾਦਾਰਾਂ ਨੂੰ ਕਹਿ ਦਿੱਤਾ ਕਿ ਗੁਰਦੁਆਰੇ ਵਿਚ ਆਪ ਦਾ ਤਅੱਲਕ ਹੈ, **ਇਹ ਸਾਡੀ ਮਲਕੀਅਤ ਹੈ ਤੇ ਪੰਚਾਇਤੀ ਗੁਰਦੁਆਰਾ ਨਹੀਂ ਹੈ** ਹਫ਼ਤੇਵਾਰ ਜੋੜ ਮੇਲ ਵਿਚ ਕਈ ਤਰ੍ਹਾਂ ਦੇ ਬੋਲ ਕਬੋਲ ਬੋਲਣ ਲੱਗ ਪਿਆ, ਜਿਸ ਤੇ ਇਹ ਪ੍ਰਤੀਤ ਹੁੰਦਾ ਸੀ ਕਿ ਉਹ ਗੁਰੂ ਕੀ ਸੰਗਤ ਦੀ ਕੋਈ ਪ੍ਰਵਾਹ ਨਹੀਂ ਕਰਦਾ, ਇਸ ਵਤੀਰੇ ਤੋਂ ਤੇ ਉਸ ਦੇ ਜਾਤੀ ਬੁਰੇ ਚਾਲ ਚਲਣ ਤੋਂ ਤੰਗ ਆ ਕੇ ੨ ਅਕਤੂਬਰ ੧੯੨੦ ਨੂੰ ਸਪਤਾਹਿਕ ਜੋੜ ਮੇਲ ਵਿਚ ਗੁਰਦੁਆਰੇ ਰਕਾਬ ਗੰਜ ਵਿਚ ਦਿੱਲੀ ਦੀ ਕੁਲ ਸੰਗਤ ਉਸ ਦੇ ਬੁਰੇ ਚਾਲ ਚਲਨ ਤੇ ਬੁਰੇ ਵਤੀਰੇ ਨੂੰ ਮੁਖ ਰੱਖ ਕੇ ਵਿਚਾਰ ਕਰਨ ਵਾਸਤੇ ਇਕੱਠੀ ਹੋਈ, ਅਤੇ ਵਿਚਾਰ ਤੋਂ ਪਿੱਛੋਂ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਰਤਨ ਸਿੰਘ ਕੁਕਰਮੀ ਹੈ ਇਸ ਲਈ ਉਹ ਸਿੱਖ ਸੰਗਤ ਤੋਂ ਖਾਰਜ ਕਰ ਦਿੱਤਾ ਜਾਵੇ ਅਤੇ ਇਸ ਵੇਲੇ ਉਸ ਨੂੰ ਗੁਰਦੁਆਰੇ ਤੋਂ ਨਿਕਲ ਜਾਣ ਲਈ ਆਖਿਆ ਜਾਵੇ, ਤੇ ਜੇਕਰ ਨਾ ਨਿਕਲੇ ਤਾਂ ਜ਼ਬਰਦਸਤੀ ਉਸ ਨੂੰ ਕੱਢ ਕੇ ਗੁਰਦੁਆਰੇ ਵਿਚ ਫੇਰ ਵੜਨ ਨਾ ਦਿੱਤਾ ਜਾਵੇ। ਖੁਸ਼ੀ ਦੀ

ਗੱਲ ਹੈ, ਕਿ ਸਾਰੀ ਸੰਗਤ ਵਿੱਚੋਂ ਇਕ ਵੀ ਸੱਜਣ ਰਤਨ ਸਿੰਘ ਵੱਲ ਦਾ ਨਾ ਨਿਕਲਿਆ, ਇਸ ਲਈ ਰਤਨ ਸਿੰਘ ਸੰਗਤ ਦਾ ਫ਼ੈਸਲਾ ਸੁਣ ਕੇ ਨਿਕਲ ਤਾਂ ਗਿਆ, ਪਰ ਗੁਰਦੁਆਰਿਆਂ ਦੀ ਸਹਾਇਤਾ ਨਾਲ ਫਿਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ, ਸੰਗਤ ਵੀ ਆਪਣੇ ਫ਼ੈਸਲੇ ਦੇ ਮੁਤਾਬਕ ਕਿਸੇ ਵੀ ਸੂਰਤ ਵਿਚ ਉਸ ਛੇਕੇ ਹੋਏ ਨੂੰ ਆਪਣੇ ਪਵਿੱਤਰ ਗੁਰਦੁਆਰੇ ਵਿਚ ਵੜਨ ਦੇਣ ਨੂੰ ਤਿਆਰ ਨਹੀਂ ਹੈ ਅਤੇ ਆਪਣੇ ਫ਼ੈਸਲੇ ਤੇ ਡਟੀ ਹੋਈ ਹੈ। ਇਸ ਗੱਲ ਦੀ ਇਤਲਾਹ ਦਿੱਲੀ ਦੇ ਲੋਕਲ ਅਖ਼ਬਾਰਾਂ ਅਤੇ ਲੋਕਲ ਅਫ਼ਸਰਾਂ ਨੂੰ ਵੀ ਦਿੱਤੀ ਗਈ ਹੈ। ਇਥੋਂ ਦੇ ਮਹੰਤ ਦੀ ਉਮਰ ੧੬ ਸਾਲ ਦੀ ਹੈ, ਜਿਹੜਾ ਗ੍ਰੰਥੀ ਦਾ ਕੰਮ ਚੰਗੀ ਤਰ੍ਹਾਂ ਕਰ ਸਕਦਾ ਹੈ, ਨਾਲ ਹੀ ਸੰਗਤ ਨੇ ਭਰੋਸਾ ਦਿੱਤਾ ਹੈ ਕਿ ਜਿਸ ਨੂੰ ਨਾਬਾਲਿਗ ਮਹੰਤ ਦੀ ਮਾਈ ਆਖੇ ਉਸ ਦੀ ਸੇਵਾ ਗ੍ਰੰਥੀ ਵਾਸਤੇ ਲੱਗਾ ਦਿੱਤੀ ਜਾਵੇ, ਅਤੇ ਅਦਾਲਤੀ ਕੰਮ ਦੀ ਜੇਕਰ ਹੋਵੇ, ਤਾਂ ਸੰਗਤ ਵਿੱਚੋਂ ਕੋਈ ਸਰਕਾਰ ਦਾ ਕਰ ਦਿੱਤਾ ਕਰੇਗਾ। ਪਰ ਮਾਈ ਅਜੇ ਹਵਾ ਦੇ ਘੋੜੇ ਤੇ ਸਵਾਰ ਹੈ ਅਤੇ ਸੰਗਤ ਦੀ ਇਕ ਨਹੀਂ ਮੰਨਦੀ। ਖਾਲਸਾ ਜੀ ਇਹ ਹਨ ਆਪ ਦੇ ਪਵਿੱਤਰ, ਗੁਰਦੁਆਰੇ ਜਿਸ ਦੇ ਵਾਸਤੇ ਆਪ ਨੇ ਇਤਨੀਆਂ ਘਾਲਾਂ ਘਲੀਆਂ ਹਨ, ਅਤੇ ਹੋਰ ਵੀ ਘਾਲਣ ਨੂੰ ਤਿਆਰ ਹੋ। ਅੰਦਰਖਾਨੇ ਦਾ ਹਾਲ। ਪਰ ਜਦ ਹਨ੍ਹੇਰੀ ਵਗਦੀ ਹੈ, ਉਸ ਨਾਲ ਸਾਰੇ ਬਿਰਛ ਕੁਝ ਨਾ ਕੁਝ ਜ਼ਰੂਰ ਹਿਲ ਜਾਂਦੇ ਹਨ, ਇਸ ਵਿਚ ਗੁਰਦੁਆਰਿਆਂ ਦੇ ਮਹੰਤਾਂ ਅਤੇ ਗ੍ਰੰਥੀਆਂ ਦਾ ਕੁਕਰਮੀ ਹੋ ਕੇ ਪੰਥਕ ਜੈਦਾਦਾਂ ਨੂੰ ਆਪਣੀਆਂ ਜਾਨ ਕੇ, ਆਪਣੇ ਸਰੀਰਕ ਵਿਸ਼ੇ ਵਿਕਾਰਾਂ ਵਿਚ ਬਰਬਾਦ ਕਰਨ ਵਾਲੀ ਅੰਨ੍ਹੇਰੀ ਦਾ ਬੁੱਲਾ ਇਸ ਪਵਿੱਤਰ ਗੁਰਦੁਆਰੇ ਨੂੰ ਵੀ ਹਿਲਾ ਚੁਕਯਾ ਸੀ, ਪਰ ਸ਼ੁਕਰ ਹੈ ਕਿ ਛੇਤੀ ਹੀ ਖਾਲਸਾ ਜੀ ਸੁਚੇਤ ਹੋ ਗਿਆ ਅਤੇ ਉਸੇ ਬਾਬੇ ਗੁਰੂ ਤੇਗ ਬਹਾਦਰ ਜੀ ਸਾਹਿਬ ਜਿਸ ਦੀ ਪਵਿੱਤਰ ਯਾਦਗਾਰ ਵਿਚ ਇਹ ਗੁਰਦੁਆਰਾ ਹੈ ਤੇ ਸੱਚੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਕ੍ਰਿਪਾਲਤਾ ਨਾਲ ਭਰੋਸਾ ਹੈ ਕਿ ਗੁਰਦੁਆਰੇ ਨੂੰ ਆਵਣ ਵਾਲੇ ਤੂਫ਼ਾਨ ਤੋਂ ਬਚਾਣ ਦਾ ਉਪਰਾਲਾ ਹੋ ਜਾਵੇਗਾ।

ਆਪ ਦੇ ਦਾਸ
ਸ਼ਿਵਦੇਵ ਸਿੰਘ ਜਾਇੰਟ ਸਕੱਤਰ,
ਖਾਲਸਾ ਦੀਵਾਨ ਦਿੱਲੀ
ਰਾਮ ਸਿੰਘ ਸਕੱਤਰ
ਖਾਲਸਾ ਪ੍ਰਚਾਰਕ ਜਥਾ ਦਿੱਲੀ।

ਬਾਬੇ ਦੀ ਬੇਰ

ਵੀਰ ਜੀ ਮੈਂ ਆਪ ਨੂੰ ਜੋ ਚਿੱਠੀ ਛਾਪਣ ਲਈ ਭੇਜੀ ਸੀ ਕਿ ਪੰਥ ਦੇ ਤਪਤ ਹਿਰਦਿਆਂ ਨੂੰ ਸੀਲ ਕਰਨ ਦੇ ਯਤਨ ਵਿਚ ਹਾਂ ਉਸ ਤੇ ਮੈਂ ਅਮਲ ਕਰ ਦਿੱਤਾ ਹੈ।

ਵੀਰ ਜੀ ਮੌਜੂਦਾ ਹਾਲਤ ਦੇ ਮੁਤਾਬਕ ਐਜੀਟੇਸ਼ਨ ਨੂੰ ਬੰਦ ਕਰਨ ਲਈ ਮੈਂ ਆਪਣੇ ਪਹਿਲੇ ਸਰਬਰਾਹ ਸਾਹਿਬ ਨੂੰ (ਜਿਨਾਂ ਦੀ ਮੈਂ ਅਤੀ ਧੰਨਵਾਦੀ ਹਾਂ ਕਿ ਉਨ੍ਹਾਂ ਨੂੰ ਯਤੀਮਾਂ ਤੇ ਵਿਧਵਾ ਤੇ ਤਰਸ ਕਰਨ ਦੇ ਬਦਲੇ ਪੰਥ ਵੱਲੋਂ ਆਪਨੀ ਜੋ ਸੇਵਾ ਕਰਾਈ ਹੈ ਉਹ ਮੈਂ ਨਹੀਂ ਲਿਖ ਸਕਦੀ ਗੁਰੂ ਸਾਹਿਬ ਉਨ੍ਹਾਂ ਨੂੰ ਇਸ ਬੁਰਦ ਬਾਰੀ ਦਾ ਫਲ ਦੇਣ) ਅਰਜ ਕੀਤੀ ਸੀ ਕਿ ਉਹ ਜੋ ਇਖ਼ਤਿਆਰ ਮੈਂ ਉਨ੍ਹਾਂ ਨੂੰ ਦਿੱਤੇ ਸਨ ਮੋੜ ਦੇਣ, ਮੈਂ ਗੁਰਦੁਆਰੇ ਦੀ ਸੇਵਾ ਖ਼ੁਦ ਕਰਾਂਗੀ ਤੇ ਹੋਰ ਸਭ ਕਾਰ ਦਾਰ ਜਾਗੀਰ ਤੇ ਜਾਇਦਾਦ ਦਾ ਇੰਤਜ਼ਾਮ ਖ਼ੁਦ ਕਰਾਂਗੀ। ਸੋ ਉਨ੍ਹਾ ਨੇ ਮੇਰੀ ਅਰਜ ਕਬੂਲ ਕਰ ਲਈ ਹੈ ਤੇ ਹੁਣ ਮੈਂ ਆਪਣੀ ਤਰਫੋਂ ਸਵਰਗਵਾਸੀ ਸਰਦਾਰ ਵਜ਼ੀਰ ਸਿੰਘ ਜੀ ਡਿਪਟੀ ਦੇ ਛੋਟੇ ਭਰਾ ਸਰਦਾਰ ਸੋਹਨ ਸਿੰਘ ਜੀ ਨੂੰ ਅਪਣਾ ਮੁਖਤਾਰ ਆਮ ਮੁਕੱਰਰ ਕਰ ਦਿੱਤਾ ਹੈ ਡਿਪਟੀ ਕਮਿਸ਼ਨਰ ਸਾਹਿਬ ਸਿਆਲਕੋਟ ਨੇ ਬੜੀ ਦਿਆਲਤਾ ਸਹਿਤ ਮੁਖ਼ਤਾਰ ਨਾਮੇਂ ਨੂੰ ਤਸਦੀਕ ਕਰ ਕੇ ਰਜਿਸਟਰਡ ਕਰ ਦਿੱਤਾ ਹੈ ਹੁਣ ਅੱਗੇ ਨੂੰ ਮੇਰੀ ਜ਼ੇਰ ਨਿਗਰਾਨੀ ਸਭ ਕਾਰੋਬਾਰ ਉਨ੍ਹਾਂ ਦੇ ਹੱਥਾਂ ਵਿਚ ਹੋਵੇਗਾ ਉਹ ਗੁਰਮੁਖ ਸਿੰਘ ਹਨ ਤੇ ਮੈਨੂੰ ਭਰੋਸਾ ਹੈ ਕਿ ਪੰਥ ਹੁਣ ਸ਼ਾਂਤ ਵਰਤਾਵੇਗਾ ਜੋ ਪੰਥ ਦੀ ਮਨਸ਼ਾਂ ਸੀ ਸੋ ਪੂਰੀ ਕਰ ਦਿੱਤੀ ਗਈ ਹੈ।

ਗੁਰਦੁਆਰੇ ਦੀ ਟੈਹਲਨ : ਅਤਰ ਕੌਰ
ਮਾਤਾ ਮਹੰਤ ਗੁਰਚਰਨ ਸਿੰਘ ਨਾਬਾਲਗ
ਬੇਰ ਬਾਬਾ ਨਾਨਕ ਸਾਹਿਬ ਜੀ ਸਿਆਲਕੋਟ

ਅਕਾਲੀ ਲਾਹੌਰ, ੧੫ ਅਕਤੂਬਰ ੧੯੨੦

ਸਿੱਖ ਲੀਗ ਦੇ ਪ੍ਰਧਾਨ

ਪਾਠਕ ਸੁਣ ਕੇ ਪ੍ਰਸੰਨ ਹੋਣਗੇ ਕਿ ਸਰਦਾਰ ਖੜਕ ਸਿੰਘ ਜੀ ਸਿਆਲਕੋਟ ਨੇ ਸਿੱਖ ਲੀਗ ਦੇ ਦੂਸਰੇ ਸਾਲਾਨੇ ਜਲਸੇ ਦਾ ਪ੍ਰਧਾਨ ਹੋਣਾ ਪ੍ਰਵਾਨ ਕਰ ਲਿਆ ਹੈ।

ਤਖ਼ਤ ਅਕਾਲ ਬੁੰਗਾ ਸਾਹਿਬ ਦੇ ਪੁਜਾਰੀ ਹਰਨ ਹੋ ਗਏ

ਖਾਲਸਾ ਬਰਾਦਰੀ ਦਾ ਦੀਵਾਨ ੧੧ ਅਕਤੂਬਰ ਨੂੰ ਧੂਮ-ਧਾਮ ਨਾਲ ਸਜਿਆ। ਗੁਰਮਤਾ ਪਾਸ ਕਰ ਕੇ ਸੰਗਤ ਕੜਾਹ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਜੀ ਪੁੱਜੀ। ਸਾਰੇ ਪੁਜਾਰੀਆਂ ਨੇ ਕੜਾਹ ਪ੍ਰਸ਼ਾਦ ਅਰਦਾਸਾ ਕਰ ਕੇ ਵਰਤਾਇਆ ਅਤੇ ਛਕਿਆ ਛਕਾਇਆ। ਇਸ ਤੋਂ ਪਿੱਛੋਂ ਸੰਗਤ ਕੜਾਹ ਪ੍ਰਸ਼ਾਦ ਲੈ ਕੇ ਤਖ਼ਤ ਅਕਾਲ ਬੁੰਗੇ ਹਾਜ਼ਰ ਹੋਈ। ਪੁਜਾਰੀਆਂ ਨੇ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਸੰਗਤ ਨੇ ਹੋਰ ਜ਼ੋਰ ਦਿੱਤਾ ਤਾਂ ਸਭ ਪੁਜਾਰੀ ਤਖ਼ਤ ਛਡ ਕੇ ਹਰਨ ਹੋ ਗਏ। ਸੰਗਤ ਨੇ ਅਕਾਲ ਬੁੰਗੇ ਦੀ ਸੇਵਾ ਲਈ ਪੰਜੀ ਸਿੰਘਾਂ ਦਾ ਜਥਾ ਨੀਯਤ ਕਰ ਦਿੱਤਾ ਹੈ। ਬਾਕੀ ਦਾ ਹਾਲ ਫੇਰ ਛਪਣਗੇ।

ਪੁਜਰੀ ਸ਼ਰਾਬ ਪੀਂਦੇ ਫੜੇ ਗਏ।

ਭਾਈ ਹਰਦਿਤ ਸਿੰਘ ਪੁਜਾਰੀ ਅਤੇ ਉਸ ਦਾ ਪੁੱਤਰ ਦੁਖ ਭੰਜਨੀ ਸਾਹਿਬ, ਅਤੇ ਮਾਨਾ ਵਾਲੇ ਬੁੰਗੇ ਦਾ ਉਦਾਸੀ ਸੰਤ ਅਤੇ ਦੋ ਹੋਰ ਆਦਮੀ ਮਾਨਾਂ ਵਾਲੇ ਬੁੰਗੇ ਵਿੱਚੋਂ ਦਰਬਾਰ ਸਾਹਿਬ ਦੇ ਪਾਸੇ ਵੱਲੋਂ ਬਾਰੀ ਵਿਚ ਵਿਚ ਸ਼ਰਾਬ ਦੇ ਪਿਆਲੇ ਉਡਾਂਦੇ ਫੜੇ ਗਏ। ਸਾਰੀ ਰਾਤ ਹਵਾਲਾਤ ਵਿਚ ਰੱਖ ਕੇ ਚਲਾਨ ਕੀਤਾ ਗਿਆ।

ਅਕਾਲੀ ਲਾਹੌਰ, ੧੭ ਅਕਤੂਬਰ ੧੯੨੦

ਲੁਲਿਆਨੀ।

ਸਕੱਤਰ ਖਾਲਸਾ ਧਰਮ ਪ੍ਰਚਾਰਕ ਜਥਾ ਲਿਖਦੇ ਹਨ ਕਿ ਪੂਰਨਮਾਸ਼ੀ ਵਾਲੇ ਦਿਨ ਜੋੜ ਮੇਲੇ ਵਿਚ ਹੇਠਾਂ ਲਿਖੇ ਗੁਰਮਤੇ ਪਾਸ ਹੋਏ—

੧. ਮੁਕਤਸਰ ਦੇ ਸਿੰਘਾਂ ਨੂੰ ਖੂਹਾਂ ਤੋਂ ਪਾਣੀ ਭਰਨ ਤੋਂ ਰੋਕਣ ਵਾਲੇ ਸਥਾਨੀ ਅਫ਼ਸਰਾਂ ਤੇ ਲੋਕਾਂ ਤੇ ਸਖ਼ਤ ਨਰਾਜ਼ਗੀ ਪ੍ਰਗਟ ਕੀਤੀ ਜਾਵੇ। ਡਿਪਟੀ ਕਮਿਸ਼ਨਰ ਇਸ ਦੁੱਖ ਨੂੰ ਛੇਤੀ ਦੂਰ ਕਰਨ।

੨. ਗੁਰਦੁਆਰੇ ਬਾਬੇ ਦੀ ਬੇਰ ਦਾ ਪਤਿਤ ਸਰਬਰਾਹ ਫੌਰਨ ਹਟਾ ਕੇ ਸਾਰਾ ਪ੍ਰਬੰਧ ਸਿੱਖ ਪੰਥ ਦੇ ਹਵਾਲੇ ਕੀਤਾ ਜਾਵੇ।

ਨੋਟ—ਪ੍ਰਗਟ ਕੀਤਾ ਜਾਵੇ ਕਿ ਮੁਕਤਸਰ ਦੇ ਮਾਮਲੇ ਵਾਸਤੇ ਸਹਾਇਤਾ ਕਿਥੇ ਭੇਜੀ ਜਾਵੇ।

੩. ਜਦ ਫ਼ੌਜਾਂ ਵਿਚ ਕ੍ਰਿਪਾਨ ਰੱਖਣ ਦੀ ਖੁਲ੍ਹ ਹੋ ਗਈ ਹੈ ਤਾਂ ਕ੍ਰਿਪਾਨ ਪਹਿਨਣ ਬਦਲੇ ਜਿਨ੍ਹਾਂ ਗੁਰੂ ਪਿਆਰੇ ਸਿੰਘਾਂ ਨੂੰ ਕੋਈ ਵੀ ਸਜ਼ਾ ਹੋਈ ਹੈ ਉਹ ਮਾਫ ਕੀਤੀ ਜਾਵੇ।

੪. ਗੁਰਦੁਆਰੇ ਰਕਾਬ ਗੰਜ ਦੀ ਢੱਠੀ ਹੋਈ ਦੀਵਾਰ ਸਰਕਾਰ ਆਪ ਛੇਤੀ ਬਣਾ ਦੇਵੇ।

੫. ਪਧਰੀ ਦੇ ਗੁਰਦੁਆਰੇ ਵਿਚ ਬੇਅਦਬੀ ਕਰਨ ਵਾਲੇ ਥਾਨੇਦਾਰ ਨੂੰ ਯੋਗ ਢੰਡ ਦਿੱਤਾ ਜਾਵੇ।

੬. ਸਾਰੇ ਰਾਜਸੀ ਕੈਦੀ ਛਡੇ ਜਾਣ।

ਚਾਰ ਸਿੰਘਾਂ ਨੇ ਸ਼ਹੀਦੀ ਦਲ ਵਿਚ ਨਾਮ ਲਿਖਾਏ।

ਦਰਬਾਰ ਸਾਹਿਬ ਅੰਮ੍ਰਿਤਸਰ ਤੇ ਗ਼ਲਤ ਅਫ਼ਵਾਹ

ਇਹ ਖਬਰ ਆਮ ਫੈਲ ਰਹੀ ਹੈ ਕਿ ਤਖ਼ਤ ਅਕਾਲ ਬੁੰਗੇ ਉੱਤੇ ਮਜ਼ਹਬੀ ਸਿੱਖਾਂ ਨੇ ਕਬਜ਼ਾ ਕਰ ਲਿਆ ਹੈ। ਇਹ ਬਿਲਕੁਲ ਗ਼ਲਤ ਹੈ ਤੇ ਸਿੱਖਾਂ ਨੂੰ ਆਪੋ ਵਿਚ ਲੜਾਨ ਲਈ ਫ਼ੈਲਾਈ ਗਈ ਹੈ। ਅਸਲ ਗੱਲ ਇਹ ਹੈ ਕਿ

ਜਲਿਆਂ ਵਾਲੇ ਬਾਗ਼ ਵਿਚ ਜੋੜ ਮੇਲ ਦੇ ਮਗਰੋਂ ਸ਼ਹਿਰ ਦੀ ਸੰਗਤ, ਖਾਲਸਾ ਕਲਾਜ ਦੇ ਵਿਦਿਆਰਥੀ ਤੇ ਸਟਾਫ਼ ਤੇ ਹੋਰ ਬਾਹਰ ਦੀਆਂ ਸੰਗਤਾਂ ਦਰਬਾਰ ਸਾਹਿਬ ਗਈਆਂ ਹਰੀਮੰਦਰ ਦੇ ਪੁਜਾਰੀਆਂ ਨੇ ਨਾਹ ਨੁਕਰ ਕਰਨ ਲਗਰੋਂ ਕੜਾਹ ਪ੍ਰਸ਼ਾਦ ਦਾ ਅਰਦਾਸਾ ਕੀਤਾ, ਵਾਕ ਲਿਆ ਤੇ ਕੜਾਹ ਪ੍ਰਸ਼ਾਦ ਵਰਤਾਇਆ। ਪਰ ਤਖ਼ਤ ਅਕਾਲ ਬੁੰਗੇ ਦੇ ਪੁਜਾਰੀ ਨਸ ਗਏ। ਖਾਲਸੇ ਨੇ ਸੁੰਞਾ ਤਖ਼ਤ ਵੇਖ ਕੇ ਸੰਭਾਲ ਕੀਤੀ ਸਬਰਾਹ ਸਾਹਿਬ ਨੇ ਵੀ ਪੁਜਾਰੀਆਂ ਦੀ ਇਸ ਮੂਰਖਤਾ ਤੇ ਨਰਾਜਗੀ ਪ੍ਰਗਟ ਕੀਤੀ ਆਖ਼ਰ ੧੪ ਤਰੀਖ ਨੂੰ ਖਾਲਸਾ ਕਾਲਜ ਦੇ ਪ੍ਰੋਫ਼ੈਸਰ, ਸਰਬਰਾਹ ਤੇ ਹੋਰ ਮੁਖੀ ਸਿੰਘ ਡਿਪਟੀ ਕਮੀਸ਼ਨਰ ਨੂੰ ਮਿਲੇ। ਡਿਪਟੀ ਕਮਿਸ਼ਨਰ ਨੇ ਸਾਰਾ ਹਾਲ ਸੁਣ ਕੇ ਆਖਿਆ ਕਿ ਸਰਕਾਰ ਤੁਹਾਡੇ ਕੰਮ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਤੁਸੀਂ ਕਮੇਟੀ ਬਣਾ ਕੇ ਆਪਣਾ ਪ੍ਰਬੰਧ ਕਰ ਲਵੋ।

ਉਥੇ ਹੀ ਨੌ ਸਿੰਘਾਂ ਦੀ ਆਰਜ਼ੀ ਕਮੇਟੀ ਬਣਾਈ ਗਈ ਕਿ ਇਹ ਕਮੇਟੀ ਸਾਰੇ ਪੰਥ ਨੂੰ ਤਖ਼ਤ ਅਕਾਲ ਬੁੰਗੇ ਸਦਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਵੇ ਅਤੇ ਉਦੋਂ ਤਕ ਪ੍ਰਬੰਧ ਕਾਇਮ ਰੱਖੇ। ਕਮੇਟੀ ਦੇ ਸੱਜਣ ਇਹ ਹਨ—

੧. ਸ: ਸੁੰਦਰ ਸਿੰਘ ਜੀ ਸਰਬਰਾਹ।
੨. ਬਾਵਾ ਹਰ ਕਿਸ਼ਨ ਸਿੰਘ ਜੀ ਐਮ. ਏ. ਪ੍ਰੋਫੈਸਰ।
੩. ਸ: ਬਹਾਦਰ ਸਿੰਘ ਜੀ ਅੰਮ੍ਰਿਤਸਰ।
੪. ਸ: ਤੇਜਾ ਸਿੰਘ ਜੀ ਭੁਚਰ।
੫. ਸ: ਸੁਮੁਖ ਸਿੰਘ ਜੀ ਝਭਾਲ।
੬. ਬਾਬਾ ਗੁਰਦਿਆਲ ਸਿੰਘ ਨਾਮਧਾਰੀ।
੭. ਦੋ ਅਕਾਲੀ ਨਿਹੰਗ ਸਿੰਘ ਜੀ।
੮. ਭਾਈ ਕਰਤਾਰ ਸਿੰਘ ਜੀ ਝਬਰ

ਖਾਲਸਾ ਜੀ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਤੇ ਕਿਸੇ ਸੁਣੀ ਸੁਣਾਈ ਤੇ ਟਪਲੇ ਲਾਣ ਵਾਲੀ ਗੱਲ ਤੇ ਇਤਬਾਰ ਨਹੀਂ ਕਰਨਾ ਚਾਹੀਦਾ।

ਅਕਾਲੀ ਲਾਹੌਰ, ੨੦ ਅਕਤੂਬਰ ੧੯੨੦

ਗੁਰਦੁਆਰਾ ਰਕਾਬ ਗੰਜ

ਸ੍ਰੀਮਾਨ ਮਾਸਟਰ ਸੁੰਦਰ ਸਿੰਘ ਜੀ "ਲੈਲਪੁਰੀ" ਨੂੰ ਦਿੱਲੀ ਗੁਰਦੁਆਰੇ ਸਬੰਧੀ ਪਤਾ ਕਰਨ ਭੇਜਿਆ ਗਿਆ ਸੀ। ਉਹ ਸਾਰਾ ਹਾਲ 'ਸ਼ਹੀਦੀਦਲ' ਦੇ ਸਮਾਗਮ ਵਿਚ ਪ੍ਰਗਟ ਕਰਨਗੇ। 'ਸ਼ਹੀਦੀ ਦਲ' ਦੇ ਜੋੜ ਮੇਲ ਦਾ ਵਕਤ ਮੁਕੱਰਰ ਕਰ ਕੇ ਧਰਮਿਕ ਦੀਵਾਨ ਅਤੇ ਸਿੱਖ ਲੀਗ ਦੇ ਜਲਸੇ ਵਿਚ ਦੱਸ ਦਿੱਤਾ ਜਾਵੇਗਾ।

ਗੁਰਦੁਆਰੇ ਸਬੰਧੀ ਇਕ ਸਰਕਾਰੀ ਐਲਾਨ ਦੀ ਛਪਿਆ ਹੈ। ਜਿਹੜਾ ਕਿ ਗੁਰੂ ਪੰਥ ਨਾਲ ਇਕ ਨਵਾਂ ਮਖੌਲ ਹੈ, ਚੀਫ਼ ਖਾਲਸਾ ਦੀਵਾਨ ਜਿਸ ਦੀ ਅਵਾਜ਼ ਪੰਥ ਵਿਚ ਇਕ ਮਾਮੂਲੀ ਸਿੰਘ ਸਭਾ ਦੇ ਬਰਾਬਰ ਵੀ ਨਹੀਂ ਸਰਕਾਰ ਨੇ ਪੰਥ ਦਾ ਮੁਖੀ ਮੰਨ ਕੇ ਉਸ ਨੂੰ ਚੌਧਰਪੁਣਾ ਦਿੱਤਾ ਹੈ। ਇਸ ਉੱਤੇ ਪੂਰਨ ਵਿਚਾਰ ਭਲਕੇ ਛਪੇਗੀ।

ਬਾਬੇ ਦੀ ਬੇਰ ਸਾਹਿਬ

੧੪ ਸਤੰਬਰ ਦੇ 'ਅਕਾਲੀ' ਵਿਚ ਮਾਈ ਅਤ੍ਰ ਕੌਰ ਮਹੰਤਨੀ ਬਾਬੇ ਦੀ ਬੇਰ ਦੀ ਚਿੱਠੀ ਛਪੀ ਸੀ। ਜਿਸ ਵਿਚ ਉਸ ਨੇ ਇਕ ਤਾਂ ਪੰਥ ਵੱਲੋਂ ਫਿਟਕਾਰੇ ਹੋਏ ਤੇ ਖਾਰਜ ਕੀਤੇ ਹੋਏ ਸਰਬਰਾਹ ਦੀ ਅਯੋਗ ਵਡਿਆਈ ਕੀਤੀ ਸੀ ਅਤੇ ਦੂਜੇ ਆਪਣੇ ਆਪ ਇਕ ਹੋਰ ਸਰਬਰਾਹ ਅਸਥਾਪਨ ਕਰ ਦੇਣ ਦਾ ਐਲਾਨ ਕੀਤਾ ਸੀ।

ਐਸ ਵੇਲੇ ਗੁਰਧਾਮਾਂ ਸਬੰਧੀ ਸਾਰੇ ਪੰਥ ਵਿਚ ਹਿਲ ਜੁਲ ਮਚੀ ਹੋਈ ਹੈ ਅਤੇ ਸੁਧਾਰ ਲਈ ਜ਼ੋਰ ਲਾਇਆ ਜਾ ਰਿਹਾ ਹੈ। ਇਹ ਵਿਚਾਰ ਕੇ ਕਿਤੇ ਸੁਧਾਰ ਦੇ ਨਾਮ ਹੇਠਾਂ ਜ਼ਿਆਦਾ ਵਿਗਾੜ ਹੀ ਨਾ ਹੋ ਜਾਵੇ ਅਸੀਂ ਕੁਝ ਵਿਚਾਰਾਂ ਪੰਥ ਅਤੇ ਗੁਰਧਾਮਾਂ ਦੇ ਸੇਵਕਾਂ ਲਈ ਪੇਸ਼ ਕਰਦੇ ਹਾਂ।

ਇਸ ਵੇਲੇ ਤਕ ਗੁਰੂਧਾਮਾਂ ਦੀਆਂ ਬਦ ਇੰਤਜ਼ਾਮੀਆਂ ਤੇ ਕਈ ਗੁਪਤ ਪ੍ਰਗਟ ਖਰਾਬੀਆਂ ਨੇ ਪੰਥ ਦੇ ਦਿਲ

ਤਪਾ ਦਿੱਤੇ ਹਨ ਅਤੇ ਪੰਥ ਵਿਚ ਸੁਧਾਰ ਦੀ ਲਹਿਰ ਇਤਨੀ ਜ਼ੋਰਾਂ ਉਪਰ ਉਮਡ ਆਈ ਹੈ ਕਿ ਗੁਰਧਾਮਾਂ ਵਿਚ ਪਹਿਲੀਆਂ ਆਪ ਹੁਦਰੀਆਂ ਹਕੂਮਤਾਂ ਦਾ ਰਹਿਣਾ ਅਸੰਭਵ ਹੋ ਗਿਆ ਹੈ। ਪਰੰਤੂ ਇਥੇ ਇਕ ਵਿਚਾਰ ਹੈ ਉਹ ਇਹ ਕਿ ਕਈ ਗੁਰਧਾਮ ਸਥਾਨਕ ਹਨ ਅਤੇ ਕਈਆਂ ਦਾ ਸਬੰਧ ਸਾਰੇ ਪੰਥ ਨਾਲ ਹੈ। ਸਥਾਨਕ ਗੁਰਧਾਮਾਂ ਦਾ ਪ੍ਰਬੰਧ ਉਥੋਂ ਦੇ ਹੀ ਸੱਜਣ ਹਰ ਵੇਲੇ ਕਰ ਸਕਦੇ ਹਨ ਅਤੇ ਜੇ ਲੋੜ ਪਵੇ ਤਾਂ ਪੰਥ ਦੇ ਮੁਖੀਆਂ ਨਾਲ ਮਿਲ ਕੇ ਸਲਾਹ ਮਸ਼ਵਰੇ ਕਰ ਸਕਦੇ ਹਨ। ਜਿਹਾ ਕਿ ਤਖ਼ਤ ਪੜੀ ਦਾ ਮਾਮਲਾ ਹੈ ਅਤੇ ਇਸੇ ਤਰ੍ਹਾਂ ਹੋਰ ਪਿੰਡਾਂ ਅਤੇ ਸ਼ਹਿਰਾਂ ਦੇ ਪੰਚਾਇਤੀ ਗੁਰਦੁਆਰਿਆਂ ਦਾ ਮਾਮਲਾ ਹੈ। ਇਨ੍ਹਾਂ ਵਿੱਚੋਂ ਪੁਜਾਰੀਆਂ ਦਾ ਕੱਢਣਾ ਰੱਖਣਾ, ਗੁਰਧਾਮਾਂ ਦਾ ਬਨਾਨਾ ਉਸਾਰਨਾਂ, ਸਥਾਨਕ ਸੰਗਤਾਂ ਦੇ ਵਸ ਹੈ। ਪਰ ਪੰਜਾ ਸਾਹਿਬ, ਨਾਨਕਾਣਾ ਸਾਹਿਬ, ਬਾਬੇ ਦੀ ਬੇਰ ਅੰਮ੍ਰਿਤਸਰ, ਤਰਨਤਾਰਨ ਅਨੰਦਪੁਰ ਸਾਹਿਬ ਪਟਨਾ ਸਾਹਿਬ, ਅਬਚਲਾ ਨਗਰ, ਇਤਿਆਦਿਕ ਗੁਰਦੁਆਰਿਆਂ ਦਾ ਸਬੰਧ ਸਾਰੇ ਪੰਥ ਨਾਲ ਹੈ। ਇਸੇ ਤਰ੍ਹਾਂ ਕੰਨਯਾਂ ਮਹਾਂ ਵਿਦਯਾਲਾਂ ਫਿਰੋਜ਼ਪੁਰ, ਕੈਰੋਂ, ਤਰਨ ਤਾਰਨ ਵਿਦਯਾਲਾ ਆਦਿਕ ਸਾਰੇ ਪੰਥ ਦੇ ਸਾਂਝੇ ਆਸ਼ਰਮ ਹਨ। ਸਥਾਨੀ ਸੰਗਤਾਂ ਦਾ ਫਰਜ਼ ਸੀ ਅਤੇ ਹੈ ਕਿ ਇਨ੍ਹਾਂ ਵਿਚ ਖਰਾਬੀਆਂ ਨਾ ਪੈਦਾ ਹੋਣ ਦੇਣ, ਪੰਥ ਦੀਆਂ ਮਲਕੀਯਤਾਂ ਨੂੰ ਅਯੋਗ ਨਾ ਵਰਤਨ ਹੋਣ ਦੇਣ। ਪਰ ਸੰਗਤਾਂ ਦੀ ਢਿਲਾਈ ਅਤੇ ਪੰਥ ਦੀ ਬੇਪਰਵਾਹੀ ਨਾਲ ਇਨ੍ਹਾਂ ਪੰਥਕ ਅਸਥਾਨਾਂ ਦੇ ਬਹੁਤ ਸੇਵਕਾਂ ਨੇ ਸਖਸ਼ੀ ਮਾਲਕੀਆਂ ਸਮਝ ਲਈਆ ਹਨ ਅਤੇ ਸੰਗਤ ਦੀਆਂ ਦਾਤਾਂ ਨੂੰ ਕੇਵਲ ਆਪਣੀਆਂ ਮੰਨ ਮਾਨੀਆਂ ਕਾਰਵਾਈਆਂ ਵਿਚ ਤਬਾਹ ਕਰ ਰਹੇ ਹਨ। ਹੁਣ ਇਨ੍ਹਾਂ ਅਸਥਾਨਾਂ ਦੇ ਗ੍ਰੰਥੀਆਂ, ਮਹੰਤਾਂ ਅਤੇ ਮੈਨੇਜਰਾਂ ਦਾ ਆਧਾਰ ਪੰਥ ਦੇ ਹੱਥ ਹੈ। ਇਨ੍ਹਾਂ ਦਾ ਕੱਢਣਾ, ਲਾਣਾ ਇਨ੍ਹਾਂ ਲਈ ਗੁਜਾਰੇ ਦਾ ਪ੍ਰਬੰਧ ਕਰਨਾ ਯਾ ਸੋਧਕੇ ਫਿਰ ਉਨ੍ਹਾਂ ਨੂੰ ਹੀ ਸੇਵਾ ਦੇਣੀ ਸਾਰੇ ਪੰਥ ਦੀ ਮਰਜੀ ਉਪਰ ਹੈ। ਇਕੱਲੇ ਆਦਮੀ ਜਾਂ ਇਕੱਲੇ ਜਥੇ ਇਹ ਅਧਿਕਾਰ ਨਹੀਂ ਕਿ ਪ੍ਰਬੰਧ ਨੂੰ ਅਦਲ ਬਦਲ ਕਰ ਦੇਵੇ।

ਜਿਹਾ ਕਿ ਗੁਰਦੁਆਰਾ ਰਕਾਬ ਗੰਜ ਦਾ ਮਾਮਲਾ ਸੀ। ਹੁਣ ਢੱਠੀ ਹੋਈ ਕੰਧ ਦਾ ਪ੍ਰਬੰਧ ਸਾਰੇ ਪੰਥ ਦੀ ਮਰਜੀ ਨਾਲ ਹੋਣਾ ਚਾਹੀਦਾ ਸੀ ਪਰ ਜਦ ਚੀਫ਼ ਖਾਲਸਾ ਦੀਵਾਨ ਅਤੇ ਫਿਰ ਦਿੱਲੀ ਦੀਵਾਨ ਨੇ ਗ਼ਲਤੀ ਖਾਧੀ ਤਾਂ ਸਗੋਂ ਰੌਲਾ ਵਧਿਆ ਤੇ ਬੇ-ਰਸੀ ਹੋਈ।

ਬਾਬੇ ਦੀ ਬੇਰ ਦਾ ਮਾਮਲਾ ਭਾਈ ਅਮਰ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਬਹੁਤ ਉਤਮ ਰੀਤੀ ਨਾਲ ਨਜਿਠਿਆ ਹੈ ਪਹਿਲਾਂ ਗੰਡਾ ਸਿਹੁੰ ਪਤਤ ਤਨਖ਼ਾਹੀਆ ਬਣਾ ਕੇ ਗੁਰਦੁਆਰੇ ਵਿੱਚੋਂ ਵੜਨੋਂ ਰੋਕਿਆ ਗਿਆ ਜੋ ਕਿ ਸਥਾਨਕ ਸੰਗਤ ਦਾ ਅਤੀ ਜ਼ਰੂਰੀ ਫਰਜ਼ ਸੀ। ਫਿਰ ਆਮ ਸੰਗਤਾਂ ਨੂੰ ਸੱਦਾ ਦਿੱਤਾ ਗਿਆ। ਅਤੇ ਭਾਵੇ ਪੰਥ ਦਾ ਕਾਫੀ ਹਿੱਸਾ ਇਕੱਠਾ ਹੋਇਆ ਸੀ ਫਿਰ ਭੀ ਹਾਲਾਂ ਕੰਮ ਚਲਾਉ ਕਮੇਟੀ ਅਸਥਾਪਨ ਕੀਤੀ ਗਈ। ਗੋਯਾ ਸਾਰੇ ਪੰਥ ਨੂੰ ਅਧਿਕਾਰ ਹੈ ਕਿ ਕਮੇਟੀ ਵਿਚ ਅਦਲ ਬਦਲ ਕਰੇ ਅਤੇ ਪ੍ਰਬੰਧ ਹਦਾਇਤਾਂ ਕਰੇ।

ਪਰ ਹੈਰਾਨੀ ਹੈ ਕਿ ਜਿਸ ਸ਼ਖਸ਼ੀਖਰਾਬੀ ਨੇ ਅਗੇ ਇਤਨਾ ਰੌਲਾ ਪਵਾਇਆ, ਸਾਰੇ ਪੰਥ ਨੂੰ ਦੁਖਾਇਆ, ਸਰਕਾਰ ਨੂੰ ਵਖਤ ਪਾਇਆ ਮਹੰਤਨੀ ਜੀ ਫਿਰ ਆਪ ਹੀ ਇਕ ਨਵਾਂ ਸਰਬਰਾਹ ਚੁਕ ਬਣਾਏ ਹਨ। ਇਹ ਆਪ ਹੁਦਰੀ ਗੱਲ ਬਹੁਤ ਅਯੋਗ ਹੈ। ਅਤੇ ਨਾ ਹੀ ਕਿਸੇ ਸਿੱਖ ਨੂੰ ਇਕ ਆਦਮੀ ਦੇ ਬਣਾਇਆਂ ਸਬਰਰਾਹ ਬਣਨਾ ਚਾਹੀਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਈ ਆਦਮੀ ਭਲੇ ਲੋਕ ਹੁੰਦੇ ਹਨ। ਜਿਸ ਤਰ੍ਹਾਂ ਸ: ਸੁੰਦਰ ਸਿੰਘ ਜੀ ਰਾਮ ਗੜੀਏ ਦੀ ਲੋਕ ਵਡਿਆਈ ਕਰ ਰਹੇ। ਇਸ ਤਰ੍ਹਾਂ ਇਹ ਹੋ ਸਕਦਾ ਹੈ ਕਿ ਮਹੰਤਨੀ ਜਾ ਦੇ ਬਣਾਏ ਸਬਰਰਾਹ ਸ: ਸੋਹਣ ਸਿੰਘ ਜੀ ਵੀ ਨੇਕ ਅਤੇ ਪੰਥ ਪਿਆਰੇ ਹੋਣ ਪਰ ਇਸ ਅਸੂਲ ਨੇ ਕੱਲ ਨੂੰ ਫਿਰ ਅਰੂੜ ਸਿੰਘ ਅਤੇ ਗੰਡਾ ਸਿੰਘ ਵਰਗੇ ਕਾਰੇ ਵਿਖਾਣੇ ਹਨ। ਇਸ ਲਈ ਅਸੀਂ ਸਬਰਰਾਹ ਬਣਨ ਅਤੇ ਬਣਾਨ ਵਾਲਿਆਂ ਦੋਹਾਂ ਅਗੇ ਬੇਨਤੀ ਕਰਦੇ ਹਾਂ ਕਿ ਹੁਣ ਪੰਚਾਇਤੀ ਅਸੂਲਾਂ ਅਨੁਸਾਰ ਹੀ ਪੰਥ ਆਪ ਪ੍ਰਬੰਧ ਕਰੇਗਾ। ਇਸ ਤਰ੍ਹਾਂ ਦੇ ਪ੍ਰਬੰਧ ਨਾਲ ਹੀ ਸਦਾ ਲਈ ਖਰਾਬੀਆਂ ਅਤੇ ਝਗੜੀਆਂ ਦਾ ਖਾਤਮਾ ਹੋ ਸਕਦਾ ਹੈ।

ਇਕ ਗੱਲ ਹੋਰ ਹੈ ਜੋ ਮਹੰਤਾਂ ਅਤੇ ਗ੍ਰੰਥੀਆਂ ਨੂੰ ਬਾਹਲੀ ਦੁਖ ਦੇ ਰਹੀ ਹੈ ਉਹ ਇਹ ਸਮਝਦੇ ਹਨ ਕਿ ਪੰਥ ਉਨ੍ਹਾਂ ਨੂੰ ਧਕੇ ਮਾਰ ਕੇ ਬਾਹਰ ਕੱਢ ਰਿਹਾ ਹੈ ਅਤੇ ਉਨ੍ਹਾਂ ਦੇ ਨਿਰਬਾਹ ਦਾ ਕੋਈ ਫਿਕਰ ਨਹੀਂ ਹੋ ਰਿਹਾ। ਅਸੀਂ ਸਭ ਗ੍ਰੰਥੀਆਂ, ਮਹੰਤਾਂ ਅਤੇ ਪੁਜਰੀਆਂ ਨੂੰ ਤਸੱਲੀ ਦੇਂਦੇ ਹਾਂ ਕਿ ਪੰਥ ਗੁਰੂ ਰੂਪ ਹੈ, ਬਖਸ਼ਨ ਹਾਰ ਹੈ, ਪਾਲਨ ਹਾਰ ਹੈ ਐ ਵਿਛੜਿਆਂ ਨੂੰ ਗਲੇ ਲਾਉਣ ਵਾਲਾ ਹੈ, ਇਸ ਲਈ ਪੰਥ ਦਾ ਫਰਜ਼ ਹੈ ਕਿ ਤੁਹਾਡੇ ਨਿਰਬਾਹ ਦਾ ਪੂਰਾ-

ਪੂਰਾ ਪ੍ਰਬੰਧ ਕਰੇ ਅਤੇ ਤੁਹਾਥੋਂ ਪੰਥ ਸੇਵਾ ਲਵੇ। ਬਸ ਸਾਰਾ ਨਿਬੇੜਾ ਇਸੇ ਗੱਲ ਤੇ ਹੋ ਜਾਵੇਗਾ। ਕਿ ਤੁਸੀਂ ਪੰਥ ਨੂੰ ਤਸੱਲੀ ਕਰਾ ਦਿਉ ਕਿ ਅਗੋਂ ਲਈ ਤੁਸੀਂ ਪੰਥ ਦੇ ਸੱਚੇ ਸੇਵਾਦਾਰ ਹੋ ਕੇ ਰਹੋਗੇ ਅਤੇ ਆਪਣਾ ਤਨ, ਮਨ, ਧਨ ਸਭ ਪੰਥ ਦਾ ਹੀ ਸਮਝੋਗੇ ਫਿਰ ਸਭ ਕਾਰਜ ਰਾਸ ਹਨ।

ਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਛੇਤੀ ਹੀ ਪੰਥ ਦੀ ਪੂਰੀ ਜਥੇਬੰਦੀ ਹੋਣ ਦੀ ਆਸ ਲੱਗ ਰਹੀ ਹੈ ਜਿਸ ਵਿਚ ਪੰਥ ਦੇ ਹਰ ਇਕ ਹਿਸੇ ਨੂੰ ਸ਼ਾਮਲ ਕੀਤਾ ਜਾਵੇਗਾ ਫਿਰ ਸਭ ਗੁਰਧਾਮਾਂ ਅਤੇ ਗੁਰਅਸਥਾਨਾਂ ਦਾ ਯੋਗ ਪ੍ਰਬੰਧ ਵਿਚਾਰਕੇ ਨਜਿਠਿਆ ਜਾਵੇਗਾ।

ਅਸੀਂ ਅੰਤ ਵਿਚ ਸਭ ਪੰਥਕ ਅਸਥਾਨਾਂ ਦੇ ਸੇਵਕਾਂ ਅਗੇ ਬੇਨਤੀ ਕਰਦੇ ਹਾਂ ਕਿ ਤੁਸੀਂ ਸਖਸ਼ੀ ਮਾਲਕੀਆਂ ਦੇ ਦਾਵੇ ਛਡ ਦਿਓ ਅਤੇ ਗੁਰੂ ਦੀਆਂ ਸੰਗਤਾਂ ਅਗੇ ਪ੍ਰਾਰਥਨਾ ਹੈ ਕਿ ਸਥਾਨਕ ਗੁਰਧਾਮਾਂ ਦੇ ਪ੍ਰਬੰਧ ਚੰਗੀ ਤਰ੍ਹਾਂ ਕਰੇ ਅਤੇ ਵੱਡੇ ਪੰਥਕ ਗੁਰਧਾਮਾਂ ਤੇ ਅਸਥਾਨਾ ਦੇ ਸੁਧਾਰ ਦਾ ਪੂਰਾ ਪੂਰਾ ਧਿਆਨ ਰੱਖੇ ਤੇ ਸਾਰੇ ਪੰਥ ਦੀ ਸਲਾਹ ਨਾਲ ਨਵੇਂ ਪ੍ਰਬੰਧ ਲਈ ਵਿਚਾਰ ਕਰ ਕੇ ਕਾਰਜ ਕਰੇ।

ਖਾਲਸਾ ਕਾਲਜ ਅੰਮ੍ਰਿਤਸਰ ਟਪਲਾ ਨਾ ਖਾਣਾ

ਅੱਜ-ਕਲ੍ਹ ਆਪਣੇ ਦੇਸ਼ ਭਾਈਆਂ ਤੋਂ ਟਪਲਾ ਦੇ ਕੇ ਸਿੱਖਾਂ ਨੂੰ ਨਿਖੇੜਨ ਲਈ ਅਨੇਕ ਪ੍ਰਕਾਰ ਦੀਆਂ ਵਿੰਗੀਆਂ ਟੇਢੀਆਂ ਚਾਲਾਂ ਚਲੀਆਂ ਜਾ ਰਹੀਆਂ ਹਨ। ਉਨ੍ਹਾਂ ਵਿੱਚੋਂ ਇਕ ਇਹ ਵੀ ਹੈ ਕਿ ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿਚ ਦਿੱਤਾ ਗਿਆ ਹੈ। ਇਹ ਗੱਲ ਇਨਤੀ ਹੀ ਝੂਠੀ ਹੈ ਜਿਤਨੀ ਕਿ ਗਧੇ ਦੇ ਸਿਰ ਤੇ ਸਿੰਗ। ਖਾਲਸਾ ਕਾਲਜ ਦੇ ਪ੍ਰਬੰਧ ਵਿਚ ਨਾ ਕੋਈ ਅਦਲਾ ਬਦਲੀ ਹੋਈ ਹੈ ਅਤੇ ਨਾ ਹੀ ਹੋਣ ਵਾਲੀ ਹੈ। ਹਾਂ ਇਹ ਗੱਲ ਠੀਕ ਹੈ ਕਿ ਸਰਕਾਰ ਅੰਮ੍ਰਿਤਸਰ ਇਕ ਸਿੱਖ ਯੂਨੀਵਰਸਿਟੀ ਬਨਾਉਣ ਦੀਆਂ ਤਜਵੀਜਾਂ ਸੋਚ ਰਹੀ ਹੈ। ਉਹ ਯੂਨੀਵਰਸਿਟੀ ਕੀ ਅਤੇ ਕਦੋਂ ਹੋਵੇਗੀ, ਸਿੱਖਾਂ ਦਾ ਉਸ ਵਿਚ ਕੀ ਹੱਥ ਹੋਵੇਗਾ, ਗੌਵਰਮੈਂਟ ਆਪਣੇ ਪੰਜੇ ਕਿਵੇਂ ਫਸਾਏਗੀ ਇਤ ਆਦਕ ਹੋਰ ਕਈ ਜ਼ਰੂਰੀ ਗੱਲਾਂ ਦੀ ਬਾਬਤ ਵਾਹਿਗੁਰੂ ਹੀ ਜਾਣਦਾ ਹੈ। ਅੱਜ-ਕਲ੍ਹ ਇਸ ਚਰਚਾ ਨੂੰ ਛੇੜਨ ਦਾ ਮਤਲਬ ਸਿੱਖਾਂ ਨੂੰ ਕੌਮੀ ਏਕਤਾ ਵਿੱਚੋਂ ਫਸਲਾਉਣ ਦਾ ਜਾਪਦਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਿੱਖ ਤਾਂ ਆਖਦੇ ਹਨ ਕਿ ਸਾਨੂੰ ਕਾਲਜ ਦਿੱਤਾ ਜਾਵੇ। ਪਰ 'ਨੌਕਰ ਸ਼ਾਹੀ' ਕਾਲਜ ਦੀ ਬਾਬਤ ਤਾਂ ਚੁਪ ਹੈ ਅਤੇ ਯੂਨੀਵਰਸਟੀ ਦੇਣ ਦਾ ਐਲਾਨ ਕਰਨ ਨੂੰ ਬੜੀ ਕਾਹਲੀ ਪਈ ਹੋਈ ਹੈ। ਜੇ ਭਲਾ ਕਿਤੇ ਸਿੱਖ ਯੂਨੀਵਰਸਿਟੀ ਦਾ ਐਲਾਨ ਹੋ ਗਿਆ। ਜਿਹਾ ਕੁ ਆਸ਼ਾ ਹੈ ਤਾਂ ਖਾਲਸਾ ਜੀ ਕਿਤੇ ਭੁਲ ਨਾ ਜਣਾ। ਇਹ ਤਾਂ ਨੌਕਰ ਸ਼ਾਹੀ ਸਭ ਦੇ ਚਲਿੱਤਰ ਹਨ। ਹਣੁ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਰੰਗ ਬਰੰਗੀਆਂ ਚਾਲਾਂ ਨੂੰ ਸਮਝੀਏ ਕਾਲਜ ਵਾਲੀ ਗੱਲ ਤਾਂ ਸੋਲਾਂ ਆਨੇ ਝੂਠ ਸਮਝੋ। ਯੂਨੀਵਰਸਿਟੀ ਦੀ ਬਾਬਤ ਅਸਲ ਵਿਚ ਇਹ ਗੱਲ ਹੈ ਕਿ ਅੱਜ-ਕਲ੍ਹ ਦੀ ਪੜ੍ਹਾਈ ਦੀ ਨਵੀਂ ਸਕੀਮ ਅਨੁਸਾਰ ਸਾਰੇ ਅਵੱਲ ਦਰਜ਼ ਦੇ ਕਾਲਜ ਲਾਹੌਰ ਵਿਚ ਹੋਣੇ ਚਾਹੀਦੇ ਹਨ। ਕਿਉਂਕਿ ਸਾਰੇ ਬਾਹਰ ਦੇ ਕਾਲਜਾਂ ਵਿਚ ਘਟੀਆਂ ਮੇਲ ਦੀ ਪੜ੍ਹਾਈ ਰਹਿ ਜਾਏਗੀ। ਖ਼ਾਸ ਕਰ ਬੀ. ਏ. ਐ. ਏ. ਬੀ. ਐਸ. ਸੀ. ਦੀਆਂ ਜਮਾਤਾਂ ਨੂੰ ਬਹੁਤ ਹੀ ਘਾਟਾ। ਕੋਈ ਲਾਇਕ ਮੁੰਡਾ ਲਾਹੌਰੋਂ ਬਾਹਰ ਨਹੀਂ ਜਾਏਗਾ।

ਅਕਾਲੀ ਲਾਹੌਰ, ੨੧ ਅਕਤੂਬਰ ੧੯੨੦

ਖਾਲਸਾ ਕਾਲਜ ਅੰਮ੍ਰਿਤਸਰ

ਇਸ ਲਈ ਜਾਂ ਤਾਂ ਕਾਲਜ ਨੂੰ ਤੋੜ ਕੇ ਦੂਜੇ ਦਰਜੇ ਦਾ ਬਨਾਇਆ ਜਾਵੇ ਅਤੇ ਜਾਂ ਉਥੇ ਯੂਨੀਵਰਸਿਟੀ ਬਣਾਈ ਜਾਵੇ। ਚੁਨਾਚਿ ਸਬੰਧਤ ਸੂਬਿਆਂ ਵਿਚ ਅਲੀਗੜ ਲਖਨਉ ਆਦਿਕ ਸਭਾ ਥਾਈਂ ਯੂਨੀਵਰਸਿਟੀਆਂ ਬਣ ਗਈਆਂ ਹਨ। ਜੇ ਅਵਲ ਦਰਜ਼ੇ ਦਾ ਕਾਲਜ ਰੱਖਣਾ ਹੋਵੇ ਤਾਂ ਅੰਮ੍ਰਿਤਸਰ ਵਿਚ ਯੂਨੀਵਰਸਿਟੀ ਦਾ ਹੋਣਾ ਵੀ ਜ਼ਰੂਰੀ ਹੈ। ਜਦੋਂ ਹਾਲਤ ਇਹ ਹੈ ਤਾਂ ਫੇਰ ਸਿੱਖਾਂ ਦੇ ਸਿਰ ਤੇ ਐਵੇਂ ਮੁਫਤ ਦੇ ਏਹਸਾਨ ਦੀ ਪੰਡ ਸੁਟਣ ਦੇ ਕੀ ਅਰਥ ਹਨ। ਹਾਂ ਜੇ ਕਾਲਜ ਦਿੱਤਾ ਜਾਂਦਾ ਤਾਂ ਕੋਈ ਗੱਲ ਸੀ।

ਨੌਕਰਸ਼ਾਹੀ ਦੀ ਇਸ ਗੱਲ ਤੇ ਸਾਨੂੰ ਅਫ਼ਸੋਸ ਵੀ ਆਉਂਦਾ ਹੈ ਤੇ ਕਦੇ-ਕਦੇ ਹਾਸਾ ਨਿਕਲ ਜਾਂਦਾ ਹੈ ਕਿ ਖਾਲਸਾ ਜੀ ਨਾਲ ਤਾਂ ਠੀਕ ਉਸ ਬੁਢੀ ਮਰਾਸਣ ਵਾਲੀ ਗੱਲ ਹੋਈ ਹੈ ਜਿਸ ਦਾ ਇਕਲੌਂਤਾ ਲੜਕਾ ਕੋਈ ਚੋਰ ਚੁਰਾ ਕੇ ਲੈ ਗਿਆ ਸੀ। ਕਈ ਸਾਲਾਂ ਪਿੱਛੋਂ ਵਿਚਾਰੀ ਨੂੰ ਪਤਾ ਲਗਾ ਤਾਂ ਉਸ ਚੋਰ ਕੋਲ ਗਈ ਅਤੇ ਲੱਗੀ ਰੋਣ ਪਿਟਣ। ਪਹਿਲਾਂ ਤਾਂ ਉਸ ਚੋਰ ਨੇ ਕੋਈ ਪ੍ਰਵਾਹ ਨਾ ਕੀਤੀ ਪਰ ਜਦੋਂ ਰੌਲਾ ਵਧਦਾ ਵੇਖਿਆ ਤਾਂ ਫੇਰ ਝਟ-ਪਟ ਆ ਪਲੋਸਨ ਲੱਗਾ ਕਿ ਮਾਈ ਜੀ ਤੁਸੀਂ ਅੰਨ ਪਾਣੀ ਛਕੋ ਆਰਾਮ ਕਰੋ ਲੜਕਾ ਤੁਹਾਨੂੰ ਮਿਲ ਜਾਏਗਾ ਪਰ ਮੈਂ ਉਸ ਦਾ ਚੰਦ ਚੜੇ ਤੋਂ ਵਿਆਹ ਕਰ ਕੇ ਦੇਵਾਂਗਾ ਮਾਈ ਨੇ ਨਿਰਾਸ਼ ਹੋ ਕੇ ਆਖਿਆ ਵੇ ਵੀਰਾ! ਮੀਹਾਂ ਦੇ ਵਰਨੇ, ਚੰਦਾਂ ਦੇ ਚੜਨੇ, ਚੜ੍ਹਨ ਰੜ੍ਹਨ, ਨਾ ਚੜ੍ਹਨ, ਨਾ ਹੀ ਰੜ੍ਹਨ। ਮੇਰਾ ਪੁਤ ਮੈਨੂੰ ਦੇ ਦੇ ਮੈਂ ਆਪੇ ਵਿਆਹ ਲਵਾਂਗੀ। ਪਰ ਉਸ ਨੇ ਨਾ ਮੰਨੀ ਅਤੇ ਮਾਈ ਵਿਚਾਰੀ ਰੋਂਦੀ ਕੁਰਲਾਂਦੀ ਚਲੀ ਗਈ।

ਭਲਾ ਜੇ ਮੰਨ ਵੀ ਲਈਏ ਕਿ ਸਰਕਾਰ ਠੀਕ ਹੀ ਯੂਨੀਵਰਸਿਟੀ ਦਾ ਐਲਾਨ ਕਰ ਦੇਵੇਗੀ ਤਾਂ ਵੀ ਹਿੰਦੀਆਂ ਨੂੰ ਅਤੇ ਖ਼ਾਸ ਕਰ ਕੇ ਸਿੱਖਾਂ ਨੂੰ ਪਤਾ ਹੀ ਹੈ ਕਿ ਇਨ੍ਹਾਂ ਲਾਰਿਆਂ ਲਪਿਆਂ ਦਾ ਕੀ ਮਤਲਬ ਅਤੇ ਮੂਲ ਹੈ।

ਸੈਂਟ੍ਰਲ ਸਿੱਖ ਲੀਗ ਦਾ ਦੂਜਾ ਸਾਲਾਨਾ ਜਲਸਾ

ਸੈਂਟ੍ਰਲ ਸਿੱਖ ਲੀਗ ਦੇ ਦੂਜੇ ਸਲਾਨੇ ਜਲਸੇ ਦੇ ਦਿਨ ਸਿੱਖ ਇਤਿਹਾਸ ਵਿਚ ਬੜਾ ਜ਼ਰੂਰੀ ਅਤੇ ਕੌਮੀ ਜੀਵਨ ਨੂੰ ਪਲਟਾ ਦੇਣ ਵਾਲਾ ਦਿਨ ਹੈ। ਅੱਜ ਤਾਈਂ ਅਸੀਂ ਰਾਜਸੀ ਕੰਮਾਂ ਤੋਂ ਦੂਰ ਦੂਰ ਹੀ ਭਜਦੇ ਰਹੇ ਹਾਂ ਅਤੇ ਜਦੋਂ ਕਦੇ ਵੱਡੇ-ਵੱਡੇ ਕੌਮੀ ਸਵਾਲ ਉਠਦੇ ਰਹੇ ਹਨ ਸਿੱਖਾਂ ਨੇ ਸਮੁਚੇ ਤੌਰ ਤੇ ਆਪਣੀ ਰਾਇ ਪ੍ਰਗਟ ਨਹੀਂ ਕੀਤੀ। ਪਰ ਪਿਛਲੇ ਚਾਰ ਪੰਜ ਮਹੀਨਿਆਂ ਵਿਚ ਸਿੱਖ ਵਿਚ ਜੋ ਜਾਗ੍ਰਤ ਆਈ ਹੈ ਉਸ ਤੋਂ ਕੁਝ ਆਸ ਲੱਗ ਗਈ ਹੈ ਕਿ ਸਿੱਖ ਕੌਮ ਆਪਣੇ ਆਦਰਸ਼ ਨੂੰ ਭੁਲ ਨਹੀਂ ਗਈ। ਸਿੱਖਾਂ ਦੀ ਤਵਾਰੀਖ਼ ਵਿਚ ਇਹ ਪਹਿਲਾਂ ਦਿਨ ਹੈ ਜਦੋਂ ਕਿ ਸਾਰੇ ਪੰਥ ਨੇ ਰਲ ਮਿਲ ਵਿਚਾਰ ਕਰ ਕੇ ਫ਼ੈਸਲਾ ਕਰਨਾ ਹੈ। ਨਾਲੇ ਸਾਡੇ ਦੇਸ਼ ਵੀ ਹਾਲਤ ਵੀ ਬਹੁਤ ਨਾਜ਼ੁਕ ਹੈ। ਬਹੁਤ ਵਾਰੀ ਦੇਖਿਆ ਗਿਆ ਹੈ ਕਿ ਵੱਡੇ-ਵੱਡੇ ਜ਼ਰੂਰੀ ਗੁਰਮਤਿਆਂ (ਜਿਨਾਂ ਤੇ ਕਿ ਕੌਮਾਂ ਦੀ ਜ਼ਿੰਦਗੀ ਤੇ ਮੌਤ ਦਾ ਸਵਾਲ ਨਿਰਭਰ ਹੁੰਦਾ ਹੈ) ਦੀ ਕਿਸਮਤ ਦਾ ਫ਼ੈਸਲਾ ਇਕ ਦੋ ਰਾਵਾਂ ਤੇ ਹੀ ਹੁੰਦਾ ਹੈ। ਇਸ ਲਈ ਪ੍ਰਗਟ ਹੈ ਕਿ ਹਰ ਇਕ ਡੈਲੀਗੇਟ ਦੀ ਕਿਤਨੀ ਕੁ ਜ਼ਿੰਮੇਵਾਰੀ ਹੈ। ਆਸ਼ਾ ਹੈ ਕਿ ਇਸ ਵੇਲੇ ਹਰ ਇਕ ਸੱਜਣ ਨਹਾਇਤ ਹੀ ਗੰਭੀਰਤਾ ਨਾਲ, ਠੰਡੇ ਦਿਲ ਨਾਲ, ਧੀਰਜ ਨਾਲ, ਵਿਚਾਰ ਕਰ ਕੇ ਸਚਾਈ ਤੇ ਧਰਮ ਨੂੰ ਮੁਖ ਰੱਖਦਾ ਹੋਇਆ ਫ਼ੈਸਲਾ ਕਰੇਗਾ। ਕਿਉਂਕਿ ਇਹ ਅਜਿਹੇ ਗੁਰਮਤੇ ਨਹੀਂ ਹੋਣਗੇ ਜਿਨਾਂ ਨੂੰ ਪਾਸ ਕਰ ਕੇ ਅਸੀਂ ਘਰੋ ਘਰੀ ਚਲੇ ਜਾਣਾ ਹੈ ਅਤੇ ਕੰਨ ਵਚਿ ਉਂਗਲੀ ਦੇ ਕੇ ਸੌਂ ਰਹਿਣਾ ਹੈ। ਹਰ ਇਕ ਗੁਰਮਤੇ ਦੇ ਅੱਖਰ ਅੱਖਰ ਤੇ ਚਲਣਾ ਹੈ ਅਤੇ ਬੜੀਆਂ ਕੁਰਬਾਨੀਆਂ ਕਰਨੀਆਂ ਪੈਹਣਗੀਆਂ। ਅਸੀਂ ਚਾਹੁੰਦੇ ਹਾਂ ਕਿ ਹਰ ਇਕ ਸਿੱਖ ਇਸ ਵੇਲੇ ਸਿੱਖ ਕੌਮ ਨੂੰ ਫਰਜ਼ ਨੂੰ ਚੰਗੀ ਤਰ੍ਹਾਂ ਸਮਝੇ।

ਦੂਜੀ ਗੱਲ ਜਿਹੜੀ ਬਹੁਤ ਹੀ ਜ਼ਰੂਰੀ ਹੈ ਉਹ ਇਹ ਹੈ ਕਿ ਜਿਹੜੇ ਸੱਜਣਾਂ ਦੇ ਖ਼ਿਆਲ ਸਾਡੇ ਨਾਲ ਨਹੀਂ ਮਿਲਦੇ ਉਨ੍ਹਾਂ ਦੀਆਂ ਦਲੀਲਾਂ ਨੂੰ ਵੀ ਚੁਪ ਚਾਪ ਸ਼ਾਂਤੀ ਅਤੇ ਧੀਰਜ ਨਾਲ, ਸੁਣੀਏ। ਕਿਉਂਕਿ ਕਿਸੇ ਸਵਾਲ ਤੇ ਉਤਨਾ ਚਿਰ ਠੀਕ ਠੀਕ ਵਿਚਾਰ ਨਹੀਂ ਹੋ ਸਕਦੀ ਜਿਤਨਾ ਚਿਰ ਕਿ ਉਸ ਦੇ ਸਾਰਿਆਂ ਪਾਸਿਆਂ ਵੱਲ ਚੰਗੀ ਤਰ੍ਹਾਂ ਧਿਆਨ ਨਾ ਮਾਰਿਆ ਜਾਵੇ। ਸਾਨੂੰ ਆਸ਼ਾ ਹੈ ਕਿ ਖਾਲਸਾ ਜੀ ਹਰ ਇਕ ਕੰਮ ਇਸ ਖੂਬੀ ਨਾਲ ਅਤੇ ਯੁਕਤੀ ਪੂਰਬਕ ਕਰੇਗਾ ਜੋ ਕਿ ਖਾਲਸਾ ਜੀ ਦੀ ਸ਼ਾਨ ਨੂੰ ਫਬਦਾ ਹੈ। ਦੂਜੀਆਂ ਕੌਮਾਂ ਦੇ ਵੱਡੇ-ਵੱਡੇ ਆਗੂ ਕਿਤੇ ਇਹ ਖ਼ਿਆਲ ਲੈ ਕੇ ਨਾ ਚਲੇ ਜਾਣ ਕਿ ਸਿੱਖ ਇਕ ਭੜਕੀਲੀ ਕੌਮ ਹੈ। ਕੌਮੀ ਜ਼ੋਸ਼ ਚੰਗੀ ਗੱਲ ਹੈ, ਪਰ ਹਰ ਇਕ ਵਸਤੂ ਸਮੇਂ-ਸਮੇਂ ਸਿਰ ਸੋਂਹਦੀ ਹੈ। ਇਥੇ ਅਸੀਂ ਰਲ ਮਿਲ ਵਿਚਾਰ ਕਰਨਾ ਹੈ। ਇਸ ਲਈ ਜ਼ਰੂਰੀ ਹੈ ਕਿ ਹਰ ਇਕ ਸੱਜਣ ਦੀ ਗੱਲ ਚੰਗੀ ਤਰ੍ਹਾਂ ਸ਼ਾਂਤੀ ਨਾਲ ਸੁਣੀ ਜਾਵੇ।

ਇਸ ਵੇਲੇ ਡੈਲੀਗੇਟਾਂ ਦੇ ਸਾਹਮਣੇ ਵੱਡੇ ਵੱਡੇ ਚਾਰ ਸਵਾਲ ਵਿਚਾਰ ਗੋਚਰੇ ਹਨ। ਭਾਵੇ ਸਾਰਿਆਂ ਸਵਾਲਾਂ ਤੇ ਲੀਗ ਦੀ ਇਕਤਰਤਾ ਵਿਚ ਵਿਚਾਰ ਨਾ ਹੋ ਸਕੇ ਪਰ ਕਿਤੇ ਨਾ ਕਿਤੇ ਉਨ੍ਹਾਂ ਤੇ ਪੰਥ ਨੇ ਵਿਚਾਰ ਜ਼ਰੂਰ ਕਰਨੀ ਹੈ। (੧) ਨਾ-ਮਿਲਵਰਤਨ (੨) ਰਾਜਸੀ ਕੈਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਹਾਇਤਾ (੩) ਗੁਰਦੁਆਰੇ (੪) ਜਥੇਬੰਦੀ।

ਨਾ ਮਿਲਵਰਤਨ ਸਬੰਧੀ ਅਸੀਂ ਕੁਝ ਨਾ ਕੁਝ ਵਿਚਾਰ ਕਰਦੇ ਰਹੇ ਹਾਂ। ਅਸੀਂ ਵੇਖ ਲਿਆ ਹੈ ਕਿ ਸਵਰਾਜ

ਪ੍ਰਾਪਤ ਕਰਨ ਲਈ ਨਾ ਮਿਲਵਰਤਨ ਨਾ ਕੇਵਲ ਇਕ ਹੀ ਸਾਧਨ ਹੈ ਸਗੋਂ ਇਹੋ ਹੀ ਅੰਤਲਾ ਸਮਾਂ ਹੈ। ਕਈ ਸੱਜਣ ਆਖਦੇ ਹਨ ਕਿ ਜੇ ਸਿੱਖ ਮਜ਼ਹਬੀ ਸੇਵਾ ਵਿਚ ਹਿੰਦੂ ਮੁਸਲਮਾਨਾਂ ਨਾਲ ਮਿਲ ਗਏ ਤਾਂ ਉਨ੍ਹਾਂ ਦੀ ਆਪਣੀ ਹਸਤੀ ਨਹੀਂ ਰਹੇਗੀ। ਸਾਡੀ ਸਮਝ ਵਿਚ ਨਹੀਂ ਆਉਂਦਾ ਕਿ ਦੇਸ਼ ਦੀ ਸੇਵਾ ਕਰਦੇ ਹੋਏ, ਅਸੀਂ ਆਪਣੀ ਕੌਮੀ ਹਸਤੀ ਕਿਵੇਂ ਗਵਾ ਲਵਾਂਗੇ।

ਅਸੀਂ ਹਿੰਦੂ ਮੁਸਲਮਾਨਾਂ ਨਾਲ ਭਾਈਆਂ ਵਾਂਗੂ ਮਿਲ ਕੇ ਕੰਮ ਕਰਨਾ ਹੈ ਕੋਈ ਉਨ੍ਹਾਂ ਦੇ ਪਿੱਛੇ ਨਹੀਂ ਲਗਣਾ ਜੇ ਕਿਤੇ ਸਿੱਖ ਹੁਣ ਵੀ ਵੇਲਾ ਨਾ ਸੰਭਾਲੇ ਅਤੇ ਰਾਜਸੀ ਕੰਮਾਂ ਵੱਲੋਂ ਢਿਲੇ ਰਹੇ ਤਾਂ ਯਾਦ ਰੱਖੋ ਸਿੱਖ ਕੌਮ ਕਦੇ ਜੀਉਂਦੀ ਰਹਿ ਹੀ ਨਹੀਂ ਸਕਦੀ ਕਿਉਂਕਿ ਜੇ ਅਸੀਂ ਹੁਣ ਵਖਰੇ ਰਹੇ, ਨਹੀਂ ਸਗੋਂ ਦੇਸ਼ ਦੇ ਉਲਟ ਰਹੇ ਤਾਂ ਕਲ੍ਹ ਨੂੰ ਜਦੋਂ ਸਵਰਾਜ ਮਿਲ ਗਿਆ ਤਾਂ ਸਾਡੀ ਕੀ ਹਾਲਤ ਹੋਵੇਗੀ ਸਾਰੀਆਂ ਕੌਮਾਂ ਸਾਨੂੰ ਕੌਮ ਘਾਤਕ ਅਤੇ ਦੇਸ਼ ਦੇ ਵੈਰੀ ਕਹਿਣਗੀਆਂ ਅਤੇ ਥਾਂ-ਥਾਂ ਘ੍ਰਿਣਾ ਦੀ ਨਜ਼ਰ ਨਾਲ ਦੇਖੇ ਜਾਵਾਂਗੇ। ਧਰਮ, ਈਮਾਨ, ਅਤੇ ਸਚਾਈ ਵੀ ਕੋਈ ਚੀਜ਼ ਹੈ ਅਸੀਂ ਤਾਂ ਏਥੋਂ ਤਕ ਆਖਦੇ ਹਾਂ ਕਿ ਜੇਕਰ ਹਿੰਦੂ ਮੁਸਲਮਾਨ ਵੀ ਢਿਲੇ ਪੈ ਜਾਣ ਤਾਂ ਵੀ ਸਿੱਖਾਂ ਦਾ ਧਰਮ ਹੈ ਕਿ ਦੁਖੀ ਦੇਸ਼ ਦੀ ਮਦਦ ਕਰਨ। ਕੀ ਜ਼ਾਲਮਾਂ ਦੇ ਹੱਥੋਂ ਕਈ ਸੌ ਹਿੰਦੂ ਕੰਨਿਆ ਛੁਡਾ ਦੇਣਾ ਸਿੱਖਾਂ ਦੀ ਹਸਤੀ ਮਿਟਾ ਦੇਣ ਵਾਲੀ ਗੱਲ ਸੀ ? ਕੀ ਗੁਰੂ ਤੇਗ਼ ਬਹਾਦਰ ਜੀ ਦਾ ਦਿੱਲੀ ਵਿਚ ਹਿੰਦੂਆਂ ਲਈ ਸੀਸ ਦੇਣਾ ਸਿੱਖਾਂ ਦੀ ਹਸਤੀ ਮਿਟਾ ਦੇਣ ਵਾਲੀ ਗੱਲ ਸੀ ? ਨਹੀਂ ਨਹੀਂ! ਖਾਲਸਾ ਤਾਂ ਪੈਦਾ ਹੀ ਧਰਮ ਦੀ ਰੱਖਿਆ ਲਈ ਹੋਇਆ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦਾ ਅੰਮ੍ਰਿਤ ਛਕਿਆ ਹੈ ਉਸ ਦਾ ਸੀਸ ਕੌਮ ਦਾ ਹੈ ਉਸ ਦਾ ਸਾਰਾ ਜੀਵਨ ਕੌਮੀ ਸੇਵਾ ਲਈ ਖਰਚ ਹੋਣਾ ਚਾਹੀਦਾ ਹੈ।

ਸਾਨੂੰ ਆਸ਼ਾ ਹੈ ਕਿ ਸਿੱਖ ਸਾਰਿਆਂ ਲਾਲਚਾਂ ਤੋਂ ਸਾਰਿਆਂ ਟਪਲਿਆਂ ਤੋਂ ਬਚ ਕੇ ਸਿਖੀ ਅਸੂਲਾਂ ਨੂੰ ਮੁਖ ਰੱਖ ਕੇ ਫ਼ੈਸਲਾ ਕਰਨਗੇ ਅਤੇ ਕੌਮ ਦੀ ਬੇੜੀ ਨੂੰ ਡੂੰਗੇ ਤੇ ਠਾਠਾਂ ਮਾਰਦੇ ਸਮੁੰਦਰ ਵਿੱਚੋਂ ਦੀ ਹੌਂਸਲੇ ਨਾਲ ਲੰਘਾਣਗੇ ਭਾਵੇਂ ਅਜੇ ਕਿਨਾਰਾ ਨਜ਼ਰ ਨਹੀਂ ਆਉਂਦਾ ਪਰ ਹੌਸਲਾ ਹਾਰਨਾ ਮਰਦਾਂ ਦਾ ਕੰਮ ਨਹੀਂ ਅਸੀਂ ਸੱਚੇ ਦਿਲ ਨਾਲ ਅਰਦਾਸ ਕਰਦੇ ਹਾਂ ਕਿ ਇਸ ਇਮਤਿਹਾਨ ਦੇ ਵੇਲੇ ਕਲਗੀਆਂ ਵਾਲਾ ਆਪਣੇ ਸਾਜੇ ਨਿਵਾਜੇ ਪੰਥ ਦੇ ਅੰਗ ਸੰਗ ਸਹਾਈ ਹੋਵੇਗਾ।

ਝਟਕਾ ਤੇ ਕੁੱਠਾ

ਕੁਝ ਅਖ਼ਬਾਰਾਂ ਵਿਚ ਖੁਸ਼ਾਲ ਪੁਰ ਦੇ ਦੀਵਾਨ ਸਬੰਧੀ ਇਹ ਵੀ ਛਪਿਆ ਹੈ ਕਿ ਉਥੇ ਸਿੱਖਾਂ ਨੇ ਮੁਸਲਮਾਨਾਂ ਦੇ ਦਿਲ ਦੁਖਣ ਦਾ ਖ਼ਿਆਲ ਕਰ ਕੇ ਝਟਕੇ ਦੀ ਦੁਕਾਨ ਬੰਦ ਕਰਾ ਦਿੱਤੀ ਸੀ। ਇਸ ਖ਼ਬਰ ਨੇ ਸਿੱਖ ਹਿਰਦੇ ਉੱਤੇ ਡਾਢੀ ਚੋਟ ਲਾਈ ਹੈ। ਸਾਡੇ ਭਾਈ ਰਾਮ ਸਿੰਘ ਜੀ ਧਾਰੋ ਵਾਲੀਏ ਨੇ ਦੱਸਿਆ ਹੈ ਕਿ ਉਥੇ ਝਟਕੇ ਅਤੇ ਕੁਠੇ ਦੀਆਂ ਦੁਕਾਨਾਂ ਸਨ ਅਤੇ ਸਾਂਝਾ ਜਲਸਾ ਹੋਣ ਕਰਕੇ ਫ਼ੈਸਲਾ ਕੀਤਾ ਗਿਆ ਕਿ ਜਿਥੇ ਅਜਿਹੇ ਸਾਂਝੇ ਜਲਸੇ ਹੋਣ ਉਥੇ ਝਟਕਾ ਅਤੇ ਕੁਠਾ ਦੋਵੇ ਬੰਦ ਰਹਿਣ ਅਤੇ ਨਾਲ ਹੀ ਤੰਮਾਕੂ ਤੇ ਸਿਗਰਟਾਂ ਦੀਆਂ ਦੁਕਾਨਾਂ ਵੀ ਨਾ ਹੋਣ।

ਹੋ ਸਕਦਾ ਹੈ ਕਿ ਇਹ ਤਜਵੀਜ਼ ਕੌਮੀ ਮਿਲਾਪ ਨੂੰ ਪਕਾ ਰੱਖਣ ਦੇ ਖਿਆਲ ਨਾਲ ਕੀਤੀ ਗਈ ਹੋਵੇ ਪਰ ਸਾਡੀ ਰਾਇ ਵਿਚ ਇਹੋ ਜਿਹੀਆਂ ਤਜਵੀਜ਼ਾ ਹੀ ਕੌਮੀ ਮਿਲਾਪ ਨੂੰ ਸਟ ਮਾਰਨ ਵਾਲੀਆਂ ਹਨ। ਰੇਤ ਦੀਆਂ ਕੰਧਾਂ ਤੇ ਉਸਾਰੀ ਨਹੀਂ ਹੋ ਸਕਦੀ, ਕਚੀਆਂ ਗੱਲਾਂ ਨਾਲ ਮੇਲ ਮਿਲਾਪ ਹੋਣਾ ਅਸੰਭਵ ਹੈ ਕੌਮੀ ਮਿਲਾਪ ਦੀ ਨੀਂਹ ਸਚਾਈ ਤੇ ਹੋਣੀ ਚਾਹੀਦੀ ਹੈ।

ਜੇ ਉਥੇ ਝਟਕੇ ਨਾਲ ਮੁਸਲਮਾਨਾਂ ਦੇ ਦਿਲ ਦੁਖਣ ਦਾ ਖ਼ਿਆਲ ਕਰ ਕੇ ਅਤੇ ਕੁਠੇ ਨਾਲ ਸਿੱਖਾਂ ਦਾ ਦਿਲ ਦੁਖਣ ਦਾ ਖ਼ਿਆਲ ਕਰ ਕੇ ਦੋਵੇਂ ਦੁਕਾਨਾਂ ਬੰਦ ਕੀਤੀਆਂ ਗਈਆਂ ਹਨ ਤਾਂ ਉਥੇ ਕੇਵਲ ਇਹ ਹੀ ਗ਼ਲਤੀ ਨਹੀਂ ਹੋਈ ਕਿ ਮੁਸਲਮਾਨਾਂ ਦਾ ਝਟਕੇ ਨਾਲ ਝੂਠਾ ਦਿਲ ਦੁਖਣਾ ਮੰਨਿਆਂ ਗਿਆ ਹੈ ਬਲਕਿ ਸਿੱਖਾਂ ਨੂੰ ਕੁਠੇ ਨ ਨਾਲ ਦੁਖ ਮੰਨਣਾ ਸਿਖਾਇਆ ਗਿਆ ਹੈ। ਇਸ ਦੇ ਫਲ ਦੋ ਹੀ ਹੋ ਸਕਦੇ ਹਨ ਜਾਂ ਤਾਂ ਸਿੱਖ ਜਾਂ ਮੁਸਲਮਾਨ ਮਾਸ ਖਾਣਾ ਉਕਾ ਹੀ ਛਡ ਦੇਣ ਤੇ ਜਾਂ ਅਗੇ ਨਾਲੋਂ ਵਧੇਰੇ ਝਗੜੇ ਖੜੇ ਹੋਣ। ਕਿਉਂ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਹਰ ਥਾਂ ਝਟਕਾ ਅਤੇ ਹਲਾਲ ਹੁੰਦਾ ਹੈ। ਸਿੱਖ ਹਲਾਲ ਕਰਨ ਤੋਂ ਦੁਖੀ ਹੋ ਕੇ ਬੰਦ ਕਰਾਉਣ ਦੇ ਮਗਰ ਪੈਣਗੇ ਅਤੇ ਮੁਸਲਮਾਨ ਝਟਕੇ ਮਗਰ। ਗੋਯਾ ਜਿਸ ਤਰ੍ਹਾਂ ਗਊ ਮਾਰਨ ਨਾਲ ਹਿੰਦੂ ਲੜ ਮਰਦੇ ਹਨ ਇਸੇ ਤਰ੍ਹਾਂ ਸਿੱਖ ਤੇ ਮੁਸਲਮਾਨ ਝਟਕੇ

ਹਲਾਲ ਤੇ ਲੜ ਮਰਿਆ ਕਰਨਗੇ ਅਤੇ ਅੰਤ ਨੂੰ ਜੇ ਮਿਲਾਪ ਜ਼ਰੂਰੀ ਸਮਝਿਆ ਗਿਆ ਤਾਂ ਜਿਸ ਤਰ੍ਹਾਂ ਹੁਣ ਮੁਸਲਮਾਨ ਹਿੰਦੂਆਂ ਦੀ ਖ਼ਾਤਰ ਗਊ ਮਾਰਨੀ ਛਡ ਰਹੇ ਹਨ ਇਸੇ ਤਰ੍ਹਾਂ ਝਟਕਾ ਹਲਾਲ ਛਡਨਾ ਪਵੇਗਾ ਅਤੇ ਇਹ ਗੱਲ ਉਕੀ ਅਸੰਭਵ ਹੈ। ਇਸ ਲਈ ਮੇਲ ਮਿਲਾਪ ਟੁਟੇਗਾ ਤੇ ਝਗੜੇ ਫਸਾਦ ਵਧਣਗੇ।

ਸਾਡੇ ਖ਼ਿਆਲ ਵਿਚ ਤਾਂ ਹਿੰਦੂਆਂ ਦੇ ਦਿਲ ਦੁਖਣ ਦਾ ਖ਼ਿਆਲ ਕਰ ਕੇ ਮੁਸਲਮਾਨਾਂ ਦਾ ਗਊ ਘਾਤ ਛਡਨਾ ਵੀ ਕੱਚੀਆਂ ਸੁਲਾਹ ਸਫ਼ਾਈਆਂ ਹਨ। ਗਊ ਰੱਖਿਆ ਕਰਨੀ ਜ਼ਰੂਰੀ ਹੈ ਪਰ ਇਸ ਖ਼ਿਆਲ ਨਾਲ ਕਿ ਇਹ ਇਕ ਬੜਾ ਲਾਭਦਾਇਕ ਪਸ਼ੂ ਹੈ। ਇਸ ਦੀ ਰਖਿਆ ਨਾਲ ਦੇਸ਼ ਖੁਸ਼ਹਾਲ ਹੋਵੇਗਾ, ਹਿੰਦੂਆਂ ਦੀ ਦਿਲ ਰੱਖਣੀ ਲਈ ਗਊ ਰਖਿਆ ਦਾ ਅਸੂਲ ਨਹੀਂ ਨਿਭੇਗਾ ਅਤੇ ਇਸ ਦੇ ਘਾਤ ਕਰਨ ਦਾ ਕੋਈ ਬਹਾਨਾ ਪੈਦਾ ਹੋ ਜਾਵੇਗਾ।

ਅਸੀਂ ਮੁਲਕ ਅਤੇ ਕੌਮ ਦੇ ਦਰਦੀ ਲੀਡਰਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਉਹੋ ਲੋਕਾਂ ਦੇ ਦਿਲਾਂ ਵਿੱਚੋਂ ਪਖ ਪਾਤ ਤੇ ਝੂਠੇ ਵਹਿਮ ਕੱਢ ਦੇਣ। ਕਖਾਂ ਨਾਲ ਅੱਗ ਢਕ ਕੇ ਨਹੀਂ ਬੁਝਾਈ ਜਾ ਸਕਦੀ। ਦਿਲਾਂ ਵਿੱਚੋਂ ਤਅਸਬ ਕਢੇ ਬਿਨਾਂ ਮੇਲ ਮਿਲਾਪ ਨਹੀਂ ਹੋ ਸਕਦਾ, ਕੀ ਜੇ ਕਲ੍ਹ ਨੂੰ ਮੁਸਲਮਾਨ ਇਹ ਆਖਣ ਲੱਗ ਪੈਣ ਕਿ ਸੰਖ ਵਜਾਣ ਨਾਲ ਉਨ੍ਹਾਂ ਦਾ ਦਿਲ ਦੁਖਦਾ ਹੈ ਤਾਂ ਹਿੰਦੂ ਵਜਾਣਾ ਛਡ ਦੇਣਗੇ? ਅਤੇ ਜੇ ਹਿੰਦੂ ਜਾਂ ਸਿੱਖ ਆਖਣ ਕਿ ਬਾਂਗ ਦੇਣ ਨਾਲ ਸਾਡਾ ਦਿਲ ਦੁਖਦਾ ਹੈ ਤਾਂ ਮੁਸਲਮਾਨ ਬਾਂਗ ਦੇਣੀ ਛਡ ਦੇਣਗੇ? ਕਿਸੇ ਮਜ਼ਹਬ ਦੇ ਅਸੂਲ ਜਾਂ ਰਸਮ ਨਾਲ ਦੂਜੇ ਦਾ ਦਿਲ ਕਿਉਂ ਦੁਖੇ? ਉਹ ਆਪਣੇ ਮਜ਼ਹਬ ਦੇ ਅਸੂਲਾਂ ਨੂੰ ਚੰਗਾਂ ਮੰਨੇ ਤੇ ਦੂਜੇ ਨੂੰ ਆਪਣੇ ਮਜ਼ਹਬ ਦੇ ਅਸੂਲ ਮੰਨਣ ਦੇਵੇ। ਜਦ ਸਿੱਖਾਂ ਦਾ ਅਸੂਲ ਹੈ ਕਿ ਕੁਠਾ ਖਾਣ ਵਾਲਾ ਪਤਿਤ ਹੈ ਅਤੇ ਝਟਕਾ ਖਾਣਾ ਜਾਇਜ਼ ਹੈ ਫਿਰ ਕਿਸੇ ਮੁਸਲਮਾਨ ਦਾ ਇਸ ਗੱਲ ਤੋਂ ਕਿਉਂ ਦਿਲ ਦੁਖਦਾ ਹੈ? ਅਸੀਂ ਆਸ ਰੱਖਦੇ ਹਾਂ ਕਿ ਜੇ ਆਗਾ ਸਫਦਰ ਸਾਹਿਬ ਵਾਂਗੂੰ ਸਾਰੇ ਮੁਸਲਮਾਨ ਲੀਡਰ, ਮੁਸਲਮਾਨ ਭਰਾਵਾਂ ਨੂੰ ਉਪਦੇਸ਼ ਦੇਣ ਲੱਗ ਪਏ ਤਾਂ ਉਨ੍ਹਾਂ ਦੇ ਦਿਲਾਂ ਵਿੱਚੋਂ ਪਖ ਪਾਤ ਨਿਕਲ ਜਾਵੇਗਾ। ਆਗਾ ਸਫਦਰ ਜੀ ਨੇ ਧਾਰੋਵਾਲ ਜਲਸੇ ਵਿਚ ਬੜੇ ਜ਼ੋਰ ਨਾਲ ਮੁਸਲਮਾਨਾਂ ਜਲਸੇ ਵਿਚ ਬੜੇ ਜ਼ੋਰ ਨਾਲ ਮੁਸਲਮਾਨਾਂ ਨੂੰ ਕਿਹਾ ਸੀ ਕਿ ਝਟਕਾ ਸਿੱਖਾਂ ਦਾ ਮਜ਼ਹਬੀ ਅਸੂਲ ਹੈ ਇਸ ਉੱਤੇ ਮੁਸਲਮਾਨਾਂ ਨੂੰ ਬਿਲਕੁਲ ਦੁਖ ਨਹੀਂ ਮੰਨਣਾ ਚਾਹੀਦਾ ਹੈ। ਅਜਿਹੇ ਸਵਾਲਾਂ ਦੇ ਫ਼ੈਸਲੇ ਲਈ ਸਾਰੇ ਪੰਥ ਵਲ ਝਾਤੀ ਪਾ ਲੈਣੀ ਚਾਹੀਦੀ ਹੈ।

ਲਖਨਊ ਕਾਂਗਰੈਸ ਤੇ ਸਿੱਖਾਂ ਦੇ ਵਖਰੇ ਹਕ।

ਹੇਠਾਂ ਲਿਖੀ ਚਿੱਠੀ ਲਾਲਾ ਲਾਜਪਤ ਰਾਇ ਜੀ ਦੀ ਸੇਵਾ ਵਿਚ ਭੇਜੀ ਗਈ ਸੀ ਜਿਸ ਦਾ ਉੱਤਰ ਲਾਲਾ ਜੀ ਨੇ 'ਬੰਦੇਮਾਤ੍ਰਮ' ਵਿਚ ਛਾਪਿਆ :—

'ਦੁਸਹਰੇ ਦੇ ਦਿਨਾਂ ਵਿਚ ਹੋਣ ਵਾਲੀ ਸਿੱਖ ਲੀਗ ਦੇ ਜਲਸੇ ਵਿਚ ਹਿੰਦੂ ਮੁਸਲਮਾਨ ਤੇ ਸਿੱਖਾ ਦੇ ਮਿਲਾਪ ਦੇ ਸਵਾਲ ਉਪਰ ਵਿਚਾਰ ਹੋਵੇਗੀ ਅਤੇ ਆਪ ਪ੍ਰਸਿੱਧ ਕਾਂਗਰਸੀ ਲੀਡਰ ਹੋ ਇਸ ਲਈ ਕੀ ਆਪ ਇਸ ਸਵਾਲ ਉਪਰ ਕੁਝ ਚਾਨਣਾ ਪਾ ਸਕਦੇ ਹੋ ਲਖਨਊ ਕਾਂਗਰੈਸ ਵਿਚ ਸਿੱਖਾ ਦੀ ਵਖਰੀ ਹੋਂਦ ਨੂੰ ਕਿਉਂ ਨਹੀਂ ਸੀ ਮੰਨਿਆ ਗਿਆ ਕ੍ਰਿਪਾ ਕਰ ਕੇ ਉੱਤਰ ਦੇਣ ਦੀ ਖੇਚਲ ਕਰਨੀ ਕਿਉਂ ਕਿ ਸਿੱਖ ਲੀਗ ਬਹੁਤ ਛੇਤੀ ਹੋਣ ਵਾਲੀ ਹੈ। ਆਪ ਦਾ ਦਾਸ ਮੰਗਲ ਸਿੰਘ ਐਡੀਟਰ 'ਅਕਾਲੀ' ਲਾਹੌਰ

ਅਕਾਲੀ ਲਾਹੌਰ, ੨੨ ਅਕਤੂਬਰ ੧੯੨੦

ਗੁਰਦੁਆਰਾ ਰਕਾਬ ਗੰਜ ਸਰਕਾਰੀ ਐਲਾਨ।

ਦਿੱਲੀ ਦੀ ਸਥਾਨੀ ਸਰਕਾਰ ਨੇ ਇਕ ਐਲਾਨ ਕੱਢਿਆ ਹੈ ਕਿ ਗੁਰਦੁਆਰਾ ਰਕਾਬਗੰਜ ਸਬੰਧੀ ਜੋ ਗ਼ਲਤ ਫੈਹਮੀ ਫੈਲ ਰਹੀ ਹੈ ਉਸ ਸਬੰਧੀ ਅਸਲੀ ਹਾਲ ਇਹ ਹੈ ਕਿ ਉਸ ਸਬੰਧੀ ਅਸਲੀ ਹਾਲ ਇਹ ਹੈ ਕਿ ਗੁਰਦੁਆਰੇ ਦੇ ਆਲੇ ਦੁਆਲੇ ਛੇ ਫੁਟ ਉਚੀ ਕੰਧ ਪੁਰਾਣੀ ਕੰਧ ਦੇ ਬਾਹਰ ਬਾਹਰ ਬਣਾਈ ਜਾਣੀ ਹੈ ਜਿਸ ਨਾਲ ਗੁਰਦੁਆਰੇ ਦਾ ਹਾਤਾ ਖੁਲਾ ਹੋ ਜਾਵੇਗਾ।

ਖਾਲਸਾ ਦੀਵਾਨ ਦਿੱਲੀ ਨੇ ਇਹ ਗੱਲ ਮੰਨ ਲਈ ਹੈ ਅਤੇ ਪ੍ਰਬੰਧ ਕੀਤਾ ਗਿਆ ਹੈ ਕਿ ਦੀਵਾਨ ਮਜ਼ੂਰ ਦੇਵੇ

ਅਤੇ ਗੌਰਮੈਂਟ ਸਾਰਾ ਸਾਮਾਨ ਮੁਫਤ ਦੇਵੇ। ਇਸ ਤਜਵੀਜ਼ ਦੇ ਉਲਟ ਦੋ ਇਤਰਾਜ਼ ਕੀਤੇ ਜਾਂਦੇ ਸਨ। ਪਹਿਲਾਂ ਤਾਂ ਇਹ ਹੈ ਕਿ ਇਹ ਕੰਧ ਪੁਰਾਣੀ ਕੰਧ ਦੇ ਉਪਰ ਬਣਾਈ ਜਾਏਗੀ। ਦੂਜਾ ਇਹ ਹੈ ਕਿ ਪਹਿਲਾਂ ਬਾਹਰ ਦੀ ਕੰਧ ਬਣਾ ਕੇ ਫਿਰ ਪੁਰਾਣੀ ਕੰਧ ਸਰਕਾਰ ਜ਼ਬਰਦਸਤੀ ਢਾਹ ਦੇਵੇਗੀ। ਇਹ ਦੋਵੇਂ ਗੱਲਾਂ ਝੂਠੀਆਂ ਸਨ। ਇਸ ਮਾਮਲੇ ਵਿਚ ਗੌਵਮੈਂਟ ਦੀਵਾਨ ਨਾਲ ਮਿਲ ਕੇ ਕੰਮ ਕਰ ਰਹੀ ਹੈ। ਸਕੱਤਰ ਸਾਹਿਬ ਨੂੰ ਸਰਕਾਰ ਨੇ ਗੁਰਦੁਆਰੇ ਦੇ ਨਕਸ਼ੇ ਦਿੱਤੇ ਹਨ ਕਿ ਉਹ ਸਿੱਖ ਅਖ਼ਬਾਰਾਂ ਨੂੰ ਭੇਜ ਦੇਵੇ ਅਤੇ ਨਾਲੇ ਇਹ ਵੀ ਆਖਿਆ ਹੈ ਕਿ ਉਹ ਚੀਫ਼ ਖਾਲਸਾ ਦੀਵਾਨ ਦੀ ਇਕ ਪ੍ਰਤੀਨਿਧ ਪੰਚਾਇਤ ਸਦੇ ਤਾਂ ਜੋ ਉਹ ਸਾਰਾ ਮਾਮਲਾ ਅੱਖੀ ਵੇਖ ਜਾਣ। ਜੇਕਰ ਖਾਸਾ ਦੀਵਾਨ ਪੁਰਾਣੀ ਕੰਧ ਨੂੰ ਫੇਰ ਬਣਾਉਣਾ ਚਾਹੇ ਤਾਂ ਉਸ ਨੂੰ ਅਜਿਹਾ ਕਰਨ ਲਈ ਪੂਰਨ ਆਜ਼ਾਦੀ ਹੈ।

ਲਖਨਊ ਕਾਂਗਰਸ ਅਤੇ ਸਿੱਖ।

ਇਸ ਸਬੰਧੀ ਜਿਹੜੀ ਚਿੱਠੀ ਲਾਲਾ ਲਾਜਪਤ ਰਾਇ ਜੀ ਨੇ ਸਾਡੀ ਡਿੱਠੀ ਦੇ ਉੱਤਰ ਵਿਚ ੧੭ ਅਕਤੂਬਰ ਦੇ 'ਬੰਦੇ ਮਾਤ੍ਰਮ' ਵਿਚ ਛਾਪਣ ਦੀ ਖੇਚਲ ਕੀਤੀ ਹੈ ਅਸੀਂ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ। ਲਾਲਾ ਜੀ ਨੇ ਇਸ ਸਵਾਲ ਤੇ ਕੇਵਲ ਰਾਜਸੀ ਨੁਕਤਾ ਖ਼ਿਆਲ ਨਾਲ ਵਿਚਾਰ ਕੀਤੀ ਹੈ ਪਰ ਸਿੱਖ ਹਿੰਦੂਆਂ ਤੇ ਸਦਾ ਇਹ ਸ਼ਕ ਕਰਦੇ ਰਹੇ ਹਨ ਅਤੇ ਹੁਣ ਵੀ ਕਰਦੇ ਹਨ ਕਿ ਉਹ ਸਿੱਖਾਂ ਦੀ ਵਖਰੀ ਹਸਤੀ ਇਸ ਲਈ ਨਹੀਂ ਮੰਨਦੇ ਕਿ ਉਹ ਸਿੱਖਾ ਨੂੰ ਹੜਪ ਕਰਨਾ ਚਾਹੁੰਦੇ ਹਨ। ਇਸ ਲਈ ਇਨ੍ਹਾਂ ਰਾਜਸੀ ਖਿਆਲਾਂ ਨੂੰ ਸਿੱਖ ਮਜ਼ਹਬੀ ਨੁਕਤਾ ਖਿਆਲ ਨਾਲ ਵੇਖਦੇ ਹਨ। ਜੇਕਰ ਇਹੋ ਗੱਲ ਕੋਈ ਮੁਸਲਮਾਨ ਆਗੂ ਆਖ ਦਿੰਦਾ ਤਾਂ ਸਿੱਖਾਂ ਵਿਚ ਜ਼ਰਾ ਸ਼ਕ ਦੀ ਗੁੰਜਾਇਸ਼ ਨਹੀਂ ਸੀ। ਪਰ ਲਾਲਾ ਜੀ ਦਾ ਸਿੱਖਾਂ ਦੀ ਹੋਂਦ ਨੂੰ ਥੋੜੇ ਚਿਰ ਲਈ ਹੇਰ ਫੇਰ ਕਰ ਕੇ ਦਬੀ ਹੋਈ ਜ਼ਬਾਨ ਨਾਲ ਮੰਨਣਾ ਸਿੱਖਾ ਵਿਚ ਸ਼ਕ ਦੀ ਨਿਗਾਹ ਨਾਲ ਵੇਖਿਆ ਜਾਵੇਗਾ। ਜੇ ਇਹੋ ਗੱਲ ਲਾਲਾ ਜੀ ਸਪਸ਼ਟ ਆਖ ਦਿੰਦੇ ਤਾਂ ਕੀ ਹਰਜ ਸੀ ਪਰ ਮਲੂਮ ਹੁੰਦਾ ਹੈ ਕਿ ਕਈ ਸਾਲ ਪਛਮੀਂ ਦੇਸ਼ਾਂ ਵਿਚ ਰਹਿਣ ਨਾਲ ਆਪ ਵੀ ਉਨ੍ਹਾਂ ਲੋਕਾਂ ਵਾਂਗੂ ਹੇਰ ਫੇਰ ਨਾਲ ਗੱਲ ਕਰਨ ਨੂੰ ਚੰਗਾ ਸਮਝਦੇ ਹਨ। ਜੋ ਕਿ ਲਾਲਾ ਜੀ ਵਰਗੇ ਉੱਚੇ ਅਤੇ ਸਾਂਝੇ ਆਗੂ ਨੂੰ ਫਬਦਾ ਨਹੀਂ।

ਲਾਲਾ ਜੀ ਦੇ ਕਈ ਖ਼ਿਆਲਾਂ ਨਾਲ ਸਾਡੀ ਬਿਲਕੁਲ ਸੰਮਤੀ ਨਹੀਂ। ਸ਼ੁਰੂ ਵਿਚ ਹੀ ਆਪ ਫੁਰਮਾਂਦੇ ਹਨ ਕਿ ਸਿੱਖਾਂ ਜਾਂ ਮੁਸਲਮਾਨਾਂ ਲਈ ਅਡਰੇ ਹਕ ਮੰਗਣ ਦਾ ਅਸੂਲ ਕੌਮੀ ਅਸੂਲਾਂ ਦੇ ਉਲਟ ਹੈ ਅਤੇ ਇਸੇ ਲਈ ਕਾਂਗਰਸ ਸਾਲਾਂ ਬਧੀ ਇਸ ਗੱਲ ਦੀ ਮੁਖਾਲਫ਼ਤ ਕਰਦੀ ਰਹੀ, ਪਰ ਅੰਤ ਨੂੰ ਏਕਤਾ ਦੇ ਖ਼ਿਆਲ ਨੂੰ ਮੁਖ ਰੱਖ ਕੇ ੧੯੧੬ ਵਿਚ ਇਸ ਅਸੂਲ ਨੂੰ ਮੰਨਣਾ ਪਿਆ। ਸਾਡੇ ਮੁਲਕੀ ਆਗੂਆਂ ਦੇ ਸਿਰ ਤੇ ਅਡਰੇ ਹੱਕਾਂ ਦਾ ਭੂਤ ਸਵਾਰ ਹੈ। ਉਨ੍ਹਾਂ ਦੇ ਖ਼ਿਆਲ ਵਿਚ ਥੋੜ੍ਹੀ ਗਿਣਤੀ ਵਾਲੀ ਕੌਮ ਦੇ ਹੱਕਾਂ ਦੀ ਰਾਖੀ ਕਰਨਾ ਫੁਟ ਦਾ ਪ੍ਰਚਾਰ ਅਤੇ ਵਾਧਾ ਕਰਨਾ ਹੈ ਜੋ ਕਿ ਕੌਮ ਦੀ ਨਿੱਗਰ ਉਸਾਰੀ ਲਈ ਨੁਕਸਾਨ ਦੇਹ ਸਾਬਤ ਹੋਵੇਗਾ। ਪਰ ਜੇਕਰ ਹਿੰਦ ਦੀ ਸਮਾਜਕ ਹਾਲਤ ਨੂੰ ਪਛਮੀ ਖ਼ਿਆਲਾਂ ਨੂੰ ਪਾਸੇ ਰੱਖ ਕੇ ਨਿਰਪਖਤਾ ਨਾਲ ਵਿਚਾਰਿਆਂ ਜਾਵੇ ਤਾਂ ਪਤਾ ਲੱਗੇਗਾ ਕਿ ਹਿੰਦ ਵਿਚ ਅਡਰੇ ਹੱਕਾਂ ਦਾ ਅਸੂਲ ਕੌਮ ਦੀ ਨਿਗਰ ਉਸਾਰੀ ਲਈ ਲਾਭਦਾਇਕ ਸਾਬਤ ਹੋਵੇਗਾ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਵੱਖੋ ਵਖਰੀਆਂ ਕੌਮਾਂ ਵਿਚ ਰਾਜਸੀ ਜਾਗਰਤਾ ਬਹੁਤ ਛੇਤੀ ਆਵੇਗੀ। ਅਸੀਂ ਬਿਲਕੁਲ ਧਾਰਮਿਕ ਲੋਕ ਹਾਂ ਇਸ ਲਈ ਕੋਈ ਅਜਿਹਾ ਤਰੀਕਾ ਜਿਹੜਾ ਇਸ ਦਾ ਖ਼ਿਆਲ ਨਹੀਂ ਰੱਖਦਾ ਕਦੇ ਕਾਮਯਾਬ ਹੋ ਨਹੀਂ ਸਕਦਾ। ਚੁਨਾਚਿ ਹੁਣ ਤਕ ਜੋ ਕੁਝ ਹੋਇਆ ਹੈ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਨੂੰ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ। ਜਦੋਂ ਤੋਂ ਕਾਂਗਰਸ ਨੇ ਸਵਰਾਜ ਦੀ ਗੱਲ ਤੋਰੀ ਹੈ ਦੇਸ਼ ਵਿਚ ਕੌਮੀ ਮਿਲਾਪ ਦੀ ਲਹਿਰ ਹੋਰ ਵੀ ਜ਼ਬਰਦਸਤ ਹੋ ਗਈ ਹੈ। ਜਿਹੜੀਆਂ ਗੱਲਾਂ ਹੁਣ ਵੰਡ ਪੌਣ ਵਾਲੀਆਂ ਸਮਝੀਆਂ ਜਾਂਦੀਆਂ ਹਨ ਅੰਤ ਨੂੰ ਇਹੋ ਹੀ ਮਿਲਾਪ ਦਾ ਕਾਰਨ ਸਾਬਤ ਹੋਣਗੀਆਂ। ਐਸ ਵੇਲੇ ਮਿਲਾਪ ਐਵੇਂ ਫੋਕੀਆਂ ਜਿਹੀਆਂ ਕੰਮ ਚਲਾਉ ਗੱਲਾਂ ਨੂੰ ਮੁਖ ਰੱਖ ਕੇ ਨਹੀਂ ਹੋਣਾ ਚਾਹੀਦਾ ਕਿਉਂਕਿ ਜਦੋਂ ਤਕ ਦੁਨੀਆਂ ਵਿਚ ਮਜ਼ਹਬੀ ਝਗੜਾ ਮੌਜੂਦ ਹੈ ਉਦੋਂ ਤਕ ਇਨ੍ਹਾਂ ਗੱਲਾਂ ਵੱਲੋਂ ਅਸੀਂ ਅੱਖਾਂ ਨਹੀਂ ਮੁੰਦ ਸਕਦੇ। ਵੰਡ ਕੇ ਖਾਣ ਨਾਲ ਸਗੋਂ ਝਗੜੇ ਘਟਦੇ ਹਨ ਕਿ ਵਧਦੇ ? ਲਾਲਾ ਜੀ ਦੀ ਜਬਾਨੀ ਹੀ ਮਲੂਮ ਹੁੰਦਾ ਹੈ ਕਿ ਕਾਂਗਰਸ ਨੇ ਭਾਵੇ ਇਸ ਅਸੂਲ ਨੂੰ ਮੰਨ ਤਾਂ ਲਿਆ ਹੈ ਪਰ ਅਜੇ ਵੀ ਕੌਮ ਦੀ ਨਿਗਰ ਉਸਾਰੀ ਲਈ ਇਸ ਨੂੰ ਨੁਕਸਾਨ ਦੇਹ ਸਮਝਿਆ ਜਾਂਦਾ ਹੈ। ਆਉ ਹੁਣ ਜ਼ਰਾ ਮਜ਼ਹਬੀ ਨੁਕਤਾ

ਖ਼ਿਆਲ ਨੂੰ ਛਡ ਕੇ ਸਵਰਾਜ ਦੇ ਨੁਕਤਾ ਖ਼ਿਆਲ ਨਾਲ ਵਿਚਾਰੀਏ ਕਿ ਆਇਆ ਇਹ ਗਲਤ ਹੈ ਕਿ ਠੀਕ। ਸਾਡੇ ਦਿਲਾਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਅਡਰੇ ਹਕ ਫੁਟ ਦਾ ਕਾਰਨ, ਕੌਮੀ ਅਸੂਲਾਂ ਦੇ ਸਰਾ ਸਰ ਉਲਟ, ਅਤੇ ਸਵਰਾਜ ਦੇ ਵਿਰੋਧੀ ਹਨ। ਪਰ ਇਹ ਇਉਂ ਨਹੀਂ।

ਸਵਰਾਜ ਦਾ ਸਭ ਤੋਂ ਵੱਡਾ ਅਸੂਲ ਇਹ ਹੈ ਕਿ ਰਾਜ ਪ੍ਰਬੰਧ ਵਿਚ ਵਧ ਤੋਂ ਵਧ ਆਦਮੀਆਂ ਦੀ ਆਵਾਜ਼ ਹੋਵੇ ਅਤੇ ਫਿਰ ਉਹ ਵਧ ਤੋਂ ਵਧ ਆਦਮੀਆਂ ਨੂੰ ਸੁਖ ਦੇਵੇ। ਜੇਕਰ ਤੁਸੀਂ ਅਡਰੇ ਹੱਕ ਨਾ ਦੇਵੋ ਤਾਂ ਥੋੜੀ ਗਿਣਤੀ ਵਾਲੇ ਲੋਕਾਂ ਦੀ ਆਵਾਜ਼ ਰਾਜ ਪ੍ਰਬੰਧ ਵਿਚ ਨਹੀਂ ਅਪੜ ਸਕਦੀ। ਸੋ ਬਹੁਤ ਸਾਰੇ ਆਦਮੀਆਂ ਦੀ ਪ੍ਰਤੀਨਿਧਤਾ ਨਹੀਂ ਹੋ ਸਕਦੀ ਜਿਹੜੀ ਕਿ ਸਵਰਾਜ ਦੇ ਮੁਖ ਅਸੂਲਾਂ ਤੇ ਸੱਟ ਮਾਰਦੀ ਹੈ।

ਅਸੀਂ ਰਕਬੇਵਾਰ ਅਡਰੇ ਹਕ ਤਾਂ ਦਿੰਦੇ ਹਾਂ ਜਿਸ ਤਰ੍ਹਾਂ ਕਿ ਇਕ ਮੈਂਬਰ ਲਾਇਲਪੁਰ ਨੂੰ ਅਤੇ ਦੂਜਾ ਝੰਗ ਨੂੰ ਕੀ ਇਸ ਤਰ੍ਹਾਂ ਨਾ-ਇਤਫਾਕੀ ਫ਼ੈਲਦੀ ਹੈ? ਜੇ ਇਸੇ ਤਰ੍ਹਾਂ ਚੋਣਾਂ ਦੇ ਹਲਕੇ ਰਕਬੇਦਾਰ ਅਤੇ ਮਜ਼ਹਬਵਾਰ ਬਣਾਏ ਜਾਣ ਤਾਂ ਕੋਈ ਨਵੀਂ ਗੱਲ ਨਹੀਂ। ਅਡਰਾ ਹੱਕ ਤਾਂ ਪਹਿਲਾਂ ਹੀ ਮੰਨਿਆ ਹੋਇਆ ਹੈ।

ਐਵੇਂ ਮੁਫਤ ਦੀ ਫੁਟ-ਫੁਟ ਦਾ ਹਊਆ ਖੜਾ ਕਰ ਕੇ ਲੋਕਾਂ ਨੂੰ ਡਰਾਇਆ ਜਾਂਦਾ ਹੈ ਕਿ ਇਹ ਦੇਸ਼ ਲਈ ਨੁਕਸਾਨ ਦੇਹ ਹੈ।

ਦੂਸਰਾ ਇਤਰਾਜ਼ ਹੈ ਕਿ ਇਸਤਰ੍ਹਾਂ ਕੇਵਲ ਮਜ਼ਹਬ ਦੇ ਕਾਰਨ ਲਈ ਲਾਇਕ ਆਦਮੀ ਤਾਂ ਰਾਜ ਪ੍ਰਬੰਧ ਵਿਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਪਰ ਕਈ ਉਨ੍ਹਾਂ ਨਾਲੋਂ ਥੋੜ੍ਹੇ ਲਾਇਕ ਆ ਜਾਂਦੇ ਹਨ। ਮੰਨੀ ਪਰ ਸਵਰਾਜ ਦਾ ਅਸੂਲ ਤਾਂ ਇਹ ਹੈ ਕਿ ਜਿਹੜਾ ਆਦਮੀ ਲੋਕਾਂ ਦਾ ਪ੍ਰਤੀਨਿਧ ਹੋਵੇ ਉਹ ਰਾਜ ਪ੍ਰਬੰਧ ਦੇ ਵਿਚ ਆਵੇ ਲਿਆਕਤ ਦਾ ਤਾਂ ਸਵਾਲ ਹੀ ਪਿੱਛੋਂ ਆਉਂਦਾ ਹੈ। ਜੇ ਲਾਇਕ ਹੀ ਆਦਮੀ ਰੱਖਣੇ ਹਨ ਤਾਂ ਅੰਗਰੇਜ਼ ਸਾਡੇ ਨਾਲੋਂ ਕਈ ਦਰਜੇ ਵਧ ਲਾਇਕ ਹਨ। ਸਵਾਲ ਤਾਂ ਆਪਣੇ ਰਾਜ ਦਾ ਹੈ। ਸੋ ਅਸੀਂ ਵੇਖ ਲਿਆ ਹੈ ਕਿ ਹਿੰਦ ਦੀ ਧਾਰਮਿਕ, ਸਮਾਜਿਕ ਅਤੇ ਸੁਧਾਰਕ ਹਾਲਤ ਦਾ ਖ਼ਿਆਲ ਰੱਖਦੇ ਹੋਏ ਅਸੀਂ ਆਖ ਸਕਦੇ ਹਾਂ ਕਿ ਪੱਛਮੀ ਅਸੂਲਾਂ ਨੂੰ ਅਸੀਂ ਜਿਉਂ ਦਾ ਤਿਉਂ ਹਜ਼ਮ ਨਹੀਂ ਕਰ ਸਕਦੇ, ਅਤੇ ਜੇ ਕਰਾਂਗੇ ਤਾਂ ਬਦ-ਹਜ਼ਮੀ ਹੋਣ ਦਾ ਖਤਰਾ ਹੈ, ਜਿਸ ਨਾਲ ਅੰਤ ਨੂੰ ਸਾਰਾ ਸਰੀਰ ਹੀ ਨਿਰਬਲ ਹੋ ਜਾਵੇਗਾ। ਇਸ ਲਈ ਅਡਰੇ ਹੱਕਾਂ ਦੀ ਮੰਗ ਤੋਂ ਡਰ ਕੇ ਹੀ ਇੰਨ੍ਹਾਂ ਨੂੰ ਨਾ ਮੰਨਣਾ ਭੁਲ ਹੈ।

ਅੰਤ ਵਿਚ ਲਾਲਾ ਜੀ ਫੁਰਮਾਉਂਦੇ ਹਨ, ਕਿ ਹੁਣ ਜਿਨਾਂ ਲੋਕਾਂ ਨੇ 'ਨਾ ਮਿਲਵਰਤਨ' ਨੂੰ ਮੰਨ ਲਿਆ ਹੈ ਉਨ੍ਹਾਂ ਲਈ ਇਹ ਸਵਾਲ ਛੇੜਨਾ ਫਜ਼ੂਲ ਹੈ ਕਿਉਂ ਕਿ ਹੁਣ ਜਦੋਂ ਕੌਂਸਲਾਂ ਵਿਚ ਤਾਂ ਜਾਣਾ ਹੀ ਨਹੀਂ ਤਾਂ ਫੇਰ ਸਿੱਖ ਹਿੰਦੂ ਮੁਸਲਮਾਨ ਦਾ ਕੀ ਝਗੜਾ ਹੈ। ਅਸੀਂ ਲਾਲਾ ਜੀ ਕੋਲੋਂ ਪੁਛਦੇ ਹਾਂ ਕਿ ਕੀ ਕੌਂਸਲਾਂ ਦਾ ਸਦਾ ਲਈ ਹੀ ਤਿਆਗ ਹੋ ਗਿਆ ਹੈ? ਕੀ ਜਦੋਂ ਸਾਡੀਆਂ ਸ਼ਰਤਾਂ ਮੰਨ ਲਈਆਂ ਗਈਆਂ ਅਤੇ ਸਾਨੂੰ ਸਵਰਾਜ ਮਿਲ ਗਿਆ ਫੇਰ ਵੀ ਅਸੀਂ ਕੌਂਸਲਾਂ ਵਿਚ ਨਾ ਜਾਵਾਂਗੇ? ਤੇ ਕੀ ਉਦੋਂ ਇਹ ਸਵਾਲ ਫੇਰ ਨਾ ਉਠੇਗਾ? ਅਸੀਂ ਚਾਹੁੰਦੇ ਹਾਂ ਮਿਲਾਪ ਨਿਗਰ ਅਸੂਲਾਂ ਤੇ ਹੋਵੇ, ਐਵੇਂ ਕੰਮ ਚਲਾਉ ਰੇਤ ਦੀਆਂ ਕੰਧਾਂ ਤੇ ਮਹਲ ਉਸਾਰਨ ਦਾ ਬਿਰਥਾ ਯਤਨ ਨਾ ਕਰੀਏ।

ਲਾਲਾ ਜੀ ਨੇ ਸਿੱਖਾਂ ਦੀ ਵਖਰੇ ਹੋਣ ਦੀ ਕੋਸ਼ਿਸ਼ ਦਾ ਕਾਰਨ ਨੌਕਰ ਸ਼ਾਹੀ ਦੀ ਚੁਕ ਦੱਸਿਆ ਹੈ। ਹੋ ਸਕਦਾ ਹੈ ਕਿ ਨੌਕਰ ਸ਼ਾਹੀ ਨੇ ਇਸ ਨੂੰ ਅਛਾ ਸਮਝਿਆ ਹੋਵੇ ਪਰ ਇਹ ਆਖਣਾ ਕਿ ਸਿੱਖ ਹਿੰਦੂਆਂ ਤੋਂ ਕੇਵਲ ਨੌਕਰ ਸ਼ਾਹੀ ਦੀ ਚੁਕ ਨਾਲ ਵਖ ਹੋਏ ਹਨ ਬਿਲਕੁਲ ਗ਼ਲਤ ਹੈ। ਸਿੱਖ ਆਪਣੀ ਹਸਤੀ ਕਾਇਮ ਰੱਖਣ ਲਈ ਵੱਖ ਹੋਏ ਹਨ। ਹੋਰ ਸਾਨੂੰ ਕੋਈ ਹਿੰਦੂਆਂ ਨਾਲ ਵਿਰੋਧ ਨਹੀਂ।

ਅਸੀਂ ਜਿਹੜੀਆਂ ਗੱਲਾਂ ਉੱਤੇ ਲਿਖੀਆਂ ਹਨ ਕੇਵਲ ਅਸਲੀ ਹਾਲਾਤ ਨੂੰ ਮੁਖ ਰੱਖ ਕੇ ਲਿਖੀਆਂ ਹਨ। ਸਾਨੂੰ ਹਿੰਦੂਆਂ ਨਾਲ ਕੋਈ ਝਗੜਾ ਨਹੀਂ। ਤੇ ਜੇਕਰ ਉਹ ਸਾਡੀ ਵਖਰੀ ਹਸਤੀ ਮੰਨਣ ਨੂੰ ਤਿਆਰ ਨਹੀਂ। ਅਸੀਂ ਉਨ੍ਹਾਂ ਤੇ ਕੋਈ ਬਹੁਤੇ ਨਾਰਾਜ਼ ਨਹੀਂ। ਅਸੀਂ ਤਾਂ ਕੇਵਲ ਆਪਣੀ ਕੌਮੀ ਹੋਂਦ ਨੂੰ ਕਾਇਮ ਰਖਦੇ ਹੋਏ ਸਿਖੀ ਅਸੂਲਾਂ ਅਨੁਸਾਰ ਦੁਖੀ ਦੇਸ਼ ਭਾਈਆਂ ਦੀ ਸੇਵਾ ਕਰਨੀ ਹੈ ਸੋ ਕਰਾਂਗੇ। ਅੰਤ ਨੂੰ ਅਸੀਂ ਖਾਲਸਾ ਜੀ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਜਦੋਂ ਅਸੀਂ ਨਿਗਰ ਕੰਮ ਕਰਾਂਗੇ ਤਾਂ ਕਦੇ ਹੋ ਹੀ ਨਹੀਂ ਸਕਦਾ ਹੈ ਕਿ ਕੋਈ ਕੌਮ ਸਾਡੀ ਹੋਂਦ ਨੂੰ ਨਾ ਮੰਨੇ

ਗੁਰੂ ਨਾਨਕ ਜੀ ਨੂੰ ਸਭ ਨੇ ਮੰਨਿਆ। ਅਸੀਂ ਤਾਂ ਵਿਚ ਪੈ ਕੇ ਹਿੰਦੂ ਮੁਸਲਮਾਨਾਂ ਦਾ ਮਿਲਾਪ ਕਰਾ ਕੇ ਦੇਸ਼ ਦੀ ਕਲਿਆਣ ਕਰਨੀ ਹੈ ਤੇ ਜੇ ਅਸੀਂ ਇਨ੍ਹਾਂ ਤੋਂ ਦੂਰ ਦੂਰ ਭਜਦੇ ਰਹੇ ਤਾਂ ਫੇਰ ਇਨ੍ਹਾਂ ਦੀ ਸੇਵਾ ਕਿਵੇਂ ਕਰਾਂਗੇ। ਸਿਖੀ ਇਨ੍ਹਾਂ ਗੱਲਾਂ ਤੋਂ ਉਚੀ ਹੈ। ਅਸੀਂ ਤਾਂ ਬੀਮਾਰਾਂ ਦੀ ਸੇਵਾ ਕਰਨੀ ਹੈ। ਪਰ ਡਾਕਟਰ ਵਾਂਗੂੰ ਹਸਪਤਾਲ ਤੋਂ ਆਪਣਾ ਤੰਬੂ ਦੂਰ ਰੱਖਣਾ ਹੈ। ਇਸ ਲਈ ਨਹੀਂ ਕਿ ਸਾਨੂੰ ਬੀਮਾਰ ਨਾਲ ਹਮਦਰਦੀ ਨਹੀਂ। ਸਗੋਂ ਬੀਮਾਰੀ ਦੇ ਬਚਨ ਦੇ ਖ਼ਿਆਲ ਤੋਂ।

ਅਕਾਲੀ ਲਾਹੌਰ, ੨੩ ਅਕਤੂਬਰ ੧੯੨੦

ਸਵਾਗਤ ਕਮੇਟੀ ਦੇ ਪ੍ਰਧਾਨ (ਸ: ਸੁੰਦਰ ਸਿੰਘ ਚਾਵਲਾ) ਦਾ ਐਡ੍ਰੈਸ (ਵਖਯਾਨ)

ਆਪ ਨੇ ਸੰਗਤ ਦਾ ਧੰਨਵਾਦ ਕਰਦਿਆਂ ਹੋਇਆ ਆਖਿਆ ਮੈਨੂੰ ਇਸ ਮੰਡਪ ਵਿਚ ਪ੍ਰਤਖ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋ ਰਹੇ ਹਨ। ਮੇਰਾ ਰੋਮ ਰੋਮ ਜੀਭ ਬਣ ਕੇ ਵੀ ਖਾਲਸਾ ਜੀ ਦਾ ਧੰਨਵਾਦ ਨਹੀਂ ਕਰ ਸਕਦਾ। ਆਪ ਜੀ ਦੀ ਸੇਵਾ ਕੀ ਕਰਾਂ—

"ਸੀਸ ਵਢੇ ਕਰ ਬੈਸਣ ਦੀਜੈ
ਬਿਨ ਸਿਰ ਸੇਵ ਕਰੀਜੈ"

ਦਾ ਵਾਕ ਭੀ ਪੂਰਨ ਕਰ ਲਈਏ ਤਦ ਵੀ ਥੋੜ੍ਹੀ ਹੈ। ਅਸੀਂ ਬਲ ਹੀਨ ਨਿਮਾਣੇ ਸੇਵਾ ਯੋਗ ਨਹੀਂ ਹਾਂ। ਆਪ ਨੇ ਸੇਵਾ ਨਾਲ ਸਾਨੂੰ ਨਿਵਾਜ ਕੇ ਕ੍ਰਿਤਾਰਥ ਕੀਤਾ ਹੈ। ਸਾਡੀ ਰੁਖੀ ਮਿਸੀ ਖਾ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਾਂਗ ਆਪ ਨੇ ਹੀ ਲਾਜ ਰੱਖਣੀ ਹੈ।

ਪ੍ਰਭ ਜੀ ਨਿਮਾਣਿਆਂ ਤੂੰ ਮਾਣ, ਨਚੀਜਿਆਂ ਨੂੰ ਚੀਜ ਕਰੇ ਮੇਰਾ ਗੋਬਿੰਦ ਤੇਰੀ ਕੁਦਰਤ ਤੋਂ ਕੁਰਬਾਨ।

ਆਪਨੇ ਲਾਹੌਰ ਸ਼ਹਿਰ ਦਾ ਸਿੱਖ ਗੁਰੂਆਂ ਤੇ ਸਿੱਖ ਸ਼ਹੀਦਾਂ ਨਾਲ ਸਬੰਧ ਦੱਸਦਿਆਂ ਹੋਇਆ ਆਖਿਆ ਕਿ ਜਿਹੜਾ ਲਾਹੌਰ ਇਸ ਤਰ੍ਹਾਂ ਪਵਿੱਤਰ ਸਾਖੀਆਂ ਨਾਲ ਜਗ ਮਗ ਕਰ ਰਿਹਾ ਹੈ ਜਦ ਇਥੋਂ ਸਿਖੀ ਅਲੋਪ ਹੋ ਰਹੀ ਸੀ ਭਾਈ ਦਿਤ ਸਿੰਘ ਜੀ ਗਿਆਨੀ ਨੇ ਆਪਣੇ ਸਾਥੀਆਂ ਨਾਲ ਕੰਮ ਸ਼ੁਰੂ ਕਰ ਕੇ ਪੰਥ ਨੂੰ ਹਲੂਣ ਕੇ ਜਗਾ ਦਿੱਤਾ ਪਰ ਫਿਰ ਸਹਿਜੇ ਸਹਿਜੇ ਇਥੇ ਹੋਰ ਆਸ਼ਰਮ ਤੇ ਅਖ਼ਬਾਰਾਂ ਵੀ ਨਿਕਲੀਆਂ ਜੋ ਪੰਥ ਸੇਵਾ ਵਿਚ ਵਧ ਕੇ ਕੰਮ ਕਰ ਰਹੀਆਂ ਹਨ।

ਸਿੱਖ ਲੀਗ ਦਾ ਬਣਨਾਂ ਅਤੇ ਸਾਲ ਭਰ ਦਾ ਕੰਮ ਦੱਸਦਿਆਂ ਹੋਇਆਂ ਆਪਨੇ ਕਿਹਾ ਕਿ ਹੁਣ ਇਹ ਸਮਾਂ ਮੂੰਹ ਵਿਚ ਘੁੰਗਣੀਆਂ ਪਾ ਕੇ ਬਹਿ ਰਹਿਣ ਦਾ ਨਹੀਂ ਰਿਹਾ। ਬਿਨਾਂ ਕੁਰਬਾਨੀ ਦੇ ਕੁਝ ਨਹੀਂ ਬਣਦਾ ਇਹ ਸਾਡਾ ਪਿਛਲਾ ਤਜਰਬਾ ਦੱਸਦਾ ਹੈ।

ਸਿੱਖ ਲੀਗ ਨਿਸ਼ਕਾਮ ਸੇਵਾ ਸਿਖਣ ਲਈ ਇਕ ਸਕੂਲ ਹੈ ਇਸ ਵਿਚ ਕੋਈ ਇਛਿਆ ਲੈ ਕੇ ਵੜਨ ਵਾਲਿਆਂ ਦੀ ਕੋਈ ਨਹੀਂ ਸੁਣੀ ਜਾਂਦੀ, ਸ਼ਖਸ਼ੀ ਭਲਾਈ ਕੌਮੀ ਭਲਾਈ ਵਿਚ ਹੈ। ਜਦ ਤਕ ਸਾਰੀ ਕੌਮ ਕੰਗਾਲ ਤੇ ਗੁਲਾਮ ਹੈ ਤਦ ਤਕ ਕੋਈ ਇਹ ਖ਼ਿਆਲ ਨਾ ਕਰੇ ਕਿ ਉਹ ਇਕੱਲਾ ਉਨਤੀ ਕਰ ਕੇ ਧਨਾਢ ਵਿਦਵਾਨ ਤੇ ਸੁਤੰਤਰ ਹੈ, ਮਨੁੱਖਾਂ ਵਰਗਾ ਉਹ ਆਪਣਾ ਜੀਵਨ ਬਤੀਤ ਕਰ ਸਕਦਾ ਹੈ ਇਸ ਲਈ ਸਭ ਦਾ ਫਰਜ਼ ਹੈ ਕਿ ਆਪਣੀ ਗਰਜ਼ ਛਡ ਕੇ ਕੌਮੀ ਸੇਵਾ ਕੀਤੀ ਜਾਵੇ।

ਸਿੱਖ ਲੀਗ ਨੇ ਸਿੱਖਾਂ ਨੂੰ ਕੌਮੀ ਉਨਤੀ ਦੀ ਸੰਥਾ ਦਿੱਤੀ ਹੈ ਤੇ ਥੋੜੇ ਸਮੇਂ ਵਿਚ ਹੀ ਇਸ ਸੰਥਾ ਨਾਲ ਕੌਮ ਨੇ ਸਚ ਮੁਚ ਉਨਤੀ ਕਰਨੀ ਆਰੰਭ ਦਿੱਤੀ ਹੈ ਜਿਸ ਤਰ੍ਹਾਂ ਕੰਮ ਨੂੰ ਵੀ ਸਿੱਖ ਲੀਗ ਨੇ ਸ਼ੁਰੂ ਕੀਤਾ ਹੈ ਉਸੇ ਕੰਮ ਵਿਚ ਸਿੱਖ ਕੌਮ ਨੂੰ ਫਤੇ ਹੋਈ ਹੈ ਗੁਰਦੁਆਰਿਆਂ ਦਾ ਪ੍ਰਬੰਧ ਫ਼ੌਜ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹ ਕ੍ਰਿਪਾਨ ਰੱਖ ਦੀ ਖੁਲ੍ਹ ਜੇਲ੍ਹਾਂ ਵਿਚ ਸਿੱਖ ਕੈਦੀਆਂ ਨੂੰ ਪਗੜੀ ਅਤੇ ਰਹਿਤ ਰੱਖਣ ਦੀ ਖੁਲ੍ਹ ਆਦਿਕ ਗੱਲਾਂ ਵਿਚ ਕਾਮਯਾਬੀ ਹੋਈ ਹੈ ਹੁਣ ਜੋ "ਦਰਵਾਜਾ ਖੜਕਾਵੇਗਾ ਉਸੇ ਨੂੰ ਦਿੱਤਾ ਜਾਵੇਗਾ" ਸਿੱਖਾਂ ਨੇ ਹੁਣ ਤਕ ਜਿਸ ਤਰੀਕੇ ਨਾਲ ਕੰਮ ਕੀਤਾ ਹੈ ਉਹ ਅਸਫਲ ਸਾਬਤ ਹੋਇਆਂ ਹੈ ਅਤੇ ਜੋ ਨਵਾ ਤਰੀਕਾ ਸਿੱਖ ਲੀਗ ਨੇ ਆਪਨੇ ਅਗੇ ਰੱਖਿਆ ਹੈ ਉਹ ਸਫਲ

ਸਾਬਤ ਹੋਇਆ ਉਹ ਕੀ ਹੈ ? ਜੋ ਕੁਝ ਚਾਹੁੰਦੇ ਹੋ ਤੇ ਜੋ ਕੁਝ ਕਹਿੰਦੇ ਹੋ ਕਰਨ ਵਿਚ ਨਿਰਭੈ ਬਣੋ ਤੇ ਜਥੇਬੰਦ ਹੋ ਕੇ ਕੰਮ ਕਰੋ ।

ਸਿੱਖ ਲੀਗ ਦੇ ਨਜ਼ਾਰੇ

ਖਾਲਸਈ ਜੋਸ਼ ਦੇ ਸਮੁੰਦਰਾਂ ਦੀਆਂ ਠਾਠਾਂ

੨੦ ਅਕਤੂਬਰ ਅੰਮ੍ਰਿਤ ਵੇਲੇ ਹੀ ਧਾਰਮਿਕ ਦੀਵਾਨ ਸਜਿਆ। ਆਸਾ ਦੀ ਵਾਰ ਅਨੰਦ ਮਈ ਕੀਰਤਨ ਭਾਈ ਸੁੰਦਰ ਸਿੰਘ ਜੀ ਰਾਗੀ ਨੇ ਕੀਤਾ। ਬਾਣੀ ਦਾ ਅੰਮ੍ਰਿਤ ਛਕ ਕੇ ਸੰਗਤਾਂ ਨੇ ਲੰਗਰ ਛਕਿਆ। ਫਿਰ ੧੦ ਵਜੇ ਕੌਮੀ ਸ਼ਾਨ ਤੇ ਆਨ ਦੇ ਪ੍ਰਵਾਨੇ ਉਮੱਡ ਉਮਡ ਕੇ ਬ੍ਰੈਡਲਾ ਹਾਲ ਵੱਲ ਟੁਟ ਪਏ ।

ਥਾਂ ਦੀ ਤੰਗੀ ਨੇ ਸੰਗਤਾਂ ਨੂੰ ਬੜਾ ਨਿਰਾਸ ਕੀਤਾ। ੧੨ ਵਜੇ ਤਕ ਮਸਾਂ ਮਸਾਂ ਸੰਗਤਾਂ ਨੂੰ ਬਿਠਾਇਆ ਜਾ ਸਕਿਆ, ਸਾਰਾ ਹਾਲ ਨਕੋ ਨਕ ਭਰਿਆ ਗਿਆ।

ਇਕ ਪਾਸੇ ਮਾਤਾ ਸਾਹਿਬਕੌਰ ਦੀਆਂ ਦੁਲਾਰੀਆਂ ਸਜ ਰਹੀਆਂ ਸਨ ਅਤੇ ਸਾਡੇ ਇਸ ਰਾਜਸੀ ਜਲਸੇ ਵਿਚ ਸਜ ਕੇ ਪੰਥ ਨੂੰ ਮਾਈ ਭਾਗੋ ਵਰਗੀਆਂ ਸਿੰਘਣੀਆਂ ਬਣਨ ਦੀ ਆਸ ਬਨ੍ਹਾ ਰਹੀਆ ਸਨ। ਇਨ੍ਹਾਂ ਵਿੱਚੋਂ ਬੀਬੀ ਕਰਤਾਰ ਕੌਰ ਜੀ ਸੁਪਤਨੀ ਭਾਈ ਰਣਧੀਰ ਸਿੰਘ ਜੀ ਅਕਾਲੀ ਬਾਣੇ ਵਿਚ ਸੱਚ ਮੁਚ ਪੁਰਾਤਨ ਸਿੰਘਣੀਆਂ ਦੀ ਤਸਵੀਰ ਦੱਸ ਰਹੇ ਸਨ ।

ਕੌਮੀ ਅਣਖ ਨੂੰ ਜਗਾਣ ਵਾਲਾ ਤੇ ਕੁਰਬਾਨੀ ਦੀ ਜੋਤ ਜਗਾਣ ਵਾਲਾ ਸਭ ਤੋਂ ਅਦੁਤੀ ਨਜ਼ਾਰਾ ਕੋਮਾ ਗਾਟਾ ਮਾਰੂ ਅਤੇ ਹੋਰ ਕੈਨੇਡਾ ਵਾਸੀ ਗੁਰੂ ਦੁਲਾਰਿਆਂ ਦਾ ਸੀ ਜਿਨਾਂ ਵਿਚ ਭਾਈ ਪਿਆਰਾ ਸਿੰਘ ਜੀ ਭਾਈ ਬਖਤਾਵਰ ਸਿੰਘ ਜੀ ਆਦਿਕ ੫੦ ਦੇ ਕਰੀਬ ਇਕੱਠੇ ਸਟੇਜ ਦੇ ਸੱਜੇ ਪਾਸੇ ਸਜ ਰਹੇ ਸਨ ।

੭ ਕੁਰਸੀਆਂ ਖਾਲੀ ਪਈਆਂ ਹੋਈਆਂ ਸਨ ਤੇ ਜਦ ਵੀ ਉਨ੍ਹਾਂ ਵੱਲ ਨਿਗਾਹ ਪੈਂਦੀ ਸੀ ਦਿਲ ਤੜਫ ਉੱਠਦਾ ਸੀ ਇਕ ਵੇਰਾਂ ਭਰਿਆ ਹੋਇਆ ਪੰਡਾਲ ਸੁੰਨਾ ਮਲੂਮ ਹੋਣ ਲੱਗ ਪੈਂਦਾ ਸੀ। ਇਹ ਕੁਰਸੀਆਂ ਭਾਈ ਰਣਧੀਰ ਸਿੰਘ ਜੀ ਭਾਈ ਚਤਰ ਸਿੰਘ ਜੀ, ਭਾਈ ਨਿਦਾਨ ਸਿੰਘ ਜੀ ਭਾਈ ਮਦਨ ਸਿੰਘ ਜੀ, ਭਾਈ ਜਵਾਲਾ ਸਿੰਘ, ਭਾਈ ਅਮਰ ਸਿੰਘ, ਭਾਈ ਨਿਧਾਨ ਸਿੰਘ ਜੀ ਨੂੰ ਆਪਣੇ ਉੱਤੇ ਬੈਠਣ ਲਈ ਸਦ ਰਹੀਆਂ ਸਨ ਜੋ ਇਸ ਵੇਲੇ ਜੇਲ੍ਹਾਂ ਵਿਚ ਬੈਠੇ ਭਾਵੇਂ ਸਾਡੇ ਵਿਚ ਆ ਕੇ ਕੰਮ ਨਹੀਂ ਕਰ ਰਹੇ ਪਰ ਆਪਣਾ ਲਹੂ ਕੌਮ ਬੂਟੇ ਲਈ ਸੁਕਾ ਰਹੇ ਹਨ ।

ਤਕਰੀਬਨ ੧੨ ਵਜੇ ਡਾਕਟਰ ਕਿਚਲੂ ਜੀ ਆਏ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ। ਥੋੜ੍ਹੇ ਚਿਰ ਪਿੱਛੋਂ ਹੀ ਮਿ: ਮੁਹੰਮਦ ਅਲੀ, ਸ਼ੌਕਤ ਅਲੀ, ਮੌਲਾਨਾ ਅਬੁਲ ਕਲਾਮ ਆਜ਼ਾਦ ਜੀ ਆ ਗਏ। ਫਿਰ ਸ: ਖੜਕ ਸਿੰਘ ਜੀ ਪ੍ਰਧਾਨ, ਪ੍ਰਿੰਸੀਪਲ ਤੇਜਾ ਸਿੰਘ ਜੀ ਆਏ, ਜੈਕਾਰਿਆਂ ਨਾਲ ਅਸਮਾਨ ਗੂੰਜ ਉਠਿਆ। ਫਿਰ ਮਹਾਤਮਾਂ ਗਾਂਧੀ, ਤੇ ਉਨ੍ਹਾਂ ਦੀ ਧਰਮ ਪਤਨੀ, ਚੌਧਰੀ ਰਾਮਭਜ ਦਤ, ਚੌਧਰਾਨੀ ਸਰਲਾਦੇਵੀ, ਜੀ ਆਏ ਬਸ ਫਿਰ ਤਾਂ 'ਸਤਿ ਸ੍ਰੀ ਅਕਾਲ' ਦੀ ਗੂੰਜ ਨਾਲ ਕਾਇਰਾਂ ਦੇ ਕਲੇਜੇ ਦਹਿਲ ਗਏ। ਇਨ੍ਹਾਂ ਤੋਂ ਬਿਨਾਂ ਲਾਲਾ ਦੁਨੀ ਚੰਦ ਜੀ ਆਗਾ ਸਫਦਰ, ਲਾਲਾ ਗਵਰਧਨ ਦਾਸ, ਭਾਈ ਪ੍ਰਮਾ ਨੰਦ ਜੀ ਐਮ. ਏ. ਆਦਿਕ ਕਈ ਮੁਖੀ ਲੀਡਰ ਵੀ ਸ਼ਾਮਲ ਹੋ ਚੁੱਕੇ ਸਨ।

੧ ਵਜੇ ਦੇ ਮਗਰੋਂ ਪ੍ਰਿੰਸੀਪਲ ਤੇਜਾ ਸਿੰਘ ਜੀ ਅਰਦਾਸਾ ਕੀਤਾ ਫਿਰ ਇਕ ਸ਼ਬਦ ਅਤੇ ਇਕ ਬੜੀ ਮਨੋਹਰ ਤੇ ਦਰਦ ਭਰੀ ਕਵਿਤਾ ਮਗਰੋਂ ਕਾਰਵਾਈ ਸ਼ੁਰੂ ਹੋਈ ।

ਇਸ ਵੇਲੇ ਗਿਆਨੀ ਗੁਰਬਖਸ਼ ਸਿੰਘ ਨੂੰ ਪ੍ਰੋਗਰਾਮ ਸੁਣਾਨ ਲੱਗਿਆ ਅਵਾਜ਼ ਆਈ ਕਿ ਇਹ ਤਨਖ਼ਾਹੀਆਂ ਹੈ ਇਸ ਨੂੰ ਬੋਲਣ ਦਾ ਹੱਕ ਨਹੀਂ ।

ਸ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਨੇ ਉਠ ਕੇ ਆਖਿਆ ਕਿ ਲਾਜਪਤ ਰਾਇ ਦੀ ਚਿੱਠੀ ਆਈ ਹੈ "ਮੈਂ ਬੀਮਾਰ ਹਾ ਅਤੇ ਭਾਵੇਂ ਮੈਂ ਆਪ ਨਹੀਂ ਆ ਸਕਦਾ ਪਰ ਮੇਰਾ ਦਿਲੀ ਚਾਹ ਹੈ ਕਿ ਖਾਲਸਾ ਮੈਦਾਨ ਵਿਚ ਨਿਤਰ ਕੇ ਕੌਮੀ ਸੇਵਾ ਦੇ ਮੈਦਾਨ ਨੂੰ ਫਤੇ ਕਰੇ। ਟੈਮ ਟ੍ਰੈਨਸ ਕਮੇਟੀ ਨੇ ਤਾਰ ਭੇਜੀ ਹੈ ਕਿ "ਖਾਲਸਾ ਜੀ ਹੁਣ ਸਾਰੇ ਹੀ ਸ਼ਰਾਬ ਪੀਣੀ ਛਡ ਕੇ ਕੌਮੀ ਸੇਵਾ ਵਿਚ ਜੁਟ ਪਵੋ" ਭਵਾਨੀ ਦੀ ਪੁਲੀਟੀਕਲ ਕਾਨਫ੍ਰੰਸ ਨੇ ਹਮਦਰਦੀ ਦੀ ਤਾਰ ਭੇਜੀ ਇਸ ਦੇ ਮਗਰੋਂ ਸ: ਸੁੰਦਰ ਸਿੰਘ ਜੀ ਚਾਵਲਾ ਪ੍ਰਧਾਨ ਆਗਤ ਭਾਗਤ ਕਮੇਟੀ ਨੇ ਆਪਣਾ ਐਡ੍ਰੇਸ ਪੜ੍ਹਨਾ ਆਰੰਭ ਕੀਤਾ ਜੋ ਕਿਸੇ ਦੂਜੀ ਥਾਂ ਛਪਿਆ ਹੈ ।

ਸੇਵਾ ਦੇ ਕੰਮ ਵਿਚ ਰੁਝੇ ਰਹਿਣ ਕਰ ਕੇ ਸਰਦਾਰ ਜੀ ਦੀ ਅਵਾਜ਼ ਨਾ ਚਲ ਸਕੀ ਇਸ ਲਈ ਐਡ੍ਰੇਸ ਦਾ ਥੋੜ੍ਹਾ ਹਿੱਸਾ ਪੜ ਕੇ ਸਮਾਪਤ ਕਰ ਦਿੱਤਾ ਗਿਆ।

ਸ: ਅਮਰ ਸਿੰਘ ਜੀ ਐ: ਲਾਇਲ ਗਜ਼ਟ ਨੇ ਉਠ ਕੇ ਇਸ ਨਾਜ਼ਕ ਮੌਕੇ ਉੱਤੇ ਕੌਮ ਦੀ ਅਗਵਾਈ ਕਰਨ ਲਈ ਸ: ਖੜਕ ਸਿੰਘ ਜੀ ਰਈਸ ਨੂੰ ਪ੍ਰਧਾਨ ਬਣਨ ਦੀ ਤਜਵੀਜ ਕੀਤੀ ਫਿਰ ਸ: ਸਰਦੂਲ ਸਿੰਘ ਜੀ ਮਾਸਟਰ ਮੋਤਾ ਸਿੰਘ ਜੀ ਸ: ਅਮਰ ਸਿੰਘ ਜੀ ਡਿਆਲ ਭੜਿੰਗ, ਸ: ਹਰਚੰਦ ਸਿੰਘ ਜੀ, ਸ: ਗੁਰਬਖਸ਼ ਸਿੰਘ ਜੀ ਵਕੀਲ ਨੇ ਤਾਈਦ ਕਰਦਿਆਂ ਹੋਇਆ ਦੱਸਿਆ ਕਿ ਸਰਦਾਰ ਜੀ ਪੂਰਨ ਸਿੱਖ, ਵਿਦਵਾਨ ਅਤੇ ਰਈਸ ਭੀ ਹਨ, ਇਨ੍ਹਾਂ ਨੇ ਹੀ ਸਿਆਲਕੋਟ ਬਾਬੇ ਦੀ ਬੇਰ ਦਾ ਪਤਿਤ ਸਰਬਰਾਹ ਹਟਾਣ ਵਿਚ ਪੂਰੇ ਸਿੰਘਾਂ ਵਾਲਾ ਹੌਂਸਲਾ ਤੇ ਹਿੰਮਤ ਵਿਖਾਈ ਹੈ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪ੍ਰਧਾਨ ਜੀ ਕੁਰਸੀ ਤੇ ਆ ਸਜੇ।

ਅਕਾਲੀ ਲਾਹੌਰ, ੨੩ ਅਕਤੂਬਰ ੧੯੨੦

ਦਰਦ ਭਰਿਆ ਝਾਕਾ

ਇਸ ਵੇਲੇ ਸਰਦਾਰ ਹਰਚੰਦ ਸਿੰਘ ਜੀ ਕੌਮਾਂਗਾਟਾ ਮਾਰੂ ਦੇ ਮੁਸਾਫ਼ਰਾਂ ਅਤੇ ਕੈਨੇਡਾ ਵਾਸੀ ਉਨ੍ਹਾਂ ਸਿੱਖ ਬੀਰਾਂ ਦੇ ਦਰਸ਼ਨ ਕਰਾਏ ਜਿਨ੍ਹਾਂ ਨੇ ਕੌਮ ਤੇ ਮੁਲਕ ਦੀ ਖ਼ਾਤਰ ਅਸਹਿ ਕਸ਼ਟ ਸਹੇ, ਘਰ ਘਾਟ ਗਵਾਏ, ਕੈਦਾਂ ਕਟੀਆਂ ਅਤੇ ਆਪਣੀ ਕੁਰਬਾਨੀ ਨਾਲ ਮੁਲਕ ਵਿਚ ਇਕ ਜੀਵਨ ਪੈਦਾ ਕਰ ਦਿੱਤਾ ਹੈ।

ਇਨ੍ਹਾਂ ਬੀਰਾਂ ਤੇ ਕੁਰਬਾਨੀ ਦੇ ਪੁਤਲਿਆਂ ਨੂੰ ਸਟੇਜ ਤੇ ਖੜਾ ਕਰਕੇ ਸਰਦਾਰ ਜੀ ਨੇ ਆਖਿਆ ਕਿ :— "ਭਰਾਵੋ ਇਨਾਂ ਬੀਰਾਂ ਨੇ ਉਸ ਵੇਲੇ ਅੰਗਰੇਜ਼ੀ ਨਿਆਂ-ਨਿਆਂ ਦਾ ਪਾਜ ਖੋਲਿਆ ਸੀ ਜਿਸ ਵੇਲੇ ਹਿੰਦ ਵਿਚ ਅੱਜ ਵਰਗੀ ਜਾਗ ਨਹੀਂ ਸੀ। ਇਨ੍ਹਾਂ ਨੇ ਕਾਨੂੰਨ ਅਨੁਸਾਰ ਕੈਨੇਡਾ ਵਿਚ ਜਹਾਜ ਖੜਿਆ ਤੇ ਸਮੁੰਦਰਾਂ ਵਿਚ ਕਈ ਦਿਨ ਧਕੇ ਖਾ ਖਾ ਕੇ ਖੱਜਲ ਹੁੰਦੇ ਰਹੇ ਜਦ ਮੁੜ ਘਰ ਆਏ ਅੱਗੋ ਗੋਲੀਆਂ ਦੇ ਮੀਂਹ ਨਾਲ ਇਨਾਂ ਦੀ ਅਜ਼ਾਦੀ ਦੀ ਪਿਆਸ ਬੁਝਾਈ ਗਈ। ਭਰਾਵੋ ਸਾਡੇ ਵੱਡੇ ਲੀਡਰਾਂ ਉਸ ਵੇਲੇ ਕਿਹਾ ਇਹ ਸਿੱਖ ਹੀ ਨਹੀਂ ਹਨ। (ਲਾਨਤ) ਕੀ ਇਹ ਸਿੱਖ ਨਹੀਂ ਹਨ? ਕੀ ਇਹ ਗੁਰਦੁਆਰਿਆਂ, ਪੰਥ ਤੇ ਦੇਸ਼ ਖਾਤਰ ਸਦਕੇ ਹੋ ਜਾਣ ਵਾਲੇ ਸਿੱਖ ਨਹੀਂ ਹਨ? ਅਤੇ ਕੀ ਉਹ ਸਿੱਖ ਹਨ ਜਿਹੜੇ ਦੋ ਚਾਰ ਮੱਰਬਿਆਂ ਦੀ ਖ਼ਾਤਰ ਭਰਾਵਾਂ ਦਾ ਗਲਾ ਕਟਦੇ ਹਨ? (ਬਿਲਕੁਲ ਨਹੀਂ) ਇਹ ਤਾਂ ਸਚੇ ਸਿੱਖ ਤੇ ਕਲਗੀ ਵਾਲੇ ਦੇ ਸਪੁੱਤਰ ਹਨ।

ਇਹ ਨਜ਼ਾਰਾ ਵੇਖ ਕੇ ਹਰੇਕ ਦਿਲ ਦਰਦ ਨਾਲ ਭਰ ਰਿਹਾ ਸੀ ਅਤੇ ਜਿਹੜੇ ਇਨਾਂ ਨੂੰ ਸਿੱਖ ਨਾ ਹੋਣ ਦੇ ਫਤਵੇ ਦੇਣ ਵਿਚ ਸ਼ਾਮਲ ਸਨ ਉਹ ਸ਼ਰਮ ਨਾਲ ਪਾਣੀ ਪਾਣੀ ਹੋ ਰਹੇ ਸਨ।

ਖ਼ਾਸ ਕਰ ਗਿਆਨੀ ਗੁਰਬਖ਼ਸ਼ ਸਿੰਘ ਦੀ ਹਾਲਤ ਡਾਢੀ ਤਰਸ ਯੋਗ ਸੀ। ਇਸ ਵੇਲੇ ਸ੍ਰੀ ਮਾਨ ਸਰਦਾਰ ਖੜਕ ਸਿੰਘ ਜੀ ਸਟੇਸ਼ਨ ਉਤੇ ਆਏ ਤੇ ਸੰਗਤ ਨੇ ਜੈਕਾਰਿਆਂ ਨਾਲ ਅਕਾਸ਼ ਗੂੰਜਾ ਦਿੱਤਾ ਆਪ ਨੇ ਬੜਾ ਵਿਦਵਤਾ ਭਰਿਆ ਵਿਖਆਨ ਪੜ੍ਹਿਆ ਮੌਜੂਦਾ ਸਮੇਂ ਦੇ ਸਭ ਜ਼ਰੂਰੀ ਸਵਾਲਾਂ ਉਤੇ ਚਾਨਣਾ ਪਾਇਆ। ਸੰਗਤ ਗਦ ਗਦ ਹੋ ਗਈ ਇਹ ਸਾਰਾ ਵਖਿਆਨ ਕਲ ਤੋਂ ਛਪਣਾ ਸ਼ੁਰੂ ਹੋ ਜਾਵੇਗਾ।

ਪ੍ਰਧਾਨ ਜੀ ਦੇ ਐਡਰੈਸ ਮਗਰੋਂ ਸ: ਸਰਦੂਲ ਸਿੰਘ ਜੀ ਨੇ ਦਸਿਆ ਕਿ ਭਲਕੇ ਮਹਾਤਮਾ ਗਾਂਧੀ ਜੀ, ਮੌਲਾਨਾ ਸ਼ੌਕਤ ਅਲੀ ਤੇ ਮੁਹੰਮਦ ਅਲੀ, ਡਾਕਟਰ ਕਿਚਲੂ ਆਪਣੇ ਸਨੇਹੇ ਆਪ ਨੂੰ ਸੁਨਾਣਗੇ। ਇਸ ਵੇਲੇ ਇਕ ਡਾਢੀ ਸਵਾਦਲੀ ਕਵਿਤਾ ਪੜ੍ਹੀ ਗਈ। ਫਿਰ ਦਸਿਆ ਗਿਆ ਹੁਣ ਸਬਜੈਕਟ ਕਮੇਟੀ ਦੀ ਚੋਣ ਹੋਵੇਗੀ, ਉਪਰੰਤ ਸਮਾਪਤੀ ਹੋਈ।

ਅਕਾਲੀ ਲਾਹੌਰ, ੨੫ ਅਕਤੂਬਰ ੧੯੨੦

ਗੁਰਦੁਆਰਾ ਰਕਾਬ ਗੰਜ

ਪਹਿਲੇ ਪਰਚੇ ਵਿਚ ਇਸ ਗੁਰਦੁਆਰੇ ਸਬੰਧੀ ਸਰਕਾਰੀ ਐਲਾਨ ਪ੍ਰਕਾਸ਼ਤ ਹੋਇਆ ਹੈ। ਹੁਣ ਤਕ ਇਸ ਗੁਰਦੁਆਰੇ

ਸਬੰਧੀ ਇਡੇ ਜ਼ਬਰਦਸਤ (ਐਜੀਟੇਸ਼ਨ) ਰੌਲੇ ਦਾ ਕੇਵਲ ਇਹ ਫਲ ਨਿਕਲਿਆ ਕਿ—

੧. ਸਰਕਾਰ ਨੇ ਹੁਣ ਦਿੱਲੀ ਦੀਵਾਨ ਨੂੰ ਆਪਣਾ ਹਥਿਆਰ ਬਣਾ ਲਿਆ ਹੈ ਅਤੇ ਪੰਥ ਦੀ ਅਵਾਜ਼ ਦੀ ਉਸੇ ਤਰ੍ਹਾਂ ਬੇਪ੍ਰਵਾਹੀ ਕਰਦੀ ਹੈ।

੨. ਜਿਸ ਚੀਫ਼ ਖਾਲਸਾ ਦੀਵਾਨ ਸਬੰਧੀ ਪੰਥ ਵਿਚ ਇਡੀ ਬੇਇਤਬਾਰੀ ਵਧ ਗਈ ਹੈ ਕਿ ਜੇ ਹੁਣ ਉਹ ਕੋਈ ਚੰਗਾ ਕੰਮ ਵੀ ਕਰਨਾ ਚਾਹੇ ਤਾਂ ਵੀ ਲੋਕਾਂ ਨੂੰ ਸ਼ੱਕ ਹੀ ਪਵੇਗਾ ਅਤੇ ਲੋਕ ਵਿਰੋਧ ਕਰਨਗੇ ਅਖ਼ਬਾਰਾਂ ਅਤੇ ਦੀਵਾਨ ਦੇ ਗੁਰਮਤਿਆਂ ਦੁਆਰਾ ਕਕਈ ਵਾਰ ਪ੍ਰਗਟ ਕੀਤਾ ਗਿਆ ਹੈ ਕਿ ਇਹ ਦੀਵਾਨ ਪੰਥ ਦਾ ਪ੍ਰਤੀਨਿਧ ਬਿਲਕੁਲ ਨਹੀਂ ਹੈ ਅਤੇ ਜਿਸ ਦੇ ਆਖੇ ਲੱਗ ਕੇ ਹੀ ਸਰਕਾਰ ਨੇ ਸਿੱਖਾਂ ਵਿਚ ਆਪਣੇ ਵਿਰੁੱਧ ਘ੍ਰਿਣਾ ਪੈਦਾ ਕਰ ਲਈ ਹੈ। ਫਿਰ ਉਸੇ ਨੂੰ ਹੀ ਪ੍ਰਤੀਨਿਧ ਮੰਨਿਆਂ ਹੋਇਆ ਹੈ।

੨. ਢਠੀ ਹੋਈ ਦੀਵਾਰ ਦੇ ਚੜਾਨ ਦਾ ਫ਼ੈਸਲਾ ਦਿੱਲੀ ਦੀਵਾਨ ਅਤੇ ਚੀਫ਼ ਖਾਲਸਾ ਦੀਵਾਨ ਤੇ ਛਡ ਕੇ ਸਾਰੇ ਪੰਥ ਦਾ ਨਿਰਾਦਰ ਕੀਤਾ ਗਿਆ ਹੈ। ਜਦ ਇਸ ਦੀਵਾਰ ਦੀ ਖ਼ਾਤਰ ਕਈ ਸਿਦਕੀ ਗੁਰੂ ਦੁਲਾਰੇ ਹੋਰਨਾਂ ਮਾਮਲਿਆਂ ਵਿਚ ਫਸਾ ਕੇ ਜੇਲ੍ਹੀ ਸੁਟੇ ਗਏ, ਹਜ਼ਾਰ ਦੇ ਕਰੀਬ 'ਸ਼ਹੀਦੀ ਦਲ' ਸੀਸ ਭੇਟ ਕਰਨ ਲਈ ਤਿਆਰ ਬੈਠਾ ਹੈ ਅਤੇ ਪੰਥ ਦਾ ਸੀਨਾ ਦੀਵਾਰ ਨੂੰ ਉਸੇ ਸ਼ਕਲ ਵਿਚ ਚੜੀ ਹੋਈ ਵੇਖਣ ਲਈ ਤੜਪ ਰਿਹਾ ਹੈ ਫਿਰ ਇਸ ਸਾਰੀ ਗੱਲ ਨੂੰ ਅਖੀਉਂ ਉਹਲੇ ਕਰ ਕੇ ਫ਼ੈਸਲਾ ਉਨ੍ਹਾਂ ਦੀਵਾਨਾ ਦੇ ਗੋਚਰਾ ਛਡਿਆ ਗਿਆ ਹੈ ਜੋ ਪਹਿਲਾਂ ਢਹਾਉਣ ਦੇ ਮੋਢੀ ਸਨ।

ਹੁਣ ਨੌਕਰ ਸ਼ਾਹੀ ਦੇ ਅਜਿਹੇ ਭੁਲੇਖਿਆ ਤੇ ਪੰਥ ਨਹੀਂ ਪਤੀਜਦਾ ਅਤੇ ਅਸੀਂ ਸਾਫ਼-ਸਾਫ਼ ਆਖ ਦੇਂਦੇ ਹਾਂ ਕਿ ਉਪਰੋਕਤ ਐਲਾਨ ਨੇ ਪੰਥ ਦੇ ਦਿਲ ਡਾਢੀ ਚੋਟ ਲਈ ਹੈ।

ਦਿੱਲੀ ਦੀਵਾਨ ਅਤੇ ਚੀਫ਼ ਖਾਲਸਾ ਦੀਵਾਨ ਪੰਥ ਦੇ ਪ੍ਰਤੀਨਿਧ ਨਹੀਂ ਹਨ। ਦੀਵਾਰ ਦੇ ਚਾੜ੍ਹਨ ਅਤੇ ਨਾ ਚਾੜਨ ਦਾ ਉਨ੍ਹਾਂ ਦਾ ਫ਼ੈਸਲਾ ਪੰਥ ਦਾ ਫੈਸਲਾ ਨਹੀਂ ਹੋਵੇਗਾ। ਪੰਥ ਨੇ ਬੇਨਤੀਆਂ ਕੀਤੀਆਂ, ਜ਼ੋਰ ਲਾਇਆ ਕਿ ਇਹ ਢਠੀ ਦੀਵਾਰ ਸਰਕਾਰ ਆਪ ਚਾੜ੍ਹ ਦੇਵੇ ਸੋ ਹੁਣ ਸਰਕਾਰ ਤਾਂ ਚੜਾਨੋ ਰਹੀ। ਇਸ ਲਈ **ਸ਼ਹੀਦੀ ਦਲ** ਦਾ ਹੁਣ ਫਰਜ਼ ਹੈ ਕਿ ਬਹੁਤ ਛੇਤੀ ਫ਼ੈਸਲਾ ਕਰ ਕੇ ਦਿਲੀ ਵਲ ਵਹੀਰਾਂ ਘਤੀਆਂ ਜਾਣ ਅਤੇ ਆਪਣੇ ਹਥੀਂ ਪਿਆਰੇ ਗੁਰੂ ਦੀ ਢਠੀ ਹੋਈ ਕੰਧ ਨੂੰ ਖੜਾ ਉਸਾਰ ਕੇ ਨੌਕਰਸ਼ਾਹੀ ਅਤੇ ਉਸ ਦੇ ਜੀ ਹਜ਼ੂਰੀਆਂ ਦੀ ਪੰਥ ਉੱਤੇ ਕੋਈ ਕ੍ਰਿਪਾ ਦੀ ਅਟਲ ਯਾਦਗਾਰ ਬਣਾ ਦਿੱਤੀ ਜਾਵੇ। ਤਾਂ ਜੇ ਫਿਰ ਕਦੀ ਪੰਥ ਇਨ੍ਹਾਂ ਦੇ ਦਾਉ ਵਿਚ ਨਾ ਆਵੇ।

ਸ: ਟਹਿਲ ਸਿੰਘ ਜੀ, ਸ: ਸੁਰੈਣ ਸਿੰਘ ਜੀ, ਸ: ਭਾਗ ਸਿੰਘ ਜੀ ਚਕ, ਨੰ: ੩੮ ਜ਼ਿਲਾ ਸ਼ੇਖੂ ਪੁਰਾ ਜ਼ੋਰ ਦਿੰਦੇ ਹਨ ਕਿ 'ਸ਼ਹੀਦੀ ਦਲ' ਵਿਚ ਉਨ੍ਹਾਂ ਦੇ ਨਾਮ ਲਿਖ ਕੇ ਅਖ਼ਬਾਰ ਵਿਚ ਜ਼ਰੂਰ ਛਾਪੇ ਜਾਣ ਹੋਰ ਵੀ ਕਈ ਸੱਜਣਾਂ ਦਾ ਖ਼ਿਆਲ ਸੀ ਪਰ ਸਾਡੀ ਬੇਨਤੀ ਇਹ ਹੈ ਕਿ ੧੦੦ ਸਿੰਘਾਂ ਦੀ ਥਾਂ ੧੦੦੦ ਸਿੰਘ ਨੇ ਨਾਮ ਭੇਜ ਦਿਤੇ ਹਨ ਤੇ ਨਾਮ ਛਾਪਣ ਦਾ ਬਹੁਤ ਸਾਰਾ ਇਹੋ ਭਾਵ ਹੋਇਆ ਕਰਦਾ ਹੈ ਕਿ ਲੋਕਾਂ ਨੂੰ ਉਤਸ਼ਾਹ ਹੋਵੇ ਤੇ ਤਿਆਰ ਹੋਣ ਜਿਹੜੇ ਕੌਮ ਲਈ ਇਡੀ ਕੁਰਬਾਨੀ ਲਈ ਤਿਆਰ ਹੁੰਦੇ ਹਨ ਉਨ੍ਹਾਂ ਨੂੰ ਅਖ਼ਬਾਰ ਵਿਚ ਨਾਮ ਛਪਵਾਣ ਦਾ ਬਹੁਤਾ ਖ਼ਿਆਲ ਨਹੀਂ ਹੁੰਦਾ। ਸੋ ਹੁਣ ਚੂੰਕਿ ਕਾਰਜ ਰਾਸ ਹੋ ਗਿਆ ਹੈ ਅਤੇ ਨਾਮ ਰਜਿਸਟਰ ਵਿਚ ਲਿਖ ਲਏ ਗਏ ਹਨ ਇਸ ਲਈ ਛਾਪਣ ਦੀ ਲੋੜ ਕੋਈ ਨਹੀਂ ਜਾਪਦੀ।

ਸਿੱਖ ਲੀਗ ਦੇ ਨਜ਼ਾਰੇ

੨੧ ਤਰੀਕ ਦੀ ਕਾਰਵਾਈ

ਪੰਡਾਲ ਵਿਚ ਸੰਗਤਾਂ ੧੧ ਵਜੇ ਤੋਂ ਵੀ ਪਹਿਲੇ ਹੀ ਆਉਂਦੀਆਂ ਸ਼ੁਰੂ ਹੋ ਗਈਆਂ ਤੇ ੧੧ ਵਜੇ ਤਕ ਪੰਡਾਲ ਆਦਮੀਆਂ ਨਾਲ ਖਚਾ-ਖਚਾ ਭਰ ਗਿਆ ਅੱਜ ਕਿਉਂਕਿ ਨਾ ਮਿਲਵਰਤਨ ਦਾ ਗੁਰਮਤਾ ਪੇਸ਼ ਹੋਣਾ ਸੀ ਇਸ ਲਈ ਸੰਗਤਾਂ ਦੀ ਗਿਣਤੀ ਕਲ ਨਾਲੋਂ ਵੀ ਵਧੀਕ ਸੀ ਇਸ ਵਿਚ ਨਾ ਕੇਵਲ ਸਿੱਖ ਹੀ ਸਨ ਸਗੋਂ ਹਿੰਦੂ ਮੁਸਲਮਾਨ ਬਰਾ ਕਾਫੀ ਗਿਣਤੀ ਵਿਚ ਮੌਜੂਦ ਸਨ।

ਨਕਟਾਈਆਂ ਉਤਾਰੀਆਂ ਗਈਆਂ

ਕਿਉਂਕਿ ਲੋਕਾਂ ਵਿਚ ਦੇਸੀ ਵਸਤੂਆਂ ਦੇ ਪ੍ਰੇਮ ਦੀ ਲਹਿਰ ਬੜੇ ਜ਼ੋਰ ਉਪਰ ਦੀ ਇਸ ਲਈ ਵਾਲੰਟੀਅਰਾਂ ਤੇ

ਦੂਜੇ ਪ੍ਰੇਮੀਆਂ ਨੇ ਅੰਗ੍ਰੇਜ਼ੀ ਫ਼ੈਸ਼ਨ ਦੇ ਸ਼ੌਕੀਨਾ ਪਾਸ ਬਿਨੈ ਕੀਤੀ ਕਿ ਉਨ ਇਨ੍ਹਾਂ ਵਲੈਤੀ ਨਕਟਾਈਆਂ ਦਾ ਤਿਆਗ ਕਰ ਦੇਣ, ਲੋਕਾਂ ਨੇ ਆਪਣੀ-ਆਪਣੀ ਮਰਜੀ ਨਾਲ ਸਭ ਨਕਟਾਈਆਂ ਲਾਹ ਦਿੱਤੀਆਂ ਜਿਨਾਂ ਦੀ ਗਿਣਤੀ ਕੋਈ ਪੰਜ ਸੌ ਤਕ ਹੋਵੇਗੀ ਜਿਨਾਂ ਵਿਚ ਨਕਟਾਈ ਸ: ਮਤਾਬ ਸਿੰਘ ਜੀ ਸਰਕਾਰੀ ਵਕੀਲ ਵੀ ਸੀ।

ਪ੍ਰੈਜ਼ੀਡੈਂਟ ਜੀ ਦਾ ਆਗਮਨ

ਕੋਈ ੧੧ ਵਜ ਕੇ ੫੫ ਮਿੰਟ ਉਪਰ ਸ: ਖੜਕ ਸਿੰਘ ਜੀ ਪ੍ਰਧਾਨ ਪਿੰਡਾਲ ਵਿਚ ਆਏ ਸੰਗਤ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਪ ਦਾ ਸਵਾਗਤ ਕੀਤਾ ਉਪਰੰਤ ਸੰਤ ਤੇਜਾ ਸਿੰਘ ਜੀ ਐਮ. ਏ. ਨੇ ਅਰਦਾਸਾ ਸੋਧਿਆ ਤੇ ਕਾਰਵਾਈ ਲੀਗ ਸ਼ੁਰੂ ਹੋਈ ਫੇਰ ਨਿਰਮਲ ਤਾਰਨ ਸਿੰਘ ਨੇ ਆਪਣੀ ਕਵਿਤਾ ਪੜ੍ਹੀ ਜਿਸ ਦੇ ਪਹਿਲੇ ਦੋ ਬੰਦ ਇਹ ਸਨ।

"ਅਗਰ ਹਿੰਦ ਡੂਬਾ ਤੋਂ ਡੂਬੇਗੇ ਸਾਰੇ
ਨ ਤੁਮ ਹੀ ਬਚੋਗੇ ਨ ਸਾਥੀ ਤੁਮਹਾਰੇ"

ਉਪਰੰਤ ਸ: ਮਾਂਹ ਸਿੰਘ, ਸ: ਅਮਰ ਸਿੰਘ ਸਫਦਾਰ ਤੇ ਲਾਲਾ ਉਮਰਾ ਉਮਲ ਲਾਇਲਪੁਰੀ ਨੇ ਵੀ ਆਪੋ ਆਪਣੀਆਂ ਕਵਿਤਾ ਪੜ੍ਹੀਆਂ ਤੇ ਸ: ਕਰਤਾਰ ਸਿੰਘ ਝਬਰ ਨੇ ਮਿਠੀ ਸੁਰ ਨਾਲ ਸ਼ਬਦ ਪੜ੍ਹਿਆ।

ਤਿਲਕ ਜੀ ਮਹਾਰਾਜ ਦਾ ਸ਼ੋਕ

ਫੇਰ ਪ੍ਰਧਾਨ ਜੀ ਨੇ ਹੇਠ ਲਿਖਿਆ ਗੁਰਮਤਾ ਪੇਸ਼ ਕੀਤਾ ਤੇ ਬੇਨਤੀ ਕੀਤੀ ਕਿ ਸਾਰੇ ਸੱਜਣ ਇਸ ਗੁਰਮਤੇ ਦੇ ਪੇਸ਼ ਹੁਣ ਤੋਂ ਲੈ ਕੇ ਪਾਸ ਹੋਣ ਤਕ ਸਨਿਮਰ ਖੜ੍ਹੇ ਹੋ ਜਾਣ ਸੋ ਸਭ ਸੰਗਤ ਖੜੀ ਹੋ ਗਈ ਤੇ ਪ੍ਰਧਾਨ ਜੀ ਨੇ ਗੁਰਮਤਾ ਪੜ੍ਹਿਆ—ਸਿੱਖ ਲੀਗ ਦਾ ਇਹ ਦੂਸਰਾ ਇਜਲਾਸ ਲੋਕ ਮਾਨ ਬਾਲ ਗੰਗਾ ਧਰ ਤਿਲਕ ਜੀ ਮਹਾਰਾਜ ਦੇ ਬੇਵਕਤ ਚਲਾਣੇ ਉਪਰ ਸ਼ੋਕ ਪ੍ਰਗਟ ਕਰਦਾ ਹੈ ਐਸੇ ਸਮੇਂ ਜਦ ਕਿ ਉਨ੍ਹਾਂ ਦੀਆਂ ਕੁਰਬਾਨੀਆਂ, ਦੇਸ਼ ਭਗਤੀ ਅਤੇ ਲੀਡਰ ਦੀ ਅਤੀ ਲੋੜ ਸੀ ਉਨ੍ਹਾਂ ਦਾ ਵਿਛੋੜਾ ਭਾਰਤ ਲਈ ਅਸਹਿ ਸਮਝਦਾ ਹੋਇਆ ਉਨ੍ਹਾਂ ਦੇ ਮਿੱਤਰਾਂ ਤੇ ਸਬੰਧੀਆਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

ਨਾ ਮਿਲਵਰਤਨ ਦਾ ਗੁਰਮਤਾ

ਸ: ਸਰਦੂਲ ਸਿੰਘ ਜੀ ਕਵੀਸ਼ਰ ਨੇ ਨਾ ਮਿਲਵਰਤਨ ਦਾ ਗੁਰਮਤਾ ਸੰਗਤ ਦੇ ਪੇਸ਼ ਕੀਤਾ ਜੋ ਇਸ ਪ੍ਰਕਾਰ ਸੀ—

ਸਰਕਾਰ ਅੰਗ੍ਰੇਜ਼ੀ ਦੀ ਸਿੱਖ ਹੱਕਾਂ ਨਾਲ ਬੇਪ੍ਰਵਾਹੀ ਨੂੰ ਦੇਖ ਕੇ ਤੇ ਪਿਛਲੇ ਸਾਲ ਪੰਜਾਬੀਆਂ ਉਪਰ ਮਾਰਸ਼ਲ-ਲਾਅ ਦੇ ਸਮੇਂ ਕੀਤੇ ਜ਼ੁਲਮਾਂ ਨੂੰ ਦੇਖ ਕੇ ਜਿਸ ਦੀ ਅਯੋਗ ਹਮੈਤ ਸਰਕਾਰ ਹਿੰਦ ਅਤੇ ਪਾਰਲੀਮੈਂਟ ਵੱਲੋਂ ਕੀਤੀ ਗਈ ਅਤੇ ਖਿਲਾਫਤ ਸਬੰਧੀ ਜਿਹੜੀ ਬੇਇਨਸਾਫ਼ੀ ਸਾਡੇ ਮੁਸਲਮਾਨ ਭਰਾਵਾਂ ਨਾਲ ਹੋਈ ਉਹ ਦੇਖ ਕੇ ਸਿੱਖ ਲੀਗ ਦਾ ਇਹ ਜਲਸਾ ਫ਼ੈਸਲਾ ਕਰਦਾ ਹੈ ਕਿ ਹਿੰਦ ਵਾਸੀਆਂ ਨੂੰ ਕਦੀ ਤਸੱਲੀ ਨਹੀਂ ਹੋ ਸਕਦੀ ਤੇ ਨਾ ਹੀ ਐਸੇ ਹੋਰ ਉਪਦਰ ਅਗੋਂ ਲਈ ਹਟ ਸਕਦੇ ਹਨ ਜਦ ਤਕ ਹਿੰਦੁਸਤਾਨੀਆ ਨੂੰ ਸਵਰਾਜ ਨੂੰ ਪ੍ਰਾਪਤ ਹੋ ਜਾਏ, ਜ਼ੁਲਮਾ ਦੇ ਦੂਰ ਕਰਨ ਦਾ ਤਰੀਕਾ ਇਸ ਲੀਗ ਦੇ ਖ਼ਿਆਲ ਵਿਚ ਇਹੋ ਹੈ ਕਿ ਨਾ ਮਿਲ ਵਰਤਨ ਅਖ਼ਤਿਆਰ ਕੀਤਾ ਜਾਏ ਤੇ ਇਸ ਨੂੰ ਬਾ ਅਸਰ ਬਨਾਉਣ ਲਈ ਪ੍ਰਚਾਰ ਕੀਤਾ ਜਾਏ ਤੇ ਇਸ ਉਪਰ ਅਮਲ ਇਸ ਪ੍ਰਕਾਰ ਸ਼ੁਰੂ ਕੀਤਾ ਜਾਏ।

੧. ਸਰਕਾਰੀ ਖਤਾਬ, ਆਨਰੇਰੀ ਮੈਜਿਸਟ੍ਰੇਟੀਆਂ ਅਤੇ ਸਰਕਾਰੀ ਮੈਂਬਰੀਆਂ ਦਾ ਤਿਆਗ ਕਰ ਦਿੱਤਾ ਜਾਏ।

੨. ਸਰਕਾਰੀ ਜਲਸੇ ਤੇ ਦਰਬਾਰਾਂ ਵਿਚ ਜਾਣਾ ਬੰਦ ਕਰ ਦਿੱਤਾ ਜਾਏ।

੩. ਸਾਰੇ ਸੱਜਣ ਸਰਕਾਰੀ ਅਤੇ ਸਰਕਾਰ ਪਾਸੋਂ ਸਹਾਇਤਾ ਲੈਣ ਵਾਲੇ ਸਕੂਲ ਅਤੇ ਕਾਲਜਾਂ ਵਿੱਚੋਂ ਹੌਲੀ-ਹੌਲੀ ਆਪਣੇ ਮੁੰਡੇ ਉਠਾ ਲੈਣ ਅਤੇ ਆਪਣੇ ਕੌਮੀ ਸਕੂਲ ਤੇ ਕਾਲਜ ਖੋਲ੍ਹ ਕੇ ਉਨ੍ਹਾਂ ਵਿਚ ਪੜਾਈ ਕੀਤੀ ਜਾਏ।

੪. ਕੋਈ ਸੱਜਣ ਕਚੈਹਰੀਆਂ ਵਿਚ ਆਪਣੇ ਮੁਕੱਦਮੇ ਨਾ ਲੈ ਜਾਣ ਸਗੋਂ ਹਰ ਥਾਂ ਪੰਚਾਇਤਾਂ ਸਥਾਪਨ ਕਰ ਕੇ ਉਨ੍ਹਾਂ ਦੁਆਰਾ ਆਪਣੇ ਝਗੜੇ ਨਬੇੜ ਲਏ ਜਾਇਆ ਕਰਨ।

੫. ਮੈਸੋਪੋਟੈਮੀਆਂ ਦੀ ਭਰਤੀ ਵਿਚ ਕੋਈ ਸਹਾਇਤਾ ਸਰਕਾਰ ਨੂੰ ਨਾ ਦਿੱਤੀ ਜਾਏ।

੬. ਨਵੀਆਂ ਕੌਂਸਲਾਂ ਵਿਚ ਕੋਈ ਮੈਂਬਰ ਉਮੀਦਵਾਰ ਨਾ ਹੋਏ ਤੇ ਜਿਹੜਾ ਇਸ ਕੌਮੀ ਤੈਹਰੀਕ ਦੇ ਉਲਟ ਹੋ ਕੇ ਕੌਂਸਲ ਦੀ ਮੈਂਬਰੀ ਲਈ ਯਤਨ ਕਰੇ ਉਸ ਨੂੰ ਕੋਈ ਵੋਟ ਨਾ ਦਿੱਤਾ ਜਾਏ।

੭. ਬਦੇਸੀ ਵਸਤੂਆਂ ਨੂੰ ਜਿਥੋਂ ਤਕ ਹੋ ਸਕੇ ਤਿਆਗ ਕੇ ਦੇਸੀ ਵਸਤੂਆਂ ਨੂੰ ਵਰਤਿਆਂ ਜਾਵੇ ਤੇ ਯਤਨ ਕੀਤਾ ਜਾਵੇ ਕਿ ਹਰ ਇਕ ਚੀਜ਼ ਦੇਸੀ ਤਿਆਰ ਕਰ ਕੇ ਵਰਤੀ ਜਾਇਆ ਕਰੇ ।

ਇਸ ਉਪਰ ਸਰਦਾਰ ਸਾਹਿਬ ਨੇ ਇਕ ਬੜੀ ਦਰਦਨਾਕ ਤੇ ਆਲਮਾਨਾ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਪਿਛਲੇ ਸਿੱਖਾ ਨਾਲ ਹੋਏ ਬਦਸਲੂਕਾਂ ਦਾ ਦਰਦ ਭਰੇ ਲਫਜ਼ਾਂ ਦੁਆਰਾ ਵਰਨਣ ਕੀਤਾ ਤੇ ਨਾਲ ਪਿਛਲੇ ਸਾਲ ਪੰਜਾਬ ਉਪਰ ਕੀਤੇ ਮਾਰਸ਼ਲ-ਲਾਅ ਦੇ ਜ਼ੁਲਮਾਂ ਤੇ ਮੁਸਲਮਾਨ ਭਰਾਵਾਂ ਨਾਲ ਸਰਕਾਰ ਦੀਆਂ ਵਾਅਦੇ ਖਲਾਫੀਆ ਦਾ ਜਿਕਰ ਵੀ ਬੜੇ ਜੋਰਦਾਰ ਲਫ਼ਜ਼ਾਂ ਵਿਚ ਕੀਤਾ ।

ਸ: ਸਰਦੂਲ ਸਿੰਘ ਕਵੀਸ਼ਰ ਦੀ ਤਕਰੀਰ

ਪਿਆਰੇ ਭਰਾਵੋਂ ਮੈਂ ਇਹ ਗੁਰਮਤਾ ਪੇਸ਼ ਕਰਨ ਮਗਰੋਂ ਬੇਨਤੀ ਕਰਦਾ ਹਾਂ ਕਿ ਨਾ ਮਿਲਵਰਤਨ ਵਿਚ ਚੰਗੀ ਵਸਤੂ ਹੈ। ਅਸੀਂ ਸਦਾ ਉਸੇ ਨਾਲ ਹੀ ਮਿਲ ਸਕਦੇ ਹਾਂ ਜਿਹੜਾ ਮਿਲਣ ਵਾਲਾ ਹੋਵੇ ਜਿਨਾਂ ਦਾ ਨੁਕਤਾ ਨਿਗਾਹ ਇਕ ਹੋਵੇ ਜਿਨ੍ਹਾਂ ਦਾ ਆਦਰਸ਼ ਇਕ ਹੋਵੇ ਜਦ ਦੋਵਾਂ ਨੇ ਇਕੋ ਪਾਸੇ ਜਾਣਾ ਹੋਵੇ ਤੇ ਕੇ ਇਕ ਨੇ ਲੈਂਹਦੇ ਵਲ ਜਾਣਾ ਹੋਵੇ ਤੇ ਦੂਜੇ ਨੇ ਚੜਦੇ ਵੱਲ ਤਦ ਉਹ ਨਾ ਦਾ ਅਜੋੜ ਹੋਣਾ ਜ਼ਰੂਰੀ ਤੇ ਕੁਦਰਤੀ ਹੈ (ਸੋ ਸਾਡੇ ਤੇ ਅੰਗ੍ਰੇਜ਼ਾਂ ਦੇ ਮੰਤਵ ਵਿਚ ਬੜਾ ਫ਼ਰਕ ਹੈ ਅਸੀਂ ਆਜ਼ਾਦੀ ਚਾਹੁੰਦੇ ਹਾਂ ਉਹ ਸਾਨੂੰ ਗੁਲਾਮ ਬਣਾ ਕੇ ਰਖਣਾ ਚਾਹੁੰਦੇ ਹਨ ਜੋ ਸਲੂਕ ਇਨ੍ਹਾਂ ਸਾਡੇ ਸਿੱਖਾਂ ਨਾਲ ਕੀਤਾ ਉਹ ਅਤੀ ਘ੍ਰਿਣਾ ਯੋਗ ਹੈ ਸੱਜਣੋਂ ਤਾਰੀਖ ਉਪਰ ਜਰਾ ਝਾਤ ਮਾਰ ਕੇ ਦੇਖੋ ਮਹਾਰਾਜਾ ਰਣਜੀਤ ਸਿੰਘ ਨੇ ਕਿਸ ਪ੍ਰਕਾਰ ਦੋਸਤੀ ਨਿਬਾਹੀ ਪਰ ਉਸ ਦਾ ਬਦਲਾ ਇਨ੍ਹਾਂ ਨੇ ਕੀ ਦਿੱਤਾ ਲਾਰਡ ਡਲਹੌਜੀ ਜਾਂ ਉਦੋਂ ਦੇ ਲਾਰਡ ਜੇ ਕਿਸੇ ਨਾ ਕਿਸੇ ਤਰ੍ਹਾਂ ਮਹਾਰਾਜੇ ਦੇ ਨੌਕਰਾਂ ਵਿਚ ਫੋਟਕ ਪਵਾ ਕੇ ਜਿਹਾ ਕਿ ਹੁਣ ਵੀ ਏਜੰਟਾਂ ਦੁਆਰਾ ਸਾਨੂੰ ਨਿਖੇੜਨ ਦਾ ਹੀਲਾ ਕੀਤਾ ਜਾਂਦਾ ਹੈ ਅਤੇ ਇਸ ਬਦਲੇ ਉਪਰ ਕਿ ਮਹਾਰਾਜੇ ਦੇ ਨੌਕਰਾਂ ਨੇ ਫਸਾਦ ਕੀਤਾ ਹੈ ਹਕੂਮਤ ਦੀ ਜ਼ਿੰਮੇਵਾਰੀ ਆਪਣੇ ਹੱਥ ਸੰਭਾਲਣ ਲਈ ਇਸ ਤੋਂ ਵੀ ਵਧ ਸਾਡੀ ਮਾਤਾ ਰਾਣੀ ਜਿੰਦਾਂ ਦੀ ਉਹ ਬੇਪਤੀ ਕੀਤੀ ਗਈ ਕਿ ਮੈਂ ਕਹਿ ਨਹੀਂ ਸਕਦਾ, ਸਰਕਾਰ ਅੰਗ੍ਰਜ਼ੀ ਨੇ ਇਹ ਸਲੂਕ ਆਪਣੇ ਦੋਸਤ (ਮਹਾਰਾਜਾ ਰਣਜੀਤ ਸਿੰਘ), ਦੀ ਇਸਤਰੀ ਨਾਲ ਕੀਤਾ, ਨਾ ਕੇਵਲ ਏਥੇ ਹੀ ਬਸ ਸਗੋਂ ਮਹਾਰਾਜਾ ਦਲੀਪ ਸਿੰਘ (ਜਿਹੜਾ ਕਿ ਅਜੇ ਬੱਚਾ ਸੀ) ਨੂੰ ਇਸ ਬਹਾਨੇ ਤਖ਼ਤ ਤੋਂ ਉਤਾਰ ਦਿੱਤਾ ਕਿ ਉਸ ਦੇ ਨੌਕਰਾਂ ਨੇ ਫ਼ਸਾਦ ਕੀਤਾ ਸੀ (ਹਾਲਾਂ ਕਿ ਇਸ ਫ਼ਸਾਦ ਦੀ ਸਜ਼ਾ ਜੇ ਕੋਈ ਹੋ ਸਕਦੀ ਸੀ ਤਦ ਉਸ ਏਜੰਟ ਨੂੰ ਮਿਲਣੀ ਚਾਹੀਦੀ ਸੀ ਜਿਸ ਦੇ ਹੱਥ ਵਿਚ ਕਾਰੋਬਾਰ ਸੀ ਨਾਕੇ ਮਾ: ਦਲੀਪ ਸਿੰਘ ਨੂੰ ਜਿਹੜਾ ਕਿ ਅਜੇ ਨਬਾਲਗ ਸੀ (ਐਡੀਟਰ) ਏਥੇ ਵੀ ਬਸ ਨਹੀਂ ਉਸ ਬੱਚੇ ਪਾਸੋਂ ਨਾ ਕੇਵਲ ਤਖ਼ਤ ਹੀ ਖੋਹਿਆ ਸਗੋਂ ਉਸ ਨੂੰ ਜਬਰਦਸਤੀ ਈਸਾਈ ਵੀ ਬਣਾ ਲਿਆ (ਸ਼ਰਮ ! ਸ਼ਰਮ !)

ਸੱਜਣੋਂ ਇਹ ਲਾਨਤਾਂ ਦਾ ਸਮਾਂ ਨਹੀਂ ਸਗੋਂ ਸਬਰ ਕਰਨ ਦਾ ਸਮਾਂ ਹੈ ਤੁਸੀਂ ਵੀ ਆਪਣੇ ਸੱਚੇ ਪਿਤਾ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਸ਼ਾਂਤੀ ਨਾਲ ਜਰੋ, ਸਿੱਖਾਂ ਨੇ ਜੋ ਨਮਕ ਹਲਾਲੀ ੧੮੫੭ ਦੇ ਗਦਰ ਵਿਚ ਦਿਖਾਈ, ਉਸ ਬਾਬਤ ਇਤਿਹਾਸਕਾਰ ਇਹ ਮੰਨਦੇ ਹਨ ਕਿ ਜੇ ਕਦੀ ਉਸ ਵੇਲੇ ਸਿੱਖ ਅੰਗ੍ਰੇਜ਼ਾਂ ਦੀ ਸਹਾਇਤਾ ਨਾ ਕਰਦੇ ਤਦ ਉਦੋਂ ਅੰਗ੍ਰੇਜ਼ੀ ਕੌਮ ਹਿੰਦ ਵਿੱਚੋਂ ਸਦਾ ਲਈ ਬਾਹਰ ਕੱਢ ਦਿੱਤੀ ਗਈ ਹੁੰਦੀ ਇਸ ਤੋਂ ਇਲਾਵਾ, ਤੀਰਾਹ, ਚੀਨ, ਤੇਚਤ੍ਰਾਲ ਵਿਚ ਇਨ੍ਹਾਂ ਖ਼ਾਤਰ ਸਿੱਖਾਂ ਨੇ ਜਾਨਾ ਲੜਾਈਆਂ ਅਜੇ ਕਲ੍ਹ ਦੀ ਗੱਲ ਹੈ ਕਿ ਜੰਗ ਜਰਮਨ ਸਮੇਂ ਜੋ ਬੀ ਸਿੱਖ ਭਰਤੀ ਦੇ ਲਾਇਕ ਸੀ ਭਰਤੀ ਹੋ ਕੇ ਪੂਰੀ-ਪੂਰੀ ਸਹਾਇਤਾ ਕੀਤੀ। ਉਸ ਜਾਲਮ ਉਡਵਾਇਰ ਦੀਆਂ ਆਪਣੀਆਂ ਸਪੀਚਾਂ ਪੜ੍ਹੋ, ਕਾਮਾਗਾਟਾ ਮਾਰੂ ਦੇ ਦਰਦਨਾਕ ਵਾਕੇ ਨੂੰ ਅੱਖਾਂ ਅਗੇ ਲਿਆਓ, ਉਹ ਗਰੀਬ ਆਪਣਾ ਜਹਾਜ਼ ਲੈ ਕੇ ਕੈਨੇਡਾ ਗਏ ਕੈਨੇਡਾ ਵਾਲਿਆਂ ਇਨਸਾਨੀਅਤ ਦੇ ਉਲਟ ਉਨ੍ਹਾਂ ਨੂੰ ਜਬਰਦਸਤੀ ਵਾਪਸ ਮੋੜਿਆ ਪਰ ਜਦ ਉਹ ਸਾਡੇ ਭਰਾ ਵਾਪਸ ਆਪਣੇ ਹੀ ਮੁਲਕ ਵਿਚ ਆਏ ਤਾਂ ਸਰਕਾਰ ਨੇ ਉਨ੍ਹਾਂ ਨਾਲ ਕੀ ਹਮਦਰਦੀ ਕੀਤੀ ਇਹ ਕਿ ਬਜ ਬਜ ਉਪਰ ਉਨ੍ਹਾਂ ਬੇਗੁਨਾਹਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ।

ਜਿਹੜੇ ਸਿੱਖ ਬਾਹਰੋਂ ਆਏ ਉਨ੍ਹਾਂ ਨੂੰ ਅਯੋਗ ਤੇ ਆਪਣੇ ਹੀ ਬਣਾਏ ਹੋਏ ਕਾਨੂੰਨਾਂ ਨਾਲ ਜੇਲ੍ਹ ਖਾਨਿਆਂ ਵਿਚ ਬੰਦ ਕਰ ਦਿੱਤਾ ਗਿਆ ਅਤੇ ਘਰ ਦੀਆਂ ਕਚਿਹਰੀਆਂ ਬਿਠਾ ਕੇ ਕਈ ਬੇਗੁਨਾਹਾਂ ਨੂੰ ਫਾਂਸੀ ਉਪਰ ਲਟਕਵਾ ਦਿੱਤਾ ਗਿਆ ਇਹ ਹੈ ਇਨਾਮ ਜੋ ਸਰਕਾਰ ਨੇ ਸਾਡੀਆਂ ਘਾਲਾਂ ਤੇ ਕੁਰਬਾਨੀਆਂ ਦਾ ਦਿੱਤਾ, ਸੋ ਕੌਣ ਐਸਾ ਬੇਗੈਰਤ

ਸਿੱਖ ਹੈ ਜੋ ਸਰਕਾਰ ਦੇ ਨੁਕਤਾ ਖ਼ਿਆਲ ਨਾਲ ਮਿਲੇ। ਸਵਾਏ ਨਾਮ ਧਰੀਕ ਅਤੇ ਕੌਮੀ ਗਦਾਰਾਂ ਦੇ। ਭਾਈ ਰਣਧੀਰ ਸਿੰਘ ਵਰਗੇ ਸਿੱਖਾਂ ਨੂੰ ਕਿੰਨਾ ਰੰਜ ਪੁਚਾਯਾ ਪਰ ਸਰਕਾਰ ਨੇ ਨਾ ਛਡਿਆ ਸ਼ਾਹੀ ਐਲਾਨ ਹੋਇਆਂ ਹਿੰਦੂ ਮੁਸਲਮਾਨ ਬਹੁਤ ਸਾਰੇ ਕੈਦੀ ਛਡ ਦਿੱਤੇ ਗਏ ਪਰ ਸਾਡੇ ਕੈਦੀਆਂ ਨੂੰ ਪੁਛਿਆ ਤਕ ਨਹੀਂ ਗਿਆ ਤੇ ਉਹ ਪਏ ਜੇਲ੍ਹਾਂ ਵਿਚ ਸੜ ਰਹੇ ਹਨ ਸੋ ਇਸ ਹਾਲਤ ਵਿਚ ਸਾਡਾ ਉਨ੍ਹਾਂ ਦਾ ਕਦ ਮੇਲ ਰਹਿ ਸਕਦਾ ਹੈ।

ਦੂਜੀ ਵਜਾ ਪੰਜਾਬ ਵਿਚ ਮਾਰਸ਼ਲ-ਲਾਅ ਦੇ ਜ਼ੁਲਮ ਹਨ, ਲਾਹੌਰ ਦਾ ਵਾਕਿਆ ਹੈ ਕੇ ਜਦ ਕਈ ਸ਼ਰੀਫ ਆਦਮੀ ਵਿਆਹ ਲਈ ਆਏ ਤਦ ਇਸ ਅਪਰਾਧ ਵਿਚ ਉਨ੍ਹਾਂ ਨੂੰ ਨੰਗਿਆਂ ਕਰ ਕੇ ਬੈਂਤ ਲਾਏ ਗਏ ਕਸੂਰ ਵਿਚ ਬੇਕਸੂਰੇ ਵਿਦਿਆਰਥੀਆਂ ਨੂੰ ਬੈਂਤ ਮਾਰੇ ਗਏ ਅੰਮ੍ਰਿਤਸਰ ਵਿਚ ਅੰਨਿਆ ਤੇ ਬੁੱਢਿਆ ਤਕ ਨੂੰ ਢਿਡ ਪਰਨੇ ਰੀਂਗਣ ਲਈ ਮਜ਼ਬੂਰ ਕੀਤਾ ਗਿਆ ਜ਼ਲ੍ਹਿਆ ਵਾਲੇ ਬਾਗ ਦਾ ਸਾਕਾ ਕਦੀ ਸਾਡੀਆਂ ਅੱਖਾਂ ਅਗੋਂ ਉਹਲੇ ਨਹੀਂ ਹੋ ਸਕਦਾ, ਹੌਲੀ ਚਲ ਗਈ ਨਿਹੱਥੇ ਬੇਗੁਨਾਹ ਮਰਦਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ, ਬੀਬੀ ਰਤਨ ਦੇਈ ਜਲ੍ਹਿਆ ਵਾਲੇ ਬਾਗ ਵਿਚ ਪਤੀ ਦਾ ਹਾਲ ਵੇਖਣ ਲਈ ਪਹੁੰਚਦੀ ਹੈ ਕੀ ਦੇਖਦੀ ਹੈ ਉਸ ਦਾ ਪਤੀ ਸਿਸਕ ਰਿਹਾ ਹੈ ਪਾਣੀ ਦੇ ਘੁਟ ਲਈ ਤਰਲੇ ਲੈਂਦੀ ਹੈ ਪਤੀ ਦਾ ਸਿਰ ਉਹ ਦੀ ਗੋਦ ਵਿਚ ਹੈ ਪਰ ਜ਼ਾਲਮ ਡਾਇਰ ਦਾ ਹੁਕਮ ਹੈ ੯ ਵਜੇ ਤੋਂ ਮਗਰੋਂ ਕੋਈ ਬਾਹਰ ਨਾ ਨਿਕਲੇ ਨਹੀਂ ਤੇ ਗੋਲੀ ਦਾ ਨਿਸ਼ਾਨਾ ਬਣਾਇਆ ਜਾਏਗਾ, ਉਹ ਵਿਚਾਰੀ ਬੇਬਸ ਹੈ ਕੋਈ ਉਹ ਦੀ ਪੁਕਾਰ ਸੁਣ ਕੇ ਮਦਦ ਲਈ ਨਹੀਂ ਆ ਸਕਦਾ, ਅਫ਼ਸੋਸ ਉਸ ਦੇ ਪਤੀ ਲਈ ਸਾਰੇ ਸ਼ਹਿਰ ਵਿੱਚੋਂ ਪਾਣੀ ਦਾ ਇਕ ਘੁਟ ਨਹੀਂ ਮਿਲਦਾ ਤੇ ਉਹ ਪ੍ਰਾਣੀ ਦੇ ਘੁਟ ਕੋਲੋਂ ਸਿਸਕ-ਸਿਸਕ ਕੇ ਜਾਨ ਦੇ ਦੇਂਦਾ ਹੈ ਅਜਿਹਾ ਜ਼ੁਲਮ ਤੇ ਮਿਲਵਰਤਨ ਦੇ ਕੀ ਮਾਹਨੇ ?

ਨਾ ਕੇਵਲ ਜਾਨਾਂ ਹੀ ਗਈਆਂ ਸਗੋਂ ਸਾਡੀਆਂ ਬੀਬੀਆਂ ਤੇ ਭੈਣਾਂ ਦੀ ਪਤ ਉਪਰ ਵੀ ਹੱਥ ਪਾਇਆ ਗਿਆ, ਅਜਿਹੇ ਸਿੰਘ ਮੌਜ਼ੂਦ ਹਨ ਜਿਨਾਂ ਇਹ ਘਟਨਾ ਅੱਖੀਂ ਡਿੱਠੀਆਂ ਹਨ ਬੀਬੀਆਂ ਇਮਤਿਹਾਨ ਦੇ ਕੇ ਜਾਂਦੀਆਂ ਹਨ ਅੰਮ੍ਰਿਤਸਰ ਦੇ ਸਟੇਸ਼ਨ ਉਪਰ ਗੋਰੀ ਫ਼ੌਜ ਨੇ ਉਨ੍ਹਾਂ ਦੀ ਬੇਪਤੀ ਕੀਤੀ, ਅੰਮ੍ਰਿਤਸਰ ਵਿਚ ਇਸਤਰੀਆਂ ਨੂੰ ਨੰਗੀਆਂ ਕਰ ਕੇ ਬੇਇਜ਼ਤ ਕਰਨ ਦਾ ਵਾਕਿਆ, ਕਿਉਂਕਿ ਸਰਕਾਰ ਅਜੇ ਇਸ ਨੂੰ ਸੱਚ ਨਹੀਂ, ਮੰਨਦੀ ਮੈਂ ਉਸ ਦਾ ਜ਼ਿਕਰ ਨਹੀਂ ਕਰਦਾ।

ਡਿਪਟੀ ਕਮਿਸ਼ਨਰ ਬਾਸਵਰਥ ਸਮਿਥ ਨੇ ਮਾਨਾਂ ਵਾਲੇ ਵਿਚ ਇਸਤਰੀਆਂ ਨੂੰ ਇਕੱਠੀਆਂ ਕਰ ਕੇ ਉਨ੍ਹਾਂ ਦੇ ਘੁੰਡ ਚੁਕਵਾਏ ਤੇ ਆਖਿਆ ਤੁਸੀਂ ਕੁਤੀਆਂ ਤੇ ਗਧੀਆਂ ਹੋ! ਜੇ ਤੁਸਾਂ ਆਪਣੇ ਘਰ ਵਾਲਿਆਂ ਨੂੰ ਫੜੌਨ ਵਿਚ ਸਹਾਇਤਾ ਨਾ ਦਿੱਤੀ ਤਦ ਮੈਂ ਤੁਹਾਡੀਆਂ ਘਘਰੀਆਂ ਚੁਕਵਾਕੇ ਬੇਇਜ਼ਤੀ ਕਰਾਂਗਾ।

ਸਰਦਾਰ ਯਾਦ ਰੱਖੇ ਆਪਣੀਆਂ ਭੈਣਾਂ ਦੀ ਬੇਪਤੀ ਦਾ ਬਦਲਾ ਅਸੀਂ ਸਾਡੀ ਔਲਾਦ ਅਤੇ ਉਨ੍ਹਾਂ ਦੀ ਔਲਾਦ ਤਕ ਲਏ ਬਿਨਾਂ ਨਹੀਂ ਛਡੇਗੀ ਇਹ ਜ਼ਰੂਰੀ ਨਹੀਂ ਕਿ ਅਸੀਂ ਤਲਵਾਰ ਨਾਲ ਹੀ ਬਦਲਾ ਲਈਏ ਹੋਰ ਤਰੀਕੇ ਵੀ ਬਦਲਾ ਲੈਣ ਦੇ ਬਹੁਤ ਹਨ, ਅਸੀਂ ਪ੍ਰਾਰਥਨਾ ਕਰਾਂਗੇ ਰਾਵਾਂ ਮੰਗਾਂਗੇ ਤੇ ਇਨ੍ਹਾਂ ਮੰਦੇ ਕੰਮਾਂ ਦਾ ਢੰਡ ਇਨ੍ਹਾਂ ਨੂੰ ਵਾਹਿਗੁਰੂ ਵੱਲੋਂ ਹੀ ਭੁਗਤਨਾ ਪਏਗਾ। ਮੰਨਿਆ ਅਸੀਂ ਨਸ਼ਰਦ ਹਾਂ, ਮਾੜੇ ਹਾਂ, ਕੁਝ ਨਹੀਂ ਕਰ ਸਕਦੇ ਪਰ ਸਾਡੀ ਹਾਅ ਵਾਹਿਗੁਰੂ ਸੁਣੇਗਾ ਤੇ ਇਨ੍ਹਾਂ ਨੂੰ ਫਲ ਦੇਵੇਗਾ।

ਸਾਡੀ ਪ੍ਰਾਰਥਨਾ ਹੈ ਵਾਹਿਗੁਰੂ ਇਨ੍ਹਾਂ ਨੂੰ ਬਖਸ਼ੇ, ਸਾਨੂੰ ਬਖਸ਼ੇ, ਅਸੀਂ ਕਹਿੰਦੇ ਹਾਂ ਜੋ ਕੁਝ ਤੁਸਾਂ ਕੀਤਾ ਹੁਣ ਸਾਡਾ ਕੋਈ ਤਅਲਕ ਤੁਹਾਡੇ ਨਾਲ ਨਹੀਂ ਜਿਨਾਂ ਨੂੰ ਅਸੀਂ ਪਾਪੀ ਤੇ ਜਾਲਮ ਸਮਝਦੇ ਹਾਂ ਤੁਸੀਂ ਉਨ੍ਹਾਂ ਨੂੰ ਹੀ ਬਹਾਦਰ ਤੇ ਹੀਰੋ ਕਹਿੰਦੇ ਹੋ ਤੇ ੩ ਲੱਖ ਪੌਂਡ ਇਨਾਮ ਦੇਂਦੇ ਹੋ ਕੀ ਸੱਜਣੋਂ ਇਸ ਹਾਲਤ ਵਿਚ ਵੀ ਤੁਸੀਂ ਤਿਆਗ ਹੋ ਕਿ ਸਰਕਾਰ ਨਾਲ ਮਿਲਵਰਤਨ ਕਰੋ (ਹਰਗਿਜ ਨਹੀਂ-ਨਹੀਂ)।

ਖਿਲਾਫ਼ਤ ਸਬੰਧੀ ਜੋ ਮੁਸਲਮਾਨਾਂ ਉਪਰ ਜ਼ੁਲਮ ਹੋਇਆ ਹੈ ਸਿੱਖਾਂ ਉਪਰ ਉਨ੍ਹਾਂ ਕਦੀ ਨਹੀਂ ਹੋਇਆ ਉਨ੍ਹਾਂ ਦੇ ਧਰਮ ਅਸਥਾਨ ਖੋਹ ਲਏ ਗਏ ਹਨ ਉਨ੍ਹਾਂ ਦੇ ਖਲੀਫੇ ਨੂੰ (ਜਿਹੜਾ ਉਨ੍ਹਾਂ ਨੂੰ ਜਾਨ ਤੋਂ ਵੀ ਪਿਆਰਾ ਹੈ) ਅਪਾਹਜ ਕਰ ਦਿੱਤਾ ਗਿਆ, ਮੁਸਲਮਾਨਾਂ ਆਂਖਦੇ ਹਨ ਭਾਵੇਂ ਅਸੀਂ ਮਰ ਜਾਈਏ ਪਰ ਉਸ ਦੀ ਇਜ਼ੱਤ ਕਾਇਮ ਰਹੇ ਸਾਨੂੰ ਇਸ ਮਾਮਲੇ ਵਿਚ ਮੁਸਲਮਨਾਂ ਨਾਲ ਪੂਰੀ-ਪੂਰੀ ਹਮਦਰਦੀ ਹੈ ਅਤੇ ਇਸ ਸਬੰਧੀ ਜੋ ਉਹ ਸਟੈਂਡ ਲੈਣ ਅਸੀਂ ਉਨ੍ਹਾਂ ਦੇ ਨਾਲ ਹਾਂ।

ਹੁਣ ਪੋਲੀਟੀਕਲ ਨਿਗਾਹ ਨਾਲ ਦੇਖਿਆ ਜਾਏ ਤਦ ਇਸ ਵੇਲੇ ਟਰਕੀ ਦੀ ਉਹੋ ਦਿਸ਼ਾ ਹੈ ਜੋ ਕਦੇ ਬਿਲਜੀਅਮ ਦੀ ਸੀ ਅੱਜ ਉਹ ਕਮਜ਼ੋਰ ਹੈ, ਅੱਜ ਉਸ ਨੂੰ ਨਹੀਂ ਦਿੱਤਾ ਜਾਂਦਾ ਇਹ ਜ਼ੁਲਮ ਹੈ ਜੋ ਸਦਮੇ ਉਸ ਨੂੰ ਅੱਜ ਪਹੁੰਚ ਰਹੇ ਹਨ ਬਸ ਕੱਲ ਨੂੰ ਸਾਨੂੰ ਪਹੁੰਚਣਗੇ ਟਰਕੀ ਹਿੰਦੁਸਤਾਨ ਲਈ ਇਕ ਦੀਵਾਰ ਸੀ ਸੋ ਇਹ ਹੀ ਟੁਟ ਗਈ ਤਦ ਬਾਕੀ ਯੂਰਪੀ ਤਾਕਤਾਂ ਹਿੰਦ ਦਾ ਰਸਤਾ ਖੁਲ੍ਹ ਜਾਵੇਗਾ।

ਸਿੱਖਾਂ ਦਾ ਧਰਮ ਹੈ ਕੇ ਜਦ ਵੀ ਜ਼ੁਲਮ ਹੋਏ ਉਹ ਨੂੰ ਦੂਰ ਕਰਨ ਲਈ ਤਨ ਮਨ ਤੇ ਧਨ ਤਕ ਕੁਰਬਾਨੀ ਕਰ ਦੇਣ। ਸੋ ਹੁਣ ਫ਼ਰਜ਼ ਹੈ ਕਿ ਅਸੀਂ ਅੱਗੇ ਵਧੀਏ ਜੇ ਇਹ ਨਹੀਂ ਕਰ ਸਕਦੇ ਤਦ ਮੁਲਕ ਦੇ ਨਾਲ ਤਾਂ ਚਲੀਏ ਸਾਨੂੰ ਪਿੱਛੇ ਲੱਗਣ ਦੀ ਲੋੜ ਨਹੀਂ ਸੋ ਸਾਨੂੰ ਨਾਲ-ਨਾਲ ਹੀ ਰਹਿਣਾ ਚਾਹੀਦਾ ਹੈ।

ਕਈ ਆਖਦੇ ਹਨ ਕੇ ਜਦ ਤੁਸੀਂ ਹਿੰਦੂ ਮੁਸਲਮਾਨਾਂ ਨਾਲ ਮਿਲਣ ਲੱਗੇ ਹੋ ਤਦ ਪਹਿਲੋਂ ਸਮਝੌਤਾ ਕਰ ਲਉ ਪਰੰਤੂ ਸਾਨੂੰ ਇਹ ਵਾਜਬ ਨਹੀਂ ਬੇਸ਼ਕ ਕਿਸੇ ਕਾਰਨ ਹਿੰਦੂ ਵੀ ਨਾ ਮਿਲਵਰਤਨ ਛਡ ਦੇਣ ਤੇ ਮੁਸਲਮਾਨ ਵੀ ਤਦ ਖਾਲਸੇ ਦਾ ਧਰਮ ਹੈ ਕੇ ਜੋ ਉਸ ਨਿਸਚੇ ਕਰ ਲਿਆ ਹੈ ਤਦ ਉਹ ਇਕੱਲਾ ਹੀ ਨਾ ਮਿਲਵਰਤਨ ਜਾਰੀ ਰੱਖੇਗਾ ਇਕ ਆਦਮੀ ਦਾ ਜਨਾਜ਼ਾ ਨਿਕਲ ਰਿਹਾ ਹੈ ਉਹ ਤਿੰਨ ਆਦਮੀ ਹਨ ਉਹ ਚੌਥੇ ਨੂੰ ਸਹਾਇਤਾ ਲਈ ਬੁਲਾਉਂਦੇ ਹਨ ਉਹ (ਉੱਤਰ ਦੇਂਦਾ ਹੈ ਭਈ ਮੈਂ ਤੁਹਾਡੇ ਨਾਲ ਜਾਣ ਨੂੰ ਤਾਂ ਤਿਆਰ ਹਾ ਪਰ ਪਹਿਲਾਂ ਮੇਰੇ ਨਾਲ ਖਰਾ ਕਰ ਲਓ ਦੇਓਗੇ ਕੀ ? ਕੀ ਇਹ ਯੋਗ ਹੈ ? ਨਹੀਂ ਹਰਗਿਜ਼ ਨਹੀਂ।

ਕਈ ਇਤਰਾਜ਼ ਕਰਦੇ ਹਨ, ਕੇ ਸਿੱਖ ਬਾਰੂਦ ਹਨ ਉਹ ਭੜਕ ਉਠਨਗੇ, ਭੜਕ ਉਠਨਾ ਮਾੜਾ ਨਹੀਂ ਜਦ ਤੁਹਾਡੇ ਉਪਰ ਜ਼ੁਲਮ ਹੁੰਦਾ ਹੈ ਬੇਸ਼ਕ ਭੜਕ ਉਠੋ ਸਗੋਂ ਮਰ ਜਾਉ ਕਿਉਂਕਿ ਬੇਇਜ਼ਤੀ ਦਾ ਜੀਉਂਣਾ ਠੀਕ ਨਹੀਂ ਪਰ ਇਹ ਗੱਲ ਨਹੀਂ ਸਾਡੇ ਵਿਚ ਭਾਈ ਮਨੀ ਸਿੰਘ ਵਰਗੇ ਸ਼ਹੀਦ ਹੋ ਗੁਜਰੇ ਹਨ ਜਿਹੜੇ ਆਖਦੇ ਹਨ ਬੰਦ ਨਹੀਂ ਸਗੋਂ ਪੋਟਾ-ਪੋਟਾ ਕਟੋ। ਕੀ ਇਹ ਸਿੱਖ ਬਾਰੂਦ ਹਨ ਉਹ ਸਿੱਖ ਨਹੀਂ ਸਨ, ਤੁਸੀਂ ਵੀ ਉਹਾ ਜਿਹੇ ਸਿੱਖ ਬਣ ਸਕਦੇ ਹੋ ਜੇ ਤੁਹਾਡਾ ਧਰਮ ਹੈ ਤਦ ਸਿੱਖ ਰਹਿ ਕੇ ਜੀਉ ਨਹੀਂ ਤਾਂ ਬੇਧਰਮ ਹੋਣ ਨਾਲੋਂ ਮਰ ਜਾਣਾ ਹੀ ਚੰਗਾ ਹੈ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।

ਇਸ ਦੀ ਪ੍ਰੋੜਤਾ ਸ: ਮੰਗਲ ਸਿੰਘ ਜੀ ਬੀ. ਏ. ਐਡੀਟਰ ਅਕਾਲੀ ਨੇ ਜ਼ੋਰਦਾਰ ਲਫਜ਼ਾਂ ਦੁਆਰਾ ਕੀਤੀ ਫੇਰ ਸ: ਦਾਨ ਸਿੰਘ ਸ: ਸੁਜਾਨ ਸਿੰਘ ਵਕੀਲ, ਪ੍ਰਿੰਸੀਪਲ ਜੋਧ ਸਿੰਘ ਐਮ. ਏ. ਸ: ਸੇਵਾ ਰਾਮ ਸਿੰਘ ਪਲੀਡਰ ਮਹਾਤਮਾ ਗਾਂਧੀ ਜੀ, ਮੌਂ: ਮੁੰਹਮਦ ਅਲੀ ਤੇ ਸ਼ੌਕਤ ਅਲੀ ਮੌਂ: ਅਬੁਲ ਕਲਾਮ ਆਜ਼ਾਦ, ਮੁਹੰਮਦ ਆਗਾ ਸਫਦਰ, ਸ: ਜਸਵੰਤ ਸਿੰਘ ਝਬਾਲ, ਗਿਆਨੀ ਸ਼ੇਰ ਸਿੰਘ, ਸ੍ਰ: ਖੜਕ ਸਿੰਘ ਢਿੱਲੋਂ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਸ: ਨਰੈਣ ਸਿੰਘ ਵਕੀਲ, ਸ: ਸੋਹਣ ਸਿੰਘ ਐਡੀਟਰ ਦੀ ਸਿੱਖ ਤੇ ਮਾਸਟਰ ਮੋਤਾ ਸਿੰਘ ਆਦਿਕਾਂ ਦੇ ਵਿਆਖਿਆਨ ਇਸ ਦੀ ਵਿਰੋਧਤਾ ਅਤੇ ਹਕ ਵਿਚ ਹੋਏ। ਇਕ ਗੱਲ ਇਸ ਉਪਰ ਸਾਰੇ ਹੀ ਇਕ ਮਿਕ ਸਨ ਉਹ ਨਾ ਮਿਲਵਰਤਨ ਦਾ ਅਸੂਲ ਸੀ ਬਾਕੀ ਜੋ ਮਤ ਭੇਤ ਸੀ ਉਹ ਕੇਵਲ ਪ੍ਰੋਗ੍ਰਾਮ ਵਿਚ ਅਥਵਾ ਇਕ ਅਸੂਲ ਦੇ ਵਰਤਨ ਵਿਚ ਸੀ।

ਨਾ ਮਿਲਵਰਤਨ ਪਾਸ

ਸ: ਉਜਲ ਸਿੰਘ ਜੀ ਐਮ. ਏ ਨੇ ਅਤੇ ਸੰਤ ਤੇਜਾ ਸਿੰਘ ਨੇ ਇਸ ਵਿਚ ਤਰਮੀਮਾਂ ਪੇਸ਼ ਕੀਤੀਆਂ ਪਰ ਬਹੁਸੰਮਤੀ ਦੇ ਅਗੇ ਇਹ ਦੋਵੇ ਹੀ ਤਰਮੀਮਾਂ ਰਹਿ ਗਈਆਂ ਤੇ ਨਾ ਮਿਲਵਰਤਨ ਦਾ ਗੁਰਮਤਾ ਬਹੁ-ਸੰਮਤੀ ਨਾਲ ਪਾਸ ਹੋ ਗਿਆ।

ਨਾ ਮਿਲਵਰਤਨ ਸ਼ੁਰੂ

ਜਦ ਇਹ ਗੁਰਮਤਾ ਪਾਸ ਹੋ ਗਿਆ ਤਦ ਬਹੁਤ ਸਾਰੇ ਸੱਜਣਾਂ ਨੇ ਕੌਂਸਲਾਂ ਦੀਆਂ ਉਮੀਦਵਾਰੀਆਂ ਤੇ ਨੰਬਰਦਾਰੀਆਂ ਉਥੇ ਹੀ ਪਿੰਡਾਲ ਵਿਚ ਛਡ ਦੇਣ ਦਾ ਐਲਾਨ ਕਿਤਾ।

੧. ਸ: ਹਰਦਿਆਲ ਸਿੰਘ ਬਹਿੜਵਾਲ ਨੇ ਨੰਬਰਦਾਰੀ ਤੇ ਕੌਂਸਲ ਦੀ ਉਮੀਦਵਾਰੀ ਛਡ ਦੇਣ ਦਾ ਐਲਾਨ ਕੀਤਾ।

੨. ਸ: ਕੁੰਦਨ ਸਿੰਘ ਜੀ ਨੇ ਨੰਬਰਦਾਰੀ ਛਡਨ ਦਾ ਐਲਾਨ ਕੀਤਾ।

੩. ਸ: ਬਲਵੰਤ ਸਿੰਘ ਜੀ ਸੂਬੇਦਾਰ ਰਈਸ ਕੁੱਲਾਂ ਨੇ ਕੌਂਸਲ ਦੀ ਉਮੀਦਵਾਰੀ ਤਿਆਗਨ ਦਾ ਐਲਾਨ ਕੀਤਾ।

੪. ਸ: ਸਾਵਨ ਸਿੰਘ ਜੀ ਨੇ ਨੰਬਰਦਾਰੀ ਛਡੀ।

੫. ਸ: ਆਤਮਾ ਸਿੰਘ ਜੀ ਜ਼ਿਲਾ ਅੰਮ੍ਰਿਤਸਰ ਨੇ ਆਪਣੇ ਤਗਮੇ ਤੇ ਵਰਦੀ ਵਾਪਸ ਕਰਨ ਦਾ ਐਲਾਨ ਕੀਤਾ।

੬. ਸ: ਲਾਲ ਸਿੰਘ ਜੀ ਇਲਾਕਾ ਸ਼ੇਖੂਪੁਰਾ ਨੇ ਕੌਂਸਲ ਦੀ ਉਮੀਦਵਾਰੀ ਅਤੇ ਸਬ ਇਨਸਪੈਕਟਰੀ (ਜਿਸ ਦੀ ਮੰਨਜ਼ੂਰੀ ਮਿਲ ਗਈ ਸੀ) ਛਡਨ ਦਾ ਐਲਾਨ ਕਰਦੇ ਹਨ।

੭. ਸ: ਬੇਅੰਤ ਸਿੰਘ (ਲੁਧਿਆਣਾ) ਨੇ ਫਰਾਂਸ ਤੇ ਮੈਸੋਪੋਟਾਮੀਆ ਦੀਆਂ ਲੜਾਈਆਂ ਦੇ ਤਕਮੇਂ ਵਾਪਸ ਕਰਨ ਦਾ ਐਲਾਨ ਕੀਤਾ।

੮. ਸ: ਪ੍ਰਤਾਪ ਸਿੰਘ ਗੁਰਰਾਤ ਰਸਾਲਾ ਨੰ: ੬ ਨੇ ਮੈਂਡਲ ਵਾਪਸ ਕਰਨ ਦਾ ਐਲਾਨ ਕੀਤਾ।

੯. ਸ: ਹਰਨਾਮ ਸਿੰਘ ਕਿਲਾ ਸ: ਹਰਨਾਮ ਸਿੰਘ ਨੇ ਕੌਂਸਲ ਦੀ ਮੈਂਬਰੀ ਛਡੀ ਤੇ ਬਾਕੀ ਖਤਾਬ ਅਹੁਦੇ ਵੀ ਛਡਨ ਦਾ ਭਰੋਸਾ ਦਵਾਇਆ।

੧੦. ਸ: ਸੰਤੋਖ ਸਿੰਘ (ਲਾਹੌਰ) ਗੌਵਰਮੈਂਟ ਮੈਡੀਕਲ ਕਾਲਜ ਵਿੱਚੋਂ ਪੜਨਾ ਛਡਿਆ।

੧੧. ਸ: ਗੁਰਬਖਸ਼ ਸਿੰਘ (ਲਾਹੌਰ) ਗੌਵਰਮੈਂਟ ਕਾਲਜ ਵਿੱਚੋਂ ਪੜ੍ਹਨਾ ਅਤੇ ਯੂਨੀਵਰਸਿਟੀ ਕੰਪਨੀ ਵਿੱਚੋਂ ਵੀ ਅਸਤੀਫਾ ਦੇਣਾ ਪ੍ਰਵਾਨ ਕੀਤਾ।

ਅਕਾਲੀ ਲਾਹੌਰ, ੨੭ ਅਕਤੂਬਰ ੧੯੨੦

ਸਿੱਖ ਰਾਜਸੀ ਕੈਦੀ

ਸਰਦਾਰ ਲਾਲ ਸਿੰਘ ਬੀ. ਐਸ. ਸੀ. (ਖਾਲਸਾ ਅਖ਼ਬਾਰ ਦੇ ਪਹਿਲੇ ਐਡੀਟਰ) ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਵਿਚ ਉਠ ਕੇ ਗੁਰਮਤਾ ਪੇਸ਼ ਕੀਤਾ—

"ਸਿੱਖ ਰਾਜਸੀ ਕੈਦੀਆਂ ਦੇ ਨਾ ਛਡੇ ਜਾਨ ਕਰ ਕੇ ਸਿੱਖਾਂ ਨੂੰ ਸਖ਼ਤ ਰੰਜ ਤੇ ਰੋਸ਼ ਹੈ ਹਰ ਇਕ ਸਿੱਖ ਦਾ ਫਰਜ਼ ਹੈ ਕਿ ਕੈਦੀਆਂ ਦੇ ਪਰਿਵਾਰਾਂ ਲਈ ਪੂਰੀ-ਪੂਰੀ ਸਹਾਇਤਾ ਦੇਵੇ ਅਤੇ ਕੈਦੀ ਪਰਿਵਾਰ ਸਹਾਇਕ ਫੰਡ ਨੂੰ ਵਧਾਇਆ ਜਾਵੇ ਅਤੇ ਰਾਜਸੀ ਕੈਦੀਆਂ ਦੇ ਦੁਖੀ ਪਰਿਵਾਰਾਂ ਨੂੰ ਸਹਾਇਤਾ ਵੰਡਣ ਲਈ ਹੇਠਾਂ ਲਿਖੇ ਸੱਜਣਾਂ ਦੀ ਕਮੇਟੀ ਬਣਾਈ ਜਾਵੇ।

੧. ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰ।

੨. ਮਾ: ਸੁੰਦਰ ਸਿੰਘ ਜੀ ਲਾਇਲਪੁਰੀ।

੩. ਸ: ਜਸਵੰਤ ਸਿੰਘ ਜੀ ਝਬਾਲ।

੪. ਸ: ਕਰਤਾਰ ਸਿੰਘ ਜੀ ਝੱਬਰ।

੫. ਭਾ: ਪਿਆਰਾ ਸਿੰਘ ਜੀ।

੬. ਭਾ: ਬਦਨ ਸਿੰਘ ਜੀ।

੭. ਬਾਬਾ ਗੁਰਦਿਆਲ ਸਿੰਘ ਜੀ।

੮. ਸ: ਸੰਤ ਸਿੰਘ ਜੀ ਵਕੀਲ।

੯. ਸ: ਤੇਜਾ ਸਿੰਘ ਜੀ ਸਮੁੰਦਰੀ।

ਆਪਣੇ ਡਾਡੇ ਵੈਰਾਗ ਅਤੇ ਦਰਦ ਨਾਲ ਅਪਣਾ ਕਥਨ ਅਰੰਭਿਆ "ਮੈਂ ਵਕਾਲਤ ਨਹੀਂ ਛਡੀ। ਮੈਂ ਵਕਾਲਤ ਕਰਦਾ ਹੀ ਨਹੀਂ ਹਾਂ ਇਸ ਲਈ ਮੈਂ ਆਪਣੇ ਧੰਨਵਾਦ ਦਾ ਹਕਦਾਰ ਨਹੀਂ। ਨਾ ਮਿਲਵਰਤਨ ਪਾਸ ਕਰ ਕੇ ਤੁਸਾਂ ਦੁਖਾਂ ਦਾ ਪਹਾੜ ਸਹੇੜ ਲਿਆ ਹੈ। ਹੁਣ ਖੁਸ਼ੀ ਦੇ ਝੇਕਾਰੈ ਗੁੰਜਣ ਦੀ ਲੋੜ ਨਹੀਂ। ਜੋ ਇਹ ਗੱਲ ਮਹਿਸੂਸ ਕਰਦੇ ਹਨ ਉਹ ਹਸ ਨਹੀਂ ਸਕਦੇ। ਛੇਤੀ ਹੀ ਇਮਤਿਹਾਨ ਹੋਣ ਵਾਲਾ ਹੈ।

ਪਰ ਤੁਸੀਂ ਨਾ ਮਿਲਵਰਤਨ ਦੀ ਕਫ਼ਨੀ ਪਾ ਲਈ ਹੈ ਇਸ ਲਈ ਕਫ਼ਨੀ ਦੀ ਲਾਜ ਰੱਖਣੀ ਤੁਹਾਡਾ ਧਰਮ ਹੈ। ਜੋ ਭਰਾ ਕੈਦਾਂ ਵਿਚ ਹਨ ਉਨ੍ਹਾਂ ਨੂੰ ਸਾਡੀ ਕੀ ਲੋੜ ਹੈ ? ਅਤੇ ਅਸੀਂ ਉਨ੍ਹਾਂ ਦੀ ਕੀ ਸਹਾਇਤਾ ਕਰ ਸਕਦੇ

ਹਾਂ ? ਉਹ ਤਾਂ ਧਰਮ ਦੇ ਅਨੰਦ ਵਿਚ ਮਗਨ ਹਨ। ਉਨ੍ਹਾਂ ਜੇਲ੍ਹਾਂ ਵਿੱਚੋਂ ਅੰਮ੍ਰਿਤ ਵੇਲੇ ਰਸ ਭਰੇ ਕੀਰਤਨ ਦੀ ਧੁਨੀ ਸੁਣ ਸੁਣ ਕੇ ਲੋਕੀ ਸਿੱਖ ਬਣਦੇ ਸਨ। ਕਈ ਭੁਲੇ ਹੋਏ ਉਨ੍ਹਾਂ ਨੂੰ ਅਸਿੱਖ ਕਹਿੰਦੇ ਸਨ। ਪਰ ਤੁਸੀਂ ਤਾਂ ਉਨ੍ਹਾਂ ਨੂੰ ਸਿੱਖ ਆਖ ਚੁਕੇ ਹੋ। ਇਸ ਲਈ 'ਸਿੱਖਾਂ ਪੁਤਾਂ ਭਾਈਆਂ ਭਾਉ ਇਕੋ ਜਿਹਾ' ਗੁਰੂ ਗੋਬਿੰਦ ਸਿੰਘ ਜੀ ਪਿਤਾ ਹਨ ਤੇ ਸਾਰੀ ਸਿੱਖ ਕੌਮ ਇਕ ਟੱਬਰ ਹੈ। ਤੁਸੀਂ ਆਪਣਾ ਫਰਜ਼ ਸੰਭਾਲੋ।

ਤੁਸੀਂ ਡਾਢੀ ਸਰਕਾਰ ਨਾਲ ਟਾਕਰਾ ਲਾਇਆ ਹੈ ਪਰ ਉਹ ਹੁਣ ਸਰਕਾਰ ਨਹੀਂ। ਇਕ ਪਾਰਟੀ ਹੈ ਸਾਡੀ ਸ਼ਰੀਕ ਬਣੀ ਹੋਈ ਹੈ। ਦੇਖੋ ਅੰਗ੍ਰੇਜ਼ੀ ਪਰਿਵਾਰਾਂ ਲਈ ਲੱਖਾਂ ਰੁਪਏ ਮਨਜੂਰ ਹੋ ਹਏ ਹਨ ਪਰ ਗਰੀਬ ਦੇਸੀਆਂ ਲਈ ੧੨ ਸੌ। ਕੀ ਇਹ ਪਖ ਨਹੀਂ ? ਕੀ ਇਹ ਢੀਠਤਾਈ ਨਹੀਂ ? ਤੁਹਾਡੀ ਇਹ ਕਦਰ ਹੈ! ਇਹ ਤੁਹਾਡੇ ਖ਼ੂਨ ਦਾ ਮੁਲ ਹੈ! ਭਰਾਵੋ! ਆਪਣੇ ਖ਼ੁਨ ਦਾ ਮੁਲ ਹੁਣ ਤੁਸੀਂ ਆਪ ਪਾਵੋ।

ਕਾਮਾਗਾਟਾ ਮਾਰੂ ਨਾਲ ਸਚ ਮੁਚ ਇਨ੍ਹਾਂ ਪਤੇਬਾਜੀ ਕੀਤੀ ਹੈ। ਉਨ੍ਹਾਂ ਬੇਦੋਸ਼ਿਆਂ ਨੂੰ ਤਬਾਹ ਕੀਤਾ ਹੈ। ਰਾਜਸੀ ਕੈਦੀਆਂ ਦੇ ਬੱਚਿਆਂ ਨੂੰ ਸਾਂਭੋ। ਆਪਣੇ ਪਰਿਵਾਰਾ ਤੇ ਬੱਚਿਆਂ ਲਈ ਬੀਮੇ ਕਰਦੇ ਹੋ। ਰੁਪਏ ਜਮਾਂ ਕਰਦੇ ਹੋ। ਇਹ ਵੀ ਕੌਮਾਂ ਸ਼ਹੀਦਾਂ ਦੇ ਬੱਚੇ ਹਨ। ਇਹ ਭੁਖੇ ਮਰ ਰਹੇ ਹਨ। ਜੇ ਤੁਸੀਂ ਮੁਠੀ ਮੁਠੀ ਆਟਾ ਇਕੱਠਾ ਵੀ ਕਰੋ ਤਾਂ ਬਹੁਤ ਕੰਮ ਹੋ ਜਾਵੇਗਾ।

ਇਨ੍ਹਾਂ ਦੇ ਉਪਰੰਤ ਸਰਦਾਰ ਅਮਰ ਸਿੰਘ ਜੀ ਝਬਾਲ ਭਾਵੇ ਬੀਮਾਰ ਸਨ ਪਰ ਫਿਰ ਵੀ ਉਠੇ ਤੇ ਆਖਿਆ "ਖਾਲਸਾ ਜੀ ਤੁਸੀਂ ਭੁਖੇ ਰਹਿ ਕੇ ਦੂਜਿਆਂ ਨੂੰ ਖਵਾਂਦੇ ਹੁੰਦੇ ਸਾਓ। ਹੁਣ ਆਪਣੇ ਭਰਾਵਾਂ ਦੇ ਕੌਮੀ ਸ਼ਹੀਦਾ ਦੇ, ਗੁਰੂ ਦੇ ਲਾਲਾਂ ਦੇ ਬੱਚੇ ਯਤੀਮ ਹੋਏ ਰੁਲ ਰਹੇ ਹਨ। ਪਿਆਰੇ ਸਰਦਾਰ ਗੁਰਦਿਤ ਸਿੰਘ ਜੀ ਦਾ ਪੁਤਰ ਮੈਂ ਸੁਣਿਆ ਹੈ ਕਿ ਡੰਗਰ ਚਾਰ ਕੇ ਰੋਟੀ ਖਾਂਦਾ ਹੈ। (ਇਹ ਸੁਣ ਕੇ ਸਭ ਦੇ ਅਥਰੂ ਫੁਟ ਪਏ) ਤੁਸੀਂ ਇਨ੍ਹਾਂ ਦੇ ਪ੍ਰਬੰਧ ਕੀਤੇ ਬਿਨਾਂ ਰੋਟੀ ਨਾ ਖਾਓ।

ਫਿਰ ਸਰਦਾਰ ਹਰਚੰਦ ਸਿੰਘ ਜੀ ਨੇ ਅਪੀਲ ਕੀਤੀ "ਕਿ ਵੱਡਿਆਂ ਦਾ ਅਤੇ ਵਡੀਆਂ ਰਕਮਾਂ ਦਾ ਖ਼ਿਆਲ ਛਡੋ ਜੋ ਦੇ ਸਕਦੇ ਹੋ ਦਿਓ। ਵੇਖੋ ਇਹ ਭਾਈ ਬਲਵੰਤ ਸਿੰਘ ਜੀ ਦਾ ਭੁਝੰਗੀ ਹੈ। (ਛੋਟੇ ਭੁਝੰਗੀ ਨੂੰ ਮੇਜ਼ ਤੇ ਖੜਾ ਕਰਨ ਦੀ ਢਿਲ ਸੀ ਕਿ ਦਰਦ ਭਰੇ ਦਿਲਾਂ ਵਿਚ ਫੁਟ ਕੇ ਅਖੀਂ ਵਹਿ ਤੁਰੀਆਂ) ਕੌਮੀ ਸ਼ਹੀਦ ਦਾ ਸੁਪਤਰ ਹੈ। ਜੋ ਫਾਂਸੀ ਲੱਗ ਚੁਕਾ ਹੈ! ਵੇਖੋ ਇਸ ਦਾ ਕੀ ਹਾਲ ਹੈ ? (ਸਰਦਾਰ ਜੀ ਦਾ ਗਲਾ ਰੁਕ ਗਿਆ ਤੇ ਬੋਲ ਨਾ ਸਕੇ)।

ਅਕਾਲੀ ਲਾਹੌਰ, ੨੭ ਅਕਤੂਬਰ ੧੯੨੦

ਭਾਈ ਪਿਆਰਾ ਸਿੰਘ ਜੀ

ਕੈਨੇਡਾ ਵਾਸੀ ਵੀਰਾਂ ਵਿਚ ਪੂਰਨ ਗੁਰਮੁਖ ਸਿੰਘ ਗੁਰਦੁਆਰੇ ਜੋ ਹੁਣੇ ਹੀ ਛੁਟ ਕੇ ਆਏ ਹਨ ਸਟੇਜ ਉਤੇ ਆਏ। ਸਤਿਸ੍ਰੀ ਅਕਾਲ ਦੇ ਜੈਕਾਰੇ ਗਜਾਏ ਗਏ। ਆਪ ਨੇ ਕਿਹਾ :-

ਖਾਲਸਾ ਜੀ, ਭਾਰਤ ਮਾਤਾ ਦੇ ਸਪੁਤ੍ਰੋ, ਭੈਣੋਂ ਤੇ ਭਰਾਵੋ, ਇਸ ਦਿਹਾੜੇ ਨੂੰ ਅਸੀਂ ਚੌਦਾਂ ਪੰਦਰਾਂ ਸਾਲ ਤੋਂ ਉਡੀਕ ਰਹੇ ਸਾਂ। ਅੱਜ ਜੋ ਸਪਿਰਿਟ ਹਿੰਦੁਸਤਾਨ ਵਿਚ ਪੈਦਾ ਹੋ ਗਈ ਹੈ ਉਹ ਅੱਗੇ ਕਦੀ ਨਹੀਂ ਸੀ ਹੋਈ। ਅੱਜ ਪਸ਼ੌਰ ਤੋਂ ਮਦਰਾਸ ਤਕ ਭਾਰਤ ਮਾਤਾ ਦੇ ਦੁਖ ਦੂਰ ਕਰਨ ਲਈ ਇਕ ਲਹਿਰ ਜਾਰੀ ਹੋ ਗਈ ਹੈ। ਮੇਰੇ ਕਈ ਭਰਾ ਕਹਿੰਦੇ ਹਨ ਮਹਾਤਮਾ ਗਾਂਧੀ ਦਾ ਮਿਸ਼ਨ ਕਿਸ ਤਰ੍ਹਾਂ ਮੰਨੀਏ ਕਿ ਦੂਜੇ ਗੋਲੀ ਅਤੇ ਬੰਬ ਪਏ ਚਲਾਣ ਅਸੀਂ ਮੁੱਕਾ ਵੀ ਨਾ ਉਠਾਈਏ ਪਰ ਮੇਰੀ ਰਾਇ ਵਿਚ ਇਹ ਠੀਕ ਹੈ। ਗੁਰੂ ਤੇਗ ਬਹਾਦਰ ਜੀ ਤੋਂ ਪੁੱਛ ਵੇਖੋ ਅਤੇ ਹੁਣ ਸਹਾਰਨ ਦਾ ਵੇਲਾ ਹੈ।

ਸਮਾਂ ਥੋੜ੍ਹਾ ਹੈ ਨਹੀਂ ਤਾਂ ਮੈਂ ਦਸਾਂ ਕਿ ਅਸਾਂ ਕੈਨੇਡਾ ਵਾਸੀ ਵੀਰਾਂ ਉਤੇ ਕਿਸ ਤਰ੍ਹਾਂ ਝੂਠੇ ਦੂਸ਼ਨ ਥਪੇ ਗਏ ਸਨ। ਕਹਿੰਦੇ ਹਨ ਸਾਨੂੰ ਹਰਦਿਆਲ ਨੇ ਭੜਕਾਕੇ ਭੇਜਿਆ ਇਹ ਕੋਰਾ ਝੂਠ ਹੈ। ਜੇ ਮੈਂ ਸਾਰੇ ਹਾਲ ਫੋਲਾਂ ਤਾਂ ਆਪ ਨੂੰ ਪਤਾ ਲਗੇ ਕਿਸ ਤਰ੍ਹਾਂ ਸਾਨੂੰ ਕੈਨੇਡਾ ਵਿਚ ਸਤਾਇਆ ਗਿਆ। ਤੀਵੀਆਂ ਤੇ ਬਚੇ ਉਥੇ ਲੈ ਜਾਣ ਤੋਂ ਰੋਕ ਦਿੱਤਾ ਗਿਆ! ਜਿਥੇ ਮਰਦ ਜਾਂਦਾ ਹੈ ਉਥੇ ਉਸ ਦੀ ਤੀਵੀਂ ਕਿਉਂ ਨਾ ਜਾਵੇ ? ਇਹ ਕਿਥੋਂ ਦਾ ਨਿਆਏ

ਹੈ ? ਅਸੀਂ ਵਲਾਇਤ ਤਕ ਤਾਰਾਂ ਤੇ ਮੇਜਰਨਾਮੇ ਭੇਜੇ। ਹਜਾਰਾਂ ਰੁਪਏ ਮੁਕਦਮੇ ਕਰਕੇ ਖਰਚ ਕੀਤੇ। ਹਿੰਦ ਵਿਚ ਸ: ਬਲਵੰਤ ਸਿੰਘ ਤੇ ਭਾਗ ਸਿੰਘ ਦਾ ਜਥਾ ਭੇਜਿਆ ਕਿਸੇ ਨਾ ਸੁਣੀ। ਉਥੇ ਦੋ ਸਿੰਘਾਂ ਦੇ ਟੱਬਰ ਆ ਗਏ ਉਨ੍ਹਾਂ ਨੂੰ ਚੜ੍ਹਨ ਤੋਂ ਰੋਕਿਆ ਗਿਆ ਅਸੀਂ ਸਾਰੇ ਕੈਨੇਡਾ ਵਾਸੀ ਮਰਨ ਤੇ ਤਿਆਰ ਹੋ ਪਏ ਫਿਰ ਉਨ੍ਹਾਂ ਨੂੰ ਆਗਿਆ ਮਿਲੀ। ਕੌਮਾਂ ਗਾਟਾ ਮਾਰੂ ਦੇ ਭਿਆਨਕ ਕਾਰੇ ਨੇ ਸਾਡੇ ਕਲੇਜੇ ਵਿੰਨ ਦਿਤੇ ਅਤੇ ਅਸੀਂ ਉਹ ਦੇਸ ਛਡਕੇ ਆਪਣੇ ਵਤਨ ਆ ਗਏ ਕਿ ਦੇਸ਼ ਵਾਸੀਆਂ ਨੂੰ ਕੋਈ ਗੈਰਤ ਦਵਾਈਏ ਤੇ ਜਗਾਈਏ। ਪਰ ਸਾਨੂੰ ਆਉਂਦਿਆਂ ਨੂੰ ਜੇਲ੍ਹਾਂ ਵਿਚ ਪਾ ਦਿੱਤਾ ਗਿਆ। ਭਰਾਵੋ ਹੁਣ ਦਿਨ ਆ ਗਏ ਹਨ ਕਿ ਅਸੀਂ ਸਾਰੇ ਕੁਰਬਾਨੀ ਕਰਕੇ ਭਾਰਤ ਮਾਤਾ ਦਾ ਬੇੜਾ ਪਾਰ ਕਰੀਏ।

ਮਾ: ਮੋਤਾ ਸਿੰਘ ਜੀ

ਨੇ ਸਟੇਜ ਤੇ ਆਕੇ ਜੁਤੀ ਲਾਹ ਦਿਤੀ ਤੇ ਆਖਿਆ ਭਾਵੇਂ ਤੁਸੀਂ ਆਖੋ ਕਿ ਪਾਖੰਡ ਮੈਂ ਕਰਨ ਲਗਾ ਹਾਂ ਪਰ ਮੈਥੋਂ ਹੁਣ ਰਿਹਾ ਨਹੀਂ ਜਾਂਦਾ। ਭਾਈ ਰਣਧੀਰ ਸਿੰਘ ਜੀ ਦੀ ਸੁਪਤਨੀ ਦੀ ਚਿਠੀ ਮੇਰੇ ਹੱਥ ਵਿਚ ਹੈ ਜੋ ਮੈਂ ਸੁਣਾਵਾਂਗਾ।

"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਯਾ" ਦੁਖ ਇਤਨਾ ਵਧ ਗਿਆ ਹੈ ਕਿ ਮੈਂ ਜੁਤੀ ਲਾਹ ਦਿਤੀ ਹੈ ਤੇ ਉਦੋਂ ਤਕ ਨਹੀਂ ਪਾਵਾਂਗਾ ਜਦ ਤਕ ਮੇਰੇ ਭਰਾ ਬਾਹਰ ਨ ਆ ਜਾਣਗੇ। ਮੈਂ ਰੋਟੀ ਵੀ ਇਕ ਡੰਗ ਖਾਵਾਂਗਾ। ਮੈਂ ਕਪੜੇ ਲਾਹ ਦੇਂਦਾ ਪਰ ਕਹਿੰਦੇ ਹਨ ਇਹ ਸਿੱਖੀ ਦੇ ਉਲਟ ਹੈ।

ਭਾਈ ਰਣਧੀਰ ਸਿੰਘ ਜੀ ਕੇਵਲ ਮਾਲਵੇ ਦਾ ਸ਼ੇਰ ਹੀ ਨਹੀਂ ਸੀ, ਪੰਜਾਬ ਅਤੇ ਹਿੰਦੂ ਦਾ ਹੀ ਬੀਰ ਨਹੀਂ ਸੀ ਉਹ ਅਸੂਲ ਤੇ ਜਾਨ ਦੇਣ ਵਾਲਾ ਸ਼ੇਰ ਬੱਬਰ ਸੀ। ਉਹਨਾਂ ਦੀ ਸਿੰਘਣੀ ਤੇ ਬੜੇ ਕਸ਼ਟ ਆਏ ਪਰ ਉਨ੍ਹਾਂ ਆਖਿਆ ਕਿ ਭਾਈ ਸਾਹਿਬ ਦੀ ਗੈਰਤ ਉਨ੍ਹਾਂ ਨੂੰ ਪ੍ਰਗਟ ਕਰਨ ਦੀ ਆਗਿਆ ਨਹੀਂ ਦੇਂਦੀ! ਪਰ ਹੁਣ ਹਦ ਹੋ ਗਈ ਹੈ। ਜ਼ਬਤ ਹੋਈ ਹੋਈ ਜੈਦਾਦ ਵਾਪਸ ਹੋ ਗਈ ਸੀ ਪਰ ਹੁਣ ਮਾਲਵੇ ਦੇ ਆਨਰੇਬਲ ਗਜਨ ਸਿੰਘ ਬਹਾਦਰ ਦੀ ਕ੍ਰਿਪਾ ਨਾਲ ਫਿਰ ਨੀਲਾਮ ਹੋਣ ਵਾਲੀ ਹੈ। ਨੀਲਾਮੀ ਦਾ ਹੁਕਮ ਹੋ ਚੁੱਕਾ ਹੈ।

ਰੱਬਾ ਤੂੰ ਅੰਗਰੇਜ਼ੀ ਕਾਨੂੰਨ ਕੈਸਾ ਬਣਾ ਦਿੱਤਾ ਜਿਸ ਵਿਚ ਅਸੀਂ ਤੇਰੇ ਅੰਮ੍ਰਿਤ ਦੀ ਸ਼ਕਤੀ ਵੀ ਨਹੀਂ ਵਿਖਾ ਸਕਦੇ!

ਹੋਰ ਕੀ ਦਸਾਂ ? ਭਾਈ ਕਰਤਾਰ ਸਿੰਘ ਤੇ ਰੂੜ ਸਿੰਘ ਨੂੰ ਜੇਲ੍ਹ ਵਿਚ ਇਸ ਵਾਸਤੇ ਚਿਤੜਾਂ ਤੇ ਬੈਂਤ ਮਾਰ ਮਾਰ ਕੇ ਮਾਰ ਹੀ ਦਿੱਤਾ ਕਿ ਉਹ ਬਹੁਤੀ ਬਾਣੀ ਪੜ੍ਹਦੇ ਤੇ ਨਾਮ ਜਪਦੇ ਸਨ। ਹਜਾਰੀ ਬਾਗ ਤੋਂ ਛੁਟੇ ਹੋਏ ਛੇ ਕੈਦੀ ਰਾਹ ਵਿਚ ਹੀ ਮਰ ਗਏ ਕਮਜ਼ੋਰੀ ਅਤੇ ਉਤੇ ਲਈ ਕਪੜਾ ਨਾ ਮਿਲਣ ਕਰਕੇ ਜੇ ਉਹ ਜੇਲ੍ਹਾਂ ਵਿਚ ਹਨ ਤਾਂ ਸਾਡਾ ਬਾਹਰ ਰਹਿਣਾ ਧਰਮ ਨਹੀਂ।

ਗੁਰਮਤਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਾਸ ਹੋਇਆ।

ਰੁਪਿਆ ਮੀਂਹ ਵਾਂਗ ਵਰਨਾ ਸ਼ੁਰੂ ਹੋ ਗਿਆ। ਕੋਈ ਅਠ ਦਸ ਹਜ਼ਾਰ ਦੇ ਕਰੀਬ ਦਸਿਆ ਜਾਂਦਾ ਹੈ। ਪਰ ਆਸ਼ਾ ਹੈ ਕਿ ਕਮੇਟੀ ਦਿਨਾਂ ਵਿਚ ਹੀ ਲੱਖਾਂ ਰੁਪਿਆ ਜਮਾ ਕਰ ਲਵੇਗੀ।

ਉਪਰੰਤ ਗੰਗਾ ਸਿੰਘ ਉਪਦੇਸ਼ਕ ਨੇ ਆਖਿਆ ਕਿ ਮੈਂ ਵੀ ਆਪਣੇ ਆਪ ਨੂੰ ਇਸ ਮੈਦਾਨ ਵਿਚ ਉਤਾਰਦਾ ਹਾਂ ਤੇ ਹਰ ਸਾਲ ਪੂਰਾ ਇਕ ਮਹੀਨਾ ਸੇਵਾ ਕਰਿਆ ਕਰਾਂਗਾ। ਸੰਤੋਖ ਸਿੰਘ ਵਿਦਿਆਰਥੀ ਨੇ ਮੈਡੀਕਲ ਕਾਲਜ ਵਿੱਚੋਂ ਪੜ੍ਹਨਾ ਛਡਕੇ ਆਪਣੀ ਸੇਵਾ ਲੀਗ ਦੇ ਹਵਾਲੇ ਕੀਤੀ।

ਮਾਸਟਰ ਸੁੰਦਰ ਸਿੰਘ ਜੀ ਨੇ ਪ੍ਰਧਾਨ ਜੀ ਦੇ ਧੰਨਵਾਦ ਦਾ ਗੁਰਮਤਾ ਪੇਸ਼ ਕੀਤਾ ਸਰਦਾਰ ਦਾਨ ਸਿੰਘ ਜੀ ਨੇ ਤਾਈਦ ਕੀਤੀ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਪ੍ਰਵਾਨ ਕੀਤਾ ਗਿਆ। ਫਿਰ ਸਰਦਾਰ ਸੁੰਦਰ ਸਿੰਘ ਜੀ ਚਾਵਲੇ ਨੇ ਸਾਰੀਆਂ ਸੰਗਤਾਂ ਦਾ ਆਗਤ ਭਾਗਤ ਕਮੇਟੀ ਵੱਲੋਂ ਧੰਨਵਾਦ ਕੀਤਾ ਤੇ ਭੁਲਾਂ ਲਈ ਖਿਮਾਂ ਮੰਗੀ। ਅਰਦਾਸਾ ਹੋ ਕੇ ਜਲਸੇ ਦੀ ਸਮਾਪਤੀ ਹੋਈ। ਉਪਰੰਤ ਜਥੇਬੰਦੀ ਅਤੇ ਗੁਰਦੁਆਰੇ ਰਕਾਬ ਗੰਜ ਤੇ ਵਿਚਾਰ ਲਈ ਸੰਗਤਾਂ ਸਜ ਗਈਆਂ।

ਬ੍ਰੈਡਲਾ ਹਾਲ ਵਿਚ ਜਲਸਾ

ਗੁਰਦੁਆਰਾ ਰਕਾਬ ਗੰਜ ਸ਼ਹੀਦੀ ਦਲ ਦੀਆਂ ਤਿਆਰੀਆਂ

੨੨ ਅਕਤੂਬਰ ਸ਼ਾਮ ਨੂੰ ਸੈਂਟ੍ਰਲ ਸਿੱਖ ਲੀਗ ਦੇ ਜੋੜ ਮੇਲ ਮੁਕਣ ਪਿੱਛੋਂ ਸਰਦਾਰ ਅਮਰ ਸਿੰਘ ਜੀ ਝਬਾਲ

(ਡਿਆਲਭੜੰਗ) ਦੀ ਪ੍ਰਧਾਨਗੀ ਹੇਠ ਖਾਲਸੇ ਜੀ ਦਾ ਦੀਵਾਨ ਬ੍ਰੈਡਲਾ ਹਾਲ ਵਿਚ ਹੋਇਆ ਜਿਸ ਵਿਚ ਪੰਥਕ ਜਥੇਬੰਦੀ, ਗੁਰਦੁਆਰਾ ਰਕਾਬ ਗੰਜ ਅਤੇ ਗੁਰਦੁਆਰਾ ਪਦਰੀ ਦੇ ਜ਼ਰੂਰੀ ਸਵਾਲਾਂ ਤੇ ਵਿਚਾਰ ਹੋਈ। ਮਾ: ਸੁੰਦਰ ਸਿੰਘ ਕੀ ਲਾਇਲਪੁਰੀ ਨੇ (ਜੋ ਹੁਣ ਹੀ ਗੁਰਦੁਆਰੇ ਰਕਾਬ ਗੰਜ ਸਬੰਧੀ ਖੋਜ ਕਰਨ ਲਈ ਦਿੱਲੀ ਗਏ ਹਨ) ਸਾਰਾ ਹਾਲ ਖੋਲ ਕੇ ਦੱਸਿਆ ਅਤੇ ਗੁਰਮਤਾ ਪੇਸ਼ ਕੀਤਾ ਕਿ ਗੁਰਦੁਆਰੇ ਦੀ ਕੰਧ ਨੂੰ ਬਨਾਣ ਲਈ ਪਹਿਲੀ ਦਸੰਬਰ ਨੂੰ ਜਾ ਕੇ ਸ਼ਹੀਦੀ ਦਲ ਸੇਵਾ ਸ਼ੁਰੂ ਕਰ ਦੇਵੇ।

੨੯ ਨਵੰਬਰ (੧੫ ਮਘਰ) ਦੀ ਸ਼ਾਮ ਨੂੰ ਸ਼ਹੀਦੀ ਦਲ ਖਾਸ ਕਰ ਕੇ ਅਤੇ ਹੋਰ ਸੇਵਾ ਦੇ ਚਾਹਵਾਨ ਸੱਜਣ ਵੀ ਸ੍ਰੀ ਅਕਾਲ ਤਖ਼ਤ ਜੀ ਅੰਮ੍ਰਿਤਸਰ ਵਿਚ ਇਕੱਠੇ ਹੋ ਜਾਣ। ਸਾਮਾਨ ਆਦਿਕ ਦਾ ਪ੍ਰਬੰਧ ਇਸ ਤੋਂ ਪਹਿਲਾਂ ਕੀਤਾ ਜਾਏਗਾ।

ਮਾਸਟਰ ਮੋਤਾ ਸਿੰਘ ਜੀ ਨੇ ਇਨ੍ਹਾਂ ਦੀ ਪਰੌੜਤਾ ਕਰਦਿਆਂ ਹੋਇਆ ਨੇ ਫਰਮਾਇਆ ਕਿ ਗੁਰੂ ਤੇਗ਼ ਬਹਾਦਰ ਜੀ ਗੁਰਦੁਆਰੇ ਨੂੰ ਖਾਲਸਾ ਜ਼ਰੂਰ ਬਣਾਏਗਾ ਭਾਵੇ ਕੁਝ ਹੀ ਹੋਵੇ। ਸਰਬ ਸੰਮਤੀ ਨਾਲ ਗੁਰਮਤਾ ਪਾਸ ਹੋਇਆ। ਇਸ ਦੇ ਪਿੱਛੋਂ ਗੁਰਦੁਆਰਾ ਪਦਰੀ ਦਾ ਮਾਮਲਾ ਦੱਸਿਆ ਗਿਆ ਜਿਸ ਨੂੰ ਨਿਜਠਣ ਲਈ ਹੇਠ ਲਿਖੇ ਤਿੰਨਾਂ ਸੱਜਣਾਂ ਦੀ ਕਮੇਟੀ ਬਣਾਈ ਗਈ ਕਿ ਇਹ ਸਾਰੀ ਖੋਜ ਕਰ ਕੇ ਪੰਥ ਨੂੰ ਅਸਲੀ ਹਾਲਾਤ ਦੱਸੇ।

੧. ਸ੍ਰ: ਸੋਹਣ ਸਿੰਘ ਜੀ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਲਾਹੌਰ।

੨. ਮਾ: ਮੋਤਾ ਸਿੰਘ ਜੀ।

੩. ਬਾਬਾ ਗੁਰਦਿਆਲ ਸਿੰਘ ਜੀ।

ਪ੍ਰਧਾਨ ਜੀ ਦਾ ਐਡ੍ਰੇਸ

(ਸ੍ਰੀਮਾਨ ਸਰਦਾਰ ਖੜਕ ਸਿੰਘ ਜੀ ਰਈਸ ਪ੍ਰਧਾਨ ਵੱਲੋਂ ਪੜ੍ਹਿਆ ਗਿਆ)

ਡੈਲੀਗੇਟ ਭਰਾਵੋਂ ਤੇ ਭੈਣੋਂ ਤੇ ਹੋਰ ਸੱਜਣੋਂ ਮੈਂ ਆਪ ਪਾਸੋਂ ਆਪ ਦਾ ਧੰਨਵਾਦ ਕਰਨ ਦੀ ਆਗਿਆ ਮੰਗਦਾ ਹਾਂ ਕਿਉਂ ਜੋ ਆਪ ਨੇ ਬੜੀ ਕ੍ਰਿਪਾਲਤਾ ਦੁਆਰਾ ਦਾਸ ਨੂੰ ਪੰਜਾਬ ਦੀ ਰਾਜਧਾਨੀ ਵਿਚ ਹੋਣ ਵਾਲੀ ਇਸ ਸਿੱਖ ਲੀਗ ਦੇ ਦੂਸਰੇ ਇਜਲਾਸ ਦੀ ਪ੍ਰਧਾਨਤਾ ਦੀ ਸੇਵਾ ਸਪੁਰਦ ਕੀਤੀ ਹੈ ਇਸੇ ਸਮੇਂ ਮੇਰੇ ਚਿਤ ਵਿਚ ਉਸ ਵਾਹਿਗੁਰੂ ਅਕਾਲ ਪੁਰਖ ਦੇ ਧੰਨਵਾਦ ਦੀਆਂ ਜੋ ਲਹਿਰਾਂ ਮੇਰੇ ਦਿਲ ਵਿਚ ਉਠ ਰਹੀਆਂ ਹਨ ਉਨ੍ਹਾਂ ਨੂੰ ਮੈਂ ਕਿਸੇ ਤਰ੍ਹਾਂ ਵੀ ਪ੍ਰਗਟ ਕਰਨ ਦੇ ਸਮਰਥ ਨਹੀਂ।

ਭਾਵੇਂ ਮੈਂ ਜਾਣਦਾ ਮੈਂ ਹਾਂ ਕਿ ਮੈਂ ਇਸ ਬਿਖੜੇ ਤੇ ਮੁਸ਼ਕਲ ਕੰਮ ਦੇ ਯੋਗ ਨਹੀਂ ਪਰ ਫੇਰ ਵੀ ਮੈਂ ਗੁਰੂ ਪੰਥ ਦੇ ਹੁਕਮ ਨੂੰ ਸਿਰ ਮਥੇ ਤੇ ਮੰਨਦਾ ਹਾਂ ਅਤੇ ਇਸੇ ਲਈ ਮੈਂ ਆਪ ਪਾਸ ਸਹਾਇਤਾ ਲਈ ਬੇਨਤੀ ਕਰਦਾ ਹਾਂ ਜਿਸ ਦੁਆਰਾ ਮੈਂ ਇਸ ਮੁਸ਼ਕਲ ਕੰਮ ਨੂੰ ਜਿਹੜਾ ਆਪ ਨੇ ਇਸ ਕਠਨਾਈ ਦੇ ਸਮੇਂ ਮੇਰੇ ਸਪੁਰਦ ਕੀਤਾ ਹੈ ਭਲੀ ਪ੍ਰਕਾਰ ਨਜਿਠਨ ਵਿਚ ਸਫਲਤਾ ਪ੍ਰਾਪਤ ਕਰ ਸਕਾ।

ਆਪ ਨੂੰ ਪਤਾ ਹੀ ਹੈ ਕਿ ਲੀਗ ਦਾ ਪਹਿਲਾਂ ਜਲਸਾ ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਵਿਚ ਹੋਇਆ ਸੀ ਹਾਂ ਉਸੇ ਪਵਿੱਤਰ ਨਗਰੀ ਵਿਚ ਜਿਸ ਨੂੰ ਸਾਡੇ ਚੋਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਥਾਪਨ ਕਰਨ ਦੀ ਵਡਿਆਈ ਬਖਸ਼ੀ ਹੈ ਅਤੇ ਇਹ ਗੱਲ ਕਿ ਇਹ ਪਹਿਲੋਂ ਹੀ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਸਤਿਗੁਰੂ ਜੀ ਦੇ ਵਸਾਏ ਸ਼ਹਿਰ ਵਿਚ ਜਨਮ ਲੈ ਚੁਕੀ ਹੈ ਇਹ ਗੱਲ ਦੀ ਨਿਸ਼ਾਨੀ ਹੈ ਕਿ ਅਗੇ ਨੂੰ ਅਦੁਤੀ ਸ਼ਾਨ ਸ਼ੌਕਤ ਨਾਲ ਹੋਇਆ ਕਰੇਗੀ।

ਪੰਥ ਦੇ ਹਰ ਇਕ ਦਰਦੀ ਵਿਚ ਇਹ ਚਾਹ ਤੇ ਢਾਰਸ ਬਝ ਗਈ ਜਾਪਦੀ ਹੈ ਕਿ ਅੰਤ ਨੂੰ ਭਾਵੇਂ ਕੁਝ ਚਿਰ ਮਗਰੋਂ ਹੀ ਸਹੀ ਸਾਨੂੰ ਇਸ ਸਚਾਈ ਦਾ ਪਤਾ ਲੱਗ ਗਿਆ ਹੈ ਕਿ ਵਾਹਿਗੁਰੂ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜਿਹੜੇ ਆਪਣੀ ਆਪ ਸਹਾਇਤਾ ਕਰਦੇ ਹਨ ਸੋ ਅਸਾਂ ਆਪਣੇ ਬੰਧਨਾਂ ਦੀਆਂ ਬੇੜੀਆਂ ਨੂੰ ਤੁੜਾ ਕੇ ਇਹ ਨਿਸਚੇ ਕਰ ਲਿਆ ਹੈ ਕਿ ਸਭ ਕੁਝ ਆਪ ਕਰਾਂਗੇ ਸਾਡੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਿਹੇ ਸੋਹਣੇ ਪਵਿੱਤਰ ਸ਼ਬਦਾਂ ਦੁਆਰਾ, ਆਸਾ ਦੀ ਵਾਰ ਵਿਚ ਦੱਸਿਆ ਹੈ ਕਿ "ਆਪਣ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ" ਇਸ ਪ੍ਰਕਾਰ ਉਨ੍ਹਾਂ ਨੇ ਸਾਰੇ ਸੰਸਾਰ ਨੂੰ ਆਪਣੀ ਸਹਾਇਤਾ ਆਪ ਕਰਨ ਦਾ ਸੁਨਿਹਰੀ ਅਸੂਲ

ਦੱਸਿਆਂ ਹੈ ਮਿਲ ਸਾਹਿਬ ਆਖਦੇ ਹਨ ਜਿਹੜੇ ਆਪਣੀ ਆਪ ਸਹਾਇਤਾ ਨਹੀਂ ਕਰ ਸਕਦੇ ਉਹ ਗੁਲਾਮ ਹਨ ਆਪ ਜਾਣਦੇ ਹੋ ਕਿ ਹਿੰਦੀ ਕੌਮਾਂ ਵਿੱਚੋਂ ਕੇਵਲ ਅਸੀਂ ਹੀ ਹਾਂ ਜਿਹੜੇ ਸਭ ਤੋਂ ਪਿੱਛੇ ਵਿੱਦਿਆ ਪ੍ਰਾਪਤੀ ਦੇ ਮੈਦਾਨ ਵਿਚ ਨਿਕਲੇ ਅਤੇ ਕੁਦਰਤੀ ਤੌਰ ਤੇ ਹੁਣ ਫਿਰ ਅਸੀਂ ਉਨ੍ਹਾਂ ਸਾਰਿਆਂ ਦੇ ਪਿੱਛੋਂ ਪਾਲਿਟੈਕਸ ਦੇ ਮੈਦਾਨ ਵਿਚ ਆਏ ਹਾਂ ਕਿਉਂਕਿ ਆਪ ਜਾਣਦੇ ਹੋ ਕਿ ਵਿੱਦਿਆ ਹੀ ਤਾਂ ਪਾਲਿਟੈਕਸ ਲਈ ਮੈਦਾਨ ਬਨਾਉਂਦੀ ਹੈ ।

ਇਸ ਵਿਚ ਸ਼ੱਕ ਨਹੀਂ ਕਿ ਜੋ ਹੋਣਾ ਸੀ ਸੋ ਹੋ ਚੁੱਕਾ । ਉਸ ਉੱਤੇ ਪਸਚਾਤਾਪ ਕਰਨਾ ਵਿਅਰਥ ਹੈ ਹਾਂ ਅਗਲਾ ਸਮਾਂ ਸਾਡੇ ਹੱਥ ਵਿਚ ਹੈ ਫਿਟ ਗਏ ਦੁਧ ਨੂੰ ਰੋਣ ਨਾਲ ਕੁਝ ਨਹੀਂ ਬਣੇਗਾ ਇਸ ਸੱਚੇ ਅਸੂਲ ਨੂੰ ਮੁਖ ਰੱਖ ਕੇ ਅਥਵਾ (It is never too late) "ਕੰਮ ਕਰਨ ਦਾ ਵੇਲਾ ਅਜੇ ਬਾਕੀ ਹੈ" ਇਹ ਸਮਝਦੇ ਸਾਨੂੰ ਬੜੀ ਸਰਗਰਮੀ ਨਾਲ ਕੰਮ ਕਰਨ ਲਈ ਲੱਕ ਬੰਨ੍ਹ ਲੈਣਾ ਚਾਹੀਦਾ ਹੈ ਸਾਨੂੰ ਤਰੱਕੀ ਦੇ ਮੈਦਾਨ ਵਿਚ ਬੜੀ ਤੇਜੀ ਨਾਲ ਚਲਣਾ ਚਾਹੀਦਾ ਹੈ ਤਾਂ ਕਿ ਜਿਹੜੀ ਦੇਰੀ ਤੇ ਸੁਸਤੀ ਸਾਡੀ ਵੱਲੋਂ ਹੋ ਚੁਕੀ ਹੈ ਉਸ ਦੀ ਕਸਰ ਅਸੀਂ ਪੂਰੀ ਕਰ ਸਕੀਏ ।

ਇਹ ਨਹੀਂ ਸਮਝਣਾ ਚਾਹੀਦਾ ਕਿ ਹੁਣ ਅਸਾਂ ਵੇਲਾ ਲੰਘਾ ਦਿੱਤਾ ਹੈ ਤੇ ਕੁਝ ਨਹੀਂ ਕਰ ਸਕਦੇ ਖਾਲਸਾ ਜੀ ਇਸ ਅਖੌਤ ਉਪਰ ਅਮਲ ਕਰਦੇ ਹੋਏ ਕਮਰ ਕਸੇ ਕਰ ਕੇ ਜੁਟ ਜਾਉ ਅਸਾਂ ਬਿਗਲ ਦੇ ਸਦੇ ਨੂੰ ਵਧੇਰੇ ਸਮਝਿਆ ਹੈ ਅਸੀਂ ਫ਼ੌਜਾਂ ਵਿਚ ਵਧ ਕੇ ਹਿੱਸਾ ਲਿਆ ਹੈ ਇਸੇ ਲਈ ਵਿੱਦਿਆ ਤੇ ਪਾਲਿਟਿਕਸ ਵਿਚ ਅਸੀਂ ਪਿਛੇ ਰਹੇ ਜਾਂ ਜਿਹੜੀ ਕੌਮ ਵਿਚ ਸੂਰਬੀਰ ਹੀ ਨਾ ਹੋਵੇ ਉਹ ਉਨ੍ਹਾਂ ਪਸ਼ੂਆਂ ਦੇ ਸਾਮਾਨ ਹੈ ਜਿਨਾ ਨੂੰ ਥੋੜੇ ਜਿਹੇ ਚਰਵਾਹੇ ਆਪਣੀ ਮਰਜੀ ਜਿਧਰ ਚਾਹੁਣ ਹਿਕ ਕੇ ਲੈ ਜਾ ਸਕਦੇ ਹਨ ਅਸਾਂ ਜਿਸ ਪ੍ਰਕਾਰ ਥੋੜ੍ਹੇ ਸਮੇਂ ਵਿਚ ਹੀ ਤਰੱਕੀ ਕੀਤੀ ਹੈ ਇਸ ਤੋਂ ਆਸ ਬਝਦੀ ਹੈ ਕਿ ਅਸੀਂ ਪਾਲਿਟਿਕਸ ਵਿਚ ਵੀ ਪਿੱਛੋਂ ਟੁਰੇ ਹਾਂ ਦੂਜੀਆਂ ਕੌਮਾਂ ਨਾਲੋਂ ਪਿੱਛੇ ਨਹੀਂ ਰਹਾਂਗੇ। ਲੋਕ ਗ਼ਲਤੀ ਨਾਲ ਸਮਝਦੇ ਹਨ ਕਿ ਰਾਜਸੀ ਕੰਮਾਂ ਵਿਚ ਹਿੱਸਾ ਲੈਣ ਕਰ ਕੇ ਸਰਕਾਰ ਨਰਾਜ ਹੋ ਜਾਏਗੀ ਪਰੰਤੂ ਕੋਈ ਮੁਜ਼ਹਬ ਗੌਵਰਮੈਂਟ ਐਸਾ ਨਹੀਂ ਕਰ ਸਕਦੀ ਤੇ ਜੇ ਕੋਈ ਗੌਵਰਮੈਂਟ ਐਸਾ ਕਰਦੀ ਹੈ ਤਦ ਉਸ ਨੂੰ ਅਸੀਂ ਮੁਜ਼ਹਬ ਨਹੀਂ ਕਹਿ ਸਕਦੇ ਤੇ ਜੇ ਕੋਈ ਐਡਾ ਹੀ ਡਰਾਕਲ ਤੇ ਬੁਜ਼ਦਿਲ ਆਦਮੀ ਭਰਾਵਾਂ ਦੀ ਬੇਹਤਰੀ ਵਿਚ ਹਿੱਸਾ ਲੈਣੋਂ ਝਿਜਕਦਾ ਹੈ ਤਦ ਉਹ ਆਦਮੀ ਸ਼੍ਰੇਣੀ ਵਿਚ ਰਹਿਣ ਦੇ ਲਾਇਕ ਨਹੀਂ ਦੁੱਖ ਸਹਿਣਾ ਸਿੱਖਾਂ ਦਾ ਧਰਮ ਹੈ ਜਿਹਾ ਕੇ ਵਾਕ ਹੈ "ਭੈ ਕਾਹੂ ਕੋ ਦੇਤ ਨਹਿ ਨ ਭੈ ਮਾਨਤ ਆਨ" ਭੈ ਦੇਣ ਅਥਵਾ ਮੰਨਣ ਵਾਲਾ ਗਿਆਨੀ ਨਹੀਂ ਓਜੜ ਹੈ ਪਾਲਿਟਿਕਸ ਕੰਮ ਨੂੰ ਕੋਈ ਬੁਰਾ ਨਹੀਂ ਕਹਿ ਸਕਦਾ ਪਾਲੇਟਿਕਸ ਸਹੀ ਤਾਂ ਸਾਨੂੰ ਦੱਸ ਹੈ ਕਿ ਅਸੀਂ ਹੱਕਾਂ ਦੀ ਰਾਖੀ ਕਿਸ ਪ੍ਰਕਾਰ ਕਰੀਏ ਮੇਰੀ ਰਾਏ ਵਿਚ ਰਾਜਸੀ ਕੰਮਾਂ ਵਿਚ ਹਿੱਸਾ ਲੈਣਾ ਹਰ ਇਕ ਆਦਮੀ ਦਾ ਜਮਾਂਦਰੂ ਹਕ ਹੈ, ਜੇ ਕਿਸੇ ਦੇਸ਼ ਦੇ ਵਸਨੀਕ ਪਾਲੇਟਿਕਸ ਵਿਚ ਹਿਸਾ ਨਹੀਂ ਲੈਂਦੇ ਉਹ ਦੂਜਿਆਂ ਦੇ ਗੁਲਾਮ ਹੋ ਜਾਂਦੇ ਹਨ ਅਤੇ ਗੁਲਾਮੀ ਦੀ ਹਾਲਤ ਵਿਚ ਆਦਮੀ ਆਪਣੇ ਧਰਮ ਉਪਰ ਵੀ ਕਾਇਮ ਨਹੀਂ ਰਹਿ ਸਕਦਾ ਕਿਉਂਕਿ ਇਸ ਦਿਸ਼ਾ ਵਿਚ ਇਕ ਦੂਜੇ ਦੇ ਹੱਕਾਂ ਨੂੰ ਮਾਰਨਾ ਗਰੀਬ ਆਦਮੀਆਂ ਨੂੰ ਸਤਾਉਣ ਔਗਣ ਆ ਜਾਂਦੇ ਹਨ ਤੇ ਉਨਾਂ ਵਿਚ ਇਖਲਾਕ ਵੀ ਘਾਟ ਆ ਜਾਂਦੀ ਹੈ ।

ਅਕਾਲੀ ਲਾਹੌਰ, ੨੮ ਅਕਤੂਬਰ ੧੯੨੦

ਪ੍ਰਧਾਨ ਜੀ ਦਾ ਐਡ੍ਰੇਸ

(ਸ੍ਰੀਮਾਨ ਸਰਦਾਰ ਖੜਕ ਸਿੰਘ ਰਈਸ ਪ੍ਰਧਾਨ ਵੱਲੋਂ ਪੜਿਆ ਗਿਆ)

ਕਈ ਸੱਜਣਾਂ ਦਾ ਖ਼ਿਆਲ ਹੈ ਕਿ ਸਿੱਖ ਇਕ ਧਾਰਮਿਕ ਜਥਾ ਹੈ, ਮੈਂ ਉਨ੍ਹਾਂ ਦੀ ਇਹ ਗੱਲ ਨਹੀਂ ਮੰਨ ਦਾ ਪਾਲੇਟਿਕਸ ਵਿਚ ਕੋਈ ਗੱਲ ਧਰਮ ਦੇ ਉਲਟ ਨਹੀਂ ਹੈ ਇਖਲਾਕ (ਸਦਾਚਾਰ) ਧਰਮ ਦਾ ਇਕ ਅੰਗ ਹੈ ਗੁਰੂ ਜੀ ਆਖਦੇ ਹਨ "ਏਕ ਪਿਤਾ ਏਕਸ ਕੇ ਹਮ ਬਾਰਕ..." ਇਸ ਤੋਂ ਪ੍ਰਗਟ ਹੋਇਆ ਕਿ ਜਿਹੜੇ ਸਾਡੇ ਸਬੰਧ ਵਾਹਿਗੁਰੂ ਅਕਾਲ ਪੁਰਖ ਨਾਲ ਹਨ ਉਹ ਤਾਂ ਹੈ ਧਰਮ, ਅਤੇ ਜਿਹੜੇ ਸਾਡੇ ਸਬੰਧ ਸਾਡੇ ਭਰਾਵਾਂ ਨਾਲ ਹੈ ਉਹੋ ਪਾਲੇਟਿਕਸ ਹੈ ਸੋ ਪਾਲੇਟਿਕਸ ਤਾਂ ਧਰਮ ਦਾ ਇਕ ਅੰਗ ਹੈ ਦੂਜੇ ਦੇਸ਼ਾਂ ਵਿਚ ਪਾਲੇਟਿਕਸ ਨੂੰ ਇਕ ਚੰਗੀ ਗੱਲ ਸਮਝਿਆ ਜਾਂਦਾ ਹੈ ਅਤੇ ਜਿਹੜਾ ਭਰਾਵਾਂ ਦੀ ਬੇਹਤਰੀ ਵਿਚ ਹਿੱਸਾ ਨਹੀਂ ਲੈਂਦਾ ਉਹ ਬਹੁਤ ਹੀ ਭੈੜਾ ਆਦਮੀ ਸਮਝਿਆ ਜਾਂਦਾ

ਹੈ ਜਿਸ ਆਦਮੀ ਦੇ ਅੰਦਰ ਆਪਣੇ ਦੇਸ਼ ਨੂੰ ਦੇਖ ਕੇ ਜੋਸ਼ ਨਹੀਂ ਆਉਂਦਾ ਉਸ ਦੀ ਕੋਈ ਵਡਿਆਈ ਨਹੀਂ ਕਰੇਗਾ ਅਤੇ ਭਾਵੇਂ ਉਹ ਧੰਨਵਾਨ ਹੈ ਉਹ ਜੀਉਂਦਾ ਹੀ ਮੋਇਆ ਹੋਇਆ ਹੈ ਅਤੇ ਮਰਨ ਵੇਲੇ ਦੂਜੀ ਵੇਰ ਮਰਦਾ ਹੈ ਉਹ ਪਵਿੱਤਰ ਮਿੱਟੀ ਨੂੰ ਵੀ ਜਿਸ ਨਾਲ ਉਹ ਬਣਿਆ ਸੀ ਬਦਨਾਮ ਕਰ ਜਾਦਾ ਹੈ..."।

ਜਿਹੜੇ ਭਰਾ ਪਾਲੇਟਿਕਸ ਦੇ ਖ਼ਿਲਾਫ ਪ੍ਰਚਾਰ ਕਰਦੇ ਰਹੇ ਹਨ ਆਸ਼ਾ ਹੈ ਉਹ ਅਗੇ ਨੂੰ ਬਾਜ ਆ ਜਾਣਗੇ ਅਤੇ ਅਗੋਂ ਨੂੰ ਲੀਗ ਦੇ ਪ੍ਰਚਾਰ ਵਿਚ ਸਹਾਈ ਹੋਣਗੇ ਤੇ ਲੋਕਾਂ ਨੂੰ ਦੱਸਣਗੇ ਕਿ ਪਾਲੇਟਿਕਸ ਵਿਚ ਹਿੱਸਾ ਲੈਣਾ ਨਾ ਕੇਵਲ ਚੰਗਾ ਹੀ ਹੈ ਸਗੋਂ ਇਹ ਹਰ ਇਕ ਦਾ ਫਰਜ਼ ਹੈ।

ਕਈ ਜ਼ਾਲਮ ਖੋਰਾਂ ਦੇ ਦਿਮਾਗ ਵਿਚ ਇਹ ਗੱਲ ਸਮਾਂ ਗਈ ਹੋਈ ਹੈ ਕਿ ਸੰਸਾਰ ਉਨ੍ਹਾਂ ਦੇ ਜ਼ੁਲਮ ਸਹਿਣ ਲਈ ਹੀ ਬਣਿਆ ਹੈ ਸੋ ਪਾਲੇਟਿਕਸ ਇਹ ਦੱਸਦਾ ਹੈ ਕਿ ਨਹੀਂ ਤੁਸੀਂ ਉਨ੍ਹਾਂ ਦੇ ਉਲਟ ਅਵਾਜ਼ ਉਠਾ ਸਕਦੇ ਹੋ।

ਇਹ ਪਾਲੇਟਿਕਸ ਦੇ ਐਜੀਟੇਸ਼ਨ ਦਾ ਹੀ ਨਤੀਜਾ ਸੀ ਕਿ ਸਰਕਾਰ ਨੂੰ ਹੰਟਰ ਕਮੇਟੀ ਬਣਾ ਕੇ ਭੇਜਣ ਦੀ ਲੋੜ ਮਹਿਸੂਸ ਹੋਈ ਜਿਹੜੀ ਕਿ ਪੰਜਾਬ ਤੇ ਹੋਏ ਜ਼ੁਲਮਾਂ ਦੀ ਪੜਤਾਲ ਕਰ ਕੇ ਪੰਡਤ ਮਦਨ ਮੋਹਨ ਮਾਲਵੀ, ਪੰਡਤ ਮੋਤੀ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਤੇ ਹੋਰ ਪੋਲੀਟੀਕਲ ਲੀਡਰਾਂ ਨੇ ਆ ਕੇ ਸਾਡੀ ਸਹਾਇਤਾ ਕੀਤੀ ਜਿਨਾਂ ਲਈ ਕਿ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ ਜੇ ਉਹ ਸਾਡੀ ਸਹਾਇਤਾ ਲਈ ਨਾ ਆਉਂਦੇ ਤਦ ਸਾਡੇ ਦੁਖਾਂ ਦੀ ਆਵਾਜ਼ ਕਦੀ ਨਾ ਕਦੀ ਸੁਣੀ ਜਾਂਦੀ ਜੇ ਉਹ ਵੇਲੇ ਸਿਰ ਆ ਕੇ ਸਾਡੀ ਸਹਾਇਤਾ ਨਾ ਕਰਦੇ ਤਦ ਚੰਗੇ ਡਾਕਟਰ ਵਾਂਗ ਕੋਈ ਸਾਡੇ ਦੁਖ ਨਾ ਦੇਖਦਾ ਤੇ ਨਾ ਹੀ ਕੋਈ ਸਾਡੇ ਦਿਲ ਦੇ ਦੁੱਖਾਂ ਉਪਰ ਮਰਹਮ ਹੀ ਲਾਉਂਦਾ ਤੇ ਨਾ ਕੋਈ ਉਨ੍ਹਾਂ ਜ਼ੁਲਮਾਂ ਨੂੰ ਹੀ ਦੱਸਦਾ ਜਿਹੜੇ ਬਾਸ ਵਰਥ ਸਮਿਥ ਰਾਇ ਸਾਹਿਬ ਸਿਰੀ ਰਾਮ ਸੂਦ ਵਰਗੇ ਜ਼ਾਲਮਾਂ ਨੇ ਕੀਤੇ ਸਨ (ਫਿਟਕਰਾਂ ਦੀ ਆਵਾਜ਼) ਆਪ ਸਮਝ ਗਏ ਹੋਵੋਗੇ, ਮੇਰਾ ਇਸ ਤੋਂ ਕੀ ਮਤਲਬ ਹੈ ਉਦੋਂ ਸਾਡੇ ਭੇਜੇ ਹੋਏ ਕੌਂਸਲ ਦੇ ਮੈਂਬਰ ਵੀ ਕੁਝ ਨਾ ਕੁਝ ਕਰ ਸਕੇ ਸਗੋਂ ਉਲਟਾ ਉਹ ਇਸ ਮਾਮਲੇ ਨੂੰ ਦਬਾਉਣਾ ਚਾਹੁੰਦੇ ਸਨ ਕੇਡੀ ਬਦਨਾਮੀ ਦੀ ਗੱਲ ਹੈ ਅਗੇ ਉਨ੍ਹਾਂ ਜ਼ਾਲਮਾਂ ਨੂੰ ਸਜਾਵਾਂ ਦੇ ਨਾ ਮਿਲਣ ਕਰ ਕੇ ਲੋਕਾਂ ਨੂੰ ਹੋਰ ਵੀ ਦੁਖ ਹੋਇਆ ਜਨਰਲ ਡਾਇਰ ਦਾ ਨਾਮ ਆਉਂਦੇ ਹੀ ਮੈਨੂੰ ਯਾਦ ਆ ਗਿਆ ਕਿ ਕਈ ਸੱਜਣਾਂ ਨੇ ਹਊਸ ਆਫ਼ ਲਾਰਡਜ਼ (ਲਾਰਡ ਸਭਾ) ਵਿਚ ਆਖਿਆ ਸੀ ਕੇ ਜਨਰਲ ਡਾਇਰ ਨੂੰ ਸਿੱਖ ਬਣਾਇਆ ਗਿਆ ਹੈ। ਇਹ ਗੱਲ ਸਿੱਖਾ ਦੇ ਅਸੂਲ ਦੇ ਹੀ ਉਲਟ ਹੈ ਇਹ ਹੋ ਹੀ ਕਿਸ ਤਰ੍ਹਾਂ ਸਕਦਾ ਹੈ ਉਹ ਅਜੇ ਤਕ ਈਸਾਈ ਹੈ ਅਤੇ ਇਹ ਨਾ ਮੁਮਕਨ ਹੈ ਕਿ ਉਹ ਸਿੱਖ ਵੀ ਹੋਵੇ ਤੇ ਈਸਾਈ ਵੀ।

ਜਦ ਲਾਰਡ ਸਭਾ ਨੇ ਉਪਰੋਕਤ ਜਨਰਲ ਨੂੰ ਮਾਫ਼ ਕੀਤਾ ਤਦ ਲੋਕਾਂ ਨੂੰ ਇਹ ਦੇਖ ਕੇ ਬੜੀ ਹੈਰਾਨੀ ਹੋਈ! ਬਹੁਤ ਸਾਰੇ ਲੋਕਾਂ ਦਾ ਇਹ ਨਿਸਚਾ ਸੀ ਤੇ ਉਹ ਸਮਝੀ ਬੈਠੇ ਸਨ ਕਿ ਅੰਗ੍ਰੇਜ਼ਾਂ ਦਾ ਸੁਭਾ ਏਥੇ ਆ ਕੇ ਹੀ ਬਦਲ ਜਾਂਦਾ ਹੈ ਤੇ ਵਲਾਇਤ ਵਿਚ ਇਹ ਸਾਰੇ ਨੇਕ ਮਜ਼ਾਜ਼ ਹੁੰਦੇ ਹਨ ਸੋ ਲੋਕਾਂ ਦਾ ਇਹ ਨਿਸਚਾ ਵੀ ਹੁਣ ਪਰ ਲਾ ਕੇ ਉਡ ਗਿਆ ਹੈ ਮੈਂ ਪੁਛਦਾ ਹਾਂ ਕੋਈ ਐਸਾ ਸਮਾਂ ਦੱਸੋ ਜਦੋਂ ਧਰਮ ਦੀ ਉਟ ਵਿਚ ਵੱਡੇ-ਵੱਡੇ ਉਪਦਰਵ ਨਹੀਂ ਹੋਏ ਉਹ ਆਖਣਗੇ ਕਿ ਇਹ ਮਜ਼ਹਬ ਦਾ ਕਸੂਰ ਨਹੀਂ ਸਗੋਂ ਜ਼ਾਲਮਾਂ ਨੇ ਮਜ਼ਹਬ ਦਾ ਭੈੜਾ ਵਰਤਾ। ਏਸੇ ਤਰ੍ਹਾਂ ਪਾਲੇਟਿਕਸ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਉਸ ਨੂੰ ਚੰਗੀ ਤਰ੍ਹਾਂ ਵਰਤਿਆ ਜਾਵੇ ਤਦ ਫਾਇਦਾ, ਨਹੀਂ ਤੇ ਉਲਟਾ ਨੁਕਸਾਨ ਹੋ ਜਾਂਦਾ ਹੈ।

ਅਸੀਂ ਪਾਲੇਟਿਕਸ ਵਿਚ ਅਜੇ ਦੂਜੀਆਂ ਕੌਮਾਂ ਵਾਂਗ ਉਸਤਾਦ ਨਹੀਂ ਹਾਂ ਸਾਨੂੰ ਬਹੁਤਾ ਜੋਸ਼ ਪ੍ਰਗਟ ਨਹੀਂ ਕਰਨਾ ਚਾਹੀਦਾ ਸਗੋਂ ਜੋ ਗੱਲ ਮੂੰਹੋਂ ਕਢੀਏ ਉਹ ਪੂਰੀ ਕਰ ਕੇ ਦੱਸ ਦੇਈਏ ਅਤੇ ਸਾਨੂੰ ਇਹ ਕੰਮ ਬੜੇ ਇਸਤਕਲਾਲ ਨਾਲ ਕਰਨਾ ਚਾਹੀਦਾ ਹੈ ਸਾਨੂੰ ਸਦਾ ਇਨਸਾਫ਼ ਦੀ ਹਮਾਇਤ ਕਰਨੀ ਚਾਹੀਦੀ ਹੈ ਇਸ ਉਪਰ ਕਈ ਆਖਣਗੇ ਕਿ ਫਿਰ ਵਧ ਹਕ ਕਿਉਂ ਮੰਗਦੇ ਹੋ ਇਕ ਅਸੂਲ ਮੰਨਿਆ ਜਾ ਚੁਕਾ ਹੈ ਕਿ ਛੋਟੀਆਂ ਕੌਮਾਂ ਦੇ ਹੱਕਾਂ ਦੀ ਰਾਖੀ ਵਿਸ਼ੇਸ਼ ਕੀਤੀ ਜਾਂਦੀ ਹੈ ਸੋ ਇਸ ਅਸੂਲ ਦੇ ਅਨੁਸਾਰ ਅਸੀਂ ਆਪਣਾ ਹਕ ਮੰਗਦੇ ਹਾਂ ਨਾ ਕੇ ਵਧੇਰੇ।

ਵੱਡੇ-ਵੱਡੇ ਕਾਰਨ

ਪੌਣੀ ਸਦੀ ਪਹਿਲੇ ਅਸੀਂ ਸਾਰੇ ਪੰਜਾਬ ਸਰਹੰਦ, ਕਸ਼ਮੀਰ ਆਦਿਕ ਦੇਸ਼ਾਂ ਦੇ ਹਾਕਮ ਸਾਂ ਹੋਰ ਜੋ ਖਿਦਮਤਾਂ ਅਸਾਂ ਕੀਤੀਆਂ ਹਨ ਉਨ੍ਹਾਂ ਦਾ ਹੋਈ ਮੁਕਾਬਲਾ ਨਹੀਂ ਕਰ ਸਕਦਾ ਸਭ ਜਾਣਦੇ ਹਨ ਕਿ ਅਸਾਂ ਸਾਰੀ ਹਿੰਦੀ ਫ਼ੌਜ

ਦਾ ਪੰਜਵਾਂ ਹਿੱਸਾ ਰੰਗਰੂਟ ਦਿੱਤੇ ਸਾਡੇ ਦੋ ਕਾਲਜ ਤੇ ਦਰਜਨਾਂ ਹਾਈ ਸਕੂਲ ਚਲ ਰਹੇ ਹਨ, ਇਸਤਰੀ ਵਿੱਦਿਆ ਲਈ ਵੀ ਅਸਾਂ ਕੋਈ ਘਟ ਯਤਨ ਨਹੀਂ ਕੀਤਾ ਅਤੇ ਗੌਰਵਤਾ ਬਾਬਤ ਸਰਦਾਰ ਹਿੰਦ ਦੀ ਚਿੱਠੀ ਨੰ: ੨੧੨੨੦ ਵਿਚ ਐਓ ਲਿਖਿਆ ਕਿ ਸਿੱਖਾਂ ਦੀ ਰਾਜਸੀ ਦਸ਼ਾ ਤੇ ਹੋਰ ਖ਼ਾਸ-ਖ਼ਾਸ ਗੱਲਾਂ ਅਜਿਹੀਆਂ ਖ਼ਾਸ ਹਨ, ਉਨ੍ਹਾਂ ੮੦,੦੦੦ ਆਦਮੀ ਫ਼ੌਜ ਲਈ ਦਿੱਤੇ ਹਨ ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕੇ ਉਨ੍ਹਾਂ ਨਾਲ ਗਿਣਤੀ ਦੇ ਲਿਹਾਜ਼ ਨਾਲ ਸਲੂਕ ਹੋਵੇ।

ਮਿੰਟੂ ਮਾਰਲੇ ਸਕੀਮ ਵੇਲੇ ਸਰਕਾਰ ਨੇ ਮੰਨਿਆ ਸੀ ਕਿ ਸਿੱਖਾਂ ਨੂੰ ਵਿਸ਼ੇਸ਼ ਦਰਿਸ਼ਟੀ ਨਾਲ ਦੇਖਣਾ ਚਾਹੀਦਾ ਅਤੇ ਪੰਜਾਬ ਵਿਚ ਸਿੱਖਾਂ ਨਾਲ ਵਿਸ਼ੇਸ਼ਤਾ ਦਾ ਸਲੂਕ ਹੋਣਾ ਚਾਹੀਦਾ ਹੈ ਅਤੇ ਕਮੇਟੀ ਨੇ ਪ੍ਰਵਾਨ ਕੀਤਾ ਸੀ ਕਿ ਮੁਸਲਮਾਨਾਂ ਵਾਂਗ ਸਿੱਖਾਂ ਨੂੰ ਵੀ ਖ਼ਾਸ ਹਕ ਮਿਲਣੇ ਚਾਹੀਦੇ ਹਨ।

ਜਦ ਸਰਕਾਰ ਨੇ ਵੀ ਹਿੰਦੂ ਮੁਸਲਮਾਨਾਂ ਦੀ ਤਰ੍ਹਾਂ ਖ਼ਾਸ ਹੱਕ ਦੇ ਅਸੂਲ ਨੂੰ ਮੰਨ ਲਿਆ ਹੈ ਤਦ ਇਸ ਨੂੰ ਕਿਉਂ ਅਮਲੀ ਸੂਰਤ ਨਹੀਂ ਦਿੱਤੀ ਜਾਂਦੀ, ਕੀ ਇਸ ਲਈ ਕੇ ਅਸੀਂ ਪਾਲੇਟਿਕਸ ਵਿਚ ਵਧ ਕੇ ਹਿੱਸਾ ਨਹੀਂ ਲਿਆ! ਕੀ ਇਸ ਲਈ ਕਿ ਅਸਾਂ ਗਦਰ ਵੇਲੇ ਸਰਕਾਰ ਦੀ ਸਹਾਇਤਾ ਕੀਤੀ! ਕੀ ਇਸ ਲਈ ਕਿ ਅਸਾਂ ਮਿਸਟ ਤੇ ਯੂਰਪ ਵਿਚ ਸਰਕਾਰ ਲਈ ਆਪਣਾ ਤੇ ਆਪਣੇ ਬੱਚਿਆਂ ਦਾ ਖ਼ੂਨ ਵਗਾਇਆ!

ਨੌਕਰਸ਼ਾਹੀ ਤੇ ਇਤਬਾਰ ਨਹੀਂ ਰਿਹਾ

ਸੋ ਇਸ ਲਈ ਜੇ ਹੁਣ ਅਸੀਂ ਕਹਿ ਦਈਏ ਕਿ ਸਾਡਾ ਨੌਕਰਸ਼ਾਹੀ ਤੋਂ ਭਰੋਸਾ ਉਠ ਗਿਆ ਹੈ ਤਦ ਬਿਲਕੁਲ ਠੀਕ ਹੋਵੇਗਾ।

ਹੁਣ ਸਵਾਲ ਇਹ ਹੈ ਕਿ ਇਹ ਖ਼ਾਸ ਹੱਕਾਂ ਦਾ ਅਸੂਲ ਪਾਸ ਹੋ ਗਿਆ ਹੈ ਕਿ ਨਹੀਂ ਅਤੇ ਕੀ ਸਿੱਖ ਵੀ ਇਹੋ ਜਿਹੀ ਕੌਮ ਹੈ ਜੋ ਇਸ ਗਿਣਤੀ ਵਿਚ ਆ ਜਾਂਦੀ ਹੈ ਜੇ ਇਹ ਹੈ ਤਦ ਕਿਉਂ ਸਾਡੇ ਹੱਕ ਸਾਨੂੰ ਨਹੀਂ ਮਿਲਦੇ।

ਹਿੰਦੂ ਮੁਸਲਮਾਨਾਂ ਦੀ ਸਾਡੇ ਨਾਲ ਬੇਇਨਸਾਫ਼ੀ

ਸਾਡੇ ਹਿੰਦੂ ਮੁਸਲਮਾਨਾਂ ਭਰਾਵਾਂ ਨੇ ਵੀ ਸਾਡੇ ਨਾਲ ਇਨਸਾਫ਼ ਵਾਲਾ ਸਲੂਕ ਨਹੀਂ ਕੀਤਾ ਲਖਨਊ ਕਾਂਗਰਸ ਵਿਚ ਉਨ੍ਹਾਂ ਆਪੋ ਆਪਣਾ ਹਿੱਸਾ ਵੰਡ ਲਿਆ ਉਹ ਆਖਣਗੇ ਕਿ ਤੁਸੀਂ ਸਰਕਾਰ ਨਾਲ ਸਉ ਤੇ ਉਥੇ ਹਾਜ਼ਰ ਨਹੀਂ ਸਓ ਮੈਂ ਪੁਛਦਾ ਹਾਂ ਕੀ ਇਹ ਇਨਸਾਫ਼ ਹੈ ਕਿ ਇਕ ਭਰਾ ਦਾ ਹਾਜਰ ਨਾ ਹੋਣ ਕਰ ਕੇ ਉਹ ਦਾ ਹੱਕ ਹੀ ਮਾਰ ਲਿਆ, ਜਾਵੇ ਇਹ ਕੋਈ ਇਨਸਾਫ਼ ਨਹੀਂ ਹੈ।

ਜੇ ਉਨ੍ਹਾਂ ਗ਼ਲਤੀ ਵਿਚ ਆ ਕੇ ਇਹ ਗੱਲ ਨਹੀਂ ਕੀਤੀ ਹੈ ਕਿ ਅਸੀਂ ਹਿੰਦੂਆਂ ਦਾ ਹੀ ਅੰਗ ਹਾਂ ਤਦ ਮੈਂ ਬੜੇ ਜੋਰ ਨਾਲ ਉਨ੍ਹਾਂ ਅੱਗੇ ਬੇਨਤੀ ਕਰਦਾ ਹਾਂ ਕਿ ਅਸੀਂ ਵਖਰੇ ਹਾਂ ਤੇ ਵਖਰੇ ਰਹਿ ਕੇ ਹੀ ਹੱਕਾਂ ਦੀ ਰਾਖੀ ਕਰਨੀ ਹੈ ਅਸੀਂ ਬਦੇਸੀਆਂ ਨੂੰ ਆਖਦੇ ਹਾਂ ਕਿ ਉਨ੍ਹਾਂ ਨੂੰ ਹਿੰਦੂਆਂ ਨਾਲ ਹਮਦਰਦੀ ਨਹੀਂ ਤੇ ਜੇ ਹਿੰਦੂ ਮੁਸਲਮਾਨ ਸਾਡੇ ਹੀ ਭਰਾ ਵੰਡ ਵੇਲੇ ਸਾਨੂੰ ਭੁਲ ਗਏ ਤਦ ਦੂਜਿਆਂ ਉਪਰ ਕੀ ਰੋਸ਼ ਕੀਤਾ ਜਾਏ ਸੋ ਹਿੰਦੂ ਮੁਸਲਮਾਨ ਭਰਾਵਾਂ ਅੱਗੇ ਬੇਨਤੀ ਹੈ ਕਿ ਅਗੋਂ ਸਾਡੀ ਸਹਾਇਤਾ ਕਰਨ ਕਿਉਂਕਿ ਹੁਣ ਅਸਾਂ ਵੀ ਫ਼ੈਸਲਾ ਕਰ ਲਿਆ ਹੈ ਕਿ ਅਸੀਂ ਸਿੱਖ ਵਖਰੇ ਹਾਂ, ਭਰਾ ਹਾਂ ਤੇ ਅਗੋ ਲਈ ਸਮੇਂ ਸਿਰ ਭੁਲ ਜਾਣ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਜੇ ਮੁਸਲਮਾਨ ਭਰਾ ਵੀ ਆਪਣਾ ਵਿਸ਼ੇਸ਼ ਹਕ ਛਡ ਦੇਣ ਤਦ ਅਸੀਂ ਸਭ ਤੋਂ ਪਹਿਲਾਂ ਆਪਣਾ ਹਕ ਤਿਆਗਨ ਲਈ ਤਿਆਰ ਹਾਂ, ਅੱਜ ਕਲ੍ਹ ਸਮਾਂ ਰੌਲਾ ਪਾ ਕੇ (ਐਜ਼ੀਟੇਸ਼ਨ ਕਰ ਕੇ) ਹੀ ਹੱਕ ਪ੍ਰਾਪਤ ਕਰਨ ਦਾ ਹੈ ਸਾਨੂੰ ਖ਼ਿਆਲ ਸੀ ਕਿ ਸਾਡੇ ਹੱਕ ਸਾਨੂੰ ਆਪ ਹੀ ਮਿਲ ਜਾਣਗੇ ਪਰ ਇਹ ਨਹੀਂ ਹੋਇਆ ਸਗੋਂ ਇਹ ਨਤੀਜਾ ਮਿਲਿਆ ਕਿ ਅਸੀਂ ਸਭ ਤੋਂ ਫਾਡੀ ਰਹਿ ਗਏ ਹਾਂ ਇਸ ਲਈ ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਬੜੇ ਜ਼ੋਰ ਸ਼ੋਰ ਨਾਲ ਪਾਲਿਟਿਕਸ ਵਿਚ ਹਿੱਸਾ ਲਉ।

'ਅਕਾਲੀ' ਪ੍ਰਬੰਧਕ ਕਮੇਟੀ

ਪਹਿਲਾਂ ਵੀ ਐਲਾਨ ਕੀਤਾ ਗਿਆ ਸੀ ਕਿ 'ਅਕਾਲੀ' ਅਖ਼ਬਾਰ ਕੌਮ ਦੀ ਮਲਕੀਅਤ ਹੈ। ਸੇਵਕਾਂ ਨੇ ਆਪਣੇ ਜੀਵਨ ਕੌਮੀ ਸੇਵਾ ਲਈ ਮੁਫ਼ਤ ਅਰਪਣ ਕਰ ਦਿੱਤੇ ਹਨ। ਅਤੇ ਮਾਮੂਲੀ ਗੁਜ਼ਾਰੇ ਤੇ ਸਾਦਾ ਜੀਵਨ ਬਤੀਤ ਕਰਨਗੇ।

'ਅਕਾਲੀ' ਨੂੰ ਚਲਾਣ ਲਈ ਇਕ ਕਮੇਟੀ ਬਣਾਈ ਗਈ ਹੈ ਜਿਸ ਦੇ ਹੱਥ ਵਿਚ ਅਖ਼ਬਾਰ ਦਾ ਸਾਰਾ ਸ੍ਰਬੰਧ ਹੋਵੇਗਾ, ਜਿਹਾ ਕਿ ਹਿਸਾਬ ਕਿਤਾਬ ਰੱਖਣਾ, ਰਪੋਟ ਛਾਪ ਕੇ ਪੰਥ ਨੂੰ ਪੈਸੇ-ਪੈਸੇ ਦਾ ਹਿਸਾਬ ਦੇਣਾ, ਸੇਵਕ ਰੱਖਣੇ, ਆਦਿਕ। ਕਮੇਟੀ ਦੇ ਮੈਂਬਰ ਵਧ ਤੋਂ ਵਧ ੧੫ ਹੋ ਸਕਦੇ ਹਨ ।

ਮੈਂਬਰਾਂ ਦੀ ਫੈਹਰਿਸਤ

੧. ਸ: ਨਿਰਜੰਨ ਸਿੰਘ ਜੀ ਐਮ. ਐਸ. ਸੀ. ਖਾਲਸਾ ਕਾਲਜ ਅੰਮ੍ਰਿਤਸਰ।

੨. ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰ ।

੩. ਬਾਬਾ ਗੁਰਦਆਿਲ ਸਿੰਘ ਜੀ 'ਭੈਣੀ ਸਾਹਿਬ ।

੪. ਸ: ਤੇਜਾ ਸਿੰਘ ਜੀ ਸਮੁੰਦਰੀ ।

੫. ਸ: ਅਮਰ ਸਿੰਘ ਜੀ ਝਬਾਲ ਅੰਮ੍ਰਿਤਸਰ ।

੬. ਮਾ: ਤਾਰਾ ਸਿੰਘ ਜੀ ਬੀ. ਏ. ਹੈਡ ਮਾ: ਖਾਲਸਾ ਹਾਈ ਸਕੂਲ ਲਾਇਲਪੁਰ।

੭. ਸ: ਸਾਧੂ ਸਿੰਘ ਜੀ ਬਾਹਮਣੀ ਵਾਲਾ ਅੰਮ੍ਰਿਤਸਰ ।

੮. ਸ: ਦਲੀਪ ਸਿੰਘ ਜੀ ਸਾਗਲਾਂ ਸ਼ੇਖੂ ਪੁਰਾ ।

੯. ਸ: ਬਿਸ਼ਨ ਸਿੰਘ ਜੀ ਸਿੰਘ ਪੁਰਾਆ ਹੁਸ਼ਿਆਰਪੁਰ ।

੧੦. ਸ: ਦਲੀਪ ਸਿੰਘ ਜੀ ਜੰਵਦ ਸਿੰਘ ਵਾਲਾ ਮੁਲਤਾਨ ।

੧੧. ਗਿਆਨੀ ਹੀਰਾ ਸਿੰਘ ਜੀ ਸਬ ਐਡੀਟਰ 'ਅਕਾਲੀ' ।

੧੨. ਮਾ: ਸੁੰਦਰ ਸਿੰਘ ਜੀ ਲਾਇਲਪੁਰੀ ਮੈਨੇਜਰ 'ਅਕਾਲੀ'

੧੩. ਸ: ਮਗਲ ਸਿੰਘ ਜੀ ਬੀ. ਏ. ਐਡੀਟਰ 'ਅਕਾਲੀ' ।

੧੪. ਸ: ਬਖਸੀਸ਼ ਸਿੰਘ ਜੀ ਸਮੁੰਦਰੀ ।

'ਅਕਾਲੀ' ਨੂੰ ਅੱਜ-ਕਲ੍ਹ ੬੦੦ ਮਹੀਨਾ ਘਾਟਾ ਪੈ ਰਿਹਾ ਹੈ। ਇਹ ਦੋ ਤਰ੍ਹਾਂ ਪੂਰਾ ਹੋ ਸਕਦਾ ਹੈ (੧) ਆਪਣਾ ਪ੍ਰੈਸ ਬਣਾਇਆ ਜਾਏ (੨) ਗਾਹਕ ਵਧਾਏ ਜਾਣ। ਅੱਜ-ਕਲ੍ਹ ਕੇਵਲ ੨੦੦੦ ਛਪਦਾ ਹੈ । ਜੇ ੫੦੦੦ ਹੋ ਜਾਵੇ ਤਾਂ ਫੇਰ ਆਪਣੇ ਪੈਰਾਂ ਤੇ ਖੜੋ ਸਕਦਾ ਹੈ । ਪ੍ਰੈਸ ਲਈ ੧੫੦੦੦ ਦੀ ਲੋੜ੍ਹ ਹੈ । ਅਸੀਂ ਹੇਠ ਲਿਖੇ ਸੱਜਣਾਂ ਦੇ ਬਹੁਤ ਹੀ ਧੰਨਵਾਦੀ ਹਾਂ ਜਿਨਾਂ ਨੇ 'ਅਕਾਲੀ' ਦੀ ਸੇਵਾ ਦੀ ਕਦਰ ਕਰ ਕੇ 'ਅਕਾਲੀ ਪ੍ਰੈਸ ਫੰਡ' ਵਿਚ ਖੁਲ੍ਹੇ ਗਫੇ ਦਾਨ ਦਿੱਤੇ ਹਨ ।

੧. ਸ: ਤੇਜਾ ਸਿੰਘ ਜੀ ਸਮੁੰਦਰੀ ੧੦੦੦ ।

੨. ਸ: ਹਰਚੰਦ ਸਿੰਘ ਜੀ ਰਈਸ ੧੦੦੦ ।

੩. ਸ: ਦਲੀਪ ਸਿੰਘ ਜੀ ਮੁਲਤਾਨ ੧੦੦੦ ।

੪. ਸ: ਦਲੀਪ ਸਿੰਘ ਜੀ ਸਾਂਗਲਾ ੧੦੦੦ ।

੫. ਸ: ਮਘਰ ਸਿੰਘ ਜੀ ਸਮੁੰਦਰੀ ੫੦੦ ।

੬. ਸੰਤ ਜਵਾਹਰ ਸਿੰਘ ਜੀ ਮੁਲਤਾਨ ੫੦੦ ।

੭. ਸ: ਹਰ ਦਿਆਲ ਸਿੰਘ ਜੀ ਬੈਹੜ ਵਾਲ ੩੦੦ ।

੮. ਸ: ਕੁੰਦਨ ਸਿੰਘ ਜੀ ਅੰਮ੍ਰਿਤਸਰ ੧੨੫ ।

੯. ਸ: ਜਸਵੰਤ ਸਿੰਘ ਜੀ ਝਬਾਲ ੩੩੩ ।

ਕੁਲ ਜੋੜ ੫੭੫੮

ਹੋਰ ਵੀ ਕਈ ਕੌਮ ਦੇ ਦਰਦੀ ਸੱਜਣਾਂ ਨੇ ਇਸੇ ਤਰ੍ਹਾਂ ਗੱਫੇ ਦੇਣ ਦਾ ਭਰੋਸਾ ਦਿਵਾਇਆ ਹੈ । ਸਾਨੂੰ ਆਸ਼ਾ ਹੈ ਕਿ ਦੂਜੀ ਵਾਰ ਫੇਰ ਕਹਿਣ ਦੀ ਲੋੜ ਨਹੀਂ ਪਵੇਗੀ।

ਸਰਕਾਰ ਅਤੇ ਬਾਬੇ ਦੀ ਬੇਰ

ਲਾਹੌਰ ਡਵੀਜਨ ਦੇ ਕਮਿਸ਼ਨਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ—'ਸਰਕਾਰ ਨੇ ਗੁਰਦੁਆਰੇ ਦਾ ਪ੍ਰਬੰਧ ਸਬੰਧੀ

ਹੁਣ ਤਕ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦਿੱਤਾ ਅਤੇ ਨਾ ਹੀ ਇਸ ਦੀ ਮਨਜ਼ੂਰੀ ਨਾਲ ਕੋਈ ਸਰਬਰਾਹ ਬਣਾਇਆ ਗਿਆ ਹੈ, ਇਹ ਸਵਾਲ ਇਸ ਵੇਲੇ ਦੀਵਾਨੀ ਅਦਾਲਤਾਂ ਦੇ ਸਾਹਮਣੇ ਹੈ ਪਰ ਜੋ ਰੁਪਇਆ ਗੁਰਦੁਆਰੇ ਦੇ ਪ੍ਰਬੰਧ ਵਾਸਤੇ ਹੈ ਉਸ ਨੂੰ ਵਿਅਰਥ ਖਰਚ ਹੋਣ ਤੋਂ ਬਚਾਣ ਦੀ ਖ਼ਾਤਰ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਝਗੜੇ ਦੇ ਫ਼ੈਸਲੇ ਤਕ ਇਸ ਗੁਰਦੁਆਰੇ ਨਾਲ ਦੀ ਸਰਕਾਰੀ ਜਗੀਰ ਦੀ ਆਮਦਨ ਕਿਸੇ ਨੂੰ ਨਾ ਦਿੱਤੀ ਜਾਵੇ ।

ਅਕਾਲੀ ਲਾਹੌਰ, ੨੯ ਅਕਤੂਬਰ ੧੯੨੦

ਪ੍ਰਧਾਨ ਜੀ ਦਾ ਐਡ੍ਰੇਸ

(ਸਰਦਾਰ ਖੜਕ ਸਿੰਘ ਜੀ ਰਈਸ ਪ੍ਰਧਾਨ ਵੱਲੋਂ ਪੜ੍ਹਿਆ ਗਿਆ)

ਅਸੀਂ ਪਾਲੇਟਿਕਸ ਵਿਚ ਕਿਉਂ ਆਏ?

ਹੁਣ ਇਹ ਮੌਤ ਤੇ ਜ਼ਿੰਦਗੀ ਦਾ ਸਵਾਲ ਹੈ ਪਿੱਛੇ ਰਹਿਣ ਨਾਲ ਸਾਡੀ ਹਸਤੀ ਖ਼ਤਰੇ ਵਿਚ ਪੈ ਜਾਏਗੀ ਭਰਾਵਾਂ ਨਾਲ ਮਿਲ ਕੇ ਅਸੀਂ ਜੀਉਂਦੇ ਰਹਿ ਸਕਦੇ ਹਾਂ ਇਹੋ ਵੱਡਾ ਸਵਾਲ ਹੈ ਜਿਸ ਨੇ ਪਾਲੇਟਿਕਸ ਵਿਚ ਲਿਆ ਵਾੜਿਆ ਹੈ ਹੁਣ ਸਾਨੂੰ ਜਾਗ ਆ ਗਈ ਹੈ ਤੇ ਸਰਕਾਰ ਦਾ ਇਹ ਅਜੋਗ ਵਤੀਰਾ ਹੈ ਕਿ ਉਹ ਬਗੈਰ ਐਜੀਟੇਸ਼ਨ ਕੋਈ ਗੱਲ ਮੰਨਦੀ ਹੀ ਨਹੀਂ ਜਿਸ ਤੋਂ ਅਕ ਕੇ ਸਾਨੂੰ ਵੀ ਇਹ ਵਤੀਰਾ ਫੜਨਾ ਪਿਆ ਹੈ ।

ਜਦ ਤਕ ਛੋਟੇ-ਛੋਟੇ ਹੱਕਾਂ ਲਈ ਵੀ ਜ਼ੋਰਦਾਰ ਐਜੀਟੇਸ਼ਨ ਨਹੀਂ ਕੀਤਾ ਗਿਆ ਸਾਨੂੰ ਨਹੀਂ ਦਿੱਤੇ ਗਏ ਅਸੀਂ ਆਖਦੇ ਹਾਂ ਕਿ ਗੁਰਦੁਆਰੇ ਸਾਡੇ ਹਨ ਖਾਲਸਾ ਕਾਲਜ ਸਾਡਾ ਹੈ (ਸਤਿ ਸ੍ਰੀ ਅਕਾਲ ਦਾ ਜੈਕਾਰਾ) ਇਸ ਦਾ ਇੰਤਜ਼ਾਮ ਸਾਡੇ ਸਪੁਰਦ ਹੋਣਾ ਚਾਹੀਦਾ ਹੈ, ਸਿੱਖ ਕੈਦੀਆਂ ਨੂੰ ਦਸਤਾਰ ਰੱਖਣ ਦੀ ਆਗਿਆ ਹੋਣੀ ਚਾਹੀਦੀ ਹੈ ਅਤੇ ਜੇਲ੍ਹਾਂ ਵਿਚ ਧਾਰਮਿਕ ਅਸੂਲਾਂ ਦੇ ਕਾਇਮ ਰੱਖਣ ਦੀ ਇਜਾਜ਼ਤ ਦਿੱਤੀ ਜਾਵੇ ਕੇਡੀ ਹੈਰਾਨੀ ਦੀ ਗੱਲ ਹੈ ਸਾਨੂੰ ਉਹ ਵੀ ਨਹੀਂ ਦਿੱਤਾ ਜਾਂਦਾ ।

ਅਸੀਂ ਚਾਹੁੰਦੇ ਹਾਂ ਕਿ ਫ਼ੌਜ ਵਿਚ ਸਿਪਾਹੀਆਂ ਨੂੰ ਕਿਰਪਾਨ ਰੱਖਣ ਦੀ ਖੁਲ੍ਹ ਹੋਵੇ ਤੇ ਸਾਰੇ ਪੋਲੀਟੀਕਲ ਕੈਦੀ ਵੀ ਸਾਹੀ ਐਲਾਨ ਅਨੁਸਾਰ ਛਡੇ ਜਾਣ ਗੁਰਦੁਆਰਾ ਰਕਾਬ ਗੰਜ ਦੀ ਕੰਧ ਨਾ ਢਾਹੀ ਜਾਵੇ, ਦੱਸੋ ਇਹ ਕਿਹੜੀਆਂ ਵੱਡੀਆਂ ਗੱਲਾਂ ਹਨ, ਜਦ ਨਿੱਕੀਆਂ-ਨਿੱਕੀਆਂ ਗੱਲਾਂ ਨਾਲ ਇਹ ਸਲੂਕ ਹੈ ਤਦ ਵੱਡੀਆਂ-ਵੱਡੀਆਂ ਗੱਲਾਂ ਲਈ ਕੀ ਆਸ ਹੋ ਸਕਦੀ ਹੈ ਕਾਮਾ ਗਾਟਾ ਮਾਰੂ ਦੇ ਮੁਸਾਫ਼ਰਾਂ ਨੇ ਕੀ ਦੁਖ ਹਨ ਜਿਹੜੇ ਉਨ੍ਹਾਂ ਨਹੀਂ ਝਲੇ ਪਰ ਉਨ੍ਹਾਂ ਸੂਰਬੀਰਾਂ ਨੇ ਦੱਸ ਦਿੱਤਾ ਹੈ ਕਿ ਮੁਲਕ ਦੀ ਆਨ ਲਈ ਤਨ ਮਨ ਧਨ ਤਕ ਵਾਰਨੋਂ ਵੀ ਢਿੱਲ ਨਹੀਂ ਕਰਨੀ ਚਾਹੀਦੀ !

ਆਪ ਜਾਣਦੇ ਹੋ ਬੇਲਗਾਮ ਤਾਕਤ ਜਿਹੜੀ ਕੈਨੇਡਾ ਆਦਿਕ ਥਾਵਾਂ ਉਪਰ ਗਰੀਬ ਹਿੰਦੀਆਂ ਉਪਰ ਵਰਤੀ ਗਈ ਉਹ ਕੇਡੀ ਦੁਖਦਾਈ ਹੈ ਇਸ ਤਾਕਤ ਨੂੰ ਚੰਗੇ ਪਾਸੇ ਖਰਚ ਕਰਨਾ ਤਾਂ ਲਾਭਦਾਇਕ ਹੈ । ਪਰੰਤੂ ਇਸ ਨੂੰ ਗਰੀਬਾਂ ਉਪਰ ਜ਼ੁਲਮ ਕਰਨ ਲਈ ਵਰਤਨਾ ਰੱਬੀ ਕੇਹਰ ਹੈ ।

ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਆਸਟਰੇਲੀਆ ਕੈਨੇਡਾ ਵਾਲੇ ਏਥੇ ਆ ਕੇ ਆਜ਼ਾਦੀ ਨਾਲ ਤੁਰ ਫਿਰ ਸਕਦੇ ਹਨ ਪਰ ਸਾਨੂੰ ਉਸ ਧਰਤੀ ਉਪਰ ਪੈਰ ਰੱਖਣ ਦੀ ਆਗਿਆ ਨਹੀਂ ਸਗੋਂ ਜਿਹੜੇ ਹਜ਼ਾਰਾਂ ਦੁਖ ਸਹਿ ਕੇ ਉਥੇ ਅਪੜੇ ਵੀ ਸਨ ਉਨ੍ਹਾਂ ਨੂੰ ਜ਼ਬਰਦਸਤੀ ਵਾਪਸ ਮੋੜ ਦਿੱਤਾ ਗਿਆ ਇਸ ਹਾਲਤ ਵਿਚ ਕੀ ਇਹ ਸਰਕਾਰ ਦਾ ਫ਼ਰਜ਼ ਨਹੀਂ ਸੀ ਕਿ ਆਪਣੀ ਨਿਮਕ ਹਲਾਲ ਰਿਆਯਾ ਦੀ ਇਜ਼ੱਤ ਦੀ ਰਤੀ ਵੀ ਪਰਵਾਹ ਕਰਦੀ ।

ਹੁਣ ਸਾਡੀਆਂ ਅੱਖਾਂ ਸਾਹਮਣੇ ਬਾਬੇ ਦੀ ਬੇਰ ਦਾ ਤਾਜ਼ਾ ਮਾਮਲਾ ਹੈ ਗੰਡਾ ਸਿੰਹੁ ਦੀ ਅੰਗਰੇਜ਼ ਹਕੂਮਤ ਨੇ ਇਸ ਵਿਚ ਉਸ ਦੀ ਸਹਾਇਤਾ ਕੀਤੀ ਜਾਂ ਐਓਂ ਕਹੋ ਕਿ ਉਨ੍ਹਾਂ ਹੀ ਬਨਾਇਆ ਅਤੇ ਉਸ ਦੀ ਹਾਲਤ ਨੂੰ ਖ਼ਤਰਨਾਕ ਕਰ ਦਿੱਤਾ। ਕੀ ਸਰਕਾਰ ਨੂੰ ਪਤਾ ਨਹੀਂ ਸੀ ? ਜੇ ਸੀ ਤਾਂ ਕਿਉਂ ਨਾ ਵਿਚ ਪੈ ਕੇ ਇਸ ਗੱਲ ਨੂੰ ਨਜਿਠ ਦਿੱਤਾ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਫਾਈਮਨ ਨੇ ਵੀ ਇਸ ਮਾਮਲੇ ਵਿਚ ਘੱਟ ਗਲਤੀ ਨਹੀਂ ਕੀਤੀ ਸਗੋਂ ਬਹੁਤਾ ਉਹ ਹੀ ਇਸ ਗੱਲ ਦੇ ਜ਼ਿੰਮੇਵਾਰ ਹਨ ਹੁਣ ਕਿਉਂਕਿ ਸਰ ਐਡਵਰਡ ਮੈਕਲੇਗਨ ਦੀ ਸਰਕਾਰ ਬਹੁਤ ਸਾਰੀ ਸਮਝਦਾਰ ਹੈ ਇਸ ਲਈ ਆਸ ਪੈਂਦੀ ਹੈ ਕਿ ਉਹ ਇਸ ਮਾਮਲੇ ਨੂੰ ਸ਼ੀਘਰ ਹੀ ਨਜਿਠ ਦੇਵੇਗੀ।

ਅਸੀਂ ਤੇ ਸਵਰਾਜ

ਪਹਿਲੋਂ ਪਹਿਲ ਜਿਹੜੇ ਅੰਗ੍ਰੇਜ਼ ਹਾਕਮ ਆਉਂਦੇ ਸਨ ਉਨ੍ਹਾ ਦੇ ਦਿਲਾਂ ਵਿਚ ਇਹ ਖ਼ਿਆਲ ਹੁੰਦਾ ਸੀ ਕਿ ਅਸੀਂ ਚੰਦ ਦਿਨਾਂ ਦੇ ਪ੍ਰਾਹੁਣੇ ਹਾਂ ਤੇ ਕੇਵਲ ਹਿੰਦੀਆਂ ਨੂੰ ਰਾਜ ਕਾਜ ਸਿਖਾਉਣ ਲਈ ਆਏ ਹਾਂ ਜਦ ਇਹ ਆਪਣਾ ਰਾਜ ਸੰਭਾਲਣ ਦੇ ਲਾਇਕ ਹੋ ਜਾਣਗੇ ਅਸੀਂ ਇਨ੍ਹਾ ਦੀ ਹਕੂਮਤ ਇਨ੍ਹਾਂ ਦੇ ਸਪੁਰਦ ਕਰ ਕੇ ਚਲਦੇ ਹੋਵਾਂਗੇ ਇਸੇ ਖ਼ਿਆਲ ਤੇ ਉਹ ਹਿੰਦੀਆਂ ਉਪਰ ਬਹੁਤ ਘੱਟ ਜ਼ੁਲਮ ਕਰਦੇ ਸਨ ਪਰ ਹੁਣ ਉਨ੍ਹਾਂ ਦਾ ਇਹ ਖ਼ਿਆਲ ਬਦਲ ਗਿਆ ਹੈ ਤੇ ਉਹ ਐਸਾ ਹੁੰਦਾ ਵੇਖ ਨਹੀਂ ਸਕਦੇ ਪਰ ਮੇਰੀ ਤਾਂ ਸਲਾਹ ਹੈ ਕਿ ਹੈ ਕਿ ਸਰਕਾਰ ਆਪਣੀ ਹੁਣ ਵਾਲੀ ਪਾਲਿਸੀ ਦਾ ਤਿਆਗ ਕਰ ਦੇਵੇ ਤੇ ਇਸੇ ਵਿਚ ਹੀ ਲਾਭ ਹੈ।

ਜੇ ਤਾਂ ਸਰਕਾਰ ਇਸ ਅਸੂਲ ਉਪਰ ਚਲਦੀ ਰਹਿੰਦੀ ਕਿ "ਹਿੰਦ ਹਿੰਦੀਆਂ ਲਈ" ਤਦ ਤਾਂ ਬੜੀ ਚੰਗੀ ਗੱਲ ਸੀ ਪਰ ਸ਼ਾਮਤ ਨੂੰ ਹੁਣ ਇਹ ਗੱਲ ਨਹੀਂ ਜਾਪਦੀ।

ਇਹ ਖ਼ਿਆਲ ਕਿ ਅਸੀਂ ਰਾਜ ਕਾਜ ਕਰਨ ਤਦੇ ਲਾਇਕ ਨਹੀਂ ਮੈਂ ਇਸ ਗੱਲ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਾਂ ਕਿ ਸਾਡੇ ਵਿਚ ਰਾਜ ਕਾਜ ਚਲਾਉਣ ਦੀ ਲਿਆਕਤ ਨਹੀਂ ਜੇ ਸਾਨੂੰ ਮੌਕਾ ਦਿੱਤਾ ਜਾਵੇ ਤਦ ਉਹ ਦੇਖ ਸਕਦੇ ਹਨ ਕਿ ਅਸੀਂ ਨਾ ਕੇਵਲ ਇਸ ਲਾਇਕ ਹਾਂ ਸਗੋਂ ਸਾਡੇ ਵਿਚ ਇਹੋ.ਜਿਹੇ ਮੁਦਬਰ ਵੀ ਹਨ ਜਿਹੜੇ ਕਾਮਯਾਬੀ ਨਾਲ ਰਿਆਸਤਾਂ ਦਾ ਕਾਰੋਬਾਰ ਚਲਾ ਚੁਕੇ ਹਨ।

ਸਾਡੀ ਜੰਗੀ ਤਾਕਤ ਵੱਡੇ ਤੋਂ ਵੱਡਾ ਕੰਮ ਕਰ ਸਕਦੀ ਹੈ ਪਰ ਸਾਨੂੰ ਤਾਂ ਮੌਕਾ ਹੀ ਨਹੀਂ ਦਿੱਤਾ ਜਾਂਦਾ ਮਾਮੂਲੀ ਜਮਾਦਾਰੀਆਂ ਤੇ ਸੂਬੇਦਾਰੀਆਂ ਤੇ ਹੀ ਬਸ ਕਰ ਦਿੱਤੀ ਜਾਂਦੀ ਹੈ।

ਫਿਰ ਪ੍ਰਧਾਨ ਜੀ ਨੇ ਦੱਸਿਆ ਕਿ ਅਸੀਂ ਸਭ ਇਕੱਠੇ ਹੋ ਗਏ ਤਾਂ ਹਿੰਦੁਸਤਾਨੀ ਸਾਡੀ ਕੌਮ ਹੈ ਸਾਡੇ ਵਿਚ ਧਰਮ ਦੇ ਕਾਰਨ ਨਫਾਕ ਨਹੀਂ ਹੈ ਸਗੋਂ ਅਸੀਂ ਇਕੱਠੇ ਮਿਲ ਗਏ ਹਾਂ, ਜੇ ਉਹ ਆਪਣੇ ਮੁਲਕ ਵਿਚ ਕਈ ਫਰਕਾਂ ਦੇ ਹੁੰਦਿਆਂ ਵੀ ਆਪਣੇ ਮੁਲਕ ਵਿਚ ਰਾਜ ਕਰ ਸਕਦੇ ਹਨ ਤਦ ਕਿਉ ਅਸੀਂ ਆਪਣੇ ਮੁਲਕ ਵਿਚ ਰਾਜ ਨਹੀਂ ਕਰ ਸਕਦੇ ? ਕਿਹਾ ਜਾਂਦਾ ਹੈ ਤੁਸੀਂ ਆਪਣੀ ਹਿਫਾਜ਼ਤ ਨਹੀਂ ਕਰ ਸਕਦੇ ਜਦ ਅਸੀਂ ਤੁਹਾਡੀਆਂ ਜਾਨਾਂ ਨੂੰ ਯੂਰਪ ਵਿਚ ਜਾ ਕੇ ਬਚਾ ਸਕਦੇ ਹਾਂ ਤਦ ਕੀ ਅਸੀਂ ਆਪਣੀ ਹਿਫਾਜ਼ਤ ਵੀ ਨਹੀਂ ਕਰ ਸਕਦੇ!

ਇਹ ਗੱਲਾਂ ਹੁੰਦਿਆਂ ਕੀ ਉਹ ਕਹਿ ਸਕਦੇ ਹਨ ਕਿ ਅਸੀਂ ਰਾਜ ਕਰਨ ਦੇ ਲਾਇਕ ਨਹੀਂ ਹਾਂ। ਆਰਮਜ਼ ਐਕਟ ਕਿਸ ਨੇ ਪਾਸ ਕੀਤੇ ਤੇ ਹਥਿਆਰ ਸਾਥੋਂ ਕਿਸ ਨੇ ਖੋਹੇ ਜੇ ਕਹੋ ਤਾਲੀਮ ਘੱਟ ਹੈ ਤਦ ਇਹ ਵੀ ਕਿਸ ਦਾ ਕਸੂਰ ਕਿੰਨੀ ਵਾਰੀ ਕਿਹਾ ਗਿਆ ਮੁਫ਼ਤ ਤਾਲੀਮ ਕਰੋ ਪਰ ਕਿਸੇ ਨਾ ਸੁਣਿਆ।

ਬੰਬਈ ਦੀ ਕੌਂਸਲ ਵਿਚ ੨੧ ਵਿੱਚੋਂ ੧੯ ਗੈਰ ਸਰਕਾਰੀ ਮੈਂਬਰਾਂ ਨੇ ਰੈਜ਼ੂਲੇਸ਼ਨ ਪਾਸ ਕਰਨਾ ਚਾਹਿਆ ਕਿ ਤਿਲਕ ਜੀ ਮਹਾਰਾਜ ਦੇ ਚਲਾਣੇ ਉਪਰ ਸ਼ੋਕ ਪ੍ਰਗਟ ਕੀਤਾ ਜਾਵੇ ਪਰ ਇਕ ਮਾਮੂਲੀ ਜਿਹੇ ਉਜਰ ਉਪਰ ਇਸ ਦੀ ਮੰਜ਼ੂਰੀ ਨਾ ਦਿੱਤੀ ਉਪਰੰਤ ਕਚਾਗੜੀ ਦੇ ਵਾਕੇ ਉਪਰ ਉਨ੍ਹਾਂ ਬੜਾ ਇਤਰਾਜ ਕੀਤਾ ਤੇ ਖ਼ਾਸ ਕਰ ਕੇ ਕੋਰਟ ਮਾਰਸ਼ਲ ਦੇ ਫ਼ੈਸਲੇ ਉਪਰ ਜਿਸ ਨੇ ਅਪਰਾਧੀ ਨੂੰ ਸਾਫ਼ ਬਰੀ ਕਰ ਦਿੱਤਾ। ਉਪਰੰਤ ਹੋਰਨਾਂ ਦੇ ਮਾਮਲੇ ਉਪਰ ਰੌਸ਼ਨੀ ਪਾਈ ਤੇ ਕਿਹਾ ਕਿ ਸਾਡੇ ਨਿੱਕੇ-ਨਿੱਕੇ ਹੱਕ ਜਦ ਸਾਨੂੰ ਨਹੀਂ ਦਿੱਤੇ ਜਾਂਦੇ ਤੇ ਅਸਾਂ ਨੂੰ ਕਿਹਾ ਜਾਂਦਾ ਹੈ ਮਿਲ ਵਰਤੋ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਹ ਨਾਲੇ ਸਾਡੇ ਉਪਰ ਜ਼ੁਲਮ ਕਰਨ, ਸਖ਼ਤੀਆਂ ਕਰਨ ਫਿਰ ਆਸ ਰੱਖਣ ਕਿ ਅਸੀਂ ਮਿਲ ਕੇ ਵਰਤੀਏ, ਅਸਾਂ ਬੇਸ਼ੁਮਾਰ ਵਾਰੀ ਅਰਜੀਆਂ ਭੇਜੀਆਂ, ਜਿਹੜੀਆਂ ਉਨ੍ਹਾਂ ਰਦੀ ਦੀ ਟੋਕਰੀ ਵਿਚ ਸੁਟ ਪਾਈਆ ਅਸੀਂ ਸਰਕਾਰ ਨਾਲ ਨਰਾਜ਼ ਹਾਂ ਜਿਸ ਦਾ ਅਸਲੀ ਸਬੂਤ ਦੇਣਾ ਚਾਹੁੰਦੇ ਹਾਂ ਉਹ ਇਹੋ ਹੈ ਕਿ ਨਾ ਮਿਲਵਰਤਣ ਕੀਤਾ ਜਾਏ (ਸਤਿ ਸ੍ਰੀ ਅਕਾਲ) ਅਸੀਂ ਅਗੇ ਵੀ ਜ਼ੁਲਮ ਸਹਿੰਦੇ ਆਏ ਹਾਂ ਅਤੇ ਹੁਣ ਵੀ ਭਰਾਵਾਂ ਲਈ ਜ਼ੁਲਮ ਸਹਿਣ ਲਈ ਤਿਆਰ ਹਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵੀ ਜ਼ੁਲਮ ਸਹੇ ਤੇ ਕੈਦੀਆਂ ਨੂੰ ਖਲਾਸੀ ਦਿਤੇ ਬਿਨਾਂ ਆਪ ਬਾਹਰ ਨਾ ਨਿਕਲੇ।

ਸੋ ਅਸੀਂ ਜਬਰਦਸਤੀ ਕੋਈ ਨਹੀਂ ਵਰਤਨੀ ਹੋਰ ਇਸ ਤੋਂ ਛੁਟ ਸਾਡੇ ਪਾਸ ਇਕੋ ਹਥਿਆਰ ਹੈ ਨਾ ਮਿਲਵਰਤਨ! ਤੇ 'ਮੈਂ ਇਸ ਗੱਲ ਦਾ ਹਾਮੀਂ ਹਾਂ' (ਇਸ ਉਪਰ ਪੰਜ ਜੈਕਾਰੇ ਗਜਾਏ ਗਏ) ਉਪਰੰਤ ਪੰਜਾਬ ਦੇ ਜ਼ੁਲਮਾਂ ਨੂੰ ਦੱਸ

ਕੇ ਕਿਹਾ ਕਿ ਮੈਂ ਸਾਫ਼-ਸਾਫ਼ ਗੱਲਾਂ ਕਰਨ ਵਾਲਾ ਹਾਂ ਇਸ ਲਈ ਸਰਕਾਰ ਨਾਲ ਵੀ ਸਾਫ਼ ਗੱਲਾਂ ਕਰਦਾ ਹਾਂ ਨਾ ਮਿਲਵਰਤਨ ਖ਼ਤਰਨਾਕ ਰਸਤਾ ਹੈ, ਅਸਾਂ ਸਿਰ ਉਪਰ ਜ਼ੁਲਮ ਸਹਿਣੇ ਹਨ ਤੇ ਆਪਣੇ ਹੱਕਾਂ ਲਈ ਯਤਨ ਕਰਨਾ ਹੈ ਸਾਨੂੰ ਇਤਫ਼ਾਕ ਨਾਲ ਰਹਿਣਾ ਚਾਹੀਦਾ ਹੈ ਕੋਈ ਸਲਤਨਤ ਇਤਫਾਕ ਤੋਂ ਬਿਨਾਂ ਨਹੀਂ ਰਹਿ ਸਕਦੀ ਤੇ ਜਿਹੜੇ ਸਾਡੇ ਵਿਚ ਮਤ ਭੇਦ ਹੈ ਉਨ੍ਹਾਂ ਨੂੰ ਰਲ ਕੇ ਦੂਰ ਕਰ ਦੇਣਾ ਚਾਹੀਦਾ ਹੈ, ਪਿੱਛੋਂ ਅੰਤ ਵਿਚ ਬੇਨਤੀ ਕੀਤੀ ਕਿ ਸਿੱਖ ਲੀਗ ਤੇ ਚੀਫ਼ ਖਾਲਸਾ ਦੀਵਾਨ ਮਿਲ ਜਾਣ ਤਦ ਬੜੀ ਚੰਗੀ ਗੱਲ ਹੋਵੇਗੀ ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫਤਿਹ ॥

ਗਾਂਧੀ ਦਾ ਵਖਿਯਾਨ ਸਿੱਖ ਲੀਗ ਦੇ ਮੌਕੇ 'ਤੇ

ਪਿਆਰੇ ਖ਼ਾਲਸਾ ਜੀ, ਆਪ ਸਭ ਭਾਈ ਅਤੇ ਪ੍ਰਧਾਨ ਜੀ ਮਾਫ ਕਰੋਗੇ ਕਿ ਮੈਂ ਤਾਕਤ ਨਾ ਹੋਣ ਕਰ ਕੇ ਆਪ ਦੇ ਸਾਹਮਣੇ ਖਲੋ ਕੇ ਬੋਲ ਨਹੀਂ ਸਕਦਾ, ਮੈਂ ਪ੍ਰਾਰਥਨਾ ਕਰਦਾ ਹਾਂ ਆਪ ਸ਼ਾਂਤੀ ਨਾਲ ਸੁਣੋ । ਮੈਨੂੰ ਭਰੋਸਾ ਹੈ ਜਿਸ ਤ੍ਰਾਂ ਹਿੰਦੂ ਚਾਹੁੰਦੇ ਹਨ ਉਸੇ ਤਰ੍ਹਾਂ ਸਿੱਖ ਭਰਾ ਵੀ ਹਿੰਦ ਨੂੰ ਆਜ਼ਾਦ ਕਰਨਾ ਚਾਹੁੰਦੇ ਹਨ, ਜਿਸ ਤਰ੍ਹਾਂ ਮੁਸਲਮਾਨਾਂ ਨੂੰ ਇਸਲਾਮ, ਹਿੰਦੂਆਂ ਨੂੰ ਹਿੰਦੂ ਧਰਮ ਪਿਆਰਾ ਹੈ ਇਸੇ ਤਰ੍ਹਾਂ ਆਪ ਨੂੰ ਗੁਰੂ ਨਾਨਕ ਜੀ ਮਹਾਰਾਜ ਦਾ ਮਤ ਪਿਆਰਾ ਹੈ ਜੇ ਆਪ ਪੰਜਾਬੀ ਹੋਣ ਦਾ ਦਾਵਾ ਕਰਦੇ ਹੋ ਤੇ ਜੇ ਆਪ ਹਿੰਦੁਸਤਾਨੀ ਕੌਮ ਨੂੰ ਆਜ਼ਾਦ ਕਰਨਾ ਚਾਹੁੰਦੇ ਹੋ ਤਦ ਸਾਡੇ ਲਈ ਨਾ ਮਿਲਵਰਤਨ ਛਡ ਕੇ ਕੋਈ ਹੋਰ ਚਾਰਾ ਨਹੀਂ ਆਪ ਵੀ ਉਸੇ ਜੋਸ਼ ਨਾਲ ਆਏ ਹੋ ਤੇ ਫ਼ੈਸਲਾ ਵੀ ਕਰ ਲਿਆ ਹੈ ਕਿ ਨਾ ਮਿਲਵਰਤਨ ਕਰਾਂਗੇ ਇਹ ਨਾਮ ਵੀ ਤੁਸਾਂ ਹੀ ਰੱਖਿਆ ਹੈ, ਮੁਸਲਮਾਨਾਂ ਨੇ ਇਸ ਦਾ ਨਾਮ ਤਰਕ ਮੁਵਾਲਾਤ ਅਤੇ ਹਿੰਦੂਆਂ ਨੇ ਅਸਹਯੋਗ ਰੱਖਿਆ ਹੈ ਪਰੰਤੂ ਤੁਸੀਂ ਇਸ ਦਾ ਨਾਮ ਨਾ ਮਿਲਵਰਤਨ ਰੱਖਿਆ ਹੈ ।

ਤਰਕ ਮੁਆਲਾਤ ਅਥਵਾ ਨਾ ਮਿਲਵਰਤਨ ਕਰਨ ਲਈ ਦੋ ਸ਼ਰਤਾਂ ਹਨ ਇਕ ਤਾਂ ਇਸ ਵਿਚ ਫ਼ਸਾਦ ਨਹੀਂ ਹੋਣਾ ਚਾਹੀਦਾ ਇਸ ਵਿਚ ਤਲਵਾਰ ਲਈ ਕੋਈ ਥਾਂ ਨਹੀਂ ਹੈ ਇਸ ਦਾ ਮਤਲਬ ਡੰਡਾ, ਤਲਵਾਰ, ਗੋਲੀ ਹੀ ਨਹੀਂ ਸਗੋਂ ਕਿਸੇ ਭਰਾ ਨੂੰ ਜਬਰਦਸਤੀ ਬੋਲਣੋ ਰੋਕਣਾ ਵੀ ਹੈ ਸੋ ਜੇ ਆਪ ਵੀ ਨਾ ਮਿਲਵਰਤਨ ਕਰਨਾ ਚਾਹੁੰਦੇ ਹੋ ਤਦ ਜੀਤ ਰੂਪੀ ਤਲਵਾਰ ਨੂੰ ਮੂੰਹ ਰੂਪੀ ਮਿਆਨ ਵਿਚ ਕਰਨਾ ਪਏਗਾ ਮੈਂ ਦਸਦਾ ਹਾਂ ਕਿ ਜਿਸ ਪ੍ਰਕਾਰ ਆਪ ਲੋਕ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੂੰ ਪੁੱਜਦੇ ਹੋ ਮੈਂ ਵੀ ਉਨ੍ਹਾਂ ਦਾ ਪਿਆਰਾ ਹਾਂ ਉਨ੍ਹਾਂ ਮਹਾ ਪੁਰਖਾਂ ਦੇ ਭਜਨ ਮੇਰੇ ਕੋਲ ਵੀ ਬਹੁਤ ਵਾਰੀ ਗਾਏ ਜਾਂਦੇ ਹਨ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਲਈ ਥਾਂ ਰੱਖੀ ਹੈ ਪਰ ਨਾਲ ਹੀ ਸ਼ਰਤ ਵੀ ਲਾਈ ਹੈ ਆਪ ਤਲਵਾਰ ਨਹੀਂ ਧੂ ਸਕਦੇ ਜਦ ਤਕ ਕਿ ਆਪ ਨੂੰ ਹੁਕਮ ਨਾ ਮਿਲੇ ਅਤੇ ਹੁਕਮ ਉਹੋ ਦੇ ਸਕਦਾ ਹੈ ਜਿਸ ਵਿਚ ਆਪ ਨੇ ਹੁਕਮ ਦੇਣ ਦੀ ਸੱਤਾ ਮੰਨ ਲਈ ਹੈ ਬਿਨਾਂ ਹੁਕਮ ਤਲਵਾਰ ਚਲਾਉਣਾ ਨਜਾਇਜ਼ ਹੈ ਤਲਵਾਰ ਲਈ ਜੋ ਥਾਂ ਰੱਖੀ ਗਈ ਹੈ ਉਸ ਦਾ ਮਤਲਬ ਏਹ ਹੈ ਕਿ ਇਸ ਦਾ ਚੰਗੀ ਤਰ੍ਹਾਂ ਇਸਤੇਮਾਲ ਕੀਤਾ ਜਾਵੇ ਪਰ ਢੰਗ ਨਾਲ, ਤਲਵਾਰ ਦਾ ਮੌਕਾ ਸਾਨੂੰ ਨਹੀਂ ਮਿਲਿਆ ਜਦ ਅਸੀਂ ਤਲਵਾਰ ਨਾਲ ਦੂਜੇ ਦਾ ਗੱਲਾ ਕਟਾਂਗੇ ਤਦ ਜ਼ਰੂਰੀ ਹੈ ਕਿ ਉਹੋ ਤਲਵਾਰ ਸਾਡਾ ਵੀ ਇਕ ਦਿਨ ਗੱਲਾ ਕੱਟੇ । ਜੇ ਆਪ ਨਾ ਮਿਲਵਰਤਨ ਕਰਨਾ ਚਾਹੁੰਦੇ ਹੋ ਤਦ ਆਪਣੇ ਗੁਸੇ ਨੂੰ ਰੋਕੋ ਤਲਵਾਰ ਤਦ ਤਕ ਨਹੀਂ ਬਣ ਸਕਦੀ ਜਦ ਤਕ ਪਾਣੀ ਨਾ ਚੜ੍ਹਾਇਆ ਜਾਵੇ ਜੋ ਗੁਸੇ ਵਿਚ ਆ ਕੇ ਤਲਵਾਰ ਨੂੰ ਖਿਚਦਾ ਹੈ ਉਸ ਦਾ ਪਾਣੀ ਚਲਾ ਜਾਂਦਾ ਹੈ, ਉਹ ਭਰਾਵਾਂ ਨੂੰ, ਆਪਣੇ ਧਰਮ ਨੂੰ, ਆਪਣੇ ਮੁਲਕ ਨੂੰ ਨਹੀਂ ਬਚਾ ਕਸਦਾ ਐਸ ਵੇਲੇ ਇਸ ਤੋਂ ਛੁਟ ਹੋਰ ਕੋਈ ਚਾਰਾ ਨਹੀਂ ਕਿ ਤਲਵਾਰ ਨੂੰ ਮਿਆਨ ਵਿਚ ਕਰ ਲਈਏ, ਇਸਲਾਮ ਇਸ ਵੇਲੇ ਖ਼ਤਰੇ ਵਿਚ ਹੈ ਮੈਂ ਉਨ੍ਹਾਂ ਦੇ ਜੋਸ਼ ਨੂੰ ਸਮਝਦਾ ਹਾਂ ਜਿਸ ਨੂੰ ਐਸੀ ਹਾਲਤ ਵਿਚ ਤਲਵਾਰ ਖਿਚਨਾ ਜਾਇਜ਼ ਹੈ ਉਹੋ ਇਸਲਾਮ ਹੈ, ਮੌਲਾਨਾ ਮੁਹੰਮਦ ਅਲੀ ਆਖਦੇ ਹਨ ਕਿ ਤਲਵਾਰ ਦਾ ਮੌਕਾ ਨਹੀਂ ਆਇਆ ਜੇ ਨਾ ਮਿਲਵਰਤਨ ਨਾਲ ਕੰਮ ਹੋ ਸਕਦਾ ਹੈ ਤਦ ਤਲਵਾਰ ਹਰਾਮ ਹੈ ਜਦ ਸਾਡੇ ਵਿਚ ਕਿਸੇ ਵਿਚ ਜਾਨ ਪਾ ਦੇਣ ਦੀ ਸ਼ਕਤੀ ਨਹੀਂ ਤਦ ਸਾਨੂੰ ਕਿਸੇ ਦੀ ਜਾਨ ਲੈਣ ਦਾ ਕੀ ਹਕ ਹੈ ।

ਪਿਆਰੇ ਭਾਈਓ ਜੇ ਨਾ ਮਿਲਵਰਤਨ ਕਰਨਾ ਚਾਹੁੰਦੇ ਹੋ ਤਦ ਸਭ ਤੋਂ ਪਹਿਲੇ ਗੁਸੇ ਨੂੰ ਰੋਕੋ ਤੇ ਤਲਵਾਰ ਮਿਆਨ ਵਿਚ ਰੱਖੋ । ਨਾ ਮਿਲਵਰਤਨ ਕਰਨ ਲਈ ਸਾਡੇ ਵਿਚ ਮਿਲਵਰਤਨ ਹੋਣਾ ਚਾਹੀਦਾ ਹੈ ਜਦ ਅਸੀਂ ਆਪਸ ਵਿਚ

ਲੜਨ ਲੱਗ ਪਏ ਤਦ ਐਡੀ ਵੱਡੀ ਸਲਤਨਤ ਦਾ ਮੁਕਾਬਲਾ ਨਹੀਂ ਕਰ ਸਕਾਂਗੇ।

ਮੁਸਲਮਾਨ ਗੁਲਾਮੀ ਦੇ ਕਾਰਨ ਸਮਝਦੇ ਰਹੇ ਕਿ ਅਸੀਂ ਹਿੰਦੂ ਸਿੱਖਾਂ ਨੂੰ ਮਾਰ ਮੁਕਾ ਕੇ ਰਾਜ ਕਰ ਸਕਦੇ ਹਾਂ ਤੇ ਹਿੰਦੂ ਸਮਝਦੇ ਰਹੇ ਅਸੀਂ ਮੁਸਲਮਾਨਾਂ ਨੂੰ ਇਹ ਸਮਝ ਕੇ ਜਦ ਹਿੰਦੂ ਨੇ ਇਕ ਗਊ ਨੂੰ ਬਚਾਉਣ ਦਾ ਉਪਰਾਲਾ ਕੀਤਾ ਤਦ ਉਨ੍ਹਾਂ ਇਕ ਦੀ ਬਜਾਏ ਸੌ ਮਾਰੀਆਂ।

ਸਿੱਖਾਂ ਨੇ ਵੀ ਐਵੇਂ ਹੀ ਸੋਚਿਆ ਕਿ ਜੇ ਅਸੀਂ ਸਰਕਾਰ ਅੰਗ੍ਰੇਜ਼ੀ ਲਈ ਤਲਵਾਰ ਚਲਾਵਾਂਗੇ ਤਦ ਸਾਡੇ ਵਿੱਚੋਂ ਬਹਾਦਰੀ ਨਹੀਂ ਜਾਵੇਗੀ ਪਰ ਨਹੀਂ ਪੁਛ ਜਾ ਕੇ ਮਾਨਾ ਵਾਲੇ ਦੀਆਂ ਇਸਤਰੀਆਂ ਕੋਲੋਂ ਪੁਛੋ ਜਾ ਕੇ ਗੋਹਰ ਸਿੰਘ ਨੂੰ ਜਿਨਾਂ ਭਰਾਵਾਂ ਲਈ ਤਲਵਾਰ ਚੁਕੀ ਤੇ ਨਤੀਜਾ ਕੀ ਨਿਕਲਿਆ! ਕਸ਼ਟ ਤੇ ਫਾਂਸੀ।

ਹੁਣ ਹਿੰਦੁਸਤਾਨ ਦੀਆਂ ਸਭ ਕੌਮਾਂ ਨੇ ਸੋਚ ਲਿਆ ਹੈ ਕਿ ਇਹ ਸਲਤਨਤ ਜ਼ਾਲਮ ਤੇ ਬੇਇਨਸਾਫ਼ ਹੈ। ਗੁਰੂ ਨਾਨਕ ਜੀ ਨੇ ਤੇ ਪੈਗੰਬਰ ਸਾਹਿਬ ਨੇ ਸਾਨੂੰ ਦੱਸਿਆ ਹੈ ਕਿ ਖੁਦਾ ਤੇ ਸ਼ੈਤਾਨ ਵਿਚ ਕਦੇ ਮਿਲਵਰਤਨ ਨਹੀਂ ਹੋ ਸਕਦਾ ਜਿਸ ਸਰਕਾਰ ਨੇ ਪੰਜਾਬ ਵਿਚ ਜ਼ੁਲਮ ਕੀਤੇ ਜਿਨਾਂ ਨੇ ਬੜੀ ਨਿਰਦੈਤਾ ਨਾਲ ਜਲਿਆਂ ਵਾਲੇ ਬਾਗ ਵਿਚ ਸਾਡੇ ਭਰਾਵਾਂ ਦਾ ਖ਼ੂਨ ਕੀਤਾ ਸਾਡੇ ਲਈ ਉਹ ਸਰਕਾਰ ਅਧਰਮੀ ਹੈ, ਗੁਰੂ ਜੀ ਦਾ ਵੀ ਇਹੋ ਹੁਕਮ ਹੈ ਕਿ ਜ਼ਾਲਮਾਂ ਲਈ ਕਦੀ ਤਲਵਾਰ ਨਾ ਚੁਕੋ ਜੇ ਤਲਵਾਰ ਚੁਕਣਾ ਚਾਹੁੰਦੇ ਹੋ ਤਦ ਕੋਈ ਹੋਰ ਗੁਰੂ ਨਾਨਕ, ਗੁਰੂ ਗੋਬਿਦ ਸਿੰਘ, ਤੇ ਗੁਰੂ ਤੇਗ਼ ਬਹਾਦਰ ਪੈਦਾ ਕਰੋ ਨਹੀਂ ਤੇ ਜ਼ਾਲਮ ਸਰਕਾਰ ਲਈ ਕਦੀ ਤਲਵਾਰ ਨਾ ਚੁਕੋ ਸਾਡੇ ਦਿਲ ਵਿਚ ਕਿਸੇ ਅੰਗ੍ਰੇਜ਼ ਲਈ ਨਫਰਤ ਹੈ ਤਾਂ ਉਹ ਸ਼ੈਤਾਨਤ ਨਾਲ। ਇਹੋ ਸਭ ਧਰਮਾਂ ਨੇ ਸਾਨੂੰ ਸਿਖਾਇਆ ਹੈ ਮੇਰੇ ਧਰਮ ਵਿਚ ਨਫਰਤ ਹਰਾਮ ਹੈ ਮੈਂ ਕਿਸੇ ਨਾਲ ਨਫਰਤ ਨਹੀਂ ਕਰਦਾ ਤੇ ਜੇ ਅਸੀਂ ਇਸ ਈਸਾਈ ਸਲਤਨਤ ਦਾ ਮੁਕਾਬਲਾ ਕਰਨਾ ਚਾਹੀਏ ਤਦ ਅਸੀਂ ਤਲਵਾਰ ਨਹੀਂ ਚਲਾ ਸਕਦੇ। ਸਿੱਖ, ਹਿੰਦੂਆਂ, ਮੁਸਲਮਾਨਾਂ ਵਿਚ ਤਲਵਾਰ ਚਲਾਉਣ ਦਾ ਹੁਕਮ ਦੇਣ ਵਾਲਾ ਕੋਈ ਨਹੀਂ ਸੋ ਤੁਸੀਂ ਤਲਵਾਰ ਨਹੀਂ ਖਿਚ ਸਕਦੇ ਹਾਂ! ਕੁਰਬਾਨੀ ਕਰਨੀ ਪਏਗੀ। ਪ੍ਰੋਫੈਸਰ ਸਾਹਿਬ (ਸ: ਜੋਧ ਸਿੰਘ) ਨੇ ਆਖਿਆ ਹੈ ਕਿ ਮਾਈਆਂ ਨੂੰ ਬਦੇਸੀ ਕੱਪੜੇ ਛਡਨੇ ਪੈਣਗੇ ਤੇ ਤੁਹਾਨੂੰ ਸੁਕੀ ਰੋਟੀ ਖਾ ਕੇ ਗੁਜਾਰਾ ਕਰਨਾ ਪਏਗਾ।

ਮੈਂ ਕੀ ਦੇਖਦਾ ਹਾਂ ਕਿ ਸਾਡੇ ਦੋ ਭਰਾ ਇਕ ਦੂਜੇ ਦੀ ਗੱਲ ਨਹੀਂ ਸੁਣਦੇ ਕੀ, ਤੁਸੀਂ ਇਕ ਦੂਜੇ ਦੀ ਗੱਲ ਨਾ ਸੁਣੋ ਸਰਕਾਰ ਨਾਲ ਨਾ ਮਿਲਵਰਤਨ ਕਰਨਾ ਚਾਹੁੰਦੇ ਹੋ ਇਹ ਨਹੀਂ ਹੋ ਸਕਦਾ ਤੁਸੀਂ ਉਨ੍ਹਾਂ ਭਰਾਵਾਂ ਨੂੰ ਪਿਆਰ ਨਾਲ ਜਿਤ ਕੇ ਆਪਣੇ ਪਖ ਦਾ ਕਰੋ ਨਾ ਕੇ ਡੰਡੇ ਦੇ ਜ਼ੋਰ।

ਉਨ੍ਹਾਂ ਦੀ ਹਰ ਇਕ ਗੱਲ ਸੁਣਨਾ ਸਾਡਾ ਫ਼ਰਜ਼ ਹੈ ਮੈਂ ਸੁਣਿਆ ਹੈ ਤੁਸੀਂ ਦਰਬਾਰਾਂ ਵਿੱਚੋਂ ਜਬਰਦਸਤੀ ਭਰਾਵਾਂ ਨੂੰ ਹਟਾਉਂਦੇ ਹੋ ਇਹ ਨਾ ਮਿਲਵਰਤਨ ਨਹੀਂ ਅਫ਼ਸਰ ਦੇਖ ਰਹੇ ਹਨ ਉਹ ਖੁਸ਼ ਹੋ ਰਹੇ ਹਨ ਕਿ ਇਹ ਆਪਸ ਵਿਚ ਲੜ-ਲੜ ਮਰਨ ਲਈ ਤਿਆਰ ਹਨ ਕੀ ਆਪ ਆਪਸ ਵਿਚ ਲੜ ਕੇ ਮਰਨਾ ਚਾਹੁੰਦੇ ਹੋ ?

ਅੰਗ੍ਰੇਜ਼ ਬਹਾਦਰ ਕੌਮ ਹੈ ਉਹ ਕੁਰਬਾਨੀ ਕਰਨਾ ਜਾਣਦੀ ਹੈ ਸੋ ਯਾਦ ਰੱਖੋ ਜਿਸ ਮਿਨਾਰਟੀ ਦੀ ਸਹਾਇਤਾ ਲਈ ਤੁਹਾਡੇ ਉਲਟ ਤਲਵਾਰ ਤਿਆਰ ਕਰ ਰਹੀ ਹੈ ਸੋ ਤੁਹਾਨੂੰ ਆਪਣੇ ਭਰਾਵਾਂ ਨੂੰ ਪ੍ਰੇਮ ਤੇ ਪਿਆਰ ਨਾਲ ਜਿਤਨਾ ਚਾਹੀਦਾ ਹੈ ਨਾ ਕਿ ਜਬਰਦਸਤੀ ਨਾਲ।

ਮੇਰਾ ਸਭ ਤੋਂ ਪਹਿਲਾਂ ਆਪਣੀ ਇਸਤਰੀ ਨਾਲ ਤੇ ਆਪਣੇ ਲੜਕੇ ਨਾਲ ਹੀ ਨਾ ਮਿਲਵਰਤਨ ਹੋਇਆ ਸੀ ਜੇ ਅਸੀਂ ਦੇਖਦੇ ਹਾਂ ਕਿ ਸਾਡੀ ਇਸਤਰੀ ਕੋਈ ਸਾਡੀ ਮਰਜੀ ਦੇ ਉਲਟ ਕੰਮ ਕਰਦੀ ਹੈ ਤਦ ਅਸੀਂ ਉਸ ਨੂੰ ਮਾਰ ਨਹੀਂ ਸਕਦੇ ਕਿਉਂਕਿ ਇਹ ਧਰਮ ਵਿਰੁੱਧ ਹੈ।

ਸਰਕਾਰ ਜੋ ਰਾਜ ਕਰ ਰਹੀ ਹੈ ਇਹ ਹਿੰਦੂ, ਮੁਸਲਮਾਨ, ਸਿੱਖਾਂ ਦੀ ਮਦਦ ਨਾਲ ਕਰ ਰਹੀ ਹੈ ਸੋ ਆਪ ਤਲਵਾਰ ਨਾ ਦਿਖਾਓ ਸਗੋਂ ਆਪਣਿਆਂ ਨਾਲ ਮਿਲਵਰਤਨ ਕਰੋ ਇਹ ਗੋਰੇ ਆਪ ਹੀ ਤੁਹਾਡਾ ਪਾਣੀ ਭਰਨਗੇ, ਸੋ ਤੁਸੀਂ ਇਹ ਗੱਲਾਂ ਕਰਨਾ ਚਾਹੁੰਦੇ ਹੋ ਤਦ ਤਲਵਾਰ ਛਡ ਕੇ ਕੁਰਬਾਨੀ ਕਰਨ ਲਈ ਤਿਆਰ ਜੋ ਜਾਵੇ ਹੋਰ ਕੁਰਬਾਨੀ ਤਾਂ ਮੈਂ ਤੁਹਾਨੂੰ ਕੀ ਸਿਖਾਉਨੀ ਹੈ ਹਾਂ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਸਾਡੇ ਪ੍ਰੋਫੈਸਰਾਂ ਤੇ ਵਕੀਲਾਂ ਨੂੰ ਐਸ਼ ਤੇ ਆਰਾਮ ਦੀਆਂ ਜ਼ਿੰਦਗੀਆਂ ਛਡਨੀਆਂ ਪੈਣਗੀਆਂ।

ਕਿਹਾ ਜਾਂਦਾ ਹੈ ਕਿ ਐਸੇ ਵੀ ਹਿੰਦੂ ਹਨ ਜਿਹੜੇ ਸਿੱਖਾਂ ਨੂੰ ਆਪਣੇ ਵਿਚ ਮਲੀਆਮੇਟ ਕਰਨਾ ਚਾਹੁੰਦੇ ਹਨ।

ਮੈਂ ਤਾਂ ਐਸੇ ਕਿਸੇ ਹਿੰਦੂ ਨਹੀਂ ਜਾਣਦਾ। ਕੋਈ ਵੀ ਹਿੰਦੂ ਸਿੱਖਾਂ ਨੂੰ ਨਹੀਂ ਮਿਟਾ ਸਕਦਾ ਮੈਂ ਨਹੀਂ ਸਮਝ ਸਕਦਾ ਕਿ ਜਦ ਸਿੱਖਾਂ ਨੇ ਹਿੰਦੂਆਂ ਨੂੰ ਜ਼ੁਲਮ ਦੀ ਅੱਗ ਵਿੱਚੋਂ ਬਚਾਇਆ ਫਿਰ ਕਿਹੜਾ ਹਿੰਦੂ ਹੈ ਜਿਹੜਾ ਇਹ ਚਿਤਾਰੇ ਕਿ ਸਿੱਖ ਮਿਟ ਜਾਣ ਮੈਂ ਉਸ ਨੂੰ ਹਿੰਦੂ ਨਹੀਂ ਕਹਿ ਸਕਦਾ, ਹਿੰਦੂ ਤਾਂ ਸਗੋਂ ਸਿੱਖਾਂ ਨੂੰ ਵਧਦੇ ਫੂਲਦੇ ਦੇਖ ਕੇ ਖ਼ੁਸ਼ ਹੋਣਗੇ।

ਜੋ ਕੁਝ ਧੋਖਾ ਸਾਨੂੰ ਇਸ ਸਲਤਨਤ ਨੇ ਦਿੱਤਾ ਹੈ ਉਨ੍ਹਾਂ ਕਿਸੇ ਇਸਲਾਮੀ ਸਲਤਨਤ ਨੇ ਨਹੀਂ ਦਿੱਤਾ। ਜਿਥੋਂ ਤਕ ਮੈਨੂੰ ਯਾਦ ਹੈ ਇਸਲਾਮ ਨੇ ਐਸੀ ਕੋਈ ਕਾਰਵਾਈ ਕਦੀ ਨਹੀਂ ਕੀਤੀ ਜਿਹੜੀ ਕਿ ਪੰਜਾਬ ਵਿਚ ਪਿਛਲੇ ਸਾਲ ਹੋਈ ਹੈ ਨਾ ਹੀਂ ਕਦੀ ਇਸਲਾਮ ਨੇ ਅਫੀਮ ਤੇ ਸ਼ਰਾਬ ਦੀ ਆਮਦਨ ਨਾਲ ਤਾਲੀਮ ਦਿੱਤੀ ਹੋਣੀ ਹੈ।

ਗਾਂਧੀ ਦਾ ਸਿੱਖਾਂ ਨਾਲ ਇਕਰਾਰ

ਇਹ ਵੀ ਕਿਹਾ ਗਿਆ ਹੈ ਕਿ ਮੁਸਲਮਾਨਾਂ ਨੇ ਤੇ Communal Representation ਲੈ ਲੀਤਾ ਹੈ ਤੇ ਬਾਕੀ ਹਿੰਦੂ ਸਾਂਝ ਲੈ ਗਏ ਜੇ ਸਿੱਖ ਵੀ ਚਾਹੁੰਦੇ ਤਦ ਕੋਈ ਹਿੰਦੂ ਇਤਰਾਜ ਨਹੀਂ ਕਰੇਗਾ, ਕਿਉਂਕਿ ਮੁਸਲਮਾਨ ਥੋੜ੍ਹੇ ਸਨ ਉਨ੍ਹਾਂ ਨੂੰ ਹਿੰਦੂਆਂ ਉਪਰ ਸ਼ਕ ਗਿਆ ਤੇ ਇਸ ਸ਼ਕ ਨੂੰ ਮਿਟਾਉਣ ਲਈ ਜੋ ਉਨ੍ਹਾਂ ਮੰਗਿਆ ਦੇ ਦਿੱਤਾ ਗਿਆ ਉਦੋਂ ਮੈਂ ਆਪ ਇਸ ਅਸੂਲ ਦੇ ਉਲਟ ਸਾ, ਸਿੱਖਾ ਕਿਉਂਕਿ ਮੁਸਲਮਾਨਾਂ ਨਾਲੋਂ ਵੀ ਥੋੜੇ ਹਨ ਇਸ ਲਈ ਉਹ ਹੱਕਾਂ ਬਾਬਤ ਸ਼ੱਕ ਕਰ ਸਕਦੇ ਹਨ ਸੋ ਜੋ ਆਪ ਸ਼ੱਕ ਲਈ Communal Representation ਚਾਹੁੰਦੇ ਹੋ ਤਦ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ। ਅੰਤ ਵਿਚ ਮੈਂ ਫੇਰ ਤੁਹਾਨੂੰ ਚੇਤੇ ਕਰਾਉਂਦਾ ਹਾਂ ਕਿ ਗੁਸੇ ਨੂੰ ਡਕ ਕੇ ਕੁਰਬਾਨੀ ਲਈ ਤਿਆਰ ਹੋ ਜਾਵੋ ਕੇਵਲ ਗੁੱਸਾ ਰੋਕ ਕੇ ਅਤੇ ਕੁਰਬਾਨੀ ਕਰਕੇ ਹੀ ਤੁਸੀਂ ਆਜ਼ਾਦ ਹੋ ਸਕਦੇ ਹੋ ਉਹ ਵੀ ਬਹੁਤ ਥੋੜ੍ਹੇ ਸਮੇਂ ਵਿਚ।

ਅਕਾਲੀ ਲਾਹੌਰ, ੩੦ ਅਕਤੂਬਰ ੧੯੨੦

'ਵਿਚਾਰ' ਦੀ ਵੀ ਹਦ ਹੁੰਦੀ ਹੈ !

ਕੀ ਖਾਲਸਾ ਅਸਿੱਖਾਂ ਦੇ ਪਿੱਛੇ ਲੱਗ ਰਿਹਾ ਹੈ ? (ਪ੍ਰਾਪਤ)

'ਵਿਚਾਰ' ਅਰਥਾਤ ਕਿਸੇ ਕੰਮ ਦੇ ਕਰਨ ਤੋਂ ਪਹਿਲਾਂ ਉਸ ਦੇ ਉਚਾਣ ਨਿਵਾਣ ਨੂੰ ਚੰਗੀ ਤਰ੍ਹਾਂ ਸੋਚ ਲੈਣਾ ਇਕ ਅਤੀ ਉਤਮ ਗੁਣ ਹੈ ਪਰ ਅੱਜ-ਕਲ੍ਹ ਕੁਝ ਆਪਸਵਾਰਥੀ ਸੱਜਣਾਂ ਨੇ ਇਸ ਦੇ ਅਰਥ ਬਿਲਕੁਲ ਵਿਗਾੜ ਛਡੇ ਹਨ ਇਹ ਸੱਜਣ ਸਾਰੇ ਜਹਾਨ ਦੀ ਬੁਜ਼ਦਿਲੀ, ਕੌਮ ਫਰੋਸ਼ੀ, ਖ਼ੁਦਗਰਜ਼ੀ, ਬੇਗੈਰਤੀ ਤੇ ਦੇਸ਼ ਧ੍ਰੋਹਤਾ ਆਦਿ ਮੰਦ ਗੁਣਾਂ ਨੂੰ ਇਕੱਠਾ ਕਰ ਕੇ ਇਨ੍ਹਾਂ ਦੇ ਮਿਕਸ਼ਚਰ ਦਾ ਨਾਮ 'ਵੀਚਾਰ' ਰੱਖੀ ਬੈਠੇ ਹਨ!

ਜਦ ਵੀ ਕੋਈ ਦੇਸ਼ ਭਗਤ ਜਾਂ ਕੌਮ ਦਰਦੀ ਲੀਡਰ ਦੇਸ਼ ਜਾਂ ਕੌਮ ਦੇ ਭਲੇ ਦਾ ਕੋਈ ਹੌਂਸਲੇ ਭਰਿਆ ਕੰਮ ਆਰੰਭ ਕਰਦਾ ਹੈ ਤਾਂ ਇਹ ਖ਼ੁਦਗਰਜ਼ ਲੋਕ ਫੌਰਨ ਚੀਕਾਂ ਮਾਰਨ ਲੱਗ ਜਾਂਦੇ ਹਨ "ਭਰਾਓ ਵੀਚਾਰ ਕਰ ਲਓ" "ਸੱਜਣੋਂ ਗੌਰ ਕਰ ਲਓ" "ਬੀਰੋ ਕਾਹਲੀ ਨਾ ਕਰੋ" "ਗੋਯਾ ਹੋਰ ਸਾਰੇ ਦੇਸ਼ ਦਰਦੀ ਤਾਂ ਬਿਲਕੁਲ ਵਿਚਾਰੋਂ ਸਖਣੇ ਹੀ ਹਨ ਤੇ ਸਾਰੀ ਕਾਇਨਾਤ ਦੀ ਵਿਚਾਰ ਇਨ੍ਹਾਂ ਦੇ ਹੀ ਹਿੱਸੇ ਆਈ ਹੋਈ ਹੈ!

ਅੱਜ-ਕਲ੍ਹ ਦਾ ਹਾਲ ਵੀ ਦੇਖ ਲਓ! ਮਹਾਤਮਾ ਗਾਂਧੀ ਨੇ ਨਾ ਮਿਲਵਰਤਨ ਦੀ ਤਹਰੀਕ ਆਰੰਭ ਕੀਤੀ ਹੈ ਦੇਸ਼ ਦੇ ਤਮਾਮ ਵੱਡੇ ਵੱਡੇ ਵਿਦਵਾਨ ਤੇ ਲੀਡਰ (ਕੁਝ ਉਂਗਲਾਂ ਤੇ ਗਿਣੇ ਜਾਣ ਵਾਲਿਆਂ ਤੋਂ ਬਿਨਾਂ) ਇਸ ਤਹਰੀਕ ਦੇ ਹਾਮੀ ਹਨ। ਕਾਂਗਰਸ ਵਿਚ ਸਾਰੇ ਦੇਸ਼ ਦੇ ਦੇ ਚੋਣਵੇਂ ਵਿਦਵਾਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋ ਕੇ ਕਈ ਦਿਨ ਦੇ ਬਹਿਸ ਮੁਬਾਹਸੇ ਅਰ ਸੋਚਾਂ ਵਿਚਾਰਾਂ ਦੇ ਬਾਦ 'ਨਾ ਮਿਲਵਰਤਨ ਦਾ ਰੈਜ਼ੋਲਿਯੂਸ਼ਨ ਪਾਸ ਕਰ ਦਿੱਤਾ ਹੈ ਅਨੇਕਾਂ ਵੱਡੇ-ਵੱਡੇ ਲੀਡਰ ਜੋ ਪਹਿਲਾਂ ਇਸ ਕਾਰਜ ਦੇ ਹਕ ਵਿਚ ਨਹੀਂ ਸਨ ਕਾਂਗਰਸ ਦੇ ਫ਼ੈਸਲੇ ਅਗੇ ਸਿਰ ਨਿਵਾ ਕੇ ਹੁਣ ਤਨ, ਮਨ, ਧਨ ਨਾਲ ਇਸ ਦੀ ਕਾਮਯਾਬੀ ਵਿਚ ਲੱਗ ਪਏ ਹਨ ਪੰਡਤ ਮਦਨ ਮੋਹਨ ਮਾਲਵੀ ਵਰਗੇ ਸਾਂਝੇ ਲੀਡਰ ਨੇ ਵੀ ਜਿਸ ਨੇ ਪਹਿਲਾਂ ਖੁਲਮ ਖੁਲੀ ਇਸ ਤਹਰੀਕ ਦੀ ਵਿਰੋਧਤਾ ਕੀਤੀ ਸੀ ਹੁਣ ਲਾਚਾਰ

ਇਸੇ ਇਲਾਜ ਨੂੰ ਹੀ ਸਿਧ ਇਲਾਜ ਮੰਨ ਲਿਆ ਹੈ ਪਰ ਖ਼ੁਦਗਰਜ਼ ਲੋਕ ਅਜੇ ਵੀ ਚਿੱਲਾ ਰਹੇ ਹਨ ਕਿ ਭਰਾਓ ਵਿਚਾਰ ਤੋਂ ਕੰਮ ਲਓ !ਕਾਹਲੀ ਨਾ ਕਰੋ !"

ਓ ਭਲੇ ਲੋਕੋ ! ਕੀ ਤੁਹਾਡੇ ਖ਼ਿਆਲ ਵਿਚ ਮਹਾਤਮਾ ਗਾਂਧੀ ਨੇ ਇਸ ਮਾਮਲੇ ਉੱਤੇ ਕੋਈ ਵਿਚਾਰ ਹੀ ਨਹੀਂ ਕੀਤੀ ? ਕੀ ਉਹ ਕੁਰਬਾਨੀ ਦਾ ਪੁਤਲਾ ਜਿਸ ਦੀ ਅਗਵਾਈ ਵਿਚ ਦਖਣੀ ਅਫ਼ਰੀਕਾ ਦੇ ਹਿੰਦੁਸਤਾਨੀਆਂ ਦੇਸ਼ ਦੇ ਲੱਖਾਂ ਹੜਤਾਲੀਆਂ ਤੇ ਕੈਰਾ ਜ਼ਿਲੇ ਦੇ ਜ਼ਿਮੀਦਾਰਾਂ ਨੇ ਅਸੂਲ ਦੀਆਂ ਭਿਆਨਕ ਲੜਾਈਆਂ ਵਿਚ ਪੂਰੀ ਫਤਿਹ ਪ੍ਰਾਪਤ ਕੀਤੀ ਵਿਚਾਰੋਂ ਸਖਣਾ ਹੀ ਹੈ ? ਕੀ ਉਹ ਰਾਜਨੀਤੀ ਦਾ ਮਹਾਂ ਪੰਡਤ ਜਿਸ ਦੀ ਸਿਆਣਪ ਤੇ ਨਿਰਛਲਤਾ ਦੀ ਉਪਮਾ ਵੱਡੇ ਲਾਟ ਤੇ ਵਜ਼ੀਰ ਹਿੰਦ ਤਕ ਵੀ ਕਰ ਚੁਕੇ ਹਨ ਤੁਹਾਡੇ ਨਾਲੋਂ ਵੀ ਗਿਆ ਗੁਆਤਾ ਹੈ !ਕੀ ਉਹ ਯੋਗੀਰਾਜ ਨੇ ਸਾਰੇ ਸੰਸਾਰ ਦੀਆਂ ਸ਼ਕਤੀਆਂ ਨੂੰ ਤੁਛ ਸਮਝ ਕੇ ਕੇਵਲ ਇਕ ਅਕਾਲ ਪੁਰਖ ਅਰ ਆਪਣੇ ਆਤਮਕ ਬਲ ਉੱਤੇ ਭਰੋਸਾ ਰੱਖਦਾ ਹੈ ਤੁਹਾਡੇ ਨਾਲੋਂ ਨਲੈਕ ਹੈ ? ਫੇਰ ਵੀ ਉਹ ਹਜ਼ਾਰਾਂ ਦੇਸ਼ ਭਗਤ ਜੋ ਉਸ ਦੀ ਤਜਵੀਜ਼ ਨੂੰ ਸਿਰ ਮੱਥੇ ਤੇ ਰੱਖ ਕੇ ਉਸ ਤੇ ਅਮਲ ਕਰ ਰਹੇ ਹਨ ਬਿਲਕੁਲ ਬੁਧੂ ਹਨ ? ਪਰ ਸਾਰੀ ਅਕਲ, ਸਾਰੀ ਸਿਆਣਪ, ਸਾਰੀ ਚਤੁਰਾਈ ਤੇ ਸਾਰੀ ਦੂਰਦੇਸ਼ੀ ਕੇਵਲ ਤੁਹਾਡੇ ਹੀ ਦਿਮਾਗਾਂ ਵਿਚ ਘੁਸੜੀ ਹੋਈ ਹੈ ?

ਹੈਰਾਨੀ ਹੈ ਕਿ ਇਹ ਲੋਕ ਮੁਲਕ ਤੇ ਕੌਮ ਨੂੰ ਸਮਝ ਕੀ ਰਹੇ ਹਨ ! ਕੋਈ ਦਵਾਈਆਂ ਘੋਟਣ ਵਾਲਾ ਜਿਸ ਨੂੰ ਖਰਲ ਤੇ ਵੱਟੇ ਤੋਂ ਬਿਨਾਂ ਕਿਸੇ ਤੀਜੀ ਚੀਜ਼ ਦਾ ਗਿਆਨ ਨਹੀਂ ਹੁੰਦਾ ਉਠਦਾ ਹੈ ਤੇ ਢਾਈ ਰੁਪੈ ਖਰਚ ਕੇ ਦੋ ਸੌ ਇਸ਼ਤਿਹਾਰ ਛਾਪ ਦੇਂਦਾ ਹੈ, ਕੋਈ ਟੁਟਾ ਫੁੱਟਾ ਬੀ. ਏ. ਸਿਰ ਕਢਦਾ ਹੈ ਤੇ 'ਵਿਚਾਰ' ਦੇ ਉਪਦੇਸ਼ ਦੇਣ ਲੱਗ ਜਾਂਦਾ ਹੈ, ਆਜਹੇ ਇਸ਼ਤਿਹਾਰਾਂ ਸਿਵਾਏ ਇਸ ਦੇ ਕਿ ਆਪਣੇ ਲੇਖਕਾਂ ਨੂੰ ਝੋਲੀ-ਚੁੱਕਾਂ ਤੇ ਕੱਚੇ ਖੁਸ਼ਾਮਦੀਆਂ ਦੇ ਰਜਿਸਟਰ ਵਿਚ ਦਰਜ਼ ਕਰਵਾ ਦੇਣ ਤੋਂ ਬਿਨਾਂ ਹੋਰ ਪਤਾ ਨਹੀਂ ਕੀ ਲਾਭ ਪਹੁੰਚਾ ਸਕਦੇ ਹਨ ?

ਹੁਣੇ ਹੀ ਇਕ ਅੰਮ੍ਰਿਤਸਰ ਦੇ ਗ੍ਰੈਜੂਏਟ ਸਿੱਖ ਨੇ 'ਤਿੰਨ ਗ਼ਲਤੀਆਂ' ਦੇ ਸਿਰਲੇਖ ਵਾਲੀ ਦੁਵਰਕੀ ਜਿਹੀ ਛਾਪ ਕੇ ਵੰਡੀਹੈ, ਇਸ ਵਿਚ ਆਪ 'ਗੁਰਪੰਥ' ਨੂੰ ਉਪਦੇਸ਼ ਦੇਂਦੇ ਹਨ ਕਿ ਤੁਸੀਂ ਆਪਣੇ ਜਨਮ ਦਿਨ ਤੋਂ ਲੈ ਕੇ ਹੁਣ ਤਕ ਤਿੰਨ ਮਹਾਂ ਭੁਲਾਂ ਕਰ ਚੁਕੇ ਹੋ, ਦੇਖਣਾ ਹੁਣ ਕਿਤੇ ਚੌਥੀ ਭੁਲ ਨਾ ਮਿਲਵਰਤਨ ਵਿਚ ਸ਼ਾਮਲ ਹੋਣ ਤੇ ਆਪਣੇ ਕੁਦਰਤੀ 'ਚੀਫ਼ ਲੀਡਰਾਂ' ਦੀ ਅਵਗਯਾ ਕਰਨ ਦੀ ਨਾ ਕਰ ਬੈਠਣੀ, ਵਰਨਾ ਪਤਾਲ ਨੂੰ ਪਹੁੰਚ ਜਾਉਗੇ ।

ਹੁਣ ਜੇ ਇਨ੍ਹਾਂ ਤਿੰਨਾਂ ਗ਼ਲਤੀਆਂ ਦੀ ਮੁਫਸਲ ਪੜਤਾਲ ਕਰਨ ਲਗੀਏ ਤਾਂ ਪਤਾ ਲੱਗ ਜਾਏਗਾ ਕਿ ਅਸਲ ਵਿਚ ਪੰਥ ਦੀ ਅਧੋਗਤੀ ਦਾ ਕਾਰਨ ਸਦਾ ਇਹੋ ਜਿਹੇ 'ਵਿਚਾਰਵਾਨ' ਸੱਜਣ ਹੀ ਹੁੰਦੇ ਰਹੇ ਹਨ ਭਲਾ ਜੀ ! ਆਨੰਦਪੁਰ ਵਿਚ ਬੇਦਾਵਾ ਲਿਖ ਕੇ ਦੇਣ ਵਾਲੇ 'ਸਿੱਖ' ਕੀ ਤੁਹਾਡੇ ਹੀ ਟੋਲੇ ਵਿੱਚੋਂ ਨਹੀਂ ਸਨ ? ਸਤਿਗੁਰੂ ਫ਼ੁਰਮਾਂਦੇ ਹਨ ਕਿ 'ਖਾਲਸਾ ਜੀ' ਕੇਵਲ ਅਠ ਦਿਨ ਦੁਖ ਸਹਿ ਲਓ, ਫੇਰ ਤਮਾਮ ਕਲੇਸ਼ਾਂ ਦਾ ਸਦਾ ਲਈ ਖਾਤਮਾ ਹੋ ਜਾਵੇਗਾ ਪਰ ਇਹੋ ਜਿਹੇ 'ਵਿਚਾਰਵਾਨ' ਕਹਿੰਦੇ ਹਨ 'ਨਹੀਂ ਮਹਾਰਾਜ ! ਰਤਾ ਵਿਚਾਰ ਕਰੋ' ਇਸ ਤਰ੍ਹਾਂ ਭੁਖੇ ਤਿਹਾਏ ਮਰਨ ਨਾਲ ਬਿਨਾਂ ਦੁਖ ਦੇ ਹੋਰ ਕੀ ਮਿਲਦਾ ਹੈ । ਹੁਣ ਤਾਂ ਵੈਰੀ ਕਸਮਾਂ ਖਾਂਦੇ ਹਨ ਕਿ ਜੇ ਕਿਲਾ ਖਾਲੀ ਕਰ ਦਿਓ ਤਾਂ ਅਸੀਂ ਕੁਝ ਨਹੀਂ ਕਹਿੰਦੇ ! ਜਾਨ ਬਚਦੀ ਹੈ, ਮਾਲ ਬਚਦਾ ਹੈ, ਦੁਖ ਫਾਕਿਆਂ ਦਾ ਅੰਤ ਹੁੰਦਾ ਹੈ ਤੇ ਪਾਤਸ਼ਾਹ ਨਾਲ ਲੜ ਾਈ ਬੰਦ ਹੁੰਦੀ ਹੈ ! ਬਸ ਇਨ੍ਹਾਂ 'ਵਿਚਾਰਾਂ' ਨੇ ਹੀ ਉਨ੍ਹਾਂ ਪਾਸੋਂ ਬੇਦਾਵਾ ਲਿਖਾਇਆ ਤੇ ਖਾਲਸੇ ਦੀ ਤਰੱਕੀ ਦੋ ਚਾਰ ਸੌ ਵਰ੍ਹੇ ਪਿਛੇ ਪਾਉਣੀ ਤਾਂ ਕਿਤੇ ਰਹੀ ਬਿਲਕੁਲ ਹੀ ਡੋਬ ਦਿੱਤੀ। ਵੇਲਾ ਇਕ ਵਾਰੀ ਹੱਥੋਂ ਨਿਕਲਿਆ ਮੁੜ ਕਦੀ ਹੱਥ ਆ ਹੀ ਨਹੀਂ ਸਕਦਾ। ਇਹੋ ਜਿਹਾ ਹੀ ਹਾਲ ਦੂਜੀਆਂ ਦੋਹਾਂ ਗ਼ਲਤੀਆਂ ਦਾ ਹੈ ਸੱਚ ਪੁਛੋਂ ਤਾਂ ਪੰਥ ਦਾ ਜਿਨਾਂ ਨੁਕਸਾਨ ਕੀਤਾ 'ਡਰਾਕਲ ਵਿਚਾਰਵਾਨਾਂ' ਨੇ ਹੀ ਕੀਤਾ, ਵਰਨਾ ਜੋ ਦਸ਼ਾ ਇਸ ਵੇਲੇ ਸਿੱਖਾਂ ਦੀ ਨਜ਼ਰ ਆ ਰਹੀ ਹੈ, ਇਹ ਕਦੇ ਨਾ ਹੁੰਦੀ ! ਪੰਥ ਦਾ ਜੋ ਮਾੜਾ ਮੋਟਾ ਮਾਣ ਇਸ ਵੇਲੇ ਹੈ ਤੇ ਸਿੱਖ ਕੌਮ ਅਜੇ ਜੀਉਂਦੀ ਨਜ਼ਰ ਆ ਰਹੀ ਹੈ ਇਹ ਕੇਵਲ ਉਨ੍ਹਾਂ ਸਪਿਰਿਟ ਵਾਲੇ ਸਿੱਖਾਂ ਦੇ ਜੋਸ਼ ਦਾ ਫਲ ਹੈ। ਜਿਨਾਂ ਕੇਵਲ ਸਮਾਂ ਵਧਾਉਣ ਤੇ ਆਪਣਾ ਜਾਨ ਮਾਲ ਬਚਾਉਣ ਦੀ ਹੀ ਵਿਚਾਰ ਨਹੀਂ ਸੀ ਕੀਤੀ ਸਗੋਂ ਆਪਣੀ ਨਜ਼ਰ ਨੂੰ ਖੁਲ੍ਹਾ ਤੇ ਲੰਮੀ ਕਰਕੇ ਆਪਣੀ ਕੌਮ ਦੀ ਆਨ ਰੱਖਿਆ ਲਈ 'ਵਿਚਾਰ' ਕੀਤੀ ਸੀ ।

ਭਾਈ ਜੋਧ ਸਿੰਘ ਜੀ ਐਮ. ਏ. ਪਾਸੋਂ ਫਿਰੋਜ਼ਪੁਰ ਕਾਨਫ੍ਰੰਸ ਵਿਚ ਸਟੀਮ ਤੇ ਬ੍ਰੇਕ ਦੀ ਮਿਸਾਲ ਸੁਣ ਕੇ ਹੁਣ ਹਰ ਕੋਈ ਆਪੇ ਬਣਿਆ ਉਪਦੇਸ਼ਕ ਇਹੋ ਦ੍ਰਿਸ਼ਟਾਂਤ ਦੇਣ ਲੱਗ ਪੈਂਦਾ ਹੈ ਤੇ ਨੌਜਵਾਨਾਂ ਦੇ ਜੋਸ਼ ਨੂੰ 'ਖਤਰਨਾਕ

ਸਟੀਮ' ਦੱਸ ਕੇ ਬੁਢਿਆਂ ਦੀ ਬੁਜ਼ਦਿਲੀ ਨੇ ਉਸ ਲਈ 'ਬ੍ਰੇਕ' ਦੀ ਸ਼ਕਲ ਵਿਚ ਹੋਣਾ ਲਾਜ਼ਮੀ ਦੱਸਦਾ ਹੈ। ਪਰ ਇਨ੍ਹਾਂ 'ਵਿਦਵਾਨਾਂ' ਨੂੰ ਕੋਈ ਪੁਛੇ ਕਿ ਕੀ ਕੇਵਲ 'ਜੋਸ਼' ਨੂੰ ਹੀ ਰੋਕਣ ਲਈ ਬਰੇਕ ਦੀ ਲੋੜ ਹੈ ਇਹ ਵਿਚਾਰ ਦੀ ਕੋਈ ਹਦ ਹੀ ਨਹੀਂ ਬੇਸ਼ਕ ਅੱਤ ਦਾ ਜੋਸ਼ ਬਹੁਤ ਮੰਦਾ ਹੈ, ਪਰ ਅੱਤ ਦੀ ਵਿਚਾਰ ਨੂੰ ਵੀ ਤਾਂ ਕੋਈ ਚੰਗੀ ਨਹੀਂ ਆਖ ਸਕਦਾ। ਤੁਹਾਡੇ ਜੇਹੀਆਂ ਵਿਚਾਰਾਂ ਕਰਦਿਆਂ ਹਿੰਦੁਸਤਾਨੀਆਂ ਨੂੰ ਡੇਢ ਸੌ ਸਾਲ ਤੇ ਸਿੱਖਾਂ ਨੂੰ ਸੱਤਰ ਸਾਲ ਹੋ ਚੁਕੇ ਹਨ! ਜਿਸ ਦਾ ਨਤੀਜਾ ਦਿਨੋ ਦਿਨ ਦੀ ਅਧੋਗਤੀ ਹੋ ਰਿਹਾ ਹੈ! ਕੀ ਹੁਣ ਇਸ ਵਿਚਾਰ ਦਾ ਕਿਤੇ ਅੰਤ ਨਹੀਂ ਹੋਣਾ ! ਨਿਸਚੇ ਹੀ ਵਿਚਾਰ ਦੀ ਵੀ ਕੋਈ ਹਦ ਹੈ ਤੇ ਅਸੀਂ ਉਸ ਹਦ ਤੋਂ ਬਹੁਤ ਵਧੇਰੇ ਵਿਚਾਰ ਹੁਣ ਤਕ ਕਰ ਚੁਕੇ ਹਾਂ!

ਖਾਲਸਾ ਜੀ ਨੂੰ ਇਹ ਆਖ ਕੇ ਕਿ 'ਅਸਿੱਖ' ਲੀਡਰਾਂ ਦੇ ਪਿਛਲਗ ਨਾ ਬਣੋ, ਉਕਸਾਉਣਾ ਵੀ ਯਾਰ ਲੋਕਾਂ ਦੀ ਚਲਾਕੀ ਹੀ ਹੈ। ਵਰਨਾ ਖਾਲਸਾ ਨਾ ਅੱਜ ਤਕ ਕਿਸੇ ਅਸਿੱਖ ਦੇ ਮਗਰ ਲੱਗਾ ਹੈ ਤੇ ਨਾ ਗੁਰੂ ਚਾਹੇ ਤਾਂ ਅਗੋਂ ਕਦੀ ਲੱਗੇਗਾ! ਸਗੋਂ ਦੁਨੀਆਂ ਖ਼ੁਦ ਖਾਲਸੇ ਦੇ ਅਸੂਲਾਂ ਦੇ ਬਲ ਤੋਂ ਗਿਆਤ ਹੋ ਕੇ ਖਾਲਸੇ ਦੇ ਮਗਰ ਲੱਗ ਰਹੀ ਹੈ। 'ਨਾ ਮਿਲਵਰਤਨ' ਕੇਵਲ ਖਾਲਸਾ ਜੀ ਦੀ ਹੀ ਕਾਢ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਚੁਪ ਟਾਕਰੇ ਤੇ ਨਾ ਮਿਲਵਰਤਨ ਦਾ ਅਸੂਲ ਵਰਤ ਕੇ ਵਿਖਾਇਆ। ਉਸ ਤੋਂ ਬਾਅਦ ਇਸੇ ਅਸੂਲ ਉੱਤੇ ਖੜਗ ਧਾਰੀ ਸਤਿਗੁਰੂ ਹਰ ਗੋਬਿੰਦ ਸਿੰਘ ਜੀ, ਗੁਰੂ ਹਰ ਕ੍ਰਿਸ਼ਨ ਜੀ ਗੁਰੂ ਤੇਗ਼ ਬਹਾਦਰ ਜੀ ਤੇ ਕਲਗੀਆਂ ਵਾਲੇ ਪਿਤਾ ਨੇ ਅਮਲ ਕੀਤਾ। ਗੁਰੂ ਦੁਲਾਰਿਆਂ ਦੀ ਸ਼ਹੀਦੀ 'ਨਾ ਮਿਲਵਰਤਨ' ਦਾ ਸਭ ਤੋਂ ਰੌਸ਼ਨ ਵਾਕਿਆ ਹੈ! ਪਿਛੋਂ ਖਾਲਸਾ ਜੀ ਨੇ ਕਿਸੇ ਵੀ ਮੁਗ਼ਲ ਬਾਦਸ਼ਾਹ ਨਾਲ 'ਮਿਲਵਰਤਨ' ਨਹੀਂ ਕੀਤਾ ਫਰੁਖਸੀਅਰ ਦੇ ਵੇਲੇ ਜੰਗਲਾਂ ਪਹਾੜਾਂ ਵਿਚ ਰਹਿਣਾ ਕਬੂਲ ਕੀਤਾ ਪਰ 'ਮਿਲਵਰਤਨ' ਦਾ ਸੁਪਨੇ ਵਿਚ ਵੀ ਖ਼ਿਆਲ ਨਹੀਂ ਕੀਤਾ! ਕਿਸੇ ਸਿੱਖ ਨੇ ਕਦੀ ਮੁਗ਼ਲ ਪਾਤਸ਼ਾਹ ਦੀ ਨੌਕਰੀ ਨਹੀਂ ਕੀਤੀ ਤੇ ਨਾਂ ਉਹਨਾਂ ਦੇ ਸਕੂਲਾਂ ਵਿਚ ਤਾਲੀਮ ਪਾਈ! ਜਗੀਰਾਂ, ਤਨਖਾਹਾਂ, ਰੋਜ਼ੀਨੇ, ਨਵਾਬੀਆਂ ਸਭ ਨੂੰ ਲੱਤਾਂ ਮਾਰੀਆਂ, ਪਰ 'ਮਿਲਵਰਤਨ' ਦੇ ਆਖੇ ਲਗਕੇ ਬੰਦਈ ਸਿੱਖਾਂ ਨਾਲ ਵਿਗਾੜ ਵੇਲੇ ਤੱਤ ਖਾਲਸੇ ਨੇ ਮੁਗਲਾਂ ਨਾਲ ਥੋੜ੍ਹੀ ਜਿਹੀ 'ਮਿਲਵਰਤਨ' ਕੀਤੀ ਸੀ ਯਾਨੀ ਸਵਾਰਾਂ ਅਰ ਪੈਦਲਾਂ ਦੇ ਰੋਜ਼ੀਨੇ ਕਬੂਲ ਕਰ ਲਏ ਸਨ। ਸੋ ਉਸ 'ਮਿਲਵਰਤਨ' ਨੇ ਖਾਲਸੇ ਦੀ ਸ਼ਕਤੀ ਨੂੰ ਜੋ ਭਾਰੀ ਸੱਟ ਮਾਰੀ, ਉਸ ਦਾ ਇਤਿਹਾਸ ਗਵਾਹ ਹੈ! ਗੱਲ ਕੀ ਖਾਲਸੇ ਨੇ ਕਦੇ ਕਿਸੇ ਬਾਦਸ਼ਾਹ ਨਾਲ ਜੋ ਸਿੱਖਾਂ ਦੀ ਧਾਰਮਿਕ ਤੇ ਕੌਮੀ ਆਜ਼ਾਦੀ ਵਿਚ ਰੋਕਾਂ ਪਾਉਣ ਵਾਲਾ ਹੋਵੇ 'ਮਿਲਵਰਤਨ ਨਹੀਂ ਕੀਤਾ ਅਰ 'ਨਾ ਮਿਲਵਰਤਨ' ਦਾ ਅਸੂਲ ਕੇਵਲ ਸਿੱਖਾਂ ਦੀ ਹੀ ਕਾਢ ਹੈ। ਹੁਣ ਸਾਰਾ ਭਾਰਤ ਵਰਸ਼ ਇਸ ਅਸੂਲ ਨੂੰ ਮੰਨ ਕੇ ਗੋਯਾ ਖਾਲਸਾ ਜੀ ਨੂੰ ਆਪਣਾ ਲੀਡਰ ਤਸਲੀਮ ਕਰ ਰਿਹਾ ਹੈ। ਇਸ ਲਈ ਇਹ ਆਖਣਾ ਕਿ ਸਿੱਖਾਂ ਨੂੰ ਅਸਿੱਖ ਲੀਡਰਾਂ ਦੇ ਮਗਰ ਲਾਇਆ ਜਾ ਰਿਹਾ ਹੈ, ਆਪਣੇ ਆਪ ਤੇ ਆਪਣੀ ਕੌਮ ਨੂੰ ਜਾਣ ਬੁਝ ਕੇ ਧੋਖਾ ਦੇਣਾ ਹੈ।

ਖਾਲਸਾ ਜੀ! ਇਹ 'ਵਿਚਾਰਾਂ' ਦੇ ਉਪਦੇਸ਼ ਦੇਣ ਵਾਲੇ ਸੱਜਣ ਨਾਂ ਤਾਂ ਸਰਕਾਰ ਦੇ ਸੱਕੇ ਹਨ ਤੇ ਨਾਂ ਕੌਮ ਦੇ ਸਹੋਦਰ ਹਨ। ਇਹ ਕੇਵਲ ਆਪਣੀ ਜ਼ਾਤ ਤੇ ਆਪਣੇ ਕੋਠੀਆਂ, ਮਕਾਨਾਂ, ਮੁਰੱਬਿਆਂ ਤੇ ਖਿਤਾਬਾਂ ਦੇ ਆਸ਼ਕ ਹਨ। ਇਹਨਾਂ ਦੀ ਵਿਚਾਰ ਕੇਵਲ ਆਪਣੇ ਸਵਾਰਥ ਤਕ ਮਹਦੂਦ ਹੈ। ਪਰ 'ਨਾ ਮਿਲਵਰਤਨ' ਦੇ ਹਾਮੀਆਂ ਦੀ 'ਵਿਚਾਰ' ਸਾਰੇ ਦੇਸ਼ ਦੀ ਲੱਖਾਂ ਮੀਲ ਧਰਤੀ ਤੇ ੩੨ ਕ੍ਰੋੜ ਭਾਰਤੀ ਵਾਸੀਆਂ ਲਈ ਹੈ। ਇਹ 'ਵਿਚਾਰ'! ਦੇ ਉਪਦੇਸ਼ਕ ਆਪਣੇ ਜ਼ਾਤੀ ਬਚਾਓ ਲਈ ਦੇਸ਼ ਦੀ ਵਿਰੋਧਤਾ ਕਰ ਰਹੇ ਹਨ, ਪਰ 'ਨਾ ਮਿਲਵਤਰਨ' ਦੇ ਹਾਮੀ ਦੇਸ਼ ਦੇ ਬਚਾਉ ਲਈ ਆਪਣੇ ਮਾਲ ਧਨ ਕੁਰਬਾਨ ਕਰਨ ਅਰ ਖੁਦ ਔਕੜਾਂ ਸਹਿਣ ਨੂੰ ਤਿਆਰ ਹਨ। ਸੋ ਤੁਸੀਂ ਖੁਦ ਸੋਚ ਲਉ ਕਿ ਉੱਚਾ ਨਿਸ਼ਾਨਾਂ ਕਿਸ ਦਾ ਹੈ। ਇਹਨਾਂ 'ਵਿਚਾਰਵਾਨਾਂ' ਦੇ ਖਿਆਲ ਵਿਚ ਤਾਂ ਕਲਗੀਆਂ ਵਾਲੇ ਨੂੰ ਵੀ ਪਾਤਸ਼ਾਹ ਨਾਲ 'ਮਿਲਵਰਤਨ' ਕਰਕੇ ਜਗੀਰ ਲੈ ਲੈਣੀ ਚਾਹੀਦੀ ਸੀ ਤੇ ਸਾਹਿਬਜ਼ਾਦਿਆਂ ਨੂੰ ਵੀ ਆਪਣੀ ਜਾਨ ਬਚਾਉਣ ਲਈ ਤੁਰਕਾਂ ਨਾਲ 'ਮਿਲਵਰਤਨ' ਕਰ ਲੈਣੀ ਯੋਗ ਸੀ। ਨਿਸਚਾ ਕਰੋ ਕਿ ਇਹਨਾਂ 'ਵਿਚਾਰਵਾਨਾਂ' ਦੀ 'ਵਿਚਾਰ' ਕੇਵਲ ਆਪਣੇ ਆਪ ਲਈ ਹੈ। ਇਹਨਾਂ ਨੂੰ ਇਹ ਕੱਚਾ ਖਿਆਲ ਸਮਾਇਆ ਹੋਇਆ ਹੈ ਕਿ ਨਾ ਮਿਲਵਰਤਨ ਨੇ ਕਾਮਯਾਬ ਨਹੀਂ ਹੋਣਾ ਇਸ ਲਈ ਇਸ ਦਾ ਵਿਰੋਧ ਕਰਕੇ ਸਰਕਾਰ ਦੀ ਕ੍ਰਿਪਾ ਦੇ ਹੱਕਦਾਰ ਬਣਨ ਦਾ ਯਤਨ ਕਰ ਰਹੇ ਹਨ। ਜੇ ਕਿਤੇ ਤੁਸੀਂ ਇਹਨਾਂ ਨੂੰ ਨਿਸਚਾ ਦੁਆ ਸਕੇ ਕਿ 'ਨਾ ਮਿਲਵਰਤਨ' ਨੇ ਜ਼ਰੂਰ ਕਾਮਯਾਬ ਹੋਣਾ

ਹੈ ਤੇ ਨਾਲ ਹੀ ਕਾਮਯਾਬੀ ਦੀ ਸੂਰਤ ਵਿਚ ਤੁਸੀਂ ਇਹਨਾਂ ਨੂੰ ਕੁਝ 'ਟਕੇ ਮੁਰਬੇ' ਵੀ ਦੇਣ ਦਾ ਕਰਾਰ ਕਰ ਸਕੋ ਤਾਂ ਇਹੋ ਸੱਜਣ 'ਨਾ ਮਿਲਵਰਤਨ' ਦੇ ਸਭ ਤੋਂ ਵੱਡੇ ਪ੍ਰਚਾਰਕ ਬਣ ਜਾਣਗੇ।

ਯਾਦ ਰਖੋ! ਹੁਣ ਜਦ ਕਿ ਸਾਰੇ ਦੇਸ਼ ਨੇ ਮਿਲ ਕੇ ਕਾਂਗਰਸ, ਮੁਸਲਮ ਲੀਗ, ਸਿੱਖ ਲੀਗ ਤੇ ਹਰ ਤਮਾਮ ਜਥਿਆਂ ਦੁਆਰਾ ਨਾ ਮਿਲਵਰਤਨ ਪਾਸ ਕਰ ਦਿਤਾ ਹੈ ਤਾਂ ਦੇਸ਼ ਦੀ ਸਾਰੀ ਭਵਿਖਤ ਉਨਤੀ ਏਸੇ ਦੀ ਕਾਮਯਾਬੀ ਤੇ ਨਿਰਭਰ ਹੈ। ਇਸ ਦੀ ਨਾ ਕਾਮਯਾਬੀ ਦੇਸ਼ ਦੀ ਸੁਤੰਤ੍ਰਤਾ ਨੂੰ ਪੂਰੇ ਸੌ ਸਾਲ ਪਿਛੇ ਸੁਣ ਦੇਵੇਗੀ। ਇਸ ਲਈ ਅਜੇਹੇ ਵਿਚਾਰਵਾਨਾਂ ਨੂੰ ਆਪਣੀ 'ਵਿਚਾਰ' ਵਿਚ ਡੁਬੇ ਰਹਿਣ ਦਿਉ ਤੇ ਆਪ 'ਨਾ ਮਿਲਵਰਤਨ' ਨੂੰ ਕਾਮਯਾਬ ਬਣਾਉਣ ਲਈ ਸਿਰ ਤੋੜ ਯਤਨ ਕਰੋ।

ਅਕਾਲੀ ਲਾਹੌਰ, ੩੧ ਅਕਤੂਬਰ ੧੯੨੦

ਨਾ ਮਿਲਵਰਤਨ ਦੀਆਂ ਲਹਿਰਾਂ !

ਸ਼ਾਬਾਸ਼! ਕੌਮ ਦੇ ਦੁਲਾਰਿਓ, ਕੌਮੀ ਆਨ ਰੱਖ ਲੌ!

ਖਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਚਿੱਠੀ ਛਪ ਚੁੱਕੀ ਹੈ ਕੌਮ ਦੇ ਇਨ੍ਹਾਂ ਨੌ ਨਿਹਾਲ ਸੁਪੱਤਰਾਂ ਨੇ ਸਚਮੁਚ ਉਹਾ ਕੁਝ ਕੀਤਾ ਹੈ ਜੋ ਕੁਝ ਕੌਮ ਇਨ੍ਹਾਂ ਪਾਸੋਂ ਆਸ ਰੱਖਦੀ ਸੀ। ਸਾਨੂੰ ਪੱਕੀ ਆਸ਼ਾ ਹੈ ਕਿ ਗੁਰੂ ਕਲਗੀਧਰ ਜੀ ਦੇ ਦੁਲਾਰਿਆਂ ਦੀਆਂ ਸ਼ਹੀਦੀਆਂ ਇਨ੍ਹਾਂ ਨੂੰ ਆਪਣੇ ਪ੍ਰਣ ਤੇ ਹਿਮਾਲੇ ਵਾਂਗ ਪਲਿਆਂ ਰੱਖਣਗੀਆਂ ਅਤੇ ਇਨ੍ਹਾਂ ਨੂੰ ਕੋਈ ਲਾਲਚ ਜਾਂ ਡਰਾਵਾ ਨਹੀਂ ਡੁਲਾਵੇਗਾ।

੨੫ ਅਕਤੂਬਰ ਨੂੰ ਪ੍ਰਿੰਸੀਪਲ ਨੇ ਉਸ ਮਤਲਬ ਦੀ ਚਿੱਠੀ ਪ੍ਰੈਜੀਡੈਂਟ ਕਾਲਜ (ਕਮਿਸ਼ਨਰ) ਨੂੰ ਭੇਜਣ ਤੋਂ ਨਾਂਹ ਕਰ ਦਿੱਤੀ। ਛੇਕੜ ਵਿਦਿਆਰਥੀਆਂ ਨੇ ਆਪਣਾ ਗੁਰਮਤਾ ਆਪ ਰਜਿਸਟਰੀ ਕਰ ਕੇ ਭੇਜ ਦਿੱਤਾ।

ਪ੍ਰਿੰਸੀਪਲ ਨੇ ੧੫ ਦਿਨਾਂ ਲਈ ਕਾਲਜ ਬੰਦ ਕਰ ਦੇਣ ਦਾ ਐਲਾਨ ਕੀਤਾ ਹੈ ਪਰ ਵਿਦਿਆਰਥੀ ਘਰ ਜਾਣ ਨੂੰ ਤਿਆਰ ਨਹੀਂ ਉਹ ਖੁਲ੍ਹੇ ਮੈਦਾਨਾਂ ਵਿਚ ਪੜ੍ਹਾਈ ਜ਼ਾਰੀ ਰੱਖਣਗੇ। ਪ੍ਰਿੰਸੀਪਲ ਨੇ ਇਕ ਚਿੱਠੀ ਉਨ੍ਹਾਂ ਦੇ ਮਾਪਿਆ ਨੂੰ ਵੀ ਲਿਖੀ ਹੈ ਕਿ ਪੁੱਤਰਾਂ ਨੂੰ ਸਮਝਾਉ।

ਪ੍ਰੋਫੈਸਰਾਂ ਦੀ ਲਾਟ ਸਾਹਿਬ ਨੂੰ ਚਿੱਠੀ।

ਖਾਲਸਾ ਕਾਲਜ ਦੇ ੧੩ ਪ੍ਰੋਫੈਸਰਾਂ ਵੱਲੋਂ ਲਿਖੀ ਚਿੱਠੀ ੨੬ ਨੂੰ ਲਾਟ ਸਾਹਿਬ ਨੂੰ ਭੇਜੀ ਹੈ—

ਸ੍ਰੀਮਾਨ ਜੀ!

ਸਿੱਖ ਕੌਮ ਬਰਾਬਰ ਸਰਕਾਰ ਅਗੇ ਬੇਨਤੀ ਕਰਦੀ ਰਹੀ ਕਿ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਸਰਕਾਰ ਛੱਡ ਦੇਵੇ ਅਤੇ ਪ੍ਰਿੰਸੀਪਲ ਤੇ ਕਮਿਸ਼ਨਰ ਸਾਹਿਬ ਕਹਿੰਦੇ ਵੀ ਹਨ ਕਿ ਸਰਕਾਰ ਖਾਲਸਾ ਕਾਲਜ ਨੂੰ ਉਕਾ ਛੱਡ ਦੇਣ ਨੂੰ ਤਿਆਰ ਹੈ ਪਰ ਇਸ ਵੇਲੇ ਤਕ ਕੁਝ ਨਹੀਂ ਹੋਇਆ। **ਹੁਣ ਸਟਾਫ ਦੀ ਪੋਜੀਸ਼ਨ ਬੜੀ ਔਖੀ ਬਣ ਗਈ ਹੈ ਇਸ ਲਈ ਅਸੀਂ ਪ੍ਰੋਫੈਸਰ ਪ੍ਰਿੰਸੀਪਲ ਜੀ ਦੀ ਰਾਹੀਂ ਅਦਬ ਨਾਲ ਇਤਲਾਹ ਦੇਂਦੇ ਹਾਂ ਕਿ ਜੇ ੫ ਨਵੰਬਰ ਤਕ ਸਰਕਾਰ ਨੇ ਪੂਰੇ ਤੌਰ ਨਾਲ ਆਪਣਾ ਹੱਥ ਵਿੱਚੋਂ ਕਢ ਨਾ ਲਿਆ ਤਾਂ ਅਸੀਂ ਮੌਜੂਦਾ ਪ੍ਰਬੰਧ ਹੇਠਾਂ ਕੰਮ ਨਹੀਂ ਕਰਾਂਗੇ।**

ਅਸਾਂ ਨਿਹਾਇਤ ਅਫ਼ਸੋਸ ਨਾਲ ਤਾਰੀਖ ਮੁਕੱਰਰ ਕਰ ਦਿੱਤੀ ਹੈ। ਪਰ ਅਸਾਂ ਇਹ ਇਸ ਲਈ ਕੀਤਾ ਹੈ ਕਿ ਅਸੀਂ ਪੰਥ ਨੂੰ ਕਿਸੇ ਤਰ੍ਹਾਂ ਦੀ ਗਲਤ ਫਹਿਮੀ ਦਾ ਸਮਾਂ ਨਹੀਂ ਦੇਂਦੇ ਜੋ ਕਿਸੇ ਹੋਰ ਤਰ੍ਹਾਂ ਸਾਡੇ ਕੰਮ ਦੀ ਨੇਕ-ਨੀਤੀ ਉੱਤੇ ਸ਼ਕ ਕਰ ਸਕਦਾ ਸੀ। ਅਸੀਂ ਹੇਠਾਂ ਲਿਖੇ ਸੱਜਣਾਂ ਦੇ ਨਾਮ ਵੀ ਤਜਵੀਜ਼ ਕਰਦੇ ਹਾਂ ਜੋ ਹਾਲੀ ਪ੍ਰਬੰਧ ਕਰਨ ਅਤੇ ਨਵੇਂ ਪ੍ਰਬੰਧ ਦਾ ਖਰੜਾ ਤਿਆਰ ਕਰਨ ਤੇ ਫਿਰ ਪੰਥ ਦੀ ਮਨਜ਼ੂਰੀ ਹੋਵੇ।

੧. ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ।
੨. ਸ: ਬਚਿਤਰ ਸਿੰਘ ਜੀ ਨਾਜ਼ਮ ਪਟਿਆਲਾ।
੩. ਸ: ਇੰਦਰ ਸਿੰਘ ਜੀ ਬੀ. ਏ. ਫਰੀਦਕੋਟ।
੪. ਸ: ਖੜਕ ਸਿੰਘ ਜੀ ਬੀ. ਏ. ਰਈਸ ਸਿਆਲਕੋਟ।

੫. ਸ: ਸ਼ਿਵਦੇਵ ਸਿੰਘ ਜੀ ਰਈਸ।

੬. ਸ: ਹਰਚੰਦ ਸਿੰਘ ਜੀ ਲਾਇਲਪੁਰ।

੭. ਭਾਈ ਤੇਜਾ ਸਿੰਘ ਜੀ ਪ੍ਰਿੰਸੀਪਲ ਅਕਾਲ ਕਾਲਜ।

ਅਸੀਂ ਹਾਂ ਆਪ ਦੇ ਦਾਸ—

੧. ਸ਼ਿਵਚਰਨ ਸਿੰਘ, ੨ ਬੀ. ਆਰ ਰਟਰ ਜੀ, ੩. ਚਰਨ ਸਿੰਘ, ੪ ਤਾਰਾ ਸਿੰਘ, ੫ ਹਰਬੰਸ ਸਿੰਘ, ੬ ਕੁੰਦਨ ਲਾਲ, ੭ ਤੇਜਾ ਸਿੰਘ, ੮ ਜੋਗਿੰਦਰ ਸਿੰਘ, ੯ ਬਾਵਾ ਹਰਕਿਸ਼ਨ ਸਿੰਘ, ੧੦ ਰਾਜਿੰਦਰ ਸਿੰਘ, ੧੧ ਕਸ਼ਮੀਰਾ ਸਿੰਘ, ੧੨ ਨਰਿੰਜਨ ਸਿੰਘ, ੧੩ ਉਧਮ ਸਿੰਘ।

ਖਾਲਸਾ ਕਾਲਜ ਅੰਮ੍ਰਿਤਸਰ।

ਸੁਣਿਆ ਗਿਆ ਹੈ ਕਿ ਖਾਲਸਾ ਕਾਲਜ ਦੀ ਕੌਂਸਲ ਦੇ ਮੈਂਬਰਾਂ ਨੂੰ ਤਾਰਾਂ ਦੁਆਰਾ ੩੧ ਤਾਰੀਖ਼ ਨੂੰ ਕਾਲਜ ਵਿਚ ਸੱਦਿਆ ਗਿਆ ਹੈ।

ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਹੇਠ ਲਿਖੀ ਚਿੱਠੀ ਭੇਜੀ ਹੈ। ਮੈਂ ਕਾਲਜ ਬੰਦ ਕਰਨ ਲਗਾ ਹਾਂ ਅਤੇ ਆਪ ਦੇ ਲੜਕੇ ਨੂੰ ਆਖ ਦਿੱਤਾ ਹੈ ਕਿ ਇਸ ਨਾਜ਼ੁਕ ਸਮੇਂ ਉਹ ਆਪ ਨਾਲ ਸਲਾਹ ਕਰੇ। ਮੁਲਕੀ ਹਵਾ ਹੱਦ ਦਰਜੇ ਦੀ ਵਗ ਰਹੀ ਹੈ। ਮੈਂ ਇਹ ਠੀਕ ਸਮਝਦਾ ਹਾਂ ਕਿ ਵਿਦਿਆਰਥੀ ਕੋਈ ਅਜਿਹਾ ਕੰਮ ਕਰਨ ਤੋਂ ਪਹਿਲਾਂ ਜਿਹੜਾ ਕਿ ਉਨ੍ਹਾਂ ਲਈ ਅਗੋਂ ਨੁਕਸਾਨ ਦੇਹ ਸਾਬਤ ਹੋਵੇ, ਆਪਣੇ ਮਾਪਿਆਂ ਨਾਲ ਸਲਾਹ ਕਰ ਲੈਣ। ਮੈਂ ਇਹ ਗੱਲ ਮਲੂਮ ਕਰ ਕੇ ਬੜਾ ਖੁਸ਼ ਹੋਵਾਂਗਾ ਕਿ ਆਇਆ ਆਪ ਚਾਹੁੰਦੇ ਹੋ ਕਿ ਆਪ ਦਾ ਲੜਕਾ ਯੂਨੀਵਰਸਿਟੀ ਦੇ ਇਮਤਿਹਾਨ ਲਈ ਪੜ੍ਹਾਈ ਜਾਰੀ ਰੱਖੇ ਕਿ ਨਾ।

ਅਸੀਂ ਵਿਦਿਆਰਥੀਆਂ ਦੇ ਮਾਪਿਆਂ ਦੀ ਸੇਵਾ ਵਿਚ ਖ਼ਾਸ ਤੌਰ ਤੇ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਦੇ ਬੱਚਿਆਂ ਦਾ ਪ੍ਰਬੰਧ ਕੌਮ ਜ਼ਰੂਰ ਕਰੇਗੀ। ਜੇ ਆਪ ਦੇ ਬੱਚੇ ਧਰਮ ਦੇ ਰਸਤੇ ਤੇ ਚਲਣ ਨੂੰ ਤਿਆਰ ਹਨ ਤਾਂ ਜੇ ਆਪ ਖੁਸ਼ ਨਹੀਂ ਤਾਂ ਘਟੋਂ ਘੱਟ ਉਨ੍ਹਾਂ ਨੂੰ ਰੋਕਣਾ ਤਾਂ ਨਹੀਂ ਚਾਹੀਦਾ। ਜੇ ਆਪ ਦੇ ਲੜਕੇ ਕੌਮੀ ਸੇਵਾ ਲਈ ਤਿਆਰ ਹਨ ਤਾਂ ਆਪ ਉਨਾਂ ਨੂੰ ਜ਼ਰੂਰ ਦਲੇਰੀ ਦਿਉ ਨਾ ਕਿ ਉਨ੍ਹਾਂ ਦੇ ਉਤਸ਼ਾਹ ਤੇ ਠੰਡਾ ਪਾਣੀ ਪਾਉ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦੇ ਕੌਮ ਦੀ ਸੇਵਾ ਲਈ ਕੁਰਬਾਨ ਕਰ ਦਿੱਤੇ ਸੀ। ਕੀ ਆਪ ਇਤਨਾ ਕਰਨ ਦੀ ਵੀ ਇਜਾਜ਼ਤ ਨਹੀਂ ਦੇ ਸਕਦੇ ਕਿ ਉਹ ਸਰਕਾਰੀ ਨਾਪਾਕ ਤਾਲੀਮ ਨੂੰ ਛਡ ਦੇਣ। ਨਹੀਂ ਨਹੀਂ, ਆਪਦਾ ਫ਼ਰਜ਼ ਤਾਂ ਇਹ ਹੈ ਕਿ ਪੰਥ ਦੇ ਫ਼ੈਸਲੇ ਅਗੇ ਸਿਰ ਝੁਕਾਉਂਦੇ ਹੋਏ ਬੱਚਿਆਂ ਨੂੰ ਜ਼ੋਰ ਨਾਲ ਕਹੋ ਕਿ ਯੂਨੀਵਰਸਿਟੀ ਦੀ ਤਾਲੀਮ ਛਡ ਕੇ ਕੌਮੀ ਤਾਲੀਮ ਹਾਸਲ ਕਰੇ। ਆਪ ਦਾ ਫ਼ਰਜ਼ ਹੈ ਕਿ ਆਪਣੇ ਲੜਕਿਆਂ ਨੂੰ ਧਰਮ ਤੇ ਚਲਾਓ, ਪ੍ਰਿੰਸੀਪਲ ਸਾਹਿਬ ਨੂੰ ਦੱਸ ਦਿਉ ਕਿ ਅਸੀਂ ਆਪਣੇ ਬੱਚਿਆਂ ਨੂੰ ਅਧਰਮ ਦੀ ਵਿੱਦਿਆ ਦਵਾ ਕੇ ਗੁਰੂ ਪੰਥ ਦੇ ਫ਼ੈਸਲੇ ਦੇ ਉਲਟ ਚਲਣਾ ਨਹੀਂ ਚਾਹੁੰਦੇ।

ਅਕਾਲੀ ਲਾਹੌਰ, ੩ ਨਵੰਬਰ ੧੯੨੦

ਖਾਲਸਾ ਕਾਲਜ ਅੰਮ੍ਰਿਤਸਰ

ਇਹ ਕਾਲਜ ਮਿ: ਕਮੇਟੀ ਦੀ ਹੱਦ ਤੋਂ ਬਾਹਰ ਹੈ ਇਸ ਲਈ ਹੁਣ ਉਥੇ ਕਾਲਜ ਦੇ ਨਜ਼ਦੀਕ ਜਲਸੇ ਨਹੀਂ ਹੋ ਸਕਦੇ। ੩੦ ਅਕਤੂਬਰ ਨੂੰ ਸਟੇਸ਼ਨ ਦੇ ਲਾਗੇ ਵਿਦਿਆਰਥੀਆਂ ਦਾ ਜਲਸਾ ਹੋਇਆ ਸ: ਸਰਦੂਲ ਸਿੰਘ ਜੀ ਨੇ ਵਖਯਾਨ ਕੀਤਾ ਤੇ ਕੁਝ ਲੜਕਿਆਂ ਨੇ ਸਵਾਲ ਪੁੱਛੇ ਜਿਨਾਂ ਦਾ ਤਸੱਲੀ ਬਖਸ਼ ਉੱਤਰ ਦਿੱਤਾ ਗਿਆ। ਨਾ ਮਿਲਵਰਤਨ ਦੇ ਜੈਕਾਰਿਆਂ ਨਾਲ ਜਲਸਾ ਸਮਾਪਤ ਹੋਇਆ।

ਸ: ਹਰਚੰਦ ਸਿੰਘ ਜੀ ਦੀ ਤਾਰ ਨੇ ਢਠੇ ਹੋਏ ਦਿਲਾਂ ਵਿਚ ਜਾਨ ਪੈਦਾ ਕਰ ਦਿੱਤੀ ਹੈ ੩੧ ਅਕਤੂਬਰ ਨੂੰ ਸਰਦਾਰ ਜੀ ਆਪ ਤੇ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਕਾਲਜ ਵਿਚ ਪਹੁੰਚ ਗਏ ਹਨ।

੩੧ ਨੂੰ ਹੀ ਖਾਲਸਾ ਕਾਲਜ ਕੌਂਸਲ ਦੀ ਇਕੱਤਰਤਾ ਹੈ ਕਮਿਸ਼ਨਰ ਨੇ ਸਭ ਨੂੰ ਤਾਰ ਦੇ ਕੇ ਅਤੇ ਖ਼ਾਸ ਆਦਮੀ

ਭੇਜ ਭੇਜ ਕੇ ਬੁਲਾਇਆ ਹੈ ਪ੍ਰਿੰਸੀਪਲ ਤੇ ਕੌਂਸਲ ਦੇ ਮੈਂਬਰ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨੂੰ ੫ ਤਾਰੀਖ ਦੀ ਸ਼ਰਤ ਤੋੜਨ ਲਈ ਜ਼ੋਰ ਦੇਂਦੇ ਹਨ ਪਰ ਗੁਰੂ ਦੇ ਬੀਰ ਅਡੋਲ ਡਟੇ ਹੋਏ ਹਨ ਕਾਲਜ ਦਾ ਸਟਾਫ ਮੌਜੂਦਾ ਪ੍ਰਬੰਧ ਹੇਠਾਂ ਬਿਲਕੁਲ ਕੰਮ ਕਰਨ ਨੂੰ ਤਿਆਰ ਨਹੀਂ ਹੈ ।

ਇਹ ਢਿਲ ਕਿਉਂ ?

ਪੰਥ ਦੀ ਚਿਰਾਂ ਦੀ ਮੁਰਾਦ ਪੂਰੀ ਹੋਣ ਵਾਲੀ ਹੈ ਵਿਦਿਆਰਥੀ ਅਤੇ ਪ੍ਰੋਫੈਸਰਾਂ ਨੇ ਕੁਰਬਾਨੀ ਕਰ ਦਿੱਤੀ ਹੈ। ਸਾਨੂੰ ਸਮਝ ਨਹੀਂ ਆਈ ਕਿ ਪੰਥ ਵੱਲੋਂ ਹੁਣ ਢਿਲਾਈ ਕਿਉਂ ਹੈ ? ਸਰਦਾਰ ਹਰਚੰਦ ਸਿੰਘ ਜੀ ਵਾਂਗੂ ਕਿਉਂ ਨਹੀਂ ਹਰ ਪਾਸਿਓਂ ਤਾਰਾਂ ਤੇ ਤਾਰਾਂ ਖੜਕਦੀਆਂ ? ਸਕੂਲ ਕਮੇਟੀਆਂ ਤੇ ਪਬੰਧਕ ਜਥੇ ਕਿਉਂ ਨਹੀਂ ਹਮਦਰਦੀ ਦੇ ਗੁਰਮਤੇ ਭੇਜਦੇ ? ਸਿੱਖ ਲੀਗਾਂ ਕੀ ਸੋਚ ਰਹੀਆਂ ਹਨ ? ਸਕੂਲ ਕਮੇਟੀਆਂ ਵੱਲੋਂ ਹੈਡਮਾਸਟਰਾਂ ਵੱਲੋਂ ਤੇ ਹਾਈ ਕਲਾਸਾ ਦੇ ਵਿਦਿਆਰਥੀਆਂ ਵੱਲੋਂ ਬੜੇ ਜ਼ੋਰ ਨਾਲ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨਾਲ ਹਮਦਰਦੀ ਪ੍ਰਗਟ ਹੋਣੀ ਚਾਹੀਦੀ ਹੈ।

ਖਾਲਸਾ ਜੀ ਨੇਂ ਹਿੰਮਤ ਕੀਤੀ ਤਾਂ ਖਾਲਸਾ ਕਾਲਜ ਨੂੰ ਸੰਭਾਲ ਕੇ ਪੰਥ ਦੀ ਸਾਰੀ ਵਿਦਿਅਕ ਸਕੀਮ ਕੌਮੀਂ-ਸੱਚੇ ਵਿੱਚ ਢਲ ਜਾਵੇਗੀ ਅਤੇ ਅਗੇ ਵਿੱਦਿਆ ਉੱਤੇ ਲੱਖਾਂ ਕਰੋੜਾਂ ਰੁਪਏ ਖਰਚ ਕਰ ਕੇ, ਮਿਹਨਤ ਅਤੇ ਕੁਰਬਾਨੀ ਨਾਲ ਆਜ਼ਾਦੀ ਵਿੱਚ ਬਦਲ ਜਾਏਗੀ । ਹਿੰਮਤ ਕਰੋ ਤੇ ਸ਼ੇਰਾਂ ਵਾਲਾ ਇੱਕ ਹੱਲਾ ਮਾਰ ਦਿਉ ।

ਗੁ: ਨਾ ਖਾਲਸਾ ਕਾਲਜ

ਗੁ: ਖਾ: ਕਾਲਜ ਦੇ ਵਿਦਿਆਰਥੀ ਇਸ ਪ੍ਰਕਾਰ ਲਿਖਦੇ ਹਨ—

ਅਸੀਂ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂ ਵਾਲੇ ਦੇ ਵਿਦਿਆਰਥੀ ਖਾਲਸਾ ਕਾਲਜ ਅੰਮ੍ਰਿਤਸਰ ਜੀ ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰੇ ਹਾਂ ਅਤੇ ਮੰਨਦੇ ਹਾਂ ਕਿ ਆਪਨੇ ਇਹ ਬੜੀ ਸੌਹਣੀ ਕਾਰਵਾਈ ਕੀਤੀ ਹੈ ਸਾਡੀ ਇਹ ਦਿਲੀ ਭਾਵਨਾ ਹੈ ਕਿ ਆਪ ਨੂੰ ਇਸ ਸ਼ੁਭ ਕੰਮ ਵਿਚ ਪੂਰੀ-ਪੂਰੀ ਜਿਤ ਹੋਵੇ ਅਤੇ ਅਸੀਂ ਆਪ ਦੇ ਫ਼ੈਸਲੇ ਨੂੰ ਸਿਰ ਮੱਥੇ ਪਰ ਮੰਨਾਗੇ ਅਤੇ ਜੇਕਰ ਲੋੜ ਪਈ ਤਾਂ ਸੇਵਾ ਕਰਨ ਨੂੰ ਭੀ ਤਿਆਰ ਹਾਂ. ਵਾਹਿਗੁਰੂ ਆਪ ਨੂੰ ਜਿਤ ਬਖਸ਼ੇ।

ਖਾਲਸਾ ਕਾਲਜ ਅੰਮ੍ਰਿਤਸਰ

ਸਿੱਖਾ ਨੇ ਮਸਾਂ-ਮਸਾਂ ਲਾ ਪਾ ਕੇ ਕੌਮ ਦੇ ਸੁਧਾਰ ਲਈ ਕਾਲਜ ਖੋਲਿਆ ਸੀ ਪਰ ਨੌਂਕਰਸ਼ਾਹੀ ਨੂੰ ਇਹ ਗੱਲ ਬੁਰੀ ਲੱਗੀ ਅਤੇ ਜੰਮਦੇ ਨੂੰ ਹੀ ਹੜਪ ਕਰ ਲਿਆ ਕਈ ਸਾਲਾਂ ਤੋਂ ਸਾਰਾ ਪੰਥ ਕੂਕ ਪੁਕਾਰ ਕਰ ਰਿਹਾ ਹੈ ਪਰ 'ਨੌਕਰਸ਼ਾਹੀ' ਨੇ ਕਖ ਪ੍ਰਵਾਹ ਨਹੀਂ ਕੀਤੀ ਹੁਣ ਜਦੋਂ ਖਾਲਸਾ ਵੀ ਰਾਜਸੀ ਮੈਦਾਨ ਵਿਚ ਆ ਗਜਿਆ ਤਾਂ ਫੇਰ ਹਾਕਮਾਂ ਨੂੰ ਪਏ ਪਿਸੂ ਕਿ ਹੁਣ ਤਾਂ ਇਹ ਲਾਣਾ ਵੀ ਸਾਡੇ ਹੱਥਾਂ ਵਿੱਚੋਂ ਨਿਕਲ ਚਲਿਆ ਕਈ ਵਿੰਗੀਆਂ ਟੇਢੀਆਂ ਚਾਲਾਂ ਚਲਣ ਦਾ ਵੀ ਯਤਨ ਕੀਤਾ ਗਿਆ ਇਨ੍ਹਾਂ ਦਿਨਾਂ ਵਿਚ ਇਹ ਮਸ਼ਹੂਰ ਕੀਤਾ ਗਿਆ ਸੀ ਕਿ ਸਰਕਾਰ ਖਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਦਾ ਕੇਂਦਰ ਬਣਾ ਦੇਣ ਦੀਆਂ ਸੋਚਾਂ ਸੋਚ ਰਹੀ ਹੈ ਏਨੇ ਨੂੰ ੨੧ ਅਕਤੂਬਰ ਨੂੰ ਗੁਰੂ ਪੰਥ ਨੇ ਸਰਕਾਰ ਨਾਲ ਨਾ ਮਿਲਵਰਤਨ ਦਾ ਗੁਰਮਤਾ ਸੋਧ ਲਿਆ ਅਤੇ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਅਤੇ ਮੁੰਡਿਆ ਨੇ ਭਰੋਸਾ ਦਵਾਇਆ ਹੈ ਕਿ ਅਸੀਂ ਪੰਥ ਦੇ ਹੁਕਮ ਨੂੰ ਸਿਰ ਮਥੇ ਤੇ ਮੰਨਣ ਦਾ ਪੂਰਾ-ਪੂਰਾ ਯਤਨ ਕਰਾਂਗੇ।

੨੪ ਅਕਤੂਬਰ ਦੀ ਰਾਤ ਨੂੰ ਸਾਰੇ ਵਿਦਿਆਰਥੀਆਂ ਨੇ ਸਰਬ ਸੰਮਤੀ ਨਾਲ ਇਹ ਗੁਰਮਤਾ ਸੋਧਿਆ ਤੇ ਪ੍ਰੋਫੈਸਰਾਂ ਦੇ ਰਾਹੀਂ ਪ੍ਰਬੰਧਕਾਂ ਨੂੰ ਭੇਜ ਦਿੱਤਾ ਕਿ ਜੇਕਰ ਤੁਸੀਂ ੫ ਨਵੰਬਰ ਤਕ ਸਰਕਾਰ ਅਤੇ ਯੂਨੀਵਰਸਿਟੀ ਨਾਲੋਂ ਸਾਰੇ ਪ੍ਰਬੰਧ ਨਾ ਤੋੜ ਲਵੋ ਤਾਂ ਅਸੀਂ ੬ ਨਵੰਬਰ ਨੂੰ ਕਾਲਜ ਛਡ ਦੇਣਾ ਆਪਣਾ ਪਰਮ ਧਰਮ ਸਮਝਾਂਗੇ ਦੂਜੇ ਦਿਨ ਹੀ ਪ੍ਰੋਫੈਸਰਾਂ ਨੇ ਵੀ ਸ੍ਰੀ ਹਜੂਰ ਲਾਟ ਸਾਹਿਬ ਜੀ ਨੂੰ ਇਕ ਬੇਨਤੀ ਪੱਤਰ ਭੇਜਿਆ ਕਿ ਜੇਕਰ ੫ ਨਵੰਬਰ ਤਕ ਸਰਕਾਰ ਆਪਣਾ ਹੱਥ ਖਾਲਸਾ ਕਾਲਜ ਤੋਂ ਨਾ ਹਟਾ ਲਵੇ ਤਾਂ ਫੇਰ ਕਾਲਜ ਵਿਚ ਸਾਡਾ ਰਹਿਣਾ ਕਠਨ ਹੋ ਜਾਵੇਗਾ ਜਿਸ ਦੇ ਸਪਸ਼ਟ ਅਰਥ ਇਹ ਸਨ ਕਿ ੫ ਤਾਰੀਖ ਨੂੰ ਅਸੀਂ ਅਸਤੀਫੇ ਦੇ ਕੇ ਮੁੰਡਿਆਂ ਦੇ ਨਾਲ ਸ਼ਾਮਲ ਹੋ ਜਾਵਾਂਗੇ ਇਸ ਅਦੁਤੀ ਕੁਰਬਾਨੀ ਦੀ ਮਿਸਾਲ ਨੇ ਦੱਸ ਦਿੱਤਾ ਹੈ ਕਿ ਸਿੱਖ ਕੌਮ ਵਿਚ ਅਜੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦਾ ਜੋਸ਼ ਕੌਮੀ ਸੇਵਾ ਦੇਸ਼ ਦਾ ਪਿਆਰ ਲਹਿਰਾਂ ਮਾਰ ਰਿਹਾ ਹੈ ਖਾਲਸਾ ਕਾਲਜ ਦੇ ਪ੍ਰੋਫੈਸਰਾਂ ਅਤੇ ਮੁੰਡਿਆਂ ਨੇ ਕੌਮ ਦੀ ਆਨ ਰੱਖ ਵਖਾਈ ਹੈ ਇਸ ਚਿੱਠੀ ਦੇ ਉੱਤਰ ਵਿਚ ਲਾਟ ਸਾਹਿਬ ਨੇ ਫ਼ੁਰਮਾਇਆ ਸੀ ਕਿ ਸਰਕਾਰ ਕਾਲਜ ਤਾਂ

ਦੇ ਦੇਵੇਗੀ ਪਰ ਨਾਲ ਲੱਗਦੀ ਧੌਂਸ ਵੀ ਦਿੱਤੀ ਕਿ ਫੇਰ ਸਰਕਾਰੀ ਮਦਦ ਦਾ ਮੈਂ ਭਰੋਸਾ ਨਹੀਂ ਦਿਵਾ ਸਕਦਾ। ਜਿਸ ਦਾ ਸਾਫ ਇਹ ਮਤਲਬ ਸੀ ਕਿ ਜੇਕਰ ਅਸੀਂ ਸਰਕਾਰ ਪਾਸੋਂ ਕਾਲਜ ਵਾਪਸ ਲੈਂਦੇ ਹਾਂ ਤਾਂ ਸਰਕਾਰ ਅਗੇ ਨੂੰ ਸਭ ਸਹਾਇਤਾ ਦੇਣੀ ਬੰਦ ਕਰ ਦੇਵੇਗੀ ਜਿਸ ਦਾ ਯੋਗ ਉੱਤਰ ਸਰਦਾਰ ਹਰਚੰਦ ਸਿੰਘ ਜੀ ਰਈਸ ਨੇ ਦਿੱਤਾ ਹੈ ਕਿ ਜੇਕਰ ਸਰਕਾਰ ਆਪਣੀ ਸਹਾਇਤਾ ਬੰਦ ਕਰ ਲਵੇਗੀ ਤਾਂ ਮੈਂ ਆਪਣੇ ਕਾਲਜ ਦਾ ਛੇ ਮਹੀਨੇ ਲਈ ਸਾਰਾ ਖਰਚ ਦੇਵਾਂਗਾ। ਐ ਕੌਮ ਜੇ ਕਰ ਤੇਰੇ ਵਿਚ ਇਹੋ ਜਿਹੇ ਗੁਰੂ ਦੇ ਲਾਲ ਮੌਜੂਦ ਹਨ ਜਿਹੜੇ ਕੌਮੀ ਲਾਭ ਲਈ ਆਪਣਾ ਤਨ ਮਨ ਧਨ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹਨ ਤਾਂ ਪੈਰ ਗੁਲਾਮੀ ਦੀ ਫਾਹੀ ਐਵੇਂ ਮੁਫਤ ਦੀ ਗੱਲ ਵਿਚ ਪਾਕੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਨੂੰ ਕਿਉਂ ਕਲੰਕ ਲਾਇਆ ਹੋਇਆ ਹੈ। ਜੇਕਰ ਅਜਿਹੇ ਲਾਇਕ, ਆਪਾ ਵਾਰਨ ਵਾਲੇ ਪ੍ਰੋਫੈਸਰ ਜਿਹੜੇ ਕਿ ਸੁੱਕਾ ਟੁਕ ਖਾ ਕੇ ਤੇਰੇ ਬੱਚਿਆਂ ਦੀ ਸੇਵਾ ਕਰਨ ਨੂੰ ਤਿਆਰ ਹਨ ਅਤੇ ਜੇਕਰ ਅਜਿਹੇ ਗੁਰਮੁਖ ਭੁਝੰਗੀ ਜਿਹੜੇ ਕਿ ਸਰਕਾਰੀ ਨੌਕਰੀਆਂ ਦੀ ਪ੍ਰਵਾਹ ਨਾ ਕਰ ਕੇ, ਯੂਨੀਵਰਸਿਟੀ ਦੀ ਡਿਗਰੀਆਂ ਨੂੰ ਲਤ ਮਾਰ ਕੇ ਕੌਮ ਦੇ ਫ਼ੈਸਲੇ ਨੂੰ ਸਿਰ ਮਥੇ ਤੇ ਮੰਨਣ ਨੂੰ ਤਿਆਰ ਹਨ ਤਾਂ ਫੇਰ ਢਿਲ ਕਿਹੜੀ ਗੱਲ ਦੀ ਹੈ। ਐ ਕੌਮ, ਉਠ ਵੇਲਾ ਸੰਭਾਲ ਅਤੇ ਆਪਣਾ ਕਾਲਜ ਸਾਂਭ। ਖਾਲਸਾ ਬਹਾਦਰੋਂ ਸਰਕਾਰ ਨੂੰ ਦੱਸ ਦਿਉ ਕਿ ਸਾਨੂੰ ਸਰਕਾਰ ਦੇ ਅਪਵਿੱਤਰ ਰੁਪੈ ਦੀ ਲੋੜ ਨਹੀਂ। ਅਸੀਂ ਗੁਰੂ ਜੀ ਦੇ ਬਚਨਾ ਆਨੁਸਾਰ ਆਪਣੀ ਬੱਚਿਆਂ ਦੀ ਵਿੱਦਿਆਂ ਦਾ ਆਪੇ ਹੀ ਪ੍ਰਬੰਧ ਕਰ ਲਵਾਂਗੇ। ਘਰ ਰੱਖੇ ਸਰਕਾਰ ਆਪਣੀ ਐਹੋ ਜਿਹੀ ਸਹਾਇਤਾ ਨੂੰ।

ਵਿਦਿਆਰਥੀ ਵੀਰੋ! ਕਿਤੇ ਤੁਸੀਂ ਨਾ ਢਿਲੇ ਪੈ ਜਾਣਾ। ਕੌਮ ਦੀ ਅਣਖ ਇਸ ਵੇਲੇ ਤੁਸਾਂ ਰੱਖਣੀ ਹੈ। ਆਪ ਨੂੰ ਕਈ ਪ੍ਰਕਾਰ ਦੇ ਲਾਲਚ ਵੀ ਮਿਲਣਗੇ, ਆਪ ਨੂੰ ਕੋਈ ਢਿਲੜ ਸੱਜਣ ਮਿੱਤਰ ਦੀ ਆਖਣਗੇ, ਵੇਖਣਾ ਕਿਤੇ ਕਿਸੇ ਦੀਆਂ ਗੱਲਾਂ ਦੇ ਝਾਂਸੇ ਵਿਚ ਨਾ ਆ ਜਾਣਾ ਅਤੇ ਆਪਨੇ ਜੋ ਬਚਨ ਕੀਤੇ ਹਨ ਉਨ੍ਹਾਂ ਤੋਂ ਕਦੇ ਨਾ ਟਲੋਂ 'ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤ' ਵਾਲੀ ਗੱਲ ਘੁਟ ਕੇ ਲੜ ਬੰਨ ਲਵੋ। ਹੋ ਸਕਦਾ ਹੈ ਆਪ ਨੂੰ ਕਈ ਵਾਰੀ ਨਾ-ਕਾਮਯਾਬੀ ਦੀਆਂ ਨਿਸ਼ਾਨੀਆਂ ਨਜ਼ਰ ਵੀ ਆ ਜਾਣ। ਪਰ ਵਾਹਿਗੁਰੂ ਆਪ ਦੀ ਮਦਦ ਤਦ ਹੀ ਕਰੇਗਾ ਜਦੋਂ ਕਿ ਆਪ ਆਪਣੀ ਮਦਦ ਕਰੋਗੇ। ਜੇ ਗੁਰੂ ਜੀ ਦਾ ਭਰੋਸਾ ਰੱਖ ਕੇ ਮੈਦਾਨ ਤੇ ਡਟੇ ਰਹੋ ਤਦ ਹੀ ਗੁਰੂ ਜੀ ਵੀ ਆਪ ਦੇ ਅੰਗ-ਸੰਗ ਸਹਾਈ ਹੋਣਗੇ। ਅਤੇ ਆਪ ਨੂੰ ਜ਼ਰੂਰ ਹੀ ਸਫਲਤਾ ਹੋਵੇਗੀ।

ਅਕਾਲੀ ਲਾਹੌਰ, ੩ ਨਵੰਬਰ ੧੯੨੦

ਮਿਲ ਵਰਤਨੀਏ ਭਰਾਵਾਂ ਦੇ ਇਤਰਾਜ਼ ਤੇ ਉਨ੍ਹਾਂ ਦੇ ਉਤਰ

'ਨਾ ਮਿਲਵਰਤਨ' ਦੇ ਵਿਰੁਧ ਖਾਲਸਾ ਜੀ ਨੂੰ ਭਰਮਾਉਣ ਲਈ ਕਈ ਸੱਜਣ ਅਜੇਹੀਆਂ ਦਲੀਲਾਂ ਦੇ ਰਹੇ ਹਨ ਜਿਨ੍ਹਾਂ ਨੂੰ ਉਹ ਆਪਣੀ ਜਾਚੇ ਤਾਂ ਬੜੀਆਂ ਜ਼ਬਰਦਸਤ ਸਮਝਦੇ ਹਨ, ਪਰ ਵਾਸਤਵ ਵਿਚ ਉਹ ਅਜੇਹੀਆਂ ਫੋਕੀਆਂ ਹਨ ਕਿ ਜਿਨਾਂ ਨੂੰ ਪੜ੍ਹ ਸੁਣ ਕੇ ਹੀ ਹਰੇਕ ਸਮਝਦਾਰ ਆਦਮੀ ਦਾ ਹਾਸਾ ਨਿਕਲ ਜਾਂਦਾ ਹੈ! ਜੋ ਦਲੀਲਾਂ ਅੱਜ ਤਕ ਨਾ ਮਿਲਵਰਤਨ ਦੇ ਵਿਰੋਧੀਆਂ ਵੱਲੋਂ ਸਿੱਖਾਂ ਨੂੰ ਨਾ ਮਿਲਵਰਤਨ ਦੇ ਹਊਏ ਬਣਾਈ ਰਖਣ ਲਈ ਦਿੱਤੀਆਂ ਗਈਆਂ ਹਨ, ਉਹ ਇਹ ਹਨ ਕਿ :-

(੧) ਨਾ ਮਿਲਵਰਤਨ ਬੇਸ਼ੱਕ ਚੰਗੀ ਚੀਜ਼ ਹੈ, ਪਰ ਸਿੱਖਾਂ ਲਈ ਲਾਭਦਾਇਕ ਨਹੀਂ!

(੨) ਸਿੱਖ ਵਿਦਿਆ ਤੇ ਰਾਜਨੀਤੀ ਵਿਚ ਹਿੰਦੂ ਮੁਸਲਮਾਨਾਂ ਤੋਂ ਪਿਛੇ ਹਨ। ਇਸ ਲਈ ਸਿੱਖਾਂ ਨੂੰ 'ਨਾ ਮਿਲਵਰਤਨ' ਤੇ ਅਮਲ ਕਰਨ ਤੋਂ ਪਹਿਲਾਂ ਵਿਦਿਆ ਤੇ ਰਾਜਨੀਤੀ ਵਿਚ ਉਹਨਾਂ ਦੇ ਬਰਾਬਰ ਹੋ ਲੈਣਾ ਚਾਹੀਦਾ ਹੈ।

(੩) ਹਿੰਦੂ, ਮੁਸਲਮਾਨਾਂ ਨੇ ਲਖਨਊ ਵਿਚ ਕਾਂਗਰਸ ਲੀਗ ਦੇ ਸਮੇਂ ਸਿੱਖਾਂ ਦੀ ਹਸਤੀ ਨੂੰ ਨਹੀਂ ਮੰਨਿਆਂ, ਇਸ ਲਈ ਹੁਣ ਜੇ ਸਵਰਾਜ ਮਿਲ ਗਿਆ ਤਾਂ ਉਹ ਸਿੱਖਾਂ ਨੂੰ ਠੁੱਠ ਵਿਖਾ ਦੇਣਗੇ।

(੪) ਸਿੱਖਾਂ ਨੂੰ ਅਸਿੱਖਾਂ ਦੇ ਮਗਰ ਨਹੀਂ ਲਗਣਾ ਚਾਹੀਦਾ।

ਭਾਈ ਜੋਧ ਸਿੰਘ ਜੀ ਐਮ. ਏ. ਨੇ ਵੀ 'ਲਾਇਲ ਗਜ਼ਟ' ਵਿਚ ਜੋ ਲੇਖ 'ਨਾ ਮਿਲਵਰਤਨ' ਦੇ ਵਿਰੁਧ ਛਪਾਇਆ ਸੀ ਉਸ ਵਿਚ ਵੀ ਇਹਨਾਂ ਉਪ੍ਰੋਕਤ ਦਲੀਲਾਂ ਤੇ ਹੀ ਜ਼ੋਰ ਦਿੱਤਾ ਸੀ ਤੇ ਸੱਚ ਪੁਛੋ ਤਾਂ ਇਹਨਾਂ ਚਾਰ ਦਲੀਲਾਂ

ਤੋਂ ਬਿਨਾਂ ਹੋਰ ਪੰਜਵੀਂ ਦਲੀਲ ਕੋਈ ਹੈ ਹੀ ਨਹੀਂ ਜਿਸ ਨੂੰ ਨਾ ਮਿਲਵਰਤਨ ਦੇ ਵਿਰੋਧੀ ਆਪਣੇ ਪੱਖ ਵਿਚ ਵਰਤ ਸਕਣ। ਆਓ ਇਹਨਾਂ ਚਹੁੰਆਂ ਦਲੀਲਾਂ ਦੀ ਕੁਝ ਸੰਖੇਪ ਪੜਤਾਲ ਕਰੀਏ :-

(੧) ਇਸ ਗੱਲ ਨੂੰ ਹੁਣ ਤਮਾਮ ਅੰਜਾਣੇ ਸਿਆਣੇ ਮੰਨ ਗਏ ਹਨ ਕਿ ਭਾਰਤ ਵਾਸੀਆਂ ਦੇ ਪਾਸ 'ਨਾ ਮਿਲਵਰਤਨ' ਤੋਂ ਬਿਨਾਂ ਹੋਰ ਕੋਈ ਹਥਿਆਰ ਨਹੀਂ, ਜਿਸ ਨਾਲ ਉਹ ਸਰਕਾਰ ਨੂੰ ਸਿਧੇ ਰਾਹ ਲਿਆ ਸਕਣ! ਸਿੱਖਾਂ ਨੂੰ ਨਾ ਮਿਲਵਰਤਨ ਤੋਂ ਰੋਕਣ ਦਾ ਯਤਨ ਕਰਨ ਵਾਲੇ ਵੀ ਇਹ ਮੰਨਦੇ ਹਨ ਕਿ ਨਾ ਮਿਲਵਰਤਨ ਹੀ ਇਕੱਲਾ ਤੇ ਅਖੀਰੀ ਜ਼ਰੀਆਂ ਦੇਸ਼ ਦੇ ਕਲਿਆਣ ਦਾ ਹੈ ਪਰ ਉਹ ਏਸੇ ਚੀਜ਼ ਨੂੰ ਜਿਸ ਨੂੰ ਬਾਕੀ ਸਾਰੇ ਦੇਸ਼ ਲਈ ਲਾਭਕਾਰੀ ਮੰਨਦੇ ਹਨ, ਸਿੱਖਾਂ ਲਈ ਹਾਨੀਕਾਰਕ ਦਸਦੇ ਹਨ। ਇਸ ਦਲੀਲ ਨੂੰ ਕੌਣ ਮੰਨ ਸਕਦਾ ਹੈ ਕਿ ਕਣਕ ਜ਼ੈਦ ਲਈ ਤਾਂ ਲਾਭਕਾਰੀ ਹੈ ਪਰ ਬਕਰ ਲਈ ਹਾਨੀਕਾਰਕ ਹੈ! ਜੇ ਦੁੱਧ ਹਿੰਦੂਆਂ ਲਈ ਬਲ ਕਾਰਕ ਹੈ ਤਾਂ ਨਿਰਸੰਦੇਹ ਸਿੱਖਾਂ ਲਈ ਵੀ ਮੁਫੀਦ ਹੈ। ਜੇ ਨਾ ਮਿਲਵਰਤਨ ਹੀ ਇਕੱਲਾ ਤੇ ਅੰਤਮ ਹਥਿਆਰ ਬਾਕੀ ਕੌਮਾਂ ਲਈ ਹੈ ਤਾਂ ਸਿੱਖਾਂ ਲਈ ਵੀ ਇਸ ਤੋਂ ਬਿਨਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ।

(੨) ਦੂਜੀ ਦਲੀਲ ਨੂੰ ਸਭ ਤੋਂ ਵਧੇਰੇ ਜ਼ੋਰ ਵਾਲੀ ਮੰਨਿਆ ਜਾਂਦਾ ਹੈ ਹਾਲਾਂਕਿ ਇਹੋ ਸਭ ਤੋਂ ਵਧੀਕ ਹਸਾਉਣ ਵਾਲੀ ਹੈ।

ਇਕ ਪੁਰਖ ਨੂੰ ਕਿਸੇ ਨੇ ਪੁਛਿਆ ਕਿ ਤੂੰ ਵਡਾ ਹੈ ਕਿ ਤੇਰਾ ਭਰਾ ਉਸ ਨੇ ਕਿਹਾ ਹਾਲਾਂ ਤਾਂ ਮੇਰਾ ਭਰਾ ਮੈਥੋਂ ਦੋ ਵਰ੍ਹੇ ਵਡਾ ਹੈ ਪਰ ਦੋ ਵਰ੍ਹਿਆਂ ਨੂੰ ਮੈਂ ਉਸ ਦੇ ਬਰਾਬਰ ਹੋ ਜਾਵਾਂਗਾ ਤੇ ਫੇਰ ਦੋ ਹੋਰ ਸਾਲਾਂ ਨੂੰ ਉਸ ਤੋਂ ਵਡੇਰਾ ਹੋ ਜਾਵਾਂਗਾ।

ਇਹੋ ਭੋਲੀ ਭਾਲੀ ਗੱਲ ਸਾਡੇ ਨਾ ਮਿਲਵਰਤਨ ਦੇ ਵਿਰੋਧੀ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਪਹਿਲਾਂ ਕੁਝ ਚਿਰ ਵਿਚ ਅਸੀਂ ਆਪਣੇ ਵਡੇ ਭਰਾਵਾਂ ਦੇ ਬਰਾਬਰ ਹੋ ਲਈਏ ਫੇਰ ਉਨ੍ਹਾਂ ਨਾਲ ਰਲ ਕੇ ਤੁਰਾਂਗੇ। ਕੀ ਇਹ ਸੱਜਣ ਸਮਝਦੇ ਹਨ ਕਿ ਜਿਨਾਂ ਚਿਰ ਅਸੀਂ ਵਿਦਿਆ ਤੇ ਰਾਜਨੀਤੀ ਵਿਚ ਹਿੰਦੂ ਮੁਸਲਮਾਨਾਂ ਦੇ ਬਰਾਬਰ ਹੋਣ ਤੇ ਖਰਚ ਕਰਾਂਗੇ ਉਨਾਂ ਚਿਰ ਉਹ ਦੋਵੇਂ ਕੌਮਾਂ ਸੁਤੀਆਂ ਰਹਿਣਗੀਆਂ ? ਕੀ ਉਨੇ ਚਿਰ ਵਿਚ ਉਹ ਸਾਥੋਂ ਉਨਾਂ ਹੀ ਹੋਰ ਅਗੇ ਨਹੀਂ ਹੋ ਜਾਣਗੀਆਂ ? ਫੇਰ ਇਸ ਲੇਖੇ ਤਾਂ ਸਿੱਖ ਕਦੀ ਉਨਾਂ ਨਾਲ ਮਿਲ ਹੀ ਨਹੀਂ ਸਕਣਗੇ ਭਰਾਓ! ਹੁਣ ਉਹ ਪਿੱਛੋਂ ਵਰਗਾ ਰਾਜਨੀਤੀ ਸਿਖਣ ਦਾ ਜ਼ਮਾਨਾ ਨਹੀਂ! ਜਿਨੀਂ ਰਾਜਨੀਤੀ ਤੇ ਦੇਸ਼ ਭਗਤੀ ਕਾਂਗਰਸ ਤੇ ਮੁਸਲਮ ਲੀਗ ਨੇ ੩੫ ਵਰ੍ਹਿਆਂ ਵਿਚ ਹਿੰਦੂਆਂ ਤੇ ਮੁਸਲਾਮਾਨਾਂ ਨੂੰ ਸਿਖਾਈ ਹੈ, ਉਸ ਨਾਲੋਂ ਵਧੇਰੇ ਸਿਖਿਆ ਰੋਲਟ ਐਕਟ ਦੇ ਮਾਰਸ਼ਲ ਲਾਅ ਨੇ ਕੁਝ ਦਿਨਾਂ ਵਿਚ ਹੀ ਤਮਾਮ ਕੌਮਾਂ ਨੂੰ ਇਕੋ ਜਿਹੀ ਦੇ ਦਿਤੀ ਹੈ! ਸਮਾਂ ਦਿਨੋ ਦਿਨ ਬਦਲ ਰਿਹਾ ਹੈ ਵਰਨਾ ਜਿਨੀ ਰਾਜਨੀਤੀ ਹਿੰਦੂਆਂ ਨੇ ੩੫ ਵਰ੍ਹਿਆਂ ਵਿਚ ਸਿਖਾਈ ਸੀ, ਉਨੀ ਹੀ ਮੁਸਲਮਾਨ ਦਸਾਂ ਵਰ੍ਹਿਆਂ ਵਿਚ ਕਿੱਦਾਂ ਸਿੱਖ ਸਕਦੇ! ਤੁਹਾਡੀ ਅਕਲ ਦੇ ਮੁਤਾਬਿਕ ਜੇ ਮੁਸਲਮਾਨ ਚਲਦੇ ਤਾਂ ਹਿੰਦੂਆਂ ਦੇ ਬਰਾਬਰ ਕਦੇ ਹੋ ਹੀ ਨਾ ਸਕਦੇ! ਮੁਸਲਮਾਨਾਂ ਨੇ ਰਾਜਨੀਤੀ ਦੇ ਮੈਦਾਨ ਵਿਚ ਕਦਮ ਹਿੰਦੂਆਂ ਨਾਲੋਂ ੨੫ ਵਰ੍ਹੇ ਪਿਛੋਂ ਰਖਿਆ ਸੀ, ਪਰ ਅੱਜ ਉਹ ਹਿੰਦੂਆਂ ਦੇ ਬਰਾਬਰ ਹਨ। ਇਹ ਕਿਉਂ ? ਜੇ ਮੁਸਲਮਾਨ ੨੫ ਵਰ੍ਹੇ ਪਿਛੋਂ ਚਲ ਕੇ ਹਿੰਦੂਆਂ ਦੇ ਬਰਾਬਰ ਹੋ ਸਕਦੇ ਹਨ ਤਾਂ ਸਿੱਖ ਮੁਸਲਮਾਨਾਂ ਨਾਲੋਂ ੧੦ ਵਰ੍ਹੇ ਪਿੱਛੋਂ ਚਲ ਕੇ ਕਿਉਂ ਉਹਨਾਂ ਦੇ ਬਰਾਬਰ ਨਹੀਂ ਹੋ ਸਕਦੇ ? ਅਸਲ ਗੱਲ ਇਹ ਹੈ ਕਿ ਮੁਲਕ ਦੀ ਪੋਲੀਟੀਕਲ ਜ਼ਿੰਦਗੀ ਆਰੰਭ ਹੀ ਹੁਣ ਹੋਈ ਹੈ। ਹਿੰਦੂ ਮੁਸਲਮਾਨ ਖ਼ੁਦ ਮੰਨਦੇ ਹਨ ਕਿ ਪਿਛਲੇ ੩੫ ਵਰ੍ਹੇ ਉਹ ਕੇਵਲ ਭੱਠ ਹੀ ਝੋਕਦੇ ਰਹੇ ਹਨ ਅਰਥਾਤ ਦੰਦੀਆਂ ਵਿਲਕ ਵਿਲਕ ਕੇ ਹੀ ਕੰਮ ਕੱਢਣਾ ਚਾਹੁੰਦੇ ਰਹੇ ਹਨ ਅਰ ਦੇਸ਼ ਦਾ ਕੱਖ ਸਵਾਰ ਨਹੀਂ ਸਕੇ। ਅਸਲ ਕੰਮ ਤਾਂ ਹੁਣ ਆਰੰਭ ਹੋਇਆ ਹੈ ਤੇ ਹੁਣ ਹੀ ਖਾਲਸਾ ਉਹਨਾਂ ਦੇ ਨਾਲ ਰਲ ਗਿਆ ਹੈ। ਸੋ ਪਿਛਲੇ ੩੫ ਵਰ੍ਹੇ ਕਾਂਗਰਸ ਵਿਚ ਸ਼ਾਮਲ ਨਾ ਹੋਣਾ ਸਿੱਖਾਂ ਲਈ ਐਨਾ ਹਾਨੀਕਾਰਕ ਨਹੀਂ ਹੋਇਆ ਜਿੰਨਾਂ ਕਿ ਹੁਣ ਮੁਲਕੀ ਕੰਮਾਂ ਤੋਂ ਸਿੱਖਾਂ ਦਾ ਇਕ ਦਿਨ ਵਖਰੇ ਰਹਿਣਾ ਹਾਨੀਕਾਰਕ ਹੋ ਸਕਦਾ ਹੈ, ਆਖ਼ਰ ਕਦੀ ਤਾਂ ਉਹ ਥੋੜਾ ਜਿਹਾ ਫਾਸਲਾ ਜੇ ਤੁਹਾਡੇ ਕਥਨ ਅਨੁਸਾਰ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਦਾ ਪੈ ਚੁਕਾ ਹੈ ਪੂਰਾ ਕਰਨਾ ਹੀ ਹੈ, ਤੇ ਉਹ ਪੂਰਾ ਤਦ ਹੀ ਹੋਵੇਗਾ ਜੇ ਖਾਲਸਾ ਇਕ ਜ਼ੋਰ ਦੀ ਛਾਲ ਮਾਰੇਗਾ, ਸੋ ਉਹ ਛਾਲ ਕਦੀ ਨਾ ਕਦੀ ਮਾਰਨੀ ਹੀ ਪੈਣੀ ਹੈ, ਫੇਰ ਕਿਉਂ ਨਾ ਉਹ ਛਾਲ ਹੁਣ ਹੀ ਮਾਰ ਕੇ ਫਾਸਲਾ ਪੂਰਾ ਕਰ ਲਿਆ ਜਾਵੇ ? ਵਰਤਮਾਨ ਸਮੇਂ ਦਾ ਇਕ ਇਕ ਦਿਨ ਰਾਜਨੀਤਕ ਸਿੱਖਾਂ ਦੇ ਲਿਹਾਜ ਨਾਲ ਬੀਤੇ ਸਮੇਂ

ਦੇ ਦਸ ਦਸ ਸਾਲਾਂ ਦੇ ਬਰਾਬਰ ਬੀਤ ਰਿਹਾ ਹੈ। ਇਸ ਵੇਲੇ ਸਿੱਖਾਂ ਨੂੰ ਦੂਜੇ ਮੁਲਕੀ ਭਰਾਵਾਂ ਤੋਂ ਵੱਖ ਰੱਖਣ ਦਾ ਯਤਨ, ਪੰਥ ਲਈ ਸਖ਼ਤ ਹਾਨੀਕਾਰਕ ਹੈ।

(੩) ਤੀਜੀ ਦਲੀਲ ਤਾਂ ਖੁਦ ਹੀ ਮੋਤਰਿਜਾਂ ਦੇ ਇਤਰਾਜ਼ ਦਾ ਜਵਾਬ ਹੈ। ਜਦ ਤੁਸੀਂ ਆਪ ਮੰਨਦੇ ਹੋ ਕਿ ਸਿੱਖਾਂ ਨੂੰ ਕਾਂਗਰਸ ਤੋਂ ਅੱਡ ਰਹਿਣ ਦੀ ਇਹ ਸਜ਼ਾ ਮਿਲੀ ਹੈ ਕਿ ਵਤਨੀ ਭਰਾਵਾਂ ਨੇ ਸਿੱਖਾਂ ਦੀ ਹਸਤੀ ਨੂੰ ਹੀ ਨਹੀਂ ਮੰਨਿਆ ਤੇ ਕੌਮ ਨੂੰ ਅਤੀ ਨੁਕਸਾਨ ਉਠਾਉਣਾ ਪਿਆ ਹੈ ਤਾਂ ਹੁਣ ਫੇਰ ਤੁਸੀਂ ਕਿਹੜੇ ਮੂੰਹ ਨਾਲ ਸਿੱਖਾਂ ਨੂੰ ਮੁਲਕੀ ਤਹਰੀਕਾਂ ਤੋਂ ਅੱਡ ਰਹਿਣ ਦੀ ਰਾਇ ਦੇਂਦੇ ਹੋ! ਲਖਨਊ ਦੇ ਸਮਝੌਤੇ ਵਿਚ ਸਿੱਖਾਂ ਦੀ ਹਸਤੀ ਪ੍ਰਵਾਨ ਨਾ ਹੋਣ ਦਾ ਤਾਂ ਕੇਵਲ ਇਹੋ ਨੁਕਸਾਨ ਹੋਇਆ ਕਿ ਦੋ ਚਾਰ ਹੋਰ ਸਿੱਖ 'ਐਨੋਰੇਬਲ' ਬਣ ਕੇ ਕੌਮ ਦੇ ਹਥੋਂ ਸਦਾ ਲਈ ਨਿਕਲ ਜਾਣ ਜਾਂ ਵਡੇ ਵਡੇ ਅਹੁਦਿਆਂ ਤੇ ਹੋ ਕੇ ਸਿੱਖਾਂ ਦਾ ਘਾਤ ਕਰਾਉਣ ਦੇ ਪਾਪ ਤੋਂ ਬਚ ਗਏ! ਪਰ ਜੇ ਹੁਣ ਵੀ ਸਿੱਖ ਮੁਲਕੀ ਕੰਮਾਂ ਤੋਂ ਵਖਰੇ ਰਹੇ ਤਾਂ ਸਿੱਖ ਕੌਮ ਦੀ ਜ਼ਿੰਦਗੀ ਹੀ ਖਤਰੇ ਵਿਚ ਪੈ ਜਾਵੇਗੀ ਤੁਸੀਂ ਕਹਿੰਦੇ ਹੋ ਕਿ ਲੋਕ ਸਾਡੀ ਹਸਤੀ ਕਿਉਂ ਨਹੀਂ ਮੰਨਦੇ, ਪਰ ਜਦ ਤਕ ਤੁਸੀਂ ਇਹ ਦਸ ਨਾ ਦਿਓ ਕਿ ਅਸੀਂ ਜਿਉਂਦੇ ਹਾਂ, ਤਦ ਤਕ ਤੁਹਾਨੂੰ ਕੌਣ ਜਿਉਂਦੇ ਸਮਝ ਸਕਦਾ ਹੈ! ਸ਼ੇਰ ਬੱਬਰ ਆਪਣੇ ਘੁਰੇ ਵਿਚ ਬੇਸ਼ਕ ਵੀਹ ਵਰ੍ਹੇ ਸੁਤਾ ਰਹੇ, ਪਰ ਜਦ ਤਕ ਉਹ ਆਪਣੀ ਗਰਜ ਨਾਲ ਬਣ ਪਰਬਤ ਨਾ ਗੁੰਜਾਵੇ ਅਰ ਘੁਰੇ ਵਿੱਚੋਂ ਬਾਹਰ ਨਿਕਲ ਕੇ ਆਪਣਾ ਅਸਲੀ ਸਰੂਪ ਪ੍ਰਗਟ ਨਾ ਕਰੇ, ਤਦ ਤਕ ਕੋਈ ਗਿੱਦੜ ਵੀ ਉਸ ਦੀ ਹਸਤੀ ਨੂੰ ਮੰਨਣ ਲਈ ਤਿਆਰ ਨਹੀਂ ਹੁੰਦਾ! ਤੁਸੀਂ ਆਪਣੀ ਹਸਤੀ ਜ਼ਾਹਰ ਕਰੋ, ਫੇਰ ਦੁਨੀਆਂ ਤੁਹਾਨੂੰ ਸਿਰਤਾਜ ਬਣਾਏਗੀ! ਅਜੇ ਸਿੱਖਾਂ ਨੇ ਮਸਾਂ ਅੱਖਾਂ ਹੀ ਖੋਲ੍ਹੀਆਂ ਹਨ ਤੇ ਸਾਰੀਆਂ ਕੌਮਾਂ ਹੁਣੇ ਸਿੱਖਾਂ ਦੀ ਹਸਤੀ ਮੰਨਣ ਲਗ ਪਈਆਂ ਹਨ। ਮਹਾਤਮਾ ਗਾਂਧੀ ਨੇ ਸਿੱਖ ਲੀਗ ਦੇ ਭਰੇ ਸਮਾਗਮ ਵਿਚ ਆਖ ਦਿੱਤਾ ਸੀ ਕਿ ਜੇ ਸਿੱਖ ਵਖਰੇ ਹੱਕ ਚਾਹੁੰਣ ਤਾਂ ਮੈਂ ਉਹਨਾਂ ਨੂੰ ਮੁਸਲਮਾਨਾਂ ਨਾਲੋਂ ਵਧੇਰੇ ਹੱਕ ਬਜਾਨਬ ਸਮਝਦਾ ਤੇ ਉਹਨਾਂ ਦੇ ਹੱਕ ਤਸਲੀਮ ਕਰਨ ਲਈ ਤਿਆਰ ਹਾਂ।

(੪) ਚੌਥੇ ਇਤਰਾਜ਼ ਦਾ ਉੱਤਰ ਅੱਗੇ ਵੀ ਦਿੱਤਾ ਜਾ ਚੁਕਾ ਹੈ। ਖਾਲਸਾ ਕਿਸੇ ਦੇ ਮਗਰ ਨਹੀਂ ਲਗ ਰਿਹਾ। ਸਗੋਂ ਦੁਨੀਆਂ ਖਾਲਸੇ ਦੇ ਮਗਰ ਲਗ ਰਹੀ ਹੈ। ਨਾ ਮਿਲਵਰਤਨ ਦਾ ਅਸੂਲ ਸਿੱਖਾਂ ਦੀ ਹੀ ਕਾਢ ਹੈ ਤੇ ਅੱਜ ਸਾਰਾ ਹਿੰਦੁਸਤਾਨ ਏਸ ਉਤੇ ਅਮਲ ਕਰ ਕੇ ਪ੍ਰਤੱਖ ਤੌਰ ਤੇ ਸਿੱਖਾਂ ਨੂੰ ਆਪਣਾ ਲੀਡਰ ਬਣਾ ਰਿਹਾ ਹੈ।

ਭਰਾਵੋ! ਹੁਣ ਸਾਰੇ ਦੇਸ਼ ਵਿਚ ਨਾ ਮਿਲਵਰਤਨ ਦੀ ਲਹਿਰ ਚਲ ਪਈ ਹੈ। ਬੱਚਾ ਬੱਚਾ ਜਾਣ ਗਿਆ ਹੈ ਕਿ ਇਹੋ ਇਕੱਲਾ ਤੇ ਅੰਤਮ ਜ਼ਰੀਆ ਸਾਡੇ ਲਈ ਬਾਕੀ ਹੈ। ਹੁਣ ਦੇਸ਼ ਤੇ ਕੌਮ ਦਾ ਭਲਾ ਨਾ ਮਿਲਵਰਤਨ ਨੂੰ ਨਿੰਦਣ ਵਿਚ ਨਹੀਂ ਸਗੋਂ ਇਸ ਨੂੰ ਕਾਮਯਾਬ ਬਣਾਉਣ ਵਿਚ ਹੈ।

ਇਕ ਹੋਰ ਢੁਚਰ

ਕਿਹਾ ਜਾਂਦਾ ਹੈ ਕਿ ਨਾ ਮਿਲਵਰਤਨ ਕਰਨ ਵਾਲੇ ਰੇਲਾਂ ਤੇ ਚੜ੍ਹਨਾ, ਡਾਕਖਾਨੇ ਚਿੱਠੀਆਂ ਪਾਣੀਆਂ, ਤਾਰਾਂ ਦੇਣੀਆਂ ਸਭ ਕੁਝ ਛਡ ਦੇਣ ਇਹ ਕੋਈ ਦਲੀਲ ਨਹੀਂ। ਇਹ ਤਾਂ ਇਹੋ ਜਿਹੀ ਢੁਚਰ ਹੈ ਜਿਸ ਤਰ੍ਹਾਂ ਕਈ ਕਹਿੰਦੇ ਹੁੰਦੇ ਹਨ ਕਿ ਮਾਸ ਖਾਣ ਵਾਲੇ, ਬਿਲੇ, ਗਿਦੜ ਸਭ ਦਾ ਮਾਸ ਕਿਉਂ ਨਹੀਂ ਖਾਂਦੇ ਜਾਂ ਸਬਜ਼ੀ ਖਾਣ ਵਾਲੇ ਕਿਕਰ, ਧਰੇਕ, ਅੱਕ, ਫਲਾਹ ਸਭ ਕੁਝ ਕਿਉਂ ਨਹੀਂ ਖਾਂਦੇ। ਜਾਂ ਕੋਈ ਆਦਮੀ ਐਲਾਨ ਕਰਦਾ ਹੈ, ਪੜ੍ਹਨਾਂ ਚਾਹੀਦਾ ਹੈ ਅਤੇ ਉਹ ਪੰਜਾਬ ਵਿਚ ਸੁਖਲੀ ਅਤੇ ਲਾਭਦਾਇਕ ਵੇਖ ਕੇ ਪੰਜਾਬੀ ਪੜ੍ਹਨੀ ਆਰੰਭ ਦੇਂਦਾ ਹੈ। ਦੂਜਾ ਉਸ ਨੂੰ ਕਹਿੰਦਾ ਹੈ ਕਿ ਤੂੰ ਐਲਾਨ ਕੀਤਾ ਸੀ ਪੜ੍ਹਨਾ ਚਾਹੀਦਾ ਹੈ ਪਰ ਤੂੰ ਬੰਗਾਲੀ, ਮਰਹਟੀ, ਜਾਪਾਨੀ ਕਿਉਂ ਨਹੀਂ ਪੜ੍ਹਦਾ? ਇਸੇ ਤਰ੍ਹਾਂ ਮੁਲਕ ਦੇ ਉਚੇ ਦਿਮਾਗਾਂ ਨੇ ਫ਼ੈਸਲਾ ਕੀਤਾ ਹੈ ਕਿ ਸਵਰਾਜ ਪ੍ਰਾਪਤੀ ਵਾਸਤੇ ਇਸ ਤਰ੍ਹਾਂ ਦਾ ਨਾ-ਮਿਲਵਰਤਨ ਕਰਨਾ ਚਾਹੀਦਾ। ਸੋ ਸਾਰਿਆਂ ਨੂੰ ਉਸ ਉਤੇ ਹੁਣ ਜ਼ਰੂਰ ਅਮਲ ਕਰਨਾ ਚਾਹੀਦਾ ਹੈ ਅਤੇ ਅਜਿਹੇ ਢੁਚਰ ਖੜ੍ਹੇ ਕਰਨ ਵਾਲਿਆਂ ਦੀ ਪ੍ਰਵਾਹ ਨਹੀਂ ਰਖਣੀ ਚਾਹੀਦੀ।

ਅਕਾਲੀ ਲਾਹੌਰ, ੪ ਨਵੰਬਰ ੧੯੨੦

ਸਿੱਖ ਲੀਗ ਦੇ ਜਲਸੇ ਦੀ ਅਦੁਤੀ ਸਫਲਤਾ ਤੇ "ਮਿਲਵਰਤਨੀਏ" ਭਰਾਵਾਂ ਦੀ ਹਾਲ ਦੁਹਾਈ ਕਿ "ਰਬਾ ਕੂੜ ਕਰੀਂ"

ਕਹਿੰਦੇ ਹਨ ਕਿ ਇਕੇਰਾ ਕੁਝ ਜੁਲਾਹੇ ਭਰਾ ਤੀਰ ਕਮਾਨਾਂ ਲੈ ਕੇ ਆਪਣੇ ਖੇਤਾਂ ਵਿਚ ਮਕੜੀ ਨੂੰ ਮਾਰਨ ਤੁਰ ਪਏ। ਖੇਤ ਵਿੱਚੋਂ ਕਈ ਮਕੜੀਆਂ ਇਕ ਜੁਲਾਹੇ ਦੀ ਛਾਤੀ ਤੇ ਆਣ ਬੈਠੀਆਂ, ਉਸ ਨੇ ਹੱਥ ਨਾਲ ਉਡਾ ਦੇਣ ਜਾਂ ਮਾਰ ਦੇਣ ਦੀ ਥਾਂ ਭਰਾ ਨੂੰ ਸੈਨਤ ਨਾਲ ਕਿਹਾ ਕਿ ਉਸ ਦੀ ਛਾਤੀ ਤੇ ਤੀਰ ਦਾ ਨਿਸ਼ਾਨਾ ਬੰਨ੍ਹ ਕੇ ਮਕੜੀ ਨੂੰ ਮਾਰੇ ਉਸ ਦੇ ਭਰਾ ਨੇ ਕੱਸ ਕੇ ਤੀਰ ਚਲਾਇਆ ਤੇ ਇਕ ਮਕੜੀ ਦੇ ਨਾਲ ਉਸ ਦੇ ਭਰਾ ਦਾ ਵੀ ਕੰਘਾ ਹੋ ਗਿਆ। ਲਗੇ ਇਕੱਠੇ ਬਹਿਕੇ ਰੋਣ ਕਿ "ਰਬਾ ਕੂੜ ਕਰੀਂ" "ਰਬਾ ਕੂੜ ਕਰੀਂ", ਭਲਾ ਹੁਣ ਕੀ ਬਣੇ ਤੀਰ ਲਗ ਚੁਕਾ ਤੇ ਉਸ ਦਾ ਕੰਮ ਪਾਰ ਹੋ ਗਿਆ।

ਸਿੱਖ ਲੀਗ ਦਾ ਦੂਜਾ ਸਾਲਾਨਾ ਜਲਸਾ ਜਿਸ ਕਾਮਯਾਬੀ ਨਾਲ ਹੋਇਆ ਉਸ ਦੀ ਅਸੀਂ ਆਪਣੇ ਮੂੰਹੋਂ ਉਪਮਾਂ ਕਰ ਕੇ "ਮੀਆਂ ਮਿਠੂ" ਨਹੀਂ ਬਣਦੇ। ਇਸ ਸੂਬੇ ਦੇ ਹਿੰਦੂ ਅਤੇ ਮੁਸਲਮਾਨਾਂ ਭਰਾਵਾਂ ਦੀ ਕੋਈ ਅਖਬਾਰ ਲੈ ਕੇ ਪੜ੍ਹੋ ਇਸ ਜਲਸੇ ਦੀ ਅਦੁਤੀ ਕਾਮਯਾਬੀ ਵੇਖ ਵੇਖ ਕੇ ਲੋਕੀ ਦੰਗ ਰਹਿ ਗਏ ਹਨ। ਪੰਦਰਾਂ ਵੀਹਾਂ ਦਿਨਾਂ ਦੇ ਅੰਦਰ ਕਈ ਹਜ਼ਾਰਾਂ ਪ੍ਰਾਹੁਣਿਆਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ, ਲੰਗਰ ਲਾਉਣਾ, ਧਾਰਮਿਕ ਅਤੇ ਰਾਜਸੀ ਜਲਸਿਆਂ ਦਾ ਪ੍ਰਬੰਧ ਕਰਨਾ, ਇਕ ਕਰਾਮਾਤ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਕਈ ਘਾਟੇ ਵੀ ਰਹੇ ਹਨ ਤੇ ਕਈਆਂ ਸੱਜਣਾਂ ਨੂੰ ਤਕਲੀਫ਼ਾਂ ਵੀ ਹੋਈਆਂ ਹਨ, ਪਰ ਥੋੜ੍ਹੇ ਦਿਨਾਂ ਅਤੇ ਗਿਣਤੀ ਦੇ ਸੇਵਕਾਂ ਦਾ ਖ਼ਿਆਲ ਕਰ ਕੇ ਉਹ ਤਕਲੀਫ਼ਾਂ ਤੁਛ ਸਨ। ਲੰਗਰ ਦੇ ਪ੍ਰਬੰਧਕਾਂ ਤੇ ਧਾਰਮਿਕ ਦੀਵਾਨ ਦੇ ਸੇਵਾਦਾਰਾਂ ਦੀ ਸੇਵਾ ਬਹੁਤ ਹੀ ਸ਼ਲਾਘਾ ਯੋਗ ਸੀ ਅਤੇ ਇਸ ਜਲਸੇ ਦੀ ਸਫਲਤਾ ਅਦੁਤੀ ਸੀ।

ਇਸ ਦਾ ਕਾਰਨ

ਇਹ ਹੈ ਕਿ ਇਸ ਜਲਸੇ ਵਿਚ ਪੰਥ ਦੇ ਸਾਰੇ ਅੰਗਾਂ ਨੇ ਪੂਰੀ ਦਿਲਚਸਪੀ ਲਈ ਹੈ। ਸਿੱਖਾਂ ਦੇ ਨਰਮ ਅਤੇ ਗਰਮ ਦਲਾਂ ਨੇ ਨਾਮਧਾਰੀਆਂ ਅਤੇ ਮਹੰਤਾਂ ਨੇ ਪੇਂਡੂਆਂ ਅਤੇ ਸ਼ਹਿਰੀਆਂ ਨੇ ਇਕ ਮੁੱਠ ਹੋ ਕੇ ਇਸ ਵਿਚ ਹਿੱਸਾ ਲਿਆ ਹੈ। ਪੰਥ ਦਾ ਅੱਗੇ ਅਜੇਹਾ ਕੋਈ ਇਕੱਠ ਨਹੀਂ ਹੋਇਆ ਜਿਸ ਵਿਚ ਚੀਫ਼ ਖਾਲਸਾ ਦੀਵਾਨ ਅਤੇ ਦੂਸਰੇ ਜਥੇ ਮਿਲ ਕੇ ਵਿਚਾਰ ਲਈ ਬੈਠੇ ਹੋਣ। ਪੰਥ ਦਾ ਕੋਈ ਅਖ਼ਬਾਰ ਨਹੀਂ ਸੀ ਜਿਸ ਨੇ ਪ੍ਰੇਰਨਾ ਅਤੇ ਕਾਮਯਾਬੀ ਲਈ ਯਤਨ ਨਾ ਕੀਤਾ ਹੋਵੇ। ਲਾਇਲ ਗਜ਼ਟ' 'ਪੰਜਾਬ ਦਰਪਨ' 'ਦੀ ਸਿੱਖ' ਆਦਿਕ ਸਭ ਅਖ਼ਬਾਰਾਂ ਨੇ ਸਿੱਖ ਲੀਗ ਨੂੰ ਕਾਮਯਾਬ ਬਨਾਣ ਲਈ ਲੇਖ ਲਿਖੇ ਅਤੇ ਵਾਹਿਗੁਰੂ ਦੀ ਅਪਾਰ ਕਿਰਪਾ ਨਾਲ ਇਸ ਇਕੱਠ ਵਿਚ ਇਤਨੀਆਂ ਵਿਚਾਰਾਂ ਅਤੇ ਗੁਰਮਤੇ ਕਿਸੇ ਵੀ ਪਹਿਲੇ ਇਕੱਠ ਵਿਚ ਨਹੀਂ ਸੋਧੇ ਜਾ ਸਕੇ। ਨਾ-ਮਿਲਵਰਤਨ ਦਾ ਗੁਰਮਤਾ ਜਿਸ ਦੇ ਉਤੇ ਨਾ ਕੇਵਲ ਹਿੰਦੁਸਤਾਨ ਬਲ ਕੇ ਸਾਰੀ ਦੁਨੀਆਂ ਦੀਆਂ ਨਜ਼ਰਾਂ ਲਗ ਰਹੀਆਂ ਹਨ ਕਈ ਘੰਟੇ ਬਹਿਸਾਂ ਤੇ ਵਿਚਾਰਾਂ ਹੋ ਕੇ ਪਾਸ ਕੀਤਾ ਗਿਆ। ਗੁਰਦੁਆਰਿਆਂ ਦੇ ਸੁਧਾਰ ਅਤੇ ਜਥੇ ਬੰਦੀ ਦੇ ਅਤੀ ਜ਼ਰੂਰੀ ਸਵਾਲਾਂ ਤੇ ਵਿਚਾਰ ਹੋ ਕੇ ਕਮੇਟੀਆਂ ਬਣਾਈਆਂ ਗਈਆਂ। ਸਿੱਖ ਰਾਜਸੀਆ ਕੈਦੀਆਂ ਦੇ ਪਰਿਵਾਰਾਂ ਲਈ ਇਕ ਬੜਾ ਲੋੜਵੰਦਾਂ ਉਦਮ ਆਰੰਭ ਕੀਤਾ ਗਿਆ। ਹਿੰਦੂ ਅਤੇ ਮੁਸਲਮਾਨ ਭਰਾਵਾਂ ਨਾਲ ਮੇਲ ਦੀ ਗੰਢ ਪਾਈ ਗਈ। ਇਕ ਕਾਮਯਾਬ ਪੰਜਾਬੀ ਦਾ ਮੁਸ਼ਾਇਰਾ ਕਰਾਇਆ ਗਿਆ। ਗੁਰਦੁਆਰੇ ਰਕਾਬ ਗੰਜ ਦੀ ਢਠੀ ਹੋਈ ਦੀਵਾਰ ਚਾੜ੍ਹਨ ਦਾ ਫ਼ੈਸਲਾ ਕੀਤਾ ਗਿਆ। ਗੱਲ ਕੀ ਪੰਥ ਦੇ ਇਸ ਅਦੁੱਤੀ ਇਕੱਠ ਨੇ ਪੰਥ ਦੀ ਲੁਕੀ ਹੋਈ ਸ਼ਾਨ ਨੂੰ ਸਾਰੇ ਭਾਰਤ ਵਿਚ ਚਮਕਾ ਦਿੱਤਾ ਹੈ।

ਪਰ

ਹੁਣ ਕੁਝ ਸੱਜਣ ਅਤੇ ਕੁਝ ਅਖ਼ਬਾਰਾਂ ਨੇ "ਰਬਾ ਕੂੜ ਕਰੀਂ" "ਰਬਾ ਕੂੜ ਕਰੀਂ" ਵਾਲਾ ਰੌਲਾ ਸ਼ੁਰੂ ਕਰ ਦਿੱਤਾ ਹੈ।

ਇਸ ਵਿਚ ਸ਼ੱਕ ਨਹੀਂ ਕਿ ਨਾ ਮਿਲਵਰਤਨ ਦਾ ਗੁਰਮਤਾ ਨੌਕਰ ਸ਼ਾਹੀ ਦੇ ਕਲੇਜੇ ਵਿਚ ਸੱਚ ਮੁੱਚ ਤੀਰ ਦੀ ਤਰ੍ਹਾਂ ਹੀ ਲਗਾ ਹੈ ਅਤੇ ਸਾਰੇ ਸਿੱਖ ਪੰਥ ਨੇ ਇਕੱਠੇ ਹੋ ਕੇ ਮਾਰਿਆ ਹੈ, ਸੋਚ ਸਮਝ ਕੇ ਮਾਰਿਆ ਹੈ।

ਕਈ ਦਿਨ ਅਤੇ ਰਾਤਾਂ ਸੋਚਾਂ ਅਤੇ ਵਿਚਾਰਾਂ ਵਿਚ ਕਟੀਆਂ ਹਨ। ਸਾਰਿਆਂ ਨੇ ਆਪਣੇ ਖ਼ਿਆਲਾਂ ਨੂੰ ਬੜੀ ਖੁਲ੍ਹੀ ਤਰ੍ਹਾਂ ਪ੍ਰਗਟ ਕੀਤਾ ਹੈ। ਸਭ ਤੋਂ ਵੱਧ ਬੋਲਣ ਦਾ ਸਮਾਂ ਮਿਲਵਰਤਨੀਆ ਨੇ ਹੀ ਲਿਆ ਹੈ। ਇਸ ਲਈ ਹੁਣ ਕੁਝ ਅਖ਼ਬਾਰਾਂ ਅਤੇ ਕੁਝ ਸੱਜਣਾਂ ਦਾ ਨੌਕਰਸ਼ਾਹੀ ਨਾਲ ਹਮਦਰਦੀ ਦੇ ਲੰਮੇ ਵੈਣ ਪਾਣੇ ਅਤੇ ਅਥਰੂ ਵਗਾਣੇ ਵੇਖ ਕੇ ਵਿਚਾਰਵਾਨ ਅਤੇ ਲੋਕੀਂ ਤਾਂ ਇਹੋ ਕਹਿਣਗੇ ਕਿ ਇਥੇ "ਰੱਬਾ ਕੂੜ ਕਰੀ" ਰੱਬਾ ਕੂੜ ਕਰੀਂ" ਵਾਲਾ ਨਜ਼ਾਰਾ ਬਣਿਆ ਹੋਇਆ ਹੈ। ਜਦ ਸਿੱਖ ਲੀਗ ਦੀ ਕਾਮਯਾਬੀ ਵਿਚ, ਹਰੇਕ ਨਿਯਮ ਦੇ ਬਣਾਣ ਵਿਚ, ਗੁਰਮਤਿਆਂ ਦੇ ਸੋਧਨ ਵਿਚ ਸੱਜਣ ਸ਼ਾਮਲ ਰਹੇ ਹਨ ਅਤੇ ਆਪਣੇ ਆਪ ਨੂੰ ਵਧ ਵਧ ਕੇ ਪੰਥ ਦਰਦੀ, ਸਿੱਖ ਲੀਗ ਦੇ ਖੈਰ ਖਾਹ ਪ੍ਰਗਟ ਕਰਦੇ ਰਹੇ ਹਨ। ਗੋਯਾ ਨਾ ਮਿਲਵਰਤਨ ਦਾ ਤੀਰ ਘੜਨ ਲਈ ਇਨ੍ਹਾਂ ਨੇ ਹੀ ਭਠੀ ਬਣਾਈ। ਉਹ ਹੁਣ ਨੌਕਰਸ਼ਾਹੀ ਦੇ ਸੀਨੇ ਵਿਚ ਜਾ ਖੁਭਿਆ ਹੈ ਤੇ ਇਨ੍ਹਾਂ "ਰੱਬਾ ਕੂੜ ਕਰੀਂ" ਦਾ ਰਾਗ ਛੇੜ ਦਿੱਤਾ ਹੈ। ਕਿਸੇ ਨੂੰ ਗਾਲਾਂ ਕਢਦੇ ਹਨ, ਕਿਸੇ ਨੂੰ ਬਦਨਾਮ ਕਰਦੇ ਹਨ ਅਤੇ ਇਹ ਸਾਰਾ ਨਿਸਫਲ ਯਤਨ ਕੇਵਲ ਇਸ ਲਈ ਕਰ ਰਹੇ ਹਨ ਕਿ ਨੌਕਰਸ਼ਾਹੀ ਜੀਉਂਦੀ ਰਹੇ।

ਕੁਦਰਤੀ ਤੌਰ ਤੇ ਸਵਾਲ ਪੈਦਾ ਹੁੰਦਾ ਹੈ ਕਿ ਜਿਸ ਕੰਮ ਨੂੰ ਜੇਹੜੇ ਕਲ ਸਲਾਹੁੰਦੇ ਸਨ ਉਹ ਅੱਜ ਉਸ ਨੂੰ ਨਿੰਦ ਰਹੇ ਹਨ। ਜਿਸ ਮਹਿਲ ਨੂੰ ਕਲ ਚਾੜ੍ਹਨ ਲਈ ਜ਼ੋਰ ਦੇਂਦੇ ਸਨ ਅੱਜ ਕਿਉਂ ਕਹੀਆਂ ਲੈਕੇ ਉਸ ਨੂੰ ਢਾਹੁਣ ਲਗ ਪਏ ਹਨ। ਇਸ ਦਾ ਉਤਰ ਸਮਾਂ ਦਏਗਾ। ਅਸੀਂ ਇਨ੍ਹਾਂ ਨੌਕਰਸ਼ਾਹੀ ਦੇ ਬੁਲਾਰਿਆਂ ਦੇ ਘੜੀ ਘੜੀ ਸਾਂਗ ਬਦਲਾਣ ਸਬੰਧੀ ਕੁਝ ਨਹੀਂ ਲਿਖਣਾ ਚਾਹੁੰਦੇ। ਇਤਨਾ ਅਸੀਂ ਜ਼ਰੂਰ ਆਖਾਂਗੇ ਕਿ ਇਹ ਵਖਰੀ ਗੱਲ ਹੈ ਕਿ ਗੁਰੂ ਨੂੰ ਹਾਜ਼ਰ ਨਾਜ਼ਰ ਸਮਝੇ ਕੇ ਸੋਧੇ ਹੋਏ ਗੁਰਮਤਿਆਂ ਨੂੰ ਅਕਾਲੀ ਫੂਲਾ ਸਿੰਘ ਵਰਗੇ ਬੀਰ ਹੀ ਨਿਭਾ ਸਕਦੇ ਹਨ ਅਤੇ ਕਈ ਢਿਲੜ ਵੀ ਹੋਇਆ ਕਰਦੇ ਹਨ। ਪਰ ਆਪਣੀ ਕਮਜ਼ੋਰੀ ਨੂੰ ਲੁਕਾਉਣ ਵਾਸਤੇ ਸੱਚ ਨੂੰ ਛਪਾਣਾ, ਦੂਜਿਆਂ ਨੂੰ ਗਾਲਾਂ ਕਢਣੀਆਂ ਤੇ ਬਦਨਾਮ ਕਰਨਾ, ਕੋਈ ਵਡਿਆਈ ਵਾਲੀ ਗੱਲ ਨਹੀਂ ਹੈ। ਆਸ਼ਾ ਹੈ, ਸੱਜਣ ਜਨ ਆਪੇ ਵਿਚਾਰ ਕੇ, ਸੱਚ ਅਤੇ ਝੂਠ ਨਿਤਾਰ ਕੇ ਅਸਲ ਅਤੇ ਮੁਲੱਮੇ ਨੂੰ ਚੰਗੀ ਤਰ੍ਹਾਂ ਪਛਾਣ ਲੈਣਗੇ।

'ਖਿਦਮਾਤ ਦਾ ਇਨਾਮ'

ਸਾਡੀ ਸਰਕਾਰ ਵੀ ਵੱਡੀ ਮਖੌਲਣ ਹੈ! ਇਹ ਕਿਸੇ ਦਾ ਕੋਈ ਖੋਹੀ ਹੋਈ ਚੀਜ਼ ਵੀ ਵਾਪਸ ਕਰਦੀ ਹੈ ਜਾਂ ਕੋਈ ਹੋਰ ਅਤੀ ਮਾਮੂਲੀ ਕ੍ਰਿਪਾ ਕਰਦੀ ਹੈ ਤਾਂ ਉਸ
ਨੂੰ ਆਖ ਦੇਂਦੀ ਹੈ ਕਿ 'ਇਹ ਮੇਹਰਬਾਨੀ ਅਸੀਂ ਤੇਰੀਆਂ ਖਿਦਮਤਾਂ ਬਦਲੇ ਕੀਤੀ ਹੈ।

ਫ਼ੌਜੀ ਖਾਲਸੇ ਨੂੰ ਕ੍ਰਿਪਾਨ ਧਾਰਨਾ ਬਦਲੇ ਦੁਖੀ ਕਰਨਾ, ਫ਼ੌਜੀ ਅਫ਼ਸਰਾਂ ਦੀ ਗਲਤੀ ਸੀ, ਜਿਸ ਦਾ ਦੂਰ ਕਰ ਦੇਣਾ ਇਕ ਸਧਾਰਨ ਜਿਹੀ ਗੱਲ ਸੀ, ਪਰ ਇਸ ਨਿੱਕੀ ਜਿਹੀ ਗੱਲ ਬਦਲੇ ਪਹਿਲਾਂ ਤਾਂ ਸਰਕਾਰ ਨੇ ਸਾਰੇ ਪੰਥ ਪਾਸੋਂ ਹਾੜ੍ਹੇ ਤਰਲੇ ਕਢਾਏ ਤੇ ਫੇਰ ਇਹ ਅੰਤ ਨੂੰ ਜਦ ਆਪਣੀ ਭੁਲ ਨੂੰ ਦਰੁਸਤ ਕਰਨ ਦਾ ਫ਼ੈਸਲਾ ਕੀਤਾ ਤਾਂ ਉਹੋ ਪੁਰਾਣਾ ਹੁਰ ਫੇਰ ਵਜਾ ਦਿੱਤਾ ਕਿ "ਸਿੱਖਾਂ ਦੀਆਂ ਖਿਦਮਤਾਂ ਦੇ ਬਦਲੇ ਇਹ ਫ਼ੈਸਲਾ ਕੀਤਾ ਗਿਆ ਹੈ।"

'ਚੀਫ਼ ਖਾਲਸਾ ਦੀਵਾਨ' ਨੇ ਵੀ ਆਪਣੇ ਵਧਾਈ ਪੱਤਰ ਵਿਚ ਇਹੋ ਲਿਖਿਆ ਹੈ ਕਿ ....

"ਸਰਕਾਰ ਹਿੰਦ ਨੇ ਖਾਲਸਾ ਜੀ ਦੀ ਖਿਦਮਤ ਦਾ ਲਿਹਾਜ ਕਰ ਕੇ ਦੀਵਾਨ ਦੀ ਬਿਨੈ ਪ੍ਰਵਾਨ ਕਰ ਲਈ ਹੈ........ਆਦਿਕ' ਇਹ ਕੇਵਲ ਅੰਗਰੇਜ਼ੀ ਰਾਜ ਦੀ ਹੀ 'ਬਰਕਤ' ਹੈ ਕਿ ਧਾਰਮਿਕ ਚਿੰਨ੍ਹ ਰੱਖਣ ਦੀ ਆਗਿਆ ਵੀ 'ਖਿਦਮਤ ਦੇ ਲਿਹਾਜ ਕਰ ਕੇ' ਹੀ ਮਿਲਦੀ ਹੈ! ਅਸਲ ਵਿਚ ਸਰਕਾਰ ਪਾਸੋਂ ਗਲਤੀ ਹੋ ਗਈ, ਵਰਨਾ ਉਸ ਨੂੰ ਚਾਹੀਦਾ ਸੀ ਕਿ ਪਹਿਲਾਂ ਹਿੰਦੂਆਂ ਨੂੰ ਯਗਯੋਪਵੀਤ ਪਹਿਨਣ ਦੀ ਮਨਾਹੀ ਇਸ ਉਜਰ ਤੇ ਕਰ ਦੇਂਦੀ ਕਿ ਇਸ ਦਾ ਧਾਗਾ ਬਹੁਤ ਪੱਕਾ ਵੱਟਿਆ ਹੋਇਆ ਹੁੰਦਾ ਹੈ ਤੇ ਇਸ ਨਾਲ ਕਿਸੇ ਦੀ ਘੰਡੀ ਘੁਟੀ ਜਾ ਸਕਦੀ ਹੈ ਤੇ ਨਾਲ ਹੀ ਮੁਸਲਮਾਨਾਂ ਨੂੰ 'ਸੁੰਨਤ' ਕਰਾਉਣ ਤੋਂ ਰੋਕ ਛਡਦੀ ਕਿ ਇਸ ਨਾਲ ਸਰਕਾਰ ਦੀ ਪਿਆਰੀ ਰਿਆਯਾ ਦੇ ਛੋਟੇ ਬੱਚਿਆਂ ਨੂੰ ਦੁਖ ਹੁੰਦਾ ਹੈ! ਸਿੱਖਾਂ ਦੀ ਕ੍ਰਿਪਾਨ ਸ਼ਸ਼ਤ੍ਰਾਂ ਦੇ ਕਾਨੂੰਨ ਹੇਠਾਂ ਲੈ ਹੀ ਆਉਂਦੀ ਹੋਈ ਸੀ। ਹੁਣ ਜਦ ਕਿ ਤਿੰਨ ਕੌਮਾਂ ਇਕੱਠੀਆਂ ਹੋਕੇ ਆਪਣੀਆਂ ਖਿਦਮਤ ਜਤਾ ਰਹੀਆਂ ਤੇ ਸਵਰਾਜ ਮੰਗ ਰਹੀਆਂ ਸਨ ਤਾਂ ਕੁਝ ਜੱਕੋ ਤੱਕੇ ਕਰ ਕੇ ਹਿੰਦੂਆਂ ਨੂੰ ਯਗਯੋਪਵੀਤ ਦੀ, ਮੁਸਲਮਾਨਾਂ ਨੂੰ ਸੁਨਤ ਦੀ, ਤੇ ਸਿੱਖਾਂ ਨੂੰ ਕ੍ਰਿਪਾਨ ਦੀ ਖੁਲ੍ਹ ਦੇ ਕੇ ਆਖ ਦੇਣਾ ਸੀ ਕਿ "ਇਹ ਤੁਹਾਡੀ ਖਿਦਮਤ ਦਾ ਇਨਾਮ ਹੈ"

ਅਸੀਂ ਹੈਰਾਨ ਹਾਂ ਕਿ ਸਿਆਣੀ ਬਿਆਣੀ ਸਰਕਾਰ ਇਹ ਕੀ ਮਖੌਲ ਕਰ ਰਹੀ ਹੈ। ਧਾਰਮਿਕ ਚਿੰਨ੍ਹਾਂ ਦੀ ਆਜ਼ਾਦੀ ਵਿਚ 'ਖਿਦਮਤ ਦੇ ਲਿਹਾਜ' ਦਾ ਕੀ ਦਖਲ ? ਅਸੀਂ ਪੁਛਦੇ ਹਾਂ ਕਿ ਗੋਰਖਿਆਂ ਨੂੰ ਆਪਣੀ ਖੋਖਰੀ ਪਹਿਨਣ ਦੀ ਖੁੱਲ੍ਹ ਕਿਨ੍ਹਾਂ ਖਿਦਮਾਤਾਂ ਦੇ ਲਿਹਾਜ' ਕਰ ਕੇ ਦਿੱਤੀ ਗਈ ਸੀ ?

ਗਜ਼ਬ ਹੈ ਕਿ ਗੋਰਖਿਆਂ ਦੀ ਜੰਗੀ ਸੇਵਾ ਬਦਲੇ ਮਹਾਰਾਜਾ ਨੇਪਾਲ ਨੂੰ ਤਾਂ ਦਸ ਲੱਖ ਰਪਿਆ ਸਾਲਾਨਾ ਸਦਾ ਲਈ ਦੇਣਾ ਕੀਤਾ ਗਿਆ ਹੈ ਤੇ ਸਿੱਖਾਂ ਦੀ 'ਖਿਦਮਾਤ ਦਾ ਲਿਹਾਜ' ਕੇਵਲ ਫ਼ੌਜੀ ਖਾਲਸੇ ਨੂੰ ਕ੍ਰਿਪਾਨ ਦੀ ਖੁਲ੍ਹ ਨਾਲ ਟਰਕਾ ਕੇ ਹੀ ਕਾਫੀ ਤੋਂ ਵਧੀਕ ਸਮਝਿਆ ਜਾਂਦਾ ਹੈ।

ਅਸੀਂ ਆਪਣੀ ਕ੍ਰਿਪਾਲੂ ਤੇ ਲਿਹਾਜੀ ਸਰਕਾਰ ਨੂੰ ਸਾਫ਼ ਆਖ ਦੇਂਦੇ ਹਾਂ ਕਿ ਸਿੱਖ ਆਪਣੇ ਧਾਰਮਿਕ ਚਿੰਨ੍ਹ ਦੀ ਆਜ਼ਾਦੀ ਨੂੰ ਕਦੇ ਵੀ 'ਖਿਦਮਾਤ ਦਾ ਇਨਾਮ' ਮੰਨਣ ਨੂੰ ਤਿਆਰ ਨਹੀਂ ਹਨ। ਜਿਸ ਧਾਰਮਿਕ ਚਿੰਨ੍ਹ ਤੋਂ ਸਾਨੂੰ ਮੁਗ਼ਲ ਪਾਤਸ਼ਾਹਾਂ ਨੇ ਵੀ ਨਹੀਂ ਵਰਜਿਆਂ ਸੀ, ਉਹ ਸਾਨੂੰ ਹੁਣ 'ਖਿਦਮਾਤ ਦੇ ਲਿਹਾਜ' ਵਿਚ ਪਹਿਨਣ ਦੀ ਆਗਿਆ ਮਿਲਦੀ, ਇਹ ਇਨਸਾਫ਼ ਨਹੀਂ ਹੈ! ਅਸੀਂ ਤਾਂ 'ਖਾਲਸਾ ਕਾਲਜ' ਤੇ ਤੁਮਾਮ ਗੁਰਦੁਆਰੇ ਵੀ ਵਾਪਸ ਲੈ ਕੇ ਇਹ ਨਹੀਂ ਸਮਝਾਂਗੇ ਕਿ ਇਹ ਸਾਡੀ 'ਖਿਦਮਾਤ ਦੇ ਲਿਹਾਜ' ਵਿਚ ਮਿਲੇ ਹਨ। ਇਨਾਮ ਉਹ ਹੁੰਦਾ ਹੈ ਜੋ ਕੋਈ ਆਪਣੇ ਪੱਲਿਓਂ ਦੇਵੇ। ਜੇ ਸਾਨੂੰ ਕਾਲਜ ਵਾਪਸ ਕਰ ਕੇ ਪੰਜਾਹ ਲੱਖ ਰੁਪਿਆ ਯੂਨੀਵਰਸਿਟੀ ਲਈ ਦੇ ਦੇਵੇ ਤੇ ਜੇ ਨਾਲ ਆਪਣਾ ਰਤਾ ਵੀ ਸਬੰਧ ਨਾ ਰੱਖੇ, ਜੇ ਸਰਕਾਰ ਸਾਡੇ ਹਰਿਮੰਦਰ ਨਾਲ ਲੱਖ ਦੋ ਲੱਖ ਰੁਪਏ ਦੀ ਜਾਗੀਰ ਲਾ ਦੇਵੇ ਤੇ ਉਸ ਨਾਲ ਆਪਣਾ ਰੰਚਕ ਭਰ ਤਾਲੁਕ ਨਾ ਰਖੇ ਤਾਂ ਅਸੀਂ ਸਮਝੀਏ ਕਿ ਇਹ ਸਿੱਖਾਂ ਦੀ ਖਿਦਮਾਤ ਦਾ ਕੁਝ ਮਾੜਾ ਮੋਟਾ ਇਨਾਮ ਹੈ। ਵਰਨਾ ਸਾਡੀਆਂ ਹੀ ਖੋਹੀਆ ਹੋਈਆਂ ਚੀਜ਼ਾਂ ਨੱਕ ਰਗੜਵਾ ਰਗੜਵਾ ਹਜ਼ਾਰ ਹੁਜਤਾਂ ਨਾਲ ਵਾਪਸ ਕਰਨੀਆਂ ਖਿਦਮਾਤ ਦਾ ਇਨਾਮ ਨਹੀਂ ਹੋ ਸਕਦੀਆਂ, ਕ੍ਰਿਪਾਨ ਦੇ ਮਾਮਲੇ ਵਿਚ ਭਾਵੇਂ ਆਗਿਆ ਹੋ ਚੁਕੀ ਹੈ ਪਰ ਸ਼ਕਲ ਆਦਿਕ ਦਾ ਫ਼ੈਸਲਾ ਅਜੇ ਵਿਚੋ ਲਟਕ ਰਿਹਾ ਹੈ ਇਹ ਠੀਕ ਨਹੀਂ।

ਅਕਾਲੀ ਲਾਹੌਰ, ੪ ਨਵੰਬਰ ੧੯੨੦

ਖਾਲਸਾ ਕਾਲਜ ਦਾ ਤਵਾਰੀਖ਼ੀ ਦਿਹਾੜਾ !

ਗੁਰੂ ਦੁਲਾਰਿਆਂ ਦਾ ਆਨ ਦਾ ਇਮਤਿਹਾਨ!

੫ ਨਵੰਬਰ ਦਾ ਤਾਰੀਖੀ ਦਿਹਾੜਾ ਲਗ ਭਗ ਸਿਰ 'ਤੇ ਆ ਰਿਹਾ ਹੈ ਕਾਲਜ ਦੇ ਪ੍ਰੋਫੈਸਰਾਂ ਨੇ ਸਿੱਖ ਕੌਮ ਦੀ ਆਣ ਨੂੰ ਅੱਖਾਂ ਅਗੇ ਰੱਖ ਕੇ ਗੌਵਰਨਮੈਂਟ ਨੂੰ ਨੋਟਿਸ ਦਿੱਤਾ ਹੋਇਆ ਹੈ ਕਿ ਪੰਜ ਨਵੰਬਰ ਤੀਕ ਆਪਣਾ ਹੱਥ ਕਾਲਜ ਦੇ ਪ੍ਰਬੰਧ ਵਿੱਚੋਂ ਕਢ ਲਵੇ।

ਕਾਲਜ ਦੇ ਵਿਦਿਆਰਥੀਆਂ ਨੇ ਗੁਰੂ ਪੰਥ ਦੀ ਇਜ਼ੱਤ ਆਬਰੂ ਅਤੇ ਕੌਮੀ ਆਨ ਦੀ ਖ਼ਾਤਰ ਖਾਲਸਾ ਕਾਲਜ ਦੀ ਕੌਂਸਲ ਨੂੰ ਨੋਟਿਸ ਦਿੱਤਾ ਹੋਇਆ ਕਿ ਪੰਜ ਨਵੰਬਰ ਤੀਕ ਸਰਕਾਰ ਨਾਲ ਸੰਬੰਧ ਤੋੜ ਲਵੇ ਇਨ੍ਹਾਂ ਦੋਹਾਂ ਨੋਟਿਸਾਂ ਨੂੰ ਵਿਚਾਰਨ ਲਈ ਤੀਹ ਅਕਤੂਬਰ ਨੂੰ ਕੌਂਸਲ ਦਾ ਦਰਬਾਰ ਹੋਇਆ ਕੌਮ ਦੇ ਵਧੀਆ ਦਿਮਾਗ ਪ੍ਰੋਫੈਸਰਾਂ ਅਤੇ ਪੰਥ ਦੇ ਹੋਣਹਾਰ ਬੱਚਿਆਂ ਦੇ ਨੋਟਿਸਾਂ ਦਾ ਸਤਿਕਾਰ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਕੌਂਸਲ ਵੱਲੋਂ ਕੋਈ authorised ਜਾਂ ਨਿਯਮ ਅਨੁਸਾਰ ਉੱਤਰ ਵੀ ਨਹੀਂ ਦਿੱਤਾ ਗਿਆ ਸਰਬ ਕਲਾ ਪ੍ਰਿੰਸੀਪਲ ਵਾਦਨ ਤੋਂ ਹੋਏ ਹਾਲਾਂ ਤੋਂ ਪਤਾ ਲੱਗਾ ਹੈ ਕਿ ਪ੍ਰੋਫੈਸਰਾਂ ਦੇ ਨੋਟਿਸਾਂ ਨੂੰ ਤਾਂ ਮਤਰੇਈ ਮਾਂ ਦਾ ਪਿਆਰ ਦੇ ਕੇ (Constituion) ਜਾਂ ਕੌਂਸਲ ਦੇ ਨਿਯਮਾਂ ਦੇ ਬਹਾਨੇ ਖੁਡੇ ਪਾਇਆ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਘੂਰੀ ਵਟ ਕੇ "ਮੁੰਡੇ ਜਾਂ ਇਆਣੇ" ਆਖ ਕੇ ਥਾਪੜਿਆ ਗਿਆ ਹੈ ਮੁਕਦੀ ਗੱਲ ਕੌਮ ਦੇ ਮਾਨ ਪ੍ਰੋਫੈਸਰਾਂ ਅਤੇ ਕੌਮ ਦੀ ਆਣ ਵਿਦਿਆਰਥੀਆਂ ਦੇ ਧਰਮੀ ਇਰਾਦਿਆਂ ਨੂੰ ਇਉਂ ਪੈਰਾਂ ਹੇਠਾਂ ਲਤਾੜਿਆ ਗਿਆ ਹੈ ਜਿਵੇਂ ਉਨ੍ਹਾਂ ਵਿਚ, ਕੋਈ ਜਿੰਦ ਜਾਨ ਹੀ ਨਹੀਂ! ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਪੁੱਤਰਾਂ ਵਿਚ ਕੋਈ ਦਿਲ ਹੀ ਨਹੀਂ ਜਿਵੇਂ ਉਨ੍ਹਾਂ ਦੇ ਦਿਲਾਂ ਅੰਦਰ ਕੋਈ ਤੜਪ ਹੀ ਨਹੀਂ! ਜਿਵੇਂ ਉਹ ਤੁਰਦੀਆਂ ਫਿਰਦੀਆਂ ਲੋਥਾਂ ਹਨ!

ਪਿਆਰੇ ਪ੍ਰੋਫੈਸਰ ਤੇ ਵਿਦਿਆਰਥੀਅਓ!

ਤੁਹਾਡਾ ਇਮਤਿਹਾਨ ਹੈ। ਅਤੇ ਇਮਤਿਹਾਨ ਵੀ ਉਹ! ਜਿਹੜਾ ਅਕਾਸ਼ੋਂ ਬਿਜਲੀ ਨਹੀਂ ਪੈ ਗਈ! ਤੁਹਾਡੀ ਪਰੀਖਿਆ ਹੈ ਅਤੇ ਪਰੀਖਿਆ ਵੀ ਉਹ, ਜਿਸ ਵਿਚ ਤੁਹਾਨੂੰ ਕਿਸੇ ਨੇ ਜਬਰਨ ਨਹੀਂ ਸੁਟਿਆ। ਨਹੀਂ, ਨਹੀਂ, ਸਗੋਂ ਤੁਸਾਂ ਠੰਡੇ ਦਿਲ ਫ਼ੈਸਲਾ ਕਰ ਕੇ ਇਸ ਇਮਤਿਹਾਨ ਨੂੰ ਆਪ ਵੰਗਾਂਰ ਕੇ ਆਪਣੇ ਉਪਰ ਲਿਆਂਦਾ ਹੈ ਇਸ ਪਰੀਖਿਆ ਵਿਚ ਤੁਸੀਂ ਧਰਮ ਸਮਝ ਕੇ ਆਪ ਕੁਦੇ ਹੋ! ਤਾਂ ਤੇ ਬਹਾਦਰੋਂ ਇਸ ਇਮਤਿਹਾਨ ਵਿਚ ਅਟਲ ਰਹਿਣਾ। ਦੇਖੋ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਸਾਨੂੰ ਕਿਵੇਂ ਵੰਗਾਂਰਦਾ ਹੈ—

ਧਰਮ ਹੇਤ ਸਾਕਾ ਜਿਨ ਕੀਆ,
ਸੀਸ ਦੀਆ ਪਰ ਸਿਰੜ ਨਾ ਦੀਆ।

ਗੁਰੂ ਗੋਬਿੰਦ ਸਿੰਘ ਜੀ ਦੇ ਲਾਲੋ! ਉਸ ਦੇ ਚੌਹਾਂ ਲਾਲਾਂ ਨੂੰ ਆਪਣੇ ਸਾਹਮਣੇ ਰੱਖਣਾ ਆਪਣੀ ਆਣ ਸਿੱਖ ਪੰਥ ਦੀ ਸ਼ਾਨ, ਅਤੇ ਹਿੰਦ ਦਾ ਮਾਣ ਤੁਸਾਂ ਨੇ ਕਾਇਮ ਰੱਖਣਾ। ਖ਼ਬਰਦਾਰ ਬਹਾਦਰੋਂ! ਮਾਂ ਨੇ ਮੁੜ ਪੁੱਤਰ ਨਹੀਂ ਜਣਨੇ, ਆਦਮੀ ਬਣਨ ਦੇ ਸਮੇਂ ਨਿਤ ਨਿਤ ਹੱਥ ਨਹੀਂ ਆਉਣੇ! ਹਾਲੀ ਜਾਨ ਦੇਣ ਦਾ ਸਵਾਲ ਵੀ ਤੁਹਾਡੇ ਅਗੇ ਪੇਸ਼ ਨਹੀਂ ਆਇਆ ਮਾਇਆ ਦੀ ਕੁਰਬਾਨੀ ਦਾ ਸਵਾਲ ਜ਼ਰੂਰ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੇ ਪਿਤਾ ਨੂੰ ਧਰਮ ਹੇਤ ਕੁਰਬਾਨ ਹੋਣ ਲਈ ਤੋਰਨ ਵੇਲੇ ਕਿਹਾ ਸੀ—

ਜਬ ਥੇ ਮਾਤਾ ਕੇ ਉਦਰ ਮਹਿ
ਤਬ ਰਾਖਾ ਥਾ ਜੋਇ।
ਅਬ ਤੌਂ ਭਏ ਨੌਂ ਸਾਲ ਕੇ
ਕਿਓਂ ਨਾ ਸਹਾਈ ਹੋਇ।

ਪਿਆਰਿਓਂ, ਭੁਖਿੱਆ ਤਾਂ ਤੁਹਾਨੂੰ ਵਾਹਿਗੁਰੂ ਆਪ ਨਹੀਂ ਮਰਨ ਦੇਵੇਗਾ ਪਰ ਪੰਥ ਵੀ ਤੁਹਾਨੂੰ ਕੇਵਲ ਮਾਇਆ ਹੀ ਨਹੀਂ ਅਰਪੇਗਾ, ਸਗੋਂ ਤੁਹਾਨੂੰ ਆਪਣਾ ਮਾਨ ਸਮਝ ਕੇ ਸਿਰ ਤੇ ਚੁਕ ਲਵੇਗਾ, ਅਤੇ ਤੁਹਾਡੀ ਅਤੇ ਆਪਣੀ ਸੁਰਖਰੋਈ ਹਾਸਲ ਕਰੇਗਾ, ਬਸ ਬਹਾਦਰੋ, ਬਚਨ ਦੇ ਪੂਰੇ ਅਤੇ ਰਣ ਦੇ ਸੂਰੇ ਨਿਤਰ ਕੇ ਦੱਸਣਾ ਅਤੇ ਗੁਰੂ ਜਸ ਖਟ ਲੌ।

ਸਾਰੇ ਪੰਥ ਦੀਆਂ ਅੱਖਾਂ ਤੁਹਾਡੀ ਵਲ ਲੱਗੀਆਂ ਹੋਈਆਂ ਹਨ ਪੰਜ ਨਵੰਬਰ ਦਾ ਦਿਹਾੜਾ ਤੁਹਾਡੇ ਲਈ ਨੰਬਰ ਦਾ ਦਿਹਾੜਾ ਹੈ ਇਹ ਉਹ ਦਿਹਾੜਾ ਹੈ ਜਿਸ ਦਾ ਫ਼ੈਸਲਾ ਕੌਮ ਵਿਚ ਜ਼ਿੰਦਗੀ ਦੀ ਰੂਹ ਫੂਕਣ ਵਾਲਾ ਜਾਂ ਪੰਥ ਨੂੰ ਮੁਰਛਾਗਤ ਕਰ ਦੇਣ ਵਾਲਾ ਹੋਵੇਗਾ ਤਾਂਤੇ।

ਅਕਾਲੀ ਢੰਡੋਰਾ! ਧਿਆਨ ਨਾਲ ਸੁਣੋ

ਪ੍ਰੋਫੈਸਰ ਅਤੇ ਵਿਦਿਆਰਥੀਓ! ਅਕਾਲੀ ਫ਼ੁਰਮਾਨ

ਗੁਰੂਆਂ ਦੀ ਆਣ! ਪੰਥ ਦੀ ਮਾਣ! ਵੱਡਿਆਂ ਦੀ ਸ਼ਾਨ! ਆਪਣਾ ਸਨਮਾਨ!

ਪੰਜੇ ਹੁਕਮ ਦਿੰਦੇ ਹਨ ਕਿ ਤੁਸਾਂ ੫ ਨਵੰਬਰ ਨੂੰ ਆਪਣੀ ਕੀਤੀ ਹੋਈ ਧਰਮ ਪ੍ਰਤਿਗਿਆ ਪਾਲਣੀ ਅਤੇ ਆਪਣਾ ਤੇ ਕੌਮ ਦਾ ਨਾਮ ਵਧਾਉਣ ਅਤੇ ਨੱਕ ਰੱਖਣਾ! ਨਹੀਂ ਤਾਂ ਤਵਾਰੀਖਾਂ ਵਿਚ ਤੁਹਾਡਾ ਅਤੇ ਸਾਡਾ ਸਭ ਦਾ ਮੂੰਹ ਕਾਲਾ ਹੋਵੇਗਾ ਅਤੇ ਲੋਕੀ ਟਿਚਕਰਾਂ ਨਾਲ ਪੜ੍ਹਿਆ ਕਰਨਗੇ।

ਸ਼ਾਹ ਮੁਹੰਮਦਾ ਪੁੱਛਦੇ ਨੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾ ਆਏ"

ਪੰਥ ਅਤੇ ਖਾਲਸਾ ਕਾਲਜ

ਪਿਆਰੇ ਪੰਥ! ਦੇਖ! ਤੇਰੇ ਪਿਆਰੇ ਪ੍ਰੋਫੈਸਰ ਅਤੇ ਵਿਦਿਆਰਥੀ ਤਾਂ ਸਿੱਖਾਂ ਵਾਲੀ ਆਣ ਤੇ ਡਟ ਗਏ ਹਨ! ਤੂੰ ਵੀ ਆਪਣਾ ਫ਼ਰਜ਼ ਪੂਰਾ ਕਰ, ਉਨ੍ਹਾਂ ਦੇ ਸਿਰ ਤੇ ਹੱਥ ਰੱਖ, ਮਾਇਆ ਦੇ ਦੇਣਾ ਤਾਂ ਤੇਰਾ ਕੁਝ ਫ਼ਰਜ਼ ਹੈ ਅਤੇ ਸਾਨੂੰ ਪੂਰਾ ਯਕੀਨ ਹੈ ਕਿ ਐਹੋ ਜਿਹੇ ਕੌਮੀ ਬੀਰ ਪ੍ਰੋਫੈਸਰਾਂ ਅਤੇ ਸਿੱਖ ਸਪੂਤ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕੌਮੀ ਇੱਛਾ ਅਨੁਸਾਰ ਵਿੱਦਿਆ ਦੇ ਪ੍ਰਬੰਧ ਲਈ ਤੂੰ ਆਪਣਾ ਘਰ ਬਾਰ ਉਨ੍ਹਾਂ ਦੇ ਹਵਾਲੇ ਕਰ ਦੇਵੇਂਗਾ ਪਰੰਤੂ ਇਸ ਵੇਲੇ ਵੱਡੀ ਲੋੜ ਇਸ ਗੱਲ ਦੀ ਹੈ ਕਿ ਦਰਦੀ ਵੀਰ ਖਾਲਸਾ ਕਾਲਜ ਬਾਬਤ ਸੁਰ ਸਲਾਹ ਕਰਨ ਲਈ ਜਿਤਨੀ

ਛੇਤੀ ਹੋ ਸਕੇ ਤਖ਼ਤ ਅਕਾਲੀ ਬੁੰਗੇ ਅੰਮ੍ਰਿਤਸਰ ਜੀ ਪੁੱਜਣ।

ਹੁਕਮ ਨਾਮਾ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਜੀ

ਸਮੂੰਹ ਖਾਲਸਾ ਜੀ ਪ੍ਰਤੀ ਵਿਦਤ ਹੋਵੇ ਕਿ ੧ ਮੱਘਰ ੧੯੭੭, ਸੰਮਤ ਨਾਨਕ ਸ਼ਾਹੀ ੪੫੧ ਮੁਤਾਬਕ ੧੫ ਨਵੰਬਰ ੧੯੨੦ ਨੂੰ ਦਿਨ ਦੇ ਨੌਂ ਵਜੇ ਇਕ ਮਹਾਨ ਪੰਥਕ ਇਕੱਠ ਅਕਾਲ ਤਖ਼ਤ ਦੇ ਸਾਹਮਣੇ ਹੋਵੇਗਾ ਜਿਸ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਅਤੇ ਸਮੂੰਹ ਗੁਰਦੁਆਰਿਆਂ ਆਦਿਕ ਦੇ ਪ੍ਰਬੰਧ ਲਈ ਦੀਰਘ ਵਿਚਾਰ ਕਰਕੇ ਇਕ ਪ੍ਰਤੀਨਧ ਪੰਥਕ ਕਮੇਟੀ ਚੁਣੀ ਜਾਵੇਗੀ ਜਿਸ ਲਈ ਸਰਬੱਤ ਗੁਰਤਖ਼ਤਾਂ, ਗੁਰਦੁਆਰਿਆਂ ਖਾਲਸਾ ਜਥਿਆ, ਸਿੱਖ ਪਲਟਣਾਂ, ਰਿਆਸਤੀ ਸਿੱਖ ਫ਼ੌਜਾਂ ਆਪਣੇ ਵੱਲੋਂ ਹੇਠ ਲਿਖੀਆਂ ਧਾਰਨਾ ਵਾਲੇ ਸਿੰਘ ਹੇਠ ਲਿਖੀ ਵਿਉਂਤ ਅਨਸੁਾਰ ਚੁਣ ਕੇ ਭੇਜਣ—

ਪ੍ਰਤਿਨਿਧ ਦੀ ਧਾਰਨਾ—

੧. ਅੰਮ੍ਰਿਤਧਾਰੀ ਹੋਵੇ। ੨. ਪੰਜ ਬਾਣੀਆਂ ਦਾ ਨੇਮੀ ਹੋਵੇ। ੩. ਪੰਜ ਕਰਾਰ ਦਾ ਰੈਹਤਵਾਨ ਹੋਵੇ। ੪. ਅੰਮ੍ਰਿਤ ਵੇਲੇ (ਪੈਹਰ ਰਾਤ) ਉਠਣ ਵਾਲਾ ਹੋਵੇ। ੫. ਦਸਵੰਧ ਦੇਣ ਵਾਲਾ ਹੋਵੇ।

ਪ੍ਰਤੀਨਿਧਾਂ ਦੀ ਚੋਣ ਦੀ ਵਿਉਂਤ—

੧. ਤਖ਼ਤਾਂ ਵੱਲੋਂ ਪੰਜ ਪੰਜ।

੨. ਗੁਰਦੁਆਰਿਆਂ ਵੱਲੋਂ ਇੱਕ ਇੱਕ।

੩. ਖਾਲਸਾ ਜਥਿਆ ਵੱਲੋਂ ਸੌ ਪਿਛੇ ਪੰਜ ਦੇ ਹਿਸਾਬ।

ਪ੍ਰੰ: ਕਮੇਟੀ, ਅਧਯਾਪਕ, ਵਿਦਿਆਰਥੀ

੪. ਖਾਲਸਾ ਕਾਲਜ ੧ ੨ ੨

੫. ਗੁਰੂ ਨਾਨਕ ਕਾਲਜ ੧ ੨ ੨

੬. ਅਕਾਲ ਕਾਲਜ ੧ ੨ ੨

੭. ਹਾਈ ਸਕੂਲ ੧

੮. ਮਿਡਲ ਸਕੂਲ ੧

੯. ਪ੍ਰਾਇਮਰੀ ਸਕੂਲ ੧

੧੦. ਸਿੱਖ ਰਿਆਸਤਾਂ ਵੱਲੋਂ ੫ ੫

੧੧. ਮਿਸੇ ਸਿੱਖ ਰਸਾਲਿਆਂ ਵੱਲੋਂ ੨ ੨

੧੨. ਮਿਸੀ ਸਿੱਖ ਪਲਟਣ ਵੱਲੋਂ ੨ ੨

੧੩. ਪੂਰੀ ਸਿੱਖ ਪਲਟਣ ਵੱਲੋਂ ੫ ੫

੧੪. ਪੂਰੇ ਸਿੱਖ ਰਿਸਾਲੇ ਵੱਲੋਂ ੫ ੫

੧੫. ਨਿਹੰਗਾਂ ਸਿੰਘਾਂ ਦੇ ਜਥਿਆਂ ਵੱਲੋਂ ਸੌ ਪਿਛੇ ਪੰਜ।

ਉਪਰੋਕਤ ਕਮੇਟੀ ਦਾ ਫ਼ੈਸਲਾ ਸਮੂੰਹ ਸਿੱਖ ਸੰਗਤ ਵਿਚ ਸੁਣਾਇਆ ਜਾਏਗਾ ਜਿਸ ਵਿਚ ਗੁਰੂ ਘਰ ਦੇ ਸਰਬਤ ਸ਼ਰਧਾਲੂ ਸ਼ਾਮਿਲ ਹੋ ਸਕਦੇ ਹਨ ਸੋ ਸਾਰੇ ਪ੍ਰੇਮੀ ਕ੍ਰਿਪਾ ਕਰਕੇ ਜ਼ਰੂਰ ਦਰਸ਼ਨ ਦੇਣ।

ਪ੍ਰਾਰਥਕ—

ਡਾ: ਗੁਰਬਖਸ਼ ਸਿੰਘ ਸੇਵਕ

ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਜੀ।

ਨੋਟ—ਇਸ ਦੀਵਾਨ ਸਬੰਧੀ ਲਿਖਤ ਪੜ੍ਹਤ ਪ੍ਰਾਰਥਕ ਸੇਵਕ ਨਾਲ ਕੀਤੀ ਜਾਵੇ। ਇਹ ਇਸ਼ਤਿਹਾਰ ਜਿਥੇ ਜਿਥੇ ਗੁਰੂ ਖਾਲਸਾ ਟਾਪੂਆਂ ਆਦਿ ਤਕ ਹੈ ਪਹੁੰਚਾਉਣ ਦਾ ਯਤਨ ਕੀਤਾ ਹੈ। ਹਰ ਇਕ ਸ਼ਾਮਿਲ ਹੋਣ ਵਾਲੇ ਪ੍ਰਤੀਨਿਧ ਪਾਸ ਆਪਣੇ ਆਪਣੇ ਜਥੇ ਦਾ ਸਰਟੀਫਿਕੇਟ ਹੋਣਾ ਚਾਹੀਦਾ ਹੈ।

ਅਕਾਲੀ ਲਾਹੌਰ, ੫ ਨਵੰਬਰ ੧੯੨੦

ਜਥੇਬੰਦੀ ਦਾ ਇਕੱਠ ਤਖ਼ਤ ਅਕਾਲ ਬੁੰਗੇ ੭ ਨਵੰਬਰ ਨੂੰ ਹੋਵੇਗਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ੧੫ ਨਵੰਬਰ ਜਾਂ ੧ ਮੱਘਰ ਨੂੰ ਇਕੱਠ ਹੋਵੇਗਾ। ਸਾਰੇ ਪੰਥ ਨੂੰ ਪਹੁੰਚਣ ਲਈ ਸਦਾ ਹੈ। ਜ਼ਰੂਰ ਪਹੁੰਚੋ!

ਗੁਰੂ ਕਾ ਲੰਗਰ

ਦਰਬਾਰ ਸਾਹਿਬ ਅੰਮ੍ਰਿਤਸਰ ਗੁਰੂ ਕੇ ਲੰਗਰ ਦਾ ਇਤਨਾ ਭੈੜਾ ਪ੍ਰਬੰਧ ਸੀ ਕਿ ਦਿਨ ਵਿਚ ਕੋਈ ਘੰਟਾ ਅਧ ਘੰਟਾ ਖੁਲਦਾ ਸੀ ਤੇ ਥੋੜ੍ਹਾ ਬਹੁਤਾ ਆਟਾ ਪਕਾ ਕੇ ਸਮਾਂ ਟਾਲਿਆਂ ਜਾਂਦਾ ਸੀ ਮਕਾਨ ਅੰਦਰ ਇਤਨਾ ਗੰਦ ਸੀ ਕਿ ਅੰਦਰ ਬੈਠਣ ਤੇ ਜੀ ਨਹੀਂ ਸੀ ਕਰਦਾ ਅਕਾਲ ਤਖ਼ਤ ਦੇ ਸੇਵਕ ਜਥੇ ਨੇ ਉਥੇ ਆਪਣਾ ਲੰਗਰ ਲਾ ਦਿੱਤਾ ਤੇ ਸਾਰੇ ਮਕਾਨ ਨੂੰ ਸ਼ੀਸ਼ੇ ਵਾਂਗ ਲਸ਼ਕਾ ਦਿੱਤਾ ਸਾਰੀਆਂ ਸੰਗਤਾਂ ਨੂੰ ਰਸਦ ਪਾਣੀ ਜਥੇ ਦੇ ਹਵਾਲੇ ਕਰਨਾ ਆਰੰਭ ਕਰ ਦਿੱਤਾ ਗ੍ਰੰਥੀ ਤੇ ਪੁਜਾਰੀ ਡਾਢੇ ਗੁਸੇ ਹੋਏ ਤੇ ਸੇਵਕਾਂ ਦੇ ਗਲੇ ਆਣ ਪਏ ਜਥੇਦਾਰ ਭਾਈ ਤੇਜਾ ਸਿੰਘ ਜੀ ਵੱਲੋਂ ਉਨ੍ਹਾਂ ਨੂੰ ਸੋਧਣ ਲਈ ਇਕ ਦਾਬੜਾ ਦੇਣ ਦੀ ਢਿਲ ਸੀ ਕਿ ਸਭ ਤਿਤਰ ਹੋ ਗਏ ਪੁਲਿਸ ਵਿਚ ਜਾਂ ਹਾਲ ਦੁਹਾਈ ਪਾਈ ਪਰ ਕਖ ਨਾ ਬਣਿਆ ਹੁਣ ਲੰਗਰ ਵਿਚ ਜੋ ਰਸਦ ਆਉਂਦੀ ਹੈ ਪਕਦੀ ਹੈ ਤੇ ਸਭ ਨੂੰ ਪ੍ਰਸ਼ਾਦ ਮਿਲਦਾ ਹੈ ਸਭ ਸ਼ਹਿਰ ਅਤੇ ਬਾਹਰ ਦੀਆਂ ਸੰਗਤਾਂ ਜਥੇ ਦੀ ਸੇਵਾ ਉੱਤੇ ਅਤਿਅੰਤ ਪ੍ਰਸੰਨ ਹਨ ਜਥੇ ਦੇ ਸੇਵਕ ਸਚ ਮੁਚ ਸਚੇ ਗੁਰ ਸਿੱਖਾਂ ਵਾਂਗ ਸੇਵਾ ਵਿਚ ਜੁਟ ਗਏ ਹਨ।

ਅਕਾਲੀ ਲਾਹੌਰ, ੬ ਨਵੰਬਰ ੧੯੨੦

ਗੁਰਦੁਆਰਾ ਰਕਾਬ ਗੰਜ

ਸੰਗਤ ਦੇ ਫ਼ੈਸਲੇ ਅਨੁਸਾਰ ੧ ਦਸੰਬਰ ਨੂੰ ਢਠੀ ਹੋਈ ਦੀਵਾਰ ਚਾੜ੍ਹਨ ਦੀ ਸ਼ੁਰੂਆਤ ਕਰਨ ਲਈ ਤਖ਼ਤ ਅਕਾਲ ਬੁੰਗੇ ਤੋਂ ਸੰਗਤਾਂ ਵਹੀਰਾਂ ਪਾਣਗੀਆਂ। ਇਸ ਜਥੇ ਵਿਚ ਜਿਨਾਂ ਜਿਨਾਂ ਨੇ ਨਾਮ ਲਿਖਾਏ ਹਨ ਉਹ ਜ਼ਰੂਰ ਪਹੁੰਚ ਜਾਣ ਅਤੇ ਖਰਚ ਦਾ ਅਟਾ ਸਟਾ ਤਿੰਨ ਹਜ਼ਾਰ ਰੁਪਿਆ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਪਵਿੱਤਰ ਕਾਰਜ ਵਾਸਤੇ ਹਰੇਕ ਸਿੱਖ ਦੀ ਕਮਾਈ ਦਾ ਹਿੱਸਾ ਸ਼ਾਮਿਲ ਹੋਵੇ। ਇਸ ਲਈ ਸੇਵਾ ਵਾਸਤੇ ਸ਼ਾਮਿਲ ਹੋਣ ਵਾਲੇ ਗੁਰੂ ਪਿਆਰੇ ਸਵਾ ਰੁਪਿਆ ਆਪਣਾ ਅਤੇ ਸਵਾ ਰੁਪਿਆ ਸੰਗਤਾਂ ਪਾਸੋਂ ਵੀ ਸਵਾ ਸਵਾ ਰੁਪਿਆ ਉਗਰਾਹ ਕੇ ਲੈ ਆਵਣ।

ਅਕਾਲੀ ਲਾਹੌਰ, ੬ ਨਵੰਬਰ ੧੯੨੦

ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹੱਲਾ ਚੁਮਾਲਾ ਲਾਹੌਰ

ਸੋਮਵਾਰ ੧ ਨਵੰਬਰ ਨੂੰ ਸ਼ਾਮ ਦੇ ੭ ਵਜੇ ਖਾਲਸੇ ਜੀ ਦੀ ਇਕੱਤਰਤਾ ਗੁਰਦੁਆਰਾ ਗੁਰੂ ਹਰ ਗੋਬਿੰਦ ਸਾਹਿਬ ਜੀ ਮੁਹੱਲੇ ਚੁਮਾਲੇ ਲਾਹੌਰ ਵਿਚ ਗੁਰਦੁਆਰੇ ਦੇ ਪ੍ਰਬੰਧ ਸਨਬੰਧੀ ਹੋਈ, ਉਸ ਵਿਚ ਹੇਠ ਲਿਖੀ ਕਾਰਵਾਈ ਹੋਈ।

ਸਾਬਕ ਗ੍ਰੰਥੀ ਹਰੀ ਸਿੰਘ ਨੇ ਲੀਗ ਦੇ ਸਮਾਗਮ ਤੇ ੨੨ ਤਰੀਕ ਨੂੰ ਖਾਲਸੇ ਜੀ ਦੇ ਅਗੇ ਪ੍ਰਵਾਨ ਕੀਤਾ ਸੀ ਕਿ ਮੈਂ ਗੁਰਦੁਆਰੇ ਦੀਆਂ ਕੁਲ ਕੁੰਜੀਆਂ ਤੇ ਕਾਗਜ਼ਾਤ ਖਾਲਸੇ ਦੇ ਸਪੁਰਦ ਕਰ ਦੇਵਾਂਗਾ ਅਤੇ ਇਸ ਦੇ ਅਨੁਸਾਰ ਕੁਝ ਕੁੰਜੀਆਂ ਵੀ ਖਾਲਸੇ ਜੀ ਦੇ ਸਪੁਰਦ ਕਰ ਦਿੱਤੀਆਂ ਸਨ। ਸੋ ੨੯ ਤਰੀਕ ਸ਼ਾਮ ਨੂੰ ਖਾਲਸਾ ਜੀ ਨੇ ਦੀਵਾਨ ਵਿਚ ਹਰੀ ਸਿੰਘ ਨੂੰ ਸਦਕੇ, ਉਨ੍ਹਾਂ ਦੁਕਾਨਾਂ ਦੀਆਂ ਕੁੰਜੀਆਂ ਜਿਹੜੀਆਂ ਕਿ ਹੁਣ ਖਾਲੀ ਹੋ ਸਕਦੀਆਂ ਸਨ ਪ੍ਰਬੰਧਕ ਕਮੇਟੀ ਦੀ ਰਾਹੀਂ ਮੰਗੀਆਂ ਪਰ ਹਰੀ ਸਿੰਘ ਨੇ ਸਾਫ਼ ਅਖਰਾਂ ਵਿਚ ਸੰਗਤ ਨੂੰ ਨਾਂਹ ਕਰ ਦਿੱਤੀ। ਜਿਸ ਪਰ ਇਹ ਪ੍ਰਵਾਨ ਹੋਇਆ ਕਿ ਪ੍ਰਬੰਧਕ ਕਮੇਟੀ ਬਾਵਲੀ ਸਾਹਿਬ, ਗੁਰੂ ਸਿੰਘ ਸਭਾ ਦੇ ਦੀਵਾਨ ਵਿਚ ਆਪਣੇ ਗੁਰਮਤ ਗੁਰਦੁਆਰੇ ਮੁਤੱਲਕ ਪੇਸ਼ ਕਰੇ। ਪਰ ਵਕਤ ਨਾ ਮਿਲਨ ਕਰ ਕੇ ਸੰਗਤ ਦੇ ਫ਼ੈਸਲੇ ਨੂੰ ਸੋਮਵਾਰ ਤੇ ਸੁਟਿਆ ਗਿਆ। ਸੋਮਵਾਰ ਸੰਗਤ ਨੇ ਬਹੁਤ ਸਾਰੀ ਵਿਚਾਰ ਪਿੱਛੋਂ ਇਹ ਫ਼ੈਸਲਾ ਕੀਤਾ ਕਿ ਜਿਹੜੀਆਂ ਕੋਠੜੀਆਂ ਜਾਂ ਦੁਕਾਨਾਂ ਖਾਲੀ ਹਨ, ਉਨ੍ਹਾਂ ਦੇ ਜੰਦਰੇ ਖੋਲ੍ਹਕੇ ਆਪਣੇ ਜਿੰਦਰੇ ਲਾਏ ਜਾਵਨ ਤਾਂ ਸਾਰੀ ਸੰਗਤ ਨੇ ਰਲ ਕੇ ਖਾਲੀ ਕੋਠੜੀਆਂ ਦਾ ਸਾਮਾਨ ਕੱਢ ਕੇ ਵੱਖਰਾ ਰੱਖ ਦਿਤਾ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦੀ ਹੋਈ ਜਿੰਦਰੇ ਆਪਣੇ ਲਾ ਕੇ ਗੁਰੂ ਜੀ

ਦੇ ਹਜ਼ੂਰ ਆ ਸਜੀ। ਸਾਰੀਆਂ ਕੋਠੜੀਆਂ ਖਾਲੀ ਸਨ। ਇਕ ਵਿਚ ਹੇਠ ਲਿਖੀਆਂ ਚੀਜ਼ਾਂ ਸਨ।

੧. ਹੁੱਕਾ ੨. ਚਿਲਮਾਂ ੧. ਹੁੱਕੇ ਦੀ ਨੜੀ, ਸਿਗਰਟ ਦੀ ਡੱਬੀ ੨. ਮੰਜੇ ੧. ਬਿਸਤਰਾ ੨ ਬੋਤਲਾਂ ੨ ਬੋਰੀਆਂ ਖਾਲੀ ੨ ਲੈਂਫ ੬ ਮਿਟੀ ਦੇ ਬਰਤਨ ੧ ਚੌਕੀ ੧ ਮਰਤਬਾਨ ੧ ਅੰਗੀਠੀ ੧ ਕੋਟ ਖਾਲੀ ੧ ਵੇਲਨਾ ੧ ਚਿਮਟਾ ੧ ਕੁੰਜੀ ੧ ਹਰੀ ਕੈਨ ੧ ਦੀਵਾਰਗੀਰ ਲੰਪ ਚਿਮਨੀ ਬਿਨਾ ੧ ਛਤਰੀ ਟੁਟੀ ਹੋਈ ੧ ਡੰਡਾ ੧ ਚਕਲਾ ੧ ਪਰਾਤ ਪਿਤਲ ੫ ਮਿਟੀ ਦੀਆਂ ਕੁੱਜੀਆਂ ੧ ਕਾੜਨੀ ੧ ਛਤਰੀ ੧ ਮੂੜਾ ੧ ਪੱਖਾਂ ੧ ਸਿਰਕੀ ੧ ਟਰੰਕ (ਜਿਹੜਾ ਖੋਲਿਆ ਨਹੀਂ ਗਿਆ) ਕਿਤਾਬਾਂ ਤੇ ਕਲਮਦਾਨ ੧ ਕੋਟ ੧ ਝੋਲਾ ੧ ਸੋਟਾ ੧ ਤਵਾ ੧ ਜੋੜੀ ਪਊਏ ੧ ਬੰਡਲ (ਕਿਤਾਬਾਂ ਦਾ)

ਇਹ ਚੀਜ਼ਾਂ ਉਸ ਕੋਠੜੀ ਵਿਚੋਂ ਨਿਕਲੀਆਂ। ਚੂਕਿ ਇਸ ਤੋਂ ਸਾਬਤ ਹੋਇਆ ਕਿ ਕੋਠੜੀ ਵਿਚ ਅਜੇ ਉਸ ਆਦਮੀ ਦਾ ਮਾਲ ਹੈ, ਤਾਂ ਸੰਗਤ ਨੇ ਫ਼ੈਸਲਾ ਕੀਤਾ ਕਿ ਇਸ ਨੂੰ ਜਿੰਦਰਾ ਆਪਣਾ ਮਾਰ ਕੇ ਰਖਵਾਲੀ ਕੀਤੀ ਜਾਵੇ। ਹੁਣ ਜਿੰਦਰੇ ਉਤੇ ਮੋਹਰ ਲਾ ਦਿਤੀ ਹੈ।

ਇਸ ਤੋਂ ਉਪਰੰਤ ਅਰਦਾਸਾ ਸੋਧ ਕੇ ਦੀਵਾਨ ਦੀ ਸਮਾਪਤੀ ਹੋਈ।

ਦਾਸ ਗੁਰਬਖਸ਼ ਸਿੰਘ ਸਕੱਤਰ
ਗੁਰਦੁਆਰਾ ਪ੍ਰਬੰਧਕ ਕਮੇਟੀ

ਅਕਾਲੀ ਲਾਹੌਰ, ੮ ਨਵੰਬਰ ੧੯੨੦

ਗੁਰਦੁਆਰਾ ਛੇਵੀਂ ਪਾਤਸ਼ਾਹੀ

ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਗ੍ਰੰਥੀਆਂ ਨੇ ਸਿੱਖਾਂ ਤੇ ਤਿੰਨ ਦਾਵੇ ਕੀਤੇ ਹੋਏ ਹਨ। ਹੁਣ ਪਤਾ ਲੱਗਾ ਹੈ ਕਿ ਇਸ ਦੀ ਪਿਠ ਤੇ ਕੋਈ ਹੋਰ ਵੀ ਮੋਟੇ-ਮੋਟੇ ਮਹੰਤ ਹਨ। ਖਾਲਸਾ ਜੀ ਇਹ ਮੋਰਚਾ ਸਾਰੇ ਬਦਲਣ ਮਹੰਤਾਂ ਦੇ ਉਲਟ ਹੀ ਸਮਝੋ। ਸੰਗਤਾਂ ਕਮਰ ਕਸੇ ਕਰ ਕੇ ਇਥੇ ਆਉਣ ਲਈ ਤਿਆਰ ਕਰ ਲੈਣ।

ਅਸੀਂ ਮਹੰਤਾਂ ਨੂੰ ਵੀ ਇਨੀ ਗੱਲ ਕਹਿ ਦਿੰਦੇ ਹਾਂ ਕਿ ਤੁਸੀਂ ਟਲ ਜਾਉ ਨਹੀਂ ਤਾਂ ਜੋ ਸਲੂਕ ਖਾਲਸਾ ਇਹੋ ਜਿਹੇ ਮਸੰਦਾਂ ਨਾਲ ਕਰਦਾ ਹੁੰਦਾ ਉਹ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੀ ਹੈ।

ਸ: ਸਰਦੂਲ ਸਿੰਘ ਜੀ ਕਵੀਸ਼ਰ

ਅਸੀਂ ਇਹ ਗੱਲ ਬੜੇ ਜ਼ੋਰ ਨਾਲ ਆਖਦੇ ਹਾਂ ਕਿ ਹਰ ਇਕ ਕੌਮੀ ਸੇਵਕ ਦਾ ਅਚਾਰ ਨਿਹਾਇਤ ਹੀ ਪਵਿੱਤਰ ਅਤੇ ਸ਼ੁਧ ਹੋਣਾ ਚਾਹੀਦਾ ਹੈ ਜਿਸ ਦਾ ਚਾਲ ਚਲਣ ਹੀ ਠੀਕ ਨਹੀਂ ਉਹ ਪੁਰਸ਼ ਕਦੇ ਵੀ ਕੌਮ ਦੀ ਅਗਵਾਈ ਨਹੀਂ ਕਰ ਸਕਦਾ ਪਰ ਹੋਛੇ ਆਦਮੀਆਂ ਵਾਂਗੂ ਸ: ਰਾਮ ਸਿੰਘ ਵਰਗੇ ਜ਼ਿੰਮੇਵਾਰ ਸੱਜਣ ਦਾ ਸਿੱਖ ਲੀਗ ਵਿਚ ਪ੍ਰਧਾਨ ਜੀ ਦੇ ਪੁਛ ਗਿਛ ਬਿਨਾਂ ਉਠ ਕੇ ਰੌਲਾ ਪਾ ਦੇਣਾ ਬਹੁਤ ਹੀ ਅਯੋਗ ਅਤੇ ਘ੍ਰਿਣਾ ਜੋਗ ਸੀ 'ਨਾ ਮਿਲਵਰਤਨ' ਵਰਗੇ ਜ਼ਰੂਰੀ ਗੁਰਮਤੇ ਦੇ ਪੇਸ਼ ਸ਼ਰਾਰਤ ਨਹੀਂ ਤਾਂ ਹੋਰ ਕੀ ਹੈ ਇਸ ਤੋਂ ਸਾਫ਼ ਸਿਧ ਹੈ ਕਿ ਇਨ੍ਹਾਂ ਸੱਜਣਾਂ ਦੀ ਨੀਅਤ ਖੋਟੀ ਸੀ ਇਸ ਤਰ੍ਹਾਂ ਤਾਂ ਹਰ ਇਕ ਭਲੇ ਮਾਨਸ ਦੀ ਪੱਗ ਲਾਹੀ ਜਾ ਸਕਦੀ ਹੈ ਅਤੇ ਆਪਣੀ ਮਰਜ਼ੀ ਦੇ ਉਲਟ ਹੁੰਦੇ ਕੰਮ ਨੂੰ ਸਟ ਮਾਰੀ ਜਾ ਸਕਦੀ ਹੈ।

ਪਰ ਜਦੋਂ ਤਾਈਂ ਕਿਸੇ ਸੱਜਣ ਤੇ ਕੋਈ ਔਗੁਣ ਪੂਰੀ ਖੋਜ ਨਾਲ ਸਾਬਤ ਨਾ ਕੀਤਾ ਜਾਵੇ ਉਤਨਾਂ ਚਿਰ ਸ: ਸਰਦੂਲ ਸਿੰਘ ਜੀ ਵਰਗੇ ਜ਼ਿੰਮੇਦਾਰ ਸੱਜਣਾਂ ਤੇ ਕਈ ਹਜ਼ਾਰ ਆਦਮੀਆਂ ਦੇ ਸਾਹਮਣੇ ਖੁੱਲ੍ਹੇ ਦੀਵਾਨ ਵਿਚ ਅਜਿਹਾ ਬਜਰ ਦੋਸ਼ ਲਾਉਣਾ ਪਰਲੇ ਦਰਜੇ ਦਾ ਹੋਛਾ-ਪਣ ਹੈ।

ਅਸੀਂ ਮਾਸਟਰ ਤਾਰਾ ਸਿੰਘ ਜੀ ਹੈੱਡ ਮਾਸਟਰ ਦੀ ਤਜਵੀਜ਼ ਦੀ ਬੜੇ ਜ਼ੋਰ ਨਾਲ ਪਰੋੜਤਾ ਕਰਦੇ ਹੋਏ ਇਹ ਵੀ ਕਹਾਂਗੇ ਕਿ ਸ: ਰਾਮ ਸਿੰਘ ਜੀ ਦੀ ਅਯੋਗ ਕਾਰਵਾਈ ਦਾ ਵੀ ਜ਼ਰੂਰ ਕੋਈ ਨਾ ਕੋਈ ਨੋਟਿਸ ਲੈਣਾ ਚਾਹੀਦਾ ਹੈ। ਜੇ ਕੋਈ ਸੱਜਣ ਨਾ ਮਿਲਵਰਤਨੀਆਂ ਹੋਣ ਕਰ ਕੇ ਅਦਾਲਤ ਵਿਚ ਨਹੀਂ ਜਾ ਸਕਦਾ ਤਾਂ ਇਸ ਦਾ ਨਾਜਾਇਜ਼ ਫਾਇਦਾ ਉਠਾਉਣਾ ਵੀ ਬੜਾ ਭਾਰਾ ਕਮੀਨਾਪਣ ਹੈ। ਸਾਨੂੰ ਆਸ਼ਾ ਹੈ ਕਿ ਪੜਤਾਲੀ ਕਮੇਟੀ ਦੀ ਤਜਵੀਜ਼ ਨੂੰ ਕਵੀਸ਼ਰ ਜੀ ਵੀ ਪਸੰਦ ਕਰਨਗੇ ਕਿਉਂਕਿ ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਸਫ਼ਾਈ ਦਾ ਮੌਕਾ ਮਿਲੇਗਾ।

ਅਕਾਲੀ ਲਾਹੌਰ, ੧੦ ਨਵੰਬਰ ੧੯੨੦

ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਰੂਰੀ ਬੇਨਤੀ

ਤਖ਼ਤ ਅਕਾਲ ਬੁੰਗੇ ਦੀ ਸੇਵਕ ਕਮੇਟੀ ਵੱਲੋਂ ਪੰਥ ਨੂੰ ੧ ਮਘਰ ਮੁਤਾਬਕ ੧੫ ਨਵੰਬਰ ਇਕੱਤਰ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ ਹੈ, ਪਰ ਪ੍ਰਤੀਨਿਧਾਂ ਲਈ ਜੋ ਸ਼ਰਤਾਂ ਰੱਖੀਆਂ ਗਈਆਂ ਹਨ ਉਨ੍ਹਾਂ ਉਪਰ ਕਈਆਂ ਨੂੰ ਕੁਝ ਸ਼ੰਕੇ ਹਨ। ਇਸ ਲਈ ਡਾ: ਗੁਰਬਖਸ਼ ਸਿੰਘ ਜੀ ਸੇਵਕ ਲਿਖਦੇ ਹਨ ਕਿ ਉਹ ਸ਼ਰਤਾਂ ਕੇਵਲ ਇਸ ਕਮੇਟੀ ਨੇ ਤਜਵੀਜ਼ ਕਰ ਦਿੱਤੀਆਂ ਹਨ। ਵਕਤ ਬੜਾ ਤੰਗ ਹੈ ਇਸ ਲਈ ਪੰਥ ਦੀਆਂ ਸਭਾ ਸੁਸਾਇਟੀਆਂ ਵੱਲੋਂ ਚੋਣਵੇਂ ਪ੍ਰਤੀਨਿਧ ਭੇਜ ਦੇਣੇ ਚਾਹੀਦੇ ਹਨ। ਪੰਥ ਇਕੱਠਾ ਹੋ ਕੇ ਆਪ ਹੀ ਸ਼ਰਤਾਂ ਦਾ ਫ਼ੈਸਲਾ ਕਰ ਲਵੇਗਾ। ਪੰਥ ਨੂੰ ਘੱਟ ਵਧ ਕਰਨ ਦਾ ਹਰ ਤਰ੍ਹਾਂ ਅਧਿਕਾਰ ਹੈ। ਇਸ ਲਈ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਜ਼ਰੂਰੀ ਸਵਾਲ ਨੂੰ ਹਲ ਕਰਨ ਲਈ ਜ਼ਰੂਰ ਆਪਣੇ ਚੋਣਵੇਂ ਸੱਜਣ ਭੇਜਣੇ ਚਾਹੀਦੇ ਹਨ।

ਅਕਾਲੀ ਲਾਹੌਰ, ੧੦ ਨਵੰਬਰ ੧੯੨੦

ਖਾਲਸਾ ਕਾਲਜ ਅੰਮ੍ਰਿਤਸਰ

'ਸਚਾਈ' ਅਤੇ 'ਜ਼ੋਰ' ਦਾ ਜਬਰਦਸਤ ਘੋਲ

ਖਾਲਸਾ ਕਾਲਜ ਖਾਲਸਾ ਪੰਥ ਦਾ ਹੈ। ਗਰੀਬ ਸਿੱਖਾਂ ਨੇ ਲਹੂ ਦੀ ਕਮਾਈ ਵਿੱਚੋਂ ਪੈਸਾ-ਪੈਸਾ ਪਾ ਕੇ ਇਸ ਨੂੰ ਬਣਾਇਆ ਹੈ। ਇਸ ਉੱਤੇ ਸਰਕਾਰ ਦੇ ਅਯੋਗ ਕਬਜ਼ੇ ਬਾਬਤ ਪੰਥ ਪੁਕਾਰਾਂ ਤੇ ਫ਼ਰਿਯਾਦਾਂ ਕਰ ਕਰ ਕੇ ਥੱਕ ਟੁਟ ਗਿਆ ਹੈ। ਕੋਈ ਸੁਣਾਈ ਨਹੀਂ ਹੋਈ। ਹੁਣ ਸਰਕਾਰ ਇਸ ਨੂੰ ਰਿਆਸਤਾਂ ਦੇ ਅਤੇ ਹੋਰ ਗੋਰੇ ਦਿਲ ਵਾਲੇ ਸਿੱਖਾਂ ਦੇ ਰਾਹੀਂ ਇਸ ਨੂੰ ਆਪਣੇ ਹੀ ਕਬਜ਼ੇ ਵਿਚ ਰੱਖਣਾ ਚਾਹੁੰਦੀ ਹੈ।

ਪਰ ਨਾ ਮਿਲਵਰਤਨ ਦੀ ਲਹਿਰ ਨੇ ਵਿਦਿਆਰਥੀਆਂ ਦੇ ਅੰਦਰ ਖਾਲਸਈ ਆਨ ਨੂੰ ਜਗਾ ਦਿੱਤਾ ਹੈ। ਉਨ੍ਹਾਂ ਐਲਾਨ ਕਰ ਦਿੱਤਾ ਹੈ ਕਿ ਅਸੀਂ ਸਰਕਾਰੀ ਪ੍ਰਬੰਧ ਵਾਲੀ ਵਿੱਦਿਆ ਨੂੰ 'ਜ਼ਹਿਰ ਰਲੇ ਦੁਧ' ਦੇ ਬਰਾਬਰ ਸਮਝਦੇ ਹਾਂ ਪਰ ਅਸੀਂ ਇਹ ਨਹੀਂ ਪੀਂਦੇ। ਇਹ ਸਚਾਈ ਹੈ। ਹਰ ਇਕ ਦਾ ਹੱਕ ਹੈ ਕਿ ਜਿਸ ਵਿਚ ਆਪਣਾ ਲਾਭ ਵੇਖੇ ਉਹ ਕਰੇ ਵਿਦਿਆਰਥੀਆਂ ਨੇ ਸਮਝ ਲਿਆ ਹੈ ਕਿ ਇਸ ਵਿੱਦਿਆ ਨਾਲ ਕੌਮ ਮੁਰਦਾ ਬਣ ਰਹੀ ਹੈ। ਉਹ ਮੁਰਦਾ ਕੌਮ ਨਹੀਂ ਬਣਨਾ ਚਾਹੁੰਦੇ ਇਸ ਲਈ ਉਹ ਖਾਲਸਾ ਕੌਮੀ ਬਨਾਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨਗੇ। ਪਰ ਦੂਜੇ ਪਾਸੇ 'ਜ਼ੋਰ' ਹੈ ਸਭ ਤਰ੍ਹਾਂ ਦਾਉ ਪੇਚ ਜਾਣਦਾ ਹੈ। ਬੜੇ-ਬੜੇ ਪਹਿਲਵਾਨਾਂ ਨੂੰ ਇਸ ਨੇ ਢਾਇਆ ਹੈ ਇਸ ਲਈ ਇਹ ਸਚਾਈ ਨੂੰ ਢਾਹੁਣ ਲਈ ਵੀ ਛਿੰਝ ਰਚ ਬੈਠਾ ਹੈ। ਲੰਗਰ ਲੰਗੋਟੇ ਕਸ ਕੇ ਅਖਾੜੇ ਵਿਚ ਆ ਗਜਿਆ ਹੈ। ਤਮਾਸ਼ਾ ਵੇਖਣ ਵਾਲਿਆਂ ਦੀ ਵੀ ਬੜੀ ਭੀੜ ਹੈ। ਵੇਖੀਏ ਸਾਈਂ ਨੂੰ ਕੀ ਭਾਂਵਦਾ ਹੈ।

ਕਹਿੰਦੇ ਸਨ ਜਦ ਕਾਲਜ ਦੇ ਵਿਦਿਆਰਥੀਆਂ ਨਾਲ ਉਥੋਂ ਦੇ ਸਕੂਲ ਦੇ ਵਿਦਿਆਰਥੀਆਂ ਨੇ ਹਮਦਰਦੀ ਪ੍ਰਗਟ ਕੀਤੀ ਤਾਂ ਪ੍ਰਿੰਸੀਪਲ ਅਤੇ ਕਈ ਉਸ ਦੇ ਝੋਲੀ ਚੁਕ ਉਸਤਾਦ ਆਪੇ ਤੋਂ ਬਾਹਰ ਹੋ ਗਏ। ਜਮਾਤਾਂ ਵਿਚ ਉਨ੍ਹਾਂ ਨੂੰ ਝਾੜਾਂ ਪਾਈਆਂ ਗਈਆਂ ਅਤੇ ੬ ਤਾਰੀਖ਼ ਨੂੰ ਹੜਤਾਲ ਦੇ ਪੂਰੇ ਨਿਸ਼ਾਨ ਵੇਖ ਕੇ ਪ੍ਰਿੰਸੀਪਲ ਨੇ ਕਾਲਜ ਅਤੇ ਸਕੂਲ ਦੋਵੇਂ ੧੬ ਤਾਰੀਖ਼ ਤਕ ਬੰਦ ਕਰ ਦਿੱਤੇ ਹਨ; ਅਤੇ ਇਹ ਖ਼ਿਆਲ ਕਰ ਕੇ ਕਿ ਲੜਕੇ ਸ਼ਾਇਦ ਨਾ ਜਾਣ। ਲੰਗਰ ਬੰਦ ਕਰ ਦਿੱਤੇ ਗਏ, ਬਿਜਲੀ ਬੰਦ ਕਰ ਦਿੱਤੀ ਗਈ, ਇਥੋਂ ਤਕ ਕਿ ਖੂਹਾਂ ਤੋਂ ਲੱਜਾਂ ਵੀ ਉਤਾਰ ਲਈਆਂ ਗਈਆਂ ਲਾਗੇ ਤੇ ਤੰਦੂਰਾਂ ਵਾਲਿਆਂ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਤੰਦੂਰ ਬੰਦ ਕਰ ਦੇਣ ਲਈ ਮਜ਼ਬੂਰ ਕੀਤਾ ਗਿਆ। ਅਤੇ ਸੁਣਿਆ ਹੈ ਕਿ ਇਹ ਆਰਡਰ (ਹੁਕਮ) ਵੀ ਸੁਣਾਇਆ ਗਿਆ ਹੈ ਕਿ ਛੁਟੀਆਂ ਵਿਚ ਇਥੇ ਕੋਈ ਲੜਕਾ ਨਹੀਂ ਰਹਿ ਸਕਦਾ। ਜੇ ਕੋਈ ਰਹਿਣਾ ਚਾਹੇ ਤਾਂ ਉਹ ਖ਼ਾਸ ਆਗਿਆ ਲੈ ਕੇ ਰਹੇ ਪਰ ਉਸ ਨੂੰ ਮਿਯੂਨਸਿਪਲ ਕਮੇਟੀ ਦੀ ਹਦ ਅੰਦਰ ਜਾਣ ਦਾ ਹੁਕਮ ਨਹੀਂ ਹੋਵੇਗਾ। ਗੋਯਾ ਸ਼ਹਿਰ ਵਿਚ ਗੁਰਦੁਆਰੇ, ਦਰਬਾਰ ਸਾਹਿਬ ਜਾਂ ਕਿਸੇ ਜਲਸੇ ਵਿਚ ਜਾਣ ਦੀ ਆਗਿਆ ਨਾ ਹੋਵੇਗੀ।

ਮਾਰਸ਼ਲ ਲਾ ਦਾ ਬਚਾ

ਅਤੇ ਇਸ ਦਾ ਅਸਰ ਵਿਦਿਆਰਥੀਆਂ ਤੇ ਉਹਾ ਕੁਝ ਪਏਗਾ। ਜੋ ਕੁਝ ਉਡਵਾਇਰ ਦੇ ਮਾਰਸ਼ਲ ਲਾ ਦਾ ਸਾਰੀ ਕੌਮ ਤੇ ਪਿਆ ਹੈ। ਗੋਯਾ ਸਰਕਾਰ ਨਾਲ ਘ੍ਰਿਣਾ ਅਤੇ ਬੇਇਤਬਾਰੀ ਵਿਦਿਆਰਥੀਆਂ ਦੇ ਦਿਲਾਂ ਵਿਚ ਵੀ ਪੱਕੀ ਬੈਠ ਜਾਵੇਗੀ।

ਕਾਲਜ ਦੀ ਵਿਦਿਆਰਥੀ ਸਭਾ ਨੇ ੫ ਤਾਰੀਖ਼ ਨੂੰ ਹੀ ਫ਼ੈਸਲਾ ਕਰ ਕੇ ਨੋਟਿਸ ਲੱਗਾ ਦਿੱਤਾ ਸੀ ਕਿ ੬ ਨੂੰ ਹੜਤਾਲ ਕਰ ਦੇਣੀ ਹੈ। ਇਸ ਨੂੰ ਪ੍ਰਿੰਸੀਪਲ ਨੇ ਆਪਣੇ ਵੱਲੋਂ ਛੁਟੀਆਂ ਕਰ ਦਿੱਤੀਆਂ ਹਨ ਭਾਵੇਂ ਵਿਦਿਆਰਥੀਆਂ ਨੇ ਤਾਂ ਹੜਤਾਲ ਕਰ ਦਿੱਤੀ ਹੈ। ਪਰ ਪ੍ਰਿੰਸੀਪਲ ਸਾਹਿਬ ਸਮਝ ਰਹੇ ਹਨ ਕਿ ਛੁਟੀਆਂ ਕੀਤੀਆਂ ਹਨ। ਚੰਗਾ ਹੈ, ਜਦ ਤਕ ਨਿਭੇ, ਤਦ ਤਕ ਸਹੀ। ਜੇ ਉਹ ਅੱਖਾਂ ਬੰਦ ਕਰ ਕੇ ਦਿਲ ਨੂੰ ਤਸੱਲੀ ਦੇਣੀ ਅਤੇ ਖੁਸ਼ ਹੋਣਾ ਚਾਹੁੰਦੇ ਹਨ ਤਾਂ ਹੋ ਲੈਣ।

੫ ਤਾਰੀਖ਼ ਨੂੰ ਸ਼ਾਮ ਵੇਲੇ ਪੁਤਲੀਘਰ ਦੇ ਸਾਹਮਣੇ ਵਿਦਿਆਰਥੀਆਂ ਦਾ ਜਲਸਾ ਹੋਇਆ ਸ: ਸਰਦੂਲ ਸਿੰਘ ਜੀ, ਮਿ: ਸਨਤਾਨਮ, ਚੋਧਰੀ ਸਰਲਾ ਦੇਵੀ ਅਤੇ ਮਾਸਟਰ ਸੁੰਦਰ ਸਿੰਘ ਜੀ ਨੇ ਲੈਕਚਰ ਦਿੱਤੇ। ਅਤੇ ੬ ਤਾਰੀਖ਼ ਨੂੰ ਪ੍ਰੋਸੈਸ਼ਨ ਕੱਢਣਾ ਅਤੇ ਬੰਦੇ ਮਾਤਰਮ ਹਾਲ ਵਿਚ ਜਲਸਾ ਕਰਨਾ ਮਨਜ਼ੂਰ ਹੋਇਆ।

੬ ਨੂੰ ਸਾਢੇ ਦਸ ਵਜੇ ਹਾਲ ਦਰਵਾਜ਼ੇ ਤੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਂਦਾ ਹੋਇਆ ਵਿਦਿਆਰਥੀਆਂ ਦਾ ਪ੍ਰੋਸੈਸ਼ਨ ਚਲਿਆ। ਰਾਹ ਵਿਚ ਸਨਾਤਨ ਧਰਮ ਸਕੂਲ ਤੇ ਹੋਰ ਸਕੂਲਾਂ ਦੇ ਵਿਦਿਆਰਥੀ ਵੀ ਨਾਲ ਰਲ ਗਏ। ਦਰਬਾਰ ਸਾਹਿਬ ਦੇ ਦਰਸ਼ਨ ਕਰਕੇ ਤਖ਼ਤ ਅਕਾਲ ਬੁੰਗੇ ਅਰਦਾਸਾਂ ਕਰਾ ਕੇ ਸਾਰੇ ਹੀ ਬੰਦੇ ਮਾਤਰਮ ਹਾਲ ਵਿਚ ਆ ਗਏ।

ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਵਾਲਿਆਂ ਦੀ ਪ੍ਰਧਾਨਤਾ ਵਿਚ ਜਲਸਾ ਹੋਇਆ। ਡਾਕਟਰ ਕਿਚਲੂ, ਚੌ: ਸਰਲਾ ਦੇਵੀ, ਮਾ: ਸੁੰਦਰ ਸਿੰਘ ਜੀ, ਸ: ਦਾਨ ਸਿੰਘ, ਮਾਸਟਰ ਮੋਤਾ ਸਿੰਘ ਜੀ ਦੇ ਲੈਕਚਰ ਹੋਏ। ਛੇਕੜ ਇਹ ਗੁਰਮਤੇ ਪਾਸ ਹੋਏ—

੧. ਖਾਲਸਾ ਕਾਲਜ ਦੇ ਵਿਦਿਆਰਥੀਆਂ ਅਤੇ ਹੋਰ ਸੰਗਤ ਦਾ ਇਹ ਜਲਸਾ ਖਾ: ਕਾਲਜ ਸਬੰਧੀ ਸਰਕਾਰ ਦੇ ਵਤੀਰੇ ਤੇ ਘ੍ਰਿਣਾ ਪ੍ਰਗਟ ਕਰਦਾ ਹੈ ਸ: ਮਸਤਾਨ ਸਿੰਘ ਜੀ ਐਮ. ਏ. ਕਲਾਸ ਨੇ ਪੇਸ਼ ਕੀਤਾ ਅਤੇ ਸ: ਕੇਹਰ ਸਿੰਘ ਜੀ ਬੀ. ਏ. ਕਲਾਸ ਨੇ ਪੁਸ਼ਟੀ ਕੀਤੀ।

੨. ਪਾਸ ਹੋਇਆ ਕਿ ਖ਼ਾਸ ਕਰ ਸਾਰੇ ਖਾਲਸਾ ਸਕੂਲਾਂ ਅਤੇ ਹੋਰ ਸਕੂਲਾਂ ਦੇ ਅਗੇ ਬੇਨਤੀ ਕੀਤੀ ਜਾਵੇ ਕਿ ੧੬ ਨਵੰਬਰ ਨੂੰ ਇਕ ਦਿਨ ਲਈ ਹੜਤਾਲ ਕਰ ਕੇ ਆਪਣੀ ਹਮਦਰਦੀ ਪ੍ਰਗਟ ਕਰਨ, ਸ: ਰਣਬੀਰ ਸਿੰਘ ਬੀ. ਏ. ਕਲਾਸ ਨੇ ਪੇਸ਼ ਕੀਤਾ ਤੇ ਇਕ ਹੋਰ ਵਿਦਿਆਰਥੀ ਨੇ ਪੁਸ਼ਟੀ ਕੀਤੀ।

੩. ਸ: ਅਮਰ ਸਿੰਘ ਜੀ ਝਬਾਲ ਵਾਲਿਆਂ ਦੇ ਪੇਸ਼ ਕਰਨ ਅਤੇ ਸ: ਸਰਦੂਲ ਸਿੰਘ ਜੀ ਦੇ ਪੁਸ਼ਟੀ ਕਰਨ ਤੇ ਪਾਸ ਹੋਇਆ ਕਿ "ਇਹ ਖਾਲਸਾ ਸਕੂਲ ਸਿਆਲਕੋਟ ਦੇ ਇਕ ਵਿਦਿਆਰਥੀ ਨੂੰ ਇਕ ਜਲਸੇ ਵਿਚ ਜਾਣ ਦੇ ਕਸੂਰ ਬਦਲੇ ਢਾਈ ਦਰਜਨ ਪਿੰਨੀਆਂ ਤੇ ਬੈਂਤ ਮਾਰਨ ਪਰ ਸਖ਼ਤ ਘ੍ਰਿਣਾ ਪ੍ਰਗਟ ਕਰਦਾ ਹੈ ਅਤੇ ਸਕੂਲ ਕਮੇਟੀ ਨੂੰ ਸਿਫ਼ਾਰਸ਼ ਕਰਦਾ ਹੈ ਕਿ ਹੈੱਡਮਾਸਟਰ ਨੂੰ ਕਢ ਦਿੱਤਾ ਜਾਵੇ ਭਾਈਚਾਰਕ ਤੌਰ ਤੇ ਛੇਕਿਆ ਜਾਵੇ। ਅੰਤ ਨੂੰ ਵਿਦਿਆਰਥੀਆਂ ਨੂੰ ਆਖਿਆ ਗਿਆ ਕਿ ਘਰੋਂ ਘਰੀ ਤੇ ਜਾਓ ਅਤੇ ਸ਼ਾਂਤ ਮਈ ਤਰੀਕੇ ਨਾਲ ਸਭ ਨੂੰ ਨਾ ਮਿਲਵਰਤਨ ਸਮਝਾਉ, ੧੪ ਤਾਰੀਖ਼ ਨੂੰ ਅੰਮ੍ਰਿਤਸਰ ਵਾਪਸ ਪਹੁੰਚ ਜਾਵੇ।

ਖਾਲਸਾ ਕਾਲਜ ਅਤੇ ਸਿੱਖ

ਪ੍ਰਿੰਸੀਪਲ ਜੋਧ ਸਿੰਘ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਦੀ ਪਤ੍ਰਿੱਕਾ ਸਬੰਧੀ ਸ: ਸਰਦੂਲ ਸਿੰਘ ਜੀ ਕਵੀਸ਼ਰ ਲਿਖਦੇ ਹਨ—

ਕਿ ਗੁਜਰਾਂਵਾਲੇ ਦੇ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਿੰਸੀਪਲ ਨੇ ਜਿਸ ਤਰੀਕੇ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਸਿੱਖ ਗੁਰਦੁਆਰਿਆਂਨੂੰ ਪੇਸ਼ ਕੀਤਾ ਹੈ ਉਸ ਨੂੰ ਹੋਰ ਸੱਜਣ ਤਾਂ ਭਾਵੇਂ ਕੁਝ ਵੀ ਸਮਝਣ ਪਰ ਸਾਰੇ ਠੀਕ ਹਿਰਦਿਆਂ ਵਾਲੇ ਸਿੱਖ ਤਾਂ ਇਹੋ ਸਮਝਣਗੇ ਕਿ ਸਿੱਖ ਲੀਡਰਾਂ ਅਤੇ ਹਜ਼ੂਰ ਲਾਟ ਸਾਹਿਬ ਵਿਚਕਾਰ ਜੋ ਆਮੋ ਸਾਹਮਣੇ ਗੱਲਾਂ

ਹੋਈਆਂ ਹਨ ਉਸ ਦਾ ਭੈੜਾ ਅਸਰ ਹੋਵੇਗਾ ਇਜ ਤਾਂ ਆਮ ਮਸ਼ਹੂਰ ਗੱਲ ਹੈ ਕਿ ਪੰਜਾਬ ਦੇ ਕੁਝ ਅਫ਼ਸਰ ਤੇ ਉਨ੍ਹਾਂ ਦੇ ਝੋਲੀ ਚੁੱਕ ਇਸ ਗੱਲ ਦਾ ਬੜਾ ਯਤਨ ਕਰ ਰਹੇ ਹਨ ਕਿ ਹਿੰਦੀ ਕੌਮਾਂ ਵਿਚ ਫੋਟਕ ਪਾ ਦਿੱਤਾ ਜਾਏ ਅਖ਼ਬਾਰ ਟਰੀਬਿਊਨ ਦੇ ਪਾਠਕ ਜਾਣਦੇ ਹਨ ਕਿ ਕਿਸ ਪ੍ਰਕਾਰ ਇਕ ਮੁਸਲਮਾਨ ਸੱਜਣ ਨੇ ਜਿਸ ਦਾ ਇਸ ਸੂਬੇ ਦੀ ਸਰਕਾਰ ਨਾਲ ਸਬੰਧ ਸੀ ਕਿਸ ਪ੍ਰਕਾਰ, ਮੁਸਲਮਾਨਾਂ ਦੇ ਜਲਸੇ ਵਿਚ ਹਿੰਦੂ ਮੁਸਲਮਾਨਾਂ ਨੂੰ ਫਾੜਨ ਲਈ ਤੇ ਉਨ੍ਹਾਂ ਵਿਚ ਵੈਰ ਵਿਰੋਧ ਪਾਉਣ ਲਈ ਯਤਨ ਕੀਤਾ ਪਰੰਤੂ ਇਸ ਮੁਜਰਮਾਨੇ ਪ੍ਰਚਾਰ ਵਿਚ ਕੇਵਲ ਇਹੋ ਇਕ ਸੱਜਣ ਹੀ ਨਹੀਂ ਲੱਗਾ ਹੋਇਆ, ਇਸ ਤਰ੍ਹਾਂ ਦੇ ਬੁਲਾਰੇ ਹਿੰਦੂ ਤੇ ਸਿੱਖਾਂ ਵਿਚ ਵੀ ਹਨ। ਅਜੇ ਥੋੜ੍ਹੇ ਚਿਰ ਦੀ ਗੱਲ ਹੈ ਕਿ ਇਕ ਸਿੱਖ ਸੱਜਣ ਨੇ ਠੀਕ ਇਹੋ ਜਿਹਾ ਹੀ ਕੰਮ, ਇਕ ਸਿੱਖਾ ਦੇ ਭਾਰੀ ਇਕੱਠ ਵਿਚ ਕੀਤਾ ਅਤੇ ਆਪਣਾ ਸਾਰਾ ਜ਼ੋਰ ਇਸੇ ਹਾਲ ਉਪਰ ਲਾਇਆ ਅਤੇ ਜੋ ਵੀ ਦੋਸ਼ ਹੋ ਸਕਿਆ ਹਿੰਦੂ ਮੁਸਲਮਾਨਾਂ ਦੇ ਸਿਰ ਥਾਪਨ ਦਾ ਯਤਨ ਕੀਤਾ ਅਤੇ ਮੈਂ ਸੁਣਦਾ ਹਾਂ ਕਿ ਇਕ ਹਿੰਦੂ ਸੱਜਣ ਵੀ ਇਹੋ ਜਿਹੀਆਂ ਚਲਾਕੀਆਂ ਆਪਣੇ ਹਿੰਦੂ ਭਰਾਵਾਂ ਨਾਲ ਕਰ ਰਿਹਾ ਹੈ।

ਇਨ੍ਹਾਂ ਹਾਲਤਾਂ ਨੂੰ ਮੁਖ ਰੱਖ ਕੇ ਪ੍ਰਿੰਸੀਪਲ ਜੋਧ ਸਿੰਘ ਜੀ ਦੀ ਤਜਵੀਜ਼ ਭਾਵੇਂ ਉਹ ਕਿਸੇ ਦੀ ਚੁਕ ਤੋਂ ਰਹਿਤ ਵੀ ਕਿਉਂ ਨਾ ਹੋਵੇ ਇਹ ਦੱਸਣ ਦੀ ਲੋੜ ਨਹੀਂ ਕਿ ਇਸ ਸਮੇਂ ਬਹੁਤ ਹੀ ਅਸ਼ੁਭ ਹੈ।

ਦਰਅਸਲ ਬਹੁਤ ਸਾਰੇ ਸਿੱਖਾਂ ਨੂੰ ਪਤਾ ਹੈ ਸਰਕਾਰ ਦੇ ਕੁਝ ਅਫ਼ਸਰ ਇਸ ਗੱਲ ਦੇ ਬੜੇ ਚਾਹਵਾਨ ਹਨ ਕਿ ਸਿੱਖਾਂ ਨੂੰ ਹਿੰਦੀ ਤਰੀਕਾਂ ਤੋਂ ਵਖਰੇ ਰੱਖਿਆ ਜਾਵੇ ਅਤੇ ਉਨ੍ਹਾਂ ਨੇ ਆਪਣੀ ਮਰਜ਼ੀ ਇਕ ਤੋਂ ਵਧ ਵਾਰੀ ਪ੍ਰਗਟ ਕੀਤੀ ਹੈ ਜੇ ਸਿੱਖਾਂ ਦਾ ਲਾਲਚੀ ਹਿੱਸਾ ਕੇਵਲ ਇਹ ਗਰੰਟੀ ਕਰਦਾ ਕਿ ਸਿੱਖ ਹਿੰਦੀ ਸਵਾਲਾਂ ਨਾਲ ਸਬੰਧ ਨਹੀਂ ਰੱਖਣਗੇ ਤਦ ਉਹ ਆਪਣੀ ਮੇਜ਼ ਤੋਂ ਕੁਝ ਰਿਐਤਾਂ ਉਨ੍ਹਾਂ ਦੀ ਝੋਲੀ ਪਾਉਣ ਲਈ ਤਿਆਰ ਹੈ।

ਸ: ਜੋਧ ਸਿੰਘ ਦਾ ਇਹ ਰੀਮਾਰਕ ਕੇ "ਸਿੱਖਾਂ ਦੇ ਸਵਾਲ ਪੰਜਾਬ ਦੇ ਸਵਾਲ ਹਨ" ਨਾ ਕੇਵਲ ਅਸ਼ੁਧ ਤੇ ਗਲਤ ਰਾਹ ਪਾਉਣ ਵਾਲਾ ਹੀ ਹੈ ਸਗੋਂ ਘੱਟ ਤੋਂ ਘੱਟ ਇਸ ਸ਼ਕਲ ਵਿਚ ਵੀ ਹੈ ਜਿਹਾ ਕਿ ਉਪਰੋਕਤ ਦੱਸੇ ਸਰਕਾਰੀ ਅਫ਼ਸਰਾਂ ਦੇ ਵਤੀਰੇ ਤੋਂ ਟਪਕਦਾ ਹੈ ਹੁਣ ਸਿੱਖਾਂ ਦੇ ਸਵਾਲ ਸਿੱਖਾਂ ਦੇ ਸਵਾਲ ਹਨ, ਸਿੱਖ ਸਰਕਾਰ ਦੇ ਬਣੇ ਹੋਏ ਹਨ ਅਤੇ ਹੋਰ ਕੌਮਾਂ ਨੂੰ ਵੈਰ ਨਾਲ ਦੇਖਦੇ ਹਨ ਜਿਹਾ ਕਿ ਕੁਝ ਕੁ ਉਨ੍ਹਾਂ ਦੇ ਲੀਡਰ ਪ੍ਰਚਾਰ ਕਰਦੇ ਸਨ ਹੁਣ ਖਾਲਸੇ ਨੇ ਨਿਸਚਾ ਧਾਰ ਲਿਆ ਹੈ ਕਿ ਉਹ ਹੁਣ ਆਪਣੀਆਂ ਹਿੰਦੀ ਕੌਮਾਂ ਨਾਲ ਹੀ "ਹਮੂੰ ਯਾਰਾ ਦੋਜ਼ਖ਼ ਹਮੂੰਯਾਰਾਂ ਬਹਿਸ਼ਤ" ਹੋ ਕੇ ਰਹੇਗਾ ਅਤੇ ਅਫ਼ਸਰਾਂ ਤੇ ਝੋਲੀ ਚੁਕਾਂ ਦੀਆਂ ਸਭ ਕੋਸ਼ਿਸ਼ਾਂ ਨੂੰ ਮਲੀਆ ਮੇਟ ਕਰੇਗਾ ਜਿਹੜੇ ਇਸ ਪਾਲਿਸੀ ਦੇ ਪਿਛੇ ਲਗਣ ਦੇ ਹਾਮੀ ਹਨ ਕਿ "ਪਾੜੋ ਤੇ ਰਾਜ ਕਰੋ।" ਮੈਨੂੰ ਆਸ਼ਾ ਹੈ ਕਿ ਪ੍ਰਿੰਸੀਪਲ ਸਾਹਿਬ ਗੁਰੂ ਨਾਨਕ ਖਾਲਸਾ ਕਾਲਜ ਦਾ ਇਹ ਮਤਲਬ ਨਹੀਂ ਸੀ ਜੋ ਉਨ੍ਹਾਂ ਕਿਹਾ ਹੈ ਅਤੇ ਉਹ ਇਸ ਲਾਭ ਵਿਚ ਅਨਜਾਣ-ਪੁਨੇ ਨਾਲ ਹੀ ਕੁਝ ਹੋਰ ਸੋਚਦੇ-ਸੋਚਦੇ ਫਸ ਗਏ ਹਨ।

ਸਿੱਖਾਂ ਨੇ ਹੁਣ ਇਸ ਗੱਲ ਨੂੰ ਸਾਫ਼ ਤੌਰ 'ਤੇ ਪ੍ਰਗਟ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਕਦੀ ਤਸੱਲੀ ਨਹੀਂ ਹੋ ਸਕਦੀ ਜਦ ਤਕ ਉਹ 'ਸਵਰਾਜ' ਹਾਸਲ ਨਾ ਕਰ ਲੈਣਗੇ ਕਿਉਂਕਿ ਇਹ ਤਦ ਹੀ ਹੋ ਸਕੇਗਾ ਕਿ ਉਹ ਆਪਣੇ ਵਿੱਦਿਅਕ ਤੇ ਧਾਰਮਕਿ ਅਸਥਾਨ ਸਰਕਾਰ ਦੇ ਜੱਫ਼ੇ ਵਿੱਚੋਂ ਕਢ ਸਕਣ, ਨਾਲੇ ਆਪਣੇ ਪੋਲੀਟੀਕਲ ਕੈਦੀ ਜਿਹਾ ਕੇ ਭਾਈ ਰਣਧੀਰ ਸਿੰਘ ਜੀ ਤੇ ਭਾਈ ਚਤਰ ਸਿੰਘ ਆਦਿਕਾਂ ਨੂੰ ਜੇਲ੍ਹਾਂ ਵਿੱਚੋਂ ਛੁਡਾ ਸਕਣਗੇ ਅਤੇ ਕੇਵਲ ਉਦੋਂ ਹੀ ਸਾਡੇ ਤੇ ਹਿੰਦੂ ਮੁਸਲਮਾਨਾਂ ਦੇ ਅਣਗਿਣਤ ਦੁਖੜੇ ਨਜਿਠੇ ਜਾ ਸਕਣਗੇ। ਆਮੋ ਸਾਹਮਣੇ ਗੱਲਾਂ ਦਾ ਸਵਾਲ ਹੁਣ ਇਸ ਕੌਮ ਨਾਲ ਤੇ ਉਦੋਂ ਉਸ ਕੌਮ ਨਾਲ ਇਸ ਵੇਲੇ ਬੀਤ ਚੁਕਾ ਹੈ, ਅਤੇ ਸਾਰੇ ਦੇਸ਼ ਹਿਤੈਸ਼ੀਆਂ ਨੂੰ ਜਿਨ੍ਹਾਂ ਦੇ ਦਿਲ ਵਿਚ ਦੇਸ਼ ਦਾ ਭਲਾ ਹੈ। ਇਸ ਤੋਂ ਮੂੰਹ ਮੋੜ ਲੈਣਾ ਚਾਹੀਦਾ ਹੈ।

ਦੀਵਾਲੀ ਅਤੇ ਸਿੱਖ ਲੀਗ

(ਸਰਦਾਰ ਜਸਵੰਤ ਸਿੰਘ ਜੀ ਝਬਾਲ ਵੱਲੋਂ)

ਖਾਲਸਾ ਜੀ ਆਪ ਨੂੰ ਅਰੂੜ ਸਿੰਘ ਦੇ ਵੇਲੇ ਦੀਆਂ ਕੁਰੀਤੀਆਂ ਅਤੇ ਪੁਜਾਰੀਆਂ ਦੀਆਂ ਮਨਮਤਾ ਭੁਲੀਆਂ ਨਹੀਂ ਹੋਣੀਆਂ ਕਿੰਨਾ ਮੇਹਨਤਾ ਤੇ ਕੁਰਬਾਨੀਆਂ ਨਾਲ ਉਸ ਨੂੰ ਹਟਾਇਆ ਗਿਆ ਹੈ ਤੇ ਹੁਣ ਸੈਂਟ੍ਰਲ ਖਾਲਸਾ ਦੀਵਾਨ ਤਖ਼ਤ ਅਕਾਲ ਬੁੰਗੇ ਦੀ ਸੇਵਾ ਕਰ ਰਿਹਾ ਹੈ। ਹੁਣ ਸਤਿਸੰਗ, ਕੀਰਤਨ ਪ੍ਰਚਾਰ ਦੀ ਲਹਿਰ ਜਰਾ ਵਧ ਹੋ ਗਈ

ਹੈ। ਆਮਦਨ ਵਧ ਗਈ ਹੈ।

ਪਰ ਸ਼ੈਤਾਨ ਲੋਕ ਭੋਲੇ ਭਾਲੇ ਸਿੱਖਾਂ ਨੂੰ ਟਪਲੇ ਦੇ ਰਹੇ ਹਨ। ਗ਼ਲਤ ਗੱਲਾਂ ਦੱਸ-ਦੱਸ ਕੇ ਭੜਕਾ ਰਹੇ ਹਨ। ਇਸ ਲਈ ਜ਼ਰੂਰੀ ਬੇਨਤੀ ਹੈ ਕਿ ਕੋਈ ਗੱਲ ਸੁਣ ਕੇ ਹੀ ਇਤਬਾਰ ਨਾ ਕਰ ਲਵੋ ਆਕੇ ਸੇਵਕਾਂ ਪਾਸੋਂ ਪੁੱਛ ਕੇ ਤਸੱਲੀ ਕਰੋ।

ਦੀਵਾਲੀ ਦੇ ਮੇਲੇ ਉੱਤੇ ਅਸੀਂ ਪੁਲਿਸ ਨੂੰ ਨਹੀਂ ਬੁਲਾਣਾ ਚਾਹੁੰਦੇ। ਵਾਲੰਟੀਅਰਜ਼ (ਸੇਵਕ ਜਥੇ) ਪ੍ਰਬੰਧ ਕਰਨਗੇ। ਇਸ ਲਈ ਜਿਨ੍ਹਾਂ-ਜਿਨ੍ਹਾਂ ਨੇ ਸੇਵਾ ਕਰਨੀ ਹੋਵੇ ਦਾਸ ਨੂੰ ਨਾਮ ਲਿਖਾ ਦੇਣ ਅਤੇ ਸਰਕਾਰ ਨੂੰ ਦੱਸ ਦੇਣ ਕਿ ਅਸੀਂ ਪੁਲਿਸ ਨਾਲੋਂ ਚੰਗਾ ਪ੍ਰਬੰਧ ਕਰ ਸਕਦੇ ਹਾਂ।

ਇਸ ਤੋਂ ਬਿਨਾਂ ਦੀਵਾਲੀ ਦੇ ਮੌਕੇ ਸਿੱਖ ਲੀਗ ਦਾ ਜਲਸਾ ਵੀ ਹੋਵੇਗਾ ਤੇ ਪ੍ਰਚਾਰ ਹੋਵੇਗਾ। ਸੈਂਕੜੇ ਵਾਲੰਟੀਅਰਾਂ ਦੇ ਨਾਮ ਲਿਖਾ ਦਿੱਤੇ ਹਨ ਪਰ ਹਾਲਾਂ ਹੋਰ ਵੀ ਬਹੁਤ ਲੋੜ ਹੈ।

ਅਕਾਲੀ ਲਾਹੌਰ, ੧੧ ਨਵੰਬਰ ੧੯੨੦

ਸਖ਼ਤੀ ਦਾ ਨਵਾਂ ਦੌਰ ਆਰੰਭ

ਸਰਦਾਰ ਮੰਗਲ ਸਿੰਘ ਜੀ ਐਡੀਟਰ 'ਅਕਾਲੀ' ਫੜੇ ਗਏ

"ਅਕਾਲੀ" ਦੇ ਪਾਠਕ ਇਹ ਖ਼ਬਰ ਡਾਢੇ ਰੰਜ ਨਾਲ ਸੁਣਨਗੇ ਕਿ ੮ ਨਵੰਬਰ ਰਾਤ ਦੇ ੧੦ ਵਜੇ ਸਰਦਾਰ ਮੰਗਲ ਸਿੰਘ ਜੀ ਬੀ. ਏ. ਐਡੀਟਰ "ਅਕਾਲੀ" ਦਫ਼ਤਰ ਵਿੱਚੋਂ ਫੜ ਲਏ ਗਏ ਹਨ। ਆਪ ਨੇ ਅੱਜ ਤਸੀਲਦਾਰੀ ਦੀ ਕੁਰਸੀ ਤੇ ਬਿਰਾਜੇ ਹੋਣਾ ਸੀ ਪਰ ਕੌਮੀ ਪਿਆਰ ਨੇ ਆਪ ਤੋਂ ਉਹ ਲੋਕਾਂ ਦਾ ਲਹੂ ਨਚੋੜਨ ਵਾਲੀ ਕੁਰਸੀ ਛੁਡਵਾ ਕੇ ਹਵਾਲਾਤ ਦੀ ਕੋਠੜੀ ਵਿਚ ਬੰਦ ਹੋਣ ਦੀ ਵਡਿਆਈ ਦਿੱਤੀ!

ਇਕ ਸਿੱਖ ਪੁਲਿਸ ਇੰਨਸਪੈਕਟਰ ਕੁਝ ਸਿਪਾਹੀਆਂ ਸਣੇ ਟਾਂਗਾ ਲੈ ਕੇ ਆਏ ਅਤੇ ਸਰਦਾਰ ਜੀ ਨੂੰ ਕਿਨਾਰੇ ਕਰ ਕੇ ਵਾਰੰਟ ਗ੍ਰਿਫ਼ਤਾਰੀ ਦੱਸੇ। ਸਰਦਾਰ ਜੀ ਨੇ ਖਿੜੇ ਮੱਥੇ ਨਾਲ ਕਿਹਾ ਕਿ ਮੈਂ ਬੜੀ ਖੁਸ਼ੀ ਨਾਲ ਜਾਣ ਨੂੰ ਤਿਆਰ ਹਾਂ। ਵਾਰੰਟ ਦੀ ਖ਼ਬਰ ਕੇਵਲ ਦਸ ਮਿੰਟ ਪਹਿਲਾਂ ਲੱਗੀ ਸੀ ਤੇ ਸਰਦਾਰ ਜੀ ਕੱਪੜੇ ਪਾ ਕੇ ਅਗੇ ਹੀ ਜਾਣ ਨੂੰ ਤਿਆਰ ਬੈਠੇ ਸਨ। ਟਾਂਗੇ ਤੇ ਬੈਠਾ ਕੇ ਆਪ ਨੂੰ ਨੌਲੱਖੇ ਥਾਣੇ ਵਿਚ ਲੈ ਗਏ ਗਿਆਨੀ ਹੀਰਾ ਸਿੰਘ ਆਪ ਦੇ ਨਾਲ ਗਏ ਗਿਆਨੀ ਹੀਰਾ ਸਿੰਘ ਨੂੰ ਵਾਪਸ ਆਉਣ ਵੇਲੇ ਆਪ ਨੇ ਸੱਜਣਾਂ ਮਿੱਤਰਾਂ ਵੱਲ ਇਹ ਸੁਨੇਹਾ ਦਿੱਤਾ ਹੈ—"ਮੈਂ ਸਚਾਈ ਅਤੇ ਨਿਆਂ ਦੀ ਖ਼ਾਤਰ ਹਰ ਤਰ੍ਹਾਂ ਦੇ ਦੁਖ ਗੁਰ ਸਿੱਖਾਂ ਵਾਂਗ ਸੁਖ ਜਾਣਕੇ ਸਹਾਰਾਂਗਾ ਆਪ ਕਿਸੇ ਤਰ੍ਹਾਂ ਫਿਕਰ ਨਾ ਕਰਨਾ ਗੁਰੂ ਕਲਗੀ ਵਾਲਾ ਮੇਰੇ ਅੰਗ ਸੰਗ ਹੈ" ਇੰਨਸਪੈਕਟਰ ਸਾਹਿਬ ਬੜੀ ਮਿਠੀ ਤਰ੍ਹਾਂ ਪੇਸ਼ ਆਏ। ਡੇਰੇ ਤੋਂ ਇਸ ਤਰ੍ਹਾਂ ਭੇਜਣ ਲਈ ਆਪ ਨੇ ਆਗਿਆ ਕੀਤੀ ਜੋ ਉਸੇ ਵਕਤ ਭੇਜ ਦਿੱਤਾ ਗਿਆ ਪਿੱਛੋਂ ਪਤਾ ਲੱਗਾ ਹੈ ਕਿ ਆਪ ਦੇ ਗਾਤਰੇ ਦੀ ਕ੍ਰਿਪਾਨ ਉਤਾਰ ਲਈ ਗਈ ਹੈ। ਹੁਣ **ਸਖ਼ਤੀ ਦਾ ਨਵਾਂ ਦੌਰ** ਆਰੰਭ ਹੋ ਗਿਆ ਹੈ। ਅਜੇ ਕੁਝ ਹੋਰ ਸਿਖਾਂ ਦੇ ਫੜੇ ਜਾਣ ਦੀ ਅਫ਼ਵਾਹ ਵੀ ਉਡ ਰਹੀ ਹੈ। ਗੁਰੂ ਕਰੇ ਇਹ ਸਚੀ ਹੋਵੇ, ਕਿਉਂਕਿ ਕੁਝ ਚਿਰ ਤੋਂ ਸਿੱਖ ਕੌਮ ਇਹ ਤੁਕ ਭੁਲ ਗਈ ਸੀ—

ਦੁਖ ਦਾਰੂ ਸੁਖ ਰੋਗ ਭਇਆ

ਸੁਖ ਦੇ ਰੋਗ ਵਿਚ ਇਸ ਨੇ ਆਪਣੀ ਆਨ ਅਤੇ ਵਡਿਆਈ ਗਵਾ ਲਈ ਸੀ। ਭਾਵੇਂ ਨੌਕਰਸ਼ਾਹੀ ਸਖ਼ਤੀ ਨੂੰ ਆਪਣੇ ਲਾਭ ਵਾਸਤੇ ਵਰਤਣ ਲੱਗੀ ਹੈ ਪਰ ਇਹ ਸਖ਼ਤੀ ਅਸਲ ਵਿਚ ਰੋਗੀਆਂ ਦੀ ਦਵਾਈ ਹੈ।

ਪਿਆਰੇ ਗੁਰੂ ਦੇ ਬੀਰੋ! ਆਪ ਹਰ ਤਰ੍ਹਾਂ ਦੇ ਦੁਖੜੇ ਝਲਣ ਲਈ ਤਿਆਰ ਰਹੋ, ਗੁਰੂ ਨੂੰ ਅੰਗ ਸੰਗ ਜਾਣੋ, ਧਰਮ ਅਤੇ ਸਚਾਈ ਦੀ ਖ਼ਾਤਰ ਕਿਸੇ ਤੋਂ ਨਾ ਡਰੋ।

ਅਕਾਲੀ ਅਤੇ ਪੁਲਿਸ

ਸ਼ਨੀਚਰਵਾਰ ਨੂੰ ਭਾਈ ਦਿਆਲ ਸਿੰਘ 'ਅਕਾਲੀ' ਅਖ਼ਬਾਰ ਦਾ ਅੰਮ੍ਰਿਤਸਰ ਦਾ ਏਜੰਟ ਪੰਜ ਸੌ ਪਰਚੇ ਲੈ ਕੇ ਲਾਹੌਰ ਤੋਂ ਅੰਮ੍ਰਿਤਸਰ ੧੦ ਵਜੇ ਦੀ ਗੱਡੀ ਤੇ ਚਲਿਆ ਇਹ ਰੋਜ਼ ਇਥੋਂ ਆਪ ਪਰਚੇ ਲੈ ਜਾਇਆ ਕਰਦਾ ਹੈ।

ਸਟੇਸ਼ਨ ਉੱਤੇ ਇਕ ਸਿੱਖ ਸਰਦਾਰ ਨੇ ਇਸ ਤੋਂ ਪਰਚਾ ਮੁਲ ਮੰਗਿਆ ਜੋ ਇਸ ਨੇ ਦੇ ਦਿੱਤਾ। ਪਹਿਲੇ ਸਫ਼ੇ ਉੱਤੇ ਹੀ ਜਦ ਉਸ ਨੇ ਪੜ੍ਹਿਆ—

'ਗੈਰਾਂ ਹੱਥ ਫੜੀ ਦਾੜ੍ਹੀ ਆਪਣੀ ਛੁਡਾ ਲਵੋ'

ਤਾਂ ਉਹ ਸੜ ਭੁਜ ਗਿਆ। ਉਸੇ ਵੇਲੇ ਇਕ ਕਰਾਂਟੇ ਨੇ ਵੀ ਇਕ ਪਰਚਾ ਖਰੀਦ ਲਿਆ। ਸੁਣਿਆ ਹੈ ਕਿ ਉਹ ਸਿੱਖ ਮਸ਼ਹੂਰ ਸੁਖਾ ਸਿੰਘ ਸੀ. ਆਈ. ਡੀ. ਦਾ ਸਰਦਾਰ ਸੀ ਅਤੇ ਉਸ ਦੇ ਕਹਿਣ ਨਾਲ ਹੀ ਉਸ ਕਰਾਂਟੇ ਨੇ ਵੀ ਪਰਚਾ ਖਰੀਦਿਆ। ਉਸ ਦੀ ਹਦਾਇਤ ਨਾਲ ਪੁਲਿਸ ਨੇ ਦਿਆਲ ਸਿੰਘ ਨੂੰ ਫੜ ਕੇ ਰੇਲਵੇ ਥਾਣੇ ਵਿਚ ਬਿਠਾ ਲਿਆ। ਇਥੋਂ ਤਕ ਕਿ ਗੱਡੀ ਵਿੱਚੋਂ ਪੰਜ ਸੌ 'ਅਕਾਲੀ' ਦੇ ਪਰਚੇ ਵੀ ਉਤਾਰਨ ਨਹੀਂ ਦਿੱਤੇ ਗਏ। ਅਤੇ ਦਿਆਲ ਸਿੰਘ ਦੇ ਤਾਕੀਦ ਕਰਨ ਤੇ ਵੀ ਪਰਚੇ ਉਤਾਰਨ ਲਈ ਸਟੇਸ਼ਨ ਮਾਸਟਰ ਨੂੰ ਤਾਰ ਨਹੀਂ ਭੇਜੀ ਗਈ। ਅਰ ਜਦ ਦਫ਼ਤਰ ਵਿਚ ਪਤਾ ਲੱਗਾ ਤੇ ਗਿਆਨੀ ਹੀਰਾ ਸਿੰਘ ਨੇ ਥਾਣੇ ਵਿੱਚੋਂ ਜਾ ਕੇ ਪਤਾ ਕੀਤਾ ਤਾਂ ਇੰਨਸਪੈਕਟਰ ਸਾਹਿਬ ਨੇ ਉਸੇ ਵੇਲੇ ਦਿਆਲ ਸਿੰਘ ਨੂੰ ਟ੍ਰੈਫਕ ਸੁਪਰਟੈਂਡੰਟ ਦੇ ਪੇਸ਼ ਕੀਤਾ। ਸਾਹਿਬ ਨੇ ਅਰਜ਼ੀ ਅਤੇ ਅਖ਼ਬਾਰ ਦਾ ਪਰਚਾ ਫਾੜ ਕੇ ਰਦੀ ਵਿਚ ਸੁਟ ਦਿੱਤਾ ਤੇ ਦਿਆਲ ਸਿੰਘ ਨੂੰ ਕਿਹਾ ਕਿ 'ਜਾਓ ਔਰ ਸਟੇਸ਼ਨ ਪਰ ਅਖ਼ਬਾਰ ਮਤ ਬੇਚਾ ਕਰੋ'।

ਜੈਂਟਲਮੈਨਾਂ ਦੇ ਮੰਗਣ ਉੱਤੇ ਦੋ ਪਰਚੇ ਵੇਚਣ ਬਦਲੇ ਇਹ ਸਜ਼ਾ ਮਿਲ ਗਈ ੩ ਘੰਟੇ ਉਸ ਨੂੰ ਭੁਖੇ ਭਾਣਾ ਥਾਣੇ ਵਿਚ ਬਿਠਾ ਰੱਖਿਆ ਗਿਆ ਤੇ ਪੰਜ ਸੌ ਅਕਾਲੀ ਦੇ ਪਰਚਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਲੋਕਾਂ ਨੂੰ ਪਰਚੇ ਨਾ ਪਹੁੰਚਣ ਕਰ ਕੇ ਜੋ ਦਿਲ ਨੂੰ ਤੜਪ ਲੱਗੀ ਰਹੀ ਉਹ ਵਖਰੀ ਹੈ। ਨੌਕਰਸ਼ਾਹੀ ਦੇ ਚੇਲਿਆਂ ਦਾ ਇਹ ਇਕ ਸਾਧਾਰਨ ਜਿਹਾ ਚੁਟਕਲਾ ਹੈ।

ਖਾਲਸਾ ਕਾਲਜ ਸਕੂਲ ਅੰਮ੍ਰਿਤਸਰ, ਅਸੀਂ ਭਰਾਵਾਂ ਦੇ ਨਾਲ ਹਾਂ।

ਖਾਲਸਾ ਕਾਲਜ ਸਕੂਲ ਦੇ ਵਿਦਿਆਰਥੀਆਂ ਨੇ ਤਾਂ ਪਹਿਲੇ ਹੀ ਗੁਰਮਤੇ ਪਾਸ ਕਰ ਦਿੱਤਾ ਹੈ ਕਿ ਅਸੀਂ ਵੀ ਕਾਲਜ ਦੇ ਦੇ ਨਾਲ ਹਾਂ। ਹੁਣ ਸਕੂਲ ਦੇ ਸਾਰੇ ਮਾਸਟਰਾਂ ਨੇ ਖਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਹੇਠ ਲਿਖਿਆ ਬੇਨਤੀ ਪੱਤਰ ਭੇਜਿਆ ਹੈ—

ਸ੍ਰੀਮਾਨ ਜੀ।

ਖਾਲਸਾ ਕਾਲਜ ਸਕੂਲ ਅੰਮ੍ਰਿਤਸਰ ਦੇ ਅਸੀਂ ਹੇਠ ਲਿਖੇ ਮਾਸਟਰ ਖਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਦੀ ਸੇਵਾ ਵਿਚ ਬੜੇ ਜ਼ੋਰ ਪਰ ਅਦਬ ਨਾਲ ਬੇਨਤੀ ਕਰਦੇ ਹਾਂ ਕਿ ਆਸ਼ਰਮ ਦੀ ਭਲਾਈ ਨੂੰ ਮੁਖ ਰੱਖ ਕੇ ਪੰਥ ਦੀ ਇਹ ਮੰਗ ਹੈ ਕਿ ਕਾਲਜ ਦਾ ਸਾਰਾ ਪ੍ਰਬੰਧ ਸਿੱਖਾਂ ਦੇ ਹੱਥ ਵਿਚ ਦਿੱਤਾ ਜਾਵੇ, ਜ਼ਰੂਰ ਹੀ ਪੂਰੀ ਕੀਤੀ ਜਾਵੇ। ਅਸੀਂ ਕਾਲਜ ਦੇ ਪ੍ਰੋਫ਼ੈਸਰਾਂ ਦੇ ਰਵੀਏ ਦੀ ਬੜੇ ਜ਼ੋਰ ਨਾਲ ਪਰੋੜਤਾ ਕਰਦੇ ਹਾਂ। ਗੌਵਰਮੈਂਟ ਵੱਲੋਂ ਪ੍ਰਧਾਨ ਨੂੰ ਜਿਹੜੀ ਚਿੱਠੀ ੪ ਅਕਤੂਬਰ ਨੂੰ ਭੇਜੀ ਗਈ ਸੀ ਉਸ ਤੋਂ ਪਤਾ ਲੱਗਦਾ ਹੈ ਕਿ ਇਸ ਮੰਗ ਦਾ ਪੂਰਾ ਕਰਨਾ ਹੁਣ ਕਮੇਟੀ ਦੇ ਆਪਣੇ ਹੀ ਹੱਥ ਵਿਚ ਹੈ। ਹੋਰ ਸਾਨੂੰ ਅਸਮਰਥ ਹੋ ਕੇ ਇਹ ਵੀ ਲਿਖਣਾ ਪੈਂਦਾ ਹੈ ਕਿ ਜੇਕਰ ਕਮੇਟੀ ਨੇ ਇਹ ਗੱਲ ਨਾ ਮੰਨੀ ਤਾਂ ਸਾਨੂੰ ਡਰ ਹੈ ਕਿ ਪੰਥ ਵਿਚ ਇਤਨੀ ਬੜੀ ਅਸ਼ਾਂਤੀ ਫੈਲੇਗੀ ਕਿ ਰਹਿਣਾ ਅਸੰਭਵ ਹੋ ਜਾਏਗਾ।

ਅਸੀਂ ਹਾ ਆਪਦੇ ਦਾਸ—

੧. ਤਾਰਾ ਸਿੰਘ, ੨. ਨਰੈਣ ਸਿੰਘ, ੩. ਕਰਤਾਰ ਸਿੰਘ, ੪. ਸੁੰਦਰ ਸਿੰਘ, ੫. ਨਾਨਕ ਸਿੰਘ, ੬. ਜੁਆਲਾ ਸਿੰਘ, ੭. ਚੰਦਾ ਸਿੰਘ, ੮. ਸੂਰਜ ਸਿੰਘ, ੯. ਕਿਸ਼ਨ ਸਿੰਘ, ੧੦. ਆਤਮਾ ਸਿੰਘ, ੧੧. ਗੁਪਾਲ ਸਿੰਘ, ੧੨. ਸੁਜਾਨ ਸਿੰਘ, ੧੩. ਉਤਮ ਸਿੰਘ, ੧੪. ਧਿਆਨ ਸਿੰਘ, ੧੫. ਪ੍ਰੇਮ ਸਿੰਘ, ੧੬. ਭਗਵਾਨ ਸਿੰਘ, ੧੭. ਥਾਨੇਸ਼ਵਰ ਸਿੰਘ, ੧੮. ਅਮਰ ਸਿੰਘ, ੧੯. ਅਮਨ ਸਿੰਘ, ੨੦. ਸਾਧੂ ਸਿੰਘ, ੨੧. ਬ: ਸਿੰਘ।

ਖਾਲਸਾ ਕਾਲਜ ਅਤੇ ਪ੍ਰੋਫ਼ੈਸਰ

ਸਾਨੂੰ ਇਹ ਪੱਕਾ ਪਤਾ ਲਗਣ ਤੇ ਕਿ ਪੰਥ ਦੇ ਵੱਡੇ-ਵੱਡੇ ਮੁਖੀ ਕਾਲਜ ਦੇ ਪ੍ਰੋਫ਼ੈਸਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਆਪਣਾ ਸਾਰਾ ਯਤਨ ਲਾ ਰਹੇ ਹਨ ਤੇ ਉਹ ਕੇਵਲ ਇਹ ਚਾਹੁੰਦੇ ਹਨ ਕਿ ਪ੍ਰੋਫ਼ੈਸਰ ਦੋ ਹਫ਼ਤੇ ਉਨ੍ਹਾਂ ਨੂੰ ਆਪਣੀ ਵਾਹ ਲਾਣ ਲਈ ਦੇਣ ਅਸੀਂ ਪ੍ਰੋਫ਼ੈਸਰਾਂ ਦੀ ਸੇਵਾ ਵਿਚ ਇਹ ਬੇਨਤੀ ਕੀਤੀ ਹੈ ਕਿ ਤੁਸੀਂ ਕੇਵਲ ਦੋ ਹਫ਼ਤੇ ਹੋਰ

ਠਹਿਰ ਜਾਉ। ਉਨ੍ਹਾਂ ਕ੍ਰਿਪਾਲਤਾ ਕਰ ਕੇ ਸਾਡੀ ਬੇਨਤੀ ਪ੍ਰਵਾਨ ਕੀਤੀ ਹੈ ਜਿਸ ਲਈ ਉਨ੍ਹਾਂ ਦੇ ਵੱਡੇ ਧੰਨਵਾਦੀ ਹਾਂ। ਉਹ ਆਪਣੇ ਖ਼ਿਆਲ ਤੇ ਉਸੇ ਤਰ੍ਹਾਂ ਕਾਇਮ ਹਨ।

ਦਸਖ਼ਤ—

੧. ਭਾ: ਦਿਆਲ ਸਿੰਘ ਪ੍ਰਚਾਰਕ।
੨. ਸ: ਗੁਰਬਖਸ਼ ਸਿੰਘ।
੩. ਸ: ਤਾਰਾ ਸਿੰਘ ਬੀ. ਏ. ਲੈਲਪੁਰ।
੪. ਸ: ਬਾਬਾ ਕੇਹਰ ਸਿੰਘ।
੫. ਸ: ਜੋਧ ਸਿੰਘ ਪ੍ਰਿੰਸੀਪਲ ਗੁਜਰਾਂਵਾਲਾ।
੬. ਸ: ਹਰਬੰਸ ਸਿੰਘ ਰਈਸ ਅਟਾਰੀ।
੭. ਸ: ਜਗਿੰਦਰ ਸਿੰਘ ਮਿੰਟਗਮਰੀ।
੮. ਸ: ਨਿਹਾਲ ਸਿੰਘ ਪਟਿਆਲਾ।

ਭੇਜਣ ਵਾਲਾ ਦਾਸ—
ਤਾਰਾ ਸਿੰਘ, ਲਾਇਲਪੁਰ।

ਅਕਾਲੀ ਲਾਹੌਰ, ੧੩ ਨਵੰਬਰ ੧੯੨੦

ਸਰਦਾਰ ਮੰਗਲ ਸਿੰਘ ਜੀ ਐਡੀਟਰ 'ਅਕਾਲੀ' ਦੇ ਜੇਲ੍ਹ ਵਿਚ ਦਰਸ਼ਨ !

੯ ਨਵੰਬਰ ਨੂੰ ਸਰਕਾਰ ਜੀ ਨੂੰ ਡਿਸਟ੍ਰਿਕਟ ਮੈਜਿਸਟ੍ਰੇਟ ਦੇ ਪੇਸ਼ ਕੀਤਾ ਗਿਆ। ਡਿਪਟੀ ਕਮਿਸ਼ਨਰ ਸਾਹਿਬ ਨੇ ਮੁਕਦਮਾ ਆਪਣੇ ਪਾਸ ਹੀ ਰੱਖ ਕੇ ੧ ਨਵੰਬਰ ਨੂੰ ਮੁਕੱਦਮੇ ਦੀ ਪੇਸ਼ੀ ਰੱਖ ਦਿੱਤੀ ਹੈ। ਕਚਹਿਰੀ ਵਿਚ ਆਪ ਦੇ ਦਰਸ਼ਨ ਨੂੰ ਕਈ ਲੋਕ ਗਏ ਸਨ ਜਿਨ੍ਹਾਂ ਵਿਚੋਂ ਸਰਦਾਰ ਹਰਚੰਦ ਸਿੰਘ ਜੀ, ਭਾਈ ਸਰਦਾਰ ਸਿੰਘ ਜੀ ਐਡੀਟਰ 'ਖਾਲਸਾ ਅਖ਼ਬਾਰ', ਸਰਦਾਰ ਸਰਦੂਲ ਸਿੰਘ ਜੀ ਅਦਿਕ ਸਨ ਆਪ ਨੂੰ ਉਸ ਵੇਲੇ ਟਾਂਗੇ ਤੇ ਬਿਠਾ ਕੇ ਸੈਂਟ੍ਰਲ ਜੇਲ੍ਹ ਵਿਚ ਭੇਜ ਦਿੱਤਾ ਗਿਆ।

੧੦ ਨਵੰਬਰ ਨੂੰ ਕੋਈ ੧੨ ਵਜੇ ਸਰਦਾਰ ਜਸਵੰਤ ਸਿੰਘ, ਸ: ਸਰਮੁਖ ਸਿੰਘ ਜੀ, ਸ: ਸਰਦੂਲ ਸਿੰਘ, ਮਾਸਟਰ ਸੁੰਦਰ ਸਿੰਘ, ਭਾਈ ਸਰਦਾਰਾ ਸਿੰਘ ਜੀ, ਸ: ਅਮਰ ਸਿੰਘ ਜੀ, ਪ੍ਰੋ: ਨਰਿੰਜਨ ਸਿੰਘ ਤੇ ਦਾਸ ਹੀਰਾ ਸਿੰਘ ਸੈਂਟ੍ਰਲ ਜੇਲ੍ਹ ਵਿਚ ਸਰਦਾਰ ਜੀ ਦੇ ਦਰਸ਼ਨ ਕਰਨ ਗਏ। ਜਾਂਦਿਆਂ ਹੀ ਆਗਿਆ ਮੰਗੀ ਗਈ। ਪਹਿਲਾਂ ੪ ਵਜੇ ਮਿਲਣ ਦਾ ਵਕਤ ਦੱਸਿਆ ਗਿਆ ਫਿਰ ਸਾਡੇ ਜ਼ੋਰ ਦੇਣ ਤੇ ਕਿ ਐਨੇ ਆਦਮੀਆਂ ਨੂੰ ਮੁੜ ਆਉਣ ਜਾਣ ਦੀ ਤਕਲੀਫ ਦੇਣ ਨਾਲੋਂ ਹੁਣੇ ਹੀ ਮੇਲ ਕਰਾਇਆ ਜਾਵੇ, ਖਾਨ ਸਾਹਿਬ ਨੇ ਛੇਤੀ ਹੀ ਮਿਲਾਣ ਦਾ ਇਕਰਾਰ ਕਰ ਦਿੱਤਾ। ਪਰ ਉਸੇ ਵੇਲੇ ਮਿ: ਬੋਰਿੰਗ ਸੁਪਰਟੇਂਡੰਟ ਸੀ. ਆਈ. ਡੀ. ਆ ਗਿਆ ਤੇ ਸਾਨੂੰ ਕੋਈ ਦੋ ਵਜੇ ਤਕ ਉਡੀਕਣਾ ਪਿਆ। ਆਖ਼ਰ ਖਾਨ ਸਾਹਿਬ ਨੇ ਸਭ ਨੂੰ ਬੁਲਾਇਆ ਤੇ ਸ: ਸਰਦੂਲ ਸਿੰਘ ਜੀ ਨੂੰ ਕਿਹਾ ਕਿ ਆਪ ਨੂੰ ਮਿਲਨ ਦੀ ਆਗਿਆ ਨਹੀਂ ਮਿਲ ਸਕਦੀ। ਉਹ ਬਾਹਰ ਠਹਿਰੇ ਤੇ ਬਾਕੀਆਂ ਨੇ ਅੰਦਰ ਜਾ ਕੇ ਸਰਦਾਰ ਮੰਗਲ ਸਿੰਘ ਜੀ ਨੂੰ ਫਤੇ ਜਾ ਗਜਾਈ। ਸਰਦਾਰ ਜੀ ਹਸੂੰ ਹਸੂੰ ਕਰਦੇ ਸਭ ਨੂੰ ਫਤੇ ਗਜਾ ਕੇ ਮਿਲੇ। ਆਪ ਨੇ ਆਖਿਆ "ਮੈਂ ਅਕਾਲ ਪੁਰਖ ਦੇ ਭਾਣੇ ਵਿਚ ਪ੍ਰਸੰਨ ਹਾਂ, ਤੁਸੀਂ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰੋ ਅਤੇ ਨਾ ਹੀ ਘਬਰਾਉ। ਮੁਕੱਦਮੇ ਬਾਬਤ ਨਾ ਮੈਂ ਕੋਈ ਸਫਾਈ ਪੇਸ਼ ਕਰਨੀ ਚਾਹੁੰਦਾ ਹਾਂ ਅਤੇ ਨਾ ਹੀ ਮੈਂ ਕੋਈ ਬਿਆਨ ਦੇਣਾ ਚਾਹੁੰਦਾ ਹਾਂ ਕਿਉਂਕਿ ਮੈਨੂੰ ਇਸ ਸਰਕਾਰ ਦੇ ਨਿਆਂ ਉੱਤੇ ਕੋਈ ਇਤਬਾਰ ਨਹੀਂ। ਤੁਸੀਂ ਸਾਰੇ ਵਾਹਿਗੁਰੂ ਅਗੇ ਪ੍ਰਾਰਥਨਾ ਕਰੋ ਕਿ ਉਹ ਮੇਰਾ ਸਹਾਈ ਹੋ ਕੇ ਮੈਨੂੰ ਇਸ੍ਹ ਇਮਤਿਹਾਨ ਵਿੱਚੋਂ ਪੂਰਾ ਉਤਾਰੇ।" ਕੋਈ ਦਸ ਕੁ ਮਿੰਟ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਉਨ੍ਹਾਂ ਨੇ ਦੱਸਿਆ ਕਿ ਮੌਲਵੀ ਜ਼ਫਰ ਅਲੀ ਵਾਲੀ ਕੋਠੜੀ ਗਈ ਹੈ। ਉਸ ਦੇ ਅੰਦਰ ਹੀ ਸੁਚੇਤੇ ਅਤੇ ਪਸ਼ਾਬ ਦੀ ਥਾਂ ਹੈ ਜਿਸ ਕਰ ਕੇ ਸਖ਼ਤ ਤਕਲੀਫ਼ ਹੁੰਦੀ ਹੈ। ਖਾਨ ਸਾਹਿਬ ਨੇ ਅਗੋਂ ਲਈ ਚੰਗਾ ਇੰਤਜ਼ਾਮ ਕਰਨ ਅਤੇ ਤੇਲ ਸਾਬਣ

ਆਦਿਕ ਪੁਚਾਣ ਦਾ ਭਰੋਸਾ ਦਿੱਤਾ ਹੈ। ਆਪ ਨੂੰ ਬਿਸਤਰਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਸੈਂਚੀ ਪੁਚਾਈ ਗਈ ਹੈ।

ਛੇਕੜ ਨਿਖੜਨ ਵੇਲੇ ਫਿਰ ਆਪ ਨੇ ਕਿਹਾ ਕਿ "ਮੈਂ ਵਤਨ ਅਤੇ ਕੌਮ ਦੀ ਖ਼ਾਤਰ ਹਰ ਇਕ ਦੁਖ ਨੂੰ ਸੁਖ ਜਾਣ ਸਹਾਂਗਾ। ਪਰ ਪਿਆਰੇ ਗੁਰੂ ਪੰਥ ਨੂੰ 'ਅਕਾਲੀ' ਸਦਾ ਜ਼ਿੰਦਾ ਰੱਖਣ ਦਾ ਪ੍ਰਬੰਧ ਕਰ ਦੇਣਾ ਚਾਹੀਦਾ।" ਅਸੀਂ ਸਾਰੇ ਅਕਾਲ ਪੁਰਖ ਅਗੇ ਬੇਨਤੀ ਕਰਦੇ ਹੋਏ ਆ ਗਏ ਕਿ ਉਹ ਸਾਡੇ ਵੀਰ ਦਾ ਅੰਗ ਸੰਗ ਸਹਾਈ ਹੋਵੇ।

***ਅਕਾਲੀ ਲਾਹੌਰ*, ੧੪ ਨਵੰਬਰ ੧੯੨੦**

ਫੇਰ ਗੁਪਤ ਕਮੇਟੀ

(ਖਾਲਸਾ ਜੀ ! ਸਾਵਧਾਨ !)

(ਪ੍ਰਾਪਤ)

ਇਹ ਲੇਖ ਕਮੇਟੀ ਹੋਣ ਤੋਂ ਪਹਿਲਾਂ ਹੀ ਪੁੱਜ ਗਿਆ ਸੀ ਪਰ ਰੁਝਵੇਂ ਕਰ ਕੇ ਛਪਣੋਂ ਪਛੜ ਗਿਆ ਹੈ।

ਕਈ ਲੋਕਾਂ ਨੂੰ ਕੁਦਰਤੀ ਮਾਰ ਹੁੰਦੀ ਹੈ ਕਿ ਉਹ ਕਿਸੇ ਤਜਰਬੇ ਤੋਂ ਵੀ ਸਿਖਿਆ ਪ੍ਰਾਪਤ ਨਹੀਂ ਕਰਦੇ। ਚੀਫ਼ ਖਾਲਸਾ ਦੀਵਾਨ ਦੀ ਬਾਬਤ ਬਦਨਾਮੀ ਤੇ ਬੇ ਇਤਬਾਰੀ ਦੇ ਜਿੰਨੇ ਖ਼ਿਆਲ ਪੰਥ ਵਿਚ ਫੈਲੇ ਹੋਏ ਹਨ ਉਹ ਬਹੁਤ ਸਾਰੇ ਇਸ ਦੀਆਂ 'ਗੁਪਤ' ਤੇ 'ਅੰਦਰੋਂ ਅੰਦਰ, ਕਾਰਵਾਈਆਂ ਦਾ ਨਤੀਜਾ ਹਨ। ਪਰ ਸ਼ੋਕ ਹੈ ਕਿ ਦੀਵਾਨ ਦੇ ਕਰਤੇ ਧਰਤੇ ਇਸ ਤੋਂ ਕੋਈ ਸਿਖਿਆ ਨਹੀਂ ਲੈਂਦੇ ਹਨ। ਹੁਣ ਦੀਵਾਨ ਦੇ ਸੁਧਾਰ ਲਈ ਜੋ ਪੰਥ ਵਿਚ ਬੜੇ ਜ਼ੋਰ ਦੀ ਲਹਿਰ ਚਲ ਰਹੀ ਹੈ, ਉਸ ਨੇ ਦੀਵਾਨ ਦਾ ਆਸਣ ਹਲਾ ਦਿੱਤਾ ਹੈ, ਪਰ ਦੀਵਾਨੀ ਮੁਦਬਰਾਂ ਨੂੰ ਇਸ ਤੋਂ ਬਚਣ ਲਈ ਵੀ ਸਿਵਾਏ ਗੁਪਤ ਕਾਰਵਾਈਆਂ ਦੇ ਹੋਰ ਕੋਈ ਤਰੀਕਾ ਨਹੀਂ ਸੁਝਦਾ। ਹੁਣ ਦੀਵਾਨ ਦੇ ਦਫ਼ਤਰੋਂ ਇਕ ਹੋਰ ਗੁਪਤ ਚਿਠੀ ਜਾਰੀ ਹੋਈ ਹੈ ਜੋ ਇਕ ਮੈਂਬਰ ਜੀ ਨੇ ਡਾਢੀ ਨਫ਼ਰਤ ਕਰ ਕੇ ਸਾਡੇ ਹਵਾਲੇ ਕੀਤੀ ਹੈ ਤੇ ਜਿਸ ਦੀ ਹੂਬਹੂ ਨਕਲ ਇਸ ਪ੍ਰਕਾਰ ਹੈ :-

Confidential (ਗੁਪਤ) ਨੰਬਰ ੪੮੫੬ ਤਰੀਕ ੪ ਨਵੰਬਰ ੧੯੨੦ ਮੇਰੇ ਪਰਮ ਕ੍ਰਿਪਾਲੂ ਜੀ!

ਪੰਥ ਦੀ ਮੌਜੂਦਾ ਹਾਲਤ ਦੇ ਮੁਤਅਲਕ ਕੁਝ ਵਿਚਾਰ ਲਈ ਮੈਨੂੰ ਆਪ ਦੇ ਪ੍ਰੇਮ ਭਰੇ ਮਸ਼ਵਰੇ ਦੀ ਬਹੁਤ ਲੋੜ ਹੈ। ਮਾਮਲਾ ਸ਼ੀਘਰ ਹੀ ਵਿਚਾਰ ਕਰਨ ਵਾਲਾ ਹੈ। ਜੇ ਆਪ ਕਿਸੇ ਕਾਰਨ ਕਰ ਕੇ ਨਾ ਆ ਸਕੇ ਤਾਂ ਆਪ ਦੇ ਦਰਸ਼ਨ ਨਾ ਹੋਣ ਦੀ ਭੜੀ ਨਿਰਾਸਤਾ ਹੋਵੇਗੀ ਤੇ ਪੰਥਕ ਵਿਚਾਰ ਆਪ ਦੀ ਵਡਮੁਲੀ ਰਾਇ ਖੁਣੋ ਵਿਰਵੀ ਰਹਿ ਜਾਵੇਗੀ। ਫਿਰ ਵਿਚਾਰ ਵਿਚ ਜੇ ਕੋਈ ਭੁਲ ਹੋ ਗਈ ਤਾਂ ਆਪ ਦੇ ਕਿਰਪਾ ਭਰੇ ਮਸ਼ਵਰੇ ਦੇ ਨਾ ਮਿਲਣ ਕਰ ਕੇ ਸੇਵਕ ਨਿਰਦੋਸ਼ ਰਹਿਣਗੇ। ਆਪ ਨੇ ਦੀਵਾਲੀ ਤੇ ਦੀਦਾਰੇ ਕਰਨ ਅੰਮ੍ਰਿਤਸਰ ਆਵਣਾ ਹੀ ਹੈ। ਕੇਵਲ ਇਕ ਦਿਨ ਪਹਿਲਾਂ ਪਹੁੰਚਣ ਦੀ ਖੇਚਲ ਕਰਨੀ ਤੇ ੧੦-੧੧-੨੦ ਨੂੰ ਬੁਧਵਾਰ ਦੇ ਦਿਨ ਦੇ ਠੀਕ ਦਸ ਵਜੇ ਅੰਮ੍ਰਿਤਸਰ ਕੋਟ ਸ਼ੇਰਾਂ ਹਾਊਸ ਮੁਤਸਿਲ ਦਫ਼ਤਰ ਨਹਿਰ ਵਿਚ ਜ਼ਰੂਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਵਿਚਾਰ ਦਾ ਸਮਾਂ ਕੁਝ ਘੰਟੇ ਹੋਵੇਗਾ।

ਨਾਲ ਦਾ ਟਿਕਟ ਕਿਰਪਾ ਕਰ ਕੇ ਨਾਲ ਲਈ ਆਵਣਾ। ਇਸ ਦਾ ਪਾਸ ਹੋਣਾ ਇਕੱਤਰਤਾ ਵਿਚ ਦਰਸ਼ਨ ਦੇਣ ਲਈ ਜ਼ਰੂਰੀ ਹੈ।

ਰੁੱਖਾ ਮਿੱਸਾ ਪ੍ਰਸ਼ਾਦਾ ੧੦-੧੧-੨੦ ਨੂੰ ਦਸ ਵਜੇ ਤਿਆਰ ਹੋਵੇਗਾ। ਜੋ ਰਸਨੀ ਲਾ ਕੇ ਕਿਰਤਾਰਥ ਕਰਨਾ।
ਦਾਸ ਸਕੱਤਰ ਚੀਫ਼ ਖਾਲਸਾ ਦੀਵਾਨ

ਇਹ ਚਿਠੀ ਆਪਣੇ ਮੂੰਹੋਂ ਆਪ ਬੋਲ ਰਹੀ ਹੈ ਰਬ ਜਾਣੇ ਇਹ ਗੁਪਤ ਸਾਜ਼ਸ਼ ਕੀਤੀ ਗਈ ਹੈ। ਅਜੇਹੀਆਂ ਗੁਪਤ ਕਮੇਟੀਆਂ ਤੋਂ ਪੰਥ ਤੰਗ ਆ ਚੁਕਾ ਹੈ ਅਰ ਸਿੱਖ ਨਹੀਂ ਚਾਹੁੰਦੇ ਕਿ ਉਹਨਾਂ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਬੰਦ ਕਮਰਿਆਂ ਵਿਚ ਚੋਰੀ ਚੋਰੀ ਕਮੇਟੀਆਂ ਕੀਤੀਆਂ ਜਾਣ। ਅਸੀਂ ਹੈਰਾਨ ਹਾਂ ਕਿ ਜਦ ਇਹ ਵਿਚਾਰ ਪੰਥ ਦੇ ਜ਼ਰੂਰੀ ਮਾਮਲਿਆਂ ਸਬੰਧੀ ਹੈ ਤਾਂ ਇਸ ਨੂੰ ਏਡੀ ਗੁਪਤ ਰੱਖਣ ਦੀ ਕੀ ਲੋੜ ਹੈ। ਪੰਥ ਦੇ ਮਾਮਲੇ ਪੰਥ

ਦੇ ਸਾਮਨੇ ਫ਼ੈਸਲੇ ਹੋਣੇ ਚਾਹੀਦੇ ਹਨ ਨਾ ਕਿ ਚੋਰੀ ਚੋਰੀ ਤੇ ਬੰਦ ਕਮਰਿਆਂ ਵਿਚ ਕਮੇਟੀਆਂ ਕਰ ਕੇ !

ਇਕ ਪਾਸੇ ਤਾਂ ਸੁਧਾਰਕ ਜਥਾ ਹੈ ਜੋ ਖੁਲ੍ਹੇ ਮੈਦਾਨ ਵਿਚ ਸਾਰੇ ਪੰਥ ਦੇ ਸਾਹਮਣੇ ਮਾਮਲੇ ਪੇਸ਼ ਕਰਦਾ ਅਰ ਸੁਧਾਰ ਲਈ ਯਤਨ ਕਰਦਾ ਹੈ। ਪਰ ਦੂਜੇ ਪਾਸੇ ਦੀਵਾਨ ਦੇ ਸਿਆਣੇ ਆਗੂ ਹਨ, ਜੋ ਗੁਪਤ ਸਾਜ਼ਸ਼ਾਂ ਕਰ ਕੇ ਹੀ ਪੰਥ ਦਾ ਬੇੜਾ ਡੋਬਣ ਨੂੰ ਪੰਥ ਸੇਵਾ ਸਮਝ ਰਹੇ ਹਨ। ਗੁਪਤ ਕਮੇਟੀ ਦੇ ਅਰਥ ਹੀ ਇਹ ਹਨ ਕਿ ਇਸ ਦੇ ਪ੍ਰਬੰਧਕਾਂ ਨੂੰ ਆਪਣੇ ਹਿਰਦੇ ਦੇ ਖ਼ਿਆਲ, ਪੰਥ ਦੇ ਸਹਮਣੇ ਪ੍ਰਗਟ ਕਰਨ ਦਾ ਹੌਸਲਾ ਨਹੀਂ। ਪੰਥ ਵੱਲੋਂ ਜਥੇਬੰਦੀ ਕਮੇਟੀ ਪੰਥ ਦੇ ਚੋਣ ਦੀ ਪ੍ਰਤਿਸ਼ਠਿਤ ਸੱਜਣਾਂ ਦੀ ਬਣ ਕੇ, ਪੰਥ ਦੀ ਫੁਟ ਨੂੰ ਦੂਰ ਕਰ ਕੇ ਪੰਥ ਨੂੰ ਇਕ ਜਥੇ ਵਿਚ ਪਰਾਉਣ ਲਈ ਜੋ ਯਤਨ ਹੋ ਰਿਹਾ ਹੈ, ਉਸ ਤੋਂ ਕੁਲ ਆਸ ਪੰਥ ਦੀ ਭਲਾਈ ਦੀ ਬਝ ਗਈ ਸੀ। ਪਰ ਦੀਵਾਨ ਦੇ ਇਸ ਗੁਪਤ ਪਤਰ ਤੋਂ ਪਤਾ ਲਗਦਾ ਹੈ ਕਿ ਇਹਨਾਂ ਵਿਚ ਤੇਲ ਹੈ ਹੀ ਨਹੀਂ ਤੇ ਇਹ ਸੱਜਣ ਪੰਥ ਦੀ ਫੁਟ ਨੂੰ ਦੂਰ ਕਰਨ ਦੀ ਥਾਂ ਸਗੋਂ ਕਾਇਮ ਰੱਖਣਾ ਚਾਹੁੰਦੇ ਹਨ ਤੇ ਜੋ ਉਹ ਸਚੇ ਦਿਲੋਂ ਪੰਥ ਦੀ ਭਲਾਈ ਦੇ ਚਾਹਵਾਨ ਹੁੰਦੇ ਹਨ ਤਾਂ ਲਾਹੌਰ ਵਿਚ ਜੋ ਪੰਥ ਦੀ ਜਥੇਬੰਦੀ ਸਬੰਧੀ ਦੀਵਾਨ ਹੋਇਆ ਸੀ, ਉਸ ਵਿਚ ਹਾਜ਼ਰ ਹੁੰਦੇ ਜਾਂ ੧੫ ਨਵੰਬਰ ਨੂੰ ਤਖ਼ਤ ਅਕਾਲ ਬੁੰਗੇ ਜੋ ਪੰਥ ਦੀ ਭਾਰੀ ਇਕਤਰਤਾ ਹੋਣ ਵਾਲੀ ਹੈ, ਉਸ ਵਿਚ ਸ਼ਾਮਲ ਹੋਣ ਲਈ ਆਪਣੇ ਮੈਂਬਰਾਂ ਨੂੰ ਸੱਦਦੇ ਜਾਂ ਜੇ ਉਹ ਪੰਥ ਵੱਲੋਂ ਹੋਣ ਵਾਲੇ ਦੀਵਾਨ ਵਿਚ ਹਾਜ਼ਰ ਹੋਣਾ ਆਪਣੀ ਹਤਕ ਸਮਝਦੇ ਸਨ ਤਾਂ ਮਲਵਈ ਬੁੰਗੇ ਆਪਣੇ ਰਚੇ ਹੋਏ ਦੀਵਾਨ ਵਿਚ ਹੀ ਪੰਥਕ ਮਾਮਲੇ ਪੇਸ਼ ਕਰਨ ਦਾ ਐਲਾਨ ਕਰਦੇ। ਪਰ ਇਹਨਾਂ ਸੱਜਣਾਂ ਨੂੰ ਤਾਂ ਗੁਪਤ ਛੁਰੀਆਂ ਚਲਾਉਣ ਦੀ ਮਾਰ ਵਗੀ ਹੋਈ ਹੈ।

ਇਸ ਕਮੇਟੀ ਵਿਚ ਕੀ ਹੋਸੀ। ਅਸੀਂ ਪਹਿਲੇ ਦਸ ਦੇਂਦੇ ਹਾਂ। ਗਾਲਬਨ ਨਾ ਮਿਲਵਰਤਨ ਦਾ ਵਿਰੋਧ ਕਰ ਕੇ ਚੀਫ਼ ਖਾਲਸਾ ਦੀਵਾਨ ਉਤੇ ਇਤਬਾਰ ਦਾ ਗੁਰਮਤਾ ਪਾਸ ਕਰਾਇਆ ਜਾਂਦਾ ਤੇ ਇਸ ਕਰਾਜ ਤੋਂ ਪਹਿਲੇ ਸਾਰੇ ਮੈਂਬਰਾਂ ਨੂੰ ਪ੍ਰਸ਼ਾਦ ਛਕਾਇਆ ਗਿਆ ਸੀ। ਫੇਰ ਜੋ ਮੈਂਬਰ ਦੀਵਾਨੀ ਸੱਜਣਾਂ ਦੇ ਵਿਰੁਧ ਰਾਇ ਦੇਵੇਗਾ, ਉਸ ਨੂੰ ਨਿਮਕ ਹਰਾਮ ਦਾ ਖਿਤਾਬ ਦਿੱਤਾ ਗਿਆ ਸੀ, ਕਿ ਉਸ ਨੇ ਰੋਟੀ ਖਾਕੇ ਫੇਰ ਵੀ ਵਿਰੁੱਧ ਰਾਇ ਦਿੱਤੀ ਹੈ।

ਅਸੀਂ ਡੰਕੇ ਦੀ ਚੋਟ ਨਾਲ ਕਹਿੰਦੇ ਹਾਂ ਕਿ ਅਜਿਹੀਆਂ ਹਜ਼ਾਰ ਗੁਪਤ ਕਮੇਟੀਆਂ ਵੀ ਦੀਵਾਨ ਦਾ ਪੰਥਕ ਇਤਬਾਰ ਮੋੜਨ ਵਿਚ ਕਾਮਯਾਬ ਨਹੀਂ ਹੋ ਸਕਣਗੀਆਂ। ਸਗੋਂ ਉਲਟਾ ਦੀਵਾਨ ਲਈ ਹੋਰ ਵੀ ਅਪਮਾਨ ਤੇ ਲਾਨਤ ਦਾ ਕਾਰਨ ਸਾਬਤ ਹੋਣਗੀਆਂ।

ਅਕਾਲੀ ਲਾਹੌਰ, ੧੫ ਨਵੰਬਰ ੧੯੨੦

ਜੇਲ੍ਹ ਖਾਨੇ ਬੈਕੁੰਠ ਬਣ ਗਏ ਹਨ !

ਉਥੇ ਵਸਣ ਵਾਲਿਆਂ ਨੂੰ ਵਧਾਈਆਂ ਤੇ ਬਾਹਰ ਵਾਲਿਆਂ ਨੂੰ ਰੰਜ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਦਾ ਭਾਰੀ ਜਲਸਾ

ਲਾਹੌਰ ਸ਼ਹਿਰ ਵਿਚ ੧੨ ਨਵੰਬਰ ਨੂੰ ਅਦੁਤੀ ਨਜ਼ਾਰਾ ਸੀ। ਸਿੱਖਾਂ ਦੀਆਂ ਅਨੋਖੀਆਂ ਖੁਸ਼ੀਆਂ ਨੂੰ ਵੇਖ ਕੇ ਲੋਕੀਂ ਹੈਰਾਨ ਹੋ ਰਹੇ ਸਨ। ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਮਾਝੇ ਦੇ ਸਿੰਘਾਂ ਦੇ ਜਥੇ ਪਿਆਰੇ ਮੰਗਲ ਸਿੰਘ ਨੂੰ ਜੇਲ੍ਹ ਰੂਪੀ ਬੈਕੁੰਠ ਵਿਚ ਜਾਣ ਲਈ ਵਧਾਈਆਂ ਦੇਣ ਆਏ ਹੋਏ ਸਨ। ਪਰ ਡਿਪਟੀ ਕਮਿਸ਼ਨਰ ਦੇ ਤਾਰੀਖ਼ ਬਦਲਾ ਦੇਣ ਕਰ ਕੇ ਉਨ੍ਹਾਂ ਨੂੰ ਇਹ ਆਸ ਪੂਰੀ ਨਾ ਹੋਈ। ਸ਼ਾਮ ਦੇ ੪ ਵਜੇ ਨੀਲੇ ਗੁੰਬਜ ਤੋਂ ਖਾਲਸੇ ਦੀ ਫ਼ੌਜ ਦਾ ਜਲੂਸ ਨਿਕਲਿਆ ਸਭ ਤੋਂ ਅਗੇ ਅਕਾਲੀ ਜਥਾ ਰੱਬੀ ਰੰਗ ਵਿਚ ਕੀਰਤਨ ਕਰ ਰਿਹਾ ਸੀ। ਉਨ੍ਹਾਂ ਨਾਲ ਹੀ ਸ: ਮੰਗਲ ਸਿੰਘ ਜੀ ਦਾ ਪਿਤਾ ਸ: ਕਪੂਰ ਸਿੰਘ ਜੀ ਅਤੇ ਦੋ ਉਨ੍ਹਾਂ ਦੇ ਭਾਈ ਫੁਲਾਂ ਦੇ ਹਾਰਾਂ ਨਾਲ ਸ਼ਿੰਗਾਰੇ ਹੋਏ ਜਾ ਰਹੇ ਹਨ। ਪਿਛੇ ਬੜੀ ਲੰਮੀ ਕਤਾਰ ਵਿਚ ਪੰਜ ਪੰਜ ਸਿੰਘਾਂ ਦੇ ਜਥੇ ਬਣੇ ਹੋਏ ਕੁਝ ਅਜਿਹੇ ਠਾਠਾਂ ਨਾਲ ਆ ਰਹੇ ਸਨ। ਜਾਣੀਦਾ ਇਹ ਸਚ ਮੁਚ ਜੇਲ੍ਹ ਨੂੰ ਬੈਕੁੰਠ ਸਮਝ ਰਹੇ ਹਨ। ਬਹੁਤ ਸਾਰੇ ਹਿੰਦੂ ਮੁਸਲਮਾਨ ਭੀ ਨਾਲ ਰਲ ਗਏ ਤੇ ਜਲੂਸ ਕੀਰਤਨ ਕਰਦਾ ਅਕਾਲ ਅਕਾਲ ਗਜਾਉਂਦਾ ਹੋਇਆ, ਸ: ਮੰਗਲ ਸਿੰਘ ਜੀ ਦੇ ਸੁਨੇਹੇ ਨੂੰ ਸੁਣਾਉਂਦਾ ਅਤੇ ਸਾਢੇ ਪੰਜ ਵਜੇ ਮੋਚੀ ਦਰਵਾਜ਼ੇ ਦੇ ਬਾਹਰ ਐਲਾਨ ਕਰਦਾ, ਕਈ ਬਾਜ਼ਾਰਾਂ ਵਿੱਚੋਂ ਫਿਰ ਕੇ ਮੋਚੀ

ਦਰਵਾਜ਼ੇ ਪਹੁੰਚ ਗਿਆ। ਅਗੇ ਜਲਸੇ ਦਾ ਅਸਥਾਨ ਆਦਮੀਆਂ ਦੀ ਭੀੜ ਨਾਲ ਭਰਿਆ ਹੋਇਆ ਸੀ।

ਜਲਸੇ ਦੀ ਕਾਰਵਾਈ

ਸਰਬਸੰਮਤੀ ਨਾਲ ਸਰਕਾਰ ਹਰਚੰਦ ਸਿੰਘ ਜੀ ਪ੍ਰੈਜ਼ੀਡੰਟ ਬਣਾਏ ਗਏ। ਹੀਰਾ ਸਿੰਘ 'ਦਰਦ' ਸ: ਦਾਨ ਸਿੰਘ ਅਤੇ ਸ: ਬਹਾਦਰ ਸਿੰਘ ਹਕੀਮ ਦੇ ਬੋਲਣ ਮਗਰੋਂ ਸ: ਜਸਵੰਤ ਸਿੰਘ ਜੀ ਝਬਾਲ ਨੇ ਇਹ ਗੁਰਮਤਾ ਪੇਸ਼ ਕੀਤਾ—

"ਲਾਹੌਰ ਵਾਸੀਆਂ ਅਤੇ ਪੰਜਾਬ ਦੇ ਹੋਰ ਜ਼ਿਲਿਆਂ ਤੋਂ ਆਏ ਹੋਏ ਸਿੱਖ ਭਰਾਵਾਂ ਦਾ ਇਹ ਜਲਸਾ ਸਰਕਾਰ ਦੀ ਸਖ਼ਤੀ ਦੇ ਵਰਤਾਉ ਉੱਤੇ ਜੋ ਕਿ ਸ: ਸ਼ਿੰਗਾਰਾ ਸਿੰਘ ਅਤੇ ਸ: ਮੰਗਲ ਸਿੰਘ ਦੇ ਫੜੇ ਜਾਣ ਤੋਂ ਪ੍ਰਗਟ ਹੁੰਦਾ ਹੈ ਸਖ਼ਤ ਨਰਾਜ਼ਗੀ ਪ੍ਰਗਟ ਕਰਦਾ ਹੈ ਨਾਲੇ ਐਲਾਨ ਕਰਦਾ ਹੈ ਕਿ ਖ਼ਾਸ ਕਰ ਕੇ ਸਿੱਖ ਅਤੇ ਬਾਕੀ ਦੇ ਹਿੰਦੂ ਮੁਸਲਮਾਨ ਭਰਾ ਆਪਣੀ ਆਜ਼ਾਦੀ ਦੀ ਰੂਹ ਅਤੇ ਸ਼ਾਂਤਮਈ ਧਾਰਮਿਕ ਯੁਧ ਨੂੰ ਨਹੀਂ ਛਡਣਗੇ।

ਇਹ ਜਲਸਾ ਸ: ਕਪੂਰ ਸਿੰਘ ਜੀ ਸ: ਮੰਗਲ ਸਿੰਘ ਦੇ ਪਿਤਾ ਨੂੰ ਉਨ੍ਹਾਂ ਦੇ ਸਪੁਤਰ ਦੀ ਸੱਚੀ ਤੇ ਸੁਚੀ ਮੁਲਕੀ ਤੇ ਕੌਮੀ ਸੇਵਾ ਤੇ ਵਧਾਈ ਦੇਂਦਾ ਹੈ।

ਆਪ ਨੇ ਕਿਹਾ ਕਿ "ਜ਼ੁਲਮ ਦਾ ਦੂਰ ਕਰਨਾ ਸਾਡਾ ਧਰਮ ਹੈ" ਅਗੇ ਵੀ ਸਾਡੇ ਬਜ਼ੁਰਗ ਸੈਂਕੜੇ ਕਸ਼ਟ ਝਲ ਕੇ ਜ਼ੁਲਮ ਹਟਾਂਦੇ ਰਹੇ ਤੇ ਅਸੀਂ ਵੀ ਹੁਣ ਤਿਆਰ ਹਾਂ। "ਦੁੱਖ ਦਾਰੂ ਸੁਖ ਰੋਗ ਭਇਆ" ਦਾ ਹੁਕਮ ਸਤਿਗੁਰੂ ਨੇ ਦਿੱਤਾ ਹੈ ਦੁੱਖਾਂ ਨੂੰ ਸੁਖ ਕਰ ਕੇ ਮੰਨਾਂਗੇ। ਜੇ ਕਰ ਨੌਕਰਸਾਹੀ ਨੇ ਅਤਿਆਚਾਰ ਕਰਨੇ ਆਰੰਭ ਕਰ ਦਿੱਤੇ ਹਨ ਤਾਂ ਇਹ ਸਾਡੇ ਲਈ ਗੁਣਕਾਰੀ ਸਾਬਤ ਹੋਣਗੇ।

"ਜਬੈ ਬਾਣ ਲਾਗੈ ਤਬੈ ਰੋਸ ਜਾਗੈ"

ਇਸ ਲਈ ਮੈਂ ਗੁਰਮਤੇ ਪੇਸ਼ ਕਰਦਾ ਹਾਂ। ਇਹ ਗੁਰਮਤਾ ਸੁਣ ਕੇ ਸ: ਕਪੂਰ ਸਿੰਘ ਜੀ ਖੜੇ ਹੋ ਗਏ ਤੇ ਆਖਿਆ "ਮੇਰਾ ਇਕ ਪੁੱਤਰ ਕੌਮ ਤੇ ਮੁਲਕ ਦੀ ਖ਼ਾਤਰ ਜੇਲ੍ਹ ਵਿਚ ਚਲਿਆ ਗਿਆ ਹੈ ਮੈਨੂੰ ਕੋਈ ਗਮ ਨਹੀਂ। ਸਗੋਂ ਖੁਸ਼ੀ ਹੈ। ਮੇਰੇ ਕੋਲ ਦੋ ਪੁੱਤਰ ਹੋਰ ਬੈਠੇ ਹਨ ਜੇ ਇਹ ਵੀ ਮੁਲਕ ਅਤੇ ਕੌਮ ਦੇ ਲੇਖੇ ਲਗਣਗੇ ਤਾਂ ਮੈਂ ਆਪਣੇ ਆਪ ਨੂੰ ਸੁਭਾਗ ਸਮਝਾਂਗਾ।"

ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉਠਿਆ। ਫਿਰ ਸਯਦ ਹਬੀਬ ਐਡੀਟਰ ਸਿਆਸਤ ਨੇ ਖੜੇ ਹੋ ਕੇ ਤਾਈਦ ਕੀਤੀ ਤੇ ਆਖਿਆ—ਮੈਂ ਅੱਜ ਹੀ ਪੰਜਾਬੀ ਵਿਚ ਬੋਲਣ ਲੱਗਾ ਹਾਂ ਇਸ ਲਈ ਘਾਟੇ ਵਾਧੇ ਨੂੰ ਮਾਫ਼ ਕਰਨਾ ਮੈਨੂੰ ਨਿੱਕਿਆਂ ਹੁੰਦਿਆਂ ਦਾ ਇਕ ਸ਼ਿਅਰ ਯਾਦ ਆ ਗਿਆ ਹੈ—

'ਜੀਮ ਜਾ ਡਿਠਾ ਸੋਹਣਾ ਜੇਲ੍ਹ ਖਾਨੇ
ਮਥੇ ਤਿਲਕ ਤੇ ਬਗਲ ਕੁਰਾਨ ਦਿਸਦਾ।
ਇਕ ਹੱਥ ਤਸਬੀ, ਇਕ ਹੱਥ ਮਾਲਾ
ਨਾ ਉਹ ਹਿੰਦੂ ਦਿਸਦਾ ਨ ਮੁਸਲਮਾਨ ਦਿਸਦਾ!

ਤੁਸੀਂ ਆਪਣੇ ਮੁੰਡਿਆਂ ਨੂੰ ਸਕੂਲਾਂ ਵਿਚ ਪੜ੍ਹਨ ਭੇਜਦੇ ਹੋ। ਕਈ ਵਰ੍ਹੇ ਪੜ੍ਹ ਕੇ ਉਹ ਕੀ ਸਿਖਦੇ ਹਨ ? ਗੁਲਾਮੀ, ਖੁਸ਼ਾਮਦ ਤੇ ਭਿਖ ਮੰਗਣੀ। ਪਰ ਜੇਲ੍ਹ ਖਾਨਾ ਆਜ਼ਾਦੀ ਪੜ੍ਹਨੀ ਚਾਹੁੰਦੇ ਹੋ ? ਜੇ ਚਾਹੁੰਦੇ ਹੋ ਤਾਂ ਸਕੂਲ ਵਿਚ ਦਾਖਲ ਹੋ ਜਾਵੋ।

ਮੈਂ ਚਿਰ ਤੋਂ ਸਿੱਖਾਂ ਨਾਲ ਗੱਲਾਂ ਕਰਨ ਦੀ ਚਾਹ ਰਖਦਾ ਸੀ ਹਿੰਦੂ ਤੇ ਮੁਸਲਮਾਨ ਧਰਮ ਦੁਨੀਆਂ ਤੇ ਪਹਿਲਾਂ ਹੀ ਮੌਜੂਦ ਸਨ। ਨਮਾਜ਼ ਰੋਜ਼ੇ ਤੇ ਪੂਜਾ ਪਾਠ ਸਨ। ਸਭ ਧਰਮ ਦੀਆਂ ਰੀਤਾਂ ਰਸਮਾਂ ਇਹ ਪੂਰੀਆਂ ਕਰਦੇ ਸਨ। ਫਿਰ "ਖਾਲਸਾ ਪੰਥ" ਦੀ ਕੀ ਲੋੜ ਪਈ ? ਭਰਾਵੋ ਤੁਸੀਂ ਨੂੰ ਗੁਰੂ ਨੇ ਖਾਲਸ ਬਣਾ ਦਿੱਤਾ! ਉਨ੍ਹਾਂ ਵਿਚ ਕਪਟ ਤੇ ਖੋਟ ਰਲ ਗਿਆ ਸੀ ਤੁਹਾਨੂੰ ਕੋਈ ਸਿੱਖ ਤੇ ਕੋਈ ਸਿੰਘ ਕਹਿੰਦਾ ਹੈ ਪਰ ਮੈਂ ਤਾਂ ਖਾਲਸਾ ਆਖਾਂਗਾ ਕਿਉਂਕਿ ਤੁਸੀਂ ਕਪਟ ਖੋਟ ਝੂਠ ਤੋਂ ਰਹਿਤ ਬਣਾਏ ਗਏ ਹੋ!

ਤੁਹਾਨੂੰ ਗੁਰੂ ਨੇ ਕ੍ਰਿਪਾਨ ਤੇ ਕਛਹਿਰਾ ਕਿਉਂ ਪਵਾਇਆ ਹੈ ? ਕੀ ਨਿਰੀ ਸਜਾਵਟ ਲਈ ? ਨਹੀਂ ਦੀਨਾਂ ਦੀ ਰੱਖਿਆ ਲਈ। ਜ਼ੁਲਮ ਨੂੰ ਦੂਰ ਕਰਨ ਲਈ। ਤੁਸੀਂ ਪੰਜਾਬ ਦੀ ਇਜ਼ਤ ਦੇ ਰਾਖੇ ਹੋ। ਨ ਕੇਵਲ ਆਪਣੀ ਬਲਕਿ ਹਿੰਦੂ ਮੁਸਲਮਾਨਾਂ ਦੀ ਇਜ਼ਤ ਦੇ ਰਖਵਾਲੇ ਹੋ।

ਮੈਂ ਮੁਸਲਮਾਨ ਹਾਂ, ਅਲਾਹ ਮੈਨੂੰ ਦੀਨ ਵਿਚ ਕਾਇਮ ਰਖੇ। ਪਰ ਜੇ ਕਦੀ ਮੇਰਾ ਦਿਲ ਇਸ ਮਜ਼ਹਬ ਨੂੰ ਛੱਡ ਕੇ ਕੋਈ ਹੋਰ ਮਜ਼ਹਬ ਧਾਰਨ ਕਰਨਾ ਚਾਹੇ ਤਾਂ ਨਾ ਮੈਂ ਈਸਾਈ ਬਣਾਂਗਾ ਤੇ ਨਾ ਹਿੰਦੂ ਅਤੇ ਨਾ ਹੀ ਕੋਈ ਹੋਰ ਮਜ਼ਹਬ ਪਸੰਦ ਕਰਾਂਗਾ ਪਰ ਕੇਵਲ ਸਿੱਖ ਧਰਮ ਨੂੰ ਧਾਰਨ ਕਰਾਂਗਾ। ਇਸ ਧਰਮ ਵਿਚ ਕ੍ਰਿਪਾਨ ਰੱਖਣ ਦੀ ਤਾਂ ਖੁਲ੍ਹ ਹੋਵੇਗੀ।

ਤੁਸੀਂ ਸਰਕਾਰ ਤੇ ਨਾਰਜ਼ਗੀ ਪ੍ਰਗਟ ਕੀਤੀ ਹੈ ਪਰ ਉਸ ਦੇ ਕੰਨ ਵਿਚ ਤੁਹਾਡੀ ਅਵਾਜ਼ ਨਹੀਂ ਪਹੁੰਚਣੀ। ਉਹ ਸਰਕਾਰ ਕੋਠੀਆਂ ਤੇ ਮਹਿਮਾਂ ਵਿਚ ਵਸਣ ਵਾਲੀ ਹੈ ਤੁਸੀਂ ਝੁਗੀਆਂ ਵਿਚ ਰਹਿਣ ਵਾਲੇ ਹੋ। ਹਾਂ ਸ: ਕਪੂਰ ਸਿੰਘ ਨੂੰ ਤੁਹਾਡੀ ਵਧਾਈ ਪਹੁੰਚ ਗਈ।

ਇਕ ਜ਼ਰੂਰੀ ਅਰਜ਼।

ਆਪ ਅਗੇ ਇਕ ਜ਼ਰੂਰੀ ਗੱਲ ਕਹਿਣੀ ਹੈ ਕਿ ਕਿਸੇ ਨੂੰ ਮਾਰਨ ਨਾਲ ਤੇ ਕਤਲ ਕਰਨ ਨਾਲ ਸੂਰਾਜ ਨਹੀਂ ਮਿਲਦਾ। ਇਕ ਨੂੰ ਕਤਲ ਕਰੋਗੇ, ਗੁਨਾਹ ਕਰੋਗੇ ਤੇ ਇਸ ਦੇ ਬਦਲੇ ਫ਼ਾਂਸੀ ਚੜੋਗੇ। ਪਾਪ ਕਰਨ ਨਾਲ ਸੂਰਾਜ ਨਹੀਂ ਮਿਲਦਾ। ਤੁਸੀਂ ਨਾ-ਮਿਲਵਰਤਨ ਕਰੋ। ਬੇ ਗੁਨਾਹ ਫੜੇ ਜਾਵੋ। ਫੜਨ ਵਾਲਿਆਂ ਦੇ ਸਿਰ ਪਾਪ ਚੜ੍ਹਾਓ ਤਾਂ ਜੇ ਉਹ ਛੇਤੀ ਨਾਸ ਹੋਣ ਤੁਹਾਡੇ ਗੁਰੂਆਂ ਨੇ ਵੀ ਇਸੇ ਤਰ੍ਹਾਂ ਕੀਤਾ ਹੈ। ਅਜੇ ਤੁਹਾਨੂੰ ਹੱਥ ਉਠਾਉਣ ਦਾ ਹੁਕਮ ਨਹੀਂ।

ਹੁਣ ਮੈਂ ਬਸ ਕਰਦਾ ਹਾਂ ਤੇ ਇਸ ਰੈਜ਼ੂਲੇਸ਼ਨ ਦੀ ਜ਼ੋਰ ਨਾਲ ਤਾਈਦ ਕਰਦਾ ਹਾਂ ਇਸ ਦੇ ਮਗਰੋਂ ਭਾਈ ਨਿਧਾਨ ਸਿੰਘ ਜੀ ਨਾਮਧਾਰੀ, ਮੌਲਵੀ ਗ਼ੁਲਾਮ ਕਾਦਰ, ਮੌਲਵੀ ਅਖ਼ਤਰ ਅਲੀ, ਲਾਲਾ ਦੁਨੀਚੰਦ ਜੀ ਬੈਰਿਸਟਰ ਬੋਲੇ। ਲਾਲਾ ਜੀ ਨੇ **ਜਿਥੇ ਰਹੋ ਰਾਜੀ ਰਹੋ** ਦੀ ਡਾਢੀ ਉਤਮ ਸਿਖਿਆ ਦਿੱਤੀ। ਫਿਰ ਸ: ਸਰਦੂਲ ਸਿੰਘ ਜੀ ਨੇ ਕਿਹਾ "ਮੰਗਲ ਸਿੰਘ ਖੁਸ਼ ਹੈ ਕਿ ਉਸ ਨੂੰ ਭਾਰਤ ਮਾਤਾ ਦੀ ਸੇਵਾ ਦਾ ਅਵਸਰ ਮਿਲਿਆ ਹੈ। ਤੁਸੀਂ ਖੁਸ਼ ਹੋ ਪਰ ਮੈਂ ਰਿੰਜ ਹਾਂ। ਕਿਉਂ ? ਇਨ੍ਹਾਂ ਦਿਨਾਂ ਵਿਚ ਜਦ ਉਹ ਮਿਲਦੇ ਸਨ ਤਾਂ ਕਿਹਾ ਕਰਦੇ ਸਨ ਕਵੀਸ਼ਰ ਜੀ ਤੁਹਾਡੀ ਬਾਬਤ ਹਰ ਰੋਜ਼ ਖ਼ਬਰਾਂ ਉਡਦੀਆਂ ਰਹਿੰਦੀਆਂ ਹਨ ਕਿ ਵਾਰੰਟ ਨਿਕਲੇ ਹਨ ਤੁਸੀਂ ਅੱਜ ਭਲ ਕੇ ਮੈਥੋਂ ਨਿਖੜਕੇ ਚਲੇ ਜਾਵੋਗੇ, ਪਰ ਮੇਰਾ ਕੋਈ ਨਾਂ ਨਹੀਂ ਲੈਂਦਾ। ਜੇ ਤੁਸੀਂ ਇਕਲੇ ਗਏ ਤਾਂ ਮੈਂ ਗੁਸੇ ਹੋਵਾਂਗਾ। ਜਿਸ ਦਿਨ ਉਹ ਜੇਲ੍ਹ ਵਿਚ ਟਾਂਗੇ ਤੇ ਲਿਜਾਏ ਜਾ ਰਹੇ ਸਨ ਤਾਂ ਮੈਂ ਉਹਨਾਂ ਨੂੰ ਮਿਲਿਆ। ਉਹ ਮੈਨੂੰ ਵੇਖ ਕੇ ਬੜੇ ਹਸੇ ਤੇ ਕਹਿਣ ਲਗੇ। ਵੇਖੋ ਮੈਂ ਬਾਜੀ ਲੈ ਗਿਆ ਤੇ ਤੁਸੀਂ ਰਹਿ ਗਏ। ਸਚ ਮੁਚ ਮੰਗਲ ਸਿੰਘ ਬਾਜੀ ਲੈ ਗਿਆ। ਮੈਨੂੰ ਇਹ ਰੰਜ ਹੈ ਕਿ ਮੈਂ ਹਾਲੀ ਤਕ ਕਿਉਂ ਬਾਹਰ ਹਾਂ"। ਫਿਰ ਆਪ ਨੇ ਸਰਦਾਰ ਜੀ ਦਾ ਸੁਨੇਹਾ ਲੋਕਾਂ ਨੂੰ ਸੁਣਿਆ ਕਿ "ਅਕਾਲੀ" "ਮੇਰੀ ਜਿੰਦ ਜਾਨ ਹੈ ਇਸ ਨੂੰ ਜ਼ਿੰਦਾਂ ਰਖਣਾਂ"

ਇਨ੍ਹਾਂ ਦੇ ਮਗਰੋਂ ਹੀਰਾ ਸਿੰਘ "ਦਰਦ" ਨੇ ਇਕ ਨਜ਼ਮ ਪੜ੍ਹੀ ਤੇ ਕੁਝ ਵਖਿਆਨ ਦਿੱਤਾ। ਫਿਰ ਸ: ਗਜਨ ਸਿੰਘ ਜੀ ਭਰਮ ਤੋੜ ਜਥੇ ਵਾਲਿਆਂ ਨੇ ਤਗਮਾਂ ਵਾਪਸ ਕੀਤਾ। ਇਕ ਸਿੰਘ ਨੇ ਪੰਜਾਬੀ ਨਜ਼ਮ ਪੜੀ ਤੇ ਗੁਰਮਤਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਾਸ ਹੋਇਆ। ਉਪਰੰਤ ਅਰਦਾਸ ਹੋ ਕੇ ਸਮਾਪਤੀ ਹੋਈ।

ਅਕਾਲੀ ਲਾਹੌਰ, ੧੭ ਨਵੰਬਰ ੧੯੨੦

ਖਾਲਸਾ ਕਾਲਜ ਅੰਮ੍ਰਿਤਸਰ ਮੈਨੇਜਿਗ ਕਮੇਟੀ ਦੀ ਖ਼ਾਸ ਇਕੱਤਰਤਾ

੧੩ ਨਵੰਬਰ ਨੂੰ ੧ ਵਜੇ ਕਮਿਸ਼ਨਰ ਲਾਹੌਰ ਦੇ ਦਫ਼ਤਰ ਵਿਚ ਕਮੇਟੀ ਦੀ ਖ਼ਾਸ ਇਕੱਤਰਤਾ ਹੋਈ। ੧੯ ਮੈਂਬਰ ਹਾਜ਼ਰ ਹੋਏ। ਕਮਿਸ਼ਨਰ ਨੇ ਖ਼ਾਸ ਇਕੱਤਰਤਾ ਕਰਨ ਦਾ ਕਾਰਨ ਦੱਸਦਿਆਂ ਹੋਇਆਂ ਕਾਲਜ ਅਤੇ ਸਰਕਾਰ ਦਾ ਸਬੰਧ ਦੱਸਿਆ। ਫਿਰ ਆਖਿਆ ਕਿ ਸਰਕਾਰ ਦੀ ਕਾਲਜ ਨੂੰ ਆਪਣੇ ਪ੍ਰਬੰਧ ਵਿਚ ਰੱਖਣ ਦੀ ਕੋਈ ਇੱਛਿਆ ਨਹੀਂ। ਉਹ ਪੂਰੀ ਤਰ੍ਹਾਂ ਇਸ ਨੂੰ ਸਿੱਖ ਪੰਥ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ। ਅੰਤ ਵਿਚ ਇਹ ਰੈਜ਼ੂਲੇਸ਼ਨ ਪੇਸ਼ ਕੀਤਾ—

"ਇਹ ਕਮੇਟੀ ੩੧ ਅਕਤੂਬਰ ਨੂੰ ਖਾਲਸਾ ਕਾਲਜ ਕੌਂਸਲ ਦਾ ਪਾਸ ਕੀਤਾ ਹੋਇਆ ਮਤਾ ਪੂਰੀ ਤਰ੍ਹਾਂ ਪ੍ਰਵਾਨ ਕਰਦੀ ਹੈ ਅਤੇ ਤਜਵੀਜ਼ ਕਰਦੀ ਹੈ ਕਿ ਮੁੱਢਲੇ ਨਿਯਮਾਂ ਵਿਚ ਤਬਦੀਲੀਆਂ ਕਰਨ ਲਈ ਇਕ ਸਬ ਕਮੇਟੀ

ਬਣਾਈ ਜਾਵੇ। ਜਿਨ੍ਹਾਂ ਨਾਲ ਸਰਕਾਰ ਦਾ ਦਖ਼ਲ ਇਕ ਆਸ਼ਰਮ ਤੇ ਬਿਲਕੁਲ ਨਾ ਰਹੇ।"

ਇਸ ਰੈਜ਼ੂਲੇਸ਼ਨ ਦੀ ਪੁਸ਼ਟੀ ਸਰਦਾਰ ਨਿਹਾਲ ਸਿੰਘ ਜੀ ਪਟਿਆਲਾ ਅਤੇ ਸਰਦਾਰ ਖੜਕ ਸਿੰਘ ਜੀ ਪਟਿਆਲਾ ਅਤੇ ਸਰਦਾਰ ਖੜਕ ਸਿੰਘ ਜੀ ਵਕੀਲ ਲਾਹੌਰ ਨੇ ਕੀਤੀ ਜਨਰਲ ਬਲਦੇਵ ਸਿੰਘ ਜੀ ਬਖਸ਼ੀ ਪੂਰਨ ਸਿੰਘ ਜੀ ਨੇ ਹੋਰ ਪਕਿਆਈ ਕੀਤੀ।

ਸ: ਗੁਰਬਖਸ਼ ਸਿੰਘ ਜੀ ਨੇ ਰੈਜ਼ੂਲੇਸ਼ਨ ਦੇ ਲਫ਼ਜ਼ਾਂ ਤੇ ਇਤਰਾਜ਼ ਕੀਤਾ ਤੇ ਕਿਹਾ ਕਿ ੩੧ ਅਕਤੂਬਰ ਨੂੰ ਰੈਜ਼ੂਲੇਸ਼ਨ ਵਿਚ ਇਹ ਲਫ਼ਜ਼ ਪਾਸ ਹੋਏ ਸਨ ਕਿ—

"ਇਹ ਕੌਂਸਲ 'ਨਾ-ਮਿਲਵਰਤਨ' ਦੇ ਅਸੂਲ ਦਾ ਜ਼ੋਰ ਨਾਲ ਵਿਰੋਧ ਕਰਦੀ ਹੈ" ਸ: ਗੁਰਬਖਸ਼ ਸਿੰਘ ਨੇ ਕਿਹਾ ਕਿ ਇਹ ਨਹੀਂ ਹੋਣੇ ਚਾਹੀਦੇ ਪਰ ਕਿਸੇ ਨੇ ਪੁਸ਼ਟੀ ਨਾ ਕੀਤੀ ਫਿਰ ਸ: ਖੜਕ ਸਿੰਘ ਵਕੀਲ ਨੇ ਤਜਵੀਜ਼ ਕੀਤੀ ਕਿ ਇਹ ਕਮੇਟੀ ਹੀ ਸਬ ਕਮੇਟੀ ਬਣਾ ਲਈ ਜਾਵੇ ਕਿਉਂਕਿ ਵਖਰੀ ਕਮੇਟੀ ਬਣਾਣ ਦੀ ਕੋਈ ਲੋੜ ਨਹੀਂ ਪ੍ਰਤੀਤ ਹੋਂਦੀ। ਕੁਝ ਚਿਰ ਵਿਚਾਰ ਮਗਰੋਂ ਅਸਲ ਮਤੇ ਤੇ ਰਾਵਾਂ ਲਈਆਂ ਗਈਆਂ ਤੇ ਸ: ਗੁਰਬਖਸ਼ ਸਿੰਘ ਜੀ ਅਤੇ ਮਿ: ਵਾਦਨ ਦੀਆਂ ਵਿਰੁਧ ਰਾਵਾਂ ਤੇ ਮਤਾ ਪਾਸ ਹੋਇਆ।

ਸ: ਖੜਕ ਸਿੰਘ ਜੀ ਨੇ ਆਖਿਆ ਸਬ ਕਮੇਟੀ ਵਿਚ ਕੇਵਲ ਮੈਨਜਿੰਗ ਕਮੇਟੀ ਦੇ ਮੈਂਬਰ ਲਏ ਜਾਣ। ਆਖ਼ਰ ਪ੍ਰੈਜ਼ੀਡੈਂਟ ਨੇ ਪੇਸ਼ ਕੀਤਾ ਕਿ ਇਸ ਕਮੇਟੀ ਵਿਚ ਦੋ ਪ੍ਰਤੀਨਿਧ ਪਟਿਆਲੇ ਇਕ ਇਕ ਫ਼ਰੀਦਕੋਟ, ਜੀਂਦ ਅਤੇ ਕਪੂਰਥਲੇ ਦਾ, ਚਾਰ ਮੈਨੇਜਿੰਗ ਕਮਟੀ ਵੱਲੋਂ—

ਸ: ਖੜਕ ਸਿੰਘ ਵਕੀਲ ਲਾਹੌਰ, ਭਾਈ ਸਾਹਿਬ ਅਰਜਨ ਸਿੰਘ, ਬਾਗੜੀਆਂ, ਸ: ਗੁਰਬਖਸ਼ ਸਿੰਘ ਜੀ ਸਿਆਲਕੋਟ, ਕੈਪਟਨ ਗੋਪਾਲ ਸਿੰਘ ਮਜੀਠੀਆ ਅਤੇ ਸ: ਹਰਬੰਸ ਸਿੰਘ ਜੀ ਅਟਾਰੀ ਵਾਲੇ ਵੀ ਵਾਧੂ ਜਾਣ।

ਉਪਰੰਤ ਪਾਸ ਹੋਇਆ ਕਿ ਸੈਕਟਰੀ ਹਫ਼ਤੇ ਦੇ ਅੰਦਰ ਕਮੇਟੀ ਰਿਪੋਰਟ ਕਰੇ ਇਸ ਦੇ ਮਗਰੋਂ ਜਿਨ੍ਹਾਂ ਨਿਯਮਾਂ ਤੇ ਵਿਚਾਰ ਹੋਣੀ ਹੈ ਉਹ ਦੱਸੇ ਗਏ। ਪ੍ਰਧਾਨ ਦੇ ਧੰਨਵਾਦ ਨਾਲ ਕਮੇਟੀ ਸਮਾਪਤ ਹੋਈ।

ਅਕਾਲੀ ਲਾਹੌਰ, ੧੯ ਨਵੰਬਰ ੧੯੨੦

ਦਰਬਾਰ ਸਾਹਿਬ ਜੀ

੧੩ ਅਕਤੂਬਰ—ਕਮਿਸ਼ਨਰ ਲਾਹੌਰ ਦੇ ਦਫ਼ਤਰ ਵਿਚ ਖਾਲਸਾ ਕਾਲਜ ਸਬੰਧੀ ਕਮੇਟੀ ਹੋਈ ਉਸ ਦੇ ਮਗਰੋਂ ੧੨ ਸੱਜਣਾਂ ਦਾ ਡੈਪੂਟੇਸ਼ਨ ਦਰਬਾਰ ਸਾਹਿਬ ਦਾ ਪ੍ਰਬੰਧ ਮੰਗਣ ਲਈ ਲਾਟ ਸਾਹਿਬ ਪਾਸ ਗਿਆ ਅਤੇ ਕੋਈ ੩੬ ਸੱਜਣਾਂ ਦੀ ਕਚੀ ਪ੍ਰਬੰਧਕ ਕਮੇਟੀ ਮਨਜ਼ੂਰ ਕੀਤੀ ਗਈ ਜੋ ਪ੍ਰਬੰਧ ਸਬੰਧੀ ਨਿਯਮ ਆਦਿਕ ਘੜੇਗੀ। ਇਸ ਸਬੰਧੀ ਅਸੀਂ ਪੂਰੀ ਵਿਚਾਰ ਅਗਲੇ ਪਰਚੇ ਵਿਚ ਦਰਜ ਕਰਾਂਗੇ ਕਿ ਇਸ ਡੈਪੂਟੇਸ਼ਨ ਅਤੇ ਕਮੇਟੀ ਦਾ ਪੰਥ ਨਾਲ ਕੀ ਸਬੰਧ ਹੈ? ਰੱਬ ਜਾਣੇ ਆਪਣੇ ਆਪ ਡੈਪੂਟੇਸ਼ਨ ਤੇ ਕਮੇਟੀਆਂ ਬਣ ਕੇ ਪੰਥ ਨੂੰ ਕਦੋਂ ਤੀਕਣ ਖੂਹ ਖ਼ਾਤੇ ਸੁਟਣ ਦਾ ਯਤਨ ਕਰੀ ਜਾਣਗੇ ਅਤੇ ਪੰਚੈਤੀ ਅਸੂਲਾਂ ਉੱਤੇ ਕੁਹਾੜੇ ਮਾਰ ਕੇ ਪੰਥ ਦੇ ਲੀਡਰ ਸਦਾਈ ਜਾਣਗੇ?

ਅਕਾਲੀ ਲਾਹੌਰ, ੧੯ ਨਵੰਬਰ ੧੯੨੦

ਦਰਬਾਰ ਸਾਹਿਬ ਅਤੇ ਸਰਕਾਰ

ਆਪ ਹੁਦਰੇ ਚੌਧਰੀਆਂ ਦੀਆਂ ਚਾਲਾਂ

ਕਿਸੇ ਦੂਸਰੀ ਥਾਂ ਸਰਕਾਰ ਵੱਲੋਂ ਇਹ ਛਾਪਿਆ ਹੈ ਕਿ ਕੁਝ ਰਿਆਸਤਾਂ ਤੇ ਕੁਝ ਕੌਮ ਫ਼ਰੋਸ਼ ਆਪ ਹੁਦਰੇ ਚੌਧਰੀ ਬਿਨਾਂ ਕੌਮ ਦੀ ਇਜਾਜ਼ਤ ਦੇ ਲਾਟ ਸਾਹਿਬ ਕੋਲ ਪਹੁੰਚੇ ਅਤੇ ਆਖਿਆ ਕਿ ਦਰਬਾਰ ਸਾਹਿਬ ਦਾ ਇੰਤਜ਼ਾਮ ਬਜਾਏ ਇਕ ਸਰਕਾਰੀ ਆਦਮੀ ਦੇ ਹੁਣ ਇਕ ਐਸੀ ਕਮੇਟੀ ਦੇ ਸਪੁਰਦ ਕੀਤਾ ਜਾਵੇ ਜੀਹਦੇ ਵਿਚ ਬਹੁਤ ਸਾਰੇ ਆਦਮੀ ਲਾਲਚੀ ਖੁਸ਼ਾਮਦੀ ਪੰਥ ਘਾਤਕ ਤੇ ਸਰਕਾਰ ਦੇ ਹੱਥਾਂ ਦੀ ਕਠਪੁਤਲੀ ਹੋਣ। ਇਧਰ ਤਾਂ ੧੫ ਤਾਰੀਖ਼ ਨੂੰ ਪੰਥ ਦੀ ਕਮੇਟੀ ਆਪ ਚੁਣਨੀ ਸੀ ਤੇ ਉਧਰ ੧੩ ਤਾਰੀਖ਼ ਨੂੰ ਇਹ ੧੨ ਆਪੇ ਬਣੇ ਹੋਏ ਚੋਧਰੀ ਇਕ ਪੁਜਾਰੀ ਨੂੰ ਨਾਲ

ਲੈ ਕੇ ਲਾਟ ਸਾਹਿਬ ਕੋਲ ਜਾ ਪੁਜੇ ਤੇ ਪੰਥ ਕੋਲੋਂ ਫਿਰ ਹਰਿ ਮੰਦਰ ਸਾਹਿਬ ਦੀ ਸੇਵਾ ਖੋਹ ਕੇ ਫਿਰ ਆਪਣੇ ਹੱਥ ਵਿਚ ਲੈਣ ਦੀ ਅਰਜ਼ੋਈ ਕੀਤੀ। ਲਾਟ ਸਾਹਿਬ ਨੇ ਵੀ ਮਨਜ਼ੂਰੀ ਦੇ ਦਿੱਤੀ ਕਿ ਹਰਿਮੰਦਰ ਸਾਹਿਬ ਦਾ ਇੰਤਜ਼ਾਮ ਇਨ੍ਹਾਂ ਬਾਰਾਂ ਖੜਪੈਂਚਾਂ ਦੀ ਬਨਾਈ ਹੋਈ ਕਮੇਟੀ ਦੇ ਸਪੁਰਦ ਕਰ ਦਿੱਤਾ ਜਾਵੇ।

ਅਸੀਂ ਲਾਟ ਸਾਹਿਬ ਨੂੰ ਸਾਫ਼ ਕਹਿ ਦੇਣਾ ਚਾਹੁੰਦੇ ਹਾਂ ਕਿ ਦਰਬਾਰ ਸਾਹਿਬ ਦੀ ਸੇਵਾ ਦਾ ਕੰਮ ਸਿੱਖਾਂ ਦਾ ਆਪਣਾ ਕੰਮ ਹੈ ਅਸੀਂ ਹਰਗਿਜ਼ ਇਸ ਮਾਮਲੇ ਵਿਚ ਸਰਕਾਰ ਦਾ ਕਿਸੇ ਕਿਸਮ ਦਾ ਦਖ਼ਲ ਨਹੀਂ ਚਾਹੁੰਦੇ ਅਤੇ ਜਿਹੜੇ ਸੱਜਣ ਡੈਪੂਟੇਸ਼ਨ ਲੈ ਕੇ ਗਏ ਸਨ ਉਨ੍ਹਾਂ ਵਿੱਚੋਂ ਆਗੂ ਐਸੇ ਸਨ ਜਿਹੜੇ ਪੰਥ ਵੱਲੋਂ ਤਨਖ਼ਾਹੀਏ ਹੋ ਚੁਕੇ ਹਨ ਇਨ੍ਹਾਂ ਮੁਰੱਬੇ ਪਰਸਤਾਂ ਤੇ ਸਰਕਾਰੀ ਠੇਕੇਦਾਰਾਂ ਦੇ ਚੁਧਰਮੇ ਨੂੰ ਹੁਣ ਪੰਥ ਮੰਨਣ ਵਾਸਤੇ ਕਦੇ ਵੀ ਤਿਆਰ ਨਹੀਂ ਅਤੇ ਕੌਮ ਇਨ੍ਹਾਂ ਦੀਆਂ ਕਮੀਨੀਆਂ ਚਾਲਾਂ ਨੂੰ ਹੁਣ ਆਪਣੇ ਵਾਸਤੇ ਹਾਨੀਕਾਰਕ ਸਮਝਦੀ ਹੈ।

ਲਾਟ ਸਾਹਿਬ ਨੇ ਅਜੇ ਕਲ੍ਹ ਹੀ ਕਿਹਾ ਸੀ ਕਿ ਅਸੀਂ ਸਿੱਖਾਂ ਦੇ ਹਰਿਮੰਦਰ ਤੋਂ ਆਪਣਾ ਹੱਥ ਉਠਾ ਲਿਆ ਹੈ ਕੀ ਹੁਣ ਦਰਬਾਰ ਸਾਹਿਬ ਦਾ ਇੰਤਜ਼ਾਮ ਬਜਾਏ ਇਕ ਅਰੂੜ ਸਿੰਘ ਦੇ ਹੁਣ ਕਈ ਅਰੂੜ ਸਿੰਘਾਂ ਦੇ ਸਪੁਰਦ ਕਰ ਦੇਣ ਦਾ ਨਾਮ ਹੀ ਸਰਕਾਰ ਦਾ ਆਪਣਾ ਹੱਥ ਉਠਾ ਲੈਣਾ ਹੈ ? ਸਰਕਾਰ ਨੂੰ ਸਾਫ਼ ਸਮਝ ਲੈਣਾ ਚਾਹੀਦਾ ਹੈ ਕਿ ਜੇ ਕਿਸੇ ਈਮਾਨ ਫਰੋਸ਼ ਦੇ ਸਿਖੇ ਸਿਖਾਏ ਹੁਣ ਸਰਕਾਰ ਨੇ ਫੇਰ ਆਪਣੀ ਤਵਜੋ ਦਰਬਾਰ ਸਾਹਿਬ ਵੱਲ ਦਿੱਤੀ ਤਾਂ ਪੰਥ ਨੂੰ ਉਹ ਰੰਜ ਹੋਵੇਗਾ ਕਿ ਜਿਸ ਦਾ ਸੰਭਾਲਨਾਂ ਸਰਕਾਰ ਵਾਸਤੇ ਕੋਈ ਸੌਖੀ ਗੱਲ ਨਹੀਂ ਹੋਵੇਗੀ।

ਇੱਧਰ ਅਸੀਂ "ਆਪ ਹੀ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ" ਕਹਿਨ ਵਾਲੇ ਖੜਪੈਂਚਾਂ ਨੂੰ ਪੁਛਦੇ ਹਾਂ ਕਿ ਆਪ ਨੂੰ ਕਿਸ ਨੇ ਸਿੱਖ ਕੌਮ ਦਾ ਪ੍ਰਤੀਨਿਧ ਚੁਣਿਆ ਸੀ, ਤੇ ਆਖਿਆ ਸੀ ਕੀ ਹਰਿਮੰਦਰ ਸਾਹਿਬ ਦਾ ਮਾਮਲਾ ਸਰਕਾਰ ਕੋਲ ਲੈ ਜਾਵੋ। ਕੀ ਇਹ ਕੋਈ ਗਿਰਜਾ ਘਰ ਸੀ ਜਿਸ ਵਾਸਤੇ ਅੰਗ੍ਰੇਜ਼ ਲਾਟ ਸਾਹਿਬ ਦੀ ਮਦਦ ਲੈਣੀ ਸੀ ? ਤੁਸੀਂ ਆਪਣੀਆਂ ਨੌਕਰੀਆਂ ਦੇ ਲਾਲਚ ਤੁਸੀਂ ਆਪਣੇ ਖ਼ਤਾਬਾਂ ਵਾਸਤੇ, ਤੁਸੀਂ ਮੁਰੱਬੇ ਲੈਣ ਵਾਸਤੇ, ਤੁਸੀਂ ਸਿੱਖਾਂ ਨੂੰ ਅਸਿੱਖ, ਕਹਿਣ ਵਾਸਤੇ, ਤੇ ਹਾਂ ਜੀ ਤੁਸੀਂ ਸ਼ਰਾਬ ਦੇ ਠੇਕੇ ਲੈਣ ਵਾਸਤੇ ਸਰਕਾਰੀ ਅਫ਼ਸਰਾਂ ਨੂੰ ਮਿਲੋ ਤੇ ਜ਼ਰੂਰ ਮਿਲੋ ! ਅਸੀਂ ਦਖ਼ਲ ਨਹੀਂ ਦੇਵਾਂਗੇ। ਪਰ ਜੇ ਹੁਣ ਤੁਸੀਂ ਦਰਬਾਰ ਸਾਹਿਬ ਦੇ ਮਾਮਲੇ ਵਿਚ ਕਾਂਜੀ ਪਾਣਾ ਚਾਹੋਗੇ ਤਾਂ ਫੇਰ ਤੁਹਾਡਾ ਉਹੋ ਹਾਲ ਹੋਵੇਗਾ ਜਿਹੜਾ ਅਰੂੜ ਸਿੰਘ ਦਾ।

ਨਾਲ ਹੀ ਅਸੀਂ ਰਿਆਸਤੀ ਐਹਲਕਾਰਾਂ ਨੂੰ ਤੇ ਮਹਾਰਾਜਾ ਸਾਹਿਬ ਪਟਿਆਲਾ ਨੂੰ ਇਹ ਅਰਜ਼ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਉਹ ਕ੍ਰਿਪਾ ਕਰ ਕੇ ਕੌਮੀ ਦੁਸ਼ਮਣਾਂ ਦੇ ਹਥਿਆਰ ਨਾ ਬਣਨ ਤੇ ਪੰਥਕ ਮਾਮਲਿਆਂ ਵਿਚ ਦਖ਼ਲ ਦੇਣ ਤੋਂ ਪਹਿਲੇ ਕ੍ਰਿਪਾ ਕਰ ਕੇ ਆਪਣੀ ਦਸ਼ਾ ਨੂੰ ਮੁਖ ਸੋਚ ਵਿਚਾਰ ਕਰ ਲੈਣ। ਬਾਬਾ ਆਲਾ ਸਿੰਘ ਬਣ ਕੇ ਨਿਤਰੋ ਸਿੱਖ ਪਿੱਛੇ ਲੱਗ ਜਾਣਗੇ। ਪਰ ਜਦ ਤਕ ਬਾਬਾ ਜੀ ਵਰਗਾ ਬਣਨ ਦੀ ਕੋਸ਼ਿਸ਼ ਨਹੀਂ ਕਰਦੇ ਐਸੇ ਪੰਥਕ ਮਾਮਲਿਆਂ ਵਿਚ ਜਿਥੇ ਕੋਈ ਝਗੜੇ ਦੀ ਗੱਲ ਹੋਵੇ ਦਖ਼ਲ ਨਾ ਦੇਵੋ। ਨਹੀਂ ਤਾਂ ਸਾਨੂੰ ਸੱਚੀ ਸਚੀ ਹਾਲਤ ਪੰਥ ਨੂੰ ਦੱਸਣੀ ਪਵੇਗੀ।

ਨਵੀਆਂ ਕੌਂਸਲਾਂ ਵਿਚ ਵਜ਼ੀਰ ਬਣਨ ਦੀ ਕੋਸ਼ਿਸ਼ ਕਰਨ ਵਾਲਿਆਂ ਤੇ ਉਨ੍ਹਾਂ ਦੇ ਝੋਲੀ ਚੁੱਕ ਯਾਰਾਂ ਨੇ ਜਿਹੜੀ ਕਮੇਟੀ ਆਪਣੇ ਘਰੋਂ ਤਜਵੀਜ਼ ਕੀਤੀ ਹੈ, ਇਸ ਵਿਚ ਰਿਆਸਤਾਂ ਦੇ ਐਹਲਕਾਰਾਂ ਤੋਂ ਬਿਨਾਂ ਕੁਝ ਹੋਰ ਦੋ ਚਾਰ ਸੱਚੇ-ਸੁੱਚੇ ਆਦਮੀਆਂ ਦਾ ਨਾਮ ਵੀ ਪੰਥ ਦੀਆਂ ਅੱਖਾਂ ਪੂੰਝਨ ਵਾਸਤੇ ਰੱਖ ਲਿਆ ਹੈ। ਸਾਨੂੰ ਪੂਰਾ ਪਤਾ ਹੈ ਕਿ ਪੰਥ ਦੇ ਐਸੇ ਸੱਚੇ ਦਰਦੀ ਐਸੀ ਕਮੇਟੀ ਵਿਚ ਕਦੀ ਵੀ ਕੰਮ ਨਹੀਂ ਕਰਨਗੇ ਤੇ ਆਪਣਾ ਨਾਮ ਇਸ ਰੌਲੇ ਵਿਚ ਸ਼ਾਮਲ ਨਾ ਹੋਣ ਦੇਣਗੇ। ਬਾਕੀ ਹੁਣ ਪੰਥ ਦਾ ਫਰਜ਼ ਹੈ ਕਿ ਪੰਥ ਅਗੇ ਨਾਲੋਂ ਵੀ ਸੁਚੇਤ ਹੋ ਜਾਵੇ। ਕੌਮ ਦੇ ਦੁਸ਼ਮਨ ਹੁਣ ਮੈਦਾਨ ਵਿਚ ਨਿਤਰਨ ਲੱਗ ਪਏ ਹਨ। ਖਾਲਸਾ ਕਾਲਜ ਕੌਂਸਲ ਦੇ ਮਾਮਲੇ ਵਿਚ ਇਨ੍ਹਾਂ ਦੀ ਕਰਤੂਤ ਦਾ ਆਪ ਨੂੰ ਪਤਾ ਹੀ ਹੈ, ਹੁਣ ਦਰਬਾਰ ਸਾਹਿਬ ਵੱਲ ਹੱਥ ਵਧਾਇਆ ਹੈ। ਖਾਲਸਾ ਜਦ ਤਕ ਸੱਚ, ਸ਼ਹਿਨਸ਼ੀਲਤਾ ਤੇ ਅਕਾਲੀ ਤਾਕਤ ਨਾਲ ਇਨ੍ਹਾ ਦੀਆਂ ਕਰਤੂਤਾਂ ਦੇ ਮੂੰਹ ਨਹੀਂ ਤੋੜਦਾ ਉਦੋਂ ਤਕ ਇਹ ਘੁਣ ਵਾਂਗਰ ਕੌਮ ਨੂੰ ਅੰਦਰੋਂ ਅੰਦਰ ਖੋਖਾ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕਰੀ ਜਾਣਗੇ। ਖਾਲਸਾ ਜੀ ਥਾਂ-ਥਾਂ ਇਕੱਠੇ ਹੋ ਕੇ ਗੁਰਮਤੇ ਕਰੋ ਤੇ ਆਪ ਆਪਣੇ ਦਰਬਾਰ ਸਾਹਿਬ ਨੂੰ ਸਰਕਾਰ ਅਤੇ ਕੌਮ ਘਾਤਕਾਂ ਦੀ ਬਨਾਈ ਹੋਈ ਕਮੇਟੀ ਦੇ ਹੱਥੋਂ ਬਚਾ ਲਵੋ।

ਦਰਬਾਰ ਸਾਹਿਬ ਦਾ ਇੰਤਜ਼ਾਮ

ਸਿੰਘਾਂ ਦਾ ਇਕ ਜਥਾ ਲਾਟ ਸਾਹਿਬ ਪੰਜਾਬ ਦੇ ਪਾਸ ੧੩ ਸ਼ਾਮ ਨੂੰ ਗਿਆ ਅਤੇ ਦਰਬਾਰ ਸਾਹਿਬ ਦੇ ਇੰਤਜ਼ਾਮ ਲਈ ਇਹ ਅਰਜ਼ ਕੀਤੀ ਹੈ—

ਅੰਗ੍ਰੇਜ਼ੀ ਰਾਜ ਆਉਣ ਤੇ ਗੌਂਵਰਮੈਂਟ ਨੇ ਉਸ ਵੇਲੇ ਦੇ ਸਰਦਾਰਾਂ ਦੀ ਸਲਾਹ ਨਾਲ ਦਰਬਾਰ ਸਾਹਿਬ ਅਤੇ ਹੋਰ ਇਸ ਦੇ ਸਬੰਧਤ ਗੁਰਦੁਆਰਿਆਂ ਦੇ ਇੰਤਜ਼ਾਮ ਲਈ ਇਕ ਕਮੇਟੀ ਥਾਪੀ ਸੀ, ਪਰੰਤੂ ਉਹ ਕਮੇਟੀ ਹੁਣ ਬਦਕਿਸਮਤੀ ਨਾਲ ਨਹੀਂ ਅਤੇ ਖਾਲਸਾ ਪੰਥ ਦੀ ਅੱਜ-ਕਲ੍ਹ ਬੰਦੋਬਸਤ ਦੇ ਕੋਈ ਤਸੱਲੀ ਨਹੀਂ। ਗੌਂਵਰਮੈਨਟ ਨੇ ਹੀ ਇੰਤਜ਼ਾਮ ਇਕ ਸਿੱਖ ਕਮੇਟੀ ਨੂੰ ਦੇ ਦੇਣ ਦੀ ਇੱਛਾ ਪ੍ਰਗਟ ਕੀਤੀ ਹੈ ਇਸ ਲਈ ਅਸੀਂ ਬੜੀ ਅਧੀਨਗੀ ਨਾਲ ਤਜਵੀਜ਼ ਕਰਦੇ ਹਾਂ ਕਿ ਹੇਠ ਲਿਖੀ ਕਮੇਟੀ (ਪੰਜਾਬ ਲਈ) ਦਰਬਾਰ ਸਾਹਿਬ ਅਤੇ ਹੋਰ ਸਬੰਧਤ ਗੁਰਦੁਆਰਿਆਂ ਦੇ ਇੰਤਜ਼ਾਮ ਲਈ ਨਿਯਮ ਬਣਾਨ ਵਾਸਤੇ ਅਸਥਾਪਨ ਕੀਤੀ ਜਾਵੇ ਅਤੇ ਇਹ ਚਿਰ ਲਈ ਗੁਰਦੁਆਰਿਆਂ ਤੇ ਇੰਤਜ਼ਾਮ ਤੇ ਨਜ਼ਰ ਰੱਖੇ।

ਕਿ ਇਹ ਤਜਵੀਜ਼ ਲਾਟ ਸਾਹਿਬ ਨੇ ਮਨਜ਼ੂਰ ਕਰ ਲਈ ਸੀ।

ਮਾਹਾਰਾਜਾ ਪਟਿਆਲਾ ਦੇ ਸਮੇਂ ਹਾਜ਼ਰ ਸੀ। ਜਥਾ ਹੇਠ ਲਿਖੇ ਸੱਜਣਾਂ ਦਾ ਸੀ।

੧. ਸਰਦਾਰ ਸਾਹਿਬ ਸਰਦਾਰ ਨਿਹਾਲ ਸਿੰਘ ਵੱਡਾ ਜੱਜ ਹਾਈ ਕੋਰਟ ਪਟਿਆਲਾ।
੨. ਸਰਦਾਰ ਬਚਿੱਤਰ ਸਿੰਘ ਜੱਜ ਹਾਈ ਕੋਰਟ ਪਟਿਆਲਾ।
੩. ਭਾਈ ਫਤੇ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ।
੪. ਸਰਦਾਰ ਰਘਬੀਰ ਸਿੰਘ ਸੰਧਾਵਾਲੀਆ।
੫. ਸ: ਸੁੰਦਰ ਸਿੰਘ ਮਜੀਠਾ।
੬. ਸ: ਸੁੰਦਰ ਸਿੰਘ ਰਾਮਗੜ੍ਹੀਆ।
੭. ਸ: ਸੋਹਨ ਸਿੰਘ ਰਾਵਲ ਪਿੰਡੀ।
੮. ਭਾਈ ਤਖ਼ਤ ਸਿੰਘ ਫਿਰੋਜ਼ਪੁਰ।
੯. ਭਾਈ ਜੋਧ ਸਿੰਘ ਪ੍ਰਿੰਸੀਪਲ।
੧੦. ਸ: ਸ਼ਿਵਦੇਵ ਸਿੰਘ।
੧੧. ਸ: ਮੇਹਰ ਸਿੰਘ ਚਾਵਲਾ ਲਾਹੌਰ।
੧੨. ਸ: ਮਾਨ ਸਿੰਘ ਵਕੀਲ ਅੰਬਾਲਾ।

ਕਮੇਟੀ ਜਿਹੜੀ ਜਥੇ ਨੇ ਤਜਵੀਜ਼ ਕੀਤੀ ਹੈ ਇਹ ਸੀ—

੧. ਸ: ਨਿਹਾਲ ਸਿੰਘ ਵੱਡਾ ਜੱਜ ਹਾਈ ਕੋਰਟ ਪਟਿਆਲਾ
੨. ਸ: ਬਚਿੱਤਰ ਸਿੰਘ ਜੱਜ ਹਾਈ ਕੋਰਟ ਪਟਿਆਲਾ।
੩. ਇਕ ਸੱਜਣ ਜੀਂਦ ਰਿਆਸਤ ਵੱਲੋਂ (ਮਹਾਰਾਜਾ ਜੀਂਦ ਵੱਲੋਂ)
੪. ਇਕ ਸੱਜਣ ਮਹਾਰਾਜਾ ਨਾਭਾ ਵੱਲੋਂ ਨਾਭਾ ਰਿਆਸਤ।
੫. ਜਨਰਲ ਸ: ਪੂਰਨ ਸਿੰਘ ਕਪੂਰਥਲਾ।
੬. ਸ: ਇੰਦਰ ਸਿੰਘ ਫਰੀਦ ਕੋਟ।
੭. ਸ: ਭਾਗ ਸਿੰਘ ਪ੍ਰਧਾਨ ਕੌਂਸਲ ਆਫ਼ ਰੀਜੈਂਸੀ ਕਾਲਸੀਆ।
੮. ਭਾਈ ਫਤੇ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ, (Representing) ਦਰਬਾਰ ਸਾਹਿਬ, ਤਖ਼ਤ ਅਕਾਲ ਬੁੰਗਾ ਸਾਹਿਬ, ਬਾਬਾ ਅਟਲ ਸਾਹਿਬ ਅਤੇ ਤਰਨ ਤਾਰਨ ਸਾਹਿਬ
੯. ਟਿਕਾ ਰਾਮ ਨਰਾਇਨ ਸਿੰਘ ਅਨੰਦਪੁਰ।
੧੦. ਸ: ਰਘਬੀਰ ਸਿੰਘ ਸੰਧਾਵਾਲੀਆ।
੧੧. ਸ: ਸੁੰਦਰ ਸਿੰਘ ਮਜੀਠਾ।

੧੨. ਸ: ਹਰਬੰਸ ਸਿੰਘ ਅਟਾਰੀ ।
੧੩. ਸ: ਬਘੇਲ ਸਿੰਘ ਕੁਲੀਆ ।
੧੪. ਸ: ਬਖ਼ਤਾਵਰ ਸਿੰਘ ਕਥਗੜ੍ਹ ।
੧੫. ਸ: ਸੁੰਦਰ ਸਿੰਘ ਰਾਮਗੜ੍ਹੀਆ ।
੧੬. ਸ: ਸੋਹਨ ਸਿੰਘ ਰਾਵਲ ਪਿੰਡੀ ।
੧੭. ਸ: ਖੜਕ ਸਿੰਘ ਬੀ. ਏ. ਸਿਆਲ ਕੋਟ ਜਾਇੰਟ ਸਕੱਤਰ ।
੧੮. ਸ: ਤੀਰਥ ਸਿੰਘ ।

ਅਕਾਲੀ ਲਾਹੌਰ, ੨੨ ਨਵੰਬਰ ੧੯੨੦

੧੬ ਤਾਰੀਖ਼ ਨੂੰ ਹੜਤਾਲਾਂ

ਖਾਲਸਾ ਕਾਲਜ ਦੇ ਵਿਦਿਆਰਥੀਆਂ ਨਾਲ ਪੂਰੀ ਹਮਦਰਦੀ

ਰਾਵਲ ਪਿੰਡੀ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਹੜਤਾਲ ਕੀਤੀ ਤੇ ਜਲਸਾ ਕਰ ਕੇ ਗੁਰਮਤਾ ਪਾਸ ਕੀਤਾ ਕਿ ਅਸੀਂ ਖਾਲਸਾ ਕਾਲਜ ਦੇ ਵਿਦਿਆਰਥੀਆਂ ਨਾਲ ਪੂਰੀ ਹਮਦਰਦੀ ਰੱਖਦੇ ਹਾਂ ।

ਮਿਸ਼ਨ ਕਾਲਜ ਰਾਵਲ ਪਿੰਡੀ ਦੇ ਸਿੱਖ ਵਿਦਿਆਰਥੀ ਕਾਲਜ ਵਿਚ ਨਹੀਂ ਗਏ ਤੇ ੧੬ ਤਾਰੀਖ਼ ਕਰ ਕੇ ਭਰਾਵਾਂ ਨਾਲ ਹਮਦਰਦੀ ਪ੍ਰਗਟ ਕੀਤੀ ।

ਸੁੱਖੋ

ਖਾਲਸਾ ਹਾਈ ਸਕੂਲ ਸੁੱਖੋ ਦੀਆਂ ਹਾਈ ਕਲਾਸਾਂ ਦਾ ਮੈਦਾਨ ਵਿਚ ਜਲਸਾ ਹੋਇਆ ਤੇ ਹੇਠਾ ਲਿਖੇ ਗੁਰਮਤੇ ਪਾਸ ਹੋਏ—

ਖਾਲਸਾ ਕਾਲਜ ਦੇ ਵਿਦਿਆਰਥੀਆਂ ਨਾਲ ਸਾਡੀ ਪੂਰੀ-ਪੂਰੀ ਹਮਦਰਦੀ ਹੈ। ਖਾਲਸਾ ਕਾਲਜ ਦਾ ਪ੍ਰਬੰਧ ਛੇਤੀ ਨਿਰੋਲ ਪੰਥ ਦੇ ਹਥ ਦਿੱਤਾ ਜਾਵੇ । ਅਸੀਂ ਹਰ ਤਰ੍ਹਾਂ ਨਾਲ ਕਾਲਜ ਦੇ ਵਿਦਿਆਰਥੀਆਂ ਨਾਲ ਹਾਂ ।

ਅਮਰ ਸਿੰਘ ਸਕੱਤਰ ਵਿਦਿਆਰਥੀਆਂ

ਚਕਵਾਲ

ਖਾਲਸਾ ਸਕੂਲ ਦੇ ਹਾਈ ਕਲਾਸ ਦੇ ਵਿਦਿਆਰਥੀਆਂ ਨੇ ੧੬ ਨੂੰ ਹੜਤਾਲ ਕੀਤੀ ਤੇ ਜਲਸਾ ਕਰ ਕੇ ਹਮਦਰਦੀ ਦਾ ਗੁਰਮਤਾ ਪਾਸ ਕੀਤਾ ।

ਮਾ: ਨਰੈਣ ਸਿੰਘ ਜੀ ਲਿਖਦੇ ਹਨ ਕਿ ਖਾਲਸਾ ਸਕੂਲ ਵਿਚ ੧੬ ਨਵੰਬਰ ਨੂੰ ਹੜਤਾਲ ਹੋਈ, ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰਲ ਕੇ ਜਲਸਾ ਕੀਤਾ, ਕਾਲਜ ਦੇ ਵਿਦਿਆਰੀਥਆਂ ਨਾਲ ਪੂਰੀ ਹਮਦਰਦੀ ਪ੍ਰਗਟ ਕੀਤੀ।

ਕੈਰੋਂ

ਕੈਰੋਂ ਖਾਲਸਾ ਮਿਡਲ ਸਕੂਲ ਵੱਲੋਂ ਹੇਠ ਲਿਖਿਆ ਗੁਰਮਤਾ ਪਾਸ ਹੋਇਆ ਅਤੇ ਤਾਰ ਦਵਾਰਾ ਸ: ਹਰਕਿਸ਼ਨ ਸਿੰਘ ਪ੍ਰੋਫ਼ੈਸਰ ਖਾਲਸਾ ਕਾਲਜ ਨੇ ਭੇਜਿਆ ਗਿਆ ਕਿ ਮਾਝਾ ਖਾਲਸਾ ਸਕੂਲ ਕੈਰੋਂ ਦੇ ਅਧਿਆਪਕ ਅਤੇ ਵਿਦਿਆਰਥੀ ਖਾਲਸਾ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕਾਲਜ ਨੂੰ ਗੌਂਵਰਮੈਂਟ ਦੇ ਪੰਜੇ ਤੋਂ ਪੂਰੀ ਤਰ੍ਹਾਂ ਛੁਡਾਉਣ ਦੇ ਯਤਨ ਵਿਚ ਪੂਰੀ ਹਮਦਰਦੀ ਕਰਦੇ ਹਨ ।

ਖਾਲਸਾ ਕਾਲਜ ਸਕੂਲ

ਸਕੂਲ ਦੇ ਵਿਦਿਆਰਥੀ ੧੭ ਨੂੰ ਵੀ ਪੜ੍ਹਨ ਨਹੀਂ ਗਏ। ਘੜਿਆਲ ਵਜਦਾ ਰਿਹਾ। ਕਈ ਮਾਸਟਰਾਂ ਨੇ ਪ੍ਰੇਰਨਾ ਕੀਤੀ ਪਰ ਉਨ੍ਹਾਂ ਇਹੋ ਆਖਿਆ ਅਸੀਂ ਕਾਲਜ ਦੇ ਵਿਦਿਆਰਥੀਆਂ ਨਾਲ ਹਾਂ ਉਹ ਜਾਣਗੇ ਤਾਂ ਅਸੀਂ ਜਾਵਾਂਗੇ।

ਮੈਨੇਜਰ ਸਾਹਿਬ ਦੀ ਕ੍ਰਿਪਾ

ਭਾਈ ਹਰਬਚਨ ਸਿੰਘ ਜੀ ਖਾ: ਹਾਈ ਸਕੂਲ ਲੁਧਿਆਣਾ ਦੇ ਪਹਿਲੇ ਵਿਦਿਆਰਥੀ ਲਿਖਦੇ ਹਨ ਕਿ ੧੬ ਅਕਤੂਬਰ

ਨੂੰ ਜਿਨ੍ਹਾਂ ਵਿਦਿਆਰਥੀਆਂ ਨੇ ਹੜਤਾਲ ਕੀਤੀ ਸੀ ਮੈਨੇਜਰ ਸਾਹਿਬ ਸ: ਦਸੌਂਧਾ ਸਿੰਘ ਜੀ ਉਨ੍ਹਾਂ ਉੱਤੇ ਖ਼ਾਸ ਕ੍ਰਿਪਾ ਕਰ ਰਹੇ ਹਨ ਉਹ ਇਹ ਕਿ ਜਿਨ੍ਹਾਂ ਵਿਦਿਆਰਥੀਆਂ ਦੀਆਂ ਫੀਸਾਂ ਮਾਫ਼ ਸਨ ਜਾਂ ਕੁਝ ਰਿਆਇਤਾਂ ਸਨ ਉਹ ਲਾ ਦਿੱਤੀਆਂ ਗਈਆਂ ਹਨ। ਹਾਈ ਕਲਾਸਾਂ ਦੇ ਵਿਦਿਆਰਥੀਆਂ ਨੂੰ ਬਾਜ਼ਾਰ ਜਾਣ ਦੀ ਆਗਿਆ ਬੰਦ, ਮੁਖੀ ਵਿਦਿਆਰਥੀਆਂ ਨੂੰ ਸਖ਼ਤ ਤਾੜਨਾ ਆਦਿਕ। ਜੇ ਇਹ ਗੱਲਾਂ ਸੱਚ ਹਨ ਤਾਂ ਮੈਨੇਜਰ ਜੀ ਨੇ ਸਚ ਮੁਚ ਹੀ ਵਿਦਿਆਰਥੀਆਂ ਨੂੰ ਨਹੀਂ ਸਤਾਇਆ ਬਲਕਿ ਕੌਮ ਨੂੰ ਸਤਾਇਆ ਹੈ। ਜਦ ਵਿਦਿਆਰਥੀ ਇਕ ਕੌਮੀ ਕੰਮ ਲਈ ਹਮਦਰਦੀ ਕਰਦੇ ਹਨ ਤਾਂ ਉਨ੍ਹਾਂ ਦਾ ਹੌਂਸਲਾ ਵਧਾਣਾ ਚਾਹੀਦਾ ਹੈ ਨਾ ਕਿ ਤੋੜਨਾ। ਸਾਨੂੰ ਆਸ਼ਾ ਹੈ ਕਿ ਮੈਨੇਜਰ ਦਾ ਇਹ ਸਲੂਕ ਵਿਦਿਆਰਥੀਆਂ ਦੇ ਹੌਂਸਲੇ ਵਧਾਏਗਾ!

ਕੀ ਖਾਲਸਾ ਕਾਲਜ ਅੰਮ੍ਰਿਤਸਰ ਸਿੱਖ ਕੌਮ ਨੂੰ ਮਿਲ ਗਿਆ ?

੧੩ ਨਵੰਬਰ ਨੂੰ ਕਾਲਜ ਦੀ ਪ੍ਰਬੰਧਕ ਕਮੇਟੀ ਇਕੱਠੀ ਹੋਈ। ਕਮਿਸ਼ਨਰ ਸਾਹਿਬ ਨੇ ਇਕ ਲੰਮਾ ਵਖਿਆਨ ਦਿੱਤਾ ਤੇ ਇਕ ਕਮੇਟੀ ਬਣਾਈ ਗਈ ਜੋ ਕਾਲਜ ਦੇ ਨਵੇਂ ਨਿਯਮ ਘੜੇ ਅਤੇ ਸਰਕਾਰ ਦਾ ਦਖ਼ਲ ਕਾਲਜ ਵਿਚ ਨਾ ਰਹੇ!

ਕਈ ਜ਼ਰੂਰੀ ਕਾਰਜਾਂ ਕਰ ਕੇ ਅਸੀਂ ਕਮਿਸ਼ਨਰ ਜੀ ਦੇ ਵਖਿਆਨ ਅਤੇ ਨਿਯਮ ਘੜਨ ਵਾਲੀ ਕਮੇਟੀ ਬਾਬਤ ਵਿਚਾਰ ਨਹੀਂ ਕਰ ਸਕੇ। ਹੁਣ ੨੦, ੨੧ ਤਕ ਨਿਯਮ ਘੜਨੀ ਕਮੇਟੀ ਨੇ ਜੁੜਨਾ ਹੈ ਇਸ ਲਈ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਇਸ ਸਬੰਧੀ ਵਿਚਾਰਾਂ ਪੇਸ਼ ਕੀਤੀਆਂ ਜਾਣ ਅਤੇ ਵਿਦਿਆਰਥੀਆਂ, ਪ੍ਰੋਫ਼ੈਸਰਾਂ ਤੇ ਪੰਥ ਨੂੰ ਇਸ ਸਮੇਂ ਉੱਤੇ ਹੁਸ਼ਿਆਰ ਕੀਤਾ ਜਾਵੇ।

ਆਖਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਆਪਣਾ ਦਖ਼ਲ ਛਡ ਦੇਣ ਦਾ ਐਲਾਨ ਹੋ ਗਿਆ ਹੈ ਇਸ ਲਈ ਹੁਣ ਪੰਥ ਨੂੰ ਤਸੱਲੀ ਕਰ ਲੈਣੀ ਚਾਹੀਦੀ ਹੈ ਤੇ ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੂੰ ਹੁਣ ਹੜਤਾਲ ਨਹੀਂ ਕਰਨੀ ਚਾਹੀਦੀ।

ਅਸੀਂ ਕਹਿੰਦੇ ਹਾਂ ਕਿ ਇਹ ਐਲਾਨ ਤਾਂ ਡਿਪਟੀ ਕਮਿਸ਼ਨਰ ਵੱਲੋਂ ਹੋਇਆ ਹੈ ਪਰ ਅਗੇ ਕਈ ਐਲਾਨ ਇਸੇ ਸਰਕਾਰ ਵਜ਼ੀਰਾਂ ਵੱਲੋਂ ਹੋਏ ਅਤੇ ਉਹ ਪੂਰੇ ਨਹੀਂ ਕੀਤੇ ਗਏ ਜਿਹਾ ਕਿ ਖ਼ਿਲਾਫ਼ਤ ਦਾ ਮਾਮਲਾ ਹੈ। ਇਸ ਤੋਂ ਵਧ ਕੇ ਮਲਕਾ ਰਾਣੀ ਦਾ ਐਲਾਨ ਹੈ ਕਿ "ਸਰਕਾਰ ਅੰਗ੍ਰੇਜ਼ੀ ਸਾਰੀ ਪ੍ਰਜਾ ਨੂੰ ਇਕ ਨਜ਼ਰ ਵੇਖੇਗੀ, ਮਜ਼ਹਬ ਤੇ ਰੰਗ ਦਾ ਫ਼ਰਕ ਉਡਾ ਦਿੱਤਾ ਜਾਵੇਗਾ, ਸਭ ਨਾਲ ਇਕੋ ਜਿਹਾ ਸਲੂਕ ਹੋਵੇਗਾ।" ਅਤੇ ਇਹੋ ਐਲਾਨ ਉਨ੍ਹਾਂ ਦੇ ਜਾਨਸ਼ੀਨ ਮੁੜ ਮੁੜ ਆਖਦੇ ਰਹੇ ਪਰ ਵਰਤਾਰੇ ਵਿਚ ਜਿਸ ਹਦ ਤਕ ਇਹ ਪੂਰਾ ਹੋਇਆ ਹੈ ਉਸ ਨੂੰ ਸਾਰੀ ਦੁਨੀਆਂ ਜਾਣਦੀ ਹੈ ਅਤੇ ਸੰਨ ੧੯੧੯ ਵਿਚ ਜੋ ਕੁਝ ਗੋਰਿਆਂ ਕਾਲਿਆਂ ਨਾਲ ਸਰਕਾਰ ਵੱਲੋਂ ਸਲੂਕ ਹੋਇਆ ਉਹ ਸੂਰਜ ਵਾਂਗ ਲਿਸ਼ਕ ਰਿਹਾ ਹੈ। ਇਸ ਹਾਲਤ ਵਿਚ ਅਸੀਂ ਨਹੀਂ ਸਮਝ ਸਕਦੇ ਕਿ ਕਮਿਸ਼ਨਰ ਜੀ ਦੇ ਮੂੰਹੋਂ ਇਕ ਗੱਲ ਸੁਣ ਕੇ ਪੰਥ ਕਿਸ ਤਰ੍ਹਾਂ ਤਸੱਲੀ ਕਰ ਲਵੇ ?

ਕਮਿਸ਼ਨਰ ਜੀ ਨੇ ਤਾਂ ਵਖਿਆਨ ਵਿਚ ਇਹ ਵੀ ਆਖਿਆ ਹੈ—"ਕਿ ਕਾਲਜ ਦਾ ਪ੍ਰਬੰਧ ਸਰਕਾਰ ਨੇ ਆਪ ਨਹੀਂ ਲਿਆ ਬਲਕਿ ਸਿੱਖਾਂ ਦੇ ਪੈਂਚਾਂ ਨੇ ਜ਼ਰੂਰੀ ਸਮਝ ਕੇ ਨਿਯਮਾਂ ਵਿਚ ਅਜਿਹੀ ਤਬਦੀਲੀ ਕੀਤੀ ਤੇ ਸਰਕਾਰ ਨੂੰ ਮਿੰਨਤ ਕੀਤੀ ਕਿ ਸਰਕਾਰ ਕਾਲਜ ਦੇ ਪ੍ਰਬੰਧ ਵਿਚ ਦਖ਼ਲ ਵਧਾਵੇ।"

ਕੀ ਹੁਣ ਲੋੜ ਹੈ ਕਿ ਅਸੀਂ ਪਿਛਲੇ ਫੋਲਣੇ ਫੋਲੀਏ ? ਅਖ਼ਬਾਰਾਂ ਦੇ ਫਾਇਲ ਤੇ ਚਿੱਠੀਆਂ ਪੇਸ਼ ਕਰੀਏ ਕਿ ਉਸ ਵੇਲੇ ਪੰਥ ਦੀ ਕੀ ਰਾਇ ਸੀ ਤੇ ਕਿਸ ਤਰ੍ਹਾਂ ਚੰਦ ਸਰਦਾਰਾਂ ਨੂੰ ਅਗੇ ਰੱਖ ਕੇ ਕਾਲਜ ਦਾ ਪ੍ਰਬੰਧ ਸਰਕਾਰ ਨੇ ਸਾਂਭ ਲਿਆ ਸੀ ? ਇਥੇ ਅਸੀਂ ਕੇਵਲ ਇਸ ਸਬੰਧੀ ਪੂਰੀ ਵਾਕਫ਼ੀ ਪ੍ਰਾਪਤ ਕਰਨ ਲਈ "ਕੀ ਖਾਲਸਾ ਕਾਲਜ ਸਿੱਖਾਂ ਦਾ ਹੈ ?" ਨਾਮੀ ਪੁਸਤਕ ਪੜ੍ਹਨ ਲਈ ਬੇਨਤੀ ਕਰਾਂਗੇ ਜੋ ਮਾਸਟਰ ਸੁੰਦਰ ਸਿੰਘ ਸੀ ਲਾਇਲਪੁਰੀ ਦੀ ਰਚਿਤ ਹੈ ਅਤੇ ਅੱਜ ਪ੍ਰਬੰਧ ਨੂੰ ਸਾਂਭਣ ਲਈ ਮੋਹਰੀ ਹੋਣ ਵਾਲਿਆਂ ਨੂੰ ਇਸ ਨੂੰ ਦੂਜੀ ਸਿੱਖ ਕਾਨਫਰੰਸ ਉੱਤੇ ਵੰਡਣੋਂ ਵੀ ਰੋਕ ਦਿੱਤਾ ਸੀ।

ਕਮਿਸ਼ਨਰ ਸਾਹਿਬ ਕਹਿੰਦੇ ਹਨ ਕਿ "ਸਰਕਾਰ ਦੀ ਕਦੀ ਇਹ ਚਾਹ ਨਹੀਂ ਹੋਈ ਕਿ 'ਸਿੱਖ ਲੀਡਰਾਂ' ਦੀ ਮਰਜ਼ੀ ਦੇ ਉਲਟ ਇਕ ਦਿਨ ਵੀ ਕਾਲਜ ਦਾ ਪ੍ਰਬੰਧ ਆਪਣੇ ਹੱਥ ਵਿਚ ਰੱਖੇ।"

ਜਿਨ੍ਹਾਂ ਲੀਡਰਾਂ ਦੀ ਮਰਜ਼ੀ ਨਾਲ ਸਰਕਾਰ ਨੇ ਅਗੇ ਪ੍ਰਬੰਧ ਆਪਣੇ ਕੋਲ ਰੱਖੀ ਰੱਖਿਆ ਹੈ ਉਨ੍ਹਾਂ ਦੀ ਤਾਂ ਹੁਣ

ਵੀ ਮਰਜ਼ੀ ਸਾਨੂੰ ਕੋਈ ਪਤਾ ਨਹੀਂ। ਕਾਲਜ ਪੰਥ ਦਾ ਹੈ ਅਤੇ ਪੰਥ ਚਾਹੁੰਦਾ ਹੈ ਕਿ ਕਾਲਜ ਨਾ ਸਰਕਾਰ ਦੇ ਪ੍ਰਬੰਧ ਵਿਚ ਰਹੇ ਅਤੇ ਨਾ ਉਨ੍ਹਾਂ ਪੈਂਚਾਂ ਦੇ ਪ੍ਰਬੰਧ ਵਿਚ ਜੋ ਅਗੇ ਸਰਕਾਰ ਦੇ ਹੱਥ ਪ੍ਰਬੰਧ ਦੇਣ ਦਾ ਬਹਾਨਾ ਬਣੇ ਹਨ ਅਤੇ ਜਿਨ੍ਹਾਂ ਨੇ ਹੁਣ ਤਕ ਪੰਥ ਨੂੰ ਪ੍ਰਬੰਧ ਦੇਣ ਲਈ ਕਦੀ ਖਿਆਲ ਹੀ ਨਹੀਂ ਕੀਤਾ।

ਜਦ ਸਰਕਾਰ ਨੇ ਕਾਲਜ ਦਾ ਪ੍ਰਬੰਧ ਆਪਣੇ ਹੱਥ ਵਿਚ ਲਿਆ ਸਾਰੇ ਪੰਥ ਨੇ ਉਸ ਵੇਲੇ ਹਾਲ ਦੁਹਾਈ ਪਾਈ ਅਤੇ ਹੁਣ ਵਿਦਿਆਰਥੀਆਂ ਨੇ ਪੰਥ ਦੀ ਹਤਕ ਨੂੰ ਸਹਾਰ ਕੇ ਅਜਿਹੇ ਕਾਲਜ ਵਿਚ ਪੜ੍ਹਨਾ ਪੰਥ ਦੀ ਹਤਕ ਸਮਝੀ ਤੇ ਹੜਤਾਲ ਕਰ ਦਿੱਤੀ ਇਸ ਲਈ ਅਸੀਂ ਕਹਿੰਦੇ ਹਾਂ ਕਿ ਅਗੇ ਸਰਕਾਰ ਨੇ ਕਾਲਜ ਨੂੰ ਪੰਥ ਦੀ ਮਰਜ਼ੀ ਦੇ ਉਲਟ ਜੱਫਾ ਮਾਰੀ ਰੱਖਿਆ ਹੈ ਅਤੇ ਹੁਣ ਸਰਕਾਰ ਦੀ ਮਰਜ਼ੀ ਦੇ ਸ਼ੀਸ਼ੇ ਇਸ ਨੂੰ ਜੱਫਾ ਮਾਰੀ ਰੱਖਣਗੇ।

ਇਹ ਗੱਲ ਹੋਰ ਬੜੀ ਸਵਾਦਲੀ ਹੈ ਕਿ ਕਮਿਸ਼ਨਰ ਸਾਹਿਬ ਅਗਲੇ ਦਖ਼ਲ ਨੂੰ ਹੀ ਨਹੀਂ ਮੰਨਦੇ ਤੇ ਕਹਿੰਦੇ ਹਨ "ਕੌਂਸਲ ਅਤੇ ਪ੍ਰਬੰਧਕ ਕਮੇਟੀ ਵਿਚ ਬਹੁਤੀ ਗਿਣਤੀ ਗੈਰ ਸਰਕਾਰੀ ਮੈਂਬਰਾਂ ਦੀ ਹੈ ਅਤੇ ਪ੍ਰਧਾਨ ਲਈ ਇਹ ਅਸੰਭਵ ਹੈ ਕਿ ਜੇ ਕਰ ਵਿਰੋਧ ਕਾਰਨ ਤਾਂ ਕੋਈ ਗੱਲ ਪਾਸ ਕਰ ਸਕੇ।

ਕੀ ਕਮਿਸ਼ਨਰ ਸਾਹਿਬ ਇਹ ਗੱਲ ਨਹੀਂ ਜਾਣਦੇ ਕਿ ਕੌਂਸਲ ਦੀ ਚੋਣ ਪ੍ਰਤੀਨਿਧ ਤਰੀਕੇ ਨਾਲ ਨਹੀਂ ਬਣੀ ਅਤੇ ਸਾਡੇ ਦੇਸ਼ ਵਿਚ ਇਕ ਤਾਂ ਅਫ਼ਸਰਾਂ ਦੇ ਦਿਮਾਗ ਵਿਚ ਇਹ ਗੱਲ ਘਰ ਕਰ ਚੁਕੀ ਹੈ ਕਿ ਉਨ੍ਹਾਂ ਦਾ ਫ਼ੁਰਮਾਨ ਕੋਈ ਉਲਟਾ ਨਹੀਂ ਸਕਦਾ। ਕੋਈ ਉਸ ਦੇ ਵਿਰੁੱਧ ਕੁਝ ਆਖ ਕੇ ਸਰਕਾਰ ਦਾ ਖੈਰਖਾਹ ਨਹੀਂ ਸਦਵਾ ਸਕਦਾ ਅਤੇ ਦੂਜੇ ਪਾਸੇ ਸਰਕਾਰ ਦੀ ਪ੍ਰਸੰਨਤਾ ਦੇ ਚਾਹਵਾਨ 'ਜੀ ਹਜ਼ੂਰ' 'ਸਤਿ ਬਚਨ' ਤੋਂ ਬਿਨਾਂ ਹੋਰ ਕੁਝ ਪੜ੍ਹੇ ਹੀ ਨਹੀਂ। ਜਿਸ ਵੇਲੇ ਹਜ਼ੂਰ ਮਾਈ ਬਾਪ ਦਾ ਹੱਥ ਉਠਿਆ ਉਨ੍ਹਾਂ ਵੀ ਖੜਾ ਕਰ ਦਿੱਤਾ। ਇਸ ਹਾਲਤ ਵਿਚ ਅਫ਼ਸਰਾਂ ਦਾ ਕੌਮੀ ਆਸ਼ਰਮਾਂ ਵਿਚ ਵੀ ਜਾਣ ਬੁਝ ਕੇ ਚੌਧਰ-ਪੁਣਾ ਮਲ ਲੈਣਾ ਖਾਹ ਮੁਖਾਹ ਦਖ਼ਲ ਦੇਣਾ ਨਹੀਂ ਤਾਂ ਹੋਰ ਕੀ ਹੈ ?

ਖੈਰ ਪਿਛਲੀ ਸਾਖੀ ਅਸੀਂ ਦੇਖਦੇ ਹਾਂ ਤੇ ਨਵੀਂ ਕਥਾ ਆਰੰਭ ਕਰਦੇ ਹਾਂ। ਹੁਣ ਕੁਝ ਮੈਂਬਰਾਂ ਦੀ ਇਕ ਸਬ ਕਮੇਟੀ ਬਣਾਈ ਗਈ ਹੈ ਤੇ ਸ: ਹਰਬੰਸ ਸਿੰਘ ਅਟਾਰੀ ਤੇ ਸੁੰਦਰ ਸਿੰਘ ਜੀ ਮਜੀਠੀਏ ਨੂੰ ਨਾਲ ਸ਼ਾਮਿਲ ਕਰ ਕੇ ਨਵੇਂ ਨਿਯਮ ਘੜਨ ਲਈ ਬਿਠਾਇਆ ਗਿਆ ਹੈ। ਇਥੇ ਇਹ ਪ੍ਰਸ਼ਨ ਹੈ ਕਿ ਜੋ ਸੱਜਣ ਮੌਜੂਦਾ ਪ੍ਰਬੰਧ ਦੀ ਹੁਣ ਤਕ ਤਾਰੀਫ਼ ਕਰਦੇ ਰਹੇ ਹਨ, ਇਸ ਦੇ ਵਿਰੁੱਧ ਲਿਖਣ ਅਤੇ ਬੋਲਣ ਵਾਲੇ ਨੂੰ ਚੰਗੇ ਮੰਦੇ ਢੰਗਾਂ ਨਾਲ ਦਬਾਂਦੇ ਰਹੇ ਹਨ, ਸਰਕਾਰੀ ਪ੍ਰਬੰਧ ਹਟਾਣ ਦੀਆਂ ਆਵਾਜ਼ਾਂ ਨੂੰ ਕੁਚਲਦੇ ਰਹੇ ਹਨ, ਉਹ ਕੀ ਨਿਯਮ ਘੜਨਗੇ ? ਇਹ ਗੱਲ ਸਪਸ਼ਟ ਦਿਸ ਰਹੀ ਹੈ ਕਿ ਉਹ ਗੱਲ ਜਿਸ ਦੀ ਅਗੇ ਉਨ੍ਹਾਂ ਨੂੰ ਪ੍ਰਵਾਹ ਸੀ ਹੁਣ ਵੀ ਉਸੇ ਦੀ ਪ੍ਰਵਾਹ ਕਰਨਗੇ। ਜਿਸ ਨੂੰ ਖੁਸ਼ ਕਰ ਕੇ ਉਨ੍ਹਾਂ ਲੀਡਰੀ ਦੇ ਪ੍ਰਧਾਨਗੀ ਦੇ ਵਰ ਪ੍ਰਾਪਤ ਕੀਤੇ ਹਨ ਵੀ ਉਸੇ ਦੇਵੀ ਦੀ ਪੂਜਾ ਕਰਨਗੇ। ਇਹ ਕਿੱਡੀ ਅਚਰਜ ਗੱਲ ਹੈ ਕਿ ਬੀਮਾਰ ਨੂੰ ਹੀ ਆਖਿਆ ਜਾਂਦਾ ਹੈ ਕਿ ਤੂੰ ਆਪਣੀ ਦਵਾਈ ਸੋਚ ਕੇ ਤਿਆਰ ਕਰ ਤੇ ਰਾਜੀ ਬਾਜੀ ਹੋ ਜਾ। ਜੇਹੜੀ ਕਮੇਟੀ ਨੁਕਸਾਂ ਦੀ ਭਰੀ ਹੋਈ ਹੈ ਜਿਸ ਬਾਬਤ ਹੁਣ ਤੀਕ ਪੰਥ ਦੁਹਾਈ ਪਾ ਰਿਹਾ ਹੈ ਕਿ ਇਹ ਕਮੇਟੀ ਖਾ: ਕਾਲਜ ਨੂੰ ਬੀਮਾਰੀ ਚਮੜੀ ਹੋਈ ਹੈ। ਇਸ ਦਾ ਇਲਾਜ ਪੰਥ ਕਰ ਸਕਦਾ ਹੈ, ਕਮੇਟੀ ਆਪ ਨਹੀਂ ਕਰ ਸਕਦੀ। ਨਿਯਮ ਤਦ ਹੀ ਠੀਕ ਘੜੇ ਜਾ ਸਕਦੇ ਹਨ ਜੇ ਪੰਥ ਦੇ ਪ੍ਰਤੀਨਿਧ ਸਦ ਕੇ ਉਸ ਵਿਚ ਚੋਣ ਕੀਤੀ ਜਾਵੇ ਤੇ ਫਿਰ ਨਿਯਮ ਬਣਾਏ ਜਾਣ।

ਚੂੰਕਿ ਆਖਿਆ ਜਾ ਰਿਹਾ ਹੈ ਕਿ ਹੁਣ ਕਾਲਜ ਵਿਚ ਸਰਕਾਰੀ ਦਖ਼ਲ ਨਹੀਂ ਰਹੇਗਾ। ਕਾਲਜ ਖਾਲਸਾ ਕੌਮੀ ਬਣਾਇਆ ਜਾਵੇਗਾ। ਇਸ ਲਈ ਜੇ ਹੁਣ ਆਖ਼ਰੀ ਕਮੇਟੀ ਕਰ ਕੇ ਵੀ ਕਾਜ ਦਾ ਕੌਂਸਲ ਅਤੇ ਪ੍ਰਬੰਧਕ ਕਮੇਟੀ ਬਣਾਨ ਲਈ ਸਾਰੇ ਪੰਥ ਦੇ ਪ੍ਰਤੀਨਿਧ ਸਦਣ ਦੀ ਵਿਚਾਰ ਨਾ ਕੀਤੀ ਗਈ, ਕੰਮ ਨੂੰ ਲਮਕਾ ਕੇ ਟਾਲਣ ਦੀ ਯਤਨ ਕੀਤਾ ਗਿਆ, ਤਾਂ ਸਾਰੇ ਪੰਥ ਵਿਚ ਅਗੇ ਨਾਲੋਂ ਕਈ ਗੁਣਾਂ ਵਧ ਕੇ (ਐਜੀਟੇਸ਼ਨ) ਰੌਲਾ ਪਾਵੇਗਾ ਅਤੇ ਪੰਥ ਆਪ ਇਕੱਤਰ ਹੋ ਕੇ ਅਕਾਲ ਤਖ਼ਤ ਵਿਚ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਬਣਾਨ ਵਾਂਗ ਵਿਦਿਅਕ ਜਥਾ ਸਾਜ ਲਵੇਗਾ ਤੇ ਖਾਲਸਾ ਕਾਲਜ ਅਤੇ ਹੋਰ ਸਾਂਝੇ ਪੰਥਕ ਆਸ਼ਰਮ ਤੇ ਵਿਦਿਆਰਥੀਆਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿਚ ਲੈ ਕੇ ਪੰਥ ਆਪਣੀ ਮਰਜ਼ੀ ਅਨੁਸਾਰ ਕੰਮ ਚਲਾਵੇਗਾ।

੧੬ ਨਵੰਬਰ ਤੇ ਖਾਲਸਾ ਹਾਈ ਸਕੂਲ ਰਾਵਲ ਪਿੰਡੀ

ਅੱਜ ੧੬ ਨਵੰਬਰ ਨੂੰ ਖਾਲਸਾ ਕਾਲਜ ਦੀ ਹਮਦਰਦੀ ਦੇ ਵਿਚ ਖਾਲਸਾ ਹਾਈ ਸਕੂਲ ਰਾਵਲ ਪਿੰਡੀ ਦੇ

ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਅਤੇ ਭਾਈ ਜਵੰਦ ਸਿੰਘ ਜੀ ਦੇ ਬੜੇ ਹੀ ਰਸ ਭਰੇ ਲੈਕਚਰ ਹੋਏ ਤੇ ਹੇਠ ਲਿਖੇ ਗੁਰਮਤੇ ਪਾਸ ਹੋਏ।

੧. ਖਾਲਸਾ ਹਾਈ ਸਕੂਲ ਰਾਵਲਪਿੰਡੀ ਦੇ ਵਿਦਿਆਰਥੀਆਂ ਦਾ ਇਹ ਜਲਸਾ ਖਾਲਸਾ ਕਾਲਜ ਅੰਮ੍ਰਿਤਸਰ ਜੀ ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਉਨ੍ਹਾਂ ਨੂੰ ਨਿਸਚਾ ਕਰਾਂਵਦਾ ਹੈ ਕਿ ਅਸੀਂ ਸਾਰੇ ਉਨ੍ਹਾਂ ਦੇ ਸ਼ੁਭ ਕੰਮ ਲਈ ਹਰ ਤਰ੍ਹਾਂ ਦੀ ਪੈਰਵੀ ਕਰਨ ਨੂੰ ਤਿਆਰ ਹਾਂ।

੨. ਪਾਸ ਹੋਇਆ ਕਿ ਉਤਲੇ ਰੈਜ਼ੂਲੁਸ਼ਨ ਦੀਆਂ ਕਾਪੀਆਂ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਅਖ਼ਬਾਰਾਂ ਨੂੰ ਭੇਜੀਆਂ ਜਾਣ।

ਦਾਸ, ਸੁਜਾਨ ਸਿੰਘ ਸੈਕਟਰੀ

ਅਕਾਲੀ ਲਾਹੌਰ, ੨੫ ਨਵੰਬਰ ੧੯੨੦

ਪੰਜਾ ਸਾਹਿਬ ਜੀ ਦੇ ਹਾਲ।

ਸੰਗਤ ਨਾਲ ਸੇਵਾਦਾਰਾਂ ਦਾ ਸਲੂਕ

ਇਹ ਤਾਂ ਗੁਰੂ ਦੀਆਂ ਸੰਗਤਾਂ ਨੂੰ ਪਤਾ ਹੀ ਹੈ ਕਿ ਗੁਰਧਾਮਾਂ ਦੇ ਸੁਧਾਰ ਖ਼ਾਤਰ ਪੰਥ ਨੇ ਇਕ ਕਮੇਟੀ ਬਣਾ ਦਿਤੀ ਹੈ। ਹੁਣ ਚਾਹੀਦਾ ਇਹ ਹੈ ਕਿ ਹਰ ਇਕ ਗੁਰ ਅਸਥਾਨ ਦੇ ਮਹੰਤ, ਗੰ੍ਰਥੀ ਤੇ ਪ੍ਰਬੰਧਕ ਆਪਣੇ ਆਪ ਹੀ ਇਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਾਬੇ ਹੋ ਜਾਣ ਤੇ ਕਮੇਟੀ ਦੀ ਆਗਿਆ ਨਾਲ ਕੰਮ ਕਰਨ। ਜਿਹੜੇ ਸੱਜਣ ਇਸ ਪੰਥਕ ਕਮੇਟੀ ਦੀ ਪ੍ਰਵਾਹ ਨ ਕਰ ਕੇ ਆਪ ਹੁਦਰੀਆਂ ਕਰੀ ਜਾਣਗੇ ਉਹ ਇਸ ਦਾ ਫਲ ਜ਼ਰੂਰ ਭੁਗਤਣਗੇ।

ਗੁਰਦੁਆਰੇ ਪੰਜੇ ਸਾਹਿਬ ਸਬੰਧੀ ਅਣਗਿਣਤ ਸ਼ਿਕਾਇਤਾਂ ਹੁੰਦੀਆਂ ਰਹਿੰਦੀਆਂ ਹਨ ਅਕਾਲ ਪੁਰਖ ਦੇ ਭਾਣੇ ਅੰਦਰ ਹੁਣ ਮਹੰਤ ਮਿਠਾ ਸਿੰਘ ਚੜ੍ਹਾਈ ਕਰ ਗਿਆ ਹੈ। ਇਸ ਲਈ ਆਮ ਸੰਗਤਾਂ ਨੇ ਖ਼ਿਆਲ ਕਰ ਕੇ ਕਿ ਨਵੇਂ ਸਿਰੇ ਕਈ ਵਧੇਰੇ ਖ਼ਰਾਬੀਆਂ ਦਾ ਕਾਰਨ ਨ ਬਣ ਜਾਵੇ ਉਥੇ ਜਥੇ ਭੇਜ ਦਿਤੇ ਹਨ। ਚਾਹੀਦਾ ਇਹ ਸੀ ਕਿ ਗੁਰਦੁਆਰੇ ਦੇ ਨਵੇਂ ਸੇਵਾਦਾਰ ਗੁਰਦੁਆਰੇ ਦੀ ਸੇਵਾ ਵਿਚ ਤਤਪਰ ਹੋ ਕੇ ਗੁਰੂ ਦੀਆਂ ਸੰਗਤਾਂ ਨੂੰ ਪ੍ਰਸੰਨ ਕਰ ਦੇਂਦੇ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਗੇ ਬਿਨੈ ਕਰਦੇ ਕਿ ਅਸੀਂ ਹਰ ਤਰ੍ਹਾਂ ਪੰਥਕ ਹੁਕਮ ਮੰਨਣ ਨੂੰ ਤਿਆਰ ਹਾਂ। ਸਾਡਾ ਨਿਸਚਾ ਹੈ ਕਿ ਸੇਵਾਦਾਰਾਂ ਦੇ ਇਸ ਤਰ੍ਹਾਂ ਪੰਥ ਦੇ ਹੁਕਮ ਅਗੇ ਨਿਵਣ ਨਾਲ ਸਭ ਕਾਰਜ ਰਾਸ ਹੋ ਜਾਂਦੇ ਤੇ ਪ੍ਰੇਮ ਤੇ ਪਿਆਰ ਵਧ ਕੇ ਗੁਰੂ ਜੀ ਦੀ ਵਧੇਰੇ ਸੇਵਾ ਹੁੰਦੀ ਪਰ ਸਾਨੂੰ ਪੰਜੇ ਸਾਹਿਬ ਤੋਂ ਤਿੰਨ ਚਿੱਠੀਆਂ, ਭਾਈ ਮੱਖਣ ਸਿੰਘ ਜੀ ਗੁਜਰਖਾਨ ਅਤੇ ਭਾਈ ਅਮਰ ਸਿੰਘ ਜੀ ਝਬਾਲ ਵਾਲਿਆਂ ਦੇ, ਲਿਖਤੀ ਪੌਂਚੀਆਂ ਹਨ, ਜਿਨਾਂ ਦੁਆਰਾ ਗੁਰਦੁਆਰੇ ਦੇ ਪ੍ਰਬੰਧ ਅਤੇ ਗੁਰੂ ਸੰਗਤ ਨਾਲ ਰੁੱਖੇ ਤੇ ਕੜਵੇ ਸਲੂਕ ਉੱਤੇ ਜੋ ਰੌਸ਼ਨੀ ਪੈਂਦੀ ਹੈ, ਉਹ ਡਾਢੀ ਦੁਖਦਾਈ ਹੈ ਅਤੇ ਇਕ ਤਰ੍ਹਾਂ ਨਾਲ ਗੋਯਾ ਸਾਰੇ ਪੰਥ ਨੂੰ ਵੰਗਾਰਨਾ ਹੈ ਕਿ "ਅਸੀਂ ਖ਼ਰਾਬ ਪ੍ਰਬੰਧ ਕਰਾਂਗੇ, ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਨਹੀਂ ਮੰਨਾਂਗੇ, ਜੋ ਜੀ ਆਵੇਗਾ ਕਰਾਂਗੇ" ਅਸੀਂ ਨਹੀਂ ਸਮਝ ਸਕਦੇ ਕਿ ਮਹੰਤ ਦੇ ਭਰਾ ਦੀ ਇਹ ਦਲੇਰੀ ਉਸ ਦੇ ਕਿਹੜੇ ਖੋਟੇ ਭਾਗਾਂ ਦਾ ਫਲ ਹੈ।

ਪਹਿਲੀ ਚਿੱਠੀ ਵਿਚ ਲਿਖਿਆ ਹੈ ਕਿ :-

"ਜਥੇ ਨੇ ਜਾ ਕੇ ਲੰਗਰ ਵਾਲਾ ਬੰਗਲਾ ਖੁਲ੍ਹਾਇਆ। ਅੰਦਰ ਸਜਰੀ ਹੀ ਕਿਸੇ ਸ਼ਰਾਬੀ ਦੀ ਕੈ ਕੀਤੀ ਹੋਈ ਤੇ ਉਪਰ ਸੁਆਹ ਪਾਈ ਹੋਈ ਸੀ। ਮੇਜ਼ ਉਪਰ ਇਕ ਤਾਸ਼ ਪਈ ਸੀ; ਖ਼ਬਰੇ ਦੀਵਾਲੀ ਦੇ ਦਿਨਾਂ ਵਿਚ ਉਥੇ ਹੱਥ ਸੁਚੇ ਹੁੰਦੇ ਰਹੇ ਹੋਣਗੇ। ਵੇਹੜੇ ਵਿਚ ਤਿੰਨ ਚਾਰ ਥਾਵਾਂ ਤੇ ਟੱਟੀ ਫਿਰੀ ਹੋਈ ਸੀ। ਇਕ ਕੋਠੀ ਵਿਚ ਕੁਕੜਾਂ ਦੇ ਖੰਭ ਪਏ ਸਨ। ਕਿਧਰੇ ਸਿਗਰੇਟਾਂ ਦੀਆਂ ਡਬੀਆਂ ਤੇ ਸੜੇ ਹੋਏ ਸਿਗਰੇਟ ਪਏ ਹੋਏ ਸਨ। ਇਹ ਵੇਖ ਸੰਗਤਾਂ ਦਾ ਡਾਢਾ ਦਿਲ ਦੁਖੀ ਹੋਇਆ ਤੇ ਸਫ਼ਾਈ ਵਗੈਰਾ ਕੀਤੀ।

ਜਥੇ ਨਾਲ ਸਲੂਕ

ਗੁਜਰਖਾਨ ਅਤੇ ਐਬਟਾਬਾਦ ਤੋਂ ਸੰਗਤਾਂ ਵੀ ਆ ਗਈਆਂ ਸਨ ਤੇ ਸ਼ਾਮ ਨੂੰ ਜਥੇ ਨੇ ਕੀਰਤਨ ਕਰਨਾ ਆਰੰਭਿਆ

ਭਾਈ ਸੰਤ ਸਿੰਘ ਬਾਹਰ ਚਲਾ ਗਿਆ। ਪਲਕ ਨੂੰ ਹੀ ਥਾਣੇਦਾਰ, ਸਿਪਾਹੀ ਅਤੇ ਹਿੰਦੂ ਤੇ ਮੁਸਲਮਾਨ ਆ ਇਕੱਠੇ ਹੋਏ। ਭਾ: ਸੰਤ ਸਿੰਘ ਨੇ ਗੁਰਦੁਆਰੇ ਦੇ ਸਾਹਮਣੇ ਥਾਣੇਦਾਰ ਨੂੰ ਕੁਰਸੀ ਡਾਹ ਦਿੱਤੀ ਜੋ ਸਿੰਘਾਂ ਨੇ ਅਯੋਗ ਸਮਝ ਕੇ ਥਾਣੇਦਾਰ ਨੂੰ ਆਖ ਕੇ ਬੈਠਨ ਤੋਂ ਬੰਦ ਕਰ ਦਿੱਤਾ। ਮਗਰੋਂ ਥਾਣੇਦਾਰ ਨੇ ਸਿੰਘਾਂ ਨੂੰ ਤਾੜਨਾ ਸ਼ੁਰੂ ਕੀਤਾ ਪਰ ਜਥੇਦਾਰ ਭਾਈ ਕਰਤਾਰ ਸਿੰਘ ਜੀ ਨੇ ਉੱਤਰ ਦੇ ਕੇ ਉਸ ਦੀ ਤਸੱਲੀ ਕਰਾਈ ਕਿ ਸਾਡੇ ਧਾਰਮਿਕ ਮਾਮਲੇ ਵਿਚ ਤੁਸੀਂ ਕੋਈ ਦਖ਼ਲ ਨ ਦਿਉ। ਜਿਹੜਾ ਲੜਾਈ ਫਸਾਦ ਤੇ ਵਾਧਾ ਕਰੇ ਉਸ ਨੂੰ ਬੰਦ ਕਰੋ ਅਤੇ ਰੋਕੋ। ਅਸੀਂ ਤਾਂ ਸੁਧਾਰ ਲਈ ਆਏ ਹਾਂ। ਥਾਣੇਦਾਰ ਸਾਹਿਬ ਤਾਂ ਚਲੇ ਗਏ; ਪਰ ਸੰਤ ਸਿੰਘ, ਹਿੰਦੂਆਂ ਤੇ ਮੁਸਲਮਾਨਾਂ ਨੂੰ ਕਈ ਤਰ੍ਹਾਂ ਦੀਆਂ ਲੂਤੀਆਂ ਲਾ ਕੇ ਭੜਕਾ ਰਿਹਾ ਹੈ ਤੇ ਮਾਮਲੇ ਨੂੰ ਨਾਜ਼ਕ ਕਰ ਰਿਹਾ ਹੈ"।

ਦੂਜੀ ਚਿੱਠੀ ਵਿਚ ਲਿਖਿਆ ਹੈ ਕਿ "੧੯ ਨਵੰਬਰ ਅੰਮ੍ਰਿਤ ਵੇਲੇ ਸੰਗਤ ਦਾ ਰਾਗੀ ਜਥਾ ਆਸਾ ਦੀ ਵਾਰ ਲਾਉਣ ਲਈ ਗੁਰਦੁਆਰੇ ਗਿਆ। ਪਰ ਭਾਈ ਸੰਤ ਸਿੰਘ ਨੇ ਐਸਾ ਪ੍ਰਬੰਧ ਕੀਤਾ ਕਿ ਕੀਰਤਨ ਨ ਹੋਵੇ। ਚਿਰ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਜਾਰੀ ਰਖਿਆ। ਫਿਰ ਉਥੋਂ ਦਾ ਜਥਾ ਕੀਰਤਨ ਲਈ ਆਣ ਬੈਠਾ ਤੇ ਸੰਗਤ ਦੇ ਪ੍ਰੇਮੀਆਂ ਜਥੇ ਨੂੰ ਕੀਰਤਨ ਕਰਨ ਤੋਂ ਬੰਦ ਕੀਤਾ ਪਰ ਜਥੇਦਾਰ ਦੇ ਹੁਕਮ ਨਾਲ ਕੀਰਤਨ ਆਰੰਭ ਕੀਤਾ ਗਿਆ।

ਇਕ ਪ੍ਰੇਮੀ ਨੇ ਕੜਾਹ ਪ੍ਰਸ਼ਾਦ ਆਂਦਾ ਜੋ ਇਕ ਹੁੱਕਾ ਪੀਣ ਵਾਲੇ ਦੇ ਹੱਥ ਦਾ ਤਿਆਰ ਕੀਤਾ ਹੋਇਆ ਸੀ। ਜਥੇ ਦੇ ਸਿੰਘਾਂ ਨੇ ਕਿਹਾ ਕਿ ਸਾਡਾ ਜਥਾ ਹੁੱਕਾ ਪੀਣ ਵਾਲੇ ਦੇ ਹੱਥ ਦਾ ਕੜਾਹ ਪ੍ਰਸ਼ਾਦ ਨਹੀਂ ਛਕਦਾ। ਬਸ ਇਸ ਗੱਲ ਨੂੰ ਲੈ ਕੇ ਭਾਈ ਸੰਤ ਸਿੰਘ ਹੁਣ ਹਿੰਦੂਆਂ ਨੂੰ ਭੜਕਾ ਰਿਹਾ ਹੈ ਕਿ ਇਹ ਸਿੰਘ ਹਿੰਦੂਆਂ ਦੇ ਹੱਥ ਦਾ ਨਹੀਂ ਖਾਂਦੇ, ਇਹ ਹਿੰਦੂਆਂ ਤੋਂ ਨਫ਼ਰਤ ਕਰਦੇ ਹਨ, ਆਦਿਕ।

ਤੀਜੀ ਚਿੱਠੀ ਵਿਚ ਸ਼ਾਮ ਦੀ ਕਾਰਵਾਈ ਲਿਖੀ ਹੈ ਕਿ ਮੁਸਾਫ਼ਰ ਖਾਨੇ ਵਿਚ ਜਥੇ ਵੱਲੋਂ ਇਕ ਸਾਂਝਾ ਜਲਸਾ ਹੋਇਆ ਤੇ ਗੁਰੂ ਨਾਨਕ ਜੀ ਦਾ ਸਭ ਨਾਲ ਇਕੋ ਜਿਹਾ ਪਿਆਰ ਦਸਿਆ ਗਿਆ। ਪਰ ਹਿੰਦੂ ਭਰਾਵਾਂ ਨੂੰ ਡਾਢੀ ਗਲਤ ਫਹਿਮੀ ਵਿਚ ਪਾਇਆ ਜਾ ਰਿਹਾ ਹੈ ਤੇ ਹਿੰਦੂਆਂ ਨੂੰ ਲੜਾ ਕੇ ਮਹੰਤ ਦਾ ਭਰਾ ਤਮਾਸ਼ਾ ਵੇਖਣਾ ਚਾਹੁੰਦਾ ਹੈ।

ਪੁਲਿਸ ਦਾ ਧਕਾ

ਸ਼ਾਮ ਨੂੰ ਖਾਸ ਪੁਲਿਸ ਦਾ ਦਸਤਾ ਕੈਂਬਲਪੁਰ ਤੋਂ ਆਇਆ ਤੇ ਜਿਸ ਮੁਸਾਫ਼ਰ ਖਾਨੇ ਵਿਚ ਜਥੇ ਨੇ ਡੇਰਾ ਕੀਤਾ ਸੀ, ਧਕੋ ਧਕੀ ਉਥੇ ਆ ਕੇ ਡੇਰਾ ਕਰ ਦਿੱਤਾ ਅਤੇ ਸਿੰਘਾਂ ਨੇ ਕਿਹਾ ਕਿ ਤੁਸੀਂ ਧਕੋ ਧਕੀ ਸਾਨੂੰ ਨਹੀਂ ਕੱਢ ਸਕਦੇ ਉਸੀਂ ਏਥੇ ਹੀ ਰਹਾਂਗੇ ਛੇਕੜ ਹਵਾਲਦਾਰ ਨੇ ਆ ਕੇ ਸਿਪਾਹੀਆਂ ਨੂੰ ਰੋਕਿਆ ਤੇ ਕੋਈ ਵਾਧਾ ਨ ਹੋਇਆ ਤੇ ਮੁਸਾਫ਼ਰ ਖਾਨੇ ਵਿਚ ਸੰਗਤ ਨੇ ਹੀ ਡੇਰਾ ਰੱਖਿਆ।

ਸਿਪਾਹੀ ਗੁਰਦੁਆਰੇ ਦੀ ਹਦ ਅੰਦਰ ਹੁਕਾ ਵੀ ਪੀਂਦੇ ਰਹੇ। ਸ਼ਾਮ ਨੂੰ ਹੀ ਕੈਮਲ-ਪੁਰ ਦਾ ਇਕ ਸਿੰਘ ਬਾਜ਼ਾਰ ਗਿਆ, ਜਿਸ ਨੂੰ ਬੁਰੀ ਤਰ੍ਹਾਂ ਮਾਰਿਆ ਕੁਟਿਆ ਗਿਆ। ਸੰਗਤ ਵਿਚ ਬੜਾ ਜੋਸ਼ ਫੈਲਿਆ ਪਰ ਜਥੇਦਾਰ ਤੇ ਹੋਰ ਸਜਣਾਂ ਨੇ ਸ਼ਾਂਤ ਕਰਾ ਦਿੱਤੀ।

ਹੁਣ ਸਾਡੀ ਜਾਚੇ ਮਹੰਤ ਦਾ ਭਰਾ ਆਪਣੇ ਦਾਉ ਖੇਡ ਰਿਹਾ ਹੈ; ਹਿੰਦੂਆਂ, ਮੁਸਲਮਾਨਾਂ ਨੂੰ ਚੁਕ ਕੇ ਸਿੰਘਾਂ ਦੇ ਗਲ ਪਵਾਣਾ ਚਾਹੁੰਦਾ ਹੈ। ਇਸ ਲਈ ਇਕ ਤਾਂ ਸਭ ਤੋਂ ਜ਼ਰੂਰੀ ਗੱਲ ਇਹ ਹੈ ਹਿੰਦੂ, ਮੁਸਲਮਾਨ ਭਰਾਵਾਂ ਨੂੰ ਕੋਈ ਸਮਝਾਵੇ ਕਿ ਜੇ ਉਹ ਗੁਰਦੁਆਰੇ ਦੇ ਸੁਧਾਰਕਾਂ ਦਾ ਸਾਥ ਨਹੀਂ ਦੇ ਸਕਦੇ ਤਾਂ ਵਿਗਾੜ ਨ ਕਰਨ। ਬੜਾ ਨਾਜ਼ੁਕ ਸਮਾਂ ਹੈ ਅਤੇ ਇਕ ਆਦਮੀ ਦੀ ਖ਼ਾਤਰ ਕੌਮਾਂ ਵਿਚ ਫੇਟੀ ਪਾਉਣ ਦਾ ਕਾਰਨ ਨ ਬਣਨ ਅਤੇ ਦੂਜੀ ਜ਼ਰੂਰੀ ਗੱਲ ਇਹ ਹੈ ਪੋਠੋਹਾਰ ਅਤੇ ਹੋਰ ਗੁਰਦੁਆਰਿਆਂ ਦੇ ਸੇਵਾਦਾਰਾਂ ਤੇ ਸੰਗਤਾਂ ਨੂੰ ਫ਼ੌਰਨ ਪੰਜੇ ਸਾਹਿਬ ਪਹੁੰਚ ਜਾਣਾ ਚਾਹੀਦਾ ਹੈ। ਉਹਨਾਂ ਦੀ ਇਸ ਵੇਲੇ ਦੀ ਢਿਲ ਅਤੇ ਘਾਉਲ ਗੁਰਦੁਆਰਿਆਂ ਦੇ ਸੁਧਾਰ ਲਈ ਭਾਰੀ ਰੋਕ ਬਣ ਜਾਵੇਗੀ। ਪਰ ਉਥੇ ਜਾ ਕੇ ਪ੍ਰੇਮ ਅਤੇ ਸ਼ਾਂਤੀ ਨਾਲ ਕਾਰਜ ਨੂੰ ਨਜਿਠਿਆ ਜਾਵੇ।

ਇਕ ਵੇਰ ਫਿਰ ਅਸੀਂ ਭਾਈ ਸੰਤ ਸਿੰਘ ਨੂੰ ਆਖਾਂਗੇ ਗੁਰੂ ਪੰਥ ਦੀ ਸਰਨੀ ਪੈ ਜਾਵੇ। ਪਿਛਲੀਆਂ ਭੁਲਾਂ ਦੀ ਖਿਮਾਂ ਮੰਗ ਕੇ ਸੰਗਤ ਦੇ ਹੁਕਮ ਅੰਦਰ ਪੂਰੀ ਤਰ੍ਹਾਂ ਚਲਣ ਦਾ ਪ੍ਰਣ ਕਰੇ। ਉਸ ਦੀ ਭਲਾਈ ਇਸੇ ਵਿਚ ਹੈ। ਨਹੀਂ ਤਾਂ ਇਕ ਪੰਥ ਵੱਲੋਂ ਬੇਮੁਖਤਾ ਦੂਜੇ ਗੁਰੂ ਵੱਲੋਂ ਮਨਮੁਖਤਾ ਪ੍ਰਾਪਤ ਕਰ ਕੇ ਕਿਹੜੀ ਥਾਂ ਢੋਈ ਪਾਏਗਾ ?

ਮਾਸਟਰ ਸੁੰਦਰ ਸਿੰਘ ਜੀ "ਲੈਲਪੁਰੀ" ਦੇ ਵਾਰੰਟ

੨੧ ਨਵੰਬਰ ਨੂੰ ਦਫ਼ਤਰ ਅਕਾਲੀ ਵਿਚ ਮਾਸਟਰ ਸੁੰਦਰ ਸਿੰਘ ਜੀ ਦੇ ਵਾਰੰਟ ਭੀ ਪਹੁੰਚ ਗਏ ਹਨ। ਇਹ ਵਾਰੰਟ ਗੱਜਨ ਸਿੰਘ ਆਨ੍ਰੇਬਲ ਬਹਾਦਰ ਵੱਲੋਂ ਕਢਾਏ ਗਏ ਹਨ। ਸਰਦਾਰ ਮੰਗਲ ਸਿੰਘ ਜੀ ਫੜੇ ਜਾਣ ਮਗਰੋਂ ਪੈਰ ਉਪਰ ਹੀ ਮਾਸਟਰ ਜੀ ਦੇ ਵਾਰੰਟ ਨਿਕਲ ਪੈਣੇ ਪ੍ਰਗਟ ਕਰ ਰਹੇ ਹਨ ਕਿ "ਅਕਾਲੀ" ਦੀ ਤਬਾਹੀ ਲਈ ਕੀ ਕੁਝ ਬਾਨ੍ਹਣੂੰ ਬੰਨ੍ਹੇ ਜਾ ਰਹੇ ਹਨ। ਭਾਵੇਂ ਅਕਾਲੀ ਦੀ ਉਮਰ ਛੋਟੀ ਹੈ ਪਰ ਇਸ ਦਾ ਰਖਿਅਕ ਅਕਾਲ ਪੁਰਖ ਹੈ।

ਰਾਖਾ ਏਕ ਹਮਾਰਾ ਸੁਆਮੀ।
ਸਗਲ ਘਟਾ ਕਾ ਅੰਤਰਜਾਮੀ।

ਅਤੇ ਗੁਰੂ ਪੰਥ ਇਸ ਦਾ ਮਾਲਕ ਹੈ। ਇਸ ਲਈ ਦੁਨਿਆਵੀ ਦੌਲਤ ਅਤੇ ਜ਼ੋਰ ਇਸ ਦਾ ਕੱਖ ਨਹੀਂ ਵਿਗਾੜ ਸਕਦਾ।

ਖਾਲਸਾ ਕਾਲਜ ਵਿਚ ਹੜਤਾਲ ਪ੍ਰੋਫੈਸਰਾਂ ਅਸਤੀਫ਼ੇ ਦੇ ਦਿਤੇ

ਅੱਜ ੨੨ ਨਵੰਬਰ ਨੂੰ ਕਾਲਜ ਖੁਲਣਾ ਸੀ। ਰਾਤ ਨੂੰ ਬੜੇ ਚਿਰ ਤਕ ਪ੍ਰੋਫ਼ੈਸਰਾਂ ਅਤੇ ਪੰਥ ਪਿਆਰਿਆਂ ਦੀ ਕਮੇਟੀ ਹੁੰਦੀ ਰਹੀ। ਜਿਸ ਵਿਚ ਸ: ਸਰਦੂਲ ਸਿੰਘ ਜੀ, ਸ: ਹਰਬੰਸ ਸਿੰਘ ਜੀ ਅਟਾਰੀ, ਪ੍ਰਿੰਸੀਪਲ ਭਾਈ ਜੋਧ ਸਿੰਘ ਜੀ, ਸ: ਹਰਚੰਦ ਸਿੰਘ ਜੀ, ਸ: ਜੋਗਿੰਦਰ ਸਿੰਘ ਜੀ ਆਦਿਕ ਸਨ। ਪ੍ਰੋਫ਼ੈਸਰਾਂ ਨੇ ਛੇਕੜ ਫ਼ੈਸਲਾ ਕਰ ਦਿੱਤਾ ਹੈ ਕਿ ਅਸੀਂ ਸਵੇਰੇ ਅਸਤੀਫ਼ੇ ਦੇ ਦਿਆਂਗੇ ਅਤੇ ਵਿਦਿਆਰਥੀ ਤਾਂ ਸਾਰੇ ਹੜਤਾਲ ਕਰਨ ਲਈ ਤਿਆਰ ਬੈਠੇ ਹਨ। ੨੨ ਨਵੰਬਰ ਨੂੰ ੧੨ ਪ੍ਰੋਫ਼ੈਸਰਾਂ ਨੇ ਅਸਤੀਫ਼ੇ ਦਾਖ਼ਲ ਕਰ ਦਿਤੇ ਹਨ ਤੇ ਵਿਦਿਆਰਥੀਆਂ ਨੇ ਪੂਰੀ ਹੜਤਾਲ ਕਰ ਦਿੱਤੀ ਹੈ।

ਅਕਾਲੀ ਲਾਹੌਰ, ੨੭ ਨਵੰਬਰ ੧੯੨੦

ਖ਼ੁਸ਼ਖ਼ਬਰੀ

ਸ: ਪ੍ਰਤਾਪ ਸਿੰਘ ਜੀ, ਬੀ. ਏ. ਬੀ. ਟੀ. ਨੇ "ਅਕਾਲੀ" ਦੀ ਐਡੀਟਰੀ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕੀਤਾ ਸੀ। ਅਕਾਲੀ ਕਮੇਟੀ ਨੇ ਇਨ੍ਹਾਂ ਨੂੰ ਪ੍ਰਵਾਨ ਕਰ ਲਿਆ ਹੈ। ਆਪ ਇਸ ਵੇਲੇ ਕੈਰੋਂ ਖਾਲਸਾ ਸਕੂਲ ਦੇ ਹੈੱਡਮਾਸਟਰ ਹਨ ਅਤੇ ਸਿੱਖ ਟ੍ਰੈਕਟ ਸੁਸਾਇਟੀ ਲਾਹੌਰ ਦੇ ਪ੍ਰਬੰਧਕ ਹਨ। ੧ ਦਸੰਬਰ ਤਕ ਆਪ ਨੇ ਆ ਜਾਣ ਦਾ ਭਰੋਸਾ ਬਖ਼ਸ਼ਿਆ ਹੈ। ਆਸ਼ਾ ਹੈ 'ਅਕਾਲੀ' ਦੇ ਪਾਠਕ ਸ: ਮੰਗਲ ਸਿੰਘ ਜੀ ਦੀ ਗ਼ੈਰ-ਹਾਜ਼ਰੀ ਵਿਚ ਊਣਤਾਈਆਂ ਅਤੇ ਅਖਬਾਰ ਦੀਆਂ ਢਿੱਲਾਂ ਨੂੰ ਖਿਮਾ ਕਰਨਗੇ। ਭਰੋਸਾ ਹੈ "ਅਕਾਲੀ" ਅਗੋਂ ਪਹਿਲਾਂ ਨਾਲੋਂ ਵੀ ਦੂਗਣੀ ਸ਼ਾਨ ਨਾਲ ਪ੍ਰਕਾਸ਼ਤ ਹੋਇਆ ਕਰੇਗਾ।

ਮੈਂ ਆਪ ਹਾਜ਼ਰ ਹੋ ਜਾਵਾਂਗਾ

ਮਾਸਟਰ ਸੁੰਦਰ ਸਿੰਘ ਜੀ "ਲਾਇਲਪੁਰੀ" ਨੇ ਸੁਨੇਹਾ ਭੇਜਿਆ ਹੈ ਕਿ ਮੇਰੀ ਵੱਲੋਂ ਪ੍ਰਗਟ ਕਰ ਦਿਉ ਕਿ ਨੌਕਰ ਸਾਹੀ ਦੇ ਚੇਲੇ ਚਾਟੜੇ ਮੈਨੂੰ ਲਭਣ ਦੀ ਮੇਹਨਤ ਅਤੇ ਔਖ ਨ ਕਰਨ। ਮੈਂ ਆਪਣੇ ਵਾਰੰਟ ਨਿਕਲੇ ਸੁਣ ਕੇ ਪ੍ਰਸੰਨ ਹੋਇਆ ਹਾਂ ਅਤੇ "ਅਕਾਲੀ ਪ੍ਰੈਸ" ਲਈ ਰੁਪਏ ਇਕੱਠੇ ਕਰ ਕੇ ਮੈਂ ਆਪ ਹੀ ਹਾਜ਼ਰ ਹੋ ਜਾਵਾਂਗਾ।

ਨੋਟ :- ਗਲਤ ਫ਼ਹਿਮੀ ਨ ਰਹੇ। ਮਾਸਟਰ ਸੁੰਦਰ ਸਿੰਘ ਜੀ ਦੇ ਵਾਰੰਟ ਸਰਕਾਰ ਵੱਲੋਂ ਨਹੀਂ ਨਿਕਲੇ। ਇਹ ਆਨਰੇਬਲ ਗਜਨ ਸਿੰਘ ਜੀ ਨੇ "ਅਕਾਲੀ" ਦੇ ਕਿਸੇ ਲੇਖ ਸਬੰਧੀ ਕਢਾਏ ਹਨ।

ਗੁਰਦੁਆਰਾ ਰਕਾਬ ਗੰਜ।

ਦੀਵਾਰ ਬਣ ਰਹੀ ਹੈ।

ਸਰਦਾਰ ਹਰਚੰਦ ਸਿੰਘ ਜੀ ਦਿਲੀ ਗਏ ਸਨ ਕਿ ਢੱਠੀ ਦੀਵਾਰ ਨੂੰ ਚੜ੍ਹਾਨ ਲਈ ਸਾਮਾਨ ਤਿਆਰ ਕਰਨ ਅਤੇ "ਸ਼ਹੀਦੀ ਦਲ" ੧ ਦਸੰਬਰ ਨੂੰ ਉੱਥੇ ਪਹੁੰਚੇ। ਪਰ ਕਲ ਉਹਨਾਂ ਨੇ ਤਾਰ ਭੇਜੀ ਹੈ ਕਿ ਦੀਵਾਰ ਬਣ ਰਹੀ ਹੈ ਇਕ ਹਫ਼ਤੇ ਤਕ ਮੁਕੰਮਲ ਹੋ ਜਾਵੇਗੀ।

ਹੁਣ ਸ਼ਹੀਦੀ ਦਲ ਨੂੰ ੧ ਦਸੰਬਰ ਨੂੰ ਦਿਲੀ ਜਾਣ ਦੀ ਲੋੜ ਨਹੀਂ। ਆਸ਼ਾ ਹੈ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਨ ਉਤੇ ਸ਼ਹੀਦੀ ਦਲ ਦਿਲੀ ਪਹੁੰਚੇਗਾ। ਇਹ ਫਤਹਿ ਸ਼ਹੀਦੀ ਦਲ ਦੀ ਹੈ। ਅਸੀਂ ਪੰਥ ਨੂੰ ਵਧਾਈ ਦੇਂਦੇ ਹਾਂ।

ਪੰਜਾ ਸਾਹਿਬ ਦਾ ਮਾਮਲਾ

ਅਸੀਂ ਅੱਗੇ ਵੀ ਪ੍ਰਗਟ ਕਰ ਚੁੱਕੇ ਹਾਂ। ਸਾਰੇ ਪੰਥ ਨੇ ਰਲ ਕੇ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਹੈ। ਇਹ ਕਮੇਟੀ ਹੁਣ ਸਭ ਪੰਥ ਦੇ ਗੁਰਦੁਆਰਿਆਂ ਦਾ ਠੀਕ ਠੀਕ ਪ੍ਰਬੰਧ ਕਰੇਗੀ ਅਤੇ ਸੇਵਾਦਾਰਾਂ ਤੇ ਗ੍ਰੰਥੀਆਂ ਲਈ ਗੁਜ਼ਾਰੇ ਦਾ ਪੂਰਾ ਪੂਰਾ ਪ੍ਰਬੰਧ ਕਰੇਗੀ। ਇਸ ਲਈ ਜੋ ਆਦਮੀ ਸਿੱਖ ਅਤੇ ਗੁਰੂ ਪੰਥ ਦਾ ਸੇਵਾਦਾਰ ਸਦਾਂਦਾ ਹੈ ਉਸ ਲਈ ਇਹੋ ਵਾਜਬ ਹੈ ਕਿ ਪੰਥ ਦੇ ਫ਼ੈਸਲੇ ਨੂੰ ਸਿਰ ਮੱਥੇ ਤੇ ਮੰਨੇ। ਗੁਰੂ ਪੰਥ ਦੇ ਹੁਕਮ ਅੰਦਰ ਸੱਚਾ ਸੇਵਾਦਾਰ ਬਣਨ ਦਾ ਇਕਰਾਰ ਕਰੇ।

ਪਰ ਅਸੀਂ ਇਹ ਵੇਖ ਕੇ ਹੈਰਾਨ ਹੋ ਰਹੇ ਹਾਂ ਕਿ ਦਰਬਾਰ ਸਾਹਿਬ, ਤਖ਼ਤ ਅਕਾਲ ਬੁੰਗਾ, ਬਾਬੇ ਦੀ ਬੇਰ ਸਾਹਿਬ, ਲਾਹੌਰ ਦੇ ਮਹੱਲਾ ਚੁਮਾਲਾ ਦੇ ਗੁਰਦੁਆਰੇ ਦੇ ਹਾਲ ਸੁਣ ਕੇ ਅਤੇ ਪੰਥ ਦੀ ਮਰਜ਼ੀ ਨੂੰ ਜਾਣਦੇ ਹੋਏ ਫਿਰ ਕਈ ਗ੍ਰੰਥੀ ਤੇ ਮਹੰਤ ਆਪ ਹੁਦਰੀਆਂ ਕਰੀ ਜਾਂਦੇ ਹਨ ਅਤੇ ਗੁਰੂ ਪੰਥ ਨਾਲ ਮੱਥਾ ਡਾਹ ਕੇ ਇਕ ਤਾਂ ਪੰਥ ਦੇ ਵਕਤ, ਰੁਪਏ ਤੇ ਮੇਹਨਤ ਨੂੰ ਜ਼ਰੂਰੀ ਕੰਮ ਵੱਲੋਂ ਰੋਕ ਕੇ ਇਧਰ ਖਰਚ ਕਰਾਂਦੇ ਹਨ ਅਤੇ ਦੂਜੇ ਆਪ ਖੱਜਲ ਤੇ ਖਵਾਰ ਹੁੰਦੇ ਹਨ।

ਇਸ ਵੇਲੇ ਜਦ ਕਿ ਦੇਸ਼ ਵਿਚ 'ਨਾ-ਮਿਲਵਰਤਨ' ਦੀ ਲਹਿਰ ਵਗ ਰਹੀ ਹੈ। ਪੰਥ ਨੇ ਵੀ ਇਸ ਨੂੰ ਪ੍ਰਵਾਨ ਕਰ ਲਿਆ ਹੈ। ਇਸ ਲਈ ਕੌਂਸਲ ਅਤੇ ਖਾਲਸਾ ਕਾਲਜ ਦੇ ਮਾਮਲੇ ਸਬੰਧੀ ਸਾਰੇ ਪੰਥ ਦੀ ਰਲਵੀਂ ਮੇਹਨਤ ਦੀ ਲੋੜ ਹੈ ਅਤੇ ਸਭ ਗ੍ਰੰਥੀਆਂ, ਪੁਜਾਰੀਆਂ, ਮਹੰਤਾਂ ਨੂੰ ਇਸ ਵੇਲੇ ਪੰਥ ਦੇ ਕੰਮਾਂ ਵਿਚ ਹੱਥ ਵਟਾਣ ਦਾ ਵੇਲਾ ਹੈ। ਪਰ ਇਨ੍ਹਾਂ ਭਲੇ ਲੋਕਾਂ ਨੂੰ ਇਸੇ ਗੱਲ ਦੀ ਪਈ ਹੋਈ ਹੈ ਕਿ ਸਾਡੀ ਮਾਲਕੀ ਨ ਖੁਸ ਜਾਵੇ। ਇਹ ਲੋਕ ਇਹ ਨਹੀਂ ਕਰਦੇ ਕਿ ਇਤਨਾ ਚਿਰ ਅਸੀਂ ਗੁਰੂ ਪੰਥ ਦੀ ਜਾਇਦਾਦ ਨੂੰ ਖਾਂਦੇ ਰਹੇ ਹਾਂ, ਹੁਣ ਪੰਥ ਦੀ ਸ਼ਰਨੀ ਲਗ ਕੇ ਪੰਥ ਗੁਰੂ ਦੇ ਧੰਨਵਾਦੀ ਹੋਵੀਏ; ਸਗੋਂ ਉਲਟੇ ਕਈ ਢੰਗਾਂ ਨਾਲੋ ਪੰਥ ਦਾ ਟਾਕਰਾ ਕਰਦੇ ਹਨ। ਕਦੀ ਪਸਤੌਲਾਂ ਨਾਲ ਡਰਾਂਦੇ ਹਨ ਕਦੀ ਹਾਕਮ ਚੜ੍ਹਾ ਲਿਆਉਂਦੇ ਹਨ, ਕਦੀ ਇਸਤਰੀਆਂ ਤੋਂ ਹਮਲੇ ਕਰਾਉਂਦੇ ਹਨ। ਕਦੀ ਹਿੰਦੂ, ਮੁਸਲਮਾਨਾਂ ਦੀ ਓਟ ਲੈਂਦੇ ਹਨ। ਕਦੀ ਲੁੱਚਿਆਂ ਬਦਮਾਸ਼ਾਂ ਦੀ ਤਲੀ ਗਰਮ ਕਰ ਕੇ ਜੁਧ ਲਈ ਤਿਆਰ ਹੋ ਆਉਂਦੇ ਹਨ।

ਇਨ੍ਹਾਂ ਦੇ ਇਹੋ ਵਤੀਰੇ ਆਪਣੀ ਪੈਰੀਂ ਆਪ ਕੁਹਾੜੇ ਮਾਰਦੇ ਹਨ।

ਸਾਨੂੰ ਆਸ਼ਾ ਸੀ ਕਿ ਪੰਜਾ ਸਾਹਿਬ ਦੇ ਸੇਵਾਦਾਰ ਮਹੰਤ ਸਭ ਤੋਂ ਪਹਿਲਾਂ ਪੰਥਕ ਕਮੇਟੀ ਦੇ ਸ਼ਰਨੀ ਲਗਣਗੇ ਪਰ ਉਲਟਾ ਉੱਥੇ ਹੀ ਸਭ ਤੋਂ ਵਧੇਰੇ ਝਗੜੇ ਖੜ੍ਹੇ ਕੀਤੇ ਗਏ ਹਨ। ਉਥੇ ਦੇ ਹਾਲਾਤ ਹੇਠਾਂ ਲਿਖੀਆਂ ਦੋਹਾਂ ਚਿੱਠੀਆਂ ਤੋਂ ਚੰਗੀ ਤਰ੍ਹਾਂ ਪ੍ਰਗਟ ਹੋ ਜਾਣਗੇ ਅਤੇ ਪੰਥ ਗੁਰੂ ਆਪਣਾ ਫ਼ਰਜ਼ ਆਪ ਸਮਝ ਲਵੇਗਾ।

ਅਸੀਂ ਪੰਥ ਪਿਆਰਿਆਂ ਦੀ ਸੇਵਾ ਵਿਚ ਇਤਨੀ ਬੇਨਤੀ ਜ਼ਰੂਰ ਕਰ ਦਿਆਂਗੇ ਕਿ ਪੰਥ ਦਾ ਬਿਰਦ ਹੈ 'ਜੋ ਸ਼ਰਨ ਆਵੇ ਤਿਸ ਕੰਠ ਲਾਵੈ'। ਇਸ ਲਈ ਪ੍ਰੇਮ ਅਤੇ ਸਹਿਨਸ਼ੀਲਤਾ ਨਾਲ ਕਾਰਜ ਨਜਿਠੋ ਤੇ ਜੋ ਸ਼ਰਨ ਆਵੇ ਤਿਸ ਨੂੰ ਗਲੇ ਲਾਵੋ।

੨੧ ਨਵੰਬਰ ਦੀ ਕਾਰਵਾਈ

ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਕੀਰਤਨ ਦੇ ਪਿਛੋਂ ਭਾਈ ਕਰਤਾਰ ਸਿੰਘ ਜੀ ਝੱਬਰ ਦਾ ਲੈਕਚਰ, ਗ਼ਲਤ ਖ਼ਬਰਾਂ ਦੀ ਤਰਦੀਦ ਪਰ ਹੋਇਆ ਤੇ ਭਾਈ ਦੂਨਾ ਸਿੰਘ ਜੀ ਦਾ ਭੀ ਵਖਿਆਨ ਹੋਇਆ। ਭਾਈ ਸੰਤ ਸਿੰਘ ਨੂੰ ਸਮਝਾਇਆ ਗਿਆ ਕਿ ਆਪ ਨੂੰ ਅਰਦਾਸਾ ਨਹੀਂ ਆਂਵਦਾ। ਭਾਈ ਜੀ ਅਰਦਾਸਾ ਕਰਨ ਤੋਂ ਹਟਾਏ ਗਏ ਤੇ ਅਰਦਾਸਾ ਭਾਈ ਦੂਨਾ ਸਿੰਘ ਜੀ ਨੇ ਕੀਤਾ।

ਇਸ ਦੀਵਾਨ ਵਿਚ ਰਾਵਲਪਿੰਡੀ ਦੀ ਖ਼ਿਲਾਫ਼ਤ ਕਮੇਟੀ ਦੇ ਪ੍ਰੈਜ਼ੀਡੈਂਟ ਕਾਜ਼ੀ ਮੁਜ਼ੱਫ਼ਰ ਦੀਨ ਤੇ ਮਿਰਜ਼ਾ ਕੁਤਬਦੀਨ ਪਲੀਡਰ ਆਦਿ ਖ਼ਿਲਾਫ਼ਤ ਕਮੇਟੀ ਦੇ ਆਗੂਆਂ ਦਾ ਉਹ ਇਸ਼ਤਿਹਾਰ ਸੁਣਾਇਆ ਗਿਆ ਕਿ ਜਿਸ ਵਿਚ ਮੁਸਲਮਾਨ

ਭਾਈਆਂ ਨੂੰ ਹਦਾਇਤ ਕੀਤੀ ਗਈ ਸੀ, ਕਿ ਉਹ ਮਹੰਤ ਦੇ ਸਿਖੇ ਸਿਖਾਏ ਕਿਸੇ ਲਾਲਚ ਵਿਚ ਆ ਕੇ ਸਿੱਖਾਂ ਦੀ ਮੁਖ਼ਾਲਫ਼ਤ ਨਾ ਕਰਨ ਤੇ ਇਨ੍ਹਾਂ ਮੁਸਲਮਾਨ ਲੀਡਰਾਂ ਦਾ ਧੰਨਵਾਦ ਕੀਤਾ ਗਿਆ ਤੇ ਇਸ਼ਤਹਾਰ ਵਰਤਾਇਆ ਗਿਆ। ਦੁਪਹਿਰ ਦੇ ਸਮੇਂ ਰਾਵਲਪਿੰਡੀ ਤੋਂ ਬਹੁਤ ਸਾਰੀ ਸੰਗਤ ਆਈ ਤੇ ਗੁਰਦੁਆਰਾ ਪੰਜਾ ਸਾਹਿਬ ਸੋਧਕ ਕਮੇਟੀ ਦਾ ਅੰਤ੍ਰਿਗ ਜੋੜ ਮੇਲ ਹੋਇਆ। ਸ: ਰਾਮ ਸਿੰਘ ਜੀ ਸਾਹਣੀ ਰਾਵਲਪਿੰਡੀ ਪ੍ਰੈਜ਼ੀਡੰਟ, ਗਿਆਨੀ ਸ਼ੇਰ ਸਿੰਘ ਜੀ, ਸ: ਤੇਜਾ ਸਿੰਘ ਜੀ ਪਲੀਡਰ, ਮਲਕ ਦੇਵਾ ਸਿੰਘ ਜੀ, ਸ: ਜਸਵੰਤ ਸਿੰਘ ਜੀ ਬੀ. ਏ. ਆਦਿ ਬਹੁਤ ਸਾਰੇ ਮੈਂਬਰ ਮੌਜੂਦ ਸਨ। ਭਾਈ ਕਰਤਾਰ ਸਿੰਘ ਜੀ ਝੱਬਰ ਤੇ ਭਾਈ ਸੁੰਦਰ ਸਿੰਘ ਜੀ ਨੀਲਾ ਜ਼ਿਲ੍ਹਾ ਜੇਹਲਮ ਵਾਲੇ ਨਵੇਂ ਮੈਂਬਰ ਚੁਣੇ ਗਏ। ਇਸ ਕਮੇਟੀ ਦੀ ਤਹਕੀਕਾਤੀ ਸਬ ਕਮੇਟੀ ਦੀ ਰਿਪੋਰਟ ਪੇਸ਼ ਹੋਈ, ਜਿਸ ਪਰ ਮਹੰਤ ਤੇ ਉਸ ਦੇ ਭਰਾਵਾਂ ਉਪਰ ਹੇਠ ਲਿਖੇ ਅਪਰਾਧ ਲਾਏ ਗਏ।

੧. ਗੁਰਦੁਆਰੇ ਨੂੰ ਘਰ ਦੀ ਚੀਜ਼ ਤੇ ਮਾਲਕੀ ਸਮਝਿਆ ਜਾਂਦਾ ਹੈ, ਨਾਮ ਨਿਸ਼ਾਨ ਭੀ ਹਿਸਾਬ ਕਿਤਾਬ ਦਾ ਨਹੀਂ।

੨. ਗੁਰਦੁਆਰੇ ਦੇ ਹਾਤੇ ਵਿਚ ਹੁੱਕਾ ਪੀਤਾ ਜਾਂਦਾ ਹੈ।

੩. ਕੜਾਹ ਪ੍ਰਸ਼ਾਦਿ ਦਾ ਠੇਕਾ ਹੈ ਤੇ ਬੇਅਦਬੀ ਹੁੰਦੀ ਹੈ।

੪. ਲੰਗਰ ਦਾ ਪ੍ਰਬੰਧ ਉੱਕਾ ਹੀ ਰੱਦੀ ਹੈ।

੫. ਗੁਰਦੁਆਰੇ ਵਿਚ ਸਿੱਖ ਨੂੰ ਗੋਲੀ ਮਾਰੀ ਗਈ।

੬. ਮਹੰਤ ਦੇ ਭਰਾਤਾਂ ਨੇ ਸਾਰੇ ਅਪਰਾਧ ਮੰਨ ਲਏ, ਆਪਣੀਆਂ ਭੁਲਾਂ ਬਖ਼ਸ਼ਾਉਣ ਲਈ ਤਿਆਰ ਹੋਏ। ਗੁਰਦੁਆਰੇ ਨੂੰ ਪੰਥ ਦੇ ਹਵਾਲੇ ਕਰਨ ਦਾ ਭਰੋਸਾ ਦਿੱਤਾ। ਪਰ ਬੇਨਤੀ ਕੀਤੀ ਕਿ ਮੇਰਾ ਭਰਾ ਮਹੰਤ ਮਿੱਠਾ ਸਿੰਘ ਇਨ੍ਹਾਂ ਦਿਨਾਂ ਵਿਚ ਚਲਾਣਾ ਕਰ ਗਿਆ ਹੈ। ਹੋਰ ਕਈ ਕਿਸਮ ਦੀਆਂ ਮੁਸੀਬਤਾਂ ਹਨ। ਇਸ ਲਈ ੬ ਮਹੀਨੇ ਹੋਰ ਛੁਟੀ ਦਿੱਤੀ ਜਾਵੇ। ਅੱਗੇ ਨੂੰ ਅਕਾਲ ਤਖ਼ਤ ਵਾਲੀ ਗੁਰੂ ਪੰਥ ਦੀ ਇਕ ਮਘਰ ਵਾਲੀ ਕਮੇਟੀ ਦਾ ਕਬਜ਼ਾ ਹੋਵੇ। ਪਰ ਭਾਈ ਮਿੱਠਾ ਸਿੰਘ ਦੇ ਨਾਬਾਲਗ ਲੜਕੇ, ਉਨ੍ਹਾਂ ਦੀ ਵਿਧਵਾ ਇਸਤਰੀ ਤੇ ਮੇਰੀ (ਸੰਤ ਸਿੰਘ ਦੀ) ਪਾਲਣਾ ਤੇ ਰੋਜ਼ੀ ਦਾ ਖ਼ਿਆਲ ਰੱਖਿਆ ਜਾਵੇ। ਅਸੀਂ ਪੂਰਨ ਗੁਰਮਤਿ ਅਨੁਸਾਰ ਸਿੱਖ ਰਹਾਂਗੇ। ਇਹ ਫ਼ੈਸਲਾ ਕਮੇਟੀ ਨੇ ਮੰਨ ਲਿਆ। ਸ਼ਹਿਰ ਦੀ ਪੰਚਾਇਤ ਦੀ ਭੀ ਇਸ ਵਿਚ ਪੂਰਨ ਸੰਮਤੀ ਸੀ ਅਰਦਾਸਾ ਕੀਤਾ ਗਿਆ ਤੇ ਇਕਰਾਰ ਨਾਮਾ ਲਿਖਿਆ ਗਿਆ। ਪਰ ਜਦ ਦਸਖ਼ਤ ਕਰਨ ਦਾ ਵੇਲਾ ਆਇਆ ਤਦ ਇਕ ਸਜਣ ਦੇ ਬਾਹਰ ਲੈ ਜਾ ਕੇ ਭਿਤੀ ਪੜ੍ਹਾਉਣ ਪਰ ਭਾਈ ਸੰਤ ਸਿੰਘ ਜੀ ਮੁਕਰ ਗਏ। ਸ਼ਾਮ ਦੇ ਦੀਵਾਨ ਵਿਚ ਉਨ੍ਹਾਂ ਦੇ ਬਚਨ ਭੰਗ ਦਾ ਹਾਲ ਸੁਣਾਇਆ ਗਿਆ, ਸਭ ਨੇ ਲਾਹਨਤ ਪਾਈ। ਰਹਿਰਾਸ ਤੋਂ ਪਿੱਛੋਂ ਸ: ਰਾਮ ਸਿੰਘ ਜੀ ਦੇ ਪੇਸ਼ ਕਰਨ ਪਰ, ਗਿਆਨੀ ਸ਼ੇਰ ਸਿੰਘ ਜੀ ਭਾ: ਕਰਤਾਰ ਸਿੰਘ ਜੀ ਝੱਬਰ ਆਦਿਕਾ ਦੇ ਤਾਈਦ ਕਰਨ ਪਰ, ਪਾਸ ਹੋਇਆ ਕਿ ਭਾ: ਸੰਤ ਸਿੰਘ ਅਰਦਾਸੇ ਤੋਂ ਮੁੜਨ ਕਰ ਕੇ ਤਨਖਾਹੀਆਂ ਹੈ ਉਹ ਜਦ ਤੋੜੀ ਤਨਖਾਹ ਨ ਬਖਸ਼ਾਵੇ ਗੁਰਦੁਆਰੇ ਅੰਦਰ ਨਹੀਂ ਆ ਸਕਦਾ। ਇਸ ਪਰ ਸੰਗਤ ਵਿਚ ਚਰਚਾ ਛਿੜ ਗਈ ਕਿ ਭਾਈ ਹੋਰੀਂ ਪਤਤ ਹਨ। ਪਰ ਵੀਚਾਰ ਕਰਨ ਪਰ ਤਨਖਾਹੀ ਏਹੀ ਸਾਬਤ ਹੋਈ। ਬਸ ਗੁਰਦੁਆਰੇ ਦੀ ਸੇਵਾ ਖਾਲਸਾ ਜੀ ਨੇ ਆਪ ਸਾਂਭ ਲਈ ਭਾਈ ਸੰਤ ਸਿੰਘ ਜੀ ਦੇ ਆਉਣ ਪਰ ਉਸ ਨੂੰ ਰੋਕ ਦਿੱਤਾ ਗਿਆ। ਅੱਜ ਰਾਤ ਸੰਗਤ ਗੁਰਦੁਆਰੇ ਵਿਚ ਹੀ ਰਹੀ।

ਐਡੀਟਰ "ਸ਼ਾਂਤੀ" :

ਆਪ ਅੱਜ ਇੱਥੇ ਆਏ ਹੋਏ ਸਨ ਤੇ ਬੜਾ ਜੋਸ਼ ਫੈਲਾ ਕੇ ਸਿੱਖ ਸੰਗਤ ਦੇ ਉਲਟ ਹਿੰਦੂ ਭਰਾਵਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਸਨ।

੨੨ ਨਵੰਬਰ ਦੀ ਕਾਰਵਾਈ

ਆਸਾ ਦੀ ਵਾਰ ਪਿੱਛੋਂ ਭਾਈ ਸ਼ੇਰ ਸਿੰਘ ਜੀ ਗਿਆਨੀ ਅਤੇ ਭਾਈ ਕਰਤਾਰ ਸਿੰਘ ਜੀ ਝੱਬਰ ਜੀ ਨੇ ਲੈਕਚਰ ਦਿਤੇ, ਜਿਨ੍ਹਾਂ ਵਿਚ ਕਈ ਨਗਰ ਨਿਵਾਸੀਆਂ ਦੀਆਂ ਕੁਚਾਲਾਂ ਅਤੇ ਭਾਈ ਸੰਤ ਸਿੰਘ (ਮਹੰਤ ਦੇ ਭਰਾ) ਦੀਆਂ ਚਲਾਕੀਆਂ ਦਾ ਵਰਣਨ ਕਰਦੇ ਹੋਇਆਂ ਗੁਰਦੁਆਰੇ ਦੀ ਸੇਵਾ ਵਾਸਤੇ ਖਾਲਸਾ ਜੀ ਨੂੰ ਆਪਣੇ ਲਹੂ ਦਾ ਤੇ ਹਡੀਆਂ ਦਾ ਚੂਨਾ ਬਣਾ ਕੇ ਲੋਭੀ ਲਾਲਚੀ ਅਤੇ ਜ਼ਾਲਮ ਪੁਜਾਰੀਆਂ ਦੇ ਹੱਥੋਂ ਛੁਡਾ ਕੇ ਗੁਰਦੁਆਰੇ ਆਜ਼ਾਦ ਕਰ ਕੇ ਇਨਾਂ

ਦੀ ਇਜ਼ਤ ਦੀ ਇਮਾਰਤ ਸੰਸਾਰ ਵਿਚ ਉਜਾਗਰ ਕਰਨ ਲਈ ਤਿਆਰ ਕੀਤਾ। ਗੋਯਾ ਲੈਕਚਰ ਕਾਹਦੇ ਸਨ ਖਾਲਸਿਆਂ ਦਿਆਂ ਚੇਹਰਿਆਂ ਉਪਰ ਇਕ ਅਜੀਬ ਰੰਗ ਪ੍ਰਗਟ ਹੋ ਰਿਹਾ ਸੀ ।

ਬੇਗ਼ੈਰਤੀ ਦੀ ਹਦ ਹੋ ਗਈ :

ਅੱਜ ਸੰਤ ਸਿੰਘ ਪੁਜਾਰੀ ਤੇ ਹਸਨ ਅਬਦਾਲ ਦੇ ਸ਼ਰਾਰਤੀ ਆਦਮੀਆਂ ਨੇ ਮਹੰਤ ਮਿੱਠਾ ਸਿੰਘ ਦੀ ਔਰਤ ਦੇ ਨਾਲ ਕੋਈ ੨੦, ੨੫ ਔਰਤਾਂ ਨੂੰ ਗੁਰਦੁਆਰੇ ਵਿਚ ਗੁਰਦੁਆਰੇ ਉਪਰੋਂ ਖਾਲਸੇ ਦਾ ਕਬਜ਼ਾ ਉਠਾਣ ਲਈ ਭੇਜਿਆ। ਇਨਾਂ ਨੇ ਆ ਕੇ ਸੰਗਤ ਨੂੰ ਤੰਗ ਕਰਨਾ ਸ਼ੁਰੂ ਕੀਤਾ ਅਤੇ ਗਾਲੀਆਂ ਦੀ ਬੁਛਾੜ ਤੋਂ ਇਲਾਵਾ ਕਈਆਂ ਸਿੰਘਾਂ ਦੇ ਕੱਪੜੇ ਪਾੜ ਸੁਟੇ, ਇਨ੍ਹਾਂ ਦਾ ਹੱਥੋ-ਪਾਈ ਹੋਣਾ ਅਸੀਂ ਪੂਰੇ ਤੌਰ ਤੇ ਲਿਖ ਨਹੀਂ ਸਕਦੇ, ਪਰ ਖਾਲਸਾ ਜੀ ਨੇ ਜਥੇਦਾਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸਭ ਕੁਝ ਬਰਦਾਸ਼ਤ ਕੀਤਾ । ਸਵੇਰੇ ੯ ਵਜੇ ਤੋਂ ਲੈ ਕੇ ਹੁਣ ਰਾਤ ਦੇ ੧੦ ਵਜੇ ਤਕ ਉਹ ਔਰਤਾਂ ਇਥੇ ਹੀ ਬੈਠੀਆਂ ਹੋਈਆਂ ਆਪਣੀ ਜ਼ਬਾਨ ਦਰਾਜ਼ੀ ਦਸ ਰਹੀਆਂ ਹਨ ।

ਸੁਪ੍ਰਡੰਟ ਪੁਲਿਸ ਕੈਮਲਪੁਰ ।

੧੨ ਵਜੇ ਸੁਪ੍ਰਡੰਟ ਪੁਲਿਸ ਕੈਮਲਪੁਰ ਹਸਨ ਅਬਦਾਲ ਪਹੁੰਚੇ ਅਤੇ ਥਾਨੇ ਤੇ ਡੇਰਾ ਕੀਤਾ ਤੇ ਅਕਾਲੀ ਫ਼ੌਜ ਦੇ ਜਥੇ ਵਿੱਚੋਂ ਮੁਖੀ ਸਜਣਾਂ ਅਤੇ ਪਿੰਡ ਦੀ ਪੰਚਾਇਤ ਅਤੇ ਮਹੰਤ ਦੇ ਭਾਈ ਸੰਤ ਸਿੰਘ ਨੂੰ ਸਦ ਭੇਜਿਆ । ਸਾਡੇ ਵੱਲੋਂ ਮਲਕ ਦੇਵਾ ਸਿੰਘ ਜੀ ਐਬਟਾਬਾਦ ਵਾਲੇ, ਭਾਈ ਕਰਤਾਰ ਸਿੰਘ ਜੀ ਝੱਬਰ, ਗਿਆਨੀ ਸ਼ੇਰ ਸਿੰਘ ਆਦਿਕ ਪੰਜ ਸਿੰਘ ਗਏ । ਸਾਰਾ ਦਿਨ ਕਈ ਬੀਚਾਰਾਂ ਹੋਈਆਂ ਪਰ ਸੰਤ ਸਿੰਘ ਨੇ ਇਕ ਗੱਲ ਭੀ ਨ ਮੰਨੀ ਤੇ ਫ਼ੈਸਲਾ ਹਾਲਾਂ ਤਕ ਕੁਝ ਭੀ ਨਹੀਂ ਹੋਇਆ । ਹਸਨ ਅਬਦਾਲ ਦੀਆਂ ਜ਼ਨਾਨੀਆਂ ਨੇ ਅਜ ਫੇਰ ਸਿੰਘਾਂ ਨੂੰ ਤੰਗ ਕੀਤਾ ਹੈ ਇਸ ਲਈ ਜਥੇਦਾਰ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਹੁਣ ਗੁਰਦੁਆਰਿਆਂ ਤੇ ਕਬਜ਼ਾ ਕਰਨ ਵਾਸਤੇ ਜਦ ਅਕਾਲੀ ਫ਼ੌਜ ਤਿਆਰ ਹੋਵੇ ਉਸ ਵਿਚ ਘਟ ਤੋਂ ਘਟ ੧੦ ਤਿਆਰ ਬਰ ਤਿਆਰ ਸਿੰਘਣੀਆਂ ਨਾਲ ਜ਼ਰੂਰ ਚਾਹੀਦੀਆਂ ਹਨ ਜਿਹੜੀਆਂ ਲੋੜ ਪਵੇ ਤਾਂ ਇਹੋ ਜਿਹਾ ਵਕਤ ਆਪ ਨਜਿਠ ਲੈਣ ।

ਜਿਸ ਦਿਨ ਤੋਂ ਅਕਾਲੀ ਫ਼ੌਜ ਇਥੇ ਅਪੜੀ ਹੈ ਪੰਜਾ ਸਾਹਿਬ ਦੇ ਲੰਗਰ ਵਿਚ ਦੋਨੋਂ ਵਕਤ ਇਕ ਅਜੀਬ ਨਜ਼ਾਰਾ ਦਿਸਦਾ ਹੈ । ਲਾਂਗਰੀ ਸਿੰਘ ਸੰਗਤਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ ਤੇ ੨੦੦ ਦੇ ਕਰੀਬ ਸੰਗਤ, ਵਾਸਤੇ ਪ੍ਰਸਾਦ ਤਿਆਰ ਹੁੰਦਾ ਹੈ :-

ਖਾਸ ਲੋੜ ।

ਖਾਲਸਾ ਜੀ ਇਥੇ ਅਕਾਲੀ ਫ਼ੌਜ ਦੇ ਸੇਵਾਦਾਰਾਂ ਅਤੇ ਗੁਰੂ ਦੇ ਲੰਗਰ ਦੀ ਸਹਾਇਤਾ ਵਲ ਖ਼ਾਸ ਖ਼ਿਆਲ ਹੋਣਾ ਚਾਹੀਦਾ ਹੈ :-

ਆਪ ਜੀ ਦਾ ਦਾਸ
ਜਵੰਦ ਸਿੰਘ ਰਾਵਲਪਿੰਡੀ, ਹਾਲ ਪੰਜਾ ਸਾਹਿਬ ।

ਅਕਾਲੀ ਲਾਹੌਰ, ੨੯ ਨਵੰਬਰ ੧੯੨੦

ਗੁਰਦੁਆਰਾ ਪਾ: ਛੇਵੀਂ, ਮਹਲਾ ਚੁਮਾਲਾ, ਲਾਹੌਰ

੨੯ ਸਵੇਰ ਨੂੰ ਇਸ ਗੁਰਦੁਆਰੇ ਸਬੰਧੀ ਅੰਤਲੇ ਫੈਸਲੇ ਲਈ ਇਕੱਠ ਹੋਇਆ। ਤਜਵੀਜ਼ ਕੀਤੀ ਗਈ ਕਿ ਭਾਈ ਹਰੀ ਸਿੰਘ ਗ੍ਰੰਥੀ ਨੂੰ ਉਸ ਦੀਆ ਭੁਲਾ ਦਸ ਕੇ ਆਖਿਆ ਜਾਵੇ ਕਿ ਜੋ ਇਨ੍ਹਾਂ ਸਬੰਧੀ ਉਹ ਕੁਝ ਆਖਣਾ ਚਾਹੁੰਦਾ ਹੈ ਤਾਂ ਸ਼ਾਮ ਦੇ ਦੀਵਾਨ ਵਿਚ ਪੂਰਾ-ਪੂਰਾ ਬਿਆਨ ਦੇਵੇ ਅਤੇ ਜੇ ਸੰਗਤ ਦਾ ਫ਼ੈਸਲਾ ਉਸ ਨੇ ਪ੍ਰਵਾਨ ਕਰਨਾ ਹੈ ਤਾਂ ਲਿਖਤ ਕਰ ਦੇਵੇ ਕਿ "ਜੋ ਸਾਧ ਸੰਗਤ ਫ਼ੈਸਲਾ ਕਰੇਗੀ ਮੈਂ ਮੰਨਾਂਗਾ" । ਭਾਈ ਹਰੀ ਸਿੰਘ ਗ੍ਰੰਥੀ ਨੇ ਜ਼ਬਾਨੀ ਕਈ ਵੇਰਾਂ ਆਖਿਆ ਕਿ ਮੈਂ "ਸੰਗਤ ਦਾ ਫ਼ੈਸਲਾ ਮੰਨਾਂਗਾ" ਪਰ ਲਿਖ ਕੇ ਦੇਣ ਨੂੰ ਤਿਆਰ ਨ ਹੋਇਆ।

ਛੇਕੜ ਉਸ ਨੇ ਆਖਿਆ ਮੇਰੇ ਵੱਲੋਂ ਹੇਠਾਂ ਲਿਖੇ ਪੰਜ ਆਦਮੀ ਮੁਖ਼ਤਾਰ ਹਨ ਜੋ ਉਹ ਫ਼ੈਸਲਾ ਕਰਨ ਮੈਂ ਮੰਨਾਂਗਾ :-

੧. ਸ: ਅਮਰ ਸਿੰਘ ਜੀ ਲਾਇਲ ਗਜ਼ਟ ।

੨. ਸ: ਮੇਹਰ ਸਿੰਘ ਜੀ ਚਾਵਲਾ ।

੩. ਸ: ਸੋਹਣ ਸਿੰਘ 'ਦੀ ਸਿੱਖ' ।

੪. ਸ: ਮਹਿਤਾਬ ਸਿੰਘ ਜੀ ਸਰਕਾਰੀ ਵਕੀਲ ।

੫. ਸ: ਲਾਲ ਸਿੰਘ ਜੀ ਲਕੜਾਂ ਵਾਲੇ ।

ਸੰਗਤ ਵੱਲੋਂ ਆਖਿਆ ਗਿਆ ਤੁਸੀਂ ਪੰਜ ਨਹੀਂ ਭਾਵੇਂ ਪੰਜਾਹ ਆਪਣੇ ਆਦਮੀ ਲੈ ਆਵੋ । ਸੰਗਤ ਵਿਚ ਆ ਕੇ ਉਹ ਆਪਣੀਆਂ ਵਿਚਾਰਾਂ ਦਸਣ ਜੋ ਸੰਗਤ ਫ਼ੈਸਲਾ ਕਰੇ ਤੁਸੀਂ ਮੰਨੋ । ਪਰ ਭਾਈ ਲਿਖਣ ਵਿਚ ਟਾਲ ਮਟੋਲਾ ਹੀ ਕਰਦਾ ਰਿਹਾ ।

ਖਾਲਸਾ ਕਾਲਜ ਅਤੇ ਖਾਲਸਾ ਜੀ ਦਾ ਫ਼ਰਜ਼

ਧੰਨ ਵਾਹਿਗੁਰੂ ਕਿ ਖਾਲਸਾ ਜੀ ਵਿਚ ਜਾਗ੍ਰਤ ਆਈ ਤੇ ਆਪਣਿਆਂ ਅਸਥਾਨਾਂ ਨੂੰ ਆਪ ਸੰਭਾਲਣ ਵਲ ਧਿਆਨ ਦਿੱਤਾ । ਅੱਜ ਤੋਂ ਕੁਝ ਮਹੀਨੇ ਪਹਿਲਾਂ ਇਕ ਸਿੱਖ ਦੂਸਰੇ ਮਤ ਦੇ ਪੜ੍ਹੇ ਲਿਖੇ ਆਦਮੀ ਦੇ ਸਾਹਮਣੇ ਗੱਲ ਕਰਨ ਦਾ ਹੌਸਲਾ ਨਹੀਂ ਸੀ ਕਰ ਸਕਦਾ । ਗੱਡੀ ਵਿਚ ਸਫ਼ਰ ਕਰਦਿਆਂ, ਹੋਟਲ ਵਿਚ ਬੈਠਿਆਂ, ਕਿਸੇ ਜਲਸੇ ਵਿਚ ਕਿਸੇ ਦੂਸਰੇ ਮਤ ਦੇ ਮਿੱਤਰ ਨਾਲ ਗੱਲੀਂ ਪਿਆਂ, ਇਹ ਜ਼ਿਕਰ ਤਾਂ ਜ਼ਰੂਰ ਹੀ ਆ ਜਾਇਆ ਕਰਦਾ ਸੀ ਕਿ ਸਿੱਖਾਂ ਦੀ ਕੀ ਗੱਲ ਕਰਨੀ ਹੈ ਜਿਨ੍ਹਾਂ ਦਾ ਕਾਲਜ ਹੀ ਸਰਕਾਰ ਨੇ ਲੈ ਲਿਆ ਹੈ; ਜਿਨ੍ਹਾਂ ਦੇ ਦਰਬਾਰ ਸਾਹਿਬ ਦੀ ਐਸੀ ਭੈੜੀ ਹਾਲਤ ਹੈ । ਇਹ ਕੋਈ ਫ਼ਰਜ਼ੀ ਘਾੜਤ ਨਹੀਂ ਅਸੀਂ ਤਜਰਬੇ ਨਾਲ ਕਹਿੰਦੇ ਹਾਂ ਕਿ ਲਾਹੌਰ ਕਾਲਜ ਦੇ ਅਣਖ ਵਾਲਿਆਂ ਕਈ ਸਿੱਖ ਵਿਦਿਆਰਥੀਆਂ ਨੂੰ ਇਕੱਲਿਆਂ ਬੈਠ ਕੇ ਕੌਮ ਦੀ ਹਾਲਤ ਤੇ ਅਥਰੂ ਵਗਾਣੇ ਪਏ ਹਨ । ਸਿੰਘ ਜੀ ਦੂਜਿਆਂ ਦੇ ਤਾਹਨੇ ਸੁਣ ਕੇ ਚੁਪ ਕਰ ਜਾਣ ਜਾਂ ਆਪਣੇ ਆਪ ਹੁਦਰੇ ਲੀਡਰਾਂ ਤੇ ਗੁੱਸਾ ਕੱਢ ਛਡਣ ਦੇ ਸਿਵਾ ਹੋਰ ਕੁਝ ਨਹੀਂ ਸਨ ਕਰ ਸਕਦੇ । ਪਰ ਹੁਣ ਵੇਲਾ ਹੈ ਜਦੋਂ ਕਿ ਹਰ ਇਕ ਸਿੱਖ ਆਪਣੀ ਆਵਾਜ਼ ਕੌਮ ਦੀ ਆਵਾਜ਼ ਨਾਲ ਮਿਲਾ ਕੇ ਉਸ ਨੂੰ ਜ਼ਿਆਦਾ ਜ਼ੋਰ ਵਾਲੀ ਬਣਾ ਸਕਦਾ ਹੈ । ਗੁਰਦੁਆਰਿਆਂ ਦਾ ਮਾਮਲਾ ਇਕ ਮੰਜ਼ਿਲ ਤਕ ਅਪੜ ਪਿਆ ਹੈ ਭਾਵੇਂ ਅਜੇ ਬੜੀ ਹਿੰਮਤ ਨਾਲ ਯਤਨ ਨੂੰ ਜਾਰੀ ਰੱਖਿਆਂ ਹੀ ਸਿਰੇ ਚੜ੍ਹੇਗਾ।

ਕੀ ਨੌਕਰ ਸ਼ਾਹੀ ਸਿੱਖ ਕੌਮ ਨੂੰ ਕਾਲਜ ਦੇ ਦੇਣ ਤੇ ਤਿਆਰ ਹੈ ? ਜੋ ਵਤੀਰਾ ਨੌਕਰ ਸ਼ਾਹੀ ਨੇ ਹੁਣ ਤਕ ਪਕੜੀ ਰੱਖਿਆ ਹੈ ਉਸ ਤੋਂ ਸਾਫ਼ ਜਾਪਦਾ ਪਿਆ ਹੈ ਕਿ ਨੌਕਰ ਸ਼ਾਹੀ ਜਦੋਂ ਤਕ ਵੀ ਆਪਣਾ ਹਥ ਅੜਦਾ ਮਾਲੂਮ ਕਰੇਗੀ, ਆਪਣਾ ਜੱਫਾ ਢਿਲਾ ਕਰਨ ਵਾਸਤੇ ਤਿਆਰ ਨਹੀਂ ਹੋਵੇਗੀ । ਕੀਹ ਮਹਾਰਾਜਾ ਪਟਿਆਲਾ ਦੇ ਆਖਣ ਨਾਲ ਹੀ ਨੌਕਰ ਸ਼ਾਹੀ ਨੂੰ ਖ਼ਿਆਲ ਆ ਗਿਆ ਹੈ ਕਿ ਕਾਲਜ ਸਿੱਖਾਂ ਨੂੰ ਦਿੱਤਾ ਜਾਵੇ ? ਕਮਿਸ਼ਨਰ ਨੇ ਦਬੀ ਜ਼ਬਾਨ ਨਾਲ ਆਖਿਆ ਹੈ ਕਿ ਸਿੱਖਾਂ ਦੇ ਆਖਣ ਤੇ ਖਾਲਸਾ ਕਾਲਜ ਵਿਚ ਗਵਰਨਮਿੰਟ ਨੇ ਦਖਲ ਦਿੱਤਾ ਸੀ । ਕਮਿਸ਼ਨਰ ਸਾਹਿਬ ਨੂੰ ਤਾਂ ਭਾਵੇਂ ਪਤਾ ਨਾ ਹੀ ਹੋਵੇ ਪਰ ਸਿੱਖਾਂ ਦੇ ਉਸ ਵੇਲੇ ਦੇ ਫਟਾਂ ਤੇ ਅਜੇ ਅੰਗੂਰ ਨਹੀਂ ਆਇਆ ਜਿਹੜੇ ਫਟ ਮੇਜਰ ਹਿਲ ਦੇ ਮਾਮਲੇ ਵੇਲੇ ਲਗੇ ਸੀ। ਕੀ ਖਾਲਸਾ ਜੀ ਦੀ (Labour of Love) ਪ੍ਰੇਮ ਦੀ ਸੇਵਾ ਤੇ ਟਿਚਕਰਾਂ ਨਹੀਂ ਸਨ ਉਡਾਈਆਂ ਗਈਆਂ ? ਪ੍ਰੇਮ ਦੀ ਸੇਵਾ ਖਾਲਸੇ ਜੀ ਦੀ ਜਿੰਦ ਜਾਨ ਹੈ । ਜਿੰਨਾ ਚਿਰ ਮੇਰੇ ਸਿਰ ਦੇ ਤਾਜ, ਨਿਥਾਵਿਆਂ ਦੇ ਥਾਂ, ਗੁਰੂ ਅਮਰ ਦਾਸ ਜੀ ਦਾ ਇਤਿਹਾਸ ਦੁਨੀਆਂ ਵਿਚ ਚਮਕਦਾ ਹੈ ਉਨ੍ਹਾਂ ਵਿਚ ਕਿਸ ਦੀ ਮਜਾਲ ਹੈ ਕਿ ਸਿੱਖਾਂ ਨੂੰ ਪ੍ਰੇਮ ਦੀ ਸੇਵਾ ਤੋਂ ਮੂੰਹ ਮੋੜਨ ਵਾਸਤੇ ਆਖੇ । ਦੂਸਰੇ ਸ਼ਬਦਾਂ ਵਿਚ ਸਿੱਖਾਂ ਨੂੰ ਇਹ ਆਖਣ ਦੇ ਅਰਥ ਇਹ ਹਨ ਕਿ ਤੁਸੀਂ ਦੁਨੀਆਂ ਤੋਂ ਆਪਣੀ ਸਫ਼ ਲਪੇਟ ਲਓ । ਪਰ ਇਕ ਮਾਦਾ-ਪ੍ਰਸਤ ਅਥਵਾ ਮਾਯਕ ਤਰੱਕੀ ਵਲ ਲਗੀ ਕੌਮ ਨੂੰ ਕੀਹ ਪਤਾ ਕਿ ਪ੍ਰੇਮ ਦੀ ਸੇਵਾ ਦੇ ਅਰਥ ਕੀ ਹਨ ? ਅਸੀਂ ਸਾਹਿਬ ਬਹਾਦਰ ਨੂੰ ਪੁਛਦੇ ਹਾਂ ਕਿ ਉਹ ਜ਼ਰਾ ਖੋਲ੍ਹ ਕੇ ਦਸਣ ਕਿ ਕਿਹੜਿਆਂ ਕਾਰਨਾਂ ਕਰ ਕੇ ਲਾਹੌਰ ਦੇ ਜਾਂ ਕਿਸੇ ਹੋਰ ਦੀਵਾਨ ਨੇ ਜਾ ਕੇ ਗੌਂਵਰਮੈਂਟ ਦੇ ਤਰਲੇ ਕੀਤੇ ਸਨ ਅਤੇ ਹਾੜੇ ਕਢੇ ਸਨ ਕਿ ਗੌਂਵਰਮੈਂਟ ਕਾਲਜ ਜ਼ਰੂਰ ਲੈ ਲਵੇ ਕਿਉਂਕਿ ਸਿੱਖ ਬੜੇ ਨਾਲਾਇਕ ਹਨ ? ਕੀ ਉਸ ਵੇਲੇ ਦਾ ਕੋਈ ਖ਼ਤ ਪਤਰ ਹੈ ਜਿਸ ਵਿਚ ਸਿੱਖ ਕੌਮ ਨੇ ਮਿਲ ਕੇ ਇਹ ਅਰਜ਼ ਗੌਂਵਰਮੈਂਟ ਅਗੇ ਕੀਤੀ ਹੋਵੇ ? ਜੇ ਹੈ ਤਾਂ ਪਬਲਿਕ ਦੇ ਸਾਹਮਣੇ ਆਉਣੀ ਚਾਹੀਦੀ ਹੈ ਤਾਂਕਿ ਗੌਂਵਰਮੈਂਟ ਆਪਣੀ ਨੇਕ ਨੀਯਤੀ ਦਾ ਪੂਰਾ ਸਬੂਤ ਦੇ ਸਕੇ ।

ਅਸੀਂ ਦਸਦੇ ਹਾਂ ਕਿ ਇਹ ਸਭ ਕੁਝ ਬਹਾਨੇ ਬਣਾਨਾ ਹੈ। ਕਾਲਜ ਵਿੱਚੋਂ ਤਾਂ 'ਨਿਮਕ ਹਲਾਲ ਲੜਕੇ (ਲੋਗ)' ਪੈਦਾ ਕਰਨ ਵਾਸਤੇ ਕਾਲਜ ਨੂੰ ਜੱਫਾ ਮਾਰਿਆ ਗਿਆ ਸੀ। ਇਹ ਲਫ਼ਜ਼ ਸਾਡੇ ਨਹੀਂ ਹਨ। ਕੀ ਉਸ ਵੇਲੇ ਪੰਥ ਦੇ ਬੇ-ਡਰ ਸੇਵਕ ਨੇ ਆਪਣੀ ਕਿਤਾਬ 'ਕੀ ਖਾਲਸਾ ਕਾਲਜ ਸਿੱਖਾਂ ਦਾ ਹੈ?' ਵਿਚ ਪੂਰਾ ਚਾਨਣਾ ਨਹੀਂ ਸੀ ਪਾਇਆ? ਕੀ ਉਸ ਵੇਲੇ ਕਾਲਜ ਵਿੱਚੋਂ ਕੁਝ ਸੇਵਕਾਂ ਨੂੰ ਉਹਨਾਂ ਦੀ ਪਿਛਲੀ ਸੇਵਾ ਦਾ ਕੁਝ ਖ਼ਿਆਲ ਨਾ ਕਰਦੇ ਹੋਏ ਕਿਸੇ ਨਾ ਕਿਸੇ ਤਰੀਕੇ ਨਾਲ ਕੂਚ ਕਰਨ ਦਾ ਹੁਕਮ ਨਹੀਂ ਸੀ ਦਿੱਤਾ ਗਿਆ? ਕੀ ਸਿੱਖਾਂ ਨੂੰ ਇਹ ਆਖਣਾ ਕਿ ਤੁਸਾਂ ਆਪਣਾ ਕਾਲਜ ਆਪ ਹੀ ਸਰਕਾਰ ਨੂੰ ਦੇ ਦਿੱਤਾ ਸੀ, ਉਨ੍ਹਾਂ ਦੇ ਜ਼ਖ਼ਮਾਂ ਤੇ ਲੂਣ ਪਾਣਾ ਨਹੀਂ ਹੈ? ਕਿਸੇ ਪੁਰਸ਼ ਦੀ ਪੱਤ ਲਾਹ ਕੇ ਫੇਰ ਦੁਨੀਆਂ ਨੂੰ ਆਖਣਾ ਕਿ ਇਹ ਸਭ ਕੁਝ ਇਸ ਦੀ ਮਰਜ਼ੀ ਨਾਲ ਕੀਤਾ ਗਿਆ ਹੈ ਉਸ ਪੁਰਸ਼ ਦੇ ਦਿਲ ਵਿਚ ਕਿਸ ਤਰ੍ਹਾਂ ਦੇ ਖ਼ਿਆਲ ਲਿਆ ਸਕਦਾ ਹੈ? ਵੇਲਾ ਤਾਂ ਹੁਣ ਇਸ ਗੱਲ ਦਾ ਸੀ ਕਿ ਕੌਮ ਜਿਸ ਤਰ੍ਹਾਂ ਚਾਹੁੰਦੀ ਉਸੇ ਤਰ੍ਹਾਂ ਹੀ ਕਰ ਲਿਆ ਜਾਂਦਾ ਤੇ ਕੌਮ ਦੇ ਮਨ ਇਹ ਵੀ ਰੋਸ ਨਾ ਰਹਿੰਦਾ ਤੇ ਪਿਛਲੀਆਂ ਬੀਤੀਆਂ ਪਿਛੇ ਰਹਿ ਜਾਂਦੀਆਂ ਪਰ ਨੌਕਰ ਸ਼ਾਹੀ ਕੋਲੋਂ ਇਹ ਉਮੀਦਾਂ ਰੱਖਣੀਆਂ ਉਸੇ ਤਰ੍ਹਾਂ ਹੀ ਹਨ ਜਿਸ ਤਰ੍ਹਾਂ ਬੋਲੇ ਅਗੇ ਰਾਗ ਗਾ ਕੇ ਇਨਾਮ ਦੀ ਉਮੀਦ ਰੱਖਣੀ।

ਖਾਲਸਾ ਜੀ ਦੀ ਉਸ ਵੇਲੇ ਦੀ ਐਜੀਟੇਸ਼ਨ ਦੀ ਪ੍ਰਵਾਹ ਨਹੀਂ ਕੀਤੀ ਗਈ ਸੀ ਅਤੇ ਇਹ ਸਮਝਿਆ ਗਿਆ ਕਿ ਇਕ ਮਾਸਟਰ ਜਿਹੇ ਦੀ ਕਿਤਾਬੜੀ ਕੀ ਅਰਥ ਰੱਖਦੀ ਹੈ। ਪੋਥੀ ਦਾ ਪਹਿਲਾ ਫਿਕਰਾ ਹੀ ਗੌਂਵਰਨਮੈਂਟ ਨੂੰ ਇਹ ਦਸਣ ਵਾਸਤੇ ਕਾਫ਼ੀ ਸੀ ਕਿ ਗੌਂਵਰਮੈਂਟ ਦੇ ਦਖ਼ਲ ਨੂੰ ਸਿੱਖ ਨਿਰੋਲ ਧੱਕਾਸ਼ਾਹੀ ਸਮਝਦੇ ਹਨ। ਉਸ ਕਿਤਾਬ ਦਾ ਪਹਿਲਾ ਫਿਕਰਾ ਇਹ ਸੀ ਕਿ ਜਦੋਂ ਅੰਗਰੇਜ਼ਾਂ ਨੇ ਪਹਿਲਾਂ ਪਹਿਲ ਪੰਜਾਬ ਤੇ ਕਬਜ਼ਾ ਕੀਤਾ ਤਾਂ ਪੰਜਾਬ ਵਿਚ ਇਹ ਕਹਾਵਤ ਆਮ ਮਸ਼ਹੂਰ ਸੀ ਕਿ 'ਅੱਗ ਨੂੰ ਆਈ ਤੇ ਘਰ ਵਾਲੀ ਬਣ ਬੈਠੀ।'

ਪਰ ਇਸ ਤੇ ਬਸ ਨਾ ਕਰਦੇ ਹੋਏ ਮਿਸਟਰ ਰਾਈਟ ਵਰਗੇ ਸਾਹਿਬ ਨੂੰ ਕਾਲਜ ਦੀ ਪ੍ਰਿੰਸੀਪਲ ਬਣਾ ਦਿੱਤਾ। ਜੋ ਹਾਲਾਤ ਉਸ ਵੇਲੇ ਵਰਤੇ ਉਨ੍ਹਾਂ ਦੇ ਲਿਖਣ ਦੀ ਲੰਮੀ ਲੋੜ ਨਹੀਂ ਪਰ ਭਾਈ ਚਤਰ ਸਿੰਘ ਜੀ ਵਾਲੇ ਮੁਆਮਲੇ ਦੇ ਪਿੱਛੋਂ ਗੌਂਵਰਨਮੈਂਟ ਨੇ ਮਿਸਟਰ ਵਾਦਨ ਨੂੰ ਚੁਣ ਲਿਆ ਅਤੇ ਇਸ ਵਿਚ ਸ਼ਕ ਨਹੀਂ ਕਿ ਸਿੱਖਾਂ ਵਿੱਚੋਂ ਬਹੁਤੇ ਸਾਰੇ ਭੋਲੇ ਵੀਰਾਂ ਨੂੰ ਬਥੇਰਾ ਚਿਰ ਧੋਖਾ ਹੀ ਲੱਗਾ ਰਿਹਾ ਉਨ੍ਹਾਂ ਦਾ ਸਲੂਕ ਇਕ ਮਿਠੀ ਛੁਰੀ ਸੀ ਜੋ ਧਾਰਮਿਕ ਅਵਸਥਾ ਇਨ੍ਹਾਂ ਦੇ ਵਕਤ ਵਿਚ ਸਿੱਖ ਵਿਦਿਆਰੀਆਂ ਦੀ ਰਹੀ ਹੈ, ਕਾਨੀ ਲਿਖਣੋਂ ਸ਼ਰਮ ਕਰਦੀ ਹੈ ਅਤੇ ਕਿਸੇ ਵੇਹਲੇ ਵੇਲੇ ਅਰਜ਼ ਕਰਾਂਗੇ। ਪਰ ਹੁਣ ਖਾਲਸਾ ਜੀ ਕੁਝ ਓਡਵਾਇਰੀ ਰੰਗ ਨੂੰ ਪ੍ਰਖਣ ਦੀ ਸ਼ਕਤੀ ਰੱਖਣ ਲਗ ਪਿਆ ਹੈ; ਭਾਵੇਂ ਤਲਵਾਰ ਦੀ ਸ਼ਕਲ ਵਿਚ ਹੋਵੇ ਤੇ ਭਾਵੇਂ ਮਿੱਠੀ ਗਲੇਫੀ ਹੋਈ ਗੋਲੀ ਦੀ ਸ਼ਕਲ ਵਿਚ। ਹਜ਼ਾਰ ਸ਼ੁਕਰ ਹੈ ਅਕਾਲ ਪੁਰਖ ਦਾ ਅਤੇ ਸਾਡੇ ਲੂੰ-ਲੂੰ ਵਿੱਚੋਂ ਸ਼ੁਕਰ ਦੀ ਆਵਾਜ਼ ਆ ਰਹੀ ਹੈ ਕਿ ਖਾਲਸਾ ਜੀ ਨੇ ਵੀ ਆਪਣੀ ਡੂੰਘੀ ਨੀਂਦਰ ਦੇ ਪਿੱਛੋਂ ਪਾਸਾ ਪਰਤਿਆ ਹੈ।

ਅਖ਼ਬਾਰਾਂ ਵਾਲਿਆਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਕੌਮ ਦੀ ਆਵਾਜ਼ ਨੂੰ ਜ਼ਾਹਰ ਕਰਨ। ਜੇ ਆਵਾਜ਼ ਪੈਦਾ ਨਾ ਹੋ ਰਹੀ ਹੋਵੇ ਤਾਂ ਕੌਮ ਦੇ ਸੁਧਾਰ ਵਾਸਤੇ ਆਵਾਜ਼ ਨੂੰ ਪੈਦਾ ਕਰਨ ਦਾ ਯਤਨ ਕਰਨ। ਅਤੇ, ਤੀਸਰਾ, ਨਿਧੜਕ ਅਤੇ ਨਿੱਡਰ ਹੋ ਕੇ ਕੌਮ ਨੂੰ ਆ ਰਹੇ ਖ਼ਤਰਿਆਂ ਤੋਂ ਅਤੇ ਕੌਮ ਦੇ ਉਨ੍ਹਾਂ ਪੁਰਸ਼ਾਂ ਦੇ ਨੁਕਸਾਂ ਤੋਂ ਜਿਨ੍ਹਾਂ ਦੇ ਕੰਮਾਂ ਦਾ ਕੌਮ ਦੇ ਜੀਵਨ ਤੇ ਅਸਰ ਪੈਂਦਾ ਹੈ ਗਿਆਤ ਕੀਤਾ ਜਾਵੇ।

ਅਸਾਂ ਕੌਮ ਦੀ ਆਵਾਜ਼ ਨੂੰ ਪੂਰੀ ਤਰ੍ਹਾਂ ਪੇਸ਼ ਕਰ ਦਿੱਤਾ ਹੈ ਸਾਡੀ ਅਰਜ਼ ਆਪਣੇ ਝੋਲੀ ਚੁਕ ਭਰਾਵਾਂ ਅਗੇ ਵੀ ਇਹ ਹੀ ਹੈ—ਕਿ ਹੁਣ ਉਹ ਕੌਮ ਦੀ ਆਵਾਜ਼ ਨੂੰ ਸਮਝਣ ਦੀ ਕੋਸ਼ਿਸ਼ ਕਰਨ, ਅਤੇ ਜੱਫਾ ਹੁਣ ਨਾ ਸਿਰਫ਼ ਢਿੱਲਾ ਹੀ ਕਰਨ, ਬਲਕਿ ਛਡ ਦੇਣ। ਭਾਈ ਜੋਧ ਸਿੰਘ ਜੀ ਨੇ ਵੀ ੨੯ ਤਾਰੀਖ਼ ਦੇ ਟ੍ਰਿਬਿਊਨ ਵਿਚ ਇਨ੍ਹਾਂ ਭਰਾਵਾਂ ਅਗੇ ਅਰਜ਼ ਕੀਤੀ ਹੈ। ਜਿਨ੍ਹਾਂ ਸਜਨਾਂ ਨੂੰ ਅਕਾਲ ਤਖ਼ਤ ਵਾਲੇ ਦੀਵਾਨ ਤੇ ਜਾਣ ਦਾ ਅਵਸਰ ਹੋਇਆ ਹੈ ਉਹ ਜਾਣਦੇ ਹਨ ਕਿ ਸਾਡੇ ਕਈ ਵੀਰਾਂ ਨੇ ਬੜੀ ਦਾਨਾਈ ਅਤੇ ਦੂਰੰਦੇਸ਼ੀ ਨਾਲ ਕੌਮ ਦੀ ਆਵਾਜ਼ ਦੇ ਸਾਹਮਣੇ ਆਪਣਾ ਸਿਰ ਨੀਵਾਂ ਕੀਤਾ। ਉਨ੍ਹਾਂ ਦਾ ਵਰਤਾਰਾ ਬੜਾ ਹੀ ਸ਼ਲਾਘਾ ਯੋਗ ਹੈ।

ਅਸੀਂ ਨੌਕਰਸ਼ਾਹੀ ਦੇ ਕਰਤਿਆਂ ਧਰਤਿਆਂ ਨੂੰ ਵੀ ਇਹੋ ਹੀ ਆਖਦੇ ਹਾਂ ਕਿ ਹੁਣ ਉਹ ਕੌਮ ਦੀ ਆਵਾਜ਼ ਦੀ ਕਦਰ ਕਰਨ ਅਤੇ ਆਪਣੇ ਪ੍ਰੋਗਰਾਮਾਂ ਨੂੰ ਬਦਲ ਕੇ ਵੀ ਇਸ ਮੁਆਮਲੇ ਨੂੰ ਜਿਤਨੀ ਜਲਦੀ ਹੋ ਸਕੇ ਨਜਿਠਣ

ਦੀ ਕੋਸ਼ਿਸ਼ ਕਰਨ। ਸਾਨੂੰ ਹਾਸਾ ਵੀ ਆਉਂਦਾ ਹੈ ਤੇ ਰੋਣ ਵੀ ਆਉਂਦਾ ਹੈ। "ਉਹ ਫਿਰੇ ਨਬ ਘੜਾਨ ਨੂੰ, ਉਹ ਫਿਰੇ ਨਕ ਵਢਾਣ ਨੂੰ।" ਸਾਡੀ ਮੌਤ ਅਤੇ ਜ਼ਿੰਦਗੀ ਦਾ ਸਵਾਲ ਹੈ ਅਤੇ ਸਾਡੇ ਝੋਲੀ ਚੁਕ ਵੀਰਾਂ ਨੂੰ ਤੇ ਨੌਕਰਸ਼ਾਹੀ ਦੇ ਕਰਤਿਆਂ ਧਰਤਿਆਂ ਨੂੰ ਸ਼ਾਇਦ ਵੇਲਾ ਹੀ ਨਹੀਂ ਲਭਦਾ।

ਅੰਤ ਵਿਚ ਅਰਜ਼ ਹੈ ਕਿ ਸਾਡੇ ਵਾਸਤੇ ਕਾਲਜ ਦਾ ਸਵਾਲ ਇਕ ਮੌਤ ਅਤੇ ਜ਼ਿੰਦਗੀ ਦਾ ਸਵਾਲ ਹੈ। ਸਾਨੂੰ ਯਾਦ ਹੈ ਕਿ ਲਾਇਲਪੁਰ ਸਾਲਾਨਾ ਦੀਵਾਨ ਦੇ ਮੌਕੇ ਤੇ ਇਕ ਵੀਰ ਜੀ ਨੇ—ਜਿਹੜੇ ਕੈਨੇਡਾ ਤੋਂ ਡੈਪੁਟੇਸ਼ਨ ਨਾਲ ਆਏ ਸਨ, ਜਿਹੜੇ ਹੁਣ ਸ਼ਾਇਦ ਫਾਂਸੀ ਲਗ ਚੁਕੇ ਹਨ, ਇਹ ਸ਼ਬਦ ਉਚਾਰੇ ਸਨ ਕਿ ਜੇ ਖਾਲਸਾ ਜੀ ਅਜ ਇਸੇ ਘੜੀ ਤੋਂ ਇਕ ਆਜ਼ਾਦ ਕਾਲਜ ਬਨਾਣਾ ਸ਼ੁਰੂ ਕਰ ਦੇਣ ਤਾਂ ਭਾਰਤ ਵਰਸ਼ ਦੀਆਂ ਦੂਸਰੀਆਂ ਕੌਮਾਂ ਨਾਲੋਂ ਪੰਜਾਹ ਸਾਲ ਪਿਛੇ ਹੋਣਗੇ"। ਉਸ ਸ਼ਹੀਦ ਵੀਰ ਦੇ ਇਹ ਸ਼ਬਦ ਸੋਨੇ ਵਿਚ ਲਿਖੇ ਜਾਣ ਵਾਲੇ ਹਨ। ਉਹ ਜਗਾਹ, ਜਿਥੋਂ ਕੌਮ ਦੇ ਨੌਜਵਾਨ ਆਪਣੇ ਕੌਮੀ ਵਲਵਲਿਆਂ ਅਤੇ ਕੌਮੀ ਤਹਜ਼ੀਬ ਨੂੰ ਬਾਹਰ ਦੁਨੀਆਂ ਕੋਲ ਲੈ ਜਾਣਗੇ; ਉਹ ਵੀ ਬੜੀ ਉੱਚੀ ਤੇ ਪਵਿਤ੍ਰ ਥਾਂ ਹੈ। ਆਪ ਜਦੋਂ ਦੀਵਾਨ ਵਿਚ ਇਕੱਠੇ ਹੋਵੋ ਤਾਂ ਉਤਲੀਆਂ ਗੱਲਾਂ ਦਾ ਧਿਆਨ ਦਿਲ ਵਿਚ ਜ਼ਰੂਰ ਰੱਖਣਾ।

ਕੌਮ ਦੇ ਨੌ ਨਿਹਾਲ ਪ੍ਰੋਫ਼ੈਸਰ ਅਤੇ ਵਿਦਿਆਰਥੀ ਜਿਨ੍ਹਾਂ ਵਲ ਚਿਰ ਤੋਂ ਕੌਮ ਦੀਆਂ ਨਜ਼ਰਾਂ ਲੱਗ ਰਹੀਆਂ ਸਨ, ਮੈਦਾਨ ਵਿਚ ਆ ਨਿਤਰੇ ਹਨ। ਅਸੀਂ ਭਰੋਸਾ ਰੱਖਦੇ ਹਾਂ ਇਹ ਬੀਰ ਗੁਰਸਿੱਖਾਂ ਵਾਂਗ ਆਪਣੇ ਪ੍ਰਣ ਤੇ ਅਡੋਲ ਡਟੇ ਰਹਿਣਗੇ।

ਪਰ ਹੁਣ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦੀਆਂ ਨਜ਼ਰਾਂ ਕੌਮ ਵਲ ਤੇ ਗੁਰੂ ਪੰਥ ਦੀ ਸ਼ਾਨ ਵਲ ਲਗ ਰਹੀਆਂ ਹਨ ਉਹ ਦੇਖ ਰਹੇ ਹਨ ਕਿ ਪੰਥ ਉਨ੍ਹਾਂ ਦੀ ਕੀ ਕਦਰ ਕਰਦਾ ਹੈ। ਐਸ ਵੇਲੇ ਗੁਰੂ ਪੰਥ ਵੱਲੋਂ ਇਨ੍ਹਾਂ ਬੀਰ ਗੁਰੂ ਦੁਲਾਰਿਆਂ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨੂੰ ਨਿਸਚਾ ਕਰਾ ਦੇਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਦੀ ਖ਼ਾਤਰ ਲੱਖਾਂ ਰੁਪਿਆਂ ਦੀ ਕੁਰਬਾਨੀ ਤੁਛ ਸਮਝਦਾ ਹੈ ਅਤੇ ਹੁਣ ਉਸ ਨੂੰ ਕਾਲਜ ਨੂੰ ਸਚੇ ਅਰਥਾਂ ਵਿਚ ਖਾਲਸਾ ਕਾਲਜ ਬਣਾਏ ਬਿਨਾਂ ਪੰਥ ਨੂੰ ਕਖ ਨਹੀਂ ਭਾਵਣਾ।

ਪੰਥ ਦੀ ਹੁਣ ਥੋੜ੍ਹੀ ਜਿਹੀ ਹਿੰਮਤ ਕਾਲਜ ਨੂੰ ਆਜ਼ਾਦ ਕਰ ਦੇਵੇਗੀ ਅਤੇ ਗ਼ਫ਼ਲਤ ਅਗੇ ਨਾਲੋਂ ਵੀ ਵਧੇਰੇ ਭੈੜੀ ਹਾਲਤ ਬਣਾ ਦੇਵੇਗੀ।

੧. ਦਸੰਬਰ

ਬ੍ਰੇਡਲਾ ਹਾਲ ਵਿਚ ੪ ਵਜੇ ਸ਼ਾਮ ਨੂੰ ਖਾਲਸਾ ਜੀ ਦਾ ਭਾਰੀ ਇਕੱਠ ਹੋਵੇਗ। ਖਾਲਸਾ ਕਾਲਜ ਸਬੰਧੀ ਵਿਚਾਰਾਂ ਹੋਣਗੀਆਂ ਜ਼ਰੂਰ ਦਰਸ਼ਨ ਦਿਉ।

ਇਹ ਕਿਸਦੀ ਖਾਤਰ ?

ਇਸ ਗੱਲ ਨੂੰ ਕੌਣ ਨਹੀਂ ਜਾਣਦਾ ਕਿ ਤਖ਼ਤ ਅਕਾਲ ਬੁੰਗੇ ਸਾਹਿਬ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਹੋਣ ਤੋਂ ਪਹਿਲਾਂ ਲਾਟ ਸਾਹਿਬ ਨਾਲ ਮਿਲ ਕੇ ਇਕ ਹੋਰ ਕਮੇਟੀ ਦਾ ੧੩ ਨਵੰਬਰ ਨੂੰ ਘੜਿਆ ਜਾਣਾ ਕੀ ਅਰਥ ਰੱਖਦਾ ਹੈ? ਗੁਰੂ ਦੀ ਕ੍ਰਿਪਾ ਨਾਲ ਭਾਵੇਂ ਇਹ ਘਾੜਤ ਘੜਨ ਵਾਲਿਆਂ ਨੂੰ ਕਾਮਯਾਬੀ ਨ ਹੋਈ ਪਰ ਕਿਸੇ ਸੋਚਣ ਵਾਲੇ ਨੇ ਸੋਚ ਤਾਂ ਡਾਢੇ ਦੂਰ ਦੀ ਕੀਤੀ ਸੀ ਕਿ ਪੰਥ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਕੰਮ ਸਾਰ ਲਵਾਂਗੇ ਕਿ ਵੇਖੋ ਸਰਕਾਰ ਨੇ ਗੁਰਦੁਆਰਿਆਂ ਲਈ ਸਿੱਖਾਂ ਦੀ ਕਮੇਟੀ ਬਣਾ ਕੇ ਦਰਬਾਰ ਸਾਹਿਬ ਉਸ ਦੇ ਹਵਾਲੇ ਕਰ ਦਿੱਤਾ ਹੈ, ਹੁਣ ਹੋਰ ਦੀ ਕੀ ਲੋੜ ? ਸਾਨੂੰ ਇਕ ਗੱਲ ਦਾ ਜ਼ਰੂਰ ਅਫ਼ਸੋਸ ਹੈ ਕਿ ਕੁਝ ਆਦਮੀ ਇਸ ਫੇਰ ਵਿਚ ਆ ਕੇ ਬੜੇ ਲਾਚਾਰ ਹੋ ਗਏ ਹਨ।

ਮਹਾਰਾਜਾ ਸਾਹਿਬ ਪਟਿਆਲਾ ਪੰਥ ਨੂੰ ਸਦਾ ਆਪਣੇ ਖੁਲ੍ਹੇ ਦਾਨ ਨਾਲ ਨਿਹਾਲ ਕਰਦੇ ਰਹਿੰਦੇ ਹਨ ਪਰ ਉਨ੍ਹਾਂ ਕਦੀ ਧਾਰਮਿਕ ਤੇ ਕੌਮੀ ਝਗੜਿਆਂ ਵਿਚ ਦਖ਼ਲ ਨਹੀਂ ਸੀ ਦਿੱਤਾ। ਐਤਕਾਂ ਉਨ੍ਹਾਂ ਨੂੰ ਵੀ ਅਜੇਹੇ ਸਵਾਲਾਂ ਵਿਚ ਲਿਆ ਕੇ ਖਾਹਮਖਾਹ ਅੜਾ ਲਿਆ ਗਿਆ ਜੋ ਪੰਥ ਕੇਵਲ ਆਜ਼ਾਦੀ ਨਾਲ ਤੇ ਸਤਿਗੁਰੂ ਦੇ ਪੰਚੈਤੀ ਅਸੂਲਾਂ ਅਨੁਸਾਰ ਨਜਿਠਣਾ ਚਾਹੁੰਦਾ ਸੀ।

ਜਦ ਹੁਣ ਗੁਰੂ ਪੰਥ ਦੇ ਪ੍ਰਤੀਨਿਧ ਇਕੱਠ ਨੇ "ਕੁਦਰਤੀ ਲੀਡਰਾਂ" ਦੀ ਆਪ ਹੁਦਰੀ ਕਾਰਵਾਈ ਨੂੰ ਕੇਵਲ ਦਿਆਲਤਾ ਅਤੇ ਮਿਲਾਪ ਦੇ ਖ਼ਿਆਲ ਨਾਲ ਬਹੁਤ ਨਹੀਂ ਨਿੰਦਿਆ ਅਤੇ ਉਸ ਕਮੇਟੀ ਨੂੰ ਆਪਣੇ ਵਿਚ ਸ਼ਾਮਲ

ਕਰਨ ਦੀ ਕਿਰਪਾਲਤਾ ਕਰ ਲਈ ਤਾਂ ਪਤਾ ਨਹੀਂ ਕਿਸ ਦੀ ਖ਼ਾਤਰ ਕੁਝ ਅਖ਼ਬਾਰਾਂ ਨੇ ਉਲਟੇ ਉਨ੍ਹਾਂ ਦੇ ਗੁਣ ਗਾਉਣੇ ਸ਼ੁਰੂ ਕਰ ਦਿਤੇ ਅਤੇ ਗ਼ਲਤ ਖ਼ਬਰਾਂ ਛਾਪ ਕੇ, ਖ਼ਾਸ ਕਰ ਮਹਾਰਾਜਾ ਸਾਹਿਬ ਪਟਿਆਲਾ ਜੀ ਦੀ, ਪ੍ਰਸੰਨਤਾ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਜਿਹਾ ਕਿ ਕੁਝ ਅਖ਼ਬਾਰਾਂ ਵਿਚ ਇਹ ਗੁਰਮਤਾ ਛਪ ਰਿਹਾ ਹੈ ਜੋ ਕਿ ਉੱਥੇ ਪਾਸ ਨਹੀਂ ਹੋਇਆ।

"ਮਹਾਰਾਜਾ ਸਾਹਿਬ ਪਟਿਆਲਾ ਜੀ ਦਾ ਧੰਨਵਾਦ।

ਤਖ਼ਤ ਸਾਹਿਬ ਦੇ ਦੀਵਾਨ ਵਿਚ ਗੁਰਮਤਾ ਪਾਸ ਹੋਇਆ ਕਿ ਪੰਥ ਦਾ ਇਹ ਭਾਰੀ ਦੀਵਾਨ ਮਹਾਰਾਜਾ ਸਾਹਿਬ ਪਟਿਆਲਾ ਦਾ ਅਤਿ ਧੰਨਵਾਦ ਕਰਦਾ ਹੈ ਕਿ ਜਿਨਾਂ ਨੇ ਪੰਥ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਖੇਚਲ ਤੇ ਮੇਹਨਤ ਕਰ ਕੇ ਗੌਂਵਰਮੈਂਟ ਪਾਸੋਂ ਦਰਬਾਰ ਸਾਹਿਬ ਦੇ ਅਖ਼ਤਿਆਰ ਕੌਮ ਦੇ ਸਪੁਰਦ ਕਰਵਾਏ ਹਨ ਜਿਸ ਕਰ ਕੇ ਪੰਥ ਇਨ੍ਹਾਂ ਦੀ ਇਸ ਖੇਚਲ ਤੇ ਸੇਵਾ ਦਾ ਅਤੀ ਧੰਨਵਾਦੀ ਹੈ।"

ਉਸ ਜਗਾ ਜੋ ਗੁਰਮਤਾ ਭਾਈ ਕਰਤਾਰ ਸਿੰਘ ਜੀ ਝੱਬਰ ਨੇ ਪੇਸ਼ ਕੀਤਾ ਸੀ ਉਹ ਇਹ ਸੀ :-

"ਮਹਾਰਾਜਾ ਸਾਹਿਬ ਪਟਿਆਲਾ ਨੇ ਲਾਟ ਸਾਹਿਬ ਨਾਲ ਮਿਲਕੇ ਜੋ ੩੬ ਆਦਮੀਆਂ ਦੀ ਕਮੇਟੀ ਬਣਾਈ ਹੈ ਉਸ ਨੂੰ ਇਸ ਵਡੀ ਕਮੇਟੀ ਵਿਚ ਸ਼ਾਮਲ ਕਰ ਲਿਆ ਜਾਵੇ"

ਸਾਨੂੰ ਸਕਤਰ ਗੁਰਦੁਆਰਾ ਕਮੇਟੀ ਨੇ ਪੂਰੀ ਕਾਰਵਾਈ ਨਹੀਂ ਭੇਜੀ। ਐਡੀਟਰ "ਅਕਾਲੀ" ਉਥੇ ਮੌਜੂਦ ਸੀ ਅਤੇ ਉਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜੋ ਗੁਰਮਤਾ ਕੁਝ ਅਖ਼ਬਾਰਾਂ ਛਾਪ ਰਹੀਆ ਹਨ, ਜਿਸ ਵਿਚ ਮਹਾਰਾਜਾ ਸਾਹਿਬ ਪਟਿਆਲਾ ਦੀ ਬੇਹਦ ਤਾਰੀਫ਼ ਹੋ ਰਹੀ ਹੈ, ਉਹ ਨਹੀਂ ਪਾਸ ਹੋਇਆ।

ਸਾਡੇ ਦਿਲ ਵਿਚ ਮਹਾਰਾਜਾ ਸਾਹਿਬ ਪਟਿਆਲਾ ਦੀ ਉਨ੍ਹਾਂ ਦੇ ਝੂਠੇ ਖੁਸ਼ਾਮਦੀਆਂ ਨਾਲੋਂ ਵਧੇਰੇ ਇੱਜ਼ਤ ਹੈ। ਇਹ ਚਾਰ ਸ਼ਬਦ ਕੇਵਲ ਇਸ ਲਈ ਲਿਖੇ ਹਨ ਕਿ ਮਹਾਰਾਜਾ ਸਾਹਿਬ ਨੂੰ ਤੇ ਬਾਕੀ ਸਜਨਾਂ ਨੂੰ ਝੂਠੀ ਖੁਸ਼ਾਮਦ ਨਾਲ ਚੰਗੇ ਚੰਗੇ ਪੰਥ ਦੇ ਦਰਦੀ ਭਰਾਵਾਂ ਨੂੰ ਵੀ ਵਿਗਾੜ ਦੇਣ ਵਾਲਿਆਂ ਦੇ ਵਤੀਰੇ ਪ੍ਰਗਟ ਹੋ ਜਾਣ।

ਅਕਾਲੀ ਲਾਹੌਰ, ੩ ਦਸੰਬਰ ੧੯੨੦

ਕਮਿਸ਼ਨਰ ਦੇ ਖਾਲਸਾ ਕਾਲਜ ਨਾਲ ਦੋ ਦੋ ਹੱਥ

ਪੰਜਾਬੀ ਭਰਾ ਕਿੰਗ ਸਾਹਿਬ ਦੇ ਸ਼ਾਇਦ ਚੰਗੀ ਤਰ੍ਹਾਂ ਵਾਕਫ਼ ਹੋਣਗੇ। ਇਹ ਮਹਾਤਮਾ ਜੀ ਹੀ ਸਨ ਜਿਨ੍ਹਾਂ ਨੇ ਮਾਰਸ਼ਲ ਲਾਅ ਦੇ ਦਿਨਾਂ ਵਿਚ ਅੰਮ੍ਰਿਤਸਰ ਤੇ ਲਾਹੌਰ ਦੇ ਜ਼ੁਲਮਾਂ ਵਿਚ ਖਾਸਾ ਹਿੱਸਾ ਲਿਆ ਤੇ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਆਪਨੀ ਕਮਿਸ਼ਨਰੀ ਹੇਠਾਂ ਕਰਵਾਇਆ। ਪਿਛੇ ਜਿਹੇ ਰੌਲਾ ਸੀ ਕਿ ਆਪ ਹੁਣ ਛੇਤੀ ਹੀ ਅਸਤੀਫ਼ਾ ਦੇ ਕੇ ਵਲੈਤ ਚਲੇ ਜਾਣਗੇ। ਪਰ ਮਲੂਮ ਹੁੰਦਾ ਹੈ ਕਿ ਇਹ ਗੱਲ ਗ਼ਲਤ ਹੈ। ਆਪ ਅਜੇ ਹੋਰ ਕਈ ਪੰਜਾਬੀ ਖਾਹਸ਼ਾਂ ਦੇ ਗਲ ਘੁਟ ਕੇ ਸ਼ਾਇਦ ਪਿਛਾ ਛੱਡਣ।

ਆਪ ਖਾਲਸਾ ਕਾਲਜ ਕੌਂਸਲ ਦੇ ਸਰਕਾਰ ਵੱਲੋਂ ਪ੍ਰੈਜ਼ੀਡੈਂਟ ਹਨ। ਜਦ ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੇ ਗੁਰੂ ਪੰਥ ਦੇ ਭਰੋਸੇ ਤੇ ਆਸ਼ੇ ਅਨੁਸਾਰ ਇਹ ਕਹਿ ਦਿੱਤਾ ਕਿ ਉਹ ਖਾਲਸਾ ਕਾਲਜ ਵਿਚ ਤਦ ਹੀ ਰਹਿ ਸਕਣਗੇ ਜੇ ਸਰਕਾਰ ਆਪਣਾ ਇੰਤਜ਼ਾਮ ਹਟਾ ਲਵੇ ਤਾਂ ਸਰਕਾਰ ਨੇ ਕੁਝ ਪੇਸ਼ ਜਾਂਦੀ ਨਾਂ ਦੇਖ ਆਖ਼ਰ ਕਹਿ ਦਿੱਤਾ ਕਿ ਹੱਛਾ ਅਸੀਂ ਖਾਲਸਾ ਕਾਲਜ ਨੂੰ ਜਿਹੜੀ ਜੱਫੀ ਪਾਈ ਹੈ ਛੱਡ ਦਿਨੇ ਹਾਂ। ਇਹ ਕੰਮ ਕਿੰਗ ਸਾਹਿਬ ਦੇ ਸਪੁਰਦ ਹੋਇਆ। ਮਹਾਰਾਜਾ ਪਟਿਆਲਾ ਅਤੇ ਦੂਸਰੇ ਆਦਮੀਆਂ ਨੇ ਵਿਚ ਪੈ ਕੇ ਇਹ ਫ਼ੈਸਲਾ ਕੀਤਾ ਕਿ ਸਰਕਾਰੀ ਆਦਮੀ ੨੦ ਨਵੰਬਰ ਤੋਂ ਪਹਿਲੇ ਖਾਲਸਾ ਕਾਲਜ ਤੇ ਕਿਰਪਾ ਕਰ ਦੇਣਗੇ ਤੇ ਰਾਜ਼ੀ ਖੁਸ਼ੀ ਵਿਦਾ ਹੋ ਜਾਣਗੇ। ਪਰ ਕਿੰਗ ਸਾਹਿਬ ਨੂੰ ਖਾਲਸਾ ਕਾਲਜ ਦੀ 'ਪਰੈਜ਼ੀਡੰਟੀ' ਛਡਨੀ ਮੁਸ਼ਕਲ ਮਲੂਮ ਹੁੰਦੀ ਹੈ।

ਇਸ ਈਸਾ ਦੀ ਭੇਡ ਨੇ ੨੦ ਨੂੰ ਕੋਈ ਕਮੇਟੀ ਹੀ ਨਾ ਕੀਤੀ ਤੇ ਕਹਿ ਦਿੱਤਾ ਕਿ ਖਾਲਸਾ ਕਾਲਜ ਦਾ ਮਾਮਲਾ ਭਾਵੇਂ ਖੂਹ ਵਿਚ ਪਵੇ ਉਹ ਐਡੀ ਛੇਤੀ ਮੀਟਿੰਗ ਨਹੀਂ ਕਰੇਗਾ। ਨਾਲ ਹੀ ਉਹ ਚਾਹੁੰਦਾ ਸੀ ਕਿ ਹੁਣ ਖਾਲਸਾ ਕਾਲਜ ਦਾ ਦੁਧ ਭਾਵੇਂ ਛਡਣਾ ਤਾਂ ਪਵੇਗਾ ਹੀ ਪਰ ਇਸ ਨੂੰ ਹੁਣ ਮੀਂਗਨਾਂ ਪਾ ਕੇ ਵਾਪਸ ਕਿਉਂ ਨਾ ਕੀਤਾ ਜਾਵੇ!

ਇਸ ਕਰ ਕੇ ਇਸਨੇ ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਚੋੜਾਂ ਕਰ ਕੇ ਮਜਬੂਰ ਕਰ ਦਿੱਤਾ ਕਿ ਉਹ ਕੌਮ ਦੀ ਲਾਜ ਖ਼ਾਤਰ ਅਸਤੀਫ਼ੇ ਦੇ ਦੇਣ। ਕੌਮੀ ਆਨ ਵਾਲੇ ਪ੍ਰੋਫ਼ੈਸਰਾਂ ਨੇ ਆਖ਼ਰ ਅਸਤੀਫ਼ੇ ਦੇ ਹੀ ਦਿਤੇ।

ਖਾਲਸਾ ਜੀ ਆਪ ਨੇ ਦੇਖ ਹੀ ਲਿਆ ਹੈ ਕਿ ਇਹ ਅਫ਼ਸਰ ਜਿਹੜੇ ਰੋਜ਼ ਚੀਕਦੇ ਹਨ ਕਿ ਉਨ੍ਹਾਂ ਨੂੰ ਸਿੱਖਾਂ ਨਾਲ ਬੜਾ ਪਿਆਰ ਹੈ ਤੇ ਸਿੱਖਾਂ ਨੂੰ ਸਾਫ਼ ਦਿਸ ਰਿਹਾ ਹੈ ਕਿ ਕਿੰਨੇ ਕੁ ਸੱਚੇ ਹਨ। ਆਪ ਦੇ ਕੌਮੀ ਕਾਲਜ ਤੇ ਉਥੋਂ ਦੇ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਵਾਸਤੇ ਤਾਂ ਇਹ ਦਿਨ ਜ਼ਿੰਦਗੀ ਤੇ ਮੌਤ ਦੇ ਸਵਾਲ ਸਨ। ਕਿੰਗ ਸਾਹਿਬ ਬਹਾਦਰ ਆਪਨੇ ਹਾਕਮੀ ਦੌਰੇ ਨੂੰ ਛਡ ਕੇ ਤੇ ਆਪਨੇ ਅਰਾਮ ਵਿਚ ਵਿਘਨ ਪੈਂਦਾ ਦੇਖ ਕੇ ਦੋ ਘੰਟਿਆਂ ਲਈ ਆ ਕੇ ਇਸ ਕੰਮ ਨੂੰ ਸਮਾਂ ਤੇ ਸੋਚ ਦੇਣ ਵਾਸਤੇ ਤਿਆਰ ਨਾ ਨਿਕਲੇ। ਧੰਨ ਐਸਾ ਸਰਕਾਰੀ ਨੌਕਰ ! ਜੇ ਕਦੀ ਹਿੰਦੁਸਤਾਨ ਦਾ ਰਾਜ ਬਰਤਾਨੀਆਂ ਦੇ ਹਥੋਂ ਸਖ਼ਤੀ ਨਾਲ ਨਿਕਲਿਆ ਤਾਂ ਉਹ ਸਭ ਕਿੰਗ ਸਾਹਿਬ ਵਰਗੇ ਅਫ਼ਸਰਾਂ ਦੀ ਕਿਰਪਾ ਹੋਵੇਗੀ।

ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨੂੰ ਵਧਾਈ।

ਸਕਤਰ ਸਾਹਿਬ ਸਿੱਖ ਲੀਗ ਲਾਹੌਰ ਨੇ ਹੇਠ ਲਿਖਿਆ ਤਾਰ ਬਾਵਾ ਹਰਕਿਸ਼ਨ ਸਿੰਘ ਪ੍ਰੋਫ਼ੈਸਰ ਖਾਲਸਾ ਕਾਲਜ ਨੂੰ ਦਿੱਤਾ :-

"ਆਪ ਦੀ ਕੁਰਬਾਨੀ ਅਤੇ ਇਰਾਦੇ ਵਿਚ ਪੱਕਾ ਰਹਿਣ ਤੇ ਵਧਾਈ ਹੋਵੇ। ਸਿੱਖ ਲੀਗ ਦੀ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨਾਲ ਪੂਰੀ ਹਮਦਰਦੀ ਹੈ।"

ਪੰਜਾ ਸਾਹਿਬ।

੨੫ ਅਤੇ ੨੬ ਨੂੰ ਪੰਜੇ ਸਾਹਿਬ ਬੜੀ ਰੌਣਕ ਨਾਲ ਦੀਵਾਨ ਹੋਏ। ਸ਼ਬਦ ਕੀਰਤਨ ਦੇ ਪਿੱਛੋਂ ੨੬ ਨੂੰ ਭਾਈ ਕਰਤਾਰ ਸਿੰਘ ਝਬਰ ਨੇ ਅਕਾਲੀ ਫ਼ੌਜ ਲਈ ਭਰਤੀ ਵਾਸਤੇ ਅਪੀਲ ਕੀਤੀ ਅਤੇ ੫੦ ਸਿੰਘ ਨਿਤਰੇ। ਗਿਆਨੀ ਸ਼ੇਰ ਸਿੰਘ ਜੀ ਦੇ ਅਕਾਲੀ ਫ਼ੌਜ ਦੇ ਫੰਡ ਵਾਸਤੇ ਅਪੀਲ ਕਰਨ ਤੇ ੧ ਹਜ਼ਾਰ ਨਕਦ ਅਤੇ ਚਾਰ ਹਜ਼ਾਰ ਇਕਰਾਰੀ ਹੋਇਆ। ਰਾਤ ਨੂੰ ਗੁਰੂਦੁਆਰੇ ਦੇ ਅੰਦਰ ਦੀਵਾਨ ਹੋਇਆ ਅਤੇ ਹੇਠ ਲਿਖੇ ਸੱਜਣਾਂ ਦੀ ਗੁਰਦੁਆਰੇ ਦੇ ਇੰਤਜ਼ਾਮ ਲਈ ਆਰਜ਼ੀ ਤੌਰ ਤੇ ਕਮੇਟੀ ਚੁਣੀ ਗਈ :

ਪੇਸ਼ਾਵਰ—ਭਾਈ ਰਾਜਾ ਸਿੰਘ ਜੀ, ਭਾ: ਬਾਘ ਸਿੰਘ ਜੀ ਗਿਆਨੀ, ਭਾ: ਅਤਰ ਸਿੰਘ ਜੀ (ਮਰਦਾਨ)

ਕੈਂਬਲਪੁਰ—ਭਾ: ਅਮਰ ਸਿੰਘ ਲਾਇਲ ਗਜ਼ਟ ਅਤੇ ਭਾ: ਮੋਹਰ ਸਿੰਘ (ਗ੍ਰੰਥੀ ਸਿੰਘ ਸਭਾ ਕੈਂਬਲਪੁਰ)।

ਹਜ਼ਾਰਾ—ਮਲਿਕ ਦੇਵਾ ਸਿੰਘ ਜੀ, ਭਾ: ਗੁਲਾਬ ਸਿੰਘ ਜੀ, ਦੁਨਾ ਸਿੰਘ ਜੀ (ਐਬਟਾਅਬਾਦ)।

ਰਾਵਲਪਿੰਡੀ—ਭਾ: ਰਾਮ ਸਿੰਘ ਜੀ ਠੇਕੇਦਾਰ, ਭਾ: ਜਵੰਦ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਭਾਈ ਗੁਪਾਲ ਸਿੰਘ ਜੀ (ਸਾਗਰੀ), ਭਾ: ਕਰਤਾਰ ਸਿੰਘ ਜੀ ਕਲਰ।

ਜੇਹਲਮ—ਭਾ: ਜੀਵਨ ਸਿੰਘ ਜੀ, ਭਾ: ਸੁੰਦਰ ਸਿੰਘ ਜੀ (ਨੀਲਾ), ਭਾਈ ਕਰਤਾਰ ਸਿੰਘ ਜੀ ਝੱਬਰ।

ਚੁਣੇ ਹੋਏ (nominated) : ਭਾਈ ਜਗਤ ਸਿੰਘ ਪਰਦੇਸੀ, ਭਾ: ਤਾਰਾ ਸਿੰਘ ਜੀ ਹੈਡ ਮਾਸਟਰ ਖਾ: ਹਾਈ ਸਕੂਲ ਲਾਇਲ ਪੁਰ, ਭਾ: ਈਸ਼ਰ ਸਿੰਘ ਪੰਜਾ ਸਾਹਿਬ।

ਇਹ ਗੁਰਮਤੇ ਪਾਸ ਹੋਏ :-

੧. ਅਖ਼ਬਾਰ ਸ਼ਾਂਤੀ ਦਾ ਬਾਈਕਾਟ। ਇਸ ਨੇ ਇਕ ਸਿੱਖ ਅਫ਼ਸਰ ਨੂੰ (ਜੋ ਪੰਜਾ ਸਾਹਿਬ ਡਿਊਟੀ ਤੇ ਲਗਾ ਹੋਇਆ ਸੀ) ਬਦਨਾਮ ਕਰਨ ਅਤੇ ਹਿੰਦੂਆਂ ਨੂੰ ਗੁਰਦੁਆਰੇ ਸਬੰਧੀ ਭੜਕਾਣ ਦੀ ਕੋਸ਼ਿਸ਼ ਕੀਤੀ ਇਸ ਲਈ ਇਸ ਨੂੰ ਬਾਈਕਾਟ ਕੀਤਾ ਜਾਵੇ।

੨. ਮਾਸਟਰ ਸੁੰਦਰ ਸਿੰਘ 'ਲਾਇਲਪੁਰੀ' ਦੇ ਗਜਨ ਸਿੰਘ ਵੱਲੋਂ ਵਾਰੰਟ ਕਢਾਉਣ ਤੇ ਘ੍ਰਿਣਾ ਪ੍ਰਗਟ ਕੀਤੀ ਗਈ ਅਤੇ ਮਾ: ਸਾਹਿਬ ਨਾਲ ਹਮਦਰਦੀ ਪ੍ਰਗਟ ਕੀਤੀ ਗਈ। (ਕਰਤਾਰ ਸਿੰਘ ਝੱਬਰ ਜਥੇਦਾਰ)

ਸਿੱਖ ਕੌਮ ਦਾ ਨਵਾਂ ਜੁਗ ਆਰੰਭ ਹੋ ਗਿਆ!

ਧਾਰਮਿਕ, ਵਿਦਿਆ ਤੇ ਰਾਜਸੀ ਪ੍ਰਬੰਧਾਂ ਵਿਚ ਪਲਟਾ!

ਸਮੇਂ ਨੂੰ ਚਾਰ ਜੁਗਾਂ ਵਿਚ ਵੰਡਿਆਂ ਗਿਆ ਹੈ ਅਤੇ ਅਸਾਂ ਨੇ ਪਿਛਲੇ ਲੇਖ ਵਿਚ ਖਾਲਸਾ ਕੌਮ ਉਤੇ ਜੁਗਾਂ

ਦੀ ਇਕ ਚੌਕੜੀ ਦੇ ਬੀਤਣ ਦਾ ਹਾਲ ਲਿਖਿਆ ਸੀ।

ਹੁਣ ੧੯੨੦ ਸੰਨ ਹੈ ਤੇ ਈਹੋ ਸਾਲ ਸਿੱਖ ਕੌਮ ਉਤੇ ਜੁਗਾਂ ਦੀ ਨਵੀਂ ਚੌਕੜੀ ਆਰੰਭ ਕਰਨ ਵਾਲਾ ਹੈ ਅਤੇ ਇਸ ਸਾਲ ਤੋਂ ਫਿਰ ਪਹਿਲਾ ਜੁਗ ਆਰੰਭ ਹੋ ਗਿਆ।

ਧਰਮ ਸਾਰੇ ਗੁਣਾਂ ਦੀ ਜਿੰਦ ਮੰਨੀ ਗਈ ਹੈ। ਜਿਸ ਦੇ ਅੰਦਰੋਂ ਧਰਮ ਨਾਸ ਹੋ ਜਾਂਦਾ ਹੈ ਉਸ ਵਿਚ ਹੋਰ ਵੀ ਕੋਈ ਖ਼ੂਬੀ ਨਹੀਂ ਰਹਿੰਦੀ। ਇਸ ਸਾਲ ਦੇ ਆਰੰਭ ਵਿਚ ਹੀ ਸਿੱਖ ਕੌਮ ਦੇ ਅੰਦਰ ਖ਼ਿਆਲ ਪੈਦਾ ਹੋ ਗਿਆ ਕਿ ਜੇ ਸਾਡੇ ਧਾਰਮਿਕ ਅਸਥਾਨ ਦੂਜੇ ਮਜ਼ਹਬਾਂ ਵਾਲਿਆਂ ਦੇ ਕਬਜ਼ੇ ਵਿਚ ਰਹਿਣ ਤਾਂ ਦੁਨੀਆਂ ਉਤੇ ਸਾਡਾ ਜੀਉਣਾ ਨਿਸਫਲ ਹੈ। ਪੰਥ ਦੀਆਂ ਅੱਖਾਂ ਅਗੇ ਹਰ ਵੇਲੇ ਦਰਬਾਰ ਸਾਹਿਬ ਜੀ ਦੀ ਤਸਵੀਰ ਫਿਰ ਰਹੀ ਸੀ ਇਸ ਸ਼ਹੀਦਾਂ ਦੇ ਲਹੂ-ਰੰਗੀ ਹੋਈ ਤੇ ਉਨ੍ਹਾਂ ਦੇ ਪਵਿੱਤਰ ਸਿਰਾਂ ਨਾਲ ਉਸਰੀ ਹੋਈ ਪਵਿਤਰ ਧਰਤੀ ਉਤੇ ਈਸਾਈ ਅਫ਼ਸਰ ਦਾ ਕਬਜ਼ਾ ਪੰਥ ਦੇ ਕਲੇਜੇ ਵਿਚ ਕਾਤੀਆਂ ਚਲਾਂਦਾ ਸੀ।

ਗੁਰੂ ਪੰਥ ਦੇ ਦੁਲਾਰੇ ਸ: ਅਮਰ ਸਿੰਘ ਜੀ ਤੇ ਸ: ਜਸਵੰਤ ਸਿੰਘ ਜੀ ਨੇ ਐਲਾਨ ਕਰ ਦਿੱਤਾ ਕਿ ਅਸੀਂ ਦਰਬਾਰ ਸਾਹਿਬ ਵਿਚ ਬਿਗਾਨਾ ਦਖ਼ਲ ਨਹੀਂ ਰਹਿਣ ਦਿਆਂਗੇ। ਰੂੜ ਸਿੰਘ ਨੂੰ ਸਰਬਰਾਹੀ ਤੋਂ ਮੁਰਦੇ ਵਾਂਗ ਬਾਹਰ ਕੱਢ ਦਿਆਂਗੇ ਅਤੇ ਇਥੇ ਖਾਲਸ ਗੁਰੂ ਪੰਥ ਦਾ ਪ੍ਰਬੰਧ ਹੋਵੇਗਾ। ਬਸ ਫਿਰ ਕੀ ਸੀ ਇਨ੍ਹਾਂ ਵੀਰਾਂ ਨੂੰ ਜੇਹਲ ਵਿਚ ਪਾਣ ਲਈ, ਜ਼ਮਾਨਤਾਂ ਕਰਾਣ ਲਈ ਤੇ ਕਿਸੇ ਭਿਆਨਕ ਕਸ਼ਟ ਵਿਚ ਸੁਟ ਕੇ ਇਸ ਪਵਿੱਤਰ ਕਾਰਜ ਨੂੰ ਹੋਣ ਤੋਂ ਰੋਕਣ ਲਈ ਕਈ ਤਦਬੀਰਾਂ ਹੋਈਆਂ। ਪਰ ਆਖ਼ਰ ਕਈ ਦੁਨੀਆਵੀ ਜ਼ੋਰ ਇਨ੍ਹਾਂ ਉਤੇ ਅਸਰ ਨ ਕਰ ਸਕਿਆ ਅਤੇ ਅੰਤ ਨੂੰ ਦਰਬਾਰ ਸਾਹਿਬ ਲਈ ਨਿਰੋਲ ਪੰਥਕ ਕਮੇਟੀ ਬਣ ਗਈ।

ਦਰਬਾਰ ਸਾਹਿਬ ਦੇ ਪ੍ਰਬੰਧ ਬਦਲਣ ਦੇ ਨਾਲ ਹੀ ਬਾਬੇ ਦੀ ਬੇਰ, ਗੁਰਦੁਆਰਾ ਪਾ: ਛੇਵੀਂ ਲਾਹੌਰ, ਅਤੇ ਪੰਜਾ ਸਾਹਿਬ ਭੀ ਖਾਲਸਾ ਜੀ ਦੇ ਪ੍ਰਬੰਧ ਵਿਚ ਹੋ ਗਿਆ। ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਚਿਰਾਂ ਦੀ ਢਠੀ ਹੋਈ ਦੀਵਾਰ ਸ਼ਹੀਦੀ ਦਲ ਦੇ ਪ੍ਰਤਾਪ ਨਾਲ ਫਿਰ ਉਸੇ ਤਰ੍ਹਾਂ ਚੜ੍ਹਾ ਦਿਤੀ ਗਈ। ਧਾਰਮਿਕ ਅਸਥਾਨਾਂ ਦੇ ਪ੍ਰਬੰਧ ਦੇ ਪਲਟੇ ਨੇ ਹਿੰਦੂ, ਮੁਸਲਮਾਨਾਂ ਅਤੇ ਸਰਕਾਰ ਨੂੰ ਨਿਸਚੇ ਕਰਾ ਦਿਤਾ ਹੈ ਕਿ ਅਗੋਂ ਹੁਣ ਗੁਰੂਧਾਮਾਂ ਦੀ ਹਤਕ ਨਹੀਂ ਹੋ ਸਕਿਆ ਕਰੇਗੀ।

ਸਰਕਾਰੀ ਅਫ਼ਸਰ ਇਨ੍ਹਾਂ ਪਵਿਤਰ ਧਾਮਾਂ ਦਾ ਪੂਰਾ ਅਦਬ ਰਖੇ ਬਿਨਾਂ ਪੰਥ ਤੋਂ ਆਪਣੇ ਅਦਬ ਅਤੇ ਇਜ਼ਤ ਦੀ ਕੋਈ ਉਮੀਦ ਨਹੀਂ ਰੱਖ ਸਕਣਗੇ, ਅਤੇ ਹਿੰਦੂ ਭਰਾ ਸਿੱਖ ਗੁਰਧਾਮਾਂ ਵਿਚ ਦਖ਼ਲ ਦੇ ਕੇ ਸਿੱਖਾਂ ਨੂੰ ਹਿੰਦੂ ਮੰਦਰਾਂ ਵਿਚ ਦਖ਼ਲ ਦੇਣ ਲਈ ਤਿਆਰ ਨਹੀਂ ਕਰਨਗੇ। ਮੁਸਲਮਾਨ ਤੇ ਹਿੰਦੂ ਹੁਣ ਸਿੱਖ ਧਾਰਮਕ ਅਸਥਾਨਾਂ ਨੂੰ ਖਾਲਸ ਸਿੱਖ ਪ੍ਰਬੰਧ ਵਿਚ ਵੇਖ ਕੇ ਪ੍ਰਸੰਨ ਹੋ ਰਹੇ ਹਨ। ਧਰਮ ਵਾਸਤੇ ਸਿੱਖ ਕੌਮ ਦੇ ਇਸ ਪਲਟੇ ਨੇ ਸਿੱਖ ਕੌਮ ਦੀ ਸਾਰੀ ਹਾਲਤ ਬਦਲ ਦਿੱਤੀ ਹੈ ਹੁਣ ਹਰ ਇਕ ਸਿੱਖ ਦੇ ਦਿਲ ਵਿਚ ਨਵੀਆਂ ਉਮੰਗਾਂ ਤੇ ਕੁਰਬਾਨੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਹਨ।

ਵਿਦਿਅਕ ਪ੍ਰਬੰਧਾਂ ਵਿਚ ਸ਼ਾਇਦ ਹਾਲਾਂ ਪਲਟਾ ਨ ਆਉਂਦਾ ਅਤੇ ਖਬਰੇ ਕੁਝ ਚਿਰ ਗੁਲਾਮੀ ਦੀ ਵਿਦਿਆ ਹੀ ਸਿੱਖਾਂ ਨੂੰ ਲੋਰੀਆਂ ਦੇ ਕੇ ਸੁਆਲਦੀ ਰਹਿੰਦੀ ਪਰ ਸਿੱਖ ਲੀਗ ਦੇ ਜਲਸੇ ਵਿਚ "ਨਾ-ਮਿਲਵਰਤਨ" ਦੇ ਪਾਸ ਹੋਣ ਨਾਲ ਇਸੇ ਸਾਲ ਗੁਲਾਮੀ ਦੀ ਵਿਦਿਆ ਦੀਆਂ ਜੜ੍ਹਾਂ ਵੀ ਹਿਲ ਗਈਆਂ ਹਨ। ਖਾਲਸ ਕੌਮੀ, ਸੁਤੰਤਰ ਅਤੇ ਧਾਰਮਿਕ ਵਿਦਿਆ ਲਈ ਸਾਡੇ ਦਿਲ ਉਮੱਡ ਪਏ ਹਨ ਉਸ ਦਾ ਸਬੂਤ ਇਹ ਹੈ ਕਿ ਖਾਲਸਾ ਕਾਲਜ (ਜੋ ਅੱਧ-ਸਰਕਾਰੂ ਸਮਝਿਆ ਜਾਂਦਾ ਹੈ) ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਹੜਤਾਲ ਕਰ ਰਖੀ ਹੈ ਅਤੇ ਪ੍ਰੋਫ਼ੈਸਰਾਂ ਨੇ ਅਸਤੀਫ਼ੇ ਦੇ ਦਿਤੇ ਹਨ। ਭਾਵੇਂ ਪੰਥ ਦੇ ਦਰਦੀਆਂ ਵੱਲੋਂ ਬੜੇ ਚਿਰ ਤੋਂ ਕਾਲਜ ਨੂੰ ਖਾਲਸ ਕੌਮੀ ਪਰਬੰਧ ਵਿਚ ਕਰਨ ਲਈ ਤਰਲੇ ਹੋ ਰਹੇ ਸਨ ਅਤੇ ਮੌਜੂਦਾ ਕਾਲਜ ਦਾ ਪਲਟਾ ਉਸੇ ਪੁਰਾਣੀ ਚਾਹ ਦਾ ਨਤੀਜਾ ਹੈ ਪਰ "ਨਾ-ਮਿਲਵਰਤਨ" ਨੇ ਇਸ ਨੂੰ ਵਧੇਰੇ ਛੇਤੀ ਜ਼ਰੂਰ ਕਰ ਦਿੱਤਾ ਹੈ। ਬਾਕੀ, ਬਹੁਤ ਸਾਰੇ ਸਕੂਲਾਂ ਨੇ ਤੇ ਪੰਥਕ ਜਥਿਆਂ ਨੇ ਖਾਲਸਾ ਕਾਲਜ ਦੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਦੀ ਕਾਰਵਾਈ ਨੂੰ ਅਤਿਅੰਤ ਪਸੰਦ ਕਰ ਕੇ ਇਸ ਦੀ ਪੁਸ਼ਟੀ ਕੀਤੀ ਹੈ। ਹੁਣ ਨਿਸਚਾ ਹੈ ਕਿ ਬਹੁਤ ਛੇਤੀ ਖਾਲਸਾ ਕਾਲਜ ਨਿਰੋਲ ਕੌਮੀ ਪ੍ਰਬੰਧ ਵਿਚ ਆ ਕੇ ਬਾਕੀ ਸਾਰੇ ਕੌਮੀ ਸਕੂਲਾਂ ਦੀ ਅਗਵਾਈ ਕਰੇਗਾ। ਸਿੱਖ ਐਜੂਕੇਸ਼ਨਲ ਕਮੇਟੀ ਉਪਰ ਵੀ ਇਸ ਦਾ ਜ਼ਰੂਰ ਅਸਰ ਪਵੇਗਾ। ਇਸ ਨੂੰ ਵੀ ਆਪਣੀ

ਮਠੀ ਚਾਲ ਹੁਣ ਮੋਟਰ ਵਾਂਗ ਤੇਜ਼ ਕਰਨੀ ਪਵੇਗੀ, ਅਤੇ ਧਰਮਸ਼ਾਲਾਂ ਦੇ ਰਾਹੀਂ ਹਰ ਇਕ ਸਿੱਖ ਬੱਚੇ ਨੂੰ ਵਿਦਿਆ ਦੇਣ ਲਈ ਉਪਰਾਲਾ ਕਰਨਾ ਪਵੇਗਾ ਤੇ ਰੁਪਏ-ਜੋੜ ਵਤੀਰਾ ਛਡ ਕੇ ਕੰਮ ਕਰਨਾ ਪਵੇਗਾ। ਸਕੂਲਾਂ ਤੇ ਵਿਦਿਆਲਿਆਂ ਦੇ ਵਾਹਦ ਮੈਨੇਜਰਾਂ ਨੂੰ ਵੀ ਪਤਾ ਲਗਾ ਹੈ ਕਿ ਹੁਣ ਬਹੁਤ ਚਿਰ ਉਹਨਾਂ ਦੀ ਸ਼ਖ਼ਸੀ ਹਕੂਮਤ ਨਹੀਂ ਰਹੇਗੀ। ਪੰਥ ਗੁਰੂ ਛੇਤੀ ਹੀ ਕਮੇਟੀਆਂ ਬਣਾ ਕੇ ਪੰਚੈਤੀ ਅਸੂਲਾਂ ਅਨੁਸਾਰ ਪ੍ਰਬੰਧ ਕਰੇਗਾ।

੧੯੨੦ ਤੋਂ ਪਹਿਲਾਂ ਤਾਂ ਨੌਕਰ ਸ਼ਾਹੀ ਨੇ ਅਜੇਹਾ ਉਪਾ ਕਰੀ ਰੱਖਿਆ ਕਿ ਰਾਜਸੀ ਜੀਵਨ ਨੂੰ ਸਿੱਖ ਕੌਮ ਵਿੱਚੋਂ ਉਕਾ ਹੀ ਮੁਕਾ ਦਿੱਤਾ ਜਾਵੇ ਸਿੱਖ ਸ਼ਕਲਾਂ ਵਾਲੇ ਹੀ ਇਸ ਗੱਲ ਦੇ ਪ੍ਰਚਾਰਕ ਬਣੇ ਰਹੇ ਤੇ ਕਹਿੰਦੇ ਰਹੇ ਕਿ ਅੰਗਰੇਜ਼ਾਂ ਦੇ ਹੁੰਦਿਆਂ ਸਿੱਖਾਂ ਨੂੰ ਰਾਜ ਸਬੰਧੀ ਵਿਚਾਰਾਂ ਅਤੇ ਖੇਚਲਾਂ ਕਰਨ ਦੀ ਕੀ ਲੋੜ ਪਈ ਹੈ ਜਦ "ਟੋਪੀ ਵਾਲੇ ਸਿੱਖ" ਹੀ ਸਿੱਖਾਂ ਦੇ ਰਾਜ, ਦਰਬਾਰ ਸਾਹਿਬ ਤੇ ਕਾਲਜ ਦਾ ਬੜਾ ਸੋਹਣਾ ਪ੍ਰਬੰਧ ਕਰ ਰਹੇ ਹਨ ਤੇ ਸਿੱਖਾਂ ਵਿੱਚੋਂ ਕਿਸ ਨੂੰ ਮੁਰੱਬੇ ਦੇਂਦੇ ਹਨ, ਕਿਸੇ ਨੂੰ ਮੈਜਿਸਟ੍ਰੇਟੀ ਤੇ ਜੱਜੀਆਂ ਦੇਂਦੇ ਹਨ; ਕਿਸੇ ਨੂੰ ਕੌਂਸਲਾਂ ਦਾ ਮੈਂਬਰ ਬਣਾ ਲੈਂਦੇ ਹਨ। ਫਿਰ ਸਿੱਖਾਂ ਨੂੰ ਕੀ ਪਈ ਹੈ ਜੋ ਐਵੇਂ ਹੀ ਇਨ੍ਹਾਂ ਝਗੜਿਆਂ ਵਿਚ ਪੈ ਕੇ ਔਖੇ ਪਏ ਹੋਣ। ਬਸ ਇਸ ਕੌਮ ਘਾਤੀ ਵਤੀਰੇ ਨੇ ੧੯੨੦ ਤਕ ਸਿੱਖਾਂ ਨੂੰ ਘੂਕ ਸਵਾਈ ਰੱਖਿਆ। ਪਰ ੧੯੨੦ ਵਿਚ ਮਾਰਸ਼ਲ ਲਾ ਦੇ ਡੰਡੇ ਨੇ ਤੇ ਓਡਵਾਇਰ ਤੇ ਡਾਇਰਸ਼ਾਹੀ ਦੇ ਝਖੜ ਨੇ ਜਦ ਕੁੰਭਕਰਨ ਵਾਂਗੂ ਸੁਤਿਆਂ ਨੂੰ ਵੀ ਜਗਾ ਦਿੱਤਾ; ਇਸ ਲਈ ਸਿੱਖ ਕੌਮ ਨੇ ਵੀ "ਸਿੱਖ ਲੀਗ" ਬਣਾਈ ਤੇ ਦੋ ਜਲਸਿਆਂ ਵਿਚ ਹੀ ਗਵਾਂਢੀ ਕੌਮਾਂ ਨਾਲ ਰਲ ਕੇ ਰਾਜਸੀ ਮੈਦਾਨ ਵਿਚ ਪੈਰ ਰੱਖ ਦਿੱਤਾ।

ਹੁਣ ਨੌਕਰ ਸ਼ਾਹੀ ਨੂੰ ਇਹ ਤਾਕਤ ਨਹੀਂ ਰਹੀ ਕਿ ਕਿਸੇ ਇਕ ਸਿੱਖ ਨੂੰ ਪਰਚਾ ਕੇ ਕਿਸੇ ਗੁਰਦੁਆਰੇ ਦੀ ਕੰਧ ਢਾਹੁਣ ਲਈ ਰਾਜ਼ੀ ਕਰਨ ਦਾ ਹੀਯਾ ਕਰੇ ਯਾ ਦੋ ਚੌਹਾਂ ਨੂੰ ਡਰਾ ਧਮਕਾ ਤੇ ਕੁਝ ਆਦਮੀਆਂ ਨੂੰ ਕਿਸੇ ਲਾਲਚ ਵਿਚ ਫਸਾ ਕੇ ਕਾਲਜਾਂ ਤੇ ਸਕੂਲਾਂ ਨੂੰ "ਨਿਮਕ ਹਲਾਲ ਲੜਕਾ ਲੋਗ" ਪੈਦਾ ਕਰਨ ਲਈ ਵਰਤ ਸਕੇ ਅਤੇ ਨਾ ਹੀ ਕਿਸੇ ਨੂੰ ਆਨਰੇਬਲੀ ਤੇ ਵਜ਼ਾਰਤ ਨਾਲ ਪੋਰਚਾ ਕੇ ਸਿੱਖ ਕੌਮ ਨੂੰ ਹਿੰਦੂ ਮੁਸਲਮਾਨਾਂ ਨਾਲ ਲੜਾਨ ਵਿਚ ਸਫ਼ਲਤਾ ਹੋ ਸਕਦੀ ਹੈ।

ਗੱਲ ਕੀ ੧੯੨੦ ਸਾਲ ਨੇ ਸਿੱਖ ਕੌਮ ਵਿਚ ਪਹਿਲਾਂ ਦੇ ਪੁਰਾਣੇ ਜੋਸ਼ ਭਰ ਦਿੱਤਾ ਹੈ। ਹੁਣ ਸਿੱਖ ਕੌਮ ਆਪਣੇ ਧਾਰਮਕ, ਵਿਦਿਅਕ ਅਤੇ ਰਾਜਸੀ ਕੰਮਾਂ ਨੂੰ ਆਪ ਸਵਤੰਤ੍ਰਤਾ ਨਾਲ ਨਜਿਠੇਗੀ ਅਤੇ ਸਤਿਗੁਰ ਜੀ ਦੇ ਪੰਚੈਤੀ ਅਸੂਲਾਂ ਨੂੰ ਕਾਇਮ ਰੱਖਣ ਲਈ ਤਨ, ਮਨ, ਧਨ ਕੁਰਬਾਨ ਕਰ ਕੇ ਪ੍ਰਸੰਨ ਹੋਵੇਗੀ। ਹੁਣ ਉਮੀਦ ਰੱਖਣੀ ਚਾਹੀਦੀ ਹੈ ਕਿ ਕਈ ਸਿੱਖਾਂ ਨੂੰ ਸਤਿਗੁਰੂ ਨਾਨਕ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਆਰਿਆਂ ਵਾਂਗ ਚਕੀਆਂ ਪੀਹਣੀਆਂ ਪੈਣਗੀਆਂ, ਕੈਦਾਂ ਕਟਣੀਆਂ ਪੈਣਗੀਆਂ, ਭੁਖੇ ਤੇ ਤਿਹਾਇਆਂ ਰਹਿ ਕੇ ਕਸ਼ਟ ਸਹਾਰਨੇ ਪੈਣਗੇ ਅਤੇ ਸੰਭਵ ਹੈ ਕਿ ਗੁਰੂ ਅਰਜਨ ਸਾਹਿਬ ਜੀ ਵਾਂਗ ਸਰੀਰ ਵੀ ਸਚੇ ਸਤਿਗੁਰਾਂ ਦੇ ਅਸੂਲ ਦੀ ਖ਼ਾਤਰ ਅਰਪਣ ਕਰਨੇ ਪੈਣ, ਕਿਉਂਕਿ ਸੰਸਾਰ ਉਤੋਂ ਅਧਰਮ ਅਤੇ ਪਾਪ ਦਾ ਅੰਧੇਰਾ ਉਡਾਣ ਲਈ ਸਦਾ ਹੀ ਕੁਰਬਾਨੀ ਕਰਨੀ ਪਈ ਹੈ। ਜਦ ਪਿਆਰੇ ਸਤਿਗੁਰੂ ਸਾਹਿਬਾਂ ਨੂੰ ਅਧਰਮ ਦੂਰ ਕਰਨ ਲਈ ਸਰਬੰਸ ਵਾਰਣੇ ਪਏ ਹਨ ਤੇ ਕੋਈ ਅਚਰਜ ਨਹੀਂ ਕਿ ਹੁਣ ਵੀ ਉਸ ਤੋਂ ਘਟ ਕੁਰਬਾਨੀਆਂ ਨਾ ਦੇਣੀਆਂ ਪੈਣ।

ਸਿੱਖ ਕੌਮ ਨੂੰ ਨਵੇਂ ਜੁਗ ਦੇ ਆਰੰਭ ਹੋਣ ਦੀ ਵਧਾਈ ਦੇਂਦੇ ਹਾਂ ਕਿਉਂਕਿ ਅਧਰਮ ਦਾ ਹਨ੍ਹੇਰਾ ਦੂਰ ਕਰਨ ਲਈ ਅਕਾਲ ਪੁਰਖ ਨੇ ਇਸ ਨੂੰ ਚੁਣ ਲਿਆ ਹੈ ਅਤੇ ਗੁਰੂ ਨਾਨਕ ਦਾ ਏਕਤਾ ਦਾ ਚਾਨਣਾ ਇਸ ਨੇ ਸੰਸਾਰ ਤੇ ਫੈਲਾਣਾ ਹੈ।

ਗੁਰਦੁਆਰਾ ਰਕਾਬ ਗੰਜ ਤੇ ਖਾਲਸਾ ਐਡਵੋਕੇਟ

ਚੀਫ਼ ਖਾਲਸਾ ਦੀਵਾਨ ਦਾ ਅੰਗਰੇਜ਼ੀ "ਖਾਲਸਾ ਐਡਵੋਕੇਟ" ਨੇ ਵੀ ਹੁਣ ਮੰਨ ਲਿਆ ਹੈ ਕਿ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਹਿਣ ਦਾ ਸਾਰੇ ਪੰਥ ਨੂੰ ਡਾਢਾ ਰੰਜ ਸੀ ਜੋ ਹੁਣ ਸਰਕਾਰ ਦੇ ਚਾੜ੍ਹਣ ਕਰ ਕੇ ਦੂਰ ਹੋ ਗਿਆ ਹੈ। ਕਿਹਾ ਚੰਗਾ ਹੁੰਦਾ ਕਿ ਚੀਫ਼ ਖਾਲਸਾ ਦੀਵਾਨ ਅਤੇ ਐਡਵੋਕੇਟ ਵੀ ਪਹਿਲਾਂ ਹੀ ਇਸ ਦਰਦ ਨੂੰ ਸਮਝਦੇ ਅਤੇ ਆਪ ਕੰਧ ਢਾਹੁਣ ਦੀਆਂ ਸਲਾਹਾਂ ਸਰਕਾਰ ਨੂੰ ਨਾ ਦੇਂਦੇ। ਨਾ ਪੰਥ ਵਿਚ ਇਤਨਾ ਰੌਲਾ ਮਚਦਾ ਤੇ ਨਾ ਸਰਕਾਰ ਨੂੰ ਹੁਣ ਮਜਬੂਰ ਹੋਣਾ ਪੈਂਦਾ।

ਸਾਨੂੰ ਸਮਝ ਨਹੀਂ ਆਈ ਕਿ "ਐਡਵੋਕੇਟ" ਨੇ ਚੀਫ਼ ਕਮਿਸ਼ਨਰ ਨੂੰ ਵਧਾਈ ਕਾਹਦੀ ਦਿੱਤੀ ਹੈ ? ਵਧਾਈ ਤਾਂ "ਸ਼ਹੀਦੀ ਦਲ" ਨੂੰ ਦਿਓ ਜਿਸ ਦੇ ਪਰਤਾਪ ਨੇ ਕੰਧ ਚੜ੍ਹਾਈ ਹੈ। ਸਾਨੂੰ ਆਸ਼ਾ ਹੈ ਕਿ ਸਾਡਾ ਸਮਕਾਲੀ ਆਪਣੀ ਲਿਖਤ ਨੂੰ ਠੀਕ ਕਰ ਲਵੇਗਾ ਤੇ 'ਬੱਧਿਆਂ ਚਟੀ ਭਰਨ ਵਾਲੇ' ਨੂੰ ਵਧਾਈ ਦੇਣ ਦੀ ਥਾਂ ਖਾਲਸਾ ਪੰਥ ਤੇ ਸ਼ਹੀਦੀ ਦਲ ਨੂੰ ਵਧਾਈ ਦੇਵੇਗਾ।

ਕੌਮ ਘਾਤਕਾਂ ਦੀਆਂ ਚਾਲਾਂ ਤੋਂ ਖਾਲਸਾ ਖਬਰਦਾਰ ਰਹੇ!

(ਵੱਲੋਂ ਮਾਸਟਰ ਨਰਿੰਦਰ ਸਿੰਘ ਜੀ ਤਬੀਬ)

ਜਦ ਪੰਥ ਨੇ ਨਾ-ਮਿਲਵਰਤਨ ਦਾ ਗੁਰਮਤਾ ਪਾਸ ਕਰ ਦਿੱਤਾ ਅਤੇ ਦੁਨੀਆਂ ਨੂੰ ਕਹਿ ਦਿੱਤਾ ਕਿ ਹੁਣ ਪੰਥ ਅਰਾਮ ਤਦ ਕਰੇਗਾ, ਜਦ ਹਿੰਦ ਵਿੱਚੋਂ ਅਧਰਮ ਦੀ ਕਲਾ ਜਾਂਦੀ ਰਹੇਗੀ ਅਤੇ ਸਿੱਖ ਸੁਤੰਤਰ ਹੋ ਕੇ ਆਪਨੇ ਭਾਈ ਬੰਦਾਂ ਦੇ ਦੁਖਾਂ ਨੂੰ ਦੂਰ ਕਰ ਦੇਣਗੇ ਤਾਂ ਕੌਮ ਘਾਤਕਾਂ ਨੂੰ, ਜਿਹੜੇ ਆਪਨੇ ਭਰਾਵਾਂ ਦਾ ਲਹੂ ਚੂਸ ਕੇ ਪਲੇ ਸਨ, ਗਸ਼ ਪੈ ਗਈ। ਜਿਹੜੇ ਸਜਣ ਬੇਗੁਨਾਹ ਸਿੱਖ ਧਰਮ ਦੇ ਹੀਰਿਆਂ ਨੂੰ ਝੂਠੇ ਮੁਕਦਮਿਆਂ ਵਿਚ ਫਸਾ ਕੇ ਕੈਦਾਂ ਤੇ ਫਾਂਸੀਆਂ ਦਿਵਾਂਦੇ ਸਨ। ਉਨ੍ਹਾਂ ਨੇ ਸੋਚਿਆ ਕਿ ਹੁਣ ਉਨ੍ਹਾਂ ਦੀਆਂ ਬੇਈਮਾਨੀਆਂ ਦਾ ਪਾਜ ਖੁਲ੍ਹੇਗਾ ਤੇ ਸਚ ਦਾ ਨਿਰਣਾ ਹੋਵੇਗਾ ਤਾਂ ਤੇ ਕਿਸੇ ਨਾਂ ਕਿਸੇ ਤਰ੍ਹਾਂ ਨਵੀਂ ਅਕਾਲੀ ਲਹਿਰ ਨੂੰ ਬੰਦ ਕੀਤਾ ਜਾਵੇ ਤੇ ਆਪਣੀਆਂ ਕੌਂਸਲਾਂ ਦੀਆਂ ਮੈਂਬਰੀਆਂ ਮਨਿਸਟਰੀਆਂ ਤੇ ਜੱਜੀਆਂ ਨੂੰ ਪੱਕਾ ਕੀਤਾ ਜਾਵੇ। ਇਨ੍ਹਾਂ ਸੁੰਦਰ ਮੁਖੜੇ, ਪਰ ਭੈੜੇ ਦਿਲਾਂ, ਨੇ ਆਪਨੇ ਆਪ ਨੂੰ ਗੁਪਾਲ ਦਾ ਲਾਲ ਸਮਝ, ਝੂਠੇ ਬਦਲਾਂ ਵਾਂਗਰ ਗੱਜਣਾਂ ਸ਼ੁਰੂ ਕਰ ਦਿੱਤਾ ਤੇ ਇਕ ਵਡੇ ਅਫ਼ਸਰ ਕੋਲ ਪਹੁੰਚ ਸਭਾ ਵਾਂਗਰ ਈਰਖਾ ਨਾਲ ਜਲਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨਾਮ ਧਰੀਕ ਸਰਕਾਰੀ ਸੇਵਾਦਾਰਾਂ ਨੇ ਇਸ ਅੰਗਰੇਜ਼ ਅਫ਼ਸਰ ਨੂੰ ਆਖਿਆ ਕਿ ਹੁਣ ਸਾਡੀ ਰਹਿ ਤਦ ਆਂਵਦੀ ਹੈ ਜੇ :-

(੧) 'ਅਕਾਲੀ' ਨੂੰ ਬੰਦ ਕਰਾ ਦਿੱਤਾ ਜਾਵੇ ਤੇ ਇਸ ਦੀ ਥਾਂ ਸਾਨੂੰ ਹੋਰ ਅਖ਼ਬਾਰ ਨਾ-ਮਿਲਵਰਤਨ ਦੇ ਬਰਖਲਾਫ਼ ਕਢਣ ਵਾਸਤੇ ਰੁਪਿਆ ਦਿੱਤਾ ਜਾਵੇ।

(੨) ਪੰਥ ਦੇ ਦਰਦੀ ਤੇ ਕੰਮ ਕਰਨ ਵਾਲਿਆਂ, ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ, ਭਾਈ ਸਰਦੂਲ ਸਿੰਘ ਜੀ ਕਵੀਸ਼ਰ, ਭਾਈ ਤੇਜਾ ਸਿੰਘ ਜੀ ਮਾਝਾ ਦੀਵਾਨ ਵਾਲੇ, ਮਾਸਟਰ ਮੋਤਾ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਝਬਰ, ਭਾਈ ਤੇਜਾ ਸਿੰਘ ਜੀ ਚੂਹੜਕਾਨਾ, ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ, ਸਰਦਾਰ ਦਾਨ ਸਿੰਘ ਜੀ ਵਛੋਏ ਵਾਲੇ, ਸਰਦਾਰ ਅਮਰ ਸਿੰਘ ਅਤੇ ਸਰਦਾਰ ਜਸਵੰਤ ਸਿੰਘ ਜੀ ਝੁਬਾਲ ਵਾਲੇ, ਆਦਿ ਸੱਜਣਾਂ ਨੂੰ ਕੈਦ ਕਰਾ ਦਿੱਤਾ ਜਾਵੇ।

(੩) ਲਾਹੌਰ, ਅੰਮ੍ਰਿਤਸਰ ਆਦਿ ਜ਼ਿਲ੍ਹਿਆਂ ਵਿਚ ਜਲਸੇ ਕਰਨੇ ਬੰਦ ਕਰ ਦਿਤੇ ਜਾਣ, ਤਾਂ ਕੇ ਲੋਕ ਆਪਣੇ ਖ਼ਿਆਲਾਂ ਦਾ ਪਰਚਾਰ ਨਾ ਕਰ ਸਕਣ। ਇਨ੍ਹਾਂ ਸੱਜਣਾਂ ਨੇ ਇਸ ਤਰ੍ਹਾਂ ਦੇ ਮਨਸੂਬੇ ਗੁੰਦ ਕੇ ਪੰਥ ਨੂੰ ਫਿਰ ਪਿਛੇ ਸੁੱਟ ਦੇਣ ਦੀਆਂ ਪੂਰੀਆਂ ਤਜਵੀਜ਼ਾਂ ਸ਼ੁਰੂ ਕਰ ਦਿੱਤੀਆਂ ਹਨ। ਹੁਣ ਦੇਖਣਾ ਇਹ ਹੈ ਕਿ ਇਨ੍ਹਾਂ ਕੌਮ ਘਾਤਕਾਂ ਨੂੰ ਇਸ ਬਦੇਸ਼ੀ ਅਫ਼ਸਰ ਦੀ ਰਾਹੀਂ ਇਨ੍ਹਾਂ ਤਿੰਨਾਂ ਗੱਲਾਂ ਵਿਚ ਕਿੰਨੀ ਕਾਮਯਾਬੀ ਹੋਈ ਹੈ।

(੧) 'ਅਕਾਲੀ' ਪੰਥ ਦੇ ਪਿਆਰੇ 'ਅਕਾਲੀ' ਨੂੰ ਬੰਦ ਕਰਾ ਦੇਣ ਦੀਆਂ ਸਖ਼ਤ ਕੋਸ਼ਿਸ਼ਾਂ ਹੋ ਰਹੀਆਂ ਹਨ। ਐਡੀਟਰ ਸਾਹਿਬ ਨੂੰ ਜੇਹਲ ਵਿਚ ਪਾ ਦਿੱਤਾ ਗਿਆ ਹੈ, ਮਾਸਟਰ ਸੁੰਦਰ ਸਿੰਘ ਜੀ ਦੇ ਵਰੰਟ ਕਢਾ ਦਿਤੇ ਹਨ ਅਤੇ ਦੂਜਾ ਇਕ ਹੋਰ ਰੋਜ਼ਾਨਾ ਅਖ਼ਬਾਰ ਇਸ ਦੇ ਮੁਕਾਬਲੇ ਤੇ ਕਢਣ ਦਾ ਜਤਨ ਕੀਤਾ ਜਾ ਰਿਹਾ ਹੈ। ਪੰਥ ਨੂੰ ਟਪਲਾ ਦੇਣ ਵਾਸਤੇ ਨਵੇਂ ਅਖ਼ਬਾਰ ਕੱਢਣ ਵਾਲਿਆਂ ਨੇ ਅਜੇ ਆਪਣਾ ਨਾਮ ਪ੍ਰਗਟ ਕਰਨ ਦਾ ਹੌਂਸਲਾ ਨਹੀਂ ਕੀਤਾ, ਪਰ ਅਸੀਂ ਪੰਥ ਨੂੰ ਦਸ ਦਿੰਦੇ ਹਾਂ ਕਿ ਇਸ ਨਵੇਂ ਅਖ਼ਬਾਰ ਦੀ ਪਿੱਠ ਤੇ ਮਸ਼ਹੂਰ ਪੰਥ ਦੇ ਦੁਸ਼ਮਣ ਹਨ ਅਤੇ ਇਸ ਅਖ਼ਬਾਰ ਦੀ ਐਡੀਟਰੀ ਇਕ ਐਸੇ ਸੋਹਣੇ ਸਿੰਘ ਦੇ ਸਪੁਰਦ ਹੋਈ ਹੈ, ਜੋ ਪਹਿਲਾਂ ਇਕ ਰਿਆਸਤ ਵਿੱਚੋਂ ਕਢਿਆ ਗਿਆ ਸੀ, ਤੇ ਫੇਰ ਜਿਸ ਨੇ ਚੀਫ਼ ਖਾਲਸਾ ਦੀਵਾਨ ਕੋਲ ਅਪਨੀ ਜ਼ਮੀਰ ਵੇਚ ਕੇ ਉਨ੍ਹਾਂ ਦੀ ਮਰਾਸੀ ਵਤ ਕਲਿਆਨ ਕਰਨ ਦਾ ਜ਼ਿੰਮਾਂ ਲਿਆ, ਅਤੇ ਜਦ ਉੱਥੋਂ ਭੀ ਧੱਕੇ ਪਏ ਤੇ ਫੇਰ ਇਕ ਮੁਲਕ ਦੇ ਦੁਸ਼ਮਨ ਅਖ਼ਬਾਰ ਵਿਚ ਬਤੌਰ ਉਲਥਾ ਕਰਨ ਵਾਲੇ ਦੇ ਕੰਮ ਕਰਦਾ ਰਿਹਾ ਅਤੇ ਉੱਥੋਂ ਵੀ ਧੱਕੇ ਖਾ ਕੇ ਹੁਣ ਪੰਥ ਪਿਆਰੇ 'ਅਕਾਲੀ' ਦੇ ਬਰਖਲਾਫ਼ ਪਰਚਾ ਕੱਢਣ ਵਾਸਤੇ ਪੰਥ ਦੇ ਦੁਸ਼ਮਣਾਂ ਦੀ ਨੌਕਰੀ ਕਰ ਕੇ ਆਪਨੇ ਪੇਟ ਦੇ ਤੰਦੂਰ ਨੂੰ ਦਾਰੂ ਰੋਟੀ ਨਾਲ ਭਰਨ

ਦਾ ਉਪਰਾਲਾ ਕਰ ਰਿਹਾ ਹੈ। ਅਸੀਂ ਛੇਤੀ ਹੀ ਇਸ ਸੱਜਣ ਦੀ ਸਾਰੀ ਅਗਲੀ ਪਿਛਲੀ ਕੱਥਾ ਤੇ ਸਵੇਰ ਸ਼ਾਮ ਦੀਆਂ ਆਦਤਾਂ ਤੇ ਪੂਰੀ ਰੋਸ਼ਨੀ ਪਾਵਾਂਗੇ।

(੨) ਸਰਦਾਰ ਮੰਗਲ ਸਿੰਘ ਜੀ ਜੇਹਲ ਵਿਚ ਪਾ ਦਿਤੇ ਹਨ। ਮਾਸਟਰ ਸੁੰਦਰ ਸਿੰਘ ਜੀ ਅਤੇ ਮਾਸਟਰ ਮੋਤਾ ਸਿੰਘ ਜੀ ਦੇ ਵਰੰਟ ਨਿਕਲ ਚੁਕੇ ਹਨ। ਬਾਕੀਆਂ ਦੇ ਬਾਰੇ ਵੀ ਆਮ ਅਫ਼ਵਾਹ ਹੈ ਕਿ ਇਕ ਵਾਰੀ ਨਿਕਲਣ ਦੀ ਤਜਵੀਜ਼ ਪੂਰੀ ਹੋ ਗਈ ਸੀ, ਪਰ ਫਿਰ ਇਕ ਸਮਝ ਵਾਲੇ ਅਫ਼ਸਰ ਦੀ ਰਾਇ ਨਾਲ ਇਹ ਤਜਵੀਜ਼ ਮੁਲਤਵੀ ਹੋ ਗਈ। ਪਰ ਖ਼ੁਫ਼ੀਆਂ ਪੁਲਿਸ ਵਾਲੇ ਦਿਨ ਰਾਤ ਇਨ੍ਹਾਂ ਪੰਥ ਸੇਵਕਾਂ ਦੇ ਅੱਗੇ ਪਿੱਛੇ ਫਿਰਦੇ ਰਹਿੰਦੇ ਹਨ ਤੇ ਪਤਾ ਨਹੀਂ ਇਨ੍ਹਾਂ ਦੇਸ਼ ਹਿਤੈਸ਼ੀਆਂ ਨੂੰ ਕਦੋਂ ਵਡੇ ਘਰ ਦੇ ਦਰਸ਼ਨ ਕਰਾਏ ਜਾਣ। ਅਕਾਲ ਪੁਰਖ ਦਾ ਸ਼ੁਕਰ ਹੈ, ਇਹ ਸੱਜਣ ਵੀ ਇਸ ਸੁਭਾਗ ਸਮੇਂ ਦੀ ਉਡੀਕ ਵਿਚ ਹਨ ਤੇ ਕੌਮ ਵਾਸਤੇ ਹਰ ਤਰ੍ਹਾਂ ਕੁਰਬਾਨ ਹੋਣ ਵਾਸਤੇ ਤਿਆਰ ਹਨ।

(੩) ਲਾਹੌਰ, ਅੰਮ੍ਰਿਤਸਰ, ਤੇ ਸ਼ੇਖ਼ੂਪੁਰੇ ਤੇ ਸਿੱਖ ਇਲਾਕਿਆਂ ਵਿਚ ਕੌਮੀ ਪ੍ਰਚਾਰ ਤੇ ਜਲਸੇ ਬੰਦ ਹੋਣ ਦਾ ਹੁਕਮ ਸਰਕਾਰ ਵੱਲੋਂ ਹੋ ਚੁਕਾ ਹੈ।

ਇਸ ਤੋਂ ਸਾਫ਼ ਪ੍ਰਗਟ ਹੈ ਕਿ ਕੌਮ ਦੇ ਦੁਸ਼ਮਣ ਆਪਣੀਆਂ ਸ਼ੈਤਾਨੀ ਚਾਲਾਂ ਵਿਚ ਕਿੱਥੋਂ ਤਕ ਵਧ ਚੁੱਕੇ ਹਨ ਤੇ ਅਗੇ ਨੂੰ ਕੀ ਕੁਛ ਕਰਨ ਵਾਸਤੇ ਤਿਆਰ ਹਨ; ਪਰ ਉਧਰ ਖ਼ਾਲਸਾ ਜੀ ਵੀ ਸੁਤਾ ਹੋਇਆ ਨਹੀਂ। ਗੁਰੂ ਦੇ ਸਿੱਖਾਂ ਨੇ "ਅਕਾਲੀ" ਨੂੰ ਬੰਦ ਕਰਨ ਦੀ ਥਾਂ 'ਅਕਾਲੀ ਪ੍ਰੈਸ' ਵੀ ਬਣਾ ਕੇ "ਅਕਾਲੀ" ਨੂੰ ਛੇਤੀ ਕਾਲ ਰਹਿਤ ਕਰ ਦੇਣਾ ਹੈ ਤੇ ਜਿਥੇ ਇਕ ਪੰਥ ਪਿਆਰਾ ਕੈਦ ਹੋਵੇਗਾ, ਉਸ ਦੀ ਥਾਂ ਦੋ ਹੋਰ ਸੱਜਣ ਕੁਰਬਾਨੀ ਵਾਸਤੇ ਖੜ੍ਹੇ ਕਰ ਦੇਣੇ ਹਨ।

ਖ਼ਾਲਸਾ ਜੀ ਤਿਆਰ ਬਰ ਤਿਆਰ ਹੋ ਜਾਵੋ ਤੇ ਆਪਣੇ ਦੁਸ਼ਮਨਾਂ ਦੀਆਂ ਕਮੀਨੀਆਂ ਚਾਲਾਂ ਨੂੰ ਸਮਝੋ! ਜਦ ਉਹ ਕਮੀਨੇ ਕੰਮ ਵਾਸਤੇ ਇਤਨੀ ਭਜ ਦੌੜ ਕਰ ਰਹੇ ਹਨ ਤੇ ਕੀ ਹੁਣ ਤੁਸੀਂ ਗੁਰੂ ਦੇ ਕੰਮ, ਪੰਥ ਦੇ ਕੰਮ, ਤੇ ਸੱਚ ਦੇ ਕੰਮ ਵਾਸਤੇ ਉਤਨਾਂ ਹੀ ਤਤਪਰ ਨਹੀਂ ਹੋ ਸਕਦੇ? ਉੱਠੋ ਤੇ ਇਨਾਂ ਕੌਮ ਘਾਤਕਾਂ ਦਾ ਰੂਹਾਨੀ ਤਾਕਤ ਨਾਲ ਨਾਸ ਕਰ ਦੇਵੋ ਤੇ ਉਸ ਵਕਤ ਤਕ ਸਾਹ ਨਾ ਲਵੋ, ਜਦ ਤਕ ਪ੍ਰਿਥਵੀ ਤੋਂ ਉਪਦਰਵ ਅਤੇ ਅਧਰਮ ਦੂਰ ਨਾਂ ਹੋ ਜਾਵੇ ਤੇ ਸਭ ਪਾਸੇ ਖ਼ਾਲਸਾ ਹੀ ਖ਼ਾਲਸਾ ਗਜਦਾ ਨਜ਼ਰ ਨ ਆਵੇ।

ਗੁਰਦੁਆਰਾ ਪਾ: ਛੇਵੀਂ ਖ਼ਾਲਸਾ ਜੀ ਦਾ ਪੂਰਾ ਕਬਜ਼ਾ

੨੯ ਸਵੇਰ ਦੀ ਕਾਰਵਾਈ "ਅਕਾਲੀ" ਵਿਚ ਛਪ ਗਈ ਹੈ। ਸ਼ਾਮ ਨੂੰ ਫਿਰ ਦੀਵਾਨ ਸਜਿਆ। ਸ: ਜਸਵੰਤ ਸਿੰਘ ਜੀ ਪ੍ਰਧਾਨ ਬਣਾਏ ਗਏ ਤੇ ਹੇਠਾਂ ਲਿਖਿਆ ਗੁਰਮਤਾ ਪੇਸ਼ ਹੋਇਆ :-

"ਹਰੀ (ਸਿੰਘ) ਗ੍ਰੰਥੀ ਚੂੰਕਿ ਸਿੱਖੀ ਤੋਂ ਖਾਰਜ ਹੈ ਤੇ ਉਸ ਦੀ ਗੁਰਦੁਆਰੇ ਵਿਚ ਵਸੋਂ ਖ਼ਾਲਸੇ ਜੀ ਦੇ ਆਸ਼ੇ ਨੂੰ ਬੜੀ ਹਾਨੀਕਾਰਕ ਹੈ, ਇਸ ਵਾਸਤੇ ਉਸ ਨੂੰ ਗੁਰਦੁਆਰੇ ਵਿੱਚੋਂ ਪਹਿਲੀ ਤਰੀਕ ਤਕ ਨਿਕਲ ਜਾਣ ਦਾ ਹੁਕਮ ਦਿੱਤਾ ਜਾਵੇ" ਭਾਈ ਗੁਰਬਖ਼ਸ਼ ਸਿੰਘ ਜੀ ਨੇ ਮੁੱਢ ਤੋਂ ਸਾਰਾ ਹਾਲ ਦਸਿਆ ਕਿ ਕਿਸ ਤਰ੍ਹਾਂ ਇਸ ਭਾਈ ਵੱਲੋਂ ਗੁਰੂ ਸੰਗਤ ਤੇ ਗੁਰੂ ਜੀ ਦੀਆਂ ਨਿਰਾਦਰੀਆਂ ਹੁੰਦੀਆਂ ਰਹੀਆਂ ਤੇ ਗੁਰਸਿੱਖੀ ਤੋਂ ਉਲਟ ਚਾਲਾਂ ਚਲਦਾ ਰਿਹਾ।

ਇਸ ਦੇ ਮਗਰੋਂ ਭਾਈ ਨੂੰ ਵੀ ਆਪਣੀ ਸਫ਼ਾਈ ਪੇਸ਼ ਕਰਨ ਲਈ ਪੂਰਾ ਵਕਤ ਦਿੱਤਾ ਗਿਆ। ਜਿਸ ਵਿਚ ਉਸ ਨੇ ਬਹੁਤ ਸਾਰਾ ਝੂਠ ਤੇ ਗਲਤ ਬਿਆਨੀ ਕੀਤੀ ਪਿੱਛੋਂ ਇਸ ਦਾ ਪੂਰਨ ਉਤਰ ਦਿੱਤਾ ਗਿਆ।

ਫਿਰ ਇਕ ਸਿੰਘ ਨੇ ਤਰਮੀਮ ਪੇਸ਼ ਕੀਤੀ ਕਿ ਭਾਈ ਨੂੰ ਹੁਣੇ ਹੀ ਕਢਿਆ ਜਾਵੇ। ਜੋ ਸਰਬ ਸੰਮਤੀ ਨਾਲ ਸੰਗਤ ਨੇ ਪ੍ਰਵਾਨ ਕਰ ਲਈ।

ਗੁਰੂ ਜੀ ਦਾ ਵਾਕ ਲੈ ਕੇ ੧੫ ਸਿੰਘ ਤੇ ੫ ਸਿੰਘਣੀਆਂ ਭਾਈ ਨੂੰ ਕੱਢਣ ਲਈ ਤੁਰੇ। ਭਾਈ ਨੂੰ ਹਾਲਾਂ ਤਕ ਗੁਰੂ ਦੀ ਸੰਗਤ ਦਾ ਭਉ ਨਹੀਂ ਸੀ ਆਇਆ। ਕੁਝ ਆਦਮੀ ਉਸ ਨੇ ਤਿਆਰ ਕਰ ਲਏ ਸਨ। ਪਰ ਉਹ ਖ਼ਾਲਸਾ ਜੀ ਨੂੰ ਵੇਖ ਕੇ ਖਿਸਕ ਗਏ। ਭਾਈ ਨੇ ਬੜੇ ਗੁੱਸੇ ਨਾਲ ਇਕ ਸਿੰਘ ਨੂੰ ਘਸੁੰਨ ਕੱਢ ਮਾਰਿਆ ਪਰ ਸਿੰਘਾਂ ਨੇ ਜਥੇਦਾਰ ਨੂੰ ਆਗਿਆ ਅਨੁਸਾਰ ਬੜੀ ਸ਼ਾਂਤੀ ਨਾਲ ਉਸ ਨੂੰ ਪਕੜ ਕੇ ਬਾਹਾਂ ਬੰਨ੍ਹ ਛਡੀਆਂ ਤੇ ਅੰਦਰ ਜਾ ਕੇ ਸਾਰੇ ਸਾਮਾਨ ਦੀ ਫ਼ਹਿਰਿਸਤ ਤਿਆਰ ਕੀਤੀ। ਭਾਈ ਦੀ ਮਾਂ ਤੇ ਚਾਚੀ ਨੇ ਬੜਾ ਪਿਟ ਕਲੂਟਾ ਪਾਇਆ ਤੇ ਬਾਹਰ

ਕਈ ਆਦਮੀ ਹਿੰਦੂ ਮੁਸਲਮਾਨ ਇਕੱਠੇ ਹੋ ਗਏ।

ਜਦ ਜਥੇਦਾਰ ਸ: ਜਸਵੰਤ ਸਿੰਘ ਜੀ ਨੇ ਉਨ੍ਹਾਂ ਨੂੰ ਸਾਰਾ ਹਾਲ ਦਸਿਆ ਤਾਂ ਉਹ ਚਲੇ ਗਏ ਅਤੇ ਦੋ ਆਦਮੀ ਸਾਰਾ ਹਾਲ ਵੇਖਣ ਲਈ ਨਾਲ ਰਹੇ, ਸਾਰਾ ਕੰਮ ਸ਼ਾਂਤੀ ਨਾਲ ਹੋਇਆ।

ਸਾਰੇ ਸਾਮਾਨ ਦੀ ਫ਼ਹਿਰਿਸਤ ਬਣਾ ਕੇ ਭਾਈ ਨੂੰ ਵਿਦਿਆ ਕਰ ਦਿੱਤਾ ਗਿਆ। ਹੁਣ ਗੁਰਦੁਆਰੇ ਉਤੇ ਖਾਲਸਾ ਜੀ ਦਾ ਕਬਜ਼ਾ ਹੈ।

ਸਵੇਰ ਵੇਲੇ ਇਹ ਗੁਰਮਤਾ ਪਾਸ ਹੋ ਚੁੱਕਾ ਸੀ ਕਿ "ਭਾਈ ਹਰੀ" (ਸਿੰਘ), ਗੁਰੂ ਸੰਗਤ ਤੇ ਗੁਰੂ ਦੀ ਹੱਤਕ ਕਰਨ ਕਰ ਕੇ ਅਤੇ ਸੰਗਤ ਤੇ ਦਾਵੇ ਕਰਨ ਕਰ ਕੇ ਸਿਖੀ ਤੋਂ ਖਾਰਜ ਹੈ।

ਥਾਣੇਦਾਰ ਸਾਹਿਬ ਜੋ ਇਸ ਗੁਰਦੁਆਰੇ ਦੇ ਮਾਮਲੇ ਉਤੇ ਲਗੇ ਹੋਏ ਹਨ। ਉਹ ਅਗੇ ਵੀ ਬੜੀ ਨੇਕ ਨਿਯਤੀ ਨਾਲ ਕੰਮ ਕਰਦੇ ਰਹੇ ਹਨ ਅਤੇ ਖਾਲਸੇ ਦੇ ਸ਼ਾਂਤ ਮਈ ਵਰਤਾਰੇ ਨੂੰ ਵੇਖਦੇ ਰਹੇ ਹਨ।

ਕਹਿੰਦੇ ਹਨ ਸਵੇਰ ਵੇਲੇ ਭਾਈ ਦੇ ਟਾਲਮਟੋਲੇ ਦਾ ਕਾਰਨ ਇਹ ਸੀ ਕਿ ਉਸ ਨੇ ਪੁਲਿਸ ਸੁਪ੍ਰਿੰਡੰਟ ਤੇ ਡਿਪਟੀ ਕਮਿਸ਼ਨਰ ਨੂੰ ਤਾਰਾਂ ਦਿੱਤੀਆਂ ਹੋਈਆਂ ਸਨ ਕਿ ਇਥੇ ਫ਼ਸਾਦ ਹੋਵੇਗਾ, ਪਰ ਸਰਕਾਰੀ ਅਫ਼ਸਰ ਇਸ ਦੇ ਧੋਖੇ ਵਿਚ ਨਾ ਆਏ।

ੴ ਵਾਹਿਗੁਰੂ ਜੀ ਕੀ ਫਤਹਿ

ਗੁਰਦੁਆਰਾ "ਪਧਰੀ" (ਲਾਹੌਰ) ਦੇ ਫ਼ੈਸਲੇ ਸਬੰਧੀ ਕਮਿਸ਼ਨਰ ਦੀ ਵਿਚਾਰ

ਸਿੱਖ ਲੀਗ ਦੇ ਜਲਸੇ ਦੇ ਛੇਕੜਲੇ ਦਿਨ ਗੁਰਦੁਆਰਾ ਰਕਾਬ ਗੰਜ ਅਤੇ ਜਥੇਬੰਦੀ ਦੇ ਸਵਾਲਾਂ ਦੇ ਨਾਲ ਇਹ ਫ਼ੈਸਲਾ ਭੀ ਹੋਇਆ ਸੀ ਕਿ ਗੁਰਦੁਆਰਾ ਪਧਰੀ ਦੇ ਮਾਮਲੇ ਦੀ ਖੋਜ ਲਈ ਕਮੇਟੀ ਬਣਾਈ ਜਾਵੇ। ਮਾਸਟਰ ਮੋਤਾ ਸਿੰਘ ਜੀ, ਬਾਬਾ ਗੁਰਦਿਆਲ ਸਿੰਘ ਜੀ, ਸ: ਸੋਹਣ ਸਿੰਘ ਜੀ ਸੈਕਟਰੀ ਸਿੰਘ ਸਭਾ ਲਾਹੌਰ ਇਸ ਕਾਰਜ ਲਈ ਮੁਕਰਰ ਕੀਤੇ ਗਏ ਸਨ। ਉਹਨਾਂ ਦੀ ਖੋਜ ਦਾ ਸਿੱਟਾ ਹੇਠਾਂ ਦਰਜ ਹੈ ਅਤੇ ਗਵਾਹੀਆਂ ਵਖਰੇ "ਜ਼ਮੀਮੇ" ਵਿਚ ਛਪੀਆਂ ਹਨ। ਹੁਣ ਪੰਥ ਯੋਗ ਵਿਚਾਰ ਕਰ ਲਵੇ।

"ਸੋਧ ਲਵੋ" ਜ਼ਮੀਮੇ ਉਤੇ ੩ ਨਵੰਬਰ ਦੀ ਥਾਂ ੪ ਤਾਰੀਖ ਛਪ ਗਈ ਹੈ ਸੋਧ ਲੈਣੀ।

(ਐਡੀਟਰ)

ਗੁਰੂ ਖਾਲਸਾ ਪੰਥ ਪ੍ਰਤੀ ਨਿਮਰਤਾ ਸਹਿਤ ਇਹ ਬਿਨਯ ਪ੍ਰਗਟ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਪਧਰੀ ਰਖਵਾਲੀ, ਜ਼ਿਲ੍ਹਾ ਲਾਹੌਰ ਦੀ ਬੇਅਦਬੀ ਸਬੰਧੀ ਪੂਰਨ ਪੜਤਾਲ ਦੀ ਜੋ ਸੇਵਾ ਸੇਵਕਾਂ ਦੇ ਸਪੁਰਦ ਹੋਈ ਸੀ। ਉਸ ਸਬੰਧੀ ੫ ਨਵੰਬਰ ੧੯੨੦ ਮੁਤਾਬਕ ੨੧ ਕਤੱਕ ਨੂੰ ਮੌਕੇ ਉਤੇ ਪੁੱਜ ਕੇ ਨਿਮਨ ਲਿਖਤ ਸੇਵਕਾਂ ਨੇ ਪੂਰਨ ਖੋਜ ਅਤੇ ਪੜਤਾਲ ਨਾਲ ਇਸ ਮਾਮਲੇ ਦੀ ਅਸਲੀਅਤ ਢੂੰਡੀ, ਤਾਂ ਨਿਰਸੰਦੇਹ ਇਸ ਸਿੱਟੇ ਨੂੰ ਪੁਜਣਾ ਪਿਆ ਹੈ ਕਿ ਥਾਨਾ ਬਰਕੀ ਜ਼ਿਲ੍ਹਾ ਲਾਹੌਰ ਦੇ ਸਬ ਇਨਸਪੈਕਟਰਾਂ (ਥਾਨੇਦਾਰਾਂ) ਮਿਰਜ਼ਾਂ ਗੁਲਾਮ ਹੁਸੈਨ ਅਤੇ ਵਲੀ ਮੁਹੰਮਦ ਸਮੇਤ ਪੰਡਤ ਅਨੰਤ ਰਾਮ ਹਵਲਦਾਰ ਤੇ ਸ਼ੇਖ ਗੁਲਾਮ ਰਸੂਲ ਹਵਲਦਾਰ ਅਰ ਅਮਲੇ ਦੇ ਸਿਪਾਹੀਆਂ ਨੇ ਜਾਨ ਬੁਝ ਕੇ ਹਕੂਮਤ ਦੇ ਨਸ਼ੇ ਅੰਦਰ ਮਸਤ ਹੋ ਕੇ ਨਾ ਕੇਵਲ ਗੁਰਦੁਆਰੇ ਅੰਦਰ ਕੁੱਠਾ ਮਾਸ ਰਿਧਾ ਤੇ ਖਾਧਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਗੁਰਦੁਆਰੇ ਦੇ ਹਾਤੇ ਵਿਚ ਹੁੱਕਾ ਪੀਤਾ, ਸਗੋਂ ਰੋਕਣ ਵਾਲੇ ਗ੍ਰੰਥੀ ਸਿੰਘ ਭਾਈ ਵਧਾਵਾ ਸਿੰਘ ਜੀ ਨੂੰ ਤਾੜਨਾ ਕੀਤੀ ਅਤੇ ਸਰਦਾਰ ਪਾਲਾ ਸਿੰਘ ਜੀ ਅਰ ਸਰਦਾਰ ਠਾਕਰ ਸਿੰਘ ਜੀ ਕਾਇਮੁਕਾਮ ਨੰਬਰਦਾਰ ਦੀ ਦਾੜ੍ਹੀ ਤੇ ਕੇਸ ਪੁੱਟ ਕੇ ਬੜੀ ਬੇਤਰਸੀ ਨਾਲ ਮਾਰਿਆ। ਕੁਠੇ ਸਬੰਧੀ ਇਸ ਤੋਂ ਵਧ ਕੇ ਹੋਰ ਕੀ ਸਲੂਕ ਹੋ ਸਕਦਾ ਹੈ ਕਿ ਪਿੰਡ ਦੇ ਮੁਸਲਮਾਨਾਂ ਵਿੱਚੋਂ ਅਰੂੜਾ ਚੌਂਕੀਦਾਰ, ਅਰੂੜਾ ਮਰਾਸੀ ਅਤੇ ਸ਼ਾਰੀ ਨੇ ਆਪਣੀਆਂ ਵਖੋ-ਵਖ ਗਵਾਹੀਆਂ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਗੁਰਦੁਆਰੇ ਵਿਚ ਕੁਠੇ ਦੇ ਬਣਨ ਅਤੇ ਠਾਣੇਦਾਰਾਂ ਦੇ ਤੇ ਬਾਕੀ ਅਮਲਾ ਪੁਲਿਸ ਦੇ ਕੁਠਾ ਖਾਣ ਸਬੰਧੀ ਸਬੂਤ ਦਿੱਤਾ ਹੈ।

ਹੁੱਕੇ ਸਬੰਧੀ ਸਿੱਖ ਗਵਾਹਾਂ ਦੇ ਬਿਆਨਾਂ ਤੋਂ ਬਿਨਾਂ ਮੁਸਲਮਾਨ ਗਵਾਹਾਂ ਨੇ ਵੇਰਵੇ ਸਹਿਤ ਸਬੂਤ ਦਿੱਤਾ ਹੈ, ਕਿ ਕਿਸ ਤਰ੍ਹਾਂ ਹੁੱਕੇ ਪਿੰਡ ਵਿੱਚੋਂ ਲਿਆ ਕੇ ਪੁਲਿਸ ਨੂੰ ਦਿੱਤੇ ਗਏ ਤੇ ਉਨ੍ਹਾਂ ਨੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਮੰਜੇ ਉਤੇ ਬੈਠਕੇ ਡਟ ਕੇ ਪੀਤੇ।

ਇਨ੍ਹਾਂ ਦਿਨਾਂ ਵਿਚ ਜੋ ਜੋ ਅਨੀਤੀਆਂ ਤੇ ਵਧੀਕੀਆਂ ਨਗਰ ਨਿਵਾਸੀਆਂ ਉੱਤੇ ਪੁਲਿਸ ਵਾਲਿਆਂ ਨੇ ਕੀਤੀਆਂ ਉਨ੍ਹਾਂ ਸਬੰਧੀ ਭਾਵੇਂ ਨਿਰਸੰਦੇਹ ਇਹ ਕਹਿਣਾ ਪਵੇਗਾ ਕਿ :-

(ਪੁਲਿਸ ਸ਼ਾਹੀ) ਦਾ ਸਮਾਂ ਮਾਰਸ਼ਲ ਲਾ ਪਿੱਛੋਂ ਝਟ ਹੀ ਪੰਜਾਬ ਦੇ ਇਸ ਨਗਰ ਦੇ ਨਿਵਾਸੀਆਂ ਨੂੰ ਵੇਖਣਾ ਪਿਆ। ਪਰ ਇਸ ਸਮੇਂ ਗੁਰਦੁਆਰੇ ਸਬੰਧੀ ਹੋਣ ਕਰ ਕੇ ਅਸੀਂ ਏਥੇ ਇਤਨਾ ਲਿਖ ਕੇ ਹੀ ਬੱਸ ਕਰਦੇ ਹਾਂ ਕਿ ਗੁਰੂ ਪੰਥ ਨੂੰ ਬਹੁਤ ਸ਼ੀਘਰ ਅਪਰਾਧੀਆਂ ਨੂੰ ਯੋਗ ਦੰਡ ਦਿਲਾਵਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਨਹੀਂ ਤਾਂ ਗੁਰਦੁਆਰੇ ਸਬੰਧੀ ਖੇਚਲ ਉਠਾ ਰਹੇ ਨਗਰ ਦੇ ਵਸਨੀਕਾਂ ਦਾ ਕੋਈ ਵਸੀਲਾ ਨਹੀਂ ਅਤੇ ਇਲਾਕੇ ਦੀ ਗੁਰਸਿਖੀ ਨੂੰ ਇਸ ਮਾਮਲੇ ਦੇ ਅਪੂਰਨ ਰਹਿਣ ਪਰ ਡਾਢੀ ਸਟ ਵਜੇਗੀ।

ਗੁਰਦਿਆਲ ਸਿੰਘ, ਮੋਤਾ ਸਿੰਘ
ਮੈਂਬਰ ਪੜਤਾਲੀ
ਕਮਿਸ਼ਨ ਗੁਰਦੁਆਰਾ
ਪੱਧਰੀ
੫-੧੧-੨੦

ਅਕਾਲੀ ਲਾਹੌਰ, ੪ ਦਸੰਬਰ ੧੯੨੦

ਗੁਰਦੁਆਰਾ ਪਧਰੀ ਸਬੰਧੀ ਗਵਾਹੀਆਂ

ੴ ਵਾਹਿਗੁਰੂ ਜੀ ਕੀ ਫਤੇ

ਮੈਂ ਗੁਰੂ ਖਾਲਸਾ ਪੰਥ ਪ੍ਰਤੀ ਸਨਿਮਰ ਬੇਨਤੀ ਕਰਦਾ ਹਾਂ, ਜੋ ਕਮੇਟੀ ਲਾਹੌਰੋਂ ਗੁਰਦੁਆਰਾ ਰਖ ਪੱਧਰੀ ਦੀ ਬੇ-ਅਦਬੀ ਸਬੰਧੀ ਆਈ ਸੀ, ਮੈਂ ਵੀ ਉਸ ਵਿਚ ਹਾਜ਼ਰ ਸਾਂ ਤੇ ਜੋ ਕੁਛ ਗਵਾਹੀਆਂ ਮੇਰੇ ਸਾਮਣੇ ਹੋਈਆਂ, ਉਨ੍ਹਾਂ ਮਲੂਮ ਹੋਇਆ ਹੈ ਕਿ ਥਾਨੇਦਾਰਾਂ ਮਿਰਜ਼ਾ ਗੁਲਾਮ ਹੁਸੈਨ ਤੇ ਵਲੀ ਮੁਹੰਮਦ ਅਤੇ ਉਨ੍ਹਾਂ ਦੇ ਅਮਲੇ ਨੇ ਉਪਰੋਕਤ ਗੁਰਦੁਆਰਾ ਰੱਖ ਪੱਧਰੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੜੀ ਬੇ-ਅਦਬੀ ਕੀਤੀ ਅਰਥਾਤ

(੧) ਦੋਵੇਂ ਥਾਨੇਦਾਰ ਗੁਰਦੁਆਰੇ ਤੇ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਸਨ ਸੌਂਦੇ ਰਹੇ।
(੨) ਗੁਰਦੁਆਰੇ ਤੇ ਕੁਠਾ ਮਾਸ ਰਾਤ ਦੇ ਵੇਲੇ ਖਾਂਦੇ ਰਹੇ।
(੩) ਗੁਰਦੁਆਰੇ ਤੇ ਨਹਾਉਂਦੇ ਰਹੇ।
(੪) ਗੁਰਦੁਆਰੇ ਤੇ ਗੁਰਦੁਆਰੇ ਦੇ ਹਾਤੇ ਵਿਚ ਕੁਠਾ ਰਿਝਦਾ ਰਿਹਾ।
(੫) ਗੁਰਦੁਆਰੇ ਤੇ ਹਾਤੇ ਵਿਚ ਪੁਲਿਸ ਦਾ ਅਮਲਾ ਹੁੱਕਾ ਪੀਂਦਾ ਰਿਹਾ।

ਉਪਰ ਲਿਖੇ ਅਪ੍ਰਾਧ ਕੀਤੇ ਗਏ। ਸੋ ਮੈਂ ਹੁਣ ਪੰਥ ਪ੍ਰਤੀ ਬੜੀ ਅਧੀਨਗੀ ਨਾਲ ਅਰਜ਼ ਕਰਦਾ ਹਾਂ ਕਿ ਖਾਲਸਾ ਜੀ ਸ਼ਾਂਤੀ ਤੋਂ ਕੰਮ ਲੈਂਦੇ ਹੋਏ ਸਰਕਾਰ ਦੀ ਸੇਵਾ ਵਿਚ ਅਰਜ਼ ਕੀਤੀ ਜਾਵੇ ਕਿ ਥਾਨਾ ਬਰਕੀ ਦੇ ਉਸ ਅਮਲੇ ਨੂੰ ਉਨ੍ਹਾਂ ਦੇ ਅਪਰਾਧ ਲਈ ਯੋਗ ਦੰਡ ਦਿੱਤਾ ਜਾਵੇ। ਮੈਨੂੰ ਪੂਰੀ ਉਮੀਦ ਹੈ ਕਿ ਸਰਕਾਰ ਜ਼ਰੂਰ ਅਪਰਾਧੀਆਂ ਨੂੰ ਯੋਗ ਦੰਡ ਦੇਵੇਗੀ। ਉਪਰੋਕਤ ਕਸੂਰ ਕੇਵਲ ਥਾਨੇਦਾਰਾਂ ਤੇ ਉਨ੍ਹਾਂ ਦੇ ਅਮਲੇ ਦਾ ਹੈ, ਨਾ ਕਿ ਸਰਕਾਰ ਦਾ। ਸਰਕਾਰ ਤਾਂ ਜੋ ਕੋਈ ਕਿਸੀ ਦੇ ਧਰਮ ਵਿਚ ਹਾਨੀ ਪੁਚਾਉਂਦਾ ਹੈ ਉਸ ਨੂੰ ਦੰਡ ਦੇਂਦੀ ਹੈ।

ਮੈਂ ਨਹੀਂ ਚਾਹੁੰਦਾ ਕਿ ਪਬਲਿਕ ਵਿਚ ਪ੍ਰਗਟ ਕਰ ਕੇ ਸਰਕਾਰ ਦੇ ਬਰਖ਼ਲਾਫ਼ ਐਜੀਟੇਸ਼ਨ ਕੀਤੀ ਜਾਵੇ ਪ੍ਰੰਤੂ ਅਪਰਾਧੀਆਂ ਨੂੰ ਦੰਡ ਦਿਵਾਉਣ ਦਾ ਉਪਰਾਲਾ ਸਰਕਾਰ ਦੀ ਰਾਹੀਂ ਕੀਤਾ ਜਾਵੇ।

ਖਾਲਸਾ ਜੀ ਦਾ ਦਾਸ
ਬਹਾਦਰ ਸਿੰਘ ਕੈਪਟਨ
ਪਿੰਡ ਘਵਿੰਡੀ ਜਿਲਾ ਲਾਹੌਰ

ਅਕਾਲੀ ਲਾਹੌਰ, ੪ ਦਸੰਬਰ ੧੯੨੦

ਆਓ, ਕੰਮ ਕਰਨ ਦਾ ਪ੍ਰੋਗਰਾਮ ਬਣਾਈਏ

ਸੰਸਾਰ ਵਿਚ ਹਰ ਕੰਮ ਕਿਸੇ ਨਾ ਕਿਸੇ ਵੰਡ ਅਤੇ ਤਰਤੀਬ ਨਾਲ ਹੋ ਰਿਹਾ ਹੈ। ਗਡੀ ਚਲਣ ਦਾ ਸਮਾਂ ਨੀਯਤ ਹੈ। ਜਿਥੇ ਜਿਥੇ ਦੂਜੀਆਂ ਗਡੀਆਂ ਦਾ ਮੇਲ ਜ਼ਰੂਰੀ ਹੈ। ਸਮਾਂ ਉਨ੍ਹਾਂ ਨਾਲ ਮੇਲ ਕੇ ਰਖਿਆ ਗਿਆ ਹੈ। ਸਕੂਲਾਂ, ਵਰਕਸ਼ਾਪਾਂ ਤੇ ਕਾਰਖ਼ਾਨਿਆਂ ਦੇ ਕੰਮਾਂ ਦੀ ਵੀ ਇਸ ਤਰ੍ਹਾਂ ਵੰਡ ਹੋਈ ਹੋਈ ਹੈ। ਇਸ ਤਰ੍ਹਾਂ ਜ਼ਰੂਰੀ ਗੱਲ ਹੈ ਕਿ ਅਸੀਂ ਵੀ ਆਪਣੇ ਕੌਮੀ ਕੰਮ ਨੂੰ ਠੀਕ ਠੀਕ ਪ੍ਰਬੰਧ ਕਰ ਕੇ (ਪ੍ਰੋਗਰਾਮ) ਨਿਯਮਾਵਲੀ ਬਣਾ ਲਵੀਏ।

'ਅਕਾਲੀ' ਨੇ ਸ਼ੁਰੂ ਵਿਚ ਹੀ ਪੰਥ ਦੇ ਸਾਹਮਣੇ ਪੰਜ ਕੰਮ ਪੇਸ਼ ਕੀਤੇ ਸਨ।

੧. ਦਰਬਾਰ ਸਾਹਿਬ ਅਤੇ ਗੁਰਧਾਮਾਂ ਦੇ ਪ੍ਰਬੰਧ।

੨. ਖਾਲਸਾ ਕਾਲਜ ਨੂੰ ਖਾਲਸ ਕੌਮੀ ਕਾਲਜ ਬਨਾਣਾ।

੩. ਸਿੱਖ ਰਾਜਸੀ ਕੈਦੀਆਂ ਦੇ ਛੁਟਕਾਰੇ ਦਾ ਯਤਨ ਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਸਹਾਇਤਾ।

੪. ਸਿੱਖ ਅਧਿਕਾਰਾਂ ਲਈ ਯਤਨ।

੫. ਸਿੱਖ ਰਹਿਤਾਂ ਦੀਆ ਰੁਕਾਵਟਾਂ ਦਾ ਹਟਾਣਾ।

ਅਤੇ ਸਾਰਾ ਯਤਨ ਇਨਾਂ ਪੰਜਾਂ ਕੰਮਾਂ ਦੀ ਪੂਰਣਤਾ ਲਈ ਜਾਰੀ ਰਖਿਆ ਗਿਆ। ਅਕਾਲ ਪੁਰਖ ਦੀ ਕ੍ਰਿਪਾ ਨਾਲ ਗੁਰੂ ਪੰਥ ਨੇ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਪ੍ਰਬੰਧ ਕਰਨ ਵਿਚ ਬਹੁਤ ਸਾਰੀ ਸਫਲਤਾ ਪ੍ਰਾਪਤ ਕਰ ਲਈ ਹੈ। ਸਿੱਖ ਰਹਿਤਾਂ ਦੀਆਂ ਬਹੁਤ ਸਾਰੀਆਂ ਰੁਕਾਵਟਾਂ ਹਟ ਗਈਆਂ ਹਨ। ਖਾਲਸਾ ਕਾਲਜ ਸਬੰਧੀ ਜਬਰਦਸਤ ਵਿਚਾਰਕ ਜੁਧ ਆਰੰਭ ਹੋ ਗਿਆ ਹੈ ਅਤੇ ਸਰਕਾਰ ਦੇ ਰੁਖੇ ਤੇ ਨਿਰਾਸਤਾ ਭਰੇ ਸਲੂਕ ਨੇ ਨੌਕਰਸ਼ਾਹੀ ਅੱਗੇ ਹੱਥ ਟੱਡਣ ਤੇ ਨਕ ਰਗੜਨ ਤੋਂ ਛੁਟੀ ਦਿਵਾ ਦਿੱਤੀ ਹੈ। ਇਸ ਲਈ ਹੁਣ ਰਾਜ ਪ੍ਰਬੰਧ ਅਧਿਕਾਰ ਤਾਂ ਪੰਚਾਇਤੀ ਰਾਜ (ਸੈਲਫ ਗਵਰਨਮੈਂਟ) ਤੋਂ ਬਿਨਾਂ ਹੋਰ ਕਿਸੇ ਪਾਸੋਂ ਮੰਗਣ ਦੀ ਲੋੜ ਨਹੀਂ ਤੇ ਸਿੱਖ ਰਾਜਸੀ ਕੈਦੀਆਂ ਦੇ ਛੁਟਕਾਰੇ ਦੀ ਆਸ ਵੀ ਨੌਕਰਸ਼ਾਹੀ ਦੇ ਹੱਥੋਂ ਟੁੱਟ ਚੁੱਕੀ ਹੈ। ਇਸ ਵੇਲੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਉਦਮ ਹੋ ਰਿਹਾ ਹੈ।

ਪਰ ਇਨ੍ਹਾਂ ਛਿਆਂ ਮਹੀਨਿਆਂ ਵਿਚ ਸਿੱਖ ਕੌਮ ਦੇ ਸਮੇਂ ਨੇ ਬੜਾ ਪਲਟਾ ਖਾਧਾ ਹੈ ਅਤੇ ਕੌਮ ਦੇ ਆਸ਼ਿਆਂ ਦੀ ਪੂਰਤੀ ਲਈ ਜੋ ਵਸੀਲੇ ਅੱਜ ਤੋਂ ਛੇ ਮਹੀਨੇ ਪਹਿਲਾਂ ਕੌਮ ਨੇ ਸੋਚੇ ਸਨ, ਉਹ ਹੁਣ ਕੰਮ ਆਉਣ ਵਾਲੇ ਨਹੀਂ ਰਹੇ। ਹੁਣ ਲੋੜ ਪਈ ਹੈ ਕਿ ਮੌਜੂਦਾ ਹਾਲਤ ਉਤੇ ਗੌਰ ਕਰ ਕੇ ਵਿਚਾਰ ਕਤਿ ਜਾਵੇ ਅਤੇ ਕੌਮ ਦੇ ਸਾਹਮਣੇ ਉਹਨਾਂ ਕੰਮਾਂ ਅਤੇ ਉਹਨਾਂ ਢੰਗਾਂ ਨੂੰ ਰਖਿਆ ਜਾਵੇ ਜਿਨ੍ਹਾਂ ਦੀ ਇਸ ਵੇਲੇ ਡਾਢੀ ਲੋੜ ਹੈ।

ਇਸ ਵੇਲੇ ਸਭ ਤੋਂ ਪਹਿਲਾ ਸਵਾਲ ਸਾਡੇ ਸਾਹਮਣੇ ਖਾਲਸਾ ਕਾਲਜ ਦਾ ਹੈ। ਕੌਮ ਦੇ ਪੋਹਰਿਆਂ ਨਾਲ ਜੋੜੇ ਹੋਏ ਤੇ ਲਹੂ ਦੀ ਕਮਾਈ ਨਾਲ ਇਕੱਠੇ ਕੀਤੇ ਹੋਏ ਰੁਪਏ ਨਾਲ ਇਹ ਪਿਆਰਾ ਕਾਲਜ ਬਣਾਇਆ ਗਿਆ ਸੀ।

ਕੌਮ ਨੇ ਆਪਣੀ ਧਾਰਮਿਕ ਅਤੇ ਵਿਦਿਅਕ ਉਨਤੀ ਦੀਆਂ ਆਸਾਂ ਇਸੇ ਪਾਸੋਂ ਰੱਖੀਆਂ ਸਨ। ਕੌਮ ਉਡੀਕ ਰਹੀ ਸੀ ਕਿ ਇਸ ਪਿਆਰੇ ਕਾਲਜ ਵਿੱਚੋਂ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਮਤਾਬ ਸਿੰਘ ਜੀ ਵਰਗੇ ਧਰਮੀ ਬੀਰ ਪੈਦਾ ਹੋ ਕੇ ਕੌਮ ਨੂੰ ਸੰਸਾਰ ਵਿਚ ਰੋਸ਼ਨ ਕਰਨਗੇ। ਪਰ ਸ਼ੋਕ! ਇਸ ਕਾਲਜ ਨੂੰ ਸਿੱਖਾਂ ਦੀਆਂ ਇਨ੍ਹਾਂ ਖਾਹਸ਼ਾਂ ਨੂੰ ਤਬਾਹ ਕਰਨ ਲਈ ਕੇਵਲ "ਨਿਮਕ ਹਲਾਲ ਲੜਕ —ਲੋਗ" ਪੈਦਾ ਕਰਨ ਲਈ ਵਰਤਿਆ ਗਿਆ।

ਸਰਕਾਰ ਅਗੇ ਕੌਮ ਨੇ ਤਰਲੇ ਕੀਤੇ, ਮਿੰਨਤਾਂ ਕੀਤੀਆਂ ਪਰ ਕੋਈ ਸੁਣਾਈ ਨਾ ਹੋਈ ਆਖ਼ਰ ਉਹ ਦਿਨ ਆ ਗਿਆ, ਜਦ ਕੌਮ ਨੇ ਕੌਮੀ ਆਨ ਦਾ ਖ਼ਿਆਲ ਕਰ ਕੇ ਸਰਕਾਰ ਨੂੰ ਆਖ ਦਿੱਤਾ ਕਿ ਜੇ ਇਸ ਕਾਲਜ ਵਿਚ ਸਰਕਾਰੀ ਦਖ਼ਲ ਰਿਹਾ ਤਾਂ ਅਸੀਂ ਨਹੀਂ ਰਹਾਂਗੇ।

ਅਕਾਲੀ ਲਾਹੌਰ, ੪ ਦਸੰਬਰ ੧੯੨੦

ਖਾਲਸਾ ਜੀ ਦਾ ਜਲਸਾ

ਖਾ: ਕਾਲਜ ਸਬੰਧੀ ਗੁਰਮਤੇ ਮੌਜੂਦਾ

ਖਾ: ਕਾਲਜ ਕੌਂਸਲ ਦੇ ਮੈਂਬਰ ਅਸਤੀਫੇ ਦੇ ਦੇਣ

੧ ਦਸੰਬਰ ਨੂੰ ਸ਼ਾਮ ਦੇ ੪ ਵਜੇ ਬ੍ਰੈਡਲਾ ਹਾਲ ਵਿਚ ਖਾਲਸਾ ਜੀ ਦਾ ਜਲਸਾ ਹੋਇਆ। ਸ਼ਹਿਰ ਲਾਹੌਰ ਦੇ ਸਿੱਖਾਂ ਤੋਂ ਬਿਨਾਂ ਜੇਹਲਮ, ਅੰਮ੍ਰਿਤਸਰ, ਲਾਇਲਪੁਰ ਆਦਿਕ ਕਈ ਥਾਵਾਂ ਤੋਂ ਪੰਥ ਪਿਆਰੇ ਆਏ ਹੋਏ ਸਨ। ਸ: ਅਮਰ ਸਿੰਘ ਜੀ, ਸ: ਜਸਵੰਤ ਸਿੰਘ ਜੀ, ਸ: ਹਰਚੰਦ ਸਿੰਘ ਜੀ, ਸ: ਜੀਵਨ ਸਿੰਘ ਜੀ ਜੇਹਲਮ, ਸ: ਸਰਦੂਲ ਸਿੰਘ ਜੀ, ਸ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਆਦਿਕ ਪੰਥ ਦਰਦੀਆਂ ਨੇ ਦਰਸ਼ਨ ਦਿਤੇ। ਮਿ: ਸਨਤਾਨਮ, ਦੀਵਾਨ ਨਿਰੰਜਨ ਦਾਸ, ਮਿਸਟਰ ਸੇਵਲ ਤੇ ਹੋਰ ਬਹੁਤ ਸਾਰੇ ਹਿੰਦੂ ਮੁਸਲਮਾਨ ਭਰਾ ਵੀ ਆਏ। ਬਾਬਾ ਸੂਰਜ ਸਿੰਘ ਜੀ ਦੀ ਪ੍ਰਧਾਨਤਾ ਵਿਚ ਕਾਰਵਾਈ ਸ਼ੁਰੂ ਹੋਈ।

ਸ: ਅਮਰ ਸਿੰਘ ਜੀ ਦਿਆਲ ਭੜਿੰਗ ਵਾਲਿਆਂ ਨੇ ਹੇਠਾਂ ਲਿਖਿਆ ਗੁਰਮਤਾ ਪੇਸ਼ ਕੀਤਾ :-

ਇਹ ਜਲਸਾ ਖਾਲਸਾ ਕਾਲਜ ਕੌਂਸਲ ਨੂੰ ਪੰਥ ਦੇ ਪ੍ਰਤੀਨਿਧਾਂ ਦੀ ਕੌਂਸਲ ਨਹੀਂ ਸਮਝਦਾ ਤੇ ਇਸ ਨੂੰ ਪੰਥ ਲਈ ਹਾਨੀਕਾਰਕ ਸਮਝਦਾ ਹੈ। ਇਸ ਕੌਂਸਲ ਨੂੰ ੧੫ ਦਿਨਾਂ ਦੇ ਅੰਦਰ ੨ ਅਸਤੀਫ਼ਾ ਦੇ ਕੇ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਹੇਠਾਂ ਲਿਖੇ ਸੱਜਣਾਂ ਦੀ ਕਮੇਟੀ ਨੂੰ ਪ੍ਰਤੀਨਿਧ ਚੁਣਨ ਤੇ ਕਾਇਦੇ ਬਣਾਨ ਵਾਸਤੇ ਅਤੇ ਪ੍ਰਬੰਧ ਕਰਨ ਵਾਸਤੇ ਆਖਿਆ ਜਾਵੇ ਨਹੀਂ ਤਾਂ ਖਾਲਸਾ ਕਾਲਜ ਨੂੰ ਖਾਲਸਾ ਜੀ ਆਪ ਹੀ ਸੰਭਾਲ ਲਵੇਗਾ।

ਸਿੱਖ ਲੀਗ ਦੇ ਪ੍ਰਤੀਨਿਧ	੭
ਸਿੱਖ ਐਜੂਕੇਸ਼ਨਲ ਕਮੇਟੀ ਦੇ	੩
ਸਿੱਖ ਗ੍ਰੈਜੂਏਟਾਂ ਵਲੋਂ	੨
ਗੁਰੂ ਨਾਨਕ ਖਾ: ਕਾਲਜ, ਅਕਾਲ ਕਾਲਜ, ਅਤੇ ਖਾ: ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰਾਂ ਵਲੋਂ ਇਕ ਇਕ ਸਾਰੇ	੩
ਜੋੜ	੧੫

ਸਰਦਾਰ ਜੀ ਨੇ ਜ਼ਬਰਦਸਤ ਵਿਖਿਆਨ ਵਿਚ ਨੌਕਰਸ਼ਾਹੀ ਦੇ ਇਸ ਵਤੀਰੇ ਤੇ ਘ੍ਰਿਣਾ ਪ੍ਰਗਟ ਕੀਤੀ, ਜੋ ਉਹ ਪੰਥ ਦੇ ਛੇਕੇ ਹੋਏ ਆਦਮੀਆਂ ਨੂੰ ਪੰਥ ਦਾ ਪ੍ਰਤੀਨਿਧ ਸਮਝ ਕੇ ਪੰਥ ਦਾ ਦਿਲ ਦੁਖਾ ਰਹੀ ਹੈ। ਕਿੰਗ ਸਾਹਿਬ ਦੇ ਟਾਲ ਮਟੋਲਿਆਂ ਤੇ ਨਰਾਜ਼ਗੀ ਪ੍ਰਗਟ ਕਰਦਿਆਂ ਹੋਇਆ ਅਤੇ ਵਿਚ ਜ਼ੋਰ ਦਿੱਤਾ ਕਿ ਕੌਂਸਲ ਦੇ ਮੈਂਬਰ ਜਿਤਨੀ ਛੇਤੀ ਹੋ ਸਕੇ, ਅਸਤੀਫ਼ੇ ਦੇ ਦੇਣ ਨਹੀਂ ਤਾਂ ਖਾਲਸਾ ਕਾਲਜ ਆਪ ਜਾ ਕੇ ਸਾਂਭ ਲਵੇਗਾ।

ਜਿਸ ਦੀ ਪੁਸ਼ਟੀ ਸ: ਪ੍ਰੇਮ ਸਿੰਘ ਜੀ ਸੋਢਬੰਸ ਨੇ ਕੀਤੀ ਤੇ ਗੁਰਮਤਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਾਸ ਹੋਇਆ।

ਦੂਜਾ ਗੁਰਮਤਾ ਸਰਦਾਰ ਪ੍ਰਤਾਪ ਸਿੰਘ ਜੀ ਐਡੀਟਰ "ਅਕਾਲੀ" ਨੇ ਪੇਸ਼ ਕੀਤਾ :-

"ਇਹ ਜਲਸਾ ਸਰਕਾਰ ਦਾ ਇਕਰਾਰ ਕਰ ਕੇ ਕਾਲਜ ਨੂੰ ਸਿੱਖਾਂ ਦੇ ਹਵਾਲੇ ਕਰਨੇ ਤੋਂ ਟਾਲ ਮਟੋਲੇ ਕਰਨ ਤੇ ਅਫ਼ਸੋਸ ਕਰਦਾ ਹੈ। ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨੂੰ ਕੌਮੀ ਆਨ ਤੇ ਡਟੇ ਰਹਿਣ ਦੀ ਵਧਾਈ ਦੇਂਦਾ ਹੈ ਅਤੇ ਸ: ਹਰਬਖ਼ਸ਼ ਸਿੰਘ ਜੀ ਸਿਆਲਕੋਟ ਨੂੰ ਕੌਂਸਲ ਵਿੱਚੋਂ ਅਸਤੀਫ਼ਾ ਦੇਣ ਤੇ ਵਧਾਈ ਦੇਂਦਾ ਹੈ।

ਸਰਦਾਰ ਜੀ ਨੇ ਆਪਣੇ ਬਿਆਨ ਵਿਚ ਚੰਗੀ ਤਰ੍ਹਾਂ ਦਸਿਆ ਕਿ ਖਾ: ਕਾਲਜ ਨੂੰ ਹੁਣ ਨਿਰੋਲ ਕੌਮੀ ਕਾਲਜ ਬਣਾਏ ਬਿਨਾ ਪੰਥ ਨੂੰ ਸਬਰ ਨਹੀਂ ਕਰਨਾ ਚਾਹੀਦਾ। ਇਸ ਦੀ ਪੁਸ਼ਟੀ ਬਾਬਾ ਗੁਰਦਿਆਲ ਸਿੰਘ ਜੀ ਨਾਮਧਾਰੀ ਨੇ ਕੀਤੀ ਅਤੇ ਫਿਰ ਭਾਈ ਸਰਦਾਰਾ ਸਿੰਘ ਜੀ ਐਡੀਟਰ ਖਾਲਸਾ ਅਖ਼ਬਾਰ ਨੇ ਇਸ ਨੂੰ ਹੋਰ ਪੱਕਾ ਕੀਤਾ, ਸਰਬ ਸੰਮਤੀ ਨਾਲ ਪਾਸ ਹੋਇਆ।

ਤੀਜਾ ਗੁਰਮਤਾ ਸ: ਜਸਵੰਤ ਸਿੰਘ ਜੀ ਝਬਾਲ ਵਾਲਿਆਂ ਨੇ ਪੇਸ਼ ਕੀਤਾ :-

"ਇਹ ਜਲਸਾ ਨਾ ਮਿਲਵਰਤਨ ਦੇ ਵਿਰੁਧ ਖਾ: ਕਾਲਜ ਕੌਂਸਲ ਵਿਚ ਮਤਾ ਪਾਸ ਕਰਨ ਵਾਲਿਆਂ ਅਤੇ ਤਕਰੀਰਾਂ ਕਰਨ ਵਾਲਿਆ ਖੜਕ ਸਿੰਘ ਵਕੀਲ, ਗਜਨ ਸਿੰਘ ਆਨ੍ਰੇਬਲ ਅਤੇ ਮਹਿਤਾਬ ਸਿੰਘ ਸਰਕਾਰੀ ਵਕੀਲ ਉਤੇ ਘ੍ਰਿਣਾ ਪ੍ਰਗਟ ਕਰਦਾ ਹੈ ਤੇ ਉਹਨਾਂ ਨੂੰ ਬਰਾਦਰੀ ਵਿੱਚੋਂ ਖਾਰਜ ਕਰਦਾ ਹੈ। ਇਸ ਗੁਰਮਤੇ ਦੀ ਤਾਈਦ ਭਾਈ ਨਿਧਾਨ ਸਿੰਘ ਜੀ, ਭਾਈ ਵਰਿਆਮ ਸਿੰਘ ਜੀ, ਅਤੇ ਇਕ ਦੋ ਹੋਰ ਸਜਨਾਂ ਨੇ ਕੀਤੀ ਤੇ ਜ਼ੋਰ ਦਿੱਤਾ ਕਿ ਇਨ੍ਹਾਂ ਆਦਮੀਆਂ ਨੂੰ ਨਾ ਕੋਈ ਫਤੇ ਬੁਲਾਵੇ ਤੇ ਨਾ ਭਾਈਚਾਰੇ ਵਿਚ ਸਦੇ। ਨ ਇਨ੍ਹਾਂ ਦੇ ਜਾਵੇ। ਇਕ ਸਿੰਘ ਨੇ ਇਹ ਵੀ ਉਠ ਕੇ ਆਖਿਆ ਕਿ ਸ: ਸੋਹਣ ਸਿੰਘ ਐਡੀਟਰ 'ਦੀ ਸਿੱਖ' ਨੇ ਮਹਿਤਾਬ ਸਿੰਘ ਨੂੰ ਕੌਂਸਲ ਦਾ ਮੈਂਬਰ ਬਣਨ ਉਤੇ ਵਧਾਈਆਂ ਦਿੱਤੀਆਂ ਹਨ, ਉਸ ਦਾ ਵੀ ਬਾਈਕਾਟ ਕੀਤਾ ਜਾਵੇ। ਪਰ ਪ੍ਰਧਾਨ ਜੀ ਨੇ ਕਿਹਾ ਕਿ ਕਾਲਜ ਦੇ ਮਾਮਲੇ ਨਾਲ ਇਸ ਦਾ ਸਬੰਧ ਨਹੀਂ।

ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਇਹ ਗੁਰਮਤਾ ਵੀ ਪਾਸ ਹੋਇਆ।

ਉਪਰੰਤ ਗੁਰਦੁਆਰਿਆਂ ਸਬੰਧੀ ਦੀਵਾਨ ਹੋਇਆ ਤੇ ਭਾਈ ਕਰਤਾਰ ਸਿੰਘ ਜੀ ਝਬਰ ਨੇ ਪੰਜੇ ਸਾਹਿਬ ਦੇ ਹਾਲ ਦਸੇ। 'ਅਕਾਲੀ ਫ਼ੌਜ' ਦੀ ਤਜਵੀਜ਼ ਪੇਸ਼ ਕੀਤੀ। ਇਸ ਉਤੇ ਵਿਚ ਵਿਚਾਰ ਹੋਵੇਗੀ।

ਅਕਾਲੀ ਲਾਹੌਰ, ੫ ਦਸੰਬਰ ੧੯੨੦

ਸ: ਮੰਗਲ ਸਿੰਘ ਜੀ ਨੂੰ ਪੰਜ ਸਾਲ ਕੈਦ ਦੀ ਸਜ਼ਾ !

ਸ: ਮੰਗਲ ਸਿੰਘ ਜੀ ਦੇ ਮੁਕਦਮੇ ਵਿਚ ਸਰਕਾਰੀ ਗਵਾਹਾਂ ਅਤੇ ਸਰਕਾਰੀ ਵਕੀਲ ਦੇ ਬਿਆਨ ਪੜ੍ਹ ਕੇ ਪਬਲਿਕ ਖ਼ਿਆਲ ਕਰ ਰਹੀ ਸੀ ਕਿ ਸਰਦਾਰ ਜੀ ਛੱਡ ਦਿਤੇ ਜਾਣਗੇ ਜਾਂ ਬਹੁਤ ਹੀ ਥੋੜ੍ਹੀ ਸਜ਼ਾ ਮਿਲੇਗੀ। ਪਰ ਹੁਣੇ ਖਬਰ ਆਈ ਹੈ ਕਿ ਅੱਜ ਸਵੇਰੇ ਹੀ ਸਰਦਾਰ ਜੀ ਨੂੰ ਚੁਪ ਚੁਪੀਤੇ ਕਚਹਿਰੀ ਲਿਆ ਕੇ ਹੁਕਮ ਸੁਣਾ ਦਿੱਤਾ ਗਿਆ ਹੈ ਕਿ ੧੨੪ ੳ ਅਤੇ ੧੫੩ ਦੇ ਦੋ ਜੁਰਮਾਂ ਅਨੁਸਾਰ ੩ ਅਤੇ ੨ ਸਾਲ ਕੈਦ ਦੀ ਸਜ਼ਾ ਆਪ ਨੂੰ ਦਿੱਤੀ ਜਾਂਦੀ ਹੈ ਦੋਵੇਂ ਸਜ਼ਾਵਾਂ ਇਕੱਠੀਆਂ ਸ਼ੁਰੂ ਹੋਣਗੀਆਂ। ਪੂਰਾ ਪਤਾ ਭਲਕੇ ਲਿਖਾਂਗੇ।

ਗੁਰਦੁਆਰੇ ਤੇ ਨਾ ਮਿਲਵਰਤਨ

ਕਈ ਸਜਣਾਂ ਦੇ ਦਿਲ ਵਿਚ ਲਾਟ ਸਾਹਿਬ ਦੇ ਇਹ ਆਖਣ ਨਾਲ ਕਿ 'ਸਿੱਖਾਂ ਨੂੰ ਦਰਬਾਰ ਸਾਹਿਬ ਦਾ ਪ੍ਰਬੰਧ ਦਿੱਤਾ ਗਿਆ ਹੈ ਤੇ ਹੁਣ ਸਰਕਾਰ ਦਾ ਕੋਈ ਦਖ਼ਲ ਨਹੀਂ' ਭੁਲੇਖਾ ਲਗ ਗਿਆ ਹੈ। ਹੁਣ ਉਹ ਸੱਜਣ ਇਹ ਸਮਝਣ ਲਗ ਪਏ ਹਨ ਕਿ ਗੁਰਦੁਆਰਿਆਂ ਦੇ ਮੁਆਮਲੇ ਵਿਚ ਨਾ-ਮਿਲਵਰਤਨ ਤੇ ਅਮਲ ਕਰਨ ਦੀ ਲੋੜ ਨਹੀਂ ਰਹੀ। ਗੁਰਦੁਆਰਿਆਂ ਦਾ ਮੁਆਮਲਾ ਕਿਥੋਂ ਤਕ ਨਿਬੜ ਗਿਆ ਹੈ, ਅਸੀਂ ਉਨ੍ਹਾਂ ਵੀਰਾਂ ਨੂੰ ਦਸਣਾ ਚਾਹੁੰਦੇ ਹਾਂ ਕਿ ਇਹ ਨਾ-ਮਿਲਵਰਤਨ ਦੀ ਹੀ ਕ੍ਰਿਪਾ ਹੈ ਕਿ ਗੁਰਦੁਆਰਿਆਂ ਦਾ ਕੁਝ ਕੁਝ ਪ੍ਰਬੰਧ ਸਾਡੇ ਹੱਥ ਵਿਚ ਆਉਣਾ ਆਰੰਭ ਹੋ ਗਿਆ ਹੈ। ਇਸ ਦੀ ਪਹਿਲ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਤੋਂ ਹੋਈ ਸੀ। ਅਸੀਂ ਉਸ ਵੇਲੇ ਅਜੇ ਨਾ-ਮਿਲਵਰਤਨ ਭਾਵੇਂ ਪਾਸ ਨਹੀਂ ਸੀ ਕੀਤਾ ਪਰ ਨਾ-ਮਿਲਵਰਤਨ ਤੇ ਹੀ ਅਮਲ ਕਰਨ ਨਾਲ ਮੋਰਚਾ ਸ਼ੁਰੂ ਕੀਤਾ ਸੀ। ਡਿਪਟੀ ਕਮਿਸ਼ਨਰ ਕੁਝ ਮੁਖੀ ਸਜਣਾਂ ਦੇ ਨਾਲ ਕਾਨੂੰਨੀ ਸਲੂਕ ਕਰਨਾ ਚਾਹੁੰਦਾ ਸੀ, ਪਰ ਖਾਲਸਾ ਜੀ ਨੇ ਲਲਕਾਰ ਕੇ ਕਹਿ ਦਿੱਤਾ ਸੀ ਕਿ ਅਸੀਂ ਕੋਈ ਜ਼ਮਾਨਤ ਆਦਿ ਦੇਣ ਲਈ ਤਿਆਰ ਨਹੀਂ ਅਤੇ ਸਾਰੇ ਵਡੇ ਘਰ ਜਾਣ ਨੂੰ ਤਿਆਰ ਹਾਂ। ਜਦੋਂ ਅਫ਼ਸਰਾਂ ਨੂੰ ਪਤਾ ਲੱਗਾ ਕਿ ਸਿੱਖ ਹੁਣ ਸਚੀਂ ਮੁਚੀਂ ਗੁਰਦੁਆਰੇ ਨੂੰ ਲੈ ਲੈਣ ਤੇ ਹੀ ਤੁਲੇ ਪਏ ਹਨ ਤਾਂ ਇਨ੍ਹਾਂ ਡਰਾਵਿਆਂ ਦੇਣ ਤੋਂ ਬਸ ਕੀਤੀ। ਭਾਵੇਂ ਜਿੰਨ੍ਹਾ ਚਿਰ ਵੀ ਹੱਥ ਪੈਂਦਾ ਦਿਸਿਆ ਆਪਣੀ ਟੰਗ ਜ਼ਰੂਰ ਅੜਾਈ ਰੱਖੀ। ਪਰ ਸਾਨੂੰ ਇਹ ਮੋਰਚਾ ਉਦੋਂ ਤੱਕ ਸਰ ਹੋਇਆ ਨਹੀਂ ਸਮਝਣਾ ਚਾਹੀਦਾ ਜਦੋਂ ਤੱਕ ਸਾਡੇ ਅਖ਼ਤਿਆਰ ਵਿਚ ਇਹ ਨਾ ਹੋ ਜਾਵੇ ਕਿ ਅਸੀਂ ਜਿਸ ਗ੍ਰੰਥੀ ਨੂੰ ਚਾਹੀਏ ਰੱਖ ਸਕੀਏ ਅਤੇ ਜਿਸ ਨੂੰ ਕੱਢਣਾ ਚਾਹੀਏ ਕੱਢ ਸਕੀਏ। ਇਥੇ ਹੀ ਬੱਸ ਨਹੀਂ ਸਾਡਾ ਜਾਇਦਾਦ ਉਤੇ ਪੂਰਾ ਕਬਜ਼ਾ ਹੋਣਾ ਚਾਹੀਦਾ ਹੈ ਤਾਂ ਕਿ ਇਹ ਡਰ ਨਾ ਰਹਿ ਜਾਵੇ ਕਿ ਕੋਈ ਆਦਮੀ ਫੇਰ ਉਠ ਕੇ ਗੁਰਦੁਆਰੇ ਦੀ ਜਾਗੀਰ ਆਦਿ ਨੂੰ ਗੁਰੂ ਦੀ ਸਮਝ ਕੇ ਗੁਰੂ

ਦੇ ਕੰਮ ਲਾਣ ਦੀ ਥਾਂ ਆਪਣੇ ਵਿਸ਼ੇ ਵਿਕਾਰਾਂ ਤੇ ਲਾਣ ਦਾ ਹੀਆ ਕਰ ਸਕੇ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜਦੋਂ ਗੁਰਦੁਆਰੇ 'ਜ਼ਿਲੇ ਦੀ ਗੁਰਦੁਆਰਾ ਕਮੇਟੀ' ਦੇ ਪ੍ਰਬੰਧ ਵਿਚ ਹੋਣ, ਜਿਹੜੀ ਕਮੇਟੀ ਸੈਂਟ੍ਰਲ ਅਥਵਾ ਸਾਰੇ ਪੰਥ ਦੀ ਸਾਂਝੀ ਗੁਰਦੁਆਰਾ ਕਮੇਟੀ ਦੇ ਹੇਠ ਹੋਵੇ। ਪਰ ਅਸੀਂ ਜ਼ੋਰ ਨਾਲ ਕਹਿੰਦੇ ਹਾਂ ਕਿ ਗੰਡਾ ਸਿੰਹੁ ਪਤਿਤ ਨੂੰ ਬਾਹਰ ਕੱਢ ਕੇ ਮਾਰਨਾ ਨਾ-ਮਿਲਵਰਤਨ ਦੀ ਪਹਿਲੀ ਸ਼ਾਨਦਾਰ ਜਿੱਤ ਸੀ। ਇਸ ਨੇ ਦੂਸਰੀਆਂ ਕੌਮਾਂ ਨੂੰ ਵਿਖਾ ਦਿੱਤਾ ਕਿ ਇਹ ਸ਼ਸਤਰ ਇਕ ਬੜਾ ਤਾਕਤ ਵਾਲਾ ਸ਼ਸਤਰ ਹੈ। ਮੁਸਲਮਾਨ ਵੀਰਾਂ ਨੇ ਗੁਜਰਾਂਵਾਲੇ ਦੀ ਸਰਕਾਰ ਵੱਲੋਂ ਨੀਯਤ ਕੀਤੇ ਇਮਾਮ ਨੂੰ ਭੀ ਕੱਢਣ ਵਾਸਤੇ ਵੀ ਖਾਲਸਾ ਜੀ ਦੇ ਸ਼ਸਤਰ ਨੂੰ ਹੀ ਵਰਤਿਆ ਤੇ ਜਿੱਤ ਪ੍ਰਾਪਤ ਕੀਤੀ।

ਐਸ ਵੇਲੇ ਸਾਡੇ ਸਾਹਮਣੇ ਗੁਰਦੁਆਰਾ ਪੰਜਾ ਸਾਹਿਬ ਦਾ ਮੁਆਮਲਾ ਹੈ। ਮਹੰਤ ਵੱਲੋਂ ਐਸ ਵੇਲੇ ਕਈ ਪ੍ਰਤਿਸ਼ਟ ਸਜਣਾਂ ਤੇ, ਜਿਸ ਵਿਚ ਭਾਈ ਕਰਤਾਰ ਸਿੰਘ ਜੀ ਝਬਰ, ਸਰਦਾਰ ਸੋਹਣ ਸਿੰਘ ਜੀ ਰਈਸ, ਸਰਦਾਰ ਰਾਮ ਸਿੰਘ ਜੀ, ਸਰਦਾਰ ਦੂਨਾਂ ਸਿੰਘ ਜੀ ਆਦਿ ਵੀ ਸ਼ਾਮਲ ਹਨ, ਦਾਵਾ ਕੀਤਾ ਹੈ। ਹੁਣ ਇਨ੍ਹਾਂ ਵੀਰਾਂ ਨੂੰ ਵੀ ਉਹ ਹੀ ਹਥਿਆਰ ਵਰਤਨਾ ਚਾਹੀਦਾ ਹੈ ਜਿਸ ਨੇ ਬਾਬੇ ਦੀ ਬੇਰ ਵਾਲੇ ਮੁਆਮਲੇ ਵਿਚ ਸ: ਅਮਰ ਸਿੰਘ ਤੇ ਸਰਦਾਰ ਖੜਕ ਸਿੰਘ ਆਦਿ ਵੀਰਾਂ ਨੂੰ ਜਿੱਤ ਦਿਵਾਈ ਸੀ। ਸਰਕਾਰ ਨੂੰ ਸਾਡੇ ਮਜ਼ਹਬੀ ਮੁਆਮਲਿਆਂ ਵਿਚ ਕੋਈ ਦਖ਼ਲ ਦਾ ਹੱਕ ਨਹੀਂ। ਜੇ ਇਨ੍ਹਾਂ ਸ਼ੇਰਾਂ ਨੇ ਇਕ ਵੀ ਦਮਗਜਾ ਮਾਰਿਆ ਕਿ ਅਸੀਂ ਗੁਰਦੁਆਰੇ ਦੀ ਸੇਵਾ ਕਰਨ ਦੇ ਅਪਰਾਧ ਵਿਚ, ਜੇ ਉਸ ਨੂੰ ਸਰਕਾਰ ਅਪਰਾਧ ਸਮਝਦੀ ਹੈ, ਜੇਲ੍ਹ ਦੀ ਚੱਕੀ ਪੀਹਣ ਨੂੰ ਇਕ ਸਵਰਗ ਦਾ ਝੂਟਾ ਮੰਨਦੇ ਹਾਂ ਅਤੇ ਜੇ ਸਾਨੂੰ ਇਹ ਮਾਨ ਮਿਲ ਸਕੇ ਤਾਂ ਦੁਨੀਆਂ ਵਿਚ ਅਸਾਂ ਹੋਰ ਕੀ ਮੰਗਣਾ ਹੈ, ਸਰਕਾਰ ਦੀਆਂ ਅੱਖਾਂ ਅੱਗੇ ਨਾਲੋਂ ਵੀ ਜਰਾ ਵਧੇਰੀਆਂ ਖੁਲ੍ਹ ਜਾਣਗੀਆਂ।

ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਵੀਰਾਂ ਨੇ ਅੱਗੇ ਹੀ ਫ਼ੈਸਲਾ ਕਰ ਲਿਆ ਹੋਇਆ ਹੈ ਕਿ ਅਸੀਂ ਕੋਈ ਸਫਾਈ ਆਦਿ ਪੇਸ਼ ਨਹੀਂ ਕਰਾਂਗੇ ਤੇ ਨਾਂ ਹੀ ਅਦਾਲਤ ਵਿਚ ਹਾਜ਼ਰ ਹੋਵਾਂਗੇ। ਜੇ ਇਹ ਸੱਚ ਹੈ ਤੇ ਸਾਨੂੰ ਆਸ. ਰਖਣੀ ਚਾਹੀਦੀ ਹੈ ਕਿ ਇਹ ਸੱਚ ਹੀ ਹੋਵੇਗਾ, ਤਾਂ ਅਸੀਂ ਉਨ੍ਹਾਂ ਨੂੰ ਇਸ ਫ਼ੈਸਲੇ ਤੇ ਵਧਾਈ ਦਿੰਦੇ ਹਾਂ ਅਤੇ ਗੁਰੂ ਜੀ ਅੱਗੇ ਬਿਨੈ ਕਰਦੇ ਹਾਂ ਕਿ ਉਨ੍ਹਾਂ ਨੂੰ ਇਸ ਪ੍ਰੀਖਿਆ ਵਿਚ ਆਪਣੀ ਹਿੰਮਤ ਦੇ ਕੇ ਪਾਸ ਕਰੇ।

ਆਨਰੇਬਲ ਗਜਨ ਸਿੰਘ ਦੇ ਨਾਮ ਖੁਲ੍ਹਾ ਚਿੱਠਾ!

(ਵੱਲੋਂ ਮਾ: ਸੁੰਦਰ ਸਿੰਘ ਜੀ ਲਾਇਲਪੁਰੀ)

ਆਪ ਨੂੰ ਪਤਾ ਹੀ ਹੈ ਕਿ "ਅਕਾਲੀ" ਨਾ-ਮਿਲਵਰਤਨੀਏ ਹਨ, ਅਤੇ ਨੌਕਰਸ਼ਾਹੀ ਦੀ ਅਦਾਲਤ ਵਿਚ ਨਾ ਉਹਨਾਂ ਨੇ ਬਿਆਨ ਦੇਣੇ ਹਨ ਅਤੇ ਨਾ ਹੀ ਗਵਾਹੀ ਭੁਗਤਾਉਣੀ ਹੈ। ਸੋ ਆਪ ਨੂੰ ਇਸ ਖੁਲ੍ਹੇ ਚਿੱਠੇ ਦੁਆਰਾ ਚਿਤਾਵਨੀ ਕਰਾਈ ਜਾਂਦੀ ਹੈ ਕਿ ਆਪ ਨੇ ਮੇਰੇ ਵਿਰੁਧ ਜੋ ਮੁਕਦਮਾ ਨੌਕਰਸ਼ਾਹੀ ਦੀ ਕਚਹਿਰੀ ਵਿਚ ਚਲਾਇਆ ਹੈ, ਜੇ ਆਪ ਨੇ ਉਸ ਦਾ ਸਚ ਝੂਠ ਨਿਤਾਰਨਾ ਹੈ ਤਾਂ ਉਹ ਗੁਰੂ ਪੰਥ ਦੀ ਪੰਚਾਇਤ ਵਿਚ ਪੇਸ਼ ਕੀਤਾ ਜਾਵੇ, ਅਤੇ ਪੰਚਾਇਤ ਨੇ ਜੇ ਦਾਸ ਨੂੰ ਦੋਸ਼ੀ ਠਹਿਰਾਇਆ ਤਾਂ ਦਾਸ ਪੰਚਾਇਤ ਦੀ ਦਿੱਤੀ ਸਜ਼ਾ ਨੂੰ ਬੜੀ ਖੁਸ਼ੀ ਨਾਲ ਮੰਨੇਗਾ। ਜੇ ਆਪ ਨੇ ਨੌਕਰਸ਼ਾਹੀ ਦੀ ਕਚਹਿਰੀ ਵਿੱਚੋਂ ਮੁਕਦਮਾ ਵਾਪਸ ਨਾ ਲਿਆ ਤਾਂ ਪਹਿਲਾਂ ਤਾਂ ਉਥੇ ਇਕ ਪਾਸੇ ਕਾਰਵਾਈ ਹੋਣ ਕਰ ਕੇ ਆਪ ਦੀ ਸਫ਼ਾਈ ਨਹੀਂ ਹੋਵੇਗੀ, ਦੂਜੇ ਕੁਦਰਤੀ ਸਿੱਟਾ ਇਹ ਵੀ ਕਢਿਆ ਜਾਵੇਗਾ ਕਿ ਆਪ ਨੇ ਨੌਕਰਸ਼ਾਹੀ ਦੀ ਕਠਪੁਤਲੀ ਬਣ ਕੇ ਇਕ ਸਿੱਖ ਭਰਾ ਨੂੰ ਝੂਠ ਮੂਠ ਫਸਾਇਆ। ਬਾਕੀ ਅਸੀਂ "ਅਕਾਲੀ" ਕਿਸੇ ਵਰੰਟ ਜਾਂ ਕਰੜੀ ਕੈਦ ਦੀ ਇਕ ਚੌਲ ਜਿਤਨੀ ਵੀ ਪ੍ਰਵਾਹ ਨਹੀਂ ਕਰਦੇ ਅਤੇ ਕੇਵਲ ਆਪ ਦੀ ਸਫ਼ਾਈ ਅਤੇ ਭਲਾਈ ਖ਼ਾਤਰ ਇਹ ਖਾਸ ਖੁਲ੍ਹਾ ਚਿੱਠਾ ਆਪ ਨੂੰ ਭੇਜਿਆ ਜਾਂਦਾ ਹੈ :-

ਤਰਜ : ਜਿੰਦੂਆ ਜਾਂ ਲਗੋਜਾ!

੧. ਬਣੋਂ ਅਕਾਲੀ ਹੈਨ ਨਿਹੰਗ,
ਛੇੜੀ ਨਾ—ਮਿਲਵਰਤਨ ਦੀ ਜੰਗ!
ਨੌਕਰਸ਼ਾਹੀ ਪੈ ਗਈ ਤੰਗ! ਹੋਈ ਝੱਲੜੀ!

੨. ਨੌਕਰਸ਼ਾਹੀ ਦਾ ਹਥਿਆਰ,

ਬਣਕੇ ਗਜਨ ਸਿੰਘ ਯਾਰ!
ਨਾ ਕਰ ਗੁਰਸਿਖਾਂ ਤੇ ਵਾਰ, ਰੀਤ ਅਵੱਲੜੀ!

੩. ਕਾਹਨੂੰ ਤੂੰ ਪੀ ਬੈਠਾ ਭੰਗ,
ਤੈਨੂੰ ਚੜ੍ਹਿਆ ਗੋਰਾ ਰੰਗ!
ਛਡਿਆ ਗੁਰੂ ਪੰਥ ਦਾ ਸੰਗ,
ਭੈ ਨਹੀਂ ਖਲੜੀ।

੪. ਸਾਡਾ ਸੁਣ ਕੇ ਕੌਮੀ ਰਾਗ,
ਕਰ ਦੇ ਨੌਕਰਸ਼ਾਹੀ ਤਿਆਗ
ਚਰਨੀ ਗੁਰੂ ਪੰਥ ਦੀ ਲਾਗ,
ਨੀਤ ਸਵਲੜੀ!

੫. ਨਹੀਂ ਤਾਂ ਸੁਣ ਲੈ ਤੇਰੀ ਜੇਹਲ,
ਜਾਣਨ ਮੁੰਡਿਆਂ ਦੀ ਇਹ ਖੇਲ,
ਨਿਰਭੈ ਜਾਣ ਜਿਉਂ ਚੜ੍ਹਨਾਂ ਰੇਲ,
ਬਾਤ ਸੁਖਲੜੀ!

੬. ਪਰ ਇਹ ਤੇਰੇ ਲਈ ਹੈ ਮਾੜਾ,
ਹੋਸੀ ਗੁਰ ਦੇ ਵਿਚ ਦਰਬਾਰਾ,
ਆਖਰ ਸਚੋ ਸਚ ਨਿਤਾਰਾ,
ਕਾਲਖ ਮਲੜੀ!

ਧਿਆਨ ਖਾਸ

ਅਕਾਲੀਆਂ ਦਾ ਖ਼ਿਆਲ ਹੈ ਕਿ ਉਪਰਲੀ ਤਜਵੀਜ਼ ਨਾਲ ਗੁਰੂ ਪੰਥ ਦੀ ਸੰਮਤੀ ਹੋਵੇਗੀ, ਜੇ ਆਨਰੇਬਲ ਗਜਨ ਸਿੰਘ ਬਹਾਦਰ ਆਪਣਾ ਮੁਕਦਮਾ ਨੌਕਰਸ਼ਾਹੀ ਦੀ ਅਧਰਮੀ ਕਚਹਿਰੀ ਵਿੱਚੋਂ ਹਟਾ ਕੇ ਗੁਰੂ ਪੰਥ ਦੀ ਕਚਹਿਰੀ ਵਿਚ ਪੇਸ਼ ਨਾ ਕਰੇ, ਤਾਂ ਗੁਰੂ ਪੰਥ ਜਾਣੇ ਤੇ ਗਜਨ ਸਿੰਘ ਜਾਣੇ!

ਖੁਲ੍ਹੇ ਦਾੜ੍ਹੇ ਰਖਣ ਬਦਲੇ ਚਾਰ ਸਿੰਘ ਸ਼ਕੰਜੇ ਵਿਚ

ਧਰਮ ਦੀ ਖ਼ਾਤਰ ਮਰਨ ਕਿਨਾਰੇ

ਅਲਾਹਾਬਾਦ ਤੋਂ ਇਕ ਬੜੇ ਪ੍ਰਤਿਸ਼ਠਿਤ ਸਜਨ ਡਾਢੀ ਦਰਦਨਾਕ ਚਿੱਠੀ ਲਿਖਦੇ ਹਨ :-

ਰਸਾਲਾ ਨੰ: ੩੧ ਵਿਚ ਸਕੋਡਰਨ ਸਿੱਖਾਂ ਦਾ ਹੈ ਇਸ ਦੇ ਕੁਝ ਪੰਜਾਬੀ ਸਿੰਘ ਹੁਣੇ ਛੁਟੀ ਕਰ ਕੇ ਆਏ ਹਨ, ਜਿਨ੍ਹਾਂ ਨਾਲ ਡਾਢੀ ਸਖਤੀ ਹੋ ਰਹੀ ਹੈ। ਉਨ੍ਹਾਂ ਆਪਣੇ ਮਜ਼ਹਬ ਦੇ ਹੁਕਮ ਅਨੁਸਾਰ ਦਾੜ੍ਹੇ ਖੁਲ੍ਹੇ ਰਖੇ। ਅਫ਼ਸਰਾਂ ਨੇ ਮਨ੍ਹੇ ਕੀਤਾ। ਉਨ੍ਹਾਂ ਨੇ ਕਿਹਾ ਅਸੀਂ ਅਜ਼ਹਬ ਦੇ ਹੁਕਮ ਉਲਟ ਕਿਸੇ ਅਫ਼ਸਰ ਦਾ ਕਿਹਾ ਨਹੀਂ ਮੰਨਦੇ। ਬੱਸ ਇਸ ਕਸੂਰ ਬਦਲੇ ਕਮਾਂਡਿੰਗ ਇਨ ਚੀਫ਼ ਨੇ ਉਨ੍ਹਾਂ ਨੂੰ ੨੮ ਦਿਨ ਹਵਾਲਾਤ ਦੀ ਸਜ਼ਾ ਦੇ ਦਿਤੀ ਅਤੇ ਉਨ੍ਹਾਂ ਦੀਆਂ ਕ੍ਰਿਪਾਨਾਂ ਵੀ ਉਤਾਰ ਲਈਆਂ। ਸਿੰਘਾਂ ਨੇ ਇਹ ਆਖ ਕੇ ਰੋਟੀ ਖਾਣੀ ਛਡ ਦਿੱਤੀ ਕਿ ਜਦ ਤੀਕ ਸਾਡੇ ਪੰਜ ਕਕਾਰ ਪੂਰੇ ਨਹੀਂ ਹੁੰਦੇ ਅਸੀਂ ਰੋਟੀ ਨਹੀਂ ਖਾਵਾਂਗੇ। ਸੋ ਪਤਾ ਲਗਾ ਹੈ ਕਿ ੨੮ ਨਵੰਬਰ ਤੋਂ ਉਹਨਾਂ ਖਾਣਾ ਪੀਣਾ ਛੱਡ ਦਿੱਤਾ ਹੈ। ਉਹਨਾਂ ਨੂੰ ਵਖੋ ਵੱਖ ਚੌਹਾਂ ਛੋਲਦਾਰੀਆਂ ਵਿਚ ਰੱਖਿਆ ਗਿਆ ਹੈ ਤੇ ਅੱਜ ਕਲ੍ਹ ਸਰਦੀ ਦੇ ਦਿਨਾਂ ਵਿਚ ਉਹਨਾਂ ਨੂੰ ਕੇਵਲ ਇਕ ਬੁਸਾਤੀ ਤੇ ਇਕ ਕੰਬਲ ਉਪਰ ਲੈਣ ਨੂੰ ਦਿੱਤਾ ਗਿਆ ਹੈ। ਇਥੋਂ ਤਕ ਸਖ਼ਤੀ ਵਰਤੀ ਜਾ ਰਹੀ ਹੈ, ਕਿ ਜੇ ਕੋਈ ਹੋਰ ਆਦਮੀ ਵੀ ਉਹਨਾਂ ਨੂੰ ਕਪੜਾ ਦੇਣਾ ਚਾਹੇ ਤਾਂ ਸਜ਼ਾ ਪਾਵੇਗਾ। ਕਿਸੇ ਨੂੰ ਉਹਨਾਂ ਨਾਲ ਗੱਲ ਕਰਨ ਦੀ ਆਗਿਆ ਨਹੀਂ। ਕਹਿੰਦੇ ਹਨ, ਪਹਿਲਾਂ ਉਹਨਾਂ ਪਾਸੋਂ ਮਿਟੀ ਪੁਟਣ ਦਾ ਕੰਮ ਲਿਆ ਗਿਆ। ਉਹ ਭੁਖੇ ਭਾਣੇ ਜਦ ਕੰਮੋਂ ਰਹਿ ਗਏ ਤਾਂ ਹੁਣ ਹਸਪਤਾਲ ਭੇਜੇ ਗਏ ਹਨ। ਲੈਸ ਦਫੇਦਾਰ ਤਾਂ

ਮਰਨ ਕਿਨਾਰੇ ਹੈ। ਉਹ ਉੱਠ ਵੀ ਨਹੀਂ ਸਕਦਾ। ਬਾਕੀ ਤਿੰਨ ਵੀ ਡਾਢੇ ਦੁਖੀ ਹਨ। ਪਰ ਉਹ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਉਹਨਾਂ ਦੇ ਨਾਲ ਇਹ ਹਨ :-

ਦਲੀਪ ਸਿੰਘ ਜੀ ਪਿੰਡ ਭੈਣੀ (ਲੁਧਿਆਣਾ)
ਕੇਹਰ ਸਿੰਘ ਜੀ ਪਿੰਡ ਕਰਾਨੀ (ਲੁਧਿਆਣਾ)
ਥਮਣ ਸਿੰਘ ਜੀ ਪਿੰਡ ਅਬੋ (ਲੁਧਿਆਣਾ)
ਦੀਵਾ ਸਿੰਘ ਜੀ ਮੀਰਪੁਰ (ਲੁਧਿਆਣਾ)

ਜੇ ਇਹ ਚਿੱਠੀ ਸੱਚੀ ਹੈ ਅਤੇ ਸਾਡਾ ਖ਼ਿਆਲ ਹੈ ਕਿ ਜ਼ਰੂਰ ਸਚੀ ਹੋਵੇਗੀ ਕਿਉਂਕਿ ਇਸ ਦੇ ਭੇਜਣ ਵਾਲੇ ਚੰਗੇ ਪ੍ਰਤਿਸ਼ਠਿਤ ਸੱਜਣ ਹਨ ਅਤੇ ਇਸ ਮਜ਼ਮੂਨ ਦੀਆਂ ਦੋ ਚਿੱਠੀਆਂ ਲਾਹੌਰ ਵਿਚ ਹੋਰ ਸੱਜਣਾਂ ਕੋਲ ਵੀ ਆਈਆਂ ਹਨ, ਤਾਂ ਸਰਕਾਰੀ ਅਫ਼ਸਰਾਂ ਦਾ ਇਹ ਸਲੂਕ ਜੋ ਅਸਰ ਪੈਦਾ ਕਰੇਗਾ ਉਹ ਪ੍ਰਤੱਖ ਹੈ।

ਕੀ ਇਸ ਸਲੂਕ ਨੂੰ ਵੇਖ ਕੇ ਸਿੰਘ ਆਪਣੇ ਧਰਮ ਦੀ ਅਵੱਗਿਆ ਲਈ ਭਰਤੀ ਹੋਣਗੇ ? ਕੀ ਇਹ ਸਲੂਕ ਭਰਤੀ ਵਿਚ ਰੁਕਾਵਟਾਂ ਪੈਦਾ ਕਰੇਗਾ ਕਿ ਨਹੀਂ ? ਸਚ ਮੁਚ "ਨਾ-ਮਿਲਵਰਤਨ" ਦੇ ਪ੍ਰਚਾਰ ਵਿਚ ਇਸ ਤਰ੍ਹਾਂ ਦੇ ਅਫ਼ਸਰਾਂ ਦੇ ਸਲੂਕ ਬਹੁਤ ਸਹਾਈ ਹੋ ਰਹੇ ਹਨ।

ਅਫ਼ਸਰਾਂ ਨੂੰ ਚਾਹੀਦਾ ਸੀ ਕਿ ਪਹਿਲਾਂ ਪੰਥ ਪਾਸੋਂ ਪੁਛ ਲੈਂਦੇ ਕਿ ਸਿੱਖਾਂ ਲਈ ਦਾੜ੍ਹੇ ਖੁਲ੍ਹੇ ਰਖਣੇ ਜ਼ਰੂਰੀ ਹਨ ਕਿ ਨਹੀਂ। ਪੰਥ ਤੋਂ ਪੁਛਣ ਤੋਂ ਪਹਿਲਾਂ ਕਿਸੇ ਤਰ੍ਹਾਂ ਦੀ ਸਜ਼ਾ ਦੇਣੀ ਠੀਕ ਨਹੀਂ।

ਆਖਿਆ ਜਾਵੇਗਾ ਕਿ ਉਹਨਾਂ ਹੁਕਮ ਅਦੂਲੀ ਕੀਤੀ ਹੈ, ਪਰ ਆਪਣੇ ਮਜ਼ਹਬੀ ਅਸੂਲ ਦੇ ਉਲਟ ਕਿਹੜਾ ਆਦਮੀ ਕਿਸੇ ਦਾ ਹੁਕਮ ਮੰਨਣ ਨੂੰ ਤਿਆਰ ਹੈ ? ਅਫ਼ਸਰਾਂ ਦੇ ਹੁਕਮ ਧਰਮ ਅਤੇ ਮਜ਼ਹਬ ਤੋਂ ਹੇਠਾਂ ਹਨ। ਕੱਲ੍ਹ ਨੂੰ ਕੋਈ ਅਫ਼ਸਰ ਕਿਸੇ ਸਿੱਖ ਨੂੰ ਫਤੇ ਗਜਾਣ ਤੇ ਜੈਕਾਰਾ ਬੁਲਾਣ ਤੋਂ ਬੰਦ ਕਰੇਗ,' ਗੁਰੂ ਜੀ ਨੂੰ ਮਥੇ ਟੇਕਣ ਤੋਂ ਰੋਕੇਗਾ, ਗੁਰੂ ਦੇ ਹਜ਼ੂਰ ਅਫ਼ਸਰਾਂ ਦਾ ਵੱਧ ਅਦਬ ਕਰਨ ਲਈ ਆਖੇਗਾ, ਕੀ ਕੋਈ ਸਿੱਖ ਇਹ ਮੰਨਣ ਨੂੰ ਤਿਆਰ ਹੋ ਸਕਦਾ ਹੈ ? ਕਦੀ ਨਹੀਂ !

ਇਸ ਲਈ ਜੇ ਅਫ਼ਸਰਾਂ ਨੂੰ ਕਿਸੇ ਦੇ ਧਰਮ ਦੀ ਵਾਕਫ਼ੀ ਨਾ ਹੋਵੇ ਤਾਂ ਧਰਮਾਂ ਦੇ ਮੁਖੀਆਂ ਪਾਸੋਂ ਪੁਛਣ ਤੋਂ ਪਹਿਲਾਂ ਆਪਣੀ ਅਫ਼ਸਰੀ ਘੁਮੰਡ ਵਿਚ ਸਜ਼ਾ ਦੇਣੀ ਸਖ਼ਤ ਬੇ ਸਮਝੀ ਹੈ ਤੇ ਲੋਕਾਂ ਨੂੰ ਸਰਕਾਰ ਨਾਲ ਤੋੜ ਵਿਛੋੜਾ ਕਰਨ ਲਈ ਭਾਰੀ ਮਦਦ ਹੈ।

ਹੁਣ ਝਟ ਪਟ ਕੋਈ ਆਦਮੀ 'ਸਿੱਖ ਲੀਗ' ਯਾ ਕਿਸੇ ਹੋਰ ਜਥੇ ਵੱਲੋਂ ਉਥੇ ਪਹੁੰਚਣਾ ਚਾਹੀਦਾ ਹੈ ਤਾਂ ਜੋ ਸਾਰੇ ਹਾਲ ਪਤਾ ਕਰਕੇ ਯੋਗ ਉਪਾ ਸੋਚਿਆ ਜਾਵੇ।

ਗੁਰਦੁਆਰਾ ਪੰਜਾ ਸਾਹਿਬ

੨੭ ਨਵੰਬਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਦੀਵਾਨ ਦੇ ਬਾਅਦ ਸੰਗਤ ਵਿੱਚੋਂ ਚੁਣੇ ਹੋਏ ਪ੍ਰਤੀਨਿਧਾਂ ਦੀ ਖ਼ਾਸ ਕਮੇਟੀ ਹੋਈ। ਜਿਸ ਵਿਚ ਪੰਜਾ ਸਾਹਿਬ ਦੇ ਪ੍ਰਬੰਧ ਲਈ ਮੈਨੇਜਰ ਦੀ ਲੋੜ ਅਨੁਭਵ ਕਰਕੇ ਚੋਣ ਦੀ ਵਿਚਾਰ ਹੋਈ। ਬਹੁਤ ਵਿਚਾਰ ਮਗਰੋਂ ਦੋ ਸਜਨ ੧ ਮਾ: ਤਾਰਾ ਸਿੰਘ ਜੀ ਬੀ. ਏ., ਹੈੱਡਮਾਸਟਰ ਖਾਲਸਾ ਹਾਈ ਸਕੂਲ ਲੈਲਪੁਰ ੨ ਭਾਈ ਲਾਲ ਸਿੰਘ ਜੀ ਬੀ. ਐਸ. ਸੀ; ਐਲ. ਐਲ. ਬੀ, ਚੁਣੇ ਗਏ। ਭਾਈ ਲਾਲ ਸਿੰਘ ਜੀ ਨੂੰ ਉਸੇ ਵੇਲੇ ਤਾਰ ਦਿਤੀ ਗਈ। ਉਪਰੰਤ ੧੨ ਵਜੇ ਪੁਲਿਸ ਨੇ ਭਾਈ ਕਰਤਾਰ ਸਿੰਘ ਝਬਰ ਜਥੇਦਾਰ ਅਕਾਲੀ ਫ਼ੌਜ ਨੂੰ ਇਤਲਾਹ ਦਿਤੀ। ਹੇਠ ਲਿਖੇ ਸਜਣਾਂ ਦੇ ਨਾਂਓ ਸੰਤ ਸਿੰਘ ਮਹੰਤ ਮਿਠਾ ਸਿੰਘ ਦੇ ਭਾਈ ਨੇ ੧੪੫ ਦਫ਼ਾ ਫੌਜਦਾਰੀ ਸੰਮਣ ਕਢਵਾਏ ਹਨ।

(੧) ਭਾਈ ਕਰਤਾਰ ਸਿੰਘ ਜੀ ਝੱਬਰ ਜਥੇਦਾਰ।
(੨) ਸ: ਸੋਹਨ ਸਿੰਘ ਜੀ ਰਈਸ ਰਾਵਲ ਪਿੰਡੀ।
(੩) ਸ: ਰਾਮ ਸਿੰਘ ਜੀ ਠੇਕੇਦਾਰ ਰਾਵਲ ਪਿੰਡੀ।
(੪) ਮਲਕ ਦੇਵਾ ਸਿੰਘ ਜੀ ਐਬਟਾਬਾਦ।
(੫) ਭਾਈ ਦੂਨਾ ਸਿੰਘ ਜੀ।

(੬) ਭਾਈ ਜੁਵਾਲਾ ਸਿੰਘ ਜੀ।
(੭) ਭਾ: ਈਸ਼ਰ ਸਿੰਘ ਜੀ ਪੰਜਾ ਸਾਹਿਬ। ਇਨ੍ਹਾਂ ਤੋਂ ਬਿਨਾਂ ੩੦ ਸੱਜਣਾਂ ਦੀ ਹੋਰ ਫਰਿਸ਼ਤ ਵੀ ਪੁਲਿਸ ਪਾਸ ਸੰਤ ਸਿੰਘ ਨੇ ਦਿਤੀ ਹੋਈ ਹੈ, ਜਿਨਾਂ ਦੇ ਨਾਂਓ ਤੇ ਪਤੇ ਉਸ ਨੂੰ ਮਲੂਮ ਨਹੀਂ। ਪਤਾ ਨਹੀਂ ਲਗਦਾ ਕਿ ਇਹ ਮਸੰਦ ਕੀ ਕਰਨਾ ਚਾਹੁੰਦਾ ਹੈ, ਜਦ ਕਿ ਗੁਰੂ ਖਾਲਸੇ ਨੇ ਆਪਣੇ ਗੁਰਦੁਆਰੇ ਦਾ ਇੰਤਜ਼ਾਮ ਆਪਣੇ ਹੱਥ ਲੈ ਲੀਤਾ ਹੈ ਅਰ ਸਰਕਾਰ ਦਾ ਐਲਾਨ ਹੈ ਕਿ ਧਾਰਮਿਕ ਮਾਮਲੇ ਵਿਚ ਸਰਕਾਰ ਕਿਸੇ ਨੂੰ ਕੁਝ ਨਹੀਂ ਆਖਦੀ, ਫਿਰ ਇਹ ਕੀ ਉਮੀਦ ਰਖੀ ਬੈਠਾ ਹੈ।

੨੮ ਨਵੰਬਰ ਦੀ ਰਿਪੋਰਟ

ਦਰਬਾਰ ਸਾਹਿਬ ਪੰਜਾ ਸਾਹਿਬ ਦਾ ਪ੍ਰਬੰਧ ਜਿਸ ਦਿਨ ਦਾ ਗੁਰੂ ਖਾਲਸੇ ਦੇ ਹੱਥ ਆਇਆ ਹੈ, ਬਕਾਇਦਾ ਤੇ ਤਸੱਲੀ-ਬਖ਼ਸ਼ ਇੰਤਜ਼ਾਮ ਹੋ ਰਿਹਾ ਹੈ। ਹਰ ਰੋਜ਼ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ ਸੱਜਦਾ ਹੈ। ਦਫ਼ਤਰ ਗੁਰਦੁਆਰੇ ਦੇ ਨਾਲ ਹੀ ਕੋਠੀ ਵਿਚ ਹੈ। ਸੰਗਤ ਦੇ ਕੜਾਹ ਪ੍ਰਸ਼ਾਦਿ ਵਾਸਤੇ ਇਕ ਖਾਸ ਪ੍ਰੇਮੀ ਪ੍ਰੇਮ ਨਾਲ ਮੁਫ਼ਤ ਹਲਵਾਈ ਦੀ ਸੇਵਾ ਕਰ ਰਿਹਾ ਹੈ। ਜਿਸ ਸੱਜਣ ਨੇ ਕੜਾਹ ਪ੍ਰਸਾਦਿ ਚੜ੍ਹਾਨਾ ਹੁੰਦਾ ਹੈ, ਦਫ਼ਤਰ ਵਿਚ ਰਕਮ ਦਾਖਲ ਕਰਵਾ ਜਾਂਦਾ ਹੈ, ਰੁਕਾ ਲੈ ਕੇ ਹਲਵਾਈ ਸਿੰਘ ਤੋਂ ਦੇਗ ਲੈ ਜਾਂਦਾ ਹੈ। ਲੰਗਰ ਖੁਲ੍ਹਾ ਚਲ ਰਿਹਾ ਹੈ। ਹਰ ਇਕ ਨੂੰ ਬਗੈਰ ਜਾਤ ਪਾਤ ਦੇ ਲਿਹਾਜ਼ ਦੇ ਗਫ਼ਾ ਵਰਤਦਾ ਹੈ। ਜਿਥੇ ਅਗੇ ਲੰਗਰ ਵਿੱਚ ਇਕ ਤਵੇ ਤੇ ਇਕ ਮਾਈ ਪ੍ਰਸਾਦ ਪਕਾਂਦੀ ਸੀ ਅਜ ਸਾਰਾ ਦਿਨ ਬੇਅੰਤ ਸੰਗਤਾਂ ਲੰਗਰ ਦੀ ਸੇਵਾ ਕਰ ਦੀਆਂ ਹਨ।

ਅੱਜ ਇਕ ਵਜੇ ਦੀ ਗੱਡੀ ਵਿਚ ਸ: ਅਮਰ ਸਿੰਘ ਜੀ ਝਬਾਲ ਵਾਲੇ ਇਕ ਜਥੇ ਨੂੰ ਨਾਲ ਲਈ ਸ਼ਬਦ ਪੜ੍ਹਦੇ ਤੇ ਜੈਕਾਰੇ ਗਜਾਂਦੇ ਆ ਗਏ। ਅਗਲੇ ਜਥੇ ਨੂੰ ਜੋ ਅਕਾਲ ਤਖ਼ਤ ਤੋਂ ਸ: ਕਰਤਾਰ ਸਿੰਘ ਜੀ ਝਬਰ ਨਾਲ ਆਇਆ ਸੀ, ਛੁੱਟੀ ਦੇ ਕੇ ੫ ਵਜੇ ਦੀ ਗੱਡੀ ਵਾਪਸ ਕਰ ਦਿਤਾ ਗਿਆ।

ਦਰਬਾਰ ਸਾਹਿਬ ਪੰਜੇ ਸਾਹਿਬ ਦੀ ਹਦ ਅੰਦਰ ਸੰਤ ਸਿੰਘ ਨੂੰ ਆਵਣ ਦਾ ਹੁਕਮ ਨਹੀਂ। ਥਾਂ ਥਾਂ ਤੇ ਪੁਲਿਸ ਤੇ ਅਕਾਲੀ ਫ਼ੌਜ ਦਾ ਪਹਿਰਾ ਲਗਾ ਹੋਇਆ ਹੈ। ਦਾਸ—ਦਿਆਲ ਸਿੰਘ, ਗੁਰਦੁਆਰਾ ਦਫ਼ਤਰ, ਪੰਜਾ ਸਾਹਿਬ ੨੯-੧੧-੨੦।

ਨੋਟ—੩੦ ਨਵੰਬਰ ਪੇਸ਼ੀ ਨਹੀਂ ਹੋਈ। ਜਿਨ੍ਹਾਂ ਦੇ ਨਾਮ ਸੰਮਨ ਨਿਕਲੇ ਹਨ। ਉਹ ਹਾਜ਼ਰ ਨਹੀਂ ਹੋਏ। ਗੁਰੂ ਦੇ ਕਾਰਜ ਲਈ ਉਹ ਜੇਹਲਾਂ ਵਿਚ ਜਾਣ ਲਈ ਪ੍ਰਸੰਨ ਹਨ।

ਅਕਾਲੀ ਲਾਹੌਰ, ੬ ਦਸੰਬਰ ੧੯੨੦

ਕੀ ਸਿਧੇ ਗੁਰਮੁਖੀ ਦਾੜ੍ਹੇ ਰਖਣੇ ਵੀ ਜੁਰਮ ਹੈ ?

ਸਾਨੂੰ ਯਾਦ ਹੈ ਕਿ ਸਕੂਲਾਂ ਤੇ ਕਾਲਜਾਂ ਵਿਚ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਵਿੱਚੋਂ ਪਹਿਲੀ ਤੇ ਸਾਰੀਆਂ ਤੋਂ ਵੱਡੀ ਇਹ ਦਸੀ ਜਾਇਆ ਕਰਦੀ ਹੈ ਕਿ ਉਹ ਕਿਸੇ ਦੇ ਧਾਰਮਕ ਕੰਮਾਂ ਵਿਚ ਦਖ਼ਲ ਨਹੀਂ ਦਿੰਦੀ। ਜਿੰਨਾਂ ਕੋਰਾ ਝੂਠ ਇਹ ਸਾਬਤ ਹੋ ਰਿਹਾ ਹੈ, ਹੋਰ ਸ਼ਾਇਦ ਹੀ ਕੋਈ ਹੋਵੇ। ਇਹ ਤਾਂ ਸਭ ਆਪਣੇ ਮੂੰਹੋਂ ਮੀਆਂ ਮਿਠੂ ਬਣਨ ਦੇ ਉਪਰਾਲੇ ਹਨ। ਮਹਾਰਾਣੀ ਵਿਕਟੋਰੀਆ ਦੇ ਕੋਲੋਂ ਅਖਵਾ ਦੇਣਾ ਯਾ ਲਿਖਾ ਦੇਣਾ ਕਿ ਅਸੀਂ ਕਿਸੇ ਦੇ ਧਾਰਮਿਕ ਕੰਮਾਂ ਵਿਚ ਦਖ਼ਲ ਨਹੀਂ ਦਿਆਂਗੇ, ਕੋਈ ਅਰਥ ਨਹੀਂ ਰੱਖਦਾ। ਸਾਡੇ ਕਾਲਜਾਂ ਦੇ ਪ੍ਰੋਫ਼ੈਸਰ ਵੀ ਸਰਕਾਰ ਦੀ ਇਸ ਬਰਕਤ ਉਤੇ ਆਪਣੇ ਕਈ ਲੈਕਚਰ ਵਿਅਰਥ ਕਰ ਦਿੰਦੇ ਹਨ, ਪਰ ਉਨ੍ਹਾਂ ਦਾ ਕੀ ਦੋਸ਼? ਕਾਲਜ ਤਾਂ ਸਾਰੇ ਸਰਕਾਰੀ ਹੋਏ। ਜਿਸ ਤਰ੍ਹਾਂ ਉਤੋਂ ਤਾਰ ਖਿਚਦੀ ਗਈ, ਹੇਠੋਂ ਪੁਤਲੀਆਂ ਨਾਚ ਕਰਦੀਆਂ ਗਈਆਂ। ਜਿਹੋ ਜਿਹੀਆਂ ਕਿਤਾਬਾਂ ਦਾ ਉਤੋਂ ਹੁਕਮ ਆ ਗਿਆ, ਪੜ੍ਹਾਨੀਆਂ ਸ਼ੁਰੂ ਕਰ ਦਿੱਤੀਆਂ, ਭਾਵੇਂ ਆਪਣੇ ਪੈਰਾਂ ਤੇ ਕੁਹਾੜਾ ਹੋਵੇ।

ਹੁਣ ਤਕ ਸਭ ਤੋਂ ਵਡੇ ਮਿਤਰ ਤਾਂ ਇਹ ਸਾਨੂੰ ਸਮਝਦੇ ਰਹੇ ਹਨ ਤੇ ਨਿਰਸੰਦੇਹ ਇਹ ਕਹਿਣਾ ਵੀ ਪਵੇਗਾ ਕਿ ਜੇ ਇਨ੍ਹਾਂ ਦੀ ਮਿਤਰਤਾ ਖਾਲਸਾ ਬਹਾਦਰ ੧੮੫੭ ਵਿਚ ਨਾ ਕਰਦਾ ਤਾਂ ਭਾਰਤ ਦਾ ਇਤਿਹਾਸ ਹੁਣ ਨਾਲੋਂ ਉੱਕਾ ਹੀ ਵੱਖਰਾ ਹੁੰਦਾ। ਪਰ ਕਿਹਾ ਕਰਦੇ ਹਨ ਕਿ "ਮਿਤਰਾਂ ਨਾਲ ਕਰੇਂਦੇ ਠੱਗੀਆਂ ਹੋਂਦੇ ਜਨਮ ਕਸਾਏ।" ਭਾਈ

ਗੁਰਦਾਸ ਜੀ ਨੇ ਵੀ ਜੋ ਸ਼ਬਦ ਇਕ ਅਕ੍ਰਿਤਘਨ ਵਾਸਤੇ ਵਰਤੇ ਹਨ, ਹੋਰ ਕਿਸੇ ਗੁਨਾਹੀ ਵਾਸਤੇ ਨਹੀਂ ਵਰਤੇ।

ਪਰ ਸਾਡੀ ਸਰਕਾਰ ਤਾਂ ਮਗਰਮਛ ਦੇ ਅਥਰੂ ਵਗਾਣ ਵਾਲੀ ਹੈ, ਅਤੇ ਇਸ ਦੀਆਂ ਸਾਰੀਆਂ ਚਾਲਾਂ ਬਗਲਾ-ਭਗਤੀ ਦੀ ਖੇਡ ਹਨ। ਖਾਲਸਾ ਜੀ ਆਪ ਨੂੰ ਆਪ ਦਾ ਉਤੋਂ ਉਤੋਂ ਵੱਡਾ ਮਿੱਤਰ ਤੇ ਅੰਦਰੋਂ ਵੱਡਾ ਘਾਤਕ ਓਡਵਾਇਰ ਤੁਹਾਡੇ ਫ਼ੌਜੀ ਕੰਮਾਂ ਦੀ ਬੜੀ ਸ਼ਲਾਘਾ ਕਰਿਆ ਕਰਦਾ ਸੀ। ਉਸ ਦੇ ਭਰਤੀ ਦੇ ਦਿਨਾਂ ਵਾਲੇ ਵਿਖਿਆਨ ਪੜ੍ਹ ਕੇ ਤੁਸੀਂ ਵੇਖੋਗੇ ਕਿ ਉਹ ਦਾ ਮੂੰਹ ਸਿੰਘਾਂ ਦੀ ਉਸਤਤੀ ਕਰਦਾ ਕਦੇ ਨਹੀਂ ਸੀ ਥਕਦਾ। ਪਰ ਜਿਹੜੇ ਕਸ਼ਟ ਫ਼ੌਜੀ ਖਾਲਸੇ ਜੀ ਨੂੰ ਆਪਣੇ ਧਾਰਮਿਕ ਅਸੂਲਾਂ ਤੇ ਚਲਦਿਆਂ ਹੋਇਆਂ ਪਿਛਲੇ ਥੋੜ੍ਹੇ ਜਿਹੇ ਚਿਰ ਵਿਚ ਸਹਿਣੇ ਪਏ ਹਨ ਅਕਥਨੀਯ ਹਨ। ਸੁਣਨ ਵਾਲਿਆਂ ਦੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਸਾਨੂੰ ਖ਼ਿਆਲ ਸੀ ਕਿ ਖਾਲਸਾ ਜੀ ਦੀ ਜਾਗ੍ਰਤ ਅਵਸਥਾ ਨੂੰ ਵੇਖ ਕੇ ਨੌਕਰਸ਼ਾਹੀ ਆਪਣੀ ਲਹੂ-ਤਿਹਾਈ ਤਲਵਾਰ ਨੂੰ ਹੁਣ ਮਿਆਨ ਵਿਚ ਪਾ ਲਵੇਗੀ। ਪਰ ਇਨਾਂ ਦੇ ਮੂੰਹ ਤਾਂ ਹੁਣ ਲਹੂ ਲਗ ਗਿਆ ਹੈ। ਇਨਾਂ ਨੂੰ ਹੁਣ ਚੰਦਰੀ ਵਾਦੀ ਪੈ ਗਈ ਹੈ। ਸੋ ਇਸ ਲਈ ਭਾਵੇਂ ਸਰ ਮੈਕਲੇਗਨ ਵਰਗੇ ਹੱਛੇ ਦਿਲਾਂ ਵਾਲੇ ਅਫ਼ਸਰ ਇਹ ਚਾਹੁੰਦੇ ਭੀ ਹਨ, ਕਿ ਹੁਣ ਸਿੱਖਾਂ ਦਾ ਜੋਸ਼ ਠੰਡਾ ਕੀਤਾ ਜਾਵੇ ਪਰ ਉਨ੍ਹਾਂ ਕੋਲੋਂ ਕੁਝ ਸਰ ਬਣ ਨਹੀਂ ਆਉਂਦਾ।

ਕਲ੍ਹ ਦੇ ਪਰਚੇ ਵਿਚ ਪਾਠਕਾਂ ਦੀ ਦ੍ਰਿਸ਼ਟੀ-ਗੋਚਰ ਇਕ ਖ਼ਬਰ ਕੀਤੀ ਜਾ ਚੁੱਕੀ ਹੈ ਕਿ ਕੁਝ ਸਿੰਘ ਆਪਣੇ ਦਾਹੜੇ ਸਿਧੇ ਗੁਰਮੁਖੀ ਰੱਖਣ ਦੇ ਅਪਰਾਧ ਵਿਚ ਉਹ ਕਸ਼ਟ ਝਲ ਰਹੇ ਹਨ, ਜਿਹੜੇ ਕਿ ਕਾਨੀ ਲਿਖਦਿਆਂ ਥਰ ਥਰ ਕੰਬਦੀ ਹੈ। ਇਸ ਤੋਂ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਵਰਤੀਆਂ ਹਨ, ਜਿਸ ਦੀ ਤਰਦੀਦ ਨਹੀਂ ਹੋਈ। ਕੀ ਇਹ ਕਸ਼ਟ ਪਿਛਲੇ ਜ਼ਮਾਨੇ ਦੇ ਕਸ਼ਟਾਂ ਨਾਲੋਂ ਘਟ ਹਨ ? ਕੀਹ ਖਾਲਸਾ ਜੀ ਅਜੇ ਵੀ ਤੁਹਾਨੂੰ ਜਾਗ ਆਵੇਗੀ ਕਿ ਨਹੀਂ ? ਕੀ ਤੁਸੀਂ ਇਕ ਆਵਾਜ਼ ਨਾਲ ਇਹੋ ਜਿਹੀ ਨੌਕਰਸ਼ਾਹੀ ਤੇ ਘ੍ਰਿਣਾ ਪ੍ਰਗਟ ਨਹੀਂ ਕਰ ਸਕਦੇ ? ਕੀ ਨੌਕਰਸ਼ਾਹੀ ਨੂੰ ਤੁਸੀਂ ਇਕੱਠੀ ਆਵਾਜ਼ ਨਾਲ ਨਹੀਂ ਦਸ ਸਕਦੇ ਕਿ ਇਹ ਕਾਰਾ ਫ਼ੌਜ ਵਿਚ ਜਾਰੀ ਰਿਹਾ ਤਾਂ ਕੋਈ ਸਿੱਖ ਬੱਚਾ ਇਹੋ ਜਿਹੀ ਨੌਕਰੀ ਤੇ ਥੁੱਕੇਗਾ ਵੀ ਨਹੀਂ ? ਖਾਲਸਾ ਜੀ "ਜਬੈ ਬਾਣ ਲਾਗੇ ਤਬੈ ਰੋਸ ਜਾਗੇ" ਵਾਲੀ ਤੁਕ ਕੀ ਕਿਸੇ ਹੋਰ ਨੂੰ ਫਬਦੀ ਹੈ ? ਜਿੰਨਾ ਚਿਰ ਤੁਹਾਡੇ ਵੀਰਾਂ ਨੂੰ ਧਾਰਮਕ ਅਸੂਲਾਂ ਨੂੰ ਕਾਇਮ ਰੱਖਣ ਵਾਸਤੇ ਇਹ ਕਸ਼ਟ ਦਿਤੇ ਜਾ ਰਹੇ ਹਨ, ਤੁਹਾਡਾ ਖਾਣਾ, ਪੀਣਾ, ਸੌਣਾ ਹਰਾਮ ਹੈ। ਖਾਲਸਾ ਜੀ ਤੁਹਾਡਾ ਨਾਂ 'ਬੰਦੀ ਛੋੜ' ਹੁੰਦਾ ਸੀ। ਪਰ ਹੁਣ ਤਾਂ ਆਪਣੇ ਵੀਰਾਂ ਨੂੰ ਵੀ ਉਨ੍ਹਾਂ ਕਸ਼ਟਾਂ ਤੋਂ, ਜਿਹੜੇ ਧਾਰਮਕ ਅਸੂਲਾਂ ਤੇ ਚਲਣ ਵਾਲੇ ਸਹਾਰ ਰਹੇ ਹਨ, ਛੁਡਾਣ ਜੋਗੇ ਨਹੀਂ ਰਹੇ ? ਕਦੀ ਉਹ ਵੇਲਾ ਸੀ ਕਿ ਦੂਸਰੇ ਮਤ ਵਾਲਿਆਂ ਦੇ ਕਿਸੇ ਇਸਤ੍ਰੀ ਪੁਰਸ਼ ਦਾ ਦੁਖ ਸੁਣ ਕੇ ਤੇ ਚੁਪ ਨਹੀਂ ਸੀ ਕਰਦੇ। ਹੁਣ ਤੁਸੀਂ ਨੌਕਰਸ਼ਾਹੀ ਨੂੰ ਇਕ ਇਕੱਠੀ ਆਵਾਜ਼ ਨਾਲ ਦਸਣ ਜੋਗੇ ਨਹੀਂ ਰਹੇ ਕਿ ਸਾਡੇ ਧਾਰਮਕ ਅਸੂਲ ਕੀ ਹਨ ? ਆਪ ਹੁਦਰਾ ਪ੍ਰਤੀਨਿਧ ਜਥਾ ਤਾਂ ਉਦੋਂ ਬੋਲੇਗਾ ਜਦੋਂ ਕਾਰਜ ਸਿਰੇ ਚੜ੍ਹ ਜਾਵੇਗਾ। ਤੇ ਉਦੋਂ ਆਪਣੇ ਦਫ਼ਤਰ ਵਿੱਚੋਂ ਲੰਬੇ ਚਿੱਠੇ ਕਢਾਏ ਜਾਣਗੇ।

ਸਾਨੂੰ ਇਹ ਉਤਲੀਆਂ ਦੋ ਸਤਰਾਂ ਲਿਖਣ ਦੀ ਲੋੜ ਨਹੀਂ ਸੀ, ਪਰ ਸਾਨੂੰ ਯਾਦ ਹੈ ਕਿ ਇਸ ਆਪ ਹੁਦਰੇ ਜਥੇ ਦੇ ਵਡੇ ਥੰਮ ਨੇ ਇਕ ਵਾਰੀ ਸਾਡੇ ਸਾਹਮਣੇ ਇਹ ਸ਼ਬਦ ਉਚਾਰੇ ਸਨ 'ਸਾਡੇ ਕੋਲ ਕੁਝ ਸਿੰਘ ਆਏ ਤੇ ਆਖਿਆ ਕਿ ਸਾਨੂੰ ਕ੍ਰਿਪਾਨ ਰੱਖਣ ਦੇ ਅਪਰਾਧ ਵਿਚ ਫ਼ੌਜ ਵਿੱਚੋਂ ਕਢ ਦਿੱਤਾ ਗਿਆ ਹੈ। ਅਸਾਂ ਆਖਿਆ ਕਿ ਖਾਲਸਾ ਜੀ ਕ੍ਰਿਪਾਨ ਤਾਂ ਵਿਖਾਓ। ਅਗੋਂ ਉਨ੍ਹਾਂ ਨੇ ਆਖਿਆ ਕਿ ਇਹ ਸਰੀਰ ਨਾਲੋਂ ਅੱਡ ਨਹੀਂ ਕਰਨੀ। ਵੱਡੇ ਥੰਮ ਨੇ ਆਖਿਆ ਕਿ ਏਨੀ ਜਹਾਲਤ ਕਿਸੇ ਹੋਰ ਕੰਮ ਵਿਚ ਨਹੀਂ ਹੋ ਸਕਦੀ ਹੈ। ਇਨ੍ਹਾਂ ਸਿੱਖਾਂ ਨੂੰ ਚਾਹੀਦਾ ਸੀ ਕਿ ਪਹਿਲਾਂ ਕ੍ਰਿਪਾਨਾਂ ਅਫ਼ਸਰਾਂ ਦੇ ਹਵਾਲੇ ਕਰ ਦੇਂਦੇ ਤੇ ਮਗਰੋਂ ਫ਼ੈਸਲਾ ਕਰਾ ਲੈਂਦੇ, ਵਾਹ ਖ਼ੂਬ ਆਖਿਆ। ਪਹਿਲਾਂ ਤਾਂ ਅਸੂਲੋਂ ਡਿਗ ਜਾਂਦੇ ਤੇ ਪਿੱਛੋਂ ਫ਼ੈਸਲਾ ਕਰਾ ਲੈਂਦੇ। ਇਸ ਵਿਚ ਸੰਦੇਹ ਨਹੀਂ ਕਿ ਅੱਜ ਤੋਂ ਕੁਝ ਚਿਰ ਪਹਿਲਾਂ ਖਾਲਸੇ ਜੀ ਵਿਚ ਕ੍ਰਿਪਾਨ ਦੇ ਹਰ ਵੇਲੇ ਧਾਰਨੀ ਬਹੁਤ ਹੀ ਥੋੜ੍ਹੇ ਸਨ; ਪਰ ਜਿਨ੍ਹਾਂ ਸਿੰਘਾਂ ਦਾ ਵਿਸ਼ਵਾਸ ਰਹਿਤ ਉੱਤੇ ਸਾਡੇ ਨਾਲੋਂ ਜ਼ਿਆਦਾ ਪੱਕਾ ਹੈ, ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਯਾ ਨਹੀਂ ? ਦੁਖ ਵੰਡਣ ਦਾ ਕੀ ਅਰਥ ਹੈ ? ਇਕ ਮੁਸਲਮਾਨ ਵੀਰ ਦੇ ਧਾਰਮਕ ਕੰਮ ਵਿਚ ਹੋਰ ਕੋਈ ਡਾਢਾ ਆਦਮੀ ਧੱਕਾ ਕਰਦਾ ਹੈ, ਕੀ ਸਿੱਖ ਦਾ ਕੰਮ ਹੈ ਕਿ ਉਹ ਕੋਲ ਖਲੋ ਕੇ ਤਮਾਸ਼ਾ ਵੇਖੀ ਜਾਵੇ ? ਜੇ ਨਹੀਂ ਤਾਂ ਇਕ ਉਸ ਸਿੰਘ ਦੀ ਸਹਾਇਤਾ ਜਿਹੜਾ ਕ੍ਰਿਪਾਨ ਦਾ ਧਾਰਨੀ ਹੈ ਤੇ ਉਸ ਕ੍ਰਿਪਾਨ ਦਾ ਜਿਹੜੀ ਕ੍ਰਿਪਾਨ ਵਾਸਤੇ ਸਾਡੇ ਸਿਰਾਂ ਦੇ ਮਾਲਕ ਨੇ ਆਪਣੇ ਜਿਗਰ ਦੇ ਚਾਰ

ਟੋਟੇ ਵਾਰ ਕੇ ਸਾਨੂੰ ਦਿੱਤੀ ਸੀ, ਕਰਨਾ ਤਾਂ ਧਰਮ ਹੈ ਯਾਂ ਨਹੀਂ ?

ਇਸੇ ਸਜਣ ਦੀ ਇਕ ਹੋਰ ਦਲੀਲ ਨੂੰ ਅਸੀਂ ਕੱਢ ਕੇ ਭੋਗ ਪਾਂਦੇ ਹਾਂ। ਉਹ ਦਲੀਲ ਇਹ ਸੀ ਕਿ ਕ੍ਰਿਪਾਨ ਵਾਲੇ ਸਿੰਘਾਂ ਨੂੰ ਪਹਿਲਾਂ ਫ਼ੌਜੀ ਕਾਨੂੰਨ ਮੰਨ ਲੈਣਾ ਚਾਹੀਦਾ ਸੀ। ਪਰ ਆਪ ਨੂੰ ਕੋਈ ਪੁਛੇ ਕਿ ਪਹਿਲਾਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦਾ ਕਾਨੂੰਨ ਕਿ ਫ਼ੌਜੀ ਕਾਨੂੰਨ ? ਪਰ ਕੀ ਉਹ ਕੌਮ ਜਿਸ ਵਾਸਤੇ ਅਸਾਂ ਆਪਣੀਆਂ ਹਜ਼ਾਰਾਂ ਨਹੀਂ ਲੱਖਾਂ ਜਾਨਾਂ ਮਰਵਾ ਲਈਆਂ। ਜਿਸ ਵਾਸਤੇ ਅਸਾਂ ਦੁਨੀਆਂ ਦੇ ਕੋਨੇ ਕੋਨੇ ਵਿਚ ਜਾ ਕੇ ਲਹੂ ਵੀਟਿਆ, ਹਾਇ! ਦਿਲ ਲਿਖਣੋਂ ਕੰਬਦਾ ਹੈ, ਜਿਸ ਵਾਸਤੇ ਅਸਾਂ ਐਸੇ ਗੁਰੂ ਦੇ ਦੁਆਲੇ ਅਣ-ਆਈ ਮੌਤੇ ਮਰਵਾ ਛੱਡੇ, ਜਿਹੜੇ ਆਪਣੇ ਮਨ ਦੀ ਉੱਚੀ ਅਵਸਥਾ ਤੇ ਚੇਹਰੇ ਦੀ ਲਾਲੀ ਨੂੰ ਲੈ ਕੇ ਟੁਰ ਪੈਂਦੇ ਤਾਂ ਦੁਨੀਆਂ ਵਿਚ ਆਪਣੇ ਅਮਲੀ ਜੀਵਣ ਨਾਲ ਦੱਸ ਦਿੰਦੇ ਕਿ ਦੁਨੀਆਂ ਦਾ ਸਭ ਤੋਂ ਵਡਾ ਆਗੂ ਇਕੋ ਗੁਰੂ ਨਾਨਕ ਹੀ ਹੋਇਆ ਹੈ ਜਿਸ ਦੇ ਉਹ ਸਿੱਖ ਹੀ ਇਹੋ ਜਿਹੇ ਹਨ। ਪਰ ਹੱਛਾ, ਗੁਰੂ ਨੂੰ ਇਹੋ ਮਨਜ਼ੂਰ ਸੀ। ਉਹ ਅਕ੍ਰਿਤਘਣ ਅਫ਼ਸਰ ਜੋ ਸਾਡੇ ਵਾਸਤੇ ਇਨ੍ਹਾ ਵੀ ਉਡੀਕ ਨਹੀਂ ਕਰ ਸਕਦਾ ਕਿ ਸਾਡੇ ਪੰਜ ਦਸ ਵੀਰਾਂ ਨੂੰ ਕੁਝ ਚਿਰ ਲਈ ਸਿਰਫ਼ ਆਪਣੇ ਪਹਿਰੇ ਵਿਚ ਹੀ ਰੱਖ ਛਡੇ ਤੇ ਪੰਥ ਕੋਲੋਂ ਪੁਛ ਲਏ ਕਿ ਸਾਡੇ ਕੀ ਅਸੂਲ ਹਨ। ਇਸ ਲਈ ਅਸੀਂ ਰੋਜ਼ ਆਖ ਨੇ ਹਾਂ ਕਿ ਉਸ ਕੌਮ ਦਾ ਜਿਸਨੂੰ ਡੇਢ ਸੌ ਸਾਲ ਵਿਚ ਇਨਾਂ ਵੀ ਪਤਾ ਨਹੀਂ ਲਗਾ ਕਿ ਸਾਡੇ ਕੀ ਧਾਰਮਕ ਅਸੂਲ ਹਨ। ਸਾਡੇ ਤੇ ਰਾਜ ਕਰਨ ਦਾ ਕੋਈ ਹੱਕ ਨਹੀਂ। ਹੁਣ ਰੋਜ਼ ਉਡੀਕਣ ਦੀ ਸਮਰਥਾ ਨਹੀਂ ਪਰ ਪਿਛਲੀਆਂ ਪੀੜਾਂ ਕੁਦਦੀਆਂ ਹਨ ਤੇ ਅਸੀਂ ਆਖਦੇ ਹਾਂ ਕਿ ਵਰਜ਼ ਨਾ ਭੋਲੀਏ ਮਾਇ "ਜਿਸ ਤਨ ਲਗੇ ਸੋਈ ਤਨ ਜਾਣੇ ਕੌਣ ਜਾਣੇ ਪੀਰ ਪਰਾਈ" ਨੌਕਰਸ਼ਾਹੀ ਨੂੰ ਹੁਣ ਬਸ ਕਰਨੀ ਚਾਹੀਦੀ ਹੈ ਬਥੇਰੀ ਹੋ ਗਈ, ਤੇ ਹੁਣ ਜੇ ਸਾਡੀਆਂ ਫ਼ੌਜਾਂ ਰੱਖਣੀਆਂ ਹਨ, ਤਾਂ ਇਸੇ ਘੜੀ ਸਾਡੇ ਧਾਰਮਕ ਅਸੂਲਾਂ ਤੋਂ ਜਾਣੂ ਹੋ ਜਾਵੇ ਨਹੀਂ ਤਾਂ ਖਾਲਸਾ ਜੀ ਦੀਆਂ ਫ਼ੌਜਾਂ ਉਤੇ ਪਹਿਲਾਂ ਵਰਗਾ ਮਾਣ ਨਾ ਰੱਖੇ। ਇਹ ਸਿੱਖ ਸੈਨਾ ਆਪਣੇ ਕਲਗੀਧਰ ਦੇ ਹੁਕਮਾਂ ਨੂੰ ਪਹਿਲੇ ਮੰਨਣਗੇ ਤੇ ਫਿਰ ਕਿਸੀ ਹੋਰ ਦੇ।

ਖਾਲਸਾ ਕਾਲਜ ਤੇ ਸਿੱਖਾਂ ਦਾ ਫ਼ਰਜ਼।

ਲਾਹੌਰ ਵਿਚ ਖਾਲਸਾ ਕਾਲਜ ਦੇ ਮੁਤਲਕ ਸਿੱਖਾਂ ਦਾ ਜਿਹੜਾ ਜਲਸਾ ਹੋਇਆ ਉਸ ਦੀ ਕਾਰਵਾਈ "ਅਕਾਲੀ" ਵਿਚ ਛਪ ਚੁਕੀ ਹੈ। ਹੁਣ ਹਰ ਇਕ ਸਿੱਖਾਂ ਦੇ ਪਿੰਡ ਵਿਚ ਇਸ ਕਿਸਮ ਦੇ ਜਲਸੇ ਹੋ ਕੇ ਐਸੇ ਗੁਰਮਤੇ ਪਾਸ ਹੋਣੇ ਚਾਹੀਦੇ ਹਨ, ਤੇ ਉਨ੍ਹਾਂ ਦੀ ਖਬਰ ਅਖ਼ਬਾਰਾਂ ਵਿਚ ਛਪਨੀ ਚਾਹੀਦੀ ਹੈ। ਦਰਬਾਰ ਸਾਹਿਬ ਜੀ ਦਾ ਮਾਮਲਾ ਤਕਰੀਬਨ ਨਜਿਠਿਆ ਗਿਆ ਹੈ, ਤੇ ਸ਼ਹੀਦੀ ਦਲ ਦੀ ਕਿਰਪਾ ਨਾਲ ਗੁਰਦੁਆਰਾ ਸਾਹਿਬ ਰਕਾਬ ਗੰਜ ਦਾ ਮਾਮਲਾ ਭੀ ਸਾਫ਼ ਹੋ ਗਿਆ ਹੈ, ਹੁਣ ਖਾਲਸਾ ਜੀ ਨੂੰ ਖਾਲਸਾ ਕਾਲਜ ਵਲ ਖ਼ਾਸ ਤਵਜੋ ਦੇਣੀ ਚਾਹੀਦੀ ਹੈ, ਤੇ ਹਰ ਕਿਸਮ ਦੀ ਕੁਰਬਾਨੀ ਵਾਸਤੇ ਤਿਆਰ ਹੋਣਾ ਚਾਹੀਦਾ ਹੈ।

ਖਾਲਸਾ ਕਾਲਜ ਦੇ ਵਾਸਤੇ ਸਿੱਖਾਂ ਨੇ ਆਪਣਾ ਲਹੂ ਪਾਨੀ ਵਤ ਡੋਲਿਆ ਹੋਇਆ ਹੈ। ਇਸ ਵਾਸਤੇ ਸਿੱਖ ਬਚੇ ਗਲੀ ਗਲੀ ਚੰਦੇ ਮੰਗਦੇ ਹੁੰਦੇ ਸਨ ਤੇ ਪੁਕਾਰ ਪੁਕਾਰ ਆਖਦੇ ਹੁੰਦੇ ਸਨ :-

ਚੁਟਕੀ ਆਟਾ ਪਾ ਚਟੂਰੇ,
ਸਦਕਾ ਜਾਨ ਪਿਆਰੀ ਦਾ।

ਇਨਾਂ ਤਰਲਿਆਂ ਨਾਲ ਕਾਲਜ ਕੇਮ ਕੀਤਾ ਹੋਇਆ ਅਜ ਸਰਕਾਰੀ ਏਜੰਟਾਂ ਦੇ ਹੱਥ ਵਿਚ ਚਲਾ ਗਿਆ ਹੈ, ਜਿਹੜੇ ਪੰਥ ਦੇ ਦੁਸ਼ਮਨ ਤੇ ਕੌਮ ਦਾ ਗਲਾ ਘੁਟਨਾਂ ਚਾਹੁੰਦੇ ਹਨ। ਖਾਲਸਾ ਜੀ ਨੂੰ ਪੂਰੀ ਕੋਸ਼ਿਸ਼ ਕਰਕੇ ਅਪਣੇ ਕਾਲਜ ਨੂੰ ਇਨਾਂ ਦੇ ਪੰਜੇ ਵਿੱਚੋਂ ਕਢਾ ਲੈਣਾ ਚਾਹੀਦਾ ਹੈ, ਤੇ ਆਪਣੇ ਸਚੇ ਪ੍ਰਤੀਨਿਧ ਮੁਕਰਰ ਕਰਕੇ ਉਨ੍ਹਾਂ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ। ਤਾਂ ਤੇ ਛੇਤੀ ਹੀ ਜਗ੍ਹਾ ਜਗ੍ਹਾ ਇਸ ਮਾਮਲੇ ਤੇ ਵਿਚਾਰ ਸ਼ੁਰੂ ਹੋ ਜਾਣੀ ਚਾਹੀਦੀ ਹੈ।

ਅਕਾਲੀ ਲਾਹੌਰ, ੮ ਦਸੰਬਰ ੧੯੨੦

ਖਾਲਸਾ ਸਕੂਲਾਂ ਵਿਚ ਉਡਵਾਇਰੀ ਰਾਜ

ਸਾਡੇ ਪਾਸ ਬਹੁਤ ਚਿੱਠੀਆਂ ਅਤੇ ਖ਼ਬਰਾਂ ਆ ਰਹੀਆਂ ਹਨ, ਜਿਨ੍ਹਾਂ ਵਿਚ ਇਹ ਲਿਖਿਆ ਹੈ ਕਿ ਕਈ ਹੈੱਡਮਾਸਟਰ ਸਾਹਿਬਾਨ ਨੇ ਆਪਣੇ ਮੌਲਾ ਬਖਸ਼ ਤੋਂ ਬੜਾ ਕੰਮ ਲੈਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਆਪਣੇ ਪੱਤਰ ਵਿਚ ਥਾਂ ਥੋੜ੍ਹੀ ਹੋਣ ਕਰਕੇ ਨਹੀਂ ਛਾਪ ਸਕੇ, ਪਰ ਅਸੀਂ ਇਨ੍ਹਾਂ ਵੀਰਾਂ ਕੋਲੋਂ ਪੁਛਨੇ ਹਾਂ ਕਿ ਕੀ ਮੁੰਡਿਆਂ ਦੇ ਮਨਾਂ ਨੂੰ ਜਿਤਣ ਦਾ ਇਹ ਹੀ ਤਰੀਕਾ ਹੈ ? ਇਹ ਤਾਂ ਉਲਟਾ ਆਪਣੇ ਮੰਤਵ ਦੇ ਉਲਟ ਇਕ ਜ਼ੈਹਰ ਦਾ ਬੀਜ ਬੀਜਣਾ ਹੈ, ਜੇ ਉਹ ਵੀਰ ਇਹ ਸਮਝਦੇ ਹਨ ਕਿ ਵਿਦਿਆਰਥੀਆਂ ਦਾ ੧੯ ਤਾਰੀਖ ਨੂੰ ਹੜਤਾਲ ਕਰਨੀ ਜਾਂ ਨਾ-ਮਿਲਵਰਤਨ ਵਾਸਤੇ ਹੜਤਾਲ ਕਰਨੀ ਠੀਕ ਨਹੀਂ, ਤਾਂ ਉਹ ਪਿਆਰ ਨਾਲ ਹੀ ਮੁੰਡਿਆਂ ਨੂੰ ਆਪਣੇ ਖ਼ਿਆਲ ਦਸ ਸਕਦੇ ਹਨ ਨਾ ਕਿ ਨਾਂਦਰਸ਼ਾਹੀ ਹਕੂਮਤ ਨਾਲ, ਹਾਂ ਜੇ ਕਿਸੇ ਵਿਦਿਆਰਥੀ ਨੂੰ ਆਪਣੇ ਆਚਰਨ ਦੇ ਸਬੰਧ ਵਿਚ ਸਜ਼ਾ ਦਿੱਤੀ ਜਾਂਦੀ ਹੈ ਤਾਂ ਜਮ ਜਮ ਦਿੱਤੀ ਜਾਵੇ ਕਿਉਂਕਿ ਇਹ ਦੰਡ ਦੇਣਾ ਹੀ ਹੈ, ਜਿਹੜਾ ਕਿ ਉਨ੍ਹਾਂ ਦੇ ਮਨ ਦੇ ਵੇਗਾਂ ਨੂੰ ਉਲਟੇ ਪਾਸਿਓਂ ਮੋੜ ਕੇ ਸਿਧੇ ਪਾਸੇ ਲਾ ਸਕਦਾ ਹੈ ਅਤੇ ਜਿਹੜਾ ਕਿ ਇਕ ਅਧਿਆਪਕ ਦਾ ਮੁਖ ਮੰਤਵ ਹੈ। ਸਾਡਾ ਵਰਨਾਣ ਵਾਲੇ ਸਾਡੇ ਵੀਰ ਤਾਂ (Bay Chdogy) 'ਮਨ ਦਿਆ ਵੇਗਾਂ ਨੂੰ ਸਮਝਣ ਵਾਲੀ ਵਿਦਿਆ' ਪੜ੍ਹੇ ਹੋਏ ਹਨ। ਉਹ ਤਾਂ ਜਾਣਦੇ ਹਨ ਕਿ ਇਕ ਦਰਿਆ ਦੇ ਆ ਰਹੇ ਵੈਹਣ ਨੂੰ ਇਸ ਤਰ੍ਹਾਂ ਨਹੀਂ ਮੋੜਿਆ ਜਾ ਸਕਦਾ, ਸਗੋਂ ਬਹੁਤਿਆਂ ਮਨਾਂ ਦੀ ਹਮਦਰਦੀ ਵਾਲੇ ਨਿਯਮ ਤੋਂ ਲਾਭ ਉਠਾਣਾ ਚਾਹੀਦਾ ਹੈ। ਅਸੀਂ ਆਪਣੇ ਤਜਰਬੇ ਨਾਲ ਕਹਿਨੇ ਹਾਂ ਕਿ ਮੁੰਡਿਆਂ ਦੇ ਮਨਾਂ ਨੂੰ ਜਿਤਣ ਦਾ ਤਰੀਕਾ ਓਲੰਪੀਅਨ ਪਹਾੜ ਦੀ ਚੋਟੀ ਤੋਂ ਬੈਠ ਕੇ ਹੁਕਮ ਦੇ ਦੇਣਾ ਨਹੀਂ ਸਗੋਂ ਇਸ ਦੇ ਉਲਟ ਵਿਦਿਆਰਥੀਆਂ ਵਿਚ ਵਿਚਰਦਿਆਂ ਹੋਇਆਂ ਉਨ੍ਹਾਂ ਦੇ ਮਨਾਂ ਨੂੰ ਖਿਚ ਲੈਣਾ ਹੈ। ਹਮੇਸ਼ਾਂ ਇਹੋ ਹੀ ਇਕ ਤਰੀਕਾ ਹੈ ਜਿਸ ਨਾਲ ਮਨ ਜਿਤਿਆ ਜਾ ਸਕਦਾ ਹੈ।

ਕੀ ਤੁਸੀਂ ਆਪਣੀ ਅੱਖੀਂ ਨਹੀਂ ਵੇਖ ਰਹੇ ਕਿ ਪੰਡਤ ਮਾਲਵੀਆਂ ਦੀ ਯੂਨੀਵਰਸਿਟੀ ਵਿਚ ਨਾ-ਮਿਲਵਰਤਨ ਦੀ ਉਹ ਲਹਿਰ ਨਹੀਂ ਚਲ ਸਕੀ। ਜਿਹੜੀ ਦੂਜਿਆਂ ਕਾਲਜਾਂ ਵਿਚ ਚਲੀ ਹੈ, ਇਹ ਨਹੀਂ ਕਿ ਉਥੇ ਮਹਾਤਮਾ ਗਾਂਧੀ ਜੀ ਨੇ ਅਤੇ ਉਨ੍ਹਾਂ ਦੇ ਚੇਲੇ ਚਾਟੜਿਆਂ ਨੇ ਪੂਰੇ ਜ਼ੋਰ ਨਾਲ ਹਮਲਾ ਨਹੀਂ ਕੀਤਾ ਜਿਸ ਤਰ੍ਹਾਂ ਕਿ ਸਾਡੇ ਕਈ ਵੀਰ ਆਖ ਰਹੇ ਹਨ। ਇਸ ਦਾ ਕਾਰਨ ਕੇਵਲ ਇਕ ਹੈ ਕਿ ਉਥੋਂ ਦੇ ਵਿਦਿਆਰਥੀ ਮਾਲਵੀਆ ਜੀ ਨੂੰ ਦਿਲੋਂ ਸਾਫ਼ ਅਤੇ ਸਚਾ ਸਮਝਦੇ ਹਨ। ਸੋ ਆਸ ਰਖਦੇ ਹਾਂ ਕਿ ਸਾਡੇ ਸਕੂਲਾਂ ਦੇ ਹੈਡਮਾਸਟਰ ਭੀ ਅੱਖਾਂ ਖੋਲ੍ਹਣ ਤੇ ਵੇਖਣ ਕਿ ਦੁਨੀਆਂ ਕਿਸ ਪਾਸੇ ਜਾ ਰਹੀ ਹੈ। ਇਸ ਦਾ ਇਹ ਅਰਥ ਨਹੀਂ ਕਿ ਦੁਨੀਆਂ ਦੇ ਕਿਸੇ ਵੈਹਣ ਨਾਲ ਹੀ ਵਗ ਜਾਣਾ ਚਾਹੀਦਾ ਹੈ, ਇਸ ਦਾ ਅਰਥ ਹੈ ਕਿ ਅਸਾਂ ਸਵਤੰਤਰਤਾ ਦਾ ਯੁੱਧ ਆਰੰਭ ਕੀਤਾ ਹੈ। ਸੋ ਇਹ ਨਾਂ ਹੋਵੇ ਕਿ ਸਾਡੀਆਂ ਔਲਾਦਾਂ ਜਿਨ੍ਹਾਂ ਆ ਕੇ ਕੰਮ ਸੰਭਾਲਣਾਂ ਹੈ ਉਹ ਇਕ ਗੁਲਾਮੀ ਦੇ ਘੇਰੇ ਵਿਚ ਜੰਮਣ ਤੇ ਪਲਨ। ਸਾਨੂੰ ਆਸ ਹੈ ਕਿ ਸਾਡੇ ਵੀਰ ਇਸ ਥੋੜ੍ਹੇ ਕਹਿਣ ਨਾਲ ਸਮਝ ਜਾਣਗੇ, ਤੇ ਸਾਨੂੰ ਹੋਰ ਲਿਖਣ ਦੀ ਅਤੇ ਉਨ੍ਹਾਂ ਦੇ ਨਾਂ ਪਰਗਟ ਕਰਨ ਦੀ ਲੋੜ ਨਹੀਂ ਰਹੇਗੀ।

ਇਥੇ ਹੀ ਅਰਜ਼ ਕੀਤੀ ਜਾਂਦੀ ਹੈ ਕਿ ਗੁਰਦੁਆਰਿਆਂ ਅਤੇ ਕੰਨਯਾਂ ਸਕੂਲਾਂ ਦੇ ਸਬੰਧ ਵਿਚ ਸਾਡੇ ਪਾਸ ਰੋਜ਼ ਬੜੀ ਡਾਕ ਆ ਜਾਂਦੀ ਹੈ। ਅਗੇ ਬੜੀ ਜਲਦੀ ਇਨਾਂ ਤੇ ਭੀ ਆਪਣੀ ਵੀਚਾਰ ਪ੍ਰਗਟ ਕਰਾਂਗੇ। ਸਜਣ ਜਨ ਘਬਰਾਣ ਨਾ ਸਾਰੇ ਖਤ ਛਾਪਣੇ ਅਸੰਭਵ ਹਨ।

ਗੁਰਦੁਆਰਿਆਂ ਦਾ ਸੁਧਾਰ

ਅਕਾਲੀ ਕੌਰ ਸਿੰਘ ਜੀ ਨੇ ਹਜ਼ੂਰ ਸਾਹਿਬ ਸਬੰਧੀ ਕਈ ਚਿੱਠੀਆਂ ਸਾਨੂੰ ਭੇਜੀਆਂ ਹਨ, ਅਤੇ ਇਸ ਤਰ੍ਹਾਂ ਗੁਰਦੁਆਰਿਆਂ ਸਬੰਧੀ ਸ਼ਿਕਾਇਤਾਂ ਭਰੀਆਂ ਚਿੱਠੀਆਂ ਦੀ ਹਰ ਰੋਜ ਵਰਖਾ ਲਗੀ ਰਹਿੰਦੀ ਹੈ।

ਚੂੰਕਿ ਹੁਣ ਗੁਰਦੁਆਰਿਆਂ ਦੇ ਸੁਧਾਰ ਦਾ ਬੀੜਾ ਪੰਥ ਨੇ ਚੁਕ ਲਿਆ ਹੈ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਤਖ਼ਤ ਅਕਾਲ ਬੁੰਗੇ ਸਾਹਿਬ ਬਣ ਗਈ ਹੈ। ਇਸ ਲਈ ਗੁਰਦੁਆਰਿਆਂ ਸਬੰਧੀ ਹਰ ਇਕ ਸ਼ਿਕਾਇਤ ਪਹਿਲਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਜਾਣੀ ਚਾਹੀਦੀ ਹੈ। ਇਕੋ ਵੇਰ ਸਾਰੇ ਗੁਰਦੁਆਰਿਆਂ ਦਾ ਸੁਧਾਰ ਹੋਣਾ ਕਠਨ

ਹੈ। ਕਮੇਟੀ ਆਪੇ ਵਿਚਾਰ ਕੇ ਵਾਰੋ ਵਾਰੀ ਸੁਧਾਰ ਕਰਨ ਦਾ ਯਤਨ ਕਰੇਗੀ ਅਤੇ ਜੋ ਕੁਝ ਸਾਨੂੰ ਛਾਪਣ ਲਈ ਭੇਜੇਗੀ ਅਸੀਂ ਛਾਪ ਦਿਆਂ ਕਰਾਂਗੇ। ਆਸ਼ਾ ਹੈ ਕਿ ਸੁਧਾਰ ਦੇ ਚਾਹਵਾਨ ਸਾਡੀ ਬੇਨਤੀ ਪ੍ਰਵਾਨ ਕਰਨਗੇ, ਪ੍ਰਬੰਧ ਸਬੰਧੀ ਆਮ ਸ਼ਿਕਾਇਤਾਂ ਤਾਂ ਕਮੇਟੀ ਨੂੰ ਲਿਖਣੀਆਂ ਚਾਹੀਦੀਆਂ ਹਨ ਅਤੇ ਜੇ ਕੋਈ ਨਵੀਂ ਗੱਲ ਹੋਵੇ ਤਾਂ ਝਟ ਪਟ "ਅਕਾਲੀ" ਨੂੰ ਤੇ ਹੋਰ ਅਖ਼ਬਾਰਾਂ ਨੂੰ ਲਿਖ ਪਾਓ।

ਖਾਲਸਾ ਕਾਲਜ ਅੰਮ੍ਰਿਤਸਰ, ਨਿਯਮਾਂ ਵਿਚ ਅਦਲਾ ਬਦਲੀ

ਇਕ ਪ੍ਰੈਸ ਕਮਿਊਨਕ ੬ ਦਸੰਬਰ ਨੂੰ ਲਾਹੌਰੋਂ ਨਿਕਲੀ, ਹੇਠ ਲਿਖੀ ਅਦਲਾ ਬਦਲੀ ਨਿਯਮਾਂ ਵਿਚ ਕੀਤੀ ਗਈ ਪੂਰਾ ਹਾਲ ਭਲਕੇ।

ਕੌਂਸਲ ਅਗੇ ਤੋਂ ੮੦ ਮੈਂਬਰਾਂ ਦੀ ਹੋਵੇਗੀ ਜਿਹੜੀ ਅਗੇ ੫੬ ਦੀ ਸੀ, ਇਨ੍ਹਾਂ ਅਸੀਆਂ ਵਿੱਚੋਂ ਚਾਲੀ ਰਿਆਸਤਾਂ ਨਿਯਤ ਕਰਨਗੀਆ ਪਟਿਆਲਾ ੧੭, ਜੀਂਦ ੭, ਕਪੂਰਥਲਾ ੪, ਫਰੀਦਕੋਟ ੪ ਅਤੇ ਕਲਸੀਆਂ ੧, ਬਾਕੀ ਚਾਲੀ ਮੈਂਬਰਾਂ ਵਿੱਚੋਂ ੨੦ ਕੌਂਸਲ ਅੰਗਰੇਜ਼ੀ ਜਿਲਿਆਂ ਵੱਲੋਂ ਚੁਗੇਗੀ ੧੦ ਬਾਰੀ ਦੁਆਬਾਂ, ੫ ਰਾਵੀ ਤੋਂ ਪਰਲੇ ੫ ਬਿਆਸ ਤੋਂ ਪਰਲੇ ਇਲਾਕੇ ਤੇ ਤ੍ਰੈ ਸਾਲਾਂ ਦੇ ਗ੍ਰੇਜੂਏਟਾਂ ਵੱਲੋਂ ਸਤ, ਖਾਲਸਾ ਕਾਲਜ ਤੋਂ ਬਿਨਾਂ ਬਾਕੀ ਖਾਲਸਾ ਕਾਲਜਾਂ ਅਤੇ ਖਾਲਸਾ ਹਾਈ ਸਕੂਲਾਂ ਦੀਆ ਪ੍ਰਬੰਧਕ ਕਮੇਟੀਆਂ, ਚਾਰ ਖਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਐਸੋਸੀਏਸ਼ਨ ਵੱਲੋਂ ਤਿੰਨ, ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਵੱਲੋਂ ੩, ਸਿੱਖ ਲੀਗ ਵੱਲੋਂ ੩।

ਕੌਂਸਲ ਦਾ ਪ੍ਰਧਾਨ, ਮੀਤ ਪ੍ਰਧਾਨ ਅਤੇ ਆਨਰੇਰੀ ਸਕਤਰ ਕੌਂਸਲ ਆਪਣੇ ਮੈਂਬਰਾਂ ਵਿੱਚੋਂ ਆਪ ਚੁਣੇਗੀ। ਕੋਈ ਕਾਲਜ ਦਾ ਤਨਖਾਹ ਦਾਰ ਨੌਕਰ ਕੌਂਸਲ ਦਾ ਮੈਂਬਰ ਨਹੀਂ ਹੋ ਸਕਦਾ। ਕੌਂਸਲ ਕਿਸੇ ਮੀਟਿੰਗ ਤੇ ੨੦ ਆਦਮੀਆਂ ਦਾ ਕੋਰਮ ਹੋਵੇਗਾ (ਅਰਥਾਤ ਇਨੇ ਆਦਮੀ ਇਕਠੇ ਹੋ ਕੇ ਫ਼ੈਸਲਾ ਚਾਹੁਣ ਕਰ ਲੈਣ) ਜੇ ਫ਼ੈਸਲਾ ਨਾ ਹੋ ਸਕੇ ਤੇ ਮੀਟਿੰਗ ਅਗਲੇ ਦਿਨ ਤੇ ਜਾ ਪਏ ਤਾਂ ੧੦ ਦਾ ਕੋਰਮ ਹੋ ਸਕੇਗਾ।

ਪ੍ਰਬੰਧਕ ਕਮੇਟੀ ੨੬ ਮੈਂਬਰਾਂ ਦੀ ਹੋਵੇਗੀ ਜਿਥੇ ਵਿਚੇ ਹੀ ਪ੍ਰਧਾਨ, ਮੀਤ ਪ੍ਰਧਾਨ ਤੇ ਆਨਰੇਰੀ ਸਕਤਰ ਭੀ ਸ਼ਾਮਲ ਹਨ। ਇਨਾਂ ੨੬ ਮੈਂਬਰਾਂ ਵਿੱਚੋਂ ੧੩ ਰਿਆਸਤਾਂ ਵੱਲੋਂ ਨਿਯਤ ਕੀਤੇ ਜਾਣਗੇ ਅਤੇ ਬਾਕੀ ਤੇਰਾਂ ਯਾਂ ਤਾਂ ਕੌਂਸਲ ਵਿੱਚੋਂ ਚੁਗੇ ਜਾਣਗੇ ਯਾ ਮੁਖਤਲਿਫ ਹਲਕਿਆਂ ਵੱਲੋਂ (ਜਿਨਾਂ ਦਾ ਜ਼ਿਕਰ ਉਤੇ ਆ ਚੁਕਾ ਹੈ) ਚੁਣੇ ਆਉਣਗੇ।

ਰਿਆਸਤਾਂ ਵੱਲੋਂ ੧੩ ਇਸ ਤਰ੍ਹਾਂ ਨਿਯਤ ਕੀਤੇ ਜਾਣਗੇ ਪਟਿਆਲਾ ੫, ਜੀਂਦ, ਨਾਭਾ, ਕਪੂਰਥਲਾ, ਫਰੀਦਕੋਟ ਹਰ ਇਕ ਵੱਲੋਂ ਦੋ, ਸਰਕਾਰੀ ਇਲਾਕੇ ਦੇ ਤੇਰਾਂ ਆਦਮੀ ਇਸ ਤਰ੍ਹਾਂ ਚੁਗੇ ਜਾਣਗੇ। ੬ ਕੌਂਸਲ ਦੇ ਚੁਗੇ ਹੋਏ ਮੈਂਬਰਾਂ ਵੱਲੋਂ ਅਤੇ ੭ ਕੌਂਸਲ ਤੇ ਚੁਣੇ ਹੋਏ ਮੈਂਬਰਾਂ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਜ਼ਿਲ੍ਹਿਆਂ ਵਿੱਚੋਂ ਚੁਗਣ ਲਗਿਆ ਕੇਵਲ ਸਰਕਾਰੀ ਜਿਲ੍ਹਿਆ ਵੱਲੋਂ ਆਏ ਮੈਂਬਰ ਰਾਇ ਦੇ ਸਕਣਗੇ ਪ੍ਰਿੰਸੀਪਲ ਪ੍ਰਬੰਧਕ ਕਮੇਟੀ ਦਾ ਵਾਧੂ ਮੈਂਬਰ ਹੋਵੇਗਾ ਪਰ ਰਾਇ ਨਹੀਂ ਦੇ ਸਕੇਗਾ।

ਪ੍ਰਬੰਧਕ ਕਮੇਟੀ ਦਾ ਕੋਰਸ ਸਵਾਇ ਪ੍ਰਿੰਸੀਪਲ ਪੰਜ ਹੋਰ ਮੈਂਬਰਾਂ ਦਾ ਹੋ ਸਕਦਾ ਹੈ।

ਅਕਾਲੀ ਲਾਹੌਰ, ੯ ਦਸੰਬਰ ੧੯੨੦

ਗੁਰਦੁਆਰਾ ਸਾਹਿਬ ਰਕਾਬ ਗੰਜ ਦੀ ਦੀਵਾਰ ਦੇ ਮਾਮਲੇ ਤੇ ਸਰਸਰੀ ਵਿਚਾਰ

(ਵਲੋਂ ਭਾਈ ਸਰਦੂਲ ਸਿੰਘ ਜੀ ਕਵੀਸ਼ਰ)

ਅਕਾਲ ਪੁਰਖ ਦਾ ਕੋਟਾਨ ਕੋਟ ਸ਼ੁਕਰ ਹੈ ਕਿ ਗੁਰਦੁਆਰਾ ਸਾਹਿਬ ਰਕਾਬ ਗੰਜ ਦੀ ਦੀਵਾਰ ਦਾ ਮਾਮਲਾ ਆਖ਼ਰ ਸਿੱਖਾਂ ਦੀ ਮਰਜ਼ੀ ਅਨੁਸਾਰ ਤੈਅ ਹੋ ਗਿਆ ਹੈ ਤੇ ਗੁਰਦੁਆਰਾ ਸਾਹਿਬ ਦੀ ਬੇਦਰਦ ਹਥਾਂ ਨਾਲ ਢਾਈ ਹੋਈ ਕੰਧ ਫਿਰ ਉਸੇ ਸ਼ਾਨ ਵਿਚ ਤਿਆਰ ਹੋ ਗਈ ਹੈ। ਇਹ ਮਾਮਲਾ ੧੯੧੩ ਵਿਚ ਸ਼ੁਰੂ ਹੋਇਆ ਤੇ ੧੯੧੪ ਵਿਚ ਲੜਾਈ ਛਿੜ ਜਾਣ ਕਰਕੇ ਜਰਾ ਬੰਦ ਕਰ ਦਿੱਤਾ ਗਿਆ ਤੇ ਆਖਰ ਇਸ ਸਾਲ ਸ਼ੁਰੂ ਹੋ ਕੇ ਹੁਣ ਬਿਲਕੁਲ ਸਾਫ਼ ਹੋ ਗਿਆ।

ਇਸ ਮਾਮਲੇ ਵਿਚ ਕੌਮੀ ਦੁਸ਼ਮਨਾਂ ਦੇ ਹੱਥੋਂ ਸਰਦਾਰ ਹਰਚੰਦ ਸਿੰਘ ਤੇ ਸਰਦਾਰ ਬਚਨ ਸਿੰਘ ਵਰਗਿਆਂ ਨੂੰ

ਦੁਖ ਉਠਾਨੇ ਪਏ । ਭਾਈ ਰੰਧੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਜੇਹਲ ਵਿਚ ਜਾਨਾਂ ਪਿਆ ਤੇ ਬਾਜਿਆਂ ਨੂੰ ਫ਼ਾਂਸੀ ਵੀ ਚੜ੍ਹਨਾਂ ਪਿਆ। ਏਸੇ ਮਾਮਲੇ ਕਰਕੇ ਪਿਛਲੇ ਲਾਟ ਸਾਹਿਬ ਨੇ ਇਕ ਸਿੱਖ ਮਹਾਰਾਜ ਦੀ ਰਿਆਸਤ ਤਕ ਘੇਰਨ ਦਾ ਜਤਨ ਕੀਤਾ ਤੇ ਹੋਰ ਬਹੁਤ ਸਾਰੇ ਸਿੱਖਾਂ ਨੂੰ ਪੁਲਿਸ ਦੇ ਹੱਥੋਂ ਤੰਗ ਕਰਾਇਆ । ਇਹੋ ਹੀ ਮਾਮਲਾ ਸੀ ਜਿਸ ਨੇ ਨਜਿਠਨ ਵਾਸਤੇ ਹੁਣ ਸੈਂਕੜੇ ਸਿੰਘ ਸ਼ਹੀਦ ਹੋਣ ਵਾਸਤੇ ਤਿਆਰ ਹੋ ਗਏ ਤੇ ਗੁਰੂ ਬਾਬੇ ਦੇ ਪੰਥ ਦੀ ਆਨ ਕੌਮ ਰਖਣ ਵਾਸਤੇ ਆਪਣੀ ਜਾਨ ਤੇ ਖੇਡਨ ਵਿਚ ਫ਼ਖ਼ਰ ਸਮਝਿਆ ।

ਇਸ ਮਾਮਲੇ ਵਿਚ ਜਿਥੇ ਇਹ ਸਾਬਤ ਹੋ ਗਿਆ ਕਿ ਸਰਕਾਰੀ ਅਫ਼ਸਰ ਛੇਤੀ ਛੇਤੀ ਆਪਣੀ ਹਠ ਧਰਮੀ ਤੋਂ ਬਾਜ਼ ਨਹੀਂ ਆਉਂਦੇ, ਉਥੇ ਏਹ ਭੀ ਸਾਬਤ ਹੋ ਗਿਆ ਕਿ ਆਪ ਹੁਦਰੇ ਆਗੂ ਕੌਮ ਤੇ ਸਰਕਾਰ ਦੋਨਾਂ ਦੇ ਦੁਸ਼ਮਨ ਹਨ । ਚੀਫ਼ ਖਾਲਸਾ ਦੀਵਾਨ ਵਾਲਿਆਂ ਨੇ ਸਰਕਾਰ ਨੂੰ ਧੋਖਾ ਦਿੱਤਾ ਤੇ ਪੰਥ ਨੂੰ ਟਪਲੇ ਵਿਚ ਰੱਖਿਆ। ਪਰ ਪੰਥ ਟਪਲੇ ਵਿਚ ਨਾਂ ਆਇਆ ਤੇ ਅੱਜ ਸਰਕਾਰ ਦੇ ਆਪਣੇ ਖਰਚ ਤੋਂ ਦੀਵਾਰ ਬਨਾਣ ਨਾਲ ਸਾਬਤ ਹੋ ਗਿਆ ਕਿ ਜਿਨਾਂ ਨੇ ਇਹ ਕਿਹਾ ਸੀ ਕਿ ਸਰਕਾਰ ਬੇਸ਼ਕ ਦੀਵਾਰ ਨੂੰ ਢਾਹ ਦੇਵੇ, ਉਹ ਬਦਨੀਤ ਤੇ ਧੋਖੇ ਬਾਜ਼ ਸਨ ਅਤੇ ਸਰਕਾਰ ਤੇ ਪੰਥ ਦੋਨਾਂ ਦੇ ਦੁਸ਼ਮਨ ਸਨ । ਜਿਥੇ ਸਿੱਖਾਂ ਨੂੰ ਇਸ ਮਾਮਲੇ ਵਿਚ ਬਹੁਤ ਕਸ਼ਟ ਸਹਾਰਨੇ ਪਏ, ਉਥੇ ਇਸ ਮਾਮਲੇ ਵਿਚ ਫੈਦੇ ਭੀ ਬਹੁਤ ਹੋਏ । ਸਭ ਤੋਂ ਵੱਡੀ ਗੱਲ ਤਾਂ ਇਹ ਕਿ ਦੁਨੀਆਂ ਨੂੰ ਪਤਾ ਲੱਗ ਗਿਆ ਕਿ ਸਿੱਖ ਆਪਣੇ ਧਾਰਮਕ ਮਾਮਲਿਆਂ ਵਿਚ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਸਤੇ ਤਿਆਰ ਹਨ ਤੇ ਉਹ ਆਪਣੇ ਗੁਰਦੁਆਰਿਆਂ ਦੀ ਬੇ-ਅਦਬੀ ਕਦੀ ਭੀ ਕਿਸੇ ਦੇ ਹੱਥੋਂ ਭਾਵੇਂ ਉਹ ਕਿਡਾ ਹੀ ਘੁਮੰਡੀ ਹੋਵੇ ਦੇਖਣ ਵਾਸਤੇ ਤਿਆਰ ਨਹੀਂ । ਨਾਲ ਹੀ ਸਚੇ ਤੇ ਝੂਠੇ ਦੀ ਚੰਗੀ ਤਰ੍ਹਾਂ ਪਰਖ ਹੋ ਗਈ। ਉਹ ਕੌਮੀ ਦੁਸ਼ਮਨ ਜਿਹੜੇ ਚਿਰ ਤੋਂ ਪੰਥ ਨੂੰ ਘੁਣ ਵਾਂਗਰ ਖਾਈ ਜਾਂਦੇ ਸਨ, ਉਹਨਾਂ ਦੀਆਂ ਚਲਾਕੀਆਂ ਦਾ ਹੁਣ ਚੰਗੀ ਤਰ੍ਹਾਂ ਪਤਾ ਲੱਗ ਗਿਆ ਤੇ ਪਾਜੀਆਂ ਦਾ ਪਾਜ ਖੁੱਲ੍ਹ ਗਿਆ । ਇਸ ਗੁਰਦੁਆਰੇ ਦਾ ਹੀ ਪਰਤਾਪ ਹੈ ਕਿ ਸਿੱਖ ਕੌਮ ਦੀ ਆਨ ਭਾਵੇਂ ਪੇਟ ਪਾਲੂਆਂ ਨੇ ਮਲੀਆਂ ਮੇਟ ਕਰਨ ਵਾਸਤੇ ਬੌਹਤੇ ਜਤਨ ਕੀਤੇ, ਇਹ ਕੌਮ ਰਹਿ ਗਈ ਤੇ ਅਗੇ ਨੂੰ ਐਸੇ ਮਾਮਲਿਆਂ ਦਾ ਸਦਾ ਵਾਸਤੇ ਫ਼ੈਸਲਾ ਹੋ ਗਿਆ ।

ਸਭ ਤੋਂ ਵੱਡੀ ਗੱਲ ਇਸ ਮਾਮਲੇ ਵਿਚ ਜਿਹੜੀ ਫਿਰ ਸਾਬਤ ਹੋਈ ਹੈ, ਉਹ ਇਹ ਕਿ ਜੇ ਤੁਸੀਂ ਸਚੇ ਹੋਵੋ ਤੇ ਸਚਾਈ ਤੇ ਖੜੋਤੇ ਹੋਵੋ, ਤੇ ਭਾਵੇਂ ਦੁਸ਼ਮਨ ਕਿਨੇ ਹੀ ਤਾਕਤਵਰ ਹੋਣ, ਤੁਹਾਨੂੰ ਜ਼ਰੂਰ ਕਾਮਯਾਬੀ ਹੋਵੇਗੀ, ਪਰ ਕਾਮਯਾਬੀ ਦਾ ਪਹਿਲਾ ਦਰਵਾਜਾ "ਕੁਰਬਾਨੀ" ਹੈ ਦੂਜਾ ਭੀ "ਕੁਰਬਾਨੀ" ਤੇ ਤੀਜਾ ਭੀ "ਕੁਰਬਾਨੀ" ਜੇ ਸਚ ਵਾਸਤੇ ਤੁਸੀਂ ਕੁਰਬਾਨੀ ਕਰਨ ਨੂੰ ਤਿਆਰ ਹੋਵੋ ਤਾਂ ਤੁਸੀਂ ਹਰ ਮਾਮਲੇ ਵਿਚ ਫਤੇਹ ਹਾਸਲ ਕਰ ਸਕਦੇ ਹੋ ।

ਤਾਂ ਤੇ ਖਾਲਸਾ ਜੀ ਜੇ ਆਪ ਆਪਣੇ ਬਾਕੀ ਮਾਮਲਿਆਂ ਨੂੰ ਭੀ ਇਸ ਸੁੰਦਰ ਤਰੀਕੇ ਨਾਲ ਨਜਿਠਣਾ ਚਾਹੁੰਦੇ ਹੋ ਤਾਂ ਹਰ ਤਰ੍ਹਾਂ ਦੀ ਕੁਰਬਾਨੀ ਵਾਸਤੇ ਤਿਆਰ ਹੋ ਜਾਵੋ । ਫੇਰ ਦੇਖੋ ਖਾਲਸੇ ਜੀ ਦੀ ਸ਼ਾਨ ਕਿਸ ਤਰ੍ਹਾਂ ਵਧਦੀ ਹੈ ਤੇ ਦੁਨੀਆਂ ਦਾ ਕਿਤਨਾਂ ਕੁ ਭਲਾ ਹੁੰਦਾ ਹੈ ।

ਅਕਾਲੀ ਲਾਹੌਰ, ੧੦ ਦਸੰਬਰ ੧੯੨੦

ਹਿਰਦਾਵੇਧਕ ਖ਼ਬਰ

(ਹੇਠ ਲਿਖੀ ਚਿਠੀ ਬਾਵਾ ਹਰ ਕਿਸ਼ਨ ਸਿੰਘ ਜੀ ਪ੍ਰੋਫੈਸਰ ਛਾਪਣ ਵਾਸਤੇ ਭੇਜਦੇ ਹਨ)

ਦਰਬਾਰ ਸਾਹਿਬ ਜੀ ਦੇ ਪ੍ਰਬੰਧ ਨੂੰ ਪੰਥਕ ਬਣਾਉਣ ਦੇ ਰਾਹ ਵਿਚ ਕਈ ਮਨਮਤੀ ਸਿੱਖ ਅਤੇ ਕਈ ਅਨਮਤੀ ਭਾਂਤ ਭਾਂਤ ਦੀਆਂ ਰੋਕਾਂ ਪਾਉਣ ਦਾ ਯਤਨ ਕਰ ਰਹੇ ਹਨ । ਕੁਛ ਦਿਨ ਹੋਏ ਹਨ ਦਰਬਾਰ ਸਾਹਿਬ ਦੇ ਅੰਦਰੋਂ ਹਦੂਦ ਵਿੱਚੋਂ ਸਭ ਦੁਕਾਨਦਾਰਾਂ ਨੂੰ ਸੇਵਾਦਾਰਾਂ ਨੇ ਉਠਾ ਦਿੱਤਾ ਸੀ ਕਿਉਂਕਿ ਕਈ ਇਕ ਖ਼ਿਆਲਾਂ ਨੂੰ ਮੁਖ ਰੱਖ ਕੇ ਉਹਨਾਂ ਦਾ ਬੈਠਨਾ ਠੀਕ ਨਹੀਂ ਸੀ । ਇਨ੍ਹਾਂ ਦੁਕਾਨਦਾਰਾਂ ਵਿਚ ਫੁਲੇਰੇ ਭੀ ਸਨ। ਉਹਨਾਂ ਨੇ ਗੁੱਸਾ ਖਾ ਕੇ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਸੇਵਕ ਅਕਾਲ ਤਖ਼ਤ ਸਾਹਿਬ ਨਾਲ ਕਈ ਵਾਰੀ ਵਧੀਕੀਆਂ ਕੀਤੀਆਂ । ਇਕ ਦਿਨ ਟੀਨ ਦਾ ਡੱਬਾ ਚੁਕ ਮਾਰਿਆਂ, ਫੇਰ ਇਕ ਦਿਨ ਗੰਦੀਆਂ ਗਾਲਾਂ ਭੀ ਕੱਢੀਆਂ ਪਰ ਭਾਈ ਸਾਹਿਬ ਨੇ ਧੀਰਜ ਹੀ

ਰਖੀ। ਆਖ਼ਰ ਇਕ ਦਿਨ ਇਕ ਸਾਧੂ ਤੋਂ ਸੁਆਹ ਮੰਤਰਾ ਕੇ ਭਾਈ ਸਾਹਿਬ ਦੇ ਉਤੇ ਸਿਟੀ। ਹੁਣ ਉਹ ਤਾਂ ਫੁਲੇਰਿਆਂ ਨੇ ਕਈ ਇਕ ਸ਼ਰਾਰਤੀ ਆਦਮੀਆਂ ਨਾਲ ਰਲ ਕੇ ਇਕ ਝੂਠਾ ਮੁਕਦਮਾ ਭਾਈ ਸਾਹਿਬ ਉਤੇ ਚਲਾ ਦਿੱਤਾ ਹੈ। ਇਸ ਤੋਂ ਉਪਰੰਤ ੪ ਦਸੰਬਰ ਨੂੰ ਇਕ ਹੋਰ ਹਿਰਦੇ ਵੇਧਕ ਘਟਨਾ ਹੋਈ ਹੈ ਕਟੜਾ ਮੋਹਰ ਸਿੰਘ ਅੰਮ੍ਰਿਤਸਰ ਵਿਚ ਇਕ ਧਰਮਸਾਲਾ ਹੈ, ਜਿਸ ਦਾ ਮਹੰਤ ਇਕ ਨੀਚ ਸਾਧੂ ਸੀ। ਉਸ ਨੇ ਧਰਮਸਾਲਾ ਧੂਪ ਬਨਾਨ ਵਾਲਿਆਂ ਅਤੇ ਕਾਠੀਆਂ ਬਣਾਉਣ ਵਾਲਿਆਂ ਨੂੰ ਕਰਾਏ ਤੇ ਦੇ ਛੱਡੀ ਸੀ ਅਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਭੀ ਛੱਡ ਦਿੱਤਾ ਸੀ ਕੁਝ ਦਿਨ ਹੋਏ ਸੰਗਤ ਨੇ ਉਸ ਨੂੰ ਹਟਾ ਕੇ ਦੁਕਾਨਦਾਰਾਂ ਨੂੰ ਕੱਢ ਦਿੱਤਾ ਸੀ ਅਤੇ ਸੇਵਾਦਾਰ ਗ੍ਰੰਥੀ ਥਾਪ ਕੇ ਮਹਾਰਾਜ ਦਾ ਪ੍ਰਕਾਸ਼ ਕਰਾਣਾ ਆਰੰਭ ਦਿੱਤਾ ਸੀ। ੪ ਦਸੰਬਰ ਸ਼ਾਮ ਨੂੰ ਉਸ ਨੀਚ ਸਾਧੂ ਨੇ ਸ਼ਰਾਬ ਪੀ ਕੇ ਅਤੇ ਛੁਰੀ ਹੱਥ ਵਿਚ ਲੈ ਕੇ ਦਰਸ਼ਨ ਦਿੱਤੇ। ਸੇਵਾਦਾਰ ਅਤੇ ਹੋਰ ਲੋਕ ਭਜ ਗਏ, ਜਦੋਂ ਦਰਬਾਰ ਸਾਹਿਬ ਖ਼ਬਰ ਹੋਈ ਤਾਂ ਸੰਗਤ ਹੁਮ ਹੁਮਾ ਕੇ ਪੁਜੀ। ਅੱਗੇ ਧਰਮਸਾਲਾ ਨੂੰ ਜੰਦਰੇ ਲਗੇ ਹੋਏ ਸਨ। ਜੰਦਰੇ ਤੋੜ ਕੇ ਅੰਦਰ ਗਏ ਤਾਂ ਦੇਖਿਆ ਕਿ ਇਕ ਕੋਠੜੀ ਵਿਚ ਇਕ ਮੰਜੀ ਸਾਹਿਬ ਉਤੇ ਤਿੰਨ ਗੁਰੂ ਗ੍ਰੰਥ ਸਾਹਿਬ ਹੇਠ ਉਤੇ ਰੱਖ ਕੇ ਅੱਗ ਲਾਈ ਹੋਈ ਸੀ ਮੰਜੀ ਸਾਹਿਬ ਅਤੇ ਰੁਮਾਲ ਸਭ ਸੜ ਗਏ ਅਤੇ ਹੇਠਲੇ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਅਤੇ ਹਾਸ਼ੀਏ ਸੜ ਗਏ, ਪਰ ਸ਼ੁਕਰ ਦੀ ਗੱਲ ਹੈ ਕਿ ਅੱਗ ਹੋਰ ਵਧਣੇ ਨਾ ਪਾਈ ਅਤੇ ਸੰਗਤ ਜਾ ਪਹੁੰਚੀ। ਇਸ ਪਰ ਜੋ ਦਰਦ ਅਤੇ ਜੋਸ਼ ਸੰਗਤ ਵਿਚ ਫੈਲਿਆ ਉਹ ਦਸਨਾ ਮੁਹਾਲ ਹੈ। ਕਲ੍ਹ ੫ ਦਸੰਬਰ ਸ਼ਾਮ ਦੇ ਚਾਰ ਵਜੇ ਗੁਰੂ ਕੇ ਬਾਗ ਵਿਚ ਅਸਥਾਨ ਮੰਜੀ ਸਾਹਿਬ ਤੇ ਬੜਾ ਭਾਰੀ ਦੀਵਾਨ ਹੋਇਆ। ਹਜ਼ਾਰਾਂ ਤਕ ਸੰਗਤ ਇਕਤਰ ਹੋਈ। ਸਰਦਾਰ ਦਾਨ ਸਿੰਘ ਜੀ, ਸਰਦਾਰ ਅਮਰ ਸਿੰਘ ਜੀ, ਬਾਈ ਬਹਾਦਰ ਸਿੰਘ ਜੀ ਹਕੀਮ ਅਤੇ ਹੋਰ ਕਈ ਇਕ ਸਜਣਾਂ ਦੇ ਬੜੇ ਜ਼ੋਰਦਾਰ ਅਤੇ ਗੰਭੀਰ ਵਖਿਆਨ ਹੋਏ ਅਤੇ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ :-

ਗੁਰਮਤਾ ਨੰ: ੧

ਇਸ ਦੀਵਾਨ ਵਿਚ ਇਕਤ੍ਰ ਹੋਈ ਸੰਗਤ ਨੇ ਅਤਿ ਸ਼ੋਕ ਅਤੇ ਦਰਦ ਨਾਲ ਸੁਣਿਆ ਹੈ ਕਿ ਕਟੜਾ ਮੋਹਰ ਸਿੰਘ ਅੰਮ੍ਰਿਤਸਰ ਵਾਲੀ ਧਰਮਸਾਲਾ ਵਿਚ ੪ ਦਸੰਬਰ ਸ਼ਾਮ ਨੂੰ ਕਿਸੇ ਦੁਸ਼ਟ ਨੇ ਅੱਗ ਲਾ ਕੇ ਬੇ-ਅਦਬੀ ਕਰਨ ਦਾ ਉਪਦਰਵ ਕੀਤਾ ਹੈ। ਇਹ ਪਾਪ ਇਸ ਲਈ ਕੀਤਾ ਗਿਆ ਹੈ ਕਿ ਪੁਰਾਨੇ ਮਨਮਤੀ ਅਤੇ ਬੇਅਦਬੀ ਕਰਨ ਵਾਲਿਆਂ ਦੇ ਹੱਥ ਉਸ ਧਰਮਸਾਲਾਂ ਦਾ ਪ੍ਰਬੰਧ ਰਹੇ ਅਤੇ ਧਰਮ ਅਨੁਸਾਰ ਪੰਥਕ ਪ੍ਰਬੰਧ ਨ ਹੋਵੇ। ਇਹ ਸੰਗਤ ਉਸ ਦੁਸ਼ਟ, ਪਾਪੀ ਅਤੇ ਉਸ ਦੇ ਸਾਥੀਆਂ ਦੇ ਇਸ ਕੰਮ ਤੇ ਧ੍ਰਿਕਾਰ ਕਰਦੀ ਹੈ ਅਤੇ ਸਰਬਤ ਹਿੰਦੂ, ਮੁਸਲਮਾਨ ਅਤੇ ਸਿੱਖ ਭਰਾਵਾਂ ਨੂੰ ਪ੍ਰੇਰਨਾ ਕਰਦੀ ਹੈ ਕਿ ਇਸ ਉਪਦ੍ਰਵ ਦੀ ਖੋਜ ਕਰਕੇ ਅਪਰਾਧੀਆਂ ਨੂੰ ਯੋਗ ਦੰਡ ਦੇਣ। ਇਸ ਮੁਆਮਲੇ ਦੀ ਪੜਤਾਲ ਕਰਨ ਲਈ ਹੇਠ ਲਿਖੇ ਸਿੰਘਾਂ ਦੀ ਕਮੇਟੀ ਬਣਾਈ ਜਾਂਦੀ ਹੈ, ਕਮੇਟੀ ਨੂੰ ਅਧਿਕਾਰ ਹੈ ਕਿ ਲੋੜ ਅਨੁਸਾਰ ਹੋਰ ਮੈਂਬਰ ਵਧਾ ਲਵੇ :- ਭਾਈ ਦੀਦਾਰ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲ, ਸ: ਦਾਨ ਸਿੰਘ ਜੀ, ਸਰਦਾਰ ਸੁੰਦਰ ਸਿੰਘ ਜੀ ਸਰਬਰਾਹ, ਡਾਕਟਰ ਬਲਵੰਤ ਸਿੰਘ ਜੀ, ਦੋ ਸਿੰਘ ਮਾਝਾ ਦੀਵਾਨ ਦੇ ਅਤੇ ਦੋ ਸਿੰਘ ਕਟੜਾ ਮੋਹਰ ਸਿੰਘ ਦੇ, ਸਕੱਤਰ ਇਸ ਕਮੇਟੀ ਦੇ ਡਾਕਟਰ ਬਲਵੰਤ ਸਿੰਘ ਜੀ ਹੋਣਗੇ।

ਗੁਰਮਤਾ ਨੰ: ੨

ਇਸ ਦੀਵਾਨ ਵਿਚ ਇਕਤਰ ਹੋਈ ਸੰਗਤ ਭਾਈ ਤੇਜਾ ਸਿੰਘ ਜੀ ਭੁਚਰ, ਸੇਵਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਸ਼ਕਾਮ ਸੇਵਾ ਦੀ ਜੋ ਉਹਨਾਂ ਨੇ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਕੀਤੀ ਹੈ, ਬਹੁਤ ਹੀ ਸ਼ਲਾਘਾ ਕਰਦੀ ਹੈ ਅਤੇ ਉਹਨਾਂ ਉਤੇ ਪੂਰਨ ਵਿਸ਼ਵਾਸ ਪ੍ਰਗਟ ਕਰਦੀ ਹੈ।

ਗੁਰਮਤਾ ਨੰ: ੩

ਜੋ ਸ਼ਰਾਰਤ ਫੁਲੇਰਿਆਂ ਨੇ ਅਤੇ ਉਹਨਾਂ ਦੇ ਸਾਥੀਆਂ ਨੇ ਭਾਈ ਤੇਜਾ ਸਿੰਘ ਜੀ ਉਤੇ ਝੂਠਾ ਮੁਕਦਮਾ ਚਲਾ ਕੇ ਉਹਨਾਂ ਨੂੰ ਫਸਾਉਣ ਲਈ ਅਤੇ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਵਿਘਨ ਪਾਉਣ ਲਈ ਕੀਤੀ ਹੈ, ਉਸ ਉਤੇ ਇਹ ਸੰਗਤ ਘ੍ਰਿਣਾ ਪ੍ਰਗਟ ਕਰਦੀ ਹੈ, ਅਤੇ ਹੇਠ ਲਿਖੀ ਕਮੇਟੀ ਇਸ ਮਾਮਲੇ ਨੂੰ ਨਜਿਠਣ ਲਈ ਬਣਾਦੀ ਹੈ :- ਸਰਦਾਰ ਦਾਨ ਸਿੰਘ ਜੀ, ਭਾਈ ਬਹਾਦਰ ਸਿੰਘ ਜੀ, ਸਰਦਾਰ ਜਸਵੰਤ ਸਿੰਘ ਜੀ, ਸਰਦਾਰ ਸੁੰਦਰ ਸਿੰਘ ਜੀ ਸਰਬਰਾਹ, ਭਾਈ ਦੇਵਾ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਹਕੀਮ, ਅਤੇ ਦੋ ਸਿੰਘ ਮਾਝਾ ਦੀਵਾਨ ਦੇ, ਸਕਤਰ ਇਸ ਕਮੇਟੀ

ਦੇ ਸ: ਜਸਵੰਤ ਸਿੰਘ ਜੀ ਥਾਪੇ ਗਏ, ਕਮੇਟੀ ਨੂੰ ਲੋੜ ਅਨੁਸਾਰ ਹੋਰ ਮੈਂਬਰ ਬਣਾਉਣ ਦਾ ਅਧਿਕਾਰ ਹੈ ।

ਖਾਲਸਾ ਕਾਲਜ ਦਾ ਨਵਾਂ ਪ੍ਰਬੰਧ

ਸਾਨੂੰ ਪਤਾ ਲਗਾ ਹੈ ਕਿ ਕਈ ਥੋੜ ਦਿਲੇ ਸਜਣਾਂ ਨੇ ਬੜੇ ਜ਼ੋਰ ਨਾਲ ਖਾਲਸਾ ਜੀ ਨੂੰ ਵਧਾਈਆਂ ਦੇਣੀਆਂ ਆਰੰਭ ਕਰ ਦਿੱਤੀਆਂ ਹਨ । ਇਸ ਵਿਚ ਕੋਈ ਸੰਦੇਹ ਨਹੀਂ ਕਿ ਜਿਨੀ ਕੁ ਸਾਬਾਸ਼ ਦੇ ਕੋਈ ਲਾਇਕ ਹੋਵੇ ਉਸ ਨੂੰ ਉਨੀਂ ਜਰੂਰ ਮਿਲਣੀ ਚਾਹੀਦੀ ਹੈ । ਅਸੀਂ ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਵਧਾਈ ਦਿੰਦੇ ਹਾਂ ਕਿ ਜਿਸ ਕੰਮ ਲਈ ਉਹ ਵੀਰ ਡਟੇ ਸਨ, ਪੂਰਾ ਕਰ ਵਖਾਇਆ ਨੇ ਤੇ ਸਾਨੂੰ ਉਨ੍ਹਾਂ ਦੇ ਇਸ ਤਰ੍ਹਾਂ ਡਟ ਜਾਣ ਤੇ ਹੋਰ ਬਹੁਤ ਆਸਾਂ ਲੱਗ ਪਈਆਂ ਹਨ । ਪਹਿਲੀ ਮੰਜ਼ਿਲ ਤੇ ਅਪੜ ਕੇ ਹੁਣ ਦੂਜੀ ਮੰਜ਼ਲ ਤੇ ਅਪੜਨਾ ਸੌਖਾ ਹੋ ਜਾਵੇਗਾ ਤੇ ਫੇਰ ਅਸੀਂ ਸ਼ੀਘਰ ਹੀ ਤੀਜੀ ਯਾ ਸਭ ਤੋਂ ਉਤਲੀ ਮੰਜ਼ਿਲ ਤੇ ਵੀ ਅਪੜ ਪਵਾਂਗੇ । ਪਹਿਲਾਂ ਕੰਮ ਤਾਂ ਇਹ ਸੀ ਕਿ ਸਰਕਾਰ ਦਾ ਦਖ਼ਲ ਨਿਕਲ ਜਾਵੇ ਤੇ ਹੁਣ ਦੂਜੀ ਮੰਜ਼ਿਲ ਇਹ ਹੋਵੇਗੀ ਕਿ ਕਾਲਜ ਦੀ ਕੌਂਸਲ ਖਾਲਸਾ ਜੀ ਦੀ ਇਕ ਪ੍ਰਤੀਨਿਧ ਕੌਂਸਲ ਕਿਸ ਤਰ੍ਹਾਂ ਬਣੇ ਅਤੇ ਖਾਲਸਾ ਕਾਲਜ ਦੇ ਮੁੱਖ ਅਧਿਆਪਕ ਯਾ ਮੀਤ ਅਧਿਆਪਕ ਹਮੇਸ਼ਾਂ ਸਿੱਖ ਹੋ ਸਕਣ । ਸੋ ਸਾਨੂੰ ਆਪਣੇ ਪ੍ਰੋਫ਼ੈਸਰ ਵੀਰਾਂ ਤੇ ਬੜੀਆਂ ਆਸਾਂ ਹਨ ਤੇ ਆਸ਼ਾ ਹੈ ਕਿ ਉਹ ਸਾਨੂੰ ਨਿਰਾਸ ਨਹੀਂ ਕਰਨਗੇ ।

ਅਸੀਂ ਸਰਕਾਰ ਨੂੰ ਵੀ ਵਧਾਈ ਜ਼ਰੂਰ ਦਿਆਂਗੇ ਕਿਉਂਕਿ ਹੁਣ ਉਸ ਨੇ ਆਪਣੇ ਹੀ ਲਾਭ ਹਿਤ ਇਹ ਸਮਝ ਲਿਆ ਹੈ ਕਿ ਹੁਣ ਕਾਲਜ ਤੇ ਕਬਜ਼ਾ ਰੱਖਣਾ ਕਠਨ ਹੈ ਤੇ ਆਪੇ ਹੀ ਲਾਭ ਹੋ ਜਾਣਾ ਠੀਕ ਹੈ, ਪਰ ਇਸ ਦੇ ਨਾਲ ਖਾਲਸਾ ਜੀ ਨੂੰ ਵੀ ਇਕ ਲਾਭ ਜ਼ਰੂਰ ਹੋ ਗਿਆ ਹੈ । ਅੱਜ ਤੋਂ ਕੁਝ ਚਿਰ ਪਹਿਲਾਂ ਨਹੀਂ ਹੁਣ ਵੀ ਗੁਰਦੁਆਰਿਆਂ ਦੇ ਸਬੰਧ ਵਿਚ ਰਹਿਤ ਦੇ ਸਬੰਧ ਵਿਚ ਆਵਾਜ਼ ਉਠਾਣ ਨੂੰ ਵੀ ਰਾਜ ਧਰੋਹੀ ਕੰਮ ਸਮਝਿਆ ਜਾਂਦਾ ਹੈ ਸੋ ਹੁਣ ਆਪਣੇ ਹੀ ਢਿਲੜ ਵੀਰਾਂ ਨੂੰ ਸੋਧਣ ਲਗਿਆਂ ਯਾ ਸਿਧੇ ਰਾਹ ਪਾਉਣ ਦੇ ਵਾਸਤੇ ਜੇ ਆਵਾਜ਼ ਉਠਾਣੀ ਪਈ ਤਾਂ ਇਸ ਨੂੰ ਰਾਜ ਦਰੋਹੀ ਨਹੀਂ ਸਮਝਿਆ ਜਾਇਆ ਕਰੇਗਾ, ਭਾਵੇਂ ਇਹ ਢਿਲੜ ਵੀਰ ਇਸ ਤਰ੍ਹਾਂ ਆਖਣ ਦਾ ਯਤਨ ਕਰਨ ਵੀ ਅਸੀਂ ਸਰ ਮੈਕਲੇਗਨ ਨੂੰ ਇਸ ਦੀਰਘ ਦ੍ਰਿਸ਼ਟੀ ਵਾਲੇ ਕੰਮ ਤੇ ਵਧਾਈ ਦੇਂਦਿਆਂ ਹੋਇਆਂ ਮਿਸਟਰ ਵਾਦਨ ਨੂੰ ਵੀ ਆਖਾਂਗੇ ਕਿ ਹੁਣ ਬੋਰੀਆਂ ਬਿਸਤਰਾ ਬੰਨ੍ਹ ਛੱਡਣ ਕਿਉਂਕਿ ਹੁਣ ਉਹ ਦਿਨ ਗਏ ਜਦੋਂ "ਮੀਆਂ ਖਲੀਲ ਉਲਾ ਫਾਖਤਾ ਉੜਾਇਆ ਕਰਤੇ ਥੇ" ਕਿਉਂਕਿ ਅਸੀਂ ਸਚੇ ਦਿਲੋਂ ਇਹ ਚਾਹੁੰਦੇ ਹਾਂ ਕਿ ਮਿਸਟਰ ਵਾਦਨ ਨਾਲ ਉਹ ਹਾਲ ਨਾ ਹੋਵੇ ਜਿਹੜਾ ਕਿ ਮਿਸਟਰ ਮਾਰਟਨ ਨਾਲ ਹੋਇਆ ਹੈ । ਇਸ ਦਾ ਕਾਰਨ ਹੈ ਕਿ ਮਿਸਟਰ ਵਾਦਨ ਇਕ ਬੜੇ ਹੱਸ ਮੁਖੇ ਤੇ ਮੌਜੀ ਸਰੀਰ ਹਨ ।

ਨਿਯਮਾਂ ਤੇ ਵਿਚਾਰ ਸ਼ੀਘਰ ਹੀ ਕੀਤੀ ਜਾਵੇਗੀ ਸਿਰਫ਼ ਅਸੀਂ ਇਨਾਂ ਹੀ ਕਹਿ ਦੇਂਦੇ ਹਾਂ ਕਿ ਸਾਡੇ ਨਾਮ ਧਰੀਕ ਆਗੂ ਕੌਮ ਨਾਲ ਕਿਨਾ ਕੁ ਚਿਰ ਮਖੌਲ ਕਰੀਂ ਜਾਣਗੇ ।

ਸਾਨੂੰ ਸ਼ੁਭ ਮੱਤਾਂ

ਸਾਨੂੰ ਇਕ ਮਾਨਯੋਗ ਵੀਰ ਜੀ ਨੇ ਜਿਹੜੇ ਇਕ ਪ੍ਰਤਿਸ਼ਟ ਸਜਣ ਹਨ, ਮੱਤ ਦਿੱਤੀ ਹੈ ਕਿ ਅਸੀਂ ਕਿਸੇ ਵੀ ਸਜਣ ਦੇ ਵਿਰੁੱਧ ਆਪਣੀ ਅਖ਼ਬਾਰ ਵਿਚ ਨਾ ਲਿਖਿਆ ਕਰੀਏ । ਅਸੀਂ ਆਪਣੇ ਖ਼ਿਆਲਾਤ ਇਸ ਵਿਸ਼ੇ ਤੇ ਪ੍ਰਗਟ ਕਰ ਦੇਣੇ ਇਕ ਫ਼ਰਜ਼ ਸਮਝਦੇ ਹਾਂ । ਪੰਥ ਵਿਚ ਇਸ ਵੇਲੇ ਕਈ ਵਡੇ ਵਡੇ ਸਰਦਾਰ ਹਨ ਤੇ ਹਜ਼ਾਰਾਂ ਪੁਰਸ਼ ਹਨ ਜਿਹੜੇ ਸ਼ਰਾਬ ਪੀਂਦੇ ਤੇ ਨੀਚ ਤੋਂ ਨੀਚ ਕੰਮ ਕਰਦੇ ਹਨ । ਉਨ੍ਹਾਂ ਦੇ ਸਬੰਧ ਵਿਚ ਇਕ ਫ਼ਿਕਰਾ ਲਿਖਣਾ ਵੀ ਇਕ ਵਡੀ ਮੂਰਖਤਾ ਹੋਵੇਗੀ । ਪਰ ਉਹ ਸਾਡੇ ਵੀਰ ਜਿਹੜੇ ਇਕ ਪਾਸੇ ਤਾਂ ਸਾਡੇ ਸਾਰਿਆਂ ਤੋਂ ਵਡੇ ਕਾਲਜ ਦੇ ਵਡੇ ਚੌਧਰੀਆਂ ਵਿੱਚੋਂ ਹਨ ਤੇ ਇਕ ਪਾਸੇ ਮਾਸਟਰ ਸੁੰਦਰ ਸਿੰਘ ਵਰਗੇ ਕੌਮੀ ਸੇਵਕਾਂ ਤੇ ਮੁਕਦਮੇ ਪਏ ਖੜ੍ਹੇ ਕਰਦੇ ਹਨ, ਕੀ ਸਾਡਾ ਧਰਮ ਨਹੀਂ ਕਿ ਉਨ੍ਹਾਂ ਦੀਆਂ ਕਰਤੂਤਾਂ ਤੇ ਚਾਨਣਾ ਪਾਂਦੇ ਰਹੀਏ । ਜਦੋਂ ਅਸੀਂ ਹੁਣ ਇਹੋ ਜਿਹੇ ਚੌਧਰੀਆਂ ਨੂੰ ਇਕ ਮਿੰਟ ਵੀ ਕਾਲਜ ਵਿਚ ਨਹੀਂ ਵੇਖਣਾ ਚਾਹੁੰਦੇ ਤਾਂ ਸਾਡਾ ਇਹ ਦਸ ਦੇਣਾ ਕਿ ਇਹ ਕਿਹੋ ਜਿਹੇ ਚੰਦਰੇ ਸੱਜਣ ਹਨ, ਧਰਮ ਨਹੀਂ ? ਇਸੇ ਤਰ੍ਹਾਂ ਸਾਡਾ ਧਰਮ ਹੈ ਕਿ ਉਨ੍ਹਾਂ ਸੱਜਣਾਂ ਦੇ ਸਬੰਧ ਵਿਚ, ਜਿਨ੍ਹਾਂ ਨੂੰ ਨੌਕਰਸ਼ਾਹੀ ਸਾਡਾ ਲੀਡਰ ਮੰਨਦੀ ਹੋਈ ਮਿਨਿਸਟਰੀਆਂ ਆਦਿ ਦੇ ਕੇ ਸਾਨੂੰ ਖੁਸ਼ ਕਰਨਾ ਚਾਹੁੰਦੀ ਹੈ, ਜਿਹੜੀਆਂ ਚਿੱਠੀਆਂ ਆਵਣ ਛਾਪ ਦਿੱਤੀਆਂ ਜਾਣ । ਹਾਂ ਇਕ ਗੱਲ ਦਾ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਗੰਦੇ ਸ਼ਬਦਾਂ ਵਿਚ

ਲਿਖੇ ਹੋਏ ਪੱਤਰ ਛਾਪ ਕੇ ਆਪਣੀ ਅਖ਼ਬਾਰ ਨੂੰ ਖ਼ਰਾਬ ਕਰਨਾ ਠੀਕ ਨਹੀਂ। ਅਸੀਂ ਆਪਣੇ ਵੀਰ ਅੱਗੇ ਇਕ ਬਿਨੈ ਕਰਦੇ ਹਾਂ, ਉਹ ਇਹ ਹੈ ਕਿ ਇਸ ਤਰ੍ਹਾਂ ਕਰਦਿਆਂ ਸਾਰਿਆਂ ਦੁਖਾਂ ਦਾ ਦਾਰੂ ਕੇਵਲ ਇਕ ਹੀ ਹੈ ਉਹ ਇਹ ਹੈ ਕਿ ਅਸੀਂ ਹੁਣ ਜਥੇਬੰਦ ਛੇਤੀ ਹੋ ਜਾਈਏ। ਜਦੋਂ ਇਕ ਨਿਰੋਲ ਚੋਣਵਾਂ ਪ੍ਰਤੀਨਿਧ ਜਥਾ ਬਣ ਗਿਆ ਤਾਂ ਇਹ ਖੇਚਲ ਜਿਹੜੀ ਇਸ ਤਰ੍ਹਾਂ ਲਿਖਣ ਲਿਖਾਣ ਵਿਚ ਖਰਚ ਹੁੰਦੀ ਹੈ ਕਿਸੇ ਚੰਗੇ ਪਾਸੇ ਲਗੇਗੀ। ਸਾਡੇ ਮਾਨ ਯੋਗ ਵੀਰ ਜੀ ਸਾਨੂੰ ਇਹ ਸ਼ੁਭ ਮੱਤ ਦਿੰਦੇ ਹੋਏ ਇਸ ਕਾਰਯ ਨੂੰ ਛੇਤੀ ਸਿਰੇ ਚਾੜ੍ਹਨ ਦਾ ਯਤਨ ਕਰਨ ਤੇ ਗੁਰੂ ਦੀਆਂ ਖੁਸ਼ੀਆਂ ਲੈਣ।

ਅਸੀਂ ਆਪਣੇ ਖ਼ਿਆਲ ਉੱਤੇ ਦਸ ਚੁਕੇ ਹਾਂ ਤੇ ਜੇ ਅਸੀਂ ਆਪਣੇ ਇਨ੍ਹਾਂ ਖ਼ਿਆਲਾਂ ਤੋਂ ਕਦੀ ਲਾਂਭੇ ਵੀ ਚਲੇ ਜਾਈਏ ਤਾਂ ਇਹ ਆਖ ਕੇ ਖਾਲਸਾ ਜੀ ਤੋਂ ਭੁਲ ਬਖਸ਼ਾਣ ਲਈ ਤਿਆਰ ਹਾਂ : "ਭੁਲਣ ਅੰਦਰ ਸਭਕੋ ਅਭੁਲ ਗੁਰੂ ਕਰਤਾਰ।"

ਇਹੋ ਵੀਰ ਜੀ ਸਾਨੂੰ ਅੱਗੇ ਜਾ ਕੇ ਮਤ ਦਿੰਦੇ ਹਨ ਕਿ ਜੇ ਰੰਜੀਤ ਅਖ਼ਬਾਰ ਵਿਚ ਕੋਈ ਗੁਣ ਹੋਇਆ ਤਾਂ ਜ਼ਰੂਰ ਜਿੰਦਾ ਰਹੁ, ਨਹੀਂ ਤਾਂ ਆਪੇ ਮਰ ਜਾਊ। ਵੀਰ ਜੀ ਦਾ ਇਹ ਕਥਨ ਠੀਕ ਹੈ ਪਰ ਅਸੀਂ ਇਹ ਦਸ ਦੇਣਾ ਚਾਹੁੰਦੇ ਹਾਂ ਕਿ ਇਸ ਅਖ਼ਬਾਰ ਦੇ ਨਿਕਲਣ ਤੋਂ ਪਹਿਲਾਂ ਵੀ ਤੇ ਇਸ ਦੇ ਨਿਕਲ ਜਾਣ ਤੇ ਵੀ ਸਾਨੂੰ ਬਹੁਤ ਚਿੱਠੀਆਂ ਆਈਆਂ ਸਨ। ਸਾਨੂੰ ਇਹ ਸ਼ਬਦ ਲਿਖਣੇ ਪਏ ਤਾਂ ਕਿ ਸੱਜਣ ਟਪਲੇ ਵਿਚ ਨਾ ਰੈਹ ਜਾਣ। ਬਾਕੀ ਸਾਡੇ ਤੇ ਜਾਤੀ ਕੀਤੇ ਹੋਏ ਹਮਲਿਆਂ ਦਾ ਜਵਾਬ ਨਹੀਂ ਦਿਆਂਗੇ ਤੇ ਨਾ ਹੀ ਆਪਣੇ ਵੱਲੋਂ ਕੁਝ ਲਿਖਾਂਗੇ, ਭਾਵੇਂ ਭਲਾ ਕਹੋ ਭਾਵੇਂ ਬੁਰਾ ਕਹੋ ਹਮ ਤਨ ਦੀਓ ਹੈ ਡਾਰ।

ਖਾਲਸਾ ਕਾਲਜ ਅੰਮ੍ਰਿਤਸਰ।

(ਕਲ੍ਹ ਦੇ ਸਰਕਾਰੀ ਐਲਾਨ ਦੀ ਬਾਕੀ)

ਖਾਲਸਾ ਕਾਲਜ ਕੌਂਸਲ ਅਤੇ ਮੈਨੇਜਿੰਗ (ਪ੍ਰਬੰਧਕ) ਕਮੇਟੀ ਦੀ ਮੀਟਿੰਗ ਚਾਰ ਦਸੰਬਰ ਨੂੰ ਖਾਲਸਾ ਕਾਲਜ ਵਿਚ ਹੋਈ। ਮੈਨੇਜਿੰਗ ਕਮੇਟੀ ਨੇ ਸਬ ਕਮੇਟੀ ਦੀ ਰੀਪੋਰਟ ਤੇ ਵਿਚਾਰ ਕੀਤੀ ਜਿਹੜੀ ਕਿ ੧੩ ਨਵੰਬਰ ਨੂੰ ਇਹ ਵਿਚਾਰ ਕਰਨ ਵਾਸਤੇ ਬਣਾਈ ਗਈ ਸੀ ਕਿ ਉਹ ਆਪਣੀ ਵਿਚਾਰ ਪ੍ਰਗਟ ਕਰੇ ਕਿ ਉਨ੍ਹਾਂ ਮੁਢਲੇ ਨਿਯਮਾਂ ਵਿਚ ਕੀ ਅਦਲਾ ਬਦਲੀ ਕੀਤੀ ਜਾਵੇਗੀ ਜਿਹੜੀ ਕਿ ਮੈਨੇਜਿੰਗ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਕਢੇ ਜਾਣ ਤਾਂ ਕਿ ਸਰਕਾਰ ਦਾ ਦਖ਼ਲ ਕਾਲਜ ਪ੍ਰਬੰਧ ਵਿੱਚੋਂ ਹਟ ਜਾਵੇ।

ਸਬ ਕਮੇਟੀ ਦੀ ਰੀਪੋਰਟ ਤੇ ਪ੍ਰਬੰਧਕ ਕਮੇਟੀ ਨੇ ਤਿੰਨ ਘੰਟੇ ਲਾ ਕੇ ਪੂਰੀ ਵਿਚਾਰ ਕੀਤੀ ਅਤੇ ਸਾਰੀ ਦੀ ਸਾਰੀ ਪਰਵਾਨ ਕਰ ਲਈ। ਸਬ ਕਮੇਟੀ ਦੀ ਇਸ ਰਾਇ ਨੂੰ ਪ੍ਰਬੰਧਕ ਕਮੇਟੀ ਨੇ ਨਾ ਮੰਨਿਆ ਕਿ ਕਾਲਜ ਦੇ ਫੰਡ ਪੰਜ ਟ੍ਰਸਟੀਆਂ ਦੇ ਹੱਥ ਦਿਤੇ ਜਾਣੇ ਚਾਹੀਦੇ ਹਨ। ਪ੍ਰਬੰਧਕ ਕਮੇਟੀ ਨੇ ਇਹ ਸਮਝਿਆ ਕਿ ਇਹ ਇਕ ਐਸਾ ਸਵਾਲ ਹੈ ਜਿਸ ਵਾਸਤੇ ਕਾਨੂੰਨੀ ਰਾਇ ਲੈਣ ਦੀ ਲੋੜ ਹੈ।

ਕੌਂਸਲ ਜਿਹੜੀ ਪ੍ਰਬੰਧਕ ਕਮੇਟੀ ਦੇ ਇਸ ਫ਼ੈਸਲਾ ਕਰਨ ਦੇ ਉਪਰੰਤ ਝਟ ਬੈਠ ਗਈ ਅਤੇ ਸਾਰੀਆਂ ਵਿਚਾਰਾਂ ਨੂੰ ਪਰਵਾਨ ਕਰ ਲਿਆ, ਲਾਟ ਸਾਹਿਬ ਨੇ ਆਪਣੇ ਉਸ ਅਖ਼ਤਿਆਰ ਨੂੰ, ਜਿਹੜਾ ਉਨ੍ਹਾਂ ਨੂੰ ਮੁਢਲੇ ਨਿਯਮਾਂ ਦੇ ਨਿਯਮ ਨੰਬਰ ੩੨ ਅਨੁਸਾਰ ਮਿਲਿਆ ਹੋਇਆ ਹੈ, ਵਰਤਦੇ ਹੋਏ ਪ੍ਰਬੰਧਕ ਕਮੇਟੀ ਨੂੰ ਅਧਿਕਾਰ ਦੇ ਦਿਤਾ ਕਿ ਉਹ ਨਿਯਮਾਂ ਵਿਚ ਸਾਰੀਆਂ ਅਦਲਾ ਬਦਲੀਆਂ, ਜਿਹੜੀਆਂ ਉਨ੍ਹਾਂ ਦੇ ਸਾਹਮਣੇ ਪੇਸ਼ ਹੋਈਆਂ ਹਨ, ਪ੍ਰਵਾਨ ਕਰ ਲੈਣ। ਸੋ ਨਵੇਂ ਨਿਯਮ ਕਾਲਜ ਦੇ ਮੁਢਲੇ ਨਿਯਮਾਂ ਦਾ ਇਕ ਹਿੱਸਾ ਬਣ ਗਏ।

'ਪ੍ਰਧਾਨ ਸਾਹਿਬ ਨੂੰ ਛੁੱਟੀ'

ਨਿਯਮ ਪਾਸ ਹੁੰਦਿਆਂ ਹੀ ਕੌਂਸਲ ਦੇ ਪ੍ਰਧਾਨ ਨੇ ਮੈਂਬਰਾਂ ਕੋਲੋਂ ਛੁਟੀ ਲਈ ਅਤੇ ਸਰਦਾਰ ਨਿਹਾਲ ਸਿੰਘ ਨੇ ਜਿਹੜੇ ਪਟਿਆਲਾ ਰਿਆਸਤ ਵੱਲੋਂ ਆਏ ਹੋਏ ਸਨ ਸਰਕਾਰ ਅਤੇ ਪ੍ਰਧਾਨ ਸਾਹਿਬ ਦੇ ਧੰਨਵਾਦ ਦਾ ਮਤਾ ਪੇਸ਼ ਕੀਤਾ ਕਿਉਂਕਿ ਉਨ੍ਹਾਂ ਨੇ ਆਪਣੇ ਦਿਨਾਂ ਵਿਚ ਕਾਲਜ ਬੜੇ ਸੋਹਣੇ ਤਰੀਕੇ ਨਾਲ ਚਲਾਇਆ ਹੈ। ਕਪਤਾਨ ਕੰਵਰ ਅਮਰੀਕ ਸਿੰਘ ਕਪੂਰਥਲੇ ਨੇ ਇਸ ਮਤੇ ਦੀ ਪ੍ਰਸ਼ਟੀ ਕੀਤੀ ਅਤੇ ਇਹ ਸਰਬ ਸੰਮਤੀ ਨਾਲ ਪਾਸ ਹੋਇਆ।

ਸਬ ਕਮੇਟੀ ਦੀ ਰਾਇ ਨਾਲ ਜਿਹੜੀ ਅਦਲਾ ਬਦਲੀ ਨਿਯਮਾਂ ਵਿਚ ਹੋਈ ਇਹ ਕਲ੍ਹ ਹੀ ਪਾਠਕਾਂ ਦੀ ਦ੍ਰਿਸ਼ਟੀ

ਗੋਚਰੀ ਕੀਤੀ ਜਾ ਚੁਕੀ ਹੈ।

ਮਗਰੋਂ ਦੀ ਖ਼ਬਰ ਹੈ ਕਿ ਚੁਗੇ ਹੋਏ (Selected) ਵੀਰ ਮੈਂਬਰ ਜਿਨ੍ਹਾਂ ਦਾ ਸਰਕਾਰੀ ਜ਼ਿਲਿਆਂ ਵਿੱਚੋਂ ਆਉਣਾ ਹੈ ਐਸ ਵੇਲੇ ਅਗਲੇ ਹੀ ੨੦ ਰੈਹਣਗੇ ਇਹ ਭੀ ਖਬਰ ਪਹੁੰਚੀ ਹੈ ਕਿ ੬ ਹੇਠ ਲਿਖੇ ਸੱਜਣਾਂ ਨੂੰ ਨੀਯਤ ਕੀਤਾ ਗਿਆ ਹੈ।

ਸ: ਸੁੰਦਰ ਸਿੰਘ, ਸ: ਹਰਬੰਸ ਸਿੰਘ, ਸ: ਖੜਕ ਸਿੰਘ, ਸ: ਹਰਚੰਦ ਸਿੰਘ, ਭਾਈ ਜੋਧ ਸਿੰਘ ਜੀ, ਸ: ਜੋਗਿੰਦਰ ਸਿੰਘ।

ਅਕਾਲੀ ਲਾਹੌਰ, ੧੩ ਦਸੰਬਰ ੧੯੨੦

ਖਾਲਸਾ ਕਾਲਜ ਨਵੇਂ ਬਣਾਏ ਗਏ ਨਿਯਮਾਂ ਤੇ ਵਿਚਾਰ!

ਪੰਜਾਬੀ ਵਿਚ ਅਖਾਉਤ ਹੈ ਅੰਨ੍ਹਾ ਵੰਡੇ ਸੀਰਣੀਆਂ ਤੇ ਮੁੜ ਮੁੜ ਆਪਣਿਆਂ ਨੂੰ ਦੇਵੇ। ਸਬ ਕਮੇਟੀ, ਜਿਸ ਨੇ ਨਿਯਮਾਂ ਵਿਚ ਅਦਲਾ ਬਦਲੀ ਪੇਸ਼ ਕੀਤੀ, ਉਸ ਨੇ ਇਸ ਖ਼ਿਆਲ ਨੂੰ ਦਿਲ ਵਿਚ ਦ੍ਰਿੜ ਰੱਖਦੇ ਹੋਏ ਸਭ ਕੁਝ ਕੀਤਾ ਕਿ ਝੋਲੀ ਚੁਕਾਂ ਦਾ ਖਾਨਦਾਨ ਦੁਨੀਆਂ ਵਿਚ ਜ਼ਰੂਰ ਰਹੇ ਭਾਵੇਂ ਹੋਰ ਸਭ ਖ਼ਾਨਦਾਨਾਂ ਦਾ ਦੁਨੀਆਂ ਵਿੱਚੋਂ ਨਾਂ ਮਿਟ ਜਾਏ। ਸੋ ਜੋ ਕੁਝ ਵੀ ਉਨ੍ਹਾਂ ਕੀਤਾ, ਆਪਣੇ ਖ਼ਿਆਲ ਅਨੁਸਾਰ ਠੀਕ ਕੀਤਾ। ਕਿਹੜਾ ਆਦਮੀ ਹੈ ਜਿਹੜਾ ਚਾਹੁੰਦਾ ਹੋਵੇ ਕਿ ਸਾਡੇ ਖ਼ਾਨਦਾਨ ਦਾ ਨਾਂ ਦੁਨੀਆਂ ਵਿਚ ਮਿਟ ਜਾਏ; ਅਤੇ ਇਸ ਸਬ ਕਮੇਟੀ ਨੇ ਆਪਣੇ ਪਿਛਲੇ ਤਜਰਬੇ ਤੋਂ ਵੀ ਖੂਬ ਕੰਮ ਲਿਆ। ਉਹ ਸਾਰੇ ਹਥਿਆਰ ਜਿਹੜੇ ਕਿ ਝੋਲੀ ਚੁਕ ਵੀਰ ਆਪਣੇ ਵੈਰੀਆਂ ਦਾ ਖੁਰਾ ਖੋਜ ਮਿਟਾਣ ਵਾਸਤੇ ਅਗੇ ਵਰਤਦੇ ਰਹੇ ਹਨ ਹੁਣ ਵੀ ਪੂਰੀ ਤਰ੍ਹਾਂ ਵਰਤਣ ਦਾ ਯਤਨ ਕੀਤਾ। ਪਰ ਕਿਹੜਾ ਪੁਰਸ਼ ਹੈ ਜਿਹੜਾ ਆਪਣੇ ਪਿਛਲੇ ਤਜਰਬੇ ਨੂੰ ਆਪਣੇ ਕਾਰਜ ਦੀ ਸਿਧੀ ਵਾਸਤੇ ਨਹੀਂ ਵਰਤਦਾ? ਸੋ ਮੁਕਦੀ ਗੱਲ, ਇਹ ਝੋਲੀ ਚੁਕ ਵੀਰ ਆਪਣੇ ਖ਼ਾਨਦਾਨ ਦਾ ਨਾਂ ਕਾਇਮ ਰੱਖਣ ਵਾਸਤੇ ਸਾਰਾ ਜ਼ੋਰ ਲਾਣਗੇ ਅਤੇ ਇਹ ਆਸ ਰੱਖਣੀ ਕਿ ਦੁਨੀਆਂ ਦੀ ਨਵੀਂ ਚਾਲ ਨੂੰ ਵੇਖ ਕੇ ਇਨ੍ਹਾਂ ਨੂੰ ਹੋਸ਼ ਆ ਜਾਵੇਗੀ, ਭੀ ਇਕ ਵੱਡੀ ਭੁਲ ਹੈ।

ਇਨ੍ਹਾਂ ਵੀਰਾਂ ਇਕ ਹਥਿਆਰ ਇਹ ਬੜਾ ਚੰਗਾ ਲਭਿਆ ਹੈ ਕਿ ਆਪ ਲਾਂਭੇ ਖਲੋ ਕੇ ਤਮਾਸ਼ਾ ਵੇਖਣਾ ਤੇ ਦੂਜਿਆਂ ਨੂੰ ਫਸਾ ਛਡਣਾ। ਸਿੱਖ ਰਿਆਸਤਾਂ ਨੂੰ ਹੁਣ ਬਦਨਾਮ ਕਰਾਣ ਦਾ ਇਹ ਸੋਹਣਾ ਤਰੀਕਾ ਹੈ ਕਿ ਖਾਲਸਾ ਜੀ ਦੇ ਦਿਲ ਵਿਚ ਉਨ੍ਹਾਂ ਦੇ ਉਲਟ ਖ਼ਿਆਲ ਪੈਦਾ ਕੀਤੇ ਜਾਣ। ਸਾਨੂੰ ਇਹ ਯਕੀਨ ਹੈ ਕਿ ਮਹਾਰਾਜੇ ਆਪਣੀਆਂ ਰਿਆਸਤਾਂ ਵੱਲੋਂ ੮੦ ਵਿੱਚੋਂ ੪੦ ਮੈਂਬਰ ਘਲਣ ਦਾ ਕਦੀ ਵੀ ਜ਼ੋਰ ਨਹੀਂ ਦੇਣਗੇ, ਜਦੋਂ ਉਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਕੌਮ ਇਸ ਨੂੰ ਕਿਨਾ ਭੈੜਾ ਸਮਝਦੀ ਹੈ। ਇਹ ਭੀ ਇਕ ਝੋਲੀ ਚੁਕ ਖਾਨਦਾਨ ਦੀ ਚਾਲ ਹੈ। ਰਿਆਸਤ ਨੂੰ ਇਤਨੇ ਪ੍ਰਤੀਨਿਧ ਘਲਣ ਦਾ ਅਖ਼ਤਿਆਰ ਦੇਣ ਦੇ ਅਰਥ ਇਹ ਹਨ ਕਿ ਰੁਪਿਆਂ ਵਾਲੇ ਸਿੱਖ ਜੋ ਮਰਜ਼ੀ ਆਵੇ ਕਰੀ ਜਾਣ ਤੇ ਗਰੀਬ ਸਿੰਘਾਂ ਨੂੰ ਕੋਈ ਨ ਪੁਛੇ। ਖਾਲਸਾ ਜੀ ਵਿਚ ਛੋਟੇ ਵਡੇ ਦਾ ਕੋਈ ਫਰਕ ਨਹੀਂ! ਸਭ ਨੂੰ ਇਕੋ ਜਿਹੀ ਰਾਇ ਦੇਣ ਦਾ ਹੱਕ ਹੈ। ਹਿੰਦੂ ਯੂਨੀਵਰਸਿਟੀ ਨੂੰ ਸਾਡੇ ਮਹਾਰਾਜਿਆਂ ਨੇ ਰੁਪਿਆਂ ਦਿਲ ਖੋਲ੍ਹ ਕੇ ਦਿੱਤਾ ਹੋਇਆ ਹੈ, ਸ਼ਾਇਦ ਕੌਮ ਨੂੰ ਏਡੀ ਵਡੀ ਸਹਾਇਤਾ ਯਕਮੁਸ਼ਤ ਕਦੀ ਵੀ ਨਹੀਂ ਮਿਲੀ ਹੋਣੀ। ਕੀ ਹਿੰਦੂ ਯੂਨੀਵਰਸਿਟੀ ਦਾ ਪ੍ਰਬੰਧ ਅਤੇ ਪਾਲਸੀ ਮਹਾਰਾਜਿਆਂ ਦੇ ਹੱਥ ਵਿਚ ਹੈ? ਕਦਾਚਿਤ ਨਹੀਂ। ਇਸ ਦੇ ਇਲਾਵਾ ਬਾਕੀ ਦਸ ਮੈਂਬਰ ਜਿਹੜੇ ਜ਼ਿਲ੍ਹਿਆਂ ਵੱਲੋਂ ਆਉਂਣੇ ਹਨ, ਉਨ੍ਹਾਂ ਦੀ ਚੋਣ ਦਾ ਵੀ ਤਰੀਕਾ ਅਜਿਹਾ ਹੈ ਜਿਸ ਨਾਲ ਕਿ ਝੋਲੀ ਚੁੱਕਾਂ ਦੀ ਗਿਣਤੀ ਵਧਾਣ ਦਾ ਯਤਨ ਕੀਤਾ ਗਿਆ ਹੈ। ਉਹ ਆਦਮੀ ਜਿਨਾਂ ਨੂੰ ਕੌਮ ਨੇ ਛੇਕਿਆ ਹੋਇਆ ਹੈ, ਉਨ੍ਹਾਂ ਨੂੰ ਝਟ ਕੱਢ ਦੇਣਾ ਚਾਹੀਦਾ ਹੈ। ਹੱਛਾ ਹੋਵੇ ਕਿ ਉਹ ਆਪ ਹੀ ਚਲੇ ਜਾਣ।

ਦੁਨੀਆਂ ਐਸ ਵੇਲੇ ਚੋਣ (election) ਦੇ ਅਸੂਲ ਨੂੰ ਹਛਾ ਸਮਝ ਕੇ ਗ੍ਰਹਿਣ ਕਰ ਰਹੀ ਹੈ। ਇਥੋਂ ਤਾਈਂ ਕਿ ਨੌਕਰਸ਼ਾਹੀ ਨੇ ਵੀ ਇਸ ਨੂੰ ਵੀ ਨਵੀਆਂ ਕੌਂਸਲਾਂ ਬਨਾਣ ਵਿਚ ਵਰਤਿਆ ਹੈ। ਪਰ ਸਾਡਾ ਝੋਲੀ ਚੁਕ ਖਾਨਦਾਨ (ਚੁਗਣ) ਤੇ ਜ਼ੋਰ ਦੇ ਰਿਹਾ ਹੈ ਇਸ ਝੋਲੀ ਚੁਕ ਖਾਨਦਾਨ ਦੇ ਵਤੀਰੇ ਵੀ ਬਾਕੀ ਦੁਨੀਆਂ ਨਾਲੋਂ ਅਡ ਹੀ ਹੋਣੇ ਹੋਏ।

ਸਬ ਕਮੇਟੀ ਦੀ ਇਸ ਰਾਇ ਨੂੰ ਪਰਬੰਧਕ ਕਮੇਟੀ ਨੇ ਨਾ ਮੰਨਿਆ ਕਿ ਕਾਲਜਾਂ ਦੇ ਫੰਡ ਪੰਜ ਟ੍ਰਸਟੀਆਂ ਦੇ ਹੱਥ ਵਿਚ ਜਾਣੇ ਚਾਹੀਦੇ ਹਨ। ਧੰਨ ਹਨ ਇਹ ਝੋਲੀ ਚੁਕ ਤੇ ਧੰਨ ਇਨ੍ਹਾਂ ਦੇ ਹਥਿਆਰ ! ਚੀਫ਼ ਖਾਲਸਾ ਦੀਵਾਨ ਦੇ ਕਰਤਿਆਂ ਧਰਤਿਆਂ ਨੇ ਇਹ ਜਾਣ ਕੇ ਕਿ ਅਗੇ ਤ੍ਰਿਕੁਟੀ ਬਣਾ ਕੇ ਐਜੂਕੇਸ਼ਨਲ ਕਾਨਫ਼ਰੰਸ ਨੂੰ ਜੱਫਾ ਮਾਰਿਆ ਹੋਇਆ ਹੈ ਅਤੇ ਹੁਣ ਕਾਲਜ ਤੇ ਵੀ ਕਬਜਾ ਕਰ ਕੇ ਸਾਰੇ ਪੰਥ ਨੂੰ ਠੁਠ ਵਿਖਾਵਾਂਗੇ।

ਅਖ਼ੀਰ ਤੇ ਪ੍ਰਧਾਨ ਜੀ ਦਾ ਧੰਨਵਾਦ ਕੀਤਾ ਗਿਆ। ਸ਼ਾਦੀ ਗਮੀ ਦੇ ਜਲਸਿਆਂ ਵਾਸਤੇ ਕੋਈ ਨ ਕੋਈ ਰੀਤੀ ਬਣੀ ਹੁੰਦੀ ਹੈ ਪਰ ਇਸ ਟੋਲੇ ਨੇ ਡਾਕੂਆਂ ਨੂੰ ਵੀ ਵਿਦਾ ਕਰਨ ਵੇਲੇ ਲਈ ਇਕ ਰੀਤੀ ਕੱਢ ਲਈ ਹੈ। ਜਾਣ ਲਗਿਆਂ ਡਾਕੂਆਂ ਨੂੰ ਆਖਣਾ ਚਾਹੀਦਾ ਹੈ ਕਿ ਸ਼ੁਕਰ ਹੈ ਕਿ ਹੁਣ ਘਰ ਬੂਹਾ ਲੁਟ ਕੇ ਤੁਸੀਂ ਚਲੇ, ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

ਖਾਲਸਾ ਜੀ ਹੁਣ ਤੁਹਾਡੇ ਨਾਲ ਇਕ ਤਕੜਾ ਮਖੌਲ ਖੇਡਿਆ ਗਿਆ ਹੈ ਅਤੇ ਹੁਣ ਤੁਹਾਡੀ ਇਜ਼ਤ ਤੁਹਾਡੇ ਆਪਣੇ ਹੀ ਹੱਥ ਹੈ, ਜਿਸ ਤਰ੍ਹਾਂ ਅਕਾਲ ਬੁੰਗੇ ਇਕ ਪ੍ਰਤਿਨਿਧ ਦੀਵਾਨ ਬੁਲਾ ਕੇ 'ਆਪਣੀ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ' ਗੁਰਵਾਕ ਅਨੁਸਾਰ ਕੰਮ ਸਵਾਰ ਲਿਆ ਸੀ ਹੁਣ ਉਸ ਤਰ੍ਹਾਂ ਪ੍ਰਤੀਨਿਧ ਜਥਾ ਬੁਲਾ ਕੇ ਕੰਮ ਸਵਾਰ ਲਉ। ਦੂਜੇ ਦੇ ਸਹਾਰੇ ਰਹਿਣਾ ਇਕ ਮੂਰਖਤਾ ਹੈ, ਇਸ ਪ੍ਰਤਿਨਿਧੀ ਜਥੇ ਵਿਚ ਬਹੁਤ ਸਾਰੇ ਸਜਣ ਉਹ ਸ਼ਾਮਿਲ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਹੱਥ ਵਿਚ ਅੱਜ ਕਲ੍ਹ ਬਹੁਤ ਹਦ ਤਕ ਵਿਦਿਆ ਦੇਣ ਦਾ ਕੰਮ ਹੈ। ਰਿਆਸਤਾਂ ਵੱਲੋਂ ਵੀ ਪ੍ਰਤੀਨਿਧ ਬੁਲਾਏ ਜਾਣ ਅਤੇ ਖੁਲ੍ਹੀ ਵਿਚਾਰ ਲਈ ਜਾਵੇ। ਜਿਨ੍ਹਾਂ ਸਜਣਾਂ ਨੂੰ ਪੰਥ ਕਾਲਜ ਕਮੇਟੀ ਵਿਚ ਵੇਖਣਾ ਨਹੀਂ ਚਾਹੁੰਦਾ ਉਹ ਆਪ ਹੀ ਹਟ ਜਾਵੇ ਨਹੀਂ ਤਾਂ ਪੰਥ ਹਟਾ ਦੇਵੇਗਾ। ਸੇਵਕ ਜਿਨਾਂ ਅਗੇ ਇਹ ਕੰਮ ਕੀਤਾ ਹੈ ਉਹ ਪ੍ਰਤਿਨਿਧ ਜਥਾ ਬੁਲਾਣ ਦਾ ਛੇਤੀ ਪ੍ਰਬੰਧ ਕਰਨ। ਪਰ ਅਸੀਂ ਇਹ ਆਖਦੇ ਹਾਂ ਕਿ ਇਹ ਮੋਰਚਾ ਸਿਰੇ ਤਾਂ ਹੀ ਚੜ੍ਹ ਸਕਦਾ ਹੈ ਜੇ ਅਗੇ ਵਾਂਗਰ ਹੀ ਖਾਲਸਾ ਕਾਲਜ ਦੇ ਪ੍ਰੋਫ਼ੈਸਰ ਤੇ ਵਿਦਿਆਰਥੀ ਡਟ ਜਾਣ ਅਤੇ ਡਟੇ ਰਹਿਣ, ਜਦੋਂ ਤਕ ਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ !

ਗੱਜਨ ਸਿੰਘ ਦਾ ਬਾਈਕਾਟ।

ਖਾਲਸਾ ਅਖ਼ਬਾਰ ਲਿਖਦਾ ਹੈ :-

ਰੁੜਕਾ ਕਲਾਂ ਜ਼ਿਲਾ ਜਲੰਧਰ ਵਿਚ ੪, ੫, ੬ ਦਸੰਬਰ ਨੂੰ ਇਕ ਬੜਾ ਭਾਰੀ ਖਾਲਸਾ ਦੀਵਾਨ ਹੋਇਆ। ਕਦੀ ਪੰਜਾਬ ਵਿਚ ਏਡਾ ਵੱਡਾ ਦੀਵਾਨ ਨਹੀਂ ਡਿੱਠਾ। ਬੀਬੀਆਂ ਦੀ ਵੀ (ਅਨਗਿਨਤ ਹੀ ਤਾਦਾਦ ਸੀ)। ਮਾਸਟਰ ਮੋਤਾ ਸਿੰਘ ਜੀ ਦੀਵਾਨ ਦੇ ਜਥੇਦਾਰ ਥਾਪੇ ਗਏ। ਪਹਿਲੇ ਦਿਨ ਗੁਰਮਤੇ ਸੋਧੇ ਗਏ ਇਕ ਵਿਚ ਲਾ: ਹਰ ਕਿਸ਼ਨ ਲਾਲ ਦੇ ਮੈਂਬਰੀ ਲਈ ਖੜ੍ਹੇ ਹੋਣ ਤੇ ਘ੍ਰਿਣਾ ਪ੍ਰਗਟ ਕੀਤੀ ਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਜਾਂ ਤਾਂ ਮੈਂਬਰੀ ਛੱਡ ਦੇਣ ਤੇ ਜਾਂ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦੇਣ।

(ਆਨਰੇਬਲ ਸ: ਬਹਾਦਰ) ਗਜਨ ਸਿੰਘ ਦਾ ਬਾਈਕਾਟ ਕੀਤਾ ਗਿਆ ਤੇ ਉਹ ਦਾ ਨਾਮ ਗਜਨ ਸਿੰਘ ਦੀ ਥਾਂ ਗੱਜੂ ਤਜਵੀਜ਼ ਹੋਇਆ। ਜਲੰਧਰ ਦੇ ਲਾ: ਹੰਸ ਰਾਜ ਬੈਰਿਸਟਰ ਨੇ ਏਹਦੀ ਏਸ ਪਿੱਛੋਂ ਵਿਰੋਧਤਾ ਕੀਤੀ ਕਿ ਗੱਜੂ ਨਾਮ ਰੱਖਣ ਤੋਂ ਹਿੰਦੂ ਹੋਣਾ ਸਮਝਿਆ ਜਾਵੇਗਾ ਅਖੀਰ ਏਹ ਪਰਵਾਨ ਹੋਇਆ ਕਿ ਉਹ ਦਾ ਨਾਮ ਗੱਜੂ ਸਿੰਹ ਰਖਿਆ ਜਾਵੇ।

ਝੰਗਰ ਵਿੱਚੋਂ ਵੀ ਬਾਈਕਾਟ।

ਪਿੰਡ ਝੰਗਰ ਜ਼ਿਲਾ ਜਲੰਧਰ ਵਿਚ ੩੦ ਨਵੰਬਰ ਤੇ ੧, ੨ ਦਸੰਬਰ ਨੂੰ ਬੜਾ ਭਾਰੀ ਦੀਵਾਨ ਹੋਇਆ ਅਤੇ ਭਾਵੇਂ ਪੁਲਿਸ ਵੱਲੋਂ ਬੜੀ ਮੁਖ਼ਾਲਫ਼ਤ ਸੀ ਅਤੇ ਕੋਸ਼ਿਸ਼ ਕੀਤੀ ਗਈ ਸੀ ਕਿ ਦੀਵਾਨ ਨ ਹੋਵੇ ਪਰ ਭਾ: ਕਰਮ ਸਿੰਘ ਜੀ ਦੀ ਹਿੰਮਤ ਨਾਲ ਸਭਾ ਕੰਮ ਠੀਕ ਹੋ ਗਿਆ ਅਤੇ ਹੇਠ ਲਿਖੇ ਗੁਰਮਤੇ ਪਰਵਾਨ ਹੋਏ।

(੧) ਗਜਨ ਸਿੰਘ ਨੂੰ ਉਹ ਦੇ ਸਿੱਖਾਂ ਨਾਲ ਧ੍ਰੋਹ ਕਰਨ ਕਰ ਕੇ ਤਨਖਾਹੀਆ ਸਮਝਿਆ ਜਾਵੇ ਤੇ ਉਹ ਨੂੰ ਸਿੰਘ ਨ ਆਖਿਆ ਜਾਵੇ।

(੨) ਨਾ-ਮਿਲਵਰਤਨ ਅਨੁਸਾਰ ਕਚਹਿਰੀਆਂ ਵਿਚ ਨ ਜਾਇਆ ਜਾਵੇ ਪਰ ਜੇ ਕਰ ਕੋਈ ਦੇਸ਼ ਘਾਤਕ ਕਿਸੇ ਸੇਵਕ ਤੇ ਦਾਹਵਾ ਕਰ ਦੇਵੇ ਤਾਂ ਉਹਦਾ ਜਵਾਬ ਦੇਣ ਲਈ ਜ਼ਰੂਰ ਕਚਹਿਰੀ ਵਿਚ ਜਾਇਆ ਜਾਵੇ ਅਤੇ ਸ: ਮੰਗਲ

ਸਿੰਘ, ਸਰਦਾਰ ਸੁੰਦਰ ਸਿੰਘ ਅਤੇ ਮਾਸਟਰ ਮੋਤਾ ਸਿੰਘ ਜੀ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕਿ ਉਹ ਜ਼ਰੂਰ ਗੱਜੂ ਦੇ ਮੁਕਦਮੇ ਦਾ ਜਵਾਬ ਦੇਣ ।

ਅਕਾਲੀ ਲਾਹੌਰ, ੧੫ ਦਸੰਬਰ ੧੯੨੦

ਸ: ਮੰਗਲ ਸਿੰਘ ਜੀ ਐਡੀਟਰ ਦੀ ਕਹਾਣੀ

ਮਾ: ਬਿਸ਼ਨ ਸਿੰਘ ਜੀ ਦੀ ਜ਼ਬਾਨੀ !

ਉਪਰਲੇ ਲੇਖ ਦੀ ਦਾਸ ਨੂੰ ਇਸ ਕਰ ਕੇ ਬਹੁਤ ਜ਼ਰੂਰਤ ਭਾਸੀ ਹੈ, ਕਿ ਆਪ ਲੋਕਾਂ ਵਿਚ ਕੁਝ ਸਜਣਾਂ ਨੇ ਸ: ਮੰਗਲ ਸਿੰਘ ਨੂੰ ਗੰਦਮਾਮਾ, ਅਤੇ ਜ਼ੌਂ ਫਰੋਸ਼, ਬੇ ਅਸੂਲਾ, ਮਾਲ ਅਫ਼ਸਰੀ ਦਾ ਆਸ਼ਕ, ਮਾਯਾ ਦਾ ਲੋਭੀ ਅਤੇ ਗਦਾਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਉਸ ਦੇ ਚੰਗੇ ਗੁਣਾਂ ਉਪਰ ਬਿਲਕੁਲ ਪੜਦਾ ਪਾ ਕੇ ਉਸ ਨੂੰ ਪਬਲਿਕ ਦੀ ਨਜ਼ਰ ਵਿੱਚੋਂ ਗਿਰਾਵਣ ਦੀ ਠਾਨੀ ਹੈ, ਜਿਹਾ ਕਿ ਫ਼ਰਿਸਤਾ ਨਾਮੀ "ਹੁਣ ਹੋ ਗਈ ਬੇ-ਏਤਬਾਰੀ ਲੀਡਰ ਸ਼ਾਹੀ ਦੀ" ਇਸ਼ਤਿਹਾਰ ਨੰ: ੧੫, ਪੁਲਿਸ ਦੀ ਕਾਰਵਾਈ, ਸਰਕਾਰੀ ਵਕੀਲ ਦੀ ਤਕਰੀਰ ਇਤਆਦੀ ਗੱਲਾਂ ਤੋਂ ਪਤਾ ਲੱਗਦਾ ਹੈ ।

ਕਿਉਂਕਿ ਸ: ਮੰਗਲ ਸਿੰਘ ਨ ਮਿਲਵਰਤਨ ਦੇ ਅਸੂਲ ਉਤੇ ਪੱਕਾ ਭਰੋਸਾ ਰੱਖਦਾ ਹੈ, ਅਤੇ ਆਪਣੀ ਸਫ਼ਾਈ ਨ ਪੇਸ਼ ਕਰਦਾ ਹੋਇਆ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੈ ।

ਅਤੇ ਆਪਣੇ ਬਚਾਉ ਲਈ ਸਰਕਾਰ ਅੱਗੇ ਕੋਈ ਬੇਨਤੀ ਜਾਂ ਬਿਆਨ ਕਰਨ ਲਈ ਤਿਆਰ ਨਹੀਂ, ਅਤੇ ਅਜੇਹੇ ਸੱਜਣਾਂ ਨੂੰ ਮੂੰਹ ਤੋੜਵਾਂ ਉਤਰ ਅਜੇ ਨਹੀਂ ਦੇਣਾ ਚਾਹੁੰਦਾ।

ਸੋ ਅਜੇਹੇ ਸੱਜਣਾਂ ਦੀ ਚੜ੍ਹ ਮਚੀ ਵੇਖ ਕੇ ਦਾਸ ਆਪਣਾ ਧਰਮ ਸਮਝ ਕੇ ਹਰ ਇਕ ਉਪਰ ਲਗਾਏ ਹੋਏ ਦੋਸ਼ ਨੂੰ ਗਲਤ ਸਾਬਤ ਕਰਨ ਲਈ ਆਪਣੀ ਕਲਮ ਚੁਕਦਾ ਹੈ । ਕਿਉਂਕਿ ਦਾਸ ਸ: ਮੰਗਲ ਸਿੰਘ ਨੂੰ ਪਿਛਲੇ ੧੨ ਸਾਲ ਤੋਂ ਜਾਣਦਾ ਹੈ, ਅਤੇ ਦਾਸ ਨੂੰ ਇਸ ਦੇ ਉਸਤਾਦ ਹੋਵਣ ਦੀ ਵਡਿਆਈ ਹਾਸਲ ਹੈ ।

ਇਸ ਕਾਰਨ ਕਰ ਕੇ ਅਤੇ ਇਸ ਨਾਲ ਖੁੱਲਮ ਖੁਲ੍ਹਾ ਮਿਲਣ ਕਰ ਕੇ ਦਾਸ ਉਪਰਲੀ ਕਿਸਮ ਦੇ ਸਾਰੇ ਸੱਜਣਾਂ ਨਾਲੋਂ ਇਸ ਅਮੋਲਕ ਹੀਰੇ ਦੀ ਪਰਖ ਦਾ ਚੰਗਾ ਅਧਿਕਾਰ ਰੱਖਦਾ ਹੈ ।

ਇਕ ਡਾਹਡੇ ਸੋਹਣੇ ਵਿਦਿਆਵਾਨ ਦੇ ਅਸਲੀ ਖ਼ਿਆਲਾਂ ਨੂੰ ਸਮਝਣ ਲਈ ਤਿਨ ਚਾਰ ਉਸ ਦੇ ਲੇਖ ਲੈ ਕੇ ਵੀ ਅਸੀਂ ਫ਼ੈਸਲਾ ਨਹੀਂ ਦੇ ਸਕਦੇ ਕਿ ਉਹ ਬੇ ਅਸੂਲਾਂ, ਗੰਦਮ ਨੁਮਾ, ਜ਼ੌਂ ਫਰੋਸ਼ ਅਤੇ ਗੱਦਾਰ ਹੈ, ਅਤੇ ਖਾਸ ਕਰ ਕੇ ਜਦੋਂ ਕਿ ਨਿਆਕਾਰੀ ਇਕ ਗ਼ੈਰ ਕੌਮ ਦਾ, ਸਾਡੀ ਜ਼ਬਾਨਾਂ ਤੋਂ, ਸਾਡੇ ਸੁਭਾਵ, ਸਾਡੀਆਂ ਆਦਤਾਂ ਅਤੇ ਸਾਡੇ ਦਿਲ ਦੇ ਫੱਟਾਂ ਤੋਂ ਬਿਲਕੁਲ ਕੋਰਾ ਨਾਵਾਕਿਫ ਹੋਵੇ । ਇਨ੍ਹਾਂ ਗੱਲਾਂ ਨੂੰ ਮੁਖ ਰੱਖਦਾ ਹੋਇਆ ਦਾਸ ਆਪਣੇ ਅਸਲੀ ਖ਼ਿਆਲ ਸ: ਮੰਗਲ ਸਿੰਘ ਬਾਬਤ, ਜੋ ਦਾਸ ਨੂੰ ੬ ਸਾਲ ਉਸ ਦੇ ਪਾਸ ਰਹਿਣ ਨਾਲ, ਅਤੇ ਪਿਛਲੇ ੬ ਸਾਲਾਂ ਵਿਚ ਚਿੱਠੀਆਂ ਦੁਆਰਾ ਅਤੇ ਕਦੇ ਕਦੇ ਮਿਲਨ ਤੋਂ ਅਤੇ ੨੭ ਨਵੰਬਰ ਦੀ ਜੇਲ੍ਹ ਦੀ ਮੁਲਾਕਾਤ ਨਾਲ, ਪਤਾ ਲੱਗਾ ਹੈ, ਆਮ ਭਰਾਵਾਂ ਦੀ ਭੇਟਾ ਕਰਦਾ ਹੈ, ਅਤੇ ਆਸ਼ਾ ਰੱਖਦਾ ਹੈ, ਕਿ ਇਨ੍ਹਾਂ ਦੇ ਪ੍ਰਗਟ ਹੋਵਣ ਉਤੇ ਇਸ ਹੀਰੇ ਉਤੇ ਜੋ ਪੜ੍ਹਦਾ ਪਾ ਕੇ ਇਸ ਨੂੰ ਕੌਡੀ ਤੋਂ ਨਿਕੰਮਾ ਸਾਬਤ ਕਰਨ ਦਾ ਜੋ ਯਤਨ ਕੀਤਾ ਗਿਆ ਹੈ, ਉਹ ਨਿਸਫਲ ਜਾਵੇਗਾ ਅਤੇ ਇਹ ਅਮੋਲਕ ਹੀਰਾ ਆਮ ਭਰਾਵਾਂ ਦੀ ਨਜ਼ਰ ਵਿਚ ਆਪਣੇ ਅਸਲੀ ਜਲੌ ਵਿਚ ਨਜ਼ਰ ਆਵੇਗਾ ।

(੨) ਏਹ ਪੰਥ ਦਾ ਲਾਲ ਸੰਨ ੧੯੦੮ ਦੇ ਵਿਚਕਾਰ ਪੰਜਵੀਂ ਜਮਾਤ ਵਿਚ ਦਾਖਲ ਹੋਵਣ ਲਈ ਖਾਲਸਾ ਹਾਈ ਸਕੂਲ ਲੈਲਪੁਰ ਵਿਚ ਆਇਆ। ਕਿਉਂਕਿ ਇਹ ਇਕ ਪੇਂਡੂ ਸਕੂਲ ਵਿੱਚੋਂ ਆਇਆ ਸੀ, ਜਿਥੇ ਕੇ ਅੰਗਰੇਜ਼ੀ ਪੜ੍ਹਾਈ ਨਹੀਂ ਸੀ ਜਾਂਦੀ, ਸੋ ਉਸ ਵੇਲੇ ਇਸ ਨੂੰ ਪੰਜਵੀਂ ਜਮਾਤ ਵਿਚ ਦਾਖਲ ਕਰਨ ਤੋਂ ਸਾਡੇ ਮਾਨਯੋਗ ਹੈਡਮਾਸਟਰ ਮਾ: ਤਾਰਾ ਸਿੰਘ ਜੀ ਨੇ ਨਾਂਹ ਕਰ ਦਿੱਤੀ, ਕਿਉਂਕਿ ਇਸ ਨੇ ਅੰਗਰੇਜ਼ੀ ਆਪਣੇ ਆਪ ਹੀ ਮਦਰਸੇ ਤੋਂ ਬਾਹਰ ਕਿਸੇ ਦੀ ਅਧੂਰੀ ਸਹਾਇਤਾ ਨਾਲ ਤਿਆਰ ਕੀਤੀ ਸੀ ਅਤੇ ਇਸ ਮਜ਼ਮੂਨ ਵਿਚ ਇਹ ਬੜਾ ਕਮਜ਼ੋਰ ਸੀ । ਪ੍ਰੰਤੂ ਇਸ ਨੇ ਆਪਣਾ ਹੱਠ ਨਾ ਛਡਿਆ, ਅਤੇ ਹੈਡਮਾਸਟਰ ਮਾ: ਤਾਰਾ ਸਿੰਘ ਜੀ ਦੇ ਪਿਛੇ ਪਿਛੇ ਬਾਜ਼ਾਰ ਵਿਚ ਚਲਾ ਗਿਆ।

ਮਾ: ਤਾਰਾ ਸਿੰਘ ਜੀ ਦੇ ਨਾਲ ਉਸ ਵੇਲੇ ਦਾਸ ਅਤੇ ਮੇਰੇ ਮਾਨ ਯੋਗ ਮਾ: ਸੁੰਦਰ ਸਿੰਘ ਹੋਰੀਂ ਸਨ। ਜਿਹੜੇ ਕਿ ਉਸ ਵੇਲੇ ਪੰਜਵੀਂ ਜਮਾਤ ਨੂੰ ਪੜ੍ਹਾਉਂਦੇ ਹੁੰਦੇ ਸਨ ਉਸ ਵੇਲੇ ਇਸ ਦੇ ਹੱਠ ਅਤੇ ਇਸ ਦੀ ਉਮਰ ਦਾ ਖ਼ਿਆਲ ਕਰ ਕੇ ਦਾਸ ਨੇ ਦੋਵਾਂ ਸਜਣਾਂ ਪਾਸ ਇਸ ਨੂੰ ਆਰਜ਼ੀ ਤੌਰ ਉਤੇ ਪੰਜਵੀਂ ਜਮਾਤ ਵਿਚ ਦਾਖਲ ਕਰ ਲੈਣ ਦੀ ਸਿਫ਼ਾਰਸ਼ ਕੀਤੀ।

ਜਿਸ ਨਾਲ ਕਿ ਇਹ ਪੰਜਵੀਂ ਜਮਾਤ ਵਿਚ ਦਾਖ਼ਲ ਕਰ ਲਿਆ ਗਿਆ। ਇਸ ਦਿਨ ਤੋਂ ਇਹ ਬਰਾਬਰ ਲਗਾਤਾਰ ਮਿਹਨਤ ਕਰਦਾ ਗਿਆ, ਅਤੇ ਥੋੜ੍ਹੇ ਹੀ ਚਿਰ ਵਿਚ ਇਸ ਨੇ ਆਪਣੀ ਕਮੀ ਪੂਰੀ ਕਰ ਲਈ, ਅਤੇ ਆਪਣੀ ਅਥੱਕ ਮਿਹਨਤ, ਸ੍ਰੇਸ਼ਟ ਸੁਭਾਉ, ਉਸਤਾਦਾਂ ਦੀ ਆਗਿਆ ਕਾਰੀ, ਸਾਰੇ ਲੜਕਿਆਂ ਨਾਲ ਪ੍ਰੇਮ ਨਾਲ ਮਿਲਨ ਅਤੇ ਖੇਲਾਂ ਵਿਚ ਚੰਗਾ ਹੋਵਣ ਕਰ ਕੇ ਇਸ ਨੇ ਕੀ ਉਸਤਾਦ, ਕੀ ਮਾਂ-ਬਾਪ ਅਤੇ ਕੀ ਆਪਣੇ ਹਮ ਜਮਾਤੀ ਅਤੇ ਹੋਰ ਲੜਕੇ, ਸਿੱਟਾ ਇਹ ਕਿ ਸਾਰਿਆਂ ਦੇ ਮਨ ਮੋਹ ਲਏ। ਸੰਨ ੧੯੦੯ ਵਿਚ ਸਕੂਲ ਮਨਜ਼ੂਰ ਨਾ ਹੋਵਣ ਕਰ ਕੇ ਇਹ ਵਜ਼ੀਫੇ ਦੇ ਇਮਤਿਹਾਨ ਵਿਚ ਸ਼ਾਮਲ ਨਾ ਹੋ ਸਕਿਆ। ਹੁਣ ਅਗਲੀਆਂ ਜਮਾਤਾਂ ਵਿਚ ਦਾਸ ਨੂੰ ਇਸ ਨੂੰ ਰਿਆਜ਼ੀ ਪੜ੍ਹਾਵਣ ਦਾ ਸਮਾਂ ਮਿਲਿਆ। ਮੇਹਨਤੀ, ਜ਼ਹੀਨ ਅਤੇ ਆਗਿਆਕਾਰੀ ਹੋਵਣ ਕਰ ਕੇ ਦਾਸ ਨੂੰ ਇਸ ਦਾ ਖ਼ਾਸ ਖ਼ਿਆਲ ਰਿਹਾ। ਸਿੱਟਾ ਇਹ ਨਿਕਲਿਆ ਕਿ ਮਿਡਲ ਦੇ ਮੁਕਾਬਲੇ ਦੇ ਇਮਤਿਹਾਨ ਵਿਚ ਇਸ ਨੇ ਚੰਗਾ ਰਹਿ ਕੇ ਵਜ਼ੀਫ਼ਾ ਹਾਸਲ ਕੀਤਾ, ਅਤੇ ਇਸੇ ਤਰ੍ਹਾਂ ਹਰ ਸਾਲ ਲੈਲਪੁਰ ਵਿਚ ਇਹ ਸਾਲਾਨਾ ਦੌੜਾਂ, ਰੱਸਾ-ਕਸ਼ੀ, ਫੁਟ ਬਾਲ, ਹਾਕੀ ਵਗੈਰਾ ਵਿਚ ਹਿੱਸਾ ਲੈਂਦਾ ਰਿਹਾ, ਅਤੇ ਸਾਰਿਆਂ ਨਾਲੋਂ ਵਧ ਕੇ ਖੇਲ੍ਹਾਂ, ਪੜ੍ਹਾਈ ਧਾਰਮਿਕ ਅਤੇ ਆਮ ਲਿਆਕਤ ਦੇ ਇਨਾਮ ਹਾਸਲ ਕਰਦਾ ਰਿਹਾ। ੧੯੧੪ ਵਿਚ ਇਸ ਨੇ ਖਾਲਸਾ ਹਾਈ ਸਕੂਲ ਲਾਇਲ ਪੁਰ ਵਿੱਚੋਂ ਅਵਲ ਰਹਿ ਕੇ ਫਿਰ ਵਜ਼ੀਫ਼ਾ ਹਾਸਲ ਕੀਤਾ। ਦਾਸ ਵੀ ਉਸੇ ਸਾਲ ੧੯੧੪ ਵਿਚ ਖਾਲਸਾ ਹਾਈ ਸਕੂਲ ਲੈਲਪੁਰ ਛੱਡ ਕੇ ਖਾਲਸਾ ਹਾਈ ਸਕੂਲ ਜਲੰਧਰ ਵਿਚ ਆ ਗਿਆ, ਪਰ ਆਪੋ ਵਿਚੀ ਪ੍ਰੇਮ ਹੋਵਣ ਕਰ ਕੇ ਬਰਾਬਰ ਲਗਾਤਾਰ ਇਸ ਤੋਂ ਪਿੱਛੋਂ ਵੀ ਅਸੀਂ ਸਾਧਾਰਨ ਅਤੇ ਚਿੱਠੀਆਂ ਦੁਆਰਾ ਆਪੋ ਵਿਚ ਮਿਲਦੇ ਰਹੇ ਅਤੇ ਆਪਣੇ ਖ਼ਿਆਲ ਲੈਂਦੇ ਦਿੰਦੇ ਰਹੇ।

(੩) ਕਾਲਜ ਦਾ ਜੀਵਨ :- ਲੈਲਪੁਰ ਤੋਂ ਇਹ ਲਾਲ ਗੌਵਰਮੈਂਟ ਕਾਲਜ ਵਿਚ ਦਾਖ਼ਲ ਹੋਵਣ ਆਇਆ, ਕਿਉਂਕਿ ਉਸ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਨਿਰੋਲ ਪੰਥ ਦੇ ਹੱਥਾਂ ਵਿਚ ਨਹੀਂ ਸੀ, ਅਤੇ ਪੰਥ ਦੇ ਦਿਲ ਉਤੇ ਸਰਕਾਰੀ ਦਖ਼ਲ ਹੋਵਣ ਤੋਂ ਲੱਗਾ ਹੋਇਆ ਫਟ ਅਜੇ ਤਾਜ਼ਾ ਸੀ। ਪਰ ਪਹਿਲੇ ਇਹ ਆਪਣੇ ਪੁਰਾਣੇ ਸਾਥੀਆਂ ਨਾਲ ਮਿਸ਼ਨ ਕਾਲਜ ਵਿਚ ਚਲਾ ਗਿਆ ਅਤੇ ਕਾਲਜ ਵਿਚ ਆਪਣੇ-ਸਾਥੀਆਂ ਨਾਲ ਜਾਵਣ ਕਰ ਕੇ ਇਸ ਦਾ ਨਾਉ ਵੀ ਪ੍ਰਿੰਸੀਪਲ ਨੇ ਮਿਸ਼ਨ ਕਾਲਜ ਵਿਚ ਦਰਜ ਕਰ ਲਿਆ। ਫਿਰ ਦੂਜੇ ਦਿਨ ਇਹ ਗੌਵਰਮੈਂਟ ਕਾਲਜ ਵਿਚ ਮੁਕਾਬਲੇ ਵਾਲੇ ਦਾਖਲੇ ਵਿਚ ਵੀ ਲੈ ਲਿਆ ਗਿਆ, ਪਰ ਪਿੱਛੋਂ ਮਿਸ਼ਨ ਕਾਲਜ ਦੇ ਪ੍ਰਿੰਸੀਪਲ ਨੇ ਇਸ ਨੂੰ ਵਾਪਸ ਦੇਵਣ ਤੋਂ ਨਾਂਹ ਕਰ ਦਿੱਤੀ ਸੋ ਇਹ ਮਿਸ਼ਨ ਕਾਲਜ ਵਿਚ ੧੯੧੪ ਤੋਂ ੧੯੧੬ ਤੀਕਰ ਰਿਹਾ, ਅਤੇ ਉਥੇ ਵੀ ਇਸ ਨੇ ਪ੍ਰੋਫ਼ੈਸਰਾਂ ਤੇ ਲੜਕਿਆਂ ਵਿਚ ਉਹੋ ਹੀ ਜਸ ਖਟਿਆ, ਜਿਹਾ ਕਿ ਪਹਿਲੇ ਇਸ ਨੇ ਖਾਲਸਾ ਸਕੂਲ ਲੈਲਪੁਰ ਵਿਚ ਖਟਿਆ ਸੀ। ਯੂਨੀਵਰਸਿਟੀਆਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਵਿਚ ਚੰਗਾ ਨਾਉਂ ਪਾਂਦਾ ਰਿਹਾ। ਇਹੋ ਹੀ ਕਾਰਨ ਹਨ, ਕਿ ਉਸ ਵੇਲੇ ਦੇ ਮਿਸ਼ਨ ਕਾਲਜ ਦੇ ਅੰਗਰੇਜ਼ ਪ੍ਰੋਫ਼ੈਸਰਾਂ ਨੇ ਵੀ ਅਦਾਲਤ ਵਿਚ ਇਸ ਦੀ ਸਫ਼ਾਈ ਲਈ ਭੁਗਤਣ ਦੀ ਇੱਛਾ ਜ਼ਾਹਰ ਕੀਤੀ ਹੈ।

(੪) ਖਾਲਸਾ ਕਾਲਜ ਅੰਮ੍ਰਿਤਸਰ :-

੧੯੧੬ ਵਿਚ ਐਫ. ਦੇ ਪਾਸ ਕਰਨ ਦੇ ਪਿੱਛੋਂ ਇਸ ਦੀ ਆਤਮਾ ਨੇ ਫਿਰ ਆਪਣੇ ਸਿੱਖ ਭਰਾਵਾਂ ਵਿਚ ਜਾਣੇ ਦਾ ਰੁਖ ਕੀਤਾ। ਅੱਖਾਂ ਨੂੰ ਸਾਫ਼ ਪਰਤੀਤ ਹੁੰਦਾ ਸੀ ਕਿ ਕਾਲਜ ਵਿਚ ਸਿੱਖਾਂ ਭਰਾਵਾਂ ਦੇ ਧੜ ਤਾਂ ਮੌਜੂਦ ਹਨ ਪਰ ਸਿੱਖਾਂ ਦੀਆਂ ਰੂਹਾਂ ਕੰਮ ਨਹੀਂ ਕਰ ਰਹੀਆਂ। ਰੂਹ ਕੇਵਲ ਸਰਕਾਰ ਦੌਲਤ ਮਦਾਰ ਦੀ ਮਿਸਟਰ ਵਾਦਨ ਸਾਹਿਬ ਬਹਾਦਰ ਦੇ ਜਿਸਮ ਦੇ ਰਾਹੀਂ ਕੰਮ ਕਰ ਰਹੀ ਹੈ। ਇਸ ਦੀ ਆਤਮਾ ਇਹ ਇਕ ਅਨੋਖਾ ਪਾਖੰਡ ਦੇਖਣ ਲਈ, ਅਤੇ ਮਰਗੇ ਅੰਬੋਹ ਜਸ਼ਨ ਦਾਦ (ਬਹੁਤਿਆਂ ਦੀ ਮੌਤ ਖੁਸ਼ੀ ਵਾਲੀ ਗਲ ਹੈ) ਅਸੂਲ ਦੀ ਕੈਦੀ ਹੋਈ ਆ ਫਸੀ। ਉਸੇ ਸਾਲ ਪੰਜਾਬ ਡਬਲ ਕੰਪਨੀ ਵਿਚ ਭਰਤੀ ਲਈ ਸਰਕਾਰ ਦੀ ਤਰਫ਼ੋਂ ਐਲਾਨ ਹੋਏ, ਡਾਢੀ ਤਰ੍ਹਾਂ ਕਈ ਕਿਸਮ

ਦੇ ਲੋਭ ਏਸੇ ਗਜ਼ਬ ਨੇ ਇਸ ਨੂੰ ਕਾਮਯਾਬ ਬਨਾਉਣ ਦੇ ਯਤਨ ਪਰਗਟ ਕੀਤੇ। ਪਰ ਇਨ੍ਹਾਂ ਅਪੀਲਾਂ ਵਿਚ ਰੂਹ ਨਾ ਹੋਵਣ ਕਰ ਕੇ ਲਿਖੇ ਪੜ੍ਹੇ ਭਰਾਵਾਂ ਦੇ ਇਤਨੇ ਦਿਲ ਨਾ ਖਿਚੇ ਗਏ। ਇਹ ਔਕੜ ਦੇਖ ਕੇ ਮਿਸਟਰ ਵਾਦਨ ਸਾਹਿਬ ਨੇ ਬਹੁਤੇਰੀਆਂ ਚਾਲਾਂ ਚਲੀਆਂ ਅਤੇ ਗੋਲ ਮੋਲ ਇਕਦਾਰ ਕੀਤੇ ਪਰ ਨਿਸਫਲ। ਓੜਕ ਇਸ ਪੰਥ ਰਤਨ ਨੂੰ ਆਪਣੇ ਜਾਲ ਵਿਚ ਫਸਾਵਣ ਦਾ ਯਤਨ ਕੀਤਾ। ਪਹਿਲੇ ਇਸ ਲਾਲ ਦੀ ਆਤਮਾ ਨੇ ਇਹ ਗੱਲ ਨਾ ਮੰਨੀ, ਪਰ ਬਾਰ ੨ ਪ੍ਰਿੰਸੀਪਲ ਸਾਹਿਬ ਬਹਾਦਰ ਦੇ ਕਹਿਣੇ ਉਤੇ ਉਸ ਵੇਲੇ ਨੂੰ ਸਰਕਾਰ ਉਤੇ ਇਕ ਡਾਢੀ ਔਕੜ ਦਾ ਸਮਾਂ ਸਮਝ ਕੇ ਇਸ ਨੇ ਆਪਣਾ ਤਨ ਮਨ ਸਰਕਾਰ ਦੇ ਅਰਪਣ ਕਰ ਦਿੱਤਾ ਅਤੇ ਹੁਣ ਆਪਣੇ ਲੈਕਚਰਾਂ ਦੁਆਰਾ, ਅਤੇ ਆਪਣੀ ਮਿਸਾਲ ਪੇਸ਼ ਕਰ ਕੇ ਇਸ ਨੇ ਆਪਣੇ ਸਾਥੀ ਬਣਾਏ ਜਿਹਾ ਕਿ ਉਸ ਵੇਲੇ ਉਤੇ ਹਾਜ਼ਰ ਹੋਵਣ ਵਾਲੇ ਸਾਰੇ ਸਜਨਾਂ ਨੂੰ ਮਲੂਮ ਹੈ। ਦਾਸ ਵੀ ਉਨ੍ਹਾਂ ਦਿਨਾਂ ਵਿਚ ਹੀ ਖਾਲਸਾ ਕਾਲਜ ਵਿਚ ਗਿਆ, ਅਤੇ ਦਾਸ ਤੋਂ ਵੀ ਇਸ ਲਾਲ ਨੇ ਉਸ ਮਾਮਲੇ ਵਿਚ ਸਲਾਹ ਪੁਛੀ। ਦਾਸ ਨੇ ਵੀ ਇਸ ਗੱਲ ਵਿਚ ਸੰਮਤੀ ਜ਼ਾਹਰ ਕੀਤੀ ਅਤੇ ਕਿਹਾ ਕਿ ਅਸੀਂ ਆਪਣੇ ਹਕਾਂ ਦੇ ਸਚੇ ਚਾਹਵਾਨ ਤਦੇ ਹੀ ਸਮਝੇ ਜਾਂਦੇ ਹਾਂ, ਜਿਸ ਵੇਲੇ ਇਸ ਔਕੜ ਦੇ ਸਮੇਂ ਅਸੀਂ ਸਰਕਾਰ ਨੂੰ ਤਨ, ਮਨ, ਧਨ ਨਾਲ ਸਹਾਇਤਾ ਦੇਈਏ, ਨਹੀਂ ਤਾਂ ਕੱਚੇ ਸਮਝੇ ਜਾਵਾਂਗੇ, ਅਤੇ ਕਿਸੇ ਮੂੰਹ ਨਾਲ ਨਹੀਂ ਮੰਗ ਸਕਾਂਗੇ। ਇਹ ਗੱਲ ਇਸ ਲਾਲ ਦੇ ਦਿਲ ਨੂੰ ਕਾਟ ਕਰ ਗਈ। ਸੋ ਜੋ ਸੇਵਾ ਇਸ ਤੇ ਹੋ ਸਕੀ ਇਸ ਨੇ ਦਿੱਤੀ, ਜਿਹੜੀ ਸਰਕਾਰ ਨੂੰ ਅਤੇ ਮਿਸਟਰ ਵਾਦਨ ਸਾਹਿਬ ਨੂੰ ਚੰਗੀ ਤਰ੍ਹਾਂ ਮਲੂਮ ਹੈ। ਕਿਵੇਂ ਉਸ ਨੇ ਪੂਰੀ ਕੀਤੀ।

(੫) ਪੰਜਾਬ ਡਬਲ ਕੰਪਨੀ ਦੀ ਸੇਵਾ:-ਹੁਣ ਡਬਲ ਕੰਪਨੀ, ਜੋ ਫੇਰ ਪੰਜਾਬ ਸਿੰਗਲ ਕੰਪਨੀ ਵਿਚ ਬਦਲ ਗਈ, ਉਸ ਵਿਚ ਜੋ ੨ ਸੇਵਾ ਇਸ ਨੇ, ਬਗੈਰ ਕੋਈ ਹੀਲ ਹੁਜਤ ਕੀਤਿਆਂ ਕਸ਼ਟ ਸਹਾਰਦੇ ਹੋਏ ਨੇ, ਨਿਬਾਹੀਆਂ ਉਹ ਸਾਰੀ ਇਸ ਦੇ ਉਸ ਵੇਲੇ ਦੇ ਸਾਥੀਆਂ ਨੂੰ ਮਾਲੂਮ ਹੈ, ਜੋ ਉਸ ਦੇ ਨਾਲ ਸਨ। ਉਹ ਚੰਗੀ ਤਰ੍ਹਾਂ ਦਸ ਸਕਦੇ ਹਨ, ਕਿ ਕਿਤਨੀ ਸ਼ਕਤੀ ਇਸ ਲਾਲ ਵਿਚ ਦੁਖ ਝਲਣ, ਅਤੇ ਆਪਣੇ ਅਸੂਲ ਉਤੇ ਕਾਇਮ ਰਹਿ ਕੇ ਕਸ਼ਟ ਸਹਾਰਨ ਅਤੇ ਬਿਨਾਂ ਕਿਸੇ ਨੂੰ ਦੁਖ ਦਿਤੇ ਸਚਾਈ ਦਾ ਰਸਤਾ ਸਾਫ਼ ਕਰਨ ਦੀ ਗੁਰੂ ਮਹਾਰਾਜ ਨੇ ਇਸ ਨੂੰ ਬਖ਼ਸ਼ੀ ਹੈ। ਮੁਸਲਮਾਨ ਅਤੇ ਹਿੰਦੂ ਭਰਾਵਾਂ ਨੂੰ ਵੀ ਜਿਹੜੇ ਕਿ ਇਸ ਦੇ ਸਾਥੀ ਰਹੇ ਹਨ, ਪਕਾ ਯਕੀਨ ਹੋ ਗਿਆ ਹੈ, ਕਿ ਇਹ ਬਾਵਜੂਦ ਪੱਕਾ ਸਿੱਖ ਹੋਵਣ ਦੇ ਸਚਾ ਇਨਸਾਨ ਹੈ, ਮੁਸਲਮਾਨ, ਹਿੰਦੂ, ਸਿੱਖ ਇਸ ਨੂੰ ਇਕ ਤੁਲ ਹਨ, ਜਿਹਾ ਕਿ ਅਗਾਹਾਂ ਚਲ ਕੇ ਸੱਜਣਾਂ ਨੂੰ ਪਤਾ ਲਗੇਗਾ।

(੬) ਲੜਾਈ ਤੋਂ ਵਾਪਸ ਆਵਣ ਦਾ ਹਾਲ :-

ਜਦੋਂ ਇਹ ਲੜਾਈ ਵਿਚ ਹੀ ਸੀ, ਇਸਨੇ ਲਗੀ ਵਾਹ ਸਰਕਾਰ ਤੋਂ ਜ਼ਮੀਨ ਲੈ ਕੇ ਆਪਣੀ ਆਜ਼ਾਦ ਜ਼ਿੰਦਗੀ ਬਸਰ ਕਰਨੀ ਚਾਹੀ, ਪਰ ਸਰਕਾਰ ਨੇ ਉਤਰ ਦਿੱਤਾ ਕਿ ਸਰਕਾਰ ਅਨਪੜ੍ਹ ਸਿਪਾਹੀਆਂ ਨੂੰ ਜ਼ਮੀਨ ਦੇਵੇਗੀ, ਕਿਉਂ ਕਿ ਉਨ੍ਹਾਂ ਦੇ ਪ੍ਰਸੰਨ ਕਰਨ ਲਈ ਸਰਕਾਰ ਪਾਸ ਹੋਰ ਕੁਝ ਨਹੀਂ, ਅਤੇ ਲਿਖੇ ਪੜ੍ਹੇ ਸੱਜਣਾਂ ਨੂੰ ਜਿਨ੍ਹਾਂ ਨੇ ਸਰਕਾਰ ਦੀ ਇਸ ਮੌਕੇ ਸਹਾਇਤਾ ਕੀਤੀ ਹੈ, ਚੰਗੀਆਂ ੨ ਅਸਾਮੀਆਂ ਦਿੱਤੀਆਂ ਜਾਵਣਗੀਆਂ। ਸੋ ਸਰਕਾਰ ਦੀ ਇਹ ਗੱਲ ਮੰਨ ਕੇ ਇਸ ਨੇ ਈ. ਏ. ਸੀ. ਲਈ ਕੋਸ਼ਿਸ਼ ਕੀਤੀ, ਇਸ ਨੂੰ ਤਹਸੀਲਦਾਰੀ ਦੇਣੀ ਮਨਜ਼ੂਰ ਕੀਤੀ ਗਈ, ਅਤੇ ਈ. ਏ. ਸੀ ਦੀ ਅਸਾਮੀ ਉਤੇ ਵਿਚਾਰ ਹੁੰਦੀ ਰਹੀ। ਜਦੋਂ ਇਹ ਲੜਾਈ ਤੋਂ ਹਟਕੇ ਪੂਨੇ ਆਇਆ, ਅਤੇ ਇਸ ਦੇ ਖ਼ਿਆਲ ਆਪਣੇ ਮੁਲਕ ਦੀ ਸੇਵਾ ਵੱਲ ਪੱਕੇ ਹੋਵਣ ਲੱਗ ਪਏ। ਇਸ ਅਰਸੇ ਵਿਚ ਇਸ ਨੇ ਦਾਸ ਨੂੰ ਇਕ ਚਿੱਠੀ ਲਿਖੀ, ਕਿ ਮੇਰਾ ਖ਼ਿਆਲ ਹਿੰਦੁਸਤਾਨ ਦੇ ਸੇਵਕਾਂ ਦੇ ਟੋਲੇ ਵਿਚ ਸ਼ਾਮਲ ਹੋਣ ਦਾ ਹੈ, ਜਿਹੜਾ ਕਿ ਮਿ: ਗੋਖਲੇ ਨੇ ਸਰਵੈਂਟਸ. ਔਫ ਇੰਡੀਆ ਦਾ ਨਾਓਂ ਰਖ ਕੇ ਬਣਾਇਆ ਸੀ। ਇਸ ਨੇ ਕੋਸ਼ਿਸ਼ ਕੀਤੀ, ਪਰ ਮਿ: ਸ਼ਾਸਤਰੀ ਦੇ ਨਾ ਮਿਲਣ ਕਰ ਕੇ ਉਥੇ ਦਾਖਿਲ ਨਾ ਹੋ ਸਕਿਆ ਅਤੇ ਦਾਸ ਨੇ ਉਸ ਨੂੰ ਲਿਖਿਆ, ਕਿ ਜਦੋਂ ਤੀਕਰ ਤੁਸੀਂ ਆਪਣੀ ਵਡਿਆਈ ਕਾਇਮ ਕਰਕੇ ਕੁਰਬਾਨੀ ਨਹੀਂ ਕਰਦੇ, ਉਦੋਂ ਤੀਕਰ ਕੋਈ ਤੁਹਾਡੀ ਗੱਲ ਸੁਣਨ ਲਈ ਤਿਆਰ ਨਹੀਂ ਹੋਵੇਗਾ। ਮਾਲੂਮ ਹੁੰਦਾ ਹੈ, ਕਿ ਇਸ ਗੱਲ ਨੇ ਵੀ ਉਸ ਉਤੇ ਅਸਰ ਕੀਤਾ, ਸੋ ਉਹ ਪੂਨੇ ਤੋਂ ਵਿਦਾ ਹੋ ਕੇ ਪੰਜਾਬ ਪੁਜਿਆ।

(੭) ਇਨਾਂ ਦੀ ਮੰਗਣੀ ਮਾਰਸ਼ਲ ਲਾ ਦੇ ਦਿਨਾਂ ਵਿਚ, ਮੇਰੇ ਰਾਹੀਂ ਸ: ਵਰਿਆਮ ਸਿੰਘ ਜੀ, ਵਸਨੀਕ ਬੋਲਿਨਾ, ਜਿਲਾ ਜਲੰਧਰ ਦੀ ਸਪੁਤਰੀ ਨਾਲ ਹੋਈ।

ਇਸ ਤੋਂ ਪਿੱਛੋਂ ਇਹ ਤਤੀਪੁਰ ਜ਼ਿਲ੍ਹਾ ਮੁਲਤਾਨ ਵਿਚ ਤਹਸੀਲਦਾਰੀ ਦੇ ਕੰਮ ਨੂੰ ਸਿਖਦੇ ਰਹੇ। ਪਰ ਪੰਥ ਸੇਵਾ ਵਲ ਇਸ ਦਾ ਮਨ ਤਾਂਘਦਾ ਰਿਹਾ। ਇਸੇ ਕਰ ਕੇ ਦਸੰਬਰ ੧੯੧੯ ਨੂੰ ਇਹ ਸਿੱਖ ਲੀਗ ਅਤੇ ਕਾਂਗਰਸ ਵਿਚ ਸ਼ਾਮਲ ਹੋਵਣ ਲਈ ਅੰਮ੍ਰਿਤਸਰ ਪੁਜਿਆ। ਉਸ ਵੇਲੇ ਸਿੱਖਾਂ ਵੱਲੋਂ ਜੋ ਪ੍ਰੇਮ ਪ੍ਰਸ਼ਾਦ ਹਿੰਦੁਸਤਾਨੀ ਚੁਣਵੇਂ ਕਾਂਗਰਸ ਸਬਜੈਕਟ ਕਮੇਟੀ ਦੇ ਮੈਂਬਰਾਂ ਨੂੰ ਦਿੱਤਾ ਗਿਆ ਉਸ ਵਿਚ ਇਹ ਹਾਜ਼ਰ ਸਨ, ਅਤੇ ਉਸ ਵਿਚ ਇਹ ਆਪਣੇ ਹਥੀਂ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਉਨ੍ਹਾਂ ਦਿਨਾਂ ਵਿਚ ਹੀ ਕੁਝ ਸੱਜਣਾਂ ਨੇ ਇਸ ਨੂੰ ਯੋਗ ਸਮਝ ਕੇ ਇਸ ਦੀ ਲਿਆਕਤ ਨੂੰ ਜਾਣ ਕੇ ਇਸ ਨੂੰ ਪੰਥ ਸੇਵਾ ਵਿਚ ਆਉਣਾ ਮਨਾ ਲਿਆ। ਉਸ ਦਿਨ ਤੋਂ ਹੀ ਅਕਾਲੀ ਅਖ਼ਬਾਰ ਦੇ ਕਢਣੇ ਦੀ ਨੀਯਤ ਨਾਲ ਕੰਮ ਸ਼ੁਰੂ ਹੋ ਗਿਆ। ਚਾਰ ਪੰਜ ਮਹੀਨੇ ਦੇ ਪਿੱਛੋਂ ਸਦਣ ਤੋਂ ਇਹ ਤਹਸੀਲਦਾਰੀ ਛੱਡ ਕੇ ਲਾਹੌਰ ਆ ਗਿਆ, ਪਰ ਉਨ੍ਹਾਂ ਦਿਨਾਂ ਵਿਚ ਹੀ ਇਸ ਦੇ ਪਿਤਾ ਜੀ ਬੀਮਾਰ ਹੋ ਗਏ। ਪਿਤਾ ਜੀ ਨੂੰ ਇਸ ਦਾ ਇਹ ਕੰਮ ਚੰਗਾ ਨਾ ਲਗਿਆ, ਸੋ ਉਹ ਸ਼ੋਕ ਨਾਲ ਜ਼ਿਆਦਾ ਵਿਆਕੁਲ ਹੋਏ। ਇਸ ਸਮੇਂ ਸ: ਮੰਗਲ ਸਿੰਘ ਘਰ ਪੁਜਿਆ, ਹਕੀਮ ਨੇ ਉਸ ਨੂੰ ਸਲਾਹ ਦਿੱਤੀ, ਕਿ ਤੁਸਾਂ ਨੂੰ ਆਪਣੇ ਪਿਤਾ ਜੀ ਦੇ ਰਾਜੀ ਕਰਨ ਲਈ ਚਾਹੀਦਾ ਹੈ ਕਿ ਹੁਣ ਉਨ੍ਹਾਂ ਦੀ ਗੱਲ ਮੰਨ ਲਵੋ, ਸੋ ਇਸ ਨੇ ਆਪਣੇ ਪਿਤਾ ਜੀ ਦੀ ਡਾਢੀ ਤਰਸ ਵਾਲੀ ਹਾਲਤ ਦੇਖ ਕੇ ਕਹਿ ਦਿੱਤਾ ਕਿ ਮੈਂ ਹੁਣ ਆਪ ਦੇ ਹੁਕਮ ਅਨੁਸਾਰ ਮੁਲਤਾਨ ਆਪਣੀ ਅਸਾਮੀਂ ਉਤੇ ਵਾਪਸ ਚਲਿਆ ਜਾਵਾਂਗਾ, ਆਪ ਮੇਰੀ ਕੋਈ ਚਿੰਤਾ ਨਾ ਕਰੋ। ਇਸ ਗੱਲ ਦੇ ਹੋਵਣ ਉਤੇ ਪਿਤਾ ਜੀ ਦੀ ਹਾਲਤ ਨੇ ਪਲਟਾ ਖਾਣਾ ਸ਼ੁਰੂ ਕਰ ਦਿੱਤਾ, ਅਤੇ ਉਹ ਥੋੜ੍ਹੇ ਹੀ ਚਿਰ ਵਿਚ ਰਾਜੀ ਹੋ ਗਏ, ਹੁਣ ਸ: ਮੰਗਲ ਸਿੰਘ ਇਕਰਾਰ ਮੂਜਬ ਫਿਰ ਮੁਲਤਾਨ ਵਾਪਸ ਚਲਿਆ ਗਿਆ, ਪਰ ਜਦੋਂ ਥੋੜ੍ਹੇ ਚਿਰ ਪਿਛੋਂ ਲਾਹੌਰ ਤੋਂ ਖਬਰ ਪੁੱਜੀ ਕਿ "ਅਕਾਲੀ" ਦਾ ਠੀਕ ਕੰਮ ਨਹੀਂ ਚਲ ਰਿਹਾ ਅਤੇ ਉਸ ਦੀ ਸੇਵਾ ਦੀ ਡਾਢੀ ਲੋੜ ਹੈ। ਹੁਣ ਇਸ ਤੋਂ ਪੰਥਕ ਕੰਮ ਵਿਚ ਸੇਵਕਾਂ ਦੀ ਊਣਤਾ ਦੇਖ ਕੇ ਸਹਾਰਾ ਨਾ ਹੋ ਸਕਿਆ। ਝੱਟ ਲਾਹੌਰ ਆ ਕੇ ਆਪਣੀ ਪੁਰਾਣੀ ਸੇਵਾ ਵਿਚ ਜੁੜ ਪਿਆ, ਜੋ ਸੇਵਾ ਇਸ ਨੇ ਉਥੇ ਕੀਤੀ। ਸਾਰੇ ਸੱਜਣਾਂ ਨੂੰ ਪਤਾ ਹੈ, ਜੁਲਾਈ ੧੯੨੦ ਨੂੰ ਇਸ ਦਾ ਵਿਆਹ ਹੋ ਗਿਆ। ਫੇਰ ਜਥੇਬੰਦੀ ਮੈਂਬਰਾਂ ਦੀ ਚੋਣ, ਅਤੇ ਫੇਰ ਨਾ-ਮਿਲਵਰਤਨ ਲਈ ਪੰਥ ਨੂੰ ਤਿਆਰ ਕਰਨ ਲਈ ਜੋ ਮਜ਼ਮੂਨ ਇਸ ਨੇ ਲਿਖੇ ਹਨ ਸਾਰੇ ਸੱਜਣਾਂ ਨੂੰ ਪਤਾ ਹੈ। ਸਿੱਖ ਲੀਗ ਵਿਚਲੀ ਸੇਵਾ, ਅਤੇ ਫੇਰ ਜਥੇਬੰਦੀ ਨੂੰ ਅਸਲੀ ਜਾਮਾਂ ਦੇਣ,' ਕਿਸੇ ਸੱਜਣ ਤੋਂ ਗੁੱਝਾ ਛੁਪਿਆ ਨਹੀਂ।

(੮) ੨ ਚਿੱਠੀਆਂ ਜਿਹੜੀਆਂ ਅਦਾਲਤ ਵਿਚ ਪੇਸ਼ ਹਨ, ਉਨ੍ਹਾਂ ਦਾ ਲਿਖਿਆ ਜਾਣਾ। ਇਨਾਂ ਦਿਨਾਂ ਵਿਚ ਹੀ ਕਿਸੇ ਨੇ ਦੋ ਚਿੱਠੀਆਂ ਇਸ ਦੇ ਨਾਓਂ ਉੱਤੇ (ਜਿਹੜੀਆਂ ਸਰਕਾਰੀ ਵਕੀਲ ਨੇ ਪੇਸ਼ ਕੀਤੀਆਂ ਹਨ) ਸਰਕਾਰ ਨੂੰ ਲਿਖ ਭੇਜੀਆਂ। ਜਦੋਂ ਇਸ ਨੂੰ ਇਨ੍ਹਾਂ ਚਿੱਠੀਆਂ ਦਾ ਪਤਾ ਲੱਗਾ, ਇਸ ਨੇ ਉਨ੍ਹਾਂ ਦੀ ਤਰਦੀਦ ਕਰ ਦਿੱਤੀ। ਇਸ ਦੇ ਸੋਹਰੇ ਸ: ਵਰਿਆਮ ਸਿੰਘ ਜੀ ਨੇ ਜਦੋਂ ਇਸ ਨੂੰ ਆਪਣੀ ਲਿਖਤ ਅਤੇ ਤਕਰੀਰ ਕਾਨੂੰਨੀ ਹਦ ਅੰਦਰ ਰੱਖਣ ਲਈ ਆਖਿਆ, ਤਾਂ ਇਸ ਨੇ ਉੱਤਰ ਦਿੱਤਾ ਕਿ ਮੈਂ ਹੋਰ ਸਭ ਕੁਝ ਕਰ ਸਕਦਾ ਹਾਂ, ਪਰ ਅਸੂਲ ਨੂੰ ਤੋੜਨ ਲਈ ਤਿਆਰ ਨਹੀਂ। ਚੌਥੇ ਪੰਜਵੇਂ ਦਿਨ ਇਹ ਫੜਿਆ ਗਿਆ।

(੯) ਜੇਹਲ ਅਤੇ ਕਚਹਿਰੀ ਦਾ ਜੀਵਨ : ਹੁਣ ਜੇਹਲ ਵਿਚ ਜੋ ਸੱਜਣ ਇਸ ਨੂੰ ਮਿਲਣ ਗਏ ਹਨ, ਉਹਨਾਂ ਸਾਰਿਆਂ ਨੂੰ ਪਤਾ ਹੈ, ਕਿ ਉਹ ਕਿਹੇ ਪ੍ਰੇਮ ਨਾਲ ਮਿਲਿਆ ਹੈ, ਅਤੇ ਉਸ ਨੇ ਕਿਸ ਤਰ੍ਹਾਂ ਹਠ ਗੰਭੀਰਤਾ ਅਤੇ ਪੰਥ ਨਾਲ ਪ੍ਰੇਮ ਪ੍ਰਗਟ ਕੀਤਾ ਹੈ, ਕਿਵੇਂ ਪੰਥ ਅਗੇ ਬੇਨਤੀ ਕੀਤੀ ਹੈ ਕਿ 'ਅਕਾਲੀ' ਨੂੰ ਸੁਰਜੀਤ ਰੱਖਣਾ, ਜਥੇਬੰਦੀ ਕਰ ਕੇ ਪੰਥ ਉੱਨਤੀ ਉਤੇ ਵਿਚਾਰਾਂ ਕਰਨੀਅ,ਾਂ ਉਨ੍ਹਾਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣਾ, ਮੇਰੇ ਜੇਹਲ ਦੇ ਦੁਖ ਦਾ ਜ਼ਰਾ ਖ਼ਿਆਲ ਨਾ ਕਰਨਾ, ਕਿਉਂਕਿ ਉਹ ਸਹਾਰਨੇ ਲਈ ਹਰ ਤਰ੍ਹਾਂ ਤਿਆਰ ਹੈ। ਇਹੋ ਸੁਨੇਹਾ ਉਸ ਨੇ ਕਚਹਿਰੀ ਵਿਚ ਸੱਜਣਾਂ ਨੂੰ ਦਿੱਤਾ ਹੈ।

(੧੦) ਉਸ ਬਾਬਤ ਦਾਸ ਦੇ ਖ਼ਿਆਲ :- ਉਪਰਲੀਆਂ ਗੱਲਾਂ ਦਾਸ ਨੇ ਬਿਨਾ ਕਿਸੇ ਮਲਾਵਟ ਅਤੇ ਭੈ ਦੇ ਦਸੀਆਂ ਹਨ। ਦਾਸ ਦੇ ਪਿਛਲੇ ਬਾਰਾਂ ਸਾਲਾਂ ਦੇ ਖ਼ਿਆਲਾਂ ਦਾ ਨਿਚੋੜ ਹਨ, ਇਨ੍ਹਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹ "ਗੰਦਮ ਨਮਾ ਤੇ ਜੌਂ ਫ਼ਰੋਸ਼ ਨਹੀਂ ਹੈ।" ਇਸ ਦੇ ਉਲਟ ਜਬਾਨ ਦਾ ਸੱਚਾ ਅਤੇ ਅਮਲਾਂ ਦਾ ਪੱਕਾ ਹੈ, ਜੋ ਉਸ ਨੇ ਇਕ ਵੇਲੇ ਸਰਕਾਰ ਦੀ ਭੈੜੀ ਦਸ਼ਾ ਉਤੇ ਤਰਸ ਖਾ ਕੇ ਆਪਣਾ ਤਨ, ਮਨ ਸਰਕਾਰ ਦੀ ਖ਼ਾਤਰ ਵਾਰਿਆ,

ਅਤੇ ਆਪ ਬਲਦੀ ਅੱਗ ਵਿਚ ਗਿਆ ਤਾਂ ਦੂਜੀ ਤਰਫ਼ ਪੰਥ ਅਤੇ ਕੌਮ ਦੀ ਖ਼ਾਤਰ ਉਸ ਦੀ ਭੈੜੀ ਦਸ਼ਾ ਦਖਦੇ ਹੋਏ ਵੀ ਉਸ ਤੋਂ ਰਿਹਾ ਨਹੀਂ ਗਿਆ, ਪੰਥ ਅਤੇ ਕੌਮ ਨੂੰ ਉਭਾਰਿਆ ਅਤੇ ਆਪ ਉਸ ਦੀ ਖ਼ਾਤਰ ਜੇਹਲ ਵਿਚ ਗਿਆ। ਨਾ ਹੀ ਉਹ ਬੇ ਅਸੂਲਾ, ਨਾ ਮਾਲ ਅਫ਼ਸਰੀ ਦਾ ਆਸ਼ਕ, ਅਤੇ ਨਾ ਮਾਯਾ ਦਾ ਲੋਭੀ ਹੈ। ਬੇ ਅਸੂਲ ਆਪ ਤਦ ਕਹਿੰਦੇ, ਜੇ ਉਸ ਨੂੰ ਸਰਕਾਰ ਉਤੇ ਤਰਸ ਆਉਂਦਾ ਅਤੇ ਹੁਣ ਆਪਣੇ ਹਿੰਦੂ ਮੁਸਲਮਾਨ ਸਿੱਖ ਭਰਾਵਾਂ ਉਤੇ ਨਾ ਆਉਂਦਾ, ਜਾਂ ਸਿੱਖਾਂ ਨੂੰ ਮੁਸਲਮਾਨਾਂ ਨਾਲੋਂ ਜ਼ਿਆਦਾ ਪਿਆਰ ਕਰ ਕੇ ਇਸ ਵੇਲੇ ਸਿੱਖਾਂ ਨੂੰ 'ਨਾ-ਮਿਲਵਰਤਨ' ਤੋਂ ਰੋਕਦਾ, ਇਸ ਦੇ ਉਲਟ ਸਾਰੇ ਕਸ਼ਟਾਂ ਨੂੰ ਦੇਖਦੇ ਹੋਏ, ਉਹ ਆਪ 'ਨਾ-ਮਿਲਵਰਤਨ ਦਾ ਹਾਮੀ ਹੋਇਆ' ਉਤੇ ਬਾਕੀ ਸਿੱਖਾਂ ਨੂੰ ਇਸ ਦਾ ਹਾਮੀ ਬਣਾਇਆ। ਨਾ ਹੀ ਉਹ ਮਾਲ ਅਫ਼ਸਰੀ ਦਾ ਆਸ਼ਕ ਹੈ, ਜੇ ਉਸ ਨੇ ਮਾਲ ਅਫ਼ਸਰ ਪਹਿਲੇ ਬਨਣ ਦਾ ਯਤਨ ਕੀਤਾ ਤਾਂ ਪੰਥ ਦੀ ਕਮੀ ਨੂੰ ਸਮਝਦੇ ਹੋਏ ਉਸ ਨੇ ਉਸ ਮਾਲ ਅਫ਼ਸਰੀ ਨੂੰ ਚਿੰਬੜਨੇ ਦਾ ਯਤਨ ਬਿਲਕੁਲ ਨਹੀਂ ਕੀਤਾ। ਇਵੇਂ ਹੀ ਉਹ ਤਹਸੀਲਦਾਰੀ ਛਡ ਕੇ ਆਵਣ ਵਿਚ ਮਾਯਾ ਦਾ ਲੋਭੀ ਨਹੀਂ ਬਣਿਆ, ਬਲਕਿ ਮਾਯਾ ਤਿਆਗੀ ਬਣਿਆ ਹੈ। ਨਾ ਹੀ ਉਹ ਗਦਾਰ ਯਾ ਰਾਜ ਦਰੋਹੀ ਹੈ, ਆਪਣੀ ਜ਼ਬਾਨ ਅਤੇ ਕਲਮ ਨੂੰ ਉਸ ਨੇ ਕੋਈ ਹਥਿਆਰ ਛਵੀਆਂ ਯਾ ਤਲਵਾਰਾਂ ਚੁਕਣ ਲਈ ਨਹੀਂ ਉਭਾਰਿਆ, ਕੇਵਲ ਆਪਣੀ ਜਬਾਨ ਨੂੰ ਸਚਾਈ ਲਈ, ਅਤੇ ਆਪਣੀ ਕਲਮ ਨੂੰ ਸਚਾਈ ਉਪਰ ਅਮਲ ਕਰਨ ਲਈ ਵਰਤਿਆ ਹੈ। ਜੇ ਕਿਤੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਨੂੰ ਜੇਹਲਾਂ ਵਿਚ ਜਾਵਣ ਲਈ ਕਿਹਾ ਹੈ, ਤਾਂ ਆਪ ਜਾ ਕੇ ਦਿਖਾ ਦਿਤਾ ਹੈ, ਜੇ ਉਸ ਨੂੰ ਪਤਾ ਲਗਦਾ ਹੈ, ਕਿ ਕਿਸੇ ਨੇ ਉਸ ਦੇ ਨਾਉਂ ਉਪਰ ਦੋ ਚਿੱਠੀਆਂ ਸਰਕਾਰ ਨੂੰ ਘਲੀਆਂ ਹਨ, ਤਾਂ ਉਹ ਉਹਨਾਂ ਚਿੱਠੀਆਂ ਦੀ ਤਰਦੀਦ ਆਪਣੇ ਪਤਰ ਦੁਆਰਾ ਕਰ ਦਿੰਦਾ ਹੈ। ਇਹ ਬਿਲਕੁਲ ਸਚ ਦਾ ਪਖੀ ਅਤੇ ਝੂਠ ਦਾ ਦੁਸ਼ਮਣ ਹੈ ਅਤੇ ਕੋਈ ਰਾਜ ਧਰੋਹੀ ਨਹੀਂ ਹੈ। ਜੇ ਇਸ ਨੇ ਕੋਈ ਕੰਮ ਪੰਥ ਤੋਂ ਲਿਆ ਹੈ, ਤਾਂ ਉਹ ਇਹ ਹੈ ਕਿ ਇਸ ਨੇ ਪੰਥ ਦੇ ਜ਼ਾਹਰ ਜੋਸ਼ ਨੂੰ ਰੋਕਿਆ ਹੈ ਅਤੇ ਉਸ ਜੋਸ਼ ਨੂੰ ਅੰਦਰ ਰੱਖਦੇ ਹੋਏ ਜਥੇਬੰਦੀ ਕਰ ਕੇ ਆਪਣੇ ਪੈਰਾਂ ਤੋਂ ਆਪ ਖੜ੍ਹੋ ਲਈ ਆਖਿਆ ਹੈ, ਅਤੇ ਆਪਣੇ ਵਿਚ ਆਤਮਕ ਬਲ ਪੈਦਾ ਕਰਕੇ ਕਸ਼ਟ ਸਹਾਰਦੇ ਹੋਏ ਇਸ ਦੇਸ਼ ਉਪਰਲੇ ਪਾਪ ਨੂੰ ਦੂਰ ਕਰਨ ਦਾ ਯਤਨ ਕਰਨ ਲਈ ਪੰਥ ਨੂੰ ਵੰਗਾਰਿਆ ਹੈ, ਜੇ ਸਰਕਾਰ ਅਸਾਂ ਤੋਂ ਸਚ ਪੁਛੇ, ਤਾਂ ਇਸ ਵੇਲੇ ਇਸ ਸਤਯਵਾਰੀ ਬਾਲਕ ਨੇ ਸਹੀ ਰਸਤੇ ਤੇ ਚਲਣ ਦਾ ਸਬਕ ਆਪਣੇ ਗੁਰੂ ਮਹਾਰਾਜ ਅਰਜਨ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਜੀ ਤੋਂ ਲੈ ਕੇ ਡਾਢੀ ਸਰਕਾਰ ਅਤੇ ਦੁਖੀ ਪ੍ਰਜਾ ਨੂੰ ਇਕ ਦੂਜੇ ਦੇ ਗਲੋਂ ਪੈਣ ਤੋਂ ਬਚਾ ਲਿਆ ਹੈ, ਅਤੇ ਡਾਢੀ ਸਰਕਾਰ ਨੂੰ ਮੌਕਾ ਦਿੱਤਾ ਹੈ, ਕਿ ਬਲ ਹੁੰਦੇ ਹੋਏ ਕਮਜ਼ੋਰਾਂ ਦੀ ਰੱਖਿਆ ਕਰਨੀ ਸਿੱਖੇ, ਅਤੇ ਇਸ ਵੇਲੇ ਜੁੜੇ ਹੋਏ ਹਿੰਦੁਸਤਾਨ ਨੂੰ ਉਸ ਦੀ ਮਰਜ਼ੀ ਅਨੁਸਾਰ ਰਾਜ ਕਰਨ ਦੇਵੇ। ਕਿਉਂਕਿ ਇਹ ਸਾਰਿਆਂ ਦਾ ਜਮਾਂਦਰੂ ਹੱਕ ਹੈ, ਅਤੇ ਹੁਣ ਪਰਮੇਸ਼ਰ ਪਰਮਾਤਮਾਂ ਨੇ ਅਸਾਂ ਨੂੰ ਅਸਾਡੇ ਪਿਛਲੇ ਕਰਮਾਂ ਦਾ ਫਲ ਬਹਤੇਰਾ ਚਿਰ ਭੁਗਤਾ ਕੇ ਹੁਣ ਅਜਿਹੇ ਲਾਲ ਦੀ ਜੁਬਾਨੀ ਅਸਾਂ ਨੂੰ ਸਤਿਆਵਾਦੀ ਅਭੈ ਅਤੇ ਆਪ ਕਸ਼ਟ ਸਹਾਰ ਕੇ ਸੂਰਾਜ ਹਾਸਲ ਕਰਨ ਦਾ ਢੰਗ ਦਸ ਦਿੱਤਾ ਹੈ। ਸੋ ਆਸ ਹੈ, ਅਸੀਂ ਛੇਤੀ ਹੀ ਅਪਨੇ ਟਿਕਾਣੇ ਉੱਤੇ ਪੁਜ ਜਾਵਾਂਗੇ, ਜੇ ਅਸੀਂ ਇਸ ਪੰਥ ਲਾਲ ਦੇ ਜੀਵਨ ਤੋਂ ਕੁਝ ਸਬਕ ਸਿਖਿਆ।

ਅਕਾਲੀ ਲਾਹੌਰ, ੧੬ ਦਸੰਬਰ ੧੯੨੦

ਗੁਰਦੁਆਰਾ ਚੁਮਾਲਾ ਸਾਹਿਬ, ਲਾਹੌਰ

(ਅਕਾਲੀ ਦੇ ਖਾਸ ਪੱਤਰ ਪ੍ਰੇਰਕ ਵੱਲੋਂ)

ਹਰੀ (ਸਿੰਘ) ਦਾ ਬਿਆਨ ਜਿਹੜਾ ਉਸ ਨੇ ਕਚਹਿਰੀ ਵਿਚ ਦਿੱਤਾ :-

ਜੋ ਕੁਝ ਕਹਾਂਗਾ ਧਰਮ ਨਾਲ ਸੱਚ ਕਹਾਂਗਾ। ਅਸੀਂ ਤਿੰਨ ਸੌ ਸਾਲ ਤੋਂ ਇਸ ਧਰਮਸਾਲਾ ਵਿਚ ਰਹਿਣ ਵਾਲੇ ਹਾਂ। ਬਤੌਰ ਮਾਲਿਕ ਦੇ, ਪੁਸ਼ਤ ਦਰ ਪੁਸ਼ਤ ਅਸੀਂ ਉਥੇ ਰਹਿੰਦੇ ਹਾਂ। ਬਾਪ ਨੂੰ ਮੋਏ ਇਕੀ ਸਾਲ ਹੋਏ ਹਨ, ਬਾਪ ਦੇ ਪਿੱਛੋਂ ਚਾਚਾ ਗ੍ਰੰਥੀ ਰਿਹਾ, ਦੋ ਸਾਲ ਦਾ ਮੈਂ ਹਾਂ, ਚਾਚੇ ਦਾ ਨਾਮ ਤੇਜਾ ਸਿੰਘ ਮਹੰਤ (ਗ੍ਰੰਥੀ ਨਹੀਂ)। ਫੇਰ ਚਾਚਾ ਵੀ ਮਰ ਗਿਆ, ਜਦੋਂ ਉਹ ਮੋਇਆ ਮੈਂ ਮਹੰਤ ਬਣ ਗਿਆ। ਸਾਡੇ ਦੋ ਸੌ ਸਹਜਧਾਰੀ ਸੇਵਕਾਂ ਨੇ ਆ ਕੇ ਮਹੰਤ

ਬਣਾਇਆ। ਧਰਮਸ਼ਾਲਾ ਤੋਂ ਵੱਖਰੀ ਕੁਝ ਸਫੈਦ ਜ਼ਮੀਨ ਹੈ। ਕੁਝ ਮਕਾਨਾਂ ਦੇ ਬੈ ਨਾਂਮੇ ਸਾਡੇ ਪਾਸ ਹਨ। ਮਕਾਨ ਵੀ ਬੈ ਹਨ, ਦਸਤਾਵੇਜ਼ ਉਹੋ ਹੀ ਹੈ, ਬਾਬੇ ਦੇ ਨਾਨੇ ਨੇ ਕੀਤਾ (ਚਾਰ ਫਰਵਰੀ ੧੯੫੪)। ਮਾਂਹ ਸਿੰਘ ਨੇ ਹਿਬਾ ਕੀਆ ਜੋ ਜ਼ਮੀਨ ਇਸੇ ਹਿਸੇ ਵਿਚ ਦਰਜ ਹੈ, ਚਾਚੇ ਤੋਂ ਮਿਲੀ, ਇਸ ਤੋਂ ਇਲਾਵਾ ਦੂਸਰੀ ਬਾਬੇ ਨਥਾ ਸਿੰਘ ਨੇ ਖਰੀਦੀ, ਮੈਂ ਕੁਝ ਨਹੀਂ ਖਰੀਦਿਆ, ਮੈਂ ਨਹੀਂ ਖਰੀਦੀ ਹਮਾਰੇ ਬਜੁਰਗੋਂ ਨੇ ਖਰੀਦੀ, ਇਹ ਪ੍ਰਾਈਵੇਟ (ਆਪਣੀ) ਜਾਇਦਾਦ ਹੈ। ਧਰਮਸਾਲਾ ਦਾ ਕੋਈ ਤਅਲੁਕ ਨਹੀਂ। ਅਸਾਂ ਮਕਾਨ ਖ਼ੁਦ ਬਣਾਇਆ। ਰੁਪਿਆ ਸਾਡਾ ਲੱਗਾ। ਇਹ ਧਰਮਸਾਲਾ ਪ੍ਰਾਈਵੇਟ ਹੈ ਵਕਫ਼ ਹੋਈ ਹੋਈ ਨਹੀਂ। ਜਦੋਂ ਤੋਂ ਇਹ ਧਰਮਸਾਲਾ ਬਣੀ ਹੈ ਸਾਡੇ ਬਜ਼ੁਰਗਾਂ ਦੇ ਕੁੰਬੇ ਵਿੱਚੋਂ ਗ੍ਰੰਥੀ ਰਹੇ, ਜਦੋਂ ਤੋਂ ਮੈਂ ਮਹੰਤ ਬਨਿਆ ਹਾਂ ਕੋਈ ਬਦਚਲਨੀ ਨਹੀਂ ਕੀਤੀ। ਇਹ ਮੁਲਜ਼ਿਮ ਕਿਸੇ ਪ੍ਰਸਿੱਧ ਜਥੇ ਵਿੱਚੋਂ ਮੈਂ ਸ਼ਨਾਖਤ ਨਹੀਂ ਕਰਦਾ ਹਾਂ, ਮੇਰਾ ਝਗੜਾ ਇਨ੍ਹਾਂ ਨਾਲ ਇਸ ਤਰ੍ਹਾਂ ਹੋਇਆ ਕਿ ਇਨ੍ਹਾਂ ਨੇ ਦੀਵਾਨ ਕਰਨ ਵਾਸਤੇ ਆਖਿਆ। ਇਹਨਾ ਮਿੰਨਤਾਂ ਕੀਤਿਆਂ ਤੇ ਮੈਂ ਇਜਾਜ਼ਤ ਦਿੱਤੀ ਇਨ੍ਹਾਂ ਪੋਲੀਟੀਕਲ ਜਲਸਾ ਕੀਤਾ। ਇਨ੍ਹਾਂ ਨੇ ਚੜ੍ਹਾਵਾ ਲੈਣਾ ਸ਼ੁਰੂ ਕਰ ਦਿੱਤਾ ਹਫ਼ਤੇ ਵਿਚ ਇਕ ਦਿਨ, ਮੈਂ ਬੰਦ ਕੀਤਾ ਕਿ ਨਾ ਆਉ, ਇਨ੍ਹਾਂ ਨੇ ਮਾਰਿਆ ਅਤੇ ਆਉਂਦੇ ਰਹੇ। ੩੧ ਅਗਸਤ ਤਖ਼ਮੀਨਨ ਇਨ੍ਹਾਂ ਦੇ ਨਾਲ ਡੇਢ ਦੋ ਸੌ ਆਦਮੀ ਸਨ। ਇਹ ਵੀ ਸਨ। ਪੁਲਿਸ ਵਿਚ ਰਿਪੋਰਟ ਕੀਤੀ। ਧਰਮਸਾਲਾ ਤੇ ਕਬਜ਼ਾ ਹੋਇਆ ਕੋਈ ਡੇਢ ਮਹੀਨਾ ਹੋਇਆ। ਇਨਾਂ ਮੈਨੂ ਧਰਮਸਾਲਾ ਦੇ ਅੰਦਰ ਜਾਣ ਤੋਂ ਮਨਾਹ ਕੀਤਾ। ਕੋਈ ਸੀਰੀ ਮਹੰਤ ਨਹੀਂ ਖ਼ੁਦ ਮਾਲਿਕ ਹਾਂ। ੨੯ ਨਵੰਬਰ ਨੂੰ ਮੀਟਿੰਗ ਹੋਈ ਬਾਹਰੋਂ ਵੀ ਆਦਮੀ ਆਏ ਹੋਏ ਸਨ। ਇਨ੍ਹਾਂ ਨੇ ਹਮਾਰੇ ਮਕਾਨ ਵਿਚ ਮੁਸ਼ਕਾਂ ਬੰਨ੍ਹ ਲਈਆਂ ਸਾਨੂੰ ਇਕ ਅੰਦਰ ਦੇ ਦਿੱਤਾ। ਕੁਝ ਅਸਬਾਬ ਬਾਹਰ ਲੈ ਜਾਣ ਲੱਗ ਪਏ। ਉਸ ਮਕਾਨ ਵਿਚ ਮੇਰੀ ਚਾਚੀ ਅਤੇ ਬੱਚੇ ਵੀ ਸਨ ਉਨ੍ਹਾਂ ਨੂੰ ਅੰਦਰ ਦੇ ਦਿੱਤਾ। ਜ਼ੇਵਰ ਉਤਾਰ ਲਏ। ਮੈਂ ਜ਼ੇਵਰ ਉਤਾਰਦਿਆਂ ਹੋਇਆਂ ਨਹੀਂ ਵੇਖਿਆ। ਜਦੋਂ ਸਵੇਰੇ ਮੈਂ ਬਾਹਰ ਨਿਕਲਿਆ ਵੇਖਿਆ ਸਵੇਰੇ ਅਠ ਵਜੇ ਸਾਨੂੰ ਛਡਿਆ। ਸਾਨੂੰ ਮਕਾਨੋਂ ਬਾਹਰ ਕੱਢ ਦਿੱਤਾ ਅਤੇ ਲੋਕਾਂ ਦੇ ਆਖਿਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਸਾਰੀ ਰਾਤ ਮੁਸ਼ਕਾਂ ਬਧੀਆਂ ਰਹੀਆਂ ਜਾਇਦਾਦ ਕੋਈ ਚਾਰ ਪਾਂਚ ਹਜ਼ਾਰ ਦੀ ਇਹ ਲੈ ਗਏ। ਬਾਕੀ ਦਾ ਮੈਨੂੰ ਕੋਈ ਪਤਾ ਨਹੀਂ। ਕੁਹਾੜੀ ਲਾਏ ਆਦਮੀ ਪਹਿਰੇ ਤੇ ਹਨ। ਮਕਾਨ ਇਨਾਂ ਦੇ ਪਾਸ ਹੈ ਮੈਨੂੰ ਦਾਖ਼ਲ ਨਹੀਂ ਹੋਣ ਦੇਂਦੇ। ਹੁਣ ਉਹ ਸਾਨੂੰ ਧਰਮਸ਼ਾਲਾ ਅਤੇ ਮਕਾਨ ਵਿਚ ਦਾਖਲ ਨਹੀਂ ਹੋਣ ਦੇਂਦੇ। ਉਨ੍ਹਾਂ ਦੇ ਨਾਲ ਸਹਿਜਧਾਰੀ ਸੇਵਕ ਸ਼ਾਮਲ ਨਹੀਂ। ਹੋਰ ਸਰਦਾਰ ਮਤਾਬ ਸਿੰਘ ਅਤੇ ਸ: ਮੇਹਰ ਸਿੰਘ ਇਨ੍ਹਾਂ ਦੇ ਨਾਲ ਨਹੀਂ। ਇਹ ਆਦਮੀ ਛੋਟੇ ਹਨ, ਵੱਡੇ ਨਹੀਂ (ਇਕ ਗੁਰਮਤੇ ਦੀ ਨਕਲ ਟਾਂਕੀ ਗਈ), ਸਿਵਲ ਮਿਲਟਰੀ ੧੪ ਦਸੰਬਰ ੧੯੨੦। ਮੈਂ ਗੁਰਬਖਸ਼ ਸਿੰਘ ਨੂੰ ਜਾਣਨਾਂ ਹਾਂ, ਇਸ ਨੇ ਨਾ-ਮਿਲਵਰਤਨ ਕਰਦੇ ਹੋਏ ਗੌਂਵਰਮੈਂਟ ਕਾਲਜ ਛਡ ਦਿੱਤਾ। ੨੯ ਨਵੰਬਰ ਦਾ ਜਿਹੜਾ ਜ਼ਿਕਰ ਹੈ ਉਸ ਵਾਸਤੇ ਮੈਂ ਦਾਵਾ ਫ਼ੌਜਦਾਰੀ ਕੀਤਾ ਕਿ ਅਸੀਂ ਲੁਟੇ ਗਏ ਹਾਂ ਅਤੇ ਤਾਰਾਂ ਦਿੱਤੀਆਂ। ਡੇਢ ਦੋ ਮਹੀਨੇ ਹੋਏ ਹੁਕਮ ਇਮਤਨਾਹੀ ਵਾਸਤੇ ਨਾਲ ਦੀਵਾਨੀ ਕੀਤੀ। ਧਰਮਸ਼ਾਲਾ ਵਾਸਤੇ ਹਰੀ ਸਿੰਘ ਦੇ ਵਕੀਲ ਨੇ ਆਖਿਆ ਕਿ ਜਿਥੋਂ ਤਾਂਈ ਉਸਨੂੰ ਯਾਦ ਹੈ ਨੋਟਿਸ ਨਹੀਂ ਅੱਪੜਿਆ।

ਇਸ ਦੇ ਉਪਰੰਤ ਗੁਰਬਖ਼ਸ਼ ਸਿੰਘ ਜੀ ਨੇ ਕੁਝ ਉੱਤਰ ਦਿਤੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗੁਰਮਤਾ ਪੇਸ਼ ਕੀਤਾ ਕਿ ਕਾਰਵਾਈ ਸੈਂਟਰਲ ਗੁਰਦੁਆਰਾ ਕਮੇਟੀ ਦੇ ਹੁਕਮ ਨਾਲ ਕੀਤੇ ਜਾਵੇਗੀ। ਅਗਲੀ ਪੇਸ਼ੀ ੧੫ ਦਸੰਬਰ ਪਈ।

ਅਕਾਲੀ ਲਾਹੌਰ, ੧੮-੧੯ ਦਸੰਬਰ ੧੯੨੦

ਸਾਡੇ ਦੁਖਾਂ ਦੇ ਕੀਰਨੇ ਤੇ ਉਨ੍ਹਾਂ ਦਾ ਦਾਰੂ

"ਦੁਖੀਆਂ ਦਰਦ ਘਣੇ"

ਅਖਾਣ ਹੈ ਕਿ ਮਾਂ ਵੀ ਰੋਣ ਬਗੈਰ ਬਚੇ ਨੂੰ ਦੁਧ ਨਹੀਂ ਦਿੰਦੀ। ਅੱਜ ਤੋਂ ਥੋੜ੍ਹੇ ਦਿਨ ਪਹਿਲਾਂ ਇਸ ਅਖਾਣ ਨੂੰ ਬੜੀ ਵਾਰੀ ਵਰਤਿਆ ਜਾਂਦਾ ਸੀ ਅਤੇ ਆਖਿਆ ਜਾਂਦਾ ਸੀ ਕਿ ਖਾਲਸਾ ਜੀ ਨੂੰ ਐਜੀਟੇਸ਼ਨ ਕਰਨੀ ਚਾਹੀਦੀ ਹੈ, ਕਿਉਂਕਿ ਇਸ ਤਰ੍ਹਾਂ ਹੀ ਸਾਡੇ ਦੁਖਾਂ ਦਾ ਪਤਾ ਹਾਕਮਾਂ ਨੂੰ ਲੱਗ ਸਕਦਾ ਹੈ। ਪਰ ਹੁਣ ਤਾਂ ਸਾਨੂੰ ਪਤਾ ਲਗਣ

ਲਗ ਪਿਆ ਹੈ ਕਿ ਉਹ ਮਾਂ, ਜਿਸ ਮਾਂ ਨੂੰ ਅਸੀਂ ਮਾਂ ਸਮਝਦੇ ਰਹੇ ਹਾਂ, ਉਹ ਤਾਂ ਮਤਰੇਈ ਮਾਂ ਦੇ ਵਤੀਰਿਆਂ ਤੇ ਆ ਗਈ ਹੈ।

ਅਸੀਂ ਕਹਿੰਦੇ ਹਾਂ ਕਿ ਸਾਡੇ ਧਾਰਮਿਕ ਕੰਮਾਂ ਵਿਚ ਧੀਂਗੋ ਜੋਰੀ ਨਾ ਕੀਤੀ ਜਾਵੇ। ਅਸੀਂ ਮਾਂ ਸਮਝਕੇ ਹੀ ਪਿਆਰ ਨਾਲ ਆਉਂਦੇ ਰਹੇ ਹਾਂ। ਅਸਾਂ ਆਖਿਆ ਕਿ ਜੇਲ੍ਹਾਂ ਵਿਚ ਖਾਲਸਾ ਜੀ ਦੀ ਧਾਰਮਿਕ ਰਹਿਤ ਦੇ ਵਿਰੁੱਧ ਹੁਕਮ ਨਹੀਂ ਹੋਣਾ ਚਾਹੀਦਾ। ਅਸਾਂ ਆਖਿਆ ਕਿ ਕ੍ਰਿਪਾਨ ਸਾਡਾ ਧਾਰਮਿਕ ਚਿੰਨ੍ਹ ਹੈ ਅਤੇ ਜਿੰਦ ਜਾਨ ਹੈ, ਇਸ ਤੋਂ ਬਿਨਾਂ ਅਸੀਂ ਨਹੀਂ ਰਹਿ ਸਕਦੇ। ਅਸਾਂ ਆਖਿਆ ਕਿ ਗੁਰਦੁਆਰਿਆਂ ਵਿਚ ਜਿਹੜੀਆਂ ਕੁਰੀਤੀਆਂ ਹਨ ਉਨ੍ਹਾਂ ਦਾ ਸੁਧਾਰ ਅਸੀਂ ਆਪ ਕਰਾਂਗੇ ਅਤੇ ਕੋਈ ਨੌਕਰਸ਼ਾਹੀ ਦਾ ਚਾਟੜਾ ਦਾਖਲ ਨਾ ਦੇਵੇ। ਅਸਾਂ ਆਖਿਆਂ ਕਿ ਸਿੱਖ ਦੇ ਇਹ ਅਰਥ ਹਨ ਅਤੇ ਸਿੱਖ ਕੇਵਲ ਪੰਜਾਂ ਕਕਾਰਾਂ ਦੀ ਰਹਿਤ ਰੱਖਣ ਵਾਲਾ ਹੀ ਹੋ ਸਕਦਾ ਹੈ, ਪਰ ਸਾਨੂੰ ਉਤਰ ਕੀ ਮਿਲਿਆ। ਜੇਲ੍ਹਾਂ ਵਿਚ ਜੋ ਕੁਝ ਕੀਤਾ ਗਿਆ ਹੈ ਉਸ ਦੀ ਖ਼ਬਰ ਪੂਰੀ ਤਰ੍ਹਾਂ ਪ੍ਰਕਾਸ਼ਤ ਨਹੀਂ ਕੀਤੀ ਗਈ। ਸਾਨੂੰ ਨਹੀਂ ਦਸਿਆ ਗਿਆ ਕਿ ਪੰਜਾਂ ਕਕਾਰਾਂ ਦੀ ਆਗਿਆ ਹੋ ਗਈ ਹੈ, ਸਾਨੂੰ ਨਹੀਂ ਦਸਿਆ ਗਿਆ ਕਿ ਖਾਲਸਾ ਜੀ ਦੇ ਕੇਸਾਂ ਨੂੰ ਸੁਥਰੇ ਰੱਖਣ ਦਾ ਕੋਈ ਪ੍ਰਬੰਧ ਹੋ ਗਿਆ ਹੈ, ਸਾਨੂੰ ਨਹੀਂ ਦੱਸਿਆ ਗਿਆ ਕਿ ਸਿੱਖਾਂ ਨੂੰ ਅਜੇ ਵੀ ਕੁਠਾ ਮਾਸ ਦੇਣ ਦੀ ਬੰਦਸ਼ ਕੀਤੀ ਗਈ ਹੈ, ਸਾਡੀਆਂ ਅੱਖਾਂ ਪੂੰਝਣ ਵਾਸਤੇ ਲਾਟ ਸਾਹਿਬ ਨੇ ਆਖਿਆ ਹੈ ਕਿ ਕ੍ਰਿਪਾਨ ਦੀ ਹਰ ਥਾਂ ਆਗਿਆ ਹੋ ਗਈ ਹੈ। ਪਰ ਇਸ ਹਫ਼ਤੇ ਵਿਚ ਦੋ ਘਟਨਾਵਾਂ ਸਾਡੇ ਸਾਹਮਣੇ ਆਈਆਂ ਹਨ। ਅਸੀਂ ਇਹ ਆਖਨੇ ਹਾਂ ਕਿ ਜਾਂ ਤਾਂ ਲਾਟ ਸਾਹਿਬ ਦੇ ਲਫ਼ਜ਼ ਝੂਠੇ ਹਨ ਜਾਂ ਧੋਖੇ ਵਾਲੇ।

ਇਕ ਫ਼ੌਜੀ ਗੋਰਾ ਪ੍ਰੋਫ਼ੈਸਰ ਮੈਡੀਕਲ ਕਾਲਜ ਦੇ ਸਿੱਖ ਵਿਦਿਆਰਥੀਆਂ ਨੂੰ ਲਾਟ ਸਾਹਿਬ ਦੇ ਵਖਿਆਨ ਤੋਂ ਝਟ ਪਿਛੋਂ ਹੀ ਇਹ ਆਖਣ ਦੀ ਦਲੇਰੀ ਕਰਦਾ ਹੈ ਕਿ ਅਗਰ ਪ੍ਰਿੰਸੀਪਲ ਕ੍ਰਿਪਾਨ ਰਖਨੇ ਦੀ ਇਜਾਜ਼ਤ ਦੇ ਦੇਵੇ ਤੇ ਫਿਰ ਮੈਂ ਦੇਖੇਗਾ ਕਿ ਆਇਆ ਮੈਂ ਐਸਾ ਕਰ ਸਕਤਾ ਹੂੰ" ਤੇ ਪ੍ਰਿੰਸੀਪਲ ਅਖਦਾ ਹੈ "ਕਿ ਅਗਰ ਹਸਪਤਾਲ ਮੇਂ ਕਿਪਰਾਨ ਲਾਨੇ ਕੇ ਮੁਤਲਕ ਮੁਝ ਸੇ ਪੂਛਾ ਗਿਆ ਤੋ ਮੈਂ ਕਹੂੰਗਾ ਕਿ ਅਗਰ ਕੋਈ ਹਾਦਿਸਾ ਹੂਆ ਤੋ ਉਸ ਕਾ ਜ਼ਿੰਮੇਵਾਰ ਲਾਟ ਖੁਦ ਹੋਵੇਗਾ।"

ਚੁਮਾਲੇ ਸਾਹਿਬ ਦੇ ਮੁਕਦਮੇ ਦੀ ਪੇਸ਼ੀ ਦੇ ਸਮੇਂ ਤੇ ਡਿਪਟੀ ਕਮਿਸ਼ਨਰ ਨੇ ਪਹਿਲਾਂ ਕਿਰਪਾਨਾਂ ਨਾਲ ਆਉਣ ਤੋਂ ਖਾਲਸਾ ਕਿਰਪਾਨਾਂ ਨਾਲ ਆਉਣ ਤੋਂ ਖਾਲਸਾ ਜੀ ਨੂੰ ਮੰਨ੍ਹਾ ਕਰ ਦਿੱਤਾ। ਮਗਰੋਂ ਇਹ ਇਜਾਜ਼ਤ ਦਿੱਤੀ ਕਿ ਕੋਟਾਂ ਦੇ ਹੇਠਾਂ ਪਹਿਨ ਕੇ ਆ ਜਾਵੇ। ਸ਼ਾਇਦ ਸਾਹਿਬ ਦੀਆਂ ਅੱਖਾਂ ਕਿਰਪਾਨਾਂ ਦੇ ਲਿਸ਼ਕਾਰੇ ਨਾਲ ਚੁੰਧਿਆ ਜਾਂਦੀਆਂ ਹਨ।

ਇਹ ਹੈ ਇਜਾਜ਼ਤ ਜਿਹੜੀ ਸਾਨੂੰ ਕ੍ਰਿਪਾਨ ਰੱਖਣ ਦੇ ਸਬੰਧ ਵਿਚ ਦਿੱਤੀ ਗਈ ਹੈ। ਸਾਨੂੰ ਤਾਂ ਲਫ਼ਜ਼ ਇਜਾਜ਼ਤ ਸੁਣ ਕੇ ਸ਼ਰਮ ਆਉਂਦੀ ਹੈ। ਹੋਵੇ ਸਾਡਾ ਧਾਰਮਿਕ ਚਿੰਨ੍ਹ ਤੇ ਸਾਨੂੰ ਆਖਿਆ ਜਾਵੇ ਕਿ ਇਸ ਦੇ ਰੱਖਣ ਦੀ ਤੁਹਾਨੂੰ ਇਜਾਜ਼ਤ ਦਿੱਤੀ ਜਾਂਦੀ ਹੈ।

ਅਸੀਂ ਦਸਦੇ ਹਾਂ ਕਿ ਸਿੱਖ ਦੇ ਇਹ ਅਰਥ ਹਨ ਤੇ ਸਾਨੂੰ ਇਕ ਈਸਾਈ ਨੌਕਰਸ਼ਾਹੀ ਦਸਦੀ ਹੈ ਕਿ ਨਹੀਂ ਸਿੱਖ ਦੇ ਇਹ ਅਰਥ ਹਨ। ਪਤਾ ਨਹੀਂ ਲਗਦਾ ਕਿ ਅਸੀਂ ਆਪਣੇ ਆਪ ਤੇ ਇਸ ਗੱਲੋਂ ਰੋਈਏ, ਕਿ ਅਸੀਂ ਹੁਣ ਇਸ ਦੇ ਵੀ ਲਾਇਕ ਨਹੀਂ ਰਹੇ ਕਿ ਅਸੀਂ ਕੀ ਹਾਂ ਤੇ ਸਾਨੂੰ ਬਾਹਰਲੇ ਆ ਕੇ ਦਸਣ, ਤੁਸੀਂ ਕੌਣ ਹੋ। ਨੌਕਰਸ਼ਾਹੀ ਦੇ ਅਫ਼ਸਰ ਕੁਝ ਹੋਸ਼ ਕਰਨ।

ਅਸੀਂ ਇਥੇ ਇਹ ਭੀ ਆਖ ਦੇਂਦੇ ਹਾਂ ਕਿ ਮਰਦਮ ਸ਼ੁਮਾਰੀ ਦੇ ਮੌਕੇ ਤੇ ਧੱਕੇ ਨਾਲ ਇਹ ਸਵਾਲ ਪੁਛ ਕੇ ਕਿ ਤੁਸੀਂ ਕੌਣ ਸਿੱਖ ਹੁੰਦੇ ਹੋ, ਜਿਹੜੀ ਸਾਡੇ ਧਰਮ ਵਿਰੁੱਧ ਹੈ, ਸਾਡੇ ਵਿਚ ਪਾਟੋ ਧਾੜ ਨਾ ਪਵਾਈ ਜਾਵੇ।

ਸਾਡੇ ਗੁਰਦੁਆਰਿਆਂ ਵਿਚ ਅਜੇ ਵੀ ਨੌਕਰਸ਼ਾਹੀ ਦੇ ਚਾਟਣੇ ਦਿਖਾਈ ਦਖ਼ਲ ਦਿਤੀ ਜਾ ਰਹੇ ਹਨ। ਪੰਜਾ ਸਾਹਿਬ ਜੀ, ਅੰਮ੍ਰਿਤਸਰ ਜੀ, ਲਾਹੌਰ। ਵਡੇ ਜੰਬਰ ਆਦਿਕ ਕਈ ਸਿੰਘਾਂ ਤੇ ਅਦਾਲਤਾਂ ਵਿਚ ਮੁਕਦਮੇ ਚਲੇ ਹੋਏ ਹਨ ਕਿ ਉਹ ਆ ਕੇ ਦਸਣ ਕਿ ਉਨ੍ਹਾਂ ਨੇ ਗੁਰਦੁਆਰਿਆਂ ਦੇ ਸੁਧਾਰ ਦੇ ਯਤਨ ਦਾ ਬੀੜਾ ਕਿਉਂ ਆਰੰਭਿਆ? ਕੀ ਖਾਲਸਾ ਜੀ ਤੁਸੀਂ ਇਸ ਮਤ੍ਰੇਈ ਮਾਂ ਦੇ ਚਾਟੜਿਆਂ ਦਾ ਹੁਕਮ ਮੰਨੋਗੇ ਕਿ ਆਪਣੇ ਸਤਿਗੁਰਾਂ ਦਾ? ਹਾਕਮਾਂ ਨੂੰ ਇਸ ਤਰ੍ਹਾਂ ਦੇ ਹੁਕਮ ਕੱਢਣ ਦਾ ਕੋਈ ਅਧਿਕਾਰ ਨਹੀਂ।

ਉਨ੍ਹਾਂ ਸਿੰਘਾਂ ਦੇ ਸਬੰਧ ਵਿਚ ਜਿਨ੍ਹਾਂ ਨੂੰ ਖੁਲ੍ਹੇ ਦਾਹੜੇ ਰੱਖਣ ਵਾਸਤੇ ਕਸ਼ਟ ਦਿੱਤੇ ਜਾ ਰਹੇ ਹਨ, ਅਸਾਂ ਪੁਕਾਰ ਕੀਤੀ ਪਰ ਅਜੇ ਤਕ ਅਫ਼ਸਰਾਂ ਦੇ ਸਿਰ ਜੂੰ ਨਹੀਂ ਸਰਕੀ। ਇਹੋ ਜਿਹੇ ਸਮੇਂ ਚਾਹੀਦਾ ਤਾਂ ਹੈ ਕਿ ਤਾਰ ਦੁਆਰਾ ਪਤਾ ਕਰ ਕੇ ਠੀਕ ਹਾਲ ਦਸੇ ਜਾਣ ਤੇ ਉਨ੍ਹਾਂ ਦੇ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਪਰ ਉਨ੍ਹਾਂ ਨੂੰ ਕੀ ? ਭਾਵੇਂ ਚਾਰ ਛੱਡ ਕਿਨੇ ਗੁਰਮੁਖ ਕਰਣੀ ਵਾਲੇ ਸਿੰਘ ਕੁੜ੍ਹ ਕੁੜ੍ਹ ਕੇ ਮਰ ਜਾਣ, ਸਾਡੇ ਭਾਗ! ਅਫ਼ਸਰਾਂ ਦੇ ਹੱਥ ਇਹ ਹੀ ਦਾਰੂ ਸੀ ਕਿ ਸਾਡੇ ਦੁਖ ਦੂਰ ਕੀਤੇ ਜਾਂਦੇ ਤੇ ਜਿਹੜੇ ਕਸ਼ਟ ਸਾਨੂੰ ਦਿਤੇ ਗਏ ਹਨ ਉਨ੍ਹਾਂ ਦੀ ਖਿਮਾਂ ਮੰਗੀ ਜਾਂਦੀ। ਪਰ ਸਾਡੇ ਨਾਲ ਮਤੇਈ ਮਾਂ ਵਾਲਾ ਸਲੂਕ ਕੀਤਾ ਗਿਆ।

ਦੁਖਾਂ ਦਾ ਕੋਈ ਪੱਕਾ ਦਾਰੂ ਅਜੇ ਤਾਂਈਂ ਨਹੀਂ ਹੋਇਆ ਪਰ ਉਨ੍ਹਾਂ ਵੀਰਾਂ ਦਾ ਜਿਹੜੇ ਇਸ ਮਾਂ ਅਗੇ ਸੱਚ ਦੀ ਆਵਾਜ਼ ਕੱਢਣਾ ਚਾਹੁੰਦੇ ਸਨ, ਸੰਘ ਘੁਟਨ ਦਾ ਯਤਨ ਕੀਤਾ ਜਾ ਰਿਹਾ ਹੈ। ਭਾਈ ਮੰਗਲ ਸਿੰਘ ਜੀ ਨੂੰ ਕੈਦ ਵਿਚ ਸੁਟਿਆ ਗਿਆ ਹੈ। ਮਸਟਰ ਸੁੰਦਰ ਸਿੰਘ ਜਿਹੇ ਨਿਰਮਾਨ ਸੇਵਕ ਦੇ ਵਾਰੰਟ ਕੱਢਵਾਏ ਗਏ ਹਨ। ਮਾਸਟਰ ਮੋਤਾ ਸਿੰਘ ਜੀ ਜਿਹੇ ਨਿਡਰ ਵੀਰ ਨਾਲ ਵੀ ਇਹੋ ਜਿਹਾ ਸਲੂਕ ਹੋਣ ਲਗਾ ਹੈ। ਅਕਾਲੀ, ਪੰਥ ਸੇਵਕ ਅਤੇ ਸਤਿਯੁਗ ਦੀ ਜ਼ਮਾਨਤ ਜ਼ਬਤ ਕੀਤੀ ਗਈ ਹੈ। ਭਾਈ ਇੰਦਰ ਸਿੰਘ ਜੀ ਦੀ ਜ਼ਬਾਨ ਬੰਦ ਕੀਤੀ ਗਈ ਹੈ। ਭਾਈ ਰਘਬੀਰ ਸਿੰਘ ਜੀ ਪਕੜੇ ਗਏ ਹਨ ਅਤੇ ਪਤਾ ਨਹੀਂ ਹੋਰ ਕਿਨੇ ਕੁ ਇਨ੍ਹਾਂ ਨਾਲ ਰਲਾਏ ਜਾਣਗੇ।

ਇਸੇ ਤਰ੍ਹਾਂ ਮੁਸਲਮਾਨ ਵੀਰ ਮੌਲਵੀ ਜ਼ਫ਼ਰ ਅਲੀ, ਮੌਲਵੀ ਲਕਾਉਲਾ, ਸੂਫੀ ਇਕਬਾਲ, ਆਦਿ ਪਿੰਜਰੇ ਵਿਚ ਸੁਟੇ ਗਏ ਹਨ ਤੇ ਕਈਆਂ ਦੀ ਜ਼ਬਾਨਬੰਦੀ ਕੀਤੀ ਗਈ ਹੈ। ਇਨ੍ਹਾਂ ਦਾ ਦੋਸ਼ ਕੀ ਹੈ ? ਇਹ ਆਖਦੇ ਹਨ ਸਾਡਾ ਮੱਕਾ ਮਦੀਨਾ ਸਾਡੇ ਹਵਾਲੇ ਕੀਤਾ ਜਾਵੇ।

ਸੋ ਹੁਣ ਆਪਣੇ ਦੁਖਾਂ ਦਾ ਦਾਰੂ ਕੇਵਲ ਇਕ ਹੀ ਰਹਿ ਗਿਆ ਹੈ ਕਿ ਇਹੋ ਜਿਹੀ ਮਤੇਈ ਮਾਂ ਦੇ ਹੇਠਾਂ ਨਾ ਰਹੀਏ ਤੇ ਆਪਣਾ ਅਜ਼ਾਦ ਘਰ ਬਣਾਈਏ ਅਤੇ ਅਜਿਹੀ ਮਤੇਈ ਮਾਂ ਨਾਲ ਮਿਲਵਰਤਨਾ ਛਡ ਦੇਈਏ।

ਪਰ ਵੀਰੋ! ਜਿਹੜੇ ਮਤੇਈਆਂ ਹੇਠ ਪਲੇ ਹਨ ਉਹ ਜਾਣਦੇ ਹਨ ਕਿ ਆਪਣਾ ਘਰ ਵੀ ਬਨਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੋ ਸਕਦਾ। ਜੇ ਸਵਤੰਤਰਤਾ ਦੀ ਦੇਵੀ ਨੂੰ ਮਿਲਨਾ ਚਾਹੁੰਦੇ ਹੋ, ਜੇ ਚਾਹੁੰਦੇ ਹੋ ਕਿ ਤੁਹਾਡੇ ਧਾਰਮਿਕ ਦੁਖ ਦੂਰ ਹੋ ਜਾਣ ਤਾਂ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰੋ ਕਿ ਤੁਹਾਨੂੰ ਉਤੋਂ ਕੋਈ ਹੁਕਮ ਨਾ ਦੇ ਸਕੇ, ਪਰ ਇਸ ਵਾਸਤੇ ਕੁਰਬਾਨੀ ਦੀ ਲੋੜ ਹੈ। ਜਿਨਾਂ ਚਿਰ ਅੰਧੇਰੀਰਾਤ ਵਿਚ ਦੀਵਾ ਜਗਦਾ ਹੈ, ਉਨ੍ਹਾਂ ਵਿਚ ਪਰਵਾਨੇ ਆ ਕੇ ਸੜ ਮਰਨਗੇ। ਪਰ ਸੂਰਜ ਦੇਵਤਾ ਜ਼ਰੂਰ ਨਿਕਲੇਗਾ ਜਦੋਂ ਪਰਵਾਨਿਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਜਾਣਗੇ।

ਪਰ ਯਾਦ ਰਖੋ ਵੀਰੋ ਅਸੀਂ ਧਾਰਮਿਕ ਜੰਗ ਵਿਚ ਹਾਂ, ਨਾ ਮਿਲਵਰਤਨ ਧਾਰਮਿਕ ਅਸੂਲਾਂ ਦੀ ਨੀਂਹ ਉਤੇ ਹੈ। ਇਸ ਲਈ ਆਪਣੇ ਮਨ ਨੂੰ ਮਾਰੋ ਅਤੇ ਕਦੇ ਵੀ ਕ੍ਰੋਧ ਵਿਚ ਨਾ ਆਵੋ ਤੇ ਡਾਂਗ ਨਾ ਚੁਕੋ, ਤੁਹਾਡੀ ਜ਼ਰੂਰ ਜਿੱਤ ਰਹੇਗੀ ਅਤੇ ਕਲਾ ਵਾਹਿਗੁਰੂ ਦੀ ਵਰਤੇਗੀ।

ਇਹ ਨਿਆਣਾ ਪਰ ਨਿਡਰ ਸੇਵਕ 'ਅਕਾਲੀ' ਇਕ ਦੋ ਦਿਨ ਵਿਚ ਹੀ ਆਪ ਪਾਸ ਪਹੁੰਚਣਾ ਸ਼ੁਰੂ ਹੋ ਜਾਵੇਗਾ ਅਤੇ ਨੌਕਰਸ਼ਾਹੀ ਜੇਲਾਂ, ਵੈਰੀਆਂ ਦੀਆਂ ਗਾਲ ਆਦਿ ਤੋਂ ਨਾ ਡਰਦਾ ਹੋਇਆ ਸੱਚ ਆਖਦਾ ਹੀ ਜਾਏਗਾ।

ਅਕਾਲੀ ਲਾਹੌਰ, ੧੮-੧੯ ਦਸੰਬਰ ੧੯੨੦

ਲ.ਫਟੰਟ ਗਵਰਨਰ ਪੰਜਾਬ ਦੇ ਨਾਮ ਖੁਲ੍ਹੀ ਚਿੱਠੀ

ਮੇਰੇ ਵਾਰੰਟ ਗ੍ਰਿ.ਫਤਾਰੀ

(ਮਾਸਟਰ ਮੋਤਾ ਸਿੰਘ ਅਕਾਲੀ ਵੱਲੋਂ)

ਇਹ ਪਤਾ ਲਗਣ ਤੇ ਮੈਨੂੰ ਹਦ ਤੋਂ ਬਹੁਤੀ ਹੈਰਾਨੀ ਹੋਈ ਹੈ ਕਿ ਸਰ ਮੈਕਲੇਗਨ ਦੀ ਗੌਰਵਮੈਂਟ ਭੀ ਅੰਧਾ ਧੁੰਦ ਸਖ਼ਤੀ ਵਾਲੀ ਪਾਲਸੀ ਦਾ ਕਰੜਾ ਹਥਿਆਰ ਵਰਤਣਾ ਚਾਹੁੰਦੀ ਹੈ। ਮੁਲਕ ਦੇ ਫ਼ਖ਼ਰ ਮੌਲਾਨਾ ਜ਼ਫ਼ਰ ਅਲੀਖਾ ਸਾਹਿਬ ਸਰਦਾਰ ਸ਼ਿਘਾਰਾ ਸਿੰਘ ਅਤੇ ਸਰਦਾਰ ਮੰਗਲ ਸਿੰਘ ਨੂੰ ਪਿੰਜਰੇ ਵਿਚ ਪਾ ਕੇ ਅਤੇ ਜਨਾਬ ਆਗਾ ਸਫ਼ਦਰ ਸਾਹਿਬ ਹੋਰ ਗਿਆਨੀ ਇੰਦਰ ਸਿੰਘ ਸਾਹਿਬ ਜਲੰਧਰ ਵਾਲੇ ਨੂੰ ਪਬਲਿਕ ਜਲਸਿਆਂ ਵਿਚ ਜਾਵਣ ਯਾ ਤਕਰੀਰ

ਕਰਨੋਂ ਰੋਕ ਕੇ ਕੀ ਗੌਵਰਮੈਂਟ ਹੁਣ ਇਹ ਸਮਝੀ ਬੈਠੀ ਹੈ ਕਿ ਮੁਲਕ ਦਿਆਂ ਲੋਗਾਂ ਦੇ ਜਿਸਮਾਂ ਉਤੇ ਹੁਣ ਸਾਡੀ ਫਤੇਹ ਹੋ ਗਈ ਹੈ, ਬਿਲਕੁਲ ਨਹੀਂ! ਹੁਣ ਹਿੰਦੁਸਤਾਨੀ ਉਹ ਨਹੀਂ ਰਹੇ ਜਿਹੜੇ ਕਿ ਇਸ ਤੋਂ ਅੱਧੀ ਸਦੀ ਪਹਿਲੇ ਸਨ। ਕੁਝ ਦਿਨਾਂ ਤੋਂ ਸਰਕਾਰੀ ਬੰਦੇ ਮੇਰੇ ਪਿਛੇ ਭੀ ਮਾਰੇ ਮਾਰੇ ਫਿਰਦੇ ਹਨ। ਜਿਸ ਜਲਸੇ ਵਿਚ ਮੁਲਕੀ ਸੇਵਾ ਵਿਚ ਹਿੱਸਾ ਲੈਣ ਵਾਸਤੇ ਮੈਂ ਜਾਂਦਾ ਹਾਂ ਉਥੇ ਸਰਕਾਰ ਦੀ ਕਾਲੀ ਬਰਦੀ ਦੀ ਫ਼ੌਜ ਦੀ ਆਮਦ ਮੈਨੂੰ ਖੁਸ਼ੀ ਦੇਵਨ ਵਾਲੀ ਹੁੰਦੀ ਹੈ। ਪਰ ਇਸ ਵਾਸਤੇ ਖ਼ਤਰਾ ਭੀ ਲਗਦਾ ਹੈ ਕਿ ਭਾਵੇਂ ਕਈ ਵੇਰੀ ਆਮ ਲੋਕਾਂ ਨੂੰ ਦਸਿਆ ਜਾ ਚੁਕਾ ਹੈ ਕਿ ਨਾ-ਮਿਲਵਰਤਨ ਦੀ ਤਹਰੀਕ ਨੂੰ ਫ਼ਤਹਿ ਦੇਵਣ ਵਾਸਤੇ ਸਭ ਤੋਂ ਵੱਡੀ ਜ਼ਰੂਰੀ ਗੱਲ ਧਕੇ ਦੇ ਹਥਿਆਰ ਤੋਂ ਬਚਨਾ ਹੈ ਪਰ ਫਿਰ ਭੀ ਡਰ ਰਹਿੰਦਾ ਹੈ ਕਿ ਹਜ਼ਾਰਾਂ ਦੇ ਜਲਸੇ ਵਿੱਚੋਂ ਕੋਈ ਦੀਵਾਨਾ ਪੁਲਿਸ ਨੂੰ ਦੇਖਕੇ ਭੜਕ ਨਾ ਉਠੇ। ਕਰਤਾਰ ਨਾ ਕਰੇ ਪਰ ਜੇ ਕਦੀ ਇਸ ਤਰ੍ਹਾਂ ਨਾਲ ਕਿਸੇ ਜਾਨ ਯਾ ਮਾਲ ਦਾ ਨੁਕਸਾਨ ਹੋ ਗਿਆ ਤਾਂ ਗੌਵਰਮੈਂਟ ਦਾ ਤਾਂ ਜੋ ਨੁਕਸਾਨ ਹੋਊ ਸੋ ਹੋਊ ਪਰ ਸਾਡੀ ਤੈਹਰੀਕ, ਨਾ-ਮਿਲਵਰਤਨ, ਨੂੰ ਜ਼ਰੂਰ ਹੀ ਨੁਕਸਾਨ ਪਹੁੰਚਨ ਦਾ ਖਤਰਾ ਹੈ।

ਮੈਨੂੰ ਤੰਗ ਕਰਨ ਬਦਲੇ ਗੋਲੀ ਨਾਲ ਉੜਾ ਦਿੱਤਾ ਜਾਵੇ

ਜੇ ਕਰ ਗੌਵਰਮੈਂਟ ਇਸੇ ਗੱਲ ਉਤੇ ਡਟ ਗਈ ਤਾਂ ਇਕ ਸ਼ਰਤ ਉਤੇ ਮੈਂ ਆਪਣੇ ਆਪ ਜੇਹਲ ਵਿਚ ਆ ਜਾਵਣ ਪਰ ਤਿਆਰ ਹਾਂ। ਉਹ ਇਹ ਹੈ ਕਿ ਮੇਰੀ ਕਿਰਪਾਨ ਨਾ ਉਤਾਰੀ ਜਾਵੇ। ਕਿਉਂਕਿ ਵਡੀ ਕਿਰਪਾਨ ਨੂੰ ਮੈਂ ਸਵਾਸ ਸਵਾਸ ਸੁਤੇ ਜਾਗਦੇ ਆਪਣੇ ਪਾਸ ਰੱਖਦਾ ਹਾਂ। ਜੇਹਲ ਵਾਲੇ ਜਾਣਦੇ ਹਨ ਕਿ ਮਾਰਸ਼ਲ ਲਾ ਦੇ ਜ਼ੁਲਮ ਵਾਲੇ ਦਿਨਾਂ ਵਿਚ ਜਦੋਂ ਰਾਤ ਨੂੰ ਖਾਬ ਦੀ ਹਾਲਤ ਵਿਚ ਮੇਰੀ ਕਿਰਪਾਨ ਪਹਿਲੇ ਹੱਥ ਬੰਨ੍ਹਕੇ ਖੋਹ ਲੀਤੀ ਗਈ ਸੀ ਤਾਂ ਮੈਂ ਆਪਣੇ ਧਾਰਮਕ ਅਸੂਲਾਂ ਤੇ ਵਿਸ਼ਵਾਸ ਰੱਖਦੇ ਹੋਏ ਉਸ ਵਕਤ ਤਾਕਨ ਅੰਨ ਨਹੀਂ ਖਾਹਦਾ ਸੀ ਜਦ ਤਾਕਣ ਕਿ ਮੇਰੀ ਕਿਰਪਾਨ ਵਾਪਸ ਨਹੀਂ ਦਿੱਤੀ ਗਈ ਸੀ। ਲਾਹੌਰ ਜੇਹਲ ਵਿਚ ਮੈਨੂੰ ਭੁਖਾ ਦੇਖ ਕੇ ਇਕ ਵੇਰੀ ਸਖ਼ਤ ਭੁਖ ਦਿਆਂ ਦਿਨਾਂ ਵਿਚ ਮੇਰੇ ਇਕ ਦੋ ਕੈਦੀ ਸਾਥੀਆਂ ਨੇ ਮੈਨੂੰ ਇਕ ਕੜਾ ਦਿੱਤਾ ਅਰ ਕਿਰਪਾਨ ਭੀ ਕਿਧਰੋਂ ਦੇ ਦਿੱਤੀ ਫਿਰ ਮੈਂ ਅੰਨ ਖਾ ਲੀਤਾ। ਪਰੰਤੂ ਉਸੀ ਦਿਨ ਦਰੋਗਾ ਜੇਹਲ ਨੇ ਮੇਰੇ ਹੱਥ ਵਿਚ ਕੜਾ ਦੇਖ ਕੇ ਕੜਾ ਉਤਰਵਾ ਲੀਤਾ। ਕਿਰਪਾਨ ਜਿਹੜੀ ਕਿ ਕਪੜਿਆਂ ਦੇ ਥੱਲੇ ਸੀ ਬਚੀ ਰਹੀ। ਜਦੋਂ ਸਾਨੂੰ ਆਪਣੇ ਘਰ ਦਿਆਂ ਕਪੜਿਆਂ ਵਿਚ ਰਹਿਣ ਦੀ ਇਜਾਜ਼ਤ ਮਿਲ ਗਈ ਸੀ ਤਦ ਇਹ ਦਿਕਤ ਤਾਂ ਜਾਂਦੀ ਰਹੀ ਸੀ ਪਰ ਹੁਣ ਇਹ ਪਤਾ ਕਰ ਕੇ ਕਿ ਭਾਵੇਂ ਸਿੱਖਾਂ ਨੂੰ ਆਪਣੇ ਧਾਰਮਿਕ ਨਿਸ਼ਾਨ ਹਵਾਲਾਤ ਯਾਂ ਜੇਹਲ ਵਿਚ ਰੱਖਣ ਦੀ ਇਜਾਜ਼ਤ ਮਿਲ ਚੁਕੀ ਹੈ, ਪਰ ਤਾਂ ਭੀ ਮੇਰੇ ਕਈ ਸਿੰਘ ਭਰਾਵਾਂ ਦੀ ਕਿਰਪਾਨ ਉਤਾਰ ਲੀਤੀ ਗਈ ਹੈ। ਮੈਂ ਆਪਣੇ ਦਿਲ ਵਿਚ ਪਰਨ ਕਰ ਲੀਤਾ ਹੈ ਕਿ ਗ੍ਰਿਫ਼ਤਾਰੀ ਦੇ ਵਕਤ ਯਾਂ ਬਾਅਦ ਵਿਚ ਮੈਂ ਕਦੀ ਭੀ ਆਪਣੀ ਕਿਰਪਾਨ ਨਾਂ ਉਤਾਰਨੇ ਦੇਵਾਂਗਾ। ਅਗਰ ਮੇਰੀ ਕਿਰਪਾਨ ਉਤਾਰੀ ਗਈ ਤਾਂ ਆਪਣੇ ਧਾਰਮਿਕ ਅਸੂਲ ਉਤੇ (ਧਰ ਪਈਏ ਧਰਮ ਨਾ ਛੋੜੀਏ) ਆਪਣੀ ਜਾਨ ਨਾਲ ਖੇਲ ਜਾਣਾ ਮੇਰੇ ਵਾਸਤੇ ਮਾਮੂਲੀ ਗੱਲ ਹੋਵੇਗੀ। ਪਰ ਆਪਣੀ ਕਿਰਪਾਨ ਬਿਲਕੁਲ ਨਹੀਂ ਦੇਵਾਂਗਾ। ਅਗਰ ਪੁਲਿਸ ਯਾ ਫ਼ੌਜ ਨੇ ਮੇਰੇ ਸਾਥੀਆਂ ਨੂੰ ਦਬਾ ਕੇ ਯਾਂ ਮੈਨੂੰ ਮਜਬੂਰ ਕਰ ਕੇ ਮੇਰੀ ਕਿਰਪਾਨ ਖੋਹ ਲੀਤੀ ਤਾਂ ਸ਼ਹੀਦ 'ਮੈਕ ਸਵੇਨੀ' ਦੇ ਵਾਕਨ ਪੁਰਜ਼ਾ ਪੁਰਜ਼ਾ ਕਟ ਕੇ ਜਾਣ ਦੇ ਦੇਣੀ ਮੇਰੇ ਵਾਸਤੇ ਫ਼ਖਰ ਦਾ ਕਾਰਨ ਹੋਵੇਗਾ ਬਜਾਏ। ਇਸ ਗੱਲ ਦੇ ਕਿ ਗੁਰੂ ਗੋਬਿੰਦ ਸਿੰਘ ਦੇ ਹੁਕਮ ਦੀ ਨਾ ਫੁਰਮਾਨੀ ਕਰਕੇ ਆਪਣੀ ਪ੍ਰਤਿਗਿਆ ਅਤੇ ਧਰਮ ਨੂੰ ਛੱਡ ਦੇਵਾਂ। ਇਸ ਹਾਲਤ ਵਿਚ ਗੌਵਰਮੈਂਟ ਦਾ ਮੇਰੇ ਉਤੇ ਹਸਾਨ ਹੋਵੇਗਾ ਜੇ ਕਰ ਇਸ ਤਰ੍ਹਾਂ ਤੰਗ ਕਰਕੇ ਮਾਰਨੇ ਨਾਲੋਂ ਬਗ਼ੈਰ ਕਿਸੇ ਅਦਾਲਤ ਵਿਚ ਪੇਸ਼ ਕਰਨ ਦੇ (ਕਿਉਂਕਿ ਅੰਗੇਰਜ਼ੀ ਅਦਾਲਤਾਂ ਵਿਚ ਮੇਰਾ ਵਿਸ਼ਵਾਸ ਬਿਲਕੁਲ ਟੁਟ ਗਿਆ ਹੈ) ਸਿਵਲਨ ਦੇ ਆਇਰਸ਼ ਸਿਪਾਹੀ ਦੀ ਤਰ੍ਹਾਂ ਮੈਨੂੰ ਗੋਲੀ ਨਾਲ ਉੜਾ ਦਿੱਤਾ ਜਾਵੇ। ਅਖ਼ੀਰ ਵਿਚ ਮੈਂ ਫਿਰ ਆਪਣੇ ਮੁਲਕੀ ਭਰਾਵਾਂ ਨੂੰ ਯਕੀਨ ਦਲਾਂਦਾ ਹਾਂ ਜਿਸ ਤਰ੍ਹਾਂ ਕਿ ਮੈਂ ਆਪਣੇ ਲੈਕਚਰਾਂ ਵਿਚ ਭੀ ਕਈ ਵੇਰ ਆਖਿਆ ਕਰਦਾ ਹਾਂ ਕਿ ਜਦ ਤੀਕਨ 'ਸਵਰਾਜ ਦੇਵੀ' ਨੂੰ ਹਮ ਆਪਣੇ ਖ਼ੂਨ ਦੀ ਭੇਂਟ ਚੜ੍ਹਾ ਕਰ ਖ਼ੁਸ਼ ਨਹੀਂ ਕਰਾਂਗੇ ਉਹ ਹਿੰਦ ਦੀ ਧਰਤੀ ਵਿਚ ਆਪਣਾ ਮੰਦਰ ਨਹੀਂ ਬੰਨਾਵੇਗੀ। ਦੇਖਣਾ ਹੈ ਕਿ ਹੁਣ ਇਮਤਿਹਾਨ ਵਿਚ ਕਿਤਨੇ ਪਾਸ ਹੁੰਦੇ ਹਨ।

ਅਕਾਲੀ ਲਾਹੌਰ, ੨੭ ਦਸੰਬਰ ੧੯੨੦

ਪੰਜੇ ਸਾਹਿਬ ਵਿਚ ਭਾਰੀ ਦੀਵਾਨ

ਖਾਲਸਾ ਜੀ ਵਹੀਰਾਂ ਘੱਤ ਕੇ ਆਓ !

੧ ਅਤੇ ੨ ਜਨਵਰੀ ਨੂੰ ਪੰਜੇ ਸਾਹਿਬ ਵਿਚ ਦੀਵਾਨ ਹੋਣ ਦੀ ਖ਼ਬਰ ਕਲ੍ਹ ਦਿੱਤੀ ਗਈ ਹੈ। ਇਹ ਪ੍ਰਗਟ ਕਰਨ ਦੀ ਲੋੜ ਪ੍ਰਤੀਤ ਨਹੀਂ ਹੁੰਦੀ ਕਿ ਇਸ ਦੀਵਾਨ ਉਤੇ ਖਾਲਸਾ ਜੀ ਦਾ ਹੁਮ ਹੁਮਾਕੇ ਪਹੁੰਚਨਾ ਕਿਤਨਾ ਜ਼ਰੂਰੀ ਹੈ!

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ੩ ਜਨਵਰੀ ਨੂੰ ਕੈਂਮਲਪੁਰ ਇਸ ਗੁਰਦੁਆਰੇ ਸਬੰਧੀ ਮੁਕਦਮੇ ਦੀ ਪੇਸ਼ੀ ਹੈ। ਸੰਗਤਾਂ ਨੇ ਇਕੱਠੇ ਹੋ ਕੇ ਪ੍ਰਗਟ ਕਰਨਾ ਹੈ ਕਿ ਅਸੀਂ ਆਪਣੇ ਧਾਰਮਿਕ ਮਾਮਲਿਆਂ ਵਿਚ ਕਿਸੇ ਦਾ ਦਖ਼ਲ ਪਸੰਦ ਨਹੀਂ ਕਰਦੇ।

ਜੇ ਸਰਕਾਰੀ ਅਫ਼ਸਰ ਕਿਸੇ ਦੇ ਚੁਕੇ ਹੋਏ ਲਤ ਅੜਾਉਣਗੇ ਤਾਂ ਇਸ ਦਾ ਨਤੀਜਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਨਿਕਲੇਗਾ।

ਜਿਸ ਤਰ੍ਹਾਂ ਬਾਬੇ ਦੀ ਬੇਰ ਸਾਹਿਬ ਤੇ ਅੰਮ੍ਰਿਤਸਰ ਸਾਹਿਬ ਵਿਚ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਸਿੱਖਾਂ ਨੂੰ ਧਰਮ ਤੋਂ ਵੱਧ ਕੇ ਕੋਈ ਚੀਜ਼ ਪਿਆਰੀ ਨਹੀਂ। ਇਸੇ ਤਰ੍ਹਾਂ ਹੁਣ ਪੋਠੋਹਾਰ ਵਿਚ ਵੀ ਇਹ ਸਾਬਤ ਕਰ ਦਿਓ ਕਿ ਗੁਰਸਿੱਖ ਧਰਮ ਲਈ ਤਨ ਮਨ ਧਨ ਕੁਰਬਾਨ ਕਰਕੇ ਪ੍ਰਸੰਨ ਹੁੰਦੇ ਹਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਰਾਮ ਸਿੰਘ ਜੀ ਸਾਹਨੀ ਲਿਖਦੇ ਹਨ ਕਿ ਦੀਵਾਨ ਲਈ ਪੂਰਾ ਪੂਰਾ ਪ੍ਰਬੰਧ ਹੋ ਰਿਹਾ ਹੈ ਤੇ ਹਜ਼ਾਰਾਂ ਸੰਗਤਾਂ ਦੇ ਦਰਸ਼ਨਾਂ ਦੀ ਆਸ ਰੱਖੀ ਗਈ ਹੈ।

ਅਕਾਲੀ ਲਾਹੌਰ, ੩੦ ਦਸੰਬਰ ੧੯੨੦

ਪੰਥਕ ਡਾਕ ! ਗੋਜਰੇ ਦੇ ਸਿੱਖਾਂ ਦੇ ਦੁਖੜੇ

ਭਾਈ ਗੁਲਾਬ ਸਿੰਘ ਲਿਖਦੇ ਹਨ :-

ਗੁਰੂ ਨਾਨਕ ਸਾਹਿਬ ਜੀ ਦਾ ਜਨਮ ਦਿਹਾੜਾ ਸਿੰਘਾਂ ਨੇ ਮਨਾਨ ਦੀ ਖ਼ਾਤਰ ਇਸ਼ਤਿਹਾਰ ਛਪਵਾ ਕੇ ਇਲਾਕੇ ਵਿਚ, ਜੋ ਅਮੂਮਨ ਸਿੱਖਾਂ ਦੀ ਅਬਾਦੀ ਹੈ, ਵਰਤਾਏ। ਗੁਰਪੁਰਬ ਮਨਾਉਣ ਦਾ ਉਪਰਾਲਾ ਕੀਤਾ, ਹਿੰਦੂਆਂ ਨੂੰ ਇਸ ਦਾ ਸਖ਼ਤ ਦੁੱਖ ਭਾਸਿਆ, ਤੇ ਥਾਣੇ ਗਏ, ਰੀਪੋਟਾਂ ਕੀਤੀਆਂ ਕਿ ਇਨ੍ਹਾਂ ਨੂੰ ਨਗਰ ਕੀਰਤਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਜਿਸ ਪਰ ਸਕੱਤਰ ਸਿੰਘ ਸਭਾ ਨੂੰ ਥਾਨੇ ਦੀ ਤਰਫ਼ੋਂ ਹੁਕਮ ਆਇਆ ਕਿ ਆਪ ਨਗਰ ਕੀਰਤਨ ਨਾ ਕਰੋ, ਕਿਉਂਕਿ ਫ਼ਸਾਦ ਦਾ ਅੰਦੇਸ਼ਾ ਹੈ। ਮਗਰ ਸਿੰਘਾਂ ਦੇ ਯਕੀਨ ਦਲਵਾਨ ਤੇ ਥਾਨੇ ਨੇ ਬੜੀ ਮੁਸ਼ਕਲ ਨਾਲ ਐਨ ਵਕਤ ਸਿਰ ਇਜਾਜ਼ਤ ਦਿੱਤੀ। ਹਿੰਦੂਆਂ ਨੂੰ ਕ੍ਰੋਧ ਆ ਗਿਆ ਤੇ ਲੱਗੇ ਰੀਪੋਟਾਂ ਕਰਨ। ਪੁਲਿਸ ਇਨਸਪੈਕਟਰ ਆਇਆ, ਹਾਏ! ਕੀ ਕੀ ਕੀਤੀਆਂ, ਸਿੱਖਾਂ ਦੇ ਭਾ ਦੀ ਸ਼ਾਮਤ ਆ ਗਈ। ਖ਼ਾਸ ਗਾਰਦ ਲੈਲਪੁਰ ਤੋਂ ਆਈ, ਕਿਉਂਕਿ ਸਿੰਘਾਂ ਪਾਸ ਕ੍ਰਿਪਾਨਾਂ ਸਨ, ਤੇ ਹਿੰਦੂਆਂ ਨੂੰ ਇਨ੍ਹਾਂ ਦਾ ਡਰ ਸੀ। ਪਾਠਕ ਜੀ ਬਹੁਤ ਲਿਖਦਿਆਂ ਦਿਲ ਸਖ਼ਤ ਦੁਖੀ ਹੁੰਦਾ ਹੈ, ਸਿੰਘ ਦੋ ਦਿਨ ਥਾਨੇ ਰੁਬੜਦੇ ਰਹੇ। ਇਸ ਵਿਚ ਸ਼ੱਕ ਨਹੀਂ ਕਿ ਸਿੰਘ ਪੰਜ ਤੇ ਹਿੰਦੂ ਬੀਸ ੨ ਹੁੰਦੇ ਸਨ। ਪਰੰਤੂ ਗੁਰੂ ਬਾਬੇ ਦੀ ਮੇਹਰ ਨਾਲ ਗੁਰਪੁਰਬ ਬੜੀ ਕਾਮਯਾਬੀ ਨਾਲ ਮਨਾਇਆ। ਤੁਸੀਂ ਹੈਰਾਨ ਹੋਵੋਗੇ ਕਿ ਝਗੜਾ ਕਾਹਦਾ ਹੈ, ਇਹ ਝਗੜਾ ਹਿੰਦੂਆਂ ਤੇ ਸਿੰਘਾਂ ਦਾ ਆਪਸ ਵਿਚ ਪੰਜ ਛੇ ਸਾਲ ਤੋਂ ਚਲਿਆ ਆਉਂਦਾ ਹੈ। ਬੜੇ ਬੜੇ ਫ਼ਸਾਦ ਹੋਏ, ਹਿੰਦੂ ਥਾਲੀ ਵਿਚ ਦੀਵਾ ਰੱਖਕੇ ਆਰਤੀ ਕਰਦੇ ਹਨ ਤੇ ਸਿੰਘਾਂ ਨੂੰ ਇਹ ਬੁਰਾ ਭਾਸਦਾ ਹੈ। ਹਿੰਦੂ ਕੀਰਤਨ ਵਿਚ ਹੋਰ ਹੋਰ ਸਲੋਕ ਜਿਹੜੇ ਗੁਰਬਾਣੀ ਤੋਂ ਬਾਹਰ ਹਨ ਬੋਲਦੇ ਹਨ ਤੇ ਹੋਰ ਬਹੁਤ ਬਹੁਤ ਕੁਰੈਹਤਾਂ ਕਰਦੇ ਹਨ, ਝਗੜਾ ਇਹ ਹੈ। ਹੁਣ ਹਿੰਦੂਆ ਨੇ ਗੁਰੂ ਦੇ ਪ੍ਰਸ਼ਾਦੇ ਬੰਦ ਕਰ ਦਿਤੇ ਹਨ, ਮੋਹਰੀ ਮੋਹਰੀ ਗੁਰਦੁਆਰੇ ਪੈਸਾ ਮੱਥਾ ਟੇਕਨਾ ਵੀ ਬੰਦ ਕੀਤਾ ਹੈ, ਕਿਉਂਕਿ ਸਿੰਘਾਂ ਦੇ ਬਿਠਲਾਏ ਹੋਏ ਗ੍ਰੰਥੀ ਨਿਹੰਗ ਸਿੰਘ ਨੂੰ ਕੱਢਣ

ਦੀ ਕੋਸ਼ਿਸ਼ ਕਰਦੇ ਹਨ। ਇਕ ਹੋਰ ਗੱਲ ਹੈ:-

ਹਿੰਦੂਆਂ ਨੇ ਕੁਝ ਦਿਨ ਸਿੰਘਾਂ ਨੂੰ ਬਾਈਕਾਟ ਵੀ ਕੀਤੀ ਰਖਿਆ ਹੈ। ਦੁਕਾਨਦਾਰ ਮੰਡੀ ਵਾਲਿਆਂ ਕੋਲੋਂ ਕੋਈ ਚੀਜ ਨਾ ਲੈਣੀ, ਨ ਦੇਣੀ ਤੇ ਸਕੂਲ ਵਿੱਚੋਂ ਲੜਕੀਆਂ ਵੀ ਉਠਾ ਲਈਆਂ। ਅਸੀਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗਾ ਦੇਈਏ, ਤੇ ਉਹ ਸਾਡੇ ਅਗੇ ਹੋ ਹੋ ਕੇ ਬੈਠ ਜਾਂਦੇ ਹਨ, ਤੇ ਕੀਰਤਨ ਸ਼ੁਰੂ ਕਰ ਦੇਂਦੇ ਹਨ। ਦੋਹਾਂ ਧਿਰਾਂ ਤੋਂ ਜਦ ਕੀਰਤਨ ਹੁੰਦਾ ਹੈ ਤਾਂ ਕੁਝ ਸੁਣਾਈ ਨਹੀਂ ਦੇਂਦਾ ਤੇ ਗੁਰੂ ਬਾਬੇ ਦੀ ਬੜੀ ਬੇਅਦਬੀ ਹੁੰਦੀ ਹੈ। ਆਪਸ ਵਿਚ ਗਾਲ੍ਹਾਂ ਤਕ ਵੀ ਨੌਬਤ ਪਹੁੰਚ ਜਾਂਦੀ ਹੈ, ਹਾਏ! ਲਿਖਦਿਆਂ ਦਿਲ ਕੰਬਦਾ ਹੈ ਕਿ ਗੁਰੂ ਬਾਬੇ ਦੀ ਜਿਸ ਤਰ੍ਹਾਂ ਬੇਅਦਬੀ ਹੁੰਦੀ ਹੈ, ਪੂਰੇ ਹਾਲ, ਜੇ ਕਰ ਆਪ ਨੂੰ ਹਿਰਦੇ ਵਿਚ ਕੁਝ ਦਰਦ ਹੈ, ਕੁਝ ਪੀੜ ਭਾਸਦੀ ਹੈ ਤਾਂ ਲਿਖੋ। ਮੈਂ ਲਿਖਾਂ-ਉਪੱਦਰਵ, ਇਕ ਸਿੱਖ ਬੱਚੇ ਨੂੰ ਗੁਮਰਾਹ ਕਰ ਕੇ ਕੇਸ ਕਤਰਾਏ ਗਏ ਹਨ। ਮਾਮਲਾ ਅਤੀ ਦੁਖਦਾਈ ਹੈ ਸਿੱਖਾਂ ਵਾਸਤੇ।

ਹਾਏ ਸ਼ੋਕ, ਕਿ ਜ਼ਮਾਨਾ ਹਿੰਦੁਸਤਾਨ ਨੂੰ ਆਜ਼ਾਦ ਕਰਨੇ ਵਾਸਤੇ ਸਿੱਖਾਂ, ਹਿੰਦੂ ਮੁਸਲਮਾਨਾਂ ਨੂੰ ਇਕ ਕਰ ਰਿਹਾ ਹੈ। ਮਗਰ ਗੋਜਰੇ ਵਿਚ ਪੁੱਠੀ ਹੀ ਕਲਾ ਚਲੀ ਹੋਈ ਹੈ। ਨੌਕਰਸ਼ਾਹੀ ਤੈਹ ਵਿਚ ਹੈ ਤੇ ਸਿੱਖ ਹਿੰਦੂਆਂ ਨੂੰ ਲੜਾ ਕੇ ਤਮਾਸ਼ਾ ਦੇਖਦੀ ਹੈ। ਪਿਆਰੇ ਜੀ! ਮੈਂ ਬੜੇ ਜ਼ੋਰ ਨਾਲ ਹਿੰਦੂ ਸਿੱਖ ਲੀਡਰਾਂ ਦਾ ਧਿਆਨ ਇਸ ਤਰਫ਼ ਦਿਵਾਉਂਦਾ ਹਾਂ ਕਿ ਜੇ ਹੁਣੇ ਇਸ ਲਹਿਰ ਨੂੰ ਨ ਰੋਕਿਆ ਗਿਆ ਤਾਂ ਇਹ ਮਾਮਲਾ ਮੁਲਕ ਲਈ ਅਤੀ ਦੁਖਦਾਈ ਹੋਵੇਗਾ। ਪਿਆਰੇ ਜੀ, ਏਥੇ ਸਿੱਖ ਲੀਗ ਵੱਲੋਂ ਭੀ ਨਾ-ਮਿਲਵਰਤਨ ਦੇ ਲੈਕਚਰ ਦੇਣ ਲਈ ਸਜਣ ਆਇਆ ਪਰ ਉਹਦੇ ਆਉਂਦਿਆਂ ਹੀ ਅਜੇ ਉਸ ਨੇ ਲੈਕਚਰ ਦਿੱਤਾ ਨਹੀਂ ਸੀ ਕਿ ਨੌਕਰਸ਼ਾਹੀ ਹਾਕਮ ਉਸ ਦੇ ਮਗਰ ਹੋ ਗਈ। ਉਸ ਨੇ ਏਥੇ ਲੈਕਚਰ ਕਰਨਾਂ, ਪੱਥਰ ਨਾਲ ਟਕਰ ਮਾਰਨੇ ਵਾਲੀ ਗੱਲ ਭਾਸੀ ਤੇ ਚਲਾ ਗਿਆ। ਜਦ ਇਕ ਹੋਰ ਦੋ ਸਜਣ ਆਏ ਹਨ, ਉਹਨਾਂ ਦਾ ਵੀ ਇਹ ਹੀ ਹਾਲ ਮਲੂਮ ਹੁੰਦਾ ਹੈ ਸਿੱਖਾਂ ਹਿੰਦੂਆਂ ਦਾ ਆਪਸ ਵਿਚ ਸਿਰ ਵੱਢਵਾਂ ਵੈਰ ਹੈ।

ਪਿਆਰੇ ਜੀ, ਜੇਕਰ ਆਪ ਨੂੰ ਆਪਣੇ ਗੁਰਦੁਆਰਿਆਂ ਯਾਂ ਮੁਲਕ ਨਾਲ ਕੁਝ ਪਿਆਰ ਹੈ ਤਾਂ ਆਪ ਨੂੰ ਇਸ ਪਾਸੇ ਖਾਸ ਤੇ ਪਹਿਲਾਂ ਜਲਦੀ ਧਿਆਨ ਦੇਣਾ ਚਾਹੀਦਾ ਹੈ। ਬਸ ਜ਼ਿਆਦਾ ਕੀ ਲਿੱਖਾਂ, ਗੁਰਦੁਆਰੇ ਦੀ ਬਾਬਤ ਕੋਈ ਏਥੇ ਅਜਿਹਾ ਆਗੂ ਨਹੀਂ ਜਿਹੜਾ ਸਾਨੂੰ ਸਹਾਰਾ ਦੇਵੇ। ਡਾਕਟਰ ਕਿਸ਼ਨ ਸਿੰਘ ਲੈਲਪੁਰੀ ਆਇਆ ਸੀ ਉਸ ਦੀ ਬਾਬਤ ਕੁਝ ਨ ਪੁਛੋ! ਹਾਏ ਇਸ ਨੇ ਆਪਣੇ ਨਿੱਜ ਦੇ ਕੰਮ ਨੂੰ ਅੱਗੇ ਰੱਖ ਕੇ ਸਿੰਘਾਂ ਦੀ ਬੇੜੀਆਂ ਵਿਚ ਵਟੇ ਪਾ ਦਿਤੇ ਤੇ ਸਿੰਘਾਂ ਦੀ ਕੀਤੀ ਕਤਰੀਆਂ ਤੇ ਪਾਣੀ ਫੇਰ ਗਿਆ, ਸਾਰਾ ਹਾਲ ਤੁਹਾਡੇ ਕਾਟ ਆਵਨੇ ਤੇ ਲਿਖਾਂਗਾ। ਵਾਜਬ ਤਾਂ ਇਹ ਹੈ ਕਿ ਇਕ ਵਾਰੀ ਆਪ ਆਓ ਯਾ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੂੰ ਯਾ ਕਿਸ ਹੋਰ ਸੱਜਣ ਨੂੰ ਭੇਜ ਕੇ ਸਾਰੇ ਮਾਮਲੇ ਦੀ ਬਾਬਤ ਪਤਾ ਕਰੋ, ਤਾਂ ਕੇ ਤੁਹਾਨੂੰ ਵੀ ਪਤਾ ਲੱਗੇ।

ਅਕਾਲੀ ਲਾਹੌਰ, ੩੧ ਦਸੰਬਰ ੧੯੨੦

ਸਿੱਖ ਧਰਮ ਦੇ ਗੁਰਦੁਆਰਿਆਂ ਦਾ ਸੁਧਾਰ, ਨਵੀਆਂ ਰੁਕਾਵਟਾਂ

ਗੁਰੂ ਪੰਥ ਦੇ ਘਾਲ ਘਾਲ ਕੇ ਬਣਾਏ ਹੋਏ ਗੁਰਦੁਆਰੇ, ਡੇਰੇ ਤੇ ਅਸਥਾਨ ਚਿਰ ਤੋਂ ਸ਼ਖ਼ਸੀ ਜਗੀਰਾਂ ਤੇ ਗੱਦੀਆਂ ਬਣ ਰਹੇ ਸਨ। ਇਥੇ ਗੁਰਮਤ ਦੇ ਪ੍ਰਚਾਰ ਅਤੇ ਭਲੇ ਕੰਮਾਂ ਦੀ ਮਨਮਤ ਉਤੇ ਕੁਰੀਤੀਆਂ ਹੋ ਗਈਆਂ ਸਨ ਬਹੁਤ ਹੀ ਥੋੜ੍ਹੇ ਅਸਥਾਨ ਹੋਣਗੇ ਜਿਥੇ ਗੁਰੂ ਆਸ਼ੇ ਅਨੁਸਾਰ ਕਾਰਵਾਈ ਹੁੰਦੀ ਹੋਵੇ ਤੇ ਧਰਮ ਪ੍ਰਚਾਰ ਹੁੰਦਾ ਹੋਵੇ। ਬਾਹਲੇ ਅਸਥਾਨ ਅਧਰਮ ਅਤੇ ਪਾਪ ਦੇ ਪ੍ਰਚਾਰ ਦੇ ਅਡੇ ਬਣ ਚੁਕੇ ਸਨ।

ਗੁਰੂ ਪੰਥ ਚਿਰ ਤੋਂ ਪ੍ਰੇਮ ਨਾਲ ਯਤਨ ਕਰ ਰਿਹਾ ਸੀ ਕਿ ਸ਼ਖ਼ਸੀ ਮਾਲਕੀਆਂ ਤੇ ਜਦੀ ਜਗੀਰਾਂ ਬਣਾਉਣ ਵਾਲੇ ਸਮਝ ਜਾਣ ਤੇ ਇਹ ਅਸਥਾਨ ਉਨ੍ਹਾਂ ਆਸ਼ਿਆਂ ਨੂੰ ਪੂਰਨ ਕਰਨ ਲਈ ਕੇਦਰ ਬਣ ਜਾਣ ਜਿਨ੍ਹਾਂ ਲਈ ਇਹ ਬਣਾਏ ਗਏ ਹਨ ਪਰ ਮਾਇਆ ਦੇ ਮਦ ਵਿਚ ਰੰਗ ਰੰਗਿਆਂ ਵਿਚ ਗਰਕ ਹੋਏ ਗ੍ਰੰਥੀ, ਮਹੰਤ ਤੇ ਡੇਰੇਦਾਰ ਨਾ ਸਮਝੇ ਪਰ ਨਾ ਸਮਝੇ।

ਆਖ਼ਰ ਗੁਰੂ ਪੰਥ ਇਹ ਕਦ ਤਕ ਸਹਾਰ ਸਕਦਾ ਸੀ ਕਿ ਸ਼ਹੀਦਾਂ ਦੇ ਲਹੂ ਨਾਲ ਧੋਤੇ ਹੋਏ ਅਸਥਾਨ ਅਤੇ ਪਵਿੱਤਰ ਗੁਰੂ ਸਾਹਿਬਾਂ ਦੀਆਂ ਯਾਦਗਾਰਾਂ ਮਸੇ ਦੇ ਭਰਾਵਾਂ ਦੀਆਂ ਕਰਤੂਤਾਂ ਨਾਲ ਕਲੰਕਤ ਪਈਆਂ ਹੋਣ। ਗੁਰੂ ਪੰਥ ਦੇ ਦੁਲਾਰਿਆਂ ਨੇ ਦਰਬਾਰ ਸਾਹਿਬ, ਤਖ਼ਤ ਅਕਾਲ ਬੁੰਗਾ, ਬਾਬੇ ਦੀ ਬੇਰ, ਗੁਰਦੁਆਰਾ ਪਾਤਸ਼ਾਹੀ ੬ (ਲਾਹੌਰ) ਅਤੇ ਪੰਜੇ ਸਾਹਿਬ ਆਦਿਕ ਅਸਥਾਨਾਂ ਤੋਂ ਸ਼ਖ਼ਸੀ ਕਬਜ਼ੇ ਹਟਾ ਦਿਤੇ, ਕੁਰੀਤੀਆਂ ਬੰਦ ਕਰ ਦਿਤੀਆਂ ਤੇ ਦਾਤਿਆਂ ਤੇ ਸ਼ਰਧਾਲੂਆਂ ਦੀ ਭੇਟਾ, ਯੋਗ ਤਰੀਕੇ ਨਾਲ ਲੰਗਰ ਅਤੇ ਸੇਵਾ ਵਿਚ ਲਗਾਣੀ ਆਰੰਭ ਦਿੱਤੀ।

ਅੰਮ੍ਰਿਤਸਰ ਅਤੇ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਸਾਹਿਬਾਂ ਨੇ ਕਈ ਵੇਰ ਕਹਿਆ ਕਿ ਅਸੀਂ ਤੁਹਾਡੇ ਧਾਰਮਿਕ ਮਾਮਲਿਆਂ ਵਿਚ ਦਖਲ ਨਹੀਂ ਦਿਆਂਗੇ। ਹੋਰ ਵੀ ਕਈ ਸਥਾਨਕ ਅਫ਼ਸਰਾਂ ਨੇ ਇਹੋ ਗਲ ਆਖੀ ਅਤੇ ਪੰਥ ਦਾ ਬਲ, ਗੁਰਧਾਮਾਂ ਦੇ ਸੁਧਾਰ ਲਈ ਤੀਬਰ ਚਾਹ ਵੇਖ ਕੇ ਗ੍ਰੰਥੀ ਪੁਜਾਰੀ ਤੇ ਮਹੰਤ ਵੀ ਢਿਲੇ ਪੈ ਗਏ। ਕਈ ਮਾਫ਼ੀਆਂ ਮੰਗਣ ਨੂੰ ਤਿਆਰ ਹੋ ਗਏ ਅਤੇ ਕਈ ਆਪਣੇ ਆਪ ਹੀ ਗੁਰਧਾਮਾਂ ਨੂੰ ਪੰਥ ਦੇ ਸਪੁਰਦ ਕਰਨ ਲਈ ਤਿਆਰ ਹੋ ਬੈਠੇ ਅਤੇ ਕਈ ਪੰਥ ਨੂੰ ਖ਼ੁਸ਼ ਕਰਨ ਲਈ ਮਾਇਆਂ ਨੂੰ ਚੰਗੇ ਪਾਸੇ ਲਾਣ ਲੱਗ ਪਏ। ਕਿਧਰੇ ਸਕੂਲ ਖੁਲ੍ਹੇ ਕਿਧਰੇ ਲੰਗਰ ਜਾਰੀ ਹੋਏ। ਗੱਲ ਕੀ ਸਭ ਪਾਸੇ ਸੁਧਾਰ ਹੋਣ ਲੱਗ ਪਿਆ ਤੇ ਸਾਨੂੰ ਆਸ ਲਗ ਪਈ ਕਿ ਗ੍ਰੰਥੀ, ਮਹੰਤ, ਪੁਜਾਰੀ, ਜਥੇਦਾਰ ਆਦਿਕ ਆਪਣੀਆਂ ਗਲਤੀਆਂ ਤੇ ਭੁਲਾਂ ਦੂਰ ਕਰਕੇ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲੱਗ ਪੈਣਗੇ, ਕੁਰੀਤੀਆਂ ਹਟਾ ਦੇਣਗੇ ਤੇ ਗੁਰੂ ਪੰਥ ਦੇ ਆਸ਼ੇ ਅਨੁਸਾਰ ਕਾਰਜ ਕਰਨ ਲੱਗ ਪੈਣਗੇ ਜਿਸ ਕਰ ਕੇ ਪੰਥ ਨੂੰ ਹੋਰ ਰਾਜਸੀ ਕੰਮ ਕਰਨ ਲਈ ਵਿਹਲ ਲੱਗ ਜਾਵੇਗੀ ਤੇ ਇਹ ਸੁਧਾਰ ਦਾ ਕਾਰਜ ਸੁਤੇ ਹੀ ਹੁੰਦਾ ਜਾਵੇਗਾ।

ਕਿਉਂਕਿ ਅਸਲ ਵਿਚ ਕੋਈ ਪੰਥ ਦਰਦੀ ਵੀ ਇਸ ਗੱਲ ਨੂੰ ਪਸੰਦ ਨਹੀਂ ਕਰਦਾ ਕਿ ਪੰਥ ਦੇ ਆਪੋ ਵਿਚ ਹੀ ਝਗੜੇ ਖੜ੍ਹੇ ਹੋ ਜਾਣ, ਤੇ ਰਾਜਸੀ ਤੇ ਮੁਲਕੀ ਕੰਮ ਇਕ ਪਾਸੇ ਹੀ ਰਹਿ ਜਾਵੇ।

ਗੁਰਮਤੇ

ਚਕ ਨੰ: ੧੩੮

ਚਕ ੧੩੮ ਵਿਚ ਸੰਗਤ ਇਕਤਰ ਹੋਈ ਹੇਠ ਲਿਖੇ ਗੁਰਮਤੇ ਪਾਸ ਹੋਏ।

(੧) ਪਾਸ ਹੋਇਆ ਕਿ ਸਰਦਾਰ ਮੰਗਲ ਸਿੰਘ ਜੀ ਨੂੰ ਅਤੇ ਉਸ ਦੇ ਸਬੰਧੀਆਂ ਨੂੰ ਉਸ ਦੀ ਕੌਮੀ ਸੇਵਾ ਦੇ ਬਦਲੇ ਜੇਹਲ ਵਿਚ ਜਾਣ ਦੀ ਵਧਾਈ ਦਿੱਤੀ ਜਾਵੇ।

(੨) ਪਾਸ ਹੋਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੁਣਿਆ ਹੋਇਆ ਪ੍ਰਧਾਨ ਤਨਖਾਹੀਆ ਹੈ ਕਿਉਂਕਿ ਪੰਥ ਉਸਨੂੰ ਕਈ ਦੀਵਾਨਾਂ ਵਿਚ ਤਨਖਾਹੀਆ ਕਰਾਰ ਦੇ ਚੁਕਿਆ ਜਦ ਤੀਕ ਉਹ ਕਿਸੇ ਖੁਲ੍ਹੇ ਦੀਵਾਨ ਵਿਚ ਮਾਫ਼ੀ ਨਾ ਮੰਗ ਲਵੇ ਉਤਨੀ ਦੇਰ ਉਹ ਪ੍ਰਧਾਨ ਦੀ ਸੇਵਾ ਲਾਇਕ ਨਹੀਂ।

(ੳ) ਕਿਉਂਕਿ ੩ ਮਈ ਦੀ ਕਮੇਟੀ ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਗਿਰਾਨ ਦੀ ਬਾਬਤ ਜਿਹੜਾ ਮਨਮਤਾ ਪਾਸ ਕੀਤਾ ਗਿਆ ਸੀ ਉਹ ਭੀ ਇਸ ਸੱਜਣ ਦੀ ਹੀ ਕ੍ਰਿਪਾ ਸੀ ਜਿਹੜਾ ਮੁਆਮਲਾ ਹੁਣ ਸ਼ਹੀਦੀ ਦਲ ਨੂੰ ਨਜਿਠਣਾ ਪਿਆ ਹੈ। ਐਸਾ ਨਾ ਹੋਵੇ ਅੱਗੇ ਨੂੰ ਐਸੇ ਸੱਜਣ ਦੇ ਵਿਗਾੜੇ ਹੋਏ ਕੰਮ ਕਰ ਕੇ ਪੰਥ ਨੂੰ ਖ਼ਤਰੇ ਵਿਚ ਪੈਣਾ ਪਵੇ ਔਰ ਨਿਜਿਠਣਾ ਪਵੇ।

(ਅ) ਪਾਸ ਹੋਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖਿਆ ਜਾਵੇ ਕਿ ਸੁੰਦਰ ਸਿੰਘ ਮਜੀਠੀਏ ਨੂੰ ਹੇਠ ਲਿਖੇ ਕਾਰਨਾਂ ਕਰ ਕੇ ਮਾਫ਼ੀ ਮਿਲਣ ਦੀ ਹਾਲਤ ਵਿਚ ਭੀ ਐਸੀ ਜ਼ੁੰਮੇਵਾਰ ਸੇਵਾ ਵਿਚ ਨਾ ਲਾਇਆ ਜਾਵੇ।

(ਕਾਰਨ)

(ੲ) ਕਿਉਂਕਿ ਆਪ ਦੀ ਹੀ ਕ੍ਰਿਪਾ ਨਾਲ ਗੁਰਦੁਆਰਾ ਰਕਾਬ ਗੰਜ ਦੀ ਕੰਧ ਗਿਰਾਨ ਲਈ ਮਨਜ਼ੂਰੀ ਪੰਥ ਤੇ ਬਰਖ਼ਿਲਾਫ਼ ਦੇ ਦਿੱਤੀ ਗਈ ਸੀ ਜਿਸ ਕਰ ਕੇ ਭਾਈ ਰਣਧੀਰ ਸਿੰਘ ਜੀ ਹੁਣ ਤੀਕ ਜੇਹਲ ਵਿਚ ਤੜਪ ਰਹੇ ਹਨ।

(ਸ) ਆਪ ਦੀ ਹੀ ਕ੍ਰਿਪਾ ਨਾਲ ਓਡਵਾਇਰ ਨੂੰ ਤਾਰੀਫ਼ੀ ਐਡਰੈਸ ਦਿੱਤਾ ਗਿਆ ਸੀ।

(ਹ) ਕੌਮਾ ਗਾਟਾ ਮਾਰੂ ਦੇ ਸਿੱਖਾਂ ਨੂੰ ਅਸਿੱਖ ਕਰਾਰ ਦਿੱਤਾ ਗਿਆ ਸੀ।

(ਕ) ਇੰਡੈਮਨਟੀ ਬਿਲ ਪਾਸ ਕਰਾਉਣ ਦੇ ਬਾਰੇ ਵਿਚ ਭੀ ਆਪਣੇ ਹੀ ਮਦਦ ਕੀਤੀ ਸੀ।

(੩) ਡਿਪਟੀ ਕਮਿਸ਼ਨਰ ਲਾਹੌਰ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨੂੰ ਤਮਾਸ਼ਾ ਕਰਨਾ ਕਹਿ ਕੇ ਸਿੱਖ ਧਰਮ ਦੀ ਜੋ ਹਤਕ ਕੀਤੀ ਹੈ ਉਸ ਤੇ ਸਖ਼ਤ ਘ੍ਰਿਣਾ ਪ੍ਰਗਟ ਕਰਦਾ ਹੈ ਔਰ ਭਾਈ ਕਰਤਾਰ ਸਿੰਘ ਝਬਰ ਦੇ ਨਾਲ ਮੁੰਡਿਆਂ ਵਾਲਾ ਵਤੀਰਾ ਕਰਨ ਤੇ ਘ੍ਰਿਣਾ ਪ੍ਰਗਟ ਕਰਦਾ ਹੈ ਅਤੇ ਭਾਈ ਕਰਤਾਰ ਸਿੰਘ ਜੀ ਨਾਲ ਹਮਦਰਦੀ ਕਰਦਾ ਹੈ।

(੪) ਪਾਸ ਹੋਇਆ ਕਿ ਮੌਜੂਦਾ ਕੌਂਸਲ ਦੇ ਮਿੰਬਰਾਂ ਨੂੰ ਅਸਤੀਫ਼ੇ ਦੇ ਕੇ ਅਲੈਹਦਾ ਹੋ ਜਾਣਾ ਚਾਹੀਦਾ ਹੈ ਤਾਂ ਕਿ ਕਾਲਜ ਦੀ ਕਮੇਟੀ ਖ਼ੁਦ ਚੁਣੇ ।

(੫) ਪਾਸ ਹੋਇਆ ਕਿ ਜਿਹੜੀ ਵੰਡ ਝੋਲੀ ਚੁਕਾਂ ਵੱਲੋਂ (ਮਿੰਬਰਾਂ ਦੇ ਚੋਣ ਦੀ) ਹੋਈ ਹੈ ਉਸ ਤੇ ਘ੍ਰਿਣਾ ਪ੍ਰਗਟ ਕਰਦਾ ਹੈ ।

ਗੁਰ ਸਿੰਘ ਸਭਾ ਬੰਬਈ

(੧) ਸਰਬਤ ਸਾਧ ਸੰਗਤ ਦੀ ਸੰਮਤੀ ਨਾਲ ਪਾਸ ਹੋਇਆ ਕਿ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਨੇ ਜੋ ਆਪਣੀ ਮੇਹਨਤ ਦੁਆਰਾ ਖਾਲਸਾ ਕਾਲਜ ਨੂੰ ਵਾਕਿਆ ਹੀ ਨਿਰੋਲ ਖਾਲਸਾ ਕਾਲਜ ਬਣਾ ਕੇ ਦਿਖਾ ਦਿੱਤਾ ਹੈ। ਇਸ ਲਈ ਬੰਬਈ ਸਿੰਘ ਸਭਾ ਵੱਲੋਂ ਪ੍ਰੋਫ਼ੈਸਰਾਂ ਅਤੇ ਸਭ ਵਿਦਿਆਰਥੀਆਂ ਨੂੰ ਵਧਾਈ ਹੋਵੇ।

(੨) ਸਰਬ ਸੰਮਤੀ ਨਾਲ ਪਾਸ ਹੋਇਆ ਕਿ ਗੁਰ ਸਿੱਖਾਂ ਦਾ ਮੁਖ ਅਸੂਲ ਹੈ ਕਿ ਦਾਹੜਾ ਖੁਲ੍ਹਾ ਰਖਣਾ, ਇਸ ਲਈ ਸਰਕਾਰ ਨੇ ਅਸਾਡੇ ਅਸੂਲ ਨੂੰ ਨਹੀਂ ਸਮਝਿਆ ਅਰ ਚਾਰ ਸਿੰਘਾਂ ਨੂੰ ਧਿੰਗੋ ਜੋਰੀ ਦਾਹੜਾ ਖੁਲ੍ਹਾ ਰਖਣ ਦੇ ਬਦਲੇ ਗ੍ਰਿਫ਼ਤਾਰ ਕੀਤਾ ਹੈ। ਇਸ ਲਈ ਸਿੰਘ ਸਭਾ ਬੰਬਈ ਸਰਕਾਰ ਦੀ ਇਸ ਅਯੋਗ ਕਾਰਵਾਈ ਪਰ ਸਖ਼ਤ ਘ੍ਰਿਣਾ ਪ੍ਰਗਟ ਕਰਦੀ ਹੈ ।

ਸਿੰਘ ਸਭਾ ਪਿਸ਼ਾਵਰ ।

ਭਾਈ ਕਰਤਾਰ ਸਿੰਘ ਜੀ ਪਿਸ਼ਾਵਰ ਤੋਂ ਲਿਖਦੇ ਹਨ :-

੧੨ ਦਸੰਬਰ ਸਿੰਘ ਸਭਾ ਦੇ ਸਪਤਾਹਕ ਦੀਵਾਨ ਵਿਚ ਸ਼ੇਰੇ ਬਾਰ ਭਾਈ ਜਗਤ ਸਿੰਘ ਜੀ ਪਰਦੇਸੀ ਦਾ ਵਿਖਿਆਨ ਹੋਇਆ। ਆਪ ਨੇ ਦਸਿਆ ਕਿ ਕੌਮ ਫਰੋਸ਼ ਲੋਕ ਕਿਸ ਤਰ੍ਹਾਂ ਨਾ ਮਿਲਵਰਤਨੀਏ ਵੀਰਾਂ ਨੂੰ ਅਯੋਗ ਢੰਗਾਂ ਨਾਲ ਫਸਾਣ ਲਈ ਸ਼ਰਮਨਾਕ ਚਾਲਾਂ ਖੇਡ ਰਹੇ ਹਨ। ਉਪਰੰਤ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ :-

(੧) ਇਹ ਸਭਾ ਸ: ਮੰਗਲ ਸਿੰਘ ਜੀ ਦੇ ਦੇਸ ਅਤੇ ਕੌਮ ਦੀ ਸੇਵਾ ਲਈ ਸਚ ਦੀ ਖ਼ਾਤਰ ਪ੍ਰਸੰਤਾ ਨਾਲ ਕੈਦ ਦੀ ਸਜ਼ਾ ਹੋ ਜਾਣ ਪਰ ਆਪ ਨਾਲ ਦਿਲੀ ਹਮਦਰਦੀ ਪ੍ਰਗਟ ਕਰਦੀ ਹੈ ਅਤੇ ਆਪ ਦੇ ਸਤਿਕਾਰ ਯੋਗ ਪਿਤਾ ਨੂੰ ਐਸਾ ਦੇਸ਼ ਭਗਤ ਅਤੇ ਕੌਮ ਪਰਸਤ ਸਪੁਤਰ ਨਿਆਂ ਦੀ ਖ਼ਾਤਰ ਕੈਦ ਹੋ ਜਾਣ ਪਰ ਵਧਾਈ ਦੇਂਦੀ ਹੈ। ਅਕਾਲ ਪੁਰਖ ਆਪ ਦਾ ਅਤੇ ਆਪ ਦੇ ਸਪੁਤਰ ਦਾ ਅੰਗ ਸੰਗ ਸਹਾਈ ਹੋਵੇ।

(੨) ਇਹ ਸਭਾ ਗਜਨ ਸਿੰਘ (ਆਨਰੇਬਲ) ਦੀਆਂ ਪਿਛਲੀਆਂ ਸਾਰੀਆਂ ਅਤੇ ਹੁਣ ਨਵੀਂ ਚਾਲ ਜੋ ਉਸ ਪੰਥ ਸੇਵਕਾਂ ਨੂੰ ਫਸਾਉਣ ਲਈ ਕੀਤੀ ਹੈ ਘ੍ਰਿਣਾ ਦੀ ਨਜ਼ਰ ਨਾਲ ਤਕਦੀ ਹੈ ਅਤੇ ਆਸ ਰੱਖਦੀ ਹੈ ਕਿ ਪਿਛਲੀਆਂ ਭੁਲਾਂ ਬਖਸ਼ਾ ਕੇ ਸਦਾ ਲਈ ਪੰਥ ਨਾਲ ਮਿਲ ਕੇ ਗੁਜ਼ਾਰਾ ਕਰਨ ਲਈ ਗਜਨ ਸਿੰਘ ਜੀ ਆਪਣਾ ਮੁਕਦਮਾ ਕਚਹਿਰੀ ਵਿੱਚੋਂ ਵਾਪਸ ਲੈ ਕੇ ਨਾ-ਮਿਲਵਰਤਨੀਏ ਵੀਰਾਂ ਦੇ ਵਿਰੁੱਧ ਜੋ ਕੋਈ ਸ਼ਿਕਾਇਤ ਹੈ ਤਾਂ ਗੁਰੂ ਪੰਥ ਦੀ ਸੇਵਾ ਵਿਚ ਸਚ ਝੂਠ ਦੇ ਨਿਤਾਰੇ ਲਈ ਪੇਸ਼ ਕਰਨਗੇ। ਕਚਹਿਰੀ ਵਿਚ ਉਨ੍ਹਾਂ ਦੇ ਨਾ-ਮਿਲਵਰਤਨੀਏ ਹੋਣ ਕਰ ਕੇ ਕਿਸੇ ਤਰ੍ਹਾਂ ਭੀ ਨਿਤਾਰਾ ਨਹੀਂ ਹੋ ਸਕੇਗਾ ।

ਕੱਲਰ

ਭਾਈ ਕਰਤਾਰ ਸਿੰਘ ਜੀ ਸਕੱਤਰ ਲਿਖਦੇ ਹਨ :-

ਅੱਜ ਚਾਰ ਪੰਜ ਦਿਨ ਤੋਂ ਕੱਲਰ, ਜ਼ਿਲ੍ਹਾ ਰਾਵਲਪਿੰਡੀ, ਵਿਚ ਖਾਲਸੇ ਜੀ ਦੇ ਲਗਾਤਾਰ ਦੀਵਾਨ ਸਜਦੇ ਰਹੇ ਤੇ ਹੇਠ ਲਿਖੇ ਗੁਰਮਤੇ ਸਰਬ ਸੰਮਤੀ ਨਾਲ ਪਾਸ ਹੋਏ ।

੧. ਆਨਰੇਬਲ ਗਜਨ ਸਿੰਘ ਲੁਧਿਆਣੇ ਵਾਲੇ ਦੇ ਵਤੀਰੇ ਉਤੇ, ਜੇਹੜੇ ਉਸ ਨੇ ਪੰਥ ਸੇਵਕਾਂ ਨਾਲ ਆਰੰਭ ਕੀਤੇ ਹਨ, ਸਖ਼ਤ ਘ੍ਰਿਣਾ ਪ੍ਰਗਟ ਕੀਤੀ ਗਈ ।

੨. ਸਰਦਾਰ ਮੰਗਲ ਸਿੰਘ ਐਡੀਟਰ "ਅਕਾਲੀ" ਦੀ ਸਜ਼ਾ ਬਾਬਤ ਨੌਕਰਸ਼ਾਹੀ ਦੇ ਵਤੀਰੇ ਤੇ ਘ੍ਰਿਣਾ ਪ੍ਰਗਟ

ਕੀਤੀ ਗਈ ਹੈ। ਖਾਲਸਾ ਪੰਥ ਤੇ ਸਰਦਾਰ ਜੀ ਦੇ ਮਾਤਾ-ਪਿਤਾ, ਸੱਜਣਾਂ, ਮਿੱਤਰਾਂ ਤੇ ਵੀਰਾਂ ਨੂੰ ਵਧਾਈ ਦਿੱਤੀ ਗਈ।

(੩) ੩੧ ਨੰਬਰ ਦੇ ਰਸਾਲੇ ਵਿਚ ਚਾਰ ਸਿੰਘਾਂ ਨੂੰ ਗੁਰਮੁਖੀ ਸਿਧੇ ਦਾੜ੍ਹੇ ਰੱਖਣ ਬਦਲੇ ਸਜ਼ਾ ਦਿੱਤੀ ਗਈ ਹੈ ਤੇ ਕਿਰਪਾਨਾਂ ਖੋਹ ਲਈਆਂ ਗਈਆਂ ਹਨ ਉਸ ਰਸਾਲੇ ਦੇ ਕਰਨਲ ਦੇ ਇਸ ਵਤੀਰੇ ਉਤੇ ਸਖ਼ਤ ਘ੍ਰਿਣਾ ਪ੍ਰਗਟ ਕੀਤੀ ਗਈ।

੪. "ਅਕਾਲੀ" ਅਤੇ ਗੁਰਦੁਆਰੇ ਪੰਜਾ ਸਾਹਿਬ ਦੀ ਸਹਾਇਤਾ ਵਾਸਤੇ ਮਾਇਆ ਦੀ ਅਪੀਲ ਕੀਤੀ ਗਈ ੧੦੦) ਅਕਾਲੀ ਲਈ ਅਤੇ ੨੦੦) ਗੁਰਦੁਆਰੇ ਲਈ ਉਸ ਵੇਲੇ ਇਕਠੇ ਹੋ ਗਏ ਤੇ ਹੋਰ ਹੋ ਰਹੇ ਹਨ।

ਨੁਸ਼ੈਹਰਾ।

ਗੁਰਮਤ ਜੋ ਗੁਰੂ ਸਿੰਘ ਸਭਾ ਨੁਸ਼ੈਹਰਾ ਛਾਵਣੀ ੧੯ ਦਸੰਬਰ ਦੇ ਦੀਵਾਨ ਵਿਚ ਪਾਸ ਹੋਏ।

੧. ਗੁਰਦੁਆਰਾ ਭਾਈ ਜੋਗਾ ਸਿੰਘ ਜੀ ਪਿਸ਼ਾਵਰ ਸ਼ਹਿਰ ਦਾ ਪ੍ਰਬੰਧ ਯੋਗ ਅਤੇ ਸਿੱਖ ਅਸੂਲਾਂ ਦੇ ਮੁਤਾਬਿਕ ਨਾ ਹੋਣ ਕਰਕੇ ਇਹ ਦੀਵਾਨ ਗੁਰੂ ਸਿੰਘ ਸਭਾ ਪਿਸ਼ਾਵਰ ਸ਼ਹਿਰ ਅਤੇ ਛਾਵਣੀ ਦੀ ਸੇਵਾ ਵਿਚ ਬੇਨਤੀ ਕਰਦਾ ਹੈ ਕੇ ਉਹ ਛੇਤੀ ਹੀ ਮੌਜੂਦਾ ਮੈਨੇਜਰ ਰ: ਬ: ਕਰਮ ਚੰਦ ਨੂੰ ਹਟਾਉਣ ਅਤੇ ਛੇਤੀ ਸਿੱਖ ਕਮੇਟੀ ਦੀ ਚੋਣ ਲਈ ਯੋਗ ਐਜੀਟੇਸ਼ਨ ਕਰਕੇ ਉਪਰਾਲਾ ਕਰਨ।

੨. ੩੧ ਨੰ: ਰਿਸਾਲਾ ਅਲਾਹਬਾਦ ਦੇ ਸਿੰਘਾਂ ਨੂੰ ਗੁਰਮੁਖੀ ਹਾਲਤ ਰੱਖਣ ਹਿਤ ਕੁਰਬਾਨੀ ਲਈ ਨਿਤ੍ਰਨ ਉਪਰ ਹਮਦਰਦੀ ਕਰਦਾ ਹੈ ਅਤੇ ਸਰਕਾਰ ਦੇ ਇਸ ਵਤੀਰੇ ਉਪਰ ਘ੍ਰਿਣਾ ਕਰਦਾ ਹੈ।

੩. ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰੈਜ਼ੀਡੰਟ ਸੁੰਦਰ ਸਿੰਘ ਮਜੀਠੀਆ ਨਹੀਂ ਚਾਹੀਦਾ ਕਿਉਂਕਿ ਪੰਥ ਨੂੰ ਉਸ ਉਪਰ ਕੋਈ ਵਿਸ਼ਵਾਸ ਨਹੀਂ ਹੈ। ਨਾਲ ਹੀ ਜੇ ਸ: ਹਰਬੰਸ ਸਿੰਘ ਜੀ ਸਚਮੁਚ ਹੀ ਪੰਜ ਕਕਾਰਾਂ ਦੇ ਵਿਰੁੱਧ ਹਨ ਤਾਂ ਵਾ: ਪ੍ਰੈ: ਹੋਣੇ ਯੋਗ ਨਹੀਂ।

ਸਰਗੋਧਾ

ਗੁਰੂ ਸਿੰਘ ਸਭਾ ਸਰਗੋਧਾ ਦੇ ਹਫ਼ਤਾਵਾਰੀ ਜੋੜ ਮੇਲ ਵਿਚ ਹੇਠ ਲਿਖੇ ਗੁਰਮਤੇ ਪਾਸ ਹੋਏ।

(੧) ਸ: ਮੰਗਲ ਸਿੰਘ ਤੇ ਉਨ੍ਹਾਂ ਦੇ ਮਾਤਾ ਪਿਤਾ ਤੇ ਪਰਿਵਾਰ ਨੂੰ ਸ੍ਰ: ਜੀ ਦੇ ਕੌਮੀ ਤੇ ਮੁਲਕੀ ਕੰਮ ਲਈ ਕੈਦ ਹੋਣ ਪਰ ਵਧਾਈ ਦਿੱਤੀ ਜਾਵੇ (੨) ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨਾਲ ਉਨ੍ਹਾਂ ਨੇ ਕੌਮੀ ਆਨ ਨੂੰ ਮੁਖ ਰੱਖ ਕੇ ਅਸਤੀਫ਼ੇ ਦੇਣ ਪਰ ਸਾਡੀ ਉਨ੍ਹਾਂ ਨਾਲ ਵਿਦਿਆਰਥੀਆਂ ਨਾਲ ਪੂਰੀ ਪੂਰੀ ਹਮਦਰਦੀ ਹੈ।

ਕ੍ਰਿਪਾਲ ਸਿੰਘ ਸਕੱਤਰ

ਮਿੰਟਗੁਮਰੀ।

ਗੁਰੂ ਸਿੰਘ ਸਭਾ ਮਿੰਟਗੁਮਰੀ ਨੇ ਬੜੇ ਅਫ਼ਸੋਸ ਨਾਲ ਸੁਣਿਆ ਹੈ ਜੋ ੩੧ ਰਸਾਲੇ ਦੇ ੪ ਸਿੱਖਾਂ ਨੂੰ ਕਰਨੈਲ ਸਾਹਿਬ ਨੇ ਦਾਹੜੇ ਖੁਲ੍ਹੇ ਰੱਖਣ ਬਦਲੇ ਕੈਦ ਕਰ ਦਿੱਤਾ ਹੈ ਸਖ਼ਤ ਅਜ਼ਾਬ ਵਿਚ ਹੈਨ। ਗੁਰੂ ਸਿੰਘ ਸਭਾ ਮਿੰਟਗੁਮਰੀ ਕਰਨੈਲ ਸਾਹਿਬ ਦੀ ਇਸ ਕਾਰਵਾਈ ਪਰ ਘ੍ਰਿਣਾ ਪ੍ਰਗਟ ਕਰਦੀ ਹੈ ਤੇ ਇਹ ਪ੍ਰਵਾਨ ਕਰਦੀ ਹੈ ਜੁ ਕਮਾਂਡਰ ਇਨ ਚੀਫ਼ ਸਾਹਿਬ ਤੇ ਵਾਈਸਰਾਏ ਸਾਹਿਬ ਦੀ ਸੇਵਾ ਵਿਚ ਤਾਰ ਦਿੱਤੀ ਜਾਵੇ ਜੋ ਸਿੱਖ ਧਰਮ ਦੇ ਅਸੂਲਾਂ ਮੁਤਾਬਕ ਸਿਧੇ ਦਾਹੜੇ ਰਖਣ ਦਾ ਹੁਕਮ ਹੈ ਇਸ ਲਈ ਉਨਾਂ ਸਿੱਖਾਂ ਨੂੰ ਜਿਨ੍ਹਾਂ ਨੂੰ ਕੈਦ ਕੀਤਾ ਗਿਆ ਹੈ ਫ਼ੌਰਨ ਛੱਡ ਦਿੱਤਾ ਜਾਵੇ ਨਹੀਂ ਤਾਂ ਸਿੱਖ ਕੌਮ ਵਿਚ ਸਖ਼ਤ ਬੇਚੈਨੀ ਫੈਲਨ ਦਾ ਡਰ ਹੈ।

ਅਕਾਲੀ ਲਾਹੌਰ, ੨ ਜਨਵਰੀ ੧੯੨੧

ਖਾਲਸਾ ਜੀ ਆਪਣੀ ਆਨ ਰਖ ਲਉ

ਗੁਰਦੁਆਰਾ ਭਾਈ ਜੋਗਾ ਸਿੰਘ ਜੀ ਦਾ ਝਗੜਾ

ਕਲ੍ਹ ਦੇ ਪਰਚੇ ਵਿਚ ਕੁਝ ਹਾਲ ਇਸ ਗੁਰਦੁਆਰੇ ਸਬੰਧੀ ਪਾਠਕਾਂ ਦੀ ਦ੍ਰਿਸ਼ਟੀ ਗੋਚਰੇ ਕੀਤੇ ਗਏ ਸਨ। ਕਲ੍ਹ

ਅਸਾਂ ਇਹ ਲਿਖਿਆ ਸੀ ਕਿ ਹਿੰਦੂ ਭਰਾ ਹਾਕਮਾਂ ਨੂੰ ਵੀ ਭੁਲੇਖੇ ਵਿਚ ਪਾ ਰਹੇ ਹਨ, ਪਰ ਅਜੇ ਤਕ ਹਾਕਮਾਂ ਨੇ ਦਖਲ ਦੇਣ ਦੀ ਭੁਲ ਨਹੀਂ ਕੀਤੀ। ਪਿੱਛੋਂ ਦੀ ਖ਼ਬਰ ਹੈ ਕਿ ਡਿਪਟੀ ਕਮਿਸ਼ਨਰ ਨੇ ਇਨ੍ਹਾਂ ਵੀਰਾਂ ਦੇ ਸੰਮਨ ਕੱਢੇ ਹਨ। ਬਾਈ ਜਗਤ ਸਿੰਘ, ਬਾਬੂ ਸੰਤ ਸਿੰਘ, ਸ: ਨਰਿੰਜਨ ਸਿੰਘ ਜੀ, ਭਾਈ ਜਗਨ ਨਾਥ ਸਿੰਘ, ਭਾਈ ਤੋਤਾ ਸਿੰਘ, ਸ: ਰਾਜਾ ਸਿੰਘ, ਬਾਬੂ ਮੇਹਰ ਸਿੰਘ, ਭਾਈ ਤੇਜਾ ਸਿੰਘ ਜੀ, ਅੰਮ੍ਰਿਤਸਰ ਵਾਲੇ ਸਮੇਤ ਸ਼ਹੀਦੀ ਦਲ ਅਤੇ ਪਿੱਛੋਂ ਆਪਣੀ ਨੌਕਰ ਸ਼ਾਹੀ ਕਚਹਿਰੀ ਵਿੱਚੋਂ ਹੁਕਮ ਕਢਿਆ ਕਿ ਗੁਰਦੁਆਰਾ ਹਿੰਦੂਆਂ ਤੇ ਸਿੱਖਾਂ ਦਾ ਸਾਂਝਾ ਹੈ ਤੇ ਨਾਲ ਹੀ ਭਾਈ ਤੇਜਾ ਸਿੰਘ ਜੀ ਨੂੰ ਹੁਕਮ ਦਿੱਤਾ ਕਿ ਸਮੇਤ ਸ਼ਹੀਦੀ ਦਲ ਦੇ ਚਵੀ ਘੰਟੇ ਦੇ ਅੰਦਰ ਪਿਸ਼ਾਵਰੋਂ ਨਿਕਲ ਜਾਵੋ। ਪਰ ਵੀਰ ਜੀ ਨੇ ਉਤਰ ਦਿੱਤਾ ਕਿ ਗੁਰਦੁਆਰਿਓਂ ਜੀਵਦਿਆਂ ਕੋਈ ਨਹੀਂ ਕੱਢ ਸਕਦਾ, ਅਸੀਂ ਲੜਨ ਵਾਸਤੇ ਨਹੀਂ ਆਏ, ਪਰ ਇਹ ਗੁਰਦੁਆਰਾ ਉਸ ਗੁਰੂ ਸਵਾਰੇ ਸਿੱਖ ਦਾ ਹੈ ਜਿਸ ਤੇ ਗੁਰੂ ਜੀ ਨੇ ਆਪ ਇਨੀ ਕ੍ਰਿਪਾਲਤਾ ਕੀਤੀ ਸੀ, ਤੇ ਇਹ ਗੁਰਦੁਆਰਾ ਸਾਰੇ ਸਿੱਖਾਂ ਦਾ ਸਾਂਝਾ ਹੈ ਅਤੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਕ ਕਮੇਟੀ ਬਣ ਚੁੱਕੀ ਹੈ।

ਹੇਠ ਦਿੱਤੀ ਤਾਰ ਬਾਵਾ ਹਰਕਿਸ਼ਨ ਸਿੰਘ ਜੀ ਸੱਕਤਰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਪਿਸ਼ਾਵਰ ਤੇ ਚੀਫ਼ ਕਮਿਸ਼ਨਰ ਪਿਸ਼ਾਵਰ ਨੂੰ ਪਹੁੰਚੀ ਹੈ।

"ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਸਬੰਧੀ ਬੜੀ ਦਿਲ ਹਿਲਾ ਦੇਣ ਵਾਲੀ ਖ਼ਬਰ ਸੁਣੀ ਹੈ। ਕਿਸੇ ਵੀ ਅਨਮਤੀ ਦਾ ਦਖ਼ਲ ਸਾਰੇ ਸਿੱਖਾਂ ਵੱਲੋਂ ਬੜੀ ਨਾਰਾਜ਼ਗੀ ਨਾਲ ਵੇਖਿਆ ਜਾਵੇਗਾ। ਇਹ ਗੁਰਦੁਆਰਾ ਸਾਰੇ ਪੰਥ ਦਾ ਸਾਂਝਾ ਹੈ ਅਤੇ ਕੋਈ ਵੀ ਫ਼ੈਸਲਾ ਉਦੋਂ ਤੱਕ ਮੰਨਣਯੋਗ ਨਹੀਂ ਹੋਵੇਗਾ ਜਦੋਂ ਤਾਈਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਜ਼ੂਰ ਨਾ ਹੋ ਜਾਵੇ।"

ਪਤਾ ਲੱਗਾ ਹੈ ਕਿ ਇਸ ਤੋਂ ਬਿਨਾਂ ਹੋਰ ਵੀ ਤਾਰਾਂ ਇਸੇ ਮਤਲਬ ਦੀਆ ਘੱਲੀਆਂ ਗਈਆਂ ਹਨ।

ਖਾਲਸਾ ਵੀਰੋ! ਕਦੋਂ ਤਾਈਂ ਤੁਹਾਡੀ ਇਹ ਦਸ਼ਾ ਰਹੇਗੀ ਕਿ ਦੂਜੇ ਲੋਕ ਤੁਹਾਡੇ ਗੁਰਦੁਆਰਿਆਂ ਤੇ ਕਬਜ਼ੇ ਕਰੀ ਜਾਣ, ਨੌਕਰਸ਼ਾਹੀ ਦੇ ਚਾਟੜਿਆਂ ਨੂੰ ਖੜਕ ਕੇ ਦੱਸ ਦਿਉ ਕਿ ਉਹ ਇਹੋ ਜਿਹੇ ਹੁਕਮ ਕੱਢਣੇ ਬੰਦ ਕਰ ਦੇਣ, ਬਥੇਰੀ ਹੋ ਚੁਕੀ ਹੈ।

ਹਿੰਦੂ ਲੀਡਰ ਇਸ ਵੇਲੇ ਕਿਥੇ ਸੁਤੇ ਪਏ ਹਨ ? ਕੀ ਦੂਜੇ ਮਤਾਂ ਦੇ ਧਾਰਮਿਕ ਅਸਥਾਨਾਂ ਵਿਚ ਦਖ਼ਲ ਦੇਂਦੇ ਹੋਏ ਹਿੰਦੂ ਵੀਰ ਸਵਰਾਜ ਦੀ ਨੀਂਹ ਨੂੰ ਪੱਕਿਆਂ ਕਰ ਰਹੇ ਹਨ ? ਸਾਨੂੰ ਹਿੰਦੂ ਲੀਡਰਾਂ ਤੇ ਅੱਗੇ ਵੀ ਬੜਾ ਰੋਸ ਹੈ ਕਿ ਉਹ ਇਹੋ ਜਿਹੇ ਮੌਕੇ ਤੇ ਨਹੀਂ ਅਪੜਦੇ ਰਹੇ। ਹੁਣ ਵੇਲਾ ਹੈ ਕਿ ਉਹ ਇਸ ਮੌਕੇ ਤੇ ਅੱਗੇ ਹੋਕੇ ਫ਼ੈਸਲਾ ਕਰਾ ਦੇਣ ਤੇ ਖਾਲਸਾ ਜੀ ਦਾ ਪਿਛਲਾ ਰੋਸ ਵੀ ਜਾਂਦਾ ਰਹੇ।

"ਕੀ ਖਾਲਸਾ ਕਾਲਜ ਸਿੱਖਾਂ ਦੇ ਹੱਥ ਹੈ" ?

ਖਾਲਸਾ ਕਾਲਜ ਦੀ ਕੌਂਸਲ ਤਾਂ ਬਣਦੀ ਬਣੇਗੀ। ਵਾਹਿਗੁਰ ਜਾਣੇ ਕਦੋਂ ਮੁੰਡਾ ਜੰਮੇਂ ਤੇ ਕਦੋਂ ਸੇਹਰੇ ਬੰਨ੍ਹੇ। ਹਾਲੀ ਤਾਂ ਵਿਦਿਆਰਥੀਆਂ ਨੂੰ ਹੱਥ ਫੇਰਕੇ ਚੁਪ ਕਰਾ ਲਿਆ ਗਿਆ ਹੈ। ਆਸਾਂ ਵਿਚ ਅਜੇ ਸੁਖਨਾਂ ਹੀ ਸੁਖ ਰਹੇ ਹਨ ਤੇ ਵਿਰੋਧੀਆਂ ਦੀ ਚੜ੍ਹ ਮੱਚੀ ਹੈ। ਹੁਣ ਸਾਡਾ ਮਿਸਟਰ ਵਾਦਨ ਭੀ ਫੁਲਿਆ ਨਹੀਂ ਸਮਾਂਦਾ ਤੇ ਜੋ ਜੀ ਆਉਂਦਾ ਸੋ ਕਰਦਾ ਹੈ। ਸਾਲ ਹੋ ਚਲਿਆ ਹੈ ਕਿ ਕਾਲਜ ਦੀ (Joint Assemb) ਪ੍ਰੋਫ਼ੈਸਰਾਂ ਦੇ ਵਿਦਿਆਰਥੀਆਂ ਦੀ ਇਕ ਇਕਤ੍ਰਤਾ ਹੋਈ ਜਿਸ ਵਿਚ ਇਹ ਬਿਲ ਪਾਸ ਹੋਇਆ ਕਿ ਗੁਰਦੁਆਰੇ ਤੋਂ ਗ਼ੈਰ ਹਾਜ਼ਰੀ ਦਾ ਜੋ ਵਿਦਿਆਰਥੀਆਂ ਪਾਸੋਂ ਜੁਰਮਾਨਾਂ ਲਿਆ ਜਾਂਦਾ ਹੈ ਉਹ ਗੁਰਦੁਆਰੇ ਦੇ ਕੰਮ ਹੀ ਲਾਇਆ ਜਾਵੇ। ਜੋ ਕਿ ਹੁਣ ਤਕ ਅਗੇ ਵਾਂਙੂ ਖੇਡ ਖਾਤੇ ਹੀ ਲਾਇਆ ਜਾਂਦਾ ਹੈ ਪ੍ਰੰਤੂ ਬਿਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਗਈ ਗੁਰਦੁਆਰੇ ਦਰੀਆਂ ਨਾਂ ਹੋਣ ਕਰਕੇ ਵਿਦਿਆਰਥੀ ਭੁੰਏ ਤੇ ਬੈਂਹਦੇ ਰਹੇ ਹਨ ਤੇ ਦਰੀਆਂ ਅੱਜ ਵੀ ਮਾਯਾ ਨਾ ਹੋਣ ਕਰਕੇ ਨਹੀਂ ਆਈਆਂ।

ਇਹ ਮਿਠੀ ਛੁਰੀ ਫੇਰਨ ਵਾਲੇ ਸਿੱਖਾਂ ਨੇ ਮਦਾਰੀਆਂ ਵਾਲਾ ਖੇਡ ਬਣਾਇਆ ਹੋਇਆ ਹੈ। ਅਜੇ ਵਿਦਿਆਰਥੀ ਗੁਰਦੁਆਰੇ ਤੋਂ ਉਠੇ ਵੀ ਨਹੀਂ ਹੁੰਦੇ ਕਿ ਸਾਹਿਬ ਬਹਾਦਰ ਲੰਮਾਂ ਚੋਲਾ ਪਾਈ ਮੂੰਹ ਵਿਚ ਸੀਟੀ ਲਈ ਆ ਵਖਾਲੀ ਦੇਂਦੇ ਹਨ। ਵਿਦਿਆਰਥੀ ਹੁਕਮ ਦੇ ਬਧੇ ਸੀਟੀ ਦੀ ਆਵਾਜ਼ ਸੁਣਦਿਆਂ ਸਾਰ ਨਚਨ ਲੱਗ ਜਾਂਦੇ ਹਨ ਤੇ ਕਵਾਇਦੇ ਸ਼ੁਰੂ ਹੋ ਜਾਂਦੀ ਹੈ। ਇਸ ਤੋਂ ਮਗਰੋਂ ਸੀਤਲ ਇਸਨਾਨ (Cold bath) ਹੁੰਦਾ ਹੈ ਵਿਦਿਆਰਥੀ ਤਲਾ ਵਿਚ ਤਾਰੀ

ਲੈ ਕੇ ਸਾਹਿਬ ਦੇ ਨਾਲ ਹੀ (ਪਿਟੋਪਿਟੀ ਦੀ) ਕਵਾਇਦ ਸ਼ੁਰੂ ਕਰ ਦਿੰਦੇ ਹਨ ਤੇ ਜਿਹੜੇ ਵਿਦਿਆਰਥੀ ਬਹੁਤ ਹਾਜ਼ਰੀਆਂ ਵਾਲੇ ਹੋਣ ਉਨ੍ਹਾਂ ਨੂੰ ਸਾਹਿਬ ਬਹਾਦਰ ਇਨਾਮ ਦਿੱਤਾ ਕਰਦੇ ਹਨ। ਸਾਡੇ ਸਿੱਖਾਂ ਨੂੰ ਤਾਂ ਭਾਈ ਗੁਰਦਾਸ ਜੀ ਦੇ ਪਵਿੱਤਰ ਸ਼ਬਦਾਂ ਅਨੁਸਾਰ ਅੰਮ੍ਰਿਤ ਵੇਲੇ ਗੁਰਦੁਆਰੇ ਜਾਣ ਤੋਂ ਪਹਿਲੋਂ ਇਸ਼ਨਾਨ ਕਰਨਾ ਚਾਹੀਦਾ ਹੈ ਪਰ ਇਥੇ ਸਾਹਿਬ ਦੇ ਇਨਾਮਾਂ ਦੇ ਲਾਲਚ ਵਿਚ ਆ ਕੇ ਮੁੰਡਿਆਂ ਨੂੰ ਇਕ ਹੋਰ ਵਾਦੀ ਪੈ ਗਈ ਹੈ ਜਦ ਗੁਰਦੁਆਰੇ ਆਉਣ ਦਾ ਧੌਂਸਾ ਹੁੰਦਾ ਹੈ ਤਾਂ ਅੱਖਾਂ ਮਲਦੇ ਮਲਦੇ ਮੂੰਹ ਵਿਚ ਦਾਤਨਾਂ ਪਾਈ ਗੁਰਦੁਆਰੇ ਆ ਜਾਂਦੇ ਹਨ ਤੇ ਵਾਕ ਸੁਣਕੇ ਕਵਾਇਦ ਕਰਨ ਲੱਗ ਜਾਂਦੇ ਹਨ ਅਤੇ ਫੇਰ ਇਸ਼ਨਾਨ ਕਰਦੇ ਹਨ। ਹੁਣ ਆਪ ਹੀ ਸੋਚ ਸਕਦੇ ਹੋ ਕਿ ਜੇ ਪ੍ਰਿੰਸੀਪਲ ਸਿੰਘ ਹੁੰਦਾ ਤਾਂ ਵਿਦਿਆਰਥੀਆਂ ਨੂੰ ਗੁਰਦੁਆਰੇ ਆਉਣ ਤੋਂ ਪਹਿਲੋਂ ਇਸ਼ਨਾਨ ਕਰਨ ਦੀ ਵਾਦੀ ਨਾਂ ਪਾਂਦਾ? ਤੇ ਜੇ ਸਿਖੀ ਦੇ ਅਸੂਲਾਂ ਤੇ ਚਲਦੇ ਆਦਮੀ ਇਥੋਂ ਬਣਕੇ ਨਹੀਂ ਨਿਕਲਦੇ ਤਾਂ ਸਭ ਨਿਸਫਲ ਹੈ।

ਐ ਖਾਲਸਾ ਪੰਥ! ਤੂੰ ਜਾਗ! ਦਿਨੋਂ ਦਿਨ ਤੂੰ ਲੁਟਿਆ ਜਾ ਰਿਹਾ ਹੈ। ਇਤਨਾ ਰੁਪਿਆ ਲੱਗਾ ਤੇ ਫੇਰ ਕੋਈ ਫਲ ਨਹੀਂ। ਇਥੇ ਹੀ ਬਸ ਨਹੀਂ ਤੇ ਦਸ ਦਿਨ ਹੋਏ ਕਿ ਪ੍ਰਿੰਸੀਪਲ ਵੱਲੋਂ ਇਕ ਨੋਟਿਸ ਜਮਾਤਾਂ ਵਿਚ ਫੇਰਿਆ ਗਿਆ ਕਿ ੨੧ ਦਸੰਬਰ ਨੂੰ ਵਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਦੀ ਛੁਟੀ ਅਤੇ ੨੫ ਨੂੰ ਮਹਾਤਮਾ ਈਸਾ ਜੀ ਦੇ ਜਨਮ ਦਿਨ ਦੀ ਛੁਟੀ ਤੇ ੨੭ ਨੂੰ ਸਰਦਾਰ ਸੁੰਦਰ ਸਿੰਘ ਮਜੀਠੀਏ ਜੀ ਦੇ ਪੰਜਾਬ ਦੀ ਐਗਜ਼ੈਕਟਵ ਕੌਂਸਲ ਦੇ ਮੈਂਬਰ ਹੋਣ ਦੀ ਖੁਸ਼ੀ ਵਿਚ ਛੁਟੀ ਹੋਵੇਗੀ। ਇਸ ਚਤਰ ਪ੍ਰਿੰਸੀਪਲ ਨੂੰ ਪਤਾ ਵੀ ਸੀ ਕਿ ਦਸ ਨੂੰ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਹੈ ਪਰ ਇਸ ਨੇ ਸਰਦਾਰ ਬਹਾਦਰ ਨੂੰ ਖੁਸ਼ ਕਰਨ ਲਈ ਇਹ ਚਾਲ ਖੇਡੀ ਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਦਾ ਜਿਕਰ ਵੀ ਨਾਂ ਕੀਤਾ ਜਿਸ ਦਾ ਸਿੱਟਾ ਇਹ ਹੋਇਆ ਕਿ ੨੭ ਨੂੰ ਸਵੇਰੇ ਵਿਦਿਆਰਥੀ ਗੁਰਦੁਆਰੇ ਬਹੁਤ ਥੋੜ੍ਹੇ ਗਏ ਸਨ ਕੇਵਲ ਖਬਰ ਨਾਂ ਹੋਣ ਕਰਕੇ ਇਕ ਸਿੱਖ ਹਿਰਦਾ ਇਹ ਜਾਣ ਸਕਦਾ ਹੈ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਦੀ ਛੁਟੀ ਸਰਦਾਰ ਹੋਰਾਂ ਦੇ ਮੈਂਬਰ ਬਨਣ ਦੀ ਛੁਟੀ ਨਾਲੋਂ ਕਿਨੀ ਕੁ ਜ਼ਰੂਰੀ ਸੀ ਤੇ ਇਸ ਦਾ ਵਿਦਿਆਰਥੀਆਂ ਨੂੰ ਕਿਤਨਾ ਕੁ ਰੰਜ ਹੋਇਆ ਹੈ, ਪਰ ਸਾਹਿਬ ਬਹਾਦਰ ਨੂੰ ਇਸ ਦੀ ਕੀ ਪ੍ਰਵਾਹ!

ਖਾਲਸਾ ਜੀ ਹੁਣ ਆਪ ਅੰਦਾਜ਼ਾ ਲਾ ਲਵੋ ਕਿ ਅਸਿੱਖ ਪ੍ਰਿੰਸੀਪਲ ਦੇ ਹੁੰਦਿਆਂ ਕਾਲਜ ਕਿਥੋਂ ਤਕ ਸਿੱਖਾਂ ਦੇ ਹੱਥ ਹੈ।

(ਵਸਨੀਕ)

ਅਕਾਲੀ ਲਾਹੌਰ, ੨ ਜਨਵਰੀ ੧੯੨੧

ਖਾਲਸਾ ਜੀ ਦੀ ਰਾਜਸੀ ਸੇਵਾ ਸਾਡੇ ਵਖਰੇ, ਹੱਕ।

ਹਿੰਦੂ ਤੇ ਮੁਸਲਮਾਨ ਲੀਡਰ ਧਿਆਨ ਦੇਣ।

ਪਦਾਰਥ ਵਿਦਯਾ (ਸਾਇੰਸ) ਦੇ ਖੋਜੀਆਂ ਨੇ ਇਕ ਮੁਢਲਾ ਨਿਯਮ ਇਹ ਹੀ ਲੱਭਿਆ ਹੈ ਕਿ ਕੇਵਲ ਉਹ ਹੀ ਜੀਵ ਇਸ ਦੁਨੀਆਂ ਵਿਚ ਜੀਉਂਦੇ ਰਹਿ ਸਕਦੇ ਹਨ, ਜਿਹੜੇ ਖਿਚੋਤਾਣ ਵਿਚ ਸਭ ਤੋਂ ਵਧ ਜੀਵਨ ਦੇ ਯੋਗ ਸਾਬਤ ਹੁੰਦੇ ਹਨ। ਇਹ ਮੁੱਢਲਾ ਨਿਯਮ ਮਨੁਸ਼ ਜ਼ਾਤੀ ਵਿਚ ਵੀ ਠੀਕ ਉਸ ਤਰ੍ਹਾਂ ਹੀ ਵਰਤਦਾ ਹੈ।

ਹਿੰਦ ਦਾ ਇਤਿਹਾਸ ਦੱਸਦਾ ਹੈ ਕਿ ਜੇਹੜੀਆਂ ਕੌਮਾਂ ਵਿਚ ਮੁਕਾਬਲੇ ਦੀ ਤਾਕਤ ਨਾ ਰਹੀ ਉਹ ਜੀਉਂਦੀਆਂ ਨਾ ਰਹਿ ਸਕੀਆਂ ਅਰ ਭੀਲ, ਗੋਂਡ, ਸੰਥਾਲ ਆਦਿ, ਪੁਰਾਣੇ ਆਰੀਏ, ਬੋਧੀ, ਨਵੇਂ ਹਿੰਦੂਮਤ ਵਾਲੇ ਪਠਾਨ, ਮੁਗ਼ਲ, ਮਰਹਟੇ, ਸਿੱਖ, ਅੰਗ੍ਰੇਜ਼ ਆਪਣੀ ਵਾਰੀ ਸਿਰ ਦੂਜੀਆਂ ਕੌਮਾਂ ਨੂੰ ਜਿਤ ਕੇ ਆਪ ਰਾਜ ਕਰਦੇ ਰਹੇ, ਪਰ ਜਦੋਂ ਕਿਸੇ ਖ਼ਾਸ ਕੌਮ ਦੇ ਆਮ ਪੁਰਸ਼ਾ ਵਿਚ ਉਹ ਮੁਕਾਬਲੇ ਦੀ ਤਾਕਤ ਨਾ ਰਹੀ ਉਹ ਹਾਰ ਗਈਆਂ ਅਤੇ ਉਨਾਂ ਦਾ ਨਾਂ ਕੇਵਲ ਇਤਿਹਾਸ ਵਿਚ ਹੀ ਦਿਸਣ ਯੋਗ ਰਹਿ ਗਿਆ।

ਇਸ ਵੇਲੇ ਸਭ ਹਿੰਦ ਵਾਸੀਆਂ ਦੇ ਦਿਲਾਂ ਵਿਚ ਇਹ ਉਮੰਗਾਂ ਮਾਰ ਰਿਹਾ ਹੈ ਕਿ ਹੁਣ ਅਸੀਂ ਕਿਸੇ ਬਾਹਰਲੀ ਕੌਮ ਦੇ ਗੁਲਾਮ ਨਾਂ ਰਹੀਏ ਅਤੇ ਆਪਣੀ ਸੁਤੰਤਰਤਾ ਆਪ ਹਾਸਲ ਕਰੀਏ। ਇਸ ਵਿਚ ਹਿੰਦੂ, ਮੁਸਲਮਾਨ, ਸਿੱਖ ਆਦਿ ਸਭ ਸ਼ਾਮਿਲ ਹਨ। ਪਰ ਮੁਸਲਮਾਨ ਭਰਾ ਇਹ ਸਮਝਦੇ ਹੋਏ ਕਿ ਇਸ ਆਜ਼ਾਦੀ ਨਾਲੋਂ ਵੀ ਕੋਈ ਹੋਰ ਉਚੀ

ਚੀਜ਼ ਹੈ, ਆਪਣੇ ਹਿੰਦੂ ਭਰਾਵਾਂ ਕੋਲੋਂ ਇਹ ਮਨਾਂਦੇ ਹਨ ਕਿ ਉਨ੍ਹਾਂ ਨੂੰ ਹਿੰਦ ਦੇ ਰਾਜ ਵਿਚ ਵਖਰਾ ਹਿੱਸਾ ਜ਼ਰੂਰ ਮਿਲੇ, ਅਤੇ ਉਹ ਲੈ ਕੇ ਰਹਿੰਦੇ ਹਨ। ਜਦੋਂ ਤਾਈਂ ਇਹ ਗੱਲ ਲਖਨਊ ਕਾਂਗਰਸ ਨੇ ਮੰਨ ਨਹੀਂ ਲਈ, ਉਦੋਂ ਤਕ ਇਹ ਕਾਂਗਰਸ ਰੂਪੀ ਗੱਡਾ ਠੀਕ ਤਰ੍ਹਾਂ ਨਹੀਂ ਟੁਰ ਸਕਿਆ।

ਇਸੇ ਤਰ੍ਹਾਂ ਅਸੀਂ ਸਿੱਖ ਵੀ ਇਸ ਰਾਜਸੀ ਸੁਤੰਤਰਤਾ ਨਾਲੋਂ ਇਕ ਹੋਰ ਚੀਜ਼ ਨੂੰ ਜ਼ਿਆਦਾ ਉਚੀ ਅਤੇ ਲੈਣ ਜੋਗ ਸਮਝਦੇ ਹਾਂ, ਕਿ ਸਾਡੀ ਵੱਖਰੀ ਹਸਤੀ ਮੰਨੀ ਜਾਏ, ਅਤੇ ਕਿਤੇ ਇਸ ਖਿਚੋਤਾਨ ਵਿਚ ਸਾਨੂੰ ਐਸੀ ਸੱਟ ਨਾ ਲੱਗੇ ਕਿ ਅਸੀਂ ਇਕ ਬਾਹਰਲੀ ਕੌਮ ਦੀ ਗੁਲਾਮੀ ਤੋਂ ਨਿਕਲਦੇ ਹੋਏ ਆਪਣੇ ਹਿੰਦੂ ਮੁਸਲਮਾਨ ਵੀਰਾਂ ਦੀ ਗ਼ੁਲਾਮੀ ਵਿਚ ਫਸ ਜਾਈਏ।

ਸਾਨੂੰ ਹੁਣ ਤੱਕ ਇਹ ਕਿਹਾ ਗਿਆ ਹੈ ਕਿ ਅਸਾਂ ਨੇ ਰਾਜਸੀ ਸੇਵਾ ਵਿਚ ਹਿੱਸਾ ਨਹੀਂ ਲਿਆ, ਇਸ ਵਿਚ ਕਹਿਣ ਵਾਲਿਆਂ ਨੂੰ ਬਹੁਤ ਸਾਰਾ ਭੁਲੇਖਾ ਲੱਗਾ ਰਿਹਾ ਹੈ।

ਅਸੀਂ ਇਹ ਪੁਛਨੇ ਹਾਂ ਕਿ ਮੁਸਲਮਾਨ ਭਰਾ ੧੯੧੬ ਤੋਂ ਪਹਿਲਾਂ ਕਾਂਗਰਸ ਨੂੰ ਕਿਸ ਨਜ਼ਰ ਨਾਲ ਵੇਖਦੇ ਰਹੇ ? ਪਰ ਫੇਰ ਵੀ ਉਨ੍ਹਾ ਦਾ ਨਾਲ ਸ਼ਾਮਿਲ ਕਰਨਾ ਹਿੰਦੂਆਂ ਨੇ ਜ਼ਰੂਰੀ ਸਮਝਿਆ। ਪਰ ਨਾਲ ਹੀ ਇਹ ਵੀ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਮੁਸਲਮਾਨਾਂ ਦਾ ਤੇ ਸਿੱਖਾਂ ਦਾ ਆਪਸ ਵਿਚ ਕੋਈ ਮੁਕਾਬਲਾ ਨਹੀਂ। ਸਿੱਖ ਕੇਵਲ ਪੰਜਾਬ ਵਿਚ ਹੀ ਜ਼ਿਆਦਾ ਰਹਿੰਦੇ ਹਨ, ਮੁਸਲਮਾਨ ਸਾਰੇ ਉਤਰੀ ਹਿੰਦ ਵਿਚ ਤੇ ਕੁਝ ਦਖਣ ਵਿਚ ਵੀ। ਪੰਜਾਬ ਦੇ ਮੁਸਲਮਾਨ ਦਾ ਕਾਂਗਰਸ ਨਾਲ ਕਿੰਨਾ ਕੁ ਪਿਆਰ ਰਿਹਾ ਹੈ ? ਅਸਲ ਵਿਚ ਪੰਜਾਬ ਦੀ ਹਾਲਤ ਬਾਕੀ ਸਾਰੇ ਹਿੰਦ ਨਾਲੋਂ ਵਖਰੀ ਹੈ, ਇਥੇ ਹੁਣ ਤਕ ਸਾਰੀਆਂ ਕੌਮਾਂ ਦੇ ਆਗੂ ਵੱਡੇ ਵੱਡੇ ਰਈਸ ਤੇ ਜਾਗੀਰਦਾਰ ਬਣੇ ਰਹੇ ਹਨ। ਜਿਨ੍ਹਾਂ ਤੋਂ ਕਿਸੇ ਵੀ ਰਾਜਸੀ ਕੰਮ ਦੀ ਆਸ ਰੱਖਣੀ ਇਕ ਮੂਰਖਤਾ ਹੈ। ਸੋ ਟਾਵੇਂ ਟਾਵੇਂ ਆਗੂ ਪੰਜਾਬ ਤੋਂ ਬਾਹਰ ਕਾਂਗਰਸ ਵਿਚ ਸ਼ਾਮਿਲ ਹੁੰਦੇ ਰਹੇ ਤੇ ਇਸ ਨੂੰ ਹੀ ਕਾਫ਼ੀ ਰਾਜਸੀ ਸੇਵਾ ਸਮਝਿਆ ਗਿਆ ਹੈ। ਅਸੀਂ ਚਾਹੁੰਦੇ ਹਾਂ ਕਿ ਜਰਾ ਹਿੰਦੂ ਤੇ ਮੁਸਲਮਾਨ ਲੀਡਰ ਜਿਹੜੇ ਸਾਨੂੰ ਵਖਰੇ ਹਕ ਦੇਣ ਤੋਂ ਨਾਂਹ ਕਰਦੇ ਹਨ, ਇਸ ਉਪਰਲੀ ਗੱਲ ਨੂੰ ਖ਼ਿਆਲ ਵਿਚੋਂ ਨਾ ਭੁਲਾ ਦਿਆ ਕਰਨ। ਮਜੀਠੀਆ ਬਹਾਦਰ ਜੀ ਦੇ ਕੌਂਸਲ ਵਿਚ ਕੀਤੇ ਹੋਏ ਕਾਰਨਾਮਿਆਂ ਤੋਂ ਸਿੱਖਾਂ ਦੀ ਰਾਜਸੀ ਸੇਵਾ ਦਾ ਅੰਦਾਜ਼ਾ ਲਾਣਾ ਠੀਕ ਨਹੀਂ।

ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਇਹ ਕਹਿਣਾ ਕਿ ਖਾਲਸਾ ਜੀ ਨੇ ਕੌਮੀ ਸੇਵਾ ਵਿਚ ਹਿੱਸਾ ਨਹੀਂ ਲਿਆ, ਗ਼ਲਤ ਹੈ। ਹਾਂ ਕਾਂਗਰਸ ਵਿਚ ਸਿੱਖ ਕਾਫ਼ੀ ਗਿਣਤੀ ਵਿਚ ਸ਼ਾਮਿਲ ਨਹੀਂ ਹੁੰਦੇ ਰਹੇ ਅਤੇ ਉਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਬਹੁਤ ਥੋੜ੍ਹੇ ਸਮੇਂ ਤੋਂ ਹੀ ਸਿੱਖਾਂ ਵਿਚ ਅੰਗ੍ਰੇਜ਼ੀ ਵਿਦਿਆ ਦਾ ਪ੍ਰਚਾਰ ਹੋਣਾ ਸ਼ੁਰੂ ਹੋਇਆ ਹੈ।

ਸਿੱਖ ਕੌਮ ਉਹ ਕੌਮ ਹੈ, ਜਿਹੜੀ ਬਹੁਤੀਆਂ ਗੱਲਾਂ ਕਰਨੀਆਂ ਨਹੀਂ ਜਾਣਦੀ। ਪਰ ਜਦੋਂ ਕੰਮ ਦਾ ਵੇਲਾ ਆਵੇ ਤਾਂ ਕਿਸੇ ਨਾਲੋਂ ਪਿੱਛੇ ਨਹੀਂ ਰਹੇਗੀ। ਸਿੱਖ ਕੌਮ, ਸਰਦਾਰਾਂ ਨੂੰ ਇਕ ਪਾਸੇ ਛਡਦੇ ਹੋਏ, ਸਿੱਖ ਕੌਮ ਰਾਜਸੀ ਕੰਮਾਂ ਵਿਚ ਦੂਜਆਂ ਕੌਮਾਂ ਨਾਲੋਂ ਪਿੱਛੇ ਨਹੀਂ ਰਹੀ। ਸਾਡੀ ਹੇਠ ਲਿਖੀ ਵਿਚਾਰ ਤੋਂ ਠੀਕ ਪਤਾ ਲੱਗ ਜਾਵੇਗਾ। ਸਵਰਾਜ ਦਾ ਖ਼ਿਆਲ ਜੰਗ ਦੇ ਸਮੇਂ ਹਿੰਦ ਵਾਸੀਆਂ ਦੇ ਦਿਲਾਂ ਵਿਚ ਜ਼ਿਆਦਾ ਪੈਦਾ ਹੋਣ ਲੱਗ ਪਿਆ, ਅਤੇ ਪਹਿਲਾਂ ਜਿਸ ਗੱਲ ਦੇ ਆਸਰੇ ਬਹੁਤ ਕਰਕੇ ਸਵਰਾਜ ਦਾ ਹੱਕ ਮੰਗਿਆ ਗਿਆ ਸੀ, ਉਹ ਯੂਰਪ ਦੇ ਭਿਆਨਕ ਜੰਗ ਦੇ ਦਿਨਾਂ ਦੀ ਫ਼ੌਜੀ ਸੇਵਾ ਸੀ। ਇਹ ਗੱਲ ਬੜੀਆਂ ਉਚੀਆਂ ਉਚੀਆਂ ਬਾਹਵਾਂ ਉਲਾਰ ਕੇ ਆਖੀ ਜਾਂਦੀ ਸੀ ਕਿ ਅਸਾਂ ਲੜਾਈ ਵਿਚ ਸਲਤਨਤ ਦੀ ਸਹਾਇਤਾ ਕੀਤੀ ਹੈ ਅਤੇ ਉਸੇ ਤਰ੍ਹਾਂ ਦੀ ਸਹਾਇਤਾ ਕੀਤੀ ਹੈ ਜਿਸ ਤਰ੍ਹਾਂ ਕੈਨੇਡਾ ਆਸਟਰੇਲੀਆ ਆਦਿ ਨੇ, ਤੇ ਸਾਨੂੰ ਵੀ ਉਸੇ ਤਰ੍ਹਾਂ ਦੀ ਸੁਤੰਤਰਤਾ ਮਿਲਨੀ ਚਾਹੀਦੀ ਹੈ। ਇੰਗਲਸਤਾਨ ਵਾਲੇ ਉਦੋਂ ਇਸੇ ਗੱਲ ਤੇ ਰੀਝੇ ਸਨ ਅਤੇ ਹਿੰਦ ਦੇ ਰੌਲੇ ਨੂੰ ਮੱਠਾ ਕਰਨ ਵਾਸਤੇ ਸਿਮਟਰ ਮੌਂਟੇਂਗੂ ਨੂੰ ਇਕ ਸੁਧਾਰ ਸਕੀਮ ਦਾ ਢਾਂਚਾ ਬਨਾਣ ਵਾਸਤੇ ਘਲਿਆ ਗਿਆ। ਅਜ ਭਾਵੇਂ ਸਭ ਇਸ ਗੱਲ ਤੇ ਮਖੌਲ ਕਰਦੇ ਹਨ ਕਿ ਸਿੱਖਾਂ ਨੇ ਜੰਗ ਵਿਚ ਸਭ ਤੋਂ ਵਧ ਕੇ ਮਦਦ ਦਿੱਤੀ, ਪਰ ਉਨੋਂ ਦਿਨੀਂ ਸਾਰੇ ਦੇ ਸਾਰੇ ਹੀ ਆਪਣੀ ਹਿੰਦੀਆਂ ਦੀ ਜੰਗੀ ਸੇਵਾ ਤੇ ਮਾਨ ਕਰਦੇ ਨਹੀਂ ਸਨ ਥਕਦੇ, ਅਤੇ ਉਸ ਜੰਗੀ ਸੇਵਾ ਦਾ ਕਰਨ ਵਾਲਾ ਕੌਣ ਸੀ ? ਇਹ ਖਾਲਸਾ ਵੀਰ ਹੀ ਸਨ, ਜਿਹੜੇ ਹਜ਼ਾਰਾਂ ਦੀ ਗਿਣਤੀ ਚਿ ਆਪਣੇ ਸੋਹਣੇ ਜਵਾਨ ਮਰਵਾ ਬੈਠੇ ਹਨ। ਤੇ ਹੁਣ ਉਨ੍ਹਾਂ ਨੇ ਇਨ੍ਹਾਂ ਘਾਲਾਂ ਦਾ ਮੁਲ ਨਹੀਂ ਪਾਇਆ ਹੈ, ਜਿਨ੍ਹਾਂ ਵਾਸਤੇ ਇਹ ਸਭ ਕੁਝ ਕੀਤਾ ਗਿਆ ਹੈ। ਹੁਣ ਅਕ੍ਰਿਤਘਨਤਾ ਵਖਾ ਰਹੇ

ਹਨ ਤੇ ਸਾਡੇ ਆਪਣੇ ਹਿੰਦੂ ਮੁਸਲਮਾਨ ਭਰਾ ਸਾਨੂੰ ਤਾਹਨੇ ਦੇ ਰਹੇ ਹਨ ਕਿ ਤੁਸਾਂ ਦੂਜਿਆਂ ਦੀ ਆਜ਼ਾਦੀ ਦੁਆ ਦਿੱਤੀ। ਕਰਤਾਰ ਦੇ ਰੰਗ!

ਕੈਨੇਡੀ ਵੀਰਾਂ ਨੇ ਉਹ ਕੰਮ ਕਰ ਕੇ ਵਿਖਾਇਆ ਜਿਹੜਾ ਇਕਲਾ ਹੀ ਇਕ ਵੱਡੀ ਰਾਜਸੀ ਸੇਵਾ ਹੈ ਤੇ ਇਸਨੂੰ ਸਾਹਮਣੇ ਰੱਖਦੇ ਹੋਏ ਕਿਸੇ ਨੂੰ ਇਹ ਆਖਣ ਦਾ ਹੀਆ ਨਹੀਂ ਪੈਣਾ ਚਾਹੀਦਾ ਕਿ ਸਿੱਖ ਰਾਜਸੀ ਕੰਮ ਵਿਚ ਹਿੱਸਾ ਨਹੀਂ ਲੈਂਦੇ ਰਹੇ। ਕੀ ਉਹ ਹਿੰਦੂ ਤੇ ਮੁਸਲਮਾਨ ਲੀਡਰ ਜੇਹੜੇ ਹੁਣ ਸਿੱਖਾਂ ਨੂੰ ਆਖ ਰਹੇ ਹਨ ਕਿ 'ਸਿੱਖਾਂ ਰਾਜਸੀ ਕੰਮਾਂ ਵਿਚ ਹਿੱਸਾ ਨਹੀਂ ਲਿਆ' ਕੋਈ ਇਕ ਤਹਰੀਕ ਵਿਖਾ ਸਕਦੇ ਹਨ ਜਿਸ ਵਿਚ ਕਿਨੇ ਸੌ ਪੁਰਸ਼ਾਂ ਨੇ ਇਕੱਠੇ ਜਾਨਾਂ ਦੇ ਕੇ ਦੁਨੀਆਂ ਨੂੰ ਵਿਖਾ ਦਿੱਤਾ ਹੋਵੇ ਕਿ ਅੰਗ੍ਰੇਜ਼ੀ ਰਾਜ ਵਾਲੇ ਹਿੰਦੀਆਂ ਦਾ ਕੀ ਕਦਰ ਕਰਦੇ ਹਨ। ਤੇ ਕੁਰਬਾਨ ਹੋਣ ਵਾਲੇ ਵੀਰ ਵੀ ਉਹ ਹਨ ਕਿ ਜਿਨ੍ਹਾਂ ਦੇ ਕਾਰਨਾਮੇ ਸੁਣ ਕੇ ਸਾਡੇ ਇਨੇ ਚਿਰ ਪਿੱਛੋਂ ਵੀ ਅਥਰੂ ਨਿਕਲ ਆਉਂਦੇ ਹਨ, ਅਤੇ ਸਾਰੇ ਪਿੰਡ ਵਿਚ ਖਰਰਾਹਟ ਛਿੜ ਜਾਂਦੀ ਹੈ। ਐਸ ਵੇਲੇ ਸਾਡੇ ਦਰਜਨਾਂ ਵੀਰ, ਬਾਣੀ ਦੇ ਰਸੀਏ ਤੇ ਨਾਮ ਦੇ ਅਭਿਆਸੀ ਹਜ਼ਾਰੀ ਬਾਗ ਜੇਲ੍ਹ ਅਤੇ ਕਾਲੇ ਪਾਣੀ ਵਿਚ ਰਹਿੰਦੀਆਂ ਹੋਇਆਂ ਵੀ ਸਵਰਗ ਮਨਾ ਰਹੇ ਹਨ।

ਰੌਲਟ ਐਕਟ ਦੇ ਮਗਰੋਂ ਜਿਹੜੀ ਅਵਾਜ਼ ਦੇਸ਼ ਵੱਲੋਂ ਉਠਾਈ ਗਈ ਅਤੇ ਜਿਹੜੀ ਕੁਰਬਾਨੀ ਦਾ ਵੇਲਾ ਆਇਆ ਉਸ ਵਿਚ ਖਾਲਸਾ ਵੀਰ ਵਧ ਵਧ ਕੇ ਹਿੱਸਾ ਲੈਂਦੇ ਰਹੇ। ਉਸ ਦੇ ਉਪਰੰਤ ਨਾ ਮਿਲਵਰਤਨ ਆਇਆ ਤੇ ਇਸ ਵਿਚ ਵੀ ਖਾਲਸਾ ਜੀ ਨੇ ਉਹ ਕੁਝ ਕਰ ਵਿਖਾਇਆ ਜੋ ਕੁਝ ਇਸ ਕੌਮ ਦੇ ਸ਼ਾਨ ਯੋਗ ਸੀ। ਬਾਕੀ, ਮੂੰਹ ਕਾਲੀਆਂ ਭੇਡਾਂ ਤਾਂ ਹਰ ਦੇਸ਼, ਹਰ ਕੌਮ, ਹਰ ਸਮੇਂ ਦੇ ਵਿਚ ਪਾਈਆਂ ਜਾਂਦੀਆਂ ਹਨ। ਕੀ ਅਜੇ ਵੀ ਸਾਡੇ ਹਿੰਦੂ ਤੇ ਮੁਸਲਮਾਨ ਵੀਰ ਇਹ ਆਖਣ ਦਾ ਹੀਆ ਕਰਦੇ ਹਨ ਕਿ ਸਿੱਖਾਂ ਨੇ ਰਾਜਸੀ ਕੰਮਾਂ ਵਿਚ ਹਿੱਸਾ ਨਹੀਂ ਲਿਆ ? ਹਾਂ ਜਬਾਨੀ ਜਮਾਂ ਖਰਚ ਅਤੇ ਮਤੇ ਪਾਸ ਕਰ ਕਰ ਘੱਲਨ ਦੇ ਵੇਲੇ ਤਾਈਂ ਤਾਂ ਸਿੱਖ ਜ਼ਰੂਰ ਲਾਂਭੇ ਰਹੇ ਹਨ। ਪਰ ਜਦੋਂ ਲਹੂ ਡੋਹਲ ਕੇ ਸਵਰਾਜ ਲੈਣ ਦਾ ਵੇਲਾ ਆਇਆ ਤਾਂ ਇਹ ਕਿਸੇ ਨਾਲੋਂ ਪਿੱਛੇ ਨਹੀਂ ਰਹੇ।

ਦੂਸਰਾ ਅਸੀਂ ਕਿਸੇ ਤੇ ਇਹਸਾਨ ਨਹੀਂ ਕਰ ਰਹੇ, ਅਸੀਂ ਤਾਂ ਕੌਮ ਦੀ ਸੇਵਾ ਕਰਨਾ ਆਪਣੇ ਧਰਮ ਦਾ ਅੰਗ ਸਮਝਦੇ ਹਾਂ। ਪਰ ਇਹ ਕਦੇ ਨਹੀਂ ਹੋਣ ਦਿਆਂਗੇ ਕਿ ਹਿੰਦ ਦੇ ਰਾਜ ਵਿਚ ਸਾਡੀ ਕੋਈ ਆਵਾਜ਼ ਨਾ ਹੋਵੇ, ਜਦੋਂ ਤਾਈਂ ਮੁਸਲਮਾਨ ਆਪਣੇ ਵਖਰੇ ਹੱਕਾਂ ਨੂੰ ਮੰਨੀ ਬੈਠੇ ਹਨ, ਸਿੱਖਾਂ ਨੂੰ ਕਿਉਂ ਵਖਰੇ ਹੱਕ ਮੰਗਣੇ ਤੇ ਮਖੌਲ ਕੀਤਾ ਜਾਵੇ।

ਸ. ਪ੍ਰੇਮ ਸਿੰਘ ਜੀ ਆਡੀਟਰ ਲਾਹੌਰ ਨੇ ਕਾਂਗਰਸ ਤੇ ਜਾਣ ਲੱਗਿਆ ਇਹ ਗੱਲਬਾਤ ਕੀਤੀ ਸੀ ਕਿ ਅਸੀਂ ਆਪਣੇ ਵਖਰੇ ਹੱਕ ਲੈਣ ਦੀ ਅਵਾਜ਼ ਉਠਾਵਾਂਗੇ। ਸੋ ਜੇ ਇਸ ਵਾਰੀ ਨਾ ਮਿਲਵਰਤਨ ਅਤੇ ਕਾਂਗਰਸ ਦੇ ਮੁੱਢਲੇ ਨਿਯਮਾਂ ਦਾ ਗਾੜ੍ਹ ਹੋਣ ਕਰ ਕੇ ਇਹ ਸਵਾਲ ਪੇਸ਼ ਨਾ ਵੀ ਹੋ ਸਕੇ ਤਾਂ ਕਾਂਗਰਸ ਤੋਂ ਆਉਂਦਿਆਂ ਹੀ ਸਿੱਖ ਲੀਗ ਵਿਚ ਸਭੇ ਵੀਰ ਮਿਲ ਕੇ ਇਸ ਗੱਲ ਵਾਸਤੇ ਕਾਂਗਰਸ ਵਿਚ ਲੀਡਰਾਂ ਨਾਲ ਗੱਲ ਬਾਤ ਕਰੋ, ਅਤੇ ਸਭ ਖਾਲਸਾ ਜੀ ਦੀ ਅਵਾਜ਼ ਪਿਛੇ ਹੋਵੇਗੀ।

ਇਕ ਸੱਜਣ ਜੀ ਨੇ ਪਿੱਛੇ ਜਿਹੇ ਇਕ ਆਪਣੇ ਖ਼ਤ ਵਿਚ ਇਸੇ ਅਖ਼ਬਾਰ ਵਿਚ ਲਿਖਿਆ ਸੀ ਕਿ ਜੇ ਸਾਨੂੰ ਵਖਰੇ ਹੱਕ ਨਾ ਦਿੱਤੇ ਗਏ ਤਾਂ ਅਸੀਂ ਤਲਵਾਰ ਦੇ ਜ਼ੋਰ ਨਾਲ ਲਾਂਗੇ ਉਸ ਵਿਚ ਜ਼ਰਾ ਜਿਨਾਂ ਵੀ ਸ਼ੱਕ ਨਹੀਂ ਹੈ।

ਖਾਲਸਾ ਜੀ ਜਿਸ ਦਿਨ ਤੋਂ ਵੀ ਰਾਜਸੀ ਮੈਦਾਨ ਵਿਚ ਜ਼ਿਆਦਾ ਹਿੱਸਾ ਲੈਣ ਲੱਗ ਪਿਆ ਹੈ, ਜ਼ਮਾਨਾ ਹੀ ਬਦਲ ਗਿਆ ਹੈ, ਤੇ ਸਾਨੂੰ ਆਸ ਹੈ ਕਿ ਨਿਰਾਸ਼ ਕਰਨ ਦਾ ਖ਼ਿਆਲ ਨਾ ਕਰਨਗੇ ਤੇ ਹੁਣ ਇਹ ਉਚਾਰਨਾ ਵੀ ਛਡ ਦੇਣਗੇ ਕਿ ਸਿੱਖ ਰਾਜਸੀ ਕੰਮਾਂ ਵਿਚ ਪਿੱਛੇ ਰਹੇ ਹੋਣਗੇ।

ਅਕਾਲੀ ਲਾਹੌਰ, ੩ ਜਨਵਰੀ ੧੯੨੧

ਖਾਲਸਾ ਜੀ ਅਕਾਲੀ ਦਲਾਂ ਵਿਚ ਰਲਕੇ ਜਨਮ ਸਵਾਰ ਲੌ !

ਧੰਨ ਹੈ ਸਤਿਗੁਰੂ ਕਿ ਖਾਲਸਾ ਜੀ ਵਿਚ ਫੇਰ ਪੁਰਾਣੇ ਸਮੇਂ ਵਾਲੀ ਕਲਾ ਵਰਤਣ ਲੱਗੀ ਹੈ ਅਤੇ ਖਾਲਸਾ ਜੀ ਨੂੰ ਆਪਣੇ ਗੁਰਦੁਆਰਿਆਂ ਦੇ ਸੁਧਾਰ ਦਾ ਚੇਤਾ ਆਇਆ ਹੈ। ਨਿਰਸੰਦੇਹ ਇਹ ਬੜੀ ਸ਼ਰਮ ਵਾਲੀ ਗੱਲ ਸੀ ਕਿ

ਗੁਰਦੁਆਰੇ ਹੋਣ ਖਾਲਸਾ ਜੀ ਦੇ ਉਥੋਂ ਦੇ ਸੇਵਾਦਾਰ ਕੁਰੀਤੀਆਂ ਕਰਨ। ਖਾਲਸਾ ਜੀ ਤਾਂ ਇਕ ਵਾਰ ਅੱਖ ਉਚੀ ਕਰ ਕੇ ਵੇਖਣ ਤਾਂ ਵੀ ਕੁਕਰਮਾਂ ਵਿਚ ਫਸੇ ਹੋਏ ਮਹੰਤ ਸਿਧੇ ਰਾਹ ਟੁਰ ਪੈਣਗੇ।

ਪਰ ਐਸੇ ਵੇਲੇ ਸਾਰੇ ਇਲਾਕਿਆਂ ਵਿਚ ਖਾਲਸਾ ਜੀ ਇਸ ਸ਼ੁਭ ਕੰਮ ਵਿਚ ਡਟ ਪਏ ਹਨ ਤੇ ਇਹ ਆਸ ਰੱਖਣੀ ਕਿ ਜ਼ਰੂਰ ਦੂਜੇ ਇਲਾਕੇ ਦੇ ਖਾਲਸਾ ਵੀਰ ਆ ਕੇ ਹੱਥ ਵਟਾਣ, ਠੀਕ ਨਹੀਂ। ਭਾਵੇਂ ਵੀਰ ਤਾਂ ਵੀਰਾਂ ਦਾ ਦੁੱਖ ਵੇਖ ਕੇ ਸਹਾਰਦੇ ਹੋਏ ਵਹੀਰਾਂ ਘੱਤ ਕੇ ਪਹੁੰਚ ਜਾਂਦੇ ਹਨ।

ਇਹ ਖਬਰ ਬੜੀ ਪ੍ਰਸੰਨਤਾ ਨਾਲ ਸੁਣੀ ਜਾਵੇਗੀ ਕਿ ਸ਼ੇਖੂਪੁਰੇ ਦੇ ਇਲਾਕੇ ਦੇ ਵੀਰਾਂ ਨੇ (ਜਿਸ ਨੂੰ ਵਿਰਕੈਤ ਤਪਾ ਵੀ ਆਖਿਆ ਜਾਂਦਾ ਹੈ) ਆਪਣੇ ਇਲਾਕੇ ਦੇ ਗੁਰਦੁਆਰਿਆਂ ਦੇ ਸੁਧਾਰ ਦਾ ਬੀੜਾ ਚੁਕਿਆ ਹੈ। ਇਹ ਇਲਾਕਾ ਬੜਾ ਹੀ ਸੁਲਖਣਾ ਹੈ। ਇਕ ਇਕ ਝਾੜੀ ਬੂਟਾ ਵਣ ਤੇ ਕਰੀਰ, ਜਿਸ ਕੋਲੋਂ ਲੰਘ ਟੁਰੀਏ ਗੁਰੂ ਨਾਨਕ ਦੇ ਬਿਰਹੋਂ ਵਿਚ ਤਰਸਦਾ ਜਾਪਦਾ ਹੈ। ਇਹ ਹੀ ਇਲਾਕਾ ਹੈ ਜਿਥੇ ਅਰਸ਼ਾਂ ਦੇ ਮਾਲਕ ਨੇ ਬਾਲ ਅਵਸਥਾ ਵਿਚ ਫਿਰ ਕੇ ਝਾੜੀ ਝਾੜੀ ਵਿਚੋਂ ਸਤਿ ਨਾਮ ਵਾਹਿਗੁਰੂ ਸ਼ਬਦ ਦੀ ਗੂੰਜ ਗੂੰਜਾ ਦਿੱਤੀ ਸੀ। ਇਸ ਇਲਾਕੇ ਵਿਚ ਟੁਰਦਿਆਂ ਫਿਰਦਿਆਂ ਇਹ ਖ਼ਿਆਲ ਜਿਸ ਥਾਂ ਕੋਲੋਂ ਲੰਘੋਂ ਜ਼ਰੂਰ ਆਉਂਦਾ ਹੈ, ਕਿ ਸ਼ਾਇਦ ਪਵਿੱਤਰ ਚਰਨ ਇਸ ਥਾਂ ਨੂੰ ਵੀ ਪਵਿੱਤਰ ਕਰ ਗਏ ਹੋਣ ਅਤੇ ਸ਼ਾਇਦ ਇਸ ਪੁਰਾਣੇ ਵਣ ਜਾਂ ਸੁਕੀ ਕਰੀ ਨੂੰ ਉਹ ਪਵਿੱਤਰ ਹਸਪਤਾਲ ਕਦੀ ਛੋਹ ਗਏ ਹੋਣ ਜਿਨ੍ਹਾ ਦੇ ਛੋਹਿਆਂ ਹੋਇਆਂ ਇਕ ਨਵੀਂ ਜੀਵਨ ਕਣੀ ਮਨੁਸ਼ ਵਿਚ ਆ ਜਾਂਦੀ ਹੈ। ਇਹ ਉਹ ਇਲਾਕਾ ਹੈ ਜਿਸ ਵਿਚੋਂ ਸੱਚੇ ਸੂਰਜ ਦੀਆਂ ਕਿਰਨਾਂ ਨੇ ਨਿਕਲ ਕੇ ਸਾਰੀ ਦੁਨੀਆਂ ਚਿ ਚਾਨਣਾ ਹੀ ਚਾਨਣਾ ਕਰ ਦਿੱਤਾ ਸੀ। ਪਰ ਇਨ੍ਹਾਂ ਗੁਰਦੁਆਰਿਆਂ ਵਿਚ ਜੋ ਦਸ਼ਾ ਵਰਤ ਰਹੀ ਹੈ, ਇਸ ਤੋਂ ਬੱਚਾ ਬੱਚਾ ਜਾਣੂੰ ਹੈ। ਉਹ ਸ਼ੁਭ ਅਸਥਾਨ ਜਿਥੇ ਸੱਪ ਨੇ ਵੀ ਗੁਰੂ ਜੀ ਦੇ ਤੇਜ ਨੂੰ ਵੇਖ ਕੇ ਆ ਸਾਇਆ ਕੀਤਾ ਸੀ ਤਾਂਕਿ ਕੋਮਲ ਸਰੀਰ ਨੂੰ ਧੁੱਪ ਨਾ ਲੱਗੇ, ਹਾਇ! ਅੱਜ ਉਥੋਂ ਦਾ ਮਹੰਤ, ਮੁਸਲਮਾਨੀਆਂ ਆਦਿ ਖੁਲੇ ਤੌਰ ਤੇ ਰੱਖੇ, ਤੇ ਇਕੋ ਥਾਲ ਵਿਚ ਮਾਸ ਸ਼ਰਾਬ ਉਡਾਏ! ਰੱਬ ਨੂੰ ਇਤਨਾ ਕਹਿਰ ਨਹੀਂ ਭਾਉਂਦਾ! ਉਸ ਸੁਭ ਥਾਂ ਦਾ ਇਕ ਕਿਣਕਾ ਵੀ ਜੇ ਅੱਖਾਂ ਤੇ ਸੱਚੇ ਦਿਲੋਂ ਲਾਇਆ ਜਾਵੇ ਤਾਂ ਜਨਮਾਂ ਜਨਮਾਂ ਦੀ ਲੱਗੀ ਹੋਈ ਸਿਆਹੀ ਮਨ ਵਿਚੋਂ ਦੂਰ ਹੋ ਜਾਂਦੀ ਹੈ।

ਖਰੇ ਸੌਦੇ ਦੇ ਮਹੰਤਾਂ ਨੇ ਹਛਾ ਕੀਤਾ ਹੈ ਕਿ ਆਪਣੀਆਂ ਭੁਲਾਂ ਬਖਸ਼ਾ ਕੇ ਗੁਰੂ ਖਾਲਸੇ ਦੀ ਪੈਰੀਂ ਆਣ ਪਏ ਹਨ ਅਤੇ ਦੂਜੇ ਵੀ ਬਜਾਏ ਵਿਹਲੇ ਹੋ ਕੇ ਸ਼ਰਾਰਤਾਂ ਸੋਚਣ ਦੇ ਅਜਿਹਾ ਸੀ ਕਰਨ। ਖਾਲਸਾ ਜੀ ਜਿੰਨੇ ਡਾਢੇ ਹਨ ਉਨ੍ਹਾਂ ਹੀ ਉਹ ਚਿਤ ਵਿਚ ਹਨ ਤੇ ਜਿਹੜੇ ਸ਼ਰਨ ਆਉਣ ਉਨ੍ਹਾਂ ਨੂੰ ਕੰਠ ਲਾ ਲੈਂਦੇ ਹਨ।

ਪਰ ਚੂੰਕਿ ਇਹ ਕੰਮ ਆਦਮੀਆਂ ਨੇ ਹੀ ਕਰਨਾ ਹੈ ਅਤੇ ਸੇਵਕਾਂ ਦੇ ਬਿਨਾਂ ਸਿਰੇ ਨਹੀਂ ਚੜ੍ਹ ਸਕਦਾ। ਭਾਈ ਕਰਤਾਰ ਸਿੰਘ ਜੀ ਝੱਬਰ, ਭਾਈ ਸੁਚਾ ਸਿੰਘ ਜੀ ਜੈ ਚਕ ਵਾਲੀ, ਭਾਈ ਦਲੀਪ ਸਿੰਘ ਜੀ ਸਾਰਾਲਾ, ਭਾਈ ਬੂਟਾ ਸਿੰਘ ਜੀ ਵਕੀਲ, ਬਾਈ ਤੇਜਾ ਸਿੰਘ ਬੂਹੜਕਾਣਾ ਆਦਿ ਨੇ ਇਹ ਕੰਮ ਆਪਣੇ ਹੱਥ ਵਿਚ ਲਿਆ ਹੈ। ਜਿਨ੍ਹਾਂ ਸ਼ੇਖਪੁਰਾ ਨਾਂ ਤੋਂ ਇਲਾਕੇ ਵਿਚ ਬੱਚਾ ਬੱਚਾ ਵਾਕਿਫ ਹੈ। ਅਕਾਲੀ ਦਲ ਇਲਾਕਾ ਸ਼ੇਖੂਪੁਰਾ ਵਾਸਤੇ ਭਰਤੀ ਦਾ ਕੰਮ ਜਾਰੀ ਹੈ। ਬੜੇ ਰੰਗਰੂਟਾਂ ਦੀ ਲੋੜ ਹੈ। ਸੁਣਿਆ ਹੈ ਕਿ ਖਾਲਸਾ ਜੀ ਬੜੇ ਚਾਅ ਨਾਲ ਭਰਤੀ ਹੋ ਰਹੇ ਹਨ, ਪਰ ਜੇ ਨਾਂ ਹੋਣ ਤਾਂ ਉਨ੍ਹਾਂ ਹੋਰ ਕਰਨਾ ਵੀ ਕੀ ਹੈ।

ਖਾਲਸਾ ਵੀਰੋ! ਇਸ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਖਬਰੇ ਕਿਸੇ ਪਲੇਗ ਜਾਂ ਇਨਫਲੂਐਨਜ਼ਾ ਵਿਚ ਹੀ ਮੌਤ ਆ ਜਾਣੀ ਹੈ, ਤਾਂ ਫੇਰ ਸੇਵਾ ਬਗੈਰ ਨਿਕਾਰੀ ਮੌਤੇ ਕਿਉਂ ਮਰੀਏ। ਸੇਵਾ ਦਾ ਲਾਹਾ ਲੈ ਕੇ ਆਪਣੇ ਜਨਮਾਂ ਨੂੰ ਸੁਹੇਲਾ ਕਰੋ। ਇਸੇ ਤਰ੍ਹਾਂ ਦੂਜੇ ਇਲਾਕੇ ਦੇ ਵੀਰਾਂ ਨੂੰ ਵੀ ਕਰਨਾ ਚਾਹੀਦਾ ਹੈ। ਚਕਵਾਲ ਦੇ ਵੀਰਾਂ ਨੇ ਵੀ ਉਦਮ ਕੀਤਾ ਹੈ।

ਪਰ ਹਰ ਵੇਲੇ ਇਹ ਯਾਦ ਰੱਖੋ ਕਿ ਜੇ ਧੱਕੇ ਦੀ ਪਹਿਲ ਤੁਹਾਡੇ ਵੱਲੋਂ ਹੋਈ ਤਾਂ ਪਿਛਲਾ ਸਾਰਾ ਕੀਤਾ ਕੰਮ ਵਿਗਾੜ ਦਿਓਗੇ। ਦੁੱਖਾਂ ਨੂੰ ਸਹਾਰਨ ਨਾਲ ਹੀ ਕੰਮ ਸਿਰੇ ਚੜ੍ਹਦਾ ਹੈ ਨਾ ਕਿ ਕਿਸੇ ਨੂੰ ਦੁਖ ਦਿੱਤਿਆਂ। ਗੁਰਦੁਆਰਿਆਂ ਦੀ ਸੇਵਾ ਕਰਦਿਆਂ ਹੋਇਆ ਜੇ ਕੋਈ ਤੁਹਾਡੇ ਤੇ ਡਾਂਗ ਉਲਾਰਦਾ ਹੈ ਤਾਂ ਉਸ ਨੂੰ ਉਲਾਰਨ ਦਿਓ। ਉਹ ਡਾਂਗ ਉਲਾਰਨ ਵਾਲੀ ਬਾਂਹ ਦਾ ਗੁਰੂ ਆਪ ਨਾਸ਼ ਕਰੇਗਾ। ਤੁਹਾਨੂੰ ਕੀਹ, ਤੁਹਾਡਾ ਸਰੀਰ ਤਾਂ ਗੁਰੂ ਦੇ ਕੰਮ ਲੱਗ ਗਿਆ। ਸਾਨੂੰ ਆਸ ਹੈ ਕਿ ਹਰ ਇਕ ਪਿੰਡੋਂ ਖਾਲਸਾ ਜੀ ਵਹੀਰਾਂ ਪਾ ਕੇ ਅਕਾਲੀ ਦਲ ਵਿਚ ਸ਼ਾਮਲ ਹੋਣਗੇ ਤੇ ਉਨ੍ਹਾਂ

ਵੀਰਾਂ ਦਾ ਹੱਥ ਵਟਾਂਣਗੇ ਜਿਨ੍ਹਾ ਨੇ ਇਹ ਕੰਮ ਫੜਿਆ ਹੈ। ਗੁਰੂ ਰਾਖਾ!

ਅਕਾਲੀ ਲਾਹੌਰ, ੩ ਜਨਵਰੀ ੧੯੨੧

ਖਾਲਸਾ ਕਾਲਜ ਦੇ ਪ੍ਰੋਫ਼ੈਸਰ

ਇਸ ਗੱਲ ਤੇ ਸਾਰੇ ਸਜਣਾਂ ਨੂੰ ਹੈਰਾਨੀ ਹੋਈ ਹੋਵੇਗੀ ਕਿ ਖਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਨੇ ਸਰਦਾਰ ਸੁੰਦਰ ਸਿੰਘ ਮਜੀਠੀਏ ਦੇ ਐਗਜੈਕਟਿਵ ਕੌਂਸਲ ਦੇ ਮੈਂਬਰ ਬਣਨ ਤੇ 'ਸਚੇ ਦਿਲੋਂ' ਵਧਾਈ ਦੇਣ ਦਾ ਰੈਜੋਲੀਊਸ਼ਨ ਪਾਸ ਕੀਤਾ ਹੈ। ਪ੍ਰੋਫ਼ੈਸਰਾਂ ਉਤੇ ਤਾਂ ਪੰਥ ਨੂੰ ਬੜੀ ਆਸ ਹੈ ਅਤੇ ਪੰਥ ਬੜਾ ਭਰੋਸਾ ਜ਼ਾਹਿਰ ਕਰਦਾ ਰਿਹਾ ਹੈ ਅਤੇ ਕੌਂਸਲਾਂ ਦੇ ਤਾਂ ਸਾਰਾ ਪੰਥ ਵਿਰੁੱਧ ਹੈ ਅਤੇ ਅਕਾਲੀ ਵੀ ਕੂਕ ਕੂਕ ਕੇ ਥਕ ਲਥਾ ਪਰ ਪ੍ਰੋਫ਼ੈਸਰਾਂ ਉਤੇ (ਬਾਵਜੂਦ ਸਿੱਖ ਲੀਗ ਦੀ ਸਬਜੈਕਟ ਕਮੇਟੀ ਦੇ) ਵਿਚ ਹੁੰਦਿਆਂ ਵੀ ਇਹੀ ਅਸਰ ਹੋਇਆ ਹੈ ਕਿ ਇਕ ਕੌਂਸਲ ਦੇ ਮੈਂਬਰ ਨੂੰ ਵਧਾਈ ਦਿੱਤੀ ਗਈ ਹੈ? ਕੀ ਇਸ ਗੱਲ ਤੇ ਅਫ਼ਸੋਸ ਕਰਨਾ ਚਾਹੀਦਾ ਸੀ ਕਿ ਵਧਾਈ ਦੇਣੀ ਚਾਹੀਦੀ ਸੀ? ਜੇਕਰ ਸਚ ਮੁਚ ਇਹ ਗੱਲ ਠੀਕ ਹੈ ਤਾਂ ਖਾਲਸਾ ਕਾਲਜ ਦੇ ਵਿਦਿਆਰਥੀਆਂ ਉਤੇ ਇਹ ਮਿਸਾਲ ਦੇਖਕੇ ਕੀ ਅਸਰ ਹੋਇਆ ਹੋਵੇਗਾ ਜਿਨ੍ਹਾਂ ਨੇ ਨਾ-ਮਿਲਵਰਤਨ ਦੇ ਅਸੂਲ ਤੇ ਅਮਲ ਕਰਦਿਆ ਹੋਇਆ ਪੰਥ ਦੇ ਨਾਲ ਹੋ ਕੇ ਮੁਲਕ ਨੂੰ ਆਜ਼ਾਦ ਕਰਨਾ ਹੈ।

ਖਾਲਸਾ ਕਾਲਜ ਦਾ ਇਕ ਵਿਦਿਆਰਥੀ

'ਬਗਦਾਦ ਵਿਚ ਖਾਲਸਾ ਜੀ ਦੀ ਜਥੇਬੰਦੀ

ਇਹ ਖ਼ਬਰ ਪੰਥ ਵਿਚ ਬੜੀ ਖੁਸ਼ੀ ਨਾਲ ਸੁਣੀ ਜਾਵੇਗੀ, ਕਿ ਏਥੇ ਬਗਦਾਦ ਵਿਖੇ ਖਾਲਸਾ ਜੀ ਨੇ ਸਤਿਗੁਰਾਂ ਦੇ ਅਕਾਲੀ ਮਿਸ਼ਨ ਦਾ ਪ੍ਰਚਾਰ ਖਾਲਸਾ ਜੀ ਵਿਚ ਖਾਸ ਕਰ ਤੇ ਅਨਮਤੀਆਂ ਵਿਚ ਆਮ ਕਰਕੇ ਕਰਨ ਹਿਤ ਅਤੇ ਆਪਣੀਆਂ ਧਾਰਮਿਕ ਔਕੜਾਂ ਨੂੰ ਸਰਕਾਰ ਕੋਲ ਪੇਸ਼ ਕਰਕੇ ਦੂਰ ਕਰਨ ਲਈ ਇਕ ਕਮੇਟੀ ੧੦ ਅਕਤੂਬਰ ੧੯੨੦ ਨੂੰ ਬੁਲਾਈ ਜਿਸ ਦਾ ਨਾਉਂ "ਸੈਂਟਰਲ ਸਿੱਖ ਕਮੇਟੀ ਬਗਦਾਦ" (The Central Sikh Committee Baghdad) ਰਖਿਆ ਗਿਆ ਹੈ। ਅਰ ਏਸ ਦੇਸ਼ ਦੀ ਮਾਤ ਭਾਸ਼ਾ ਅਰਬੀ, ਅਤੇ ਰਾਜ ਭਾਸ਼ਾ ਅੰਗਰੇਜ਼ੀ ਹੋਣ ਕਰਕੇ, ਇਹ ਭੀ ਗੁਰਮਤਾ ਪਾਸ ਕੀਤਾ ਗਿਆ ਹੈ ਕਿ ਸਿੱਖ ਇਤਿਹਾਸਾਂ ਨੂੰ ਅਰਬੀ ਅਤੇ ਅੰਗਰੇਜੀ ਵਿਚ ਉਲਥਾ ਕਰਕੇ, ਟ੍ਰੈਕਟਾਂ ਦੀ ਸ਼ਕਲ ਵਿਚ ਏਥੇ ਮੁਫ਼ਤ ਵੰਡਿਆ ਜਾਇਆ ਕਰੇ। ਜੋ ਸਿੱਖ ਧਰਮ ਦੀ ਉਚੀ ਅਤੇ ਸੁਚੀ ਤਾਲੀਮ ਇਸ ਦੇਸ਼ ਦੇ ਵਾਸੀਆਂ ਉਤੇ ਰੋਸ਼ਨ ਹੋ ਸਕੇ। ਇਹ ਕਮੇਟੀ ਨੇ ਕੇਵਲ ਬਗਦਾਦ ਵਿਚ, ਸਗਵਾਂ ਮੈਸੋਪੋਟੇਮੀਆਂ ਦੇ ਸਾਰੇ ਗੁਰਦੁਆਰਿਆਂ ਨੂੰ ਆਪਣੇ ਨਾਲ ਸਬੰਧਤ ਕਰਕੇ ਸਾਰੇ ਦੇਸ਼ ਵਿਚ ਪ੍ਰਚਾਰ ਕਰੇਗੀ।

ਨੋਟ-ਐਤਕਾਂ ਗੁਰ ਪੁੰਨਿਮ ਦਾ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਇਆ ਗਿਆ।

ਜਗਤ ਸਿੰਘ ਸਕੱਤਰ ਸੈਂਟਰਲ ਸਿੱਖ ਕਮੇਟੀ ਬਗਦਾਦ (ਮੈਸੋਪੋਟੇਮੀਆਂ)

ਅਕਾਲੀ ਲਾਹੌਰ, ੭ ਜਨਵਰੀ ੧੯੨੧

ਗੁਰਦੁਆਰਾ ਭਾਈ ਜੋਗਾ ਸਿੰਘ ਜੀ ਦਾ

ਇਤਿਹਾਸ ਤੇ ਹਿੰਦੂਆਂ ਦਾ ਧੱਕਾ!

ਪਸ਼ੌਰ ਸ਼ਹਿਰ ਵਿਚ ਸ੍ਰੀ ਗੁਰੂ ਕਲਗੀਧਰ ਜੀ ਦੇ ਸਮੇਂ ਵਿਚ ਸਿਖੀ ਸਿਦਕ ਦਾ ਬੜਾ ਕਦਰ ਸੀ ਤੇ ਕਈ ਉਘੇ ਤੇ ਭਜਨੀਕ ਸਿੰਘ ਸ੍ਰੀ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਰਿਹਾ ਕਰਦੇ ਸਨ, ਉਨ੍ਹਾਂ ਵਿੱਚੋਂ ਚਮਕ ਦੇ ਹੀਰੇ ਭਾਈ ਜੋਗਾ ਸਿੰਘ ਜੀ ਵੀ ਹੋਏ ਹਨ ਜਿਨ੍ਹਾਂ ਸ੍ਰੀ ਦਸਮੇਸ਼ ਜੀ ਦੇ ਹੁਕਮ ਦੀ ਪਾਲਣਾ ਕਰਨ ਖਾਤਰ ਆਪਣਾ ਅਨੰਦ ਕਾਰਜ ਅਧਵਾਰੇ ਸੁਟ ਦਿੱਤਾ, ਅਰਥਾਤ ਚੌਥੀ ਲਾਂਵ ਵੀ ਹੋਣੀ ਨ ਪਾਈ ਜੋ ਆਪ ਸਤਿਗੁਰੂ ਜੀ ਦੇ ਹੁਕਮਨਾਮੇ ਮੂਜਬ ਉਠ ਟੁਰੇ। ਪੇਸ਼ਾਵਰ ਵਿਚ ਉਨ੍ਹਾਂ ਦੀ ਯਾਦਗਾਰ ਵਿਚ ਇਕ ਪ੍ਰਸਿੱਧ ਗੁਰਦੁਆਰਾ ਹੈ ਜਿਸਦੀ ਮਾਨਤਾ ਸਿੱਖ ਮੁਸਲਮਾਨ,

ਹਿੰਦੂ ਆਦਿ ਕਰਦੇ ਚਲੇ ਆਏ ਹਨ ਅਤੇ ਦੂਰ ਦੂਰ ਦੇ ਰੋਗੀ ਵੀ ਆ ਕੇ ਆਪਣਾ ਦੁਖ ਦਲਿਦਰ ਦੂਰ ਕਰਦੇ ਹਨ, ਪੁਰਾਣੇ ਦਸਤੂਰ ਦੇ ਮੁਤਾਬਕ ਪ੍ਰਬੰਧ ਮਹੰਤਾਂ ਦੇ ਹੱਥ ਹੀ ਰਿਹਾ ਤੇ ਪਿਛੇ ਜਿਹੇ ਮਹੰਤ ਤਾਰਾ ਸਿੰਘ ਦੀਆਂ ਕਈ ਪ੍ਰਾਕਰ ਦੀਆਂ ਨਾ ਮੁਨਾਸਿਬ ਕੰਮਾਂ ਤੇ ਬਦਕਾਰੀਆਂ ਦੇ ਕਾਰਨ ਬੜਾ ਭਾਰੀ ਮੁਕਦਮਾ ਕਰਕੇ ਸੰਗਤ ਨੇ ਭਾਈ ਤਾਰਾ ਸਿੰਘ ਨੂੰ ਗੁਰਦੁਆਰੇ ਵਿੱਚੋਂ ਸ: ਬਾਲਕ ਸਿੰਘ ਜੀ ਸੂਬੇਦਾਰ ਮੇਜਰ ਦਰਾਜਪਰੇ ਆਦਿ ਤੇ ਕਈ ਹੋਰ ਸੱਜਣਾਂ ਦੀ ਸਹਾਇਤਾ ਨਾਲ ਕੱਢਿਆਂ ਤੇ ਪ੍ਰਬੰਧ ਦੀ **ਆਰਜ਼ੀ ਕਮੇਟੀ ਡਿਪਟੀ ਕਮਿਸ਼ਨਰ** ਨੇ ਨੀਯਤ ਕੀਤੀ ਜਿਸ ਵਿਚ ੪ ਹਿੰਦੂ (ਗੁਰੂ ਘਰ ਤੇ ਭਰੋਸਾ ਰੱਖਣ ਵਾਲੇ) ਰਖੇ ਗਏ, ਮੁਕਦਮਾਂ ਚਲਦਾ ਰਿਹਾ ਤੇ ਅਖ਼ੀਰ ਤਕ ਭਾਈ ਤਾਰਾ ਸਿੰਘ ਨੂੰ ਨਾ-ਕਾਮਯਾਬੀ ਹੁੰਦੀ ਰਹੀ। ਕਈ ਵਾਰ ਤਿਆਰ ਬਰ ਤਿਆਰ ਸਿੰਘਾਂ ਦੀ ਕਮੇਟੀ ਨੀਯਤ ਕੀਤੀ ਜਾਣ ਵਾਸਤੇ ਸਿੰਘਾਂ ਨੇ ਇਛਾ ਪ੍ਰਗਟ ਕੀਤੀ ਪਰ ਹਿੰਦੂ ਟਾਲ ਮਟੋਲੇ ਕਰਦੇ ਰਹੇ ਤੇ ਗੁਰਦੁਆਰਾ ਆਪਣੀ ਮੀਰਾਸ ਸਮਝ ਕੇ ਖੂਬ ਡਟੇ ਰਹੇ ਤੇ ਸਿੱਖਾਂ ਦੇ ਅਸੂਲਾਂ ਦੀ ਖੁਲ੍ਹਮਖੁਲ੍ਹੀ ਵਿਰੋਧਤਾ ਹੁੰਦੀ ਰਹੀ ਤੇ ਇਥੋਂ ਤਕ ਜ਼ੋਰ ਪਕੜ ਲਿਆ ਕਿ ਕੋਈ ਕ੍ਰਿਪਾਨ ਧਾਰੀ ਸਿੱਖ ਗੁਰਦੁਆਰੇ ਦੇ ਦਰਸ਼ਨ ਤਕ ਨਹੀਂ ਕਰ ਸਕਦਾ ਸੀ। ਕਈ ਸੱਜਣਾਂ ਨੂੰ ਮਾਰ ਕੁਟਾਈ ਹੋਈ। ਅਰਦਾਸਏ ਸਿੰਘ ਨੂੰ ਵੀ ਤੰਗ ਕਰਨਾ ਸ਼ੁਰੂ ਹੋਇਆ ਤੇ ਆਖਿਆ ਗਿਆ ਕਿ ਜਾਂ ਤਾਂ ਤੂੰ ਰਹਿਤ ਬਹਿਤ ਛੋੜ ਦੇ, ਜਾਂ ਧਕਿਆਂ ਨਾਲ ਸਿਧਾ ਕੀਤਾ ਜਾਵੇਗਾ। ਮਾਮਲਾ ਦਿਨੋ ਦਿਨ ਨਾਜ਼ੁਕ ਹੁੰਦਾ ਗਿਆ, ਇਥੋਂ ਤਾਈਂ ਹੋਇਆ ਕਿ ਆਰਿਆ ਸਮਾਜੀਆਂ ਨੇ ਵੀ ਕਬਜ਼ਾ ਕਰਨ ਦੀ ਠਾਣੀ, ਇਕ ਕਟੜ ਆਰਿਆ ਸਮਾਜੀ ਲਛਮਣ ਦਾਸ ਨੇ ਵੱਧ ਵੱਧ ਕੇ ਚਾਲਾਂ ਚਲੀਆਂ ਸਿੱਖਾਂ ਦੀ ਥੋੜ੍ਹੀ ਗਿਣਤੀ ਹੈ ਅਤੇ ਮਾਲਦਾਰ ਚਾਪਲੂਸ ਤੇ ਕਚੀ ਖੁਸ਼ਾਮਦ ਦੇ ਆਦਮੀ ਨਾ ਹੋਣ ਕਰ ਕੇ ਅਤਿ ਦੁਖ ਸਹਾਰਨੇ ਪਏ। ਗੁਰਦੁਆਰੇ ਜਾਣਾ ਵੀ ਇਥੋਂ ਤਕ ਨਾਜ਼ੁਕ ਹੋ ਗਿਆ। ਜਿਸ ਤਰ੍ਹਾਂ ਕਿਸੇ ਸਮੇਂ ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਕਰਨ ਲਈ ਸੀ। ਸਿੱਖ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕਰ ਸੀਸ ਤਲੀ ਪਰ ਧਰ ਕਰ ਇਸ਼ਨਾਨ ਕਰਨ ਜਾਂਦੇ ਸਨ ਇਸੇ ਤਰ੍ਹਾਂ ਇਸ ਗੁਰਦੁਆਰੇ ਦੀ ਯਾਤਰਾ ਸਿੱਖਾਂ ਲਈ ਇਕ ਅਜ਼ਮਾਇਸ਼ ਦਾ ਸਮਾ ਆ ਗਿਆ, ਜੇ ਕਰ ਸਿੱਖ ਗੁਰਦੁਆਰੇ ਜਾ ਕਰ ਮੱਥਾ ਟੇਕ ਕਟ ਫਤਹ ਗਜਾਨ ਤਦ ਅੱਗੋਂ ਕਈ ਵਾਰ ਹਿੰਦੂ ਰਾਧਾ ਕ੍ਰਿਸ਼ਨ ਦੀ ਜੈ, ਰਾਮਚੰਦਰ ਦੀ ਜੈ ਆਦਿ ਦੇ ਨਾਹਰੇ ਸ਼ੁਰੂ ਕਰ ਦੇਣ। ਪਰ ਸਿੱਖ ਇਸ ਦਸ਼ਾ ਵਿਚ ਗੁਰੂ ਅਕਾਲ ਪੁਰਖ ਦੇ ਅਜਿਹਾ ਕਰਨ ਸੇਵਾ ਵਿਚ ਡਟੇ ਰਹੇ ਅਤੇ ਕਿਸੇ ਵੱਡੇ ਛੋਟੇ ਨੇ ਵਧੀਕੀ ਨਹੀਂ ਕੀਤੀ ਇਥੋਂ ਤਾਈਂ ਕਿ ਡਿਪਟੀ ਕਮਿਸ਼ਨਰ ਦੀ ਆਰਜ਼ੀ ਕਮੇਟੀ ਨੂੰ ਪੱਕੀ ਮੰਨਣ ਲਈ ਤਿਆਰ ਹੋ ਗਏ, ਪਰ ਦੂਜੇ ਪਾਸੇ ਮਿਸਟਰ ਲਛਮਣ ਦਾਸ ਤੇ ਉਸ ਦੇ ਚਾਟੜੇ ਗੁਰਦੁਆਰੇ ਨੂੰ ਆਰਿਆ ਸਮਾਜ ਮੰਦਰ ਬਣਾਣ ਪਰ ਤੁਲੇ ਹੋਏ ਸਨ, ਉਹ ਮੰਨਣ ਵਿਚ ਨਾ ਆਉਂਦੇ ਤੇ ਹਿੰਦੂ ਵੀ ਉਨ੍ਹਾਂ ਅੱਗੇ ਨਿਉਂ ਗਏ ਤੇ ਖੂਬ ਧੜੇ-ਬੰਦੀ ਦਾ ਜ਼ੋਰ ਹੋ ਗਿਆ ਗੁਰਦੁਆਰੇ ਪਹੁੰਚਣ ਪਰ ਆਰਿਆ ਸਮਾਜੀ ਟ੍ਰੈਕਟ ਮਿਲਨ ਲਗ ਪਏ। ਗਲੀ ਵਿਚ ਆਉਣ ਜਾਣ ਲੱਗਿਆਂ ਪੱਥਰ ਵਰਸਣ ਲੱਗ ਪਏ। ਅਖੀਰ ਸਿੱਖਾਂ ਦੀ ਗ਼ੈਰਤ ਨੇ ਵੀ ਜੋਸ਼ ਖਾਧਾ ਤੇ ਅਕਾਲ ਪੁਰਖ ਦੇ ਸਾਜੇ ਨਿਵਾਜੇ ਪੰਥ ਵੱਲੋਂ ਕਮਜ਼ੋਰ ਚੁਪਚਾਪ ਤੇ ਸ਼ਾਂਤ ਸੰਗਤ ਦੇ ਸਿਰ ਪਰ ਅਕਾਲੀ ਜਥਾ ਆਣ ਪੁਜਾ ਤੇ ਡੇਰਾ ਗੁਰਦੁਆਰੇ ਆਣ ਲਾਇਆ ਪਰ ਫਿਰ ਤਾਂ ਕੀ ਸੀ ਹਿੰਦੂ ਭੂਏ ਹੋ ਗਏ, ਗਲੀ ਦੇ ਦਰਵਾਜੇ ਬੰਦ ਕਰ ਦਿਤੇ ਗਏ ਤੇ ਹਿੰਦੂਆਂ ਵੱਲੋਂ ਬੁਰਛਾ ਗਰਦੀ ਦੀ ਕੋਈ ਕਸਰ ਬਾਕੀ ਨਾ ਰਹੀ, ਕਈ ਸਿੰਘ ਫਟੜ ਹੋ ਗਏ ਪਰ ਧੰਨ ਹੈ ਅਕਾਲੀ ਤੇਜਾ ਸਿੰਘ ਜੀ ਜਥੇਦਾਰ ਦੀ ਸੀਤਲ ਤੇ ਦੁੱਖ ਸਹਾਰਨ ਵਾਲੀ ਤਬੀਅਤ। ਇਸ ਸਮੇਂ ਸਾਰੇ ਹਿੰਦੂ ਸਨਾਤਨੀ ਸਮਾਜੀ ਆਦਿ ਇਕਠੇ ਹੋ ਗਏ ਤੇ ਬਾਕੀ ਗੁਰਦੁਆਰਿਆਂ ਦੀ ਜਿਨਾਂ ਦੀ ਗਿਣਤੀ ੧੦੦ ਤੋਂ ਉਪਰ ਹੈ। ਬੇਅਦਬੀ ਕਰਨ ਲੱਗ ਪਏ। ਥਾਂ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਥਾਂ ਹਵਨ ਕੁੰਡ ਤੇ ਹਿੰਦੀ ਸ਼ਾਸਤਰ ਰਖੇ ਗਏ। ਸ਼ਹਿਰ ਵਿਚ ਖੁਲ੍ਹੇ ਤੌਰ ਐਲਾਨ ਵੰਡੇ ਗਏ ਕਿ ਗੁਰਦੁਆਰਾ ਕਕੜਾਂ, ਧਰਮਸ਼ਾਲਾ ਮਾਈ ਰਜੀ ਆਦਿ ਥਾਂਵਾਂ ਤੇ ਵੈਦਿਕ ਅਸਥਾਪਣ ਕੀਤੇ ਜਾਣਗੇ।

ਖਾਲਸਾ ਵੀਰੋ! ਇਹ ਹਾਲ ਇਸ ਸਮੇਂ ਵਿਚ ਤੁਹਾਡੇ ਗੁਰਦੁਆਰਿਆਂ ਦਾ ਹੋ ਰਿਹਾ ਹੈ ਤੇ ਇਹ ਦੁਖ ਤੁਹਾਡੇ ਵੀਰ ਧਰਮ ਤੇ ਚਲਣ ਦੀ ਖ਼ਾਤਰ ਸਹਾਰ ਰਹੇ ਹਨ। ਭਾਈ ਮਤਾਬ ਸਿੰਘ ਜੀ ਬੀਕਾਨੇਰ ਵਿੱਚੋਂ ਗੁਰੂ ਅਸਥਾਨ ਦੀ ਬੇ-ਅਦਬੀ ਦੀ ਖਬਰ ਸੁਣਕੇ ਸਿਰ ਤਲੀ ਤੇ ਧਰਦੇ ਹੋਏ ਸ਼ਹੀਦ ਹੋਣ ਵਾਸਤੇ ਟੁਰ ਪਏ ਅਤੇ ਉਦੋਂ ਤਾਂਈ ਸਾਹ ਨਾ ਲਿਆ ਜਦੋਂ ਤਾਂਈ ਮਸੇ ਰੰਘੜ ਜਿਹੇ ਪਾਪੀ ਦਾ ਸਿਰ ਲਾਹ ਕੇ ਨਾ ਲੈ ਗਏ। ਕੀ ਸਾਡੇ ਵਿਚ ਕੋਈ ਗੈਰਤ ਨਹੀਂ ਰੈਹ ਗਈ ? ਅਸੀਂ ਇਹ ਨਹੀਂ ਚਾਹੁੰਦੇ ਕਿ ਜਾ ਕੇ ਦੰਗਾ ਫਸਾਦ ਕੀਤਾ ਜਾਵੇ ਪਰ ਗੁਰਦੁਆਰਿਆਂ ਦੀ ਸਹਾਇਤਾ

ਵਾਸਤੇ ਜੇ ਤੁਹਾਨੂੰ ਕੋਈ ਮਾਰਦਾ ਹੈ ਤਾਂ ਉਸ ਨੂੰ ਮਾਰਨ ਦਿਓ ਪਰ ਗੁਰਦੁਆਰੇ ਦੀ ਪਵਿਤਰਤਾ ਨੂੰ ਵੱਟਾ ਨਾ ਲਗਣ ਦਿਉ ।

ਡਿਪਟੀ ਕਮਿਸ਼ਨਰ ਨੇ ਹੀ ਪਹਿਲਾਂ ਕਮੇਟੀ ਹਿੰਦੂਆਂ ਦੀ ਨੀਯਤ ਕੀਤੀ ਸੀ ਜਿਸ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਸੀ, ਹਿੰਦੂ ਉਸ ਵੇਲੇ ਆਪਣੇ ਆਪ ਨੂੰ ਗੁਰੂ ਜੀ ਦੇ ਸ਼ਰਧਾਲੂ ਦਸਦੇ ਹੋਣਗੇ ਤੇ ਮਜ਼ਬੂਰਨ ਸਿੱਖਾਂ ਨੇ ਉਨ੍ਹਾਂ ਨੂੰ ਨਾਲ ਰਲਾ ਲਿਆ ਹੋਵੇਗਾ ਪਰ ਇਹ ਚੰਗਾ ਸ਼ਰਧਾਲੂ ਪੁਣਾ ਹੈ ਕਿ ਅਰਿਆ ਸਮਾਜ ਦੇ ਪ੍ਰਚਾਰ ਦੇ ਕੇਂਦਰ ਗੁਰਦੁਆਰੇ ਬਣ ਜਾਣ ।

ਇਸ ਵੇਲੇ ਖਾਲਸਾ ਜੀ ਨੂੰ ਆਪਣਾ ਫਰਜ਼ ਪੂਰਾ ਕਰਨਾ ਚਾਹੀਦਾ ਹੈ ਅਤੇ ਸਰਕਾਰ ਨੂੰ ਸਾਫ਼-ਸਾਫ਼ ਦੱਸ ਦੇਣਾ ਚਾਹੀਦਾ ਹੈ ਕਿ ਜਿੰਨਾਂ ਚਿਰ ਇਕ ਵੀ ਸਿੱਖ ਜੀਊਂਦਾ ਹੈ ਉਨ੍ਹਾਂ ਚਿਰ ਸਿੱਖ ਗੁਰਦੁਆਰੇ ਨੂੰ ਹੱਥੋਂ ਨਹੀਂ ਜਾਣ ਦੇਣਗੇ ਤੇ ਅਨਮਤੀਆਂ ਦੀਆਂ ਸ਼ਰਾਰਤਾਂ ਅਤੇ ਧਕਿਆਂ ਤੋਂ ਡਰਦੇ ਹੋਏ ਗੁਰਦੁਆਰੇ ਦੀ ਬੇਇਜ਼ਤੀ ਕਦੀ ਨਹੀਂ ਹੋਣ ਦੇਣਗੇ।

ਡਿਪਟੀ ਕਮਿਸ਼ਨਰ ਪਿਸ਼ਾਵਰ ਅਤੇ ਚੀਫ਼ ਕਮਿਸ਼ਨਰ ਸਰਹਦੀ ਸੂਬੇ ਨੂੰ ਸਮਝਣਾ ਚਾਹੀਦਾ ਹੈ ਕਿ ਜੇ ਕਰਮ ਚੰਦ ਰਾਇ ਬਹਾਦਰ ਹੈ ਤੇ ਉਸ ਦਾ ਪੱਖ ਰੱਖਣਾ ਜ਼ਰੂਰੀ ਹੈ ਤਾਂ ਉਸ ਨਰਾਜ਼ਗੀ ਨੂੰ ਮਿਟਾ ਦੇਣ ਦਾ ਪ੍ਰਬੰਧ ਕਰ ਲੈਣ ਜਿਹੜੀ ਇਸ ਮਾਮਲੇ ਦੇ ਠੀਕ ਫੈਸਲਾ ਨਾ ਹੋਣ ਤੇ ਸਾਰੇ ਪੰਜਾਬ ਦੇ ਸਿੱਖਾਂ ਵਿਚ ਪੈਦਾ ਹੋ ਜਾਏਗੀ ।

ਅਸੀਂ ਹਿੰਦੂ ਲੀਡਰਾਂ ਨੂੰ ਪੁਛਦੇ ਹਾਂ ਕਿ ਉਹ ਕਿਥੇ ਸੁੱਤੇ ਪਏ ਹਨ ? ਕੀ ਉਹ ਨਹੀਂ ਸਮਝ ਸਕਦੇ ਕਿ ਇਹ ਸਮਾਂ ਆਪਸ ਵਿਚ ਮੇਲ ਕਰਨ ਦਾ ਹੈ ਨਾ ਕਿ ਆਪਸ ਵਿਚ ਡਾਂਗ ਸੋਟਾ ਕਰਨ ਦਾ । ਉਹ ਜ਼ੁਲਮ ਜਿਹੜਾ ਕਿ ਪਿਸ਼ਾਵਰ ਦੇ ਹਿੰਦੂ ਜ਼ਿਆਦਾ ਗਿਣਤੀ ਵਿਚ ਹੋਣ ਕਰ ਕੇ ਸਿੱਖਾਂ ਤੇ ਕਰ ਰਹੇ ਹਨ ਕੀ ਉਹ ਪਿਛਲੇ ਜ਼ੁਲਮ ਨਾਲੋਂ ਘੱਟ ਹੈ ? ਕੀ ਹਿੰਦੂ ਇਤਨੇ ਹੀ ਅਕ੍ਰਿਤਘਣ ਹੋ ਚਲੇ ਹਨ ਕਿ ਉਹ ਉਸ ਕੌਮ ਤੇ ਵੀ ਵਾਰ ਕਰਨੋਂ ਨਹੀਂ ਟਲਦੇ ਜਿਨ੍ਹਾਂ ਲੰਘ ਗਏ ਸਮੇਂ ਵਿਚ ਆਪਣੀ ਜਾਨ ਤਲੀ ਤੇ ਰੱਖ ਕੇ ਉਨ੍ਹਾਂ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਬਚਾਈ ਸੀ ? ਸਾਨੂੰ ਆਸ ਰੱਖਣੀ ਚਾਹੀਦੀ ਹੈ ਕਿ ਹਿੰਦੂ ਲੀਡਰ ਜਲਦੀ ਪਹੁੰਚ ਕੇ ਇਸ ਮਾਮਲੇ ਨੂੰ ਸਮੇਟਣ ਦਾ ਯਤਨ ਕਰਨਗੇ । ਪੰਥ ਦੀ ਸ਼ਰਣੀ ਡਿਗ ਪੈਣ ਤੇ ਕਹਿਣ ਕਿ ਐ ਗੁਰੂ ਪੰਥ ਸ਼ਰਨ ਪਿਆਂ ਦੀ ਲਾਜ ਰਖ, ਭੁੱਲਾਂ ਬਖਸ਼ ਤੇ ਆਪਣੀ ਸੇਵਾ ਵਿਚ ਲਾ ਲਉ । ਬੱਸ ਇਸ ਤੋਂ ਬਿਨਾਂ ਹੋਰ ਕੋਈ ਵੀ ਤਰੀਕਾ ਉਨ੍ਹਾਂ ਦੀ ਤਬਾਹੀ ਤੇ ਬਰਬਾਦੀ ਦਾ ਸਬੱਬ ਹੋਵੇਗਾ।

ਬੇਸ਼ੱਕ ਕਈ ਖਾਣ ਦੇ ਯਾਰ ਅਫ਼ਸਰ ਤੇ ਪੀਣ ਦੇ ਯਾਰ ਬੇ-ਮਜ਼ਹਬੇ ਲੋਕ ਤੁਹਾਨੂੰ ਕਹਿੰਦੇ ਹੋਣਗੇ ਕਿ ਅਸੀਂ ਛਾਤੀ ਡਾਹਵਾਂਗੇ ਤੁਹਾਨੂੰ ਕੌਣ ਛੇੜ ਸਕਦਾ ਹੈ ? ਅਤੇ ਤੁਸੀਂ ਵੀ ਇਨ੍ਹਾਂ ਦੇ ਫੋਕੇ ਲਾਰਿਆਂ ਤੇ ਮਚਦੇ ਹੋਵੋਗੇ ਪਰ ਧਰਮ ਤੇ ਨਿਆਂ ਕੋਈ ਚੀਜ਼ ਹੈ ਪਾਪ ਕਦੀ ਵੀ ਧਰਮ ਦੇ ਸਾਹਮਣੇ ਨਹੀਂ ਖੜੋ ਸਕਦਾ ਇਸ ਲਈ ਜੇ ਤੁਹਾਡੇ ਅੰਦਰ ਕੋਈ ਰੱਬ ਦਾ ਭੈ ਹੈ ਤਾਂ ਪਾਪ ਤੋਂ ਡਰੋ ਅਤੇ ਧਰਮ ਦੀ ਸ਼ਰਨ ਪਕੜੋ ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ ਯੋਗ ।

ਸਾਡਾ ਸਮਕਾਲੀ ਖਾਲਸਾ ਅਖ਼ਬਾਰ ੩੧ ਦਸੰਬਰ ਦੇ ਪਰਚੇ ਵਿਚ ਲਿਖਦਾ ਹੈ ਕਿ :-

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ੧੨ ਦਸੰਬਰ ਦੀ ਇਕੱਤਰਤਾ ਵਿਚ ਜੋ ਸੁੰਦਰ ਸਿੰਘ ਮਜੀਠੀਏ ਪ੍ਰਧਾਨ ਚੁਣੇ ਗਏ ਹਨ, ਇਸ ਚੋਣ ਉਤੇ ਸਿੱਖ ਕੌਮ ਵਿਚ ਸਖ਼ਤ ਬੇਚੈਨੀ ਫੈਲੀ ਹੋਈ ਹੈ ਅਤੇ ਥਾਂ ਥਾਂ ਮਜੀਠੀਏ ਸਰਦਾਰ ਦੇ ਪ੍ਰਧਾਨ ਚੁਣੇ ਜਾਣ ਦੇ ਵਿਰੁੱਧ ਨਰਾਜ਼ਗੀ ਪ੍ਰਗਟ ਕੀਤੀ ਜਾ ਰਹੀ ਹੈ, ਜਿਸ ਲਈ ਜ਼ਰੂਰੀ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ੨੨ ਜਨਵਰੀ ੧੯੨੧ ਦੇ ਇਕੱਠ ਵਿਚ ਜ਼ਰੂਰ ਸ਼ਾਮਲ ਹੋਵਣ ਤਾਂ ਕਿ ੧੨ ਦਸੰਬਰ ਨੂੰ ਜੋ ਨਿਯਮ ਵਿਰੁਧ ਕਾਰਵਾਈਆਂ ਹੋਈਆਂ ਹਨ ਉਹਨਾਂ ਨੂੰ ਸੋਧਿਆ ਜਾਵੇ ।

ਅਹੁਦੇ ਦੀ ਚੋਣ ਸਬੰਧੀ ਸਾਨੂੰ ਬਾਹਲੀ ਹੈਰਾਨੀ ਇਸ ਗੱਲੋਂ ਹੈ ਕਿ ਕਮੇਟੀ ਦੀ ਬਨਾਉਟ ਤਿਆਰ ਹੋਣ ਤੋਂ ਪਹਿਲਾਂ ਅਹੁਦੇਦਾਰਾਂ ਨੂੰ ਕਿਉਂ ਚੁਣ ਲਿਆ ਗਿਆ ? ਜੇ ਇਨ੍ਹਾਂ ਦਾ ਚੁਣਿਆ ਜਾਣਾ ਜ਼ਰੂਰੀ ਸੀ ਤਾਂ ਆਰਜ਼ੀ ਤੌਰ ਤੇ ਦੋ ਤਿੰਨ ਮਹੀਨਿਆਂ ਲਈ ਚੁਣ ਲਏ ਜਾਂਦੇ ਜਿਹਾ ਕਿ ਸਾਰੀਆਂ ਜ਼ਿਲੇ ਦੀਆਂ ਲੀਗਾਂ ਵਿਚ ਹੁੰਦਾ ਰਿਹਾ ਹੈ । ਸਾਡੀ ਆਪਣੀ ਰਾਇ ਵਿਚ ਬਣਾਉਟ ਤਿਆਰ ਹੋਣ ਤੋਂ ਪਹਿਲਾਂ ਅਹੁਦੇਦਾਰਾਂ ਦਾ ਪੱਕਿਆਂ ਚੁਣਿਆਂ ਜਾਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ । ਜ਼ਰੂਰੀ ਹੈ ਕਿ ਜਦੋਂ ਕਮੇਟੀ ਦੀ ਬਣਾਉਟ ਤਿਆਰ ਹੋ ਜਾਵੇ ਤਾਂ ਨਿਯਮ ਅਨੁਸਾਰ ਅਹੁਦੇਦਾਰਾਂ

ਦੀ ਫਿਰ ਨਵੇਂ ਸਿਰਿਓਂ ਚੋਣ ਕੀਤੀ ਜਾਵੇ ਅਤੇ ਉਸ ਨੂੰ ਪੱਕਿਆਂ ਸਮਝਿਆ ਜਾਵੇ ਸਾਨੂੰ ਅਫ਼ਸੋਸ ਹੈ ਕਿ ਜਿਹੜੇ ਮੈਂਬਰ ਰਹਿਤ ਵਿਚ ਢਿੱਲੇ ਨਿਕਲੇ ਅਤੇ ਜਿਨ੍ਹਾਂ ਨੂੰ ਪੰਜਾਂ ਪਿਆਰਿਆਂ ਨੇ ਦੂਜੀ ਵੇਰ ਮੁੜ ਅੰਮ੍ਰਿਤ ਛਕਣ ਦਾ ਹੁਕਮ ਦਿੱਤਾ, ਉਹ ਵੀ ਬਿਨਾਂ ਅੰਮ੍ਰਿਤ ਛਕਣ ਦੇ ਵਿਚ ਹਿੱਸਾ ਲੈਂਦੇ ਰਹੇ। ਹਾਲਾਂ ਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਅੰਮ੍ਰਿਤ ਛਕਣਾ ਜ਼ਰੂਰੀ ਸੀ। ਸਾਡੇ ਖ਼ਿਆਲ ਵਿਚ ਅਜਿਹੇ ਸੱਜਣਾਂ ਦਾ ਬਿਨਾਂ ਅੰਮ੍ਰਿਤ ਛਕੇ ਦੇ ਕਮੇਟੀ ਵਿਚ ਸ਼ਾਮਲ ਹੋ ਕੇ ਹਿੱਸਾ ਲੈਣਾ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੇ ਉਕਾ ਵਿਰੁੱਧ ਹੈ, ਇਸ ਲਈ ੧੨ ਦਸੰਬਰ ਦੀ ਕਮੇਟੀ ਵਿਚ ਜਿਹੜੀ ਕਾਰਵਾਈ ਹੋਈ ਉਹ ਪੰਥ ਦੀ ਪ੍ਰਵਾਨਗੀ ਦੇ ਲਾਇਕ ਨਹੀਂ। ਇਸ ਰਾਇ ਵਿਚ ਸਾਰਾ ਪੰਥ ਸਾਡੇ ਨਾਲ ਹੈ, ਕਿ ਇਹ ਬੜੀ ਭਾਰੀ ਗਲਤੀ ਹੋਈ ਹੈ, ਹੁਣ ਇਹ ਗਲਤੀ ਠੀਕ ਇਸੇ ਤਰ੍ਹਾਂ ਹੋ ਸਕਦੀ ਹੈ ਕਿ ਪਿਛਲੀ ਕਮੇਟੀ ਦੀ ਕਾਰਵਾਈ ਰੱਦ ਸਮਝੀ ਜਾਵੇ ਅਤੇ ੨੨ ਜਨਵਰੀ ੧੯੨੧ ਨੂੰ ਨਵੇਂ ਸਿਰਿਓਂ ਸਾਰੀ ਕਾਰਵਾਈ ਕੀਤੀ ਜਾਵੇ।

ਇਸ ਵਿਚ ਸੰਦੇਹ ਨਹੀਂ ਕਿ ਸੁੰਦਰ ਸਿੰਘ ਜੀ ਮਜੀਠੀਆ ਨੂੰ ਜੇ ਪੰਥ ਚਾਹੇ ਤਾਂ ਮਾਫ਼ੀ ਦੇ ਸਕਦਾ ਹੈ ਪਰੰਤੂ ਉਸ ਵੇਲੇ ਕਿ ਜਦ ਉਹ ਆਪਣੇ ਕੀਤੇ ਤੇ ਪਛਤਾਵਾ ਅਤੇ ਮਾਫ਼ੀ ਦਾ ਚਾਹਵਾਨ ਹੋਵੇ। ਅਸੀਂ ਹੈਰਾਨ ਹਾਂ ਕਿ ਜਿਸ ਆਦਮੀ ਦੇ ਵਿਰੁੱਧ ਸਾਰੀ ਕੌਮ ਦਸਾਂ ਵਰਿਆਂ ਤੋਂ ਕਰੋੜ ਅਪਰਾਧਾਂ ਦਾ ਦੋਸ਼ ਲਾ ਰਹੀ ਹੈ, ਮਾਫ਼ੀ ਦੇਣ ਵੇਲੇ ਉਸ ਕੋਲੋਂ ਪੰਥ ਦੇ ਸਾਹਮਣੇ ਬਿਆਨ ਵੀ ਨਹੀਂ ਲਏ ਗਏ। ਪਛਤਾਣਾਂ ਤਾਂ ਵਖਰੇ ਰਿਹਾ ਸਾਨੂੰ ਅਫ਼ਸੋਸ ਹੈ ਕਿ ਜਿਸ ਆਦਮੀ ਨੇ ਕੁਝ ਚਿਰ ਪੰਥ ਦੇ ਜੋੜਿਆਂ ਵਿਚ ਖੜ੍ਹੇ ਰਹਿਣਾ ਸੀ ਕਮੇਟੀ ਨੇ ਉਸ ਨੂੰ ਬਿਨਾਂ ਖੋਜ ਅਤੇ ਸਬੂਤ ਦੇ ਅਤੇ ਬਿਨਾਂ ਬਿਆਨ ਲਏ ਦੇ ਉਸ ਨੂੰ ਬਰੀ ਹੀ ਨਹੀਂ ਕੀਤਾ ਸਗੋਂ ਪਰਧਾਨ ਚੁੱਕ ਬਣਾਇਆ।

ਜਿਥੋਂ ਤੀਕ ਸਾਨੂੰ ਪ੍ਰਤੀਤ ਹੁੰਦਾ ਹੈ ਕਮੇਟੀ ਦੇ ਮੈਂਬਰ ਵਡਿਆਈ ਅਤੇ ਦੌਲਤ ਦੇ ਪ੍ਰਭਾਵ ਹੇਠਾਂ ਆ ਗਏ, ਨਹੀਂ ਤਾਂ ਸੁੰਦਰ ਸਿੰਘ ਮਜੀਠੀਏ ਦਾ ਪ੍ਰਧਾਨ ਬਣਨਾ ਸੰਭਵ ਨਹੀਂ ਸੀ। ਅਸੀਂ ਇਸ ਮੌਕੇ ਤੇ ਉਨ੍ਹਾਂ ਸੱਜਣਾਂ ਦੀ ਜ਼ਰੂਰ ਵਡਿਆਈ ਕਰਾਂਗੇ ਜਿਨ੍ਹਾਂ ਨੇ ਇਸ ਚੋਣ ਦੇ ਵਿਰੁੱਧ ਪੰਥਕ ਆਵਾਜ਼ ਉਚੀ ਕੀਤੀ, ਭਾਵੇਂ ਅਸੀਂ ਬਾਕੀ ਸਾਰੇ ਮੈਂਬਰਾਂ ਦੀ ਇਜ਼ਤ ਕਰਦੇ ਹਾਂ ਪਰ ਸਾਨੂੰ ਉਨ੍ਹਾਂ ਲੋਕਾਂ ਤੇ ਅਫ਼ਸੋਸ ਹੈ ਜਿਨਾਂ ਨੇ ਟੇਢੀਆਂ ਚਾਲਾਂ ਕਰਕੇ ਇਨ੍ਹਾਂ ਮੈਂਬਰਾਂ ਦੀ ਨਰਮੀ ਤੇ ਭਲ-ਮਾਣਸੀ ਤੋਂ ਅਯੋਗ ਫਾਇਦਾ ਉਠਾਇਆ ਅਤੇ ਸਰਦਾਰ ਸਾਹਿਬ ਦੀਆਂ ਕਰਤੂਤਾਂ ਉਤੇ ਪਰਦਾ ਪਾ ਕੇ ਉਨ੍ਹਾਂ ਨੂੰ ਪ੍ਰਧਾਨ ਬਣਾਉਣ ਵਾਸਤੇ ਆਪਣਾ ਸਾਰਾ ਜ਼ੋਰ ਲਾਇਆ। ਅਸੀਂ ਮੰਨਦੇ ਹਾਂ ਕਿ ਸਿੱਖ ਕੌਮ ਵਿਚ ਮਿਲਾਪ ਅਤੇ ਏਕੇ ਨੂੰ ਪੱਕਾ ਕਰਨ ਦੀ ਡਾਢੀ ਲੋੜ ਹੈ ਪਰ ਕੌਮ ਦਾ ਬੇੜਾ ਡੋਬਕੇ ਮਜੀਠੀਏ ਸਰਦਾਰ ਦੇ ਨਾਲ ਇਤਫ਼ਾਕ ਕਰਨ ਲਈ ਤਾਂ ਇਕ ਵੀ ਸਿੱਖ ਤਿਆਰ ਨਹੀਂ। ਸਾਰੀ ਕੌਮ ਨੇ ਦਸ ਸਾਲ ਲਗਾਤਾਰ ਮਿਹਨਤ ਕਰਨ ਮਗਰੋਂ ਪਿਛਲੇ ਸਿੱਖ ਲੀਗ ਦੇ ਜਲਸੇ ਵਿਚ ਸਰਕਾਰ ਨੂੰ ਇਹ ਸਾਬਤ ਕਰ ਕੇ ਦਸ ਦਿੱਤਾ ਹੈ ਕਿ ਖ਼ਿਤਾਬਾਂ ਵਾਲਿਆਂ ਅਤੇ ਮੁਰੱਬਿਆਂ ਦੇ ਚਾਹਵਾਨਾਂ ਤੋਂ ਕੌਮ ਹੁਣ ਸਵਤੰਤ੍ਰ ਹੋ ਗਈ ਹੈ। ਹਾਕਮਾਂ ਨੂੰ ਵੀ ਨਿਸਚਾ ਹੋ ਗਿਆ ਸੀ ਕਿ ਸਿੱਖ ਕੌਮ ਹੁਣ ਉਨ੍ਹਾਂ ਦੇ ਹੱਥੋਂ ਨਿਕਲ ਗਈ ਹੈ, ਇਸ ਲਈ ਅੱਗੋਂ ਸਿੱਖਾਂ ਉਤੇ ਸਖ਼ਤੀ ਕਰਨੀ ਨਿਸਫਲ ਹੈ। ਅਸੀਂ ਵੀ ਅਫ਼ਸਰਾਂ ਦੇ ਧੱਕਿਆਂ ਤੋਂ ਸਿੱਖ ਕੌਮ ਨੂੰ ਕੁਝ ਕੁ ਬਚੀ ਹੋਈ ਸਮਝਣ ਲਗ ਪਏ ਸਾਂ, ਪਰ ਸਰਦਾਰ ਸਾਹਿਬ ਦੀ ਚੋਣ ਨੇ ਤਾਂ ਕੌਮ ਦੀ ਦਸਾਂ ਸਾਲਾਂ ਦੀ ਮਿਹਨਤ ਉਤੇ ਪਾਣੀ ਫੇਰ ਦਿੱਤਾ ਅਤੇ ਸਿੱਖ ਕੌਮ ਨੂੰ ਹਾਕਮਾਂ ਦੀ ਨਜ਼ਰ ਵਿਚ ਪਹਿਲਾਂ ਨਾਲੋਂ ਵਧ ਬਦਨਾਮ ਕਰ ਦਿੱਤਾ। ਸਾਡਾ ਖ਼ਿਆਲ ਹੈ ਇਸ ਚੋਣ ਦਾ ਸਰਕਾਰ ਉਤੇ ਜ਼ਰੂਰ ਅਸਰ ਪਵੇਗਾ ਕਿ ਸਿੱਖ ਕੌਮ ਅਜੇ ਨਹੀਂ ਜਾਗੀ ਅਤੇ ਉਹੀ ਹਾਕਮਾਂ ਦੇ ਖੁਸ਼ਾਮਦੀਆਂ ਦੇ ਪੰਜੇ ਵਿਚ ਉਸੇ ਤਰ੍ਹਾਂ ਫਸੀ ਹੋਈ ਹੈ। ਅਰਥਾਤ ਹੁਣ ਹਾਕਮਾਂ ਨੂੰ ਫਿਰ ਆਸ ਲਗ ਗਈ ਹੈ ਕਿ ਉਹ ਸਿੱਖਾਂ ਉਤੇ ਸਖ਼ਤੀ ਕਰ ਕੇ ਇਨ੍ਹਾਂ ਨੂੰ ਆਪਣੇ ਕਾਬੂ ਵਿਚ ਰੱਖ ਸਕਦੇ ਹਨ। ਹੁਣ ਖਾਲਸਾ ਜੀ ਨੂੰ ਜਾਂ ਤਾਂ ਆਪਣੀ ਇਸ ਭੁੱਲ ਦਾ ਫਲ ਭੁਗਤਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ ਅਤੇ ਜਿਹੜੀਆਂ ਸਖ਼ਤੀਆਂ ਸਿੱਖ ਕੌਮ ਉਤੇ ਹੋਣ ਉਹ ਪਹਿਲੇ ਵਾਗੂੰ ਝਲਣ ਲਈ ਤਿਆਰ ਹੋ ਜਾਣਾ ਚਾਹੀਦਾ ਹੈ, ਜਾਂ ਸਰਦਾਰ ਸਾਹਿਬ ਨੂੰ ਪ੍ਰਧਾਨਗੀ ਤੋਂ ਹਟਾਕੇ ਇਹ ਸਬੂਤ ਦੇਣਾ ਚਾਹੀਦਾ ਹੈ ਕਿ ਸਿੱਖ ਕੌਮ ਦਾ ਸਰਕਾਰੀ ਆਦਮੀਆਂ ਤੇ ਹੁਣ ਕੋਈ ਇਤਬਾਰ ਨਹੀਂ। ਸਾਡੀ ਰਾਇ ਵਿਚ ਇਹੋ ਠੀਕ ਹੈ ਕਿ ੨੨ ਜਨਵਰੀ ੧੯੨੧ ਦੇ ਸਮਾਗਮ ਵਿਚ ਸ਼ਾਮਲ ਹੋ ਕੇ ੧੨ ਦਸਬੰਬ ਦੀ ਕਮੇਟੀ ਵਿਚ ਜੋ ਅਯੋਗ ਕਾਰਵਾਈਆਂ ਹੋਈਆਂ ਹਨ ਉਨ੍ਹਾਂ ਨੂੰ ਸੋਧਿਆ ਜਾਵੇ ਅਤੇ ਸਰਦਾਰ ਸਾਹਿਬ ਨੂੰ ਪ੍ਰਧਾਨਗੀ ਤੋਂ ਹਟਾਇਆ ਜਾਵੇ।

ਸ੍ਰੀ ਹਜ਼ੂਰ ਸਾਹਿਬ ਜੀ

ਅਕਾਲੀ ਕੌਰ ਸਿੰਘ ਜੀ ਲਿਖਦੇ ਹਨ ਕਿ ੨੨ ਦਸੰਬਰ ਨੂੰ ਨਿਜ਼ਾਮ ਸਾਹਿਬ ਨੇ ਹਰ ਇਕ ਥਾਂ ਨੂੰ ਵੇਖਿਆ, ਸਿੰਘਾਂ ਵੱਲੋਂ ਸਰਬਰਾਹ ਦੇ ਸਬੰਧੀ ਸ਼ਿਕਾਇਤਾਂ ਪ੍ਰਗਟ ਕੀਤੀਆਂ ਗਈਆਂ। ਸਭ ਦਾ ਭਾਵ ਇਹ ਸੀ ਕਿ ਸਰਦਾਰ ਧਰਮ ਸਿੰਘ ਸਰਬਰਾਹ ਪੂਰੇ ਦਿਆਨਤਦਾਰ ਨਹੀਂ ਹਨ। ੨੩ ਤਾਰੀਖ਼ ਨੂੰ ਦਾਸ ਭੀ ਮਿਲਿਆ ਤੇ ੩੦ ਦੇ ਕਰੀਬ ਉਹ ਗੱਲਾਂ ਪੇਸ਼ ਕੀਤੀਆਂ ਜਿਨ੍ਹਾਂ ਪੁਰ ਕੌਮ ਨੂੰ ਸਭ ਤੇ ਸ਼ਿਕਾਇਤਾਂ ਹੋ ਸਕਦੀਆਂ ਹਨ ਇਹ ਨੁਕਸ ਤਦੇ ਹੋਏ ਹਨ ਕਿ ਇਕ ਆਦਮੀ ਦੇ ਸਪੁਰਦ ਸਾਰਾ ਪ੍ਰਬੰਧ ਹੈ। ਜੇ ਪੰਥਕ ਕਮੇਟੀ ਬਣ ਜਾਵੇ ਤਾਂ ਕਮੇਟੀ ਵੱਲੋਂ ਮੈਨੇਜਰ ਜਾਂ ਸਰਬਰਾਹ ਮੁਕੱਰਰ ਹੋਵੇ ਤਾਂ ਗਲਤੀਆਂ ਹੋਣ ਦਾ ਡਰ ਨਹੀਂ ਰਹਿੰਦਾ। ਨਿਜ਼ਾਮ ਸਾਹਿਬ ਨੇ ਤਸਲੀ ਦਿੱਤੀ ਕਿ ਐਸਾ ਹੀ ਕੀਤਾ ਜਾਵੇਗਾ ਵੇਖੀਏ ਅਮਲ ਵਿਚ ਕੀ ਆਉਂਦਾ।

ਨੋਟ–ਸਾਰੇ ਪੰਥ ਵਿਚ ਇਹ ਲਹਿਰ ਬੜੇ ਜ਼ੋਰਾਂ ਵਿਚ ਹੈ ਕਿ ਸਭ ਪੰਥਕ ਗੁਰਦੁਆਰੇ ਪੰਥਕ ਕਮੇਟੀਆਂ ਦੇ ਸਪੁਰਦ ਹੋਣ। ਕਈ ਗੁਰਦੁਆਰਿਆਂ ਦੀਆਂ ਕਮੇਟੀਆਂ ਬਣ ਗਈਆਂ ਹਨ ਤੇ ਕਈ ਬਣ ਰਹੀਆਂ ਹਨ, ਕੋਈ ਕਾਰਨ ਨਹੀਂ ਕਿ ਸ੍ਰੀ ਹਜ਼ੂਰ ਤਖ਼ਤ ਸਾਹਿਬ ਜੀ ਦੀ ਕਮੇਟੀ ਨਾ ਬਣੇ। ਇਸ ਮੁਖੀ ਅਸਥਾਨ ਦੀ ਕਮੇਟੀ ਵੀ ਸਾਰੇ ਪੰਥ ਦੀ ਮਰਜ਼ੀ ਨਾਲ ਬਣਨੀ ਚਾਹੀਦੀ ਹੈ। (ਐਡੀਟਰ)

ਅਕਾਲੀ ਲਾਹੌਰ, ੧੪ ਮਾਰਚ ੧੯੨੧

ਖਾਲਸਾ ਕਾਲਜ ਕੌਂਸਲ

ਨਵੀਂ ਕੌਂਸਲ ਦੇ ਮੈਂਬਰਾਂ ਦੀ ਚੋਣ ਹੋ ਰਹੀ ਹੈ। ਨਵੇਂ ਅਤੇ ਪੁਰਾਣੇ ਵਿਦਿਆਰਥੀਆਂ ਵੱਲੋਂ :-

ਸਰਦਾਰ ਅਮਰ ਸਿੰਘ ਜੀ, ਸ: ਸੁੰਦਰ ਸਿੰਘ ਜੀ ਲੈਲਪੁਰੀ ਅਤੇ ਸ: ਪ੍ਰਤਾਪ ਸਿੰਘ ਜੀ ਐਡੀਟਰ ਅਕਾਲੀ ਚੁਣੇ ਗਏ ਹਨ ਅਤੇ ਸਿੱਖ ਗ੍ਰੈਜੂਏਟਾਂ ਵੱਲੋਂ :-

੧. ਸ: ਜੋਧ ਸਿੰਘ ਜੀ, ੨. ਸ: ਖੜਕ ਸਿੰਘ ਜੀ ਸਿਆਲਕੋਟ ੩. ਸ: ਬਿਸ਼ਨ ਸਿੰਘ ਜੀ ੪. ਮਾ: ਤਾਰਾ ਸਿੰਘ ਜੀ ਲੈਲਪੁਰ ੫. ਸ: ਤ੍ਰਿਲੋਚਨ ਸਿੰਘ ਜੀ, ੬. ਸਰਦਾਰ ਸੇਵਾ ਰਾਮ ਸਿੰਘ ਜੀ ਅਤੇ ੭. ਸ: ਨਰੈਣ ਸਿੰਘ ਜੀ ਚੁਣੇ ਗਏ ਹਨ।

ਪੁਰਾਣੇ ਵਿਦਿਆਰਥੀਆਂ ਦੀ ਚੋਣ ਉਤੇ ਪ੍ਰਿੰਸੀਪਲ ਅਤੇ ਉਸ ਦੇ ਸਾਥੀ ਬੜੇ ਲਾਲ ਪੀਲੇ ਹੋ ਰਹੇ ਹਨ ਅਤੇ ਇਸ ਚੋਣ ਨੂੰ ਤੋੜਨ ਲਈ ਯੋਗ ਅਯੋਗ ਢੰਗ ਵਰਤ ਰਹੇ ਹਨ।

ਅਕਾਲੀ ਲਾਹੌਰ, ੧੪ ਮਾਰਚ ੧੯੨੧

ਲਾਹੌਰ ਦੇ ਪੰਜ ਸਿੰਘਾਂ ਦੇ ਨਾਮ ਡਿਪਟੀ ਕਮਿਸ਼ਨਰ ਦਾ ਹੁਕਮ

ਡਾ. ਸੇਵਾ ਸਿੰਘ, ਸਰਦੂਲ ਸਿੰਘ ਕਵੀਸ਼ਰ, ਲਾਲ ਸਿੰਘ ਚੋਬਫਰੋਸ਼, ਰਾਮਰਖਾ ਸਿੰਘ ਅਰ ਗੁਰਬਖ਼ਸ਼ ਸਿੰਘ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਸੈਡੀਸ਼ਨ ਮੀਟਿੰਗ ਐਕਟ ਨੂੰ ਭੰਗ ਕਰਨ ਵਾਲੇ ਕਈ ਪੁਲਿਟੀਕਲ ਦੀਵਾਨਾਂ ਵਿਚ ਜਿਹੜੇ ਪਿਛਲੇ ਤਿੰਨ ਹਫ਼ਤਿਆਂ ਵਿਚ ਗੁਰਦੁਆਰਾ ਚੁਮਾਲਾ, ਬਾਵਲੀ ਸਾਹਿਬ ਅਰ ਹੋਰਨਾਂ ਥਾਵਾਂ ਤੇ ਲਗਦੇ ਰਹੇ ਹਨ, ਉਨ੍ਹਾਂ ਦੇ ਅਜਿਹੇ ਦੀਵਾਨਾਂ ਚਿ ਸ਼ਰੀਕ ਹੋਣ ਦੀਆਂ ਰਿਪੋਰਟਾਂ ਪਹੁੰਚੀਆਂ ਹਨ। ਉਨ੍ਹਾਂ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਅਜਿਹੇ ਹੋਰ ਕਿਸੇ ਦੀਵਾਨਾਂ ਵਿਚ ਉਨ੍ਹਾਂ ਦੇ ਹਿੱਸਾ ਲੈਣ ਨਾਲ, ਉਹ ਜਾਂ ਉਥੇ ਹਾਜ਼ਰ ਹੋਰ ਲੋਕਾਂ ਨਾਲ ਝਟ ਪਟ ਕਾਨੂੰਨੀ ਸਲੂਕ ਕੀਤਾ ਜਾਵੇਗਾ।

ਤਾਰੀਖ਼ ੧੧ ਮਾਰਚ ੧੯੨੧
(ਅਖਰ) ਡਿਸਟਰਿਕਟ
ਮੈਜਿਸਟਰੇਟ ਲਾਹੌਰ

ਇਸ ਹੁਕਮ ਉੱਤੇ ਸ. ਸਰਦੂਲ ਸਿੰਘ ਜੀ ਨੇ ਇਉਂ ਲਿਖ ਭੇਜਿਆ ਹੈ—

ਹੁਕਮ ਕਾਨੂੰਨ ਵਿਰੁੱਧ ਹੈ, ਪਰੰਤੂ ਹਾਲਾਂ ਇਸ ਨੂੰ ਉਲੰਘਨ ਕਰਨ ਦਾ ਮੇਰਾ ਇਰਾਦਾ ਨਹੀਂ।

ਅਕਾਲੀ ਲਾਹੌਰ, ੧੬ ਮਾਰਚ ੧੯੨੧

ਸਿ: ਕਾਨਫ਼ਰੰਸ ਨੂੰ ਆਜ਼ਾਦ ਕਰਾਉਣ ਦਾ ਯਤਨ

ਭਾਈ ਰਾਮ ਸਿੰਘ ਜੀ ਐਡੀਟਰ "ਪੰਚ" ਨੇ ਹੇਠਾਂ ਲਿਖੀ ਚਿੱਠੀ ਸਿੱਖ : ਐ: ਕਮੇਟੀ ਦੇ ਸਕੱਤਰ ਨੂੰ ਭੇਜੀ ਹੈ :-
ਸੇਵਾ ਵਿਖੇ, ਸਕੱਤਰ ਸਾਹਿਬ, ਸਿੱਖ ਵਿਦਿਅਕ ਕਮੇਟੀ ਸਿਆਲਕੋਟ।

ਸ੍ਰੀ ਮਾਨ ਜੀ,

ਹੇਠ ਲਿਖਿਆ ਗੁਰਮਤਾ ਮੈਂ ਸਿੱਖ ਵਿਦਿਅਕ ਕਾਨਫ਼ਰੰਸ ਦੇ ਤੇਰ੍ਵੇਂ ਇਜਲਾਸ ਹੁਸ਼ਿਆਰਪੁਰ ਵਿਖੇ ਪੇਸ਼ ਕਰਾਂਗਾ, ਕ੍ਰਿਪਾ ਕਰਕੇ ਕਮੇਟੀ ਨੂੰ ਤੇ ਪ੍ਰਧਾਨ ਜੀ ਨੂੰ ਖ਼ਬਰ ਦੇ ਕੇ ਕ੍ਰਿਤਾਰਥ ਕਰਨਾ,

ਸਿੱਖ ਵਿਦਿਅਕ ਕਮੇਟੀ ਤੇ ਸਿੱਖ ਵਿਦਿਅਕ ਕਾਨਫ਼ਰੰਸ ਦਾ ਸਬੰਧ ਚੀਫ਼ ਖਾਲਸਾ ਦੀਵਾਨ ਨਾਲੋਂ ਬਿਲਕੁਲ ਤੋੜ ਦਿੱਤਾ ਜਾਵੇ ਤੇ ਅੱਗੋਂ ਲਈ ਨਵੇਂ ਪ੍ਰਬੰਧ ਵਾਸਤੇ ਹੇਠ ਲਿਖੇ ਸੱਜਣਾਂ ਦੀ ਆਰਜ਼ੀ ਪ੍ਰਬੰਧਕ ਕਮੇਟੀ ਨੀਯਤ ਕੀਤੀ ਜਾਵੇ, ਜੋ ਨਵੇਂ ਕਾਇਦੇ ਪਾਸ ਹੋਣ ਤੱਕ ਵਿਦਿਅਕ ਕਾਨਫ਼ਰੰਸ ਦਾ ਪ੍ਰਬੰਧ ਆਪਣੇ ਹੱਥ ਵਿਚ ਰਖੇ।

੧. ਪ੍ਰਿੰਸੀਪਲ ਜੋਧ ਸਿੰਘ ਜੀ ਗੁਜਰਾਂ ਵਾਲਾ। ੨. ਸਰ: ਹਰਬੰਸ ਸਿੰਘ ਜੀ ਅਟਾਰੀ। ੩. ਸਰ: ਖੜਕ ਸਿੰਘ ਜੀ ਸਿਆਲਕੋਟ। ੪. ਸਰ: ਤਿਰਲੋਚਨ ਸਿੰਘ ਅੰਮ੍ਰਿਤਸਰ। ੫. ਸਰ: ਹਰਚੰਦ ਸਿੰਘ ਜੀ ਲਾਇਲਪੁਰ। ੬. ਸਰ: ਜੋਗਿੰਦਰ ਸਿੰਘ ਜੀ ਏਰਾ। ੭. ਸਰ: ਸਰਦੂਲ ਸਿੰਘ ਜੀ ਕਵੀਸ਼ਰ ਲਾਹੌਰ। ੮. ਸਰ: ਹਰਬਖਸ਼ ਸਿੰਘ ਜੀ ਹੁਸ਼ਿਆਰਪੁਰ। ੯. ਮਾਸਟਰ ਮੋਤਾ ਸਿੰਘ ਜੀ ਅਕਾਲੀ ਪੱਤ੍ਰਕਾ। ੧੦. ਸਰ: ਨਰੈਣ ਸਿੰਘ ਜੀ ਗੁਜਰਾਂਵਾਲਾ। ੧੧. ਸਰ: ਅਮਰ ਸਿੰਘ ਜੀ ਝਬਾਲ। ੧੨. ਭਾਈ ਸਾਹਿਬ ਤੇਜਾ ਸਿੰਘ ਜੀ ਪ੍ਰਿੰਸੀਪਲ ਅਕਾਲ ਕਾਲਜ। ੧੩. ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ੧੪. ਪ੍ਰੋਫੈਸਰ ਹਰਕਿਸ਼ਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ। ੧੫. ਮਾਸਟਰ ਤਾਰਾ ਸਿੰਘ ਜੀ ਲਾਇਲਪੁਰ। ੧੬. ਗਿਆਨੀ ਸ਼ੇਰ ਸਿੰਘ ਜੀ ਰਾਵਲਪਿੰਡੀ। ੧੭. ਸਰ: ਪ੍ਰਤਾਪ ਸਿੰਘ ਜੀ ਐਡੀਟਰ ਅਕਾਲੀ। ੧੮. ਪ੍ਰੋਫੈਸਰ ਤੇਜਾ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ। ੧੯. ਸਰ: ਜਸਵੰਤ ਸਿੰਘ ਜੀ ਝਬਾਲ। ੨੦. ਸਰ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ। ੨੧. ਸਰ: ਦਾਨ ਸਿੰਘ ਜੀ ਵਛੋਆ। ੨੨. ਪ੍ਰੋਫੈਸਰ ਨਿਰੰਜਨ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ। ੨੩. ਸਰ: ਬੂਟਾ ਸਿੰਘ ਜੀ ਸ਼ੇਖੂ ਪੁਰਾ। ੨੪. ਸਰ: ਨਾਨਕ ਸਿੰਘ ਜੀ ਦਿਲੀ। ੨੫. ਭਾਈ ਕਰਤਾਰ ਸਿੰਘ ਜੀ ਝਬਰ। ੨੬. ਭਾਈ ਪਿਆਰਾ ਸਿੰਘ ਜੀ ਲੰਗੇਰੀ। ੨੭. ਭਾਈ ਤੇਜਾ ਸਿੰਘ ਜੀ ਭੁਚਰ। ੨੮. ਸਰ: ਹਰਬੰਸ ਸਿੰਘ ਪ੍ਰੋਫੈਸਰ ਖਾਲਸਾ ਕਾਲਜ ਅੰਮ੍ਰਿਤਸਰ। ੨੯. ਗਿਆਨੀ ਰਘਬੀਰ ਸਿੰਘ ਜੀ ਜਲੰਧਰ। ੩੦. ਸਰ: ਤੇਜਾ ਸਿੰਘ ਸਮੁੰਦਰੀ।

ਦਾਸ : ਰਾਮ ਸਿੰਘ ਧਾਰੋਵਾਲੀਆ, ਐਡੀਟਰ ਪੰਚ ਲਾਹੌਰ ਤੇ ਸਪੈਸ਼ਲ ਵਿਜ਼ੀਟਰ, ਵੱਲੋਂ ਸਿੱਖ ਅਮੀਰਕਨ ਵਿਦਿਅਕ ਸੁਸਾਇਟੀ ਸਟਾਕਰਨ, ਅਮਰੀਕਾ। ੧੦ ਮਾਰਚ ੧੯੨੧।

ਅਕਾਲੀ ਲਾਹੌਰ, ੧੮ ਮਾਰਚ ੧੯੨੧

ਅਕਾਲੀ ਜਥਾ ਲਾਹੌਰ ਦਾ ਮੁਕਦਮਾ !

ਸਿੱਖ ਪੁਲਿਸ ਨਾਲ ਮੁਕਾਬਲਾ ਕਰਨਾ ਨਹੀਂ ਚਾਹੁੰਦੇ, ੧੫ ਤਾਰੀਖ ਦੀ ਕਾਰਵਾਈ

ਅਕਾਲੀ ਜਥਾ ਲਾਹੌਰ ਦਾ ਮੁਕਦਮਾਂ ਧਰਮਸ਼ਾਲਾ ਸਾਧੂ ਰਾਮ ਸਬੰਧੀ ਅਜ ਫੇਰ ਮਿਸਟਰ ਕਿਊ, ਐਡੀਸ਼ਨਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਇਆ। ਬਹੁਤ ਸਾਰੇ ਸਿੱਖ ਤੇ ਹੋਰ ਮੁਕਦਮਾਂ ਸੁਨਣ ਵਾਲੇ ਸੈਂਕੜੇ ਕਚਹਿਰੀ ਵਿਚ ਹਾਜ਼ਰ ਸਨ। ਬਾਰਾਂ ਵੱਜਣ ਤੋਂ ਥੋੜ੍ਹਾ ਚਿਰ ਮਗਰੋਂ ਪੁਲਿਸ ਨੇ ਅਦਾਲਤ ਤੋਂ ਕੋਈ ਪੰਜਾਹ ਕਦਮ ਦੀ ਦੂਰੀ ਤਕ ਲੋਕਾਂ ਨੂੰ ਰੋਕ ਦਿੱਤਾ ਅਤੇ ਝਟ ਹੀ ਮਗਰੋਂ ਜੇਲ੍ਹ ਦੀ ਗੱਡੀ ਵਿਚ ਅਕਾਲੀ ਜਥਾ ਵੀ ਸਤ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦਾ ਆ ਦਾਖਲ ਹੋਇਆ। ਖਲੋਤੀ ਹੋਈ ਸੰਗਤ ਨੇ ਵੀ ਉੱਤਰ ਵਿਚ ਸਤ ਸ੍ਰੀ ਅਕਾਲ ਦਾ ਜੈਕਾਰਾ

ਲਾਇਆ। ਸਰਕਾਰ ਵਲੋਂ ਸਯਦ ਆਬਾਦ ਅਲੀ ਵਕੀਲ ਮੁਕਦਮੇਂ ਦੀ ਪੈਰਵੀ ਕਰਦੇ ਸਨ, ਸਭ ਤੋਂ ਪਹਿਲੋਂ ਮਾਈ ਨੰਦ ਕੌਰ ਦਾ ਬਿਆਨ ਸ਼ੁਰੂ ਹੋਇਆ।

ਮਾਈ ਨੰਦ ਕੌਰ ਦਾ ਬਿਆਨ

ਮੇਰਾ ਨਾਮ ਨੰਦ ਕੌਰ ਹੈ। ਮੇਰਾ ਪਤੀ ਜੈਰਾਮ ਦਾਸ ਉਦਾਸੀ ਸਾਧੂ ਸੀ। ਮੇਰੀ ਅਵਸਥਾ ੫੫ ਜਾਂ ੬੦ ਸਾਲ ਦੇ ਲਗਭਗ ਹੈ। ਮੈਂ ਧਰਮਸ਼ਾਲਾ ਭਾਈ ਸਾਧੂ ਰਾਮ, ਸ਼ੇਰਾਂ ਵਾਲਾ ਦਰਵਾਜ਼ਾ ਲਾਹੌਰ ਦੀ ਰਹਿਣ ਵਾਲੀ ਹਾਂ। ਮੈਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਜੋ ਕੁਝ ਆਖਾਂਗੀ ਸੱਚ ਆਖਾਂਗੀ।

ਪਹਿਲੋਂ ਜੈਰਾਮ ਦਾਸ ੪੯ ਸਾਲ ਇਸ ਗੁਰਦੁਆਰੇ ਦਾ ਮਾਲਕ ਰਿਹਾ ਹੈ, ਉਸ ਤੋਂ ਮਗਰੋਂ ੧੦ ਸਾਲ ਤੋਂ ਮੈਂ ਏਥੋਂ ਦੀ ਮਹੰਤਨੀ ਬਣੀ ਰਹੀ ਹਾਂ। ਮੈਂ ਕੁਲ ੩੫ ਸਾਲ ਜੈਰਾਮ ਦਾਸ ਪਾਸ ਰਹੀ ਹਾਂ। ਮੈ ਚੜ੍ਹਾਵਾ ਨਹੀਂ ਲੈਂਦੀ, ਮਕਾਨਾਂ ਦੇ ਕਰਾਏ ਨਾਲ ਆਪਣਾ ਝਟ ਗੁਜ਼ਾਰਦੀ ਹਾਂ। ਕੋਈ ੧੯ ਦਿਨ ਹੋਏ ਕਿ ਬਹੁਤ ਸਾਰੇ ਸਿੱਖ ਇਕੱਠੇ ਹੋ ਕੇ ਧਰਮਸ਼ਾਲਾ ਵਿਚ ਆ ਗਏ, ਸ਼ਾਮ ਦਾ ਵੇਲਾ ਸੀ। ਉਹ ਬਹੁਤ ਸਾਰੇ ਸਨ ਅਤੇ ਧਰਮਸ਼ਾਲਾ ਉਪਰ ਕਬਜ਼ਾ ਕਰਨ ਲਈ ਆਏ ਸਨ। ਆਉਂਦਿਆਂ ਹੀ ਉਹਨਾਂ ਮੱਥਾ ਟੇਕਿਆ ਅਤੇ ਲੈਕਚਰ ਕਰਨ ਲੱਗ ਪਏ। ਮੈਂ ਉਹਨਾਂ ਦੇ ਆਉਣ ਵਿਚ ਰਾਜ਼ੀ ਨਹੀਂ ਸਾਂ, ਪਰ ਡਰਦਿਆ ਮਾਰਿਆਂ ਉਹਨਾਂ ਅੱਗੇ ਹੱਥ ਜੋੜ ਦਿਤੇ। ਥੋੜ੍ਹਾ ਚਿਰ ਠਹਿਰਕੇ ਉਹ ਚਲੇ ਗਏ ਅਤੇ ਆਖ ਗਏ ਕਿ ਅਸੀਂ ਅੱਠ ਦਿਨ ਮਗਰੋਂ ਫੇਰ ਆਵਾਂਗੇ ਤੇ ਦੀਵਾਨ ਲਗਾਵਾਂਗੇ। ਉਹਨਾਂ ਦੇ ਚਲੇ ਜਾਣ ਦੇ ਤਿੰਨ ਦਿਨ ਮਗਰੋਂ ਅਸਾਂ ਪੁਲਿਸ ਨੂੰ ਦਰਖਾਸਤ ਦਿੱਤੀ ਕਿ ਅਕਾਲੀ ਜਥੇ ਦਾ ਆਕੇ ਧਰਮਸ਼ਾਲਾ ਉਪਰ ਕਬਜ਼ਾ ਕਰ ਲੈਣ ਦਾ ਡਰ ਹੈ, ਇਸ ਲਈ ਪੁਲਿਸ ਸਾਡੀ ਆਕੇ ਰੱਖਿਆ ਕਰੇ। ਅਸਾਂ ਪੁਲਿਸ ਦਾ ਖਰਚਾ ਰੱਖ ਦਿੱਤਾ ਅਤੇ ਸਾਨੂੰ ਪੁਲਿਸ ਮਿਲ ਗਈ। ਉਹ ਪੁਲਿਸ ਗਾਰਦ ਉਥੇ ਦਸ ਦਿਨ ਤਕ ਰਹੀ, ਉਹਨਾਂ ਦਸਾਂ ਦਿਨਾਂ ਵਿਚ ਕੋਈ ਨਾ ਆਇਆ ਅਤੇ ਜਿਸ ਦਿਨ ਕਰਤਾਰ ਸਿੰਘ ਬੇਦੀ ਦਾ ਜਨਾਜ਼ਾ ਨਿਕਲਣਾ ਸੀ, ਉਸ ਦਿਨ ਲਾਲ ਸਿੰਘ ਅਤੇ ਕੁਝ ਹੋਰ ਸਿੰਘ ਜਿਨ੍ਹਾਂ ਦੇ ਨਾਮ ਮੈਨੂੰ ਯਾਦ ਨਹੀਂ, ਉਹਨਾਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਇਹ ਇਕਰਾਰ ਕੀਤਾ ਕਿ ਤੂੰ ਪੁਲਿਸ ਉਠਾ ਦੇ ਅਸੀਂ ਕਬਜ਼ਾ ਨਹੀਂ ਕਰਾਂਗੇ। ਸੋ ਉਸ ਰਾਤ ਤੋਂ ਮੈਂ ਪੁਲਿਸ ਹਟਾ ਦਿੱਤੀ। ਤਦ ਦੂਜੇ ਦਿਨ ਸਵੇਰੇ ਹੀ ਲਾਲ ਸਿੰਘ ਅਤੇ ਹੋਰ ੨੫ ਸਿੱਖ ਆ ਗਏ ਅਤੇ ਆਖਿਆ ਕਿ ਤੂੰ ਖਾਲਸਾ ਕਮੇਟੀ ਨੂੰ ਲਿਖਦੇ ਕਿ ਧਰਮਸ਼ਾਲਾ ਖਾਲਸਾ ਕਮੇਟੀ ਦੀ ਹੈ। ਮੈਂ ਆਖਿਆ ਜੇ ਸਾਡਾ ਕੋਈ ਹੱਕ ਨਹੀਂ ਰਹਿਣਾ ਤਦ ਮੈਂ ਕੁਝ ਨਹੀਂ ਲਿਖਕੇ ਦੇ ਸਕਦੀ। ਇਹ ਸੁਣ ਕੇ ਉਹ ਗੁਰਦੁਆਰੇ ਦੇ ਅੰਦਰ ਹੋ ਬੈਠੇ ਅਤੇ ਸਾਨੂੰ ਬਾਹਰ ਕੱਢ ਦਿੱਤਾ। ਅਸੀਂ ਥੜ੍ਹੇ ਉਪਰ ਹੀ ਗੁਜਾਰਾ ਕੀਤਾ। ਉਸੇ ਦਿਨ ਸ਼ਾਮ ਨੂੰ ਬਹੁਤ ਸਾਰੇ ਸਿੱਖ ਇਕੱਠੇ ਹੋ ਕੇ ਆ ਗਏ ਉਹ ਲੈਕਚਰ ਕਰਦੇ ਰਹੇ ਅਸਾਂ ਡਰਦਿਆਂ ਮਾਰਿਆਂ ਹੱਥ ਜੋੜ ਦਿੱਤੇ ਤੇ ਉਹ ਚਲੇ ਗਏ। ਦੂਜੇ ਦਿਨ ਸਵੇਰੇ ਪੰਜਾਂ ਆਦਮੀਆਂ ਆਕੇ ਖ਼ਬਰ ਦਿੱਤੀ ਕਿ ਅੱਜ ਅਸਾਂ ਕਬਜ਼ਾ ਕਰਨ ਆਉਣਾ ਹੈ, ਸੋ ਮੈਂ ਹਰੀ ਦਾਸ ਚੇਲੇ ਨੂੰ ਛੱਡ ਕੇ ਕੋਤਵਾਲੀ ਰਪੋਟ ਕਰਨ ਚਲੀ ਗਈ ਅਤੇ ਰਪੋਟ ਕਰ ਕੇ ਇਕਲੀ ਘਰ ਚਲੀ ਆਈ, ਉਤਨੇ ਚਿਰ ਨੂੰ ਜਥੇ ਵਾਲੇ ਤੇ ਹੋਰ ਸਿੱਖ ਆਣ ਪਹੁੰਚੇ ਸਨ। ਸਿੱਖਾਂ ਨਾਲ ਸਾਰਾ ਬਾਜ਼ਾਰ ਭਰਿਆ ਹੋਇਆ ਸੀ। ਥੋੜ੍ਹੇ ਚਿਰ ਮਗਰੋਂ ਮਿਸਟਰ ਬਰਾਊਨ ਅਤੇ ਕੋਤਵਾਲ ਸਾਹਿਬ ਵੀ ਆ ਗਏ, ਉਨ੍ਹਾਂ ਆਦਮੀਆਂ ਨੂੰ ਦੇਖਕੇ ਆਖਿਆ ਕਿ ਐਸ ਵੇਲੇ ਭੀੜ ਬਹੁਤ ਹੈ ਦਰਵਾਜ਼ਾ ਨਹੀਂ ਖੁਲ੍ਹ ਸਕਦਾ ਸਵੇਰੇ ਅੱਠ ਵਜੇ ਖੁਲ੍ਹੇਗਾ। ਇਹ ਆਖ ਕੇ ਉਹ ਚਲੇ ਗਏ ਫੇਰ ਉਨ੍ਹਾਂ ਵਿੱਚੋਂ ਲਾਲ ਸਿੰਘ ਨੇ ਆਖਿਆ ਕਿ ਤੂੰ ਬੂਹਾ ਖੁਲਵਾ ਦੇ। ਤੇਰੀ ਜਾਨ ਨੂੰ ਕੋਈ ਖਤਰਾ ਨਹੀਂ। ਅਸੀਂ ਹਰੀ ਦਾਸ ਨਾਲ ਕੋਈ ਸਖ਼ਤੀ ਨਹੀਂ ਕਰਾਂਗੇ, ਇਸ ਲਈ ਮੈਂ ਹਰੀ ਦਾਸ ਨੂੰ ਆਖ ਕੇ ਬੂਹਾ ਖੁਲ੍ਹਵਾ ਦਿੱਤਾ ਅਤੇ ਬੂਹਾ ਖੁਲ੍ਹਣ ਉਪਰ ਬੇ ਸ਼ੁਮਾਰ ਖਲਕਤ ਅੰਦਰ ਆ ਗਈ ਤੇ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ ਵਿਚ ਜਾ ਬੈਠੇ ਅਤੇ ਕੁਝ ਚਿਰ ਸ਼ਬਦ ਕੀਰਤਨ ਦੇ ਮਗਰੋਂ ਬੋਲੇ ਕਿ ਅਸੀਂ ਹਰੀ ਦਾਸ ਨੂੰ ਡੰਡ ਲਾਉਣਾ ਚਾਹੁੰਦੇ ਹਾਂ ਕਿਉਂ ਉਸ ਨੇ ਧਰਮਸ਼ਾਲਾ ਦਾ ਬੂਹਾ ਬੰਦ ਕੀਤਾ ਹੈ। ਸੋ ਉਨ੍ਹਾਂ ਨੇ ਉਸ ਨੂੰ ੨੧ ਵਾਰ ਉਠਕਾਂ ਬੈਠਕਾਂ ਕਢਾਈਆਂ ਅਤੇ ਨਾਲੇ ਸਾਰੀ ਸੰਗਤ ਦੇ ਜੋੜੇ ਝੜਵਾਏ, ਫੇਰ ਹਰੀ ਦਾਸ ਪਾਸੋਂ ਮਾਫੀ ਮੰਗਾ ਕੇ ਸਭ ਚਲੇ ਗਏ। ਦੂਜੇ ਦਿਨ ਸਵੇਰੇ ਪੰਜ ਆਦਮੀ ਆਏ ਅਤੇ ਆਖਿਆ ਕਿ ਜੇ ਤੁਸੀਂ ਨਹੀਂ ਮੰਨਦੇ ਤਾਂ ਅੱਜ ਅਸੀਂ ਤੁਹਾਨੂੰ ਬੇ-ਦਖ਼ਲ ਕਰ ਦਿਆਂਗੇ, ਉਪਰੰਤ ਸ਼ਾਮ ਵੇਲੇ ਬੇ-ਸ਼ੁਮਾਰ ਸਿੱਖ ਆ ਗਏ। ਅਸਾਂ ਇਹ ਦੇਖਕੇ ਅੰਦਰੋਂ ਬੂਹਾ ਬੰਦ ਕਰ ਲਿਆ। ਬਾਹਰ ਪੁਲਿਸ ਆਈ ਤੇ ਸਾਰੀ ਰਾਤ ਬੈਠੀ ਰਹੀ। ਸਾਨੂੰ ਪਤਾ ਨਹੀਂ ਸਵੇਰੇ ਮਿਸਟਰ ਬਰਾਊਨ

ਤੇ ਕੋਤਵਾਲ ਪੁਲਿਸ ਅਤੇ ਦੋ ਹੋਰ ਅੰਗਰੇਜ਼ ਆਏ ਤੇ ਹੁਕਮ ਦਿੱਤਾ ਕਿ ਹੁਣ ਇਸ ਥਾਂ ਉਪਰ ਸਰਕਾਰ ਦਾ ਕਬਜ਼ਾ ਹੋ ਗਿਆ ਹੈ। ਉਹ ਇਹ ਆਖ ਕੇ ਚਲੇ ਗਏ। ਕੁਝ ਦੇਰ ਮਗਰੋਂ ਜਥੇ ਵਾਲੇ ਅੰਦਰ ਚਲੇ ਗਏ ਉਹਨਾਂ ਆ ਕੇ ਲੰਗਰ ਜਾਰੀ ਕਰ ਦਿੱਤਾ ਅਤੇ ਰਹਿਣ ਲੱਗ ਪਏ ਤੇ ਸਾਨੂੰ ਕੱਢ ਦਿੱਤਾ। ਅਸੀਂ ਕਰਾਏ ਵਾਲੇ ਮਕਾਨਾਂ ਵਿਚ ਜਾਂ ਬੈਠੇ ਫੇਰ ਉਹਨਾਂ ਕਾਲੇ ਰੰਗ ਦਾ ਨਿਸ਼ਾਨ ਸਾਹਿਬ ਵੀ ਖੜ੍ਹਾ ਕਰ ਦਿੱਤਾ। ਮੈਂ ਕੋਤਵਾਲੀ ਇਤਲਾਹ ਦੇਣ ਚਲੀ ਗਈ ਉਥੋਂ ਮਿਸਟਰ ਬਰਾਉਨ ਅਤੇ ਇਕ ਹੋਰ ਅੰਗਰੇਜ਼ ਆਏ, ਉਹਨਾਂ ਆ ਕੇ ਝੰਡਾ ਸਾਹਿਬ ਉਤਰਵਾ ਦਿੱਤਾ। ਉਹਨਾਂ ਦੇ ਚਲੇ ਜਾਣ ਮਗਰੋਂ ਸ਼ਾਮ ਨੂੰ ਫੇਰ ਸਿੱਖ ਇਕੱਠੇ ਹੋਏ ਅਤੇ ਮੁੜ ਝੰਡਾ ਖੜ੍ਹਾ ਕਰ ਦਿੱਤਾ। ਅਤੇ ਰਾਤ ਭਰ ਉਥੇ ਟਿਕੇ ਰਹੇ। ਸਵੇਰ ਨੂੰ ਤਿੰਨ ਅੰਗਰੇਜ਼ ਆਏ ਅਤੇ ਅੰਦਰ ਵਾਲੇ ਸਭ ਸਿੱਖਾਂ ਨੂੰ ਫੜ ਲਿਆ।

ਫੇਰ ਮੈਜਿਸਟਰੇਟ ਨੇ ਜਥੇ ਨੂੰ ਪੁੱਛਿਆ ਕਿ ਇਸ ਉਪਰ ਜੇ ਕੋਈ ਤੁਸਾਂ ਸਵਾਲ ਕਰਨਾ ਹੋਵੇ ਤਾਂ ਕਰ ਲਉ ਪਰ ਸਭ ਨੇ ਉਤਰ ਦਿੱਤਾ ਕਿ ਅਸੀਂ ਕੁਝ ਵੀ ਪੁਛਨਾ ਨਹੀਂ ਚਾਹੁੰਦੇ।

ਇਸ ਤੋਂ ਮਗਰੋਂ ਮਿਸਟਰ ਬ੍ਰੋਨ ਅਤੇ ਸਿਟੀ ਮੈਜਿਸਟਰੇਟ ਦੀ ਗਵਾਹੀ ਸਬੰਧੀ ਵਕੀਲ ਦੀ ਰਾਏ ਸੀ ਕਿ ਇਹਨਾਂ ਅਫ਼ਸਰਾਂ ਦੀ ਗਵਾਹੀ ਨ ਲਈ ਜਾਵੇ। ਪ੍ਰੰਤੂ ਮੈਜਿਸਟਰੇਟ ਦਾ ਪੱਖ ਸੀ ਕਿ ਜ਼ਰੂਰ ਲਈ ਜਾਣੀ ਚਾਹੀਦੀ ਹੈ, ਕਿਉਂਕਿ ਸਭ ਮੌਕੇ ਉਪਰ ਸਭ ਹਾਲ ਦੇਖਦੇ ਰਹੇ ਹਨ, ਇਸ ਲਈ ਉਹਨਾਂ ਦੀ ਗਵਾਹੀ ਜ਼ਰੂਰੀ ਲੈਣੀ ਚਾਹੀਦੀ ਹੈ, ਜੋ ਪਹਿਲੋਂ ਸਿਟੀ ਮੈਜਿਸਟਰੇਟ ਨੂੰ ਤਲਬ ਕੀਤਾ ਗਿਆ।

ਸਿਟੀ ਮੈਜਿਸਟੇਰਟ ਦੀ ਗਵਾਹੀ

ਮੈਂ ਜੋ ਕੁਝ ਆਖਾਂਗਾ ਸਭ ਸਚ ਆਖਾਂਗਾ, ਮੈਂ ਪਹਿਲੋਂ ਪਹਿਲ ੮ ਅਤੇ ੯ ਮਾਰਚ ਦੀ ਦਰਮਿਆਨੀ ਰਾਤ ਨੂੰ ਗਿਆ। ਮੈਂ ਉਥੇ ਬਤੌਰ ਸਿਟੀ ਮੈਜਿਸਟਰੇਟ ਗਿਆ ਸਾਂ। ਜਦ ਮੈਂ ਕੋਈ ੮ ਵਜੇ ਦੇ ਕਰੀਬ ਉਥੇ ਪਹੁੰਚਦਾ ਤਦ ਧਰਮਸ਼ਾਲਾ ਦੇ ਗਿਰਦ ਪੁਲਿਸ ਦਾ ਪਹਿਰਾ ਸੀ। ਸੁਪਰਡੈਂਟ ਪੁਲਿਸ, ਤਹਿਸੀਲਦਾਰ ਸਾਹਿਬ ਅਤੇ ਕੋਤਵਾਲ ਸਾਹਿਬ ਵੀ ਮੌਕੇ ਉਪਰ ਹਾਜ਼ਰ ਸਨ। ਉਥੇ ਕੋਈ ਸਿੱਖ ਨਹੀਂ ਸੀ। ਫੇਰ ਮੈਂ ਸਿੱਖਾਂ ਦੇ ਲੀਡਰ ਨੂੰ ਸੱਦਾ ਭੇਜਿਆ ਤਾਂ ਕੇ ਮੈਂ ਉਹਨੂੰ ਹਦਾਇਤ ਕਰਾ ਕੇ ਉਹ ਕਿਸੇ ਪ੍ਰਕਾਰ ਦੀ ਤਕਲੀਫ਼ ਨ ਦੇਣ। ਫੇਰ ਮੈਂ ਤਸੀਲਦਾਰ ਨੂੰ ਨਾਲ ਲੈਕੇ ਇਕ ਹੋਰ ਧਰਮਸ਼ਾਲਾ ਜਿਹੜਾ ਕੇ ਉਹ ਦੇ ਮਜ਼ਰਕ ਨੂੰ ਸੀ ਅਤੇ ਜਿਸ ਵਿਚ ਸਭ ਸਿੱਖ ਇਕੱਠੇ ਹੋਏ ਸਨ, ਮੈਂ ਉਹਨਾਂ ਦੇ ਲੀਡਰ ਗੁਰਬਖਸ਼ ਸਿੰਘ ਨੂੰ ਬੁਲਾਕੇ ਉਸ ਨਾਲ ਗੱਲ ਬਾਤ ਕੀਤੀ। ਜਿਸ ਤੋਂ ਮੈਨੂੰ ਪਤਾ ਲੱਗਾ ਕਿ ਉਹ ਇਹ ਗੱਲ ਚਾਹੁੰਦੇ ਹਨ ਕਿ ਬਿਨਾਂ ਪੁਲਿਸ ਦਾ ਟਾਕਰਾ ਕੀਤੇ ਜੇ ਉਹ ਧਰਮਸ਼ਾਲਾਂ ਉਪਰ ਕਬਜ਼ਾ ਕਰ ਸਕਣ ਤਾਂ ਉਸੇ ਤਰ੍ਹਾਂ ਕੀਤਾ ਜਾਏ। ਕਿਉਂਕਿ ਉਸ ਨੇ ਦਸਿਆ ਕਿ ਮਹੰਤ ਬਦਚਲਨ ਆਦਮੀ ਹੈ ਅਤੇ ਅਸੀਂ ਉਸ ਨੂੰ ਬਦਲ ਕੇ ਕੋਈ ਚੰਗਾ ਆਦਮੀ ਉਥੇ ਬੈਠਾ ਦੇਣਾ ਚਾਹੁੰਦੇ ਹਾਂ। ਮੈਂ ਉਸ ਨੂੰ ਦਸਿਆ ਕੇ ਹੁਣ ਧਰਮਸ਼ਾਲਾ ਉਪਰ ਸਰਕਾਰੀ ਕਬਜ਼ਾ ਹੈ ਸੋ ਤੁਸੀਂ ਬਿਨਾਂ ਪੁਲਿਸ ਦੇ ਟਾਕਰਾ ਕੀਤੇ ਅੰਦਰ ਨਹੀਂ ਜਾ ਸਕਦੇ, ਉਹਨਾਂ ਆਖਿਆ ਕਿ ਅਸੀਂ ਏਥੇ ਹੀ ਬੈਠੇ ਰਹਾਂਗੇ, ਜਦ ਪੁਲਿਸ ਚਲੀ ਜਾਏਗੀ ਤਦ ਕਬਜ਼ਾ ਕਰ ਲਵਾਂਗੇ। ਜਦ ਮੈਂ ਉਹਨਾਂ ਨੂੰ ਫੇਰ ਪੁੱਛਿਆ ਕਿ ਕਿਉਂ ਉਹ ਐਨੀ ਜ਼ਿਦ ਕਰਦੇ ਹਨ, ਤਦ ਉਹਨਾਂ ਮੈਨੂੰ ਦੱਸਿਆ ਕਿ ਸਾਡੇ ਵਿੱਚੋਂ ਬਹੁਤ ਸਾਰੇ ਸਿੱਖ ਇਹ ਕਸਮ ਖਾਕੇ ਘਰੋਂ ਆਏ ਹਨ ਕਿ ਉਹ ਮੱਥਾ ਟੇਕੇ ਬਿਨਾਂ ਵਾਪਸ ਨਹੀਂ ਜਾਣਗੇ, ਮੈਂ ਆਖਿਆ ਕਿ ਜੇ ਤੁਹਾਨੂੰ ਅੰਦਰ ਜਾਣ ਦੀ ਖੁਲ੍ਹ ਦਿੱਤੀ ਗਈ ਤਦ ਤੁਸੀਂ ਧਰਮਸ਼ਾਲਾ ਤੇ ਕਬਜ਼ਾ ਕਰ ਲਾਉਗੇ, ਉਨ੍ਹਾਂ ਉੱਤਰ ਦਿੱਤਾ ਕਿ ਅਸੀਂ ਚਾਰ ਚਾਰ, ਪੰਜ ਪੰਜ ਮੱਥਾ ਟੇਕ ਕੇ ਵਾਪਸ ਆ ਜਾਵਾਂਗੇ। ਜਿਸ ਦਿਨ ੧੧ ਤਰੀਕ ਨੂੰ ਇਹ ਫੜੇ ਗਏ ਮੈਂ ਉਸ ਦਿਨ ੭ ਵਜੇ ਦੇ ਕਰੀਬ ਧਰਮਸਾਲਾ ਵਿਚ ਗਿਆ।

ਅਕਾਲੀ ਲਾਹੌਰ, ੨੪ ਮਾਰਚ ੧੯੨੧

ਪੰਜਾਬ ਵਿਚ ਫਸਾਦ ਦਾ ਫ਼ੈਸਲਾ

ਪੰਜਾਬ ਕੌਂਸਲ ਦੀ ਸਾਰੇ ਹਿੰਦੁਸਤਾਨ ਦੀ ਕਾਨਫ਼ਰੰਸ ਲਈ ਬੇਨਤੀ

ਲਾਹੌਰ ੧੯ ਮਾਰਚ ਅੱਜ ਕੌਂਸਲ ਵਿਚ ੧੧੫੨੧੭ ਰੁਪੈ ਲਈ ਹੋਰ ਮੰਗ ਹੋਈ ਸਰ ਜਾਨ ਮੇਨਾਰਡ ਨੇ ਆਖਿਆ

ਕਿ ੯੦੦ ਪੁਲਿਸ ਹੋਰ ਖਜ਼ਾਨਿਆਂ ਦੀ ਰਾਖੀ ਲਈ ਚਾਹੀਦੀ ਹੈ ਇਨ੍ਹਾਂ ਵਿੱਚੋਂ ੫੦੦ ਮੱਧ ਪੰਜਾਬ ਦੀ ਵਿਗੜੀ ਹੋਈ ਹਾਲਤ ਅਤੇ ਖਾਸ ਕਰ ਗੁਰਦੁਆਰਿਆਂ ਦੇ ਝਗੜੇ ਹੋਣ ਕਰਕੇ ਜ਼ਰੂਰੀ ਹੈ। ਲਾਲਾ ਗਣਪਤ ਰਾਏ ਨੇ ਆਖਿਆ ਕਿ ਗੁਰਦੁਆਰੇ ਬੜੇ ਦੌਲਤਮੰਦ ਹਨ ਅਤੇ ਆਰਜ਼ੀ ਪੁਲਿਸ ਲਈ ਖਰਚ ਦੇ ਸਕਦੇ ਹਨ।

ਸਰਦਾਰ ਮਹਿਤਾਬ ਸਿੰਘ ਨੇ ਆਖਿਆ ਕਿ ਵਾਧੂ ਪੁਲਿਸ ਲਈ ਰੁਪਿਆ ਨਹੀਂ ਦੇਣਾ ਚਾਹੀਦਾ। ਗੌਵਰਮੈਂਟ ਦਾ ਮਨਸ਼ਾ ਸਾਡੀ ਮਰਜ਼ੀ ਵਿਰੁੱਧ ਗੁਰਦੁਆਰੇ ਕਾਬੂ ਕਰਨ ਦਾ ਹੈ। (ਸਰ ਜਾਨ ਮੇਨਰਡ ਇਹ ਗੱਲ ਗਲਤ ਆਖਣ ਲਈ ਉਠਿਆ) ਇਸ ਪੁਲਿਸ ਦੀ ਕੋਈ ਲੋੜ ਨਹੀਂ ਇਹ ਸਿਰਫ਼ ਰੁਪਿਆਂ ਦੀ ਬਰਬਾਦੀ ਹੈ। ਖੁਫ਼ੀਆ ਅਤੇ ਅਗਲੀ ਪੁਲਿਸ ਕਾਫ਼ੀ ਹੈ (ਪ੍ਰਧਾਨ ਨੇ ਮਜਮੂਨ ਦੇ ਨੁਕਤੇ ਵਲ ਧਿਆਨ ਦਵਾਇਆ)। ਪੁਲਿਸ ਦਾ ਨਨਕਾਣੇ ਸਾਹਿਬ ਵਰਤਾਉ ਖ਼ਾਸ ਦੱਸਦਾ ਹੈ ਕਿ ਪੁਲਿਸ ਦੀ ਕੋਈ ਲੋੜ ਨਹੀਂ। ਸਰਦਾਰ ਸਾਹਿਬ ਨੇ ਆਖਿਆ ਕਿ ਨਨਕਾਣੇ ਸਾਹਿਬ ਸਬੰਧੀ ਸਰਕਾਰੀ ਐਲਾਨ ਗ਼ਲਤ ਹਨ ਅਤੇ ਗੌਂਵਰਮੈਂਟ ਨੂੰ ਗੁਰਦੁਆਰਿਆਂ ਲਈ ਹੋਰ ਪੁਲਿਸ ਰੱਖਕੇ ਬੇਇਤਬਾਰੀ ਨਹੀਂ ਵਧਾਉਣੀ ਚਾਹੀਦੀ। ਸਿੱਖਾਂ ਲੜਾਈ ਸਮੇਂ ਗੌਂਵਰਮੈਂਟ ਦੀ ਵਫ਼ਾਦਾਰੀ ਨਾਲ ਸੇਵਾ ਕੀਤੀ ਹੈ। ਸਰਦਾਰ ਸਾਹਿਬ ਨੇ ਮੁਸਲਮਾਨ ਮੈਂਬਰਾਂ ਨੂੰ ਮਦਦ ਲਈ ਆਖਿਆ, ਕਿਉਂਕਿ ਸਿੱਖ ਖਿਲਾਫ਼ਤ ਦੇ ਮਾਮਲੇ ਵਿਚ ਉਨ੍ਹਾਂ ਨਾਲ ਹਨ (ਪ੍ਰਧਾਨ ਨੇ ਫੇਰ ਮਜ਼ਮੂਨ ਵੱਲ ਆਵਨ ਲਈ ਆਖਿਆ। ਸਰਦਾਰ ਮਹਿਤਾਬ ਸਿੰਘ ਨੇ ਮੈਂਬਰਾਂ ਅੱਗੇ ਰੁਪਿਆਂ ਨਾ-ਮਨਜ਼ੂਰ ਕਰਨ ਲਈ ਅਪੀਲ ਕੀਤੀ।

ਕੌਂਸਲ ਫਿਰ ਵਾਧੂ ਮੰਗ ਮਨਜ਼ੂਰ ਕਰਨ ਲਈ। ੫੦ ਨੇ ਹੱਕ ਵਿਚ ਅਤੇ ੧੩ ਨੇ ਵਿਰੁੱਧ ਵੋਟਾਂ ਦਿੱਤੀਆਂ, ਇਸ ਲਈ ਮੰਗ ਪਾਸ ਹੋਈ।

ਨਾਨਕਾਣੇ ਸਾਹਿਬ ਦੇ ਹਾਲਾਂ ਦੀ ਪੜਤਾਲ!

(ਵੱਲੋਂ ਮੌਲਾਨਾ ਸਯਦ ਰਬੀਬ, ਐਡੀਟਰ ਸਿਆਸਤ)

ਮੈਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਦੇ ਕਹੇ ਉਤੇ ਨਾਨਕਾਣਾ ਸਾਹਿਬ ਗਿਆ ਅਤੇ ਮੈਨੂੰ ਖ਼ੁਦ ਸਿੱਖਾਂ ਕੋਲੋਂ ਵਖਰੇ ਹੋ ਕੇ ਹੇਠ ਲਿਖੀ ਤਹਕੀਕਾਤ ਕੀਤੀ।

੧. ਕਿਆ ਸਿੱਖਾਂ ਨੇ ਮੁਸਲਮਾਨ ਤੀਵੀਆਂ ਦੀ ਬੇ-ਪਤੀ ਕੀਤੀ।
੨. ਕਿਆ ਉਨਾਂ ਨੇ ਮੁਸਲਮਾਨਾਂ ਦੀਆਂ ਕਬਰਾਂ ਨੂੰ ਤੋੜਿਆ ਹੈ।
੩. ਕਿਆ ਉਨਾਂ ਨੇ ਮਸਜਦ ਦੇ ਤੋੜਨ ਦੀ ਸਾਜਸ਼ ਕੀਤੀ।
੪. ਕਿਆ ਇਹ ਲੁਟ ਮਾਰ ਕਰਦੇ ਹਨ।
੫. ਕਿਆ ਉਨਾਂ ਨੇ ਹਿੰਦੂਆਂ ਦੀਆਂ ਸਮਾਧਾਂ ਤੋੜੀਆਂ ਹਨ।
੬. ਕਿਆ ਉਨਾਂ ਨੇ ਹਿੰਦੂ ਮੂਰਤੀਆਂ ਨੂੰ ਬਰਬਾਦ ਕੀਤਾ।

ਇਨਾਂ ਸਾਰੀਆਂ ਗੱਲਾਂ ਉਤੇ ਮੈਂ ਕਈ ਗਵਾਹੀਆਂ ਲਈਆਂ। ਰਸਤੇ ਜਾਂਦੇ ਕਈ ਮੁਸਲਮਾਨਾਂ ਅਤੇ ਹਿੰਦੂਆਂ ਕੋਲੋਂ ਜਿਹੜੇ ਕਿ ਮੈਨੂੰ ਬਿਲਕੁਲ ਨਹੀਂ ਜਾਣਦੇ ਸਨ ਅਤੇ ਜਿਨਾਂ ਉਤੇ ਕਿਸੇ ਫਰੀਕ ਦੀ ਤਰਫੋਂ ਗਵਾਹ ਪੇਸ਼ ਹੋਣ ਦਾ ਸ਼ੱਕ ਨਹੀਂ ਹੋ ਸਕਦਾ ਸੀ, ਰੋਕ ਕੇ ਪੁਛਿਆ। ਉਨ੍ਹਾਂ ਵਿੱਚੋਂ ਕੁਝ ਗਵਾਹਾਂ ਦੇ ਨਾਮ ਹੇਠ ਦਰਜ ਹਨ।

ਮੁਸਲਮਾਨ :- (੧) ਕੰਮੂ ਮਾਛੀ (੨) ਮੀਆਂ ਫਜ਼ਲ ਦੀਨ ਚਰਜੀ (੩) ਮੀਆਂ ਗੁਲਾਮ ਇਮਾਮ ਮਸਜਦ (੪) ਮੀਆਂ ਖੁਦਾ ਬਖਸ਼ ਸਾਹਿਬ (੫) ਸਵਾਗਰ ਦੀਨ ਆਹੜਤੀ ਆਦਿ।

ਹਿੰਦੂ :- (੧) ਲਾਲਾ ਗੁਰਦਿੱਤਾ ਮਲ (੨) ਡਾਕਟਰ ਸੋਹਨ ਲਾਲ (੩) ਲਾਲਾ ਖੁਸ਼ੀ ਮਲ ਠੇਕੇਦਾਰ। (੪) ਲਾਲਾ ਡੋਗਰ ਮਲ ਠੇਕੇਦਾਰ।

ਗੁਰਦੁਆਰਾ ਚੁਮਾਲਾ ਸਾਹਿਬ ਦੇ ਪ੍ਰਬੰਧਕਾਂ ਦੀਆਂ ਗ੍ਰਿਫ਼ਤਾਰੀਆਂ

ਜ਼ਮਾਨਤਾਂ ਨਹੀਂ ਦਿੱਤੀਆਂ, ਜੇਲ੍ਹ ਵਿਚ ਜਾਣਾ ਪਸੰਦ ਕੀਤਾ

੨੧ ਮਾਰਚ ਨੂੰ ਦਿਨ ਦੇ ੧ ਵਜੇ ਦੇ ਲਗਭਗ ਗੁਰਦੁਆਰਾ ਚੁਮਾਲਾ ਸਾਹਿਬ ਦੇ ਪ੍ਰਬੰਧਕ ਸਿਟੀ ਮੈਜਿਸਟਰੇਟ ਦੀ ਕਚਹਿਰੀ ਵਿਚ ਪੇਸ਼ ਹੋਏ। ਦੋ ਆਦਮੀਆਂ ਤੋਂ ਛੁੱਟ ਸਾਰੇ ਹਾਜ਼ਰ ਸਨ। ਮੈਜਿਸਟਰੇਟ ਨੇ ਸਭਨਾਂ ਨੂੰ ਸਦ ਕੇ

ਹੁਕਮ ਦਿੱਤਾ ਕਿ ਆਪਣੀਆਂ ਹਾਜ਼ਰੀਆਂ ਦੀਆਂ ਜਮਾਨਤਾਂ ਦੇਣ। ਪ੍ਰੰਤੂ ਸਭ ਨੇ ਜਮਾਨਤ ਦੇਣੋਂ ਨਾਹ ਕਰ ਦਿੱਤੀ। ਫੇਰ ਸਿਟੀ ਮੈਜਿਸਟਰੇਟ ਨੇ ਆਖਿਆ ਕਿ ਹਛਾ ਮੁਚੱਲਕੇ ਹੀ ਦੇ ਦੇਵੋ, ਪਰ ਉਨ੍ਹਾਂ ਸਿੰਘਾਂ ਨੇ ਮੁਚਲਕੇ ਦੇਣੋਂ ਵੀ ਨਾਂਹ ਕਰ ਦਿੱਤੀ ਤੇ ਉਤਰ ਦਿੱਤਾ ਕਿ ਅਸੀਂ ਇਕਰਾਰ ਕਰਦੇ ਹਾਂ ਕਿ ਜਦ ਸਾਨੂੰ ਹੁਕਮ ਦਿਉਗੇ ਹਾਜ਼ਰ ਅਦਾਲਤ ਹੋ ਜਾਵਾਂਗੇ, ਪਰ ਜਮਾਨਤਾਂ ਦੇਣ ਨੂੰ ਅਸੀਂ ਤਿਆਰ ਨਹੀਂ ਹਾਂ। ਫੇਰ ਮੈਜਿਸਟਰੇਟ ਨੇ ਸਭ ਨੂੰ ਆਖਿਆ ਮੈਂ ਮਜ਼ਬੂਰ ਹਾਂ, ਕਾਨੂੰਨ ਅਨੁਸਾਰ ਜੇ ਤੁਸਾਂ ਜਮਾਨਤਾਂ ਅਥਵਾ ਮੁਚਲਕੇ ਨ ਦਿਤੇ ਤਦ ਆਪ ਨੂੰ ਜੇਹਲ ਵਿਚ ਜਾਣਾ ਪਵੇਗਾ ਜਿਸ ਦਾ ਇਨ੍ਹਾਂ ਨੇ ਇਹ ਉਤਰ ਦਿੱਤਾ ਕਿ ਅਸੀਂ ਹਰ ਤਰ੍ਹਾਂ ਤਿਆਰ ਹਾਂ ਸੋ ਮੈਜਿਸਟਰੇਟ ਨੇ ਹੁਕਮ ਦਿੱਤਾ ਕਿ ਉਹਨਾਂ ਨੂੰ ਸੈਂਟਰਲ ਜੇਲ੍ਹ ਵਿਚ ਲੈ ਜਾਵੋ। ਸੋ ਉਨ੍ਹਾਂ ਨੂੰ ਸੀਖਾਂ ਵਾਲੀ ਗੱਡੀ ਵਿਚ ਬਿਠਾਕੇ ਜੇਲ੍ਹ ਨੂੰ ਲੈ ਗਏ। ਸਾਰੇ ਸਿੱਖ ਬੜੇ ਖੁਸ਼ ਸਨ ਅਤੇ ਜਾਂਦੀ ਵਾਰੀ ਸਤਿ ਸ੍ਰੀ ਅਕਾਲ ਦੇ ਨਾਹਰੇ ਲਾ ਰਹੇ ਸਨ।

ਫੜੇ ਗਏ ਸਿੰਘਾਂ ਦੇ ਨਾਮ ਇਹ ਹਨ (੧) ਸ: ਸਾਧੂ ਸਿੰਘ ਸਕੱਤਰ, ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ (੨) ਭਾਈ ਸੁਚੇਤ ਸਿੰਘ ਜੀ ਗ੍ਰੰਥੀ, ਗੁਰਦੁਆਰਾ ਚੁਮਾਲਾ ਸਾਹਿਬ (੩) ਸ: ਗੁਰਬਖਸ਼ ਸਿੰਘ (੪) ਭਾਈ ਪ੍ਰੇਮ ਸਿੰਘ ਗ੍ਰੰਥੀ (੫) ਸ: ਬਾਵਾ ਸਿੰਘ (੬) ਸ: ਹਾਕਮ ਸਿੰਘ (੭) ਸ: ਅਰੂੜ ਸਿੰਘ (੮) ਪ੍ਰੇਮ ਸਿੰਘ (੯) ਇਕ ਸਿੱਖ ਹੋਰ। ਦੋ ਗ਼ੈਰ ਹਾਜਰ ਸਨ।

ਅਕਾਲੀ ਲਾਹੌਰ, ੨੮ ਮਾਰਚ ੧੯੨੧

ਸ: ਅਮਰ ਸਿੰਘ ਜੀ ਝਬਾਲ ਵਾਲੇ ਫੜੇ ਗਏ

ਸ: ਜਸਵੰਤ ਸਿੰਘ ਜੀ ਅੰਮ੍ਰਿਤਸਰ ਤੋਂ ਤਾਰ ਘਲਦੇ ਹਨ ਕਿ ਸ: ਅਮਰ ਸਿੰਘ ਜੀ ੨੪ ਤਾਰੀਖ ਸਵੇਰ ਵੇਲੇ ਆਪਣੇ ਘਰ ਤੋਂ ਫੜੇ ਗਏ ਹਨ। ਫੜਨ ਵਾਸਤੇ ਸੁਪਰੰਨਟੈਂਡੈਂਟ ਪੁਲਿਸ ਆਇਆ। ਉਨ੍ਹਾਂ ਦੀ ਗ੍ਰਿਫ਼ਤਾਰੀ ਸਿਟੀ ਮੈਜਿਸਟੇਰਟ ਦੇ ਹੁਕਮ ਨਾਲ ਸਡੀਸ਼ ਮੀਟਿੰਗ ਐਕਟ (ਰਾਜ ਦਰੋਹੀ ਜਲਸਿਆਂ ਦੇ ਕਾਨੂੰਨ) ਵਿਚ ਹੋਈ ਹੈ। ਸ: ਸਾਹਿਬ ਬੜੇ ਪ੍ਰਸੰਨਚਿਤ ਸਨ। ਹੋਰ ਗ੍ਰਿਫ਼ਤਾਰੀਆਂ ਹੋ ਜਾਣ ਦਾ ਛੇਤੀ ਖ਼ਿਆਲ ਹੈ।

ਸਰਦਾਰ ਸਾਹਿਬ ਜੀ ਦੇ ਨਾਮ ਤੋਂ ਸਿੱਖ ਕੌਮ ਦਾ ਬੱਚਾ ਬੱਚਾ ਵਾਕਫ਼ ਹੈ। ਇਹ ਕੌਮ ਦੇ ਵਡੇ ਨਿਰਭੈ ਸੇਵਕ ਹਨ। ਗੁਰਦੁਆਰਿਆਂ ਦੇ ਸੁਧਾਰ ਸਬੰਧੀ ਕੰਮ ਇਨ੍ਹਾਂ ਹੀ ਬਾਬੇ ਦੀ ਬੇਰ ਵਾਲੇ ਗੁਰਦੁਆਰੇ ਤੋਂ ਆਰੰਭ ਕੀਤਾ ਸੀ। ਅਜੇ ਪੂਰਾ ਪਤਾ ਨਹੀਂ ਕਿਹੜੇ ਵਿਅਖਿਆਨ ਕਰਕੇ ਫੜੇ ਗਏ ਹਨ। ਦੇਸ਼ ਅਤੇ ਕੌਮ ਉਦੋਂ ਹੀ ਸਵਤੰਤਰਤਾ ਪ੍ਰਾਪਤ ਕਰਨਗੇ ਜਦੋਂ ਜੇਲ੍ਹਾਂ ਇਹੋ ਜਿਹੇ ਸੇਵਕਾਂ ਨਾਲ ਭਰੀਆਂ ਜਾਣਗੀਆਂ।

ਸਿੱਖ ਕੌਮ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ!

ਹਮੇਸ਼ਾਂ ਕੌਮਾਂ ਦੀ ਜ਼ਿੰਦਗੀ ਵਿਚ ਅਜਿਹੇ ਸਮੇਂ ਆਉਂਦੇ ਹਨ ਜਦੋਂ ਕਿ ਇਕ ਕਦਮ ਉਠਾਣ ਜਾਂ ਨਾ ਉਠਾਣਾ ਮੌਤ ਅਤੇ ਜ਼ਿੰਦਗੀ ਦਾ ਸਵਾਲ ਹੁੰਦਾ ਹੈ। ਅਜਿਹੇ ਕਠਨ ਸਮੇਂ ਕਿਰਾੜਾਂ ਵਾਲੇ ਠੀਕ ਹਿਸਾਬ ਲਾ ਲਾ ਕੇ ਕੁਰਬਾਨੀ ਕਰਨ ਨਾਲ ਕੌਮੀ ਮੁਸ਼ਕਲਾਂ ਦਾ ਹੱਲ ਨਹੀਂ ਹੋ ਸਕਦਾ। ਬਲਕਿ ਇਸ ਦਾ ਹਲ ਕੇਵਲ ਇਹ ਹੀ ਹੁੰਦਾ ਹੈ ਕਿ ਕੌਮ ਦਾ ਹਰ ਬਚਾ, ਬੁੱਢਾ, ਇਸਤਰੀ, ਮਰਦ ਕੌਮ ਨੂੰ ਬਚਾਣ ਦੀ ਖ਼ਾਤਰ ਆਪਣੀ ਹਸਤੀ ਨੂੰ ਵਾਰ ਦੇਣ ਲਈ ਤਿਆਰ ਹੋਵੇ। ਦੁਨੀਆਂ ਦਾ ਇਤਿਹਾਸ ਇਹੋ ਜਿਹੇ ਸਾਕਿਆਂ ਨਾਲ ਭਰਪੂਰ ਹੈ। ਬਹੁਤੇ ਦਿਨ ਨਹੀਂ ਲੰਘੇ ਜਦੋਂ ਕਿ ਸਾਡੇ ਦੋ ਸੋ ਵੀਰਾਂ ਨੇ ਇਕ ਅਦੁਤੀਯ ਕੁਰਬਾਨੀ ਕਰਕੇ ਕੌਮ ਨੂੰ ਬਚਾਇਆ। ਪਰ ਉਹ ਤਾਕਤਾਂ ਜਿਹੜੀਆਂ ਸਾਡੇ ਵਿਰੁੱਧ ਲਗੀਆਂ ਹੋਈਆਂ ਹਨ ਅਤੇ ਜਿਨ੍ਹਾਂ ਤੋਂ ਕੌਮ ਨੂੰ ਬਚਾਉਣ ਖ਼ਾਤਰ ਸਾਡੇ ਵੀਰ ਬਗੈਰ ਹੱਥ ਉਠਾਉਣ ਦੇ ਜੀਉਂਦੇ ਤੇਲ ਵਿਚ ਪਾਕੇ ਸਾੜੇ ਗਏ, ਛਵੀਆਂ ਨਾਲ ਟੁਕੜੇ ਟੁਕੜੇ ਕੀਤੇ ਗਏ, ਅਤੇ ਸਾਡੇ ਵਿਰੁੱਧ ਡਟੀਆਂ ਪਈਆਂ ਹਨ।

ਅਸੀਂ ਪਿਛਲੇ ਵੀਹ ਪੰਝੀ ਸਾਲ ਜਾਂ ਇਸ ਤੋਂ ਵੀ ਜ਼ਿਆਦਾ ਇਸ ਤੋਂ ਯਤਨ ਕਰਦੇ ਰਹੇ ਹਾਂ ਕਿ ਅਸੀਂ ਦੁਰਾਚਾਰੀ ਮਹੰਤਾਂ ਦੇ ਫੰਧੇ ਤੋਂ ਨਿਕਲੀਏ ਅਤੇ ਆਪਣੇ ਧਾਰਮਿਕ ਅਸਥਾਨਾਂ ਨੂੰ ਅਸਲੀ ਸਿੱਖ ਮੰਦਰ ਬਣਾ ਸਕੀਏ। ਪਰ ਸਾਡੇ ਯਤਨ ਦੇ ਪਿੱਛੇ ਕੋਈ ਤਾਕਤ ਨਹੀਂ ਸੀ, ਅਰਥਾਤ ਕੌਮੀ ਜਜ਼ਬਾ ਜਾਂ ਭਾਵ ਇਨ੍ਹਾਂ ਤਕੜਾ ਨਹੀਂ ਸੀ ਹੋ ਗਿਆ

ਜਿਨ੍ਹਾਂ ਕਿ ਇਸ ਵੇਲੇ। ਇਸ ਦਾ ਫਲ ਇਹ ਨਿਕਲਿਆ ਕਿ ਅਸੀਂ ਪਿਛਲੇ ਵੀਹ ਪੰਝੀ ਸਾਲ ਵਿਚ ਕੁਝ ਵੀ ਨਹੀਂ ਕਰ ਸਕੇ। ਹੁਣ ਦੁਨੀਆਂ ਸਮਝਣ ਲੱਗ ਪਈ ਹੈ ਕਿ ਖਾਲਸਾ ਜੀ ਆਪਣੀਆਂ ਜਾਨਾਂ ਦੀ ਪ੍ਰਵਾਹ ਨ ਕਰਦੇ ਹੋਏ ਇਸ ਕੰਮ ਨੂੰ ਸਿਰੇ ਚਾੜ੍ਹਨਗੇ।

੨੦ ਮਾਰਚ ਅਕਾਲ ਤਖ਼ਤ ਦੇ ਸਾਰੇ ਪੰਥ ਦੇ ਮੁਖੀ ਸਜਣਾਂ ਨੇ ਮਿਲਕੇ ਇਕ ਫ਼ੈਸਲਾ ਕੀਤਾ ਹੈ ਜਿਸ ਦਾ ਤੱਤਪਰ ਇਹ ਹੈ ਕਿ ੧੧ ਅਪ੍ਰੈਲ ਕੌਮ ਲਈ ਇਕ ਮੌਤ ਜਾਂ ਜ਼ਿੰਦਗੀ ਦਾ ਦਿਨ ਹੈ। ਤੁਹਾਡੇ ਤਕੜੇ ਮਜ਼ਹਬੀ ਜਜ਼ਬੇ ਜਾਂ ਧਾਰਮਿਕ ਭਾਵ ਨੂੰ ਵੇਖ ਕੇ ਸਰਕਾਰੀ ਅਫ਼ਸਰਾਂ ਨੇ ਇਹ ਠੀਕ ਸਮਝਿਆ ਹੈ ਕਿ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਇਕ ਕਾਨੂੰਨ ਪਾਸ ਹੋ ਜਾਵੇ। ਸੋ ਹੁਣ ਇਹ ਸਮਝ ਲੈਣਾ ਕਿ ਕੰਮ ਸਿਰੇ ਚੜ੍ਹ ਗਿਆ ਜਾਂ ਚੜ੍ਹਨ ਵਾਲਾ ਹੈ ਇਕ ਮਹਾਂ ਮੂਰਖਤਾ ਹੈ। ਸਾਨੂੰ ਅਜੇ ਆਪਣਾ ਯਤਨ ਉਦੋਂ ਤਾਈਂ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਤਾਈਂ ਅਸੀਂ ਆਪਣੀ ਅੱਖੀਂ ਗੁਰਦੁਆਰਿਆਂ ਦਾ ਸੁਧਾਰ ਹਮੇਸ਼ਾਂ ਲਈ ਹੋਇਆ ਨਹੀਂ ਵੇਖ ਲੈਂਦੇ। ਹਰ ਇਕ ਸਿੰਘ ਸਿੰਘਣੀ ਨੂੰ ਜੇਲ੍ਹ, ਫਾਂਸੀ ਜਾਂ ਗੋਲੀ ਨਾਲ ਉਡਾਏ ਜਾਣ ਲਈ ਤਿਆਰ ਹੋਣਾ ਚਾਹੀਦਾ ਹੈ, ਪਰ ਇਸ ਗੱਲ ਦਾ ਖ਼ਿਆਲ ਹੋਵੇ ਕਿ ਕਿਸੇ ਵੀ ਕਰੜਾਈ ਦੇ ਸਮੇਂ ਹੱਥ ਨਹੀਂ ਉਠਾਣਾ।

ਇਕ ਗੁਰਮਤਾ ਇਸ ਭਾਵ ਦਾ ਪਾਸ ਹੋਇਆ ਸੀ ਕਿ ਸਭ ਖਾਲਸਾ ਜੀ ਨੂੰ ਗੁਰਦੁਆਰਿਆਂ ਦੀ ਸੇਵਾ ਲਈ ਅਕਾਲੀ ਦਲਾਂ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ, ਤੇ ੧੦ ਤਾਰੀਖ਼ ਤਕ ਸਭ ਸਿੰਘ ਕਿਸੇ ਨਾ ਕਿਸੇ ਜਥੇ ਵਿਚ ਆਪਣਾ ਨਾਮ ਲਿਖਵਾ ਦੇਣ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਇਤਬਾਰ ਵਾਲੇ ਪਰਤਿਸ਼ਟ ਸਜਣ ਹਰ ਜ਼ਿਲ੍ਹੇ ਵਿਚ ਭਰਤੀ ਦਾ ਕੰਮ ਕਰਨ ਲਈ ਨੀਯਤ ਕਰਨੇ ਚਾਹੀਦੇ ਹਨ। ਇਹ ਇਸੇ ਹਫ਼ਤੇ ਵਿਚ ਖ਼ਬਰ ਆਉਣੀ ਚਾਹੀਦੀ ਹੈ ਕਿ ਇਨੇ ਲੱਖ ਖਾਲਸਾ ਅਕਾਲੀ ਦਲਾਂ ਵਿਚ ਸ਼ਾਮਲ ਹੋਇਆ ਹੈ ਅਤੇ ਗੁਰਦੁਆਰਿਆਂ ਵਿੱਚੋਂ ਕੁਰੀਤੀਆਂ ਦੂਰ ਕਰਨ ਲਈ ਸ਼ਹੀਦੀ ਦਾ ਸਮਾਂ ਬੜੀ ਤਾਂਘ ਨਾਲ ਉਡੀਕ ਰਿਹਾ ਹੈ। ਭਰਤੀ ਵਾਲੇ ਸਜਣਾਂ ਨੂੰ ਜਿਥੋਂ ਤਾਈਂ ਹੋ ਸਕੇ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਕਾਲੀ ਬਾਣੇ ਵਿਚ ਮੂੰਹ ਕਾਲੀਆਂ ਭੇਡਾਂ ਨਾ ਵੜ ਆਉਣ। ਦਾਖਲ ਕਰਨ ਤੋਂ ਪਹਿਲਾਂ ਦੋ ਤਿੰਨ ਸਜਣਾਂ ਦੀ ਗਵਾਹੀ ਲੈ ਲੈਣੀ ਚਾਹੀਦੀ ਹੈ ਅਤੇ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਜਥੇ ਇਕ ਕੜੀ ਵਿਚ ਪਰੋਏ ਜਾਣੇ ਚਾਹੀਦੇ ਹਨ।

ਦੂਜੀ ਜ਼ਰੂਰੀ ਗੱਲ ਇਹ ਹੈ ਭਰਤੀ ਕਰਨ ਦੇ ਸਮੇਂ ਇਹ ਗੱਲ ਭਰਤੀ ਹੋਣ ਵਾਲੇ ਨੂੰ ਅਛੀ ਤਰ੍ਹਾਂ ਸਮਝਾ ਦੇਣੀ ਚਾਹੀਦੀ ਹੈ ਕਿ ਸੇਵਾ ਕਰਦਿਆਂ ਕਿਨੀ ਭੀ ਕਠਨਾਈ ਦਾ ਸਮਾਂ ਆ ਜਾਵੇ ਹੱਥ ਨਹੀਂ ਉਠਾਣਾ।

ਅਕਾਲੀ ਲਾਹੌਰ, ੩੦ ਮਾਰਚ ੧੯੨੧

ਕੀ ਨਾਨਕਾਣੇ ਸਾਹਿਬ ਲੰਗਰ ਲਈ ਆਟਾ ਦਾਲ ਘੱਲਣਾ ਵੀ ਅਪਰਾਧ ਹੈ ?

ਪਤਾ ਲਗਾ ਹੈ ਕਿ ਪੁਲਿਸ ਦੇ ਆਦਮੀ ਨਾਨਕਾਣੇ ਸਾਹਿਬ ਦੇ ਆਲੇ ਦੁਆਲੇ ਉਨ੍ਹਾਂ ਨੰਬਰਦਾਰਾਂ ਜ਼ੈਲਦਾਰਾਂ ਆਦਿ ਦੇ ਨਾਮ ਲਿਖ ਰਹੇ ਹਨ ਜਿਨ੍ਹਾਂ ਨਾਨਕਾਣੇ ਸਾਹਿਬ ਲੰਗਰ ਵਾਸਤੇ ਰਸਦ ਘੱਲੀ ਹੈ। ਇਹ ਚੰਗਾ ਜ਼ਮਾਨਾਂ ਆ ਗਿਆ ਹੈ ਜਦੋਂ ਕਿ ਲੰਗਰ ਵਾਸਤੇ ਆਟਾ ਦਾਲ ਘੱਲਣਾ ਵੀ ਇਕ ਅਪਰਾਧ ਗਿਣਿਆਂ ਜਾਣ ਲਗ ਪਿਆ ਹੈ। ਜਿਹੜੇ ਗੁਰੂ ਦੇ ਪਿਆਰੇ ਆਪਣੇ ਵੀਰਾਂ ਜਾਂ ਹੋਰ ਗਰੀਬਾਂ ਤੇ ਅਨਾਥਾਂ ਦੀ ਸੇਵਾ ਕਰਨ ਦਾ ਚਾਅ ਰੱਖਦੇ ਹਨ, ਉਹ ਇਹੋ ਜਿਹੇ ਹਾਕਮਾਂ ਦੀਆਂ ਗਿੱਦੜ ਭਬਕੀਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸੇਵਾ ਕਰਕੇ ਆਪਣਾ ਜਨਮ ਸਫਲਾ ਕਰਨਗੇ।

ਡਾਕੂ ਸਿੱਖ ਹਨ ਕਿ ਸਿਪਾਹੀ ?

੨੩ ਮਾਰਚ ਨੂੰ ਜਿਹੜੇ ਫ਼ੌਜੀ ਸਿਪਾਹੀ ਨਾਨਕਾਣੇ ਸਾਹਿਬ ਤੋਂ ਵਾਪਸ ਲਾਹੌਰ ਆ ਰਹੇ ਸਨ, ਉਨ੍ਹਾਂ ਵਿੱਚੋਂ ਇਕ ਸਿਪਾਹੀ ਨੇ ਚੀਚੋ ਕੀ ਮਲੀਆਂ ਦੇ ਸਟੇਸ਼ਨ ਉਤੇ, ਇਕ ਛਾਬੜੀ ਵਾਲੇ ਕੋਲੋਂ ਕੇਲੇ ਦੀਆਂ ਫਲੀਆਂ ਲਈਆਂ ਤੇ ਪੈਸਿਆਂ ਦੀ ਥਾਂ ਘਸੁੰਨ ਮੁਕੇ ਮਾਰ ਕੇ ਗੱਡੀ ਚੜ੍ਹ ਗਿਆ।

ਅਕਾਲੀ ਲਾਹੌਰ, ੧ ਅਪ੍ਰੈਲ ੧੯੨੧

ਅਕਾਲੀ ਦਸਤਾਰੇ ਸਜਾ ਲੌ !

ਤਰਨ ਤਾਰਨ ਦੀ ਖ਼ਬਰ ਕਈ ਸਜਣਾਂ ਨੇ ਸੁਣੀ ਹੋਵੇਗੀ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਮ ਲੋਕਾਂ ਦੇ ਸਾਹਮਣੇ ਸ: ਮੋਹਨ ਸਿੰਘ ਜੀ ਨੂੰ ਝਾੜ ਪਾਈ, ਸ: ਸੰਤ ਸਿੰਘ ਨੂੰ ਤਾੜਿਆ ਤੇ ਸ: ਤੇਜਾ ਸਿੰਘ ਜੀ ਨੰਬਰਦਾਰ ਨੂੰ ਡਰਾ ਧਮਕਾ ਕੇ ਕਾਲੀ ਪੱਗ ਲੁਹਾ ਦਿੱਤੀ। ਕਿਉਂਕਿ ਇਹ ਅਕਾਲੀ ਸਿੰਘਾਂ ਦੀ ਨਿਸ਼ਾਨੀ ਹੈ। ਡਿਪਟੀ ਕਮਿਸ਼ਨਰ ਦੀ ਅਤੀ ਅਯੋਗ ਕਾਰਵਾਈ ਤੇ ਜਿਤਨਾਂ ਵੀ ਸ਼ੋਕ ਕੀਤਾ ਜਾਵੇ ਥੋੜ੍ਹਾ ਹੈ। ਇਸ ਤਰਾਂ ਦੀਆਂ ਹੋਰ ਵੀ ਕਈ ਪਾਸਿਆਂ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਅਕਾਲੀ ਦਸਤਾਰੇ ਨਾਲ ਹਾਕਮਾਂ ਵੈਰ ਪਾ ਲਿਆ ਹੈ। ਕਾਰਨ ਇਹ ਹੈ ਕਿ ਉਨ੍ਹਾਂ ਨੂੰ "ਅਕਾਲੀ" ਨਾਮ ਡਾਢਾ ਚੁਭਦਾ ਹੈ। ਜਿਹੜਾ ਹਾਕਮ ਖੁਲ੍ਹੇ ਬਾਜ਼ਾਰਾਂ ਵਿਚ ਪਤਿਵੰਤੇ ਸਜਣਾ ਦੀ ਪਤਿ ਲਾਹ ਸਕਦੇ ਹਨ ਉਨ੍ਹਾਂ ਦੀਆਂ ਪੱਗਾਂ ਵੀ ਉਤਰਵਾ ਸਕਦੇ ਹਨ, ਉਨ੍ਹਾਂ ਲਈ ਕੋਈ ਮੁਸ਼ਕਲ ਨਹੀਂ ਕਿ ਅਕਾਲੀ ਦਸਤਾਰਿਆਂ ਨੂੰ ਜਾਂ "ਅਕਾਲੀ" ਨਾਮ ਨੂੰ ਦਫ਼ਾ ੧੪੪ ਅਨੁਸਾਰ ਅਮਨ ਵਿਚ ਭੰਗ ਪਾਣ ਵਾਲਾ ਆਖ ਦੇਣ। ਪਰ ਅਸਲ ਵਿਚ ਅਕਾਲੀ ਸਦਾ ਹੀ ਅਮਨ ਅਤੇ ਧਰਮ ਦੇ ਰਾਖੇ ਕਰਕੇ ਪ੍ਰਸਿੱਧ ਚਲੇ ਆਏ ਹਨ। ਹੁਣ ਹੁਸ਼ਿਆਰਪੁਰ ਸਿੱਖ ਲੀਗ ਦੇ ਭਰੇ ਦੀਵਾਨਾਂ ਵਿਚ ਪਾਸ ਹੋ ਗਿਆ ਹੈ ਕਿ ਹਰ ਇਕ ਸਿੱਖ ਕਾਲਾ ਦਸਤਾਰਾ ਸਜਾ ਲਵੇ ਅਤੇ ਸਿੰਘਣੀ ਕਾਲਾ ਪੱਲਾ ਕਰ ਲਵੇ ਅਤੇ ਸਾਰੇ ਹੀ ਆਪਣੇ ਆਪ ਨੂੰ ਅਕਾਲੀ ਜਥੇ ਦੇ ਮੈਂਬਰ ਸਮਝਨ ਤਾਂ ਜੋ ਹਾਕਮਾਂ ਨੂੰ ਪਤਾ ਲੱਗ ਜਾਵੇ ਕਿ ਉਨ੍ਹਾਂ ਦੀਆਂ ਅਯੋਗ ਕਾਰਵਾਈਆਂ ਕੀ ਫਲ ਕਢਦੀਆਂ ਹਨ। ਹੁਣ ਅਤੀ ਜ਼ਰੂਰੀ ਹੈ ਕਿ ੫ ਅਪ੍ਰੈਲ ਤਕ ਹਰ ਇਕ ਸਿੰਘ ਅਕਾਲੀ ਬਾਣਾ ਧਾਰਨ ਕਰ ਲਵੇ।

ਕ੍ਰਿਪਾਨ ਨਹੀਂ ਉਤਰਾਂਗੇ

ਪਸ਼ੌਰ ਵਿਚ ਡਿਪਟੀ ਕਮਿਸ਼ਨਰ ਨੇ ਆਪਣੇ ਹੁਕਮ ਵਿਚ ਇਹ ਲਿਖ ਦਿੱਤਾ ਕਿ 'ਕ੍ਰਿਪਾਨ ਗਾਤਰੇ ਕੋਈ ਨ ਪਾਵੇ। ਜਿਸ ਨੂੰ ਸੁਣ ਕੇ ਸਾਰੇ ਪੰਥ ਵਿਚ ਹਿਲ-ਜੁਲ ਮਚ ਗਈ। ਪਿਸ਼ੌਰ ਦੇ ਸਿੱਖਾਂ ਨੇ ਕਹਿ ਦਿੱਤਾ ਕਿ ਅਸੀਂ ਕ੍ਰਿਪਾਨ ਨਾ ਪਹਿਨਣ ਦਾ ਹੁਕਮ ਕਦੀ ਨਹੀਂ ਮੰਨਾਂਗੇ ਅਤੇ ਕ੍ਰਿਪਾਨ ਉਤਾਰਨ ਨਾਲੋਂ ਜੇਲ੍ਹਖਾਨੇ ਵਿਚ ਕੈਦ ਹੋਣ ਨੂੰ ਚੰਗਾ ਸਮਝਾਂਗੇ। ਪਿੱਛੋਂ ਦੀ ਖ਼ਬਰ ਹੈ ਡਿਪਟੀ ਕਮਿਸ਼ਨਰ ਨੇ ਆਪਣਾ ਇਹ ਅਯੋਗ ਹੁਕਮ ਵਾਪਸ ਲੈ ਲਿਆ ਹੈ।

ਅਕਾਲੀ ਲਹਿਰ ਨੂੰ ਸੱਟ!

ਜਿਹੜੇ ਸਿੰਘ ਅਕਾਲੀ ਬਾਣਾ ਪਹਿਨ ਕੇ ਅਕਾਲੀ ਜਥੇ ਦੇ ਨਿਯਮਾਂ ਨੂੰ ਨਹੀਂ ਮੰਨਦੇ ਅਤੇ ਕਈ ਅਯੋਗ ਕਾਰਵਾਈਆਂ ਨਾਲ ਅਕਾਲੀ ਲਹਿਰ ਵਿਚ ਵਿਘਨ ਪਾ ਰਹੇ ਹਨ ਅਸੀਂ ਤਾਂ ਉਨ੍ਹਾਂ ਨੂੰ ਅਕਾਲੀ ਲਹਿਰ ਦੇ ਵੈਰੀ ਆਖਾਂਗੇ। ਸਾਨੂੰ ਪਤਾ ਲੱਗਾ ਹੈ ਕਿ ਕਾਨਫ਼ਰੰਸ ਦੇ ਮੌਕੇ ਤੇ ਦੋ ਸੌ ਸਿੰਘਾਂ ਨੇ ਜੋ ਪੰਡਾਲ ਵਿਚ ਆਪਣੇ ਬੈਠਣ ਦੀ ਖ਼ਾਤਰ ਕਿਤਨਾ ਚਿਰ ਰੌਲਾ ਪਾਈ ਰੱਖਿਆ ਹੈ ਉਨ੍ਹਾਂ ਦੇ ਪਾਸ ਟਿਕਟ ਵੀ ਨਹੀਂ ਸਨ। ਥਾਂ ਦੀ ਤੰਗੀ ਜਾਂ ਕੁਰਸੀਆਂ ਦਾ ਪ੍ਰਬੰਧ ਕਰਨਾ ਬੈਠੀ ਹੋਈ ਸੰਗਤ ਦਾ ਕੰਮ ਨਹੀਂ। ਇਹ ਪਹਿਲੇ ਪ੍ਰਬੰਧਕਾਂ ਦਾ ਕੰਮ ਹੈ ਪਰ ਇਸ ਰੌਲੇ ਨਾਲ ਸੰਗਤ ਦੇ ਕੰਮ ਵਿਚ ਵਿਘਨ ਪਿਆ ਰਿਹਾ ਹੈ। ਕਸੂਰ ਕਿਸੇ ਦਾ ਤੇ ਸਜ਼ਾ ਕਿਸੇ ਨੂੰ। ਅਸੀਂ ਇਹ ਪਸੰਦ ਨਹੀਂ ਕਰਦੇ ਕਿ ਇਸ ਤਰ੍ਹਾਂ ਜਥੇਬੰਦੀ ਦੇ ਨਿਯਮਾਂ ਨੂੰ ਉਲੰਘਣ ਕੀਤਾ ਜਾਵੇ। ਸਾਡੇ ਲਈ ਯੋਗ ਹੈ ਕਿ ਪ੍ਰਬੰਧਕ ਚੰਗੇ ਰਖੀਏ। ਨਾ ਕਿ ਭਰੇ ਦੀਵਾਨ ਵਿਚ ਇਸ ਤਰੀਕੇ ਨਾਲ ਸਾਰੇ ਕੰਮਾਂ ਵਿਚ ਰੋਕ ਪਾ ਦੇਈਏ। ਇਸ ਦਾ ਸਿੱਟਾ ਇਹ ਹੋਵੇਗਾ ਕਿ ਹਰ ਇਕ ਆਦਮੀ ਆਪ ਹੁਦਰੀਆਂ ਤੇ ਬੇ-ਮੁਹਾਰੀਆਂ ਕਰਨ ਲੱਗ ਪਵੇਗਾ। ਕਈ ਵੇਰਾਂ ਅਜੇਹਾ ਵੀ ਹੋਇਆ ਹੈ ਕਿ ੨੦, ੨੫ ਹਜ਼ਾਰ ਦੇ ਭਰੇ ਦੀਵਾਨਾਂ ਵਿਚ ਦੂਰ ਬੈਠਿਆਂ ਨੂੰ ਕੁਝ ਨਹੀਂ ਸੁਣਾਈ ਦੇਂਦਾ। ਜੇ ਦੂਰ ਬੈਠੇ ਸਾਰੇ ਅਗੇ ਆ ਕੇ ਬੈਠਣ ਦਾ ਯਤਨ ਕਰਨ ਤਾਂ ਕਿਤਨਾ ਰੌਲਾ ਤੇ ਬੇਰਸੀ ਬਣ ਜਾਵੇਗੀ। ਅਸੀਂ ਆਸ ਰੱਖਦੇ ਹਾਂ ਕਿ ਜਥਿਆਂ ਦੇ ਮੁਖੀ ਆਪਣੇ ਜਥਿਆਂ ਨੂੰ ਨਿਯਮਾਂ ਅਨੁਸਾਰ ਚਲਾਣ ਲਈ ਜ਼ਰੂਰ ਯਤਨ ਕਰਨਗੇ।

ਪਿਸ਼ਾਵਰ ਦੀ ਕਹਾਣੀ ਇਕ ਹਿੰਦੂ ਜਬਾਨੀ

(ਵਲੋਂ ਸ: ਸੋਹਨ ਸਿੰਘ ਜੀ ਐਡੀਟਰ : ਦੀ ਸਿੱਖ)

ਹੁਣ ਤਕ ਪਬਲਿਕ ਨੇ ਦੋਹਾਂ ਪਾਸਿਆਂ ਦੇ ਕਥਨ ਪਿਸ਼ਾਵਰ ਵਿਚ ਹਿੰਦੂ ਸਿੱਖਾਂ ਦੇ ਫਸਾਦ ਸਬੰਧੀ ਅਖ਼ਬਾਰਾਂ

ਵਿਚ ਫੜ੍ਹਕੇ ਨਿਰ ਸੰਦੇਹ ਇਕੋ ਹੀ ਨਤੀਜਾ ਕਢਿਆ ਹੋਵੇਗਾ। ਉਹ ਇਹ ਕਿ ਹਰ ਕੋਈ ਆਪਣੇ ਹੀ ਪੱਖ ਨੂੰ ਸਿੱਧ ਕਰਦਾ ਹੈ। ਪ੍ਰੰਤੂ ਅੱਜ ਮੈਂ ਅਕਾਲੀ ਦੇ ਪਾਠਕਾਂ ਦੀ ਸੇਵਾ ਵਿਚ ਇੰਨ ਬਿੰਨ ਉਹ ਹਾਲਾਤ ਪੇਸ਼ ਕਰਦਾ ਹਾਂ ਜੋ ਮੈਂ ਪਿਛਲੇ ਐਤਵਾਰ ਦੀ ਸੰਧਿਆਂ ਨੂੰ ਆਪ ਕਈ ਸੱਜਣਾਂ ਦੇ ਸਾਹਮਣੇ ਇਕ ਹਿੰਦੂ ਜੰਟਲਮੈਨ ਤੋਂ ਸੁਣੇ। ਮੈਂ ਬਾਹਰ ਜਾ ਰਿਹਾ ਸਾਂ ਕਿ ਅਨਾਰਕਲੀ ਵਿਚ ਛੋਟੂ ਰਾਮ ਦੇ ਮਕਾਨਾਂ ਕੋਲ ਮੈਨੂੰ ਭਾਈ ਮੂਲ ਸਿੰਘ ਜੀ, ਸਾਬਕਾ ਸਕੱਤਰ ਗੁਰੂ ਸਿੰਘ ਸਭਾ ਲਾਹੌਰ ਦੇ ਸਣੇ ਹੋਰ ਸਜਣਾਂ ਦੇ ਦਰਸ਼ਨ ਗਏ। ਆਪ ਸਭ ਸਿੱਖਾਂ ਦੇ ਵਰਤਮਾਨ ਦੁਖੜਿਆਂ ਸਬੰਧੀ ਅਫ਼ਸੋਸ ਕਰ ਰਹੇ ਸਨ ਕਿ ਇਤਨੇ ਵਿਚ ਇਕ ਹਿੰਦੂ ਲਾਲਾ ਬਾਲ ਮੁਕੰਦ ਸੁਪਰਵਾਈਜ਼ਰ ਗਵਰਨਮੈਂਟ ਪ੍ਰੈਸ ਪਿਸ਼ਾਵਰ ਆਣ ਪੁੱਜੇ। ਭਾਈ ਮੂਲ ਸਿੰਘ ਜੀ ਨੇ ਕਿਹਾ ਕਿ ਆਪ ਨੂੰ ਤਾਂ ਦਰੁਸਤ ਹਾਲਾਤ ਮਾਲੂਮ ਹੋਣਗੇ ਆਪ ਸਾਨੂੰ ਭੀ ਦਸੋ। ਉਨ੍ਹਾਂ ਉੱਤਰ ਦਿੱਤਾ ਕਿ ਹਾਂ ਮੈਂ ਉਥੇ ਹੀ ਸਾਂ ਪਰ ਮੈਂ ਜੋ ਕੁਝ ਆਪਣੀ ਅੱਖੀਂ ਵੇਖਿਆ ਹੈ ਸੁਣਾ ਦੇਂਦਾ ਹਾਂ। ਇਹ ਸੱਚ ਹੈ ਕਿ ਹਿੰਦੂ ਸੱਜਣ ਇਕ ਕਾਫ਼ੀ ਗਿਣਤੀ ਵਿਚ ਇਕੱਤਰ ਹੋ ਕੇ ਹੋਲੀ ਖੇਡਣ ਦੇ ਇਰਾਦੇ ਨਾਲ ਬਾਬਾ ਕਰਤਾਰ ਸਿੰਘ ਜੀ ਦੀ ਜੈ ਗਜਾਂਦੇ ਹੋਏ ਗੁਰਦੁਆਰਾ ਭਾਈ ਜੋਗਾ ਸਿੰਘ ਵਿਚ ਗਏ, ਸਿੱਖਾਂ ਨੇ ਉਨ੍ਹਾਂ ਨੂੰ ਐਸੇ ਵੈਸੇ ਜੈਕਾਰੇ ਬੁਲਾਣ ਪਰ ਹੋਲੀ ਮਨਾਉਣ ਤੋਂ ਮਨਾ ਕੀਤਾ ਪਰ ਉਨ੍ਹਾਂ ਉੱਤਰ ਦਿੱਤਾ ਕਿ ਅਸੀਂ ਏਥੇ ਜ਼ਰੂਰ ਹੋਲੀ ਖੇਡਾਂਗੇ ਪਰ ਜੋ ਜੀ ਚਾਹੇਗਾ ਬੋਲਾਂਗੇ। ਇਸ ਤੋਂ ਝਗੜਾ ਵੱਧ ਗਿਆ ਅਰ ਹਥੋਂ ਪਾਈ ਇੱਟ-ਪੱਥਰ ਚਲਾਨ ਤਕ ਨੌਬਤ ਪੁੱਜੀ ਜਿਸ ਵਿਚ ਦੋਹਾਂ ਪਾਸਿਆਂ ਦੇ ਆਦਮੀਆਂ ਨੂੰ ਸੱਟਾਂ ਲੱਗੀਆਂ। ਪੁਲਿਸ ਨੇ ਆਣ ਕੇ ਕੇਵਲ ਸਿੱਖਾਂ ਨੂੰ ਹੀ ਗ੍ਰਿਫ਼ਤਾਰ ਕੀਤਾ, ਪਰ ਗੁਰਦੁਆਰੇ ਉਤੇ ਪਹਿਰਾ ਲਾ ਦਿੱਤਾ। ਇਸ ਦੌਰਾਨ ਵਿਚ ਮੈਂ ਸਿੱਖ ਜਥੇਦਾਰ ਨੂੰ ਆਪਣੀ ਅੱਖੀਂ ਵੇਖਿਆ। ਅਰ ਸਿੱਖਾਂ ਨੂੰ ਇਹ ਕਹਿੰਦੇ ਸੁਣਿਆ ਕਿ 'ਭਾਈ ਕਿਸੇ ਨੂੰ ਚੋਟ ਨ ਲਗਾਣਾ ਨਾ ਹੀ ਕਿਸੇ ਉਤੇ ਵਾਰ ਕਰਨਾ ਇਹ ਸਾਡੇ ਅਸੂਲ ਦੇ ਵਿਰੁੱਧ ਹੈ'। ਹਾਂ ਜੇ ਤੁਹਾਡੇ ਉਤੇ ਕੋਈ ਵਾਰ ਕਰੇ ਤਾਂ ਉਸ ਨੂੰ ਪਕੜ ਕੇ ਉਸੇ ਦੀ ਪੱਗ ਨਾਲ ਉਸ ਨੂੰ ਜਕੜ ਦਿਉ। ਇਸ ਵਿਚ ਸ਼ੱਕ ਨਹੀਂ ਕਿ ਦੋਹਾਂ ਧੜਿਆਂ ਵਿਚ ਸ਼ਰਾਰਤੀ ਆਦਮੀ ਮੌਜੂਦ ਹਨ ਜੋ ਖਾਹ ਮਖਾਹ ਲੋਕਾਂ ਨੂੰ ਭੜਕਾਂਦੇ ਅਰ ਫਸਾਦ ਲਈ ਆਮਦਾ ਕਰਦੇ ਹਨ। ਕਿਹਾ ਚੰਗਾ ਹੋਵੇ ਜੇ ਹਿੰਦੂ ਅਰ ਸਿੱਖ ਇਸ ਭੇਦ ਤੋਂ ਵਾਕਫ਼ ਹੋ ਕੇ ਪਰਸਪਰ ਮੈਤਰੀ ਤੋਂ ਕੰਮ ਲੈਣ।

ਇਸ ਬਿਆਨ ਤੋਂ ਇਕੋ ਇਹੀ ਨਤੀਜਾ ਨਿਕਲਦਾ ਹੈ ਕਿ ਇਸ਼ਤਿਆਲ ਪਹਿਲੇ ਪਹਿਲ ਹਿੰਦੂਆਂ ਵੱਲੋਂ ਦਿੱਤਾ ਗਿਆ ਜਿਨ੍ਹਾਂ ਐਸੇ ਵੈਸੇ ਜੈਕਾਰੇ ਬੁਲਾ ਕੇ ਸਿੱਖਾਂ ਨੂੰ ਭੜਕਾਣ ਦਾ ਹੀਲਾ ਕੀਤਾ। ਇਸ ਤੋਂ ਛੁਟ ਜਦ ਕਿ ਗੁਰਦੁਆਰਾ ਫ਼ੈਸਲੇ ਅਨੁਸਾਰ ਸਿੱਖਾਂ ਦੇ ਕਬਜ਼ੇ ਵਿਚ ਸੀ ਤਾਂ ਉਹ (ਹਿੰਦੂ) ਕਿਉਂ ਉਥੇ ਗਏ ਅਰ ਹੋਲੀ ਮਨਾਣ ਉਤੇ ਜ਼ੋਰ ਦਿੱਤਾ। ਦੂਸਰੇ ਪਾਸੇ ਸਿੱਖਾਂ ਦੀ ਨੀਅਤ ਅਰ ਵਰਤੋਂ ਦਾ ਅੰਦਾਜ਼ਾ ਉਨ੍ਹਾਂ ਦੇ ਜਥੇਦਾਰ ਦੀ ਹਦਾਇਤ ਤੋਂ ਹੀ ਲਗਾਇਆ ਜਾ ਸਕਦਾ ਹੈ ਜਿਸ ਦੀ ਗਵਾਹੀ ਇਕ ਸ਼ਰੀਫ ਹਿੰਦੂ ਦੀ ਜ਼ਬਾਨੀ ਮਿਲ ਰਹੀ ਹੈ, ਤਾਂ ਭੀ ਮੈਨੂੰ ਅਰ ਮੇਰੀ ਪਿਆਰੀ ਕੌਮ ਨੂੰ ਇਸ ਬਾਤ ਵਿਰੁਧ ਰਤਾ ਭਰ ਭੀ ਰੋਸ ਨਹੀਂ ਹੈ, ਕਿ ਕਿਉਂ ਕੇਵਲ ਸਿੱਖਾਂ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ ਅਰ ਹਿੰਦੂਆਂ ਨੂੰ ਸਾਫ ਛੱਡ ਦਿੱਤਾ ਗਿਆ। ਇਹ ਤਾਂ ਪੁਲਿਸ ਹੋਰਾਂ ਦੇ ਕਾਰਨਾਮੇ ਹਨ। ਸਾਡੀ ਦਿਲੋਂ ਇਹੀ ਇਛਿਆ ਅਰ ਇਹ ਹੀ ਪ੍ਰਾਰਥਨਾ ਹੈ ਕਿ ਸਿੱਖ ਅਤੇ ਹਿੰਦੂ ਆਪਣੇ ਆਪ ਨਾ ਵਧਣ ਅਰ ਪ੍ਰਸਪਰ ਸਲੂਕ ਅਰ ਮੈਤ੍ਰੀ ਵਧਾਉਣ।

ਅਕਾਲੀ ਲਾਹੌਰ, ੨ ਅਪ੍ਰੈਲ ੧੯੨੧

ਰਿਆਸਤ ਨਾਭਾ ਵਿਚ ਸ਼ਹੀਦੀ ਦਿਨ ਦੀ ਛੁੱਟੀ !

ਸਾਨੂੰ ਪਤਾ ਲੱਗਾ ਹੈ ਕਿ ਸ੍ਰੀ ੧੦੮ ਹਜ਼ੂਰ ਮਹਬੂਬੇ ਕੌਮ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਵਾਲੀਏ ਰਿਆਸਤ ਨਾਭਾ ਨੇ ਸ੍ਰੀ ਨਾਨਕਾਣਾ ਸਾਹਿਬ ਦੇ ਸੂਰਬੀਰ ਸ਼ਹੀਦਾਂ ਦੀ ਯਾਦਗਾਰ ਨਮਿਤ ਗੁਰੂ ਪੰਥ ਵੱਲੋਂ ਨੀਯਤ ਕੀਤੇ ਗਏ ਦਿਨ ੫ ਅਪ੍ਰੈਲ ਮੁਤਾਬਕ ੨੪ ਚੇਤ ਨੂੰ ਸਾਰੀ ਰਿਆਸਤ ਵਿਚ ਆਮ ਛੁੱਟੀ ਦਾ ਹੁਕਮ ਦਿੱਤਾ ਹੈ ਤਾਂ ਕਿ ਰਿਆਸਤ ਦੀ ਪਰਜਾ ਸ਼ਹੀਦਾਂ ਨਾਲ ਆਪਣਾ ਪ੍ਰੇਮ ਨਿਸਚਿੰਤਤਾ ਨਾਲ ਪ੍ਰਗਟ ਕਰ ਸਕੇ। ਇਸ ਤੋਂ ਬਿਨਾਂ ਸ੍ਰੀ ਹਜ਼ੂਰ ਜੀ ਨੇ ਹੁਕਮ ਦਿੱਤਾ ਹੈ ਕਿ ਇਸ ਦਿਨ ਤੋਪ ਅਤੇ ਘੜਿਆਲ ਬਿਲਕੁਲ ਬੰਦ ਰਹਿਣ ਜਿਸ ਤਰ੍ਹਾਂ ਕਿ ਹੜਤਾਲ ਸਮੇਂ ਬੰਦ ਰਹਿੰਦੇ ਹਨ। ਤੀਸਰਾ ਹੁਕਮ ਇਹ ਹੈ ਕਿ ਰਿਆਸਤ ਦੇ ਤਮਾਮ ਗੁਰਦੁਆਰਿਆਂ ਤੇ ਅਸਥਾਨਾਂ ਵਿਚ ਜਿਥੇ ਜਿਥੇ

ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਸ਼ਹੀਦਾਂ ਦੇ ਨਮਿਤ ਰਿਆਸਤ ਵੱਲੋਂ ਪਾਠ ਆਰੰਭ ਕੀਤੇ ਜਾਣ, ਜਿਨ੍ਹਾਂ ਦੇ ਭੋਗ ੫ ਅਪ੍ਰੈਲ ਨੂੰ ਸਵੇਰੇ ੮ ਵਜੇ ਪਾ ਕੇ ਸ਼ਹੀਦਾਂ ਦੀਆਂ ਆਤਮਾਂ ਦੀ ਕਲਿਆਣ ਲਈ ਅਰਦਾਸੇ ਸੋਧੇ ਜਾਣ।

ਅਕਾਲੀ ਲਾਹੌਰ, ੩-੪ ਅਪ੍ਰੈਲ ੧੯੨੧

ਗੁਰਦੁਆਰਿਆਂ ਦੇ ਕਾਨੂੰਨ ਦਾ ਖਰੜਾ !

ਇਕ ਦਰਬਾਰ ਸਾਹਿਬ ਦਾ ਪ੍ਰਬੰਧ ਸਰਕਾਰੀ ਹੱਥਾਂ ਵਿੱਚੋਂ ਕਢਦੇ ਕਢਦੇ ਸਾਰੇ ਹੀ ਗੁਰਦੁਆਰੇ ਸਰਕਾਰੀ ਹੱਥਾਂ ਵਿਚ ਜਾਣ ਲੱਗੇ !

ਜਿਸ ਦਿਨ ਤੋਂ ਖਾਲਸਾ ਜੀ ਦੇ ਦਿਲ ਵਿਚ ਆਪਣੇ ਧਾਰਮਿਕ ਅਸਥਾਨਾਂ ਵਿੱਚੋਂ ਕੁਰੀਤੀਆਂ ਕੱਢ ਸੁਟਣ ਦਾ ਖ਼ਿਆਲ ਆਇਆ ਹੈ ਉਸ ਦਿਨ ਤੋਂ ਸਰਕਾਰ ਨੇ ਵੱਧ ਤੋਂ ਵੱਧ ਦਖ਼ਲ ਸਾਡੇ ਧਾਰਮਿਕ ਕੰਮਾਂ ਵਿਚ ਦੇਣਾ ਆਰੰਭ ਦਿੱਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਸਿੱਖਾਂ ਨੇ ਸਰਕਾਰੀ ਦਖ਼ਲ ਧਾਰਮਿਕ ਮਾਮਲਿਆਂ ਵਿਚ ਨਹੀਂ ਮੰਨਿਆ ਪਰ ਅੰਗਰੇਜ਼ਾਂ ਦੇ ਸਮੇਂ ਤੋਂ ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਹਮੇਸ਼ਾ ਇਕ ਖੁਸ਼ਾਮਦੀ ਟੱਟੂ ਬਣਾਇਆ ਗਿਆ। ਜੋ ਜੋ ਕੁਕਰਮ ਅਤੇ ਕੁਰੀਤੀਆਂ ਇਸ ਸਮੇਂ ਵਿਚ ਸਾਡੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਵਿਚ ਹੋਈਆਂ ਇਕ ਸਿੱਖ ਹਿਰਦਾ ਸੁਣਨ ਦਾ ਜਿਗਰ ਨਹੀਂ ਰੱਖਦਾ। ਸਮਝ ਨਹੀਂ ਆਉਂਦੀ ਕਿ ਹਮੇਸ਼ਾ ਸਿੱਖਾਂ ਨਾਲ ਇਹ ਖ਼ਾਸ ਵਰਤਾਉ ਕਿਉਂ ਕੀਤਾ ਜਾਂਦਾ ਹੈ। ਕਿਉਂਕਿ ਬਾਕੀ ਕੌਮਾਂ ਦੇ ਧਾਰਮਿਕ ਅਸਥਾਨ ਉਨ੍ਹਾਂ ਦੇ ਆਪਣੇ ਹੱਥ ਵਿੱਚ ਹੀ ਰਹੇ ਹਨ।

ਕੌਮ ਦੇ ਭਾਗ! ਇਕ ਧਾਰਮਿਕ ਅਸਥਾਨ ਦਾ ਪ੍ਰਬੰਧ ਸਰਕਾਰੀ ਹੱਥਾਂ ਵਿੱਚੋਂ ਕੱਢਦਿਆਂ ਅਸੀਂ ਸਾਰੇ ਗੁਰਦੁਆਰੇ ਖੁਹਾ ਬੈਠਣ ਲੱਗੇ ਹਾਂ। ਗੁਰਦੁਆਰਿਆਂ ਦਾ ਖਰੜਾ ਪ੍ਰਕਾਸ਼ਤ ਹੋ ਗਿਆ ਹੈ ਅਤੇ ਹਫ਼ਤੇ ਦੇ ਅੰਦਰ ਅੰਦਰ ਇਹ ਕਾਨੂੰਨੀ ਕੌਂਸਲ ਵਿਚ ਪਾਸ ਹੋ ਕੇ ਸਾਡੇ ਲਈ ਇਕ ਕਾਨੂੰਨ ਬਣ ਜਾਏਗਾ। ਖਰੜੇ ਅਨੁਸਾਰ ਸਰਕਾਰ ਇਹ ਐਲਾਨ ਕਰ ਸਕਿਆ ਕਰੇਗੀ ਕਿ ਫਲਾਨਾ ਗੁਰਦੁਆਰਾ 'ਝਗੜੇ ਵਾਲਾ' ਗੁਰਦੁਆਰਾ ਹੈ ਅਤੇ ਉਸ ਉਤੇ ਆਪਣਾ ਕਬਜ਼ਾ ਕਰ ਕੇ ਇਕ ਬੋਰਡ ਦੇ ਹੱਥ ਪ੍ਰਬੰਧ ਦੇ ਦੇਵੇਗੀ। ਉਸ ਬੋਰਡ ਦੇ ਮੈਂਬਰ ਹਮੇਸ਼ਾ ਸਰਕਾਰ ਨੀਯਤ ਕਰੇਗੀ ਅਤੇ ਬੋਰਡ ਦੇ ਸਾਰੇ ਕਮਿਸ਼ਨਰਾਂ ਵਿੱਚੋਂ ਦੋ ਤਿਹਾਈ ਸਿੱਖ ਹੋਣਗੇ ਅਤੇ ਇੰਨੇ ਹੀ ਉਹ ਹੋਣਗੇ ਜਿਹੜੇ ਸਰਕਾਰੀ ਨੌਕਰੀ ਵਿਚ ਨਾ ਹੋਣ। ਇਨ੍ਹਾਂ ਦਾ ਜਥੇਦਾਰ ਵੀ ਸਰਕਾਰ ਹੀ ਆਪਣੇ ਹੁਕਮ ਨਾਲ ਨੀਯਤ ਕਰੇਗੀ ਅਤੇ ਜਦੋਂ ਕਿਸੇ ਗੁਰਦੁਆਰੇ ਦੇ ਫੈਸਲੇ ਸਬੰਧੀ ਦੋਹੀਂ ਪਾਸੀਂ ਇਕੋ ਜਿੰਨੀਆਂ ਰਾਵਾਂ ਹੋਣ ਤਾਂ ਜਥੇਦਾਰ ਆਪਣੀ ਰਾਇ ਵਰਤ ਕੇ ਫ਼ੈਸਲਾ ਆਪਣੇ ਪਾਸੇ ਦਾ ਕਰ ਸਕੇਗਾ। ਕਮਿਸ਼ਨਰ ਵੱਧ ਤੋਂ ਵੱਧ ਤਿੰਨ ਸਾਲ ਵਾਸਤੇ ਆਪਣੇ ਅਹੁਦੇ ਤੇ ਰਹਿਣਗੇ ਉਹ ਆਪਣੇ ਜਿੰਨੇ ਅਖ਼ਤਿਆਰ ਚਾਹੁਣ ਕਿਸੇ ਮੈਨੇਜਰ ਯਾ ਕਮੇਟੀ ਨੂੰ ਦੇ ਸਕਣ, ਪਰ ਸਰਕਾਰ ਦੀ ਮਰਜ਼ੀ ਦੇ ਅੰਦਰ ਇਨ੍ਹਾਂ ਸਾਰੇ ਆਦਮੀਆਂ ਦੀ ਤਨਖ਼ਾਹ ਗੁਰਦੁਆਰੇ ਦੇ ਖਜ਼ਾਨੇ ਵਿੱਚੋਂ ਦਿੱਤੀ ਜਾਵੇਗੀ ਝਗੜੇ ਵਾਲੇ ਗੁਰਦੁਆਰਿਆਂ ਦਾ ਕਬਜ਼ਾ ਬੋਰਡ ਡਿਪਟੀ ਕਮਿਸ਼ਨਰ ਦੀ ਸਹਾਇਤਾ ਨਾਲ ਲੈ ਸਕੇਗਾ ਅਤੇ ਡਿਪਟੀ ਕਮਿਸ਼ਨਰ ਕੋਲ ਇਸ ਕੰਮ ਲਈ ਪੂਰੇ ਅਖ਼ਤਿਆਰ ਹੋਣਗੇ। ਸਵਾਏ ਪ੍ਰਬੰਧ ਅਤੇ ਬੰਦੋਬਸਤ ਦੇ ਅਧਿਕਾਰਾਂ ਦੇ ਬੋਰਡ ਕੋਲ ਉਹ ਸਾਰੇ ਅਧਿਕਾਰ ਵੀ ਹੋਣਗੇ। ਜਿਹੜੇ ਜ਼ਾਬਤਾ ਫ਼ੌਜਦਾਰੀ ੧੯੦੮ ਦੇ ਅਨੁਸਾਰ ਇਕ ਇਮਾਨਤਦਾਰ ਕੋਲ ਹੁੰਦੇ ਹਨ। ਬੋਰਡ ਦਾ ਫ਼ਰਜ਼ ਹੋਵੇਗਾ ਕਿ ਧਾਰਮਿਕ ਰਸਮਾਂ ਲਈ ਵੀ ਪ੍ਰਬੰਧ ਕਰੇ। ਗੁਰਦੁਆਰੇ ਦੀ ਆਮਦਨ ਹੇਠ ਲਿਖੇ ਕੰਮਾਂ ਵਾਸਤੇ ਵਰਤੋਂ ਵਿਚ ਲਿਆਂਦੀ ਜਾਵੇਗੀ। ਮਹੰਤ ਦਾ ਗੁਜ਼ਾਰਾ ਅਤੇ ਉਸ ਦੇ ਸਾਥੀਆਂ ਦਾ ਗੁਜ਼ਾਰਾ ਧਾਰਮਿਕ ਰਸਮਾਂ, ਅਫ਼ਸਰਾਂ ਦੀ ਤਨਖਾਹ ਇਮਾਰਤ ਯਾ ਕਿਸੇ ਹੋਰ ਕੰਮ ਵਾਸਤੇ ਜਿਸ ਨਾਲ ਉਹ ਮੰਤਵ ਪੂਰਾ ਹੋਵੇ। ਜਿਸ ਲਈ ਗੁਰਦੁਆਰਾ ਬਣਾਇਆ ਗਿਆ ਸੀ। ਆਮਦਨ ਖਰਚ ਦਾ ਕਿਸੇ ਵੀ ਬੋਰਡ ਰਖੇਗਾ ਝਗੜੇ ਦੇ ਫ਼ੈਸਲੇ ਲਈ ਬੋਰਡ ਇਸ਼ਤਿਹਾਰ ਦੇ ਦਿੱਤਾ ਕਰੇਗਾ ਕਿ ਫਲਾਨੀ ਤਾਰੀਖ਼ ਫਲਾਨੇ ਥਾਂ ਉਹ ਸਭ ਹਾਜ਼ਰ ਹੋ ਜਾਣ ਜਿਹੜੇ ਗੁਰਦੁਆਰੇ ਵਿਚ ਕੋਈ ਹੱਕ ਰੱਖਦੇ ਹਨ। ਜਦੋਂ ਇਹ ਫ਼ੈਸਲਾ ਹੋ ਜਾਵੇ ਤਾਂ ਫੇਰ ਕੋਈ ਧਿਰ ਭੀ ਇਸੇ ਤਰ੍ਹਾਂ ਦਾ ਮੁਕਦਮਾਂ ਆਦਿ ਨਹੀਂ

ਕਰ ਸਕੇਗੀ। ਜਿਨ੍ਹਾਂ ਚਿਰ ਇਹ ਐਲਾਨ ਰਹੇਗਾ ਕਿ ਗੁਰਦੁਆਰਾ ਝਗੜੇ ਵਾਲਾ ਹੈ ਉਨਾਂ ਚਿਰ ਕਿਸੇ ਅਦਾਲਤ ਵਿਚ ਦਾਵਾ ਨਹੀਂ ਹੋ ਸਕੇਗਾ। ਸਵਾਇ ਇਸ ਦੇ ਕਿ ਬੋਰਡ ਆਪਣੇ ਵੱਲੋਂ ਇਹ ਕਰੇ। ਸਰਕਾਰ ਦੀ ਮਨਜੂਰੀ ਦੇ ਬਿਨਾਂ ਕਿਸੇ ਕਿਸਮ ਦਾ ਦਾਵਾ ਇਨ੍ਹਾਂ ਬੋਰਡ ਦੇ ਮੈਂਬਰਾਂ ਦੇ ਵਿਰੁੱਧ ਨਹੀਂ ਹੋ ਸਕੇਗਾ ਜਦੋਂ ਕਿ ਉਹ ਨੇਕ ਨੀਯਤੀ ਦੇ ਨਾਲ ਕੰਮ ਕਰਦੇ ਸਾਬਤ ਹੋਣ ਬੋਰਡ ਆਪਣੀ ਖੋਜ਼ ਵਿਚ ਹੇਠ ਲਿਖੀਆਂ ਗੱਲਾਂ ਦਾ ਪਤਾ ਲਾਏਗੀ। ਗੁਰਦੁਆਰੇ ਦਾ ਮੁਢਲਾ ਇਤਿਹਾਸ ਮਤੇ ਉਸ ਦੇ ਬਨਾਣ ਦਾ ਮੰਤਵ, ਜਾਇਦਾਦ, ਗੱਦੀ ਤੇ ਬਹਾਣ ਦੇ ਰਿਵਾਜ, ਧਾਰਮਿਕ ਰਸਮਾਂ ਜਿਹੀਆਂ ਚਲੀਆਂ ਆਉਂਦੀਆਂ ਹਨ ਕਿਸੇ ਮਹੰਤ ਚੇਲੇ ਜਾਂ ਪੁਜਾਰੀ ਦੇ ਅਧਿਕਾਰ ਆਦਿ। ਕੋਈ ਪੁਰਸ਼ ਜਿਹੜਾ ਬੋਰਡ ਨੂੰ ਜਾਂ ਇਸ ਵੱਲੋਂ ਕੰਮ ਕਰ ਰਹੇ ਆਦਮੀਆਂ ਨੂੰ ਕਬਜ਼ਾ ਨ ਲੈਣ ਦੇਵੇ ਜਾਂ ਜਦੋਂ ਬੋਰਡ ਵੱਲੋਂ ਕਬਜ਼ਾ ਹੋ ਗਿਆ ਹੋਵੇ ਤੇ ਇਸ ਵਿਚ ਦਖ਼ਲ ਦੇਵੇ ਉਸ ਨੂੰ ਇਕ ਹਜ਼ਾਰ ਤੱਕ ਜੁਰਮਾਨਾਂ ਅਤੇ ਇਕ ਸਾਲ ਤਕ ਕੈਦ ਦੀ ਸਜ਼ਾ ਹੋ ਸਕੇਗੀ ਜਾਂ ਦੋਵੇਂ ਹੋ ਸਕਣਗੇ। ਸਰਕਾਰ ਇਸ ਐਕਟ ਨੂੰ ਪੂਰਾ ਵਰਤੋਂ ਵਿਚ ਲਿਆਉਣ ਲਈ ਨਿਯਮ ਬਣਾ ਸਕੇਗੀ, ਇਸ ਬੋਰਡ ਦੇ ਖੋਜ ਭਾਲ ਕੀਤੇ ਹੋਏ ਮਸਾਲ ਨੂੰ ਵਰਤਕੇ ਅਗੋਂ ਹੋਰ ਕਾਨੂੰਨ ਗੁਰਦੁਆਰਿਆਂ ਸਬੰਧੀ ਬਣਾਏ ਜਾਣਗੇ।

ਇਹ ਹਨ ਖਾਲਸਾ ਜੀ ਹਥਕੜੀਆਂ ਅਰ ਹਥੌੜੀਆਂ, ਜਿਹੜੀਆਂ ਤੁਹਾਡੇ ਧਰਮ ਅਤੇ ਗੁਰਦੁਆਰਿਆਂ ਦਾ ਨਾਸ ਕਰਨ ਵਾਸਤੇ ਤਿਆਰ ਕੀਤੀਆਂ ਗਈਆਂ ਹਨ। ਹੁਣ ਆਪ ਦੇ ਆਪਣੇ ਹੱਥ ਹੈ ਕਿ ਅਕਾਲੀ ਹੁਕਮਾਂ ਦੇ ਸਿਵਾ ਹੋਰ ਕਿਸੇ ਹੁਕਮ ਦਾ ਦਖ਼ਲ ਆਪਣੇ ਗੁਰਦੁਆਰਿਆਂ ਵਿਚ ਨ ਹੋਣ ਦਿਉ। ਇਹ ਸਾਰਾ ਖਰੜਾ ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਹੋਇਆਂ ਬਣਾਇਆ ਗਿਆ ਹੈ ਕਿ ਮਹੰਤ, ਪੁਜਾਰੀ ਆਦਿ ਇਕ ਸਾਡੇ ਮੁਕਾਬਲੇ ਤੇ ਪਾਰਟੀ ਹੈ। ਮਹੰਤ, ਪੁਜਾਰੀ ਆਦਿ ਹਮੇਸ਼ਾਂ ਗੁਰੂ ਪੰਥ ਚਾਹੇ ਉਨ੍ਹਾਂ ਨੂੰ ਕੱਢ ਸਕਣ ਦੀ ਤਾਕਤ ਰੱਖਦਾ ਹੈ। ਇਹ ਇਸ ਸਰਕਾਰ ਦੀ ਮੇਹਰਬਾਨੀ ਨਾਲ ਹੀ ਹੋਇਆ ਹੈ ਕਿ ਹਰ ਤਰ੍ਹਾਂ ਦੇ ਕੁਕਰਮੀ ਮਹੰਤ ਇਨ੍ਹਾਂ ਨੂੰ ਨਾਂ ਆਦਿ ਦੀ ਸ਼ਰਨ ਲੈਕੇ ਗੁਰੂ ਪੰਥ ਦੀ ਕੋਈ ਪ੍ਰਵਾਹ ਨਾ ਕਰਨ ਅਤੇ ਮਨ ਮੰਨੀਆਂ ਮੌਜਾਂ ਉਡਾਣ।

ਖਾਲਸਾ ਜੀ ਲਈ ਮੰਨਣ ਯੋਗ ਕੇਵਲ ਉਹ ਕਾਨੂੰਨ ਹੀ ਹੋ ਸਕਦਾ ਹੈ ਜਿਹੜਾ ਸਾਰਾ ਪੰਥ ਮਿਲਕੇ ਸ੍ਰੀ ਅਕਾਲ ਤਖ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਦੇ ਹਜ਼ੂਰ ਬਣਾਵੇ। ਹਾਂ ਜੇ ਸਰਕਾਰ ਕੋਈ ਕਾਨੂੰਨ ਬਣਾਉਣਾ ਚਾਹਵੇ ਤਾਂ ਉਹ ਹੀ ਹੋ ਸਕਦਾ ਹੈ ਜਿਹੜਾ ਕਿ ਖਾਲਸਾ ਪੰਥ ਆਪਣੇ ਧਾਰਮਿਕ ਅਸਥਾਨਾਂ ਸਬੰਧੀ ਪ੍ਰਵਾਨ ਕਰੇ। ਇਕ ਸਿੱਖ ਸਰਕਾਰ ਨੂੰ ਵੀ ਕੋਈ ਹੱਕ ਨਹੀਂ ਹੋ ਸਕਦਾ ਕਿ ਉਹ ਸਿੱਖਾਂ ਦੇ ਧਾਰਮਿਕ ਅਸਥਾਨਾਂ ਸਬੰਧੀ ਆਪਣੀ ਮਰਜ਼ੀ ਅਨੁਸਾਰ ਕਾਨੂੰਨ ਬਣਾ ਦੇਵੇ। ਸਿੱਖ ਸਰਕਾਰ ਦੇ ਹੁੰਦਿਆਂ ਵੀ ਖਾਲਸਾ ਪੰਥ ਦੇ ਘਲੇ ਹੋਏ ਪ੍ਰਤੀਨਿਧ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੇ ਸਨ।

ਕਿਸੇ ਤਰ੍ਹਾਂ ਦਾ ਬੋਰਡ ਜਾਂ ਪ੍ਰਬੰਧਕ ਕਮੇਟੀ ਸਿਵਾਏ ਨਿਰੋਲ ਗੁਰੂ ਪੰਥ ਵੱਲੋਂ ਚੁਣੇ ਹੋਏ ਸਿੱਖਾਂ ਦੀ ਕਮੇਟੀ ਦੇ, ਖਾਲਸਾ ਜੀ ਮੰਨਣ ਲਈ ਤਿਆਰ ਨਹੀਂ। ਉਹ ਪੰਥ ਵੱਲੋਂ ਚੁਣੇ ਹੋਏ ਸੱਜਣ ਹੀ ਹੋਣ। ਕੀ ਇਹ ਸਾਡੇ ਧਰਮ ਵਿਚ ਦਖ਼ਲ ਅੰਦਾਜ਼ੀ ਨਹੀਂ ਕਿ ਸਾਡੇ ਧਾਰਮਿਕ ਮੰਦਰਾਂ ਦੇ ਪ੍ਰਬੰਧ ਲਈ ਹਿੰਦੂ ਤੇ ਮੁਸਲਮਾਨ ਸਰਕਾਰ ਵੱਲੋਂ ਨੀਯਤ ਹੋਣ ਅਤੇ ਉਨ੍ਹਾਂ ਦਾ ਜਥੇਦਾਰ ਵੀ ਇਕ ਹੋਰ ਮੱਤ ਦਾ ਹੋਵੇ ? ਖਾਲਸਾ ਜੀ ਦੀ ਗੈਰਤ ਇਹ ਕਦੀ ਗਵਾਰਾ ਨਹੀਂ ਕਰ ਸਕਦੀ ਕਿ ਉਨ੍ਹਾਂ ਦੇ ਧਾਰਮਿਕ ਅਸਥਾਨ ਇਕ ਈਸਾਈ ਸਰਕਾਰ ਦੀ ਮਰਜ਼ੀ ਅਨੁਸਾਰ ਅਨਮਤੀਆਂ ਦੇ ਹੱਥ ਵਿਚ ਦੇ ਦਿੱਤੇ ਜਾਣ। ਖਾਲਸਾ ਜੀ ਇਨ੍ਹਾਂ ਗੁਰਦੁਆਰਿਆਂ ਨੂੰ ਬਚਾਣ ਦੀ ਖ਼ਾਤਰ ਆਪ ਨੂੰ ਇਕ ਬਹੁਤ ਵੱਡੀ ਕੁਰਬਾਨੀ ਕਰਨੀ ਪਵੇਗੀ ਇਸ ਲਈ ਆਪ ਨੂੰ ਹੁਣ ਆਪਣੀਆਂ ਤਾਕਤਾਂ ਨੂੰ ਇਕੱਠਿਆਂ ਕਰਕੇ ੧੧ ਤਾਰੀਖ਼ ਤੱਕ ਤਿਆਰ ਕਰ ਲੈਣਾ ਚਾਹੀਦਾ ਹੈ। ਕਿਉਂਕਿ ਕੌਮੀ ਅਸਥਾਨ ਥੋੜੇ ਚਿਰ ਲਈ ਸਾਡੇ ਹੱਥੋਂ ਨਹੀਂ ਜਾ ਰਹੇ ਬਲਕਿ ਇਸ ਬੋਰਡ ਦੀ ਖੋਜ ਭਾਲ ਦੀ ਓਟ ਲੈ ਕੇ ਸਾਡੇ ਹੱਥੋਂ ਹਮੇਸ਼ਾਂ ਲਈ ਧਾਰਮਿਕ ਅਸਥਾਨ ਖੁਸ ਜਾਣਗੇ ਅਤੇ ਜੇ ਅਸੀਂ ਧਾਰਮਿਕ ਅਸਥਾਨ ਖੁਸਾ ਬੈਠੇ ਤਾਂ ਸਮਝੋ ਕਿ ਕੌਮ ਦਾ ਖਾਤਮਾਂ ਹੋ ਗਿਆ।

ਜ਼ਬਰਦਸਤ ਆਵਾਜ਼ਾਂ ਉਠਾਓ

ਅੱਜ ਅਸੀਂ ਐਨੀ ਗੱਲ ਹੋਰ ਦੱਸਣੀ ਜ਼ਰੂਰੀ ਸਮਝਦੇ ਹਾਂ ਕਿ ਇਸ ਕਾਨੂੰਨ ਦੇ ਵਿਰੁੱਧ ਆਪਣੇ ਆਤਮਾਂ ਦੀ

ਸੱਚੀ ਅਤੇ ਜਬਰਦਸਤ ਆਵਾਜ਼ ਉਠਾਈ ਜਾਵੇ। ਕਿਉਂਕਿ ਕਾਨੂੰਨੀ ਅਖਤਿਆਰਾਂ ਤੋਂ ਬਿਨਾਂ ਸਰਕਾਰ ਨੇ ਦਰਬਾਰ ਸਾਹਿਬ ਆਦਿਕ ਗੁਰਦੁਆਰਿਆਂ ਦਾ ਜੋ ਪ੍ਰਬੰਧ ਪਿੱਛੇ ਰੱਖਿਆ ਹੈ। ਉਹ ਪੰਥ ਤੋਂ ਭੁਲਿਆ ਹੋਇਆ ਨਹੀਂ। ਹੁਣ ਤਾਂ ਕਾਨੂੰਨ ਦਾ ਹਥਿਆਰ ਸਰਕਾਰ ਨੂੰ ਮਿਲ ਜਾਵੇਗਾ ਇਸ ਲਈ ਕੋਈ ਕਾਰਨ ਨਹੀਂ ਕਿ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਅੰਮ੍ਰਿਤਸਰ ਦੇ ਪਹਿਲੇ ਪ੍ਰਬੰਧ ਨੂੰ ਵੀ ਮਾਤ ਨਾ ਕਰ ਜਾਵੇ! ਜੇ ਗੁਰੂ ਪੰਥ ਨਹੀਂ ਚਾਹੁੰਦਾ ਕਿ ਇਕ ਅਰੂੜ ਸਿੰਘ ਦੀ ਥਾਂ ਸੈਂਕੜੇ ਅਰੂੜ ਸਿੰਘ ਉਸ ਦੇ ਗੁਰਦੁਆਰਿਆਂ ਦੇ ਪ੍ਰਬੰਧਕ ਬਣ ਜਾਣ ਅਤੇ ਧਾਰਮਿਕ ਰੀਤਾਂ ਰਸਮਾਂ ਗੁਰੂ ਪੰਥ ਦੀ ਮਰਜ਼ੀ ਦੀ ਥਾਂ ਸਰਕਾਰ ਦੀ ਮਰਜ਼ੀ ਨਾਲ ਕੀਤੀਆਂ ਜਾਣ ਤਾਂ ਇਕ ਆਵਾਜ਼ ਨਾਲ ਸਾਰਾ ਪੰਥ ਆਖ ਦੇਵੇ ਕਿ ਅਜਿਹਾ ਕੋਈ ਕੜਾ ਕਾਨੂੰਨ ਅਸੀਂ ਨਹੀਂ ਮੰਨਾਂਗੇ। ਬਾਕੀ ਵਿਚਾਰ ਅਗਲੇ ਪਰਚੇ ਵਿਚ ਕੀਤੀ ਜਾਵੇਗੀ।

ਅਕਾਲੀ ਲਾਹੌਰ, ੧੫ ਅਪ੍ਰੈਲ ੧੯੨੧

ਹਿੰਦੂ ਲੀਡਰ ਧਿਆਨ ਦੇਣ !

ਸਾਡੇ ਪਾਸ ਕਈ ਥਾਵਾਂ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਜਿਥੇ ਜਿਥੇ ਸਿੱਖਾਂ ਦੀ ਵਸੋਂ ਥੋੜ੍ਹੀ ਹੈ ਉੱਥੇ ਉਨ੍ਹਾਂ ਨੂੰ ਹਿੰਦੂ ਕਈ ਤਰ੍ਹਾਂ ਦੇ ਦੁਖ ਦੇ ਰਹੇ ਹਨ। ਅੱਜ ਹੀ ਸਾਡੇ ਪਾਸ ਇਕ ਚਿੱਠੀ ਫ਼ਰੀਦਾਬਾਦ ਦੇ ਸਿੱਖਾਂ ਵੱਲੋਂ ਪਹੁੰਚੀ ਹੈ ਕਿ ਇਥੋਂ ਦੇ ਹਿੰਦੂਆਂ ਨੇ ਸਿੱਖਾਂ ਉਤੇ ਸਖ਼ਤੀ ਕਰਨੀ ਆਰੰਭ ਕਰ ਦਿੱਤੀ ਹੈ। ਸਿੱਖਾਂ ਨੂੰ ਗੁਰਦੁਆਰੇ ਵਿਚ ਆਉਣ ਤੋਂ ਰੋਕਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਜੇ ਸਿੱਖ ਗੁਰਦੁਆਰੇ ਵਿਚ ਆਏ ਤਾਂ ਪੁਲਿਸ ਨੂੰ ਖ਼ਬਰ ਦੇ ਕੇ ਗ੍ਰਿਫ਼ਤਾਰ ਕਰਾ ਦਿੱਤਾ ਜਾਵੇਗਾ ਅਤੇ ਪਤਾ ਲੱਗਾ ਹੈ ਕਿ ਸਿੱਖਾਂ ਦੇ ਵਿਰੁੱਧ ਕਈ ਝੂਠੀਆਂ ਗੱਲਾਂ ਲਿਖ ਕੇ ਸਾਹਿਬ ਡਿਪਟੀ ਕਮਿਸ਼ਨਰ ਅਤੇ ਸਾਹਿਬ ਸੁਪ੍ਰੰਡੈਂਟ ਪੁਲਿਸ ਦੇ ਪਾਸ ਰੀਪੋਟਾਂ ਭੀ ਕਰ ਦਿੱਤੀਆਂ ਹਨ। ਸਿੱਖਾਂ ਨੂੰ ਬਾਜ਼ਾਰ ਵਿੱਚੋਂ ਆਉਣ ਤੋਂ ਭੀ ਰੋਕਿਆ ਜਾਂਦਾ ਹੈ ਅਤੇ ਨਾਨਕਾਣੇ ਸਾਹਿਬ ਦੇ ਸ਼ਹੀਦ ਸਿੰਘਾਂ ਦੀ ਮਿਸਾਲ ਦੇ ਕੇ ਧਮਕਾਇਆ ਜਾਂਦਾ ਹੈ। ਸਿੱਖਾਂ ਦੀ ਵਸੋਂ ਬਹੁਤ ਥੋੜ੍ਹੀ ਹੈ। ਨੰਬਰਦਾਰ ਇਕ ਬ੍ਰਾਹਮਣ ਹੈ ਅਤੇ ਬਹੁਤੀ ਆਬਾਦੀ ਹਿੰਦੂਆਂ ਦੀ ਹੈ।

ਸਾਨੂੰ ਇਹ ਚਿੱਠੀ ਪੜ੍ਹ ਕੇ, ਤੇ ਬਾਕੀ ਖ਼ਬਰਾਂ ਸੁਣ ਕੇ, ਕਮਾਲੀਏ ਵਾਲਾ ਸਮਾਚਾਰ ਵੇਖ ਕੇ, ਬੜਾ ਸ਼ੋਕ ਹੋਇਆ ਹੈ। ਸਵਰਾਜ ਦਾ ਨਿੱਕਾ ਜਿਹਾ ਬੂਟਾ ਜਿਹੜਾ ਹੁਣੇ ਹੀ ਪੁੰਗਰਨਾ ਸ਼ੁਰੂ ਹੋਇਆ ਸੀ ਅਤੇ ਜਿਸ ਦੀ ਪਾਲਨਾ ਵਾਸਤੇ ਬੜੀ ਸੰਭਾਲ ਦੀ ਲੋੜ ਸੀ ਉਸ ਨੂੰ ਇਸ ਬਾਲਪਨ ਵਿਚ ਹੀ ਇੰਨੇ ਸਖ਼ਤ ਧੱਕੇ ਲਗਣ ਲੱਗ ਪਏ ਹਨ। ਇਸ ਲਈ ਇਸ ਛੋਟੀ ਅਵਸਥਾ ਵਿਚ ਇੰਨੇ ਡਾਢੇ ਮੀਂਹ, ਹਨ੍ਹੇਰੀ, ਝਖੜ ਆਦਿ ਨੂੰ ਸਹਾਰਨਾ ਕਠਨ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦੇ ਪਾਲਨ ਦਾ ਯਤਨ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਕੁਮਲਾ ਜਾਣ ਦਾ ਡਰ ਹੈ। ਉਹ ਤਾਕਤ ਜਿਸ ਨਾਲ ਅਸੀਂ ਸਾਰੇ ਮੱਥਾ ਲਾਉਣ ਦੀਆਂ ਡੀਗਾਂ ਮਾਰ ਰਹੇ ਹਾਂ ਉਹ ਬੜੀ ਤਕੜੀ ਤਾਕਤ ਹੈ ਅਤੇ ਜਦੋਂ ਤਾਈਂ ਅਸੀਂ ਸਾਰੇ ਇਕੱਠੇ ਹੋ ਕੇ ਮੁਕਾਬਲਾ ਨਾ ਕਰੀਏ ਤਦ ਤਾਈਂ ਸਾਡਾ ਸਾਰਿਆਂ ਦਾ ਕੁਚਲਿਆ ਜਾਣਾ ਇਕ ਬੜੀ ਸੰਭਵ ਗੱਲ ਹੈ।

ਜੇ ਇਹੋ ਹੀ ਹਾਲ ਜਾਰੀ ਰਹੇ ਕਿ ਜਿਥੇ ਸਿੱਖ ਥੋੜ੍ਹੇ ਹੋਣ ਉਨ੍ਹਾਂ ਨੂੰ ਹਿੰਦੂ ਉਥੇ ਸਤਾਣ ਅਤੇ ਜਿਥੇ ਹਿੰਦੂ ਥੋੜ੍ਹੇ ਹੋਣ ਉਨ੍ਹਾਂ ਨੂੰ ਸਿੱਖ ਸਤਾਣ, ਜਾਂ ਜਿਥੇ ਮੁਸਲਮਾਨ ਬਹੁਤੇ ਹੋਣ ਉਹ ਹਿੰਦੂਆਂ ਆਦਿ ਨੂੰ ਸਤਾਣ ਅਤੇ ਜਿਥੇ ਹਿੰਦੂ ਬਹੁਤੇ ਹੋਣ ਉਹ ਮੁਸਲਮਾਨਾਂ ਨੂੰ ਸਤਾਣ ਤਾਂ ਇਕ ਦਿਨ ਵੀ ਜੀਉਣਾ ਹਮਸਾਈ ਕੌਮਾਂ ਲਈ ਕਠਿਨ ਹੋ ਜਾਵੇਗਾ।

ਸਿੱਖ ਇਸ ਵੇਲੇ ਇਕ ਬੜੇ ਨਾਜ਼ਕ ਸਮੇਂ ਵਿੱਚੋਂ ਲੰਘ ਰਹੇ ਹਨ। ਇਸ ਸਮੇਂ ਤੇ ਦੂਜੀਆਂ ਕਮਜਾਈ ਕੌਮਾਂ ਦਾ ਫ਼ਰਜ਼ ਹੈ ਕਿ ਉਹ ਉਨ੍ਹਾਂ ਦੇ ਨਾਲ ਪ੍ਰੇਮ ਰੱਖਣ। ਸਿੱਖਾਂ ਦੇ ਫਟ ਤਾਜ਼ੇ ਹਨ ਉਨ੍ਹਾਂ ਦੇ ਭਰਾ ਜੇਲ੍ਹਾਂ ਵਿਚ ਪਏ ਹਨ ਅਤੇ ਦਬਾ ਦਬ ਸੁਟੇ ਜਾ ਰਹੇ ਹਨ ਉਨ੍ਹਾਂ ਉਤੇ ਮਸੀਬਤਾਂ ਦਾ ਪਹਾੜ ਡਿੱਗਾ ਹੋਇਆ ਹੈ ਅਤੇ ਇਸ ਵੇਲੇ ਲੋੜ ਹੈ ਕਿ ਭਾਵੇਂ ਹਿੰਦੂ ਭਰਾਵਾਂ ਦੀਆਂ ਕੁਝ ਸ਼ਿਕਾਇਤਾਂ ਵੀ ਹੋਣ ਤਾਂ ਵੀ ਉਹ ਕਿਸੇ ਹੋਰ ਵੇਲੇ ਲਈ ਰੱਖ ਛੱਡਣ। ਸਿੱਖ ਬਤੌਰ ਇਕ ਕੌਮ ਦੇ ਕਿਸੇ ਤਰ੍ਹਾਂ ਵੀ ਹਿੰਦੂਆਂ ਦਾ ਜਾਂ ਕਿਸੇ ਹੋਰ ਮਤ ਵਾਲੇ ਦਾ ਦਿਲ ਦੁਖਾਣਾ ਇਕ ਪਾਪ ਸਮਝਦੇ ਹਨ।

ਅਸੀਂ ਇਥੇ ਇਤਨਾ ਦਸ ਦੇਣ ਨੂੰ ਤਿਆਰ ਹਾਂ ਕਿ ਅਜੇ ਵੀ ਵੇਲਾ ਹੈ ਅਜੇ ਡੁਲੇ ਬੇਰਾਂ ਦਾ ਕੁਝ ਨਹੀਂ ਗਿਆ ਅਤੇ ਜੇ ਹੁਣ ਵੀ ਪਬਲਿਕ ਲੀਡਰ ਇਸ ਪਾਸੇ ਧਿਆਨ ਦੇਣ ਤਾਂ ਸਭ ਕੁਝ ਹੋ ਸਕਦਾ ਹੈ। ਬਹੁਤ ਹੱਦ ਤਕ ਜਿੱਥੇ ਜਿੱਥੇ ਵੀ ਇਸ ਤਰ੍ਹਾਂ ਦੇ ਝਗੜੇ ਹੋਏ ਹਨ ਉਨ੍ਹਾਂ ਦੀ ਤਹਿ ਵਿਚ ਜਾਂ ਤਾਂ ਸਰਕਾਰੀ ਖਿਤਾਬਾਂ ਵਾਲੇ ਆਦਮੀ ਹਨ ਜਾਂ ਜਿਨ੍ਹਾਂ ਨੂੰ ਆਪਣੀ ਆਮਦਨੀ ਘਟਦੀ ਨਜ਼ਰ ਆ ਰਹੀ ਹੈ ਅਤੇ ਜਿਹੜੇ ਇਸ ਆਮਦਨੀ ਨੂੰ ਜਿਸ ਪਾਸੇ ਅੱਗੇ ਅਜਾਇਆਂ ਗਵਾ ਦੇਣਾ ਚਾਹੁੰਦੇ ਸਨ ਗਵਾ ਸਕਦੇ ਸਨ। ਅਜੇ ਵੀ ਜੇ ਯਤਨ ਕੀਤਾ ਜਾਏ ਤਾਂ ਇਹ ਲਹਿਰ ਪਬਲਿਕ ਲੀਡਰ ਰੋਕ ਸਕਦੇ ਹਨ। ਪਰ ਜੇ ਇਸ ਤਰ੍ਹਾਂ ਕੁਝ ਚਿਰ ਜਾਰੀ ਰਹੀ ਤਾਂ ਇਸ ਦੇ ਬੜੇ ਭੈੜੇ ਫਲ ਨਿਕਲਨਗੇ।

ਮਹਾਸ਼ਾ ਕ੍ਰਿਸ਼ਨ ਸਾਹਿਬ ਜੀ ਨੇ ਵੀ ਆਪਣੀ ਅਖ਼ਬਾਰ 'ਪ੍ਰਤਾਪ' ਵਿਚ ਹਿੰਦੂਆਂ ਅਗੇ ਅਪੀਲ ਕੀਤੀ ਹੈ ਕਿ ਹਿੰਦੂਆਂ ਨੂੰ ਇਸ ਸਮੇਂ ਸਿੱਖਾਂ ਦੀ ਵਿਰੋਧਤਾ ਨਹੀਂ ਕਰਨੀ ਚਾਹੀਦੀ। 'ਸਾਡੀ ਜ਼ਾਤੀ ਰਾਇ ਇਹ ਹੈ ਕਿ ਹਿੰਦੂਆਂ ਨੂੰ ਇਸ ਕਾਨੂੰਨ ਨਾਲ ਕੋਈ ਸਰੋਕਾਰ ਨਹੀਂ ਰੱਖਣਾ ਚਾਹੀਦਾ। ਸਰਕਾਰ ਸਮਝੇ ਅਤੇ ਸਿੱਖ। ਹਿੰਦੂ ਸਿੱਖਾਂ ਜਾਂ ਹਿੰਦੂਆਂ ਨੂੰ ਸਰਕਾਰ ਨੂੰ ਦਸ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਹੋਣੀ ਚਾਹੀਦੀ ਹੈ। ਅਕਾਲੀ ਸਿੱਖ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰਨਗੇ ਕਿ ਪੰਜਾਬ ਵਿਚ ਹਿੰਦੂ ਸਿੱਖ ਵੀ ਹਨ। ਬਹੁਤ ਸਾਰੇ ਆਜ਼ਾਦ ਖ਼ਿਆਲ ਹਿੰਦੂ ਵੀ ਇਸ ਨੂੰ ਅੱਛਾ ਨਹੀਂ ਸਮਝਣਗੇ ਕਿ ਉਨ੍ਹਾਂ ਦੇ ਧਰਮ ਅਸਥਾਨ ਮਹੰਤਾਂ ਜਾਂ ਪੁਜਾਰੀਆਂ ਦੇ ਕਬਜ਼ੇ ਵਿਚ ਰਹਿਣ ਅਤੇ ਉਨ੍ਹਾਂ ਦੀ ਆਮਦਨੀ ਨੂੰ ਉਹ ਜਿਸ ਤਰ੍ਹਾਂ ਚਾਹੁਣ ਵਰਤਣ। ਜਿਹੜੀ ਗੱਲ ਅਸੀਂ ਆਪਣੀ ਹਾਲਤ ਵਿਚ ਅੱਛਾ ਨਹੀਂ ਸਮਝਦੇ ਉਸ ਦੀ ਸਿੱਖਾਂ ਤੋਂ ਕਿਸ ਤਰ੍ਹਾਂ ਆਸ ਹੋ ਸਕਦੀ ਹੈ। ਮਹੰਤ ਆਮ ਤੌਰ ਤੇ ਬਦਚਲਨ ਹੁੰਦੇ ਹਨ ਅਤੇ ਮੰਦਰਾਂ ਦੀ ਆਮਦਨੀ ਨੂੰ ਬਹੁਤ ਹੀ ਬੁਰੀ ਤਰ੍ਹਾਂ ਵਰਤਦੇ ਹਨ ਇਸ ਲਈ ਕੋਈ ਅਜਿਹੀ ਲਹਿਰ ਜਿਸ ਨਾਲ ਮਹੰਤਾਂ ਜਾਂ ਪੁਜਾਰੀਆਂ ਨੂੰ ਬਚਾਉਣ ਦਾ ਖ਼ਿਆਲ ਹੋਵੇ ਪੜ੍ਹੇ ਲਿਖੇ ਹਿੰਦੂਆਂ ਦੀ ਹਮਦਰਦੀ ਨੂੰ ਆਪਣੀ ਵੱਲ ਨਹੀਂ ਖਿਚ ਸਕਦੀ ਅਤੇ ਨਾ ਹੀ ਆਪਣੇ ਲਈ ਕੁਝ ਜੋਸ਼ ਉਨ੍ਹਾਂ ਵਿਚ ਪੈਦਾ ਕਰ ਸਕਦੀ ਹੈ'।

ਜਿੱਥੇ ਅਸੀਂ ਹਿੰਦੂ ਵੀਰਾਂ ਅੱਗੇ ਇਹ ਅਪੀਲ ਕੀਤੀ ਹੈ ਉੱਥੇ ਆਪਣੇ ਖਾਲਸਾ ਵੀਰਾਂ ਅਗੇ ਵੀ ਬਿਨੈ ਕਰਦੇ ਹਾਂ ਕਿ ਉਹ ਕਿਸੇ ਵੀ ਹਿੰਦੂ ਵੀਰ ਦਾ ਦਿਲ ਨਾ ਦੁਖਾਣ। ਭਾਵੇਂ ਸਾਡੇ ਨਾਲ ਕਿਧਰੇ ਜ਼ਿਆਦਤੀ ਵੀ ਹੋਈ ਹੋਵੇ ਤਾਂ ਵੀ ਬਹਾਦਰੀ ਇਸ ਗੱਲ ਵਿਚ ਹੀ ਹੈ ਕਿ ਅਸੀਂ ਅਦਲੇ ਦਾ ਬਦਲਾ ਲੈਣ ਦਾ ਖ਼ਿਆਲ ਦਿਲ ਵਿਚ ਨਾ ਲਿਆਵੀਏ।

ਸ਼੍ਰੋਮਣੀ ਗੁਰਦੁਆਰਾ ਕਮੇਟੀ

੧੧ ਅਪ੍ਰੈਲ ਦੀ ਕਾਰਵਾਈ

੧੨ ਵਜੇ ਦੇ ਕਰੀਬ ਗੁਰੂ ਕੇ ਲੰਗਰ ਵਾਲੇ ਗੁਰਦੁਆਰੇ ਵਿਚ ਸਮਾਗਮ ਸਜਿਆ। ਸ: ਸੁੰਦਰ ਸਿੰਘ ਰਾਮਗੜ੍ਹੀਏ ਪ੍ਰੈਜ਼ੀਡੰਟ ਸਨ।

ਸਾਰੀ ਕਾਰਵਾਈ ਉਤੇ ਆਪਣੀ ਵਿਚਾਰ ਹਾਲਾਂ ਅਸੀਂ ਬੰਦ ਰੱਖਦੇ ਹਾਂ। ਜੋ ਕੁਝ ਗੁਰਮਤੇ ਉੱਥੇ ਪਾਸ ਹੋਏ ਉਨ੍ਹਾਂ ਦਾ ਭਾਵ ਇਹ ਹੈ :-

੧. ਪਾਸ ਹੋਇਆ ਕਿ ਚੁਣਵੀਂ ਕਮੇਟੀ ਦਾ ਤਰਮੀਮ ਹੋਇਆ ਬਿਲ ਸਾਨੂੰ ਬਿਲਕੁਲ ਮਨਜ਼ੂਰ ਨਹੀਂ ਜਦ ਤਕ ਸ਼੍ਰੋ : ਗੁਰਦੁਆਰਾ ਕਮੇਟੀ ਦੀਆਂ ਦੱਸੀਆਂ ਹੋਈਆਂ ਤਬਦੀਲੀਆਂ ਮਨਜ਼ੂਰ ਨਹੀਂ ਕੀਤੀਆਂ ਜਾਂਦੀਆਂ ਅਤੇ ਜਦ ਤਕ ਗੁਰਦੁਆਰਿਆਂ ਸਬੰਧੀ ਫੜੇ ਹੋਏ ਸਾਰੇ ਸਿੰਘ ਨ ਛੱਡੇ ਜਾਣ।

੨. ਸੱਤਾਂ ਆਦਮੀਆਂ ਦੀ ਕੰਮ ਚਲਾਊ ਕਮੇਟੀ ਬਣਾਈ ਜਾਵੇ ਜੋ ਗੁਰਦੁਆਰਿਆਂ ਨੂੰ ਪੰਥ ਦੇ ਪ੍ਰਬੰਧ ਵਿਚ ਲੈਣ ਤੇ ਅਕਾਲੀ ਜਥਿਆਂ ਨੂੰ ਮੁਨਾਸਬ ਤਰੀਕੇ ਵਰਤਣ ਲਈ ਹੁਕਮ ਦੇਵੇ। ਹੇਠਾਂ ਲਿਖੇ ਸੱਤ ਮੈਂਬਰ ਚੁਣੇ ਗਏ।

ੳ. ਸ: ਹਰਬੰਸ ਸਿੰਘ ਜੀ

ਅ. ਸ: ਜੋਧ ਸਿੰਘ ਜੀ

ੲ. ਸ: ਬਾਵਾ ਹਰਕਿਸ਼ਨ ਸਿੰਘ ਜੀ

ਸ. ਸ: ਖੜਕ ਸਿੰਘ ਜੀ

ਹ. ਸ: ਬਤਨ ਸਿੰਘ ਜੀ

ਕ. ਸ: ਤਾਰਾ ਸਿੰਘ ਜੀ

ਖ. ਸ: ਤੇਜਾ ਸਿੰਘ ਜੀ ਸਮੁੰਦਰੀ ਵਾਲੇ

੩. ੧੪ ਅਪ੍ਰੈਲ ਨੂੰ ਸਾਰੇ ਖਾਲਸਾ ਸਕੂਲ ਬੰਦ ਰੱਖੇ ਜਾਣ ਅਤੇ ਮੌਜੂਦਾ ਗੁਰਦੁਆਰਾ ਬਿਲ ਦੇ ਉਤੇ ਨਰਾਜ਼ਗੀ ਦੇ ਗੁਰਮਤੇ ਪਾਸ ਕਰ ਕੇ ਅਖ਼ਬਾਰਾਂ ਨੂੰ ਤਾਰਾਂ ਭੇਜੀਆਂ ਜਾਣ।

੪. ਪੁਲਿਸ ਤੇ ਫ਼ੌਜੀ ਸਿਪਾਹੀਆਂ ਨੂੰ ਕਿਹਾ ਜਾਵੇ ਕਿ ਹਾਲਾਂ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਨੂੰ ਨੌਕਰੀ ਛੱਡ ਦੇਣ ਦੀ ਆਗਿਆ ਨਹੀਂ ਦੇਂਦੀ ਉਹ ਆਪਣੀਆਂ ਨੌਕਰੀਆਂ ਤੇ ਲੱਗੇ ਰਹਿਣ।

ਇਸ ਦੇ ਮਗਰੋਂ ਕਮੇਟੀ ਦੀ ਸਮਾਪਤੀ ਹੋਈ।

ਕ੍ਰਿਪਾਨ ਸਬੰਧੀ ਲਾਹੌਰ ਦਾ ਮੁਕਦਮਾ

ਗੁਰਦੁਆਰਿਆਂ ਸਬੰਧੀ ਪਕੜੇ ਹੋਏ ਭਰਾਵਾਂ ਦੇ ਵਿਚਾਰ ਕਰਨ ਲਈ ਕੁਝ ਕ੍ਰਿਪਾਨਧਾਰੀ ਸਿੰਘ ਅਦਾਲਤ ਵਿਚ ਗਏ ਸਨ, ਨੌਕਰਸ਼ਾਹੀ ਨੇ ਉਨ੍ਹਾਂ ਵਿੱਚੋਂ ਕੁਝ ਨੌਜੁਆਨ ਭੁਜੰਗੀਆਂ ਆਦਿ ਨੂੰ ਕ੍ਰਿਪਾਨ ਪਹਿਨਣ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਲਿਆ ਸੀ ਉਨ੍ਹਾਂ ਭਰਾਵਾਂ ਦੇ ਮੁਕਦਮੇ ਦਾ ਹੇਠ ਲਿਖਿਆ ਫ਼ੈਸਲਾ ਹੋਇਆ ਹੈ। ਭਾ: ਗ੍ਰਿਧਾਰਾ ਸਿੰਘ ਦਫ਼ਾ ੪੪੭ ਹੇਠ ਦੋ ਮਹੀਨੇ ਕੈਦ ਤੇ ਦਫ਼ਾ ੪੪੫ ਹੇਠ ੩ ਮਹੀਨੇ ਕੈਦ, ਭਾ: ਬੁੱਧ ਸਿੰਘ ਦਫ਼ਾ ੪੪੭ ਹੇਠ ਦੋ ਮਹੀਨੇ ਤੇ ਦਫ਼ਾ ੪੪੫ ਹੇਠ ੩ ਮਹੀਨੇ ਕੈਦ ਦੀ ਸਜਾ। ਇਹ ਦੋਵੇਂ ਸਜਾਵਾਂ ਇਕੱਠੀਆਂ ਸ਼ੁਰੂ ਹੋਣਗੀਆਂ। ਭਾ: ਸੁਧ ਸਿੰਘ ਭਾ: ਮੇਹਰ ਸਿੰਘ ਤੇ ਭਾ: ਹਰੀ ਸਿੰਘ ਨੂੰ ਵੀ ਉਪਰਲੇ ਭਾਈ ਬੁਧ ਸਿੰਘ ਵਰਗੀ ਹੀ ਸਜ਼ਾ ਦਿੱਤੀ ਗਈ। ਭਾ: ਰਾਮ ਸਿੰਘ, ਭਾ: ਮਾਨ ਸਿੰਘ ਤੇ ਭਾ: ਕਾਹਨ ਸਿੰਘ ਨੂੰ ਛੋਟੀ ਉਮਰ ਦੇ ਭੁਜੰਗੀ ਹੋਣ ਕਰ ਕੇ ਅਦਾਲਤ ਦੇ ਬਰਖਾਸਤ ਹੋਣ ਤਕ ਕੈਦ ਦੀ ਸਜ਼ਾ ਦਿੱਤੀ।

ਬਲਹਾਰ ਜਾਈਏ ਇਸ ਨੌਕਰਸ਼ਾਹੀ ਦੇ ਅਦਾਲਤ ਤੋਂ।

ਪੰਥਕ ਡਾਕ

ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ

ਗੁਰੂ ਖਾਲਸਾ ਜੀ ਦੀ ਸੇਵਾ ਵਿਚ ਦਾਸ ਦੀ ਹੱਥ ਜੋੜਕੇ ਫਤੇ ਪ੍ਰਵਾਨ ਹੋਵੇ।

੧. ਦਾਸ ਸ੍ਰੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਦਾ ਸੰਨ ੧੯੦੨ ਤੋਂ ਸੇਵਾਦਾਰ ਹੈ ਇਸ ਤੋਂ ਪਹਿਲੇ ਗੁਰਦੁਆਰੇ ਸਾਹਿਬ ਦੀ ਸੇਵਾ ਮੇਰੇ ਪਿਤਾ ਜੀ ਤੇ ਦਾਦਾ ਜੀ ਤੇ ਉਨ੍ਹਾਂ ਤੋਂ ਪਹਿਲੇ ਉਨ੍ਹਾਂ ਦੇ ਬਜ਼ੁਰਗ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਤੋਂ ਕਰਦੇ ਆਏ ਹਨ।

੨. ਇਸ ਸੇਵਾ ਵਿਚ ਮੇਰੇ ਬਜ਼ੁਰਗਾਂ ਨੂੰ ਕੁਝ ਖਾਸ ਕਠਿਨਤਾਈਆਂ ਵੀ ਪੇਸ਼ ਆਉਂਦੀਆਂ ਰਹੀਆਂ ਜਿਨਾਂ ਦਾ ਮੈਂ ਏਥੇ ਇਸ਼ਾਰੇ ਮਾਤ੍ਰ ਸੰਗਤ ਦੀ ਸੇਵਾ ਵਿਚ ਜ਼ਿਕਰ ਕਰਨ ਦੀ ਆਗਿਆ ਮੰਗਦਾ ਹਾਂ।

ਇਹ ਗੁਰ ਅਸਥਾਨ ਪਹਿਲੇ ਪਹਿਲ ਕੁਝ ਚਿਰ ਲਈ ਅਨਮਤੀਆਂ ਦੇ ਕਬਜ਼ੇ ਵਿਚ ਰਹਿਆ। ਜਦ ਸਰਦਾਰ ਬਘੇਲ ਸਿੰਘ ਜੀ ਦੇ ਦਿੱਲੀ ਵਿਚ ਜ਼ੋਰ ਹੋਇਆ ਤਾਂ ਮਸੀਤ ਜਿਹੜੀ ਗੁਰੂ ਸਾਹਿਬ ਦੇ ਭਾਣਾਂ ਵਰਤਾਨ ਦੀ ਪਵਿੱਤਰ ਭੂਮੀ ਤੇ ਬਣ ਗਈ ਸੀ ਉਸ ਨੂੰ ਗਿਰਾਕੇ ਸਿੱਖ ਗੁਰਦੁਆਰਾ ਬਣਾਇਆ ਗਿਆ ਤੇ ਗੁਰਦੁਆਰਾ ਸਾਹਿਬ ਸਿੱਖਾਂ ਦੇ ਕਬਜ਼ੇ ਵਿਚ ਆਇਆ ਤੇ ਉਨ੍ਹਾਂ ਨੇ ਮੇਰੇ ਬਜ਼ੁਰਗਾਂ ਨੂੰ ਇਸ ਗੁਰਧਾਮ ਦੀ ਸੇਵਾ ਸਪੁਰਦ ਕੀਤੀ। ਪਰ ਅਜੇ ਵੀ ਮੁਸਲਮਾਨਾਂ ਦਾ ਜ਼ੋਰ ਬਹੁਤ ਸੀ ਤੇ ਗੁਰਦੁਆਰੇ ਸਾਹਿਬ ਦੇ ਨਾਲ ਵੀ ਇਕ ਨਵੀਂ ਮਸੀਤ ਬਣ ਗਈ ਤੇ ਉਹ ਖੂਹ ਜਿਥੇ ਗੁਰੂ ਤੇਗ਼ ਬਹਾਦਰ ਸਾਹਿਬ ਭਾਣਾਂ ਵਰਤਾਣ ਦੇ ਦਿਨਾਂ ਵਿਚ ਇਸ਼ਨਾਨ ਕਰਦੇ ਸਨ ਮਸੀਤ ਦਾ ਹਿੱਸਾ ਸਮਝਿਆ ਗਿਆ।

ਸੰਨ ੧੮੫੭ ਦੇ ਗਦਰ ਵਿਚ ਜਦੋਂ ਦਿੱਲੀ ਅੰਗਰੇਜ਼ਾਂ ਨੇ ਫਤੇ ਕੀਤੀ ਤੇ ਅੰਗਰੇਜ਼ਾਂ ਨੇ ਦਿੱਲੀ ਲੁਟੀ ਤਾਂ ਲੁਟ ਵੇਲੇ ਕੁਝ ਗੋਰੇ ਸਿਪਾਹੀਆਂ ਨੇ ਗੁਰਦੁਆਰੇ ਸਾਹਿਬ ਦੇ ਅੰਦਰ ਆ ਕੇ ਮੇਰੇ ਦਾਦਾ ਸਾਹਿਬ ਦੇ ਵਡੇ ਭਾਈ ਸਾਹਿਬ ਨੂੰ ਜਿਹੜੇ ਕਿ ਉਸ ਵੇਲੇ ਸੇਵਾਦਾਰ ਸਨ, ਤੇ ਇਕ ਲਾਂਗਰੀ ਨੂੰ ਸੰਗੀਨਾਂ ਨਾਲ ਕਤਲ ਕਰ ਦਿੱਤਾ। ਕੁਝ ਚਿਰ ਮਗਰੋਂ ਮਹਾਰਾਜਾ ਸਰੂਪ ਸਿੰਘ ਜੀ ਸਾਹਿਬ ਵਾਲੀਏ ਜੀਂਦ ਆਪਣੀ ਫ਼ੌਜ ਸਹਿਤ ਉਥੇ ਪੁੱਜੇ ਤੇ ਲੋਥਾਂ ਨੂੰ ਗੁਰਦੁਆਰੇ

ਸਾਹਿਬ ਦੇ ਅੰਦਰ ਵੇਖਕੇ ਵੱਡਾ ਸ਼ੋਕ ਪ੍ਰਗਟ ਕੀਤਾ ਤੇ ਮੇਰੇ ਦਾਦਾ ਜੀ (ਭਾਈ ਰਤਨ ਸਿੰਘ ਜੀ) ਨੂੰ ਫੇਰ ਗੁਰਦੁਆਰੇ ਸਾਹਿਬ ਲਿਆਕੇ ਦਿਲਾਸਾ ਦੇਕੇ ਸੇਵਾ ਸਪੁਰਦ ਕੀਤੀ ਤੇ ਸਰਕਾਰ ਨੂੰ ਵੀ ਸਾਰਾ ਹਾਲ ਦਸਿਆ। ਜਿਸ ਤੇ ਅਫ਼ਸਰਾਂ ਨੇ ਭੀ ਵੱਡਾ ਅਫ਼ਸੋਸ ਕੀਤਾ।

੩. ਜਦੋਂ ਸਿੱਖ ਮਹਾਰਾਜਿਆਂ ਨੂੰ ਦਿੱਲੀ ਵਿਚ ਮਕਾਨ ਮਿਲਨ ਲੱਗੇ ਤਾਂ ਮਹਾਰਾਜਾ ਸਰੂਪ ਸਿੰਘ ਜੀ ਨੇ ਇਹ ਮਸੀਤ ਸਰਕਾਰ ਤੋਂ ਮੰਗੀ ਸਰਕਾਰ ਨੇ ਇਹ ਮਸੀਤ ਮਹਾਰਾਜਾ ਸਾਹਿਬ ਨੂੰ ਦੇ ਦਿੱਤੀ ਤੇ ਮਹਾਰਾਜਾ ਸਾਹਿਬ ਨੇ ਇਸ ਮਸੀਤ ਦਾ ਅਰਦਾਸਾ ਗੁਰਦੁਆਰੇ ਸਾਹਿਬ ਨੂੰ ਕਰਾ ਦਿੱਤਾ। ਸੰਨ ੧੮੬੫ ਦੇ ਕਰੀਬ ਇਹ ਮਸੀਤ ਬਾਰਸ਼ ਨਾਲ ਗਿਰ ਗਈ। ਇਸ ਵੇਲੇ ਮੁਸਲਮਾਨਾਂ ਵੱਲੋਂ ਮੇਰੇ ਦਾਦਾ ਜੀ ਤੇ ਮਸੀਤ ਦੇ ਬਾਰੇ ਵਿਚ ਦਾਵਾ ਕੀਤਾ ਗਿਆ, ਦਾਦਾ ਜੀ ਨੂੰ ਹਵਾਲਾਤ ਵਿਚ ਕਰ ਦਿੱਤਾ ਗਿਆ, ਪਰ ਮਹਾਰਾਜਾ ਸਾਹਿਬ ਜੀਂਦ ਦੇ ਜ਼ੋਰ ਨਾਲ ਮੇਰੇ ਦਾਦਾ ਜੀ ਛੱਡ ਦਿੱਤੇ ਗਏ ਤੇ ਮਸੀਤ ਦੇ ਮੁਕਦਮੇ ਦਾ ਫ਼ੈਸਲਾ ਮਹੰਤ ਸਾਹਿਬ ਦੇ ਹੱਕ ਵਿਚ ਹੋਇਆ ਤੇ ਮਹਾਰਾਜਾ ਸਾਹਿਬ ਜੀਂਦ ਨੇ ਸਾਰੇ ਗੁਰਦੁਆਰੇ ਸਾਹਿਬ ਦੀ ਸੇਵਾ ਮੇਰੇ ਦਾਦਾ ਜੀ ਦੀ ਰਾਹੀਂ ਕੀਤੀ, ਹੁਣ ਵਾਲੀ ਇਮਾਰਤ ਉਦੋਂ ਦੀ ਹੀ ਬਣੀ ਹੋਈ ਹੈ।

੪. ਸੰਨ ੧੯੦੮ ਵਿਚ ਮੇਰੇ ਪਿਤਾ ਭਾਈ ਮਲੂਕ ਸਿੰਘ ਜੀ ਦਾ ਪਰਲੋਕ ਚਲਾਨਾ ਹੋਇਆ ਤੇ ਗੁਰਦੁਆਰੇ ਸਾਹਿਬ ਦੀ ਸੇਵਾ ਦਾਸ ਦੇ ਸਪੁਰਦ ਹੋਈ। ਸੰਨ ੧੯੦੯ ਵਿਚ ਜਦੋਂ ਖਾਲਸਾ ਜੀ ਨੇ ਗੁਰਦੁਆਰਿਆਂ ਦੀਆਂ ਰਸਮਾਂ ਦੇ ਸੁਧਾਰ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ ਤਾਂ ਦਾਸ ਨੇ ਗੁਰਦੁਆਰੇ ਸਾਹਿਬ ਵਿਚ ਸ੍ਰੀ ਗੁਰੂ ਸਿੰਘ ਸਭਾ ਦੇ ਦੀਵਾਨ ਦਾ ਪ੍ਰਬੰਧ ਕੀਤਾ ਜਿਸ ਪਰ ਕੁਝ ਐਸੇ ਸਿੱਖਾਂ ਨੇ ਜੋ ਆਪਣੇ ਆਪ ਨੂੰ "ਸਨਾਤਨੀ" ਕਹਿੰਦੇ ਸਨ ਇਸ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਤੇ ਦਾਸ ਨੂੰ ਕਚਹਿਰੀਆਂ ਵਿਚ ਵੀ ਧੂਹ ਘੜੀਸ ਹੋਈ, ਪਰ ਗੁਰੂ ਪੰਥ ਦੇ ਭਰੋਸੇ ਤੇ ਆਸਰੇ ਨਾਲ ਇਹ ਮਾਮਲਾ ਵੀ ਖਾਲਸਾ ਜੀ ਦੀ ਮਰਜ਼ੀ ਅਨੁਸਾਰ ਨਜਿਠਿਆ ਗਿਆ, ਮੇਰੇ ਕੁਝ ਰਿਸ਼ਤੇਦਾਰ ਇਸ ਮਾਮਲੇ ਵਿਚ ਸਨਾਤਨੀ ਸਿੱਖਾਂ ਨਾਲ ਮਿਲ ਗਏ ਸਨ, ਤੇ ਪੁਰਾਣੀਆਂ ਗੁਰਮੱਤਾਂ ਵਿਰੁੱਧ ਰਸਮਾਂ ਨੂੰ ਰਿਵਾਜ ਦੇਣ ਹਿਤ ਮਹੰਤੀ ਵਿਚ ਹਿਸੇ ਦਾ ਦਾਵਾ ਕੀਤਾ ਪਰ ਗੁਰੂ ਪੰਥ ਨੇ ਪੂਰੇ ਜ਼ੋਰ ਨਾਲ ਦਾਸ ਦੇ ਸਿਰ ਤੇ ਹੱਥ ਧਰ ਉਨ੍ਹਾਂ ਦਾ ਮੁਕਾਬਲਾ ਕੀਤਾ ਤੇ ਆਖਰ ਵਿਚ ਫ਼ੈਸਲਾ ਹੋਇਆ ਕਿ ਗੁਰਦੁਆਰੇ ਸਾਹਿਬ ਦੀ ਸੇਵਾ ਸਦਾ ਲਈ ਸੇਵਾਦਾਰ ਦੇ ਗੁਜ਼ਰ ਜਾਨ ਤੇ ਉਸ ਦੇ ਵਡੇ ਲੜਕੇ ਦੇ ਸਪੁਰਦ ਹੋਇਆ ਕਰੇ।

੫. ਦਾਸ, ਤੇ ਦਾਸ ਦੇ ਬਜ਼ੁਰਗ ਗੁਰਦੁਆਰਾ ਸਾਹਿਬ ਨੂੰ ਸਦਾ ਤੋਂ ਹੀ ਗੁਰੂ ਪੰਥ ਦੀ ਮਲਕੀਤ ਸਮਝਦੇ ਰਹੇ ਹਨ, ਤੇ ਗੁਰਦੁਆਰੇ ਸਾਹਿਬ ਦੀ ਅੰਦਰਲੀ ਬਾਹਰਲੀ ਸਭ ਜਾਇਦਾਦ ਦਾ ਇੰਤਜ਼ਾਮ ਇਸੇ ਖ਼ਿਆਲ ਨਾਲ ਸਦਾ ਹੀ ਕਰਦੇ ਰਹੇ ਹਨ। ਦਾਸ ਆਪਣੇ ਆਪ ਨੂੰ ਆਪਣੇ ਬਜ਼ੁਰਗਾਂ ਵਾਂਗ ਗੁਰਦੁਆਰੇ ਸਾਹਿਬ ਦੇ ਝਾੜੂ ਬਰਦਾਰ ਸਮਝਦਾ ਹੈ ਤੇ ਸੰਗਤ ਦੇ ਜੋੜੇ ਝਾੜਨਾ ਆਪਣਾ ਫ਼ਰਜ਼ ਸਮਝਦਾ ਹੈ ਹੁਣ ਤਕ ਜੋ ਕੁਝ ਵੀ ਗੁਰਦੁਆਰੇ ਸਾਹਿਬ ਵਿਚ ਹੁੰਦਾ ਰਿਹਾ ਹੈ ਉਹ ਦਿੱਲੀ ਦੀ ਸੰਗਤ ਦੀ ਆਗਿਆ ਤੇ ਮਰਜ਼ੀ ਅਨੁਸਾਰ ਹੁੰਦਾ ਹੈ। ਅੱਗੇ ਵਾਸਤੇ ਜੋ ਗੁਰੂ ਪੰਥ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਮੈਨੂੰ ਜਾਂ ਮੇਰੀ ਔਲਾਦ ਨੂੰ ਹੁਕਮ ਦੇਵੇਗੀ, ਮੈਂ ਉਸ ਦੀ ਪਾਲਨਾ ਮੁਖ ਧਰਮ ਸਮਝਾਂਗਾ। ਗੁਰਦੁਆਰਾ ਸਾਹਿਬ ਤੇ ਗੁਰਦੁਆਰੇ ਸਾਹਿਬ ਦੀ ਜਾਇਦਾਦ ਤੇ ਦਾਸ ਸਭ ਪੰਥ ਦੇ ਹਨ ਪੰਥ ਜਿਸ ਤਰ੍ਹਾਂ ਚਾਹੇ ਕਰੇ।

ਵਾਹਿ ਗੁਰੂ ਜੀ ਕਾ ਖਾਲਸਾ
ਵਾਹਿ ਗੁਰੂ ਜੀ ਕੀ ਫਤਹਿ ॥

ਗੁਰੂ ਪੰਥ ਦਾ ਸੇਵਕ,
ਹਰੀ ਸਿੰਘ ਸੇਵਾਦਾਰ
ਗੁਰਦੁਆਰਾ ਸੀਸ ਗੰਜ (ਦਿੱਲੀ)।

* * *

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਾਏ ਜਾਣ ਬਾਰੇ ਸੁਝਾਅ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਪੰਥ ਦੇ ਮਸ਼ਹੂਰ ਆਗੂਆਂ ਤੇ ਆਲਮ ਫ਼ਾਜ਼ਲ ਲੋਕਾਂ ਨੇ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇਕ ਕਮੇਟੀ (ਜਥੇਬੰਦੀ) ਬਣਾਉਣ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਸਨ। ਬਹੁਤ ਥੋੜ੍ਹੇ ਲੋਕ ਅਜਿਹੇ ਵੀ ਸਨ ਜੋ ਚਾਹੁੰਦੇ ਸਨ ਕਿ "ਚੀਫ਼ ਖਾਲਸਾ ਦੀਵਾਨ" ਨੂੰ ਨੁਮਾਇੰਦਾ ਜਥੇਬੰਦੀ ਮੰਨ ਲਿਆ ਜਾਵੇ। ਇਸ ਖ਼ਿਆਲ ਦੇ ਆਗੂ ਚਾਹੁੰਦੇ ਸਨ ਕਿ ਚੀਫ਼ ਖਾਲਸਾ ਦੀਵਾਨ ਦੇ ਨੇਮਾਂ ਅਤੇ ਬਣਤਰ ਵਿਚ ਜ਼ਰੂਰੀ ਤਬਦੀਲੀਆਂ ਕਰ ਕੇ ਇਸ ਦਾ ਸੁਧਾਰ ਕਰ ਕੇ, ਗੁਰਦੁਆਰਿਆਂ ਦੀ ਸੇਵਾ ਸੰਭਾਲ ਇਸ ਨੂੰ ਸੌਂਪ ਦਿੱਤੀ ਜਾਏ। ਪਰ ਬਹੁਤੇ ਇਹ ਮਹਿਸੂਸ ਕਰਦੇ ਸਨ ਕਿ ਇਸ ਦਾ ਸੁਧਾਰ ਨਹੀਂ ਹੋ ਸਕਦਾ ਅਤੇ ਨਵੀਂ ਜਥੇਬੰਦੀ ਹੀ ਬਣਾਉਣੀ ਪਵੇਗੀ। ਇਸ ਸਬੰਧ ਵਿਚ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਆਪਣੇ ਸੁਝਾਅ ਦਿੱਤੇ ਸਨ ਜੋ ਰੋਜ਼ਾਨਾ 'ਅਕਾਲੀ' ਅਖ਼ਬਾਰ ਵਿਚ ਛਪੇ ਸਨ। ਉਨ੍ਹਾਂ ਵਿਚੋਂ ਜਿੰਨੇ ਕੁ ਮਿਲ ਸਕੇ ਹਨ ਅੱਗੇ ਦਿੱਤੇ ਜਾਂਦੇ ਹਨ:

ਅਕਾਲੀ ਲਾਹੌਰ, ੧੫ ਜੁਲਾਈ ੧੯੨੦

ਪੰਥ ਦਾ ਮਜਹੂਰੀ ਦੀਵਾਨ।

(ਇਕ ਸਿੱਖ ਗ੍ਰੈਜੂਏਟ ਵੱਲੋਂ)

੨ ਜੁਲਾਈ ਦੇ ਪਰਚੇ ਵਿਚ ਆਪ ਦਾ ਲੀਡਰ 'ਚੀਫ਼ ਖਾਲਸਾ ਦੀਵਾਨ' ਦੀ ਸੁਰਖੀ ਹੇਠ ਲਿਖਿਆ ਹੋਇਆ ਪੜ੍ਹਿਆ। ਆਪ ਦੇ ਪ੍ਰੇਮ ਪੂਰਤ ਹਿਰਦੇ ਦੇ ਇਸ ਆਸ਼ੇ ਕਿ ਗੁਰੂ ਖਾਲਸੇ ਦਾ ਇਕ ਪ੍ਰਤਿਨਿਧ ਦੀਵਾਨ ਹੋਵੇ, ਬਹੁਤ ਹੀ ਸੋਹਣੇ ਹਨ। ਪਰੰਤੂ ਆਪ ਨੇ ਇਸ ਆਸ਼ੇ ਦੀ ਸਫ਼ਲਤਾ ਲਈ ਜੋ ਤਜਵੀਜ਼ ਕੀਤੀ ਹੈ, ਮੈਨੂੰ ਭਰੋਸਾ ਹੈ ਕਿ ਉਹ ਦੇ ਫਲੀਭੂਤ ਹੋਣ ਦੀ ਕਦਾਚਿਤ ਉਮੀਦ ਨਾ ਰੱਖਦੇ ਜੇ ਕਦੀ ਆਪ ਦੀ ਦ੍ਰਿਸ਼ਟੀ ਦੇ ਨਿਯਮ ਹੁੰਦੇ ਜਾਂ ਆਪ ਨੂੰ ਖੁਸ਼ਕਿਸਮਤੀ ਜਾਂ ਬਦ ਕਿਸਮਤੀ ਨਾਲ ਦੀਵਾਨ ਵਿਚ ਕਦੀ ਕੰਮ ਕਰਨ ਦਾ ਅਵਸਰ ਮਿਲਦਾ।

ਆਪ ਦਾ ਖ਼ਿਆਲ ਹੈ ਕਿ ਕਾਂਗਰਸ ਵਿੱਚੋਂ ਤਿਲਕ ਆਦਿਕ ਦੇਸ਼ ਭਗਤ ਹਟ ਗਏ ਤਾਂ ਫਲ ਇਹੋ ਹੋਇਆ ਕਿ "ਕੌਮੀ ਕੰਮ ਬਹੁਤ ਪਿੱਛੇ ਪੈ ਗਿਆ। ਫੇਰ ਉਨ੍ਹਾਂ ਨੂੰ ਅਕਲ ਆਈ ਕਿ ਕੰਮ ਕੀਤੇ ਬਿਨਾਂ ਕੁਝ ਨਹੀਂ ਬਣਦਾ ਕੰਮ ਕਰੇ ਤਾਂ ਕਮਜ਼ੋਰ ਆਦਮੀਆਂ ਦੀ ਕੀ ਤਾਕਤ ਹੈ ਕਿ ਸਚਾਈ ਦਾ ਟਾਕਰਾ ਕਰ ਸਕਣ।"

ਜਿਥੋਂ ਤਾਈਂ ਆਪ ਨੇ ਕਾਂਗਰਸ ਸਬੰਧੀ ਰਾਇ ਦਿੱਤੀ ਹੈ ਇਹ ਅੱਖਰ ਅੱਖਰ ਠੀਕ ਹੈ ਪਰੰਤੂ ਇਹ ਮਿਸਾਲ ਚੀਫ਼ ਖਾਲਸਾ ਦੀਵਾਨ ਪਰ ਉੱਕੀ ਨਹੀਂ ਘੱਟ ਸਕਦੀ। ਕਾਰਨ ਇਹ ਹੈ ਕਿ ਕਾਂਗਰਸ ਦੇ ਮੁੱਢਲੇ ਨਿਯਮ ਇਹੋ ਜਿਹੇ ਸ਼ੁਰੂ ਤੋਂ ਹਨ ਕਿ ਜਿਹੜਾ ਹਿੰਦੀ ਇਕ ਪ੍ਰੱਣ ਪੱਤਰ ਦਸਖ਼ਤ ਕਰਨ ਚਾਹੇ ਉਹਦਾ ਅਧਿਕਾਰ ਸੀ ਅਰ ਹੈ ਕਿ ਉਹ Delegate ਡੈਲੀਗੇਟ ਬਣ ਜਾਵੇ ਅਤੇ ਫੇਰ ਥਾਓਂ ਥਾਈਂ ਦੀਆਂ ਕਾਂਗਰਸ ਕਮੇਟੀਆਂ 'ਸੇਵਕ' ਸਾਲ ਦੇ ਸਾਲ ਚੁਣਦੀਆਂ ਸਨ।

ਗਰੀਬ ਤੋਂ ਗਰੀਬ ਹਿੰਦੀ ਇਕ ਰਾਜੇ ਬਰਾਬਰ ਡੈਲੀਗੇਟ ਬਣਨ ਦਾ ਹੱਕ ਰੱਖਦਾ ਹੈ।

ਚੀਫ਼ ਖਾਲਸਾ ਦੀਵਾਨ ਦੀ ਬਨਾਵਟ ਗੁਰੂ ਕਲਗੀਆਂ ਵਾਲੇ ਦੇ ਪੰਚੈਤੀ ਨਿਯਮਾਂ ਦੇ ਬਿਲਕੁਲ ਉਲਟ ਹੈ। ਕੋਈ ਸਿੱਖ, ਸਿੱਖ ਹੋਣ ਦੀ ਹੈਸੀਅਤ ਵਿਚ, ਪ੍ਰਣ ਪੱਤਰ ਪੁਰ ਦਸਖ਼ਤ ਕਰਨ ਨਾਲ ਭੀ ਚੀਫ਼ ਖਾਲਸਾ ਦੀਵਾਨ ਦਾ ਮੈਂਬਰ ਨਹੀਂ ਬਣ ਸਕਦਾ। ਜਦ ਤਾਈਂ ਮੌਜੂਦਾ ਕਾਰਜ ਸਾਧਕ ਕਮੇਰੀ ਪ੍ਰਵਾਨ ਨਾ ਕਰੇ ਅਤੇ ਹੁਣ ਦੀ ਮੌਜੂਦਾ ਕਮੇਟੀ

ਪਿਛਲੇ ਪੰਜ ਸਾਲਾਂ ਜਾਂ ਤਿੰਨ ਸਾਲਾਂ ਦੇ ਪਿੱਛੋਂ ਦੀ ਕਮੇਟੀ ਦੀ ਧੀ ਹੈ ਅਤੇ ਇਸੇ ਤਰ੍ਹਾਂ ਜੇ ਕੁਰਸੀਨਾਮਾ ਲਿਆ ਜਾਏ ਤਾਂ ਇਸ ਕਾਰਜ ਸਾਧਕ ਕਮੇਟੀ ਦਾ ਪਿਤਾ ਪਿਤਾਮਾ ਸਰਦਾਰ ਸੁੰਦਰ ਸਿੰਘ ਜੀ ਅਤੇ ਉਨ੍ਹਾਂ ਦੇ ਉਹ ਮਿਤਰ ਹਨ ਜਿਨਾਂ ਲਾਹੌਰ ਦੀਵਾਨ ਦੇ ਟਾਕਰੇ 'ਪੁਰ ਚੀਫ਼ ਖਾਲਸਾ ਦੀਵਾਨ ਦੀ ਗੋਂਦ ਗੁੰਦੀ ਸੀ ਤਾਤਪਰਜ ਇਹ ਹੈ ਕਿ ਜਦ ਤਾਈਂ ਸਰਦਾਰ ਤ੍ਰਿਲੋਚਨ ਸਿੰਘ, ਭਾਈ ਵੀਰ ਸਿੰਘ ਅਤੇ ਸਰਦਾਰ ਸੁੰਦਰ ਸਿੰਘ ਜੀ ਦੀ ਇੱਛਾ ਨਾ ਹੋਵੇ ਤਾਂ ਕੋਈ ਸਿੱਖ ਭਾਵੇਂ ਕਿਹੋ ਜਿਹਾ ਸੇਵਕ ਨਾ ਹੋਵੇ ਦੀਵਾਨ ਵਿਚ ਵੜ ਨਹੀਂ ਸਕਦਾ, ਅਤੇ ਜੇ ਭੁਲੇ ਘੁਥੇ ਵੜ ਜਾਵੇ ਤਾਂ ਛੇਤੀ ਹੀ About Turn ਹੋਣਾ ਪੈਂਦਾ ਹੈ ।

ਜਦ ਇਹੋ ਜਿਹਾ ਹਾਲ ਹੈ ਤਾਂ ਕੰਮ ਕਰਨ ਵਾਲਿਆਂ ਦਾ, ਜਿਹੜੇ ਸੁਤੰਤਰ ਰਾਇ ਵਾਲੇ ਹੋਵਣ, ਦੀਵਾਨ ਵਿਚ ਜਾਣਾ ਅਸੰਭਵ ਹੈ ਅਤੇ ਦੀਵਾਨ ਦਾ ਸੁਧਾਰ ਭੀ ਮੌਜੂਦਾ ਨਿਯਮਾਂ ਦੇ ਹੁੰਦੇ ਅਸੰਭਵ ਹੀ ਤਾਂ ਹੋਇਆ ।

ਮੈਂ ਇਕ ਹੋਰ ਭੀ ਪੰਥ ਪਿਆਰਿਆਂ ਦਾ ਨਮਿਤ ਕਰਨਾ ਚਾਹੁੰਦਾ ਹਾਂ । ਅੱਜ ਦਸ ਸਾਲ ਚੀਫ਼ ਖਾਲਸਾ ਦੀਵਾਨ ਦਾ ਮੂੰਹ ਵੇਖਦੇ-ਵੇਖਦੇ ਲੰਘ ਗਏ ਹਨ ਕਿ ਅੱਜ ਜਮਹੂਰੀ ਅਸੂਲਾਂ ਪਰ ਆਵੇ, ਕਲ ਆਵੇ ਅਤੇ ਦੂਜਾ ਦੀਵਾਨ ਬਣਾ ਕੇ ਫੁਟ ਨਾ ਵਧੇ । ਵਿਚਾਰਨ ਦੀ ਤਾਂ ਇਹ ਗੱਲ ਹੈ ਕਿ ਜਦ ਇਕ ਜਥਾ ਖ਼ਾਸ ਨਿਯਮਾਂ ਅਨਸੁਾਰ ਹੈ ਹੀ ਨਹੀਂ ਤਾਂ ਹੋਰ ਦੀਵਾਨ, ਜਿਹੜਾ ਪੰਥਕ ਪੰਚੈਤੀ ਅਸੂਲਾਂ ਅਨੁਸਾਰ ਬਣੇ, ਉਹ ਫੁਟ ਕਿਉਂ ਪਾਊ । ਹਿੰਦੂ ਸਭਾ, ਜਾਂ ਅੰਜੁਮਨ ਇਸਲਾਮੀਆ ਦੇ ਹੁੰਦੇ ਅਸੀਂ ਆਪਣੇ ਜਥੇ ਬਨਾਣੋਂ ਨਹੀਂ ਸੰਗਦੇ । ਭਾਵੇਂ ਚੀਫ਼ ਖਾਲਸਾ ਦੀਵਾਨ ਵਿਚ ਸਿੰਘ ਨਾਵਾਂ ਵਾਲੇ ਹਨ ਅਤੇ ਇਸ ਲਈ ਅਸਾਨੂੰ ਸਤਿਕਾਰ ਲੋੜੀਂਦਾ ਹੈ ਪਰੰਤੂ ਮੋਟੀ ਬੋਲੀ ਵਿਚ ਉਦਾਹਰਣ ਠੀਕ ਹੀ ਆਂਵਦੀ ਹੈ ।

ਸੁਣਿਆ ਹੈ ਕਿ ਜਦ ਮਹਿਮੂਦ ਦੀ ਜੈਪਾਲ ਨਾਲ ਇਕ ਵੇਰ ਲੜਾਈ ਹੋਈ ਤਾਂ ਮੁਸਲਮਾਨਾਂ ਨੇ ਗਊਆਂ ਅੱਗੇ ਕਰ ਦਿੱਤੀਆਂ ਅਤੇ ਰਾਜਪੂਤ ਤਲਵਾਰਾਂ ਮਿਯਾਨੀਂ ਪਾ ਕੇ ਖੜੇ ਹੋ ਗਏ । ਪਠਾਨੀ ਸੈਨਾ ਨੇ ਆ ਕੇ ਰਾਜਪੂਤ ਮੁਕਾ ਕੱਢੇ । ਸੋ ਇਹੋ ਹਾਲ ਅਸਾਡਾ ਹੈ ਬਿਨਾਂ ਸੋਚੇ 'ਫੁਟ' ਦਾ ਪਦ ਸੁਣ ਕੇ ਪਿਛੇ ਹਟ ਜਾਂਦੇ ਹਾਂ ।

ਮੇਰੀ ਜਾਚੇ ਹੁਣ ਇਹ ਹੋਣਾ ਚਾਹੀਦਾ ਹੈ ਕਿ ਇਕ ਪੰਥਕ ਸਮਾਗਮ ਕਰ ਕੇ ਗੁਰਮਤਾ ਪਾਸ ਕਰੇ । ਚੀਫ਼ ਖਾਲਸਾ ਦੇ ਸੇਵਕਾਂ ਨੂੰ ਮਹੀਨੇ ਦਾ ਨੋਟਿਸ ਦਿੱਤਾ ਜਾਵੇ ਕਿ ਉਹ ਆਪਣੇ ਅਤੇ ਆਪਣੀ ਚੋਣ ਖਾਸ ਲਈ ਪੰਚੈਤੀ ਨਿਯਮਾਂ ਅਨੁਸਾਰ ਕਰਾ ਲਵੇ ਨਹੀਂ ਤਾਂ ਸਾਰੇ ਪੰਥ ਦਾ ਇਕ ਪ੍ਰਤਿਨਿਧ ਜਥਾ ਚੋਣ ਕਰ ਕੇ ਬਿਨਾਂ ਢਿਲ ਦੇ ਸਾਜ ਲਿਆ ਜਾਵੇ ਅਤੇ ਫੇਰ ਸਾਡੇ ਬਹੁਤ ਸਾਰੇ ਕਲੇਸ਼ ਦੂਰ ਹੋ ਜਾਣਗੇ ।

ਅਕਾਲੀ ਲਾਹੌਰ, ੧੯ ਜੁਲਾਈ ੧੯੨੦

ਦਰਬਾਰ ਸਾਹਿਬ ਜੀ ਤੇ ਸਰਬਰਾਹੀ !

ਅਫ਼ਵਾਹ ਗਰਮ ਹੈ ਕਿ ਸਰਬਰਾਹ ਅਰੂੜ ਸਿੰਘ ਬਦਲ ਦਿੱਤਾ ਗਿਆ ਹੈ । ਪਹਿਲਾਂ ਸੁਣਿਆ ਸੀ ਕਿ ਆਨਰੇਬਲ ਗੁਪਾਲ ਸਿੰਘ ਜੀ ਭਾਗੋਵਾਲੀਆ ਸਰਬਰਾਹ ਬਣਾਏ ਹਏ ਹਨ । ਫਿਰ ਉਡਦੀ-ਉਡਦੀ ਖਬਰ ਆਈ ਕਿ ਬਾਵਾ ਗੁਰਬਖਸ਼ ਸਿੰਘ ਜੀ ਬੇਦੀ ਸਰਬਰਾਹ ਬਣਾਏ ਜਾਣਗੇ । ਰੱਬ ਜਾਣੇ ਕਿਥੋਂ ਤੀਕਣ ਇਨ੍ਹਾਂ ਗੱਲਾਂ ਵਿਚ ਸਚਾਈ ਹੈ । ਨਿਸਚਾ ਨਹੀਂ ਆਉਂਦਾ ਕਿ ਸਾਰੀ ਕੌਮ ਦੀ ਹਾਲ ਦੁਹਾਈ ਦੀ ਪ੍ਰਵਾਹ ਨਾ ਕਰ ਕੇ ਪੰਜਾਬ ਸਰਕਾਰ ਫਿਰ ਕੋਈ ਅਜਿਹਾ ਸਰਬਰਾਹ ਬਣਾ ਦੇਵੇ ਜਿਸ ਦਾ ਸਿੱਖ ਧਰਮ ਤੇ ਕੌਮ ਵਿਚ ਕੱਖ ਆਦਰ ਨਾ ਹੋਵੇ । ਕੌਮ ਤਾਂ ਇਸ ਵੇਲੇ ਪੁਕਾਰ-ਪੁਕਾਰ ਕੇ ਆਖ ਰਹੀ ਹੈ ਕਿ ਚੋਣਵੀਂ ਕਮੇਟੀ ਦੇ ਸਪੁਰਦ ਹੋਵੇ ਅਤੇ ਭਾਵੇਂ ਕਿੱਡਾ ਹੀ ਧਰਮੀ ਤੇ ਪੱਕਾ ਕੋਈ ਸਿੱਖ ਕਿਉਂ ਨਾ ਹੋਵੇ ਉਸ ਨੂੰ ਵੀ ਸਰਕਾਰ ਸਰਬਰਾਹ ਮੁਕਰਰ ਨਾ ਕਰੇ ।

ਪਰ

ਅਜੇ ਕੱਲ੍ਹ ਦੀ ਗੱਲ ਹੈ ਕਿ ਸਿੱਖ ਜਥਿਆਂ ਦੀ ਅਵਾਜ਼ ਨੂੰ ਲਤਾੜ ਕੇ ਰੀਫ਼ਾਰਮ ਸਕੀਮ ਦੀ ਐਡਵਾਇਜ਼ਰੀ ਕਮੇਟੀ ਨੇ ਬਾਵਾ ਗੁਰਬਖ਼ਸ਼ ਸਿੰਘ ਤੇ ਅਰੂੜ ਸਿੰਘ ਤੋਂ ਸਿੱਖ ਦੀ ਤਾਰੀਫ਼ ਕਰਾਈ ਹੈ । ਇਸ ਲਈ ਸਾਨੂੰ ਸ਼ੋਕ ਜ਼ਰੂਰ ਹੈ ਕਿ ਪੰਜਾਬ ਗਵਰਮੈਂਟ ਦੇ ਕੰਨਾਂ ਤੀਕ ਹਾਲਾਂ ਸਿੱਖਾਂ ਦੀ ਅਵਾਜ਼ ਨਹੀਂ ਪਹੁੰਚੀ ਇਸ ਲਈ ਅਸੀਂ ਸਰਕਾਰ ਅਤੇ

ਪੰਥ ਦੋਹਾਂ ਦੇ ਦੇਣਦਾਰ ਹੋਵਾਂਗੇ ਜੇ ਇਸ ਵੇਲੇ ਪੰਥ ਦੀ ਸੱਚੀ ਅਤੇ ਦਿਲੀ ਆਵਾਜ਼ ਨੂੰ ਡੰਕੇ ਦੀ ਚੋਟ ਪ੍ਰਗਟ ਨਾ ਕੀਤਾ!

ਅਸੀਂ ਸੱਚ ਕਹਿੰਦੇ ਹਾਂ ਕਿ ਜੇ ਸਰਕਾਰ ਨੇ ਦੋ ਚਾਰ ਸਰਕਾਰੀ ਆਦਮੀਆਂ ਦੇ ਆਖੇ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਸਪੁਰਦ ਨਾ ਕੀਤਾ ਅਤੇ ਬਾਵਾ ਗੁਰਬਖ਼ਸ਼ ਸਿੰਘ ਜਾਂ ਇਹੋ ਜਿਹੇ ਕਿਸੇ ਹੋਰ ਆਦਮੀ ਨੂੰ ਸਰਬਰਾਹ ਮੁਕੱਰਰ ਕਰ ਦਿੱਤਾ ਤਾਂ ਸਿੱਖ ਪੰਥ ਵਿਚ ਨਾਰਾਜ਼ਗੀ ਦੀ ਉਹ ਅੱਗ ਬਲ ਉਠੇਗੀ ਜਿਸ ਦੇ ਜ਼ਿੰਮੇਵਾਰ ਉਹ ਸਰਕਾਰੀ ਅਫ਼ਸਰ ਹੋਣਗੇ ਜੇ ਇਸ ਵੇਲੇ ਸਾਰੇ ਪੰਥ ਦੀ ਆਵਾਜ਼ ਨੂੰ ਖੱਟੇ ਪਾ ਰਹੇ ਹਨ।

ਕੀ ਸਿੱਖਾਂ ਵਿਚ ਘੱਟ ਜੋਸ਼ ਹੈ!

ਸ਼ਾਇਦ ਪੰਜਾਬ ਸਰਕਾਰ ਖ਼ਿਆਲ ਕਰਦੀ ਹੋਵੇ ਕਿ ਅੱਗੇ ਭੀ ਇਸੇ ਤਰ੍ਹਾਂ ਸਿੱਖ ਰੌਲਾ ਪਾ-ਪਾ ਕੇ ਚੁਪ ਕਰ ਰਹੇ ਤੇ ਅਰੂੜ ਸਿੰਘ ਸਰਬਰਾਹ ਬਣਿਆ ਹੀ ਰਿਹਾ; ਖਾਲਸਾ ਕਾਲਜ ਦਾ ਪ੍ਰਬੰਧ ਨਹੀਂ ਬਦਲਿਆ; ਗੁਰਦੁਆਰੇ ਰਕਾਬ ਗੰਜ ਦੀ ਕੰਧ ਉਸੇ ਤਰ੍ਹਾਂ ਢਠੀ ਪਈ ਰਹੀ; ਸਿੱਖ ਦੀ ਤਾਰੀਫ਼ ਦੀ ਉਹੋ ਕੀਤੀ ਜੋ ਸਰਕਾਰ ਦੀ ਮਰਜ਼ੀ ਸੀ; ਸਿੱਖ ਤਾਂ ਨਿਰੇ ਕਾਵਾਂਰੌਲੀ ਪਾਣ ਜੋਗੇ ਹੀ ਹਨ। ਹੁਣ ਵੀ ਜੇ ਬਾਵਾ ਗੁਰਬਖਸ਼ ਸਿੰਘ ਜਾਂ ਆਨਰੇਬਲ ਗੁਪਾਲ ਸਿੰਘ ਜੀ ਭਾਗੋਵਾਲੀਆ ਸਰਬਰਾਹ ਬਣਾ ਦਿੱਤੇ ਤਾਂ ਸਿੱਖ ਕੀ ਕਰ ਲੈਣਗੇ, ਆਪੇ ਦੋ ਚਾਰ ਦਿਨ ਟੱਪ ਕੇ ਠੰਡੇ ਹੋ ਕੇ ਬਹਿ ਜਾਣਗੇ!

ਜੇ ਪੰਜਾਬ ਸਰਕਾਰ ਦੇ ਦਿਲ ਵਿਚ ਕੋਈ ਅਜਿਹਾ ਖ਼ਿਆਲ ਹੈ ਜਾਂ ਕੋਈ 'ਜੀ ਹਜ਼ੂਰੀ" ਇਹ ਖ਼ਿਆਲ ਸਰਕਾਰ ਨੂੰ ਦੇ ਰਿਹਾ ਹੈ ਤਾਂ ਇਹ ਭਾਰੀ ਭੁਲ ਹੋਵੇਗੀ ਕਿਉਂਕਿ

ਹੁਣ ਸਿੱਖ ਓਹ ਨਹੀਂ ਰਹੇ!

ਜੋ ਕਿਸੇ ਲਾਲਚ ਜਾਂ ਡਰ ਵਿਚ ਆ ਕੇ ਆਪਣੀ ਆਤਮਾ ਨੂੰ ਵੇਚ ਦੇਂਦੇ ਰਹੇ ਹਨ ਅਤੇ ਆਪਣੇ ਪਵਿੱਤਰ ਧਰਮ ਅਸਥਾਨਾਂ ਦੀ ਨਿਰਾਦਰੀ ਤੇ ਹੱਤਕ ਅਖੀਂ ਵੇਖ ਕੇ ਚੁਪ ਕਰੇ ਰਹਿੰਦੇ ਰਹੇ ਹਨ। ਸਮਾਂ ਬਦਲ ਗਿਆ ਹੈ, ਦੁਨੀਆਂ ਬਦਲ ਗਈ ਹੈ। ਸਰਕਾਰ ਨੂੰ ਨਿਸਚਾ ਕਰ ਲੈਣਾ ਚਾਹੀਦਾ ਹੈ ਕਿ ਜਦ ਸਿੱਖਾਂ ਦੇ ਗਵਾਂਢੀ ਮੁਸਲਮਾਨ ਭਰਾ ਹਜ਼ਾਰਾਂ ਕੋਹਾਂ ਦੀ ਖ਼ਿਲਾਫ਼ਤ ਤੇ ਮੱਕੇ ਮਦੀਨੇ ਦੀ ਲਾਜ ਵਾਸਤੇ ਘਰ ਬਾਰ ਛੱਡ ਕੇ ਉਜੜ ਰਹੇ ਹਨ ਤੇ ਕੁਰਬਾਨੀਆਂ ਕਰ ਰਹੇ ਤਾਂ ਸਿੱਖ ਪੰਥ, ਜਿਸ ਦੀਆਂ ਅੱਖਾਂ ਦੇ ਅੱਗੇ ਭਾਈ ਮਤਾਬ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਦੀਆਂ ਅੱਜੇ ਕਲ੍ਹ ਦੀਆਂ ਸ਼ਹੀਦੀਆਂ ਹਨ, ਦਰਬਾਰ ਸਾਹਿਬ ਨੂੰ ਕਦੇ ਦੂਜੇ ਹੱਥਾਂ ਵਿਚ ਰਹਿਣ ਦੇਵੇਗਾ!

ਕਈ ਪੁੱਛਦੇ ਹਨ

ਕਿ ਸਰਕਾਰ ਦਰਬਾਰ ਸਾਹਿਬ ਦਾ ਪ੍ਰਬੰਧ ਕਿਸ ਨੂੰ ਦੇਵੇ! ਕਿਉਂਕਿ ਪੰਥ ਵਿਚ ਕਈ ਜਥੇ ਹਨ ਅਤੇ ਜਿਨ੍ਹਾਂ ਦਾ ਆਪੋ ਵਿਚ ਕੁਝ ਨਾ ਕੁਝ ਵਿਰੋਧ ਹੈ ਇਸ ਲਈ ਸਰਕਾਰ ਕਿਹੜੇ ਜਥੇ ਨੂੰ ਦੇਵੇ। ਅਸੀਂ ਪੁੱਛਣ ਵਾਲਿਆਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਕਿਸੇ ਇਕ ਜਥੇ ਨੂੰ ਦੇਣ ਦੀ ਲੋੜ ਨਹੀਂ। ਪੰਥ ਦਾ ਇਕੱਠ ਹੋ ਕੇ ਦਰਬਾਰ ਸਾਹਿਬ ਪ੍ਰਬੰਧਕ ਕਮੇਟੀ ਬਣ ਸਕਦੀ ਹੈ। ਅਸੀਂ ਕਿਸੇ 'ਸਤ ਬਚਨੀ' ਤੇ ਕੁਦਰਤੀ ਲੀਡਰ ਦਾ ਜ਼ਿੰਮਾ ਨਹੀਂ ਲੈਂਦੇ ਪਰ ਪੰਥ ਦੀ ਆਮ ਰਾਇ ਇਸ ਮਾਮਲੇ ਵਿਚ ਇਕ ਹੈ ਤੇ ਕਿਸੇ ਦਾ ਵਿਰੋਧ ਨਹੀਂ। ਜਦ ਹਰ ਪਾਸਿਓਂ ਗੁਰਮਤੇ ਪਾਸ ਹੋ ਰਹੇ ਹਨ ਤਾਂ ਸਰਕਾਰ ਆਪ ਐਲਾਨ ਕਿਉਂ ਨਹੀਂ ਕਰ ਦੇਂਦੀ ਕਿ ਉਹ ਦਰਬਾਰ ਸਾਹਿਬ ਵਿਚ ਕੋਈ ਦਖ਼ਲ ਰੱਖਣ ਦੀ ਚਾਹਵਾਨ ਨਹੀਂ। ਪੰਥ ਕਮੇਟੀ ਬਣਾ ਕੇ ਆਪ ਪ੍ਰਬੰਧ ਕਰੇ।

ਅੰਤ ਵਿਚ

ਅਸੀਂ ਸਰਕਾਰ ਨੂੰ ਡੰਕੇ ਦੀ ਚੋਟ ਦਸ ਦੇਂਦੇ ਹਾਂ ਕਿ ਸਿੱਖ ਪੰਥ ਨੇ ਹੁਣ ਕੋਈ ਸਰਕਾਰ ਦਾ ਚੁਣਿਆ ਹੋਇਆ ਸਰਬਰਾਹ ਨਹੀਂ ਮੰਨਣਾ। ਇਸ ਲਈ ਕਿਸੇ ਨੂੰ ਸਰਬਰਾਹ ਨਾ ਬਣਾਇਆ ਜਾਵੇ। ਅਤੇ ਸਰਬਰਾਹ ਬਣਨ ਵਾਲਿਆਂ ਦੀ ਸੇਵਾ ਵਿਚ ਪ੍ਰਗਟ ਕਰ ਦੇਂਦੇ ਹਾਂ ਕਿ ਜੇ ਉਨ੍ਹਾਂ ਨੂੰ ਆਪਣੀ ਪਤਿ ਚਾਹੀਦੀ ਹੈ ਤਾਂ ਉਹ ਸਰਬਰਾਹ ਬਣਨ ਦਾ ਨਾਂ ਨਾ ਲੈਣ ਬਲਕਿ ਸਰਕਾਰ ਨੂੰ ਜ਼ੋਰ ਨਾਲ ਆਖਣ ਕਿ ਸਿੱਖਾਂ ਦੀ ਇਹ ਮਜ਼ਹਬੀ ਆਜ਼ਾਦੀ ਮੁਤਾਬਿਕ ਨਹੀਂ ਹੈ। ਉਹ ਇਸ ਤਰ੍ਹਾਂ ਦਾ ਸਰਕਾਰੀ ਪ੍ਰਬੰਧ ਆਪਣੀ ਕੌਮ ਤੇ ਕਲੰਕ ਸਮਝਦੇ ਹਨ। ਇਸ ਲਈ ਉਹ ਆਪ ਦਰਬਾਰ ਸਾਹਿਬ ਦਾ ਪ੍ਰਬੰਧ ਕਰ ਲੈਣਗੇ।

ਕਿਸੇ ਦੇ ਧਰਮ ਵਿਚ ਦਖ਼ਲ ਰੱਖਣਾ ਸਰਕਾਰ ਦੇ ਆਪਣੇ ਅਸੂਲਾਂ ਦੇ ਉਲਟ ਹੈ। ਜੇ ਇਹ ਖ਼ਿਆਲ ਹੋਵੇ ਕਿ ਦਰਬਾਰ ਸਾਹਿਬ ਵਿਚ ਸਰਕਾਰੀ ਪ੍ਰਬੰਧ ਤੋਂ ਬਿਨਾਂ ਲੜਾਈਆਂ ਤੇ ਫ਼ਸਾਦ ਹੋਣਗੇ। ਸੁ ਜੋ ਲੜਾਈਆਂ ਫ਼ਸਾਦ ਕਰਨਗੇ ਉਨ੍ਹਾਂ ਨੂੰ ਯੋਗ ਦੰਡ ਸਰਕਾਰ ਲਾਵੇ!

ਇਹ ਕਿਥੋਂ ਦਾ ਨਿਯਾਉਂ ਹੈ ਕਿ ਚਾਰ ਪੰਜ ਭਰਾਵਾਂ ਦਾ ਆਪੋ ਵਿਚ ਲੜਨ ਦਾ ਖ਼ਤਰਾ ਹੈ ਤੇ ਉਨ੍ਹਾਂ ਦੀ ਜਾਇਦਾਦ ਹੀ ਖੋਹ ਲਈ ਜਾਵੇ ਤੇ ਉਨ੍ਹਾਂ ਨੂੰ ਬੇਦਖ਼ਲ ਕਰ ਦਿੱਤਾ ਜਾਵੇ। ਦਰਬਾਰ ਸਾਹਿਬ ਸਿੱਖ ਪੰਥ ਦਾ ਹੈ ਇਸ ਦਾ ਪ੍ਰਬੰਧ ਇਹ ਆਪ ਕਰਨਗੇ। ਪੰਜਾਬ ਸਰਕਾਰ ਨੂੰ ਬਹੁਤ ਛੇਤੀ ਕਿਨਾਰੇ ਹੋ ਜਾਣਾ ਚਾਹੀਦਾ ਹੈ। ਕਿਉਂਕਿ ਇਸ ਵਿੱਚੋਂ ਸਰਕਾਰ ਨੇ ਕੀ ਕੱਢਣਾ ਹੈ ?

ਅਕਾਲੀ ਲਾਹੌਰ, ੧੭ ਜੁਲਾਈ ੧੯੨੦

ਦਰਬਾਰ ਸਾਹਿਬ ਜੀ ਅਤੇ ਚੀਫ਼ ਖਾਲਸਾ ਦੀਵਾਨ

ਪੰਥ ਨੂੰ ਹੁਣ ਤੀਕਰ ਨਹੀਂ ਪਤਾ ਕਿ ਦਰਬਾਰ ਸਾਹਿਬ ਸਬੰਧੀ ਚੀਫ਼ ਖਾਲਸਾ ਦੀਵਾਨ ਨੇ ਕੀਤਾ ਹੈ ? ਜਿਸ 'ਨਿਰਾਲੀ ਚਾਲ' ਨਾਲ ਦਰਬਾਰ ਸਾਹਿਬ ਦਾ ਪ੍ਰਬੰਧ ਪੰਥ ਦੇ ਕਬਜ਼ੇ ਵਿਚ ਲੈਣ ਲਈ ਉਦਮ ਹੋ ਰਿਹਾ ਹੈ ਉਹ ਪੰਥ ਨੂੰ ਵੀ ਪਤਾ ਲਗਣਾ ਚਾਹੀਦਾ ਹੈ! ਇਸ ਵੇਲੇ ਤਕਰੀਬਨ ਸਭ ਸਿੰਘ ਸਭਾਵਾਂ, ਧਾਰਮਿਕ ਜਥਿਆਂ ਅਤੇ ਦੀਵਾਨਾਂ ਵਿਚ ਗੁਰਮਤੇ ਪਾਸ ਹੋ ਕੇ ਸਰਕਾਰ ਪਾਸ ਪਹੁੰਚ ਚੁਕੇ ਹਨ, ਅਖ਼ਬਾਰਾਂ ਵਿਚ ਛਪ ਚੁਕੇ ਹਨ, ਪਰ ਚੀਫ਼ ਖਾਲਸਾ ਦੀਵਾਨ ਬਾਬਤ ਕੱਖ ਪਤਾ ਨਹੀਂ ਕਿ ਉਸ ਨੇ ਕੀ ਕੀਤਾ ਹੈ ?

ਕੀ ਚੀਫ਼ ਖਾਲਸਾ ਦੀਵਾਨ ਨਹੀਂ ਚਾਹੁੰਦਾ ਕਿ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਨੂੰ ਮਿਲੇ ? ਜੇ ਚਾਹੁੰਦਾ ਹੈ ਤਾਂ ਕਿਉਂ ਨਹੀਂ ਗੁਰਮਤੇ ਪਾਸ ਕਰ ਕੇ ਸਰਕਾਰ ਨੂੰ ਭੇਜਦਾ ? ਹਰ ਇਕ ਚਿੱਠੀ ਵਿਚ ਪਹਿਲਾਂ ਹੀ ਲਿਖਿਆ ਹੁੰਦਾ ਹੈ "ਪੰਥ ਦਾ ਸ਼੍ਰੋਮਣੀ ਜਥਾ", ਪਰ ਜਦ ਪੰਥ ਦਾ ਕੋਈ ਕੰਮ ਪੈਂਦਾ ਹੁੰਦਾ ਹੈ ਤਾਂ ਸਭ ਤੋਂ ਹੇਠਾਂ ਅਤੇ ਪਿੱਛੇ ਹੋ ਜਾਂਦਾ ਹੈ। ਸ਼੍ਰੋਮਣੀ ਜਥੇ ਨੂੰ ਚਾਹੀਦਾ ਹੈ ਕਿ ਪੰਥ ਦੀ ਅਗਵਾਈ ਕਰੇ, ਨਾ ਕਿ ਪਿੱਛੇ ਤੁਰੇ! ਸਾਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕ੍ਰਿਪਾਨ ਦੇ ਮਾਮਲੇ ਵਿਚ ਉਦੋਂ ਤੀਕ ਦੀਵਾਨ ਦੇ ਚੁਪ ਵੱਟ ਰੱਖੀ ਸੀ ਜਦ ਤੀਕ ਸਾਰੇ ਪੰਥ ਵਿਚ ਗੁਰਮਤੇ ਪਾਸ ਨਹੀਂ ਸਨ ਹੋ ਗਏ। ਖਾਲਸਾ ਭੁਝੰਗੀ ਸਭਾ ਰਾਵਲਪਿੰਡੀ ਵੱਲੋਂ ਕਈ ਚਿੱਠੀਆਂ ਭੇਜੀਆਂ ਗਈਆਂ ਸਨ ਪਰ ਕੋਈ ਉਤਰ ਨਹੀਂ ਸੀ ਮਿਲਿਆ। ਜੇ ਕਰ ਰਾਵਲ-ਪਿੰਡੀ ਵਾਲਿਆਂ ਨੇ ਤਖ਼ਤਾਂ ਤੋਂ ਹੁਕਮਨਾਮੇ ਮੰਗਾਏ, ਲਾਟ ਸਾਹਿਬ ਤੇ ਵਾਇਸਰਾਇ ਨੂੰ ਮੇਜਰ ਨਾਮੇ ਭੇਜੇ ਤੇ ਸਾਰੇ ਪੰਥ ਵਿਚ ਹਿਲਜੁਲੀ ਮਚ ਗਈ। ਅੰਤ ਵਿਚ ਪੰਥ ਦੀ ਫਤੇ ਹੋਈ, ਪਰ ਜਿਤ ਦਾ ਤਿਲਕ ਦੀਵਾਨ ਨੇ ਫਿਰ ਆਪਣੇ ਮਥੇ ਤੇ ਆਪ ਲਾ ਲਿਆ।

ਹੁਣ ਦੀ ਚੁਪ ਪੰਥ ਨਾਲ ਧ੍ਰੋਹ ਹੈ!

ਸ਼ੈਦ ਚੀਫ਼ ਖਾਲਸਾ ਦੀਵਾਨ ਨੂੰ ਖਿਆਲ ਹੋਵੇ ਕਿ ਚੂੰਕਿ ਪੰਥ ਦਾ ਬਹੁਤਾ ਹਿੱਸਾ ਦੀਵਾਨ ਦਾ ਵਿਰੋਧੀ ਹੈ ਇਸ ਲਈ ਦਰਬਾਰ ਸਾਹਿਬ ਦਾ ਵਿਰੋਧੀ ਹੈ। ਇਸ ਲਈ ਦਰਬਾਰ ਸਾਹਿਬ ਦਾ ਪ੍ਰਬੰਧ ਦੀਵਾਨ ਨੂੰ ਮਿਲਣਾ ਨਹੀਂ ਅਤੇ ਜੇ ਦੀਵਾਨ ਨੂੰ ਨਾ ਮਿਲਿਆ ਤਾਂ ਦੀਵਾਨ ਅਫ਼ਸਰਾਂ ਅੱਗੇ ਅਤੇ ਅਖ਼ਬਾਰਾਂ ਵਿਚ ਆਪਣੇ ਆਪ ਨੂੰ ਪੰਥ ਦੀ ਸ਼੍ਰੋਮਣੀ ਜਥਾ ਕਿੱਦਾਂ ਪ੍ਰਗਟ ਕਰਿਆ ਕਰੂ ? ਇਸ ਲਈ ਦੀਵਾਨ ਚੁਪ ਹੈ। ਪਰ ਇਹ ਚੁਪ ਸੱਚਮੁੱਚ ਪੰਥ ਨਾਲ ਧ੍ਰੋਹ ਹੈ! ਕੀ ਦੀਵਾਨ ਪ੍ਰਗਟ ਕਰੇਗਾ ਕਿ ਇਤਨਾ ਚਿਰ ਚੁਪ ਰਹਿਣ ਦਾ ਕੀ ਕਾਰਨ ਹੈ ?

ਚੀਫ਼ ਖਾਲਸਾ ਦੀਵਾਨ ਸ਼੍ਰੋਮਣੀ ਜਥਾ ਬਣ ਸਕਦਾ ਹੈ

ਜੇ ਖ਼ੁਦਗਰਜ਼ੀ ਨੂੰ ਦੂਰ ਕਰ ਕੇ ਜਮਹੂਰੀ ਅਤੇ (ਪੰਚੈਤ) ਦੇ ਅਸੂਲਾਂ ਤੇ ਨਿਯਮਾਂ ਨੂੰ ਬਣਾਵੇ। ਕੋਈ ਆਦਮੀ ਦੀਵਾਨ ਦਾ ਮੈਂਬਰ ਨਾ ਬਣ ਸਕੇ ਜੋ ਸਥਾਨੀ ਸਿੰਘ ਸਭਾ ਜਾਂ ਜਥੇ ਦਾ ਮੈਂਬਰ ਨਾ ਹੋਵੇ ਅਤੇ ਉਹ ਉਸ ਨੂੰ ਆਪਣਾ ਪ੍ਰਤੀਨਿਧ ਚੁਣ ਕੇ ਨਾ ਭੇਜਣ। ਇਸ ਵੇਲੇ ਜੋ ਮੈਂਬਰ ਗ੍ਰੰਥੀ, ਰਈਸ, ਤੇ ਪ੍ਰਤਿਸ਼ਠਿਤ ਸੱਜਣ (Nominate) ਲਏ ਜਾਂਦੇ ਹਨ। ਇਹ ਨਿਯਮ ਬਿਲਕੁਲ ਉਡਾ ਦੇਣਾ ਚਾਹੀਦਾ ਹੈ ਅਤੇ ਜਥਿਆਂ ਤੇ ਸਭਾਵਾਂ ਵੱਲੋਂ ਪ੍ਰਤੀਨਿਧ ਚੁਣਿਆ ਹੋਇਆ ਜ਼ਰੂਰ ਮੈਂਬਰ ਬਣਨਾ ਚਾਹੀਦਾ ਹੈ। ਦੀਵਾਨ ਦਾ ਇਹ ਨਿਯਮ ਕਿ "ਕਿਸੇ ਚੁਣੇ ਹੋਏ ਪਰਤਿਨਿਧ ਨੂੰ ਦੀਵਾਨ

ਦੀ ਜਨਰਲ ਕਮੇਟੀ ਨਾਂਹ ਕਰ ਸਕਦੀ ਹੈ” ਸੁਤੰਤਰ ਸੱਜਣਾਂ ਦੇ ਦੀਵਾਨ ਵਿਚ ਦਾਖ਼ਿਲ ਹੋਣ ਲਈ ਇਕ ਕੰਧ ਹੈ। ਇਹੋ ਕਾਰਨ ਹੈ ਕਿ ਕੋਈ ਕੌਮੀ ਸੇਵਕ ਦੀਵਾਨ ਦੇ ਮੈਂਬਰ ਨਹੀਂ ਬਣ ਸਕਦੇ। ਸੋ ਜੇ ਇਹੋ ਜਿਹੇ ਸਾਰੇ ਨਿਯਮਾਂ ਨੂੰ ਉਡਾ ਕੇ, ਪੰਥ ਦੀ ਚੋਣਵੀਂ ਕਮੇਟੀ ਵਿਚ ਨਵੇਂ ਨਿਯਮ ਬਣਾ ਕੇ, ਜੇ ਦੀਵਾਨ ਦਾ ਦਰਵਾਜ਼ਾ ਸਭ ਲਈ ਖੋਲਿਆ ਜਾਵੇ ਤਾਂ ਦੀਵਾਨ ਪੰਥ ਦਾ ਸ਼੍ਰੋਮਣੀ ਜਥਾ ਬਣ ਸਕਦਾ ਹੈ। “ਪਰ ਉਹ ਦਿਹਾੜਾ ਡੁੱਬਾ ਜਦੋਂ ਘੋੜੀ ਚੜ੍ਹਿਆ ਕੁਬਾ।”

ਅਕਾਲੀ ਲਾਹੌਰ, ੧੭ ਜੁਲਾਈ ੧੯੨੦

ਪੰਥ ਦਾ ਜਮਹੂਰੀ ਦੀਵਾਨ !

ਇਹ ਲੋੜ ਡਾਢੇ ਦੁਖ ਨਾਲ ਪੰਥ ਵਿਚ ਅਨੁਭਵ ਹੋ ਰਹੀ ਹੈ ਕਿ ਪੰਥ ਦਾ ਇਕ ਮੁਖੀ ਪ੍ਰਤੀਨਿਧ ਤੇ ਜਮਹੂਰੀ ਦੀਵਾਨ ਬਣੇ। ੧੫ ਜੁਲਾਈ ਦੇ ਪਰਚੇ ਇਕ ਪੁਰਾਣੇ ਪੰਥ ਸੇਵਕ ਨੇ ਵੀ ਇਸ ਗੱਲ ਤੇ ਬੜਾ ਜ਼ੋਰ ਦਿੱਤਾ ਹੈ ਕਿ ਪੰਥ ਦਾ ਇਕ ਭਾਰੀ ਇਕੱਠ ਹੋਵੇ ਅਤੇ ਪਹਿਲਾਂ ਚੀਫ਼ ਖਾਲਸਾ ਦੀਵਾਨ ਨੂੰ ਨੋਟਿਸ ਦਿੱਤਾ ਜਾਵੇ ਕਿ ਨਿਯਮਾਂ ਅਸੂਲਾਂ ਤੇ ਬਣਾਇਆ ਜਾਵੇ ਜੇ ਚੀਫ਼ ਖਾਲਸਾ ਦੀਵਾਨ ਨਾ ਮੰਨੇ ਤਾਂ ਪੰਥ ਆਪਣਾ ਮੁਖੀ ਦੀਵਾਨ ਹੋਰ ਬਣਾ ਲਵੇ।

'ਅਕਾਲੀ' ਵਿਚ ਜੋ ਲੇਖ 'ਚੀਫ਼ ਖਾਲਸਾ ਦੀਵਾਨ' ਦੇ ਸਿਰ ਲੇਖ ਹੇਠਾਂ ਛਪਿਆ ਸੀ ਤੇ ਇਹ ਜ਼ੋਰ ਦਿੱਤਾ ਗਿਆ ਸੀ ਚੀਫ਼ ਖਾਲਸਾ ਦੀਵਾਨ ਵਿਚ ਸ਼ਾਮਿਲ ਹੋ ਕੇ ਦੀਵਾਨ ਨੂੰ ਸੁਧਾਰ ਲੈਣਾ ਚਾਹੀਦਾ ਹੈ। ਸਾਡੀ ਹੁਣ ਤਕ ਇਹੋ ਰਾਇ ਹੈ ਕਿ ਨਵਾਂ ਦੀਵਾਨ ਬਣਾਨ ਤੋਂ ਪਹਿਲਾਂ ਚੰਗੀ ਗੱਲ ਹੋਵੇ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਜਾਵੇ ਤੇ ਇਹੋ ਪੰਥ ਦੀ ਪ੍ਰਤੀਨਿਧ ਦੀਵਾਨ ਬਣ ਜਾਵੇ। ਕਿਉਂਕਿ ਘੜਨ ਭੰਨਣ ਵਿਚ ਜੋ ਤਕਲੀਫਾਂ ਹੁੰਦੀਆਂ ਹਨ ਉਹ ਕਿਸੇ ਤੋਂ ਗੁਝੀਆਂ ਨਹੀਂ।

ਅਸੀਂ ਇਕ ਦੋ ਲੇਖਾਂ ਵਿਚ ਇਹ ਯਤਨ ਕਰਾਂਗੇ ਕਿ ਚੀਫ਼ ਖਾਲਸਾ ਦੀਵਾਨ ਪੰਥ ਦਾ ਪ੍ਰਤੀਨਿਧ ਦੀਵਾਨ ਕਿਸ ਤਰ੍ਹਾਂ ਬਣ ਸਕਦਾ ਹੈ।

ਚੀਫ਼ ਖਾਲਸਾ ਦੀਵਾਨ ਦੇ ਬੁਨਯਾਦੀ ਨਿਯਮ

ਸਚਮੁਚ ਦੀਵਾਨ ਦੇ ਕਈ ਨਿਯਮ ਬੜੇ ਰੱਦੀ ਹਨ ਅਤੇ ਪੰਥ ਪਿਆਰੇ ਚਿਰ ਤੋਂ ਜ਼ੋਰ ਦੇ ਰਹੇ ਹਨ ਕਿ ਇਹ ਨਿਯਮ ਤਬਦੀਲ ਕੀਤੇ ਜਾਣ ਪਰ ਦੀਵਾਨ ਨੇ ਗੱਲ ਨਹੀਂ ਗੌਲੀ। ਇਹੋ ਕਾਰਨ ਹੈ ਕਿ ਨਾ ਮਾਤਰ ਕੋਈ ਪੰਜ ਚਾਰ ਸਿੰਘ ਸਭਾਵਾਂ ਦੀਵਾਨ ਨਾਲ ਸਬੰਧਤ ਰਹਿ ਗਈਆਂ ਹਨ ਤੇ ਚੰਗੇ ਹਿਮਤੀ ਤੇ ਕੰਮ ਕਰਨ ਵਾਲੇ ਆਦਮੀ ਵੀ ਦੀਵਾਨ ਤੋਂ ਕਿਨਾਰੇ ਹੋ ਬੈਠੇ ਹਨ।

ਚੂੰਕਿ ਸਾਡੇ ਪਾਸ ਦੀਵਾਨ ਦੇ ਪੱਖੀਆਂ ਦੀਆਂ ਵੀ ਚਿੱਠੀਆਂ ਆਈਆਂ ਹੋਈਆਂ ਹਨ ਜੋ “ਅਕਾਲੀ” ਵਿਚ ਜ਼ਰੂਰ ਛਪ ਜਾਣਗੀਆਂ ਇਸ ਲਈ ਅਸੀਂ ਦੀਵਾਨ ਦੇ ਨਿਯਮਾਂ ਉੱਤੇ ਇਕ ਚਲਦੀ ਨਜ਼ਰ ਫੇਰ ਦੇਂਦਾ ਹਾਂ ਤਾਂ ਜੋ ਸੱਜਣਾਂ ਨੂੰ ਕੁਝ ਚਾਨਣ ਹੋ ਜਾਵੇ।

ਨਿਯਮ ੪ (ਅ) ਮੈਂਬਰ ਨੂੰ 'ੳ' ਜਾਂ 'ੳ ੳ' ਫਾਰਮ ਤੇ ਦਸਖ਼ਤ ਕਰਨੇ ਜ਼ਰੂਰੀ ਹੋਣਗੇ।

ਸਭਾ ਸੁਸਾਇਟੀਆਂ ਦੀ ਮੈਂਬਰੀ ਲਈ ਇਕੋ ਤਰ੍ਹਾਂ ਦਾ ਫਾਰਮ ਹੋਇਆ ਕਰਦਾ ਹੈ ਅਤੇ ਸਾਰਿਆਂ ਲਈ ਇਕੋ ਨਿਯਮ ਹੁੰਦੇ ਹਨ ਅਤੇ ਪਰ ਦੀਵਾਨ ਨੇ ਦੋ ਤਰ੍ਹਾਂ ਦੇ ਫਾਰਮ ਬਣਾਏ ਹੋਏ ਹਨ ਇਹ ਕਿਉਂ ? ਆਓ ਫਾਰਮ ਨੂੰ ਪੜ੍ਹ ਕੇ ਇਸ ਭੇਦ ਨੂੰ ਸਮਝਣ ਦਾ ਯਤਨ ਕਰੀਏ।

ਫਾਰਮ ਨੰ: 'ੳ' ਵਿਚ ਲਿਖਿਆ ਹੈ 'ਮੈਂ ਅੰਮ੍ਰਿਤ ਛਕਿਆ ਹੋਇਆ ਹੈ, ਪੰਜਾਂ ਕਕਾਰਾਂ ਦੀ ਰਹਿਤ ਰੱਖਦਾ ਹਾਂ, ਨਿਤਨੇਮ ਕਰਦਾ ਹਾਂ ਅਤੇ ਚੌਹਾਂ ਕੁਰਹਿਤਾਂ ਵਿੱਚੋਂ ਮੇਰੇ ਵਿਚ ਕੋਈ ਨਹੀਂ ਹੈ ਅਤੇ ਮੈਂ ਸਰਬ ਪ੍ਰਕਾਰ ਖਾਲਸਾ ਧਰਮ ਨੂੰ ਧਾਰਨ ਕੀਤਾ ਹੋਇਆ ਹੈ ਅਤੇ ਇਕਰਾਰ ਕਰਦਾ ਹਾਂ ਕਿ ਅੱਜ ਤੋਂ ਸਭ ਸੰਸਕਾਰ ਗੁਰਮਤਿ ਅਨੁਸਾਰ ਕਰਾਂਗਾ।

ਫਾਰਮ ਨੰ: 'ੳੳ' ਵਿਚ ਲਿਖਿਆ ਹੈ—

“ਮੈਂ ਅੰਮ੍ਰਿਤ ਛਕਿਆ ਹੋਇਆ ਹੈ। ਦਸਾਂ ਗੁਰੂ ਸਾਹਿਬਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕੋ ਰੂਪ ਜਾਣ ਕੇ ਮੈਂ ਸਤਿਗੁਰੂ ਮੰਨਦਾ ਹਾਂ ਤੇ ਉਨ੍ਹਾਂ ਦੀ ਆਗਿਆ ਅਤੇ ਗੁਰਮਤਿ ਉੱਤੇ ਚਲਣ ਦਾ ਸਚੇ ਦਿਲ ਨਾਲ ਪ੍ਰਣ ਕਰਦਾ ਹਾਂ।”

ਹੁਣ ਇਨ੍ਹਾਂ ਦੋਹਾਂ ਫਾਰਮਾਂ ਵਿੱਚੋਂ ਭਾਵੇਂ ਕਿਸੇ ਉੱਤੇ ਦਸਖ਼ਤ ਕਰ ਦਿਓ ਤੁਸੀਂ ਮੈਂਬਰ ਬਣ ਸਕਦੇ ਹੋ। ਪਹਿਲੇ ਫਾਰਮ ਵਿਚ ਨਿਤਨੇਮ, ਰਹਿਤਾਂ ਅਤੇ ਕੁਰਹਿਤਾਂ ਦਾ ਸਪਸ਼ਟ ਜ਼ਿਕਰ ਹੈ ਪਰ ਦੂਜੇ ਵਿਚ ਕੋਈ ਨਹੀਂ। ਇਸ ਤੋਂ ਸਾਫ਼ ਸਿੱਧ ਹੈ ਕਿ ਰਹਿਤਾਂ ਰੱਖਣ ਵਾਲਾ ਵੀ ਮੈਂਬਰ ਬਣ ਸਕਦਾ ਹੈ ਅਤੇ ਨਾ ਰੱਖਣ ਵਾਲਾ ਭੀ। ਨਿਤਨੇਮ ਕਰਨ ਵਾਲਾ ਭੀ ਤੇ ਨਾ ਕਰਨ ਵਾਲਾ ਭੀ।

ਅਸੀਂ ਹੈਰਾਨ ਹਾਂ ਕਿ ਦੋ ਫਾਰਮ ਕਿਉਂ ਬਣਾਏ ਗਏ ਹਨ ? ਜਦ ਬਿਨਾਂ ਰਹਿਤਾਂ ਰੱਖਣ ਦੇ ਵੀ ਇਕ ਆਦਮੀ ਦੀਵਾਨ ਦਾ ਮੈਂਬਰ ਬਣ ਸਕਦਾ ਹੈ ਤਾਂ ਫਾਰਮ 'ੳ' ਦੀ ਕੀ ਲੋੜ ਰਹੀ ? ਕੀ ਇਹ ਗੁਰਸਿਖੀ ਦੇ ਪਿਆਰਿਆਂ ਦੀ ਅੱਖਾਂ ਵਿਚ ਘੱਟਾ ਪਾਣਾ ਨਹੀਂ ?

ਜੇ ਮੁੱਲਾਂ ਇਹ ਆਖ ਦੇਵੇ ਕਿ ਜਿਹੜਾ ਸਾਰਾ ਦਿਨ ਭੁਖਾ ਰਹੇ ਉਸ ਦਾ ਵੀ ਰੋਜ਼ਾ ਮਨਜ਼ੂਰ ਅਤੇ ਜਿਹੜਾ ਖਾਂਦਾ ਪੀਂਦਾ ਰਹੇ ਉਸਦਾ ਵੀ ਮਨਜ਼ੂਰ ਤਾਂ ਅਜਿਹਾ ਕਮਲਾ ਕੇਹੜ੍ਹਾ ਹੈ ਜਿਹੜਾ ਸਾਰਾ ਦਿਨ ਭੁਖਾ ਮਰੇ। ਜਦ ਮਾਸਟਰ ਆਖ ਦੇਵੇ ਕਿ ਇਮਤਿਹਾਨ ਦਾ ਪਰਚਾ ਥੋੜਾ ਲਿਖਣ ਵਾਲਾ ਵੀ ਪਾਸ, ਸਾਰਾ ਲਿਖਣ ਵਾਲਾ ਵੀ ਤੇ ਨਾ ਲਿਖਣ ਵਾਲਾ ਵੀ ਪਾਸ ਤਾਂ ਦੱਸੋ ਕਿਸੇ ਨੂੰ ਕੀ ਲੋੜ ਪਈ ਹੈ ਜੇ ਖਾਹ ਮੁਖਾਹ ਪੜ੍ਹ-ਪੜ੍ਹ ਕੇ ਔਖਾ ਪਿਆ ਹੋਵੇ!

ਜਦ ਇਕ ਆਦਮੀ ਨੂੰ ਬਿਨਾਂ ਰਹਿਤਾਂ ਰੱਖਣ ਦੇ, ਬਿਨਾਂ ਨਿਤਨੇਮ ਕਰਨ ਦੇ ਅਤੇ ਕੁਰਹਤੀਆ ਹੋਣ ਤੇ ਦੀਵਾਨ ਦੀ ਮੈਂਬਰੀ ਮਿਲ ਸਕਦੀ ਹੈ ਤਾਂ ਉਸ ਨੂੰ ਕੀ ਲੋੜ ਪਈ ਹੈ ਕਿ ਰਹਿਤਾਂ ਰੱਖ ਕੇ ਔਖਾ ਪਿਆ ਹੋਵੇ।

ਅਸਲ ਗੱਲ ਇਹ ਹੈ ਕਿ ਦੀਵਾਨ ਕਿਸੇ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ। ਸਾਰੇ ਰਈਸਾਂ ਤੇ ਸਰਦਾਰਾਂ ਨੂੰ ਮੈਂਬਰ ਜ਼ਰੂਰ ਬਣਾਨਾ ਹੋਇਆ ਅਤੇ ਰਈਸ ਤੇ ਸਰਦਾਰ ਇਨ੍ਹਾਂ ਬੰਧਨਾਂ ਵਿਚ ਤੰਗ ਪੈਂਦੇ ਹਨ ਇਸ ਲਈ ਲਈ 'ਨਿਰਾਲੀ ਚਾਲ' ਜ਼ਰੂਰ ਕਢਣੀ ਚਾਹੀਦੀ ਸੀ। ਸੋ ਇਹ ਦੋ ਤਰ੍ਹਾਂ ਦੇ ਫ਼ਾਰਮ ਬਣਾਏ ਗਏ।

ਸਾਡੇ ਖ਼ਿਆਲ ਵਿਚ ਫ਼ਾਰਮ ਨੰ: 'ੳ ੳ' ਰੱਦੀ ਦੀ ਟੋਕਰੀ ਵਿਚ ਸੁਟ ਦੇਣਾ ਚਾਹੀਦਾ ਹੈ ਅਤੇ ਮੈਂਬਰੀ ਵਾਸਤੇ ਇਕੋ ਫ਼ਾਰਮ ਨੰ: 'ੳ' ਹੀ ਕਾਫ਼ੀ ਹੈ।

ਅਕਾਲੀ ਲਾਹੌਰ, ੨੧ ਜੁਲਾਈ ੧੯੨੦

ਚੀਫ਼ ਖਾਲਸਾ ਦੀਵਾਨ ਦਾ ਅਠਵਾਂ ਨਿਯਮ

(ਨੰ: ੨)

ਦੀਵਾਨ ਦਾ ਮੈਂਬਰ ਬਣਾਉਣ ਦਾ ਅਠਵਾਂ ਨਿਯਮ ਇਸ ਪ੍ਰਕਾਰ ਹੈ—

ਜਨਰਲ ਕਮੇਟੀ ਦੇ ਮੈਂਬਰ ਚਾਰ ਤਰ੍ਹਾਂ ਦੇ ਹੋ ਸਕਣਗੇ—

ੳ. (੧) ਦਰਬਾਰ ਸਾਹਿਬ ਅੰਮ੍ਰਿਤਸਰ, ਤਖ਼ਤਾਂ ਅਤੇ ਗੁਰਦੁਆਰਿਆਂ ਦੇ ਪ੍ਰਤਿਸ਼ਠਿਤ ਸੱਜਣ (੨) ਫ਼ੌਜੀ ਸਰਦਾਰ (੩) ਰਈਸ (੪) ਜੀਵਨ ਸੇਵਕ ਤੇ (੫) ਪੰਥ ਦੇ ਸ਼ੁਭ ਚਿੰਤਕ।

ਅ. ਸਬੰਧਤ ਦੀਵਾਨਾਂ, ਸੁਸਾਇਟੀਆਂ, ਜਥਿਆਂ ਜਾਂ ਸਿੰਘ ਸਭਾਵਾਂ ਦੇ ਪ੍ਰਤੀਨਿਧ।

(੧) ਵਿਦਵਾਨ ਖਾਲਸਾ ਜੀ (੨) ਗ੍ਰੈਜੂਏਟ ਖਾਲਸਾ ਜੀ।

ਸਿੱਖ ਵਿੱਦਿਅਕ ਕਾਨਫ਼ਰੰਸ ਦੇ (੧) ਰਜਿਸਟਰਡ ਡੈਲੀਗੇਟ, (੨) ਰਜਿਸਟਰਡ ਫ਼ੈਲੋਜ਼ (੩) ਐ: ਕ: ਦਸਵੰਧ ਭੰਡਾਰ ਦੇ ਸਹਾਇਕ।

ਇਸ ਨਿਯਮ ਦੇ ਵਿਚਾਰਨ ਤੋਂ ਪਹਿਲੀ ਗੱਲ ਇਹ ਪ੍ਰਤੀਤ ਹੁੰਦੀ ਹੈ ਇਹ ਦੀਵਾਨ 'ਖਾਲਸ ਸਿੱਖ ਦੀਵਾਨ' ਨਹੀਂ ਕਿਉਂਕਿ ਇਸ ਦੀਵਾਨ ਦੇ ਕੇਵਲ ਚੌਥਾ ਹਿੱਸਾ ਮੈਂਬਰ ਸਿੱਖ ਹੋਣ ਦੀ ਹੈਸੀਅਤ ਵਿਚ ਮੈਂਬਰ ਬਣਦੇ ਹਨ। ਬਾਕੀ ਦੇ ਹਿੱਸੇ ਸਿੱਖ ਹੋਣ ਦੀ ਹੈਸੀਅਤ ਵਿਚ ਮੈਂਬਰ ਨਹੀਂ ਲਏ ਜਾਂਦੇ! ਬਲਕਿ ਪ੍ਰਤਿਸ਼ਠਿਤ ਸੱਜਣ, ਫ਼ੌਜੀ ਸਰਦਾਰ, ਸ਼ੁਭ ਚਿੰਤਕ, ਵਿਦਵਾਨ ਗ੍ਰੈਜੂਏਟ ਤੇ ਕਾਨਫ਼ਰਸ ਦੇ ਡੈਲੀਗੇਟ ਜਾਂ ਫ਼ੈਲੋ ਹੋਣ ਦੀ ਹੈਸੀਅਤ ਵਿਚ ਬਣ ਸਕਦੇ ਹਨ।

ਇਕ ਆਦਮੀ ਸਿੱਖ ਹੋਣ ਦੀ ਹਾਲਤ ਵਿਚ ਤਾਂ ਮੈਂਬਰ ਬਣ ਸਕਦਾ ਹੈ ਜੇ ਉਹ ਸਿੰਘ ਸਭਾਵਾਂ ਦਾ ਮੈਂਬਰ ਬਣ ਕੇ ਉਸ ਨੂੰ ਮੁਖੀ ਸਮਝ ਕੇ ਚੁਣ ਕੇ ਦੀਵਾਨ ਦੀ ਮੈਂਬਰੀ ਲਈ ਭੇਜਣ। ਫਿਰ, ਪਹਿਲਾਂ ਦੀਵਾਨ ਦੀ ਅੰਤ੍ਰਿਗ

ਕਮੇਟੀ ਮਨਜ਼ੂਰ ਕਰੇ, ਉਪਰੰਤ ਜਨਰਲ ਕਮੇਟੀ ਮਨਜ਼ੂਰ ਕਰੇ ਤਦ ਉਸ ਨੂੰ ਦੀਵਾਨ ਦੀ ਜਨਰਲ ਕਮੇਟੀ ਦੀ ਮੈਂਬਰੀ ਪ੍ਰਾਪਤ ਹੁੰਦੀ ਹੈ। ਅੰਤ੍ਰਿਗ ਕਮੇਟੀ ਦਾ ਮੈਂਬਰ ਬਣਨਾ ਵੱਡਿਆਂ ਭਾਗਾਂ ਦੀ ਗੱਲ ਹੈ।

ਪਰ ਕੋਈ ਰਈਸ, ਸਰਦਾਰ, ਜਾ ਪ੍ਰਤਿਸਠਿਤ ਕੇਵਲ ਫ਼ਾਰਮ 'ੳ ੳ' ਤੇ ਦੱਸ ਕਰ ਦੇਵੇ ਕਿ ਮੈਂ ਸਿੱਖ ਹਾਂ ਬਸ ਬਣਿਆ ਬਣਾਇਆ ਮੈਂਬਰ ਹੈ।

ਇਸ ਨਿਯਮ ਨੇ ਸਿਖੀ ਦੀ ਜੜ੍ਹਾਂ ਤੇ ਕੁਹਾੜਾ ਫੇਰਿਆ ਹੈ।

ਦੀਵਾਨ ਵਿਚ ਆ ਕੇ ਉਹ ਮੈਂਬਰ ਹੀ ਨਹੀਂ ਬਣੇ ਬਲਕਿ ਚਿਟੇ ਹੱਥਾਂ ਦੇ ਦਸਤ ਪੰਜੇ ਲੈ ਕੇ ਆਪਣੇ ਆਪ ਨੂੰ ਉਹ ਸਿੱਖਾਂ ਦਾ ਲੀਡਰ ਵੀ ਸਮਝਣ ਲਗ ਪਏ।

ਖਬਰੇ ਦੀਵਾਨ ਦੇ ਆਗੂਆਂ ਨੇ ਸਰਕਾਰੀ ਕੌਂਸਲ ਦੀ ਬਣਾਉਣ ਵੇਖ ਕੇ ਨਿਯਮ ਬਣਾਏ ਹਨ ਚੂੰਕਿ ਉਸ ਵਿਚ ਮੁਲਕ ਦੇ ਵਖ-ਵਖ ਜਥਿਆਂ ਵੱਲੋਂ ਮੈਂਬਰ ਲਏ ਜਾਂਦੇ ਹਨ ਤਾਂ ਜੋ ਕਿਸੇ ਦਾ ਹਕ ਦੂਜਾ ਨਾ ਮਾਰ ਲਵੇ। ਇਸੇ ਤਰ੍ਹਾਂ ਦੀਵਾਨ ਨੇ ਵੀ ਰਈਸਾਂ, ਸਰਦਾਰਾਂ ਤੇ ਪ੍ਰਤਿਸ਼ਠਿਤ ਸੱਜਣਾਂ ਦੇ ਡੈਪੂਟੇਸ਼ਨ ਭੇਜਣ, ਅਫ਼ਸਰਾਂ ਨੂੰ ਐਡ੍ਰੇਸ ਦੇਣ, ਚਿਟੇ ਦਸਤ ਪੰਜੇ ਪੈਣ, ਆਦਿਕ ਹੱਕਾਂ ਦੀ ਰਾਖੀ ਲਈ ਇਹ ਨਿਯਮ ਘੜ ਲਿਆ ਹੈ। ਪਰ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਸਿੱਖ ਲਈ ਇਹ ਵਡਿਆਈਆਂ ਮਿੱਟੀ ਬਰਾਬਰ ਹਨ। ਉਹ ਤਾਂ ਸੇਵਾ ਵਿਚ ਹੀ ਰਾਜ਼ੀ ਹੈ। ਸਾਡਾ ਖ਼ਿਆਲ ਹੈ ਕਿ ਦੀਵਾਨ ਦੇ ਪਿਆਰਿਆਂ ਨੂੰ ਹੁਣ ਤਾਂ ਪਤਾ ਲੱਗ ਹੀ ਗਿਆ ਹੋਣਾ ਹੈ ਕਿ ਪੰਥ ਅਫ਼ਸਰਾਂ ਨੂੰ ਐਡ੍ਰੇਸ ਆਦਿਕ ਦੇਣ ਨੂੰ ਕਿਸ ਨਿਗਾਹ ਨਾਲ ਵੇਖਦਾ ਹੈ। ਕੀ ਦੀਵਾਨ ਦੇ ਕਾਰਕੁਨਾਂ ਦਾ ਇਹ ਖ਼ਤਰਾ ਹੁਣ ਵੀ ਦੂਰ ਹੋਵੇਗਾ ਕਿ ਨਹੀਂ।

ਇਹ ਨਿਯਮ ਹੀ ਸਿੰਘ ਸਭਾਵਾਂ ਦੀ ਕਮਜ਼ੋਰੀ ਤੇ ਟੁਟਣ ਦਾ ਕਾਰਨ ਹੈ ਅਤੇ ਸਿੱਖ ਧਰਮ ਦੇ ਪ੍ਰਚਾਰ ਨੂੰ ਭਾਰੀ ਸਟ ਹੈ।

ਹਰ ਇਕ ਸ਼ਹਿਰ ਵਿਚ ਉੱਥੋਂ ਦੇ ਜਥੇ ਹੀ ਪ੍ਰਚਾਰ ਕਰ ਸਕਦੇ ਹਨ ਪਰ ਜਦ ਸ਼ਹਿਰ ਦੇ ਰਈਸ ਤੇ ਪ੍ਰਤਿਸ਼ਠਿਤ ਸੱਜਣ ਬਿਨਾਂ ਉਸ ਜਥੇ ਨਾਲ ਲੋਈ ਸਬੰਧ ਰੱਖੇ ਦੀਵਾਨ ਦੇ ਮੈਂਬਰ ਬਣ ਜਾਂਦੇ ਹਨ ਤਾਂ ਕੁਦਰਤੀ ਗੱਲ ਹੈ ਕਿ ਉਸ ਜਥੇ ਨੂੰ ਕਮਜ਼ੋਰੀ ਹੋਵੇ। ਪ੍ਰਤਿਸ਼ਠਿਤ ਸੱਜਣ ਤਾਂ ਸਮਝਦੇ ਹਨ ਅਸੀਂ ਦੀਵਾਨ ਦੇ ਮੈਂਬਰ ਹਾਂ, ਸਾਡਾ ਸਿੰਘ ਸਭਾ ਜਾਂ ਜਥੇ ਨਾਲ ਕੀ ਵਾਸਤਾ। ਤੇ ਲੋਕ ਸਮਝਦੇ ਹਨ ਜਦ ਸ਼ਹਿਰ ਦੇ ਮੁਖੀਏ ਕੁਝ ਨਹੀਂ ਕਰਦੇ ਤਾਂ ਸਾਨੂੰ ਕੀ ਲੋੜ ਹੈ।

ਨਤੀਜਾ ਇਹ ਨਿਕਲਦਾ ਹੈ ਕਿ ਪ੍ਰਚਾਰ ਦਾ ਕੰਮ ਬੰਦ ਪੈ ਜਾਂਦਾ ਹੈ। ਜੇ ਦੀਵਾਨ ਚਾਹੁੰਦਾ ਹੈ ਕਿ ਹਰ ਇਕ ਸ਼ਹਿਰ ਦੀ ਸਿੰਘ ਸਭਾ ਦੇ ਸਿੱਖ ਜਥੇ ਤਕੜੇ ਹੋਣ, ਧਰਮ ਪ੍ਰਚਾਰ ਵਿਚ ਜੁਟ ਕੇ ਕੰਮ ਕਰਨ ਤਾਂ ਇਸ ਨਿਯਮ ਨੂੰ ਫੌਰਨ ਤੋੜ ਦਿੱਤਾ ਜਾਵੇ ਅਤੇ ਕੋਈ ਆਦਮੀ ਦੀਵਾਨ ਦਾ ਮੈਂਬਰ ਨਾ ਲਿਆ ਜਾਵੇ ਜਦ ਤਕ ਕਿ ਉਹ ਆਪਣੇ ਸ਼ਹਿਰ ਦੀ ਸਿੰਘ ਸਭਾ ਜਾਂ ਸਿੱਖਾਂ ਵੱਲੋਂ ਚੁਣਿਆ ਹੋਇਆ ਨਾ ਹੋਵੇ।

ਦੂਜੀ ਗੱਲ ਹੈ ਜੋ ਇਸ ਨਿਯਮ ਤੋਂ ਪ੍ਰਗਟ ਹੁੰਦਾ ਹੈ ਉਹ ਦਸਮੇਸ਼ ਪਿਤਾ ਜੀ ਦੇ ਸੱਚੇ ਤੇ ਉੱਚੇ ਪੰਚੈਤੀ ਅਸੂਲਾਂ ਨੂੰ ਕਤਲ ਕੀਤਾ ਗਿਆ ਹੈ। ਸਿੱਖ ਇਤਿਹਾਸ ਦਾ ਇਕ ਇਕ ਸਫ਼ਾ ਪੰਚੈਤੀ ਅਸੂਲਾਂ ਦੀ ਚੋਣ ਦਾ ਪਾਠ ਪੜ੍ਹਾ ਰਿਹਾ ਹੈ। ਸਾਡੇ ਗਿਆਨੀ ਉਪਦੇਸ਼ਕ ਛਾਤੀ ਠੋਕ-ਠੋਕ ਕੇ ਕਹਿੰਦੇ ਨਹੀਂ ਥਕਦੇ ਕਿ ਸਿੱਖ ਧਰਮ ਮੁਕੰਮਲ ਜਮਹੂਰੀਅਤ ਅਤੇ (ਧਾਰਮਿਕ ਅਤੇ ਰਾਜਨੀਤਕ ਸੂਰਜ) ਦੀਨੀਆਂ ਨੂੰ ਸਿਖਾਣ ਲਈ ਇਕ ਨਮੂਨਾ ਹੈ। ਪਰ ਦੀਵਾਨ ਦੇ ਨਿਯਮ ਨੰਬਰ ੮ ਨੇ ਇਸ ਸੁਨਹਿਰੀ ਅਸੂਲ ਨੂੰ ਡਾਢੀ ਬੇਦਰਦੀ ਨਾਲ ਤੋੜ ਦਿਤਾ ਹੈ।

ਸਿੱਖ ਧਾਰਮਿਕ ਦੀਵਾਨ ਇਕ ਮੈਂਬਰ ਵੀ ਨਾਮੀਨੇਟ (Nominate) ਨਹੀਂ ਹੋਣਾ ਚਾਹੀਦਾ ਅਰਥਾਤ ਸਿੱਖ ਜਥੇ ਤੇ ਸਭਾ ਦੇ ਚੁਣੇ ਬਿਨਾਂ ਨਹੀਂ ਬਣਨਾ ਚਾਹੀਦਾ। ਪਰ ਦੀਵਾਨ ਦੇ ਉਹ ਨਿਯਮ ਅਨੁਸਾਰ ਪ੍ਰਤਿਸ਼ਠਿਤ ਸੱਜਣ ਆਪ ਹੀ ਮੈਂਬਰ ਬਣ ਜਾਂਦੇ ਹਨ। ਜਾਂ ਦੀਵਾਨ ਆਪ ਉਨ੍ਹਾਂ ਨੂੰ ਮੈਂਬਰ ਬਣਾ ਸਕਦਾ ਹੈ ਜਿਹੜਾ ਆਦਮੀ ਆਪਣੇ ਸ਼ਹਿਰ ਦੇ ਸਿੱਖ ਜਥੇ ਵਿਚ ਸ਼ਾਮਿਲ ਨਹੀਂ ਹੋਇਆ। ਸ਼ਹਿਰ ਦੇ ਸਿੱਖਾਂ ਨਾਲ ਮਿਲਣਾ ਸਮਝਦਾ ਹੈ ਤਾਂ ਉਸ ਦਾ ਕੀ ਹੱਕ ਹੈ ਕਿ ਪੰਥ ਦੇ ਮੁਖੀ ਦੀਵਾਨ ਦਾ ਮੈਂਬਰ ਬਣ ਸਕੇ ?

ਅਕਾਲੀ ਲਾਹੌਰ, ੯ ਅਗਸਤ ੧੯੨੦

ਜਥੇਬੰਦੀ

ਸਿੱਖਾਂ ਵਿਚ ਫੁਟ ਕਿਉਂ ਹੈ ? ਉਹ ਕਿਹੜਾ ਅਸੂਲ ਹੈ ਜਿਸ ਕਰ ਕੇ ਸਿੱਖਾਂ ਵਿਚ ਧੜੇ ਬੰਦੀ ਹੋ ਗਈ ਹੈ ? ਉਹ ਕਿਹੜੀਆਂ ਰੋਕਾਂ ਹਨ ਜਿਹੜੀਆਂ ਹੁਣ ਸਾਨੂੰ ਮਿਲਣ ਤੋਂ ਰੋਕਦੀਆਂ ਹਨ ? ਜੇ ਵਿਚਾਰਿਆ ਜਾਵੇ ਤਾਂ ਸਿੱਖਾਂ ਵਿਚ ਇਸ ਵੇਲੇ ਧੜੇ ਬੰਦੀ ਕੋਈ ਨਹੀਂ। ਨਰਮ ਗਰਮ ਦਿਲ ਆਦਿਕ ਸਿੱਖਾਂ ਵਿਚ ਨਹੀਂ ਬਣੇ, ਅਤੇ ਨਾ ਹੀ ਹੋਰ ਕੋਈ ਧਾਰਮਿਕ ਅਜੇਹਾ ਅਸੂਲ ਹੈ ਜਿਸ ਤੇ ਧੜੇ ਬੰਦੀ ਮੰਨੀ ਜਾ ਸਕਦੀ ਹੈ। ਸਾਰੇ ਸਿੱਖ ਵਿਦਿਆ ਦੇ ਵਾਧੇ ਨੂੰ ਚਾਹੁੰਦੇ ਹਨ। ਸਾਰੇ ਸਿੱਖ ਚਾਹੁੰਦੇ ਹਨ ਕਿ ਧਾਰਮਿਕ ਅਤੇ ਵਿਦਿਅਕ ਆਸ਼ਰਮਾਂ ਦਾ ਪ੍ਰਬੰਧ ਸਿੱਖ ਕੌਮ ਦੇ ਹੱਥਾਂ ਵਿਚ ਹੋਵੇ। ਸਾਰੇ ਸਿੱਖ ਚਾਹੁੰਦੇ ਹਨ ਕਿ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਖੁੱਲ੍ਹ ਹੋਵੇ। ਸਾਰੇ ਸਿੱਖ ਚਾਹੁੰਦੇ ਹਨ ਕਿ ਸਿੱਖ ਰਾਜਸੀ ਕੈਦੀਆਂ ਨੂੰ ਛੱਡਿਆ ਜਾਵੇ। ਸਾਰੇ ਸਿੱਖ ਜ਼ੋਰ ਲਾਉਂਦੇ ਹਨ ਕਿ ਰਾਜਸੀ ਹੱਕ ਮਿਲ ਜਾਣ, ਤਾਂ ਫੇਰ ਸਾਡੀ ਸਮਝ ਵਿਚ ਨਹੀਂ ਆਉਂਦਾ ਕਿ ਸਿੱਖਾਂ ਵਿਚ ਧੜੇ ਬੰਦੀ ਕਿਉਂ ਹੈ ? ਅਸੀਂ ਵਿਚ ਗੱਲ ਇਹ ਹੈ ਕਿ ਚੀਫ਼ ਖਾਲਸਾ ਦੀ ਬਣਾਵਟ ਖਾਲਸਾ ਧਰਮ ਦੇ ਪ੍ਰਤੀਨਿਧ ਅਸੂਲਾਂ ਅਨੁਸਾਰ ਨਹੀਂ। ਇਸ ਵਿਚ ਕੋਈ ਆਦਮੀ ਦਾਖਲ ਨਹੀਂ ਹੋ ਸਕਦਾ ਹੈ ਜਦ ਤੀਕ ਉਹ ਇਸ ਦੇ ਦੋ ਤਿੰਨ ਕਰਤਿਆਂ ਧਰਤਿਆਂ ਦੀ ਮਰਜ਼ੀ ਅਨੁਸਾਰ ਨ ਹੋਵੇ। ਇਸ ਲਈ ਪੰਥ ਦੇ ਸੁਤੰਤਰ ਤੇ ਦਲੇਰ ਸੇਵਕ ਇਸ ਦੇ ਮੈਂਬਰ ਨਹੀਂ ਬਣ ਸਕਦੇ ਉਹ ਚਿਰ ਤੋਂ ਚਾਹੁੰਦੇ ਹਨ ਕਿ ਪੰਥ ਦਾ ਇਕ ਪ੍ਰਤੀਨਿਧ ਜਥਾ ਹੋਵੇ ਜਿਸ ਵਿਚ ਸਾਰੀਆਂ ਸਭਾਵਾਂ ਤੇ ਜਥੇ ਚੁਣ ਕੇ ਆਪਣੇ ਪ੍ਰਤੀਨਿਧ ਭੇਜਨ। ਪੰਥ ਪਿਆਰਿਆਂ ਦੀ ਇਸ ਇਛਿਆ ਨੂੰ ਚੀਫ਼ ਖਾਲਸਾ ਦੀਵਾਨ ਆਪਣੇ ਵਿਰੁੱਧ ਬਗ਼ਾਵਤ ਸਮਝਦਾ ਹੈ ਤੇ ਇਸ ਦੇ ਦਬਾਉਣ ਦਾ ਸਦਾ ਯਤਨ ਕਰਦਾ ਰਿਹਾ ਹੈ। ਪਰ ਹੁਣ ਇਹ ਬਗ਼ਾਵਤ ਬਹੁਤੀ ਫੈਲ ਗਈ ਹੈ ਤੇ ਦੀਵਾਨ ਦੀ ਤਾਕਤ ਤੋਂ ਬਾਹਰ ਹੋ ਗਈ ਹੈ।

ਲੋਕੀ ਕਹਿੰਦੇ ਹਨ ਚੀਫ਼ ਖਾਲਸਾ ਦੀਵਾਨ ਨੇ ਬੜੇ ਚੰਗੇ ਕੰਮ ਕੀਤੇ ਹਨ, ਬੜਾ ਪ੍ਰਚਾਰ ਕੀਤਾ ਹੈ। ਇਸ ਨੂੰ ਕਿਉਂ ਤੋੜਨਾ ਚਾਹੁੰਦੇ ਹੋ। ਭੋਲੇ ਭਰਾ ਇਹ ਨਹੀਂ ਸਮਝਦੇ ਕਿ ਅਸੀਂ ਤੋੜਨਾ ਨਹੀਂ ਚਾਹੁੰਦੇ ਅਸੀਂ ਤਾਂ ਬਹੁਤਾ ਤਕੜਾ ਤੇ ਜ਼ਬਰਦਸਤ ਜਥਾ ਬਣਾਉਣਾ ਚਾਹੁੰਦੇ ਹਾਂ। ਕਿਉਂਕਿ ਇਸ ਦੀ ਬਣਾਉਟ ਰਦੀ ਹੈ। ਬਾਕੀ ਪ੍ਰਚਾਰ ਆਦਿਕ ਚੰਗੇ ਕੰਮਾਂ ਦੀ ਬਾਬਤ ਅਰਜ਼ ਹੈ ਕਿ ਅਕਬਰ ਬਾਦਸ਼ਾਹ ਦੀ ਤਾਂ ਸਾਰੇ ਵਡਿਆਈ ਕਰਦੇ ਹਨ ਕਿ ਉਸ ਨੇ ਬੜੇ ਚੰਗੇ ਕੰਮ ਕੀਤੇ ਹਨ ਪਰ ਔਰੰਗਜ਼ੇਬ ਨੇ ਕਈ ਅਕਬਰ ਨਾਲੋਂ ਵੀ ਵਧ ਕੇ ਚੰਗੇ ਕੰਮ ਕੀਤੇ ਹਨ। ਉਸ ਨੇ ਸ਼ਰਾਬ ਪੀਣੀ ਉਕੀ ਬੰਦ ਕਰ ਦਿੱਤੀ ਸੀ, ਸਭ ਕੰਜਰੀਆਂ ਦੇ ਵਿਆਹ ਕਰ ਦਿੱਤੇ ਸਨ, ਭੇਖੀਆਂ ਪਖੰਡੀਆਂ ਤੇ ਜਾਦੂਗਰਾਂ ਦਾ ਪੁੱਜ ਕੇ ਵੈਰੀ ਸੀ। ਅਤੇ ਜੇ ਕੋਈ ਪਾਤਸ਼ਾਹ ਅਕਬਰ ਨਾਲੋਂ ਵੀ ਵਧ ਕੇ ਨੇਕ ਤੇ ਪ੍ਰਜਾ ਪਾਲਕ ਹੋਵੇ ਤਾਂ ਵੀ ਬੇਲਗਾਮਾ ਰਾਜਾ ਹੀ ਹੈ ਅਤੇ ਉਸ ਪਾਸੋਂ ਕਈ ਵੇਰ ਜ਼ੁਲਮ ਤੇ ਕਹਿਰ ਹੋ ਜਾਣ ਦਾ ਡਰ ਹੈ। ਇਸ ਲਈ ਦੁਨੀਆਂ ਨੇ ਉਨਤੀ ਕਰ ਕੇ ਹੁਣ ਪ੍ਰਜਾ ਨੇ ਸੁਤੰਤਰ ਰਾਜ ਜਾਂ ਹੋਮ ਰੂਲ ਨੂੰ ਹੀ ਉਤਮ ਮੰਨਿਆ ਹੈ।

ਇਹ ਕਿਡਾ ਹਨੇਰ ਹੈ ਕਿ ਸਾਡੇ ਗੁਰੂ ਹੀ ਇਸ ਅਸੂਲ ਦੇ ਮੋਢੀ ਤੇ ਪ੍ਰਚਾਰਕ ਹੋਣ ਤੇ ਸਾਡਾ ਪੰਥ ਹੀ ਇਸ ਦੇ ਉਲਟ ਚਲੇ।

ਇਸ ਲਈ ਭਾਵੇਂ ਚੀਫ਼ ਖਾਲਸਾ ਦੀਵਾਨ ਨੇ ਬੜੇ ਅਛੇ ਅਛੇ ਕੰਮ ਕੀਤੇ ਹਨ। ਪਰੰਤੂ ਦੀਵਾਨ ਪ੍ਰਤੀਨਿਧ ਦੀਵਾਨ ਨਹੀਂ ਹੈ। ਪੰਚਾਇਤੀ ਅਸੂਲਾਂ ਅਨੁਸਾਰ ਨਹੀਂ ਹੈ। ਕੌਮ ਦੀ ਅਗਵਾਈ ਕਰਨ ਦੇ ਲਾਇਕ ਨਹੀਂ। ਇਸ ਲਈ ਲੋੜ ਹੈ ਕਿ ਦੀਵਾਨ ਦਾ ਸੁਧਾਰ ਹੋ ਕੇ ਸਤਿਗੁਰੂ ਦੇ ਪੰਚਾਇਤੀ ਅਸੂਲਾਂ ਅਨੁਸਾਰ ਇਸ ਨੂੰ ਬਣਾਇਆ ਜਾਵੇ ਤਾਂ ਜੋ ਇਸ ਵਿਚ ਅਜੇਹੀ ਤਾਕਤ ਅਤੇ ਬਲ ਆ ਜਾਵੇ ਕਿ ਸਿੱਖਾਂ ਦੇ ਹੱਕਾਂ ਦੀ ਰਾਖੀ ਭਲੀ ਭਾਂਤ ਕਰ ਸਕੇ। ਜੇ ਸਿੱਖਾਂ ਦਾ ਪ੍ਰਤੀਨਿਧ ਦੀਵਾਨ ਹੁੰਦਾ ਤਾਂ ਅੱਜ ਦਰਬਾਰ ਸਾਹਿਬ, ਖਾਲਸਾ ਕਾਲਜ ਸਿੱਖਾਂ ਨੂੰ ਚਰੋਕਣਾ ਮਿਲ ਚੁਕਾ ਹੁੰਦਾ। ਬਲਕਿ ਇਹ ਪੰਥ ਦੇ ਹੱਥਾਂ ਵਿੱਚੋਂ ਜਾਂਦੇ ਹੀ ਨਾਂਹ ਅਤੇ ਕੌਮਾ ਗਾਟਾ ਮਾਰੂ ਦੇ ਮੁਸਾਫਰਾਂ ਦਾ ਬਜ ਬਜ ਦੇ ਘਾਟ ਗੋਲੀਆਂ ਨਾਲ ਸਵਾਗਤ ਨਾ ਹੁੰਦਾ ! ਸਾਡੇ ਪਿਆਰੇ ਭਾਈ ਰਣਧੀਰ ਸਿੰਘ ਜੀ ਵਰਗੇ ਪੰਥ ਰਤਨ ਹੁਣ ਤੀਕਰ ਜੇਲ੍ਹਾਂ ਵਿਚ ਨਾ ਸੜਦੇ ਹੁੰਦੇ। ਸਾਡੀਆਂ ਜਿੰਦੋਂ ਪਿਆਰਿਆਂ ਰਹਿਤਾਂ ਕਦੀ ਨਾ ਉਤਾਰੀਆਂ ਜਾਂਦੀਆਂ। ਕੈਨੇਡਾ ਅਤੇ

ਹੋਰ ਵਸਤੀਆਂ ਵਿਚ ਸਾਡੀ ਬੇਪਤੀ ਨਾ ਹੁੰਦੀ।

ਪਰ ਸ਼ੋਕ! ਇਹ ਹਾਲ ਹੁੰਦਿਆਂ ਵੀ ਚੀਫ਼ ਖਾਲਸਾ ਦੀਵਾਨ ਦੇ ਹਠੀ ਆਗੂ ਪੰਥ ਦੀ ਆਵਾਜ਼ ਦੀ ਰਤਾ ਪ੍ਰਵਾਹ ਨਹੀਂ ਕਰਦੇ। ਜਦੋਂ ਸਾਰੀ ਕੌਮ ਚਾਹੁੰਦੀ ਹੈ ਕਿ ਦੀਵਾਨ ਵਿਚ ਸੁਧਾਰ ਹੋ ਕੇ ਪੰਥ ਦਾ ਪ੍ਰਤੀਨਿਧ ਸ਼੍ਰੋਮਣੀ ਜਥਾ ਬਣ ਜਾਵੇ ਤਾਂ ਚੀਫ਼ ਖਾਲਸਾ ਦੀਵਾਨ ਜੇਕਰ ਸਚ ਮੁਚ ਕੌਮ ਦਾ ਦੀਵਾਨ ਹੋਣ ਦਾ ਦਾਵਾ ਕਰਦਾ ਹੈ ਤੇ ਉਸ ਨੂੰ ਸਾਰੇ ਪੰਥ ਦੀ ਮਰਜ਼ੀ ਅਨੁਸਾਰ ਸੁਧਾਰ ਕਰਨ ਵਿਚ ਕਿਉਂ ਇਤਰਾਜ਼ ਹੈ? ਹੈਰਾਨੀ ਦੀ ਗੱਲ ਹੈ ਕਿ ਰੂਸ ਵਰਗੀਆਂ ਬਲਵਾਨ ਬਾਦਸ਼ਾਹੀਆਂ, ਜਰਮਨੀ ਵਰਗੀਆਂ ਵੱਡੀਆਂ ਵੱਡੀਆਂ ਸ਼ੈਨਸ਼ਾਹੀਆਂ ਲੋਕਾਂ ਦੀ ਮਰਜ਼ੀ ਅਨੁਸਾਰ ਹੋ ਗਈਆਂ। ਅੰਗਰੇਜ਼ੀ ਗੌਰਵਮੈਂਟ ਨੇ ਵੀ ਹਿੰਦੀਆਂ ਨੂੰ ਬਹੁਤ ਸਾਰੇ ਹੱਕ ਦੇ ਦਿੱਤੇ ਪਰ! ਗ਼ਜ਼ਬ ਹੈ ਕਿ ਚੀਫ਼ ਖਾਲਸਾ ਦੀਵਾਨ ਦੀ ਬਣਾਵਟ ਉਹੋ ਹੀ ਪ੍ਰਤਿਸ਼ਠਿਤ ਅਤੇ ਪਤਵੰਤੇ ਸੱਜਣਾਂ ਦੀ ਹੀ ਰਹੀ। ਐਸ ਵੇਲੇ ਸਾਰੀ ਕੌਮ ਜਥੇਬੰਦੀ ਲਈ ਤਿਆਰ ਹੈ ਹਰ ਪਾਸਿਓਂ ਏਹੀ ਆਵਾਜ਼ਾਂ ਆ ਰਹੀਆਂ ਹਨ ਕਿ ਪੰਥ ਨੂੰ ਜਥੇਬੰਦੀ ਕਰ ਕੇ ਡੁਬਦੇ ਬੇੜੇ ਨੂੰ ਬਚਾ ਲਵੋ। ਪਰ ਉਲਟਾ ਕਰਨ ਵਾਲਿਆਂ ਨੂੰ ਆਖਿਆ ਜਾਂਦਾ ਹੈ ਕਿ ਇਹ ਫੁਟ ਪਾਉਂਦੇ ਹਨ। ਪਰ ਸੋਚੋ ਤਾਂ ਅਸਲ ਵਿਚ ਫੁਟ ਦਾ ਕਾਰਨ ਉਹ ਹਨ ਜਿਹੜੇ ਕੌਮ ਦੀ ਮਿਲਵੀਂ ਆਵਾਜ਼ ਦੀ ਰਤਾ ਵੀ ਪ੍ਰਵਾਹ ਨਹੀਂ ਕਰਦੇ। ਇਸ ਲਈ ਸਾਡੀ ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਕੌਮ ਦੀ ਮਰਜ਼ੀ ਅਨੁਸਾਰ ਸੁਧਾਰ ਕਰ ਲੈਣ ਤਾਂ ਚੀਫ਼ ਖਾਲਸਾ ਦੀਵਾਨ ਹੀ ਪੰਥ ਦਾ ਸ਼੍ਰੋਮਣੀ ਜਥਾ ਬਣ ਸਕਦਾ ਹੈ। ਜੇ ਹੁਣ ਚੀਫ਼ ਖਾਲਸਾ ਦੀਵਾਨ ਦੇ ਆਗੂ ਸਾਡੀਆਂ ਇਹ ਬੇਨਤੀਆਂ ਵੀ ਨਾ ਮੰਨਣ ਤਾਂ ਦਸੋ ਇਸ ਵਿਚ ਸਾਡਾ ਕੀ ਦੋਸ਼ ਹੈ। ਅਸੀਂ ਸਚੇ ਦਿਲੋਂ ਚਾਹੰਦੇ ਹਾਂ ਕਿ ਗੁਰੂ ਕਲਗੀਧਰ ਜੀ ਦੇ ਵੀਰ, ਸਕੇ ਭ੍ਰਾਵਾਂ ਵਾਂਗੂ ਮਿਲ ਕੇ ਗੁਰੂ ਜੀ ਦੇ ਉਚ ਆਸ਼ੇ ਅਨੁਸਾਰ ਕੌਮ ਦੀ ਨਿਸ਼ਕਾਮ ਸੇਵਾ ਕਰਨ। ਪਰ ਜੇ ਹੁਣ ਵੀ ਕੌਮ ਜਥੇਬੰਦ ਨਾ ਹੋਈ, ਜੇ ਹੁਣ ਵੀ ਇਸ ਦੁਖਦਾਈ ਫੁਟ ਦਾ ਨਾਸ ਨਾ ਹੋਇਆ ਤਾਂ ਇਸ ਪਾਪ ਦੇ ਭਾਗੀ ਉਹ ਲੋਕ ਹੋਣਗੇ ਜਿਹੜੇ ਹੁਣ ਕੌਮ ਦੀ ਆਵਾਜ਼ ਦੀ ਪ੍ਰਵਾਹ ਤਕ ਨਹੀਂ ਕਰਦੇ। ਸਾਨੂੰ ਆਸ਼ਾ ਹੈ ਕਿ ਸਾਰੇ ਕੌਮ ਦਾ ਦਰਦ ਰੱਖਣ ਵਾਲੇ ਇਸ ਵੇਲੇ ਖੁਲ੍ਹ ਦਿੱਲੀ, ਅਤੇ ਉਦਾਰਤਾ ਤੋਂ ਕੰਮ ਲੈਣਗੇ। ਸਾਡੀ ਸਚੇ ਦਿਲ ਨਾਲ ਪ੍ਰਾਰਥਨਾ ਹੈ ਕਿ ਹੇ ਕਲਗੀਆਂ ਵਾਲੇ, ਟੁਟੀਆਂ ਗੰਢਣ ਵਾਲੇ ਅਤੇ ਜੋੜ ਵਿਛੋੜਿਆਂ ਨੂੰ ਮੇਲਣ ਵਾਲੇ ਸਤਿਗੁਰੂ, ਇਸ ਵੇਲੇ ਆਪਣੇ ਸ਼ੇਰਾਂ ਨੂੰ ਵੀ ਆਪੋ ਵਿਚ ਮੇਲ ਕਰਨ ਦਾ ਦਾਨ ਬਖ਼ਸ਼ ਤਾਂ ਜੋ ਉਹ ਤੇਰੇ ਸਾਜੇ ਨਿਵਾਜੇ ਪੰਥ ਦੀ ਉਨਤੀ ਲਈ। ਤੇਰੇ ਉਚ ਆਸ਼ੇ ਅਨੁਸਾਰ ਮਨੁਖ ਮਾਤਰ ਦੀ ਸੇਵਾ ਕਰ ਸਕਣ।

ਅਕਾਲੀ ਲਾਹੌਰ, ੧੫ ਅਗਸਤ ੧੯੨੦

ਜਥੇਬੰਦੀ

ਇਹ ਵੇਖ ਕੇ ਸਾਨੂੰ ਬੜੀ ਖੁਸ਼ੀ ਹੋਈ ਹੈ ਕਿ ਸਾਡੀ ਜਥੇਬੰਦੀ ਸਬੰਧੀ ਚਿੱਠੀ ਦੇ ਉਤਰ ਵਿਚ ਸਾਰੇ ਪਾਸਿਆਂ ਤੋਂ ਧੜਾ ਧੜ ਚਿੱਠੀਆਂ ਆ ਰਹੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਸਾਡਾ ਪੰਥ ਇਸ ਜਥੇਬੰਦੀ ਦੇ ਘਾਟੇ ਨੂੰ ਬੜੇ ਦਰਦ ਨਾਲ ਅਨੁਭਵ ਕਰ ਰਿਹਾ ਹੈ। ਚਿੱਠੀਆਂ ਦੀ ਗਿਣਤੀ, ਜਥੇਬੰਦੀ ਲਈ ਦਿਲੀ ਚਾਹ, ਅਤੇ ਕਈ ਅਮਲੀ ਤਜਵੀਜ਼ਾਂ ਤੋਂ ਪਤਾ ਲਗਦਾ ਹੈ ਕਿ ਪੰਥ ਦੀ ਜਥੇਬੰਦੀ ਹੁਣ ਹੋ ਕੇ ਰਹੇਗੀ। ਜਿਨ੍ਹਾਂ ਸੱਜਣਾਂ ਨੇ ਅੱਜ ਤੀਕ ਉਤਰ ਦੇਣ ਦੀ ਖੇਚਲ ਕੀਤੀ ਹੈ ਅਸੀਂ ਉਨ੍ਹਾਂ ਦੇ ਸਚੇ ਦਿਲੋਂ ਧੰਨਵਾਦੀ ਹਾਂ ਅਤੇ ਜਿਹੜੇ ਸੱਜਣ ਅਜੇ-ਘੌਲ ਕਰ ਰਹੇ ਹਨ ਉਨ੍ਹਾਂ ਦੀ ਸੇਵਾ ਵਿਚ ਅਸੀਂ ਫਿਰ ਬੇਨਤੀ ਕਰਦੇ ਹਾਂ ਕਿ ਉਹ ਛੇਤੀ ਹੀ ਆਪਣੀ ਰਾਇ ਦੇ ਕੇ ਇਸ ਵੇਲੇ ਪੰਥ ਦੇ ਵਿਗੜੇ ਹੋਏ ਕੰਮ ਨੂੰ ਸਵਾਰਨ ਲਈ ਲਗਦੀ ਵਾਹ ਮਦਦ ਦੇਣ।

ਅਸੀਂ ਅਜ ਤੋਂ ਜਥੇਬੰਦੀ ਸਬੰਧੀ ਤਜਵੀਜ਼ਾਂ ਅਤੇ ਚਿੱਠੀਆਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਆਸ਼ਾ ਕਰਦੇ ਹਾਂ ਕਿ ਪੰਥ ਦੇ ਮੁਖੀਏ ਅਤੇ ਪ੍ਰਤਿਸ਼ਠਿਤ ਸੱਜਣ ਇਸ ਪਾਸੇ ਧਿਆਨ ਦੇਣ ਦੀ ਖੇਚਲ ਕਰਨਗੇ। ਖ਼ਾਸ ਕਰ ਵਡੇ ਵਡੇ ਜਥਿਆਂ ਦੇ ਪਰਬੰਧਕਾਂ ਨੂੰ ਆਪਣੀਆਂ ਆਪਣੀਆਂ ਰਾਵਾਂ ਜ਼ਰੂਰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਸਾਰਿਆਂ ਪਾਸਿਆਂ ਦੀਆਂ ਭਿੰਨ ਭਿੰਨ ਤਜਵੀਜ਼ਾਂ ਤੇ ਵਿਚਾਰ ਹੋ ਸਕੇ।

ਕਈ ਚੰਗੇ ਚੰਗੇ ਪੜ੍ਹੇ ਲਿਖੇ ਵਿਚਾਰ ਵਾਲੇ ਸੱਜਣ ਸਾਡੇ ਤੇ ਇਹ ਦੋਸ਼ ਲਾਉਂਦੇ ਹਨ ਕਿ ਅਸੀਂ ਚੀਫ਼ ਖਾਲਸਾ

ਦੀਵਾਨ ਨੂੰ ਤੋੜਨਾ ਚਾਹੁੰਦੇ ਹਾਂ। ਕਿਉਂਕਿ ਅਸੀਂ ਚੀਫ਼ ਖਾਲਸਾ ਦੀਵਾਨ ਵਿਚ ਔਗਣ ਦਸ ਕੇ ਬੇਨਤੀ ਕਰਦੇ ਹਾਂ ਕਿ ਏਨ੍ਹਾਂ ਥੁੜਾਂ ਨੂੰ ਦੂਰ ਕਰ ਕੇ ਦੀਵਾਨ ਬਹੁਤਾ ਬਲਵਾਨ ਬਣਾਨਾ ਚਾਹੀਦਾ ਹੈ ਤਾਂ ਕਿ ਪੰਥ ਦੇ ਹੱਕਾਂ ਦੀ ਰਾਖੀ ਚੰਗੀ ਤਰ੍ਹਾਂ ਕਰ ਸਕੇ। ਓਏ ਭੋਲਿਓ! ਕੀ ਇਹ ਤੋੜਨ ਭੰਨਣ ਦਾ ਵਤੀਰਾ ਹੈ? ਅਸੀਂ ਤਾਂ ਆਖਦੇ ਹਾਂ ਬੀਮਾਰੀਆਂ ਦਾ ਇਲਾਜ ਕਰੋ ਤਾਂ ਕਿ ਸ੍ਰੀਰ ਨਿਰੋਯਾ ਬਣਿਆ ਰਹੇ।

ਦੂਜੇ ਅਸੀਂ ਇਹ ਚਾਹੁੰਦੇ ਹਾਂ ਕਿ 'ਜਿਸ ਦਾ ਕੰਮ ਉਸੇ ਨੂੰ ਸਾਜੇ ਔਰ ਕਰੇ ਤਾਂ ਠੀਸਾ ਬਾਜੇ' ਦੇ ਅਨੁਸਾਰ ਤਰਖਾਣ ਦਾ ਕੰਮ ਤਰਖਾਣ ਨੂੰ ਦਿਓ, ਸੁਨਿਆਰੇ ਦਾ ਸੁਨਿਆਰੇ ਨੂੰ ਅਤੇ ਮੋਚੀ ਦਾ ਮੋਚੀ ਨੂੰ। ਸਾਰੇ ਕੰਮਾਂ ਨੂੰ ਜੱਫਾ ਮਾਰਨਾ ਮਹਾਂ ਭੁਲ ਹੈ। ਇਹੋ ਹੀ ਕਾਰਨ ਹੈ ਕਿ ਜਦੋਂ ਅਸੀਂ ਵਿਦਿਅਕ ਉਨਤੀ ਵਲ ਲਗੇ ਤਾਂ ਧਾਰਮਿਕ ਪ੍ਰਚਾਰ ਦਾ ਕਿਸੇ ਨੇ ਖ਼ਿਆਲ ਹੀ ਨਾ ਕੀਤਾ। ਇਸੇ ਖਤਰੇ ਨੂੰ ਨਜ਼ਰ ਹੇਠਾਂ ਰੱਖ ਕੇ ਪਿਛਲੀ ਵਿਦਿਅਕ ਕਾਨਫਰੰਸ ਦੇ ਪ੍ਰਧਾਨ ਨੇ ਪੰਥ ਦਾ ਧਿਆਨ ਦਵਾਇਆ ਸੀ ਕਿ ਕਿਤੇ ਰਾਜਸੀ ਕੰਮਾਂ ਵਿਚ ਪੈ ਕੇ ਵਿਦਿਅਕ ਕੰਮਾਂ ਨੂੰ ਭੁਲ ਹੀ ਨਾ ਜਾਣਾ। ਇਹ ਕਿਸੇ ਹਦ ਤਕ ਠੀਕ ਹੈ ਕਿਉਂਕਿ ਸਾਡੇ ਵਿਚ ਰਾਜਸੀ, ਵਿਦਿਅਕ, ਅਤੇ ਧਾਰਮਿਕ ਕੰਮ ਵਖੋ ਵਖਰੇ ਜਥਿਆਂ ਨੂੰ ਨਹੀਂ ਸੌਂਪਿਆ ਗਿਆ। ਅਸੀਂ ਚਾਹੁੰਦੇ ਹਾਂ ਕਿ ਵਖੋ ਵੱਖਰਾ ਕੰਮ ਵਖੋ ਵਖਰੇ ਜਥੇ ਕਰਨ ਤਾਂ ਜੋ ਸਾਰੇ ਹੀ ਕੰਮ ਚੰਗੀ ਤਰ੍ਹਾਂ ਚਲਦੇ ਰਹਿਣ। ਕੀ ਇਹ ਤੋੜਨ ਭੰਨਣ ਦਾ ਵਤੀਰਾ ਹੈ?

ਤੀਜੇ ਅਸੀਂ ਆਖਦੇ ਹਾਂ ਕਿ ਜਦੋਂ ਹਿੰਦੂ ਮੁਸਲਮਾਨ ਆਪਸ ਵਿਚ ਮਿਲ ਰਹੇ ਹਨ ਜਦੋਂ ਭੰਗੀਆਂ ਤਕ ਵੀ ਅਤੇ ਮਾਮੂਲੀ ਤੋਂ ਮਾਮੂਲੀ ਮਜ਼ੂਰਾਂ ਦੇ ਫਿਰਕੇ ਆਪਸ ਵਿਚ ਰਲ ਕੇ ਜਥੇਬੰਦ ਹੋ ਕੇ ਕੰਮ ਨਜਿਠਣ ਲੱਗ ਪਏ ਹਨ ਤਾਂ ਕੀ ਖਾਲਸਾ ਪੰਥ ਵਿੱਚੋਂ ਫੁਟ ਨੂੰ ਕੱਢਣ ਦਾ ਉਪਰਾਲਾ ਨਹੀਂ ਸੋਚਣਾ ਚਾਹੀਦਾ ਹੈ। ਇਸ ਉਪਰਾਲੇ ਨੂੰ ਫੁਟ-ਫੁਟ ਆਖ ਕੇ ਰੌਲਾ ਪਾਉਣ ਵਾਲੇ ਪੰਥ ਦੇ ਵੈਰੀ ਹਨ। ਆਓ ਸਾਰੇ ਗੁਰ ਭਾਈਆਂ ਅਤੇ ਵੀਰਾਂ ਵਾਂਗੂੰ ਮਿਲ ਕੇ ਕੰਮ ਕਰੀਏ। ਜਦੋਂ ਅਸੀਂ ਨਿਸ਼ਕਾਮ ਸੇਵਾ ਹੀ ਕਰਨੀ ਹੈ ਤਾਂ ਫੇਰ ਝਗੜਾ ਬਖੇੜਾ ਕਾਹਦਾ। ਆਓ ਜਿਹੜਾ ਜ਼ੋਰ ਬੇਫਾਇਦਾ ਅਸੀਂ ਇਕ ਦੂਜੇ ਨੂੰ ਬੁਰਾ ਭਲਾ ਆਖਣ ਵਿਚ ਲਾ ਰਹੇ ਹਾਂ ਉਹੋ ਹੀ ਸਮਾਂ ਉਹੋ ਹੀ ਜ਼ੋਰ ਪੰਥ ਸੇਵਾ ਵਿਚ ਲਾਈਏ। ਕੀ ਇਹ ਤੋੜਨ ਭੰਨਣ ਦਾ ਵਤੀਰਾ ਹੈ? ਨਹੀਂ ਵੀਰ ਜੀ ਸਾਡੀ ਦਿਲੀ ਚਾਹ ਹੈ ਕਿ ਗੁਰੂ ਪੰਥ ਇਸ ਨਾਜ਼ਕ ਸਮੇਂ ਜ਼ਰੂਰ ਇਕ ਮੁਠ ਹੋ ਜਾਵੇ। ਜਿਨਾਂ ਨੇ ਪਿਛੇ ਭੁਲਾਂ ਕੀਤੀਆਂ ਹਨ, ਉਹ ਸਾਧ ਸੰਗਤ ਕੋਲੋਂ ਮਾਫ਼ੀ ਮੰਗਣ ਅਤੇ ਸਾਧ ਸੰਗਤ ਹੁਣ ਉਨ੍ਹਾਂ ਨੂੰ ਮਾਫ਼ੀ ਦੇਵੇ ਤੇ ਅੱਗੇ ਨੂੰ ਕੌਮੀ ਸੇਵਾ ਵਿਚ ਸਾਰੇ ਵੀਰ ਲੱਕ ਬੰਨ੍ਹਕੇ ਜੁਟ ਪੈਣ।

ਜਥੇਬੰਦੀ

ਪੰਥ ਪਿਆਰਿਆਂ ਦੀਆਂ ਰਾਵਾਂ

(ਸਰਦਾਰ ਜੋਗਿੰਦਰ ਸਿੰਘ ਜੀ ਰਈਸ, ਐਰਾ
ਐਰਾਹਾਲਮ ਸ਼ਿਮਲਾ)
੩ ਅਗਸਤ ੧੯੨੦

ਪਿਆਰੇ ਵੀਰ ਜੀ,

ਸਿੱਖ ਪੰਥ ਦੀ ਜਥੇਬੰਦੀ ਸਬੰਧੀ ਆਪ ਦੀ ੨੭ ਜੁਲਾਈ ਦੀ ਚਿੱਠੀ ਮਿਲੀ। ਮੇਰੇ ਖ਼ਿਆਲ ਵਿਚ ਸਾਰੀਆਂ ਜਥੇਬੰਦੀਆਂ ਪਹਿਲਾਂ ਮੁਢ ਤੋਂ ਸ਼ੁਰੂ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਦੀ ਨੀਂਹ ਸਾਨੂੰ ਪਿੰਡਾਂ ਵਿਚ ਰੱਖਣੀ ਜੋਗ ਹੈ। ਜਦੋਂ ਤਾਈਂ ਅਸੀਂ ਇਹ ਨਹੀਂ ਕਰ ਲੈਂਦੇ, ਮੈਨੂੰ ਡਰ ਹੈ ਕਿ ਉਦੋਂ ਤਾਂਈਂ ਸਾਡੀਆਂ ਜਥੇਬੰਦੀਆਂ ਸਥਿਰ ਨਹੀਂ ਹੋ ਸਕਦੀਆਂ। ਸਾਡਾ ਸਾਰਿਆਂ ਤੋਂ ਜ਼ਰੂਰੀ ਕੰਮ ਵਿਦਿਆ ਦਾ ਪ੍ਰਚਾਰ ਕਰਨਾ ਹੈ ਅਤੇ ਇਹ ਕੰਮ ਵੀ ਪਿੰਡਾਂ ਵਿੱਚੋਂ ਹੀ ਆਰੰਭ ਹੋਣਾ ਚਾਹੀਦਾ ਹੈ। ਹਰ ਇਕ ਪਿੰਡ ਵਿਚ ਇਕ ਸਭਾ ਹੋਵੇ ਅਤੇ ਇਹ ਸਭਾ ਤਸੀਲ ਵਾਲੀ ਸਭਾ ਨਾਲ ਸਬੰਧਤ ਹੋਵੇ। ਤਸੀਲ ਦੀ ਸਭਾ ਜ਼ਿਲ੍ਹੇ ਦੀ ਸਭਾ ਨਾਲ ਸਬੰਧਤ ਹੋਵੇ ਅਤੇ ਫੇਰ ਸਾਰਿਆਂ ਜ਼ਿਲ੍ਹਿਆਂ ਦੀਆਂ ਸਭਾਵਾਂ ਚੀਫ਼ ਖਾਲਸਾ ਦੀਵਾਨ ਨਾਲ ਸਬੰਧਤ ਹੋਣ। ਨਵਾਂ ਜਥਾ ਬਣਾਉਣ ਦਾ ਕੋਈ ਵੱਡਾ ਲਾਭ ਨਹੀਂ, ਲੋੜ ਹੈ ਅਜਿਹੇ ਆਦਮੀਆਂ ਦੀ ਜੋ ਜਥਿਆਂ ਵਿਚ ਰੂਹ ਭਰ ਦੇਣ ਅਤੇ ਜੇ ਕਰ ਅਸੀਂ ਸਾਰੇ ਮਿਲ ਕੇ ਚੀਫ਼ ਖਾਲਸਾ ਦੀਵਾਨ ਨੂੰ ਇਕ ਠੀਕ

ਹੀ ਜੀਉਂਦਾ ਜਾਗਦਾ ਜਥਾ ਬਣਾ ਦੇਈਏ ਜਿਸ ਨਾਲ ਸਾਰਿਆਂ ਪਿੰਡਾਂ ਅਤੇ ਸ਼ਹਿਰਾਂ ਦੀਆਂ ਸਭਾਵਾਂ ਸਬੰਧਤ ਹੋਣ ਤਾਂ ਮੈਨੂੰ ਨਿਸਚਾ ਹੈ ਕਿ ਅਸੀਂ ਦੂਜੀਆਂ ਕੌਮਾਂ ਨਾਲੋਂ ਛੇਤੀ ਹੀ ਆਪਣੀ ਮਦਦ ਆਪ ਕਰ ਕੇ ਆਪਣੇ ਉਚ ਆਸ਼ੇ ਤੇ ਪਹੁੰਚ ਸਕਦੇ ਹਾਂ ਅਤੇ ਹੋਰ ਤਰ੍ਹਾਂ ਯਤਨ ਕਰਨਾ ਨਿਸਫਲ ਹੋਵੇਗਾ ।

(ਸਰਦਾਰ ਮੋਹਣ ਸਿੰਘ ਜੀ ਰਈਸ ਆਜ਼ਮ, ਰਾਵਲਪਿੰਡੀ)

ਰੋਜ਼ਨ ਵਿਕ ਮਰੀ ।

ਸ੍ਰੀ ਮਾਨ ਜੀ ।

ਆਪ ਦਾ ਸਰਕੂਲਰ ੨੭ ਜੁਲਾਈ ਦਾ ਪੁਜਾ ਹੈ । ਉਤਰ ਵਿਚ ਬਿਨੈ ਹੈ ਕਿ ਅਗਰ ਚੀਫ਼ ਖਾਲਸਾ ਦੀਵਾਨ ਦਾ ਹੀ ਸੁਧਾਰ ਕੀਤਾ ਜਾਵੇ ਤਾਂ ਕੌਮ ਦਾ ਫਾਇਦਾ ਹੈ ਆਪ ਦੀ ਆਗਿਆ ਅਨੁਸਾਰ ਆਪਣੀ ਤੁਛ ਰਾਏ ਭੇਜਦਾ ਹਾਂ । ਦਾਸ : ਮੋਹਨ ਸਿੰਘ

(ਸਰਦਾਰ ਅਭੈ ਸਿੰਘ ਜੀ ਬੀ. ਏ. ਬੀ. ਟੀ. ਹੈਡ ਮਾਸਟਰ)

ਪਿਆਰੇ ਸਰਦਾਰ ਮੰਗਲ ਸਿੰਘ ਜੀ !

"ਚੀਫ਼ ਖਾਲਸਾ ਦੀਵਾਨ ਦੇ ਸੁਧਾਰ ਲਈ ਪਿਛਲੀ ਛੇ ਸਾਲ ਤੋਂ ਨਿਗਰ ਕੋਸ਼ਿਸ਼ਾਂ ਹੋਈਆਂ, ਜੋ ਸਾਰੀਆਂ ਨਿਸਫ਼ਲ ਹੋਈਆਂ । ਸਿੱਖ ਰੀਵੀਊ ਦਿਲੀ ਨੇ ਇਸ ਪਾਸੇ ਬਹੁਤ ਜ਼ੋਰ ਲਾਇਆ । ਜਦ ਕਦੀ ਰੌਲਾ ਵਧਦਾ ਵੇਖਿਆ, ਚੀਫ਼ ਖਾਲਸਾ ਦੀਵਾਨ ਨੇ ਗਵਰਨਮੈਂਟ ਆਫ਼ ਇੰਡੀਆ ਵਾਕਨ ਆਪਣੀ ਕੋਈ ਨਾ ਕੋਈ ਸਬ ਕਮੇਟੀ ਰੂਲਜ਼ ਵਿਚ ਤਬਦੀਲੀਆਂ ਦੇ ਵਿਚਾਰ ਲਈ ਮੁਕਰਰ ਕਰ ਦਿੱਤੀ । ਇਨ੍ਹਾਂ ਸਬ ਕਮੇਟੀਆਂ ਦਾ ਨਤੀਜਾ 'ਉਹੀ ਢਾਕ ਕੇ ਤੀਨ ਪਾਤ' ਨਿਕਲਦਾ ਰਿਹਾ ।

ਚੀਫ਼ ਖਾਲਸਾ ਦੀਵਾਨ ਦੇ ਰੂਲਜ਼ ਹੀ ਐਸੇ ਹਨ ਕਿ ਉਹ ਪਾਰਟੀ ਜਥਾ ਹੈ, ਪ੍ਰਤੀਨਿਧ ਜਥਾ ਨਹੀਂ ਹੋ ਸਕਦਾ। ਰੁਪਿਆ ਅਸਾਡਾ ਉਨ੍ਹਾਂ ਪਾਸ ਲੱਖਾਂ ਦੀ ਗਿਣਤੀ ਵਿਚ ਹੈ ਇਸ ਲਈ ਉਹਨਾਂ ਨੂੰ ਭੁਖੇ ਰਹਿਣ ਦਾ ਕੋਈ ਖ਼ਦਸ਼ਾ ਨਹੀਂ । ਉਸ ਰੁਪਏ ਦੇ ਸੂਦ ਨਾਲ ਚੀਫ਼ ਖਾਲਸਾ ਦੀਵਾਨ ਦਾ ਦਫ਼ਤਰ ਹਮੇਸ਼ਾਂ ਚਲਦਾ ਰਹੇਗਾ ।

ਪ੍ਰਤੀਨਿਧ ਜਥੇ ਦੀ ਲੋੜ ਹੈ ਅਰ ਉਹ ਹੋਰ ਕੋਈ ਨਵਾਂ ਜਥਾ ਹੋਣਾ ਚਾਹੀਦਾ ਹੈ ।

ਆਪ ਦਾ ਪਿਆਰਾ ਮਿਤਰ

ਅਭੈ ਸਿੰਘ

ਅਕਾਲੀ ਲਾਹੌਰ, ੧੬ ਅਗਸਤ ੧੯੨੦

ਜਥੇਬੰਦੀ

(ਵੱਲੋਂ ਪ੍ਰੋਫ਼ੈਸਰ ਤੇਜਾ ਸਿੰਘ ਜੀ ਐਮ. ਏ., ਖਾਲਸਾ ਕਾਲਜ, ਅੰਮ੍ਰਿਤਸਰ)

ਸ੍ਰੀਮਾਨ ਕ੍ਰਿਪਾਲੂ ਜੀ,

ਆਪ ਦੀ ਜਥੇਬੰਦੀ ਦੇ ਸਬੰਧ ਵਿਚ ਚਿੱਠੀ ਮਿਲੀ । ਮੇਰੇ ਖ਼ਿਆਲ ਵਿਚ ਚੀਫ਼ ਖਾਲਸਾ ਦੀਵਾਨ ਦੇ ਸੁਧਾਰ ਲਈ ਹੇਠ ਲਿਖਿਆ ਯਤਨ ਹੋਣਾ ਚਾਹੀਦਾ ਹੈ :-

(੧) ਪੰਥ ਦਾ ਇਕ ਵੱਡਾ ਪ੍ਰਤੀਨਿਧ ਇਕੱਠ ਕਰਨਾ ਚਾਹੀਦਾ ਹੈ ।

(੨) ਇਸ ਵਿਚ ਕੇਵਲ ਇਹ ਸੱਜਣ ਬੁਲਾਏ ਜਾਣੇ ਚਾਹੀਦੇ ਹਨ :-

(ੳ) ਸਾਰੀਆਂ ਸਿੰਘ ਸਭਾਵਾਂ ਦੇ ਸਕਤਰ ਜਾਂ ਪ੍ਰੈਜੀਡੈਂਟ ।

(ਅ) ਪ੍ਰਚਾਰਕ, ਜੋ ਪੰਥ ਵਿਚ ਧਰਮ ਦਾ ਪ੍ਰਚਾਰ ਕਰਦੇ ਰਹੇ ਜਾਂ ਕਰ ਰਹੇ ਹਨ।

(ੲ) ਚੀਫ਼ ਖਾਲਸਾ ਦੀਵਾਨ ਦੇ ਸਾਰੇ ਮੈਂਬਰ (ਖ਼ਾਸ ਕਰ ਕੇ) ।

(ਸ) ਸਿੱਖ ਲੀਗ ਦੇ ਸਾਰੇ ਮੈਂਬਰ (ਖ਼ਾਸ ਕਰ ਕੇ) ।

(ਹ) ਸਕੂਲਾਂ, ਆਸ਼ਰਮਾਂ ਦੇ ਮੈਨੇਜਰ ਜਾਂ ਸਕੱਤਰ ।

(ਕ) ਹੋਰ ਵੀਹ ਤੀਹ ਆਦਮੀ ਮਸਲਨ ਗੁਰਦੁਆਰਿਆਂ ਵਿਚ ਕੰਮ ਕਰਨ ਵਾਲੇ ਜਾਂ ਸਰਦਾਰ ਜੋਗਿੰਦਰ ਸਿੰਘ ਜੀ ਵਾਕਰ ਜੋ ਜਥਿਆਂ ਤੋਂ ਅਡ ਰਹਿੰਦੇ ਹਨ।

(੩) ਇਸ ਜੋੜ ਮੇਲੇ ਦੇ ਬੁਲਾਉਣ ਵਾਲੇ ਪੰਜ ਇਹੋ ਜਿਹੇ ਸੱਜਣ ਹੋਣੇ ਚਾਹੀਦੇ ਹਨ, ਜਿਨ੍ਹਾਂ ਉਤੇ ਸਾਰੀਆਂ ਧਿਰਾਂ ਨੂੰ ਇਤਬਾਰ ਹੋਵੇ। ਜਿਵੇਂ :-

(ੳ) ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆਂ।

(ਅ) ਭਾਈ ਤੇਜਾ ਸਿੰਘ ਜੀ ਐਮ. ਏ. ਪ੍ਰਿੰਸੀਪਲ ਮਸਤੂਆਣਾ ਕਾਲਜ।

(ੲ) ਸਰਦਾਰ ਨਰੈਣ ਸਿੰਘ ਜੀ, ਸਕੱਤਰ ਖਾਲਸਾ ਕਾਲਜ, ਗੁਜਰਾਂਵਾਲਾ।

(ਸ) ਭਾਈ ਜੋਧ ਸਿੰਘ ਜੀ, ਐਮ. ਏ. ਪ੍ਰਿੰਸੀਪਲ, ਗੁਜਰਾਂਵਾਲਾ।

(ੲ) ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲੇ।

(੪) ਜੋੜ ਮੇਲੇ ਜਿਸ ਵੇਲੇ ਇਕੱਠਾ ਹੋਵੇ, ਤਦ ਇਕ ਦਿਨ ਪੂਰਾ ਚੰਗੀ ਤਰ੍ਹਾਂ ਦਿਲ ਖੋਲ੍ਹ ਕੇ ਮੌਜੂਦਾ ਜਥੇਬੰਦੀ ਦੇ ਘਾਟਿਆਂ ਉਤੇ ਵਿਚਾਰ ਹੋਵੇ। ਉਸ ਬਹਿਸ ਮਗਰੋਂ ਉਸੇ ਦਿਨ ਪੰਜ ਸੱਜਣਾਂ ਦੀ ਸਬ ਕਮੇਟੀ ਬਣਾਈ ਜਾਵੇ, ਜੋ ਦੂਜੇ ਦਿਨ ਦੇ ਮੀਟਿੰਗ ਵਿਚ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਤਰਮੀਮਾਂ ਪੇਸ਼ ਕਰਨ। ਜੋੜ ਮੇਲੇ ਨੂੰ ਪੂਰਾ ਅਖ਼ਤਿਆਰ ਹੋਵੇਗਾ ਕਿ ਇਨ੍ਹਾਂ ਤਰਮੀਮਾਂ ਤੋਂ ਬਿਨਾਂ ਹੋਰ ਭੀ ਤਰਮੀਮਾਂ ਪਾਸ ਕਰ ਲੈਣ ਜਾਂ ਇਨ੍ਹਾਂ ਤਰਮੀਮਾਂ ਵਿੱਚੋਂ ਇਕ ਦੋ ਨੂੰ ਜਾਂ ਸਾਰੀਆਂ ਨੂੰ ਰਦ ਕਰ ਦੇਣ।

(੫) ਮੇਰੇ ਖ਼ਿਆਲ ਵਿਚ ਹੇਠ ਲਿਖੀਆਂ ਤਰਮੀਮਾਂ ਦੀਵਾਨ ਮੰਨ ਲਵੇ ਤਾਂ ਦੀਵਾਨ ਪ੍ਰਤੀਨਿਧ ਜਥਾ ਬਣ ਸਕਦਾ ਹੈ :-

(ੳ) ਮਨੋਰਥ ਨੰ: ੪ (ਪੁਲੀਟੀਕਲ ਕੰਮ) ਆਪਣੇ ਰੂਲਾਂ ਵਿੱਚੋਂ ਕੱਢ ਦੇਵੇ ਅਤੇ ਨਿਰੋਲ ਧਾਰਮਿਕ ਅਤੇ ਵਿਦਿਅਕ ਜਥਾ ਰਹੇ।

(ਅ) ਸਿੰਘ ਸਭਾਵਾਂ ਦੇ ਚੁਣੇ ਹੋਏ ਪ੍ਰਤੀਨਿਧ ੮੫ ਹੋਣ ਅਤੇ ਬਾਕੀ ਦੇ ੧੫ ਮਿੰਬਰ ਦੀਵਾਨ ਦੀ ਜਨਰਲ ਕਮੇਟੀ ਪੰਥ ਦੇ ਵਿਦਵਾਨ ਅਤੇ ਲਾਇਕ ਸੱਜਣਾਂ ਵਿੱਚੋਂ ਚੁਣ ਲਵੇ। ਜੇ ਵਿਦਿਅਕ ਕਮੇਟੀ ਦੀਵਾਨ ਦੀ ਕਮੇਟੀ ਰਹਿਣੀ ਹੋਵੇ (ਜੋ ਦੀਵਾਨ ਦੇ ਪ੍ਰਤੀਨਿਧ ਹੋਣ ਦੀ ਹਾਲਤ ਵਿਚ ਮਾਨੀ ਨਹੀਂ) ਤਾਂ ਆਸ਼ਰਮਾਂ ਅਤੇ ਗ੍ਰੈਜੂਏਟਾਂ ਦਾ ਖ਼ਾਸ ਹਿੱਸਾ ਬੰਨ੍ਹ ਦੇਣਾ ਚਾਹੀਏ।

(ੲ) ਜਿਨਾਂ ਮਿੰਬਰਾਂ ਨੂੰ ਸਭਾਵਾਂ ਜਾਂ ਹੋਰ (Electorate) ਚੁਣ ਕੇ ਭੇਜੇ ਉਨ੍ਹਾਂ ਨੂੰ ਮੈਂਬਰ ਬਣਨ ਵਿਚ ਦੀਵਾਨ ਵੱਲੋਂ ਕਿਸੇ ਪ੍ਰਵਾਨਗੀ ਦੀ ਲੋੜ ਨ ਹੋਵੇ। ਹਾਂ ਖ਼ਾਸ ਕਾਰਨਾਂ ਕਰ ਕੇ ਮੈਂਬਰੀ ਤੋਂ ਖਾਰਜ ਕਰਨ ਦਾ ਅਧਿਕਾਰ ਦੀਵਾਨ ਨੂੰ ਹੋਣਾ ਚਾਹੀਦਾ ਹੈ। ਮਸਲਨ ਪਤਿਤ ਹੋ ਜਾਣ ਦੀ ਹਾਲਤ ਵਿਚ, ਜਾਂ ਚੰਦਾ ਨਾ ਦੇਣ ਦੀ ਹਾਲਤ ਵਿਚ।

(ਸ) ਸਭਾਵਾਂ ਆਦਿ ਦੇ ਪ੍ਰਤੀਨਿਧਾਂ ਦਾ ਜੋੜ ਮੇਲ ਤੇ ਹਾਜ਼ਰ ਹੋਣ ਦਾ ਕਰਾਇਆ ਸਫ਼ਰ ਸਭਾ ਆਦਿਕ ਦੇਵੇ। ਇਸ ਤੋਂ ਬਿਨਾਂ ਮੈਂਬਰ ਹਾਜ਼ਰ ਨਹੀਂ ਹੋਣਗੇ। ਮੈਂਬਰੀ ਨੂੰ ਬੋਝ ਖ਼ਿਆਲ ਕਰਨਗੇ ਅਤੇ ਫੇਰ ਦੀਵਾਨ ਥੋੜ੍ਹੇ ਜਿਹੇ ਸੱਜਣਾਂ ਦੇ ਹੱਥਾਂ ਵਿਚ ਚਲਾ ਜਾਵੇਗਾ।

(ਹ) ਦਾਖਲੇ ਦਾ ਫ਼ਾਰਮ ਇਕੋ ਹੋਵੇ, ਜਿਸ ਵਿਚ ਅੰਮ੍ਰਿਤ ਛਕਣਾ, ਰਹਿਤ ਰਖਣੀ, ਅਤੇ ਗੁਰਮਰਯਾਦਾ ਕਰਨੀ ਜ਼ਰੂਰੀ ਦੱਸਿਆ ਹੋਵੇ। ਇਹੋ ਫ਼ਾਰਮ ਸਿੰਘ ਸਭਾਵਾਂ ਦੇ ਦਾਖ਼ਲੇ ਦਾ ਹੋਵੇ।

(ਕ) ਸਾਰੀਆਂ ਸਭਾਵਾਂ ਦੇ ਰੂਲ ਇਕੋ ਹੋਣ ਅਤੇ ਦੀਵਾਨ ਦੀ ਮਨਜ਼ੂਰੀ ਨਾਲ ਅਦਲਾ ਬਦਲੀ ਹੋ ਸਕੇ।

(ਖ) ਸਾਰੀਆਂ ਸਭਾਵਾਂ ਦੇ ਪ੍ਰਤਿਨਿਧ ਇਕ ਇਕ ਨਾ ਹੋਣ। ਕਈ ਸਭਾਵਾਂ ਜੋ ਬਹੁਤ ਵੱਡੀਆਂ ਹਨ ਅਤੇ ਕੰਮ ਬਹੁਤ ਕਰ ਰਹੀਆਂ ਹਨ, ਉਨ੍ਹਾਂ ਨੂੰ ਇਕ ਤੋਂ ਵੱਧ ਕੇ ਪ੍ਰਤਿਨਿਧ ਭੇਜਣ ਦਾ ਅਧਿਕਾਰ ਦਿੱਤਾ ਜਾਵੇ। ਪਰ ਕੇਵਲ ਇਸ ਸ਼ਰਤ ਉਤੇ ਕਿ ਉਹ ਸਭਾ ਇਕ ਤੋਂ ਵੱਧ ਪ੍ਰਤੀਨਿਧ ਭੇਜਣ ਦੇ ਹੱਕ ਲਈ ਦਰਖ਼ਾਸਤ ਕਰੇ।

(ਗ) ਦੀਵਾਨ ਦਾ ਦਫ਼ਤਰ ਅਤੇ ਦੀਵਾਨ ਦੇ ਜੋੜ ਮੇਲਾਂ ਦੀ ਥਾਂ ਇਕ ਸੁਤੰਤਰ ਥਾਂ ਉਤੇ ਹੋਵੇ, ਕਿਸੇ ਇਕ ਮੈਂਬ੍ਰ ਦੇ ਘਰ ਵਿਚ ਨਾ ਹੋਵੇ, ਇਹ ਦੀਵਾਨ ਦਾ ਆਪਣਾ ਮਕਾਨ ਹੋਣ ਨਾਲ ਹੀ ਹੋ ਸਕਦਾ ਹੈ। ਇਹ ਦਾ ਨਤੀਜਾ ਇਹ ਨਿਕਲੇਗਾ ਕਿ ਸਕੱਤਰ ਸਦਾ ਇਕੋ ਥਾਂ ਦਾ ਹੋਇਆ ਕਰੇਗਾ। ਜਾਂ ਸਕੱਤਰ ਤਨਖ਼ਾਹਦਾਰ ਹੋਇਆ ਕਰੇਗਾ।

ਤਨਖ਼ਾਹਦਾਰ ਸਕੱਤਰ ਰੱਖਣਾ ਅੱਜ ਕਲ੍ਹ ਉਚਿਤ ਨਹੀਂ ਕਿਉਂਕਿ ਅਜਿਹਾ ਆਦਮੀ ਯੋਗ ਮਿਲਣਾ ਕਠਿਨ ਹੈ। ਮਕਾਨ ਕਰਾਏ ਉਤੇ ਲੈ ਕੇ ਕੰਮ ਹੋ ਸਕਦਾ ਹੈ।

(੬) ਦੀਵਾਨ ਵਿਚ ਜੋ ਘਾਟੇ ਹਨ, ਉਨ੍ਹਾਂ ਦਾ ਬਹੁਤ ਸਾਰ ਕਾਰਨ ਸਿੰਘ ਸਭਾਵਾਂ ਦਾ ਕਮਜ਼ੋਰ ਹੋਣਾ ਭੀ ਹੈ। ਇਸ ਲਈ ਨਾਲ ਹੀ ਦੀਵਾਨ ਦੇ ਸੁਧਾਰ ਦੇ, ਸਭਾਵਾਂ ਦਾ ਸੁਧਾਰ ਭੀ ਉਤਨਾ ਹੀ ਜ਼ਰੂਰੀ ਹੈ। ਇਸ ਕੰਮ ਦਾ ਉਪਰਾਲਾ ਭੀ ਉਸੇ ਜੋੜ ਮੇਲ ਵਿਚ ਹੋਣਾ ਚਾਹੀਏ। •

ਵਲੋਂ ਹਜ਼ੂਰ ਅਬਚਲਾ ਨਗਰ ਸਾਹਿਬ !

ਸ੍ਰੀਮਾਨ ਜੀ

ਜੋ ਪੰਥ ਇਤਫ਼ਾਕ ਕਰੇਗਾ ਉਹ ਸਭ ਖਾਲਸੇ ਦੇ ਮਨਜ਼ੂਰ ਹੈ ਇਹ ਬਹੁਤ ਅਛੀ ਬਾਤ ਹੈ ਇਸ ਮੇਂ ਕੋਈ ਇਤਰਾਜ਼ ਨਹੀਂ।

(ਹਜ਼ੂਰ ਅਬਚਲ ਨਗਰ ਸਾਹਿਬ)

ਅਕਾਲੀ ਲਾਹੌਰ, ੧੮ ਅਗਸਤ ੧੯੨੦

ਜਥੇਬੰਦੀ

ਖਾਲਸਾ ਸੇਵਕ ਜਥਾ ਸਿਆਲਕੋਟ ਸ਼ਹਿਰ

ਸ੍ਰੀਮਾਨ ਜੀ

ਸਰਦਾਰ ਮੰਗਲ ਸਿੰਘ ਜੀ ਬੀ. ਏ., ਐਡੀਟਰ "ਅਕਾਲੀ" ਲਾਹੌਰ

ਆਪ ਦੀ ਚਿੱਠੀ ਪੁੱਜੀ ਜੋ ਖਾਲਸਾ ਸੇਵਕ ਜਥੇ ਦੀ ਜਨਰਲ ਕਮੇਟੀ ਦੇ ਪੇਸ਼ ਕੀਤੀ ਗਈ। ਵਿਚਾਰ ਹੋ ਕੇ ਹੇਠ ਲਿਖੀ ਤਜਵੀਜ਼ ਪੰਥ ਵਿਚ ਜਥੇਬੰਦੀ ਕਾਇਮ ਰੱਖਣ ਲਈ ਆਪ ਦੀ ਸੇਵਾ ਵਿਚ ਬੇਨਤੀ ਕਰਨੀ ਪ੍ਰਵਾਨ ਹੋਈ :-

੧. ਚੀਫ਼ ਖਾਲਸਾ ਦੀਵਾਨ, ਪੰਚ ਖਾਲਸਾ ਦੀਵਾਨ, ਸਿੰਘ ਸਭਾਵਾਂ, ਖਾਲਸਾ ਸਕੂਲਾਂ, ਸਿੱਖ ਰਿਆਸਤਾਂ, ਪ੍ਰਸਿਧ ਗੁਰਦੁਆਰਿਆਂ, ਸਿੱਖ ਲੀਗਾਂ, ਪੰਥਕ ਅਖ਼ਬਾਰਾਂ ਗ੍ਰੈਜੂਏਟਾਂ ਆਦਿਕਾਂ ਵਲੋਂ ਪੰਜ-ਪੰਜ ਪ੍ਰਤੀਨਿਧ ਚੁਣ ਲਏ ਜਾਵਨ। ਇਨ੍ਹਾਂ ਸਾਰੇ ਪ੍ਰਤੀਨਿਧਾਂ ਦਾ ਇਕ ਦੀਵਾਨ ਲਾਹੌਰ ਜਾਂ ਅੰਮ੍ਰਿਤਸਰ ਵਿਚ ਹੋਵੇ। ਇਸ ਵਿਚ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਤਬਦੀਲੀ, ਤਰਮੀਮ, ਵਾਧਾ-ਘਾਟਾ ਕਰਨ ਤੇ ਨਵੇਂ ਅਹੁਦੇਦਾਰ ਚੁਣਨ ਲਈ ਜ਼ੋਰ ਦਿੱਤਾ ਜਾਵੇ ਤੇ ਦੀਵਾਨ ਨੂੰ ਮੁਨਾਸਬ (Suggestions) ਦਿੱਤੀਆਂ ਜਾਵਨ। ਜੇ ਕਰ ਦੀਵਾਨ ਸਵੀਕਾਰ ਕਰ ਲਵੇ ਤਦ ਚੀਫ਼ ਖਾਲਸਾ ਦੀਵਾਨ ਹੀ ਸ਼੍ਰੋਮਣੀ ਜਥਾ ਥਾਪਿਆ ਜਾਵੇ ਤੇ ਬਾਕੀ ਸਭ ਆਸ਼ਰਮ ਪੰਚ ਖਾਲਸਾ ਦੀਵਾਨ ਅਥਵਾ ਸਿੱਖ ਲੀਗ ਆਦਿਕ ਦੀਵਾਨ ਦੇ (under) ਰਹਿਣ। ਜੇ ਦੀਵਾਨ ਨਾ ਮੰਨੇ ਤਾਂ ਇਹਨਾਂ ਪ੍ਰਤੀਨਿਧਾਂ ਨੂੰ ਹੋਰ ਇਕ ਜਥਾ ਕਾਇਮ ਕਰਨ ਦਾ ਅਖ਼ਤਿਆਰ ਹੋਵੇ।

ਪ੍ਰਤੀਨਿਧਾਂ ਦੀ ਚੋਣ ਇਸ ਤਰ੍ਹਾਂ ਹੋਵੇ :-

ਪਹਿਲਾਂ ਇਕ ਸਰਕੁਲਰ ਚਿੱਠੀ ਜਿਸ ਵਿਚ ਪੰਜ-ਪੰਜ ਮੈਂਬਰ (instiutions) ਕਰਨ ਲਈ ਬੇਨਤੀ ਹੋਵੇ। ਉਪਰੋਕਤ ਸਭ (Propose) ਨੂੰ ਭੇਜੀ ਜਾਵੇ ਜਦ ਸਭ ਵੱਲੋਂ ਨਾਮ (Proposed) ਹੋ ਕੇ ਆ ਜਾਵਨ ਫਿਰ ਉਨ੍ਹਾਂ ਵਿੱਚੋਂ ਪੰਜ-ਪੰਜ ਮੈਂਬਰ ਚੁਣ ਕੇ ਭੇਜਣ ਲਈ ਇਕ ਚਿੱਠੀ ਜਾਰੀ ਕੀਤੀ ਜਾਵੇ। ਨਾਲ ਹੀ proposed ਨਾਵਾਂ ਦੀ ਫੈਹਰਿਸਤ ਹੋਵੇ। ਇਹ ਭਾਵੇਂ ਲੰਮਾਂ ਤੇ expensive procedure ਹੈ ਪਰ ਇਸ ਤਰ੍ਹਾਂ ਇਤਰਾਜ਼ ਕਿਸੇ ਨੂੰ ਨਹੀਂ ਰਹੇਗਾ ਨਾਲੇ ਸਾਰੇ ਪੰਥ ਵਿੱਚੋਂ ਕੋਈ ੭੦ ਦੇ ਕਰੀਬ ਮੁਖੀਏ ਛਾਂਟ ਕੇ ਕਮੇਟੀ ਵੀ ਸੌਖੀ ਹੋ ਸਕੇਗੀ। ਕੋਰਮ ਕਮੇਟੀ ਦਾ ਅੱਧ ਮੈਂਬਰਾਂ ਦਾ ਜ਼ਰੂਰ ਹੋਵੇ।

ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਦੀ ਇਕ ਇਕ ਕਾਪੀ ਸਭ ਨੂੰ ਵਿਚਾਰਨ ਲਈ ਭੇਜੀ ਜਾਵੇ। ਪੰਥ ਵਿਚ ਹੋਰ ਜੋ ਜੋ ਗੱਲਾਂ ਜਥੇਬੰਦੀ ਨੂੰ ਨੁਕਸਾਨ ਪਹੁੰਚਾਣ ਵਾਲੀਆਂ ਹੋਵਣ ਉਨ੍ਹਾਂ ਦੀ ਇਕ ਲਿਸਟ ਵੀ ਪਹਿਲਾਂ ਵਿਚਾਰ

ਕਰਨ ਲਈ ਭੇਜੀ ਜਾਵੇ ਤੇ ਉਨ੍ਹਾਂ ਨੂੰ ਵੀ ਦੂਰ ਕਰ ਲਿਆ ਜਾਵੇ। ਐਸਾ ਨਾ ਹੋਵੇ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਤਾਂ ਹੋ ਜਾਵੇ ਜੋ ਬੜੀ ਉਤਮ ਗੱਲ ਹੈ ਪਰ ਬਾਕੀ ਅੱਗ ਵਿਚੇ ਰਹੇ ਤੇ ਧੁਖਦੀ ਧੁਖਦੀ ਫਿਰ ਹੋਰ ਸ਼ਕਲ ਵਿਚ ਪੰਥਕ ਜਥੇਬੰਦੀ ਨੂੰ ਨੁਕਸਾਨ ਪਹੁੰਚਾਵੇ।

ਦਾਸ—ਨਾਨਕ ਸਿੰਘ ਸਕੱਤਰ
ਖਾਲਸਾ ਸੇਵਕ ਜਥਾ

(ਸ: ਨਿਹਾਲ ਸਿੰਘ ਜੀ ਸੂਰੀ, ਗੌਵਰਨਮੈਂਟ ਪੈਨਸ਼ਨਰ ਰਾਵਲਪਿੰਡੀ)

ਸ੍ਰੀ ਮਾਨ ਕ੍ਰਿਪਾਲੂ ਜੀ,

ਆਪ ਦੀ ੨੭ ਜੁਲਾਈ ਦੀ ਛਪੀ ਹੋਈ ਪਤ੍ਰਕਾ ਮੈਨੂੰ ਕਿਸੀ ਕਾਰਨ ਅੱਜ ਹੀ ਮਿਲੀ ਹੈ, ਉੱਤਰ ਵਿਚ ਬੇਨਤੀ ਹੈ :-

(੧) ਮੌਜੂਦਾ ਚੀਫ਼ ਖਾਲਸਾ ਦੀਵਾਨ ਦਾ ਸੁਧਾਰ, ਜਦ ਤਕ ਕਿ ਸਦਰ ਮੁਕਾਮ ਅੰਮ੍ਰਿਤਸਰ ਅਤੇ ਸਕੱਤਰ ਸ: ਸੁੰਦਰ ਸਿੰਘ ਜਾਂ ਚਾਰਯਾਰੀ ਵਿੱਚ ਦਾ ਕੋਈ ਸੱਜਣ ਰਹੇ, ਅਸੰਭਵ ਹੈ।

(੨) ਹੋਰ ਨਵੇਂ ਜਥੇ ਦੀ ਲੋੜ ਐਸੀ ਹਾਲਤ ਵਿਚ ਪ੍ਰਗਟ ਹੀ ਹੈ ਪਰ ਜਦ ਤਕ ਕੋਈ ਸ੍ਵਾਰਥ ਤੋਂ ਰਹਿਤ, ਮਾਣ ਵਡਿਆਈ ਦੀ ਤ੍ਰਿਸ਼ਨਾ ਤੋਂ ਪਾਕ, ਕੁਰਬਾਨੀ ਦਾ ਮਾਦਾ ਤੇ ਪੰਥ ਲਈ ਦਰਦ ਵਾਲਾ ਦਿਲ ਰੱਖਣ ਵਾਲੇ, ਸਿੱਖੀ ਰਹਿਤ ਵਿਚ ਪਰਪਕ, ਗੁਰਬਾਣੀ ਦੇ ਨੇਮੀ ਅਤੇ ਪ੍ਰੇਮੀ, ਲਾਇਕ ਸੱਜਣ, ਜਿਨ੍ਹਾਂ ਪਰ ਪੰਥ ਦਾ ਭਰੋਸਾ ਹੋਵੇ ਤੇ ਜੋ ਮੁਸਤਕਿਲ ਮਿਜਾਜ਼ ਵਾਲੇ ਹੋਵਣ, ਬਤੌਰ ਵਰਕਰਜ਼ ਨਵੇਂ ਜਥੇ ਲਈ ਕਾਰਕੁਨ ਬਨਣ ਨੂੰ ਮੈਦਾਨ ਵਿਚ ਨ ਉਤਰਨ, ਤਦ ਤਕ ਜਥੇ ਦੀ ਕਾਇਮੀ ਦਾ ਜਤਨ ਨਿਸਫਲ ਹੋਵੇਗਾ :-

(੩) ਵਰਕਰਜ਼ ਰਈਸ ਕਲਾਸ ਦੇ ਨਾ ਹੋਵਣ ਤਦ ਹੀ ਕੰਮ ਚਲਣ ਦੀ ਆਸ ਹੋ ਸਕਦੀ ਹੈ। ਦੌਲਤ ਜਾਂ ਵਡਿਆਈ ਦੇਖ ਕੇ ਅਧਿਕਾਰ ਦਿਤੇ ਜਾਣ ਦੁਆਰਾ ਜਥੇ ਦੇ ਕੰਮ ਨੂੰ ਜੰਦਰਾ ਚੜ੍ਹਾ ਦੇਣਾ ਹੁੰਦਾ ਹੈ।

(੪) ਅਹੁਦੇਦਾਰ ਇਕ ਸਾਲ ਤੋਂ ਵਧੀਕ ਮਿਆਦ ਲਈ ਨਾ ਚੁਣੇ ਜਾਵਣ ਅਤੇ ਉਹੀ ਅਹੁਦੇਦਾਰ ਫੇਰ ਦੂਜੇ ਸਾਲ ਚੁਣੇ ਜਾਣ ਲਈ ਤਜਵੀਜ਼ ਨਾ ਹੋਵਣ। ਤੀਜੇ ਸਾਲ ਚਾਹੇ ਫੇਰ ਚੁਣੇ ਜਾਂ ਸਕਣ। ਭਾਵ ਇਕ ਸਾਲ ਦੀ ਵਿਥ ਪੈਣੀ ਜ਼ਰੂਰੀ ਹੈ ਨਹੀਂ ਤਾਂ ਵਿਰਾਸਤ ਮੰਨਣ ਲਈ ਤਿਆਰ ਹੋ ਜਾਂਦੇ ਅਤੇ ਕੰਮ ਨੂੰ ਢਿੱਲਾ ਕਰ ਦੇਂਦੇ ਹਨ।

ਇਹ ਮੋਟੀਆਂ ਮੋਟੀਆਂ ਗੱਲਾਂ ਲਿਖੀਆਂ ਹਨ ਜਿਨ੍ਹਾਂ ਦੀ ਪਾਬੰਦੀ ਕਾਮਯਾਬੀ ਦੀ ਗਾਰੈਨਟੀ ਹੋ ਸਕਦੀ ਹੈ।

(੫) ਕਾਨਸਟੀਚਯੂਸ਼ਨ (ਬਣਾਉਟ) ਪਹਿਲੇ ਬਣਾ ਕੇ ਫੇਰ ਸੰਮਤੀਆਂ ਲੈਣੀਆਂ ਉਚਿਤ ਹਨ ਇਹ ਦਸ ਕੇ ਕਿਣਵਾਂ ਜਥਾ ਪੰਥ ਨੂੰ ਬਨਾਣਾ ਮਨਜ਼ੂਰ ਹੋਵੇ ਤਾਂ ਇਨ੍ਹਾਂ ਲਾਈਨਾਂ ਪਰ ਕੀਤਾ ਜਾਵੇਗਾ—ਜਿਨ੍ਹਾਂ ਵਿਚ ਸਮਤੀ ਦੇਣ ਵਾਲੇ ਪੰਥ ਰਤਨਾਂ ਦੀਆਂ ਪੇਸ਼ ਕੀਤੀਆਂ ਤਬਦੀਲੀਆਂ ਉਤੇ ਸਾਰੇ ਕਾਨਸਟੀਚਯੂਸ਼ਨ ਸਮੇਤ ਸਮੂਹ ਪੰਥ ਦੇ ਪ੍ਰਤੀਨਿਧਾਂ ਦੇ ਦੀਵਾਨ ਵਿਚ ਪੂਰਨ ਵਿਚਾਰ ਹੋਵੇ ਅਤੇ ਫ਼ੈਸਲਾ ਕੀਤਾ ਜਾਵੇਗਾ—

(੬) ਕੇਵਲ ਐਸੀਆਂ ਚਿੱਠੀਆਂ ਪਰ ਸੰਮਤੀ ਲੈਣ ਦੁਆਰਾ ਕੋਈ ਕੰਮ ਸੰਵਰ ਸਕਣਾ ਅਸੰਭਵ ਹੈ।

(੭) ਅੱਗੇ ਮੌਜੂਦਾ ਦੀਵਾਨ ਦੇ ਸੁਧਾਰ ਦੇ ਕੀਤੇ ਯਤਨ ਅੰਞਾਈ ਹੀ ਗਏ, ਚਾਹੇ ਬੜੇ ਬੜੇ ਵਿਦਵਾਨਾਂ ਤੇ ਅਹੁਦੇਦਾਰਾਂ ਦੀਆਂ ਕਮੇਟੀਆਂ ਵੀ ਥਾਪਣ ਹੋਈਆਂ। ਇਹ ਫੋਕੀਆਂ ਕਾਰਵਾਈਆਂ ਹਨ।

(੮) ਪਹਿਲੇ (੨) ਵਿਚ ਦਸੇ ਪ੍ਰਕਾਰ ਦੇ ਵਰਕਰਜ਼ ਨਿਤਾਰੋ, ਫੇਰ ਕਾਨਸਟੀਚਯੂਸਨ ਬਣਾਓ ਤੇ ਸਰਕੂਲੇਟ ਕਰੋ। ਅੰਜਾਮ ਗੁਰੂ ਅੱਛਾ ਕਰੇਗਾ—ਨਹੀਂ ਤਾਂ ਐਸੀਆਂ ਅਵਾਜ਼ਾਂ ਬਹੁਤੇਰੀ ਵੇਰੀ ਉਠਾਈਆਂ ਗਈਆਂ ਤੇ ਸੁਸਰੀ ਦੀ ਨੀਂਦੇ ਸੌਂ ਗਏ, ਜਿਸ ਕਰ ਕੇ ਮੌਰੂਸੀ ਸੱਜਣ ਵਧੇਰੇ ਪਰੇ ਹੋ ਜਾਂਦੇ ਰਹੇ ਹਨ।

(੯) ਪਿਛਲੇਰੇ ਸਾਲ ਭਾਈ ਮੋਹਣ ਸਿੰਘ ਜੀ ਵੈਦ ਦੇ ਰਾਹੀਂ ਦਾਸ ਨੂੰ ਚਾਰਯਾਰੀ ਨੇ ਵੰਗਾਰਿਆਂ ਸੀ ਤੁਸੀਂ ਨੁਕਸ ਦਸੋ ਅਸੀਂ ਸੁਧਾਰ ਨੂੰ ਤਿਆਰ ਹਾਂ। ਦਾਸ ਨੇ ਇਕ ਲੰਬੀ ਚੌੜੀ ਫਹਰਿਸਤ ਘਲੀ। ਉੱਤਰ ਆਇਆ ਸਲਾਹ ਕੀਤੇ ਜਾਵੇਗੀ। ਸੋ ਹੁਣ ਤਕ ਹੋ ਰਹੀ ਹੈ।

(੧੦) ਜਥੇ ਦਾ ਨਾਮ ਵੀ ਮੈਂ ਆਪ ਨੂੰ ਦਸ ਦੇਵਾਂ ਐਸਾ ਹੋਣਾ ਚਾਹੀਦਾ ਹੈ ਜਿਸ ਤੇ ਰਲਾ ਪੈਣ ਦੀ ਆਸ ਨਾ ਹੋ ਸਕੇ ਕਿਉਂ ਜੇ ਮੇਰੇ ਨਾਲਜ (ਚੇਤੇ) ਵਿਚ ਹੈ ਕਿ ਚਾਰਯਾਰੀ ਵਾਲੇ ਜਦ ਦੂਜੇ ਜਥੇ ਨੂੰ ਕਿਸੀ ਕੰਮ ਸਬੰਧੀ

ਗਾਫ਼ਲ ਦੇਖਦੇ ਹਨ ਤਾਂ ਆਪ ਉਸ ਜਥੇ ਦੇ ਨਾਮ ਤੇ ਗੁਪਤ ਕਾਰਵਾਈ ਆਪਣੇ ਹਸਬ ਮਨਸ਼ਾ ਕਰ ਲੈਂਦੇ ਹਨ— ਬਾਕੀ ਫੇਰ ਆਸ਼ਾ ਹੈ ਵਾਧੂ ਲੇਖ ਲਈ ਖਿਮਾ ਕੀਤੀ ਜਾਵੇਗੀ।

ਅਕਾਲੀ ਲਾਹੌਰ, ੧੯ ਅਗਸਤ ੧੯੨੦

ਜਥੇਬੰਦੀ ।

ਚੀਫ਼ ਖਾਲਸਾ ਦੀਵਾਨ

ਉਤਾਰਾ ਗੁਰਮਤਾ ਨੰ: ੧੨ ਤਰੀਕ ੧-੮-੨੦ ਕਾਰਯਸਾਧਕ ਕਮੇਟੀ

੧੨ ਭਾਈ ਮੰਗਲ ਸਿੰਘ ਜੀ ਐਡੀਟਰ ਅਕਾਲੀ ਦੀ ਚਿੱਠੀ ਜੋ ਉਨ੍ਹਾਂ ਆਮ ਸੱਜਣਾਂ ਨੂੰ ਭੇਜੀ ਹੈ ਸਮਾਗਮਪਤੀ ਜੀ ਵੱਲੋਂ ਪੇਸ਼ ਹੋ ਕੇ ਆਗਿਆ ਹੋਈ ਕਿ ਉਨ੍ਹਾਂ ਨੂੰ ਲਿਖਿਆ ਜਾਵੇ ਕਿ ਦੀਵਾਨ ਨਿਯਮਾਂ ਅਨੁਸਾਰ ਸੇਵਾ ਕਰਦਾ ਹੈ। ਮੌਜੂਦਾ ਨਿਯਮ ਪਿਛੇ ਚਾਰ ਸਾਲ ਲਗਾਤਾਰ ਵਿਚਾਰ ਕਰ ਕੇ, ਪੰਥਕ ਪ੍ਰੈੱਸ ਦੁਆਰਾ ਹਰ ਇਕ ਗੱਲ ਨੂੰ ਪ੍ਰਕਾਸ਼ਤ ਕਰ ਕੇ, ਸਮੂਹ ਪੰਥ ਦੀ ਰਾਏ ਲੈ ਕੇ ਤਰਮੀਮ ਕੀਤੇ ਗਏ ਸੀ। ਨਿਯਮ ਵਸੀਹ ਹਨ, ਕਿਸੇ ਸੱਜਣ ਨੂੰ ਜੋ ਸੇਵਾ ਦਾ ਚਾਹਵਾਨ ਹੋਵੇ ਰੋਕ ਨਹੀਂ, ਦੀਵਾਨ ਸੇਵਾ ਵਿਚ ਜਾਂ ਨਿਯਮਾਂ ਵਿਚ ਜਿਥੇ ਠੀਕ ਦਰੁਸਤੀ ਕਰਨ ਦੀ ਲੋੜ ਹੋਵੇ, ਵਿੰਚਾਰ ਕਰਨ ਲਈ ਹਰ ਵੇਲੇ ਤਿਆਰ ਹੈ।

ਨੰ: ੩੪੪੩ .... ਤਾਰੀਖ ੧੪-੮-੧੯੨੦

ਭਗਤ ਸਿੰਘ ਵਾ: ਸਕੱਤਰ

ਚੀਫ਼ ਖਾਲਸਾ ਦੀਵਾਨ

(ਭਾਈ ਜੋਧ ਸਿੰਘ ਜੀ ਐਮ. ਏ.)
ਪ੍ਰਿੰਸੀਪਲ।

ਸ੍ਰੀ ਮਾਨ ਐਡੀਟਰ ਸਾਹਿਬ,
ਅਕਾਲੀ, ਲਾਹੌਰ।

ਆਪ ਦੀ ਜਥੇਬੰਦੀ ਬਾਬਤ ਚਿੱਠੀ ਪੁੱਜੀ। ਮੈਂ ੧੦ ਤਰੀਕ ਤੱਕ ਆਪਣੀ ਰਾਏ ਨਹੀਂ ਘੱਲ ਸਕਦਾ। ਇਹ ਮਾਮਲਾ ਵੱਡਾ ਵਿਚਾਰ ਯੋਗ ਹੈ ਤੇ ਮੈਂ ਚਾਹੁੰਦਾ ਹਾਂ ਕਿ ਆਪਣੇ ਭਾਈ ਮਿੱਤਰਾਂ ਨਾਲ ਗੱਲ ਬਾਤ ਕਰ ਕੇ ਫਿਰ ਆਪ ਨੂੰ ਲਿਖਾਂ ਕਿ ਕਿਸ ਤਰ੍ਹਾਂ ਦੀਵਾਨ ਦੇ ਨੁਕਸ ਜਾਂ ਗਲਤ ਫਹਿਮੀਆਂ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਮੇਰੀ ਸਲਾਹ ੧੫ ਤਰੀਕ ਸ਼ਿਮਲੇ ਜਾਣ ਦੀ ਹੈ। ਆਪ ਨੂੰ ਉੱਤਰ ਦੇਣ ਤੋਂ ਪਹਿਲੋਂ ਮੈਂ ਸਰਦਾਰ ਹਰਬੰਸ ਸਿੰਘ ਹੋਰਾਂ ਨਾਲ ਗੱਲਬਾਤ ਕਰਨੀ ਜ਼ਰੂਰੀ ਸਮਝਦਾ ਹਾਂ। ਇਸ ਲਈ ਉਥੇ ਪੁੱਜ ਕੇ ਆਪ ਨੂੰ ਉੱਤਰ ਦਿਆਂਗਾ। ਇਕ ਨਾਮ ਹੋਰ ਵਧਾ ਲੌਂ!

ਪ੍ਰੋਫ਼ੈਸਰ ਤੇਜਾ ਸਿੰਘ ਜੀ ਐਮ. ਏ. ਲਿਖਦੇ ਹਨ ਕਿ ਜਿਥੇ ਮੈਂ ਆਪਣੇ ਜਥੇਬੰਦੀ ਵਾਲੇ ਲੇਖ ਵਿਚ ਮੀਟਿੰਗ ਸਦਣ ਵਾਲਿਆਂ ਦੇ ਪੰਜ ਨਾਮ ਦਿਤੇ ਹਨ, ਉਥੇ ਛੀਵਾਂ ਨਾਂ ਭਾਈ ਤੇਜਾ ਸਿੰਘ ਜੀ ਭਸੌੜ ਵਾਲਿਆਂ ਦਾ ਭੀ ਲਿਖ ਦੇਣਾ।

ਅਕਾਲੀ ਲਾਹੌਰ, ੨੦ ਅਗਸਤ ੧੯੨੦

ਜਥੇਬੰਦੀ

ਸਿੰਘ ਸਭਾ ਕਲਰ

"ਵਾਕਈ ਪੰਥ ਦੇ ਦੋ ਇਕ ਪ੍ਰਤੀਨਿਧ ਜਥੇ ਦੀ ਬੜੀ ਭਾਰੀ ਲੋੜ ਹੈ। ਮੌਜੂਦਾ ਚੀਫ਼ ਖਾਲਸਾ ਦੀਵਾਨ ਪੰਥ ਦਾ ਪ੍ਰਤੀਨਿਧ ਜਥਾ ਨਹੀਂ ਹੈ, ਸਭ ਤੋਂ ਪਹਿਲੇ ਪੰਥ ਦਾ ਇਕ ਪ੍ਰਤੀਨਿਧ ਜਥਾ ਬਣਾਉਣ ਲਈ ਚੀਫ਼ ਖਾਲਸਾ ਦੀਵਾਨ ਦਾ ਹੀ

ਸੁਧਾਰ ਕਰਨਾ ਜ਼ਰੂਰੀ ਹੈ। ਜਿਸ ਕਰਕੇ ਇਹੋ ਹੀ ਪੰਥ ਦਾ ਪ੍ਰਤੀਨਿਧ ਬਣ ਜਾਵੇ ਤੇ ਇਹ ਸਿੰਘ ਸਭਾ "ਅਕਾਲੀ" ਦੇ ਪ੍ਰਬੰਧਕਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਮੌਜੂਦਾ ਦੀਵਾਨ ਦੇ ਸੁਧਾਰ ਕਰਨ ਦੀ ਪੂਰੀ ਕੋਸ਼ਿਸ਼ ਕਰਨ।"

ਦਾਸ—ਈਸ਼ਰ ਸਿੰਘ ਮੀਤ ਸਕੱਤਰ

ਭਾਈ ਤੇਜਾ ਸਿੰਘ ਜੀ ਹਜ਼ੂਰੀਆ

ਸ਼ੁਕਰ ਹੈ ਜੋ ਪੰਥ ਵਿਚ ਪ੍ਰਤੀਨਿਧ ਜਥੇ ਦੀ ਲੋੜ ਪ੍ਰਤੀਤ ਹੋਣ ਲੱਗੀ ਹੈ ਤੇ ਆਸ ਹੈ ਜੋ ਜਦ ਸੱਚ ਦੀ ਤਹਿ ਤਕ ਆਪ ਪਹੁੰਚੋਗੇ ਤਦ ਆਪ ਨੂੰ ਨਿਸਚਿਤ ਹੋ ਜਾਵੇਗਾ ਕਿ ਚੀਫ਼ ਖਾਲਸਾ ਦੀਵਾਨ ਪੰਥ ਦਾ ਸਾਜਿਆ ਹੋਇਆ ਜਥਾ ਸਾਡਾ ਪ੍ਰਤੀਨਿਧ ਹੈ। ਕੇਵਲ ਕੁਝ ਕੁ ਵੀਰਾਂ ਦੇ ਹੱਠ ਤੇ ਜ਼ਾਤੀ ਗਰਜ਼ ਵੱਲੋਂ ਮੂੰਹ ਮੋੜ ਕੇ, ਦੀਵਾਨ ਵੱਲ ਮੂੰਹ ਕਰਨ ਦੀ ਲੋੜ ਹੈ, ਤੇ ਹਰ ਅੰਗ ਵਿਚ ਸੇਵਕ ਚਾਹੀਦੇ ਹਨ। ਨਵਾਂ ਦੀਵਾਨ ਅੱਗੇ ਬਣ ਚੁਕਾ ਹੈ ਤੇ ਜੇ ਹੁਣ ਹੋਰ ਆਪ ਬਣਾ ਲਿਆ ਤਦ ਵੀ ਉਹ ਮਨੋਰਥ ਕਦੇ ਪੂਰਾ ਨਹੀਂ ਹੋਣਾ ਕਿ ਸਾਰੇ ਪੰਥ ਦਾ ਇਕੋ ਪ੍ਰਤੀਨਿਧ ਦੀਵਾਨ ਹੋਵੇ। ਇਹ ਨਾ ਮੁਮਕਿਨ ਗੱਲ ਹੈ ਕਿ ਸਾਰੀਆਂ ਸਿੰਘ ਸਭਾਵਾਂ ਤੇ ਦੀਵਾਨ ਦੇ ਮੈਂਬਰ ਉਧਰੋਂ ਹਟ ਕੇ ਨਵੇਂ ਦੀਵਾਨ ਨਾਲ ਸਬੰਧਤ ਹੋਣ, ਬਲ ਕਿ ਨਵੀਆਂ ਨਵੀਆਂ ਸਿੰਘ ਸਭਾਵਾਂ ਸਬੰਧਤ ਹੋ ਰਹੀਆਂ ਹਨ।

ਸ੍ਰੀਮਾਨ ਜੀ ਡਾਕਟਰ ਗੰਗਾ ਸਿੰਘ ਜੀ ਰਾਵਲਪਿੰਡੀ

ਚੀਫ਼ ਖਾਲਸਾ ਦੀਵਾਨ ਨੂੰ ਹੀ ਸੁਧਾਰਨ ਦਾ ਉਪਰਾਲਾ ਸੋਚਿਆ ਜਾਵੇ, ਹੇਠ ਲਿਖੀਆਂ ਗੱਲਾਂ ਦਰੁਸਤ ਕਰਵਾਈਆਂ ਜਾਵਨ :-

(੧) ਦਾਖਲਾ ਫਾਰਮ ਸਿਰਫ਼ ਇਕ ਹੋਵੇ।

(੨) ਨਿਯਮ ਨੰ: ੪ ਤੋੜਿਆ ਜਾਵੇ ਯਾਨੇ ਪੁਲੀਟਿਕਲ ਕੰਮ ਨਾਲੋਂ ਉਨ੍ਹਾਂ ਦੀ ਦਸਤਬਰਦਾਰੀ ਹੋਵੇ।

(੩) ਨਾਮੀਨੇਟਿਡ ਮੈਂਬਰ ਸਿਰਫ਼ ੧੫ ਫੀ ਸਦੀ ਹੋਇਆ ਕਰਨ ਬਾਕੀ ਸਿੰਘ ਸਭਾਵਾਂ ਵੱਲੋਂ ਚੁਣਕੇ ਆਵਣ।

(੪) ਇਕ ਪਥੰਕ ਵੱਡੀ ਇਕੱਤਰਤਾ ਕਰ ਕੇ ਜ਼ਰੂਰ ਫ਼ੈਸਲਾ ਕੀਤਾ ਜਾਵੇ, ਕੌਮ ਨੂੰ ਜਥੇਬੰਦ ਕਰਨ ਦੀ ਬੜੀ ਲੋੜ ਹੈ।

ਸਰਦਾਰ ਰਾਮ ਸਿੰਘ ਜੀ ਸਹਾਣੀ ਰਾਵਲਪਿੰਡੀ

ਪਹਿਲੇ ਅਸਾਨੂੰ ਇਸੇ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰਨਾ ਚਾਹੀਦਾ ਹੈ। ਜਿਸ ਜਿਸ ਨਿਯਮ ਉਪਰ ਅਸਾਨੂੰ ਇਤਰਾਜ ਹੈ, ਉਸ ਦੀ ਤਰਮੀਮ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਸੀਂ ਇਸ ਵਕਤ ਨਵਾਂ ਜਥਾ ਨਹੀਂ ਬਣਾ ਸਕਦੇ, ਪੰਥ ਨੂੰ ਇਸ ਵਕਤ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਵੇਲਾ ਭਿਆਨਕ ਆਗਿਆ ਹੈ, ਜੇਕਰ ਚੀਫ਼ ਖਾਲਸਾ ਦੀਵਾਨ ਕਿਸੇ ਤਰ੍ਹਾਂ ਵੀ ਆਪਣੀ ਚਾਲ ਛਡਣ ਨੂੰ ਤਿਆਰ ਨਾਂ ਹੋਵੇਗਾ, ਤਦ ਅਸਾਨੂੰ ਨਵਾਂ ਜਥਾ ਬਨਾਣ ਵਿਚ ਹਿੱਸਾ ਲੈਣਾ ਪਵੇਗਾ। ਪਰੰਤੂ ਅਸਾਂ ਨੂੰ ਕੰਮ ਕਰਨ ਵਾਲੇ ਆਦਮੀਂ, ਇਸ ਵਕਤ ਬੀ ਤਿਆਰ ਕਰਨੇ ਚਾਹੀਦੇ ਹਨ।

ਅਕਾਲੀ ਲਾਹੌਰ, ੨੧ ਅਗਸਤ-੧੯੨੦

ਜਥੇਬੰਦੀ

ਭਾਈ ਨਿਹਾਲ ਸਿੰਘ ਜੀ ਕੇਰੋਂ

ਜੇ ਕਿਸੇ ਤਰ੍ਹਾਂ ਚੀਫ਼ ਖਾਲਸਾ ਦੀਵਾਨ ਦਾ ਹੀ ਸੁਧਾਰ ਹੋ ਜਾਵੇ ਤਾਂ ਅੱਛਾ ਹੈ। ਨਹੀਂ ਤਾਂ ਭਾਵੇਂ ਕਿਤਨਾ ਹੀ ਯਤਨ ਕਰੋ ਕਾਰਜ ਰਾਸ ਨਹੀਂ ਆਉਂਣਾ। ਧੜੇਬੰਦੀ ਵਧ ਜਾਵੇਗੀ। ਪੰਥ ਨੂੰ ਇਕ ਕਰਨ ਲਈ ਕੋਈ ਸੂਰਮਾਂ ਹਉਮੇਂ ਮਾਰ ਕੇ ਨਿਤਰੇ।

ਸਰਦਾਰ ਹਰਨਾਮ ਸਿੰਘ ਜੀ ਐਮ. ਏ. ਮੁਨਸਫ

ਆਪ ਦੀ ਰਾਇ ੧੫ ਜੁਲਾਈ ਦੇ ਅਕਾਲੀ ਵਿਚ ਛੱਪ ਚੁੱਕੀ ਹੈ ਉਸ ਦਾ ਨਚੋੜ ਇਹ ਹੈ :-

(੧) ਚੀਫ਼ ਖਾਲਸਾ ਦੀਵਾਨ ਦੀ ਬਨਾਉਟ ਗੁਰੂ ਕਲਗੀਆਂ ਵਾਲੇ ਦੇ ਪੰਚਾਇਤੀ ਨਿਯਮਾਂ ਦੇ ਬਿਲਕੁਲ ਉਲਟ ਹੈ।

(੨) ਕਾਰਜ ਸਾਧਕ ਕਮੇਟੀ ਦੀ ਮਰਜ਼ੀ ਬਿਨਾਂ ਕੋਈ ਦੀਵਾਨ ਦਾ ਮੈਂਬਰ ਨਹੀਂ ਬਣ ਸਕਦਾ।

(੩) ਮੌਜੂਦਾ ਹਾਲਤ ਵਿਚ ਕੰਮ ਕਰਨ ਵਾਲਿਆਂ ਦਾ ਦੀਵਾਨ ਵਿਚ ਸ਼ਾਮਲ ਹੋ ਸਕਣਾ ਅਸੰਭਵ ਹੈ।

(੪) ਚੀਫ਼ ਖਾਲਸਾ ਦੀਵਾਨ ਨੂੰ ਨਿਯਮ ਖਾਸ ਪੰਚਾਇਤੀ ਅਸੂਲਾਂ ਅਨੁਸਾਰ ਬਣਾਨ ਲਈ ਲਿਖਿਆ ਜਾਵੇ।

(੫) ਜੇ ਦੀਵਾਨ ਨਾ ਮੰਨੇ ਤਾਂ ਬਿਨਾਂ ਢਿਲ ਦੇ ਪੰਥ ਦਾ ਪ੍ਰਤੀਨਿਧ ਦੀਵਾਨ ਬਣਾ ਲਿਆ ਜਾਵੇ।

(ਬਾਵਾ ਹਰਕਿਸ਼ਨ ਸਿੰਘ ਜੀ ਐਮ. ਏ.)

ਚੀਫ਼ ਖਾਲਸਾ ਦੀਵਾਨ ਦੇ ਸੁਧਾਰ ਜਾਂ ਪ੍ਰਹਾਰ ਦਾ ਮਾਮਲਾ ਅੱਜਕਲ੍ਹ ਵਿਚਾਰ ਗੋਚਰੇ ਹੈ, ਮੈਂ ਆਪਣੀ ਤੁਛ ਬੁੱਧੀ ਅਨੁਸਾਰ ਵਿਚਾਰ ਕੇ ਇਹ ਹੇਠ ਲਿਖੀ ਰਾਇ ਦੇਂਦਾ ਹਾਂ। ਮੈਂ ਇਹ ਦੇਖਦਾ ਹਾਂ ਕਿ ਦੀਵਾਨ ਦੇ ਕਈ ਨਿਯਮਾਂ, ਕੰਮਾਂ ਅਤੇ ਘਾਟਿਆਂ ਦੇ ਕਾਰਨ ਪੰਥ ਦੀ ਬਹੁਸੰਮਤੀ, ਦੀਵਾਨ ਦੇ ਵਿਰੁੱਧ ਜਾ ਰਹੀ ਹੈ ਅਤੇ ਬਹੁਤ ਸਾਰੇ ਹਿਰਦਿਆਂ ਵਿਚ ਰੋਸ ਪ੍ਰਬਲ ਹੋ ਰਿਹਾ ਹੈ। ਇਸ ਗੱਲ ਦਾ ਇਕਰਾਰ ਨਾ ਕਰਨਾ ਜਾਂ ਇਸ ਦੀ ਪ੍ਰਵਾਹ ਨਾ ਕਰਨੀ ਸਖ਼ਤ ਭੁਲ ਹੈ। ਪਰ ਨਾਲ ਹੀ ਰੋਸਾ ਅਤੇ ਕ੍ਰੋਧ ਦੇ ਅਧੀਨ ਹੋ ਕੇ ਇਹ ਵਿਚਾਰਨਾ ਜਾਂ ਪ੍ਰਚਾਰਨਾ, ਕਿ ਹੋਰ ਵੱਖਰਾ ਦੀਵਾਨ ਬਣਾ ਲਓ, ਆਪਣੀ ਬੇਸਬਰੀ ਅਤੇ ਕਮ-ਸਮਝੀ ਦਾ ਸਬੂਤ ਦੇਣਾ ਹੈ। ਵੱਖਰੇ ਦੀਵਾਨਾਂ ਦੇ ਬਨਾਉਣ ਦੇ ਨੁਕਸਾਨ ਦਾ ਖ਼ਿਆਲ ਛੱਡਕੇ ਭੀ ਇਹ ਸਲਾਹ ਫ਼ਜ਼ੂਲ ਖ਼ਰਚੀ ਵਾਲੀ ਹੈ ਅਤੇ ਇਸ ਨਾਲ ਆਪਣੀ ਨਿਰਬਲਤਾ ਮੰਨ ਲੈਣੀ ਹੈ। ਜਿਹੜੇ ਸੂਰਮੇਂ ਵੱਖਰਾ ਦੀਵਾਨ ਚਲਾਉਣ ਦਾ ਦਾਵਾ ਜਾਂ ਹੌਂਸਲਾ ਰੱਖਦੇ ਹੈਨ, ਕੀ ਉਹ ਬਣੇ ਹੋਏ ਦੀਵਾਨ ਦਾ ਸੁਧਾਰ ਨਹੀਂ ਕਰ ਸਕਦੇ ? ਜਿਹੜੇ ਸੱਜਣ ਅਣਡਿਠੀਆਂ ਅੱਗੇ ਆਉਣ ਵਾਲਿਆਂ ਔਕੜਾਂ ਦਾ ਸਾਮਣਾ ਕਰਨ ਨੂੰ ਤਿਆਰ ਹੈਨ, ਕੀ ਉਹ ਸਾਹਮਣੇ ਖੜੀਆਂ ਔਖਿਆਈਆਂ ਨੂੰ ਨਵਿਰਤ ਨਹੀਂ ਕਰ ਸਕਦੇ ? ਜੋ ਸੁਧਾਰ ਨਹੀਂ ਕਰ ਸਕਦੇ, ਉਹ ਉਸਾਰ ਭੀ ਨਹੀਂ ਸਕਣਗੇ। ਨਾਲੇ ਸੁਧਾਰ ਦਾ ਅੱਡਾ (ਪਲੈਟਫਾਰਮ) ਇਕ ਐਸਾ ਹੈ ਜਿਥੇ ਸ਼ਾਇਦ ਸਾਰੀ ਕੌਮ, ਨਹੀਂ ਤਾਂ ਵਧੇਰੇ ਸਿੱਖ, ਆਪ ਨਾਲ ਰਲ ਪੈਣਗੇ ਅਤੇ ਫਤਿਹ ਦੀ ਪੂਰਨ ਆਸ ਹੋ ਸਕਦੀ ਹੈ। ਮੈਨੂੰ ਪੱਕਾ ਨਿਸਚਾ ਹੈ ਕਿ ਸੁਧਾਰ ਦੀ ਮੰਗ ਜੇ ਨਿਰਭੈਤਾ ਅਤੇ ਗੰਭੀਰਤਾ ਨਾਲ ਸਿਰ ਤੋੜ ਕੀਤੀ ਜਾਵੇ ਅਤੇ ਇਸ ਦਾ ਪ੍ਰੈਸ ਦੁਆਰਾ ਪ੍ਰਚਾਰ ਜਾਰੀ ਰਹੇ ਤਾਂ ਦੀਵਾਨ ਨੂੰ ਇਹ ਮੰਗ ਪੂਰੀ ਕਰਨੀ ਪਏਗੀ, ਮੈਨੂੰ ਉਹ ਸਮਾਂ ਨੇੜੇ ਹੀ ਭਾਸਦਾ ਹੈ ਜਦੋਂ ਪੰਥ ਦੀ ਇਛਿਆ ਪੂਰੀ ਹੋ ਜਾਵੇਗੀ।

ਜੇ ਆਪ ਮੈਥੋਂ ਪੁਛੋ ਕਿ ਸੁਧਾਰ ਦਾ ਆਰੰਭ ਕਿਸ ਪਾਸੇ ਹੋਵੇ ਤਾਂ ਮੈਂ ਸਭ ਤੋਂ ਪਹਿਲੇ ਇਹ ਆਖਾਂਗਾ ਕਿ ਦੀਵਾਨ ਆਤਮਕ, ਮਾਨਸਿਕ, ਸੁਧਾਚਾਰਕ, ਵਿਦਿਅਕ ਅਤੇ ਭਾਈਚਾਰਕ ਅਤੇ ਪਦਾਰਥਕ ਉਤਸ਼ਾਹ ਪਰ ਸੰਤੋਖ ਕਰੇ ਅਤੇ ਰਾਜਸਿਕ ਜਾਂ ਪੋਲਿਟੀਕਲ ਕੰਮ ਉਕਾ ਹੀ ਸਿੱਖ ਲੀਗ ਦੇ ਹੱਥੀਂ ਛੱਡ ਦੇਵੇ। ਜਿਹੜੇ ਦੀਵਾਨ ਦੇ ਪਤਵੰਤੇ ਪੋਲੀਟੀਕਲ ਕੰਮ ਕਰਨਾ ਯਾਂ ਪੋਲੀਟੀਕਲ ਪਦਵੀ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ ਸਿੱਖ ਲੀਗ ਨਾਲ ਜਾ ਰਲਣ। ਜੇ ਸਮਰਥਾ ਹੈ ਤਾਂ ਉਥੇ ਰਾਜਸੀ ਖ਼ਿਆਲਾਂ ਵਾਲੇ ਸਿੱਖਾਂ ਨੂੰ ਮਗਰ ਲਾ ਲੈਣ ਨਹੀਂ ਤਾਂ ਆਪ ਬੀਬੇ ਭਰਾਵਾਂ ਵਾਂਗ ਵਧੇਰੇ ਗੁਣ ਵਾਲਿਆਂ ਦੇ ਪਿੱਛੇ ਹੋ ਟੁਰਨ। ਭਾਵੇਂ ਜਿਹੜੀ ਸਲਾਹ ਮੈਂ ਹੁਣ ਅੱਗੇ ਦੇਂਦਾ ਹਾਂ ਉਹ ਇਕ ਤਰ੍ਹਾਂ ਦਾ ਸ੍ਵੈਘਾਤ (Suicide) ਹੈ। ਪਰ ਕਈ ਕੰਮ ਸ੍ਵੈਘਾਤ ਨਾਲੋਂ ਭੀ ਜ਼ਿਆਦਾ ਹਾਨੀਕਾਰਕ ਹੁੰਦੇ ਹਨ, ਮੇਰਾ ਮਨਤੱਵ ਪਰ ਕਈ ਇਹ ਹੈ ਕਿ ਜੇ ਚਾਰੇ ਸਿਰੇ ਨਾ ਸਰੇ ਬਣੇ ਤਾਂ ਇਕ ਵੱਖਰੀ ਮੌਡਰੇਟ ਕਾਂਨਫ਼ਰੰਸ (ਨਰਮ ਦਲ) ਬਣਾ ਲਓ, ਭਾਵੇਂ ਇਹ ਭੀ ਪੰਥ ਦੇ ਮੰਦ ਭਾਗ ਹੋਣਗੇ ਤਾਂ ਬਣੇਗੀ। ਪਰ ਇਸ ਨਾਲੋਂ ਚੀਫ਼ ਖਾਲਸਾ ਦੀਵਾਨ ਦੀ ਆਪਣੇ ਮਨੋਰਥ (੪) ਨੂੰ ਮਰੋੜ ਤਰੋੜ ਕੇ ਇਕ ਅਨੋਖੀ ਜਿਹੀ ਪੋਲਿਟੀਕਲ ਕੰਮ ਕਰਨ ਦੀ ਵਿਉਂਤ ਕੱਢ ਲੈਣੀ ਅਤੇ ਆਪਣੇ ਧਾਰਮਿਕ ਅਤੇ ਵਿਦਿਅਕ ਕੰਮ ਨੂੰ ਖ਼ਤਰੇ ਵਿਚ ਪਾਉਣਾ, ਬਹੁਤ ਹੀ ਬੁਰਾ ਅਸਰ ਰਖੇਗੀ ਅਤੇ ਪੰਥਕ ਸੁਭਾਓ ਨੂੰ ਬਿਗਾੜ ਦੇਵੇਗੀ। ਪੋਲਿਟੀਕਲ ਸੋਭਾ ਦਾ ਚਸਕਾ ਏਨਾ ਪ੍ਰਲਤ ਹੋ ਜਾਏਗਾ ਕਿ ਕੋਈ ਭੀ ਲਾਇਕ ਆਦਮੀ ਧਾਰਮਿਕ ਅਤੇ ਵਿਦਿਅਕ ਕੰਮ ਲਈ ਆਪਣੀ ਸੁਰਤ ਅਰਪਨ ਨਹੀਂ ਕਰੇਗਾ। ਮੈਂ ਪੁਛਦਾ ਹਾਂ ਜੇ ਵਿਦਿਅਕ ਆਸ਼ਰਮ ਅਤੇ ਧਾਰਮਿਕ ਅਸਥਾਨ ਪੋਲਿਟੀਕਲ ਘੋਲ ਦਾ ਅਖਾੜਾ ਨਹੀਂ ਬਨਾਣੇ ਚਾਹੀਦੇ ਤਾਂ ਵਿਦਿਅਕ ਅਤੇ ਧਾਰਮਿਕ ਦੀਵਾਨ ਕਿਉਂ ਪੋਲਿਟੀਕਲ ਗੱਲਾਂ ਵਿਚ ਦਾਖ਼ਲ ਦੇਵੇ ? ਮੈਂ ਪੁਛਦਾ ਹਾਂ ਕਿ ਜਦ ਮਨੋਰਥ (੧) ਵਿਚ ਦੀਵਾਨ ਦੇ ਸਾਰੇ ਉਤਸ਼ਾਹ ਦਾ ਨਿਚੋੜ ਦਿੱਤਾ ਹੈ ਤਾਂ ਉਥੇ ਸਪੱਸ਼ਟ ਪੋਲਿਟੀਕਲ ਬਿਰਧੀ ਤੇ ਭਲਾਈ ਦਾ ਵਰਣਨ ਕਿਉਂ ਨਹੀਂ ਕੀਤਾ ? ਅਤੇ ਇਹ ਸੱਚ ਹੈ ਕਿ ਕੋਈ ਭੀ ਸਾਫ਼ ਨੀਯਤ ਵਾਲਾ ਪੁਰਸ਼ ਮਨੋਰਥ (੪) ਵਿਚ ਲਿਖੇ "ਹੱਕ" ਦੇ ਅਰਥ ਮਨੋਰਥ (੧) ਵਿਚ ਲਿਖੀਆਂ ਕਿਸਮਾਂ

ਦੇ ਅਨੁਸਾਰ ਕਰੇਗਾ। ਜਿਹੜੀ ਕਿਸਮ ਮੁੱਖ ਮਨੋਰਥ, ਅਥਵਾ ਮਨੋਰਥ (੧) ਵਿਚ ਨਹੀਂ ਲਿਖੀ ਉਹ ਮਨੋਰਥ (੪) ਵਿਚ ਕਿਥੋਂ ਪ੍ਰਗਟ ਆ ਹੋਈ ? ਮੈਂ ਪੁਛਦਾ ਹਾਂ ਕਿ ਇਹ ਵੰਡ ਜਿਹੜੀ ਦੀਵਾਨ ਨੇ ਕੀਤੀ ਹੈ, ਕਿ ਦੀਵਾਨ ਕੇਵਲ ਖਾਲਸੇ ਦੇ ਹੱਕ, ਸਰਕਾਰ ਪਾਸ ਬੇਨਤੀ ਕਰੇਗਾ ਅਤੇ ਪੋਲਿਟੀਕਲ ਪ੍ਰਚਾਰ ਆਦਿਕ ਸਭ ਕੰਮ ਸਿੱਖ ਲੀਗ ਕਰੇ ਇਹ ਵੰਡ ਕਿਹੇ ਇਤਿਹਾਸ ਅਤੇ ਕਿਹੜੀ ਰਾਜਨੀਤੀ ਦੇ ਅਨੁਕੂਲ ਹੈ ? ਇਹ ਯਾਦ ਰੱਖਣਾ ਚਾਹੀਏ ਕਿ ਪੋਲਿਟੀਕਲ ਪ੍ਰਚਾਰ ਅਤੇ ਪ੍ਰਤੀਨਿਧਤਾ ਇਕੋ ਸ਼੍ਰੇਣੀ ਦਾ ਅਧਿਕਾਰ ਹੈ। ਪਬਲਿਕ ਦੀ ਰਾਇ ਨੂੰ ਉਹ ਲੋਕ ਹੀ ਯੋਗ ਤੌਰ ਤੇ ਪ੍ਰਗਟ ਕਰ ਸਕਦੇ ਹਨ ਜਿਹੜੇ ਪਬਲਿਕ ਰਾਇ ਨੂੰ ਬਨਾਉਣ ਵਿਚ ਹਿੱਸਾ ਲੈਣ। ਫੇਰ ਪਬਲਿਕ ਰਾਇ ਦੀ ਪੂਰੀ ਘੋਖ ਉਨ੍ਹਾਂ ਨੂੰ ਹੋ ਸਕਦੀ ਹੈ, ਜਿਹੜੇ ਪਬਲਿਕ ਵਿਚ ਆਪਣੀ ਰਾਇ ਪ੍ਰਗਟ ਕਰਨ। ਦੀਵਾਨ ਪੋਲਿਟੀਕਲ ਮਾਮਲਿਆਂ ਤੇ ਨਾ ਹੀ ਖੁਲਮਖੁਲ੍ਹਾ ਰਾਇ ਵਿਸਥਾਰ ਨਾਲ ਪ੍ਰਗਟ ਕਰਦਾ ਰਿਹਾ ਹੈ ਅਤੇ ਨਾ ਕਰਦਾ ਹੈ ਅਤੇ ਨਾ ਹੀ ਕਰਨ ਨੂੰ ਤਿਆਰ ਹੈ। ਨਾਲੇ ਪੋਲਿਟੀਕਲ ਪ੍ਰਚਾਰ ਦਾ ਜ਼ਿੰਮਾ ਤਾਂ ਲੈਂਦਾ ਹੀ ਨਹੀਂ ਹੈ। ਇਸ ਕਰਕੇ ਦੀਵਾਨ ਦਾ ਅਧਿਕਾਰ ਨਹੀਂ ਹੈ ਕਿ ਪੰਥ ਦਾ ਪੋਲਿਟੀਕਲ ਪ੍ਰਤੀਨਿਧ ਕਿਹਾ ਸਕੇ, ਜਾਂ ਇਹ ਦਾਵਾ ਕਰਕੇ ਕਿਸੇ ਭੀ ਮਾਨਨੀਯ ਅਸਥਾਨ ਜਾਂ ਪੁਰਸ਼ ਕੋਲ ਜਾਵੇ। ਇਕ ਹੋਰ ਭੀ ਕਾਰਨ ਹੈ, ਇਸ ਜਗਾਵੇ ਅਤੇ ਸ਼ਤਾਬੀ ਦੇ ਸਮੇਂ ਵਿਚ ਉਹ ਦੀਵਾਨ ਜਿਹੜਾ ਰਈਸ, ਫ਼ੌਜੀ ਸਰਦਾਰ, ਦੇਸੀ ਰਿਆਸਤਾਂ ਦੇ ਪ੍ਰਤਿਸ਼ਠਿਤ ਸਿੰਘ ਅਤੇ ਤਖ਼ਤਾਂ ਅਤੇ ਗੁਰਦੁਆਰਿਆਂ ਦੇ ਪ੍ਰਤੀਸ਼ਠਿਤ ਸੱਜਣ ਆਦਿਕ ਹੋਰ ਢਿਲੇ ਰਾਜਸੀ ਆਦਰਸ਼ ਵਾਲਿਆਂ ਨੂੰ ਸਾਰਿਆਂ ਤੋਂ ਪਹਿਲੇ ਆਪਣੇ ਮੈਂਬਰੀ ਦੇਣਾ ਚਾਹੁੰਦਾ ਹੈ ਅਤੇ ਪ੍ਰਸੰਨ ਰੱਖਣਾ ਚਾਹੁੰਦਾ ਹੈ। ਉਹ ਦੀਵਾਨ ਕਿਨੀ ਕੁ ਨਿਰਭੈਤਾ ਨਾਲ ਪੋਲਿਟੀਕਲ ਕੰਮ ਕਰ ਸਕਦਾ ਹੈ, ਅਤੇ ਕਿਨੇ ਕੁ ਤਿਆਰ-ਬਰ-ਤਿਆਰ ਪੋਲਿਟੀਕਲ ਖ਼ਿਆਲਾਂ ਵਾਲਾ ਹੋ ਸਕਦਾ ਹੈ ? ਜੇ ਅੰਗਰੇਜ਼ ਕੌਮ ਦੀ ਕਿਸਮਤ "ਹਾਊਸ ਆਫ਼ ਲਾਰਡਜ਼" (ਰਈਸੀ ਕੌਂਸਲ) ਜਿਸ ਨੇ ੧੯ ਜੁਲਾਈ ਨੂੰ ਜਨਰਲ ਡਾਇਰ ਵਰਗੇ ਪੁਰਸ਼ ਨੂੰ ਪਰਵਾਨਗੀ ਦੀ ਥਾਪੀ ਦਿੱਤੀ ਹੈ, ਉਸ ਹਾਊਸ ਦੇ ਹੱਥ ਹੁੰਦੀ ਤਾਂ ਇਹ ਤਰੱਕੀ ਕਦੀ ਨਾ ਹੁੰਦੀ। ਉਪਰ ਲਿਖੇ ਸੱਜਣਾਂ ਦੀ ਮੈਂ ਬਹੁਤ ਇੱਜ਼ਤ ਕਰਦਾ ਹਾਂ, ਪਰ ਜਿਸ ਤਰ੍ਹਾਂ ਟੀਚਰ ਲੜ ਨਹੀਂ ਸਕਦਾ ਅਤੇ ਸਿਪਾਹੀ ਪੜ੍ਹਿਆ ਨਹੀਂ ਹੋ ਸਕਦਾ, ਇਸੇ ਤਰ੍ਹਾਂ ਉਪਰ ਦਸੇ ਸੱਜਣ ਪੋਲਿਟੀਕਲ ਕੰਮ ਕਰਨ ਦੇ ਬਹੁਤ ਯੋਗ ਨਹੀਂ। ਇਹ ਭੀ ਸੋਚਣ ਵਾਲੀ ਗੱਲ ਹੈ ਕਿ ਜੇ ਦੀਵਾਨ ਉਪਰ ਦਸੇ ਪ੍ਰਤਿਸ਼ਠਤ ਸੱਜਣਾਂ ਅਤੇ ਹੋਰ ਸਰਕਾਰੀ ਨੌਕਰਾਂ ਅਥਵਾ ਪੋਲਿਟੀਕਲ ਕੰਮ ਤੋਂ ਸੰਕੋਚ ਕਰਨ ਵਾਲਿਆਂ ਤੋਂ, ਜਿੰਨਾਂ ਦੀ ਗਿਣਤੀ ਪੰਥ ਵਿਚ ਬਹੁਤ ਸਾਰੀ ਹੈ, ਇਹ ਆਸ ਰੱਖਦਾ ਹੈ ਕਿ ਉਹ ਦੀਵਾਨ ਦੇ ਵਿਦਿਅਕ ਅਤੇ ਧਾਰਮਿਕ ਕੰਮਾਂ ਵਿਚ ਹਿੱਸਾ ਲੈਣ, ਤਾਂ ਅਵੱਸ਼ ਕਰ ਕੇ ਦੀਵਾਨ ਨੂੰ ਪੋਲਿਟੀਕਲ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਜੇ ਇਹ ਕਹੋ ਕਿ ਅਗੇ ਭੀ ਦੀਵਾਨ ਪੋਲਿਟੀਕਲ ਪ੍ਰਤੀਨਿਧਤਾ ਦਾ ਕੰਮ ਕਰਦਾ ਰਿਹਾ ਹੈ ਤਾਂ ਉੱਤਰ ਮਿਲੇਗਾ ਕਿ ਥੁੜੇ ਵੇਲੇ ਦੀ ਵਰਤੋਂ ਜਾਂ ਜੁਗਤ ਕਦੇ ਇਕ ਸਾਧਾਰਨ ਨਿਯਮ ਨਹੀਂ ਬਣ ਸਕਦਾ। ਉਦੋਂ ਪੋਲਿਟੀਕਲ ਜਥਾ ਕੋਈ ਨਹੀਂ ਸੀ, ਪਰ ਹੁਣ ਵਿਸ਼ੇਸ਼ ਪੋਲਿਟੀਕਲ ਮਨੋਰਥਾਂ ਵਾਲਾ ਇਕ ਜਥਾ ਹਾਜ਼ਰ ਹੈ। ਹੋਰ ਇਹ ਸਵਾਲ ਏਥੇ ਛੇੜ ਕੇ ਬਹੁਤ ਲਾਭ ਨਹੀਂ ਹੈ ਕਿ ਉਪਰ ਦੱਸੀ ਦੀਵਾਨ ਦੀ ਪੋਲਿਟੀਕਲ ਪ੍ਰਤੀਨਿਧਤਾ ਕਿੰਨਾ ਕੁ ਪੰਥ ਨੂੰ ਹਾਨ ਜਾਂ ਲਾਭ ਪੁਚਾਇਆ ਹੈ। ਸੋ ਮੈਂ ਫੇਰ ਮੁੜ ਕੇ ਬੜੇ ਜ਼ੋਰ ਨਾਲ ਦੁਹਰਾ ਕੇ ਆਖਦਾ ਹਾਂ ਕਿ ਦੀਵਾਨ ਤੇ ਪੋਲਿਟੀਕਲ ਕੰਮਾਂ ਵਿਚ ਦਖ਼ਲ ਦੇਣ ਨਾਲ ਪੰਥ ਨੂੰ ਨੁਕਸਾਨ ਹੋਵੇਗਾ ਅਤੇ ਦੀਵਾਨ ਦੇ ਆਪਣੇ ਕੰਮਾਂ ਨੂੰ ਸਖ਼ਤ ਧੱਕਾ ਵੱਜੇਗਾ। ਜਦ ਦੀਵਾਨ ਦੇ ਪੋਲਿਟੀਕਲ ਆਦ੍ਰਿਸ਼ ਨਾਲ ਵਧੇਰੇ ਸਿੱਖਾਂ ਦੀ ਸੰਮਤੀ ਨਹੀਂ ਹੈ ਤਾਂ ਦੀਵਾਨ ਕਿਹੜੇ ਸਿੱਖਾਂ ਦਾ ਪ੍ਰਤੀਨਿਧ ਆਪਣੇ ਆਪ ਨੂੰ ਸਮਝ ਕੇ ਸਰਕਾਰ ਕੋਲ ਜਾਣਾ ਚਾਹੁੰਦਾ ਹੈ।

ਦੂਸਰੀ ਦਿਸ਼ਾ ਜਿਧਰ ਦੀਵਾਨ ਦੇ ਸੁਧਾਰ ਦੀ ਲੋੜ ਹੈ ਉਹ ਇਹ ਹੈ ਕਿ ਇਸ ਦਾ ਅਧਾਰ ਸੁਧਾ ਅਤੇ ਕੇਵਲ ਚੋਣ ਤੇ ਹੋਵੇ। ਮੈਂ ਜਦੋਂ ਨਿਯਮ (੮) ਨੂੰ ਪੜ੍ਹਦਾ ਹਾਂ ਤਾਂ ਹੈਰਾਨ ਹੋ ਹੋ ਕੇ ਪੁਛਦਾ ਹਾਂ ਕਿ ਇਹ ਸਾਡੇ ਕੌਮੀ ਚੌਣਵੇਂ ਪਰਤੀਨਿਧ ਜਥੇ ਦੇ ਨਿਯਮ ਹੈਨ ਜਾਂ ਕਿਸੇ ਉਪਰੇ ਦੇਸ਼ ਤੋਂ ਆਈ "ਨੌਕਰਸ਼ਾਹੀ' (Bureaucracy) ਦੇ ਆਪਣੇ ਪੈਰ ਪਕੇ ਰੱਖਣ ਦੀ ਵਿਉਂਤਾਂ ਹੈਨ। ਮੈਂ ਪੁਛਦਾ ਹਾਂ ਕਿ ਕੌਮੀ ਪ੍ਰਤੀਨਿਧ ਜਥੇ ਵਿਚ ਚੁਗਣ (Nomination) ਦਾ ਕੀ ਅਰਥ ਹੋਇਆ ? ਨਿਯਮ (੮) ਦੇ ਅੰਕ (ੳ) ਅਤੇ (ਸ) ਦੇ ਅਨੁਸਾਰ ਦੀਵਾਨ ਦੀ ਅੱਧੀ ਗਿਣਤੀ, ਪੰਜਾਹ ਫੀ ਸਦੀ ਚੁਗੇ (nominated) ਮੈਂਬਰਾਂ ਦੀ ਹੈ ਅਤੇ ਬਾਕੀ ਅੱਧੀ ਚੋਣ ਦੇ ਆਸਰੇ ਹੈ। ਲੋਕ ਬਿਰਥਾ ਸਰਕਾਰ ਨੂੰ ਦੋਸ਼ ਦੇਂਦੇ ਹੈਨ, ਸਰਕਾਰ ਨੇ ਕੌਂਸਲਾਂ ਵਿਚ ਕਿਤੇ ੮੦, ਅਤੇ ਕਿਤੇ ਇਸ ਤੋਂ ਭੀ ਵੱਧ ਫੀ ਸਦੀ ਚੁਣੇ ਮੈਂਬਰਾਂ ਦੀ ਗਿਣਤੀ

ਰੱਖੀ ਹੈ। ਸਰਕਾਰ ਨੂੰ ਸਿੱਖਾਂ ਉਤੇ ਅਤੇ ਹੋਰ ਹਿੰਦ ਵਾਸੀਆਂ ਉਤੇ ਬਹੁਤ ਜ਼ਿਆਦਾ ਇਤਬਾਰ ਯਾਂ ਵਿਸ਼ਵਾਸ ਹੈ, ਪਰ ਚੀਫ਼ ਖਾਲਸਾ ਦੀਵਾਨ ਨੂੰ ਸਿੱਖਾਂ ਦੀ ਅਕਲ ਅਤੇ ਚੁਣਨ ਦੀ ਸ਼ਕਤੀ ਤੇ ਬਹੁਤ ਘਟ ਨਿਸਚਾ ਹੈ। ਇਸ ਦਾ ਅਸਰ ਇਹ ਹੋਇਆ ਹੈ ਕਿ ਜਿਹੜਾ ਦੀਵਾਨ ਨੇ ੫੦ ਫ਼ੀ ਸਦੀ ਚੁਣੇ ਮੈਂਬਰਾਂ ਲਈ ਆਪਣੇ ਨਿਯਮਾਂ ਵਿਚ ਪ੍ਰਬੰਧ ਕੀਤਾ ਹੈ, ਪੰਥ ਨੇ ਕੁਝ ਤਾਂ ਅਣਗਹਿਲੀ ਕਰਕੇ, ਪਰ ਬਹੁਤ ਕੁਝ ਰੋਸ ਅਤੇ ਅਕੇਵੇਂ ਕਰਕੇ, ਉਸ ਪ੍ਰਬੰਧ ਦਾ ਭੀ ਪੂਰਾ ਲਾਭ ਨਹੀਂ ਉਠਾਣਾ ਚਾਹਿਆ। ਮੈਂ ਦੀਵਾਨ ਦੇ ਸੇਵਾਦਾਰਾਂ ਤੋਂ ਸਨਿੰਮਰ ਪੁਛਦਾ ਹਾਂ ਕਿ ਪੰਜਾਬ ਦੀਆਂ ਸੈਂਕੜੇ ਸਿੰਘ ਸਭਾਵਾਂ ਵਿੱਚੋਂ ਕਿਨੀਆਂ ਦੀਵਾਨ ਨਾਲ ਸਬੰਧਤ ਹੈਨ ਅਤੇ ਕਿਨੀਆਂ ਸਬੰਧਤ ਸਭਾਵਾਂ ਬਕਾਇਦਾ ਚੰਦਾ ਭੇਜਦੀਆਂ ਹੈਨ ? ਬਹੁਤ ਹੀ ਘਟ, ਗਿਣਤੀ ਦੀਵਾਨ ਨੂੰ ਹੀ ਮਲੂਮ ਹੋ ਸਕਦੀ ਹੈ, ਕਦੇ ਇਹ ਸੋਚਿਆ ਹੈ ਕਿ ਕਿਉਂ ਸਭਾਵਾਂ ਦੀਵਾਨ ਨਾਲ ਨਹੀਂ ਰਲਦੀਆਂ ? ਇਸ ਨਾ-ਰਲਣ ਦਾ ਇਲਾਜ ਕੀ ਕੀਤਾ ਹੈ ? ਏਸੇ ਸੰਬੰਧ ਵਿਚ ਇਕ ਹੋਰ ਬੇਨਤੀ ਕਰਦਾ ਹਾਂ, ਭਾਵੇਂ ਉਸ ਦਾ "ਚੋਣ" ਨਾਲ ਵਾਸਤਾ ਨਹੀਂ, ਜਿਸ ਤਰ੍ਹਾਂ ਸਭਾਵਾਂ ਦਾ ਦੀਵਾਨ ਨਾਲ ਮੋਹ ਨਹੀਂ ਹੈ ਇਸੇ ਤਰ੍ਹਾਂ ਪੰਥ ਦੇ ਗੁਰਮੁਖੀ, ਉਰਦੂ ਅਤੇ ਅੰਗਰੇਜ਼ੀ ਗਿਆਰਾਂ ਜਾਂ ਬਾਰਾਂ ਅਖ਼ਬਾਰਾਂ ਵਿੱਚੋਂ ਕੇਵਲ ਦੋ ਹੈਨ ਜੋ ਦੀਵਾਨ ਦੀ ਪਾਲਸੀ ਦੀ ਪੁਸ਼ਟੀ ਕਰਦੀਆਂ ਹੈਨ ਅਤੇ ਇਹਨਾਂ ਵਿੱਚੋਂ ਇਕ ਦੀਵਾਨ ਦਾ ਆਪਣਾ ਅਖ਼ਬਾਰ (Organ, ਮੁਖਾਰਬਿੰਦ) ਹੈ, ਸੋ ਕੇਵਲ ਇਕ ਸੁਤੰਤਰ ਅਖ਼ਬਾਰ ਦੀ ਦੀਵਾਨ ਨਾਲ ਸੰਮਤੀ ਹੈ, ਅਤੇ ਨੌਂ ਯਾ ਦਸ ਅਖ਼ਬਾਰ ਦੀਵਾਨ ਨਾਲ ਸੰਮਤੀ ਨਹੀਂ ਰਖਦੇ, ਇਹ ਫ਼ਿਕਰ ਪੈਦਾ ਕਰਨ ਵਾਲੀ ਹਾਲਤ ਹੈ।

ਮੈਨੂੰ ਇਉਂ ਭਾਸਦਾ ਹੈ ਕਿ ਦੀਵਾਨ ਆਪਣੇ ਬਿਰਧ ਜਾਂ ਧਰਮ (funenion) ਨੂੰ ਵਿਸਾਰੀ ਬੈਠਾ ਹੈ। ਦੀਵਾਨ ਦੀ ਕਦਰ ਜਾਂ ਕੀਮਤ ਦਾ ਕਾਰਨ ਇਕ ਹੀ ਹੋ ਸਕਦਾ ਹੈ ਕਿ ਦੀਵਾਨ ਸਭ ਸਿੰਘ ਸਭਾਵਾਂ ਆਦਿਕ ਜਥਿਆਂ ਦੀ ਇਕ ਵੱਡੀ ਸੈਂਟਰਲ ਸਿੰਘ ਸਭਾ ਹੈ। ਪੰਥ ਦੇ ਜੀਵਨ ਅਤੇ ਬਿਰਧੀ ਦਾ ਨਿਰਭਰ (ਸਿੰਘ ਸਭਾ movement ਉਤਸ਼ਾਹ) ਪਰ ਹੈ, ਸਿੰਘ ਸਭਾਵਾਂ ਨੂੰ ਸੁਰਜੀਤ ਕਰਨਾ ਅਤੇ ਸੁਰਜੀਤ ਰੱਖਣਾ ਚਾਹੀਦਾ ਹੈ, ਜੋ ਭੀ ਦਰਦੀ ਵਿਦਵਾਨ, ਗੁਣਵਾਨ ਸਿੰਘ ਹੋਵੇ ਉਸ ਨੂੰ ਸਿੰਘ ਸਭਾ ਦੇ ਮੰਡਲ ਵਿਚ ਆਉਣਾ ਜ਼ਰੂਰੀ ਹੈ। ਦੀਵਾਨ ਨੇ ਇਹੋ ਜਿਹੇ ਪਤਵੰਤਿਆਂ ਜਾਂ ਗੁਣਵਾਨਾ ਦੀ 'ਸਿਧੀ ਚੁਗਣ' (nomination) ਦਾ ਰਿਵਾਜ ਪਾ ਕੇ ਉਹਨਾਂ ਨੂੰ ਸਿੰਘ ਸਭਾਵਾਂ ਵਿਚ ਦਾਖਲ ਹੋਣ ਤੋਂ ਇਕ ਤਰ੍ਹਾਂ ਹੋੜਿਆ ਹੈ, ਜੇ ਇਹ ਨਿਯਮ ਹੁੰਦਾ ਕਿ ਕੋਈ ਸਿੱਖ ਦੀਵਾਨ ਵਿਚ ਕੇਵਲ ਆਪਣੀ ਵਡਿਆਈ ਜਾਂ ਗੁਣ ਕਰ ਕੇ ਮੈਂਬਰ ਨਹੀਂ ਹੋ ਸਕਦਾ, ਜਦੋਂ ਤਕ ਉਸ ਨੂੰ ਕਿਸੇ ਜਥੇ ਦੀ ਪ੍ਰਵਾਨਗੀ ਜਾਂ ਪ੍ਰਤੀਨਿਧਤਾ ਪ੍ਰਾਪਤ ਨਾ ਹੋਵੇ, ਤਾਂ ਐਸੇ ਸੱਜਣਾਂ ਨੂੰ ਸਿੰਘ ਸਭਾਵਾਂ ਵਿਚ ਸ਼ਾਮਲ ਹੋਣ ਦੀ ਬਹੁਤ ਪ੍ਰੇਰਨਾ ਹੁੰਦੀ, ਹਰ ਜਗ੍ਹਾ ਦੇ ਧਾਰਮਿਕ ਅਤੇ ਵਿਦਿਅਕ ਕੰਮ ਜਾਂ ਆਸ਼ਰਮ ਵਿਸ਼ੇਸ਼ ਕਰ ਕੇ ਉਸੇ ਥਾਂ ਦੇ ਪੁਰਸ਼ਾਂ ਦੀ ਲਿਆਕਤ, ਕੁਰਬਾਨੀ ਅਤੇ ਜਥੇਬੰਦੀ ਦੇ ਆਸਰੇ ਚਲ ਸਕਦੇ ਹੈਨ। ਸੋ ਇਹ ਸਿੱਧ ਹੋਇਆ ਕਿ ਦੀਵਾਨ ਦਾ ਹਰ ਇਕ ਮੈਂਬਰ ਕਿਸੇ ਨਾ ਕਿਸੇ ਜਥੇ ਵੱਲੋਂ ਚੁਣਿਆ ਹੋਇਆ ਹੋਵੇ ਅਤੇ ਇਕ ਵੀ ਮੈਂਬਰ ਐਵੇਂ ਥਾਪਿਆ ਨਾ ਹੋਵੇ, ਕਿਉਂਕਿ ਦੀਵਾਨ ਦੀ ਕਾਰਜ ਸਾਧਕ ਜਾਂ ਜਨਰਲ ਕਮੇਟੀ ਜੋ ਆਪ ਸੁਧੀਚੋਣ ਦਾ ਸਿੱਟਾ ਨਹੀਂ ਹੈਨ—ਉਹਨਾਂ ਦਾ ਕੋਈ ਹੱਕ ਨਹੀਂ ਹੈ ਕਿ ਸਾਰੇ ਪੰਥ ਦੇ ਸਿਰ ਤੇ ਜੱਜ ਬਣ ਕੇ ਬਹਿ ਜਾਵਨ ਅਤੇ ਆਪਣੀ ਰੁਚੀ ਅਨੁਸਾਰ ਕਿਸੇ ਨੂੰ ਯੋਗ ਕਿਸੇ ਨੂੰ ਅਯੋਗ ਆਖ ਕੇ ਮੈਂਬਰ ਬਣਾਈ ਜਾਵੇ ਜਾਂ ਬਨਾਣੋਂ ਨਾਹ ਕਰੀ ਜਾਵੇ। ਸੋ ਜਿਨਾਂ ਜਥਿਆਂ ਦਾ ਦੀਵਾਨ ਨੂੰ ਚੁਣਿਆ ਹੋਇਆ ਪ੍ਰਤੀਨਿਧ ਹੋਣਾ ਚਾਹੀਦਾ ਹੈ ਉਹ ਵਨਗੀ ਮਾਤਰ ਇਹ ਹੋ ਸਕਦੇ ਹੈਨ:-ਸਿੰਘ ਸਭਾਵਾਂ, ਦੀਵਾਨ, ਜਥੇ, ਜਾਂ ਸੁਸਾਇਟੀਆਂ ਇਹੋ ਜਿਹੀਆਂ, ਵਿਦਿਅਕ ਆਸ਼ਰਮਾਂ, ਸਕੂਲਾਂ, ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ, ਗੁਰਦੁਆਰਿਆਂ ਆਦਿਕ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਗ੍ਰੈਜੂਏਟ ਐਸੋਸੀਏਸ਼ਨ, ਪੁੰਨ ਅਰਥ ਆਸ਼ਰਮਾਂ, ਯਤੀਮ ਖਾਨੇ, ਵਿਧਵਾ ਆਸ਼ਰਮ ਆਦਿਕ ਦੀਆਂ ਪ੍ਰਬੰਧਕ ਕਮੇਟੀਆਂ ਸਿੱਖ ਟੀਚਰਜ਼ ਜਾਂ ਹੈਡਮਾਸਟਰਜ਼ ਐਸੋਸੀਏਸ਼ਨਾਂ, ਸਿੱਖ ਕੌਮੀ ਅਖ਼ਬਾਰਾਂ ਦੀ ਸਭਾ ਆਦਿ ਇਹਨਾਂ ਸ਼੍ਰੇਣੀਆਂ ਵਿੱਚੋਂ ਕੋਈ ਕੋਈ ਅਜੇ ਬਣੀਆਂ ਨਹੀਂ ਹੈਨ ਪਰ ਬਣਨੀਆਂ ਜ਼ਰੂਰ ਚਾਹੀਦੀਆਂ ਹੈਨ ਜਿਕੂੰ ਕੌਮੀ ਅਖ਼ਬਾਰਾਂ ਦੀ ਸਭਾ ਅਤੇ ਪੰਥ ਦੇ ਵੱਡੇ ਜਥੇ ਵਿਚ ਇਹਨਾਂ ਨੂੰ ਅਧਿਕਾਰ ਮਿਲਣ ਨਾਲ ਇਹ ਛੇਤੀ ਬਣ ਜਾਣਗੀਆਂ ਅਤੇ ਸ਼ੌਂਕ ਨਾਲ ਕੰਮ ਕਰਨਗੀਆਂ। ਪੰਥਕ ਅਖ਼ਬਾਰਾਂ ਦੀ ਸਭਾ ਦਾ ਨਾਮ ਮੈਂ ਏਸ ਕਰ ਕੇ ਏਥੇ ਸ਼ਾਮਲ ਕੀਤਾ ਹੈ, ਕਿਉਂਕਿ ਧਾਰਮਿਕ ਅਤੇ ਵਿਦਿਅਕ ਕੰਮ ਦੀ ਅਖ਼ਬਾਰ ਬਹੁਤ ਹੀ ਸਹਾਇਤਾ ਕਰ ਸਕਦੇ ਹੈਨ। ਇਕ ਇਹ ਭੀ ਸੁਧਾਰਯੋਗ ਗੱਲ ਹੈ ਕਿ ਦੀਵਾਨ ਨਾਲ ਸਬੰਧਤ ਹੋਣ ਦੀ ਫੀਸ ਕੁਝ ਚਿਰ ਲਈ ਬਹੁਤ ਥੋੜ੍ਹੀ ਚਾਹੀਦੀ ਹੈ, ਹੁਣ ਦੀਵਾਨ ਵੀਹਵਾਂ

ਹਿੱਸਾ ਆਮਦਨ ਦਾ ਹਰ ਇਕ ਜਥੇ ਜਾਂ ਸਭਾ ਪਾਸੋਂ ਮੰਗਦਾ ਹੈ, ਕਈ ਸੱਜਣਾਂ ਤੋਂ ਸੁਣਿਆ ਹੈ ਕਿ ਇਹ ਰਕਮ ਬਹੁਤ ਹੀ ਜ਼ਿਆਦਾ ਹੈ, ਸਥਾਨਕ ਆਸ਼ਰਮਾਂ ਦੀਆਂ ਲੋੜਾਂ ਬਹੁਤ ਹੈਨ, ਨਾਲੇ ਇਹ ਭੀ ਆਖਦੇ ਹੈਨ ਕਿ ਹੁਣ ਦੇ ਦੀਵਾਨ ਤੋਂ ਸਾਨੂੰ ਇਤਨਾ ਲਾਭ ਨਹੀਂ ਪਹੁੰਚਦਾ ਕਿ ਅਸੀਂ ਉਸ ਦੇ ਬਦਲੇ ਆਪਣੀ ਆਮਦਨ ਦਾ ਵੀਹਵਾ ਹਿੱਸਾ ਦੇਈਏ, ਇਹ ਸਚ ਹੈ ਕਿ ਕੇਵਲ ਪਰਜਾ ਹੀ ਆਪਣੇ ਆਪ ਨੂੰ ਟੈਕਸ ਲਾ ਸਕਦੀ ਹੈ। ਸੋ ਪਹਿਲੇ ਦੀਵਾਨ ਨੂੰ ਪੂਰਨ ਤੌਰ ਤੇ ਚੌਣਵਾ ਪ੍ਰਤੀਨਿਧ ਬਣਾਉ ਅਤੇ ਜਥਿਆਂ, ਸਭਾਵਾਂ ਆਦਿ ਨੂੰ ਸਬੰਧਤ ਹੋਣ ਲਈ ਪ੍ਰੇਰਨਾ ਕਰਨ ਵਾਸਤੇ ਸ਼ਰਤਾਂ ਬਹੁਤ ਸੁਖਾਲੀਆਂ ਬਣਾਉ, ਫੇਰ ਉਹ ਚੋਣਵਾਂ ਦੀਵਾਨ ਆਪ ਆਪਣੀਆਂ ਲੋੜਾਂ ਅਤੇ ਕੰਮ ਅਨੁਸਾਰ ਆਪਣੇ ਸਬੰਧਤ ਜਥਿਆਂ ਨੂੰ ਉਹਨਾਂ ਦੀ ਸੰਮਤੀ ਨਾਲ ਟੈਕਸ ਲਾਵੇਗਾ, ਜਾਂ ਫੀਸ, ਖਿਰਾਜ ਲਾਵੇਗਾ ਅਤੇ ਜਥੇ ਖੁਸ਼ੀ ਨਾਲ ਦੇਵਣਗੇ।

ਸੋ ਮੇਰੀ ਇਹ ਬੇਨਤੀ ਹੈ ਕਿ ਦੀਵਾਨ ਕੇਵਲ ਧਾਰਮਿਕ ਅਤੇ ਵਿਦਿਅਕ ਕੰਮ ਨਾਲ ਵਾਸਤਾ ਰਖੇ ਅਤੇ ਕੇਵਲ ਚੋਣਵੇਂ ਮੈਂਬਰਾਂ ਨਾਲ ਸਜਿਆ ਹੋਵੇ। ਬਾਕੀ ਤਫ਼ਸੀਲ ਦੀ ਵਿਚਾਰ ਫੇਰ ਹੋ ਸਕਦੀ ਹੈ, ਜਦੋਂ ਦੀਵਾਨ ਸੁਧਾਰ ਲਈ ਰਜ਼ਾਮੰਦ ਹੋ ਜਾਏ।

ਅੰਤਲੀ ਬੇਨਤੀ ਇਹ ਕਰਦਾ ਹਾਂ ਕਿ ਮੈਨੂੰ ਦੀਵਾਨ ਜਾਂ ਉਸ ਦੇ ਵਿਰੁਧ ਕਿਸੇ ਧੜੇ ਦਾ ਪਰਸ਼ਪਾਤ ਨਹੀਂ ਹੈ, ਨਾ ਹੀ ਕਿਸੇ ਪਾਸੋਂ ਕਿਸੇ ਲਾਭ ਜਾਂ ਪਦਵੀ ਦੀ ਝਾਕ ਹੈ, ਮੇਰੇ ਜਾਣੂ ਅਤੇ ਦੀਵਾਨ ਦੇ ਪਤਵੰਤੇ ਸੇਵਾਦਾਰ ਭੀ ਇਹ ਚੰਗੀ ਤਰ੍ਹਾਂ ਜਾਣਦੇ ਹੋਣ ਕਿ ਮੈਨੂੰ ਕਿਸੇ ਧੜੇ ਨਾਲ ਈਰਖਾ ਜਾਂ ਮੋਹ ਜਾਂ ਕੋਈ ਜ਼ਾਤੀ ਸਬੰਧ ਨਹੀਂ ਹੈ। ਮੈਂ ਦੋਨੋਂ ਪਾਸਿਆਂ ਦੇ ਸੱਜਣਾਂ ਦੇ ਗੁਣਾਂ ਦੀ ਇੱਜ਼ਤ ਕਰਦਾ ਹਾਂ ਅਤੇ ਜਾਣਦਾ ਹਾਂ ਕਿ ਜਦੋਂ ਮੈਂ ਇਕ ਅਵਿਦਿਯ ਬਾਲਕ ਸਾਂ ਉਹ ਉਦੋਂ ਦੇ ਆਪਣੀ ਬੁਧ ਅਤੇ ਸਮਰਥਾ ਅਨੁਸਾਰ ਪੰਥ ਦਾ ਕੰਮ ਕਰ ਰਹੇ ਹੈਨ, ਮੈਂ ਸ਼ਖ਼ਸੀ ਤੌਰ ਤੇ ਉਹਨਾਂ ਦਾ ਆਦਰ ਅਦਬ ਕਰਨ ਵਾਲਾ ਹਾਂ, ਅਤੇ ਮੈਂ ਉਪਰਲੇ ਲੇਖ ਵਿਚ ਯਤਨ ਤਾਂ ਬਹੁਤ ਕੀਤਾ ਹੈ ਕਿ ਕੋਈ ਰੁੱਖਾ ਜਾਂ ਫਿੱਕਾ ਬਚਨ ਨਾ ਲਿਖਾਂ, ਪਰ ਜੇ ਫੇਰ ਭੀ ਕੋਈ ਲਿਖਿਆ ਗਿਆ ਹੋਵੇ ਤਾਂ ਹੱਥ ਜੋੜ ਕੇ ਖਿਮਾਂ ਮੰਗਦਾ ਹਾਂ। ਮੈਨੂੰ ਆਪਣੀ ਬੁਧ ਜਾਂ ਸਮਰਥਾ ਦਾ ਕੋਈ ਟਪਲਾ ਜਾਂ ਮਾਣ ਨਹੀਂ ਹੈ, ਮੈਂ ਕੇਵਲ ਸਿੱਖ ਧਰਮ ਅਤੇ ਇਤਿਹਾਸ ਦਾ ਇਕ ਨਿਮਾਣਾ ਵਿਦਿਆਰਥੀ ਹਾਂ ਅਤੇ ਸਿੱਖ ਪੰਥ ਦਾ ਇਕ ਨਿਮਾਣਾ ਦਰਦੀ ਹਾਂ, ਅਤੇ ਸਮੇਂ ਦੀ ਲੋੜ ਨੂੰ ਅਨੁਭਵ ਕਰ ਕੇ ਆਪਣੀ ਰਾਇ ਨੂੰ ਪ੍ਰਗਟ ਕੀਤਾ ਹੈ ਅਤੇ ਆਸ਼ਾ ਕਰਦਾ ਹਾਂ ਕਿ ਯੋਗ ਸੱਜਣ ਉੱਤਰ ਦੇ ਕੇ ਮੇਰੇ ਸੰਸਿਆਂ ਦੀ ਨਿਵਿਰਤੀ ਕਰਨਗੇ।

ਸ: ਨਿਰੰਜਨ ਸਿੰਘ ਜੀ ਗੁਜਰਾਂਵਾਲਾ

ਪੰਥ ਦੀ ਇਕ ਭਾਰੀ ਕਾਨਫਰੰਸ ਕੀਤੀ ਜਾਵੇ ਜਿਸ ਵਿਚ ਪੰਥ ਦੇ ਚੋਣਵੇਂ ਪ੍ਰਤੀਨਿਧ ਹਰ ਖ਼ਿਆਲ ਦੇ ਇਕੱਠੇ ਹੋਵਣ ਤੇ ਪ੍ਰਸਪੇ-ਖਿਆਲਾਤ ਦਾ ਵਟਾਂਦਰਾ ਠੰਡੇ ਦਿਲ ਨਾਲ ਕੀਤਾ ਜਾਵੇ ਤੇ ਫੇਰ ਜੋ ਸਿੱਟਾ ਨਿਕਲੇ ਉਸ ਦੇ ਅਨੁਸਾਰ ਪੂਰੇ ਪ੍ਰੇਮ ਤੇ ਸਤਿਕਾਰ ਭਾਵ ਨਾਲ ਅਮਲ ਸ਼ੁਰੂ ਕੀਤਾ ਜਾਵੇ। ਜਿਨੀ ਜਲਦੀ ਇਹ ਕਾਰਜ ਹੋਵੇਗਾ ਉਨ੍ਹਾਂ ਹੀ ਲਾਭ ਹੈ, ਜਿਨੀ ਦੇਰੀ ਪਵੇਗੀ ਉਨ੍ਹਾਂ ਹੀ ਪਾੜ ਵਧਨ ਦਾ ਤੇ ਪੰਥ ਨੂੰ ਹਾਨੀ ਤੇ ਨੁਕਸਾਨ ਪੁਜਣ ਦਾ ਡਰ ਹੈ ਤੇ ਇਸ ਕੰਮ ਵਾਸਤੇ ਉਦਮ ਕਰਨ ਲਈ ਇਕ ਪ੍ਰਵਿਯਨਲ ਕਮੇਟੀ ਜਾਂ ਜਥਾ ਬਣੇ ਜੋ ਇਸ ਸਮਾਗਮ ਕਰਨ ਵਾਸਤੇ ਪ੍ਰਬੰਧ ਕਰੇ ਤੇ ਉਸ ਵਿਚ ਲਾਹੌਰ, ਗੁਜਰਾਂਵਾਲਾ, ਅੰਮ੍ਰਿਤਸਰ, ਲੈਲਪੁਰ ਆਦਿਕ ਦੇ ਕੁਝ ਪ੍ਰੇਮੀ ਸ਼ਾਮਲ ਹੋਵਣ ਜੋ ਆਪਣੀ ਵਿਉਂਤ ਪੰਥ ਅਗੇ ਅਖ਼ਬਾਰਾਂ ਰਾਹੀਂ ਪੇਸ਼ ਕਰ ਕੇ ਛੇਤੀ ਸਮਾਗਮ ਕਰ ਦੇਵਣ।

ਅਕਾਲੀ ਲਾਹੌਰ, ੨੩ ਅਗਸਤ ੧੯੨੦

ਜਥੇਬੰਦੀ

ਰੋਪੜ ਦੀ ਸੰਗਤ

ਰੋਪੜ ਵਾਲੀ ਸੰਗਤ ਵੱਲੋਂ ਆਪ ਦੇ ਪਵਿੱਤਰ ਪਰਚੇ ਦਾ ਉੱਤਰ ਇਹ ਹੈ ਕਿ :-

੧. ਅੱਜਕੱਲ੍ਹ ਫੁੱਟ ਦਾ ਕੋਈ ਓੜਕ ਨਹੀਂ।

੨. ਉਧਰ ਤਾਂ ਚੀਫ਼ ਖਾਲਸਾ ਦੀਵਾਨ ਵੀ ਆਪਣੀ ਵਾਹ ਲਾਈ ਜਾਂਦਾ ਹੈ।

੩. ਇਸ ਤੋਂ ਚੰਗਾ ਠੀਕ ਢੰਗ ਹੋਰ ਹੋ ਸਕੇ ਤਾਂ ਕੋਈ ਔਕੜ ਨਹੀਂ ਰਹੇਗੀ।

੪. ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ।

੫. ਸੱਚ ਪੁਛੋਂ ਤਾਂ ਜੋ ਕੁਝ ਕਰਨਾ ਹੈ ਸੱਚੇ ਪਿਤਾ ਕਲਗੀਆਂ ਵਾਲੇ ਨੇ ਹੀ ਕਰਨਾ ਹੈ ਕਿਉਂਕਿ ਆਪ ਦੇ ਪੰਥ ਦੀ ਲਾਜ ਆਪ ਤੇ ਸਿਵਾ ਹੋਰ ਕਿਸਨੂੰ ਹੈ।

ਸ: ਬਾਘ ਸਿੰਘ ਜੀ ਹੈਡਮਾਸਟਰ

(ਖਾਲਸਾ ਹਾਈ ਸਕੂਲ ਗੁਜਰਾਂਵਾਲਾ)

ਬੇਨਤੀ ਹੈ ਕਿ ਮੇਰਾ ਖ਼ਿਆਲ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋਵੇ ਪਰ ਮੈਂ ਇਸ ਦੇ ਸਖ਼ਤ ਵਿਰੁਧ ਹਾਂ ਕਿ ਨਵਾਂ ਦੀਵਾਨ ਬਣਾਇਆ ਜਾਵੇ।

ਅਕਾਲੀ ਲਾਹੌਰ, ੨੪ ਅਗਸਤ ੧੯੨੦

ਜਥੇਬੰਦੀ

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋਣਾ ਜਾਂ ਇਸ ਦਾ ਸ਼੍ਰੋਮਣੀ ਜਥਾ ਬਨਾਣਾ ਕਠਿਨ ਹੈ, ਕਿਉਂ ਜੋ ਇਸ ਦੇ ਪ੍ਰਬੰਧਕ ਨੌਕਰਸ਼ਾਹੀ ਪ੍ਰਭਾਵ ਵਿਚ ਜੰਮੇ ਪਲੇ ਹਨ ਤਾਂ ਉਨ੍ਹਾਂ ਦੀਆਂ ਆਦਤਾਂ ਬੀ ਆਪਾ ਜਾਣਾਣ ਵਾਲੀਆਂ ਬਹੁਤ ਹੋ ਗਈਆਂ ਹਨ, ਜਿਵੇਂ ਗਵਰਨਮੈਂਟ ਲਈ ਖਿਚੋਤਾਣ ਤੇ ਜਦੋ ਜਹਿਦ ਮਗਰੋਂ ਆਪਣੀ ਕਾਇਆਂ ਪਲਟਨੀ ਔਖੀ ਹੋ ਰਹੀ ਹੈ, ਇਸੀ ਪ੍ਰਕਾਰ ਇਸ ਛੋਟੀ ਜਿਹੀ ਗਵਰਨਮੈਂਟ ਪਾਸੋਂ ਆਪਣਾ ਵਤੀਰਾ ਬਦਲਨਾ ਔਖਾ ਅਤੇ ਆਪਣੇ ਆਪ ਨੂੰ ਬਾਹਲਾ ਪੱਕਾ ਅਥਵਾ ਆਪਣੀ ਜਾਨਣ ਵਾਲੀ ਤਾਕਤ ਨੂੰ ਤਕੜਾ ਕਰਨ ਹਿਤ ਕੋਈ ਅਜੇਹੀ ਚਾਲ ਚਲਣ, ਜੋ ਪ੍ਰਤਖ ਤਾਂ ਭਲਾਈ ਵਾਲੀ ਜਾਂ ਸੁਧਾਰ ਵਾਲੀ ਜਾਪੇ-ਇਨ੍ਹਾਂ ਰੌਲਾ ਪਾਉਣ ਦੇ ਮਗਰੋਂ ਬੀ ਆਪ ਦਾ ਪ੍ਰਯੋਜਨ ਉਹ ਹੀ ਰਹਿਆ ਹੈ।

ਇਸ ਸਮੇਂ ਸਭ ਕੌਮਾਂ ਆਪਣੀ ਉਨਤੀ ਲਈ ਹਦੋਂ ਵੱਧ ਯਤਨ ਕਰ ਰਹੀਆਂ ਹਨ, ਇਕ ਸੱਜਣ ਕੁਝ ਨਹੀਂ ਕਰ ਸਕਦਾ ਤੇ ਨਾ ਹੀ ਕੌਮ ਤੋਂ ਅੱਡ ਤਾਕਤਾਂ ਕੁਝ ਲਾਭਦਾਇਕ ਹੋ ਸਕਦੀਆਂ ਹਨ, ਇਸ ਲਈ ਇਹ ਯੋਗ ਹੈ ਕਿਸੇ ਕੰਮ ਦੇ ਨਜਿੱਠਣ ਲਈ ਸਾਂਝਾ ਜ਼ੋਰ ਲਾਇਆ ਜਾਵੇ ਤੇ ਇਸ ਸਾਂਝੇ ਜਥੇ ਦਾ ਅਤੀ ਜ਼ਰੂਰੀ ਹੈ, ਜੋ ਪੰਚਾਇਤੀ ਅਸੂਲਾਂ ਤੇ ਕੰਮ ਕਰੇ।

ਦਾਸ ਜਸਵੰਤ ਸਿੰਘ (ਬੀ. ਏ.)
ਮੈਨੇਜਰ ਖਾਲਸਾ ਹਾਈ ਸਕੂਲ ਨਾਰੰਗ

ਗੁਰੂ ਨਾਨਕ ਸਰਵਿੰਗ ਕਲਬ ਲਾਹੌਰ!

੧. ਚੀਫ਼ ਖਾਲਸਾ ਦੀਵਾਨ ਨੂੰ ਹੀ ਸੁਰਜੀਤ ਕੀਤਾ ਜਾਵੇ।

(੨) ਸੁਧਾਰ ਇਸ ਪ੍ਰਕਾਰ ਹੋਵੇ ਕਿ ਉਹ ਜ਼ਿਲ੍ਹੇ ਦੀਆਂ ਸਾਰੀਆਂ ਸਿੰਘ ਸਭਾਵਾਂ ਤੇ ਜਥੇ ਜ਼ਿਲ੍ਹੇ ਦੀ ਵਡੀ ਸਿੰਘ ਸਭਾ ਨਾਲ ਸਬੰਧਤ ਹੋਣ।

(ਅ) ਸਿੰਘ ਸਭਾਵਾਂ, ਜਥਿਆਂ, ਸਰਵਿੰਗ ਕਲੱਬਾਂ ਵਿਦਿਅਕ ਆਸ਼ਰਮਾਂ ਤੇ ਸਿੱਖ ਲੀਗਾਂ ਵੱਲੋਂ ਇਕ ਇਕ ਪ੍ਰਤੀਨਿਧ ਚੁਣ ਕੇ ਭੇਜਿਆ ਜਾਵੇ।

(ੲ) ਕੋਈ ਆਦਮੀ ਸਿੱਧਾ ਚੁਗਕੇ (nominate) ਕਰ ਕੇ ਨਾ ਲਿਆ ਜਾਵੇ।

(ਸ) ਤਿੰਨ ਮਹੀਨਿਆਂ ਪਿੱਛੋਂ ਜਨਰਲ ਕਮੇਟੀ ਦਾ ਜੋੜ ਮੇਲ ਹੋਇਆ ਕਰੇ।

(ਹ) ਚੀਫ਼ ਖਾਲਸਾ ਦੀਵਾਨ ਦਾ ਸਕੱਤਰ ਤਨਖਾਹਦਾਰ ਹੋਵੇ।

(ਦਾਸ ਆਇਆ ਸਿੰਘ ਸਕੱਤਰ)

ਸਿੰਘ ਸਭਾ ਸਦਰ ਪਸ਼ੌਰ ਛਾਵਣੀ!

"ਗੁਰਮਤਾ ਨੰ: ੬ ਤਾਰੀਖ਼ ੮ ਅਗਸਤ ੧੯੨੦ ਦਾ ਭਾਈ ਮੰਗਲ ਸਿੰਘ ਜੀ ਐਡੀਟਰ ਅਕਾਲੀ ਲਾਹੌਰ ਦੀ

੨੭ ਜੁਲਾਈ ੧੯੨੦ ਦੀ ਚਿੱਠੀ ਪੇਸ਼ ਹੋਈ ਅਤੇ ਵਿਚਾਰ ਹੋਕਰ ਸਰਬ ਸੰਮਤੀ ਨਾਲ ਪਾਸ ਹੋਇਆ ਕੇ ਅਗਰ ਚੀਫ਼ ਖਾਲਸਾ ਦੀਵਾਨ ਆਪਣੇ ਨਿਯਮ ਅਤੇ ਸੇਵਾਦਾਰਾਂ ਵਿਚ ਮੁਨਾਸਬ ਤਬਦੀਲੀ ਕਰ ਕੇ ਸਿੱਖਾਂ ਦੇ ਪੁਲੀਟੀਕਲ ਹੱਕਾਂ ਦੀ ਰਾਖੀ ਕਰ ਸਕੇ ਤਾਂ ਬਹੁਤ ਹੀ ਚੰਗਾ ਹੈ, ਨਹੀਂ ਤਾਂ ਕੋਈ ਹੋਰ ਐਸਾ ਜਥਾ ਕਾਇਮ ਹੋਣਾ ਜ਼ਰੂਰੀ ਹੈ ਜਿਹੜਾ ਸਿੱਖਾਂ ਦੇ ਧਾਰਮਿਕ ਤੇ ਪੋਲਿਟੀਕਲ ਕੰਮਾਂ ਪਰ ਪੂਰੀ ਵਿਚਾਰ ਕਰੇ ਅਤੇ ਜਿਹੜਾ ਮੌਜੂਦਾ ਵਕਤ ਵਿਚ ਪੰਥ ਦੇ ਧਾਰਮਿਕ ਤੇ ਪੁਲਿਟੀਕਲ ਕੰਮਾਂ ਪਰ ਪੂਰੀ ਨਿਗਰਾਨੀ ਕਰੇ।

ਦਾਸ—ਸੁੰਦਰ ਸਿੰਘ
ਸਕੱਤਰ
ਸ੍ਰੀ ਗੁਰੂ ਸਿੰਘ ਸਭਾ ਸਦਰ ਪੇਸ਼ਾਵਰ

ਗ੍ਰੰਥੀ ਸਭਾ ਚਕ ੭੧

ਭਾਈ ਭਗਵਾਨ ਸਿੰਘ ਜੀ ਗ੍ਰੰਥੀ ਸਕੱਤਰ ਲਿਖਦੇ ਸਨ ਕਿ ਸਭਾ ਵਿਚ ਪਾਸ ਹੋਇਆ "ਜਥੇਬੰਦੀ ਦੀ ਡਾਢੀ ਲੋੜ ਹੈ ਮੌਜੂਦਾ ਚੀਫ਼ ਖਾਲਸਾ ਦੀਵਾਨ ਨੇ ਨਾ ਫ਼ਰਜ਼ ਪੂਰਾ ਕੀਤਾ ਤੇ ਨਾ ਹੀ ਕਰ ਸਕਦਾ ਹੈ। ਇਸ ਦਾ ਠੀਕ ਠੀਕ ਸੁਧਾਰ ਹੋਵੇ ਜਾਂ ਮੁਖੀ ਜਥਾ ਨਵਾਂ ਬਣੇ।

ਅਕਾਲੀ ਲਾਹੌਰ, ੨੬ ਅਗਸਤ ੧੯੨੦

ਜਥੇਬੰਦੀ

ਸਰਦਾਰ ਸੰਤ ਸਿੰਘ ਜੀ ਵਕੀਲ ਲਾਇਲਪੁਰ !

"ਪਿਆਰੇ ਜੀ, ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਤਦੇ ਹੋ ਸਕਦਾ ਹੈ ਜਦ ਚੀਫ਼ ਖਾਲਸਾ ਦੀਵਾਨ ਦੇ ਕਾਰਕੁਨ ਜਿਨਾਂ ਦੇ ਹੱਥ ਵਿਚ ਚੀਫ਼ ਖਾਲਸਾ ਦੀਵਾਨ ਦੀ ਮਸ਼ੀਨਰੀ ਕੁੰਜੀ ਹੈ ਪਹਿਲਾਂ ਇਸ ਗੱਲ ਨੂੰ ਮੰਨਣ ਕਿ ਮੌਜੂਦਾ ਚੀਫ਼ ਖਾਲਸਾ ਦੀਵਾਨ ਮੌਜੂਦਾ ਜ਼ਮਾਨੇਂ ਦੇ ਮੁਤਾਬਕ ਕੰਮ ਨਹੀਂ ਕਰ ਸਕਦਾ ਅਤੇ ਉਸ ਦੇ ਵਿਚ ਨੁਕਸ ਹਨ। ਜੇਕਰ ਉਹ ਇਸ ਅਸੂਲੀ ਗੱਲ ਨੂੰ ਨਾ ਮੰਨਣ ਤਾਂ ਚੀਫ਼ ਖਾਲਸਾ ਦੀਵਾਨ ਦੇ ਸੁਧਾਰ ਦਾ ਖ਼ਿਆਲ ਹੀ ਰੱਖਣਾ ਕੋਈ ਅਕਲਮੰਦੀ ਨਹੀਂ। ਹੁਣ ਦੋ ਸੂਰਤਾਂ ਪੈਦਾ ਹੁੰਦੀਆਂ ਹਨ, ਜੇ ਚੀਫ਼ ਖਾਲਸਾ ਦੀਵਾਨ ਵਾਲੇ ਨਾ ਮੰਨਣ ਤਾਂ ਕੀ ਕਰਨਾ ਚਾਹੀਦਾ ਹੈ ਅਤੇ ਜੇ ਮੰਨਣ ਤਾਂ ਕੀ ਕਰਨਾ ਲੋੜੀਦਾ ਹੈ।

(੧) ਪਹਿਲੀ ਸੂਰਤ ਵਿਚ ਚੀਫ਼ ਖਾਲਸਾ ਦੀਵਾਨ ਦੇ ਸੁਧਾਰ ਦਾ ਖ਼ਿਆਲ ਛੱਡ ਦੇਣਾ ਚਾਹੀਦਾ ਹੈ ਸਿੰਘ ਸਭਾਵਾਂ ਅਤੇ ਬਾਕੀ ਪੰਥਕ ਜਥਿਆਂ ਵਿਚ ਇਹ ਖ਼ਿਆਲ ਪੈਦਾ ਕਰਨਾ ਚਾਹੀਦਾ ਹੈ ਕਿ ਚੀਫ਼ ਖਾਲਸਾ ਦੀਵਾਨ ਨੇ ਉਹਨਾਂ ਫ਼ਰਜ਼ਾਂ ਨੂੰ ਪੂਰਾ ਕਰਨਾ ਛੱਡ ਦਿੱਤਾ ਹੈ ਜਿਨ੍ਹਾਂ ਫ਼ਰਜ਼ਾਂ ਨੂੰ ਪੂਰਾ ਕਰਨ ਵਾਸਤੇ ਇਹ ਸ਼੍ਰੋਮਣੀ ਜਥਾ ਬਣਾਇਆ ਗਿਆ ਸੀ। ਇਸ ਵਾਸਤੇ ਜਾਂ ਤਾਂ ਚੀਫ਼ ਖਾਲਸਾ ਦੀਵਾਨ ਨੂੰ ਕੌਮੀ ਅਵਾਜ਼ ਨਾਲ ਜਗਾਇਆ ਜਾਵੇ ਅਤੇ ਕਿਸੇ ਤਰੀਕੇ ਨਾਲ ਉਹਨਾਂ ਨੂੰ ਮਜਬੂਰ ਕਰ ਕੇ ਮਨਾਇਆ ਜਾਵੇ ਕਿ ਆਪਣੇ ਨਿਯਮਾਂ ਵਿਚ ਯੋਗ ਤਬਦੀਲੀ ਕਰਨ। ਜੇਕਰ ਚੀਫ਼ ਖਾਲਸਾ ਦੀਵਾਨ ਇਸ ਅਖੀਰੀ ਅਵਾਜ਼ ਦੀ ਪ੍ਰਵਾਹ ਵੀ ਨਾ ਕਰੇ ਤਾਂ ਨਵਾਂ ਧਾਰਮਿਕ ਜਥਾ ਬਣਾ ਲੀਤਾ ਜਾਵੇ।

(੨) ਦੂਸਰੀ ਹਾਲਤ ਵਿਚ ਜੇ ਚੀਫ਼ ਖਾਲਸਾ ਦੀਵਾਨ ਦੇ ਕਾਰਕੁਨ ਮਨ ਜਾਣ ਕਿ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਸਮੇਂ ਅਨੁਸਾਰ ਤਬਦੀਲੀ ਦੀ ਲੋੜ ਆ ਪਈ ਹੈ ਤਾਂ ਇਹ ਤਜਵੀਜ਼ ਕੀਤੀ ਜਾਏ ਕਿ ਪੰਥ ਦਾ ਇਕ ਬਹੁਤ ਵਡਾ ਇਕੱਠ ਸਿੱਖ ਲੀਗ ਦੇ ਆਣ ਵਾਲੇ ਦਿਨਾਂ ਵਿਚ ਲਾਹੌਰ ਵਿਚ ਕੀਤਾ ਜਾਵੇ ਅਤੇ ਇਸ ਦੀਵਾਨ ਵਿਚ ਸਾਰੀਆਂ ਸਿੰਘ ਸਭਾਵਾਂ ਅਤੇ ਹੋਰ ਪੰਥਕ ਜਥਿਆਂ ਦੇ ਪ੍ਰਤੀਨਿਧ ਬੁਲਾਏ ਜਾਣ। ਇਹ ਪੰਥਕ ਵੱਡਾ ਇਕੱਠ ਇਕ ਅਪਣੀ ਸਬ ਕਮੇਟੀ ਬਣਾਏ। ਉਧਰ ਚੀਫ਼ ਖਾਲਸਾ ਦੀਵਾਨ ਨੂੰ ਲਿਖਿਆ ਜਾਏ ਕਿ ਉਹ ਆਪਣੇ ਚੀਫ਼ ਖਾਲਸਾ ਦੀਵਾਨ ਵਿਚ ਇਹੋ ਜਿਹੀ ਇਕ ਸਬ ਕਮੇਟੀ ਬਨਾਣ, ਇਹ ਦੋਵੇਂ ਸਬ ਕਮੇਟੀਆਂ ਮਿਲ ਕੇ ਚੀਫ਼ ਖਾਲਸਾ ਦੀਵਾਨ ਦੇ ਮੌਜੂਦਾ ਨਿਯਮਾਂ ਤੇ ਵਿਚਾਰ ਕਰਨ ਅਤੇ ਉਹਨਾਂ ਵਿਚ ਯੋਗ ਤਬਦੀਲੀਆਂ ਕਰ ਕੇ ਆਪਣੀ ਰਿਪੋਰਟ ਛਾਪਣ।

ਉਸ ਰੀਪੋਰਟ ਨੂੰ ਆਮ ਸਿੱਖ ਪਬਲਿਕ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਮੁਨਾਸਬ ਪ੍ਰਸਪਰ ਵਿਚਾਰ ਦੇ ਪਿੱਛੋਂ ਫੇਰ ਇਕ ਪੰਥ ਦਾ ਤੇ ਚੀਫ਼ ਖਾਲਸਾ ਦੀਵਾਨ ਦਾ ਮਿਲਵਾਂ ਇਕੱਠ ਕੀਤਾ ਜਾਏ, ਜੋ ਕਿ ਦੋਹਾਂ ਸਬ ਕਮੇਟੀਆਂ ਦੀ ਰੀਪੋਰਟ ਅਤੇ ਆਮ ਸਿੱਖ ਪਬਲਿਕ ਦੇ ਖ਼ਿਆਲਾਂ ਦੀ ਵੀਚਾਰ ਕਰ ਕੇ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਦੀ ਪਰਵਾਨਗੀ ਬਖਸ਼ੇ ਤਾਂ ਪੰਥਕ ਜਥੇਬੰਦੀ ਹੋ ਸਕਦੀ ਹੈ।

ਬਾਕੀ ਵਿਸਥਾਰ ਵਿਚ ਜਾਣ ਦੀ ਇਸ ਵੇਲੇ ਲੋੜ ਨਹੀਂ, ਪਹਿਲੇ ਇਕ ਬੁਨਿਆਦੀ ਅਸੂਲ ਦਾ ਫ਼ੈਸਲਾ ਹੋਣਾ ਚਾਹੀਦਾ ਹੈ।

ਸਿੰਘ ਸਭਾ ਚੱਕ ੪੬

ਆਪ ਦੀ ਜਥੇਬੰਦੀ ਵਾਲੀ ਚਿੱਠੀ ਪੜ੍ਹ ਕੇ ਬਹੁਤ ਖੁਸ਼ੀ ਹੋਈ ਕਿਉਂਕਿ ਪੰਥ ਨੂੰ ਪੱਕੀ ਜਥੇਬੰਦੀ ਦੀ ਲੋੜ ਹੈ। ਚੰਗਾ ਤਾਂ ਤਦ ਸੀ ਜੇ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਜਾਂਦਾ ਪਰ ਇਹ ਗੱਲ ਇਤਨੀ ਅਸੰਭਵ ਹੈ ਜਿਸ ਤਰ੍ਹਾਂ ਸਹੇ ਦੇ ਸਿਰ ਤੇ ਸਿੰਙ, ਕਿਉਂਕਿ ਇਹਨਾਂ ਨੇ ਬਾਂਦਰ ਵਾਲੀ ਮੁਠ ਢਿਲੀ ਨਹੀਂ ਛਡਣੀ। ਤਾਂ ਤੇ ਪ੍ਰਤੀਨਿਧ ਜਥਾ ਹੋਰ ਬਣੇ।

ਆਪ ਦਾ ਦਾਸ, ਨਿਰੰਜਨ ਸਿੰਘ
ਸੇਵਕ ਸਿੰਘ ਸਭਾ ਚੱਕ ਨੰ: ੪੬
ਡਾਕਖਾਨਾ ਪਤੋਕੀ, ਲਾਹੌਰ।

ਸਕੱਤਰ ਸਿੰਘ ਸਭਾ ਨਾਰਲੀ

ਹੁਣ ਜਦ ਕੇ ਸਰਕਾਰ ਨੇ ਵੀ ਸੁਧਾਰ ਸਕੀਮ ਬਣਾ ਦਿਤੀ ਹੈ ਤੇ ਉਸ ਉਪਰ ਅਮਲ ਹੋਣਾ ਆਰੰਭ ਹੋ ਗਿਆ ਹੈ। ਸੱਚ ਮੁੱਚ ਚੀਫ਼ ਖਾਲਸਾ ਦੀਵਾਨ ਦਾ ਵੀ ਸੁਧਾਰ ਹੋਣਾ ਜ਼ਰੂਰੀ ਹੈ। ਇਸ ਸਬੰਧੀ ਜੋ ਚਿੱਠੀ "ਅਕਾਲੀ" ਵਿਚ ਛਪੀ ਹੈ ਉਹ ਮੈਂ ਪੜ੍ਹੀ ਹੈ। ਉਸੇ ਢੰਗ ਨਾਲ ਜਾਂ ਕੁਝ ਵੱਖਰੀ ਤਰ੍ਹਾਂ ਜਿਸ ਤਰ੍ਹਾਂ ਬਹੁਤੇ ਸਿਆਣਿਆਂ ਦਾ ਖ਼ਿਆਲ ਹੋਣ ਦੇਣ ਹੋ ਕੇ ਇਕ ਪ੍ਰਤੀਨਿਧ ਜਥਾ ਬਣਨਾ ਬੜਾ ਜ਼ਰੂਰੀ ਹੈ। ਐਜੂਕੇਸ਼ਨਲ ਕਮੇਟੀ ਜਾਂ ਸਿੱਖ ਲੀਗ ਬਹੁ ਸੰਮਤੀ ਨਾਲ ਭਾਵੇਂ ਵੱਖ ਰਹਿਣ, ਭਾਵੇਂ ਇਸੇ ਨਾਲ ਸਬੰਧਤ ਕੀਤੀਆਂ ਜਾਣ, ਚੀਫ਼ ਖਾਲਸਾ ਦੀਵਾਨ ਦੇ ਪ੍ਰਤੀਨਿਧ ਵੀ ਇਸ ਵਿਚ ਲਏ ਜਾਣ। ਸਾਲ ਦੇ ਸਾਲ ਚੋਣ ਹੋਵੇ, ਰਿਪੋਰਟ ਛਪੇ ਤੇ ਜਲਸਾ ਹੋਵੇ। ਜਿਥੇ ਹਰ ਇਕ ਸਿੱਖ ਆਪਣੇ ਖ਼ਿਆਲ ਪ੍ਰਗਟ ਕਰੇ। ਪੰਥ ਦੀ ਭਲਾਈ ਲਈ ਨੇਕ ਨੀਤੀ ਨਾਲ ਜੋ ਕੰਮ ਆਪ ਕਰੋਗੇ ਅਸੀਂ ਨਾਲ ਹਾਂ।

ਦਾਸ ਹੀਰਾ ਸਿੰਘ, ਸਕੱਤਰ, ਸਿੰਘ ਸਭਾ
ਨਾਰਲੀ, ਜ਼ਿਲ੍ਹਾ ਲਾਹੌਰ

ਜ਼ਿਲ੍ਹੇ ਲੁਧਿਆਨੇ ਵਿਖੇ ਦੀਵਾਨ ਤੇ ਗੁਰਮਤੇ।

ਸਰਦਾਰ ਲਾਲ ਸਿੰਘ ਜੀ ਭਸੌੜ ਤੋਂ ਲਿਖਦੇ ਹਨ ਕਿ ਰਾਏ ਕੋਟ ਖਿਆਲੀ ਅਤੇ ਭੇਣੀ ਬੜਿੰਗ ਵਿਖੇ ਖਾਲਸੇ ਜੀ ਵੱਲੋਂ ਦੀਵਾਨ ਕਰ ਕੇ ਹੇਠਲੇ ਗੁਰਮਤੇ ਪਾਸ ਕੀਤੇ ਗਏ (੧) ਫ਼ੌਜਾਂ ਵਿਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਖੁਲ੍ਹ ਕੀਤੀ ਜਾਏ।

(੨) ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸਿੱਖ ਕੌਮ ਦੇ ਹਵਾਲੇ ਕਰ ਦਿੱਤਾ ਜਾਏ।

(੩) ਖਾਲਸਾ ਕਾਲਜ ਦਾ ਪ੍ਰਬੰਧ ਸਿੱਖਾਂ ਦੇ ਸਪੁਰਦ ਕੀਤਾ ਜਾਏ।

(੪) ਭਾਈ ਰਣਧੀਰ ਸਿੰਘ ਜੀ ਤੇ ਹੋਰ ਪੋਲੀਟੀਕਲ ਕੈਦੀਆਂ ਨੂੰ ਸਾਡੀ ਫ਼ੌਜੀ ਸੇਵਾ ਨੂੰ ਮੁਖ ਰੱਖਦੇ ਹੋਏ ਬਹੁਤ ਛੇਤੀ ਛੱਡ ਦਿੱਤਾ ਜਾਏ।

(੫) ਜੇਲ੍ਹਖਾਨੇ ਵਿਚ ਸਿੱਖਾਂ ਨੂੰ ਪੰਜ ਕਕਾਰ ਰੱਖਣ ਦੀ ਖੁਲ੍ਹ ਦਿੱਤੀ ਜਾਵੇ।

(੬) ਗੁਰਦੁਆਰਾ ਸਾਹਿਬ ਕਿਲ੍ਹਾ ਗਵਾਲੀਅਰ ਦਾ ਪ੍ਰਬੰਧ ਮੁਸਲਮਾਨ ਮਜੌਰ ਪਾਸੋਂ ਮਹਾਰਾਜਾ ਸਾਹਿਬ ਗਵਾਲੀਅਰ ਰਾਹੀਂ ਲੈਕੇ ਸਿੱਖ ਰਿਆਸਤ ਜਾਂ ਪੰਥ ਦੇ ਹਵਾਲੇ ਕੀਤਾ ਜਾਏ।

ਅਕਾਲੀ ਲਾਹੌਰ, ੨੭ ਅਗਸਤ ੧੯੨੦

ਜਥੇਬੰਦੀ

ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ.

ਸ੍ਰੀਮਾਨ ਜੀ!

ਜਥੇਬੰਦੀ ਬਾਬਤ ਆਪ ਦੀ ਚਿੱਠੀ ਦੇ ਉੱਤਰ ਵਿਚ ਇਹ ਬਿਨੈ ਹੈ ਕਿ ਇਸ ਮਾਮਲੇ ਵਿਚ ਜਾਤੀਆਤ ਨੂੰ ਨਾ ਲਿਆਂਦਾ ਜਾਵੇ ਤਾਂ ਮੇਰੇ ਖ਼ਿਆਲ ਵਿਚ ਮਾਮਲਾ ਛੇਤੀ ਹੀ ਨਿਜਿਠਿਆਂ ਜਾਏਗਾ। ਮੌਜੂਦਾ ਚੀਫ਼ ਖਾਲਸਾ ਦੀਵਾਨ ਦੇ ਨੁਕਸ ਨਿਸਚੇ ਕਰਨ ਲਈ ਜਾਂ ਗਲਤ ਫ਼ਹਿਮੀਆਂ ਦੂਰ ਕਰਨ ਲਈ ਮੇਰੀ ਰਾਇ ਵਿਚ ਇਹ ਅਤੀ ਜ਼ਰੂਰੀ ਹੈ ਕਿ ਇਕ ਮੀਟਿੰਗ ਕੀਤੀ ਜਾਵੇ। ਜਿਸ ਦੇ ਵਿਚ ਸਾਰੀਆਂ ਮੌਜੂਦਾ ਸਿੰਘ ਸਭਾ ਤੇ ਸਾਰੇ ਪੰਥਕ ਆਸ਼ਰਮਾਂ ਦੇ ਪ੍ਰਤੀਨਿਧ, ਸਾਰੀਆਂ ਪੰਥਕ ਅਖ਼ਬਾਰਾਂ ਦੇ ਐਡੀਟਰ, ਸਾਰੇ ਮਸ਼ਹੂਰ ਪ੍ਰਚਾਰਕ ਸਦੇ ਜਾਣ। ਨਾਲ ਹੀ ਚੀਫ਼ ਖਾਲਸਾ ਦੀਵਾਨ ਦੇ ਮੈਂਬਰਾਂ ਨੂੰ ਭੀ ਸਦਾ ਦਿੱਤਾ ਜਾਵੇ। ਸਿੱਖ ਲੀਗ ਦੇ ਮੈਂਬਰਾਂ ਦੇ ਸੱਦਣ ਦੀ ਲੋੜ ਨਹੀਂ ਕਿਉਂਕਿ ਮੇਰੀ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਨੂੰ ਪੋਲੀਟੀਕਲ ਕੰਮ ਨਹੀਂ ਕਰਨਾ ਚਾਹੀਦਾ। ਪ੍ਰਸਪਰ ਵਿਚਾਰ ਮਗਰੋਂ ਜੋ ਫ਼ੈਸਲਾ ਹੋਵੇ ਉਹਨੂੰ ਸਭ ਸਿਰ ਮੱਥੇ ਤੇ ਮੰਨਣ। ਫਲਾਣਾ ਸਕੱਤਰ ਹੋਵੇ ਜਾਂ ਪ੍ਰਧਾਨ ਇਹ ਗੱਲ ਬਹਸ ਵਾਲੀ ਨਹੀਂ। ਵਿਚਾਰਯੋਗ ਗਲ ਕੇਵਲ ਇਹ ਹੈ ਕਿ ਨਿਯਮਾਂ ਅਨੁਸਾਰ ਜੋ ਸੱਜਣ ਸਕੱਤਰ ਜਾਂ ਪ੍ਰਧਾਨ ਚੁਣੇ ਜਾਣ। ਕਿਸੇ ਨੂੰ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ। ਚੋਣਵੇਂ ਲਫ਼ਜ਼ਾਂ ਜਾਂ ਲੇਖਾਂ ਦੀ ਲੋੜ ਨਹੀਂ। ਇਸ ਵੇਲੇ ਸਭ ਤਾਕਤਾਂ ਨੂੰ ਇਕ ਥਾਂ ਕਰਨ ਦੀ ਲੋੜ ਹੈ।

ਆਪ ਦਾ ਹਿਤੂ, ਜੋਧ ਸਿੰਘ।

ਗਿਆਨੀ ਸ਼ੇਰ ਸਿੰਘ ਜੀ।

ਐਡੀਟਰ ਸਾਹਿਬ ਅਕਾਲੀ ਦੀ ਇਹ ਕੋਸ਼ਿਸ਼ ਕਾਬਲੇ ਤਾਰੀਫ਼ ਹੈ ਜੋ ਉਹ ਜਥੇਬੰਦੀ ਦੇ ਮੁਕੰਮਲ ਕਰਨ ਲਈ ਕਰ ਰਹੇ ਹਨ। ਮੇਰੀ ਜਾਚੇ ਹੇਠ ਲਿਖੇ ਸੁਧਾਰ ਜੇ ਚੀਫ਼ ਖਾਲਸਾ ਦੀਵਾਨ ਵਿਚ ਹੋ ਜਾਣ। ਦੀਵਾਨ ਸਿੱਖਾਂ ਦਾ ਪ੍ਰਤੀਨਿਧ ਜਥਾ ਹੋ ਸਕਦਾ ਹੈ :-

(੧) ਪੋਲੀਟੀਕਲ ਕੰਮ ਲੀਗ ਦੇ ਆਸਰੇ ਰਹਿਣ ਦਿੱਤਾ ਜਾਵੇ, ਅਤੇ ਆਪਣੀ ਪੋਲੀਟੀਕਲ ਸਬ ਕਮੇਟੀ ਤੋੜ ਦੇਵੇ।

(੨) ੮੫ ਫੀ ਸਦੀ ਸਿੰਘ ਸਭਾਵਾਂ ਆਦਿ ਪੰਥਕ ਜਥਿਆਂ ਵੱਲੋਂ ਚੁਣੇ ਹੋਏ ਮੈਂਬਰ ਹੋਣ। ਬਾਕੀ ੧੫ ਫੀ ਸਦੀ ਜਨਰਲ ਕਮੇਟੀ ਨਿਯਤ ਜਾਂ ਨਾਮੀਨੇਟ ਕਰੇ।

(੩) ਕਿਸੇ ਜਥੇ ਦੇ ਚੁਣੇ ਹੋਏ ਕਿਸੇ ਪ੍ਰਤੀਨਿਧ ਨੂੰ ਦੀਵਾਨ ਵੱਲੋਂ ਮੈਂਬਰ ਬਣਨ ਵਿਚ ਰੋਕ ਨਾ ਹੋਵੇ, ਹਾਂ ਜੇ ਮੈਂਬਰ ਬਣਕੇ ਉਹ ਦੀਵਾਨ ਲਈ ਹਾਨੀਕਾਰਕ ਸਾਬਤ ਹੋਵੇ ਤਾਂ ਜਨਰਲ ਕਮੇਟੀ ਬਹੁਸੰਮਤੀ ਨਾਲ ਕੱਢ ਸਕੇ।

(੪) ਦਾਖਲਾ ਫਾਰਮ ਇਕੋ ਹੋਵੇ, ਉਹੀ ਦੀਵਾਨ ਦੇ ਮੈਂਬਰਾਂ ਲਈ ਅਤੇ ਉਹੀ ਸਬੰਧਤ ਜਥਿਆਂ ਲਈ।

(੫) ਜਦ ਇਹ ਨਿਯਮ ਪਾਸ ਹੋ ਜਾਣ, ਤਦ ਇਨ੍ਹਾਂ ਦੇ ਅਨੁਸਾਰ ਨਵੀਂ ਜਨਰਲ ਕਮੇਟੀ ਬਣੇ, ਅਰਥਾਤ ਪਿਛਲੀ ਸਮਾਪਤ ਹੋ ਜਾਵੇ।

ਇਸ ਸੁਧਾਰ ਲਈ ਹੇਠ ਲਿਖੀ ਵਿਉਂਤ ਹੋਣੀ ਚਾਹੀਦੀ ਹੈ, ਪੰਜ ਸੱਜਣਾਂ ਦੇ ਨਾਮਾਂ ਹੇਠ ਇਕ ਸੱਦਾਪਤਰ ਪੰਥ ਨੂੰ ਭੇਜਿਆ ਜਾਵੇ। ਭਾਵੇਂ ਯੋਗ ਸੱਜਣ ਤਾਂ ਬਹੁਤ ਹਨ ਪਰ ਛੇਤੀ ਕੰਮ ਕਰਨ ਵਾਸਤੇ ਹੇਠ ਲਿਖੇ ਸੱਜਣਾਂ ਵਿੱਚੋਂ ਕੋਈ ਪੰਜ ਸੱਜਣ ਹੋਣ :-

(ੳ) ਸਰਦਾਰ ਹਰਬੰਸ ਸਿੰਘ ਜੀ।

(ਅ) ਪ੍ਰੋ: ਜੋਧ ਸਿੰਘ ਜੀ।

(ੲ) ਸਰਦਾਰ ਸੁੰਦਰ ਸਿੰਘ ਜੀ ਮਜੀਠੀਆ।

(ਸ) ਸਰਦਾਰ ਸੁਚਾ ਸਿੰਘ ਜੀ ਪੰਜਾਬ ਦਰਪਣ।

(ਹ) ਸਰਦਾਰ ਨਰੈਣ ਸਿੰਘ ਜੀ ਗੁਜਰਾਂਵਾਲਾ।

(ਕ) ਪ੍ਰੋਫ਼ੈਸਰ ਤੇਜਾ ਸਿੰਘ ਜੀ, ਮਸਤੂਆਨਾ।

(ਖ) ਭਾਈ ਸਾਹਿਬ ਡਾ: ਅਰਜਨ ਸਿੰਘ ਜੀ ਬਾਗੜੀਆਂ।
(ਗ) ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ।
(ਘ) ਐਡੀਟਰ ਸਾਹਿਬ ਅਕਾਲੀ।
(ਙ) ਐਡੀਟਰ ਸਾਹਿਬ ਲਾਇਲ ਗਜ਼ਟ।

ਇਨ੍ਹਾਂ ਵਿੱਚੋਂ ਪੰਜ ਚੁਨਣ ਸਮੇਂ ਦੋ ਉਹ ਸੱਜਣ ਜ਼ਰੂਰ ਹੋਣ ਜੋ ਚੀਫ਼ ਖਾਲਸਾ ਦੀਵਾਨ ਨਾਲ ਮਿਲ ਕੇ ਹੁਣ ਤਕ ਕੰਮ ਕਰਦੇ ਰਹੇ ਹੋਣ। ਸੱਦਾ ਪੱਤਰ ਕੁਲ ਸਿੰਘ ਸਭਾਵਾਂ ਦੇ ਸਕੱਤਰਾਂ ਪ੍ਰੈਜ਼ੀਡੈਂਟਾਂ, ਪੰਚ ਖਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ ਅਤੇ ਸਿੱਖ ਲੀਗ ਦੇ ਅੰਤ੍ਰਿਗ ਕਮੇਟੀਆਂ ਦੇ ਮੈਂਬਰਾਂ, ਹਾਈ ਸਕੂਲਾਂ ਦੇ ਮੈਨੇਜਰਾਂ, ਹੈਡਮਾਸਟਰਾਂ ਪੁਰਾਣੇ ਨਵੇਂ ਉਪਦੇਸ਼ਕਾਂ ਅਤੇ ਪ੍ਰਸਿੱਧ ਰਾਗੀਆਂ ਦੇ ਨਾਮ ਹੋਵੇ। ਇਹਨਾਂ ਦੇ ਇਲਾਵਾ ਅਖ਼ਬਾਰਾਂ ਦੇ ਐਡੀਟਰ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਜਰਾਂਵਾਲਾ ਦੇ ਸਿੱਖ ਪ੍ਰੋਫੈਸਰਾਂ ਅਤੇ ਪੰਜ ਦਸ ਹੋਰ ਪ੍ਰਸਿਧ ਸੱਜਣਾਂ ਦੇ ਨਾਮ ਭੀ ਸੱਦਾ ਦਿੱਤਾ ਜਾਵੇ।

ਇਹ ਮੀਟਿੰਗ ਪੱਚੀਸ ਸਤੰਬਰ ਤਕ ਜ਼ਰੂਰ ਹੋ ਜਾਵੇ, ਫੇਰ ਇਸ ਵਿਚ ਵਿਚਾਰ ਕੇ ਇਕ ਸਬ ਕਮੇਟੀ ਬਣਾਈ ਜਾਵੇ ਜੋ ਦੀਵਾਨ ਨਾਲ ਇਹ ਫ਼ੈਸਲਾ ਕਰੇ ਕਿ ਉਹ ਉਕਤ ਵਡੇ ਪੰਥਕ ਜੋੜ ਮੇਲ ਵਿਚ ਕੀਤੇ ਹੋਏ ਗੁਰਮਤਿਆਂ ਨੂੰ ਮੰਨਦਾ ਹੈ ਕਿ ਨਹੀਂ, ਜੇ ਮੰਨੇ ਤਾਂ ਦੀਵਾਨ ਨੂੰ ਸ਼੍ਰੋਮਣੀ ਜਥਾ ਪਰਵਾਨ ਕੀਤਾ ਜਾਵੇ, ਨਹੀਂ ਤਾਂ ਇਹੀ ਸਬ ਕਮੇਟੀ ਫੇਰ ਪੰਥ ਨੂੰ ਇਕ ਦਿਨ ਬੁਲਾ ਕੇ ਨਵਾਂ ਦੀਵਾਨ ਥਾਪ ਲਵੇ। ਇਹ ਸਾਰਾ ਕੰਮ ੧ ਦਸੰਬਰ ੧੯੨੦ ਤੋਂ ਪਹਿਲੇ ਪਹਿਲੇ ਮੁੱਕ ਜਾਣਾ ਚਾਹੀਦਾ ਹੈ, ਤਾਂਕਿ ਗੱਲ ਬਹੁਤੀ ਖਟੇ ਪੈਕੇ ਆਈ ਗਈ ਨਾ ਹੋ ਜਾਵੇ।

ਨੋਟ—ਜੇ ਦੀਵਾਨ ਦੇ ਮੇਲੀ ਸਦੇ ਪੱਤਰ ਉੱਪਰ ਦਸਤਖਤ ਕਰਨ ਤੋਂ ਸਾਰੇ ਹੀ ਨਾਂਹ ਕਰ ਦੇਣ ਤਾਂ ਬੇਸ਼ਕ ਬਾਕੀ ਸੱਜਣਾਂ ਵਿੱਚੋਂ ਹੀ ਪੰਜ ਲਏ ਜਾਣ।

ਅਕਾਲੀ ਲਾਹੌਰ, ੨੯ ਅਗਸਤ ੧੯੨੦

ਜਥੇਬੰਦੀ

ਗੁਰੂ ਸਿੰਘ ਸਭਾ ਪਿਸ਼ਾਵਰ ਸ਼ਹਿਰ

ਅਕਾਲੀ ਵਿੱਚੋਂ ੪ ਅਗਸਤ ਦੀ ਚਿੱਠੀ ਪੜ੍ਹ ਕੇ ਪਿਸ਼ਾਵਰ ਨਿਵਾਸੀ ਖਾਲਸੇ ਦੀ ਇਹ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਦਾ ਸੁਧਾਰ ਕਰ ਕੇ ਅਤੇ ਨਵੀਂ ਚੋਣ ਹੋ ਕੇ ਪੰਥ ਦਾ ਪ੍ਰਤੀਨਿਧ ਬਣਾਇਆ ਜਾਵੇ। ਖਾਲਸਾ ਜੀ ਹੁਣ ਫੁੱਟ ਨੂੰ ਛਡੋ ਅਤੇ ਪੁਰਾਤਨ ਖਾਲਸੇ ਵਾਂਗੂ ਪ੍ਰੇਮ ਪੂਰਬਕ ਜਥੇਬੰਦ ਹੋ ਜਾਉ।

ਗ੍ਰੰਥੀ ਗੁਰੂ ਸਿੰਘ ਸਭਾ ਲਾਹੌਰ

ਮੇਰੀ ਰਾਇ ਵਿਚ ਚੀਫ਼ ਖਾਲਸਾ ਦੀਵਾਨ ਦੇ ਪੁਰਾਣੇ ਨਿਯਮ ਜੋ ਹਰੇਕ ਨੂੰ ਮੈਂਬਰ ਬਨਣ ਵਿਚ ਰੁਕਾਵਟ ਪਾਉਂਦੇ ਹਨ, ਅਦਲ ਬਦਲ ਕਰ ਕੇ ਚੀਫ਼ ਖਾਲਸਾ ਦੀਵਾਨ ਨੂੰ ਹੀ ਸ਼੍ਰੋਮਣੀ ਜਥਾ ਸਥਾਪਨ ਕੀਤਾ ਜਾਵੇ ਅਰ ਇਸ ਦਾ ਕਾਇਮ ਮੁਕਾਮ ਅਕਾਲ ਤਖ਼ਤ ਅੰਮ੍ਰਿਤਸਰ ਜੀ ਹੀ ਰਹੇ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਸੇ ਮਤਲਬ ਲਈ ਹੀ ਥਾਪਿਆ ਹੋਇਆ ਹੈ ਅਤੇ ਖਾਲਸਾ ਜੁੱਧਾਂ ਜੰਗਾਂ ਵਿਖੇ ਭੀ ਏਥੇ ਦੀਵਾਨ ਲਗਾਉਂਦਾ ਰਿਹਾ ਹੈ। ਇਸ ਲਈ ਜੇ ਜਾਗੇ ਹੋ ਤਾਂ ਪੂਰੇ ਤੌਰ ਪਰ ਜਾਗਣਾ ਚਾਹੀਦਾ ਹੈ। ਜੋ ਹੁਣ ਸਾਰੀ ਦੁਨੀਆਂ ਦੇ ਸਿੱਖਾਂ ਦਾ ਪੂਰੇ ਮੁਕੰਮਲ ਤੌਰ ਪਰ ਸ਼੍ਰੋਮਣੀ ਜਥਾ ਥਾਪਣਾ ਹੈ ਤਾਂ ਏਸ ਦੇ ਦੀਵਾਨ ਕਾਰਜ ਸਮਾਗਮ ਗੁਰਮਤੇ ਸੋਧਨ ਲਈ ਅਕਾਲ ਤਖ਼ਤ ਅੱਗੇ ਹੀ ਸੋਭਾ ਪਾਇਆ ਕਰਨਗੇ ਤਾਂ ਹੀ ਠੀਕ ਹੋਵੇਗਾ ਅਰ ਦੇਹਲੀ ਦੀਪਕ ਵਾਂਗ ਆਪ ਦਾ ਪੂਰੇ ਤੌਰ ਪਰ ਕਬਜ਼ਾ ਭੀ ਤਾਂ ਹੀ ਰਹੇਗਾ।

ਦਾਸ ਗੁਰਦਿਆਲ ਸਿੰਘ ਗ੍ਰੰਥੀ
ਧਰਮਸਾਲਾ ਸ੍ਰੀ ਗੁਰੂ ਸਿੰਘ ਸਭਾ
ਲੰਡਾ ਬਾਜ਼ਾਰ ਲਾਹੌਰ

ਸ: ਗੰਡਾ ਸਿੰਘ ਜੀ ਬੀ. ਏ.

(ਹੈਡਮਾਸਟਰ ਖਾਲਸਾ ਹਾਈ ਸਕੂਲ ਪਿਸ਼ਾਵਰ)

'ਭੁਲ ਨ ਅੰਦਰ ਸਭਕੋ ਅਭੁਲ ਗੁਰੂ ਕਰਤਾਰ'

ਖਾਲਸਾ ਜੀ ਦਾ ਇਸ ਵਕਤ ਭੁੱਲਾਂ ਨੂੰ ਅਨੁਭਵ ਕਰਨਾ ਜਾਗਰਤ ਦੀ ਨਿਸ਼ਾਨੀ ਹੈ। ਜਿਸ ਨੂੰ ਹਰ ਇਕ ਨੂੰ 'ਜੀਉ ਆਓ' ਆਖਣੀ ਉਚਿਤ ਹੈ। ਇਸ ਵਿਚ ਸੰਦੇਹ ਨਹੀਂ 'ਚੀਫ਼ ਖਾਲਸਾ ਦੀਵਾਨ' ਦੇ ਮੈਂਬਰ ਵੀ ਮਨੁਸ਼ ਹਨ। ੧੦੧ ਕਰਤੱਵ ਕਰਦਿਆਂ ਜੇ ਕਿਤੇ ਇਕ ਦੋ ਵਿਗੜ ਵੀ ਜਾਨ ਤਾਂ ਸੋਟਾ ਲੈ ਸਿਰੋਂ ਮਾਰ ਸੁਟਣਾ ਕ੍ਰਿਤਘਨਤਾ ਨਹੀਂ ਤਾਂ ਸਖ਼ਤੀ ਤਾਂ ਜ਼ਰੂਰ ਹੈ। ਸੁਧਾਰ ਤਾਂ ਜ਼ਰੂਰ ਕਰਨਾ ਹੈ। ਪਰ ਪਿਆਰ ਤੇ ਪ੍ਰੇਮ ਨਾਲ ਜਦੋਂ ਸਾਰੇ ਸੱਜਣ (ਜਿਹਾ ਕਿ ਪ੍ਰੋਫ਼ੈਸਰ ਤੇਜਾ ਸਿੰਘ ਐਮ. ਏ. ਨੇ ਪੰਜ ਛੇ ਸੱਜਣਾਂ ਦੀ ਕਮੇਟੀ ਤਜਵੀਜ਼ ਕੀਤੀ ਹੈ) ਮਿਲ ਕੇ ਪੰਥ ਇਸ ਵਡੇ ਇਕੱਠ ਦੁਆਰਾ ਜਾਂ ਜਿਸ ਤਰ੍ਹਾਂ ਉਹ ਮੁਨਾਸਬ ਸਮਝਣ ਬਹੁਸੰਮਤੀ ਨਾਲ ਵਿਚਾਰ ਦਾ ਸਿੱਟਾ ਕਢਣਗੇ। ਆਸ਼ਾ ਹੈ ਚੀਫ਼ ਖਾਲਸਾ ਦੀਵਾਨ ਜ਼ਰੂਰ ਸਮੇਂ ਦੀ ਲਹਿਰ ਅਨੁਸਾਰ ਰੂਲਾਂ ਵਿਚ ਅਦਲਾ ਬਦਲੀ ਕਰ ਲਵੇਗਾ।

ਗੰਡਾ ਸਿੰਘ ਬੀ. ਏ. ਹੈਡਮਾਸਟਰ

ਚੀਫ਼ ਖਾਲਸਾ ਦੀਵਾਨ ਦੇ ਨਿਯਮ

੧. ਮੌਜੂਦਾ ਨਿਯਮ ੧੯੧੯ ਦੇ ਅਖ਼ੀਰ ਵਿਚ ਪ੍ਰਵਾਨ ਹੋਏ ਸਨ, ੧੯੧੫ ਤੋਂ ਲੈਕੇ ਇਨਾਂ ਸਬੰਧੀ ਪੰਥ ਵਿਚ ਵਿਚਾਰ ਹੋਰ ਹੀ ਸੀ, ਦੀਵਾਨ ਵੱਲੋਂ ਇਕ ਕਮੇਟੀ ਬਣੀ ਸੀ ਸਾਰੇ ਪੰਥ ਵੱਲੋਂ ਰਾਵਾਂ ਮੰਗੀਆਂ ਗਈਆਂ ਸਨ, ਉਨ੍ਹਾਂ ਰਾਵਾਂ ਤੇ ਵਿਚਾਰ ਹੋ ਕੇ ਤਿੰਨ ਚਾਰ ਸਾਲ ਸਵਾਲ ਖੁਲ੍ਹਾ ਰਹਿਣ ਤੋਂ ਉਪਰੰਤ ਯੋਗ ਅਦਲਾ ਬਦਲੀ ਹੋ ਕੇ ਮੌਜੂਦਾ ਸੂਰਤ ਵਿਚ ਨਿਯਮ ਪ੍ਰਵਾਨ ਹੋਏ ਸਨ। ਦੀਵਾਨ ਦੇ ਜ਼ਿਮੇਂ ਇਨ੍ਹਾਂ ਨੂੰ ਅੰਦਰੋਂ ਅੰਦਰੀ ਪਾਸ ਕਰਨ ਦਾ ਦੂਸ਼ਨ ਲਗਾਉਣਾ ਸੱਚ ਨਹੀਂ।

੨. ਨਿਯਮਾਂ ਵਿਚ ਦਰਜ ਹੈ ਜੋ ਹਰ ਇਕ ਮੈਂਬਰ ਲਈ ਅੰਮ੍ਰਿਤਧਾਰੀ ਸਿੰਘ ਹੋਣਾ ਜ਼ਰੂਰੀ ਹੋਵੇਗਾ। ਇਸ ਤੋਂ ਸਪੱਸ਼ਟ ਹੈ ਕਿ ਅੰਮ੍ਰਿਤਧਾਰੀ ਸਿੰਘ ਹੋਣ ਲਈ ਜਿਸ ਜਿਸ ਰਹਿਤ ਮਰਯਾਦਾ ਦੀ ਜ਼ਰੂਰਤ ਹੈ ਉਸ ਨੂੰ ਨਿਯਮਾਂ ਵਿਚ ਜ਼ਰੂਰੀ ਰਖਿਆ ਗਿਆ ਹੈ। ਇਹ ਕਹਿਣਾ ਕਿ ਦੀਵਾਨ ਦੇ ਨਿਯਮਾਂ ਵਿਚ ਇਸ ਰਹਿਤ ਦੀ ਜ਼ਰੂਰਤ ਨਹੀਂ ਰੱਖੀ ਗਈ ਗਲਤ ਹੈ।

(੩) ਹਰ ਮੈਂਬਰ ਜੀ ਨੂੰ ਦੀਵਾਨ ਦੇ ੳ, ਜਾਂ ੳੳ, ਫ਼ਾਰਮ ਤੇ ਦਸਤਖ਼ਤ ਕਰਨੇ ਜ਼ਰੂਰੀ ਹੁੰਦੇ ਹਨ ਦੋਹਾਂ ਦੀ ਨਕਲ ਹੇਠਾਂ ਦਿੱਤੀ ਜਾਂਦੀ ਹੈ :-

(ਨਕਲ ਇਕਰਾਰਨਾਮਾ ੳ)

(ਜੋ ਚੀਫ਼ ਖਾਲਸਾ ਦੀਵਾਨ ਦਾ ਮੈਂਬਰ ਬਣੇ ਸੋ ਇਨ੍ਹਾਂ ਪੁਰ ਆਪਣੀ ਸਹੀ ਕਰੇ)

ਮੈਂ ਅੰਮ੍ਰਿਤ ਛਕਿਆ ਹੋਇਆ ਹੈ ਪੰਜ ਕਕਾਰ ਦੀ ਰਹਿਤ ਰੱਖਦਾ ਹਾਂ, ਅਤੇ ਨਿਤਨੇਮ ਕਰਦਾ ਹਾਂ, ਅਤੇ ਚੌਹਾਂ ਕੁਰੈਹਤਾਂ ਵਿੱਚੋਂ ਮੇਰੇ ਵਿਚ ਕੋਈ ਨਹੀਂ ਹੈ, ਅਤੇ ਮੈਂ ਹੋਰ ਸਰਬ ਪ੍ਰਕਾਰ ਕਰ ਕੇ ਖਾਲਸਾ ਧਰਮ ਨੂੰ ਧਾਰਨ ਕੀਤਾ ਹੋਇਆ ਅਤੇ ਇਕਰਾਰ ਕਰਦਾ ਹਾਂ, ਕਿ ਅੱਜ ਤੋਂ ਸਭ ਸੰਸਕਾਰ ਗੁਰਮਤਿ ਅਨੁਸਾਰ ਕਰਾਂਗਾ।

ਨਕਲ ਇਕਰਾਰ ਨਾਮਾ 'ੳੳ'

ਮੈਂ ਅੰਮ੍ਰਿਤ ਛਕਿਆ ਹੋਇਆ ਹੈ। ਦਸਾਂ ਗੁਰੂ ਸਾਹਿਬਾ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕੋ ਰੂਪ ਜਾਣਕੇ ਮੈਂ ਆਪਣਾ ਸਤਿਗੁਰੂ ਮੰਨਦਾ ਹਾਂ, ਤੇ ਉਨ੍ਹਾਂ ਨੂੰ ਹੀ ਮੈਂ ਆਪਣੇ ਦੀਨ ਦੁਨੀ ਦੇ ਰਖਿਅਕ ਤੇ ਸਹਾਈ ਜਾਣਦਾ ਹਾਂ ਉਨ੍ਹਾਂ ਦੀ ਆਗਿਆ ਅਤੇ ਗੁਰਮਤਿ ਤੇ ਚਲਨ ਦਾ ਸਚੇ ਦਿਲ ਨਾਲ ਪ੍ਰਣ ਕਰਦਾ ਹਾਂ।

'ੳ' ਫਾਰਮ ਦੀ ਇਬਾਰਤ, ਦਾਵਾ ਕਰਨ ਵਾਲੀ ਇਬਾਰਤ ਹੈ। ਜੋ ਸੱਜਣ ਆਪਣੀ ਕਰਨੀ ਤੇ ਇਤਨਾ ਭਰੋਸਾ ਰੱਖਦੇ ਹਨ ਕਿ ਉਹ ਆਪਣੀ ਧਾਰਮਿਕ ਧਾਰਨਾ ਦੀ ਬਾਬਤ 'ੳ' ਦੀ ਇਬਾਰਤ ਅਨੁਸਾਰ ਇਕਰਾਰ ਕਰ ਸਕਣ, ਉਹ 'ੳ' ਫਾਰਮ ਵਰਤ ਲੈਂਦੇ ਹਨ। ਅਰ ਜੋ ਸੱਜਣ ਸਤਿਗੁਰਾਂ ਦੀ ਬਾਨੀ ਦੇ ਪ੍ਰੇਮੀ ਨਿਤਨੇਮ ਕਰਨ ਵਾਲੇ, ਰਹਿਤ ਮਰਯਾਦਾ ਰੱਖਣ ਵਾਲੇ ਹਰ ਥਾਂ ਆਪਣੇ ਵਿਤ ਅਨੁਸਾਰ ਵੱਧ ਤੋਂ ਵੱਧ ਸੇਵਾ ਕਰਨ ਵਾਲੇ ਹੋ ਕੇ ਭੀ ਸਤਿਗੁਰਾਂ ਦੀ ਬਾਣੀ ਅਨੁਸਾਰ ਭੈ ਭੀਤ ਹੋ ਕੇ ਆਪਣੀ ਕਰਨੀ ਤੇ ਵਿਸ਼ਵਾਸ ਨਾ ਰੱਖਣ ਤੇ ਹਰ ਭਲੇ ਕਰਮ ਦਾ ਹੋਣਾ ਤੇ

ਆਪਣੇ ਸੁਖ ਦੀ ਪ੍ਰਾਪਤੀ ਦਾ ਮਿਲਣਾ ਕੇਵਲ ਸਤਿਗੁਰਾਂ ਦੀ ਮੇਹਰ ਤੇ ਬਖਸ਼ਸ਼ ਤੇ ਨਿਰਭਰ ਰੱਖਣ ਤੇ ਜਿਨ੍ਹਾਂ ਨੇ ਆਪਣੇ ਜੀਵਨ ਦੀ ਲੋਚਣਾ ਸਤਿਗੁਰਾਂ ਦੇ ਇਨਾਂ ਵਾਕਾਂ ਅਨੁਸਾਰ ਬਣਾਉਣ ਦਾ ਯਤਨ ਕੀਤਾ ਹੋਵੇ :-

੧. ਜੇ ਲੋੜੇ ਚੰਗਾ ਆਪਣਾ ਕਰ ਪੁਨਹੁ ਨੀਚ ਸਦਾਈਏ।

੨. ਜਿਨ ਪਟ ਅੰਦਰ ਬਾਹਰ ਗੁਦੜ ਤੇ ਭਲੇ ਸੰਸਾਰ।

੩. ਤਾਨ ਹੁੰਦੇ ਹੋਏ ਨਿਤਾਨਾ।
ਮਾਨ ਹੁੰਦੇ ਹੋਏ ਨਿਮਾਨਾ।

੪. ਹਉ ਤਿਸ ਦੇ ਚਉ ਖੰਨੀਐ ਗੁਰ ਪ੍ਰਮੇਸ਼ਰ ਏਕੋ ਜਾਣੈ। ਹਉ ਤਿਸ ਦੇ ਚਉ ਖੰਨੀਐ ਦੂਜਾ ਭਾਉ ਨ ਅੰਦਰ ਆਣੇ। ਹਉ ਤਿਸ ਦੇ ਚਉ ਖੰਨੀਐ ਅਣਗਣ ਕੀਤੇ ਗੁਰ ਪਰਵਾਣੈ। ਹਉ ਤਿਸ ਦੇ ਚਉ ਖੰਨੀਐ ਮੰਦਾ ਕਿਸੇ ਨ ਆਖ ਵਖਾਣੈ। ਹਉ ਤਿਸ ਦੇ ਚਉ ਖੰਨੀਐ ਆਪ ਠਗਾਏ ਲੋਕਾਂ ਭਾਣੈ। ਹਉ ਤਿਸ ਦੇ ਚਉ ਖੰਨੀਐ ਪ੍ਰਉਪਾਕਰ ਕਰੇ ਰੰਗ ਮਾਣੈ। ਲਉ ਬਾਲੀ ਦਰਗਾਹ ਵਿਚ ਮਾਨ ਨਿਮਾਣਾ ਮਾਨ ਨਿਮਾਣੈ। ਗੁਰ ਪੂਰਾ ਗੁਰ ਸਬਦ ਸਿਵਾਂਣੈ।

ਤੇ ਇਸ ਕਰ ਕੇ ਉਹ 'ੳ' ਫਾਰਮ ਦੀ ਦਾਵੇ ਕਰਨ ਵਾਲੀ ਇਬਾਰਤ ਤੋਂ ਸੰਕੋਚ ਕਰਨ, ਉਹ 'ੳੳ' ਫਾਰਮ ਤੇ ਦਸਤਖਤ ਕਰ ਸਕਦੇ ਹਨ। 'ੳੳ' ਫਾਰਮ ਵਿਚ ਦਰਜ ਹੈ। ਜੋ ਦਸਤਖ਼ਤ ਕਰਨ ਵਾਲਾ ਦਸਾਂ ਸਤਿਗੁਰਾਂ ਨੂੰ ਇਕ ਰੂਪ ਜਾਣ ਕੇ ਕੇਵਲ ਉਨ੍ਹਾਂ ਨੂੰ ਹੀ ਆਪਣੇ ਦੀਨ ਦੁਨੀ ਦੇ ਰਖਿਅਕ ਤੇ ਸਹਾਈ ਜਾਣਦਾ ਹੈ, ਤੇ ਉਨ੍ਹਾਂ ਦੀ ਆਗਿਆ ਤੇ ਗੁਰਮਤ ਤੇ ਚਲਣ ਦਾ ਸਚੇ ਦਿਲ ਨਾਲ ਪ੍ਰਣ ਕਰਦਾ ਹੈ। ਫਿਰ ਗੁਰਬਾਣੀ ਦਾ ਪੜ੍ਹਣਾ ਰਹਿਤ ਦਾ ਰਖਣਾ, ਇਸ ਤੋਂ ਬਾਹਰ ਕਿਸ ਤਰ੍ਹਾਂ ਰਹਿ ਸਕਦਾ ਹੈ।

੪. ਲੇਖਕ ਜੀ ਨੇ ਇਨ੍ਹਾਂ ਨਿਯਮਾਂ ਸਬੰਧੀ ਦੀਵਾਨ ਦੀ ਨੀਯਤ ਤੇ ਜੋ ਹਮਲੇ ਕੀਤੇ ਹਨ ਉਸ ਦੇ ਜਵਾਬ ਵਿਚ ਸਤਿਗੁਰੂ ਦੇ ਚਰਨਾਂ ਵਿਚ ਕੇਵਲ ਇਹ ਬਿਨੈ ਹੈ ਜੋ ਸਤਿਗੁਰੂ ਆਪਣੇ ਹਰ ਸਿੱਖ ਨੂੰ ਆਪਣੀ ਬਾਣੀ ਤੇ ਨਾਮ ਦਾ ਪ੍ਰੇਮ ਤੇ ਇਨਾਂ ਤੇ ਚਲਣ ਦੀ ਸਮਰਥਾ ਬਖਸ਼ਣ, ਜਿਸ ਕਰ ਕੇ ਹਰ ਸਿੱਖ ਦੇ ਹਿਰਦੇ ਵਿਚ ਇਕ ਦੂਏ ਨਾਲ ਪ੍ਰੇਮ ਹੀ ਪ੍ਰੇਮ ਉਤਪੰਨ ਹੋਵੇ। ਦਾਸ—ਸੁਪ੍ਰੰਡੰਟ

ਦਫ਼ਤਰ ਚੀਫ਼ ਖਾਲਸਾ ਦੀਵਾਨ

ਅਕਾਲੀ ਲਾਹੌਰ, ੧ ਸਤੰਬਰ ੧੯੨੦

ਚੀਫ ਖਾਲਸਾ ਦੀਵਾਨ ਦੇ ਨਿਯਮਾਂ ਦੀ ਪੜਤਾਲ।

"ਅਕਾਲੀ" ਵੱਲੋਂ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਦੀ ਜੋ ਪੜਤਾਲ ਹੋਈ ਹੈ ਉਸ ਸਬੰਧੀ ਹੁਣ ਫਿਰ ਦੀਵਾਨ ਦਾ ਉੱਤਰ ਛਪਿਆ ਹੈ ਇਸ ਗੱਲ ਦਾ ਫ਼ੈਸਲਾ ਅਸੀਂ ਪੰਥ ਦੇ ਦੀਵਾਨ ਤੇ ਹੀ ਛਡਦੇ ਹਾਂ ਕਿ ਕੀ ਉੱਤਰ ਇਸੇ ਦਾ ਨਾਉਂ ਹੈ? ਪੰਥ ਦੇ ਸ਼੍ਰੋਮਣੀ ਸਦਾਉਣ ਵਾਲੇ ਜਥੇ ਵੱਲੋਂ ਇਸੇ ਤਰ੍ਹਾਂ ਦਾ ਉੱਤਰ ਫਬਦਾ ਹੈ?

੧. ਅਸੀਂ ਕਹਿੰਦੇ ਹਾਂ ਦੀਵਾਨ ਦੇ ਫਲਾਣੇ ਨਿਯਮ ਠੀਕ ਨਹੀਂ ਇਹ ਬਦਲਨ ਦੇ ਲਾਇਕ ਹਨ, ਉੱਤਰ ਮਿਲਦਾ ਹੈ ਦੀਵਾਨ ਦੀ ਕਮੇਟੀ ਨੇ ਪੰਥ ਦੀਆਂ ਰਾਵਾਂ ਲੈਕੇ ਬਣਾਏ ਹਨ। ਮੁੰਡਾ ਕਹਿੰਦਾ ਹੈ ਕਿ ਭਾਜੀ ਵਿਚ ਲੂਣ ਮਿਰਚ ਬਹੁਤ ਘਟ ਹੈ। ਹੋਰ ਪਾ ਕੇ ਠੀਕ ਕਰ ਦਿਓ ਤਾਂ ਜੋ ਬੇਸੁਆਦੀ ਨਾ ਰਹੇ। ਉੱਤਰ ਮਿਲਦਾ ਹੈ ਤੇਰੀ ਮਾਂ ਕੋਲੋਂ ਪੁਛ ਕੇ ਤੇਰੀ ਭੈਣ ਨੇ ਬੜੀ ਮਿਹਨਤ ਨਾਲ ਚਾੜ੍ਹੀ ਸੀ। ਖੂਬ! ਸੋਹਣਾ ਜਵਾਬ!!

ਫਿਰ ਲਿਖਦੇ ਹਨ ਕਿ ਦੀਵਾਨ ਨੇ ਇਸ ਸਵਾਲ ਨੂੰ ਤਿੰਨ ਚਾਰ ਸਾਲ ਖੁੱਲ੍ਹਾ ਛੱਡ ਕੇ ਪੰਥ ਤੋਂ ਰਾਵਾਂ ਲਈਆਂ ਸਨ ਤੇ ਦੀਵਾਨ ਦੀ ਕਮੇਟੀ ਨੇ ਮੌਜੂਦਾ ਨਿਯਮ ਘੜੇ ਸਨ।

ਜਦ ਦੀਵਾਨ ਤੇ ਹੀ ਇਤਰਾਜ਼ ਕੀਤੇ ਜਾਂਦੇ ਸਨ ਤੇ ਦੀਵਾਨ ਦੀ ਹੀ ਕਮੇਟੀ ਬਣੀ ਤਾਂ ਦੂਜੇ ਪਾਸੇ ਦੇ ਸੱਜਣ ਆਪਣੀਆਂ ਰਾਵਾਂ ਭੇਜ ਕੇ ਬਿਅਰਥ ਨਿਰਾਦਰੀ ਕਿਉਂ ਲੈਂਦੇ? ਕਿਉਂਕਿ ਉਹਨਾਂ ਦੀਆਂ ਰਾਵਾ ਦੀ ਗਿਣਤੀ ਨਾਲ ਫ਼ੈਸਲਾ ਨਹੀਂ ਸੀ ਹੋਣਾ, ਫ਼ੈਸਲਾ ਤਾਂ ਚੀਫ਼ ਖਾਲਸਾ ਦੀਵਾਨ ਦੀ ਕਮੇਟੀ ਦੇ ਹੱਥ ਸੀ।

"ਅਕਾਲੀ" ਵੱਲੋਂ ਮਸਾਂ ਮਹੀਨਾ ਕੁ ਇਸ ਸਵਾਲ ਨੂੰ ਛੇੜਿਆ ਗਿਆ ਹੈ। ਸੈਂਕੜੇ ਰਾਵਾਂ ਆ ਚੁੱਕੀਆਂ ਹਨ

ਜਿਨ੍ਹਾਂ ਵਿੱਚੋਂ ਕੁਝ ਕੁ ਪ੍ਰਕਾਸ਼ਤ ਹੋ ਚੁੱਕੀਆਂ, ਬਾਕੀ ਪ੍ਰਕਾਸ਼ਤ ਹੋ ਜਾਣਗੀਆਂ।

ਹੁਣ ਸਿਆਣੇ ਸੱਜਣ ਤੇ ਦੀਵਾਨ ਆਪੇ ਸਿੱਟਾ ਕੱਢ ਲੈਣਗੇ ਕਿ ਪੰਥ ਦੀ ਕੀ ਰਾਇ ਹੈ ?

ਦੀਵਾਨ ਦੇ ਮੈਂਬਰਾਂ ਨੂੰ ਵੀ ਚਿੱਠੀਆਂ ਭੇਜੀਆਂ ਹਨ ਅਖ਼ਬਾਰ ਵਿਚ ਚਿੱਠੀ ਛਾਪ ਦਿੱਤੀ ਹੈ ਹੁਣ ਦੀਵਾਨ ਦੇ ਮੈਂਬਰਾਂ ਦਾ ਫ਼ਰਜ਼ ਹੈ ਆਪਣੀ ਖੁਲ੍ਹੀ ਤੇ ਅਸਲੀ ਰਾਇ ਪ੍ਰਗਟ ਕਰਨ। ਹੁਣ ਬਿਨਾਂ ਪੱਖ ਦੇ ਪੰਥ ਦੀ ਬਹੁ ਸੰਮਤੀ ਅਨੁਸਾਰ ਕਾਰਜ ਹੋਵੇਗਾ। ਹੋਰ ਵੀ ਸਾਰੇ ਪੰਥ ਦਰਦੀਆਂ ਨੂੰ ਆਪੋ ਆਪਣੀ ਰਾਇ ਭੇਜਣ ਦੀ ਖੁਲ੍ਹ ਹੈ।

੨. ਆਪ ਕਹਿੰਦੇ ਹਨ ਅੰਮ੍ਰਿਤਧਾਰੀ ਸਿੰਘ ਹੋਣ ਵਿਚ ਰਹਿਤ ਮਰਯਾਦਾ ਸਭ ਕੁਝ ਆ ਜਾਂਦਾ ਹੈ। ਜੇ ਇਹ ਠੀਕ ਹੈ ਤਾਂ ਫਿਰ ਫਾਰਮ "ੳ" ਦੀ ਕੀ ਲੋੜ ਸੀ? ਹੈਰਾਨੀ ਹੈ ਕਿ ਫਾਰਮ "ੳ" ਬਣਾ ਕੇ ਤੁਸੀਂ ਆਪ ਹੀ ਇਸ ਗੱਲ ਨੂੰ ਗਲਤ ਸਾਬਤ ਕਰ ਦਿੱਤਾ ਹੈ "ਕਿ ਅੰਮ੍ਰਿਤਧਾਰੀ ਸਿੰਘ ਹੋਣ ਵਿਚ ਹੀ ਰਹਿਤ ਮਰਯਾਦਾ ਆ ਜਾਂਦੀ ਹੈ" ਅਤੇ ਉਲਾਂਭਾ ਦੂਜਿਆਂ ਨੂੰ। ਆਪ ਦੀ ਲਿਖਤ ਸਾਬਤ ਕਰ ਰਹੀ ਹੈ ਕਿ ਫਾਰਮ "ੳੳ" ਵਿਚ ਰਹਿਤ ਮਰਯਾਦਾ ਨਹੀਂ ਆ ਸਕਦੀ। ਜੇ ਆਪ ਨੂੰ ਨਿਸਚਾ ਹੁੰਦਾ ਕਿ ਆ ਸਕਦੀ ਹੈ ਤਾਂ ਆਪ ਕਦੀ "ੳ" ਫਾਰਮ ਨਾ ਬਣਾਂਦੇ।

੩. ਇਹ ਗੱਲ ਠੀਕ ਹੈ ਪਰ ਅਸੀਂ ਕਹਿੰਦੇ ਹਾਂ ਫਾਰਮ ਇਕ ਚਾਹੀਦਾ ਹੈ ਜਿਸ ਪਰ ਯੁਕਤੀ ਪੂਰਬਕ ਵਿਚਾਰ ਹੋ ਚੁੱਕੀ ਹੈ।

ਅਸੀਂ ਹਾਲਾਂ ਇਹ ਝਗੜਾ ਨਹੀਂ ਛੇੜ ਦੇ ਕਿ ਫਾਰਮ ਕਿਹੜਾ ਚੰਗਾ ਹੈ ਪਰ ਆਪ ਦਾ ਫ਼ਰਜ਼ ਹੈ ਜਾਂ ਤਾਂ ਸਾਬਤ ਕਰੋ ਕਿ ਦੋਵੇਂ ਚਾਹੀਦੇ ਹਨ ਜਾਂ ਮੰਨ ਲਉ ਕਿ ਇਕ ਫਾਰਮ ਚਾਹੀਦਾ ਹੈ।

ਫਾਰਮ "ੳੳ" ਦੇ ਪੱਖ ਵਿਚ ਆਪ ਨੇ ਅੱਗੇ ਜੋ ਵਿਸਥਾਰ ਕੀਤਾ ਹੈ ਅਤੇ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੇ ਪ੍ਰਮਾਣ ਦਿੱਤੇ ਹਨ ਉਹ ਉਕੇ ਇਥੇ ਨਹੀਂ ਢੁਕਦੇ ਹਨ ਅਤੇ ਜੇ ਢੁਕਦੇ ਹਨ ਤਾਂ ਇਨ੍ਹਾਂ ਤੋਂ ਦੋ ਗੱਲਾਂ ਪ੍ਰਗਟ ਹੁੰਦੀਆਂ ਹਨ। ਇਕ ਤਾਂ ਇਹ ਕਿ ਆਦਮੀ ਜੋ ਉਝ ਹੋਵੇ ਜਾਂ ਜੋ ਕੁਝ ਕਰੇ ਪੁਛਣ ਪਰ ਦਸੇ ਨਾਹ। ਕਿਉਂਕਿ ਆਪ ਦੇ ਖ਼ਿਆਲ ਅਨੁਸਾਰ ਇਹ ਹੰਕਾਰ ਹੈ। ਇਕ ਆਦਮੀ ਬੀ. ਏ. ਪਾਸ ਕਰਦਾ ਹੈ ਅਤੇ ਨੌਕਰੀ ਲਈ ਜਾਂਦਾ ਹੈ ਦਰਖਾਸਤ ਵਿਚ ਲਿਖਦਾ ਹੈ "ਸਾਹਿਬ ਮੈਂ ਬੀ. ਏ. ਦਾ ਇਮਤਿਹਾਨ ਦਿੱਤਾ ਹੈ ਆਂਵਦਾ ਜਾਂਦਾ ਕੁਝ ਨਹੀਂ ਬੜਾ ਨਾਲਾਇਕ ਤੇ ਬੁਧੂ ਹਾਂ ਕ੍ਰਿਪਾ ਕਰ ਕੇ ਨੌਕਰੀ ਦਿਉ" ਆਪ ਦੇ ਖ਼ਿਆਲ ਵਿਚ ਉਸ ਨੂੰ ਬੜੀ ਉਚੀ ਅਸਾਮੀ ਮਿਲੇਗੀ।

ਇਹ ਕੈਸਾ ਮਖੌਲ ਹੈ ਕਿ ਇਕ ਧਾਰਮਿਕ ਜਥੇ ਵੱਲੋਂ ਮੈਂਬਰ ਪਾਸ ਇਹ ਸਵਾਲ ਹੋਵੇ ਕਿ "ਕਿਉਂ ਜੀ ਆਪ ਪੰਜ ਕਕਾਰ ਦੀ ਰਹਿਤ ਰੱਖਦੇ ਹੋ, ਕੁਰਹਿਤਾਂ ਤੋਂ ਬਚੇ ਹੋ ਅਤੇ ਗੁਰਮਤਿ ਕਰਦੇ ਹੋ ? ਤਾਂ ਅਗੋਂ ਉਹ ਇਹ ਉਤਰ ਦੇਵੇ :-

'ਜੀ ਮੈਂ ਤਾਂ ਨੀਚ ਨਿਮਾਣਾ ਨਿਤਾਣਾ ਹਾਂ" ਕੀ ਆਖਾਂ ?

"ਜਿਨ ਪਟ ਅੰਦਰ ਬਾਹਰ ਗੁਦੜ ਤੇ ਭਲੇ ਸੰਸਾਰ"।

ਮਾਣ ਹੁੰਦੇ ਹੋਏ ਨਿਮਾਣਾ,

ਤਾਣ ਹੁੰਦੇ ਹੋਏ ਨਿਤਾਣਾ!

ਕਿਸ ਤਰ੍ਹਾਂ ਭਾਵ ਤੋਂ ਉਲਟ ਤੁਕਾਂ ਵਰਤ ਕੇ ਸੰਗਤ ਨੂੰ ਟਪਲਾ ਦੇਣ ਦਾ ਯਤਨ ਕੀਤਾ ਜਾਂਦਾ ਹੈ। ਜਦ ਸਿੱਖ ਅੰਮ੍ਰਿਤ ਛਕਣ ਲੱਗਿਆਂ ਪਹਿਲਾਂ ਪ੍ਰਣ ਕਰਦਾ ਹੈ ਕਿ 'ਪੰਜ ਕਕਾਰ ਦੀ ਰਹਿਤ ਮੈਂ ਰਖਾਂਗਾ ਕੁਰਹਿਤਾਂ ਤੋਂ ਬਚਾਂਗਾ ਤਾਂ ਹੁਣ ਮੂੰਹ ਤੋਂ ਆਖਣ ਲਗਿਆਂ ਕੀ ਹਨੇਰ ਆ ਗਿਆ ?

ਦੂਜੇ ਇਸ ਲੇਖ ਤੋਂ ਤਾਂ ਸਾਨੂੰ ਫਾਰਮ 'ੲ' ਦਾ ਘਾਟਾ ਪ੍ਰਤੀਤ ਹੁੰਦਾ ਹੈ ਜਿਸ ਵਿਚ ਇਹ ਇਬਾਰਤ ਹੋਣੀ ਚਾਹੀਦੀ ਸੀ।

"ਮੈਂ ਇਕ ਨੀਚ ਆਦਮੀ ਹਾਂ ਅਤੇ ਭਾਵੇਂ ਮੇਰੇ ਬਾਹਰ ਗੁਦੜ ਹੀ ਗੁਦੜ ਹੈ ਪਰ ਨਿਮਾਣਾ ਤੇ ਨਿਤਾਣਾ ਤੇ ਔਗੁਣਹਾਰਾ ਸਮਝ ਕੇ ਮੈਨੂੰ ਮੈਂਬਰ ਬਣਾ ਲਵੋ।"

ਸਾਨੂੰ ਹੈਰਾਨੀ ਆਉਂਦੀ ਹੈ, ਕੋਈ ਪ੍ਰਮਾਣ ਅਤੇ ਯੁਕਤੀ ਦੇਣ ਦੀ ਥਾਂ ਗੱਲ ਨੂੰ ਕਿਸ ਤਰ੍ਹਾਂ ਭੁਲਇਆ ਜਾਂਦਾ ਹੈ। ਜੇ ਕਿਸੇ ਵਿਦਿਆਰਥੀ ਕੋਲੋਂ ਪੁਛਿਆ ਜਾਵੇ ਕਿ ਤੂੰ, ਕਿਸ ਸਕੂਲ ਵਿਚ ਤੇ ਕਿਸ ਜਮਾਤ ਵਿਚ ਪੜ੍ਹਦਾ ਹੈਂ ? ਕੀ ਫੀਸ ਦਿੰਦਾ ਹੈਂ ? ਨਾਲੇ ਕੀ ਕੁਝ ਪੜ੍ਹਿਆ ਹੈਂ ? ਅਤੇ ਵਿਦਿਆਰਥੀ ਇਸ ਦਾ ਇਹ ਉੱਤਰ ਦੇਵੇ ਕਿ ਮਹਾਰਾਜਾ

ਮੈਂ ਵਿਚਾਰਾ ਕੀ ਪੜ੍ਹਨ ਜੋਗਾ ਹਾਂ ਸਭ ਮਾਤਾ ਪਿਤਾ ਅਤੇ ਮਾਸਟਰ ਜੀ ਦੀ ਕ੍ਰਿਪਾ ਹੈ। ਤਾਂ ਇਹ ਕਿੱਡਾ ਹੱਸਣ ਯੋਗ ਉੱਤਰ ਹੋਵੇਗਾ।

(Test) ਇਮਤਿਹਾਨ ਲਈ ਸਵਾਲ ਦਿੱਤੇ ਜਾਂਦੇ ਹਨ ਇਕ ਜਵਾਬ ਲਿੱਖ ਦੇਂਦਾ ਹੈ। ਉਹ ਪਾਸ, ਇਕ ਨਹੀਂ ਲਿਖਦਾ ਉਹ ਪਾਸ। ਯੁਕਤੀ ਇਹ ਕਿ ਇਸ ਨੂੰ ਆਉਂਦੇ ਤਾਂ ਹਨ ਪਰ ਇਹ ਲਿਖਣ ਨੂੰ ਹੰਕਾਰ ਸਮਝਦਾ ਹੈ। ਖ਼ੂਬ!

ਅਸੀਂ ਜੋ ਕੁਝ ਲਿਖਿਆ ਹੈ ਕੇਵਲ ਸੁਧਾਰ ਦੀ ਨੀਯਤ ਨਾਲ ਲਿਖਿਆ ਹੈ, ਸਾਡੀ ਹੋਰ ਕੋਈ ਗਰਜ਼ ਨਹੀਂ।

ਸਾਡਾ ਨਿਸ਼ਚਾ ਹੈ ਕਿ ਚੀਫ਼ ਖਾਲਸਾ ਦੀਵਾਨ ਆਦਮੀਆਂ ਦਾ ਹੈ ਤੇ ਆਦਮੀ ਭੁੱਲ ਸਕਦੇ ਹਨ। ਪੰਥ ਵੱਲੋਂ ਦੀਵਾਨ ਦੀਆਂ ਕਈ ਭੁੱਲਾਂ ਤੇ ਘਾਟੇ ਦੱਸੇ ਜਾਂਦੇ ਹਨ, ਪਰ ਅੱਜ ਤੀਕ ਦੀਵਾਨ ਨੇ ਕਦੀ ਇੱਕ ਵੀ ਨਹੀਂ ਮੰਨਿਆ।

ਦੀਵਾਨ ਦੀ ਨੇਕ ਨੀਤੀ ਦਾ ਹੁਣ ਪੰਥਕ ਜਥੇਬੰਦੀ ਦੇ ਸਵਾਲ ਵਿਚ ਆਪੇ ਪਤਾ ਲਗ ਜਾਵੇਗਾ। ਸਾਡੀ ਸੱਚੇ ਦਿਲੋਂ ਅਰਦਾਸ ਹੈ ਕਿ ਚੀਫ਼ ਖਾਲਸਾ ਦੀਵਾਨ ਪੰਥ ਦੀ ਆਵਾਜ਼ ਸੁਣੇ ਤੇ ਨੇਕ ਨੀਤੀ ਨਾਲ ਪੰਥ ਦੀ ਮਰਜ਼ੀ ਅਨੁਸਾਰ ਕੰਮ ਕਰਨ ਲਈ ਤਿਆਰ ਹੋ ਜਾਵੇ।

ਅਕਾਲੀ ਲਾਹੌਰ, ੩ ਸਤੰਬਰ ੧੯੨੦

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਸਕਦਾ ਹੈ ?

ਜਥੇਬੰਦੀ

(ਸਰਦਾਰ ਸ. ਚਰਨ ਸਿੰਘ ਜੀ ਨਾਭਾ)

ਏਸ ਮਾਮਲੇ ਉਤੇ ਮੈਂ ਕਈ ਦਿਨਾਂ ਤਕ ਲਾਗਾਤ ਵਿਚਾਰ ਕੀਤੀ। ਹਰ ਪਾਸੇ ਤੇ ਹਰ ਪਹਿਲੂ ਨੂੰ ਚੰਗੀ ਤਰ੍ਹਾਂ ਸੋਚਿਆ ਹੈ। ਏਕਾਂਤ ਬੈਠ ਬੈਠ ਕੇ ਡੂੰਘੀ ਗੌਰ ਨਾਲ ਇਸ ਪ੍ਰਸ਼ਨ ਨੂੰ ਹੱਲ ਕਰਨ ਦਾ ਯਤਨ ਕੀਤਾ ਹੈ ਅਰ ਅੰਤਮ ਸਿੱਟਾ ਇਹੋ ਕੱਢਿਆ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਇਸ ਨੂੰ ਸੱਚੇ ਅਰਥਾਂ ਵਿਚ ਪੰਥ ਦਾ ਪ੍ਰਤੀਨਿਧ ਜਥਾ ਬਣਾਉਣਾ ਮਹਾਂ ਕਠਿਨ ਹੈ। ਕਿਉਂਕਿ ਚੀਫ਼ ਖਾਲਸਾ ਦੀਵਾਨ ਦੀ ਵਰਤਮਾਨ ਇਮਾਰਤ ਦੀ ਨੀਂਹਚ ਦੋ ਹੀ ਚੀਜ਼ਾਂ ਹਨ। ਇਕ ਇਸ ਦੇ ਅਹੁਦੇਦਾਰ ਤੇ ਦੂਜੇ ਇਸ ਦੇ ਨਿਯਮ। ਦੋਵੇਂ ਬਦਲਨ ਤਾਂ ਦੀਵਾਨ ਦਾ ਸੁਧਾਰ ਹੋ ਸਕਦਾ ਹੈ। ਪਰ ਅੜਾਉਂਣੀ ਇਹ ਹੈ ਕਿ ਵਰਤਮਾਨ ਨਿਯਮ ਤੇ ਅਹੁਦੇਦਾਰ ਇਕ ਦੂਜੇ ਲਈ ਲਾਜ਼ਮੀ ਬਣੇ ਹੋਏ ਹਨ। ਨਿਯਮਾਂ ਬਿਨਾਂ ਅਹੁਦੇਦਾਰ ਨਹੀਂ ਬਦਲ ਸਕਦੇ ਅਰ ਅਹੁਦੇਦਾਰਾਂ ਬਿਨਾਂ ਨਿਯਮ ਤਬਦੀਲ ਨਹੀਂ ਹੋ ਸਕਦੇ। ਪੰਥ ਨੂੰ ਦੀਵਾਨ ਦੀ ਮਸ਼ੀਨ ਵਿਚ ਕੋਈ ਦਖ਼ਲ ਪ੍ਰਾਪਤ ਨਹੀਂ। ਜੇ ਕੋਈ ਪੰਥ ਦਰਦੀ ਦੀਵਾਨ ਦਾ ਸੁਧਾਰ ਕਰਨ ਲਈ ਦੀਵਾਨ ਵਿਚ ਦਾਖਲ ਹੋਣਾ ਚਾਹੇ ਤਾਂ ਅਹੁਦੇਦਾਰ ਆਪਣੇ ਅੜੇ ਹੋਏ ਨਿਯਮਾਂ ਦੀ ਕੰਧ ਉਹ ਦੇ ਅੱਗੇ ਕਰ ਦੇਂਦੇ ਹਨ। ਸੋ ਪੰਥ ਤਾਂ ਇਹਨਾਂ ਨਿਯਮਾਂ ਨੂੰ ਬਦਲ ਨਹੀਂ ਸਕਦਾ, ਅਰ ਅਹੁਦੇਦਾਰ ਇਹਨਾਂ ਨੂੰ ਬਦਲਦੇ ਨਹੀਂ। ਪੰਥ ਅਹੁਦੇਦਾਰਾਂ ਨੂੰ ਹਟਾ ਨਹੀਂ ਸਕਦਾ ਤੇ ਨਿਯਮ ਅਹੁਦੇਦਾਰਾਂ ਨੂੰ ਹਟਾਉਂਦੇ ਨਹੀਂ। ਨਤੀਜਾ ਇਹੋ ਹੈ ਕਿ ਤਿੰਨਾਂ ਲਫ਼ਜ਼ਾਂ ਦਾ ਮਜ਼ਮੂਆ "ਚੀਫ਼ ਖਾਲਸਾ ਦੀਵਾਨ" ਤਿੰਨਾਂ ਯਾਰਾਂ ਦੀ ਤਿਕੜੀ ਦਾ ਹੀ ਦੂਸਰਾ ਨਾਮ ਬਣ ਗਿਆ ਹੈ ਅਰ ਇਹ ਤਿਕੜੀ ਜਥਾ, ਖਾਲਸੇ ਦੀ ਗਰਦਨ ਤੇ ਐਉਂ ਸਵਾਰ ਹੋਇਆ ਹੋਇਆ ਹੈ ਜਿਸ ਤਰ੍ਹਾਂ ਉਹ ਬੁੱਢਾ ਰਾਖਸ਼ ਸਿੰਧਬਾਦ ਜਹਾਜ਼ੀ ਦੀ ਗਿੱਚੀ ਉਤੇ ਸਵਾਰ ਹੋ ਕੇ ਆਪਣੀਆਂ ਸ਼ਕੰਜੇ ਵਰਗੀਆਂ ਟੰਗਾਂ ਨਾਲ ਉਸ ਦਾ ਗੱਲ ਘੁੱਟਣ ਲੱਗ ਪਿਆ ਸੀ। ਇਸ ਚਿਰਾਂ ਦੇ ਵਿਗੜੇ ਹੋਏ ਤਿਕੜੀ ਜਥੇ ਦਾ ਸੁਧਾਰ ਕਰਨਾ ਕੋਈ ਹਾਸਾ ਠੱਠਾ ਨਹੀਂ। ਇਸ ਦੇ ਸੁਧਾਰ ਦੀ ਧੁਨ ਵਿਚ ਅਨੇਕਾਂ ਪੰਥ ਪਿਆਰਿਆਂ ਨੇ ਆਪਣਾ ਆਪ ਤਬਾਹ ਕੀਤਾ ਹੈ।

ਖ਼ਿਆਲ ਤਾਂ ਕਰੋ! ਜਿਸ ਭੌਰੀ ਵਾਲੇ ਜਥੇ ਨੇ "ਖਾਲਸਾ ਦੀਵਾਨ ਲਾਹੌਰ" ਨੂੰ ਜਾਨੋਂ ਮਾਰ ਕੇ ਖ਼ੁਦ ਜਨਮ ਧਾਰਿਆ, ਜਿਸ ਜਥੇ ਨੇ ਪ੍ਰਚਾਰ ਫੰਡ ਲਈ ਪੰਥ ਦਾ ਬੇਅੰਤ ਰੁਪਿਆ ਉਗਰਾਹ ਕੇ ਪ੍ਰਚਾਰ ਦਾ ਕੱਖ ਕੰਮ ਨਹੀਂ ਕੀਤਾ, ਜਿਸ ਜਥੇ ਦੇ ਸਕੱਤਰ ਸਾਹਿਬ ਨੇ ਆਪਣੀ ਕਮਅਕਲੀ ਨਾਲ ਪੰਥ ਦੇ ਲੱਖਾਂ ਰੁਪਏ ਖਰਚ ਕੇ ਬਣਾਇਆ ਹੋਇਆ ਕਾਲਜ ਹੱਥੋਂ ਗੁਆ ਦਿੱਤਾ, ਜਿਸ ਜਥੇ ਦਾ ਵਤੀਰਾ ਅੱਜ ਤਕ ਤਮਾਮ ਸੁਤੰਤਰ ਕੌਮੀ ਸੇਵਕਾਂ ਨੂੰ ਕਿਸੇ ਨਾਂ ਕਿਸੇ ਤਰ੍ਹਾਂ

ਟੁੰਬਾ ਦੇਣ ਦਾ ਹੀ ਰਿਹਾ ਹੈ, ਜਿਸ ਜਥੇ ਨੇ ਕਿਸੇ ਕੌਮਪ੍ਰਸਤ ਅਖ਼ਬਾਰ ਨੂੰ ਹੁਣ ਤਕ ਜਿਊਂਦਿਆਂ ਨਹੀਂ ਰਹਿਣ ਦਿੱਤਾ, ਜਿਸ ਜਥੇ ਨੇ ਗੁਰਦੁਆਰਾ ਰਕਾਬ ਗੰਜ ਦੇ ਮਾਮਲੇ ਵੇਲੇ ਪੰਥ ਦੀ ਰਾਇ ਦੀ ਕੱਖ ਪ੍ਰਵਾਹ ਨਾ ਕਰ ਕੇ ਆਪਣੀ ਸ਼ਰਾਰਤ ਭਰੀ ਬੇਵਕੂਫੀ ਨਾਲ ਸਿੱਖਾਂ ਤੇ ਸਰਕਾਰ ਵਿਚ ਵਿਰੋਧ ਪੁਆ ਦਿੱਤਾ, ਜਿਸ ਜਥੇ ਨੇ ਕਾਨਫ਼ਰੰਸ ਦੇ ਭਰੇ ਸਮਾਗਮ ਵਿਚ ਸਰਦਾਰ ਹਰਚੰਦ ਸਿੰਘ ਜੀ ਨੂੰ ਕੇਵਲ ਇਸ ਲਈ ਬੇਇੱਜ਼ਤ ਕੀਤਾ ਕਿ ਉਹ ਗੁਰਦੁਆਰਾ ਰਕਾਬਗੰਜ ਸਬੰਧੀ ਸਿੱਖਾਂ ਦੀ ਆਮ ਰਾਇ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ, ਜਿਸ ਜਥੇ ਨੇ ਕੌਮਾਂ ਗਾਟਾ ਮਾਰੂ ਦੇ ਮਹਾਂ ਦੁਖੀ ਤੇ ਮਜ਼ਲੂਮ ਸਿੱਖਾਂ ਨਾਲ ਹਮਦਰਦੀ ਕਰਨ ਦੀ ਥਾਂ ਉਹਨਾਂ ਨੂੰ ਸਿੱਖੀਓਂ ਖਾਰਜ ਤੇ ਫਾਹੇ ਟੰਗਣ ਜੋਗੇ ਦੱਸਿਆ, ਜਿਸ ਜਥੇ ਨੇ ਕੇਵਲ ਆਪਣਾ ਉੱਲੂ ਸਿੱਧਾ ਕਰਨ ਲਈ ਪੰਥ ਦੇ ਪਿਆਰੇ ਮਹਾਰਾਜਿਆਂ ਵਿਚ ਫੁੱਟ ਪਾਈ ਅਰ ਉਸ ਨੂੰ ਸਦਾ ਕਾਇਮ ਰੱਖਣ ਲਈ ਲਗਾਤਾਰ ਕਮੀਨੇ ਯਤਨ ਕੀਤੇ, ਜਿਸ ਜਥੇ ਦੇ ਸਕੱਤਰ ਸਾਹਿਬ ਕੌਂਸਲਾਂ ਵਿਚ "ਘੁੱਗੂ ਨਾਥ ਮੈਂਬਰ" (Silent member) ਬਣ ਕੇ ਅਰ ਲੱਗਪਗ ਹਮੇਸ਼ਾਂ ਹੀ ਦੇਸ਼ ਦੀ ਰਾਇ ਦੇ ਵਿਰੁਧ ਵਤੀਰਾ ਰੱਖ ਕੇ ਸਿੱਖਾਂ ਦੇ ਨਾਮ ਨੂੰ ਕਲੰਕਤ ਕਰਦੇ ਰਹੇ, ਜਿਸ ਜਥੇ ਨੇ ਅੱਜ ਤਕ ਸਿੱਖਾਂ ਨੂੰ ਰਾਜਨੀਤੀ ਦੇ ਨਾਮ ਤੋਂ ਹਊਏ ਵਾਂਗ ਡਰਾ ਡਰਾਕੇ ਪੰਥ ਨੂੰ ਉਹ ਨੁਕਸਾਨ ਪਹੁੰਚਾਇਆ ਜਿਸ ਦੀ ਪੂਰਤੀ ਅਤੀ ਕਠਿਨ ਹੈ, ਜਿਸ ਜਥੇ ਦੇ ਸਕੱਤਰ ਸਾਹਿਬ ਨੇ "ਡਾਇਰ" ਤੇ "ਓਡਵਾਇਰ" ਦੇ ਮਾਮਲਿਆਂ ਵੇਲੇ ਘ੍ਰਿਣਾਂ-ਯੋਗ ਪਾਲਿਸੀ ਉਤੇ ਅਮਲ ਕੀਤਾ ਅਰ "ਓਡਵਾਇਰ" ਨੂੰ ਐਡ੍ਰੈਸ ਦੇਣ ਵੇਲੇ ਛਾਤੀ ਕੱਢ ਕੇ ਅਗੇ ਹੋ ਗਏ, ਜਿਸ ਜਥੇ ਨੇ ਅੱਜ ਤਕ ਪੰਥ ਦੀ ਕੋਈ ਪੁਲੀਟੀਕਲ ਸੇਵਾ ਨਹੀਂ ਕੀਤੀ ਸਗੋਂ ਸਦਾ ਟੋਆ ਹੀ ਦੇਂਦਾ ਰਿਹਾ, ਜਿਸ ਜਥੇ ਨੇ ਪੁਲੀਟੀਕਲ ਕੰਮਾਂ ਤੋਂ ਸਦਾ ਐਉਂ ਭੈ ਖਾਧਾ ਜਿਵੇਂ ਕਾਂ ਗੁਲੇਲੇ ਤੋਂ ਖੌਫ਼ ਖਾਂਦਾ ਹੈ। ਪਰ 'ਸਿੱਖ ਲੀਗ' ਦੇ ਕਾਯਮ ਹੁੰਦਿਆਂ ਹੀ ਆਪਣੇ ਨਿਯਮਾਂ ਵਾਲੇ ਮਦਾਰੀ ਦੇ ਥੈਲੇ ਵਿੱਚੋਂ ਨਿਯਮ ਨੰਬਰ ੪ ਕੱਢ ਮਾਰਿਆ ਅਰ ਝੱਟ ਪੁਲੀਟੀਕਲ ਸਬ ਕਮੇਟੀ ਦਾ ਢਾਂਚਾ ਖੜਾ ਕਰ ਦਿਤਾ, ਤਾਂ ਕਿ 'ਸਿੱਖ ਲੀਗ' ਦੀ ਕੌਮੀ ਸੇਵਾ ਅੱਗੇ ਪੱਥਰ ਰੱਖ ਦਿੱਤੇ ਜਾਣ। ਜੋ ਜਥਾ ਝੂਠ ਮੂਠ ਹੀ ਸਿੱਖਾਂ ਵਿਚ ਨਰਮ ਤੇ ਗਰਮ ਪਾਰਟੀਆਂ ਦਸਕੇ ਤਮਾਮ ਕੌਮੀ ਸੇਵਕਾਂ ਨੂੰ 'ਗਰਮ' ਆਖ ਕੇ ਸਰਕਾਰ ਨਾਲ ਵਿਗਾੜ ਪੁਆਉਣਾ ਚਾਹੁੰਦਾ ਹੈ, ਜਿਸ ਜਥੇ ਦੇ ਕਈ ਪੁਰਸ਼ਾਂ ਦਾ ਕੰਮ ਹੁਣ ਤਕ ਕੇਵਲ ਹਾਕਮਾਂ ਪਾਸ ਕੌਮੀ ਸੇਵਕਾਂ ਦੀਆਂ ਗੁਪਤ ਚੁਗਲੀਆਂ ਕਰ ਕੇ ਤੇ "ਔਨਰੇਰੀ ਖੁਫੀਆ ਪੁਲਿਸ" ਦਾ ਕੰਮ ਭੁਗਤਾਕੇ ਹੀ ਆਪਣੇ ਸਵਾਰਥ ਪੂਰੇ ਕਰਨਾ ਰਿਹਾ ਹੈ। ਜੋ ਜਥਾ ਪੰਥਕ ਅਖ਼ਬਾਰਾਂ ਦੀ ਚੀਕ ਪੁਕਾਰ ਸੁਣ ਕੇ ਵੀ ਦੋ ਦੋ ਸਾਲ ਆਪਣੀ ਰਿਪੋਰਟ ਪ੍ਰਕਾਸ਼ਤ ਨਹੀਂ ਕਰਦਾ। ਜਿਸ ਜਥੇ ਦੇ ਮੋਹਰੀਆਂ ਵੱਲੋਂ ਪੰਥ ਵਿਚ ਦਲੇਰੀ, ਨਿਡਰਤਾ ਤੇ ਪਵਿੱਤਰਤਾ ਆਦਿਕ ਸਿੱਖੀ ਗੁਣਾਂ ਦੀ ਥਾਂ, ਪੰਥ ਦੀਆਂ ਦੇਵੀਆਂ ਦੇ ਅੰਦਰ 'ਕਾਨ੍ਹ ਗੋਪੀਆਂ' ਦੇ ਝਾਕੇ ਅਰ 'ਇਸ਼ਕ ਮਜਾਜ਼ੀ' ਦਾ ਪ੍ਰਚਾਰ ਕਰ ਕੇ ਦਿਨੋ ਦਿਨ ਬਦਚਲਨੀ ਫੈਲਾਈ ਜਾ ਰਹੀ ਹੈ। ਜਿਸ ਜਥੇ ਦੀ ਕਲਾ ਦੇ ਪ੍ਰਧਾਨ ਪੁਰਜੇ "ਗੁਰੂ ਡਮ" ਦਾ ਖੁਲ ਮਖੁਲਾ ਪ੍ਰਚਾਰ ਕਰ ਕੇ ਸਿੱਖਾਂ ਦੇ ਬੁਨਆਦੀ ਅਸੂਲਾਂ ਦੀਆਂ ਜੜ੍ਹਾਂ ਉਤੇ ਤਿੱਖਾਂ ਕੁਹਾੜਾ ਰੱਖ ਰਹੇ ਹਨ। ਜੋ ਜਥਾ ਆਪਣੇ ਸਿਰ ਉਤੇ ਸ਼੍ਰੋਮਣੀ ਪੁਣੇ ਦਾ ਤੁਰਾ ਲਾ ਕੇ ਵੀ ਅੱਜ ਤਕ ਖਾਲਸੇ ਦੀਆਂ 'ਕਿਰਪਾਨ' ਸਬੰਧੀ ਔਕੜਾਂ ਨੂੰ ਦੂਰ ਨਹੀਂ ਕਰਾ ਸਖਿਆ, ਜਿਸ ਜਥੇ ਨੇ ਆਪਣੇ ਭਾਈ ਚਾਰਿਆਂ ਤੇ ਬਰਾਦਰੀਆਂ ਤੋਂ ਡਰਦਿਆਂ ਅੱਜ ਤਕ ਕਦੇ ਗੱਜ ਵੱਜ ਕੇ 'ਸ਼ੁਧੀ' ਦੀ ਹਮੈਤ ਅਰ ਪ੍ਰਚਾਰ ਦਾ ਯਤਨ ਨਹੀਂ ਕੀਤਾ ਅਰ ਆਪਣੇ ਤਰਜ਼ੇਅਮਲ ਨਾਲ ਹਜ਼ਾਰਾਂ ਹੀ ਅਛੂਤ ਪਰਾਣੀਆਂ ਨੂੰ ਸਿੱਖੀ ਦੇ ਮੰਡਲ ਵਿੱਚੋਂ ਆਉਣ ਤੋਂ ਵਿਰਵੇ ਰੱਖ ਕੇ ਗੁਰ-ਨਿੰਦਕ ਤੇ ਪੰਥ-ਦ੍ਰੋਹੀ ਬਣਨ ਦਾ ਮੌਕਾ ਦਿੱਤਾ। ਜਿਸ ਜਥੇ ਨੇ ਗਰੀਬ ਸਿੱਖਾਂ ਦੇ ਪਸੀਨੇ ਦੀ ਕਮਾਈ ਨਾਲ, ਕੌਡੀ ਕੌਡੀ ਕਰ ਕੇ ਜੋੜੇ ਹੋਏ ਚਾਰ ਲੱਖ ਰੁਪਏ ਨੂੰ "ਟ੍ਰਸਟ ਫੰਡ" ਬਣਾ ਕੇ ਸਦੀਵ ਲਈ ਆਪਣੇ ਜੱਫੇ ਵਿਚ ਰੱਖਣ ਦਾ ਬਾਨ੍ਹਣੂ ਬੰਨ੍ਹ ਲਿਆ। ਜਿਸ ਜਥੇ ਦੇ ਮੁਖੀ ਖੁਦ ਸਿੱਖ ਕਹਾਉਂਦਿਆਂ, ਸਿੱਖਾਂ ਦੇ ਪੁੱਤ ਪੋਤਰੇ ਹੁੰਦਿਆਂ, ਸਿੱਖਾਂ ਦੇ ਆਗੂ ਅਰ ਚੌਧਰਪੁਣੇ ਦੇ ਦਾਵੇਦਾਰ ਬਣਦਿਆਂ ਹੋਇਆਂ ਵੀ ਹੁਣ ਤਕ ਸ਼ੱਕੀ ਦੁਨੀਆਂ ਅਰ ਮਚਲੀ ਸਰਕਾਰ ਨੂੰ ਇਹ ਨਹੀਂ ਦੱਸ ਸਕੇ ਕਿ "ਸਿੱਖ" ਦੀ ਪਛਾਣ ਹੀ ਕੀ ਹੈ ? ਗੱਲ ਕੀ ਸਿੱਖ ਜਥੇ ਦੇ ਕਰਮਾਂ ਦਾ ਪੱਤਰਾ ਉਸ ਦੇ ਜੰਮਣ ਦਿਨ ਤੋਂ ਹੁਣ ਤਕ ਮਹਾਂ-ਕਾਲਾ ਤੇ ਘ੍ਰਿਣਾ-ਯੋਗ ਰਿਹਾ ਹੈ, ਉਸ ਦੇ ਸੁਧਾਰ ਦੀ ਆਸ ਰੱਖਣੀ ਮੁਰਦਿਆਂ ਤੋਂ ਮੁਰਾਦਾਂ ਮੰਗਣ ਵਾਂਗ ਨਿਰਾਰਥਕ ਨਹੀਂ ਤਾਂ ਹੋਰ ਕੀ ਹੈ ? ਕੀ ਪੋਤੜਿਆਂ ਦੇ ਵਿਗੜੇ ਵੀ ਕਿਸੇ ਨੇ ਸੁਧਾਰਦੇ ਦੇਖੇ ਹਨ! ਜਿਨ੍ਹਾਂ ਦਿਲਾਂ ਤੇ ਦਿਮਾਗਾਂ ਵਿਚ ਮੁਢ ਤੋਂ ਬੁਜ਼ਦਿਲੀ, ਮਕਾਰੀ, ਕੌਮ-ਫਰੋਸ਼ੀ, ਖ਼ੁਦਗਰਜ਼ੀ, ਗੁਪਤ ਚਾਲਾਂ ਅਰ ਮਿਠੀਆਂ ਛੁਰੀਆਂ ਚਲਾਉਣ ਦੀ ਵਾਦੀ ਭਰੀ ਹੋਈ ਹੈ। ਉਨ੍ਹਾਂ ਵਿਚ ਹੁਣ

ਤੁਸੀਂ ਕਿਸ ਤਰ੍ਹਾਂ ਆਸ ਕਰ ਸਕਦੇ ਹੋ ਕਿ ਇਕ ਦਮ ਕੁਰਬਾਨੀ, ਪ੍ਰੇਮ, ਪਰਉਪਕਾਰ, ਬੇਗਰਜ਼ੀ, ਦਲੇਰੀ ਤੇ ਸੇਵਕ ਬਣ ਕੇ ਪੰਥ ਦੇ ਹੁਕਮ ਵਿਚ ਚਲਣ ਆਦਿਕ ਸ਼ੁਭ ਗੁਣਾਂ ਦਾ ਵਾਸਾ ਹੋ ਜਾਏਗਾ ?

ਲਾਲਾ ਲਾਜਪਤ ਰਾਇ ਨੇ ਅਖ਼ਬਾਰ "ਬੰਦੇ ਮਾਤਰਮ" ਦੇ ੧ ਅਗਸਤ ਦੇ ਮੁਖ ਲੇਖ ਵਿਚ "ਪੋਲੀਟੀਕਲ ਲੀਡਰਾਂ" ਦੀ ਪਛਾਣ ਲਈ ਕਿਹੇ ਸੋਹਣੇ ਸੋਹਣੇ ਸਾਵੀਂ ਲਫ਼ਜ਼ ਲਿਖੇ ਹਨ :-

"ਪੋਲੀਟੀਕਲ ਲੀਡਰੀ ਵਾਸਤੇ ਕੇਵਲ ਇਸੇ ਭਾਂਤ ਦੀ ਵਿਦਿਆ ਤੇ ਵਾਕਫ਼ੀ ਹੀ ਨਹੀਂ ਲੋੜੀਦੀ, ਸਗੋਂ ਉਹ ਦਰਜੇ ਦੇ ਜ਼ਾਤੀ ਆਚਰਨ, ਤਾਕਤ, ਨਿਰਸਵਾਰਥਤਾ ਤੇ ਦਲੇਰੀ ਵੀ ਚਾਹੀਦੀ ਹੈ। ਜੋ ਆਦਮੀ ਹਰ ਅਵਸਰ ਤੇ ਆਪਣੇ ਹੀ ਜ਼ਾਤੀ ਲਾਭ ਨੂੰ ਮੁਖ ਰੱਖਦਾ ਹੈ, ਓਹ ਪੋਲੀਟੀਕਲ ਲੀਡਰ ਨਹੀਂ ਹੋ ਸਕਦਾ। ਜੋ ਮਨੁਖ ਹਰ ਵੇਲੇ ਇਹੋ ਲੇਖੇ ਸੋਚਦਾ ਹੈ ਕਿ ਆਪਣੇ ਪ੍ਰਚਾਰ ਤੇ ਆਪਣੇ ਕੰਮਾਂ ਦੇ ਕੁਦਰਤੀ ਨਤੀਜਿਆਂ ਤੋਂ ਉਹ ਕਿਸ ਤਰ੍ਹਾਂ ਪਹਿਲੇ ਹੀ ਆਪਣੇ ਆਪ ਨੂੰ ਸੁਰਖਿਛਤ ਕਰ ਲਵੇ। ਉਹ ਪੋਲੀਟੀਕਲ ਲੀਡਰੀ ਦੇ ਯੋਗ ਨਹੀਂ। ਗੱਲ ਕੀ ਫੂਕ ਫੂਕ ਕੇ ਪੈਰ ਰੱਖਣ ਵਾਲਾ ਕਦੇ ਲੀਡਰ ਨਹੀਂ ਹੋ ਸਕਦਾ!"

ਲਾਲਾ ਜੀ ਨੇ ਹਜ਼ਾਰਹਾਂ ਪੂਰਬੀ ਤੇ ਪੱਛਮੀ ਪੁਸਤਕਾਂ ਪੜ੍ਹਕੇ, ਆਪਣੀ ਸਾਰੀ ਉਮਰ ਦੇ ਤਜਰਬੇ ਅਰ ਦੇਸ਼ਾਂ ਦੇਸ਼ਾਂਤਰਾਂ ਦੇ ਭਰਮਣ ਕਰਨ ਤੋਂ ਬਾਦ 'ਲੀਡਰਾਂ' ਦੀ ਪ੍ਰੀਖਿਆ ਦੀ ਇਹ ਉਪਰੋਕਤ ਕਸੌਟੀ ਪ੍ਰਗਟ ਕੀਤੀ ਹੈ। ਹੁਣ ਇਸ ਉਤੇ ਆਪਣੇ ਤਿਕੜੀ ਜਥੇ ਦੀ ਪਰਖ ਕਰੋ। ਕੀ ਇਹ ਕਾਯਰਤਾ, ਅਪਸ੍ਵਾਰਥ ਤੇ ਯਈਂ ਯਈਂ ਵਿਚ ਤਮਾਮ ਦੇਸ਼ ਦੇ ਬੁਜ਼ਦਿਲਾਂ ਤੋਂ ਮੋਹਰੇ ਨਹੀਂ ? ਕੀ ਇਹ ਹਰ ਔਕੜ ਦੇ ਸਮੇਂ, ਇਹ ਲੇਖੇ ਨਹੀਂ ਲਾਉਂਦੇ ਕਿ ਇਸ ਅਫ਼ਸਰ ਤੋਂ ਅਸੀਂ ਜ਼ਾਤੀ ਤੌਰ ਤੇ ਕੀ ਲਾਭ ਉਠਾ ਸਕਦੇ ਹਾਂ ਅਰ ਕਿਨੇ ਮੁਰੱਬੇ ਲੈ ਸਕਦੇ ਹਾਂ ? ਕੀ ਇਹ ਹਰ ਇਕ ਮੌਕੇ ਤੇ ਫੂਕ ਫੂਕ ਕੇ ਪੈਰ ਨਹੀਂ ਧਰਦੇ ? ਕੀ ਅੱਜ ਤੱਕ ਕਦੀ ਇਹਨਾਂ ਨੇ ਨਿੱਡਰ ਹੋ ਕੇ ਕੌਮ ਦੀ ਕੋਈ ਮਾੜੀ ਮੋਟੀ ਸੇਵਾ ਵੀ ਕੀਤੀ ਹੈ ? ਜੇ ਨਹੀਂ ਤਾਂ ਬਾਬਾ ਮੇਰੇ ਖ਼ਿਆਲ ਵਿਚ ਸਿਵਾਏ "ਕੌਮੀ ਦੁਰ ਦੁਰ" ਦੇ ਹੋਰ ਕੋਈ ਅਜਿਹਾ 'ਟੀਕਾ' ਯੂਰਪ ਦੇ ਸਾਇੰਸਦਾਨਾਂ ਨੇ ਵੀ ਅੱਜ ਤਕ ਈਜਾਦ ਨਹੀਂ ਕੀਤਾ, ਜਿਸ ਦੁਆਰਾ ਬਜ਼ੁਦਿਲਾਂ ਦੇ ਖ਼ੂਨ ਵਿੱਚੋਂ ਕਾਇਰਤਾ, ਕੌਮ ਫਰੋਸ਼ੀਤੇ ਅਪਸ੍ਵਾਰਥ ਦੇ ਕੀੜਿਆਂ ਨੂੰ ਮਾਰਕੇ ਫੌਰਨ ਪੰਥ ਸੇਵਾ ਦੇ ਸ਼ੁਭ ਗੁਣ ਪੈਦਾ ਕੀਤੇ ਜਾ ਸਕਣ।

ਬਾਜੇ ਸੱਜਣਾਂ ਦਾ ਖ਼ਿਆਲ ਹੈ ਕਿ ਚੀਫ਼ ਖਾਲਸਾ ਦੀਵਾਨ ਨੂੰ ਪੋਲੀਟੀਕਲ ਕੰਮਾਂ ਦੇ ਹਊਏ ਤੋਂ ਪਰੇ ਰੱਖ ਕੇ ਪੰਥ ਦੀ ਵਿਦਿਅਕ ਅਰ ਧਰਮ ਪ੍ਰਚਾਰ ਦੀ ਸੇਵਾ ਕਰਨ ਦੇਣੀ ਚਾਹੀਦੀ ਹੈ। ਪਰ ਮੇਰੇ ਖ਼ਿਆਲ ਵਿਚ ਇਹ ਸਗੋਂ ਵਧੇਰੇ ਖ਼ਤਰਨਾਕ ਹੈ। ਦੁਨੀਆਂ ਵਿਚ ਤਮਾਂਮ ਪੋਲੀਟੀਕਲ ਅਰ ਧਾਰਮਿਕ ਖ਼ਿਆਲਾਂ ਦੀ ਜੜ੍ਹ ਵਿਦਿਆ ਹੈ। ਅੱਜ ਸਾਰੇ ਹਿੰਦੁਸਤਾਨ ਵਿਚ ਪੁਕਾਰ ਮਚੀ ਹੋਈ ਹੈ ਕਿ ਸਾਡੀ ਇਸ ਸਾਰੀ ਅਧੋਗਤੀ ਦਾ ਕਾਰਨ ਕੇਵਲ ਸਰਕਾਰ ਦਾ ਵਿਦਿਅਕ ਤਰੀਕਾ ਹੀ ਹੈ। ਰੱਬ ਦੇ ਵਾਸਤੇ, ਹੋਰ ਤਾਂ ਭਾਵੇਂ ਸਭ ਕੁਝ ਗੁਆ ਦਿਓ, ਪਰ ਕੌਮ ਦੀ ਵਿਦਿਆ ਉਹਨਾਂ ਲੋਕਾਂ ਦੇ ਹੱਥ ਵਿਚ ਨਾ ਰਹਿਣ ਦਿਓ ਜੋ ਸਿੱਖਾਂ ਨੂੰ ਸਪਿਰਿਟ ਤੋਂ ਸੱਖਣੇ ਰੱਖਣ ਵਾਲੇ ਹਨ। ਇਸ ਵੇਲੇ ਦੇਸ਼ ਵਿਚ ਜਿਨੀ ਹਿਲ ਜੁਲ ਹੋ ਰਹੀ ਹੈ, ਉਸ ਸਾਰੀ ਦਾ ਤਾਤਪਰਜ ਇਹੋ ਹੈ ਕਿ ਅਸੀਂ ਤਾਂ ਖੈਰ ਜੋ ਦੁਖ ਸੁਖ ਭੋਗ ਰਹੇ ਹਾਂ, ਸੋ ਸਹਿ ਹੀ ਜਾਵਾਂਗੇ, ਪਰ ਸਾਡੀ ਔਲਾਦ ਸਾਡੇ ਵਰਗੀ ਗੁਲਾਮ ਨਾਂ ਰਹੇ। ਜੇ ਖਾਲਸਾ ਜੀ ਨੇ ਆਪਣੇ ਬੱਚਿਆਂ ਦੀ ਵਿਦਿਆ ਕੌਮੀ ਦਰਦ ਤੋਂ ਸ਼ੂਮ ਲੋਕਾਂ ਦੇ ਹੱਥ ਦੇ ਛਡੀ ਤਾਂ ਜਿਥੇ ਹੋਰ ਸਭ ਕੌਮਾਂ ਦੇ ਬੱਚੇ ਵਿਦਿਆ ਪਾ ਕੇ ਦਲੇਰ ਤੇ ਹੌਂਸਲੇ ਵਾਲੇ ਦੇਸ਼ ਪਿਆਰੇ ਬਨਣਗੇ, ਉਥੇ ਸਿੱਖਾਂ ਦੇ ਬੱਚੇ ਦਿਨੋ ਦਿਨ ਡਰੂ ਤੇ ਗੁਲਾਮਾਂ ਵਾਲੀਆਂ ਵਾਦੀਆਂ ਦੇ ਮਾਲਕ ਹੁੰਦੇ ਜਾਣਗੇ। ਇਹੋ ਗੱਲ 'ਧਰਮ ਪ੍ਰਚਾਰ' ਬਾਬਤ ਵੀ ਸੋਚ ਲਓ। ਕੀ ਤੁਸੀਂ ਸਿੱਖੀ ਧਰਮ ਦੇ ਪ੍ਰਚਾਰ ਦਾ ਕੰਮ ਉਸ ਜਥੇ ਦੇ ਹੱਥ ਵਿਚ ਰਹਿਣ ਦੇਣਾ ਚਾਹੁੰਦੇ ਹੋ ਜੋ ਅੱਜ ਤਕ ਇਹ ਵੀ ਨਹੀਂ ਦੱਸ ਸਕਿਆ ਕਿ "ਸਿੱਖ" ਕੌਣ ਹੁੰਦਾ ਹੈ ? ਕੀ ਉਹ ਜਥਾ ਜੋ ਅਛੂਤਾਂ ਪਾਸੋਂ ਮਦਰਾਸੀ ਬ੍ਰਾਹਮਣਾਂ ਨਾਲੋਂ ਵੀ ਵਧੇਰੇ ਡਰਦਾ ਹੈ, ਤੁਹਾਡਾ ਆਲਮਗੀਰ ਅਕਾਲੀ ਧਰਮ ਦਾ ਪ੍ਰਚਾਰ ਕਰੇਗਾ ? ਯਾਦ ਰਖੋ! ਜੇ ਤੁਸੀਂ 'ਵਿਦਿਆ' ਅਰ "ਸਿੱਖੀ ਪ੍ਰਚਾਰ" ਦਾ ਕੰਮ ਇਸੇ ਤਿਕੜੀ ਜਥੇ ਦੇ ਹੱਥ ਦੇਈ ਰੱਖਿਆ ਤਾਂ ਤੁਹਾਡੀ ਹੀ ਲਹੂ ਪਾਣੀ ਇਕ ਕਰ ਕੇ ਖਟੀ ਹੋਈ ਦੌਲਤ ਨਾਲ ਇਹ ਕੌਮ-ਡੋਬੂ ਜਥਾ ਤੁਹਾਡੇ ਬੱਚਿਆਂ ਨੂੰ ਪੰਥ ਪਿਆਰ ਤੋਂ ਸੁੰਞੇਂ ਸਖਣੇ ਰੱਖ ਕੇ ਬੁਜ਼ਦਿਲ ਗੁਲਾਮ ਬਣਾਏਗਾ। ਅਰ ਤੁਹਾਡੇ ਹੀ ਧਨ ਦੇ ਖਰਚ ਨਾਲ ਗੈਰ ਸਿੱਖਾਂ ਨੂੰ ਸਿੱਖੀ ਦੇ ਮੰਡਲ ਵਿਚ ਲਿਆਉਣਾ ਤਾਂ ਕਿਤੇ ਰਿਹਾ, ਖੁਦ ਸਿੱਖਾਂ ਨੂੰ ਹੀ ਸਿੱਖੀ

ਤੋਂ ਉਕੀ ਉਲਟ ਸਿਖਿਆ ਦੇ ਕੇ ਕਚਘਰੜ ਬਣਾ ਦੇਵੇਗਾ। ਫੇਰ ਕੌਮ ਦੀ ਸਾਰੀ ਦੀ ਸਾਰੀ ਨਸਲ ਨੂੰ ਅਰ ਖੁਦ ਸਾਰੀ ਦੀ ਸਾਰੀ ਕੌਮ ਨੂੰ 'ਸਿੱਖੀ ਸਪਿਰਿਟ' ਦੇ ਰੰਗ ਵਿਚ ਰੰਗਣਾ 'ਸਿੱਖ ਲੀਗ' ਯਾ ਅਜੇਹੇ ਦਸ ਜੱਥਿਆਂ ਦੀ ਵੀ ਸਮਰਥਾ ਤੋਂ ਬਾਹਰ ਹੋਵੇਗਾ।

ਏਹ ਅਸੂਲ ਹਿਰਦੇ ਉਤੇ ਉੱਕਰ ਛਡੋ ਕਿ ਜੋ ਜਥਾ ਕੌਮ ਦੀ ਪੋਲੀਟੀਕਲ ਸੇਵਾ ਲਈ ਖ਼ਤਰਨਾਕ ਹੈ, ਉਹ ਕੌਮ ਦੀ ਵਿਦਿਅਕ ਤੇ ਧਰਮ ਪ੍ਰਚਾਰਕ ਸੇਵਾ ਲਈ ਉਸ ਤੋਂ ਵਧੇਰੇ ਖ਼ਤਰਨਾਕ ਹੈ। ਕਿਉਂਕਿ ਅੱਵਲ ਤਾਂ ਧਰਮ ਅਰ ਰਾਜਨੀਤੀ ਇਕ ਦੂਜੇ ਨਾਲੋਂ ਵਖੋ ਵਖ ਨਹੀਂ ਹਨ, ਪਰ ਜੇ ਇਹਨਾਂ ਦੇ ਦਰਜੇ ਵੀ ਨਿਯਮ ਕਰੀਏ ਤਾਂ ਪਹਿਲਾਂ ਦਰਜਾ ਧਰਮ ਦਾ ਹੈ, ਦੂਜਾ ਵਿਦਿਆ ਦਾ ਤੇ ਤੀਜਾ ਰਾਜਨੀਤੀ ਦਾ। ਜੇ ਸਾਡੇ ਬੱਚਿਆਂ ਨੂੰ ਸਿੱਖਾਂ ਦਾ ਅਸਲੀ ਧਰਮ ਨਾਂ ਦੱਸਕੇ "ਕਚਘਰੜ ਪਣੇ" ਨੂੰ ਸਿੱਖਾਂ ਦੀ ਸ਼ਕਲ ਵਿਚ ਦੱਸਿਆ ਜਾਵੇ ਅਰ ਸੱਚੀ ਤੇ ਸੁੱਚੀ ਕੌਮੀ ਵਿਦਿਆ ਦੀ ਥਾਂ ਬੁਜ਼ਦਿਲੀ ਅਰ ਕੌਮ ਫਰੋਸ਼ੀ ਤੇ ਧਈਂ ਧਈਂ ਦੀ ਤਾਲੀਮ ਦਿੱਤੀ ਜਾਵੇ ਤਾਂ ਪਿੱਛੋਂ ਸਾਰੀ ਦੁਨੀਆਂ ਦੀਆਂ ਕੌਮਪ੍ਰਸਤ ਕੌਮਾਂ ਦਾ ਕੌਮੀ ਜੋਸ਼-ਖਰੋਸ਼ ਵੀ ਉਹਨਾਂ ਦਿਲਾਂ ਨੂੰ ਜਿਨ੍ਹਾਂ ਦੇ ਅੰਦਰ ਸ਼ੁਰੂ ਤੋਂ ਹੀ ਧਰਮ' ਅਰ "ਵਿਦਿਆ" ਦੇ ਨਾਮ ਤੇ ਕਾਯਰਤਾ, ਖੁਦਗਰਜ਼ੀ ਤੇ ਗੁਲਾਮੀ ਕੁੱਟ ਕੁਟ ਕੇ ਭਰੀ ਗਈ ਹੈ, ਕਦੇ ਨਹੀਂ ਸੁਧਾਰ ਸਕੇਗਾ।

ਲੇਖ ਲੰਮਾ ਹੁੰਦਾ ਜਾ ਰਿਹਾ ਹੈ ਤੇ ਮੈਂ ਅਜੇ ਬਹੁਤ ਕੁਝ ਲਿਖਣਾ ਹੈ, ਇਸ ਲਈ ਸੰਖੇਪ ਵਿਚ ਮੇਰੇ ਇਸ ਲੇਖ ਦਾ ਭਾਵ ਇਹ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਵਰਤਮਾਨ ਨਿਯਮਾਂ ਅਰ ਮੌਜੂਦਾ ਅਹੁਦੇਦਾਰਾਂ ਪਾਸੋਂ ਪੰਥ ਦੀ ਨਾ ਕੇਵਲ ਪੋਲੀਟੀਕਲ ਹੀ ਸਗੋਂ ਯਥਾਯੋਗ ਧਾਰਮਿਕ ਤੇ ਵਿਦਿਅਕ ਸੇਵਾ ਦੀ ਆਸ ਰੱਖਣੀ ਬਿਲਕੁਲ ਨਿਸਫਲ ਹੈ। ਪੰਥ ਨੇ ਇਹਨਾਂ ਸੱਜਣਾਂ ਦਾ ਅੱਗੇ ਹੀ ਲੋੜ ਨਾਲੋਂ ਬਹੁਤ ਵਧੇਰੇ ਮੂੰਹ ਤਕਿਆ ਹੈ, ਹੁਣ ਹੋਰ ਸਬਰ ਕਰਨਾ ਸਖ਼ਤ ਹਾਨੀਕਾਰਕ ਹੋਵੇਗਾ, ਇਸ ਲਈ ਇਹਨਾਂ ਸੱਜਣਾਂ ਨੂੰ ਹੁਣ ਪੰਥ ਦੀ ਹਰ ਪ੍ਰਕਾਰ ਦੀ ਸੇਵਾ ਤੋਂ ਰੀਟਾਇਟ ਕਰ ਦੇਣਾ ਚਾਹੀਦਾ ਹੈ। ਕਈ ਸਾਲ ਹੋਏ ਜਦੋਂ ਮਾਸਟਰ ਸੁੰਦਰ ਸਿੰਘ ਜੀ ਲਾਇਲ ਪੁਰੀ ਨੇ "ਕੀ ਖਾਲਸਾ ਕਾਲਜ ਸਿੱਖਾਂ ਦਾ ਹੈ?" ਨਾਮੇ ਜ਼ਬਰਦਸਤ ਲੇਖ ਪੁਸਤਕ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤਾ ਸੀ ਤਾਂ ਚੀਫ਼ ਖਾਲਸਾ ਦੀਵਾਨ ਹਮੈਤੀ ਅਖ਼ਬਾਰ ਨੇ ਮਾਸਟਰ ਜੀ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਅਸਮਰਥ ਹੋਣ ਦੇ ਕਾਰਨ ਮੀਸਣੇ ਲਫ਼ਜ਼ਾਂ ਵਿਚ ਚੀਫ਼ ਖਾਲਸਾ ਦੀਵਾਨ ਦੇ ਸੇਵਕਾਂ ਲਈ ਪੰਥ ਪਾਸੋਂ "ਛੁਟ ਪੱਤਰ" ਮੰਗਿਆ ਸੀ, ਸੋ ਉਸ "ਛੁਟ ਪਤਰ" ਸਬੰਧੀ ਪ੍ਰਾਰਥਨਾ ਪੰਥ ਨੂੰ ਹੁਣ ਪ੍ਰਵਾਨ ਕਰ ਲੈਣੀ ਚਾਹੀਦੀ ਹੈ।

ਹੁਣ ਪ੍ਰਸ਼ਨ ਫੇਰ ਉਹੋ ਹੈ ਕਿ ਪੰਥ ਦਾ ਪ੍ਰਤੀਨਿਧ ਜਥਾ ਬਣਾਉਣ ਲਈ ਇਸੇ ਦੀਵਾਨ ਨੂੰ ਸੁਧਾਰਿਆ ਜਾਵੇ ਜਾਂ ਹੋਰ ਨਵਾਂ ਜਥਾ ਕਾਇਮ ਕਤਿਾ ਜਾਵੇ? ਨਵੇਂ ਜਥੇ ਦਾ ਖ਼ਿਆਲ ਆਉਂਦਿਆਂ ਹੀ ਹਰੇਕ ਹਿਰਦੇ ਨੂੰ ਇਹੋ ਸੋਚ ਫੁਰਦੀ ਹੈ ਕਿ ਪੰਥ ਦੇ ਲੱਖਾਂ ਰੁਪਏ ਜੋ ਚੀਫ਼ ਖਾਲਸਾ ਦੀਵਾਨ ਤੇ ਖਰਚ ਹੋ ਚੁਕੇ ਹਨ ਅਰ ਲੱਖਾਂ ਰੁਪਏ ਜੋ ਮੌਜੂਦਾ ਅਹੁਦੇਦਾਰਾਂ ਦੇ ਕਬਜ਼ੇ ਵਿਚ ਹਨ ਐਵੇਂ ਜਾਣਗੇ, ਸੋ ਇਸ ਸਬੰਧੀ ਮੈਂ ਆਪਣੇ ਖ਼ਿਆਲ ਅਗਲੇ ਲੇਖ ਵਿਚ ਪ੍ਰਗਟ ਕਰਾਂਗਾ ਕਿ ਪੰਥ ਨੂੰ ਹੋਰ ਨਵਾਂ ਜਥਾ ਬਣਾਉਣਾ ਚਾਹੀਦਾ ਹੈ ਕਿ ਨਹੀਂ? ਜੇ ਬਣਾਉਣਾ ਚਾਹੀਦਾ ਹੈ ਤਾਂ ਇਹਨਾਂ ਲੱਖਾਂ ਰੁਪਿਆ ਦੇ ਨੁਕਸਾਨ ਦਾ ਪਾੜਾ ਕਿਸ ਤਰ੍ਹਾਂ ਮਿਲੇ? ਤੇ ਜੇ ਇਸੇ ਦੀਵਾਨ ਨੂੰ ਸੁਧਾਰਨਾ ਚਾਹੀਦਾ ਹੈ ਤਾਂ ਕਿਸ ਤਰ੍ਹਾਂ? ਅਰ ਉਹ ਕਿਹੜਾ ਤਰੀਕਾ ਹੈ ਜਿਸ ਨਾਲ ਮੌਜੂਦਾ ਦੀਵਾਨ ਦੇ ਸਾਰੇ ਕਾਰਜ, ਫੰਡ ਤੇ ਕਾਨਫ਼ਰੰਸ ਆਦਿ ਤਿਕੜੀ ਦੇ ਹੱਥੋਂ ਨਿਕਲਕੇ ਸਿੱਧੇ ਪੰਥ ਦੇ ਕਬਜ਼ੇ ਵਿਚ ਆ ਸਕਦੇ ਹਨ! ਨਾਲ ਹੀ ਜੋ ਇਹ ਕਿਹਾ ਜਾਂਦਾ ਹੈ ਕਿ ਦੀਵਾਨ ਆਪਣੀ ਯਥਾ ਸ਼ਕਤ ਸੇਵਾ ਕਰੀ ਜਾਂਦਾ ਹੈ, ਇਸ 'ਯਥਾ ਸ਼ਕਤੀ' ਦੇ ਸਬੰਧ ਵਿਚ ਵੀ ਕੁਝ ਵਿਚਾਰ ਪੰਥ ਦੇ ਪੇਸ਼ ਕਰਾਂਗਾ।

ਅਕਾਲੀ ਲਾਹੌਰ, ੪ ਸਤੰਬਰ ੧੯੨੦

ਜਥੇਬੰਦੀ

(ਪ੍ਰੋਫ਼ੈਸਰ ਨਿਰੰਜਨ ਸਿੰਘ ਜੀ ਐਮ. ਐਸ ਸੀ.)

ਚੀਫ ਖਾਲਸਾ ਦੀਵਾਨ ਦੇ ਸੁਧਾਰ ਤੋਂ ਜੋ ਆਪ ਦਾ ਭਾਵ ਦੀਵਾਨੀ ਰੂਹਾਂ ਨਾਲ ਮਿਲ ਕੇ ਕੰਮ ਕਰਨਾ ਹੈ ਤਾਂ

ਮੇਰੇ ਖ਼ਿਆਲ ਵਿਚ ਇਹ ਨਾ-ਮੁਮਕਿਨ ਹੈ। ਜਿਨ੍ਹਾਂ ਮਹਾਂਪੁਰਸ਼ਾਂ ਦਾ ਜੀਵਨ ਮੰਤਵ ਖੁਸ਼ਾਮਦ ਕਰਨੀ ਤੇ ਪੂਜਾ ਕਰਾਨੀ ਹੈ, ਉਹਨਾਂ ਦਾ ਜੋੜ ਮੇਲ ਅਜ਼ਾਦ ਪਸੰਦ ਲੋਕਾਂ ਨਾਲ ਹੋਣਾ ਅਸੰਭਵ ਜਿਹੀ ਗੱਲ ਜਾਪਦੀ ਹੈ। ਹਾਂ ਜੇ ਰੂਲਾਂ ਨੂੰ ਸੁਧਾ ਕੇ ਦੀਵਾਨ ਨੂੰ ਖੋਹਣਾ ਚਾਹੁੰਦੇ ਹਾਂ ਤਾਂ ਬੇਸ਼ਕ ਜ਼ੋਰ ਦਿਓ। ਜੇ ਕਾਮਯਾਬ ਨਾਂ ਹੋਵੋਗੇ ਤਾਂ ਘਟੋ ਘਟ ਦੀਵਾਨੀ ਟੋਲੇ ਦੀਆਂ ਚਾਲਾਂ ਤਾਂ ਪੰਥ ਨੂੰ ਪਤਾ ਲਗ ਹੀ ਜਾਣਗੀਆਂ।

ਜੇ ਦੀਵਾਨ ਨਿਯਮ ਨੰ: ੪ ਤੋੜ ਕੇ ਪੋਲੀਟੀਕਲ ਕੰਮਾਂ ਵਿਚ ਟੰਗ ਅੜਾਉਣੀ ਛੱਡ ਦੇਵੇ ਤੇ ਵਿਦਿਅਕ ਕਮੇਟੀ ਦਾ ਸਬੰਧ ਇਸ ਨਾਲੋਂ ਟੁਟ ਜਾਏ ਤੇ ਟਰਸਟ ਫੰਡ ਦਾ ਰੁਪਿਆ ਵਿਦਿਅਕ ਕਮੇਟੀ ਦੇ ਹਵਾਲੇ ਕਰ ਕੇ ਆਪ 'ਨਿਰੋਲ ਧਾਰਮਿਕ' ਕੰਮ ਵਿਚ ਲੱਗ ਜਾਏ ਤਾਂ ਬਹੁਤ ਸਾਰੀ ਵਿਰੋਧਤਾ ਘਟ ਸਕਦੀ ਹੈ ਤੇ ਨਿਯਮਾਂ ਨੂੰ ਤਰਮੀਮ ਕਰਨ ਨਾਲ ਦੀਵਾਨ ਪ੍ਰਤੀਨਿਧ ਧਾਰਮਿਕ ਜਥਾ ਹੋ ਸਕਦਾ ਹੈ। ਹੁਣੇ ਹੀ ਪੰਥ ਦਾ ਸਾਂਝਾ ਦੀਵਾਨ ਕਰ ਕੇ ਵਿਚਾਰ ਕਰਨ ਦੇ ਮੈਂ ਵਿਰੁੱਧ ਹਾਂ ਮੇਰੇ ਖ਼ਿਆਲ ਵਿਚ ਇਸ ਦਾ ਸਿੱਟਾ ਕੇਵਲ ਜੁੱਤੀ ਪਤਾਂਗ ਤੇ ਅਗੇ ਨਾਲੋਂ ਵਧੀਕ ਵਿਰੋਧਤਾ ਹੋਵੇਗੀ। ਮੇਰੇ ਖ਼ਿਆਲ ਵਿਚ ਕੁਝ ਕੁ ਦਰਦੀ ਸੱਜਣ ਦੀਵਾਨ ਦੇ ਨਿਯਮਾਂ ਨੂੰ ਵਿਚਾਰ ਕੇ ਤਰਮੀਮਾ ਪੇਸ਼ ਕਰਨ ਤੇ ਇਹਨਾਂ ਨੂੰ ਗਸ਼ਤੀ ਚਿੱਠੀ ਦੀ ਸ਼ਕਲ ਵਿਚ ਪੰਥ ਦੇ ਮੁਖੀ ਸੱਜਣਾਂ ਵੱਲ ਭੇਜਣ ਤੇ ਪੰਜ ਕੁ ਸੌ ਸੱਜਣਾਂ ਦੇ ਦਸਖਤ ਕਰਾਕੇ ਇਹ ਤਰਮੀਮਾਂ ਚੀਫ਼ ਖਾਲਸਾ ਦੀਵਾਨ ਨੂੰ ਭੇਜੀਆਂ ਜਾਨ। ਜੇ ਉਹ ਮੰਨਣ ਨੂੰ ਤਿਆਰ ਹੋਵੇ ਤਾਂ ਦੋਹਾਂ ਪਾਰਟੀਆਂ ਦੇ ਚੋਣਵੇਂ ਸੱਜਣ ਫੇਰ ਮਿਲ ਕੇ, ਵਿਚਾਰ ਕੇ, ਨਿਯਮ ਬਣਾ ਕੇ ਅਖ਼ਬਾਰਾਂ ਦੁਆਰਾ ਪੰਥ ਦੇ ਪੇਸ਼ ਕਰਨ।

ਫੇਰ ਪੰਥ ਇਕੱਠਾ ਹੋ ਕੇ ਜਥੇਬੰਦੀ ਹੋ ਸਕਦੀ ਹੈ ਜੇ ਕੁਝ ਨਾ ਹੋਇਆ ਤਾਂ ਰਸਤਾ ਤਾਂ ਖਾਲਸੇ ਨੇ ਕੱਢ ਹੀ ਲਿਆ ਹੈ।

ਅਕਾਲੀ ਲਾਹੌਰ, ੫ ਸਤੰਬਰ ੧੯੨੦

ਜਥੇਬੰਦੀ

(ਵੱਲੋਂ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਬੀ. ਏ. ਗੁ: ਨਾ: ਖਾ: ਕਾਲਜ ਗੁਜਰਾਂਵਾਲਾ)

ਸ੍ਰੀਮਾਨ ਐਡੀਟਰ ਸਾਹਿਬ ਜੀ

ਆਪ ਦੇ 'ਅਕਾਲੀ' ੪-੮-੨੦ ਵਿਚ 'ਜਥੇਬੰਦੀ' ਸਬੰਧੀ ਆਪ ਦੀ ਚਿੱਠੀ ਦ੍ਰਿਸ਼ਟੀ ਗੋਚਰ ਆਈ ਹੈ। ਵਿਦਵਾਨ ਵੀਰਾਂ ਦੇ ਸਾਹਮਣੇ ਤਾਂ ਏਸ ਟਹਿਲੀਏ ਦੀ ਵਿਚਾਰ ਸੂਰਜ ਅੱਗੇ ਟਿਟਾਣੇ ਦੀ ਹਸਤੀ ਵੀ ਨਹੀਂ ਰੱਖਣ ਲਈ, ਪਰ ਫੇਰ ਵੀ ਆਪਣੀ ਤੁਛ ਅਕਲ ਅਨੁਸਾਰ ਲਿਖਣੋਂ ਸੰਕੋਚ ਨਹੀਂ ਹੋ ਸਕਿਆ। ਸਮਾਂ ਥੋੜ੍ਹਾ ਹੋਣ ਕਰ ਕੇ ਆਪਣੇ ਜਥੇ ਪਾਸੋਂ ਸੰਮਤੀ ਲੈਣ ਤੋਂ ਬਿਨਾਂ ਹੀ ਆਪਣਾ ਖ਼ਿਆਲ ਪ੍ਰਗਟ ਕਰਦਾ ਹਾਂ। ਪਰ ਉਂਞ ਤਾਂ ਕਈ ਵਾਰੀ ਵੀਰਾਂ ਨਾਲ ਖ਼ਿਆਲਾਂ ਦਾ ਵਟਾਂਦਰਾ ਹੋ ਚੁਕਿਆ ਹੋਇਆ ਹੈ। ੧ 'ਗੱਲੀ ਜੇ ਸ਼ਹੁ ਪਾਈਐ ਤੋਤਾ ਕਿਉ ਫਾਸੈ'

ਪੰਥਕ ਇਤਿਹਾਸ ਅਤੇ ਹੋਰ ਹੋਰ ਕੌਮਾਂ ਦੇ ਇਤਿਹਾਸ ਦੀ ਮਾੜੀ ਮੋਟੀ ਸੂਝ ਤੋਂ ਅਤੇ ਆਪਣੇ ਦੇਸ਼ ਦੀ ਪਿਛਲੇ ਦੋ ਸਾਲ ਦੀ ਦਸ਼ਾ ਤੋਂ ਇਹ ਪ੍ਰਗਟ ਹੋਇਆ ਹੈ ਕਿ ਜਿਸ ਕੌਮ ਵਿਚ ਕੁਰਬਾਨੀ ਦਾ ਬੀਜ ਹੈ ਨਹੀਂ, ਉਸ ਦੀ ਜ਼ਿੰਦਗੀ ਕੁਝ ਦਿਨ ਹੀ ਰਹਿੰਦੀ ਹੈ। ਨਾਲ ਹੀ ਇਸ ਦੇ ਇਹ ਬਿਲਕੁਲ ਜ਼ਰੂਰੀ ਹੈ ਕਿ ਨਿਰੇ ਉਪਦੇਸ਼ਾਂ ਅਤੇ ਲੈਕਚਰਾਂ ਦੀ ਰਾਹੀਂ ਕਦੀ ਵੀ ਸੁਧਾਰ ਨਹੀਂ ਹੋਇਆ, ਜਦ ਤਾਈਂ ਉਪਦੇਸ਼ਕ ਦੀ ਆਪਣੀ ਅਮਲੀ ਜ਼ਿੰਦਗੀ ਨਮੂਨਾ ਨਾਂ ਪੇਸ਼ ਕਰੇ।

(੨) ਜਦੋਂ ਖਾਲਸੇ ਦੀ ਗਿਣਤੀ ਸ਼ਾਯਦ ੨੮ ਲੱਖ ਦੇ ਕਰੀਬ ਹੈ, ਪਰ ਜੇ ਮੈਨੂੰ ਇਹ ਖ਼ਬਰ ਠੀਕ ਮਿਲੀ ਹੋਈ ਹੈ ਤਾਂ, ਸ਼ਹਿਰਾਂ ਵਿਚ ਸਿਰਫ਼ ੮੦ ਹਜ਼ਾਰ ਦੇ ਲਗ ਭਗ ਹੈਨ। ਸਿੰਘ ਸਭਾਵਾਂ ਅਤੇ ਸਕੂਲ ਅਤੇ ਹੋਰ ਧਾਰਮਿਕ ਅਸਥਾਨ ਸ਼ਹਿਰਾਂ ਅਤੇ ਨਗਰਾਂ ਵਿਚ ਹੀ ਹਨ। ਜੇ ਆਪ ਨੂੰ ਸ਼ੱਕ ਹੋਵੇ, ਤਾਂ ਆਪਣੀ ਸ਼ਹਿਰੀਂ ਚੱਕਰ ਮਾਰ ਕੇ ਵੇਖ ਲਓ, ਇਹਨਾਂ ਆਸ਼੍ਰਮਾਂ ਨਾਲ ਇਸ ੮੦ ਹਜ਼ਾਰ ਵਾਲੀ ਗਿਣਤੀ ਦਾ ਹੀ ਸਬੰਧ ਹੈ। ਕਈ ਪਿੰਡਾਂ ਵਿੱਚੋਂ ਚੰਦਾ ਭਾਵੇਂ ਜੀ ਪ੍ਰਬੰਧਕ ਮੰਗ ਲਿਆਉਂਦੇ ਹੋਵਨ, ਪਰ ਲਿਹਾਜ਼ੋ ਲਿਹਾਜੀ ਪੰਥਕ ਪਿਆਰ ਕੋਈ ਨਹੀਂ, ਕਿਉਂਕਿ ਉਹਨਾਂ ਨੂੰ ਘਟ ਪਤਾ ਹੈ ਕਿ ਪੰਥ ਕੀਹ ਸ਼ੈ ਹੈ 'ਹੁਣ ਜਦੋਂ ਕਦੀ' ਸਵਾਲ ਉਠਦਾ ਹੈ, ਤਾਂ ਤੜਕੇ 'ਸਿੰਘ ਸਭਾਵਾਂ' ਅਤੇ 'ਚੀਫ਼ ਖਾਲਸਾ ਦੀਵਾਨ ਦਾ ਜ਼ਿਕਰ ਹੀ ਹੋ ਜਾਂਵਦਾ ਹੈ। ਅਤੇ ਚੂੰਕਿ ਗੜ੍ਹੇ ਹੋਏ ਹਾਂ ਅਸੀਂ ਸਿਰਫ਼ ਥੋਥੀਆਂ ਗੱਲਾਂ

ਹੀ ਕਰਨ, ਸੋ ਉਹ ਰੌਲਾ ਦੋ ਚਾਰ ਦਿਨ ਪੈ ਕੇ ਮਿਟ ਜਾਂਵਦਾ ਹੈ। ਅਵਲ ਅਵਲ ਤਾਂ ਉਪ੍ਰੋਕਤ ਸਭਾਵਾਂ ਅਤੇ ਦੀਵਾਨ ਦੀ ਕੱਚੀ ਨੀਂਹ ਉਤੇ ਕੁਝ ਉਸਰਨਾ ਹੀ ਨਹੀਂ ਭਲਾ ਜੇ ਕੁਝ ਠਾਹ ਠਈਆ ਬਣ ਵੀ ਗਿਆ ਤਾਂ ਕਿਹੜੀ ਆਖ਼ਰ ਆ ਜਾਊ, ਇਹ ਤ੍ਰੀਵਾਂ ਹਿੱਸਾ ਦੁਕਾਨਦਾਰ ਸਿੱਖ ਡੇਹਡ ਦਾਣੇ ਦੀ ਖਿਚੜੀ ਵੱਖਰੇ ਹੀ ਪਏ ਰਿਨਣ ਅਤੇ ਸ਼ਹਿਰਾਂ ਵਿਚ ਹੀ ਪਈਆਂ ਬਗਲਾਂ ਵੱਜਣ, ਕਿ ਜਥੇਬੰਦੀ ਹੋ ਗਈ ਹੋ ਗਈ। ਪਰ ਪਿੰਡਾਂ ਵਿਚ ਉਹੋ ਹੀ ਲੱਛੀ, ਮਿਰਜ਼ਾਂ, ਤਮਾਕੂ ਅਤੇ ਸ਼ਰਾਬ—ਫਲਾਣਾ ਸਿਹਾਂ (ਸਿੰਘ ਆਖਣ ਹੀ ਕਿਸ ਤਰ੍ਹਾਂ ਦਾੜ੍ਹੀ ਤਾਂ ਚੱਟਮ ਹੋਈ) ਪੁੱਤਰ ਦੀ ਕੁੜਮਾਈ ਹੋਈ ਲਿਆ ਖਾਂ ਦੋ ਬੋਤਲਾਂ।

ਵੀਰਜੀ! ਵਿਦਵਾਨ ਵੀਰ ਤਾਂ ਭਾਵੇਂ ਵਿਦਵਤਾ ਅਤੇ ਫਿਲਾਸਫੀ ਦੇ ਲੇਲ ਘੋਲਣ, ਪਰ ਮੈਂ ਆਪਣੀ ਅਕਲ ਅਨੁਸਾਰ ਇਹਨਾਂ ਹੀ ਦੋ ਨਿਗਰ ਗੱਲਾਂ ਉਤੇ ਵਿਚਾਰ ਕਰਨੀ ਏ।

ਪਹਿਲੇ ਅੰਗ ਨੂੰ ਪ੍ਰਤੱਖ ਅੰਤਰੀਵ ਅੱਖੀਆਂ ਅੱਗੇ ਰੱਖਕੇ ਮੇਰੇ ਨਾਲ ਦੋ ਚਾਰ ਪੈਰ ਟੁਰਿਉ। ਅਰੁ ਵੇਖੋ!........ਸੰਘ ਸਭਾ ਦਾ ਦੀਵਾਨ ਸਪਤਾਹ। ਸੰਗਤ ਵਲ ਧਿਆਨ ਮਾਰਿਓ। ਕਿਰਨ ਮੁਕਿਰਨੀ ਇਕ, ਦੋ............ ਤਿੰਨੋ............. ਚਾਰੋ.............ਪੰਜੋ.............ਛੇ.............ਬਸ। ਇਹ ਜੇ, ਬਾਹਰਲਾ ਪ੍ਰਚਾਰ। ਸਭਾ ਦੀ ਅੰਦਰਲੀ ਦਸ਼ਾ—ਸਕੱਤਰੀ ਵਾਸਤੇ ਦੁਬਿਧਾ, ਧੜੇਬਾਜ਼ੀ, ਵੈਰ ਵਿਰੋਧ, ਗੁਰਦੁਆਰੇ ਵਿਚ ਹੀ ਇਕ ਦੂਜੇ ਨੂੰ ਗਾਲੀਓ.............। ਕੋਈ ਭਾਗਾਂ ਵਾਲੀ ਸਭਾ ਹੋਵੇਗੀ, ਜਿਸ ਵਿਚ ਇਹ ਹਨੇਰ ਨਹੀਂ ਮਚ ਰਿਹਾ। ਲੋਕੀਂ ਵੇਖ ਕੇ ਆਖਦੇ ਹਨ, ਕਿ ਇਹ 'ਦੀਵੇ ਤਲੇ ਹਨੇਰੇ' ਵਾਲੀ ਗੱਲ ਹੈ ਪਰ ਹੁਣੇ ਹੀ ਦਸਾਂਗਾ ਕਿ ਨਿਗਰ ਹੀ ਹਨੇਰਾ ਹੈ, ਅਜੇ ਦੀਵਾ ਬਲਿਆ ਹੀ ਨਹੀਂ। ਵੀਰ ਜੀ! ਇਹੋ ਜਿਹੇ ਜਥਿਆਂ ਦੀ ਇਕੱਤਰਤਾ ਜਿਹੀ ਤਿਹੀ ਨਾਂ ਹੋਈ, ਇਕ ਸਮਾਨ ਹੈ। ਅਸਲੀਅਤ ਵਿਚ ਤਾਂ ਇਹ 'ਜਥਾ' ਜਾਂ 'ਸਭਾ' ਪਦ ਦੇ ਹੀ ਅਧਿਕਾਰੀ ਨਹੀਂ, ਅਗੋਂ ਇਹਨਾਂ ਦੀ ਇਕੱਤਰਤਾ ਕੀਹ ਅਰਥ ਰੱਖਦੀ ਹੈ ?

'ਜਥਾ ਕਿਸ ਨੂੰ ਆਖੀਦਾ ਹੈ ? (ਮੇਰੇ ਖ਼ਿਆਲ ਵਿਚ) ਇਕ ਤਰ੍ਹਾਂ ਦੇ ਖ਼ਿਆਲਾਂ ਵਾਲੇ, ਇਕ ਅਸੂਲ ਤੇ ਤੁਰਨ ਵਾਲੇ ਵੀਰ ਅਤੇ ਭੈਣਾਂ ਜਦੋਂ ਇੱਕ ਹੀ ਆਦਰਸ਼ ਨੂੰ ਅੱਖੀਆਂ ਅਗੇ ਰੱਖਕੇ ਆਪਣੇ ਆਗੂ ਦੇ ਹੁਕਮ ਵਿਚ ਆਪਣੇ ਆਪ ਨੂੰ ਅਤੇ ਸੁਆਦੀ ਵੀਰਾਂ ਨੂੰ ਆਪਣੇ ਆਗੂ ਦੁਆਲੇ ਹੁਕਮਤ ਲਿਆਉਣ ਦਾ ਉਦਮ ਕਰਨ, ਤਾਂ ਉਸ ਇਕੱਠ ਦਾ ਨਾਂਉ "ਜਥਾ" ਹੈ।

ਹੁਣ ਅਸੀਂ ਆਪਣੇ ਸਤਿਗੁਰੂ ਦੇ ਹੁਕਮ ਵੀ ਇਕ ਦੋ ਵਿਚਾਰ ਲਈਏ। "ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿੱਖ"। "ਰਹਣੀ ਰਹੇ ਸੋਈ ਸਿੱਖ ਮੇਰਾ, ਉਹ ਠਾਕੁਰ ਮੈਂ ਉਸ ਦਾ ਚੇਰਾ"। "ਰਹਤ ਪਿਆਰੀ ਮੋਹ ਕੋ ਸਿੱਖ ਪਿਆਰੋ ਨਾਹਿ।"

ਜਦੋਂ ਵੀ ਕਿਸੇ ਕੌਮ ਵਿਚ ਪਖੰਡ ਹੋਰੀ ਆ ਬਿਰਾਜੇ, ਬਸ ਢਹਿੰਦੀਆਂ ਕਲਾਂ ਵਿਚ ਆ ਗਈ। ਲਉ! ਵੀਰ ਜੀ! ਨੇੜਿਉਂ ਈ ਲਉ! ਇਹ ਜੇ ਘੁਣ ਜਿਹੜਾ ਹਰੇਕ ਸਿੰਘ ਸਭਾ ਨੂੰ ਲਗਾ ਹੋਇਆ ਹੈ ਯਾਰੋ, ਐਤਨੀ ਸੇਵਾ ਕਰੇ **ਬਾਬਾ ਬੰਦਾ,** ਸਤਿਗੁਰੂ ਆਪਣੀ ਹੱਥੀ ਕੰਡ ਉਤੇ ਥਾਪਨਾ ਦੇਣ, ਸਾਰੇ ਦੇਸ਼ ਵਿਚ ਧਾਕ, ਸਾਰਾ ਪੰਥ ਆਗੂ ਜਾਣ ਕੇ ਮਗਰ ਲਗਾ ਫਿਰੇ। ਪਰ ਵਾਹ ਉਇ ਸੁਰਮਿਉ! ਜਥੇਬੰਦੀ ਇਸ ਦਾ ਨਾਂਉ ਜੇ! ਉੱਚ ਆਦਰਸ਼ ਤੋਂ ਡਿਗਣ ਦੀ ਦੇਰ, ਤੇ ਝੱਟ ਖਾਲਸੇ ਨੇ ਗੁਰੂ ਦੀ ਓਟ ਲੈ ਕੇ ਜਥੇਬੰਦੀ ਨੂੰ ਧਕਾ ਨਾ ਲਗਣ ਦਿੱਤਾ। ਪਰ ਗੱਲ ਇਹ ਸੀ, ਜੇ ਅੱਗੇ ਤਗੜਾ ਆਗੂ ਸੀ, ਤਾਂ ਪਿਛੇ ਵੀ ਗੁਰੂ ਦੇ ਹੁਕਮ ਵਿਚ ਟੁਰਨ ਵਾਲੇ ਤਿਆਰ-ਬਰ-ਤਿਆਰ ਸਿੰਘ ਸਨ।

ਹੁਣਦਿਆਂ ਜਥਿਆਂ ਵਲ ਵੀ ਨਜ਼ਰ ਮਾਰਿਉ! ਪਹਿਲੇ ਹੱਥ ਹੀ ਅੰਮ੍ਰਿਤ ਪਾਨ ਕਰਨ ਤੋਂ ਬਿਨਾਂ ਹੀ ਕੇਸ ਰੱਖ ਕੇ, ਝੱਟ ਅਗਾਂਹ ਹੋ ਕੇ ਆਗੂ ਬਣਨ ਦੇ ਯਤਨ ਹੋ ਰਹੇ ਹਨ। ਆਗੂ ਬਣਨ ਵੀ ਕਿਉਂ ਨਾ, ਹੋਇਆ ਜੁ ਸੁੱਖਲਾ, ਸਗੋਂ ਲਾਭ ਦਾ ਹੱਕ। ਘਰੋਂ ਹਿੰਙ ਫਟਕੜੀ ਖਰਚਨੀ ਨਹੀਂ ਪੈਂਦੀ, ਅਫ਼ਸਰਾਂ ਨਾਲ ਮੇਲ ਜੋਲ ਕਰਨ ਦਾ ਸਮਾਂ ਮੁਫ਼ਤ ਵਿਚ ਮਿਲ ਗਿਆ। ਇਕ ਚਵਾਨੀ ਖਰਚੀ ਤੇ ਮੈਂਬਰ, ਦੋ ਲੈਕਚਰ ਦਿੱਤੇ ਤੇ ਸਕੱਤਰ ਅਤੇ ਜੇ ਕਦੀ ਅਖ਼ਬਾਰ ਵਿਚ ਹੁੱਕਾ ਕੇ ੧੦) ਦਾਨ ਦਿੱਤਾ, ਤਾਂ ਫੇਰ 'ਸ਼ਹੀਦ' ਬਣ ਗਏ। ਚਾਰ ਚੁਫੇਰੇ ਇਹੋ ਕੁਝ ਦਿਸਦਾ ਹੈ।

ਦੋ ਜਹਾਨ ਦੇ ਵਾਲੀ ਸਤਿਗੁਰੂ ਤਾਂ ਇਕ ਸੋਹਣਾ ਨਿਯਮ ਜਥੇਬੰਦੀ ਦਾ ਦਸ ਗਏ, ਅਮਲੀ ਤੌਰ ਤੇ ਕਰ ਕੇ ਵਿਖਾ ਗਏ......................ਕਿਹੜਾ ? ਕੁਰਬਾਨੀ, ਕਿਉਂ ਜੀ ? ਇਹ ਫਰਜ਼ੀ ਨਿਯਮ ਏ ? ਕਦਾਚਿਤ ਨਹੀਂ। ਆਉ ਵੇਖੀਏ, ਵਰਤੋਂ ਵਿਚਾਰ ਕੀਕੁਰ ਆਂਦਾ **ਦਸੂੰਧ,** ਖਾਲਸਾ ਜੀ **ਦਸੂੰਧ,** ਏਸ **ਕੁਰਬਾਨੀ** ਦੀ ਪਹਿਲੀ ਪਉੜੀ ਦੱਸੀ,

ਕਰ ਅਤੇ ਕਰਾਕੇ ਵਿਖਾਈ ।

ਅਸੀਂ ਚਵਾਂਨੀਏ ਉਪਦੇਸ਼ਕ ਸਟੇਜ ਤੇ ਖਲੋ ਕੇ ਬਾਂਹ ਉਲਾਰਕੇ ਆਖਦੇ ਹਾਂ ਖਾਲਸਾ ਜੀ ! ਫਲਾਣੀ ਅਉਕੜ ਵਿਚ ਕੁਰਬਾਨੀ ਦੀ ਲੋੜ ਹੈ, ਸਗੋਂ ਸ਼ਬਦ 'ਕੁਰਬਾਨੀ' ਨੂੰ ਮਖੌਲ ਪਏ ਕਰਦੇ ਹਨ । ਭਾਈ ਗੁਰਦਾਸ ਜੀ ਠੀਕ ਸਾਡੀ ਦਸ਼ਾ ਦਸਦੇ ਹਨ "ਮੰਤ ਨ ਹੋਇ ਅਠੂਹਿਆਂ ਹੱਥ ਸਪੀਂ ਪਾਵੈ" । ਦਸਵੰਧ ਦੇਣ ਦੀ ਵਾਰੀ ਕੀ ਆਖਦੇ ਹਾਂ ! ਜੀ ਵੇਖੋ ਨਾ, ਸਮਾਂ ਬੜਾ ਨਾਜ਼ੁਕ ਹੈ, ਗੁਜ਼ਾਰੇ ਨਹੀਂ ਚਲਦੇ, ਬੜਾ ਮਹਿੰਗਾ ਹੈ, ਤੁਹਾਡੇ ਤਾਂ ਖਰਚ ਕੁਝ ਵੀ ਨਾ ਹੋਏ, ਸਾਡੀ ਘਰੀਂ ਆ ਕੇ ਵੇਖੋ, ਕੋਈ ਹਾਥ ਹੀ ਨਹੀਂ ਆਉਂਦੀ । ਲਓ ਜੀ ਕੁਝ ਸੁਣਾਈਆਂ ਆਖਣ ਵਾਲੇ ਨੂੰ ਅਤੇ ਕੁਝ ਸਤਿਗੁਰੂ ਨੂੰ । ਏਹਨਾਂ ਦੇ ਖ਼ਿਆਲ ਵਿਚ ਸਤਿਗੁਰੂ ਨਿਯਮ ਹੀ ਇਹੋ ਜਿਹੇ ਬਣਾ ਗਏ ਜੇ, ਜਿਹੜੇ ਹੁਣ ਦੇ ਸਮੇਂ ਵਿਚ ਵਰਤੋਂ ਵਿਚ ਆਉਣੇ ਅਸੰਭਵ ਹੋ ਗਏ ਨੇ । ਆਂਦੇ ਨਹੀਂ ਸਿੱਖੀ ਹੀ ਅਸੰਭਵ ਹੋ ਗਈ ਹੈ, ਹੁਣ ਤਾਂ ਅਸਾਂ ਆਰੀਆ ਸਮਾਜ ਦੇ ਤਰੀਕੇ ਤੇ ਗੁਰੂ ਸਾਹਿਬ ਦੀ ਜਥੇਬੰਦੀ ਨੂੰ ਕਾਇਮ ਕੀਤਾ ਹੈ ਵਾਹ ਕੁਰਬਾਨ ! ਬਲਿਹਾਰ !!

ਅਮਲੀ ਤੌਰ ਵਾਸਤੇ ਇਕ ਮਿਸਾਲ ਦਸਦਾ ਹਾਂ । ਏਥੇ ਰਈਏ ਪਿਛਲੇ ਪੰਜ ਸਾਲ ਤੋਂ ਜੁਲਾਈ ਵਿਚ ਸਾਲਾਨਾ ਦੀਵਾਨ ਹੋ ਜਾਂਦਾ ਹੈ । ਪਹਿਲੇ ਤਿੰਨ ਸਾਲ ਸੇਵਕ ਦੀਵਾਨ ਤੋਂ ਅੱਠ ਦਿਨ ਪਹਿਲੋਂ ਲਾਂਭ ਦੇ ਪਿੰਡਾਂ ਵਿੱਚੋਂ ਘਰ ਘਰ ਦਾਣੇ ਅਤੇ ਪੈਸੇ ਉਗਰਾਹ ਕੇ ਇਕ ਅਡੰਬਰ ਰਚ ਦੇਂਦੇ ਸੀ, ਉਹੋ ਜਿਹੇ ਹੀ ਮਿਰਜ਼ੇ ਦੀਆਂ ਸੁਰਾਂ ਲਾਉਣ ਵਾਲੇ ਰਾਗੀ ਉਪਦੇਸ਼ਕ ਸਦ ਲੈਣੇ, ਵਾਹ ਵਾਹ ਮੇਲਾ ਹੋ ਜਾਣਾ । ਚੌਥੇ ਦੀਵਾਨ ਵਿਚ ਸਾਡੇ ਚੰਗੇ ਭਾਗਾਂ ਨੂੰ "ਸੈਂਟਰਲ ਮਾਝਾ ਦੀਵਾਨ" ਤੇ ਉਪਦੇਸ਼ਕ ਅਤੇ ਜਥੇ ਕੀਰਤਨੀ ਆਏ । ਉਹਨਾਂ ਦੇ ਆਉਣ ਨਾਲ ਇਹ ਸੁਰਤ ਆਈ, ਕਿ ਸਿੱਖਾਂ ਦਾ ਪਹਿਲਾਂ ਧਰਮ ਦਸੂੰਧ ਦੇਵਣਾ ਹੈ । ਜੋ ਇਕ ਸਾਲ ਵਿਚ ਹੀ ਇਹ ਅੱਖੀਂ ਵੇਖਿਆ ਹੈ, ਕਿ ਭਾਵੇਂ ਸਾਡੇ ਸਿਰਫ਼ ੯ ਮੈਂਬਰ ਹਨ, ਪਰ ਇਕਮੁਠ ਹਨ । ਗਰੀਬੜੇ, ਗਰੀਬੜੇ, ਫੇਰ ਵੀ ਸਾਲ ਵਿਚ ਦੋ ਦੀਵਾਨ ਕਰ ਕੇ ੨੦੦) ਵਾਧਾ ਬਚਿਆ । ਇਕ ਹੀ ਸਾਲ ਵਿਚ ਦੋ ਸਿੰਘਾਂ ਨੂੰ ਤਿੰਨ ਤਿੰਨ ਰੁਪਏ ਮਹੀਨਾ ਵਜ਼ੀਫ਼ਾ ਦਿੱਤਾ ਹੈ । ੨) ਮਹੀਨਾ ਹੋਰ ਖਰਚ ਹੈ । ਇਹ ੯ ਸਿੰਘ ਸਿਰਫ਼ ਪੰਜ ਘਰਾਂ ਵਿੱਚੋਂ ਹਨ ਇਹ ਉੱਦਮ ਵੇਖ ਕੇ ਕਈ ਹੋਰ ਸਿੰਘ ਵੀ ਜਥੇ ਦੇ ਮੈਂਬਰ ਬਣਨ ਲਈ ਸੋਚ ਰਹੇ ਹਨ । ਜਿਹੜਾ ਕੋਈ ਭੁਲ ਕਰੇ, ਉਸ ਨੂੰ ਗੁਰੂ ਦੇ ਹਜ਼ੂਰ ਲਿਆ ਕੇ ਤਾੜਨਾ ਹੁੰਦੀ ਹੈ, ਪਿਆਰ ਅਤੇ ਪ੍ਰੇਮ ਨਾਲ । ਇਹ ਜੇ, ਅਨਪੜ੍ਹ ਸਿੰਘਾਂ ਦਾ ਹਾਲ, ਸਿਰਫ਼ ਇਕ ਸਾਲ ਦਸੂੰਧ ਦੇਣ ਨਾਲ । ਅਗਲੇ ਸਾਲ ਤੋਂ ਅਸੀਂ ਸੋਚ ਰਹੇ ਹਾਂ, ਕਿ ਤਨਖ਼ਾਹ ਦੇ ਕੇ ਕੋਈ ਤਿਆਰ-ਬਰ-ਤਿਆਰ ਉਪਦੇਸ਼ਕ ਰਖੀਏ ।

ਭਰਾ ਜੀ ! ਜੇ ਦਸੂੰਧ ਵਾਲਾ ਹੁਕਮ ਹੁਣ ਵਰਤੋਂ ਤੋਂ ਬਾਹਰ ਹੈ, ਤਾਂ ਤੁਹਾਡੇ 'ਅਕਾਲੀ' ਦੇ ਸਿਰ ਤੇ ਇਹ ਤੁਕ ਕਦਾਚਿਤ ਨਹੀਂ ਸੋਬਦੀ............."ਮੋਹਿ ਗ੍ਰਿਹਿ ਮੈਂ ਮਨਤੇ ਤਨਤੇ ਸਿਰ ਲਓ ਧਨ ਹੈ ਸਭ ਹੀ ਇਨ ਹੀ ਕੋ ।" ਚਾਰ ਪੈਸੇ ਨਹੀਂ ਕੌਮ ਤੋਂ ਵਾਰੇ ਜਾਂਦੇ, ਤੇ ਸਰਬੰਸ ਵਾਰਨ ਤੇ ਕਿਸ ਨੂੰ ਵੰਗਾਰਦੇ ਹੋ ।

ਸੋ ਖਾਲਸਾ ਜੀ ! ਮੇਰ ਖ਼ਿਆਲ ਵਿਚ **ਦਸੂੰਧ** ਦੇਣ ਤੋਂ ਬਿਨਾਂ 'ਜਥੇਬੰਦੀ' ਅਸੰਭਵ ਹੈ ।

ਵਤੀਰਾ ਇਹ ਹੋਵੇ—ਵਰਤਮਾਨ ਸਿੰਘ ਸਭਾਵਾਂ ਸਭ ਤੋਂ ਪਹਿਲੋਂ ਸਤਿਗੁਰੂ ਦੇ ਪਹਿਲੇ ਹੁਕਮ ਨੂੰ ਧਾਰਨ ਕਰਨ । ਜੇ ਵਿੱਚੋਂ ਕੁਝ ਢਿੱਲੜ ਹਾਲੀ ਕਿਰ ਜਾਣ, ਤਾਂ ਉਹਨਾਂ ਤੋਂ ਘ੍ਰਿਣਾ ਨਾ ਕੀਤੀ ਜਾਏ । ਸਾਡੇ ਵਿਚ ਇਹ ਵਡੀ ਭੁਲ ਹੈ..........ਅਸੀਂ ਸਮਝਦੇ ਹਾਂ ਕਿ ਅਸੀਂ ਲੋਕਾਂ ਨੂੰ ਸਿਧੇ ਰਾਹ ਉਤੇ ਲਿਆਉਣ ਵਾਸਤੇ ਜਥੇ ਬਣਾਉਂਦੇ ਹਾਂ ਅਤੇ ਪ੍ਰਚਾਰ ਕਰਦੇ ਹਾਂ । ਅਸਲੀਅਤ ਇਹ ਹੈ :-

"ਹੋਇ ਇਕੱਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰ ਕਰਹੁ ਲਿਵਲਾਇ" ਅਸਾਂ ਆਪਣੀ ਦੁਬਿਧਾ ਦੂਰ ਕਰਨੀ ਹੈ। ਜਦੋਂ ਅਕਾਲ ਪੁਰਖ ਦੀ ਮੇਹਰ ਨਾਲ ।

"ਪੈਰੀਂ ਧੋ ਪਾਖਾਕ ਹੋਇ ਸਾਹਿਬ ਦੇ ਚਲੈ ਉਹ ਭਾਣੈ" ਇਹ ਦਸ਼ਾ ਹੋ ਜਾਵੇ ਤਾਂ ਫੇਰ

'ਜਾਕੈ ਅੰਤਰ ਬਸੈ ਨਿਰੰਕਾਰ
ਤਿਸ ਕੀ ਸੀਖ ਤਰੈ ਸੰਸਾਰ"

ਜਦੋਂ ਇਕ ਇਲਾਕੇ ਵਿਚ ਦੋ ਤਿੰਨ ਇਹੋ ਜਿਹੇ ਜਥੇ ਬਣਨ ਤਾਂ ਅਮਲੀ ਤੌਰ ਤੇ ਇਕ ਅਸੂਲ ਉਤੇ ਟੁਰਨ ਨਾਲ ਇਹਨਾਂ ਜਥਿਆਂ ਦਾ ਆਪੋ ਵਿਚ ਪਿਆਰ ਪਏਗਾ, ਇਹ ਠੀਕ ਹੈ, ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ । ਦੋ ਦੋ ਤਿੰਨ ਤਿੰਨ ਜਥੇ ਮਿਲ ਕੇ ਸਾਂਝਾ ਉਪਦੇਸ਼ਕ ਰੱਖ ਸਕਣਗੇ । ਇਕ ਜ਼ਿਲ੍ਹੇ ਦੇ ਇਹੋ ਜਿਹੇ ਜਥੇ ਇਕ ਖ਼ਾਸ ਦੀਵਾਨ

ਕਰ ਕੇ ਇਕ ਜਥੇ ਨੂੰ ਆਗੂ ਜਥਾ ਨਿਯੁਕਤ ਕਰਨ, ਜਿਸ ਵਿਚ ਹਰੇਕ ਜਥਾ ਦੋ ਦੋ ਪ੍ਰਤੀਨਿਧ ਘਲੇ। ਜੇ ਇਕ ਜਿਲ੍ਹੇ ਵਿਚ ੧੨ ਜਥੇ ਹੋਵਣ ਤਾਂ ੪ ਉਪਦੇਸ਼ਕ ਰੱਖ ਸਕੀਦੇ ਹਨ, ਜਿਹੜੇ ਸਾਰਾ ਸਾਲ ਹੀ ਪਿੰਡਾਂ ਵਿਚ ਫਿਰ ਤੁਰ ਕੇ ਪ੍ਰਚਾਰ ਕਰਦੇ ਰਹਿਣ। ਚੂੰਕਿ ਇਹਨਾਂ ਦੇ ਗੁਜਾਰੇ ਵਾਸਤੇ ਜਥੇ ਪ੍ਰਬੰਧ ਕਰਨਗੇ, ਪਿੰਡਾਂ ਵਿਚ ਪੈਸੇ ਮੰਗਨ ਦੀ ਲੋੜ ਨਾ ਪਵੇਗੀ। ਪੈਸੇ ਲੈ ਲੈ ਕੇ ਜਿਹੜੀ ਐਸ ਵੇਲੇ ਬਦਨਾਮੀ ਪਿੰਡਾਂ ਵਿਚ ਹੋ ਰਹੀ ਹੈ, ਉਹ ਹਟ ਜਾਉ। ਹਰੇਕ ਜ਼ਿਲ੍ਹੇ ਵਿੱਚੋਂ ਇਸ ਪ੍ਰਕਾਰ ਪ੍ਰਤੀਨਿਧ ਜਾ ਕੇ ਵੱਡਾ ਜਥਾ ਇਕ ਜ਼ਿਲ੍ਹੇ ਦੇ ਜਥੇ ਨੂੰ ਥਾਪ ਲਵੇ—ਭਾਵੇਂ ਸ੍ਰੀ ਅੰਮ੍ਰਿਤਸਰ ਜੀ ਹੀ ਲੈ ਲਵੋ। ਇਸ ਪ੍ਰਕਾਰ ਕਿਸੇ ਜਥੇ ਨੂੰ ਮਾਇਆ ਵਾਸਤੇ ਅਪੀਲ ਨਾ ਕਰਨੀ ਪਉ, ਸਭ ਥਾਵਾਂ ਦੇ ਆਸ਼੍ਰਮ ਸੁਤੇ ਸਿਧ ਚਲਣ ਲੱਗ ਪਣਗੇ, ਅਮਲੀ ਤੌਰ ਤੇ ਕਰ ਕੇ ਵੇਖ ਲਉ, ਨਿਰੀਆਂ ਜ਼ਬਾਨੀ ਗੱਲਾਂ ਦਾ ਕੋਈ ਲਾਭ ਨਹੀਂ। ਨਿਰੇ ਕੇਸ ਰਖਣੇ ਇਕ ਅਸੂਲ ਨਹੀਂ, ਇਸ ਤਰ੍ਹਾਂ ਆਪੋ ਵਿਚ ਪਿਆਰ ਅਤੇ ਪ੍ਰੇਮ ਅਸੰਭਵ ਹੈ। ਇਕ ਜ਼ਿਲ੍ਹੇ ਵਿਚ ਹੀ ਦਸੂੰਧ ਵਾਲਾ ਅਸੂਲ ਵਰਤ ਕੇ ਵੇਖ ਲਉ, ਸਿਟਾ ਸੂਰਜ ਵਾਂਗੂੰ ਚਮਕੇਗਾ।

ਮੇਰਾ 'ਚੀਫ਼ ਖਾਲਸਾ ਦੀਵਾਨ' ਨਾਲ ਕੋਈ ਵਿਰੋਧ ਨਹੀਂ। ਪਰ ਇਹ ਜ਼ਰੂਰੀ ਹੈ ਪਹਿਲਾਂ ਜਥੇ ਸਿੰਘਾਂ ਦੇ ਬਣਨ ਭੇਖੀਆਂ ਦੇ ਨਾਂ ਹੋਵਣ, ਫੇਰ ਉਹਨਾਂ ਦਾ ਆਗੂ ਜਥਾ ਵੀ ਭੇਖੀ ਕੀਕੂ ਰਹ ਸਕਦਾ ਹੈ ?

ਵੀਰੋ! "ਪਾਪਾਂ ਬਾਝਹੁ ਹੋਇ ਨ ਕਠੀ ਮੁਇਆ ਸਾਥ ਨ ਜਾਇ"। ਦਸੂੰਧ ਵਾਲੀ ਇਸ ਪਹਿਲੀ ਪਉੜੀ ਤੇ ਖਲੋਕੇ ਵੇਖ ਲਈਏ, ਸਚ ਮੁਚ ਉਹ ਸ਼ਾਨ ਪ੍ਰਤੱਖ ਦਿਸੇਗੀ।

"ਸਵਾ ਲਾਖ ਸਿਊਂ ਏਕ ਲੜਾਊਂ"

ਅਕਾਲੀ ਲਾਹੌਰ, ੯ ਸਤੰਬਰ ੧੯੨੦

ਸਿੱਖ ਲੀਗ

ਕੁਝ ਚਿਰ ਤੋਂ "ਅਕਾਲੀ" ਵਿਚ ਚੀਫ਼ ਖਾਲਸਾ ਦੀਵਾਨ ਦੇ ਘਾਟੇ ਵਾਧਿਆਂ ਦੀ ਪੜਤਾਲ ਹੋ ਰਹੀ ਹੈ। ਇਸ ਕਰ ਕੇ ਕਈ ਭੋਲੇ ਭਰਾ ਸਾਨੂੰ ਚੀਫ਼ ਖਾਲਸਾ ਦੀਵਾਨ ਦਾ ਵਿਰੋਧੀ ਅਤੇ ਵੈਰੀ ਸਮਝ ਰਹੇ ਹਨ। ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੱਜਣ ਉਹ ਹੈ ਜੋ ਸੱਜਣ ਦੇ ਔਗੁਣਾਂ ਨੂੰ ਮੂੰਹ ਤੇ ਦਸ ਦੇਵੇ, ਤਾਂ ਜੋ ਉਹ ਉਹਨਾਂ ਤੋਂ ਬਚ ਜਾਵੇ। ਕਿਉਂਕਿ ਆਪਣੇ ਔਗੁਣ ਆਪ ਨਹੀਂ ਦਿਸਿਆ ਕਰਦੇ। ਜਿਹੜਾ ਆਪਣੇ ਸੱਜਣ ਦੇ ਔਗੁਣਾਂ ਤੇ ਪਰਦਾ ਪਾਉਂਦਾ ਹੈ ਉਹ ਅਸਲ ਵਿਚ ਵੈਰੀ ਹੈ, ਕਿਉਂਕਿ ਇਸ ਤਰ੍ਹਾਂ ਉਸ ਦਾ ਮਿੱਤਰ ਵਧੇਰੇ ਔਗੁਣ ਕਰ ਕੇ ਤਬਾਹ ਹੋ ਜਾਵੇਗਾ ਸੋ ਅਸੀਂ ਦਿਲੋਂ ਚਾਹੁੰਦੇ ਹਾਂ ਕਿ ਚੀਫ਼ ਖਾਲਸਾ ਦੀਵਾਨ ਦੇ ਘਾਟੇ ਦੂਰ ਹੋ ਜਾਣ ਸਾਰੇ ਪੰਥ ਦਾ ਸਚਮੁਚ ਇਹ ਇਕ ਚੋਣਵਾਂ ਜਥਾ ਬਣ ਜਾਵੇ। ਇਸੇ ਤਰ੍ਹਾਂ ਅੱਜ ਅਸੀਂ "ਸਿੱਖ ਲੀਗ" ਦੇ ਉਹਨਾਂ ਘਾਟਿਆਂ ਨੂੰ ਵੀ ਪ੍ਰਗਟ ਕਰਨੋਂ ਨਹੀਂ ਰੁਕਾਂਗੇ। ਜਿਨ੍ਹਾਂ ਕਰ ਕੇ ਹਾਲਾਂ ਤਕ ਇਸ ਨੇ ਉਹ ਪ੍ਰਸਿੱਧਤਾ ਪ੍ਰਾਪਤ ਨਹੀਂ ਕੀਤੀ ਜੋ ਇਸ ਨੂੰ ਕਰਨੀ ਚਾਹੀਦੀ ਸੀ ਅਤੇ ਬੜੇ-ਬੜੇ ਜ਼ਰੂਰੀ ਕੰਮ ਜਿਨ੍ਹਾਂ ਲਈ ਸਿੱਖ ਲੀਗ ਬਣਾਈ ਗਈ ਸੀ ਹਾਲਾਂ ਤਕ ਖਟੇ ਪਏ ਹਨ।

ਸਭ ਤੋਂ ਪਹਿਲਾਂ ਕੰਮ "ਸਿੱਖ ਲੀਗ" ਵਾਸਤੇ ਇਹ ਸੀ ਕਿ ਪੰਜਾਬ ਦੇ ਹਰ ਇਕ ਜ਼ਿਲ੍ਹੇ ਵਿਚ ਪ੍ਰਚਾਰ ਕਰ ਕੇ ਡਿਸਟ੍ਰਿਕਟ ਸਿੱਖ ਲੀਗਾਂ ਬਣਾਈਆਂ ਜਾਂਦੀਆਂ ਅਤੇ ਉਹ ਆਪਣੇ ਇਲਾਕੇ ਵਿਚ ਘਟੋ ਘੱਟ ਹਰ ਇਕ ਪਿੰਡ ਵਿਚ ਇਕ ਇਕ ਜਲਸਾ ਕਰ ਕੇ ਸਿੱਖ ਲੀਗ ਦੇ ਮੰਨਤਵ ਤੇ ਆਸ਼ੇ ਨੂੰ ਪ੍ਰਗਟ ਕਰਦੀਆਂ। ਪਰ ਇਸ ਵੇਲੇ ਤਕ ਕਈ ਜ਼ਿਲ੍ਹਿਆਂ ਵਿਚ ਸਿੱਖ ਲੀਗਾਂ ਬਣੀਆਂ ਹੀ ਨਹੀਂ ਕਿਉਂਕਿ ਸੈਂਟਰਲ ਸਿੱਖ ਲੀਗ ਵੱਲੋਂ ਇਸ ਸਬੰਧੀ ਕੋਈ ਉੱਦਮ ਨਹੀਂ ਹੋਇਆ ਅਤੇ ਜਿਥੇ ਬਣ ਗਈਆਂ ਹਨ ਉਨ੍ਹਾਂ ਵਿੱਚੋਂ ਅੰਮ੍ਰਿਤਸਰ ਅਤੇ ਸ਼ਾਇਦ ਇਕ ਦੋ ਹੋਰ ਹੋਣ ਜੋ ਕੋਈ ਕੰਮ ਕਰ ਰਹੀਆਂ ਹਨ। ਅੰਮ੍ਰਿਤਸਰ ਸਿੱਖ ਲੀਗ ਦਾ ਕੰਮ ਸੱਚ ਮੁਚ ਸ਼ਲਾਘਾ ਯੋਗ ਹੈ ਅਤੇ ਸ਼ਾਇਦ ਸੈਂਟ੍ਰਲ ਸਿੱਖ ਲੀਗ ਨਾਲੋਂ ਵੀ ਵੱਧ ਰਿਹਾ ਹੈ। ਕੋਈ ਸੌ ਇਸ ਦੇ ਮੈਂਬਰ ਬਣ ਗਏ ਹਨ ਅਤੇ ਹਰ ਹਫ਼ਤੇ ਕਿਧਰੇ ਨਾ ਕਿਧਰੇ ਜ਼ਰੂਰ ਜਲਸਾ ਹੁੰਦਾ ਹੈ।

ਦੂਜਾ ਕੰਮ ਜੋ ਸੈਂਟ੍ਰਲ ਸਿੱਖ ਲੀਗ ਲਈ ਅਤੀ ਜ਼ਰੂਰੀ ਸੀ ਉਹ ਇਹ ਸੀ ਕਿ ਇਸ ਨੂੰ ਪੋਲੀਟੀਕਲ ਪ੍ਰਤੀਨਿਧ

(Representative) ਜਥਾ ਬਣਿਆ ਜਾਂਦਾ। ਹਰ ਇਕ ਡਿਸਟ੍ਰਿਕਟ ਸਿੱਖ ਲੀਗ ਨੂੰ ਸਬੰਧਤ ਕਰ ਕੇ ਉਸ ਦੇ ਕਾਇਮ ਮੁਕਾਮ ਲਏ ਜਾਂਦੇ ਅਤੇ ਇਸ ਤਰ੍ਹਾਂ ਸਿੱਖ ਲੀਗ ਸਾਰੇ ਸਿੱਖਾਂ ਦਾ ਚੋਣਵਾਂ ਰਾਜਸੀ ਜਥਾ ਹੋ ਜਾਂਦਾ। ਅਸੀਂ ਮੰਨਦੇ ਹਾਂ ਸਿੱਖ ਲੀਗ ਦੀ ਚੋਣ ਵੇਲੇ ਹੀ ਪਾਸ ਹੋਇਆ ਸੀ ਕਿ ਡਿਸਟ੍ਰਿਕਟ ਸਿੱਖ ਲੀਗਾਂ ਨੂੰ ਸਬੰਧਤ ਕਰਨ ਦੇ ਨਿਯਮ ਬਣਾਏ ਜਾਣ, ਪਰ ਹੁਣ ਤੱਕ ਇਹ ਗੱਲ ਨਹੀਂ ਹੋਈ। ਦੂਜਾ ਸਾਲਾਨਾ ਜਲਸਾ ਸਿਰ ਤੇ ਆ ਪੁੱਜਾ ਹੈ ਅਤੇ ਸੈਂਟ੍ਰਲ ਸਿੱਖ ਲੀਗ ਕੇਵਲ ਉਸ ਬਣਾਉਟ ਨਾਲ ਬਣੀ ਹੋਈ ਜਿਸ ਨਾਲ ਪਹਿਲੋਂ ਬਣੀ ਸੀ। ਕੀ ਇਸ ਗੱਲ ਦੀ ਲੋੜ ਨਹੀਂ ਕਿ ਝੱਟ ਪਟ ਨਿਯਮ ਬਣਾ ਕੇ ਜਨਰਲ ਕਮੇਟੀ ਵਿਚ ਪਾਸ ਕੀਤੇ ਜਾਣ ਅਤੇ ਸਿੱਖ ਲੀਗ ਦੇ ਜਲਸੇ ਤੋਂ ਪਹਿਲਾਂ ਪਹਿਲਾਂ ਸਾਰੀਆਂ ਡਿਸਟ੍ਰਿਕਟ ਸਿੱਖ ਲੀਗਾਂ ਸਬੰਧਤ ਕਰ ਕੇ ਉਨ੍ਹਾਂ ਦੇ ਕਾਇਮ ਮੁਕਾਮ ਲੈ ਕੇ ਸਿੱਖ ਲੀਗ ਨੂੰ ਸਚੇ ਅਰਥਾਂ ਵਿਚ ਪੰਥ ਦਾ ਪ੍ਰਤੀਨਿਧ ਰਾਜਸੀ ਜਥਾ ਬਣਾ ਲਿਆ ਜਾਵੇ ?

ਇਸ ਵਿਚ ਜਿਤਨੀ ਦੇਰੀ ਹੋ ਰਹੀ ਹੈ ਉਤਨਾ ਘਾਟਾ ਪੈ ਰਿਹਾ ਹੈ।

ਹੁਣ ਸਾਲਾਨੇ ਜਲਸੇ ਵਿਚ ਮਸਾਂ ਮਹੀਨਾ ਕੁ ਰਹਿ ਗਿਆ ਹੈ ਸਿੱਖ ਲੀਗ ਨੇ ਹਾਲਾਂ ਤਕ ਇਹ ਫ਼ੈਸਲਾ ਵੀ ਨਹੀਂ ਕੀਤਾ ਕਿ ਡੈਲੀਗੇਟ ਤੇ ਵਿਜ਼ੀਟਰਾਂ ਦੀ ਕੀ ਫੀਸ ਹੋਵੇਗੀ। ਕੋਈ ਪ੍ਰੇਰਨਾ ਲਈ ਪੱਤ੍ਰਕਾ ਨਹੀਂ ਨਿਕਲੀ। ਕਿਸੇ ਨੂੰ ਪ੍ਰਚਾਰ ਕਰਨ ਲਈ ਨਹੀਂ ਆਖਿਆ ਗਿਆ। ਹਰ ਇਕ ਜ਼ਿਲ੍ਹੇ ਵਿਚ ਫਿਰ ਕੇ ਡੈਲੀਗੇਟ ਬਣਾਉਣ ਦਾ ਕੋਈ ਉਪਾਅ ਨਹੀਂ ਸੋਚਿਆ ਗਿਆ।

ਇਸ ਤੋਂ ਬਿਨਾਂ ਸਾਡੇ ਚਿਰੀ ਵਿਛੁੰਨੇ ਜੇਹਲਾਂ ਵਿਚ ਸੜ ਰਹੇ ਵੀਰਾਂ ਦੇ ਛੁਡਾਣ ਅਤੇ ਉਨ੍ਹਾਂ ਦੇ ਦੁਖੀ ਪਰਿਵਾਰਾਂ ਦੀ ਸਹਾਇਤਾ ਕਰਨ ਦਾ ਉਹ ਜ਼ਰੂਰੀ ਕੰਮ ਸੀ ਕਿ ਜਿਸਦੇ ਕੀਤੇ ਬਿਨਾਂ ਸਿੱਖ ਲੀਗ ਨੂੰ ਹੋਰ ਕੁਝ ਨਹੀਂ ਸੁਝਨਾ ਚਾਹੀਦਾ ਸੀ। ਉਨ੍ਹਾਂ ਦੁਖੀਆਂ ਦਾ ਤਾਂ ਇੱਕ ਇੱਕ ਮਿੰਟ ਵਰ੍ਹਿਆਂ ਦੇ ਬਰਾਬਰ ਗੁਜ਼ਰ ਰਿਹਾ ਹੈ ਅਤੇ ਇਧਰ ਅਸਾਂ ਬੇਦਰਦਾਂ ਦਾ ਇਹ ਹਾਲ ਹੈ ਕਿ ਹਾਲਾਂ ਤਕ ਪੂਰੀ ਵਾਕਫ਼ੀ ਵੀ ਪ੍ਰਾਪਤ ਨਹੀਂ ਕੀਤੀ। ਪੂਰੀਆਂ ਫਹਰਿਸਤਾਂ ਵੀ ਤਿਆਰ ਨਹੀਂ ਹੋਈਆਂ ਅਤੇ ਜਿਹੜੇ ਥੋੜ੍ਹੇ ਬਹੁਤੇ ਪੈਸੇ ਪੰਥ ਦਰਦੀਆਂ ਨੇ ਉਨ੍ਹਾਂ ਦੀ ਸਹਾਇਤਾ ਲਈ ਆਪਣੇ ਆਪ ਇਕੱਠੇ ਕਰ ਦਿੱਤੇ ਹਨ, ਉਨ੍ਹਾਂ ਨੂੰ ਵੰਡ ਕੇ ਪੁਚਾਉਣ ਲਈ ਵੀ ਯਤਨ ਨਹੀਂ ਹੋ ਸਕਿਆ, ਅਤੇ ਚਾਹੀਦਾ ਇਹ ਸੀ ਕਿ ਇਕ ਸਿੱਖ ਕਮਿਸ਼ਨ ਸਾਰੇ ਸਿੱਖ ਰਾਜਸੀ ਕੈਦੀਆਂ ਦੇ ਮੁਕਾਦਮਿਆਂ ਦੀ ਖੋਜ ਕਰਦੀ। ਨਿਰਪੱਖ ਖੋਜ ਕੀਤੀ ਹੋਈ ਰਿਪੋਰਟ ਅੰਗਰੇਜ਼ੀ ਗੁਰਮੁਖੀ ਵਿਚ ਛਾਪ ਕੇ ਵੰਡੀ ਜਾਂਦੀ। ਸਰਕਾਰ ਨੂੰ ਮਜ਼ਬੂਰ ਕੀਤਾ ਜਾਂਦਾ ਕਿ ਬੇਦੋਸੇ ਬੰਦੀਵਾਨਾਂ ਦੀ ਬੰਦ ਖਲਾਸ ਕੀਤੀ ਜਾਵੇ ਅਤੇ ਜੇ ਕੋਈ ਸੱਚ ਮੁਚ ਕਿਸੇ ਅਪਰਾਧ ਦਾ ਕਾਰਨ ਬਣਿਆ ਹੈ ਤਾਂ ਬੰਗਾਲ ਸਰਕਾਰ ਵਾਂਗੂ ਬਾਦਸ਼ਾਹੀ ਐਲਾਨ ਦਾ ਉਸ ਨੂੰ ਫ਼ਾਇਦਾ ਦਿੱਤਾ ਜਾਂਦਾ! ਪਰ ਇਸ ਪਾਸੇ ਪ੍ਰਵਾਹ ਹੀ ਕੋਈ ਨਹੀਂ ਕੀਤੀ ਗਈ।

ਜਥੇਬੰਦੀ ਤੇ ਚੀਫ਼ ਖਾਲਸਾ ਦੀਵਾਨ

(ਵੱਲੋਂ ਸ: ਸਮਸ਼ੇਰ ਸਿੰਘ ਜੀ ਐਡੀਟਰ ਇੰਡੀਆ)

ਮੈਨੂੰ ਸਰਦਾਰ ਮੰਗਲ ਸਿੰਘ ਜੀ ਬੀ. ਏ. ਐਡੀਟਰ ਅਕਾਲੀ ਵਲ ਕਈ ਵਾਰ ਤਾਕੀਦ ਕੀਤੀ ਗਈ ਹੈ ਕਿ ਮੈਂ ਚੀਫ਼ ਖਾਲਸਾ ਦੀਵਾਨ ਦਾ ਸੁਧਾਰ, ਜਥੇਬੰਦੀ ਅਤੇ ਕੌਮ ਲਈ ਇਕ ਸਚੇ ਪ੍ਰਤੀਨਿਧ ਜਥੇ ਦੀ ਲੋੜ" ਉਪਰ ਆਪਣੀ ਵਿਚਾਰ ਪ੍ਰਗਟ ਕਰਾਂ, ਮੈਂ ਜਾਣ ਬੁਝ ਕੇ ਐਨਾ ਚਿਰ ਤੱਕ ਚੁੱਪ ਵੱਟੀ ਰੱਖੀ ਕੇ ਹੁਣ ਚੀਫ਼ ਖਾਲਸਾ ਦੀਵਾਨ ਵਿਚ ਸੁਧਾਰ ਕਰਨ ਦਾ ਇਹ ਮਤਲਬ ਹੈ ਕਿ ਜਿਸ ਕਿਸਮ ਦੇ ਪ੍ਰਤੀਨਿਧ ਦੀਵਾਨ ਦੀ ਸਾਨੂੰ ਲੋੜ ਹੈ ਉਸ ਦਾ ਨਾਓਂ ਚੀਫ਼ ਖਾਲਸਾ ਦੀਵਾਨ ਹੋਵੇ। ਅਥਵਾ ਦੀਵਾਨ ਦਾ ਨਾਮ ਅਤੇ ਕੌਮ ਦਾ ਰੁਪਿਆ ਕੇਵਲ ਦੋਹੀ ਚੀਜ਼ਾਂ ਹਨ ਜਿਨਾਂ ਦੀ ਦੀਵਾਨ ਵਿਚ ਸੁਧਾਰ ਦੀ ਲੋੜ ਹੈ ਅਤੇ ਮੈਂ ਉਹਨਾਂ ਸੱਜਣਾਂ ਦੀ ਤਸਲੀ ਲਈ ਇਹਨਾਂ ਦੋਵਾਂ ਚੀਜ਼ਾਂ ਦੇ ਕਾਇਮ ਰੱਖਣ ਦੀ ਤਜਵੀਜ਼ ਕਰਦਾ ਹਾਂ ਜਿਨਾਂ ਨੂੰ ਇਸ ਨਾਮ ਨਾਲ ਵਿਸ਼ੇਸ਼ ਪਿਆ ਹੈ। ਨਹੀਂ ਤਾਂ ਦੀਵਾਨ ਦੇ ਅਸੂਲ ਤੇ ਨੀਯਮ ਸਿਰ ਤੋਂ ਲੈ ਕੇ ਪੈਰਾਂ ਤਕ ਸੁਧਾਰ ਗੋਚਰੇ ਹਨ ਚਿਰ ਹੋਇਆ ਕਿ ਮੈਂ ਖਾਲਸਾ ਅਖ਼ਬਾਰ ਦੇ ਕਾਲਮਾਂ ਵਿਚ ਦੀਵਾਨ ਦੇ ਨੀਯਮਾਂ ਦੀ ਪੜਤਾਲ ਕੀਤੀ ਸੀ ਅਤੇ ਹੁਣ ਇਸ ਦੀ ਲੋੜ ਨਹੀਂ ਸਮਝਦਾ ਕਿਉਂਕਿ ਇਸ ਦੇ ਮੁਤਅਲਕ ਮੇਰੇ ਬਹੁਤ ਸਾਰੇ ਮਾਨਯੋਗ ਮਿਤਰ ਅੱਜਕਲ੍ਹ ਆਪਣੇ ਖ਼ਿਆਲਾਂ ਨੂੰ ਪ੍ਰਕਾਸ਼ ਕਰ ਰਹੇ ਹਨ ਬਾਕੀ ਰਿਹਾ ਇਕ ਸਚੇ ਪ੍ਰਤੀਨਿਧ ਜਥੇ ਦੀ ਲੋੜ ਅਤੇ ਮਿਲ ਕੇ ਕੰਮ ਕਰਨ ਦੀ ਲੋੜ ਇਸ ਬਾਬਤ ਕੁਝ ਕਹਿਣਾ ਸੁਨਣਾ ਸੂਰਜ ਨੂੰ ਚਾਨਣਾ

ਕਰਨ ਵਤ ਹੈ ਕਈ ਪੁਰਸ਼ ਜਿਸ ਵਿਚ ਰਤੀ ਭਰਵੀਂ ਅਕਲ ਹੈ ਇਸ ਦੀ ਹਸਤੀ ਤੋਂ ਇਨਕਾਰੀ ਨਹੀਂ ਹੋ ਸਕਦਾ।

ਝਟਪਟ ਸਿੱਖਾਂ ਨੂੰ ਉਚੀ ਜਥੇਬੰਦੀ ਦੀ ਲੋੜ

(ਵੱਲੋਂ ਕਵੀ ਸੰਤੋਖ ਸਿੰਘ ਜੀ ਗਿਆਨੀ)

ਨਿਰੀਆਂ ਫੋਕੀਆਂ ਵਿਚਾਰਾਂ ਦੇ ਸਮੇਂ ਲੰਘ ਗਏ ਹਨ। "ਜਥੇਬੰਦੀ ਦੀ ਭਾਰੀ ਲੋੜ ਹੈ।" ਇਹ ਮੰਨੀ ਮਨਾਈ ਗੱਲ ਦੇ ਸਬੂਤ ਕਰਨ ਤੇ ਵੀ ਸਮਾਂ ਨਹੀਂ ਗਵਾਵਣਾ ਚਾਹੀਦਾ।

ਕੌਮਾਂ ਦੀ ਅਜ਼ਾਦੀ ਦੀ ਲਹਿਰ ਹੁਣ ਕਿਸੇ ਦੇ ਪਿਉ ਕੋਲੋਂ ਵੀ ਨਹੀਂ ਰੁਕ ਸਕਦੀ। ਜਿਸ ਕੌਮ ਦੀ ਜਥੇਬੰਦੀ ਛੇਤੀ ਤੋਂ ਛੇਤੀ ਆਮ ਲੋਕਾਂ ਦੀ ਰਾਇ ਅਨੁਸਾਰ ਚੋਣਵੇਂ ਤਰੀਕੇ ਨਾਲ ਬਣ ਜਾਵੇਗੀ, ਉਹੀ ਛੇਤੀ ਤਰੱਕੀ ਕਰੇਗੀ। ਛੋਟੀਆਂ ਕੌਮਾਂ ਨੂੰ ਤਾਂ ਹੁਣ ਪੱਕੀ ਜਥੇਬੰਦੀ ਬਿਨਾਂ ਆਪਣੀ ਹਸਤੀ ਦਾ ਵੀ ਫ਼ਿਕਰ ਪੈ ਗਿਆ ਹੈ। ਅਸਾਨੂੰ ਇਹ ਪਹਿਲੇ ਪਰਪੱਕ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਅਸਾਂ ਜ਼ਰੂਰੀ ਇਕ ਸਾਰੇ ਪੰਥ ਦੀ ਸਾਂਝੀ ਉਚੀ ਜਥੇਬੰਦੀ, ਜਮਹੂਰੀ ਅਤੇ (ਲੋਕਾਂ ਦੀ ਆਮ ਰਾਇ ਤੇ ਚੋਣਵੇਂ ਤਰੀਕੇ ਨਾਲ) ਬਣਾਵਣੀ ਹੈ......ਬਸ ਫਿਰ ਭਾਵੇਂ ਅਸਾਡੇ ਪੁਰਾਣੇ ਜਥੇ ਭਾਵੇਂ ਨਵੇਂ, ਖੁਦ ਬਖੁਦ ਇਸੇ ਪਾਸੇ ਝੁਕ ਜਾਣਗੇ, ਜੋ ਨਾ ਝੁਕੇਗਾ ਉਹ ਟੁਟ ਜਾਵੇਗਾ, ਕਿਉਂਕਿ ਲੋਕਾਂ ਇਸ ਤਰਫ਼ ਜ਼ੋਰ ਨਾਲ ਖਿਚਣਾ ਹੈ। ਬਾਕੀ ਰਹੇ ਨੀਯਮ ਤੇ ਰੂਲ, ਸੋ ਇਸ ਵੇਲੇ ਸੰਸਾਰ ਦੇ ਹਜ਼ਾਰਾਂ ਕਾਮਯਾਬ ਜਥੇ ਕੰਮ ਕਰ ਰਹੇ ਹਨ, ਇਹ ਨੀਯਮ ਕੋਈ ਮੁਸ਼ਕਲ ਨਹੀਂ।

ਪਹਿਲੇ ਸਭ ਵਡੇ ਛੋਟੇ ਜਥਿਆਂ ਦੇ ਪ੍ਰਤੀਨਿਧਾਂ ਨੂੰ ਬੁਲਾ ਕੇ ਇਕ ਖ਼ਾਸ ਕਮੇਟੀ ਵਿਚਾਰ ਲਈ ਬਣਾਉ, ਜੋ ਉਹ ਨੀਯਮ ਸਕੀਮ ਬਣਾਏ। ਉਸ ਕਸਵੱਟੀ ਤੇ ਪ੍ਰਤੀਨਿਧ ਜਥਾ ਸਜਵਾਓ, ਪੁਰਾਣੇ ਜਥਿਆਂ ਨੂੰ ਉਨ੍ਹਾਂ ਦੀ ਸੇਵਾ ਤੇ ਤਜ਼ਰਬੇ ਦੇ ਲਿਹਾਜ਼ ਨਾਲ ਅਜਮਾਇਸ਼ ਲਈ ਵੰਗਾਰਨਾ ਚਾਹੀਦਾ ਹੈ, ਪਰ ਯਾਦ ਰਹੇ ਕਿ ਢਿੱਲੀ ਪਾਲਿਸੀ ਨੂੰ ਹੁਣ ਕਿੱਲੀ ਤੇ ਟੰਗ ਦੇਣਾ ਹੋਵੇਗਾ, ਕਈਆਂ ਆਸ਼ਰਮਾਂ ਦੇ ਪ੍ਰਬੰਧਕਾਂ ਦੇ ਹੱਥੋਂ ਸ਼ਖ਼ਸੀ ਤਾਕਤ ਜਾਂਦਿਆਂ ਵੇਖ ਕੇ ਮੈਨੂੰ ਬਹੁਤ ਹਮਦਰਦੀ ਆਉਂਦੀ ਹੈ, ਪਰ ਕਿਸੇ ਦਾ ਕੀ ਚਾਰਾ ਹੈ, ਜ਼ਾਰ ਰੂਸ ਤੇ ਜਰਮਨ ਕੈਸਰ ਆਪਣੀਆਂ ਸਲਤਨਤਾਂ ਇਸੇ ਮਦ ਵਿਚ ਗੁਆ ਬੈਠੇ ਹਨ। ਨਾਨਾ ਪ੍ਰਕਾਰ ਕਰ ਕੇ ਰੁਤ ਹੀ ਬਦਲ ਗਈ ਹੈ।

ਗੁਰਦੁਆਰਾ ਰਕਾਬ ਗੰਜ

ਆਪ ਇਹ ਪੜ੍ਹ ਕੇ ਅਤੇ ਸੁਣ ਕੇ ਬੜੇ ਹੈਰਾਨ ਹੋਏ ਹੋਵੋਗੇ ਕਿ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਢਠੀ ਹੋਈ ਕੰਧ ਬਣਾਉਣ ਦੀ ਥਾਂ ਹੋਰ ਬਾਕੀ ਦੀ ਢਾਉਣ ਦੇ ਮਨਸੂਬੇ ਹੋ ਰਹੇ ਹਨ। ਕੀ ਆਪ ਨੂੰ ਇਹ ਖ਼ਬਰ ਨਹੀਂ ਹੈ, ਇਹ ਗੁਰਦੁਆਰਾ ਕਿਸ ਸਤਿਗੁਰੂ ਦੀ ਯਾਦ ਹੈ? ਇਹ ਉਹ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਾਹਦਰ ਜੀ ਦਾ ਅਸਥਾਨ ਹੈ ਜਿਨ੍ਹਾਂ ਨੇ ਹਿੰਦੁਸਤਾਨ ਵਿੱਚੋਂ ਜ਼ੁਲਮ ਨੂੰ ਨਸ਼ਟ ਕਰਨੇ ਦੀ ਖ਼ਾਤਰ ਆਪਣੇ ਸੀਸ ਨੂੰ ਕੁਰਬਾਨ ਕਰ ਦਿੱਤਾ। ਹਾਏ ਅੱਜ ਉਹ ਕੌਮ ਜਿਹੜੀ ਦੁਨੀਆਂ ਵਿਚ ਸਚਾਈ ਅਤੇ ਧਰਮ ਨੂੰ ਕਾਇਮ ਰੱਖਣ ਅਤੇ ਜ਼ੁਲਮ ਦਾ ਨਾਸ਼ ਕਰਨੇ ਲਈ ਬਣਾਈ ਗਈ ਸੀ ਅਤੇ ਜਿਸ ਦਾ ਐਡਾ ਸਖ਼ਤ ਇਮਿਤਹਾਨ ਅਨੰਦਪੁਰ ਸਾਹਿਬ ਵਿਖੇ ਗੁਰੂ ਕਲਗੀਧਰ ਪਾਤਸ਼ਾਹ ਨੇ ਲੈ ਕੇ ਨੀਂਹ ਰੱਖੀ ਸੀ ਅੱਜ ਇਹ ਵੇਖੇਗੀ ਕਿ ਦੂਜਿਆਂ ਦੇ ਮੰਦਰਾਂ ਦੀ ਰੱਖਿਆ ਤਾਂ ਇਕ ਪਾਸੇ ਰਹੀ ਉਹ ਦੇ ਆਪਣੇ ਗੁਰਦੁਆਰੇ ਢਾਹੇ ਜਾਣਗੇ! ਹੁਣ ਜ਼ਰਾ ਇਹ ਗੱਲ ਸੋਚਣ ਵਾਲੀ ਹੈ ਕਿ ਫ਼ੌਜੀ ਖਾਲਸਾ ਕਿਉਂ ਯੂਰਪ ਅਤੇ ਹੋਰਨਾਂ ਦੇਸ਼ਾਂ ਵਿਚ ਜਾ ਕੇ ਲੜਿਆ, ਕੀ ਥੋੜ੍ਹੀ ਜਿਹੀ ਤਨਖ਼ਾਹ ਲਈ? ਨਹੀਂ, ਉਸ ਜ਼ੁਲਮ ਨੂੰ ਹਟਾਉਣ ਲਈ ਜਿਹੜਾ ਲੋਕਾਂ ਅਤੇ ਗਿਰਜਿਆਂ ਤੇ ਹੁੰਦਾ ਦੱਸਿਆ ਜਾਂਦਾ ਸੀ। ਭਲਾ ਜੀ ਜਿਹੜਾ ਖਾਲਸਾ ਹੋਰਨਾਂ ਦੇ ਗਿਰਜਿਆਂ ਦੀ ਰੱਖਿਆ ਲਈ ਆਪਣਾ ਸੀਸ ਦੇ ਸਕਦਾ ਹੈ, ਕੀ ਆਪਣੇ ਗੁਰਦੁਆਰੇ ਲਈ ਬਿਨਾਂ ਕਿਸੇ ਨੂੰ ਦੁਖ ਦੇਣ ਦੇ ਆਪਣੀ ਜਾਨ ਨਹੀਂ ਗਵਾ ਸਕਦਾ। ਖਾਲਸਾ ਕੌਮ ਨੇ ਆਪਣੇ ਧਰਮ ਅਤੇ ਗੁਰਦੁਆਰਿਆਂ ਦੀ ਰਖਿਆ ਲਈ ਚੱਪੇ ਚੱਪੇ ਤੇ ਕੁਰਬਾਨੀਆਂ ਕੀਤੀਆਂ ਹਨ, ਜਿਨਾਂ ਨਾਲ ਕਿ ਇਤਿਹਾਸ ਭਰੇ ਪਏ ਹਨ ਅਤੇ ਇਤਿਹਾਸ ਇਹ ਵੀ ਯਕੀਨ ਦਿਵਾਉਂਦੇ ਹਨ ਕਿ ਜੇਕਰ ਆਉਂਣ ਵਾਲੇ ਜ਼ਮਾਨੇ ਵਿਚ ਕਿਸੇ ਤਰ੍ਹਾਂ ਗੁਰਦੁਆਰਿਆਂ ਦੀ ਬੇ ਅਦਬੀ ਹੋਈ ਤਾਂ ਖਾਲਸਾ ਆਪਣੀਆਂ ਜਾਨਾਂ ਨੂੰ ਪਿਆਰਾ ਨਹੀਂ ਰਖੇਗਾ, ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਧਰਮ ਜਾਨ ਨਾਲੋਂ ਪਿਆਰਾ ਹੈ।

ਸਾਨੂੰ ਇਹ ਕਿਹਾ ਜਾਂਦਾ ਹੈ ਕਿ ਗੁਰਦੁਆਰਾ ਵਾਇਸ ਰਾਏ ਦੀ ਕੋਠੀ ਦੇ ਪਾਸ ਹੈ ਅਤੇ ਚੰਗੀ ਹਾਲਤ ਵਿਚ

ਨਹੀਂ ਹੈ। ਕੰਧ ਢਹਾਕੇ ਸਰਕਾਰ ਸੋਹਣੇ ਬਾਗ਼ ਲਗਵਾਨੇਂ ਚਾਹੁੰਦੀ ਹੈ, ਹਾਂ ਠੀਕ ਹੈ ਇਸ ਅਸੂਲ ਉਤੇ ਤਾਂ ਗੋਰੇ ਰੰਗ ਵਾਲੇ ਕਿਸੇ ਦਿਨ ਇਹ ਵੀ ਕਹਿ ਦੇਣਗੇ ਕਿ ਤੁਸੀਂ ਕਾਲੇ ਹੋ, ਅਸਾਂ ਗੋਰਿਆਂ ਪਾਸ ਨਾ ਰਹੋ, ਅਫ਼ਰੀਕਾ ਵਿਚ ਹਬਸ਼ੀਆਂ ਪਾਸ ਚਲੇ ਜਾਉ। ਨਾ ਜਾਉਗੇ ਤਾਂ ਹਥਿਆਰਾਂ ਦੇ ਜ਼ੋਰ ਨਾਲ ਭੇਜਾਂਗੇ। ਸਾਨੂੰ ਵਾਇਸਰਾਏ ਦੀ ਕੋਠੀ ਦਸਦੇ ਹੋ ਅਸੀਂ ਇਕੋ ਹੀ ਕਹਿ ਦਿੰਦੇ ਹਾਂ ਕਿ ਸਾਡੀਆਂ ਨਜ਼ਰਾਂ ਵਿਚ ਸਤਿਗੁਰਾਂ ਦੀ ਇੱਜ਼ਤ ਦੇ ਹੁੰਦਿਆਂ ਹੋਇਆਂ ਵਾਇਸਰਾਏ ਤਾਂ ਕੀ ਦੁਨੀਆਂ ਦੇ ਬੜੇ ਤੋਂ ਬੜੇ ਬਾਦਸ਼ਾਹ ਦੀ ਇੱਜ਼ਤ ਤੁਛ ਹੈ।

ਸ: ਸਰਦੂਲ ਸਿੰਘ ਜੀ ਕਵੀਸ਼ਰ ਨੇ ਲਿਖਿਆ ਹੈ ਕਿ ਗੁਰਦੁਆਰੇ ਦੀ ਸੇਵਾ ਲਈ ੧੦੦ ਖਾਲਸੇ ਦੀ ਲੋੜ ਹੈ। ੨ ਸਤੰਬਰ ਨੂੰ ਅਸਾਂ ਨੇ ਆਪਣੇ ਨਗਰ ਵਿਚ ਦੀਵਾਨ ਕਰ ਕੇ ਅਪੀਲ ਕੀਤੀ ਅਤੇ ਦੋ ਸਿੰਘਾਂ ਨੇ ਸੇਵਾ ਲਈ ਨਾਮ ਲਿਖਾਏ ਉਨ੍ਹਾਂ ਨੂੰ ਨਾਮ ਲਿਖਾਉਣ ਤੋਂ ਪਹਿਲਾਂ ਦੱਸਿਆ ਗਿਆ ਕਿ ਆਪ ਨੇ ਕਿਸੇ ਨੂੰ ਕੁਝ ਨਹੀਂ ਕਹਿਣਾ ਅਤੇ ਜੇਕਰ ਤੁਹਾਨੂੰ ਸੇਵਾ ਕਰਦਿਆਂ ਕੋਈ ਦੁਖ ਦੇਵੇ ਤਾਂ ਸਹਿਣ ਨੂੰ ਤਿਆਰ ਰਹਿਣਾ। ਸੋ ਆਪ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਖਾਲਸਾ ਕੌਮ ਅਜੇ ਜ਼ਿੰਦਾ ਹੈ ਅਤੇ ਉਹ ਓਨਾ ਚਿਰ ਤਕ ਕੰਧ ਢੱਠਣ ਨਹੀਂ ਦੇਵੇਗੀ ਜਿਨੇ ਚਿਰ ਤੱਕ ਉਹਨਾਂ ਵਿਚ ਧਰਮ ਦੀ ਜਾਗ ਹੈ।

ਸੋ ਮੇਰੀ ਖਾਲਸਾ ਜੀ ਅਗੇ ਬੇਨਤੀ ਹੈ ਕਿ ਆਪ ਆਪਣੇ ਗੁਰਦੁਆਰਿਆਂ ਦੇ ਨਿਸ਼ਾਨਾਂ ਦੇ ਮਿਟਣ ਤੋਂ ਪਹਿਲਾਂ ਆਪ ਮਿਟਣ ਲਈ ਤਿਆਰ ਹੋ ਕੇ ਗਵਰਨਮੈਂਟ ਨੂੰ ਇਹ ਦੱਸ ਦਿਉ ਕਿ ਸਾਨੂੰ ਗੁਰਦੁਆਰੇ ਸੀਸਾਂ ਨਾਲੋਂ ਪਿਆਰੇ ਹਨ ਅਤੇ ਅਸੀਂ ਜਿਉਂਦਿਆ ਢੁਵਾਕੇ ਆਪਣੇ ਸਤਿਗੁਰੂ ਕਲਗੀਆਂ ਵਾਲੇ ਨੂੰ ਮੂੰਹ ਨਹੀਂ ਦਿਖਾ ਸਕਦੇ। ਇਸ ਦੇ ਨਾਲ ਹੀ ਮੇਰੀ ਲਾਟ ਸਾਹਿਬ ਸਰ ਐਡਵਰਡ ਮੈਕਲੇਗਨ ਪਾਸ ਵੀ ਬੇਨਤੀ ਹੈ ਕਿ ਆਪ ਬੜੀ ਸੋਚ ਵੀਚਾਰ ਦੇ ਨਾਲ ਕੰਮ ਲੈ ਕੇ ਚੀਫ਼ ਕਮਿਸ਼ਨਰ ਦਿੱਲੀ ਅਤੇ ਸਰਕਾਰ ਹਿੰਦ ਨੂੰ ਲਿਖ ਦਿਉ ਕਿ ਉਹ ਖਾਲਸੇ ਜੀ ਦੇ ਗੁਰਦੁਆਰੇ ਦੀ ਗਿਰੀ ਹੋਈ ਕੰਧ ਨੂੰ ਬਨਵਾ ਦੇਣ, ਨਹੀਂ ਤਾਂ ਖਾਲਸਾ ਆਪ ਜਾ ਕੇ ਸੇਵਾ ਕਰ ਆਵੇਗਾ ਅਤੇ ਜਿਹੜਾ ਗੁਰਦੁਆਰੇ ਦੀ ਕੰਧ ਨੂੰ ਢਾਉਣ ਦਾ ਖ਼ਿਆਲ ਹੈ, ਉਹ ਦਿਲੋਂ ਕੱਢ ਦੇਣ। ਕਿਉਂ ਕਿ ਗੁਰਦੁਆਰੇ ਨੂੰ ਢਠਦਿਆਂ ਕੋਈ ਸਿੱਖ ਵੀ ਨਹੀਂ ਦੇਖ ਸਕੇਗਾ।

(ਜਸਵੰਤ ਸਿੰਘ ਝਬਾਲ)

੨ ਸਤੰਬਰ ਰਾਤ ਨੂੰ ਗੁਰਦੁਆਰਾ ਮਾਣਕ ਚੌਂਕ ਝਬਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਖਾਲਸਾ ਜੀ ਦਾ ਦੀਵਾਨ ਭਾਈ ਮਿਸਰਾ ਸਿੰਘ ਜੀ ਦੀ ਜਥੇਦਾਰੀ ਹੇਠ ਹੋਇਆ। ਭਾਈ ਜਸਵੰਤ ਸਿੰਘ ਜੀ ਭਾਈ ਸਰਮੁਖ ਸਿੰਘ ਜੀ ਅਤੇ ਭਾਈ ਰੰਧੀਰ ਸਿੰਘ ਜੀ ਹੋਰਾਂ ਦੇ ਲੈਕਚਰ ਹੋਏ ਅਤੇ ਹੇਠ ਲਿਖੇ ਗੁਰਮਤੇ ਸੋਧੇ ਗਏ।

(੧) ਪਿਛਲੇ ਲਾਟ ਸਾਹਿਬ ਦਾ ਇਹ ਕਥਨ ਕਿ ਆਮ ਤੌਰ ਤੇ ਪੰਜਾਬੀ ਮੇਰੇ ਕੰਮਾਂ ਨੂੰ ਪਸੰਦ ਕਰਦੇ ਹਨ ਬਿਲਕੁਲ ਝੂਠਾ ਹੈ ਅਤੇ ਇਹ ਦੀਵਾਨ ਉਡਵਾਇਰ ਦੇ ਜ਼ਮਾਨੇ ਨੂੰ ਜ਼ੁਲਮ ਵਾਲਾ ਮੰਨਦਾ ਹੈ।

ਫੇਰ ਵਗਾਰ ਬਾਬਤ ਲਾਟ ਸਾਹਿਬ ਦਾ ਐਲਾਨ ਪੜ੍ਹ ਕੇ ਸੁਣਾਇਆ ਗਿਆ ਅਤੇ ਪਿੰਡ ਵਾਸੀਆਂ ਨੂੰ ਦੱਸਿਆ ਗਿਆ ਕਿ ਅੱਜ ਤੋਂ ਵਗਾਰ ਨਾ ਦੇਣੀ ਆਪ ਦਾ ਹੱਕ ਹੈ। ਇਸ ਤੋਂ ਪਿੱਛੋਂ ਭਾਈ ਟਹਿਲ ਸਿੰਘ ਜੀ ਨੇ ਬੜੇ ਜ਼ੋਰ ਦੇ ਨਾਲ ਅਕਾਲੀ ਵਿੱਚੋਂ ਭਾਈ ਸਰਦੂਲ ਸਿੰਘ ਜੀ ਕਵੀਸ਼ਰ ਦਾ ਮਜ਼ਮੂਨ ਰਕਾਬ ਗੰਜ ਬਾਬਤ ਪੜ੍ਹ ਕੇ ਸੁਣਾਉਣ ਦੇ ਮਗਰੋਂ ਇਹ ਦੂਸਰਾ ਗੁਰਮਤਾ ਪਾਸ ਹੋਇਆ।

(੨) ਕਿ ਗੁਰਦੁਆਰਾ ਰਕਾਬ ਗੰਜ ਦੀ ਕੰਧ ਨੂੰ ਢਾਕੇ ਦਿੱਲੀ ਦੇ ਅਫ਼ਸਰਾਂ ਨੇ ਜੋ ਅਪਰਾਧ ਕੀਤਾ ਸੀ, ਉਸ ਨਾਲ ਸਿੱਖ ਧਾਰਮਿਕ ਦਿਲਾਂ ਨੂੰ ਅਤੀ ਸੱਟ ਵਜੀ ਹੈ ਅਤੇ ਜਦ ਤਕ ਸਰਕਾਰ ਇਸ ਕੰਧ ਨੂੰ ਫੇਰ ਨਾ ਬਣਾ ਦੇਵੇ ਸਿੱਖਾਂ ਨੂੰ ਕਦੀ ਸ਼ਾਂਤੀ ਨਹੀਂ ਹੋ ਸਕਦੀ।

ਸਭ ਤੋਂ ਪਿੱਛੋਂ ਭਾਈ ਜਸਵੰਤ ਸਿੰਘ ਜੀ ਨੇ ਐਸੇ ਸੇਵਾਦਾਰਾਂ ਲਈ ਜਿਹੜੇ ਕਿਸੇ ਨੂੰ ਦੁਖ ਦੇਣ ਨੂੰ ਤਿਆਰ ਨਾ ਹੋਣ ਅਤੇ ਆਪ ਹਰ ਤਰ੍ਹਾਂ ਦਾ ਦੁੱਖ ਝੱਲ ਕੇ ਗੁਰਦੁਆਰੇ ਦੀ ਕੰਧ ਦੀ ਸੇਵਾ ਕਰਨੀ ਚਾਹੁਣ, ਅਪੀਲ ਕੀਤੀ ਅਤੇ ੧ ਭਾਈ ਕੇਹਰ ਸਿੰਘ ੨. ਭਾਈ ਗੰਡਾ ਸਿੰਘ ੩. ਭਾਈ ਰੰਧੀਰ ਸਿੰਘ ੪. ਭਾਈ ਸਰਮੁਖ ਸਿੰਘ ੫. ਭਾਈ ਦਲੀਪ ਸਿੰਘ ੬. ਭਾਈ ਮਹੈਣ ਸਿੰਘ ੭. ਭਾਈ ਦੇਵਾ ਸਿੰਘ ੮. ਭਾਈ ਅਰਜਨ ਸਿੰਘ ੯. ਭਾਈ ਸੇਵਾ ਸਿੰਘ ੧੦. ਭਾਈ ਜਸਵੰਤ ਸਿੰਘ ੧੧. ਭਾਈ ਊਧਮ ਸਿੰਘ ੧੨. ਭਾਈ ਜਵਾਲਾ ਸਿੰਘ ਹੋਰਾਂ ਆਪਣੇ ਨਾਮ ਲਖਾਏ (ਉਨ੍ਹਾਂ ਦੇ

ਨਾਮ ਅਤੇ ਦਸਖਤ ਦੂਸਰੇ ਕਾਗਜ਼ ਤੇ ਦਰਜ ਹਨ) ਏਸ ਤੋਂ ਪਿੱਛੋਂ ਕੜਾਹ ਪ੍ਰਸ਼ਾਦ ਵਰਤਾ ਕੇ ਦੀਵਾਨ ਦੀ ਸਮਾਪਤੀ ਹੋਈ ।

ਦਸਖਤ : ਜਥੇਦਾਰ ਦੀਵਾਨ ੨ ਸਤੰਬਰ ੧੯੨੦
ਮਿਸਰ ਹਰਨਾਮ ਸਿੰਘ

ਅਕਾਲੀ ਲਾਹੌਰ, ੧੫ ਸਤੰਬਰ ੧੯੨੦

ਜਥੇਬੰਦੀ

(ਵੱਲੋਂ ਚੌਧਰੀ ਰਾਮ ਸਿੰਘ ਗੁਰਦਿਤ ਸਿੰਘ ਜੀ ਕੋਹ ਮਰੀ)

੧. ਮੈਨੂੰ ਆਪ ਦੀ ੨੭ ਜੁਲਾਈ ੧੯੨੦ ਦੀ ਛਪੀ ਹੋਈ ਪਤ੍ਰਿਕਾ ਅਪੜੀ ਜਿਸ ਵਿਚ ਆਪ ਨੇ ਆਗਿਆ ਕੀਤੀ ਹੈ ਕਿ ਮੈਂ ਪੰਥਕ ਜਥੇਬੰਦੀ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਾਂ ਜਿਸ ਦੁਆਰਾ ਕਿ ਸਾਡੀਆਂ ਅਸਲ ਖਾਹਸ਼ਾਂ ਦੀ ਪੂਰਨਤਾ ਹੋ ਸਕੇ ।

੨. ਆਪਣੇ ਵਿਚਾਰ ਦੱਸਣ ਤੋਂ ਪਹਿਲੋਂ ਇਸ ਸਬੰਧੀ ਮੈਨੂੰ ਇਸ ਗੱਲ ਦਾ ਖੇਦ ਹੈ ਕਿ ਮੈਂ ਆਪ ਨੂੰ ਇਹ ਪਤ੍ਰਿਕਾ ਸ਼ੀਘਰ ਨਹੀਂ ਲਿਖ ਸਕਿਆ ਜਿਸ ਦਾ ਅਸਲ ਕਾਰਨ ਕੰਮਕਾਰ ਦੇ ਧੰਧਿਆਂ ਤੋਂ ਬਹੁਤ ਘੱਟ ਵੇਹਲ ਮਿਲਣਾ ਹੈ।

੩. ਪਹਿਲੇ ਇਸ ਦੇ ਕਿ ਮੈਂ ਵੱਖੋ ਵੱਖ ਥੈਹ ਰਹੀਆਂ ਸਭਾਵਾਂ ਨੂੰ ਜ਼ੋਰਦਾਰ ਜਥੇਬੰਦੀ ਵਿਚ ਪਰੋਣ ਲਈ ਨਕਸ਼ਾ ਬਣਾ ਕੇ ਦਸਾਂ ਮੈਨੂੰ ਇਹ ਯੋਗ ਪ੍ਰਤੀਤ ਦੇਂਦਾ ਹੈ ਕਿ ਮੈਂ ਹੁਣ ਤਕ ਵਰਤੇ ਜਾਂਦੇ ਹੋਏ ਤਰੀਕਿਆਂ ਤੇ ਵੱਖੋ ਵੱਖਰੀਆਂ ਸਭਾਵਾਂ ਉਪਰ ਇਕ ਨਜ਼ਰ ਮਾਰ ਲਵਾਂ ਜਿਨ੍ਹਾਂ ਉੱਪਰ ਕਿ ਅਸੀਂ ਹੁਣ ਤਕ ਨਿਰਭਰ ਰਹੇ ਹਾਂ ।

੪. ਮੇਰੇ ਖ਼ਿਆਲ ਵਿਚ ਤਾਂ ਸਾਨੂੰ ਕੌਮ ਦੀ ਆਵਾਜ਼ ਉਪਰ ਅਜੇ ਤਕ ਪੂਰਨ ਕਾਬੂ ਨਹੀਂ ਜਿਸ ਦਾ ਕਾਰਨ ਇਹ ਹੈ ਕਿ ਸਾਡਾ ਅਜੇ ਤਕ ਕੋਈ ਐਸਾ ਜਥਾ ਹੀ ਨਹੀਂ ਜਿਸ ਨੂੰ ਅਸੀਂ ਕੌਮ ਦਾ ਕਾਇਮ ਮੁਕਾਮ (ਪ੍ਰਤੀਨਿਧ) ਕਹਿ ਸਕੀਏ ।

੫. ਨਮੂਨੇ ਵਜੋਂ ਤੁਸੀਂ ਚੀਫ਼ ਖਾਲਸਾ ਦੀਵਾਨ ਨੂੰ ਹੀ ਲੈ ਲਉ ।

ਇਸ ਦੀਵਾਨ ਦਾ ਪਿਛਲਾ ਇਤਿਹਾਸ ਤੇ ਸਾਡਾ ਇਸ ਬਾਬਤ ਪਿਛਲਾ ਤਜਰਬਾ ਦੱਸਦਾ ਹੈ ਕਿ ਕੌਮ ਲਈ ਨਾ ਕੇਵਲ ਇਹੋ ਕਿ ਇਸ ਦਾ ਹੋਣਾ ਨਾ ਹੋਣਾ ਹੀ ਬਰਾਬਰ ਰਿਹਾ ਹੈ, ਸਗੋਂ ਮੌਜੂਦਾ ਪੰਥਕ ਅਪਮਾਨ ਦਾ ਇਹੋ ਹੀ ਕਾਰਨ ਬਣਦਾ ਰਿਹਾ ਹੈ। ਇਸ ਗੱਲ ਤੋਂ ਛੁੱਟ ਕੇ ਇਸ ਜਥੇ ਦੇ ਨਿਯਮ ਉਪਨਿਯਮ ਹੀ ਇਸ ਪ੍ਰਕਾਰ ਦੇ ਬਣਾਏ ਗਏ ਹਨ ਕਿ ਇਕ ਖਾਸ ਪ੍ਰਕਾਰ ਦੇ ਹੀ ਆਦਮੀ ਅਥਵਾ ਉਹਨਾਂ ਦੇ ਮਤਲਬ ਦੇ ਹੀ ਆਦਮੀ ਉਸ ਵਿਚ ਸ਼ਾਮਲ ਹੋ ਸਕਦੇ ਹਨ ਅਤੇ ਇਸ ਪ੍ਰਕਾਰ ਪ੍ਰਤੀਨਿਧਤਾ ਦੇ ਅਸੂਲ ਨੂੰ ਹੀ ਮੂਲੋਂ ਉਡਾ ਦਿੱਤਾ ਗਿਆ ਹੈ । ਅੰਦਰੋਂ ਅੰਦਰੀ ਕਾਰਵਾਈਆਂ ਅਤੇ ਬਦੇਸ਼ੀ ਅਸਰ ਨੂੰ ਬਹੁਤ ਸਾਰਾ ਵਿਚ ਦਖ਼ਲ ਦੇਣ ਦੇ ਕਾਰਨ ਹੀ ਪੰਥ ਨੂੰ ਅਕੱਥ ਹਾਨੀਆਂ ਸਹਿਣੀਆਂ ਪਈਆਂ ਹਨ, ਕੌਮ ਨੂੰ ਇਸ ਨੇ ਕੀ ਠੋਸ ਫ਼ਾਇਦਾ ਪੁਚਾਇਆ ਹੈ ? ਇਹ ਇਕ ਪ੍ਰਸ਼ਨ ਹੈ, ਜਿਸ ਦਾ ਕਦੀ ਕੋਈ ਉੱਤਰ ਨਹੀਂ ਦਿੱਤਾ ਜਾ ਸਕਦਾ। ਇਸ ਦੀ ਪੌਲਿਸੀ (ਚਾਲ) ਸਦਾ ਅਫ਼ਸਰਾਂ ਦੀ ਹਾਂ ਵਿਚ ਹਾਂ ਮਿਲਾਉਣ ਦੀ ਰਹੀ ਹੈ । ਭਾਵੇਂ ਇਸ ਤਰ੍ਹਾਂ ਕਰਨ ਨਾਲ ਕੌਮ ਨੂੰ ਕਿੰਨਾ ਹੀ ਨੁਕਸਾਨ ਪਹੁੰਚੇ, ਉਹਨਾਂ ਨੇ ਕਦੀ ਇਸ ਗੱਲ ਦੀ ਰਤਾ ਪ੍ਰਵਾਹ ਨਹੀਂ ਕੀਤੀ । ਇਸ ਤਰੀਕੇ ਨੇ ਉਹਨਾਂ ਨੂੰ ਇਹ ਵੱਡਾ ਲਾਭ ਪਹੁੰਚਾਇਆ ਕਿ ਉਹਨਾਂ ਦੀਆਂ ਜਾਇਦਾਦਾਂ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਜ਼ਰੂਰ ਵਾਧਾ ਹੋ ਗਿਆ, ਪਰ ਇਸ ਪਾਲਿਸੀ ਨੇ ਕੌਮ ਨੂੰ ਤਰੱਕੀ ਕਰਨ ਵਿਚ ਜੋ ਰੋਕਾਂ ਪਾਈਆਂ, ਉਸ ਦਾ ਸਬੂਤ ਕਈ ਮਿਸਾਲਾਂ ਤੇ ਮਿਲ ਸਕਦਾ ਹੈ ਤੇ ਕੁਝ ਕੁ ਨਮੂਨੇ ਮਾਤਰ ਅਸੀਂ ਨਾਂ ਹੇਠਾਂ ਲਿਖਦੇ ਹਾਂ :-

(ੳ) ਇਹਨਾਂ ਨੇ ਅੰਮ੍ਰਿਤਸਰ ਦੇ ਖਾਲਸਾ ਕਾਲਜ ਬਾਬਤ ਜਿਹੜਾ ਕਿ ਸਿੱਖਾਂ ਦਾ ਸਭ ਤੋਂ ਪਹਿਲਾਂ ਵਿਦਿਅਕ ਆਸ਼ਰਮ ਹੈ, ਕਦੀ ਅਫ਼ਸਰਾਂ ਦੇ ਅਯੋਗ ਦਖ਼ਲ ਦੇਣ ਦੇ ਉਲਟ ਨਾ ਤਾਂ ਵਿਰੋਧ ਹੀ ਕੀਤਾ ਤੇ ਨਾ ਇਸ ਸਬੰਧੀ ਕਿਸੇ ਪ੍ਰਕਾਰ ਦੀ ਐਜੀਟੇਸ਼ਨ ਹੀ ਜਾਰੀ ਕੀਤੀ, ਜਿਸ ਦਾ ਫਲ ਇਹ ਹੋਇਆ ਕਿ ਉਸ ਕਾਲਜ ਦਾ ਇੰਤਜ਼ਾਮ ਕੌਮ

ਦੇ ਹੱਥੋਂ ਨਿਕਲ ਕੇ ਨੌਕਰਸ਼ਾਹੀ ਦੇ ਕਬਜ਼ੇ ਵਿਚ ਚਲਾ ਗਿਆ, ਬੀਤ ਚੁੱਕੀ ਗੱਲ ਉਪਰ ਰੋਣਾ ਤੇ ਅਫ਼ਸੋਸ ਕਰਨਾ ਹੁਣ ਵਿਅਰਥ ਹੈ, ਪਰ ਹੁਣ ਵੀ ਜਦ ਕਿ ਸਾਰੀ ਕੌਮ ਨੇ ਇਕ ਜ਼ਬਾਨ ਹੋ ਕੇ ਇੰਤਜਾਮ ਆਪਣੇ ਹੱਥ ਲੈਣ ਦੀ ਮੰਗ ਕੀਤੀ ਹੈ।

ਕੀ ਦੀਵਾਨ ਨੇ ਉਸ ਚੀਜ਼ ਪ੍ਰਾਪਤੀ ਲਈ ਯਤਨ ਕੀਤਾ ਜਿਹੜਾ ਕਿ ਹੱਥੋਂ ਨਿਕਲ ਚੁੱਕੀ ਸੀ ?

(ਅ) ਜਦ ਕੌਮ ਦੇ ਬੇਦੋਸ਼ੇ ਹੋਣਹਾਰ ਬੱਚੇ ਬਜ ਬਜ ਵਿਚ ਬੇਦਰਦੀ ਨਾਲ ਮਾਰੇ ਗਏ, ਇਹ ਦੀਵਾਨ ਜਿਹੜਾ ਕਿ ਜੀਉਂਦਾ ਜਾਗਦਾ ਸੀ, ਬਿਲਕੁਲ ਮੁਰਦਿਆਂ ਦੀ ਨਿਆਂਈ ਗੁੰਗਾ ਹੋ ਗਿਆ ਤੇ ਉਹਨਾਂ ਮਰ ਰਹੇ ਸਿੱਖਾਂ ਦੀ ਆਵਾਜ਼ ਤਕ ਨਾ ਸੁਣ ਸਕਿਆ, ਨਹੀਂ ਨਹੀਂ ਸਗੋਂ ਮੈਨੂੰ ਏਥੇ ਲਿਖਦਿਆਂ ਸ਼ਰਮ ਆਉਂਦੀ ਹੈ ਕਿ ਏਸੇ ਦੀਵਾਨ ਨੇ ਪੰਥ ਦੇ ਹੋਣਹਾਰ ਪਿਆਰੇ ਬੱਚਿਆਂ ਨੂੰ ਧਰਮ ਤੋਂ ਹੀ ਖਾਰਜ ਕਰ ਦਿੱਤਾ। ਉਹਨਾਂ ਦੀ ਦੁਖ ਦਰਦ ਵਿਚ ਸਹਾਇਤਾ ਕਰਨੀ ਤਾਂ ਇਕ ਪਾਸੇ ਰਹੀ।

(ੲ) ਸਰਕਾਰ ਨੇ ਦਿਲੀ ਦੇ ਗੁਰਦੁਆਰੇ ਰਕਾਬ ਗੰਜ ਦੀ ਕੰਧ ਨੂੰ ਕੇਵਲ ਇਸ ਲਈ ਢਾਉਣ ਦਾ ਹੌਂਸਲਾ ਕੀਤਾ ਕਿ ਇੰਮਪੀਰੀਅਲ ਦਿੱਲੀ ਦੀਆਂ ਕੁਝ ਸੜਕਾਂ ਸਿਧੀਆਂ ਬਣਨ। ਇਸ ਦੀਵਾਨ ਨੇ ਇਸ ਅਜੋਗ ਕੰਮ ਦੇ ਉਲਟ, ਜਿਸ ਨਾਲ ਹਰ ਇਕ ਸਿੱਖ ਦੇ ਚਿੱਤ ਵਿਚ ਕਾਂਤੀਆਂ ਫਿਰ ਗਈਆ ਤੇ ਉਹਨਾਂ ਨੂੰ ਨੌਕਰਸ਼ਾਹੀ ਤੇ ਕੁਝ ਭਰੋਸਾ ਨਾ ਰਿਹਾ, ਇਸ ਨੇ ਇਕ ਲਫ਼ਜ਼ ਤਕ ਮੂੰਹੋਂ ਨਾ ਕਢਿਆ। ਕੇਵਲ ਇਹੋ ਹੀ ਨਹੀਂ ਸਗੋਂ ਜਦ ਲਾਇਲਪੁਰ ਦੇ ਕੁਝ ਦਲੇਰ ਸਿੱਖਾਂ ਨੇ ਸਰਕਾਰ ਦੀ ਇਸ ਕਾਰਵਾਈ ਉਪਰ ਨੁਕਤਾਚੀਨੀ ਕੀਤੀ ਤਾਂ ਉਹਨਾਂ ਸਭਨਾਂ ਦਾ ਨਾਮ ਕਾਲੀ ਕਿਤਾਬ ਤੇ ਚੜ੍ਹ ਗਿਆ। ਇਹ ਗੱਲ ਕਿਸ ਦੇ ਯਤਨਾਂ ਨਾਲ ਤੇ ਕਿਸ ਪ੍ਰਕਾਰ ਹੋਈ ਅਜੇ ਤਕ ਕਿਸੇ ਨੂੰ ਕੁਝ ਪਤਾ ਨਹੀਂ ਅਤੇ ਬੇਹਤਰ ਵੀ ਇਹੋ ਹੈ ਕਿ ਇਸ ਬਾਬਤ ਕੋਈ ਹੋਰ ਲਫ਼ਜ਼ ਮੂੰਹੋਂ ਕਢੇ ਬਿਨਾਂ ਹੀ ਚੁਪ ਕਰ ਜਾਈਏ।

(ਸ) ਸਿੱਖ ਕੌਮ ਨੂੰ ਰਾਜਸੀ ਮਾਮਲੇ ਵਿਚ ਬੜਾ ਕਰੜਾ ਨੁਕਸਾਨ ਪਹੁੰਚਾ ਹੈ ਅਤੇ ਦੂਜੀਆ ਕੌਮਾਂ ਦੀ ਨਜ਼ਰ ਵਿਚ ਹੀਣਾਂ ਹੋਣਾ ਪਿਆ ਹੈ।"

ਇਹ ਕਿਉਂ ਤੇ ਕਿਸ ਲਈ, ਇਹ ਸਮਝ ਵਿਚ ਨਹੀਂ ਆਉਂਦਾ। ਕੌਮ ਵਿਦਿਆ ਵਿਚ ਪਿਛੇ ਹੈ ਪਰ ਦੂਜਿਆਂ ਦੇ ਮੁਕਾਬਲੇ ਵਿਚ ਘਟ ਨਹੀਂ ਅਸੀਂ ਗਰੀਬ ਹਾਂ ਪਰ ਦੂਜਿਆਂ ਨਾਲੋਂ ਜ਼ਰੂਰ ਧਨਵਾਨ ਹਾਂ। ਤਦ ਫੇਰ ਕਿਉਂ ਅਸੀਂ ਦੂਜੀਆ ਛੋਟੀਆਂ ਕੌਮਾਂ ਨਾਲੋਂ ਮਾੜੇ ਸਮਝੇ ਜਾਂਦੇ ਹਾਂ ? ਤੁਸੀਂ ਕਹੋਗੇ ਕਿ ਇਹ ਅਫ਼ਸਰਾਂ ਦੀ ਬੇ-ਇਨਸਾਫ਼ੀ ਹੈ, ਪਰ ਜੇ ਤੁਸੀਂ ਜ਼ਰਾ ਡੂੰਘੀ ਨਜ਼ਰ ਮਾਰੋਗੇ ਤਦ ਤੁਹਾਨੂੰ ਪਤਾ ਲਗੇਗਾ ਕਿ ਹਰ ਹਾਲਤ ਤੇ ਕਾਲ ਵਿਚ ਕਿਸੇ ਵੀ ਤਾਕਤ ਨੇ ਕਦੀ ਮਰੇੜਿਆਂ ਨੂੰ ਕੋਈ ਹੱਕ ਉਦੋਂ ਤਕ ਨਹੀਂ ਦਿਤੇ ਜਦ ਕਿ ਮਰੇੜਿਆਂ ਨੇ ਬੜੇ ਜ਼ੋਰ ਨਾਲ ਨਹੀਂ ਮੰਗੇ। ਬਾਈਬਲ ਵਿਚ ਇਕ ਥਾਂ ਕਿਆ ਸਚ ਲਿਖਿਆ ਹੈ ਕਿ "ਬੂਹੇ ਨੂੰ ਖੜਕਾਓ ਤੇ ਇਹ ਖੁਲ੍ਹ ਜਾਏਗਾ" ਅਸਾਂ ਨਾ ਕਦੀ ਆਪਣੇ ਹੱਕ ਮੰਗੇ ਤੇ ਨਾ ਹੀ ਕਦੀ ਸਾਨੂੰ ਦਿਤੇ ਗਏ। ਇਸ ਵਿਚ ਅਫ਼ਸਰਾਂ ਦਾ ਕੋਈ ਕਸੂਰ ਨਹੀਂ, ਇਹ ਸਾਰਾ ਕਸੂਰ ਚੀਫ਼ ਖਾਲਸਾ ਦੀਵਾਨ ਦਾ ਹੈ, ਜਿਸ ਨੇ ਭੋਲੀ ਭਾਲੀ ਕੌਮ ਨੂੰ ਆਪਣੇ ਪੈਰੀਂ ਖੜੋਨਾ ਨਹੀਂ ਸਿਖਾਇਆ ਤੇ ਨਾ ਹੀ ਆਪਣਾ ਹੱਕ ਮੰਗਣਾ ਸਿਖਾਇਆ ਹੈ।

(ਹ) ਜਦ ਸਾਡੇ ਵਿੱਚੋਂ ਕੁਝ ਥੋੜ੍ਹੇ ਸੱਜਣਾਂ ਨੇ ਧਾਰਮਿਕ ਕਰਤੱਵ ਸਮਝੇ, ਕਿਸੇ ਪ੍ਰਕਾਰ ਦਾ ਹੱਕ ਮੰਗਿਆ, ਇਸ ਦੀਵਾਨ ਨੇ ਕਦੀ ਉਸ ਦੀ ਰਤੀ ਭਰ ਸਹਾਇਤਾ ਨਹੀਂ ਕੀਤੀ। ਇਹੋ ਨਹੀਂ ਸਗੋਂ ਕੌਮ ਵਿਚ ਚੰਗੇ ਚਿਨ੍ਹਾਂ ਨੂੰ ਦੇਖ ਕੇ ਸਦਾ ਉਹਨਾਂ ਦੇ ਦਬਾਉਣ ਦਾ ਯਤਨ ਕੀਤਾ ਗਿਆ, ਆਦਿਕ। ਇਹ ਵਿਥਿਆ ਬੜੀ ਭਿਆਨਕ ਹੈ ਤੇ ਇਸ ਦਾ ਜ਼ਿਕਰ ਕਰਨ ਲਗਿਆ ਵੀ ਸ਼ਰਮ ਆਉਂਦੀ ਹੈ।

੬. ਇਹ ਦਸ਼ਾ ਤਾਂ ਹੈ ਚੀਫ਼ ਖਾਲਸਾ ਦੀਵਾਨ ਦੀ ਜਿਸ ਨੂੰ ਦੂਜੇ ਸਾਡੀ ਕੌਮ ਦਾ ਪ੍ਰਤੀਨਿਧ (ਮੁਖੀ) ਜਥਾ ਸਮਝਦੇ ਹਨ, ਮੈਂ ਹੁਣ ਇਸ ਮਾਮਲੇ ਦਾ ਇਥੇ ਹੀ ਭੋਗ ਪਾਉਂਦਾ ਹੋਇਆ ਹੋਰ ਦੂਸਰੇ ਨਿਕੇ ਜਥਿਆਂ ਵਲ ਨਜ਼ਰ ਮਾਰਦਾ ਹਾਂ ਤੇ ਇਸ ਦੇ ਇਲਾਜ ਤੇ ਦਰੁਸਤੀ ਦੇ ਢੰਗਾਂ ਉਪਰ ਫੇਰ ਕੁਝ ਲਿਖਾਂਗਾ।

੭. ਉਪਰੋਕਤ ਬਿਆਨ ਤੋਂ ਪਤਾ ਲਗ ਗਿਆ ਕਿ ਅਸਲ ਵਿਚ ਸਾਡੇ ਅੰਦਰ ਕੋਈ ਵੀ ਐਸਾ ਜਥਾ ਨਹੀਂ ਹੈ ਜਿਸ ਨੂੰ ਅਸੀਂ ਨੇਕ ਨੀਯਤੀ ਨਾਲ ਆਪਣਾ ਮੁਖੀ ਤੇ ਪ੍ਰਤੀਨਿਧ ਆਖ ਸਕੀਏ।

੮. ਦੂਜੇ ਛੋਟੇ ਛੋਟੇ ਜਥੇ ਸਭ ਖੁਦ ਮੁਖਤਾਰ ਹਨ ਅਤੇ ਆਪਣੀਆਂ ਪਾਲਸੀਆਂ (ਵਤੀਰਿਆਂ) ਦੇ ਆਪ ਜ਼ਿਮੇਂਵਾਰ

ਹਨ। ਉਹ ਕਿਸੇ ਵਡੇ ਜਥੇ ਨੂੰ ਜਵਾਬਦੇਹ ਨਹੀਂ ਹਨ। ਕਿਉਂਕਿ ਐਸਾ ਜਥਾ ਅਸਲ ਵਿਚ ਹੈ ਹੀ ਕੋਈ ਨਹੀਂ ਅਤੇ ਇਹੋ ਕਾਰਨ ਹੈ ਕਿ ਸਾਡੇ ਵਿਚ ਐਨੀਆਂ ਵਖੋ ਵੱਖ ਪਾਲਸੀਆਂ ਤੇ ਵਖੋ ਵੱਖ ਕੰਮ ਕਰਨ ਦੇ ਤਰੀਕੇ ਹਨ। ਕਿਹਾ ਜਾਂਦਾ ਹੈ ਕੁਝ ਸਭਾਵਾਂ ਚੀਫ਼ ਖਾਲਸਾ ਦੀਵਾਨ ਨਾਲ ਸਬੰਧਤ ਹਨ, ਪਰ ਇਹ ਸਬੰਧ ਕੇਵਲ ਨਾ-ਮਾਤਰ ਹੀ ਹੈ। ਅਸਲ ਅਰਥਾਂ ਵਿਚ ਦੀਵਾਨ ਦੀ ਇਹਨਾਂ ਉਤੇ ਕੋਈ ਹਕੂਮਤ ਨਹੀਂ ਤੇ ਜੇ ਕੁਝ ਹਕੂਮਤ ਹੈ ਵੀ ਤਦ ਇਹਨਾਂ ਦੀਆਂ ਚਾਲਾਂ ਵੀ ਚੀਫ਼ ਖਾਲਸਾ ਦੀਵਾਨ ਦੇ ਸਚੇ ਵਿਚ ਹੀ ਢਲੀਆਂ ਹੋਣਗੀਆਂ ਅਤੇ ਦੂਜਿਆਂ ਨੂੰ ਵੀ ਆਪਣੇ ਨਾਲ ਹੀ ਚਾਪਲੂਸ ਬਣਾ ਲਿਆ ਹੋਊ ਅਤੇ ਇਹ ਜਾਣ ਕੇ ਕੋਈ ਧੀਰਜ ਨਹੀਂ ਬਝਦਾ ਕਿ ਚੀਫ਼ ਖਾਲਸਾ ਦੀਵਾਨ ਦਾ ਇਹਨਾਂ ਉਪਰ ਕੁਝ ਅਧਿਕਾਰ ਨਹੀਂ ਹੈ।

੬. ਹੁਣ ਇਹ ਪ੍ਰਸ਼ਨ ਉਠਦਾ ਹੈ ਕਿ ਕੀ ਕੀਤਾ ਜਾਏ ? ਬਿਨਾਂ ਇਹਨਾਂ ਸਭਨਾਂ ਨੂੰ ਇਕ ਲੜੀ ਵਿਚ ਪ੍ਰੋਤਿਆਂ ਇਹ ਨੁਕਸ ਕਦੀ ਦਰੁਸਤ ਨਹੀਂ ਹੋ ਸਕਦੇ, ਚਾਲ ਦੀ ਚੰਗਿਆਈ ਉਪਰ ਵੀ ਬਹੁਤ ਕੁਝ ਆਰੰਭ ਕਰਨ ਤੋਂ ਪਹਿਲੋਂ, ਭਲੀ ਪ੍ਰਕਾਰ ਸੋਧ ਕੇ ਪ੍ਰਗਟ ਕੀਤੀ ਜਾਂਦੀ ਹੈ, ਤਦ ਇਸ ਦਾ ਫਲ ਜ਼ਰੂਰ ਇੱਛਾ ਅਨੁਸਾਰ ਹੁੰਦਾ ਹੈ ਅਤੇ ਇਸ ਨੂੰ ਵਰਤਨਾ ਬੜਾ ਸੁਖੈਨ ਹੁੰਦਾ ਹੈ। ਜਿਹੜੀ ਪਾਲਿਸੀ ਝਟ ਪਟ ਬਿਨਾਂ ਸੋਚੇ ਸਮਝੇ ਪ੍ਰਗਟ ਕਰ ਦਿਤੀ ਜਾਂਦੀ ਹੈ ਉਹ ਸ਼ਾਇਦ ਹੀ ਕਰਨ ਜੋਗ ਸਾਬਤ ਹੁੰਦੀ ਹੈ ਅਤੇ ਸਮਝੋ ਹੁੰਦੀ ਵੀ ਹੈ, ਤਦ ਉਸ ਦੇ ਨਤੀਜੇ ਬਹੁਤ ਕਰ ਕੇ ਹਾਨੀਕਾਰਕ ਹੁੰਦੇ ਹਨ। ਹੁਣ ਇਸ ਦੀ ਮਿਸਾਲ ਲਉ, ਖਿਲਾਫਤ ਲੀਡਰਾਂ ਨੇ ਐਲਾਨ ਕੀਤਾ ਸੀ ਕਿ ਗਊ-ਬਧ ਕਰਨਾ ਬੰਦ ਕਰ ਦਿੱਤਾ ਜਾਏ। ਉਹਨਾਂ ਦਾ ਵਿਚਾਰ ਸੀ ਕਿ ਇਸ ਪ੍ਰਕਾਰ ਹਿੰਦੂਆਂ ਦੀ ਹਮਦਰਦੀ ਸਾਡੇ ਨਾਲ ਹੋ ਜਾਏਗੀ, ਪਰੰਤੂ ਗੱਲ ਇਹ ਹੈ ਕਿ ਮੁਸਲਮਾਨੀ ਸ਼ਰਾ ਅਨੁਸਾਰ ਹੁਕਮ ਹੈ ਕਿ ਸੱਤ ਆਦਮੀ ਮਿਲ ਕੇ ਗਊ ਦੀ ਕੁਰਬਾਨੀ ਦੇਣ ਤੇ ਇਸ ਦੇ ਉਲਟ ਇਕ ਆਦਮੀ ਇਕ ਭੇਡ ਅਥਵਾ ਬਕਰੀ ਦੀ ਕੁਰਬਾਨੀ ਦੇ ਸਕਦਾ ਹੈ। ਸਰਫੇ ਨਾਲ ਜੇ ਤਕਿਆ ਜਾਵੇ ਤਦ ਸਤ ਆਦਮੀਆਂ ਦੇ ਮਿਲ ਕੇ ੩੦, ੪੦ ਦੀ ਗਊ ਖਰੀਦ ਕੇ ਕੁਰਬਾਨੀ ਕਰਨਾ ਸਸਤਾ ਪੈਂਦਾ ਹੈ ਕਿਉਂਕਿ ਇਸ ਪ੍ਰਕਾਰ ੫ ਜਾਂ ੬ ਆਦਮੀ ਪ੍ਰਤੀ ਖਰਚ ਹੁੰਦਾ ਹੈ ਅਤੇ ਜੇ ਅਗਲੇ ਨੂੰ ਭੇਡ ਆਦਿਕ ਦੀ ਕੁਰਬਾਨੀ ਦੇਣੀ ਪਵੇ ਤਦ ਇਕੋ ਨੂੰ ੧੦ ਘਟ ਤੋਂ ਘਟ ਖਰਚ ਕਰਨੇ ਪੈਣਗੇ। ਹੁਣ ਕਈ ਥਾਂਈ ਮੁਸਲਮਾਨਾਂ ਦੇ ਖ਼ਿਆਲ ਅਨੁਸਾਰ ਇਹ ਐਲਾਨ ਘਾਟੇ-ਵੰਦਾ ਸਮਝਿਆ ਜਾਂਦਾ ਹੈ ਅਤੇ ਇਸ ਨੂੰ ਹਫ਼ੜਾ ਦਫੜੀ ਵਿਚ ਫਤਵਾ ਦਿੱਤਾ ਮੰਨਿਆ ਜਾਂਦਾ ਹੈ। ਮੈਨੂੰ ਮੇਰੇ ਕਈ ਮੁਸਲਮਾਨ ਮਿਤਰਾਂ ਨੇ ਆਖਿਆ ਹੈ ਕਿ ਸਾਡੀ ਦਸ਼ਾ ਬੜੀ ਔਖੀ ਹੋ ਜਾਏਗੀ, ਜਦ ਕੌਂਸਲ ਵਿਚ ਮਿਸਟਰ ਚੰਦਾ ਇਹ ਰੈਜ਼ੋਲੇਸ਼ਨ ਪੇਸ਼ ਕਰਨਗੇ ਕਿ ਸਾਰੇ ਹਿੰਦ ਵਿਚ ਕਾਨੂੰਨ ਅਨੁਸਾਰ ਗਊ ਬਧ ਨੂੰ ਬੰਦ ਕੀਤਾ ਜਾਏ। ਉਹ ਆਖਦੇ ਹਨ ਕੇ ਜੇ ਅਸੀਂ ਕੌਂਸਲ ਵਿਚ ਇਸ ਬਿਲ ਦੀ ਵਿਰੋਧਤਾ ਕੀਤੀ ਤਦ ਹਿੰਦੂ ਮੁਸਲਮਾਨ ਮਿਲਾਪ ਦੇ ਟੁਟ ਜਾਣ ਦਾ ਭੈ ਹੈ, ਜਿਸ ਨੂੰ ਅਸੀਂ ਖਿਲਾਫ਼ਤ ਲਈ ਬੜਾ ਹਾਨੀਕਾਰਕ ਸਮਝਦੇ ਹਾਂ ਦੂਜੇ ਪਾਸੇ ਉਹ ਆਖਦੇ ਹਨ ਕੇ ਜੇ ਅਸੀਂ ਇਸ ਦੀ ਪ੍ਰੋੜਤਾ ਕਰਦੇ ਹਾਂ ਤਦ ਅਸੀਂ ਆਪਣੀ ਸ਼ਰਾ ਤੋਂ ਮੁਨਕਰ ਹੁੰਦੇ ਹਾਂ। ਮੇਰਾ ਇਸ ਤੋਂ ਤਾਤਪਰਜ ਇਹ ਸੀ ਕਿ ਇਹ ਫ਼ਤਵਾ ਭਲੀ ਪ੍ਰਾਕਰ ਸੋਚ ਸਮਝ ਕੇ ਨਹੀਂ ਸੀ ਦਿੱਤਾ ਗਿਆ, ਸਗੋਂ ਲੀਡਰਾਂ ਛੇਤੀ ਵਿਚ ਕੱਢ ਮਾਰਿਆ ਸੀ। ਅੱਜ ਸਾਰੇ ਮੁਸਲਮਾਨ ਬੁਰੀ ਤਰ੍ਹਾਂ ਠਾਥੇ ਗਏ ਹਨ ਉਹ ਨਹੀਂ ਜਾਣਦੇ ਕਿ ਹੁਣ ਕੀ ਕੀਤਾ ਜਾਏ। ਸੋ ਇਸ ਲਈ ਸਾਨੂੰ ਕਿਸੇ ਮਾਮਲੇ ਨੂੰ ਪਬਲਿਕ ਵਿਚ ਪ੍ਰਗਟ ਕਰਨ ਤੋਂ ਪਹਿਲੋਂ ਉਸ ਮਾਮਲੇ ਨੂੰ ਬੜੇ ਗਹੁ ਨਾਲ ਪੂਰੀ ਤਰ੍ਹਾਂ ਸੋਚ ਵਿਚਾਰ ਲੈਣਾ ਚਾਹੀਦਾ ਹੈ ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਇਕ ਐਸਾ "ਪ੍ਰਤੀਨਿਧ" ਜਥਾ ਕਾਇਮ ਕਰੀਏ ਜਿਹੜਾ ਕੇ ਸਾਡਾ ਅਸਲੀ ਅਰਥਾਂ ਵਿਚ ਪ੍ਰਤੀਨਿਧ ਹੋਵੇ ਤੇ ਸਾਰੇ ਮਾਮਲਿਆ ਨੂੰ ਚਤੁਰਾਈ ਤੇ ਕੌਮ ਦੀ ਇਛਿਆ ਅਨੁਸਾਰ ਨਜਿਠਨ ਦੇ ਲੈਕ ਹੋਵੇ। ਇਸ ਪ੍ਰਕਾਰ ਸੋਚ ਵਿਚਾਰ ਕੇ ਅਸੀਂ ਮੁਖੀ ਜਥੇ ਦੀ ਸਕੀਮ ਤਿਆਰ ਕਰ ਸਕਦੇ ਹਾਂ ਤੇ ਇਸ ਸਕੀਮ ਉਪਰ ਵਿਚਾਰ ਕਰਨ ਤੋਂ ਪਹਿਲੇ ਸਾਨੂੰ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਪ੍ਰਤੀਨਿਧ ਜਥੇ ਨੂੰ ਕਿਸ ਪ੍ਰਕਾਰ ਘੜਿਆ ਜਾਏ। ਸੋ ਇਸ ਸਮੇਂ ਮੈਂ ਇਸ ਸਲਾਹ ਦੇ ਅਨੁਕੂਲ ਹਾਂ ਕੇ **ਮੌਜੂਦਾ ਚੀਫ਼ ਖਾਲਸਾ ਦੀਵਾਨ ਨੂੰ ਮੁੜ ਸੋਧਿਆ ਜਾਏ** ਅਤੇ ਇਸ ਦੀ ਮੌਜੂਦਾ ਪਾਲਿਸੀ ਨੂੰ ਸਦਾ ਲਈ ਤਿਲਾਂਜਲੀ ਦਿੱਤੀ ਜਾਵੇ। ਜਦ ਇਹ ਬਿਲਕੁਲ ਸ਼ੁਧ ਹੋ ਜਾਏ ਤਦ ਸਾਨੂੰ ਇਹ ਗੱਲ ਸਾਰੇ

ਜਗਤ ਵਿਚ ਪ੍ਰਗਟ ਕਰ ਦੇਣੀ ਚਾਹੀਦੀ ਹੈ ਤਾਂ ਕਿ ਜਿਹੜੀ ਮੁਢ ਤੋਂ ਹੀ ਦੀਵਾਨ ਦੀ ਬਦਨਾਮੀ ਹੋਈ ਹੈ ਉਹ ਧੋਤੀ ਜਾਏ। ਇਹ ਕੇਂਦਰੀ ਜਥਾ ਚੀਫ਼ ਖਾਲਸਾ ਦੀਵਾਨ ਦੇ ਉਹ ਬੇਗ਼ਰਜ ਤੇ ਸੇਵਾ ਦੇ ਪੁਤਲੇ ਮੈਂਬਰ ਹੋਣ ਜਿਨਾਂ ਉਪਰ ਸਾਰੀ ਕੌਮ ਨੂੰ ਭਰੋਸਾ ਹੋਵੇ।

ਹੁਣ ਮੈਂ ਬਣਾਏ ਜਾਣ ਵਾਲੇ ਕੇਂਦਰੀ ਜਥੇ ਤੇ ਉਸ ਦੀਆਂ ਮਾਤੈਹਤ ਕਮੇਟੀਆਂ ਉਪਰ ਵਿਚਾਰ ਕਰਦਾ ਹਾਂ। ਪਰ ਇਸ ਤੋਂ ਪਹਿਲੇ ਮੈਂ ਹੇਠਾਂ ਇਕ ਸ਼ਜਰਾ ਦੇਂਦਾ ਹਾਂ ਜਿਸ ਨਾਲ ਕੇਂਦਰੀ ਸਕੀਮ ਸੁਖੈਨ ਹੀ ਸਮਝ ਵਿਚ ਆ ਜਾਵੇਗੀ।

ਚੀਫ਼ ਖਾਲਸਾ ਦੀਵਾਨ

(ਨਵਾਂ ਸਾਜਿਆ ਹੋਇਆ)

ਰਾਜਸੀ	ਵਿਦਿਅਕ ਕਮੇਟੀ	ਧਾਰਮਿਕ ਕਮੇਟੀ
(ਸਿੱਖ ਲੀਗ)	(ਵਿਦਿਅਕ ਕਾਨਫ਼ਰੰਸ)	
	ਕਾਲਜ ਅਤੇ ਸਕੂਲਜ਼	
ਡਿਸਟ੍ਰਿਕਟ ਸਿੱਖ ਲੀਗਾਂ		ਸਿੰਘ ਸਭਾਵਾਂ, ਐਸੋਸੀਏਸ਼ਨ ਆਦਿਕ

ਚੀਫ਼ ਖਾਲਸਾ ਦੀਵਾਨ ਅਥਵਾ ਕੇਂਦਰੀ ਜਥਾ ਕੇਵਲ ਪਾਲਸੀਆਂ (ਵਤੀਰਿਆਂ) ਦਾ ਰਾਖਾ ਹੋਵੇਗਾ ਭਾਵੇਂ ਉਹ ਕਿਸ ਰਕਮ ਦੀਆਂ ਹੋਣ, ਰਾਜਸੀ ਹੋਣ, ਵਿਦਿਅਕ ਹੋਣ ਅਥਵਾ ਧਾਰਮਿਕ ਹੋਵਣ ਅਤੇ ਕੰਮ ਕਰਨ ਦੀਆਂ ਤਰਕੀਬਾਂ ਦੇ ਪੂਰਨੇ ਪਾ ਕੇ ਦਸੇਗਾ। ਇਹ ਸਭ ਕੁਝ ਕਰ ਕੇ ਰਾਜਸੀ ਕੰਮ ਰਾਜਸੀ ਕਮੇਟੀ ਦੇ ਸਪੁਰਦ ਕਰ ਦਿੱਤਾ ਜਾਏਗਾ, ਜਿਸ ਦਾ ਕੰਮ ਕੇਵਲ ਉਸੇ ਪਾਲਿਸੀ ਉਪਰ ਤੁਰਨਾ ਹੋਵੇਗਾ ਜਿਹੜੀ ਕਿ ਕੇਂਦਰੀ ਦੀਵਾਨ ਉਸ ਦੀ ਨੀਯਤ ਕਰੇਗਾ ਅਤੇ ਉਸੇ ਨੂੰ ਇਹ ਰਾਜਸੀ ਕਮੇਟੀ ਆਪਣੀ ਮਾਸਕ ਤਰੱਕੀ ਦੀ ਰਿਪੋਰਟ ਆਦਿਕ ਭੇਜਿਆ ਕਰੇਗੀ। ਏਸੇ ਪ੍ਰਕਾਰ ਦਾ ਸਬੰਧ ਕੇਂਦਰੀ ਦੀਵਾਨ ਤੇ ਵਿਦਿਅਕ ਅਤੇ ਧਾਰਮਿਕ ਕਮੇਟੀਆਂ ਦਾ ਹੋਣਾ ਚਾਹੀਏ। ਪਹਿਲੋਂ ਕੇਂਦਰੀ ਜਥਾ ਬਨਾਉਣ ਲਗਿਆਂ ਸਾਨੂੰ ਆਪਣੀ ਪ੍ਰਤੀਨਿਧਤਾ ਦਾ ਇਸ ਪ੍ਰਕਾਰ ਬੰਦੋਬਸਤ ਕਰਨਾ ਚਾਹੀਦਾ ਹੈ ਹਰ ਇਕ ਸਭਾ ਡਿਸਟਰਿਕਟ ਸਿੱਖ ਲੀਗ ਤੇ ਹੋਰ ਜਥਿਆਂ ਨੂੰ ਆਪਣੇ ਸਕੱਤਰ ਅਥਵਾ ਪ੍ਰਧਾਨ ਕੇਂਦਰੀ ਜਥੇ ਵਿਚ ਪ੍ਰਤੀਨਿਧ ਬਣਾਕੇ ਭੇਜਣੇ ਚਾਹੀਦੇ ਹਨ। ਤਰੀਕ ਆਦਿਕ ਦਾ ਫ਼ੈਸਲਾ ਪੰਥਕ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਾ ਕੇ ਹੋ ਸਕਦਾ ਹੈ ਅਤੇ ਇਸ ਸਬੰਧੀ ਡਿਸਟਰਿਕਟ ਸਿੱਖ ਲੀਗਾਂ ਤੇ ਸਭਾਵਾਂ ਪਾਸੋਂ ਸਲਾਹ ਲੈ ਲੈਣੀ ਚਾਹੀਦੀ ਹੈ। ਇਸ ਤਰੀਕੇ ਨੂੰ ਸਾਰੇ ਚੁਣੇ ਹੋਏ ਵਿਦਵਾਨ, ਸਕੂਲਾਂ ਦੇ ਹੈਡਮਾਸਟਰ ਤੇ ਕੌਮੀ ਕਾਲਜਾਂ ਦੇ ਪ੍ਰਿੰਸੀਪਲ ਤੇ ਪ੍ਰੋਫ਼ੈਸਰਾਂ ਨੂੰ ਇਕੱਤਰ ਹੋਣ ਦੀ ਬਿਨੈ ਕੀਤੀ ਜਾਏਗੀ। ਇਸ ਪ੍ਰਕਾਰ ਪ੍ਰਤੀਨਿਧਤਾ ਅਨੁਸਾਰ ਇਕਠੇ ਹੋ ਕੇ ਸਾਨੂੰ ਸੇਵਾਦਾਰ ਨੀਯਤ ਕਰਨੇ ਚਾਹੀਦੇ ਹਨ। ਇਸ ਕੇਂਦਰੀ ਜਥੇ ਦੇ ਮਾਤੈਹਤ ਜਿਹਾ ਕੇ ਅਸੀਂ ਨਕਸ਼ੇ ਵਿਚ ਦਸ ਆਏ ਹਾਂ ਤਿੰਨ ਭਾਗ ਹਨ, ਇਕ ਦੇ ਜਿਮੇਂ ਰਾਜਸੀ ਕੰਮ ਕਾਰ ਹੈ ਦੂਜੇ ਦੇ ਸਪੁਰਦ ਵਿਦਿਆ ਦਾ ਕੰਮ ਤੇ ਤੀਜੇ ਪਾਸ ਧਾਰਮਿਕ ਪ੍ਰਚਾਰ ਦਾ ਕੰਮ ਹੈ ਇਤਿਆਦਿ। ਅਸਲ ਵਿਚ ਤਾਂ ਸਚੀ ਗੱਲ ਇਹ ਹੈ ਕਿ ਅਸੀਂ ਧਰਮ ਨੂੰ ਪੋਲਿਟਿਕਸ ਵਿਦਿਆ ਤੋਂ ਵੱਖੋ ਵੱਖ ਨਹੀਂ ਕਰ ਸਕਦੇ ਤੇ ਸਮੇਂ ਦੀ ਲੋੜ ਸਾਨੂੰ ਇਹ ਕਰਨ ਲਈ ਮਜ਼ਬੂਰ ਕਰਦੀ ਹੈ। ਮੈਂ ਖੋਲ੍ਹਕੇ ਨਹੀਂ ਦਸ ਰਿਹਾ ਕਿ ਚੀਫ਼ ਖਾਲਸਾ ਦੀਵਾਨ ਤੇ ਸਬੰਧਤ ਕਮੇਟੀਆਂ ਦੇ ਮੈਂਬਰਾਂ ਦੀ ਚੋਣ ਕਿਸ ਪ੍ਰਕਾਰ ਹੋਵੇ। ਕਿਉਂਕਿ ਇਹ ਮਗਰੋਂ ਤੋੜੀ ਵੀ ਡਿੱਠਾ ਜਾ ਸਕਦਾ ਹੈ, ਜਦ ਸਾਨੂੰ ਇਹ ਪਤਾ ਲਗ ਜਾਏ ਕਿ ਅਸਾਂ ਕਿਹੜੀ ਸਕੀਮ ਉਪਰ ਚਲਣਾ ਹੈ। ਸਿੱਖ ਲੀਗਾਂ ਦਾ ਸਬੰਧ ਰਾਜਸੀ ਕਮੇਟੀ ਨਾਲ ਹੋਵੇਗਾ ਤੇ ਏਸੇ ਪ੍ਰਕਾਰ ਸਿੰਘ ਸਭਾਵਾਂ ਧਾਰਮਿਕ ਕਮੇਟੀ ਦੇ ਤੇ ਸਕੂਲ, ਕਾਲਜ ਆਦਿਕ ਵਿਦਿਅਕ ਕਮੇਟੀ ਨਾਲ ਸਬੰਧਤ ਹੋਣਗੇ। ਇਹੋ ਇਕ ਤਰੀਕਾ ਹੈ ਜਿਸ ਨਾਲ ਅਸੀਂ ਕੌਮ ਦੀ ਲੜੀ ਦਾ ਬੰਦੋਬਸਤ ਕਰ ਸਕਦੇ ਹਾਂ। ਇਸ ਸਕੀਮ ਤੋਂ ਬਿਨਾਂ ਇਕ ਸਿੰਘ ਸਭਾ ਤੇ ਸਿੱਖ ਲੀਗ ਦੀਆਂ ਪਾਲਿਸੀਆਂ ਦੂਜੀਆਂ ਨਾਲੋਂ ਐਨੀਆਂ ਵੱਖੋ ਵੱਖ ਹੋਣਗੀਆਂ ਕਿ ਇਹਨਾਂ ਦੁਆਰਾ ਅਸੀਂ ਕੌਮ ਦੀ ਅਵਾਜ਼ ਨੂੰ ਕਦੀ ਜ਼ੋਰਦਾਰ ਤੇ ਅਸਰਦਾਰ ਨਹੀਂ ਬਣਾ ਸਕਾਂਗੇ ਅਤੇ ਕਦੀ ਇਕ ਨਹੀਂ ਹੋ ਸਕਾਂਗੇ।

ਅਕਾਲੀ ਲਾਹੌਰ, ੧੬ ਸਤੰਬਰ ੧੯੨੦

ਜਥੇਬੰਦੀ

ਇਸੇ ਵੇਲੇ ਤਕ ਕਰੀਬ ੪੦ ਪੰਥ ਦੇ ਪ੍ਰਸਿਧ ਵਿਦਵਾਨ ਤੇ ਪੰਥ ਪਿਆਰਿਆਂ ਦੇ ਲੇਖ "ਅਕਾਲੀ" ਵਿਚ ਛਪ ਚੁਕੇ ਹਨ ਅਤੇ ਡੇਢ ਦੋ ਸੌ ਦੇ ਕਰੀਬ ਹੋਰ ਪਏ ਹਨ, ਸਾਨੂੰ ਇਹ ਵੇਖ ਕੇ ਬੜੀ ਹੀ ਪ੍ਰਸੰਨਤਾ ਹੋਈ ਹੈ ਕਿ ਪੰਥ ਵੱਲੋਂ ਇਸ ਸਵਾਲ ਉਤੇ ਬੜੀ ਦਿਲਚਸਪੀ ਨਾਲ ਵਿਚਾਰ ਹੋਈ ਹੈ ਅਤੇ ਸੱਜਣਾਂ ਨੇ ਬੜੀ ਮਿਹਨਤ ਨਾਲ ਲੇਖ ਲਿਖ ਕੇ ਭੇਜੇ ਹਨ। ਪਰ ਜੇ ਹੁਣ ਸਾਰੇ ਛਾਪੀਏ ਤਾਂ ਦੋ ਮਹੀਨਿਆਂ ਵਿਚ ਵੀ ਨਹੀਂ ਮੁਕਣੇ ਤੇ ਹੋਰ ਵੀ ਆਈ ਜਾਣਗੇ। ਇਸ ਲਈ ਹੁਣ ਕੇਵਲ ਬਾਕੀ ਲੇਖਾਂ ਦੀਆਂ ਰਾਵਾਂ ਦਾ ਨਿਚੋੜ ਪੇਸ਼ ਕਰ ਕੇ ਪੰਥ ਦੀ ਖ਼ਾਸ ਇਕੱਤਰਤਾ ਸਦਣ ਦਾ ਉਪਰਾਲਾ ਕੀਤਾ ਜਾਵੇਗਾ। ਜਿਨਾਂ ਸੱਜਣਾਂ ਦੇ ਲੇਖ ਨਹੀਂ ਛਪ ਸਕੇ ਅਸੀਂ ਉਹਨਾਂ ਪਾਸੋਂ ਖਿਮਾਂ ਮੰਗਦੇ ਹਾਂ।

ਇਸ ਤੋਂ ਬਿਨਾਂ ਸਵਾਦਲੀ ਗੱਲ ਹੋਰ ਹੈ ਕਿ ਪੰਥ ਦੀਆਂ ਸਾਰੀਆਂ ਅਖ਼ਬਾਰਾਂ ਵਿੱਚੋਂ ਕੇਵਲ ਸਰਦਾਰ ਸ਼ਮਸੇਰ ਸਿੰਘ ਜੀ ਐਡੀਟਰ "ਇੰਡੀਆ" ਅਤੇ ਭਾਈ ਨੌਰੰਗ ਸਿੰਘ ਜੀ ਐਡੀਟਰ 'ਵਿਦਿਆ' ਨੇ ਲੇਖ ਭੇਜਿਆ ਹੈ।

ਜਿਤੋਂ ਤਕ ਸਾਨੂੰ ਯਾਦ ਹੈ ਹੋਰ ਕਿਸੇ ਅਖ਼ਬਾਰ ਨੇ ਜਥੇਬੰਦੀ ਦੇ ਸਵਾਲ ਨੂੰ ਛੋਹਿਆ ਤਕ ਨਹੀਂ ਅਤੇ ਨਾ ਸਾਨੂੰ ਲੇਖ ਭੇਜਿਆ ਹੈ। ਸਾਡੀ ਕਲਮ ਬਦੋ ਬਦੀ ਇਹ ਲਫ਼ਜ਼ ਲਿਖ ਰਹੀ ਹੈ ਕਿ ਪੰਥ ਦੀਆਂ ਅਖ਼ਬਾਰਾਂ ਨੂੰ ਜਥੇਬੰਦੀ ਜਿਹੇ ਜ਼ਰੂਰੀ ਸਵਾਲ ਨਾਲ ਇਹ ਸਲੂਕ ਨਹੀਂ ਸੀ ਕਰਨਾ ਚਾਹੀਦਾ। ਅਜੇ ਵੀ ਜੇ ਐਡੀਟਰ ਸਾਹਿਬ ਆਪੋ ਆਪਣੀਆਂ ਅਖ਼ਬਾਰਾਂ ਵਿਚ ਜਥੇਬੰਦੀ ਸਬੰਧੀ ਆਪਣੇ ਅਮੋਲਕ ਖ਼ਿਆਲ ਪ੍ਰਗਟ ਕਰਨ ਨੂੰ ਹੱਤਕ ਨਾ ਸਮਝਨ ਤਾਂ ਪੰਥ ਨੂੰ ਬਹੁਤ ਕੁਝ ਲਾਭ ਪੁਚਾ ਸਕਦੇ ਹਨ। ਜੇ ਇਸ ਸਵਾਲ ਨੂੰ "ਅਕਾਲੀ" ਨੇ ਛੇੜਿਆ ਹੈ ਤਾਂ ਇਸ ਦੇ ਇਹ ਅਰਥ ਨਹੀਂ ਕਿ ਹੋਰ ਕਿਸੇ ਅਖ਼ਬਾਰ ਨੂੰ ਇਸ ਉਤੇ ਲਿਖਣ ਦਾ ਹੱਕ ਨਹੀਂ ਰਿਹਾ। ਪੰਥ ਦੇ ਸਾਂਝੇ ਸਵਾਲ ਤਦ ਹੀ ਹਲ ਹੋ ਸਕਦੇ ਹਨ ਜੇ ਸਾਰੀਆਂ ਅਖ਼ਬਾਰਾਂ ਸਚੇ ਦਿਲੋਂ ਉਸ ਵਿਚ ਹਿੱਸਾ ਲੈਣ। ਸੱਜਣਾਂ ਨੂੰ ਖ਼ਿਆਲ ਰਹੇ ਕਿ ਖਾਲਸਾ ਅਖ਼ਬਾਰ ਇਨ੍ਹਾਂ ਦਿਨਾਂ ਵਿਚ ਬੰਦ ਰਹੀ ਹੈ।

ਅਸੀਂ ਨਿਸਚਾ ਰੱਖਦੇ ਹਾਂ ਕਿ ਹੁਣ ਜਥੇਬੰਦੀ ਜ਼ਰੂਰ ਹੋਵੇਗੀ ਅਤੇ ਸਾਰੇ ਪੰਥ ਦਰਦੀਆਂ ਨੂੰ ਸੱਚੇ ਦਿਲੋਂ ਯਤਨ ਕਰ ਕੇ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ।

ਅਕਾਲੀ ਲਾਹੌਰ, ੪ ਅਕਤੂਬਰ ੧੯੨੦

ਜਥੇਬੰਦੀ !

ਗੁਰੂ ਦੀ ਕ੍ਰਿਪਾ ਨਾਲ ਜਥੇਬੰਦੀ ਦੀ ਤੀਬਰ ਇਛਿਆ ਪੰਥ ਵਿਚ ਇਤਨੀ ਵਧ ਗਈ ਹੈ ਕਿ ਉਹ ਭਾਗਾਂ ਵਾਲਾ ਦਿਨ ਛੇਤੀ ਨੇੜੇ ਆਉਂਦਾ ਦਿਸਦਾ ਹੈ। ਜਦ ਸਾਰਾ ਪੰਥ ਜਥੇਬੰਦ ਹੋ ਕੇ ਦੂਜੀਆਂ ਕੌਮਾਂ ਨਾਲ ਮੋਢਾ ਜੋੜ ਕੇ ਧਾਰਮਿਕ ਅਤੇ ਦੇਸ਼ ਉੱਨਤੀ ਵਿਚ ਚਲ ਕੇ ਚਲੇਗਾ। 'ਅਕਾਲੀ' ਵੱਲੋਂ ਇਹ ਆਵਾਜ਼ ਉਠਾਉਣ ਦੀ ਢਿੱਲ ਸੀ ਕਿ ਸੈਂਕੜੇ ਲੇਖ ਤੇ ਚਿੱਠੀਆਂ ਆਉਣੀਆਂ ਆਰੰਭ ਹੋ ਗਈਆਂ ਹਨ। ਕਿ ਇਹ ਅਤੀ ਲੋੜਵੰਦਾ ਕਾਰਜ ਸਭ ਤੋਂ ਪਹਿਲਾਂ ਕੀਤਾ ਜਾਵੇ। ਕੇਵਲ ਸ਼ਖ਼ਸੀ ਧੜੇਬੰਦੀਆਂ ਤੇ ਖ਼ੁਦਗਰਜ਼ੀਆਂ ਨਾਲ ਕਈਆਂ ਨੇ ਪੰਥ ਨੂੰ ਖੇਰੂ-ਖੇਰੂ ਕਰ ਰੱਖਿਆ ਹੈ। ਨਹੀਂ ਤਾਂ ਅਜਿਹਾ ਦੁਸ਼ਟ ਕੌਣ ਹੈ ਜਿਹੜਾ ਗੁਰਧਾਮਾਂ ਦੇ ਬੁਰੇ ਹਾਲ ਵੇਖ ਕੇ ਵਿਆਕੁਲ ਨਾ ਹੋ ਰਿਹਾ ਹੋਵੇ। ਕੌਮੀ ਆਸ਼੍ਰਮਾਂ ਨੂੰ ਗ਼ੈਰ ਹੱਥਾਂ ਵਿਚ ਵੇਖ ਕੇ ਤੜਫ ਨਾ ਰਿਹਾ ਹੋਵੇ। ਸਿੱਖ ਅਧਿਕਾਰਾਂ ਵੱਲੋਂ ਸਰਕਾਰ ਦੀ ਬੇਪਰਵਾਹੀ ਉਤੇ ਰੋਸ ਨਾ ਪ੍ਰਗਟ ਕਰਦਾ ਹੋਵੇ। ਕੈਦੀ ਸਿੱਖ ਵੀਰਾਂ ਦੇ ਦੁਖੜਿਆਂ ਉਤੇ ਹੰਝੂ ਨਾ ਕੇਰਦਾ ਹੋਵੇ ਅਤੇ ਦੇਸ਼ ਉਤੇ ਹੋਏ ਜ਼ੁਲਮਾਂ ਉਤੇ ਘ੍ਰਿਣਾ ਨਾ ਪ੍ਰਗਟ ਕਰਦਾ ਹੋਵੇ ! ਜਿਹੜੇ ਆਦਮੀ ਪੰਥ ਦੀ ਜਥੇਬੰਦੀ ਵਿਚ ਰੋਕਾਂ ਪਾਉਂਦੇ ਹਨ ਉਹ ਆਪਣੀਆਂ ਜਾਤੀ ਗਰਜ਼ਾਂ ਦੇ ਸ਼ਿਕਾਰ ਹੋਏ ਹੋਏ ਹਨ। ਹੁਣ ਲੋੜ ਹੈ ਕਿ ਪੰਥ ਦਰਦੀ ਮੌਜੂਦਾ ਬਿਖੜੇ ਸਮੇਂ ਨੂੰ ਵਿਚਾਰ ਕੇ ਬਹੁਤ ਛੇਤੀ ਮੇਲ ਮਿਲਾਪ ਦਾ ਉਪਾਰਲਾ ਕਰਨ।

ਬਾਹਰੋ ਆਈਆਂ ਪੱਤ੍ਰਕਾ ਅਸੀਂ ਕੇਵਲ ੪੦ ਕੁ ਛਾਪ ਸਕੇ ਹਾਂ ਬਾਕੀ ਦੀਆਂ ਪਵਿੱਤਰ ਰਾਵਾਂ ਦਾ ਨਿਚੋੜ

ਹੇਠਾ ਲਿਖਦੇ ਹਾਂ ਬਹੁਤ ਛੇਤੀ ਲਾਹੌਰ ਵਿਚ ਇਕ ਸਮਾਗਮ ਕੀਤਾ ਜਾਵੇਗਾ। ਸਦਾ ਪੱਤਰ ਭੇਜਣ ਲਈ ਵਿਚਾਰ ਹੋ ਰਹੀ ਹੈ।

੧. ਸਰਦਾਰ ਤਾਰਾ ਸਿੰਘ ਜੀ ਪੈਨਸ਼ਨਰ

(ਸਯਦ ਕਸਰਾਂ ਰਾਵਲਪਿੰਡੀ)

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋਵੇ ਪਹਿਲਾਂ ਨਵੇਂ ਨਿਯਮ ਬਣਾਕੇ ਫਿਰ ਨਵੀਂ ਚੋਣ ਹੋਵੇ ਵਖਰੇ ਜਥੇ ਦੀ ਲੋੜ ਨਹੀ ਹੈ।

੨. ਸਰਦਾਰ ਖਜਾਨ ਸਿੰਘ ਜੀ ਬ੍ਰਹਮਾ ਵਾਲੇ

(ਹਾਲ ਰਾਵਲਪਿੰਡੀ)

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕੀਤਾ ਜਾਵੇ। ਦੀਵਾਨ ਆਪ ਸੁਧਾਰ ਨਾ ਕਰੇ ਤਾਂ ਸਾਰੀਆਂ ਸਿੰਘ ਸਭਾ ਝਟਪਟ ਸਬੰਧਤ ਹੋ ਜਾਣ ਆਪਣੇ ਪ੍ਰਤੀਨਿਧ ਭੇਜਕੇ ਆਪਣੀ ਸੰਮਤੀ ਵਦਾ ਲੈਣ ਤੇ ਮਰਜ਼ੀ ਅਨੁਸਾਰ ਨਿਯਮ ਆਦਿਕ ਬਣਾ ਲਏ ਜਾਣ।

੩. (ਭਾਈ ਰਾਮ ਸਿੰਘ ਜੀ ਸਕੱਤਰ) ਸਿੰਘ ਸਭਾ ਹਰੀਪੁਰ

ਜੇ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਸਕੇ ਤਦ ਤਾਂ ਚੰਗੀ ਗੱਲ ਹੈ ਪਰ ਇਹ ਗੱਲ ਮੰਨਣ ਵਿਚ ਨਹੀਂ ਆਂਵਦੀ, ਦੀਵਾਨ ਕੌਮ ਦੀ ਕਦੀ ਪਰਵਾਹ ਹੀ ਨਹੀਂ ਕਰਦਾ। ਇਸ ਲਈ ਨਵਾਂ ਤੇ ਕੌਮ ਦਾ ਪ੍ਰਤੀਨਿਧ ਜਥਾ ਬਹੁਤ ਛੇਤੀ ਬਣਿਆ ਜਾਵੇ।

ਸਰਦਾਰ ਮਾਨ ਸਿੰਘ ਜੀ ਬੀ. ਏ.

(ਵਕੀਲ ਅੰਬਾਲਾ ਸ਼ਹਿਰ)

(ਨੋਟ ਅਸੀਂ ਸਰਦਾਰ ਜੀ ਦੀ ਚਿੱਠੀ ਸਾਰੀ ਛਾਪਦੇ ਹਾਂ ਕਿਉਂਕਿ ਇਸ ਰਾਇ ਦੀਆਂ ਚਿੱਠੀਆਂ ਬਹੁਤ ਘੱਟ ਆਈਆਂ ਹਨ)

ਬੇਨਤੀ ਹੈ ਜੋ ਅਕਾਲੀ ਦੇ ਦਫ਼ਤਰੋਂ ਪੰਥਕ ਜਥੇਬੰਦੀ ਉਪਰ ਰਾਏ ਦੇਣ ਵਾਸਤੇ ਪੱਤਰ ਪਹੁੰਚਾ ਹੈ ਕਿ ਪੰਥ ਦਾ ਸ਼੍ਰੋਮਣੀ ਜਥਾ ਚੀਫ਼ ਖਾਲਸਾ ਦੀਵਾਨ ਮੌਜੂਦ ਹੈ ਜੋ ੧੮-੧੯ ਵਰ੍ਹੇ ਤੋਂ ਪੰਥ ਦੀ ਭਾਰੀ ਸੇਵਾ ਕਰ ਰਿਹਾ ਹੈ ਹੋਰ ਕਿਸੇ Central) ਜਥੇ ਦੇ ਬਨਾਉਣ ਦੀ ਲੋੜ ਨਹੀਂ। ੧੯ ਵਰ੍ਹੇ ਹੋਏ ਜਦੋਂ ਕਿ ਨਵੰਬਰ ਸੰਨ ੧੯੦੧ ਵਿਚ ਸਮੂਹ ਪੰਥ ਪਿਆਰਿਆਂ ਨੇ ਇਕੱਤਰ ਹੋ ਕੇ ਚੀਫ਼ ਖਾਲਸਾ ਦੀਵਾਨ ਦੀ ਬੁਨਿਆਦ ਰੱਖੀ ਸੀ ਤੇ ਇਸ ਲਈ ਪਹਿਲੀ ਪ੍ਰਬੰਧਕ ਕਮੇਟੀ ਬਣਾਈ ਗਈ ਸੀ, ਜਿਸ ਵਿਚ ਹਰ ਇਲਾਕੇ ਦੀਆਂ ਸਭ ਸਿੰਘ ਸਭਾਵਾਂ ਦੇ ਚੁਣਵੇਂ ਪ੍ਰਤੀਨਿਧ ਸ਼ਾਮਲ ਸਨ ਤੇ ਉਦੋਂ ਤੋਂ ਪੰਥ ਦਾ ਇਹ ਸਾਂਝਾ ਸ਼੍ਰੋਮਣੀ ਦੀਵਾਨ ਪੰਥ ਦੀ ਸੇਵਾ ਕਰ ਰਿਹਾ ਹੈ। ਇਹ ਗੱਲ ਪੰਥਕ ਜਥੇਬੰਦੀ ਨੂੰ ਤੋੜਨ ਵਾਲੀ ਹੋਵੇਗੀ ਕਿ ਹੁਣ ੧੯ ਵਰ੍ਹੇ ਲਾ ਕੇ ਜੋ ਜਥਾ ਬਣਿਆ ਹੈ ਉਸ ਨੂੰ ਤੋੜ ਕੇ ਨਵਾਂ ਬਣਾਇਆ ਜਾਵੇ ਇਹ ਵਤੀਰਾ ਕਿ ਅੱਜ ਇਕ ਜਥਾ ਬਣਾਈਏ ਥੋੜ੍ਹੇ ਚਿਰ ਮਗਰੋਂ ਕੁਝ ਕਾਰਨਾਂ ਕਰ ਕੇ ਉਸ ਦੇ ਵਿਰੋਧੀ ਪੈਦਾ ਹੋ ਜਾਣ ਤਾਂ ਉਸ ਨੂੰ ਤੋੜਨ ਤੇ ਨਵਾਂ ਬਣਾਉਣ ਦਾ ਯਤਨ ਕਰੀਏ ਪੰਥਕ ਜਥੇਬੰਦੀ ਦਾ ਘਾਤਕ ਹੋਵੇਗਾ। ਇਕ ਤਾਂ ਇਸ ਤਰ੍ਹਾਂ ਕਦੇ ਆਪਣੇ ਆਪ ਵਿਚ ਜਥੇਬੰਦੀ ਮੁਕੰਮਲ ਹੋ ਨਹੀਂ ਸਕਦੀ ਤੇ ਦੂਜੇ ਪੰਥ ਦਾ ਸਾਰਾ ਬਲ ਪਿਛਲੇ ਜਥੇ ਨੂੰ ਤੋੜਨ ਤੇ ਨਵੇਂ ਨੂੰ ਬਨਾਉਣ ਤੇ ਪਰਸਪਰ ਖੈਹਮਖੈਹ ਵਿਚ ਖ਼ਰਚ ਹੁੰਦਾ ਰਹੇਗਾ, ਜੋ ਪੰਥ ਉਨਤੀ ਲਈ ਮਹਾਨ ਹਾਨੀਕਾਰਕ ਹੈ।

ਕੁਝ ਚਿਰ ਤੋਂ ਕਿਸੇ ਪਾਸਿਓਂ ਰਾਇ ਵਿਰੋਧ ਕਰ ਕੇ ਤੇ ਕੁਝ ਇਖ਼ਤਲਾਫ਼ ਰਾਇ ਪਿਛੇ ਚੀਫ਼ ਖਾਲਸਾ ਦੀਵਾਨ ਦੀ ਕੁਝ ਸੱਜਣਾਂ ਵੱਲੋਂ ਵਿਰੋਧਤਾ ਹੋ ਰਹੀ ਹੈ ਤੇ **ਵਿਰੋਧੀ ਜਾਂ ਨੁਕਤਾਚੀਨ ਨਜਾਇ ਤੋਂ ਕੰਮ ਨਹੀਂ ਲੈ ਰਹੇ।** ਬਹੁਤ ਸਾਰੇ ਸੱਜਣ ਜਾਤੀ ਕਾਰਣਾ ਕਰ **ਕੇ ਵਿਰੋਧੀਆਂ ਦੇ ਧਨ ਦੇ ਲਾਲਚ, ਪੰਥਕ ਜਥੇਬੰਦੀ ਦਾ ਘਾਤ ਕਰ ਰਹੇ** ਹਨ ਤੇ ਕਈ ਸਾਲ ਤੋਂ ਇਹ ਯਤਨ ਜਾਰੀ ਹੈ। ਜੋ ਆਪਣੇ ਆਪ ਨੂੰ ਦੀਵਾਨ ਦੇ ਨਿਰਪਖ ਨੁਕਤਾਚੀਨ ਦਸਦੇ ਹਨ ਉਨ੍ਹਾਂ ਦੀਵਾਨ ਦੇ ਵਿਰੁੱਧ ਤਾਂ ਬਹੁਤ ਕੁਝ ਕੀਤਾ ਹੈ। ਪਰੰਤੂ ਦੀਵਾਨ ਦੇ ਚੰਗੇ ਕੰਮ ਦੀ ਉਪਮਾ ਨੂੰ ਲੁਕਾਇਆ ਹੈ ਤੇ ਜੇ ਕਿਧਰੇ ਕਦੇ ਪ੍ਰਗਟ ਕਰਨਾ ਪਿਆ ਵੀ ਹੋਵੇ ਤਾਂ ਪਿੱਛੇ ਸੁਟਿਆ ਹੈ ਅਤੇ ਕਦੇ ਵੀ ਜਾਤੀ ਵਿਰੋਧੀ ਨਿੰਦਾ

ਨੂੰ ਵੀ ਮਾੜਾ ਆਖਣਾ ਤਾਂ ਕੀ ਅਸੰਮਤੀ ਵੀ ਪ੍ਰਗਟ ਨਹੀਂ ਕੀਤੀ। ਜਿਸ ਤੋਂ ਸਿੱਧ ਹੈ ਕਿ ਇਹ ਨੁਕਤਾਚੀਨ ਨਜਾਇਜ਼ ਨਹੀਂ ਕਰ ਰਹੇ ਤੇ ਇਹੋ ਦੀਵਾਨ ਨੂੰ ਨਾਜ਼ਾਇਜ਼ ਬਦਨਾਮ ਕਰਨ ਤੇ ਮਾੜਾ ਆਖਣ ਦਾ ਵਤੀਰਾ ਹੀ ਪੰਥਕ ਜਥੇਬੰਦੀ ਨੂੰ ਧਾਗੇ ਧਾਗੇ ਕਰਨ ਦਾ ਯਤਨ ਹੈ। ਤੇ ਪਹਿਲੀ ਗੱਲ ਜੋ ਪੰਥਕ ਜਥੇਬੰਦੀ ਨੂੰ ਪੱਕਿਆਂ ਕਰਨ ਲਈ ਜ਼ਰੂਰੀ ਹੈ, ਉਹ ਇਸ ਵਤੀਰੇ ਨੂੰ ਛਡਣਾ ਤੇ ਇਸ ਨੂੰ discourage ਕਰਨਾ ਹੈ।

ਦੂਜੇ ਗੱਲ ਜੋ ਪੰਥਕ ਜਥੇਬੰਦੀ ਨੂੰ ਪਕਿਆਂ ਕਰਨ ਲਈ ਜ਼ਰੂਰੀ ਹੈ ਉਹ ਇਹ ਹੈ ਕਿ ਹਰ ਇਕ ਸਿੰਘ ਸਭਾ ਤੇ ਦੀਵਾਨ, ਚੀਫ਼ ਖਾਲਸਾ ਦੀਵਾਨ ਨਾਲ ਸਬੰਧਤ ਹੋਵੇ ਤੇ ਆਪਣੇ ਚੋਣਵੇਂ ਯੋਗ ਪ੍ਰਤੀਨਿਧ ਭੇਜੇ। ਇਸ ਤਰ੍ਹਾਂ ਸਾਡੇ ਪੰਥਕ ਜਥੇ ਇਕੋ ਲੜੀ ਵਿਚ ਪਰੋਤੇ ਜਾਣਗੇ ਤੇ ਹਰ ਥਾਂ ਦੇ ਚੁਣਵੇਂ ਸੱਜਣ ਦੀਵਾਨ ਵਿਚ ਆ ਕੇ ਆਪਣੇ ਤਨ, ਮਨ ਤੇ ਰਾਇ ਦੁਆਰਾ ਦੀਵਾਨ ਦੇ ਸਹਾਈ ਹੋ ਸਕਣਗੇ ਤੇ ਇਸ ਤਰ੍ਹਾਂ ਬਹੁਤ ਸਾਰਾ ਰਾਇਦਾ ਵਿਰੋਧ ਪਰਸਪਰ ਮੇਲ ਜੋਲ ਨਾਲ ਮਿਟ ਜਾਵੇਗਾ ਤੇ ਜੋ ਕੰਮ ਹੁਣ ਨਾਲੋ ਵਧੀਕ ਯਤਨ ਦੀ ਲੋੜ ਰੱਖਦੇ ਹੈਨ ਉਹ ਵੀ ਪੂਰੇ ਜ਼ੋਰ ਨਾਲ ਹੋ ਸਕਣਗੇ। ਚਾਹੀਦਾ ਹੈ ਕਿ ਸਾਰੇ ਵੀਰ ਚੀਫ਼ ਖਾਲਸਾ ਦੀਵਾਨ ਵਿਚ ਸ਼ਾਮਲ ਹੋਣ ਤੇ ਰਲਕੇ ਕੰਮ ਕਰਨ ਤੇ ਹਰ ਇਕ ਰਾਏ ਤੇ ਪਰਸਪਰ ਪ੍ਰੀਤੀ ਪ੍ਰੇਮ ਨਾਲ ਵਿਚਾਰ ਹੋਵੇ। ਨਿਯਮਾਂ ਅਨੁਸਾਰ ਸਭਾਵਾਂ ਤੇ ਦੀਵਾਨ ਸਬੰਧਤ ਹੋ ਕੇ ਪ੍ਰਤੀਨਿਧ ਭੇਜ ਸਕਦੇ ਹਨ ਤੇ ਜਥੇਬੰਦੀ ਮੁਕੰਮਲ ਹੋ ਸਕਦੀ ਹੈ।

ਅਸਲ ਵਿਚ ਇਕ ਇਹੋ ਹੀ ਤਰੀਕਾ ਜਥੇਬੰਦੀ ਨੂੰ ਮੁਕੰਮਲ ਕਰਨ ਦਾ ਹੈ।

ਇਸੇ ਤਰ੍ਹਾਂ ਹਰ ਇਕ ਸੱਜਣ (ਸਿੱਖ) ਚੀਫ਼ ਖਾਲਸਾ ਦੀਵਾਨ ਦਾ ਸਹਾਇਕ ਬਣੇ ਤੇ ਫੈਲੋਜ਼ ਆਦਿ ਰਜਿਸਟਡ ਹੋ ਕੇ ਮੈਂਬਰ ਭੇਜਣ ਤੇ ਹੋਰ ਪ੍ਰੇਮੀ ਤੇ ਕੰਮ ਕਰਨ ਵਾਲੇ ਯਤਨ ਕਰਨ ਕਿ ਦੀਵਾਨ ਦੀ ਵਧੀਕ ਸਹਾਇਤਾ ਕੀਤੀ ਜਾਵੇ। ਜੋ ਮਦਦ ਹੁਣ ਤਕ ਹੋਣੀ ਹੈ। ਸਖ਼ਤ ਮੁਖਾਲਫ਼ਤ ਦੇ ਹੁੰਦਿਆਂ ਵੀ ਦੀਵਾਨ ਨੇ ਉਸ ਨਾਲੋਂ ਬਹੁਤ ਵਧੀਕ ਸੇਵਾ ਕੀਤੀ ਹੈ ਤੇ ਜੇਕਰ ਇਹ ਵਿਰੋਧਤਾ ਬੰਦ ਕੀਤੀ ਜਾਵੇ ਤੇ ਵਧੀਕ ਸਹਾਇਤਾ ਕੀਤੀ ਜਾਵੇ ਤਦ ਪੰਥ ਨੂੰ ਬਹੁਤ ਲਾਭ ਪਹੁੰਚ ਸਕਦਾ ਹੈ।

ਜੋ ਨੁਕਤਾਚੀਨੀ ਅਕਾਲੀ ਦੇ ਦੋ ਪਰਚਿਆਂ ਵਿਚ ਦੀਵਾਨ ਦੇ ਨਿਯਮਾਂ ਤੇ (ਖ਼ਾਸ ਕਰ ਨਿਯਮ ੮ ਤੇ ਛਪੀ ਸੀ ਉਸ ਤੇ ਵੀ ਮੈਂ ਵਿਚਾਰ ਭੇਜਾਂਗਾ ਆਸ਼ਾ ਰਖਦਾ ਹਾਂ ਜੋ ਆਪ ਉਕਤ ਨੁਕਤਾਚੀਨੀ ਦਾ ਮੇਰਾ ਭੇਜਿਆ ਉਤਰ ਜ਼ਰੂਰ ਆਪਣੇ ਅਖ਼ਬਾਰ ਵਿਚ ਪ੍ਰਕਾਸ਼ ਕਰ ਦਿਓਗੇ ਤੇ ਮੇਰੀ ਇਹ ਬੇਨਤੀ ਵੀ ਅਖ਼ਬਾਰ ਵਿਚ ਪ੍ਰਕਾਸ਼ ਕਰ ਦਿਓਗੇ।

ਅਕਾਲੀ ਲਾਹੌਰ, ੭ ਅਕਤੂਬਰ ੧੯੨੦

ਜਥੇਬੰਦੀ

ਭਾਈ ਕਰਤਾਰ ਸਿੰਘ ਜੀ ਝਬਰ

ਚੀਫ਼ ਖਾਲਸਾ ਦੀਵਾਨ ਕੋਈ ਪ੍ਰਤੀਨਿਧ ਜਥਾ ਨਹੀਂ ਹੈ। ਇਹ ਕੇਵਲ ਤਿੰਨ ਚਾਰ ਵਿਉਪਾਰੀ ਆਦਮੀਆਂ ਨੇ ਪੈਸੇ ਅਤੇ ਇੱਜ਼ਤ ਦੀ ਖ਼ਾਤਰ ਧੋਖੇ ਵਿਚ ਸ਼ਿਕਾਰ ਖੇਲਣ ਲਈ ਇਕ ਆੜ ਬਣਾਈ ਹੋਈ ਹੈ। ਇਨ੍ਹਾਂ ਨੇ ਚਾਰ ਲੱਖ ਰੁਪਏ ਦੇ ਲਾਲਚ ਨੂੰ (ਜੋ ਕਿ ਟ੍ਰਸਟੀ ਬਣ ਕੇ ਹੜਪ ਕੀਤਾ ਗਿਆ ਹੈ) ਕਦੇ ਨਹੀਂ ਛਡਣਾ ਅਤੇ ਕਦੇ ਵੀ ਕਿਸੇ ਜਥੇਬੰਦੀ ਵਿਚ ਸ਼ਾਮਲ ਨਹੀਂ ਹੋਣਾ ਭਾਵੇਂ ਸਾਰੀ ਕੌਮ ਅੱਜ ਮਿੱਟੀ ਵਿਚ ਮਿਲ ਜਾਵੇ। ਮੇਰੀ ਰਾਇ ਵਿਚ ਆਉਣ ਵਾਲੀ ਸਿੱਖ ਲੀਗ ਤੇ ਇਸ ਗੱਲ ਤੇ ਇਕ ਖ਼ਾਸ ਜੋੜ ਮੇਲ ਕਰ ਕੇ ਨਵਾਂ ਖਾਲਸਾ ਦੀਵਾਨ ਬਨਾਉਣ ਲਈ ਵਿਚਾਰ ਕੀਤੀ ਜਾਵੇ।

ਭਾਈ ਲਧਾ ਸਿੰਘ ਜੀ

(ਸਕਤਰ ਗੁਰਦੁਆਰਾ ਕਮੇਟੀ ਮੇਮਿਊ ਬਰਮਾਂ)

ਚੀਫ਼ ਖਾਲਸਾ ਦੀਵਾਨ ਦਾ ਸਾਰੇ ਪੰਥ ਦੀ ਮਰਜ਼ੀ ਅਨੁਸਾਰ ਸੁਧਾਰ ਹੋਣਾ ਚਾਹੀਦਾ ਹੈ ਤਾਂ ਜੋ ਇਹ ਸਾਰੇ ਪੰਥ ਦਾ ਪ੍ਰਤੀਨਿਧ ਸ਼੍ਰੋਮਣੀ ਜਥਾ ਬਣ ਜਾਵੇ ਦੂਜੇ ਇਹ ਜਥਾ ਕੇਵਲ ਧਾਰਮਿਕ ਅਤੇ ਵਿਦਿਅਕ ਕੰਮ ਹੀ ਕਰੇ। ਰਾਜਸੀ ਕੰਮ ਸਿੱਖ ਲੀਗ ਨੂੰ ਕਰਨੇ ਚਾਹੀਦੇ ਹਨ।

ਭਾਈ ਹਰਜਸ ਸਿੰਘ ਜੀ

(ਸੇਵਕ ਖਾਲਸਾ ਦੀਵਾਨ ਧੂਰੀ)

ਜਦ ਤਕ ਪੰਥ ਦਾ ਇਕ ਸਾਂਝਾ ਜਥਾ ਨਾ ਬਣ ਜਾਵੇ ਕੌਮ ਦਾ ਕੰਮ ਕਦੇ ਰਾਸ ਨਹੀਂ ਹੋਣਾ। ਇਸ ਲਈ ਜਲਦੀ ਹੀ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਇਸ ਨੂੰ ਕੌਮ ਦਾ ਪ੍ਰਤੀਨਿਧ ਜਥਾ ਬਣਾਉਣਾ ਚਾਹੀਦਾ ਹੈ।

ਭਾਈ ਬੁਢਾ ਸਿੰਘ ਜੀ ਵੈਦ

ਪੰਥ ਨੂੰ ਜਥੇਬੰਦ ਕਰਨ ਲਈ ਇਕ ਲੜੀ ਵਿਚ ਪਰੋਣ ਹਿਤ ਪੰਚਾਇਤੀ ਅਸੂਲਾਂ ਅਨੁਸਾਰ ਬਣੇ ਹੋਏ ਸ਼੍ਰੋਮਣੀ ਜਥੇ ਦੀ ਬੜੀ ਲੋੜ ਹੈ। ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਇਸ ਨੂੰ ਹੀ ਸੁਰਜੀਤ ਕੀਤਾ ਜਾਵੇ।

ਭਾਈ ਲਛਮਣ ਸਿੰਘ ਜੀ

(ਸਿੱਖ ਭੁਜੰਗਣ ਆਸ਼ਰਮ ਧਾਰੋਵਾਲ ਚੱਕ ੩੩)

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕੀਤਾ ਜਾਵੇ ਪਰ ਜੇਕਰ ਉਹ ਸੁਧਾਰ ਕਰਨਾ ਨਾ ਮੰਨੇ ਅਤੇ ਆਪਣੀ ਅਰੀਂਗੜੀ ਪਰੀਂਗੜੀ ਵਿਚ ਹੀ ਪੰਥ ਸੇਵਾ ਸਮਝੇ ਤਾਂ ਉਹਨਾਂ ਨੂੰ ਆਪਣੀ ਧੁਨ ਵਿਚ ਲਗਾ ਰਹਿਣ ਦਿੱਤਾ ਜਾਵੇ ਗੁਰੂ ਪੰਥ ਆਪਣਾ ਵੱਖਰਾ ਨਵਾਂ ਜਥਾ ਬਣਾ ਲਵੇ।

ਮਾਸਟਰ ਗੁਰਬਖਸ਼ ਸਿੰਘ ਜੀ, ਚਤਰਥ ਬੀ. ਏ.

(ਹੈਡ ਮਾਸਟਰ ਖਾਲਸਾ ਸਕੂਲ ਢੁਡਿਆਲ)

ਆਪ ਦੀ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕੀਤਾ ਜਾਵੇ ਅਤੇ ਅੱਗੇ ਨੂੰ ਦੀਵਾਨ ਰਾਜਸੀ ਕੰਮਾਂ ਵਿਚ ਲੱਤ ਨਾ ਅੜਾਵੇ।

ਸ: ਚਰਨ ਸਿੰਘ ਜੀ, ਐਮ. ਐਸ. ਸੀ.

(ਪ੍ਰੋਫ਼ੈਸਰ ਖਾਲਸਾ ਕਾਲਜ ਅੰਮ੍ਰਿਤਸਰ)

ਆਪ ਦੀ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਕੇਵਲ ਸਮਾਜਿਕ ਅਤੇ ਧਾਰਮਿਕ ਕੰਮ ਇਸ ਦੇ ਸਪੁਰਦ ਕੀਤਾ ਜਾਵੇ। ਵਿਦਿਅਕ ਕੰਮ ਲਈ ਵਿਦਿਅਕ ਕਮੇਟੀ ਹੈ। ਉਸ ਵਿਚ ਉਚ ਵਿਦਿਆ ਵਾਲੇ ਪੜ੍ਹੇ ਲਿਖੇ ਸੱਜਣ ਬਹੁਤੇ ਮੈਂਬਰ ਹੋਣ। ਰਾਜਸੀ ਕੰਮ ਸਿੱਖ ਲੀਗ ਦੇ ਸਪੁਰਦ ਕੀਤਾ ਜਾਵੇ। ਜਿਥੋਂ ਤਕ ਹੋ ਸਕੇ ਕੌਮ ਵਿੱਚੋਂ ਫੁਟ ਨੂੰ ਕੱਢਣ ਦਾ ਯਤਨ ਕਰਨਾ ਚਾਹੀਦਾ ਹੈ।

ਮਾਸਟਰ ਸਾਹਿਬ ਸਿੰਘ, ਜੀ ਬੀ. ਏ.

(ਖਾਲਸਾ ਹਾਈ ਸਕੂਲ ਗੁਜਰ ਖਾਂ)

ਆਪ ਦੀ ਰਾਇ ਵੀ ਇਹੋ ਹੀ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ, ਰਾਜਸੀ, ਵਿਦਿਅਕ ਅਤੇ ਧਾਰਮਿਕ ਕੰਮ ਵਖੋ ਵਖਰੇ ਜਥਿਆਂ ਦੇ ਸਪੁਰਦ ਕੀਤੇ ਜਾਣ।

ਅਕਾਲੀ ਲਾਹੌਰ, ੧੦ ਅਕਤੂਬਰ ੧੯੨੦

ਜਥੇਬੰਦੀ

ਭਾਈ ਤੇਜਾ ਸਿੰਘ ਜੀ ਭਸੌੜ

(ਸੇਵਕ ਪੰਚ ਖ਼ਾਲਸਾ ਦੀਵਾਨ ਭਸੌੜ)

'ਪੰਚ ਖਾਲਸਾ ਦੀਵਾਨ' ਪੰਥ ਦਾ ਪ੍ਰਤੀਨਿਧ ਦੀਵਾਨ ਬਣ ਸਕਦਾ ਹੈ। ਇਸ ਦੇ ਨਿਯਮਾਂ ਤੇ ਉਪਨਿਯਮਾਂ ਤੇ ਵਿਚਾਰ ਕੀਤੀ ਜਾਵੇ।

ਸਰਦਾਰ ਆਤਮਾਂ ਸਿੰਘ ਜੀ

(ਸਬ ਅਸਿਸਟੰਟ ਸਰਜਨ ਗੋਜਰਾ)

ਘਟ ਤੋਂ ਘਟ ਸੌ ਨੇਮੀ ਪ੍ਰੇਮੀ ਸਿੰਘ ਅਜਿਹੇ ਨਿਤਰਨ ਜੋ ਰਹਿਤ ਬਹਿਤ ਵਿਚ ਪੂਰੇ ਹੋਣ। ਹਰ ਰੋਜ਼ ਸੁਭਾ ਸ਼ਾਮ

ਦੀਵਾਨ ਵਿਚ ਹਾਜ਼ਰ ਹੋਇਆ ਕਰਨ ਅਤੇ ਜੇ ਕੋਈ ਭੁਲ ਹੋ ਜਾਵੇ ਤਾਂ ਸੰਗਤ ਕੋਲੋਂ ਬਖ਼ਸ਼ਾਇਆ ਕਰਨ। ਅਜਿਹੇ ਸੌ ਸਿੱਖਾਂ ਦਾ 'ਅਕਾਲੀ ਜਥਾ' ਸ੍ਰੀ ਅੰਮ੍ਰਿਤਸਰ ਜੀ ਵਿਚ ਰਹੇ ਅਤੇ ਸਾਰੇ ਸ਼ਹਿਰਾਂ ਤੇ ਪਿੰਡਾਂ ਵਿਚ ਇਸ ਦੇ ਹੇਠਾਂ ਹੋਰ ਜਥੇ ਹੋਣ। ਰਾਜਸੀ, ਧਾਰਮਿਕ, ਵਿਦਿਅਕ, ਸਮਾਜਿਕ ਜਥੇ ਵਖਰੇ ਵਖਰੇ ਬਣਾਉਣ ਦੀ ਕੋਈ ਲੋੜ ਨਹੀਂ ਅਗੇ ਲਗਣ ਵਾਲੇ ਆਗੂ ਲਾਇਕ, ਨਿਰਪੱਖ, ਅਤੇ ਕੁਰਬਾਨੀ ਕਰਨ ਵਾਲੇ ਸੱਜਣ ਹੋਣ। ਨਿਰਾਪੁਰਾ ਧਨਾਢ ਲੋਕਾਂ ਦੇ ਪਿਛੇ ਪਿਆਂ ਵੀ ਕੱਖ ਨਹੀਂ ਬਣਨਾ।

ਸਰਦਾਰ ਬੂਟਾ ਸਿੰਘ ਜੀ ਚੀਮਾ

(ਖਾਲਸਾ ਦੀਵਾਨ ਮਾਝਾ)

ਮੇਰੀ ਰਾਇ ਹੈ ਕਿ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕੀਤਾ ਜਾਵੇ ਅਤੇ ਫੁੱਟ ਨੂੰ ਪੰਥ ਵਿੱਚੋਂ ਕੱਢਿਆ ਜਾਵੇ।

ਸਰਦਾਰ ਗੰਗਾ ਸਿੰਘ ਜੀ

(ਕਾਲਰ ਖਾਲਸਾ ਦੀਵਾਨ ਰਈਆ)

ਆਪ ਬੜੀ ਲੰਬੀ ਚੌੜੀ ਚਿਠੀ ਵਿਚ ਜਥੇਬੰਦੀ ਤੇ ਡੂੰਘੀ ਵਿਚਾਰ ਕਰਦੇ ਹਨ। ਸ਼ੋਕ ਹੈ ਕਿ ਥਾਂ ਦੀ ਤੰਗੀ ਕਰ ਕੇ ਅਸੀਂ ਸਾਰੀ ਚਿੱਠੀ ਛਾਪਣ ਤੋਂ ਅਸਮਰਥ ਹਾਂ। ਆਪ ਦੀ ਰਾਇ ਹੈ ਕਿ ਅੱਜ ਕਲ੍ਹ ਸਾਰੇ ਜਥੇ ਮਾਇਆ ਦੀ ਥੁੜ ਕਰ ਕੇ ਪ੍ਰਚਾਰ ਨਹੀਂ ਕਰ ਸਕਦੇ। ਇਸ ਲਈ 'ਦਸਵੰਦ' ਦਾ ਅਸੂਲ ਪੂਰੀ ਤਰ੍ਹਾਂ ਪ੍ਰਚਲਿਤ ਕੀਤਾ ਜਾਵੇ। ਦੂਸਰੀ ਗੱਲ ਜਿਸ ਤੇ ਆਪਣੇ ਜ਼ੋਰ ਦਿੱਤਾ ਹੈ ਉਹ ਇਹ ਹੈ ਕਿ ਪਿੰਡਾਂ ਵਿਚ ਬੜੇ ਜ਼ੋਰ ਨਾਲ ਪ੍ਰਚਾਰ ਕੀਤਾ ਜਾਵੇ। ਹਰ ਇਕ ਕੰਮ ਪੇਂਡੂ ਅਤੇ ਸ਼ਹਿਰੀ ਸੱਜਣ ਰਲ ਕੇ ਕਰਨ।

ਭਾਈ ਮੱਖਣ ਸਿੰਘ ਜੀ ਕੋਹਮਰੀ

ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਦੇ ਸੁਧਾਰ ਲਈ ਪੰਥ ਦਾ ਇਕ ਬੜਾ ਭਾਰੀ ਦੀਵਾਨ ਕੀਤਾ ਜਾਵੇ ਜਿਸ ਵਿਚ ਦੀਵਾਨ ਤੇ ਸਿੱਖ ਲੀਗ ਦੇ ਮੈਂਬਰ, ਸਿੰਘ ਸਭਾਵਾਂ ਤੇ ਪੰਥਕ ਆਸ਼ਰਮਾਂ ਦੇ ਪ੍ਰਬੰਧਕ, ਅਖ਼ਬਾਰਾਂ ਦੇ ਐਡੀਟਰ ਸਭ ਦਰਸ਼ਨ ਦੇਣ ਉਥੇ ਜੋ ਫ਼ੈਸਲਾ ਹੋਵੇ ਸਭ ਮੰਨਣ।

ਅਕਾਲੀ ਲਾਹੌਰ, ੧੧ ਅਕਤੂਬਰ ੧੯੨੦

ਜਥੇਬੰਦੀ

ਪੰਥ ਦਰਦੀਆਂ ਦੀਆਂ ਚਿੱਠੀਆਂ ਅਤੇ ਰਾਵਾਂ ਪੜ੍ਹ ਕੇ ਸੱਜਣਾਂ ਨੇ ਵਿਚਾਰਲਿਆ ਹੋਣਾ ਹੈ ਕਿ ਪੰਥ ਇਸ ਲੋੜ ਨੂੰ ਕਿਸ ਦਰਦ ਨਾਲ ਅਨੁਭਵ ਕਰ ਰਿਹਾ ਹੈ। ਜਦ ਸਾਰਾ ਪੰਥ ਹੀ ਇਸ ਗੱਲ ਦੀ ਜ਼ਰੂਰਤ ਸਮਝਦਾ ਹੈ ਤਾਂ ਫਿਰ ਕੋਈ ਕਾਰਨ ਨਹੀਂ ਕਿ ਜਥੇਬੰਦੀ ਨਾ ਹੋਵੇ। ਵਾਹਿਗੁਰੂ ਜੀ ਨੇ ਉਹ ਦਿਨ ਛੇਤੀ ਲਿਆਉਣ ਵਾਲਾ ਹੈ ਜਦੋਂ ਪੰਥ ਦਾ ਇਕੋ ਸ਼੍ਰੋਮਣੀ ਜਥਾ ਹੋਵੇਗਾ। ਜੋ ਪੰਥ ਦੀ ਅਵਾਜ਼ ਅਤੇ ਅਧਿਕਾਰਾਂ ਦੀ ਅਗਵਾਈ ਕਰੇਗਾ।

ਅਸੀਂ ਨਹੀਂ ਚਾਹੁੰਦੇ ਕਿ ਪੰਥ ਨੂੰ ਇਕੱਠਾ ਕਰਨ ਲਈ ਘੜੀ ਘੜੀ ਖੇਚਲ ਦਿੱਤੀ ਜਾਵੇ। ਸਿੱਖ ਲੀਗ ਦਾ ਸਮਾਗਮ ਦੁਸਹਿਰੇ ਦੇ ਦਿਨਾਂ ਵਿਚ ਹੋਣਾ ਹੈ। ਸਾਰੇ ਪੰਥ ਨੇ ਸੁਤੇ ਸਿੱਧ ਇਕਠੇ ਹੋਣਾ ਹੈ। ਇਸ ਲਈ ਕੁਝ ਪੰਥ ਪਿਆਰਿਆਂ ਵੱਲੋਂ ਸਦਾ ਪੱਤਰ ਭੇਜਿਆ ਜਾਵੇ ਅਤੇ ਇਸੇ ਅਦੁਤੀ ਮਿਥੇ ਹੋਏ ਸਮਾਗਮ ਤੋਂ ਲਾਭ ਉਠਾਇਆ ਜਾਵੇ ਬਹੁਤ ਹੀ ਚੰਗਾ ਹੈ। ਇਸ ਮੌਕੇ ਤੇ ਸੱਜਣਾਂ ਦੀਆਂ ਰਾਵਾਂ ਤੋਂ ਲਾਭ ਉਠਾਕੇ ਪੰਥ ਦੀ ਅਸਲੀ ਅਵਾਜ਼ ਅਤੇ ਚਾਲ ਦੀ ਜਾਣਕਾਰੀ ਹਾਸਲ ਕਰ ਸਕਦੇ ਹਾਂ।

ਸੋ ਆਸ਼ਾ ਹੈ ਕਿ ਛੇਤੀ ਹੀ ਸੱਦਾ ਪੱਤਰ ਭੇਜਿਆ ਜਾਵੇਗਾ। ਸਭ ਪੰਥ ਪਿਆਰਿਆਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਸ ਮੌਕੇ ਤੇ ਆਪਣੇ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ।

ਅਕਾਲੀ ਲਾਹੌਰ, ੧੩ ਅਕਤੂਬਰ ੧੯੨੦

ਜਥੇਬੰਦੀ

ਸ: ਤੇਜਾ ਸਿੰਘ ਜੀ

(ਮੈਨੇਜਰ ਖਾਲਸਾ ਹਾਈ ਸਕੂਲ ਕੈਰੋਂ)

ਪੰਥ ਵਿਚ ਅਜਿਹੇ ਧਾਰਮਿਕ ਦੀਵਾਨ ਦੀ ਭਾਰੀ ਲੋੜ ਹੈ ਜਿਸ ਉਤੇ ਕੁਲ ਪੰਥ ਨੂੰ ਭਰੋਸਾ ਹੋਵੇ। ਬੜਾ ਚੰਗਾ ਹੁੰਦਾ ਜੋ ਐਸ ਵੇਲੇ ਪੰਥ ਦੀ ਦਰਦਨਾਕ ਹਾਲਤ ਨੂੰ ਵੇਖ ਕੇ ਚੀਫ਼ ਖਾਲਸਾ ਦੀਵਾਨ ਦੇ ਕਰਤੇ ਧਰਤੇ ਆਪਣੇ ਬਣਾਏ ਹੋਏ ਨਿਯਮਾਂ ਨੂੰ ਪੰਥ ਦੇ ਹਵਾਲੇ ਕਰ ਕੇ ਬੇਨਤੀ ਕਰਦੇ ਕਿ ਪੰਥ ਜੋ ਤਬਦੀਲੀ ਚਾਹੇ ਕਰ ਲਵੇ। ਇਸ ਤਰ੍ਹਾਂ ਕਰਨ ਨਾਲ ਪੰਥ ਦੀ ਫੁਟ (ਜਿਸ ਦੀ ਜੜ ਚੀਫ਼ ਖਾਲਸਾ ਦੀਵਾਨ ਦੇ ਹੀ ਮਾਲਕ ਸਮਝੇ ਜਾਂਦੇ ਹਨ) ਦੂਰ ਹੋ ਜਾਂਦੀ। ਪਰ ਨੂੰ ਇਹ ਬੇਨਤੀਆਂ ਕਰਦਿਆਂ ਨੂੰ ਕਈ ਸਾਲ ਹੋ ਗਏ ਹਨ ਦੀਵਾਨ ਦੇ ਪ੍ਰਬੰਧਕ ਇਹਨਾਂ ਬੇਨਤੀਆਂ ਨੂੰ ਰੱਦੀ ਦੀ ਟੋਕਰੀ ਵਿਚ ਸੁਟਣ ਦੀ ਖੇਚਲ ਨੂੰ ਹੀ ਵੱਧ ਸਮਝਦੇ ਹਨ। ਇਸ ਲਈ ਪੰਥ ਵਿਚ ਨਵਾਂ ਦੀਵਾਨ ਜ਼ਰੂਰ ਬਣਨਾ ਚਾਹੀਦਾ ਹੈ ਅਤੇ ਇਸ ਗੱਲ ਨੂੰ ਦਿਲ ਵਿੱਚੋਂ ਕੱਢ ਦੇਣਾ ਚਾਹੀਦਾ ਹੈ ਕਿ ਸ਼ਾਇਦ ਚੀਫ਼ ਖਾਲਸਾ ਦੀਵਾਨ ਕਦੇ ਪੰਥ ਦੀ ਮੰਨ ਹੀ ਲਵੇ।

ਸਰਦਾਰ ਗੰਗਾ ਸਿੰਘ ਜੀ

(ਪੰਜਾਬ ਕੌਲ ਕੰਪਨੀ, ਗੋਲਪੁਰ ਜੇਹਲਮ)

ਆਪ ਦੀ ਰਾਇ ਹੈ ਕਿ ਜੇਕਰ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਸਕੇ ਤਾਂ ਜ਼ਰੂਰ ਕਰਨਾ ਚਾਹੀਦਾ ਹੈ। ਸਾਰੇ ਦੇ ਸਾਰੇ ਮੈਂਬਰ ਸਿੱਖੀ ਅਸੂਲ ਅਨੁਸਾਰ ਚੁਣੇ ਹੋਏ ਹੋਣੇ ਚਾਹੀਦੇ ਹਨ। ਰਈਸਾਂ ਜਾਂ ਹੋਰ ਧਨਾਢ ਪੁਰਸ਼ਾਂ ਦਾ ਕੋਈ ਖ਼ਾਸ ਹੱਕ ਨਾ ਰੱਖਿਆ ਜਾਵੇ। ਪਰ ਜੇ ਚੀਫ਼ ਖਾਲਸਾ ਦੀਵਾਨ ਗੁਰੂ ਪੰਥ ਦੀ ਰਾਇ ਦੀ ਕੋਈ ਪ੍ਰਵਾਹ ਨਾ ਕਰੇ ਤਾਂ ਫੇਰ ਬਹੁਤ ਛੇਤੀ ਇਕ ਨਵਾਂ ਜਥਾ ਬਣਾ ਲੈਣਾ ਚਾਹੀਦਾ ਹੈ, ਦੀਵਾਨ ਦੇ ਸੁਧਾਰ ਨੂੰ ਉਡੀਕਦਿਆਂ ਕਈ ਵਰ੍ਹੇ ਬੀਤ ਚੁਕੇ ਹਨ। ਕੌਮ ਦਾ ਬਹੁਤ ਨੁਕਸਾਨ ਹੋ ਚੁਕਿਆ ਹੈ। ਹੁਣ ਦੇਰੀ ਨਹੀਂ ਕਰਨੀ ਚਾਹੀਦੀ।

ਭਾਈ ਨੌਰੰਗ ਸਿੰਘ ਜੀ

(ਐਡੀਟਰ 'ਵਿਦਿਆ' ਅੰਮ੍ਰਿਤਸਰ)

ਜੇ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋ ਜਾਵੇ ਤਾਂ ਵਾਹ ਭਲਾ, ਨਹੀਂ ਤਾਂ ਪੰਥ ਇਕ ਹੋਰ ਜਥਾ ਬਣਾ ਲਵੇ ਅਤੇ ਮੌਜੂਦਾ ਦੀਵਾਨ ਦੀ ਪੂੰਜੀ ਤੇ ਕਾਬਜ਼ ਹੋ ਜਾਵੇ। ਹੁਣ ਹੋਰ ਉਡੀਕਣਾ ਬਹੁਤ ਹੀ ਹਾਨੀਕਾਰਕ ਹੈ।

ਸ: ਬਲਵੰਤ ਸਿੰਘ ਜੀ ਬੀ. ਏ.

(ਸਕੱਤਰ ਸ੍ਰੀ ਗੁਰੂ ਨਾਨਕ ਕਲੱਬ ਸੱਯਦ)

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਭਾਈਚਾਰਕ, ਮਜਹਬੀ ਪ੍ਰਚਾਰ ਆਦਿਕ ਕੰਮ ਦੀਵਾਨ ਕਰੇ। ਵਿਦਿਅਕ ਕੰਮ, ਵਿਦਿਅਕ ਕਮੇਟੀ ਦੇ ਸਪੁਰਦ ਕੀਤਾ ਜਾਵੇ। ਰਾਜਸੀ ਕੰਮ 'ਸਿੱਖ ਲੀਗ' ਕਰ ਹੀ ਰਹੀ ਹੈ। ਸੁਧਾਰ ਛੇਤੀ ਹੋਣਾ ਚਾਹੀਦਾ ਹੈ ਕਿਉਂ ਕਿ ਪੰਥ ਦਾ ਦਿਨੋਂ ਦਿਨ ਨੁਕਸਾਨ ਹੋ ਰਿਹਾ ਹੈ।

ਅਕਾਲੀ ਲਾਹੌਰ, ੧੫ ਅਕਤੂਬਰ ੧੯੨੦

ਚੀਫ਼ ਖਾਲਸਾ ਦੀਵਾਨ ਦੀ ਗਰਾਵਟ ਦੇ ਕਾਰਨ

(ਵੱਲੋਂ ਸ੍ਰੀਮਾਨ ਮਾ: ਤਾਰਾ ਸਿੰਘ ਜੀ ਲਾਇਲਪੁਰ)

ਮੈਨੂੰ ਚੀਫ਼ ਖਾਲਸਾ ਦੀਵਾਨ ਦੇ ਇਕ ਜ਼ਿੰਮੇਵਾਰ ਸੱਜਣ ਨੂੰ ਮਿਲਣ ਤੇ ਪਤਾ ਲਗਾ ਕਿ ਦੀਵਾਨ ਦੇ ਸੱਜਣਾਂ ਦੇ ਦਿਲਾਂ ਵਿਚ ਚੀਫ਼ ਖਾਲਸਾ ਦੀਵਾਨ ਦੀ ਲੋਕਾਂ ਦੀ ਨਜ਼ਰਾਂ ਵਿੱਚੋਂ ਗਰਾਵਟ ਦੇ ਗਲਤ ਕਾਰਨ ਬੈਠੇ ਹੋਏ ਹਨ। ਉਨ੍ਹਾਂ ਦੇ ਖ਼ਿਆਲ ਵਿਚ ਜ਼ਾਤੀ ਦੁਸ਼ਮਣੀਆਂ ਹੀ ਕਾਰਨ ਹਨ। ਮੈਂ ਇਹ ਨਹੀਂ ਕਹਿੰਦਾ ਕਿ ਜ਼ਾਤੀ ਦੁਸ਼ਮਣੀਆਂ

ਦਾ ਕੋਈ ਹਿੱਸਾ ਇਸ ਗਿਰਾਵਟ ਵਿਚ ਨਹੀਂ। ਪਰ ਨਿਰਾ ਏਹੋ ਕਾਰਣ ਸਮਝਣਾ ਲੋਕਾਂ ਨੂੰ ਬੇ-ਸਮਝ ਕਹਿਣਾ ਹੈ ਤੇ ਯਾਦ ਰਖੋ ਕਿ ਦੂਜਿਆਂ ਨੂੰ ਬੇਸਮਝ ਕਹਿਣਾ ਜਾਂ ਸਮਝਣ ਤੋਂ ਵਧ ਤੁਸੀਂ ਕੋਈ ਹੋਰ ਸਬੂਤ ਆਪਣੀ ਬੇਸਮਝੀ ਦਾ ਨਾ ਹੀ ਦੇ ਸਕਦੇ। ਇਹ ਆਦਮੀ ਦੇ ਸੁਭਾਅ ਵਿਚ ਹੈ ਕਿ ਉਹ ਹਮੇਸ਼ਾਂ ਆਪਣੀ ਗ਼ਲਤੀ ਦੂਜੇ ਦੇ ਸਿਰ ਥੱਪਦਾ ਹੈ। ਹੁਣ ਦੀਵਾਨ ਦੇ ਸੱਜਣ ਆਪਣੇ ਵਿਚ ਕੋਈ ਕਮਜ਼ੋਰੀ ਜਾਂ ਗ਼ਲਤੀ ਲੱਭਣ ਦੀ ਥਾਂ ਆਪਣੇ ਮਨ ਨੂੰ ਇਸ ਖ਼ਿਆਲ ਨਾਲ ਤਸੱਲੀ ਦੇਂਦੇ ਹਨ ਕਿ ਉਨ੍ਹਾਂ ਵਿਚ ਤਾਂ ਕੋਈ ਗ਼ਲਤੀ ਨਹੀਂ ਇਹ ਗ਼ਲਤੀ ਲੋਕਾਂ ਵਿਚ ਹੀ ਹੈ। ਇਸ ਤਰ੍ਹਾਂ ਨਾਲ ਉਹ ਆਪਣੇ ਆਪ ਵਿਚ ਕੋਈ ਦਰੁਸਤੀ ਨਹੀਂ ਕਰ ਸਕਦੇ ਤੇ ਗਰਾਵਟ ਦੀ ਹੁਣ ਇਹ ਹਦ ਪੁਜ ਗਈ ਹੈ ਕਿ ਦੀਵਾਨ ਦੇ ਕਾਰਕੁਨ ਕਿਸੇ ਵੱਡੇ ਦੀਵਾਨ ਵਿਚ ਦਰਸ਼ਨ ਦੇਣਾ ਭੀ ਔਖਾ ਸਮਝਣ ਲਗ ਗਏ। ਇਸ ਵਾਸਤੇ ਮੈਂ ਜੋ ਕਾਰਨ ਦੀਵਾਨ ਦੀ ਗਰਾਵਟ ਦੇ ਸਮਝਦਾ ਹਾਂ ਉਹ ਹੇਠਾਂ ਸੰਖੇਪ ਕਰ ਕੇ ਲਿਖਦਾ ਹਾਂ ਕਿ ਦੀਵਾਨ ਦੇ ਕਾਰਕੁਨ ਜਾਂ ਦੀਵਾਨ ਨੂੰ ਸੁਧਾਰਨ ਵਾਲੇ ਜਾਂ ਨਵਾਂ ਦੀਵਾਨ ਬਣਾਉਣ ਵਾਲੇ ਇਨ੍ਹਾਂ ਗੱਲਾਂ ਨੂੰ ਵਿਚਾਰਨ ਤੇ ਜੇ ਕੋਈ ਗੱਲ ਉਨ੍ਹਾਂ ਨੂੰ ਠੀਕ ਭਾਸੇ ਤਾਂ ਅਗੇ ਲਈ ਯਾਦ ਰੱਖਣ :-

੧. ਪਹਿਲਾਂ ਕਾਰਨ ਇਹ ਹੈ ਕਿ ਦੀਵਾਨ ਦੀ ਅਜਿਹੀ ਬਨਾਵਟ ਹੈ ਕਿ ਇਸਦੀ ਤਬਦੀਲੀ ਮੌਜੂਦ ਕਾਰਕੁਨਾਂ ਦੇ ਹੱਥ ਹੈ ਤੇ ਇਹ ਕਾਰਕੁਨ ਅਜੇਹੇ ਹਨ ਜੋ ਇਸ ਗੱਲ ਦਾ ਬੜਾ ਧਿਆਨ ਰੱਖਦੇ ਹਨ ਕਿ ਕਿਸੇ ਤਰ੍ਹਾਂ ਇਹ ਤਾਕਤ ਇਨ੍ਹਾਂ ਦੇ ਹਥੋਂ ਨਾ ਨਿਕਲੇ। ਮੈਂ ਇਸ ਗਲ ਨੂੰ ਬੁਰਾ ਨਹੀਂ ਕਹਿ ਸਕਦਾ ਪਰ, ਜਿਸ ਵੇਲੇ ਇਹ ਖਾਹਿਸ਼ ਹੋਵੇ ਤੇ ਆਪਣੇ ਆਪ ਵਿਚ ਜਮਾਨੇ ਦੀ ਚਾਲ ਨਾਲ ਚਲਨ ਦੀ ਅਕਲ ਜਾਂ ਹਿੰਮਤ ਨਾ ਹੋਵੇ ਤਾਂ ਇਹ ਸਖ਼ਤ ਔਗੁਣ ਬਣ ਜਾਂਦੀ ਹੈ। ਜ਼ਮਾਨਾਂ ਉਨ੍ਹਾਂ ਨੂੰ ਪਰੇ ਸੁਟਦਾ ਹੈ ਤੇ ਉਹ ਕਈ ਵਸੀਲੇ ਆਪਣੇ ਪੈਰ ਪਕੇ ਕਰਨ ਦੇ ਕਰਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਇਸ ਜਮਾਨੇ ਦੇ ਹੜ ਦਾ ਪਾਣੀ ਜੋ ਉਹ ਰੋਕੀ ਰਖਦੇ ਹਨ ਇਤਨਾ ਜਮ੍ਹਾ ਹੋ ਜਾਂਦਾ ਹੈ ਕਿ ਜਦ ਬੰਨ੍ਹ ਟੁਟਦਾ ਹੈ ਤਾਂ ਸਭ ਕੁਝ ਹੜ ਵਿਚ ਰੁੜ੍ਹਿਆ ਜਾਂਦਾ ਹੈ। ਐਨ ਉਹੋ ਵੇਲਾ ਆਇਆ ਜਾਪਦਾ ਹੈ। ਮੌਜੂਦਾ ਕਾਰਕੁਨ ਨਾ ਤਾਂ ਆਪ ਜਮਾਨੇ ਨਾਲ ਬਦਲੇ ਤੇ ਨਾ ਉਨਾਂ ਨਵੇਂ ਜ਼ਮਾਨੇ ਦਾ ਲਹੂ ਦੀਵਾਨ ਦੀਆਂ ਰਗਾਂ ਵਿਚ ਆਉਣ ਦਿੱਤਾ। ਪੁਰਾਣਾ ਲਹੂ ਹੁਣ ਦੇ ਹਾਲਾਤ ਦੇ ਮੁਆਫਕ ਨਹੀਂ ਤੇ ਦੀਵਾਨ ਦੇ ਜਿਸਮ ਦੀ ਸਖ਼ਤ ਨਿਰਬਲਤਾ ਹੋ ਗਈ ਹੈ। ਮੈਂ ਇਥੇ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਪਹਿਲਾਂ ਜਦ ਦੀਵਾਨ ਬਣਿਆ ਤਾਂ ਦੀਵਾਨ ਦਾ ਕੰਮ ਨਿਰਾ ਪ੍ਰਚਾਰ ਹੀ ਸੀ। ਫਿਰ ਜਦ ਦੀਵਾਨ ਨੇ ਤਾਲੀਮ ਦੀ ਲਹਿਰ ਉਠਦੀ ਵੇਖੀ ਤਾਂ ਇਸ ਕੰਮ ਵਿਚ ਭੀ ਦੀਵਾਨ ਨੇ ਕੌਮ ਦੀ ਰਾਹਬਰੀ ਕੀਤੀ। ਜਿਸ ਨਾਲ ਦੀਵਾਨ ਦੀ ਕਦਰ ਹੋਰ ਭੀ ਕੌਮ ਵਿਚ ਵਧ ਗਈ। ਪਰ ਇਥੇ ਭੀ ਦੀਵਾਨ ਨੇ ਇਹ ਗਲਤੀ ਖਾਧੀ ਕਿ ਕੌਮ ਉਤੇ ਇਤਬਾਰ ਕਰਨ ਦੀ ਥਾਂ ਤਾਲੀਮ ਨੂੰ ਆਪਣੇ ਹੱਥ ਹੇਠਾਂ ਰੱਖਣ ਦੀ ਹਰ ਚਲ ਚਲੀ। ਫਿਰ ਕੌਮ ਵਿਚ ਮੁਲਕੀ ਖ਼ਿਆਲਾਤ ਦੀ ਲਹਿਰ ਉੱਠੀ। ਚਾਹੀਦਾ ਤਾਂ ਇਹ ਸੀ ਕਿ ਇਸ ਵਿਚ ਭੀ ਦੀਵਾਨ ਕੌਮ ਦੀ ਰਾਹਬਰੀ ਕਰਦਾ ਤੇ ਜ਼ਮਾਨੇ ਨਾਲ ਆਪਣਾ ਵਤੀਰਾ ਬਦਲ ਲੈਂਦਾ। ਜੇਕਰ ਇਹ ਹਿੰਮਤ ਦੀਵਾਨ ਦੇ ਕਾਰਕੁਨਾਂ ਵਿਚ ਨਹੀਂ ਸੀ ਤਾਂ ਪਿਛੇ ਹਟ ਜਾਂਦੇ ਤੇ ਹੋਰ ਹਿੰਮਤ ਵਾਲਿਆਂ ਨੂੰ ਕੰਮ ਕਰਨ ਦੇਂਦੇ। ਪਰ ਦੀਵਾਨ ਦੇ ਕਾਰਕੁਨਾਂ ਨੇ ਹਰ ਤਰ੍ਹਾਂ ਇਸ ਲਹਿਰ ਨੂੰ ਰੋਕਣ ਦਬਾਣ ਤੇ ਹਟਾਣ ਦਾ ਯਤਨ ਕੀਤਾ। ਜੇ ਲੋੜ ਪਈ ਤਾਂ ਸਾਰੀ ਗੱਲ ਖੋਲ੍ਹ ਕੇ ਦਸਾਂਗਾ। ਕਈਆਂ ਨੂੰ ਧਮਕੀਆਂ ਦਿੱਤੀਆਂ ਗਈਆਂ, ਕਈਆਂ ਨੂੰ ਔਖਾ ਕੀਤਾ ਗਿਆ ਤੇ ਕਈਆਂ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ। ਇਸ ਤਰ੍ਹਾਂ ਦੀਵਾਨ ਨੇ ਜ਼ਮਾਨੇ ਦੇ ਰਾਹ ਵਿਚ ਪੱਥਰ ਸੁਟੇ। ਪਰ ਇਹ ਹੜ ਨਾ ਕਦੇ ਰੁਕਾ ਹੈ ਤੇ ਨਾ ਰੁਕ ਸਕਦਾ ਹੈ। ਅਖ਼ੀਰ ਨਤੀਜਾ ਇਹ ਨਿਕਲਿਆ ਕਿ ਇਹ ਹੜ ਦਾ ਜ਼ੋਰ ਤਿਨਾ ਵਧਿਆ ਜੋ ਹੁਣ ਨਜ਼ਰ ਆ ਰਿਹਾ ਹੈ।

ਦੂਜਾ ਕਾਰਨ ਇਹ ਹੈ ਕਿ ਦੀਵਾਨ ਨੇ ਸ਼ੁਰੂ ਤੋਂ ਹੀ ਲੋਕਾਂ ਤੇ ਇਤਬਾਰ ਨਹੀਂ ਕੀਤਾ। ਪਹਿਲਾਂ ਬਣੇ ਕਾਇਦਿਆਂ ਵਿਚ ਹੀ ਸ਼ਕ ਦੀ ਬੂ ਆਉਂਦੀ ਹੈ ਫਿਰ ਤਾਲੀਮੀ ਕਾਨਫ਼ਰੰਸ ਦੇ ਕਾਇਦਿਆਂ ਵਿਚ ਹੋਰ ਸ਼ਕ ਨਜ਼ਰ ਆਉਂਦਾ ਹੈ। ਇਹ ਠੀਕ ਹੈ ਕਿ ਸ਼ੱਕ ਦੇ ਪੇਟੋਂ ਹੀ ਸ਼ੱਕ ਜੰਮਦਾ ਹੈ। ਜਦ ਦੀਵਾਨ ਨੇ ਲੋਕਾਂ ਤੇ ਇਤਬਾਰ ਨਹੀਂ ਕੀਤਾ ਤੇ ਹੌਲੀ ਹੌਲੀ ਲੋਕਾਂ ਦੇ ਦਿਲਾਂ ਵਿਚ ਭੀ ਦੀਵਾਨ ਵੱਲੋਂ ਬੇਇਤਬਾਰੀ ਹੋ ਗਈ। ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਦੀਵਾਨ ਦੇ ਕਈ ਕਾਰਕੁਨਾਂ ਦੇ ਦਿਲ ਵਿਚ ਆਮ ਲੋਕਾਂ ਦੀ ਅਕਲ ਦਾ ਅੰਦਾਜ਼ਾ ਬਹੁਤ ਘਟੀਆ ਹੈ। ਉਹ ਇਹ ਸਮਝਦੇ ਹਨ ਕਿ ਉਹ ਪੇਚਦਾਰ ਲਫ਼ਜ਼ਾਂ ਜਾਂ ਦੋ ਚਾਰ ਹੰਝੂ ਵਗਾ ਦੇਣ ਨਾਲ ਜਾਂ ਮੀਸਣੀਆਂ ਮੀਸਣੀਆਂ

ਨਿਰਮਾਣ ਗੱਲਾਂ ਕਰਨ ਨਾਲ ਲੋਕਾਂ ਨੂੰ ਪਰਚਾ ਸਕਦੇ ਹਨ। ਗਲ ਕਰੋ ਤਾਂ ਰੋਣ ਲਗ ਜਾਂਦੇ ਹਨ, ਦਲੀਲ ਪੁਛੋ ਤਾਂ ਪ੍ਰੇਮ ਰੋੜ੍ਹਨ ਲਗ ਪੈਂਦੇ ਹਨ। ਆਦਮੀਆਂ ਵਾਂਙੂ ਆਦਮੀਆਂ ਨਾਲ ਗਲ ਕਰਦੇ ਹੀ ਨਹੀਂ। ਇਹੋ ਜਿਹੀਆਂ ਗੱਲਾਂ ਕਈ ਬੁਧੂਆਂ ਨੂੰ ਪਰਚਾ ਲੈਂਦੀਆਂ ਹਨ, ਸਗੋਂ ਕਈਆਂ ਨੂੰ ਚੇਲੇ ਭੀ ਬਣਾ ਦੇਂਦੀਆਂ ਹਨ, ਪਰ ਕੌਮ ਸਾਰੀ ਨੂੰ ਕਦੇ ਧੋਖਾ ਨਹੀਂ ਦੇ ਸਕਦੀਆਂ।

੩ ਤੀਜੀ ਗਲ ਇਹ ਹੈ ਕਿ ਦੀਵਾਨ ਦੀ ਤਾਕਤ ਹੋ ਜਾਣ ਕਰ ਕੇ ਕਈ ਸਵਾਰਥੀ ਲੋਕ ਆਪਣੇ ਜਾਤੀ ਫਾਇਦੇ ਦੇਖ ਕੇ ਦੀਵਾਨ ਵਿਚ ਸ਼ਾਮਲ ਹੋ ਗਏ। ਦੀਵਾਨ ਦੇ ਕਾਰਕੁਨਾਂ ਨੇ ਜਾਂ ਤਾਂ ਆਪਣੀ ਬੇਸਮਝੀ ਕਰ ਕੇ ਜਾਂ ਆਪਣੀ ਤਾਕਤ ਵਧਾਉਣ ਲਈ ਇਨ੍ਹਾਂ ਲੋਕਾਂ ਨੂੰ ਹਥਿਆਰ ਬਣਾਉਣ ਲਈ ਨਾਲ ਲਿਆ। ਇਹ ਲੋਕ ਜੋ ਅੱਗੇ ਹੀ ਪਬਲਿਕ ਵਿਚ ਬਦਨਾਮ ਸਨ, ਆਪਣੀ ਬਦਨਾਮੀ ਬਦਨਾਮ ਦੀਵਾਨ ਵਿਚ ਨਾਲ ਹੀ ਲੈ ਆਏ। ਉਨ੍ਹਾਂ ਨੂੰ ਤਾਂ ਜਜੀਆ ਜਾਂ ਮੁਨਸਫ਼ੀਆਂ ਦੀ ਚਾਹ ਸੀ ਉਨ੍ਹਾਂ ਨੂੰ ਦੀਵਾਨ ਦੇ ਹਾਨ ਲਾਭ ਨਾਲ ਕੀ। ਦੀਵਾਨ ਦੇ ਕਾਰਕੁਨ ਇਨ੍ਹਾਂ ਲੋਕਾਂ ਦੀ ਅਸਲੀਅਤ ਨੂੰ ਨਾ ਸਮਝੇ ਤੇ ਆਪ ਭੀ ਨਾਲ ਹੀ ਗਲੇ। ਮੈਨੂੰ ਇਸ ਦਾ ਪਤਾ ਹੈ ਕਿ ਕਈ ਇਲਾਕੇ ਦੇ ਇਲਾਕੇ ਸਿਰਫ਼ ਦੀਵਾਨ ਦੇ ਇਸ ਕਰ ਕੇ ਮੁਖ਼ਾਲਫ਼ ਹੋ ਗਏ ਕਿ ਉਨ੍ਹਾਂ ਦਾ ਕੋਈ ਇਤਬਾਰੀ ਸੱਜਣ ਉਥੇ ਕੰਮ ਕਰਦਾ ਸੀ, ਜਿਸ ਤੇ ਲੋਕ ਇਤਹਾਰ ਨਹੀਂ ਸਨ ਕਰਦੇ। ਅਜਿਹੇ ਸੱਜਣਾਂ ਦੇ ਕਾਰਨਾਮਿਆਂ ਨੇ ਦੀਵਾਨ ਨੂੰ ਬੜਾ ਖ਼ਰਾਬ ਕੀਤਾ ਹੈ।

੪ ਚੌਥਾ ਕਾਰਨ ਦੀਵਾਨ ਦੇ ਕਈ ਸੱਜਣਾਂ ਦਾ ਆਪਣਾ ਅਸਲੀ ਅਸੂਲ ਤੋਂ ਗਿਰ ਜਾਣਾ ਹੈ। ਮੇਰਾ ਮਤਲਬ ਇਹ ਹੈ ਕਿ ਕਈ ਸੱਜਣਾਂ ਨੇ ਗੁਰੂ ਡੰਮ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਸ ਗੱਲ ਤੇ ਮੈਂ ਬਹੁਤ ਲਿਖਣਾ ਨਹੀਂ ਚਾਹੁੰਦਾ ਕਿਉਂਕਿ ਹੁਣ ਇਸ ਸਿਲਸਲੇ ਵਿਚ ਘਾਟਾ ਪੈ ਰਿਹਾ ਹੈ।

ਜਾਤੀ ਦੁਸ਼ਮਣੀ ਜੋ ਦੀਵਾਨ ਵੱਲੋਂ ਕਾਰਨ ਦਸੀ ਜਾਂਦੀ ਹੈ, ਮੈਂ ਉਸ ਤੇ ਯਕੀਨ ਨਹੀਂ ਕਰਦਾ, ਕਿਉਂਕਿ ਮੈਨੂੰ ਪੱਕਾ ਨਿਸਚਾ ਹੈ ਕਿ ਕੋਈ ਬਿਮਾਰੀ ਕਿਸੇ ਜਿਸਮ ਤੇ ਅਸਰ ਨਹੀਂ ਕਰ ਸਕਦੀ ਜਦ ਤੀਕ ਉਸ ਜਿਸਮ ਵਿਚ ਕੋਈ ਅਜਿਹਾ ਨੁਕਸ ਨਾ ਹੋਵੇ ਜੋ ਉਸ ਬੀਮਾਰੀ ਨੂੰ ਜੜ ਪਕੜਨ ਵਿਚ ਮਦਦ ਦੇਵੇ। ਮੈਨੂੰ ਇਹ ਪੱਕਾ ਨਿਸਚਾ ਹੈ ਕਿ ਜੇਕਰ ਘਰ ਵਿਚ ਕੋਈ ਨੁਕਸ ਨਾ ਹੋਵੇ ਤਾਂ ਬਾਹਿਰ ਦੀ ਬਾਰਸ਼ ਦਾ ਕੋਈ ਡਰ ਨਹੀਂ ਹੈ। ਇਸ ਵਾਸਤੇ ਜੇਕਰ ਜਾਤੀ ਦੁਸ਼ਮਨੀ ਦਾ ਕੋਈ ਅਸਰ ਹੋਇਆ ਹੈ ਤਾਂ ਇਸ ਕਾਰਨ ਕਿ ਦੀਵਾਨ ਵਿਚ ਉਪਰ ਦਸੇ ਨੁਕਸ ਸਨ।

ਮੈਂ ਆਪਣੀ ਰਾਇ ਇਸ ਗੱਲ ਤੇ ਨਹੀਂ ਦੇ ਸਕਦਾ ਕਿ ਨਵਾਂ ਦੀਵਾਨ ਬਣਾਇਆ ਜਾਵੇ ਜਾਂ ਇਸ ਦਾ ਹੀ ਸੁਧਾਰ ਕੀਤਾ ਜਾਵੇ। ਮੈਂ ਉਨ੍ਹਾਂ ਵਿੱਚੋਂ ਹਾਂ ਜੋ ਇਸ ਦੀਵਾਨ ਦਾ ਹੀ ਸੁਧਾਰ ਚਾਹੁੰਦੇ ਹਨ। ਪਰ ਇਸ ਦੀਵਾਨ ਦਾ ਸੁਧਾਰ ਮੌਜੂਦਾ ਕਾਰਕੁਨਾਂ ਦੇ ਹੱਥ ਵਿਚ ਹੀ ਹੈ। ਕਾਇਦਿਆਂ ਅਨੁਸਾਰ ਪੰਥ ਕੁਝ ਨਹੀਂ ਕਰ ਸਕਦਾ। ਜੇਕਰ ਪੰਥ ਜ਼ੋਰ ਪਾ ਕੇ ਮੌਜੂਦਾ ਕਾਰਕੁਨਾਂ ਪਾਸੋਂ ਸੁਧਾਰ ਕਰਾ ਲਵੇਂ ਤਾਂ ਚੰਗਾ ਹੈ, ਪਰ ਇਸ ਗੱਲ ਵਿਚ ਕਾਫ਼ੀ ਸ਼ੱਕ ਹੈ। ਜੇਕਰ ਕਾਰਕੁਨ ਇਹ ਕਰਨ ਨੂੰ ਤਿਆਰ ਨਾ ਹੋਵਣ ਤਾਂ ਨਵਾਂ ਦੀਵਾਨ ਬਣਾਉਣ ਤੋਂ ਬਿਨਾਂ ਹੋਰ ਕੀ ਚੰਗਾ ? ਸਿਰਫ਼ ਮੈ ਇਤਨਾ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਅਸੀਂ ਇਸ ਦੀਵਾਨ ਨੂੰ ਸੁਧਾਰੀਏ ਤੇ ਭਾਵੇਂ ਨਵਾਂ ਦੀਵਾਨ ਬਣਾਵੀਏ, ਪਿਛਲੇ ਤਜਰਬੇ ਤੋਂ ਫ਼ਾਇਦਾ ਉਠਾਣਾ ਚਾਹੀਦਾ ਹੈ ਤੇ ਯਤਨ ਕਰਨਾ ਚਾਹੀਦਾ ਹੈ ਕਿ ਮੌਜੂਦਾ ਹਾਲਤ ਮੁੜ ਕਿਸੇ ਜ਼ਮਾਨੇ ਵਿਚ ਨਾ ਹੋਵੇ।

ਕਿਰਪਾਨ ਦੀ ਖੁਲ੍ਹ ਅਤੇ ਫ਼ੌਜੀ ਖਾਲਸਾ

ਸਾਡੇ ਕੋਲ ਕਈ ਸਿੱਖ ਸੰਗਤਾਂ ਵੱਲੋਂ ਗੁਰਮਤੇ ਅਤੇ ਕਈ ਸੱਜ ਣਾਂ ਵੱਲੋਂ ਚਿੱਠੀਆਂ ਪਹੁਚੀਆਂ ਹਨ ਕਿ ਜਦੋਂ ਫ਼ੌਜੀ ਖਾਲਸੇ ਨੂੰ ਕਿਰਪਾਨ ਰੱਖਣ ਦੀ ਖੁਲ੍ਹ ਦੇ ਦਿਤੀ ਤਾਂ ਫੇਰ ਜਿਹੜੇ ਸੱਜਣਾਂ ਨੂੰ ਕਿਰਪਾਨ ਸਬੰਧੀ ਸਜ਼ਾਵਾਂ ਮਿਲੀਆਂ ਹਨ ਉਹ ਸਭ ਮਾਫ਼ ਕਿਉਂ ਨਹੀਂ ਕੀਤੀਆਂ ਜਾਂਦੀਆਂ। ਸਾਡੇ ਖ਼ਿਆਲ ਵਿਚ ਵੀ ਇਹ ਗੱਲ ਬਿਲਕੁਲ ਵਾਜਬ ਹੈ ਕਿ ਜਦੋਂ ਸਰਕਾਰ ਨੇ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਖੁੱਲ੍ਹ ਦੇ ਦਿਤੀ ਹੈ ਤਾਂ ਫੇਰ ਸਜ਼ਾਵਾਂ ਮਾਫ਼ ਕਰਨ ਵਿਚ ਕੀ ਇਤਰਾਜ਼ ਹੋ ਸਕਦਾ ਹੈ।

ਪਰ ਖਾਲਸਾ ਜੀ ਇਹ ਗੱਲ ਸੁਣ ਕੇ ਹੋਰ ਵਧੇਰੇ ਹੈਰਾਨ ਹੋਣਗੇ ਕਿ ਫ਼ੌਜਾਂ ਵਿਚ ਕਿਰਪਾਨ ਦੀ ਖੁਲ੍ਹ ਹੋ ਜਾਣ ਤੋਂ ਪਿੱਛੋਂ ਵੀ ਸਜ਼ਾਵਾਂ ਮਿਲ ਰਹੀਆਂ ਹਨ। ਸਾਡੇ ਪਾਸ ਸਰਦਾਰ ਮੰਗਲ ਸਿੰਘ ਜੀ ਨੰ: ੨੧੧੭ ਤੁਰਪ ੩ ਰਸਾਲਾ

ਨੰ: ੨੨ ਛਾਉਣੀ ਰਸਾਵਲਪੁਰ ਦੀ ੫ ਅਕਤੂਬਰ ਦੀ ਲਿਖੀ ਹੋਈ ਚਿੱਠੀ ਆਈ ਹੈ ਕਿ ਉਨ੍ਹਾਂ ਨੂੰ ਕਿਰਪਾਨ ਪਹਿਨਣ ਦੇ ਅਪਰਾਧ ਵਿਚ ੨੦ ਦਿਨ ਦੀ ਕੋਟਗਾਰਦ (ਕੁਵਾਰਟ ਗਾਰਡ) ਦੀ ਸਜਾ ਮਿਲੀ ਹੈ। ਭਾਈ ਮੰਗਲ ਸਿੰਘ ਨੇ ਆਪਣੇ ਬਿਆਨ ਵਿਚ ਆਖਿਆ ਕਿ ਫ਼ੌਜਾਂ ਵਿਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਖੁਲ੍ਹ ਮਿਲ ਚੁੱਕੀ ਹੈ। ਜਦ ਤੁਰਪ ਅਫ਼ਸਰ ਤੋਂ ਪੁਛਿਆ ਗਿਆ ਤਾਂ ਉਸ ਨੇ ਵੀ ਉਤਰ ਵਿਚ ਕਿਹਾ ਕਿ ਅਖਬਾਰਾਂ ਵਿਚ ਪੜ੍ਹ ਲਿਆ ਹੈ ਪਰ ਸਰਕਾਰੀ ਹੁਕਮ ਨਹੀਂ ਆਇਆ। ਬਸ ਕਮਾਨ ਅਫ਼ਸਰ ਨੇ ਝਟਪਟ ਬਿਨਾਂ ਸੋਚੇ ਸਮਝੇ ਸਜ਼ਾ ਦੇ ਦਿੱਤੀ।

ਅਵਲ ਤਾਂ ਉਸ ਅਫ਼ਸਰ ਦਾ ਫ਼ਰਜ਼ ਹੈ ਕਿ ਇਹੋ ਜਿਹੀਆਂ ਗੱਲਾਂ ਦੀ ਖਬਰ ਰਖੇ। ਪਰ ਜੇ ਉਹ ਇਤਨਾਂ ਹੀ ਭੋਂਦੂ ਹੈ ਤਾਂ ਉਸ ਨੂੰ ਚਾਹੀਦਾ ਸੀ ਕਿ ਮੁਕਦਮੇ ਨੂੰ ਵਿਚਾਰ ਗੋਚਰਾ ਰੱਖਕੇ ਆਪਣੇ ਉਤਲੇ ਹਾਕਮਾਂ ਕੋਲੋਂ ਪੁੱਛ ਲੈਂਦਾ ਪਰ ਨਹੀਂ ਝਟਪਟ ਗੋਰੇਸ਼ਾਹੀ ਹੁਕਮ ਚਾੜ੍ਹ ਦਿੱਤਾ।

ਅਸੀਂ ਖ਼ਾਸ ਤੌਰ ਤੇ ਫ਼ੌਜੀ ਅਫ਼ਸਰਾਂ ਨੂੰ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਸਾਰਾ ਦਿਨ ਵਿਚਾਰੇ ਸਿਪਾਹੀ ਲੋਕ ੧੧) ਤੇ ਕੁਲੀਆਂ ਵਾਂਗ ਕੰਮ ਕਰਕੇ ਕੁਤੇ ਦੀ ਮੌਤ ਮਰਦੇ ਹਨ। ਫੇਰ ਉਨ੍ਹਾਂ ਵਿਚਾਰੇ ਗਰੀਬਾਂ ਤੇ ਅੰਨ੍ਹੇਵਾਹ ਗੋਰੇਸ਼ਾਹੀ ਅਤੇ ਅਯੋਗ ਧੜੇਬਾਜ਼ੀ ਕਰਨਾ ਮੂਰਖਪੁਣਾ ਹੈ। ਲੋੜ ਹੈ ਕਿ ਬਹੁਤ ਛੇਤੀ ਹੀ ਕਿਰਪਾਨ ਸਬੰਧੀ ਸਭ ਦੰਡਤ ਸਿੱਖਾਂ ਨੂੰ ਮਾਫ਼ੀ ਦਿੱਤੀ ਜਾਵੇ।

ਅਕਾਲੀ ਲਾਹੌਰ ੧੭ ਅਕਤੂਬਰ ੧੯੨੦

ਜਥੇਬੰਦੀ

(ਵੱਲੋਂ ਸ. ਮੋਹਰ ਸਿੰਘ ਜੀ ਪਿਸ਼ਾਵਰ)

ਆਪ ਦੀ ਗਸ਼ਤੀ ਚਿੱਠੀ ਦੇ ਉੱਤਰ ਵਿਚ ਆਪ ਨੂੰ ਅਨੇਕਾਂ ਹੀ ਉੱਤਰ ਸ਼੍ਰੋਮਣੀ ਜਥੇ ਦੀ ਲੋੜ ਸਬੰਧੀ ਪੁਜ ਚੁਕੇ ਹਨ। ਬਾਹਲੇ ਇਸ ਮਜ਼ਮੂਨ ਪਰ ਹਨ ਕਿ ਚੀਫ਼ ਖਾਲਸਾ ਦੀਵਾਨ ਨੂੰ ਹੀ ਇਸ ਯੋਗ ਬਣਾਇਆ ਜਾਵੇ ਕਿ ਕੌਮ ਦਾ ਯੋਗ ਪ੍ਰਤੀਨਿਧ ਸਦਵਾ ਸਕੇ। ਜਿਸ ਥੀਂ ਏਹ ਸਪਸ਼ਟ ਤੌਰ ਤੇ ਪ੍ਰਗਟ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਨਾਲ ਕੌਮ ਦਾ ਪਿਆਰ ਤਾਂ ਜ਼ਰੂਰ ਹੈ ਪਰੰਤੂ ਉਨ੍ਹਾਂ ਦੇ ਖ਼ਿਆਲ ਵਿਚ ਇਹ ਜਥਾ ਆਪਣੇ ਨਿਯਮਾਂ ਅਥਵਾ ਮੈਂਬਰਾਂ ਵਿਚ ਅਦਲੀ ਬਦਲੀ ਮੰਗਦਾ ਹੈ।

ਮੇਰਾ ਕਈ ਸੱਜਣਾਂ ਨਾਲ ਇਸ ਵਿਸ਼ੇ ਪਰ ਗੱਲ ਬਾਤ ਕਰਨ ਦਾ ਮੌਕਾ ਹੋਇਆ ਹੈ ਅਤੇ ਇਹ ਪ੍ਰਸ਼ਨ ਕਰਨ ਪਰ ਕਿ ਆਪ ਜੀ ਨੂੰ ਦੀਵਾਨ ਦੇ ਨਿਯਮ ਮਲੂਮ ਹਨ ਅਥਵਾ ਕਦੇ ਪੜ੍ਹੇ ਹਨ ਅਰ ਨਿਯਮਾਂ ਦੀ ਕਾਪੀ ਦਸਣ ਪਰ ਭੀ ਕੋਈ ਦੂਸ਼ਨ ਦੱਸ ਨਹੀਂ ਸਕੇ। ਦੂਸਰਾ ਮੈਂਬਰਾਂ ਸਬੰਧੀ ਭੀ ਇਹੋ ਜਿਹਾ ਹੀ ਨਾ ਤਸੱਲੀ ਬਖਸ਼ ਉਤਰ ਮਿਲਦਾ ਹੈ।

ਮੈਂ ਦੀਵਾਨ ਦਾ ਮੈਂਬਰ ਹਾਂ, ਅੰਤ੍ਰਿੰਗ ਕਮੇਟੀ ਦਾ ਭੀ ਮੈਂਬਰ ਰਿਹਾ ਹਾਂ ਅਤੇ ਦੀਵਾਨ ਦੇ ਕੰਮ ਕਾਜ ਦਾ ਇਸ ਦੇ ਆਰੰਭ ਤੋਂ ਜਾਣੂ ਹਾਂ। ਦੀਵਾਨ ਦੀ ਪਾਲਿਸੀ, ਕੰਮ ਕਰ ਕੇ ਦਿਖਾਵਾ ਕਰਨ ਦੀ ਨਹੀਂ ਹੈ। ਨਿਯਮ ਨੇਕ ਨੀਯਤੀ ਨਾਲ ਤੇ ਕੌਮੀ ਪਿਆਰ ਨੂੰ ਮੁਖ ਰੱਖਕੇ ਬਣੇ ਹਨ। ਕਮੇਟੀਆਂ ਵਿਚ ਬਿਨਾਂ ਲਿਹਾਜ ਦੇ ਗੁਰੂ ਕੇ ਹਜ਼ੂਰ ਗੁਰਮਤੇ ਪੇਸ਼ ਹੋਂਵਦੇ ਹਨ ਅਤੇ ਵਿਚਾਰੇ ਜਾਂਦੇ ਹਨ।

ਦੇਸ਼ ਵਿਚ ਥੋੜ੍ਹੇ ਚਿਰ ਤੋਂ ਖ਼ਿਆਲ ਜ਼ਰਾ ਉਚੇ ਹੋਏ ਹੋਏ ਹਨ ਅਤੇ ਉਨ੍ਹਾਂ ਦਾ ਅਸਰ ਸਿੱਖ ਕੌਮ ਤੇ ਵੀ ਜ਼ਰੂਰ ਪੈਣਾ ਸੀ ,ਅਰ ਪਿਆ ਹੈ ਅਤੇ ਏਹੋ ਹੀ ਸਬਬ ਹੈ ਕਿ ਦੀਵਾਨ ਨੇ ਭੀ ਪੋਲੀਟੀਕਲ ਮੁਆਮਲਾਤ ਵਿਚ ਜ਼ਿਆਦਾ ਦਿਲਚਸਪੀ ਲਈ ਹੈ। ਪਰੰਤੂ ਸਿੱਖ ਲੀਗ ਦੇ ਕਾਇਮ ਹੋਵਣ ਕਰ ਕੇ ਕਈ ਸੱਜਣਾਂ ਦਾ ਇਹ ਖ਼ਿਆਲ ਹੈ ਕਿ ਦੀਵਾਨ ਸੱਜਣਾਂ ਦਾ ਇਹ ਖ਼ਿਆਲ ਹੈ ਕਿ ਦੀਵਾਨ ਪੋਲੀਟੀਕਲ ਮੁਆਮਲੇ ਵਿਚ ਦਖ਼ਲ ਬਿਲਕੁਲ ਨਾ ਦੇਵੇ। ਪਰ ਦੀਵਾਨਾਂ ਦੀ ਅੰਤ੍ਰਿੰਗ ਕਮੇਟੀ ਆਪਣੇ ਕਾਇਦਿਆਂ ਅਨੁਸਾਰ ਮਜ਼ਬੂਰ ਹੈ, ਜਦ ਤਕ ਸਭਾਵਾਂ ਦੇ ਪ੍ਰਤੀਨਿਧ ਜੋ ਦਵਿਾਨ ਦੇ ਮੈਂਬਰ ਹਨ। ਇਕਤਰ ਹੋਏ ਜੋ ਦੀਵਾਨ ਦੇ ਮੈਂਬਰ ਹਨ ਇਕਤਰ ਹੋਏ ਨਿਯਮਾਂ ਅਥਵਾ ਪਾਲਿਸੀ ਨੂੰ ਬਦਲਨ ਦੀ ਲੋੜ ਨੂੰ ਅਨੁਭਵ ਨਾ ਕਰਨ ਅਤੇ ਨਾ ਬਦਲਨ।

ਦੀਵਾਨ ਦਰ ਹਕੀਕਤ ਪੰਥ ਵਿਚ ਸ਼੍ਰੋਮਣੀ ਜਥਾ ਹੈ ਅਤੇ ਇਸ ਦੇ ਪਿਆਰ ਕਰਨ ਵਾਲੇ ਅਤੇ ਇਸ ਨੂੰ ਸੁਰਜੀਤ ਦੇਖਣ ਵਾਲੇ ਅਨੇਕਾਂ ਸੱਜਣ ਹਨ। ਇਸ ਵਾਸਤੇ ਮੈਂ ਆਪ ਨੂੰ ਖੁਲ੍ਹੇ ਲਫ਼ਜ਼ਾਂ ਵਿਚ ਲਿਖ ਦੇਣਾ ਯੋਗ ਸਮਝਦਾ ਹਾਂ ਕਿ ਇਕ ਹੋਰ 'ਜਥਾ ਇਸ ਦੇ ਮੁਕਬਲਾ ਵਿਚ ਖੜਾ ਕਰਨ ਨਾਲ ਕੌਮ ਵਿਚ ਸਦਾ ਲਈ ਦੋ ਧੜੇ ਬਣਾ ਦੇਣੇ ਹਨ ਅਤੇ ਜਿਹੜਾ ਬਲ ਪੰਥਕ ਉਸਾਰੀ ਪਰ ਖਰਚ ਹੋਣਾ ਹੈ ਉਹ ਉਲਟਾ ਨੁਕਸਾਨਦੇਹ ਸਾਬਤ ਹੋਵੇਗਾ।

ਉਹ ਸੱਜਣ ਭੀ ਜਿਹੜੇ ਦੀਵਾਨ ਨੂੰ ਨੁਕਸਾਨ ਸਹਿਤ ਮਲੂਮ ਕਰਦੇ ਹਨ ਬਿਲਕੁਲ (ਸਵਾਏ ਚੰਦ ਖੁਦਗਰਜ਼ ਸੱਜਣਾਂ ਦੇ) ਨੇਕ ਨਿਯਤੀ ਪਰ ਹਨ। ਪਰ ਦੋਨੋਂ ਖ਼ਿਆਲਾਂ ਦੇ ਸੱਜਣਾਂ ਵਿਚ ਨਿਗਾਹ ਦਾ ਫ਼ਰਕ ਕੇਵਲ ਗ਼ਲਤ ਫ਼ਹਿਮੀਆਂ ਪਰ ਹੈ। ਜੋ ਪਿਆਰੇ ਇਕੱਤਰ ਹੋ ਕੇ, ਵਿਚਾਰਕੇ ਦੂਰ ਕਰ ਸਕਦੇ ਹਨ।

ਲੋੜ ਹੈ ਤਾਂ ਇਹਨਾਂ ਗੱਲਾਂ ਦੀ :-

੧. ਸਿੰਘ ਸਭਾਵਾਂ ਅਥਵਾ ਹੋਰ ਸੁਸਾਇਟੀਆਂ ਜੋ ਸਬੰਧਤ ਹਨ, ਉਹ ਆਪਣੇ ਪ੍ਰਤੀਨਿਧ ਜੋ ਉਨ੍ਹਾਂ ਦੇ ਖ਼ਿਆਲਾਤ ਨੂੰ ਜ਼ਾਹਰ ਨਹੀਂ ਕਰਦੇ ਉਨ੍ਹਾਂ ਨੂੰ ਬਦਲਣ।

੨. ਜੋ ਸਭਾ ਸਬੰਧਤ ਨਹੀਂ ਉਹ ਸਬੰਧਤ ਕਰਾਵੇ, ਲਾਇਕ ਪ੍ਰਤੀਨਿਧ ਭਿਜਵਾਏ ਜਾਵਣ।

੩. ਦੀਵਾਨ ਵਿਚ ਅਥਵਾ ਦੀਵਾਨ ਦੇ ਮੈਂਬਰਾਂ ਵਿਚ ਕੋਈ ਨੁਕਸ ਭਾਸਣ ਤਾਂ ਪ੍ਰੇਮ ਦੀ ਦ੍ਰਿਸ਼ਟੀ ਨਾਲ ਵਿਚਾਰੇ ਜਾਣ, ਆਖ਼ਰ ਸਭ ਇਨਸਾਨ ਹੀ ਹਨ। ਅਭੁਲ ਕੇਵਲ ਗੁਰੂ ਕਰਤਾਰ ਹੈ।

੪. ਦੀਵਾਨ ਭੀ ਆਪਣੇ ਮੈਂਬਰਾਂ ਵਿਚ ਉਹਨ੍ਹਾਂ ਸੱਜਣਾਂ ਨੂੰ, ਜੋ ਪੰਥ ਦਰਦੀ ਹਨ ਅਤੇ ਜਿਨ੍ਹਾਂ ਨੂੰ ਪੰਥ ਸੇਵਾ ਦਾ ਚਾਅ ਹੋਵੇ, ਲਵੇ।

੫. ਸ਼੍ਰੋਮਣੀ ਜਥਾ ਇਕੋ ਹੋਵੇ। ਸਿੱਖ ਲੀਗ, ਐਜੂਕੁਸ਼ਨਲ ਕਮੇਟੀ, ਗੁਰਦੁਆਰਾ ਸੁਧਾਰ ਕਮੇਟੀ, ਪ੍ਰਚਾਰ ਕਮੇਟੀ, ਇਤਆਦ ਸਭ ਸ਼ਾਖਾਂ ਹੋਵਨ।

੬. ਜੇ ਕਦੇ ਪੋਲਿਟੀਕਲ ਮੁਆਮਲਾਤ ਵਲ ਰੁਚੀ ਦਾ ਵਧ ਜਾਣਾ ਦੀਵਾਨ ਦੀ ਬਨਾਟਵ ਵਿਚ ਕੋਈ ਤਬਦੀਲ ਮੰਗੇ ਤਾਂ ਕੀਤੀ ਜਾਵੇ ਅਤੇ ਫਿਰ ਜੇ ਸਰਕਾਰੀ ਨੌਕਰ ਦੀਵਾਨ ਦੇ ਮੈਂਬਰ ਨਾਂ ਰਹਿ ਸਕਣ ਤਾਂ ਉਹਨਾਂ ਨੂੰ ਅਲਹਿਦਾ ਹੋ ਜਾਣ ਲਈ ਕਿਹਾ ਜਾਵੇ।

੭. ਬਕਾਇਦਾ ਤੌਰ ਤੇ ਪਿਆਰ ਵਾਲੀ ਚਰਚਾ ਹੋਵੇ ਅਤੇ ਧੀਰਜ ਤੇ ਹੌਸਲਾ ਛੱਡ ਨਾ ਦਿਤਾ ਜਾਵੇ।

੮. ਬੁਰਛੇਗਰਦੀ ਵਾਲਾ ਵਤੀਰਾ (ਕੌਮੀ ਸੇਵਕਾਂ ਨੂੰ ਦੁਰਬਚਨਾਂ ਨਾਲ ਘਾਤ ਕਰਨ ਵਾਲਾ) ਜੋ ਸਿੱਖ ਕੌਮ ਦੀ ਸ਼ਾਨ ਨੂੰ ਵੱਟੇ ਲਾਉਣ ਵਾਲਾ ਹੈ, ਫੌਰਨ ਛੱਡ ਦਿੱਤਾ ਜਾਵੇ।

੯. ਸਿੱਖ ਲੀਗ ਭੀ ਆਪਣੇ ਕੰਮ ਦੀ ਸਫ਼ਲਤਾ ਅਤੇ ਆਪਣੇ ਪੇਸ਼ ਕੀਤੇ ਗੁਰਮਤਿਆਂ ਪਰ ਅਮਲ ਹੁੰਦਾ ਦੇਖਣ ਲਈ ਜਥੇਬੰਦੀ ਵਿਚ ਆਵੇ।

ਅਕਾਲੀ ਲਾਹੌਰ, ੧੮ ਅਕਤੂਬਰ ੧੯੨੦

ਜਥੇਬੰਦੀ

ਸਰਦਾਰ ਰਾਮ ਸਿੰਘ ਜੀ

(ਖਾਲਸਾ ਸਟੋਰ ਨੁਸ਼ੈਹਰਾ ਛਾਉਣੀ)

ਆਪ ਦੀ ਰਾਇ ਹੈ ਕਿ ਭਾਵੇਂ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਹੋਵੇ, ਭਾਵੇਂ ਨਵਾਂ ਜਥਾ ਬਣੇ ਪਰ ਪੰਥ ਉਨਤੀ ਲਈ ਜ਼ਰੂਰੀ ਹੈ ਕਿ ਆਗੂ ਸੱਚੇ ਸੁੱਚੇ, ਲਾਇਕ, ਨੇਕ, ਕੁਰਬਾਨੀ ਕਰਨ ਵਾਲੇ ਪੰਥ ਦੀ ਪੀੜ ਨੂੰ ਆਪਣੀ ਪੀੜ ਸਮਝਣ ਵਾਲੇ ਹੋਣ।

ਭਾਈ ਜਗਤ ਸਿੰਘ ਜੀ ਪ੍ਰਦੇਸ਼ੀ

(ਖਾਲਸਾ ਹਾਈ ਸਕੂਲ ਪਿਸ਼ਾਵਰ ਸ਼ਹਿਰ)

ਜਥੇਬੰਦੀ ਸਬੰਧੀ ਕਈ ਪਰੇਮੀਆਂ ਨਾਲ ਵਿਚਾਰ ਕਰ ਕੇ ਬੇਨਤੀ ਹੈ, ਜੋ ਨਵਾਂ ਜਥਾ ਕਾਇਮ ਕਰਨ ਵਿਚ ਕਈ

ਤਰ੍ਹਾਂ ਦੀਆਂ ਹੋਰ ਤਰੇੜਾਂ ਵਧ ਜਾਣ ਦਾ ਡਰ ਹੈ। ਮੇਰੇ ਇਕ ਮਿੱਤਰ ਨੇ ਕਿਹਾ ਜੋ ਚੀਫ਼ ਖਾਲਸਾ ਦੀਵਾਨ ਦੀ ਕਾਇਮੀ ਵੇਲੇ ਭਾਈ ਮਈਆਂ ਸਿੰਘ ਹੁਰਾਂ ਖਾਲਸਾ ਦੀਵਾਨ ਲਾਹੌਰ ਵਿਚ ਨਵੇਂ ਆਦਮੀ ਲੈਣੋਂ ਪ੍ਰਵਾਨ ਨਹੀਂ ਸਨ ਕੀਤੇ ਤਾਂ ਚੀਫ਼ ਖਾਲਸਾ ਦੀਵਾਨ ਬਣਾਏ ਜਾਣ ਪੁਰ ਭਾਈ ਮਈਆ ਸਿੰਘ ਹੁਰੀ ਹੁਣ ਢੂੰਡਿਆਂ ਨਹੀਂ ਲਭਦੇ। ਠੀਕ ਇਸੀ ਤਰ੍ਹਾਂ ਜੇ ਹੁਣ ਚੀਫ਼ ਖਾਲਸਾ ਦੀਵਾਨ ਦੇ ਪ੍ਰੇਮੀ ਨਾ ਮੰਨਣਗੇ ਤਾਂ ਬਹੁਤਾ ਜ਼ੋਰ ਉਨ੍ਹਾਂ ਨੂੰ ਮਨਾਣ ਪੁਰ ਲਗਾਉਣ ਨਾਲੋਂ ਹੋਰ ਜਥਾ ਝਟ ਪਟ ਬਣਾ ਲੈਣਾ ਚਾਹੀਦਾ ਹੈ, ਦਾਸ ਨੇ ਕਿਹਾ, ਜੋ ਖਾਲਸਾ ਦੀਵਾਨ ਲਾਹੌਰ ਦੇ ਪ੍ਰੇਮੀ ਭਾਈ ਮਈਆ ਸਿੰਘ ਆਦਿਕਾਂ ਦੀ ਮਿਸਾਲ ਇਥੇ ਨਹੀਂ ਘਟਦੀ, ਉਨ੍ਹਾਂ ਨੂੰ ਮਨਾਉਣ ਵਿਚ ਸਮਾਂ ਵਧੀਕ ਤੇ ਲਾਭ ਥੋੜ੍ਹਾ ਹੋਣਾ ਸੀ। ਪਰੰਤੂ ਚੀਫ਼ ਖਾਲਸਾ ਦੀਵਾਨ ਦੇ ਮੈਂਬਰ ਸਾਰੇ ਸਮਝਦਾਰ ਤੇ ਤਜਰਬੇਕਾਰ ਹਨ, ਇਨਾਂ ਨੂੰ ਮਨਾਉਣ ਵਿਚ ਸਮਾਂ ਥੋੜ੍ਹਾ ਤੇ ਲਾਭ ਵਧੀਕ ਹੋਵੇਗਾ ਇਸ ਵਾਸਤੇ ਦਾਸ ਦੇ ਖ਼ਿਆਲ ਵਿਚ ਪੰਥ ਦੇ ਹਰ ਇਕ ਦਰਦੀ ਨੇ ਚੀਫ਼ ਖਾਲਸਾ ਦੀਵਾਨ ਦੇ ਨਾਂ ਮੰਨਣ ਵਾਲੇ ਖ਼ਿਆਲ ਦਿਲੋਂ ਕੱਢਕੇ ਇਹੀ ਯਤਨ ਕਰਨਾ ਚਾਹੀਦਾ ਹੈ ਕਿ ਭਾਵੇਂ ਕੁਝ ਕਰਨਾ ਪਵੇ ਜਿਓਂ ਤਿਓਂ ਕਰਕੇ ਅਸੀਂ ਇਹੀ ਪੰਥ ਦਾ ਸੱਚ ਮੁੱਚ ਸ਼੍ਰੋਮਣੀ ਜਥਾ ਬਣਾਨਾ ਹੈ। ਜੇ ਸਾਰਾ ਪੰਥ ਯਤਨ ਕਰੇਗਾ ਤਾਂ ਇਹ ਕਿਸੀ ਤਰ੍ਹਾਂ ਭੀ ਨਹੀਂ ਹੋ ਸਕਦਾ ਜੋ ਚੀਫ਼ ਖਾਲਸਾ ਦੀਵਾਨ ਜੀ ਦੇ ਤਜਰਬੇਕਾਰ ਤੇ ਸਿਆਣੇ ਪਰੇਮੀ ਸਾਰੇ ਪੰਥ ਨਾਲ ਖਾਹ ਮਖਾਹ ਆਡਾ ਲਾ ਲੈਣਗੇ। ਇਸ ਅਤੀ ਜ਼ਰੂਰੀ ਅਤੇ ਲਾਭ ਦਾਇਕ ਕਾਰਜ ਲਈ ਲਾਹੌਰ ਜਾਂ ਗੁਜਰਾਂਵਾਲੇ ਵਿਚ ਇਕ ਖ਼ਾਸ ਸਮਾਗਮ ਖਾਸ ਪ੍ਰੇਮੀਆਂ ਵੱਲੋਂ ਹੋਣਾ ਚਾਹੀਦਾ ਹੈ।

ਭਾਈ ਫਕੀਰ ਸਿੰਘ ਜੀ ਪਰਦੇਸੀ

ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਬਹੁਤ ਹੀ ਛੇਤੀ ਕੀਤਾ ਜਾਵੇ। ਦਿਨੋਂ ਦਿਨ ਕੌਮ ਦਾ ਬਹੁਤ ਹਰਜ ਹੋ ਰਿਹਾ ਹੈ। ਖਾਲਸਾ ਜੀ ਹੁਣ ਫੁੱਟ ਨੂੰ ਦੂਰ ਕਰੋ।

ਅਕਾਲੀ ਲਾਹੌਰ, ੨੭ ਅਕਤੂਬਰ ੧੯੨੦

ਜਥੇਬੰਦੀ

ਜਥੇਬੰਦੀ ਦੇ ਸਵਾਲ ਤੇ ਬਾਵਾ ਹਰਕ੍ਰਿਸ਼ਨ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ ਨੇ ਹੇਠ ਲਿਖਿਆ ਗੁਰਮਤਾ ਪੇਸ਼ ਕੀਤਾ।

ਹੇਠ ਲਿਖੇ ਸੱਜਣਾਂ ਦੀ ਕਮੇਟੀ ਬਣਾਈ ਜਾਵੇ ਜੋ ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਯੋਗ ਸੁਧਾਰ ਕਰਕੇ ਜਥੇਬੰਦੀ ਦਾ ਦੀਵਾਨ ਨਾਲ ਫ਼ੈਸਲਾ ਕਰੇ ਅਤੇ ਪਹਿਲੀ ਮਘਰ ਨੂੰ ਆਪਣੀ ਕਾਰਵਾਈ ਦਾ ਸਿੱਟਾ, ਅਕਾਲ ਤਖ਼ਤ ਅੰਮ੍ਰਿਤਸਰ ਜੀ ਪੰਥ ਦੀ ਇਕੱਤਰਤਾ ਵਿਚ ਪੇਸ਼ ਕਰੇ।

੧. ਸ: ਖੜਕ ਸਿੰਘ ਜੀ ਬੀ. ਏ. ਰਈਸ ਸਿਆਲਕੋਟ।
੨. ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰ।
੩. ਬਾਬਾ ਗੁਰਦਿਆਲ ਸਿੰਘ ਜੀ ਭੈਣੀ ਸਾਹਿਬ ਵਾਲੇ।
੪. ਮਾਸਟਰ ਤਾਰਾ ਸਿੰਘ ਜੀ ਬੀ. ਏ. ਹੈਡ ਮਾਸਟਰ ਖਾਲਸਾ ਹਾਈ ਸਕੂਲ, ਲਾਇਲਪੁਰ।
੫. ਭਾਈ ਜੋਧ ਸਿੰਘ ਜੀ ਐਮ. ਏ. ਪ੍ਰਿੰਸੀਪਲ ਗੁ: ਨਾ: ਕਾਲਜ ਗੁਜਰਾਂਵਾਲਾ।
੬. ਸੰਤ ਤੇਜਾ ਸਿੰਘ ਜੀ ਐਮ. ਏ., ਏ. ਐਮ. ਪ੍ਰਿੰਸੀਪਲ ਅਕਾਲ ਕਾਲਜ ਮਸਤੂਆਨਾ।
੭. ਬਾਵਾ ਹਰਕ੍ਰਿਸ਼ਨ ਸਿੰਘ ਜੀ ਐਮ. ਏ. ਪ੍ਰੋਫ਼ੈਸਰ ਖਾਲਸਾ ਕਾਲਜ ਅੰਮ੍ਰਿਤਸਰ।
੮. ਸ: ਨਿਰੰਜਨ ਸਿੰਘ ਜੀ ਐਮ. ਐਸ. ਸੀ. ਪ੍ਰੋਫ਼ੈਸਰ ਖਾਲਸਾ ਕਾਲਜ ਅੰਮ੍ਰਿਤਸਰ।
੯. ਸ: ਲਾਲ ਸਿੰਘ ਜੀ ਬੀ. ਐਸ. ਸੀ., ਐਲ. ਐਲ. ਬੀ. ਲੁਧਿਆਣਾ।
੧੦. ਸ: ਉਜਲ ਸਿੰਘ ਜੀ ਐਮ. ਏ. ਮੀਆਂਚੰਨੂ।
੧੧. ਸ: ਅਮਰ ਸਿੰਘ ਜੀ ਝਬਾਲ (ਡਿਆਲ ਭੜੰਗ) ਅੰਮ੍ਰਿਤਸਰ।
੧੨. ਸ: ਸੁੰਦਰ ਸਿੰਘ ਜੀ ਚਾਵਲਾ ਰਈਸ ਲਾਹੌਰ।

੧੩. ਸ: ਤੇਜਾ ਸਿੰਘ ਜੀ ਸਮੁੰਦਰੀ।
੧੪. ਸ: ਸਰਦੂਲ ਸਿੰਘ ਜੀ ਕਵੀਸ਼ਰ ਲਾਹੌਰ।
੧੫. ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ।
੧੬. ਗਿਆਨੀ ਸ਼ੇਰ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ।
੧੭. ਭਾਈ ਕਰਤਾਰ ਸਿੰਘ ਜੀ ਝਬਰ।
੧੮. ਸ: ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ।
੧੯. ਸ: ਬਖਸ਼ੀਸ਼ ਸਿੰਘ ਜੀ ਸਮੁੰਦਰੀ।
੨੦. ਭਾਈ ਤੇਜਾ ਸਿੰਘ ਜੀ ਮਾਝਾ ਦੀਵਾਨ।
੨੧. ਸ: ਚਰਨ ਸਿੰਘ ਜੀ ਐਹਲਕਾਰ ਨਾਭਾ।
੨੨. ਸ: ਜੋਗਿੰਦਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਪਟਿਆਲਾ।
੨੩. ਸ: ਸ਼ਮਸ਼ੇਰ ਸਿੰਘ ਜੀ ਐਡੀਟਰ ਇੰਡੀਆ।
੨੪. ਸ: ਅਵਤਾਰ ਸਿੰਘ ਜੀ ਬੈਰਿਸਟਰ ਗੁਜਰਾਂਵਾਲਾ।
੨੫. ਬਾਬਾ ਕੇਹਰ ਸਿੰਘ ਜੀ ਪੱਟੀ।
੨੬. ਸ: ਹੀਰਾ ਸਿੰਘ ਜੀ ਨਾਰਲੀ।
੨੭. ਸ: ਹਰ ਦਿਆਲ ਸਿੰਘ ਜੀ ਬੈਹੜ ਵਾਲੀਆ।
੨੮. ਭਾਈ ਮੰਗਲ ਸਿੰਘ ਜੀ ਨਾਮਧਾਰੀ।
੨੯. ਭਾਈ ਹਰਨਾਮ ਸਿੰਘ ਜੀ ਚਵਿੰਡਾ।
੩੦. ਭਾਈ ਅਰਜਨ ਸਿੰਘ ਜੀ ਧੀਰਕਾ।
੩੧. ਸ: ਰਾਮ ਸਿੰਘ ਜੀ ਐਡੀਟਰ ਪੰਚ।
੩੨. ਮਾਸਟਰ ਚੰਦਾ ਸਿੰਘ ਜੀ ਐਡੀਟਰ ਪੰਥ ਸੇਵਕ।
੩੩. ਸ: ਦਾਨ ਸਿੰਘ ਜੀ ਵਿਛੋਆ।
੩੪. ਮਾਸਟਰ ਮੋਤਾ ਸਿੰਘ ਜੀ।
੩੫. ਸ: ਮੰਗਲ ਸਿੰਘ ਐਡੀਟਰ 'ਅਕਾਲੀ'

ਇਸ ਦੀ ਪ੍ਰੋੜ੍ਹਤਾ ਸ: ਹਰਚੰਦ ਸਿੰਘ ਜੀ ਨੇ ਕੀਤੀ। ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ।

ਇਸ ਦੇ ਉਪਰੰਤ ਪ੍ਰਧਾਨ ਜੀ ਨੇ ਤਜਵੀਜ਼ ਪੇਸ਼ ਕੀਤੀ ਕਿ ਸ: ਮੰਗਲ ਸਿੰਘ ਜੀ ਬੀ. ਏ. ਐਡੀਟਰ 'ਅਕਾਲੀ' ਨੂੰ ਇਸ ਕਮੇਟੀ ਦਾ ਸਕੱਤਰ ਬਣਾਇਆ ਜਾਵੇ।
ਜੋ ਸੰਗਤ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਪ੍ਰਵਾਨ ਕੀਤਾ।

ਅਕਾਲੀ ਲਾਹੌਰ, ੩੧ ਅਕਤੂਬਰ ੧੯੨੦

ਜਥੇਬੰਦੀ।

ਸਾਨੂੰ ਬੜੀ ਖੁਸ਼ੀ ਹੋਈ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਅਖ਼ਬਾਰ ਸਾਡੇ ਮਾਨ ਯੋਗ ਭਾਈ 'ਖਾਲਸਾ ਐਡਵੋਕੇਟ' ਨੇ ਵੀ ਜਥੇਬੰਦੀ ਸਬੰਧੀ ਆਪਣੇ ਖ਼ਿਆਲ ਪ੍ਰਗਟ ਕੀਤੇ ਹਨ। ਆਪ ਨੇ ਲਿਖਿਆ ਹੈ ਕਿ "ਕੌਮ ਜੋ ਅਦਲਾ ਬਦਲੀਆਂ ਦੀਵਾਨ ਦੀ ਬਨਾਵਟ ਵਿਚ ਕਰਨੀਆਂ ਉਚਿਤ ਸਮਝੇ, ਦੀਵਾਨ ਉਨ੍ਹਾਂ ਨੂੰ ਮੰਨਣ ਨੂੰ ਤਿਆਰ ਹੈ। ਸਾਨੂੰ ਆਸ਼ਾ ਹੈ ਕਿ ਜਿਸ ਤਰ੍ਹਾਂ ਅਸੀਂ ਸਚੇ ਦਿਲ ਨਾਲ ਚਾਹੁੰਦੇ ਹਾਂ ਕਿ ਹੁਣ ਕੌਮੀ ਮੁਸੀਬਤਾਂ ਦੇ ਵੇਲੇ ਅਸੀਂ ਸਾਰੇ ਵੀਰ, ਮਾਂ ਜਾਏ, ਬਾਈਆ ਵਾਂਗ ਜਫੀਆਂ ਪਾ ਕੇ ਮਿਲੀਏ, ਉਵੇਂ ਹੀ ਦੀਵਾਨ ਵੀ ਸਚੇ ਦਿਲ ਨਾਲ ਪੰਥ ਵਿਚ ਫੁਟ ਦਾ ਨਾਸ਼ ਕਰਨ ਲਈ ਤਿਆਰ ਹੈ। ਬਸ ਜੇ ਅਸੀਂ ਸਾਰੇ ਠੀਕ ਹੀ ਕੇਵਲ ਕੌਮ ਦੇ ਲਾਭ ਨੂੰ ਹੀ ਮੁਖ ਰੱਖ ਕੇ ਇਸ ਸਵਾਲ

ਤੇ ਠੰਡੇ ਦਿਲ ਨਾਲ ਵਿਚਾਰ ਕਰੀਏ ਤਾਂ ਜਥੇਬੰਦੀ ਦਾ ਸਵਾਲ ਕੋਈ ਬਹੁਤਾ ਮੁਸ਼ਕਲ ਨਹੀਂ ਰਹਿ ਜਾਂਦਾ। ਸਾਡੀ ਤਾਂ ਇਹ ਅਰਦਾਸ ਹੈ, ਹੇ ਗੁਰੂ ਕਲਗੀਧਰ ਪਿਤਾ ਜੀ ਸਾਨੂੰ ਸਾਰਿਆਂ ਨੂੰ ਇਹ ਤਾਕਤ ਬਖਸ਼ੋ ਕਿ ਅਸੀਂ ਮਿਲ ਕੇ ਗੁਰੂ ਪੰਥ ਦੀ ਸੇਵਾ ਸੱਚੇ ਦਿਲ ਨਾਲ ਕਰ ਸਕੀਏ। ਆਪਣੇ ਸਾਜੇ ਨਿਵਾਜੇ ਖਾਲਸੇ ਵਿਚ ਸ਼ਾਂਤੀ ਰਸ, ਆਪਸ ਵਿਚ ਪ੍ਰੇਮ ਪਿਆਰ, ਆਪਾ ਵਾਰਨ ਦੇ ਗੁਣ ਦੇਹ।

ਸਾਡੇ ਵੀਰ ਨੇ ਇਕ ਦੋ ਥਾਈਂ ਸਾਡੀ ਗੱਲ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ। ਆਪ ਲਿਖਦੇ ਹਨ ਕਿ 'ਅਕਾਲੀ' ਦੀ ਇਹ ਸ਼ਿਕਾਇਤ ਕਿ ਜਥੇਬੰਦੀ ਵਾਲੀ ਗਸ਼ਤੀ ਚਿੱਠੀ ਵਲ ਪੰਥ ਨੇ ਪੂਰਾ ਪੂਰਾ ਧਿਆਨ ਨਹੀਂ ਦਿੱਤਾ, ਠੀਕ ਹੈ। ਦੀਵਾਨ ਨਾਲ ਵੀ ਏਵੇਂ ਹੀ ਹੋਈ ਸੀ, ਇਹ ਠੀਕ ਨਹੀਂ। ਸਾਡੀ ਚਿੱਠੀ ਵੱਲ ਕ੍ਰਿਪਾਲੂ ਪੰਥ ਨੇ ਪੂਰਾ ਪੂਰਾ ਧਿਆਨ ਦਿੱਤਾ ਹੈ। ਕਈ ਸੌ ਚਿੱਠੀਆਂ ਸਾਡੇ ਦਫ਼ਤਰ ਵਿਚ ਪਈਆਂ ਹਨ। ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਛਪ ਵੀ ਚੁੱਕੀਆਂ ਹਨ। ਹਾਂ ਅਸੀਂ ਇਹ ਜ਼ਰੂਰ ਲਿਖਿਆ ਸੀ ਅਤੇ ਹੁਣ ਫੇਰ ਵੀ ਜ਼ੋਰ ਨਾਲ ਆਖਦੇ ਹਾਂ ਕਿ ਪੰਥਕ ਅਖ਼ਬਾਰਾਂ ਨੇ ਇਸ ਪਾਸੇ ਜ਼ਰਾ ਵੀ ਧਿਆਨ ਨਹੀਂ ਦਿੱਤਾ। ਹੁਣ ਤਾਈਂ ਕੇਵਲ ਇੱਕਲਾ 'ਅਕਾਲੀ' ਹੀ ਇਸ ਸਵਾਲ ਤੇ ਵਿਚਾਰ ਕਰਦਾ ਰਿਹਾ ਹੈ। ਇਥੋਂ ਤਕ ਕਿ ਕਿਸੇ ਅਖ਼ਬਾਰ ਨੇ ਸਾਡੀ ਗਸ਼ਤੀ ਚਿੱਠੀ ਛਾਪੀ ਤਕ ਨਹੀਂ (ਇੰਡੀਆ, ਖਾਲਸਾ ਅਖ਼ਬਾਰ, ਵਿਦਿਆ ਨੇ ਕੁਝ ਜ਼ਰੂਰ ਲਿਖਿਆ ਹੈ)। ਇਸ ਗੱਲ ਤੋਂ ਅਸੀਂ ਆਪਣੇ ਪੰਥਕ ਅਖ਼ਬਾਰਾਂ ਤੇ ਗੁੱਸਾ ਵੀ ਕਰੀਏ ਤਾਂ ਕੋਈ ਅਜੋਗ ਨਹੀਂ। ਪਰ ਸਾਨੂੰ ਕੋਈ ਗੁੱਸਾ ਨਹੀਂ। ਅਸੀਂ ਤਾਂ ਕੇਵਲ ਇਹ ਗੱਲ ਠੀਕ ਹਾਲਾਤ ਸਮਝ ਕੇ ਲਿਖੀ ਹੈ। ਹੋਰ ਸਾਨੂੰ ਕੋਈ ਰੰਜ ਨਹੀਂ। ਜਥੇਬੰਦੀ ਦਾ ਸਵਾਲ ਇਕ ਬੜਾ ਜ਼ਰੂਰੀ ਪੰਥਕ ਸਵਾਲ ਹੈ, ਇਸ ਲਈ ਪੰਥ ਦੇ ਅਖ਼ਬਾਰਾਂ ਦਾ ਫ਼ਰਜ਼ ਸੀ ਕਿ ਉਹ ਇਸ ਨੂੰ ਸਿਰੇ ਚਾਹੜਨ ਵਿਚ ਸਹਾਇਤਾ ਦਿੰਦੇ। ਕੀ ਹੋਇਆ ਜੇ ਇਹ 'ਅਕਾਲੀ' ਨੇ ਪਹਿਲਾਂ ਛੇੜ ਦਿੱਤਾ ਸੀ।

ਆਪ ਨੇ ਅੱਗੇ ਚਲ ਕੇ ਲਿਖਿਆ ਹੈ ਕਿ 'ਅਕਾਲੀ' ਦੀ ਇਹ ਤਜਵੀਜ਼ ਕਿ ਇਸ ਸਵਾਲ ਤੇ ਸਿੱਖ ਲੀਗ ਦੇ ਦਿਨਾਂ ਵਿਚ ਵਿਚਾਰ ਕਈ ਕਾਰਨਾਂ ਕਰਕੇ ਏਥੇ ਇਸ ਸਵਾਲ ਤੇ ਪੂਰੀ ਪੂਰੀ ਵਿਚਾਰ ਨਹੀਂ ਹੋ ਸਕੇਗੀ। ਇਹੋ ਜਿਹੇ ਸਵਾਲ ਤੇ ਦਿਵਾਲੀ ਤੇ ਵਿਚਾਰ ਕੀਤੀ ਜਾਵੇ। ਸਿੱਖ ਲੀਗ ਦੇ ਦਿਨ ਵਿਚ ਵਿਚਾਰ, ਕਰਨ ਦਾ ਸਾਡਾ ਮਤਲਬ ਕੇਵਲ ਇਤਨਾ ਹੀ ਸੀ, ਕਿ ਚਾਹਵਾਨ ਸੱਜਣਾਂ ਦੀ ਇੱਕ ਕਮੇਟੀ ਬਣਾਈ ਜਾਵੇ ਜੋ ਦੀਵਾਨ ਨਾਲ ਮਿਲ ਕੇ ਇਸ ਸਵਾਲ ਤੇ ਵਿਚਾਰ ਕਰੇ ਤਾਂ ਜੋ ਕਿਸੇ ਸੱਜਣ ਨੂੰ ਫੇਰ ਇੰਤਰਾਜ਼ ਨਾ ਰਹਿ ਜਾਵੇ। ਜਿਹੜੇ ਇੰਤਰਾਜ਼ ਸਾਡੇ ਵੀਰਾਂ ਨੇ ਕੀਤੇ ਹਨ ਉਹ ਸਾਡੇ ਦਿਲ ਵਿਚ ਵੀ ਸਨ ਅਤੇ ਏਸੇ ਲਈ ਅਸੀਂ ਏਥੇ ਜਥੇਬੰਦੀ ਦਾ ਅੰਤਮ ਫ਼ੈਸਲਾ ਕਰਨ ਲਈ ਤਜਵੀਜ਼ ਨਹੀਂ ਸੀ ਕੀਤੀ। ਸਾਡੇ ਭਾਈ ਦੀ ਤਜਵੀਜ਼ ਕਿ ਜਥੇਬੰਦੀ ਦੇ ਸਵਾਲ ਤੇ ਦਿਵਾਲੀ ਦੇ ਦਿਨਾਂ ਵਿਚ ਗੱਲ ਬਾਤ ਕੀਤੀ ਜਾਵੇ, ਠੀਕ ਜਾਪਦੀ ਹੈ ਅਤੇ ਆਸ਼ਾ ਹੈ ਕਿ ਸੁਧਾਰ ਕਮੇਟੀ ਇਸ ਨੂੰ ਪ੍ਰਵਾਨ ਕਰੇਗੀ।

ਸਾਡੇ ਖ਼ਿਆਲ ਵਿਚ ਇਸ ਸਵਾਲ ਤੇ ਖੁੱਲ੍ਹੇ ਦੀਵਾਨ ਵਿਚ ਵਿਚਾਰ ਹੋਣੀ ਕਠਿਨ ਹੈ। ਦੋਹਾਂ ਪਾਸਿਆਂ ਦੇ ਚੋਣਵੇਂ ਸੱਜਣ ਮਿਲਕੇ ਸ਼ਾਂਤੀ ਨਾਲ ਘਰ ਵਾਂਗੂ ਬੈਠਕੇ ਪ੍ਰੇਮ ਨਾਲ ਗੱਲਬਾਤ ਪਹਿਲਾਂ ਕਰ ਲੈਣ ਅਤੇ ਜੋ ਫ਼ੈਸਲਾ ਹੋਵੇ ਉਹ ਫੇਰ ਪੰਥ ਦੇ ਖੁੱਲ੍ਹੇ ਦੀਵਾਨ ਵਿਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ। ਸੁਧਾਰ ਕਮੇਟੀ ਦਾ ਜੋੜ ਮੇਲ ੭ ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਚ ਹੈ। ੧੦ ਤਰੀਕ ਨੂੰ ਦਿਵਾਲੀ ਹੈ, ਉਥੇ ਦੀਵਾਨ ਦੇ ਸੱਜਣਾਂ ਨਾਲ ਮਿਲ ਕੇ ਵਿਚਾਰ ਕੀਤੀ ਜਾਵੇ ਅਤੇ ੧੫ ਨਵੰਬਰ (੧ ਮਘਰ) ਨੂੰ ਜਿਹੜਾ ਪੰਥ ਦਾ ਇਕੱਠ ਅਕਾਲ ਤਖ਼ਤ ਹੋਣਾ ਹੈ ਉਸ ਵਿਚ ਜਥੇਬੰਦੀ ਦਾ ਅੰਤਮ ਫ਼ੈਸਲਾ ਕੀਤਾ ਜਾਵੇ।

ਆਸ਼ਾ ਹੈ ਕਿ ਜਥੇਬੰਦੀ ਦੇ ਚਾਹਵਾਨ ਇਸ ਦੁਰਲੱਭ ਸਮੇਂ ਨੂੰ ਐਵੇਂ ਨਹੀਂ ਜਾਣ ਦੇਣਗੇ 'ਮਿਲਬੇ ਕੀ ਮਹਿਮਾ ਬਰਨ ਨ ਸਾਕੌ ਨਾਨਕ ਪਰੈ ਪਰੀਲਾ'

ਅਕਾਲੀ ਲਾਹੌਰ, ੭ ਨਵੰਬਰ ੧੯੨੦

ਜਥੇਬੰਦੀ

ਵਿਛੜੇ ਹੋਏ ਗੁਰਦੁਆਰਿਆਂ ਨੂੰ ਮਿਲਾਉਣ ਲਈ ਅਤੇ ਖੇਰੂ ਖੇਰੂ ਹੋਏ ਪੰਥ ਵਿੱਚੋਂ ਡੈਣ ਫੁੱਟ ਦਾ ਨਾਸ਼ ਕਰਨ ਲਈ 'ਅਕਾਲੀ' ਨੇ ਜਨਮ ਧਾਰਦਿਆਂ ਹੀ ਲੱਕ ਬੰਨ੍ਹਕੇ ਉਦਮ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਜਥੇਬੰਦੀ ਦਾ ਨਾ ਹੋਣਾ ਹੀ ਸਾਡੇ ਸਾਰੇ ਦੁੱਖਾਂ ਦਾ ਕਾਰਨ ਹੈ। ਸਾਡਾ ਖ਼ਿਆਲ ਸੀ ਅਤੇ ਹੁਣ ਵੀ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਕਰਤੇ ਧਰਤੇ ਪੰਥ ਦੇ ਦੁੱਖਾਂ ਨੂੰ ਅਨੁਭਵ ਕਰਦੇ ਹੋਏ ਦੀਵਾਨ ਦੀ ਬਣਾਵਟ ਦੇ ਨਿਯਮਾਂ ਵਿਚ ਸਾਰੀ ਸਿੱਖ ਕੌਮ ਦੀ ਮਰਜ਼ੀ ਅਨੁਸਾਰ ਘਾਟੇ ਵਾਧੇ ਕਰਨ ਦੀ ਤਜਵੀਜ਼ ਨੂੰ ਪ੍ਰਵਾਨ ਕਰਨਗੇ। ਬਹੁਤ ਸਾਰੇ ਲਾਇਕ ੨ ਸੱਜਣ ਇਸ ਦੇ ਵਿਰੁਧ ਵੀ ਸਨ ਕਿ ਇਹ ਕੌਲ ਹੋਣਾ ਅਸੰਭਵ ਹੈ। ਪਰ ਸਾਡੀ ਫੇਰ ਵੀ ਚਿਠੀ ਦੇ ਉੱਤਰ ਵਿਚ ਬਹੁਤ ਸਾਰੇ ਪੰਥ ਪਿਆਰਿਆਂ ਨੇ ਵੀ ਇਸ ਗੱਲ ਤੇ ਹੀ ਜ਼ੋਰ ਦਿੱਤਾ ਕਿ ਦੀਵਾਨ ਨੂੰ ਸੁਧਾਰ ਕੇ ਇਸ ਯੋਗ ਬਣਾਇਆ ਜਾਵੇ ਕਿ ਉਹ ਕੌਮ ਦੇ ਹੱਕਾਂ ਦੀ ਰਾਖੀ ਚੰਗੀ ਤਰ੍ਹਾਂ ਕਰ ਸਕੇ। ਕਈ ਵਡੇ ਵਡੇ ਜੋੜ ਮੇਲਿਆਂ ਵਿਚ ਵੀ ਇਹੋ ਤਜਵੀਜ਼ ਪਾਸ ਹੋਈ ਕਿ ਦੀਵਾਨ ਨੂੰ ਹੀ ਸੋਧਿਆ ਜਾਵੇ। ਸਾਡੀ ਚਿੱਠੀ ਦੇ ਉਤਰ ਵਿਚ ਦੀਵਾਨ ਨੇ ਹਮੇਸ਼ਾਂ ਵਾਂਗੂ ਗੋਲ ਮੋਲ ਅਤੇ ਦਬੀ ਹੋਈ ਜ਼ਬਾਨ ਨਾਲ ਆਖਰ ਮੰਨ ਹੀ ਲਿਆ ਕਿ ਪੰਥ ਦੀ ਮਰਜ਼ੀ ਅਨੁਸਾਰ ਦੀਵਾਨ ਦੇ ਸੇਵਕ ਆਪਣੇ ਨਿਯਮਾਂ ਵਿਚ ਅਦਲਾ ਬਦਲੀਆਂ ਸਬੰਧੀ ਵਿਚਾਰ ਕਰਨ ਲਈ ਤਿਆਰ ਹੈਨ। ਅੰਤ ਨੂੰ ਸਿੱਖ ਲੀਗ ਦੇ ਜੋੜ ਮੇਲ ਦੀ ਸਮਾਪਤੀ ਪਿੱਛੋਂ ਬਰੈਡਲਾ ਹਾਲ ਵਿਚ ਹੀ ਦੀਵਾਨ ਸਾਜਿਆ ਅਤੇ ਸੁਧਾਰ ਦੇ ਚਾਹਵਾਨ ਸੱਜਣਾਂ ਦੀ ਇਕ ਪ੍ਰਤੀਨਿਧ ਕਮੇਟੀ ਬਣਾਈ ਗਈ ਜੋ ਕਿ ਦੀਵਾਨ ਨਾਲ ਜਥੇਬੰਦੀ ਦੇ ਸਵਾਲ ਦਾ ਫ਼ੈਸਲਾ ਕਰੇ ਸੱਤ ਨਵੰਬਰ ਨੂੰ ਇਸ ਕਮੇਟੀ ਦਾ ਜੋੜ ਮੇਲ ਅਕਾਲ ਤਖ਼ਤ ਅੰਮ੍ਰਿਤਸਰ ਜੀ ਵਿਚ ਹੋਵੇਗਾ।

ਇਸ ਜਥੇਬੰਦੀ ਦੀ ਕਮੇਟੀ ਵੱਲੋਂ ਇਕ ਪੱਤਰ ਚੀਫ਼ ਖਾਲਸਾ ਦੀਵਾਨ ਨੂੰ ਇਸ ਮਤਲਬ ਦਾ ਭੇਜਿਆ ਗਿਆ ਸੀ ਕਿ ਕ੍ਰਿਪਾ ਕਰ ਕੇ ਦੱਸਿਆ ਜਾਵੇ ਕਿ ਦੀਵਾਨ ਦੇ ਸੱਜਣ ਇਸ ਕਮੇਟੀ ਨਾਲ ਗੱਲ ਬਾਤ ਕਰਨ ਲਈ ੭ ਅਤੇ ੧੫ ਨਵੰਬਰ ਦੇ ਦਰਮਿਆਨ ਕਿਸ ਜਗ੍ਹਾ ਅਤੇ ਕਿਸ ਵੇਲੇ ਮਿਲਣ ਨੂੰ ਤਿਆਰ ਹਨ। ਇਸ ਦੇ ਉੱਤਰ ਵਿਚ ਦੀਵਾਨ ਦੇ ਸਕੱਤਰ ਜੀ ਲਿਖਦੇ ਹਨ ਕਿ ੩੦-੪੦ ਆਦਮੀਆਂ ਦੀ ਕਮੇਟੀ ਨਾਲ ਵਿਚਾਰ ਕਰਨੀ ਕਠਿਨ ਹੋਣ ਕਰ ਕੇ ਬਿਨੈ ਹੈ ਕਿ ਆਪ ਕ੍ਰਿਪਾ ਕਰ ਕੇ ਆਪਣੇ ਵਿੱਚੋਂ ੩ ਸੱਜਣਾਂ ਨੂੰ ਨੀਯਤ ਕਰ ਕੇ ਉਨ੍ਹਾਂ ਦੇ ਨਾਮ ਲਿੱਖ ਘੱਲੋਂ ਤੇ ਨਾਲ ਹੀ ਜਿਸ ਜਿਸ ਵਿਸ਼ੇ ਤੇ ਵਿਚਾਰ ਕਰਨੀ ਹੋਵੇ ਲਿਖ ਘੱਲੋ। ਦੀਵਾਨ ਦੇ ਸੇਵਕਾਂ ਨੂੰ ਆਪਣੇ ਘੱਲੇ ਹੋਏ ਸੱਜਣਾਂ ਨੂੰ ਮਿਲਨ ਦੀ ਤੇ ਉਨ੍ਹਾਂ ਨਾਲ ਵਿਚਾਰ ਕਰ ਕੇ ਲਾਭ ਉਠਾਉਣ ਦੀ ਖੁਸ਼ੀ ਹੋਵੇਗੀ। ਆਪ ਵੱਲੋਂ ਪਤਾ ਆਵਨ ਤੇ ਮੈਂ ਵਕਤ ਤੇ ਟਿਕਾਣਾ ਲਿਖ ਭੇਜਾਂਗਾ।

ਏਸ ਚਿੱਠੀ ਦਾ ਕਮੇਟੀ ਵਿਚ ਵਿਚਾਰ ਕਰ ਕੇ ਯੋਗ ਉੱਤਰ ਦਿੱਤਾ ਜਾਏਗਾ। ਹਰ ਇਕ ਪੰਥ ਦਰਦੀ ਇਸ ਵੇਲੇ ਡਾਢੇ ਦਰਦ ਨਾਲ ਅਨੁਭਵ ਕਰ ਰਿਹਾ ਹੈ ਕਿ ਇਸ ਮੁਸੀਬਤ ਦੇ ਵੇਲੇ ਅਸੀਂ ਸਾਰੇ ਵੀਰ ਇਕਠੇ ਬੈਠ ਕੇ ਕੌਮ ਦੇ ਬਿਗੜੇ ਹੋਏ ਕੰਮਾਂ ਨੂੰ ਨਿਜਿਠੀਏ। ਸਾਡੇ ਵਿਚ ਫੁਟ ਤਾਂ ਹੈ ਨਹੀਂ ਕਿਉਂਕਿ ਸਾਰੇ ਸਿੱਖਾਂ ਦੀ ਸਾਰੇ ਸਵਾਲਾਂ ਤੇ ਇਕ ਹੀ ਰਾਇ ਹੈ। ਕਿਹੜਾ ਸਿੱਖ ਹੈ ਜਿਹੜਾ ਗੁਰਦੁਆਰਿਆਂ ਦਾ ਪ੍ਰਬੰਧ ਗੁਰੂ ਪੰਥ ਦੇ ਹੱਥ ਵਿਚ ਵੇਖਣਾ ਨਹੀਂ ਚਾਹੁੰਦਾ ? ਕਿਹੜਾ ਸਿੱਖ ਹਿਰਦਾ ਹੈ, ਜਿਹੜਾ ਫ਼ੌਜਾਂ ਅਤੇ ਜੇਲ੍ਹਾਂ ਵਿਚ ਸਿੱਖੀ ਰਹਿਤ ਰੱਖਣ ਦੇ ਉਲਟ ਹੈ ? ਕਿਹੜਾ ਸਿੱਖ ਅਜਿਹਾ ਹੈ ਜਿਹੜਾ ਸਿੱਖ ਰਾਜਸੀ ਕੈਦੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦੁਖ ਸੁਣ ਕੇ ਹੰਝੂ ਨਾ ਕੇਰਦਾ ਹੋਵੇ ? ਕਿਹੜਾ ਸਿੱਖ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਫੁਲਵਾੜੀ ਨੂੰ ਸੁਰਜੀਤ ਵੇਖਣਾ ਨਹੀਂ ਚਾਹੁੰਦਾ ? ਗਲ ਕੀ ਹਰੇਕ ਧਾਰਮਿਕ ਜਾਂ ਭਾਈਚਾਰਕ ਮਾਮਲੇ ਵਿਚ ਸਾਰਾ ਪੰਥ ਇਕ ਰਾਇ ਹੈ। ਰਾਜਸੀ ਮਾਮਲਿਆਂ ਵਿਚ ਵੀ ਹੁਣ ਤਾਈਂ ਸੰਮਤੀ ਰਹੀ ਹੈ, ਪਰ ਹੁਣ ਨਾ ਮਿਲਵਰਤਨ ਦੇ ਗੁਰਮਤੇ ਦੇ ਕਈ ਸੱਜਣ ਵਿਰੁੱਧ ਹਨ। ਕਿਸੇ ਸਵਾਲ ਤੇ ਰਾਵਾਂ ਦਾ ਭਿੰਨ ਭੇਦ ਹੋਣਾ ਕੋਈ ਬੁਰੀ ਗਲ ਨਹੀਂ, ਸਗੋਂ ਇਹ ਕੌਮ ਦੀ ਜਾਗਰਤਾ ਦਾ ਚਿੰਨ੍ਹ ਹੈ। ਪਰ ਸ਼ਰਤ ਇਹ ਹੈ ਕਿ ਇਹ ਭਿੰਨ ਭੇਦ ਦਿਆਨਤਦਾਰੀ ਦਾ ਹੋਵੇ। ਰਾਵਾਂ ਦੇ ਭਿੰਨ ਭੇਦ ਦੀ ਆੜ ਵਿਚ ਕੋਈ ਖ਼ੁਦਗਰਜ਼ੀ ਦਾ ਸ਼ਿਕਾਰ ਨਾ ਖੇਲਿਆ ਨਾ ਜਾਵੇ।

ਜਿਸ ਤਰ੍ਹਾਂ ਫ਼ੌਜ ਵਿਚ ਕਈ ਪਲਟਣਾਂ ਪੈਦਲ ਚਲਣ ਵਾਲੀਆਂ ਹੁੰਦੀਆਂ ਹਨ। ਕਈ ਰਸਾਲੇ ਘੋੜਿਆਂ ਵਾਲੇ ਤੇਜ਼ੀ ਨਾਲ ਦੌੜਨ ਵਾਲੇ ਹੁੰਦੇ ਹਨ। ਭਾਰੀ ਤੋਪਾਂ ਸਾਰਿਆਂ ਤੋਂ ਪਿੱਛੇ ਹੁੰਦੀਆਂ ਹਨ ਅਤੇ ਕਈ ਸੂੰਹੀਏ ਸਾਰਿਆਂ ਤੋਂ ਅਗੇ ਵਧਕੇ ਵੈਰੀ ਦੀ ਖ਼ਬਰ ਸਾਰ ਲਿਆਉਣ ਲਈ ਹੁੰਦੇ ਹਨ। ਪਰ ਇਨਾਂ ਸਾਰਿਆਂ ਅੰਗਾਂ ਦਾ ਆਦਰਸ਼ ਕੇਵਲ ਇਕ ਹੁੰਦਾ ਹੈ। ਸਾਰੇ ਭਾਈ ਮਿਲਕੇ ਕੰਮ ਕਰਦੇ ਹਨ ਅਤੇ ਇਕ ਜਰਨੈਲ ਦੇ ਹੁਕਮ ਵਿਚ ਚਲਦੇ ਹਨ ਅਤੇ ਵੇਲੇ ਸਿਰ ਇਕ ਦੂਏ ਦੀ ਮਦਦ ਕਰਦੇ ਹਨ। ਇਸੇ ਤਰ੍ਹਾਂ ਹੀ ਜੇਕਰ ਸਾਡੇ ਵਿਚ ਵੀ ਪੁਰਾਤਨ ਖਾਲਸੇ ਵਾਂਗੂ ਬੁੱਢਾ ਦਲ ਅਤੇ ਤਰਨਾ ਦਲ ਮੌਜੂਦ ਹਨ, ਤਾਂ ਕੋਈ ਅਜੇਹੀ ਗੱਲ ਨਹੀਂ ਜਿਹੜੀ ਸਾਨੂੰ ਮਿਲਣ ਤੋਂ ਰੋਕ ਸਕੇ। ਖਾਲਸਾ ਜੀ ਅਸੀਂ ਤਾਂ ਅਗੇ ਹੀ ਗਿਣਤੀ ਦੇ ਥੋੜ੍ਹੇ ਹਾਂ ਫੇਰ ਵੱਖੋ ਵੱਖ ਹੋ ਕੇ ਤਾਂ ਸਾਡਾ ਕੱਖ ਵੀ ਨਹੀਂ ਰਹਿਣਾ। ਹੁਣ ਲੋੜ ਹੈ ਕਿ ਦੁਖ ਦੇ ਵੇਲੇ ਗੁਰ ਕਲਗੀਆਂ ਦੇ ਦੁਲਾਰੇ ਸਾਰੇ ਜਾਏ ਸਕੇ ਭਾਈਆਂ ਵਾਂਗੂ ਰਲ ਕੇ ਪੰਥ ਦੀ ਸੇਵਾ ਕਰਨ। ਸੁਧਾਰ ਦੇ ਚਾਹਵਾਨ ਸੱਜਣ ਤਾਂ ਦਿਲੋਂ ਚਾਹੁੰਦੇ ਹਨ ਕਿ ਇਸ ਡੈਣ ਫੁਟ ਦਾ ਨਾਸ਼ ਹੋ ਜਾਵੇ। ਜੇਕਰ ਦੀਵਾਨ ਨੇ ਪੰਥ ਦੀ ਕੁਝ ਵੀ ਪ੍ਰਵਾਹ ਕੀਤੀ ਅਤੇ ਕੌਮ ਦੀ ਮਰਜ਼ੀ ਅਨੁਸਾਰ ਦੀਵਾਨ ਦੀ ਬਣਾਵਟ ਵਿਚ ਸੱਚੇ ਦਿਲ ਨਾਲ ਸੁਧਾਰ ਕਰਨ ਦਾ ਉਦਮ ਕੀਤਾ, ਤਾਂ ਆਸ਼ਾ ਹੈ ਕਿ ਹੁਣ ਸਿੱਖ ਕੌਮ ਇਕ ਨਿੱਗਰ ਕੌਮ ਬਣੇਗੀ। ਪਰ ਜੇਕਰ ਦੀਵਾਨ ਦੀ ਸਲਾਹ ਅਜੇ ਵੀ ਆਪਣੀ ਅੜੀਂਗੜੀ ਪੜੀਂਗੜੀ ਵਖਰੀ ਹੀ ਰੱਖਣ ਦੀ ਹੈ ਤਾਂ ਫੁਟ ਦਾ ਕਾਰਨ ਉਹ ਵੀਰ ਹੋਵਨਗੇ ਜਿਹੜੇ ਕਿ ਜਥੇਬੰਦੀ ਦੇ ਸਵਾਲ ਵਿਚ ਰੋਕਾਂ ਪਾਉਗੇ। ਸਾਨੂੰ ਆਸ਼ਾ ਹੈ ਕਿ ਪੰਥ ਪਿਆਰੇ ਜ਼ਰੂਰ ਹੀ ਇਸ ਅਮੋਲਕ ਸਮੇਂ ਨੂੰ ਹੱਥੋਂ ਨਾ ਗਵਾਉਣਗੇ।

ਅਕਾਲੀ ਲਾਹੌਰ, ੧੧ ਨਵੰਬਰ ੧੯੨੦

ਜਥੇਬੰਦੀ

੭ ਨਵੰਬਰ ਸ਼ਾਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਬੰਦੀ ਦੀ ਇਕੱਤਰਤਾ ਸ: ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਚਾਰ ਘੰਟੇ ਦੀ ਗੜ੍ਹ ਵਿਚਾਰ ਦੇ ਉਪਰੰਤ ਫ਼ੈਸਲਾ ਹੋਇਆ ਕਿ ਇਸ ਕਮੇਟੀ ਵੱਲੋਂ ਪੰਜ ਸੱਜਣ ੧੪ ਨਵੰਬਰ ਨੂੰ ਦੀਵਾਨ ਦੇ ਸੱਜਣਾਂ ਨਾਲ ਮਿਲ ਕੇ ਵਿਚਾਰ ਕਰਨ ਅਤੇ ੧੫ ਨਵੰਬਰ (੧ ਮਘਰ) ਨੂੰ ਪੰਥ ਦੀ ਪ੍ਰਤੀਨਿਧ ਇਕੱਤਰਤਾ ਵਿਚ ਆਪਣੀ ਵਿਚਾਰ ਦਾ ਸਿੱਟਾ ਪੇਸ਼ ਕਰਨ।

ਪੰਜ ਸੱਜਣ ਇਹ ਹਨ :-

੧. ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ.
੨. ਮਾਸਟਰ ਤਾਰਾ ਸਿੰਘ ਜੀ ਬੀ. ਏ.
੩. ਬਾਵਾ ਹਰਕਿਸ਼ਨ ਸਿੰਘ ਜੀ ਐਮ. ਏ.
੪. ਮਾਸਟਰ ਮੋਤਾ ਸਿੰਘ ਜੀ
੫. ਸ: ਮੰਗਲ ਸਿੰਘ ਜੀ ਬੀ. ਏ.

੧੪ ਨਵੰਬਰ ਨੂੰ ਵਿਚਾਰ ਕਰਨ ਦੀ ਤਜਵੀਜ਼ ਦੀਵਾਨ ਵੀ ਪ੍ਰਵਾਨ ਕਰ ਲਈ ਹੈ।

ਅਕਾਲੀ ਲਾਹੌਰ, ੧੩ ਨਵੰਬਰ ੧੯੨੦

ਤਖ਼ਤ ਅਕਾਲ ਬੁੰਗਾ

੧੦ ਨਵੰਬਰ ਨੂੰ ਅੰਮ੍ਰਿਤ ਵੇਲੇ ਸੰਗਤ ਨੇ ਕੜਾਹ ਪ੍ਰਸ਼ਾਦ ਭੇਟਾ ਕਰ ਕੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ "ਹੇ ਅਕਾਲ ਪੁਰਖ ਆਪ ਦੇ ਭਾਣੇ ਅੰਦਰ ਸਰਦਾਰ ਮੰਗਲ ਸਿੰਘ ਜੀ ਅਤੇ ਸ: ਸ਼ਿੰਗਾਰਾ ਸਿੰਘ ਦੇ ਧਰਮ ਦੀ ਖ਼ਾਤਰ ਫੜੇ ਜਾਣ ਤੇ ਸੰਗਤ ਪ੍ਰਸੰਨ ਹੈ, ਆਪ ਉਨ੍ਹਾਂ ਦੇ ਸਹਾਈ ਹੋ ਕੇ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਓ!

ਅਕਾਲੀ ਲਾਹੌਰ, ੨੫ ਨਵੰਬਰ ੧੯੨੦

ਗੁਰਮਤੇ ਸੋਧਣ ਦੀ ਵਿਉਂਤ !

(ਵੱਲੋਂ ਪ੍ਰਿੰਸੀਪਲ ਭਾਈ ਜੋਧ ਸਿੰਘ ਜੀ ਐਮ. ਏ.)

੧. ਮੱਘਰ ਦਾ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਪੰਥਕ ਇਕੱਠ ਦੇਖ ਕੇ ਜੋ ਪ੍ਰਸੰਨਤਾ ਮੇਰੇ ਮਨ ਨੂੰ ਹੋਈ ਹੈ ਉਹ ਗੁਰੂ ਹੀ ਜਾਣਦਾ ਹੈ! ਸਦੀਆਂ ਮਗਰੋਂ ਪੰਥ ਦਾ ਇਕੁਰ ਇਕੱਠਾ ਹੋਣਾ ਪਰ ਇਕ ਦੇ ਮਨ ਨੂੰ ਗਦ ਗਦ ਕਰ ਰਿਹਾ ਸੀ। ਵੱਡੀ ਖੁਸ਼ੀ ਦੀ ਇਹ ਗੱਲ ਹੈ ਕਿ ਗੁਰੂ ਦੀ ਗੋਦ ਵਿਚ ਬੈਠ ਕੇ ਖਾਲਸਾ ਜਾਤੀ ਰੰਜਸ਼ਾਂ ਸਾਰੀਆਂ ਭੁਲ ਗਿਆ ਤੇ ਜਿਥੋਂ ਤਕ ਮੈਨੂੰ ਪਤਾ ਹੈ, ਪਹਿਲੇ ਦਿਨ ਕਿਸੇ ਦੇ ਮੂੰਹੋਂ ਅਜਿਹਾ ਸ਼ਬਦ ਨਹੀਂ ਨਿਕਲਿਆ ਜੋ ਕਿਸੇ ਦਾ ਦਿਲ ਦੁਖਾਵੇ। ਮੈਂ ਤਾਂ ਰਾਤ ਦੇ ਤਿੰਨ ਵਜੇ ਤੁਰ ਆਇਆ ਸਾਂ, ਪਰ ਪਤਾ ਲਗਾ ਹੈ ਕਿ ਮਗਰੋਂ ਭੀ ਖਾਲਸਾ ਜੀ ਨੇ ਅੰਤਲਾ ਸਿੱਟਾ ਸੋਹਣਾ ਨਜਿੱਠ ਲਿਆ ਹੈ।

ਪਰ ਇਸ ਇਕੱਠ ਦੇ ਮੁਤਅੱਲਕ ਇਕ ਦੋ ਤਜਵੀਜ਼ਾਂ ਮੇਰੇ ਮਨ ਵਿਚ ਆਈਆਂ ਹਨ, ਜਿਹੜੀਆਂ ਖਾਲਸਾ ਜੀ ਦੇ ਵਿਚਾਰ ਗੋਚਰੇ ਪੇਸ਼ ਕਰਦਾ ਹਾਂ।

ਅਗਲੇ ਸਮੇਂ ਅਰਥਾਤ ਮਿਸਲਾਂ ਦੇ ਵੇਲੇ ਜਦੋਂ ਪੰਥ ਇਕੱਠਾ ਹੁੰਦਾ ਸੀ ਤਾਂ ਹਰ ਇਕ ਮਿਸਾਲ ਆਪਣੇ ਜਥੇਦਾਰ ਦੇ ਹੇਠਾਂ ਇਕੱਠੀ ਹੁੰਦੀ ਸੀ। ਬਾਰਾਂ ਜਥੇਦਾਰ ਮਿਲ ਕੇ ਸਾਰੇ ਫ਼ੈਸਲੇ ਕਰਦੇ ਤੇ ਆਪਣੀ ਆਪਣੀ ਮਿਸਾਲ ਦੇ ਉਹ ਆਮ ਜ਼ਿੰਮੇਵਾਰ ਹੁੰਦੇ ਸਨ। ਕਿਹਾ ਹੀ ਸੋਹਣਾ ਹੋਵੇ ਜੋ ਉਹੋ ਜਿਹਾ ਹੀ ਕੁਝ ਪ੍ਰਬੰਧ ਹੁਣ ਭੀ ਕਾਇਮ ਹੋ ਜਾਵੇ।

ਮੇਰੀ ਤਜਵੀਜ਼ ਇਹ ਹੈ ਕਿ ਹਰ ਇਕ ਜ਼ਿਲ੍ਹਾ ਜਾਂ ਜਿਥੇ ਸਿੰਘਾਂ ਦੀ ਆਬਾਦੀ ਘਟ ਹੈ ਦੋ ਜਾਂ ਤਿੰਨ ਜ਼ਿਲ੍ਹੇ ਰਲ ਕੇ ਆਪਣਾ ਜਥੇਦਾਰ ਥਾਪ ਲਿਆ ਕਰਨ ਤੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਉਹ ਦੇ ਨਾਲ ਆ ਕੇ ਸਜਿਆ ਕਰਨ। ਜਦੋਂ ਕੋਈ ਸਵਾਲ ਪੇਸ਼ ਹੋਵੇ ਹਰ ਇਕ ਜਥੇਦਾਰ ਆਪਣੇ ਆਪਣੇ ਜਥੇ ਨਾਲ ਸਲਾਹ ਕਰ ਲਵੇ ਤੇ ਉਸ ਜਥੇ ਦੀ ਰਾਇ ਪੰਥ ਦੇ ਪੇਸ਼ ਕਰ ਦੇਵੇ। ਵਿਚਾਰ ਡਾਢੀ ਸੋਹਣੀ ਸ਼ਕਲ ਪਕੜ ਲਵੇਗੀ ਤੇ ਆਪੋਧਾਪੀ ਦੂਰ ਹੋ ਜਾਏਗੀ।

ਹੁਣ ਇਹ ਜਥੇਦਾਰ ਕਿੰਕੁਰ ਥਾਪੇ ਜਾਣ। ਮੇਰੀ ਜਾਚੇ ਤਾਂ ਹੁਣ ਸਿੰਘ ਸਭਾ ਦੀ ਮੈਂਬਰੀ ਆਮ ਖ਼ਾਸ ਲਈ ਖੁਲ੍ਹੀ ਨਹੀਂ ਹੋਣੀ ਚਾਹੀਦੀ ਸਿੰਘ ਸਭਾ ਦਾ ਮੈਂਬਰ ਉਹ ਹੋਵੇ ਜੋ,

੧. ਅੰਮ੍ਰਿਤਧਾਰੀ, ਨਿਤ ਨੇਮੀ ਤੇ ਅੰਮ੍ਰਿਤ ਵੇਲੇ ਉਠਣ ਵਾਲਾ ਹੋਵੇ। ਬਾਣੀ ਦਾ ਪੱਕਾ ਰਸੀਆ ਹੋਵੇ।

੨. ਦਸਵੰਧ ਦੇਂਦਾ, ਗੁਰ ਮਰਿਯਾਦਾ ਕਰਦਾ ਤੇ ਘੱਟ ਤੋਂ ਘੱਟ ਸਰਬ ਅੰਮ੍ਰਿਤਧਾਰੀਆਂ ਨਾਲ ਸੰਗਤ ਤੇ ਪੰਗਤ ਵਿਚ ਅਭੇਦ ਵਰਤਦਾ ਹੋਵੇ।

ਸਾਰੇ ਪੰਥਕ ਜਥਿਆਂ ਦੇ ਪ੍ਰਬੰਧਕ ਹੇਠ ਲਿਖੀ ਰਹਿਤ ਵਾਲੇ ਹੋਣੇ ਚਾਹੀਦੇ ਹਨ। ਸੱਜਣ ਸਹਾਇਕ ਭਾਵੇਂ ਬਣ ਜਾਣ ਮੈਂਬਰ ਤਦੋਂ ਹੀ ਹੋ ਸਕਣ ਜਦੋਂ ਇਸ ਰਹਿਤ ਪਰ ਆ ਜਾਣ।

ਹਰ ਇਕ ਜ਼ਿਲ੍ਹੇ ਵਿਚ ਸਾਲਾਨਾ ਇਕ ਦੀਵਾਨ ਹੋਵੇ। ਜਿਥੇ ਹਰ ਇਕ ਨਗਰ ਦੇ ਮੁਖੀ ਜਮਾਂ ਹੋਣ। ਇਨ੍ਹਾਂ ਮੁਖੀਆਂ ਦੀ ਗਿਣਤੀ ਮੈਂਬਰਾਂ ਦੀ ਗਿਣਤੀ ਦੇ ਅਨੁਸਾਰ ਹੋਵੇ।

ਜਿਹਾ ਕਿ ਰਾਵਲਪਿੰਡੀ ਦਾ ਜ਼ਿਲ੍ਹਾ ਲੈ ਲਵੋ। ਫ਼ਰਜ਼ ਕਰੋ ਕਲਰ ਵਿਚ ਉਪਰਲੀ ਰਹਿਤ ਵਾਲੇ ਸਿੰਘ ੧੦੦ ਹਨ। ਗੁਜਰਖਾਨ ੨੦੦, ਕਹੂਦੇ ਵਿਚ ੫੦ ਰਾਵਲਪਿੰਡੀ ਵਿਚ ੧੫੦ ਤਾਂ ਜ਼ਿਲ੍ਹੇ ਦੇ ਦੀਵਾਨ ਵਿਚ ਕਲਰ ਵੱਲੋਂ ੨, ਗੁਜਰਖਾਨ ਵੱਲੋਂ ੪, ਕਹੂਟੇ ਵੱਲੋਂ ੧ ਤੇ ਰਾਵਲਪਿੰਡੀ ਵੱਲੋਂ ੩ ਸਿੰਘ ਹਾਜ਼ਰ ਹੋਣ। ਉਹ ਸਾਰੇ ਮਿਲ ਕੇ ਆਪਣਾ ਜਥੇਦਾਰ ਥਾਪ ਲੈਣ। ਜਦੋਂ ਪੰਥਕ ਇਕੱਠ ਦੀ ਲੋੜ ਹੋਵੇ ਜਥੇਦਾਰ ਸਣੇ ਮੁਖੀਆਂ ਹਾਜ਼ਰ ਹੋ ਜਾਵੇ।

ਸਾਨੂੰ ਮਨਜ਼ੂਰ ਨਹੀਂ !

ਸ: ਹਰਚੰਦ ਸਿੰਘ ਜੀ ਤੇ ਸ: ਤੇਜਾ ਸਿੰਘ ਜੀ ਬੁਰਜ ਵਾਲੇ ਕਹਿੰਦੇ ਹਨ ਸਾਡੇ ਨਾਮ, ਬਿਨਾਂ ਪੁਛੇ ਹੀ ਲਾਟ ਸਾਹਿਬ ਤੋਂ ਮਨਜ਼ੂਰ ਕਰਾਈ ਹੋਈ ੩੬ ਆਦਮੀਆਂ ਦੀ ਕਮੇਟੀ ਵਿਚ ਲਿਖ ਲਏ ਹਨ। ਸਾਨੂੰ ਇਹ ਮਨਜ਼ੂਰ ਨਹੀਂ, ਅਸੀਂ ਉਸ ਫ਼ੈਸਲੇ ਨੂੰ ਮੰਨਦੇ ਹਾਂ ਜੋ ਗੁਰੂ ਪੰਥ ਨੇ ਤਖ਼ਤ ਅਕਾਲ ਬੁੰਗੇ ਇਕੱਠੇ ਹੋ ਕੇ ਕੀਤਾ ਹੈ।

ਅਕਾਲੀ ਲਾਹੌਰ, ੧੧ ਦਸੰਬਰ ੧੯੨੦

ਕਮੇਟੀ ਦੀ ਚੋਣ ਸੀ

੧. ਤਖ਼ਤ ਸਾਹਿਬ ਵੱਲੋਂ ੪,
੨. ਫੀਰੋਜ਼ਪੁਰ ਵੱਲੋਂ੪,
੩. ਮਿੰਟਗੁਮਰੀ ਵੱਲੋਂ ੨,
੪. ਡੇਰ ਗਾਜ਼ੀ ਖਾਂ ਵੱਲੋਂ ੧,
੫. ਸਰਹੱਦੀ ਸੂਬਾ ਕੋਹਾਟ ਵੱਲੋਂ ੨, ਪਸ਼ੌਰ ਵੱਲੋਂ ੪, ਬੰਨੂ ਵੱਲੋਂ ੨,
੬. ਰੋਹਤਕ ਵੱਲੋਂ ੧,
੭. ਗੁੜਗਾਂਓਂ ਵੱਲੋਂ ੧,
੮. ਹਿਸਾਰ ਵੱਲੋਂ ੧,
੯. ਮਹਾਰਾਜਾ ਸਾਹਿਬ ਪਟਿਆਲਾ ਵੱਲੋਂ ੨,
੧੦. ਮਹਾਰਾਜਾ ਸਾਹਿਬ ਨਾਭਾ ਵੱਲੋਂ ੨,
੧੧. ਮਹਾਰਾਜਾ ਸਾਹਿਬ ਜੀਂਦ ਵੱਲੋਂ ੧,
੧੨. ਸੰਗ ਜੀਂਦ ਵੱਲੋਂ ੩,
੧੩. ਫਰੀਦਕੋਟ ਦੀ ਸੰਗਤ ਵੱਲੋਂ ੨,
੧੪. ਕਲਸੀਆਂ ਦੀ ਸੰਗਤ ਵੱਲੋਂ ੨,
੧੫. ਕਪੂਰਥਲਾ ਦੀ ਸੰਗਤ ਵੱਲੋਂ ੨,
੧੬. ਕਸ਼ਮੀਰ ਦੀ ਸੰਗਤ ਵੱਲੋਂ ੨,
੧੭. ਮੁਜ਼ਰਗੜ੍ਹ ਵੱਲੋਂ ੧,
੧੮. ਝੰਗ ਵੱਲੋਂ ੧,
੧੯. ਡੇਰਾ ਅਸਮੈਲ ਖਾਂ ਵੱਲੋਂ ੧,
੨੦. ਸ਼ਾਹਪੁਰ ਵੱਲੋਂ ੨,
੨੧. ਮੀਆਂਵਾਲੀ ਵੱਲੋਂ ੧,
੨੨. ਨਿਹੰਗ ਸਿੰਘਾਂ ਦੇ ਜਥੇ ਵੱਲੋਂ ੫,
੨੩. ਬੀਕਾਨੇਟ ਦੀ ਸੰਗਤ ਵੱਲੋਂ ੨,
੨੪. ਫ਼ੌਜੀ ਖਾਲਸੇ ਵੱਲੋਂ ੧੫,
੨੫. ਬੰਗਾਲ ਵੱਲੋਂ ੫,
੨੬. ਹਾਂਗ ਕਾਂਗ ਵੱਲੋਂ ੧,
੨੭. ਸਿੰਘਾਈ ਵੱਲੋਂ ੧,
੨੮. ਪੀਨਾਂਗ ਵੱਲੋਂ ੧,
੨੯. ਕੈਨੇਡਾ ਵੱਲੋਂ ੧,
੩੦. ਕੈਲੀਫੋਰਨੀਆਂ ਵੱਲੋਂ ੧,
੩੧. ਬਰਮਾ ਵੱਲੋਂ ੧,
੩੨. ਸੀਸਤਾਨ ਵੱਲੋਂ ੨,
੩੩. ਬਲੋਚਿਸਤਾਨ ਵੱਲੋਂ ੧,
੩੪. ਸ਼ਿਮਲਾ ਵੱਲੋਂ ੧,

੩੫. ਪੁਨਛ ਵੱਲੋਂ ੧,
੩੬. ਕਾਬਲ ਵੱਲੋਂ ੧,

ਅਕਾਲੀ ਲਾਹੌਰ, ੧੧ ਦਸੰਬਰ ੧੯੨੦

ਜਥੇਬੰਦੀ

ਨੰ: ੧

ਇਹ ਨਿਰਸੰਦੇਹ ਕਹਿਣਾ ਪਵੇਗਾ ਕਿ ਐਸ ਵੇਲੇ ਹਰ ਇਕ ਸਿੱਖ, ਬੱਚੇ, ਬੁਢੇ, ਮਾਈ, ਭਾਈ ਦੇ ਦਿਲ ਵਿਚ ਇਹ ਉਮੰਗਾਂ ਠਾਠਾਂ ਮਾਰ ਰਹੀਆਂ ਹਨ ਅਤੇ ਇਹ ਚਾਅ ਚੜ੍ਹ ਰਹੇ ਹਨ ਕਿ ਉਹ ਸੁਲਖਣੀ ਘੜੀ ਕਦੋਂ ਆਵੇ ਜਦੋਂ ਖਾਲਸਾ ਜੀ ਇਕ ਵਾਰੀ ਫੇਰ ਚੜ੍ਹਦੀਆਂ ਕਲਾਂ ਵਿਚ ਵਿਚਰੇ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਝੰਡਾ ਦੁਨੀਆਂ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਝੁਲਦਾ ਨਜ਼ਰ ਆਵੇ। ਜਦੋਂ ਅਫ਼ਰੀਕਾ ਦੇ ਹਬਸ਼ੀ ਅਤੇ ਅਰਬ ਦੇ ਬਦੂ ਪੱਛਮੀ ਸਭਿਅਤਾ ਦੇ ਤਰੱਕੇ ਅਤੇ ਸੜੇ ਹੋਏ ਮਾਇਆਧਾਰੀ ਬੰਦੇ ਭਾਰਤ ਵਰਸ਼ ਦੇ ਬੁਤ-ਪੂਜ ਅਤੇ ਆਪਸ ਵਿਚ ਲੜ ਮਰਨ ਵਾਲੇ ਉਤੋਂ-ਉਤੋਂ ਧਾਰਮਿਕ ਪੁਰਸ਼ ਅਤੇ ਜਾਪਾਨ ਤੇ ਚੀਨ ਦੇ ਪਛਮੀ ਰਾਹੁ ਰੀਤ ਨੂੰ ਹੀ ਕਾਮਯਾਬੀ ਦੀ ਕੁੰਜੀ ਮੰਨ ਲੈਣ ਵਾਲੇ ਮੰਗੋਲੀ ਅਕਾਲ ਅਕਾਲ ਪਏ ਜਪਣ, ਜਦੋਂ ਵਾਹਿਗੁਰੂ ਮੰਤਰ ਦੀ ਸੁਰੀਲੀ ਮਧੁਰ ਧੁਨੀ ਦਖਣੀ ਅਮਰੀਕਾ ਦੇ ਸੰਘਣੇ ਬਣਾਂ ਵਿੱਚੋਂ, ਹਿਮਾਲੀਆਂ ਪਹਾੜ ਦੀਆਂ ਸਿਖਰ ਚੋਟੀਆਂ ਤੋਂ, ਮਹਾਨ ਚੌੜੇ ਖਾਰੇ ਸਮੁੰਦਰਾਂ ਦੇ ਟਾਂਵਿਆਂ ਟਾਂਵਿਆਂ ਟਾਪੂਆਂ ਤੋਂ, ਬਰਫ਼ ਨਾਲ ਢਕੇ ਹੋਰੇ ਕੁਤਬਾਂ ਤੋਂ, ਆਪ ਹੀ ਆਪ ਪਈ ਨਿਕਲੇ। ਧੰਨ ਗੁਰੂ, ਧੰਨ ਗੁਰੂ ਦਾ ਸ਼ਬਦ ਸਾਡੇ ਲੂੰ ਲੂੰ ਵਿੱਚੋਂ ਨਿਕਲ ਰਿਹਾ ਹੈ ਕਿ ਅਸੀਂ ਆਪਣੀ ਅੱਖੀਂ ਇਹ ਭਾਗੋ ਭਰੀ ਘੜੀ ਵੇਖਦੇ ਹਾਂ ਜਦੋਂ ਕਿ ਖਾਲਸਾ ਜੀ ਹਰ ਰੋਜ਼ ਇਕ ਮੋਰਚਾ ਫ਼ਤਹਿ ਕਰਦਾ ਹੈ ਅਤੇ ਚਾਵਾਂ ਮਲ੍ਹਾਰਾਂ ਵਿਚ ਫਿਰਦਾ ਹੈ ਪਰ ਫ਼ਰਕ ਅੱਜ ਤੋਂ ਦੋ ਸਾਲ ਪਹਿਲਾਂ ਤੇ ਹੁਣ ਦੀ ਦਸ਼ਾ ਵਿਚ ਕੇਵਲ ਇੰਨਾਂ ਹੀ ਹੈ ਕਿ ਹੁਣ ਉਹ ਨਿਰਾਸਤਾ ਦੀਆਂ ਕਾਲੀਆਂ ਘਟਾਂ ਵਿੱਚੋਂ ਥੋੜ੍ਹੀ ਜਿਹੀ ਆਸ ਦੀ ਕਿਰਨ ਨੇ ਚਾਨਣਾ ਕੀਤਾ ਹੈ।

ਅਜੇ ਪ੍ਰੀਤਮ ਜੀ ਦਾ ਦੇਸ਼ ਦੂਰ ਹੈ ਅਤੇ ਅਸੰਖ ਕੋਹਾਂ ਪੈਂਡਾ ਕਰਨ ਲਈ ਅਸੀਂ ਅਜੇ ਕੇਵਲ ਤਿਆਰੀ ਹੀ ਕੀਤੀ ਹੈ ਤੇ ਅਜੇ ਉਸ ਰਾਹ ਤੇ ਪੈਰ ਨਹੀਂ ਧਰਿਆ। ਦਿਲ ਭਾਵੇਂ ਆਖਦਾ ਹੈ "ਖੰਭ ਵਿਕਾਂਦੜੇ ਜੇ ਲਹਾਂ ਘਿੰਨਾਂ ਸਾਵੀਂ ਤੋਲ। ਤੰਨ ਜੜਾਈ ਆਪਣੇ ਲਹਾਂ ਸੋ ਸਜਨ ਟੋਲ" ਸੋ, ਕਿਨੀ ਕੁ ਕੁਰਬਾਨੀ ਅਤੇ ਕਿਨੇ ਕੁ ਸਿਰ ਤੋੜ ਯਤਨ ਦੀ ਸਾਨੂੰ ਲੋੜ ਹੋਵੇਗੀ, ਇਹ ਪਾਠਕ ਜੀ ਆਪ ਹੀ ਅੰਦਾਜ਼ਾ ਲਾ ਲੈਣ।

ਪਰ ਇਸ ਵਾਸਤੇ ਪਹਿਲੀ ਜ਼ਰੂਰੀ ਗੱਲ ਇਹ ਹੈ ਕਿ ਅਸੀਂ ਆਪਣੀਆਂ ਸਾਰੀਆਂ ਤਾਕਤਾਂ ਇਕਠੇ ਹੋ ਕੇ ਲਾਈਏ। ਜਿਨ੍ਹਾਂ ਇੱਕਾ ਮਿੱਕੀ ਕੀਤੀ ਹੈ ਤੇ ਇਕੱਠਾ ਜ਼ੋਰ ਨਹੀਂ ਲਗਦਾ ਉਨ੍ਹਾਂ ਚਿਰ ਕੰਮ ਰਾਸ ਹੋਣਾ ਅਸੰਭਵ ਹੈ। ਸਾਡੇ ਇਕਠਿਆਂ ਹੋਇਆਂ ਕਿਸ ਦੀ ਮਜਾਲ ਹੈ ਕਿ ਸਾਡੀ ਵਾ ਵੱਲ ਵੀ ਵੇਖ ਸਕੇ। ਲੋੜ ਕੇਵਲ ਇਤਨੀ ਗੱਲ ਦੀ ਹੈ ਕਿ ਅਸੀਂ ਆਪਣਾ ਰਾਜ ਭਾਗ ਗਵਾ ਕੇ ਵੀ ਅਜੇ ਮੱਤ ਬੁੱਧ ਨਹੀਂ ਸੰਭਲੇ। ਉਹ ਸਾਕਾ ਜਿਹੜਾ ਪੰਜਾਬ ਵਿਚ ਮਹਾਰਾਜਾ ਰੰਜੀਤ ਸਿੰਘ ਦੇ ਚਲਾਣੇ ਪਿਛੋਂ ਵਰਤਿਆ ਇਕ ਸਿੱਖ ਹਿਰਦਾ ਕਲੇਜੇ ਤੇ ਹੱਥ ਰੱਖ ਕੇ ਪੜ੍ਹਨ ਦਾ ਹੀਆ ਕਰ ਸਕਦਾ ਹੈ। ਡੋਗਰਿਆਂ ਨੇ ਆਪਣਾ ਉਲੂ ਸਿਧਾ ਕਰਨ ਦੀ ਖ਼ਾਤਰ ਖਾਲਸੇ ਜੀ ਨੂੰ ਆਪਸ ਵਿਚ ਹੀ ਲੜਾ ਮਾਰ ਮੁਕਾਇਆ। ਕੀ ਅਸੀਂ ਆਪਣਾ ਸਭ ਕੁਝ ਹੱਥੋਂ ਗਵਾਕੇ ਅਜੇ ਹੋਸ਼ ਨਹੀਂ ਸੰਭਾਲਦੇ। ਹੁਣ ਡੋਗਰਿਆਂ ਦੇ ਥਾਂ ਕੋਈ ਹੋਰ ਜਮਾਤ ਜੇ ਸਾਡੇ ਨਾਲ ਉਹੋ ਕਾਰਾ ਕਰਾਣਾ ਚਾਹੇ ਤਾਂ ਸਾਡਾ ਕੀ ਫ਼ਰਜ਼ ਹੈ? "ਮਿਲਬੇ ਕੀ ਮੈਹਮਾਂ ਬਰਨ ਨ ਸਾਕੋ ਨਾਨਕ ਪਰੇ ਪਰੀਲਾ" ਅਸੀਂ ਰੋਜ਼ ਪੜ੍ਹਦੇ ਹਾਂ। ਪੜ੍ਹਨ ਦਾ ਕੀਹ ਅਰਥ ਜੋ ਉਸ ਨੂੰ ਮੰਨਣਾ ਨਹੀਂ। ਸਾਡੀ ਐਸ ਵੇਲੇ ਕੀ ਹਾਲਤ ਹੈ? ਸਾਡੀ ਧਾਰਮਿਕ ਸ਼ਰਹ ਇਕ ਨਹੀਂ ਤੇ ਨਾ ਹੀ ਅਸਾਂ ਇਕੱਠਿਆਂ ਮਿਲ ਕੇ ਇਸ ਤੇ ਵਿਚਾਰ ਕੀਤੀ ਹੈ। ਜੇ ਇਕ ਨਿਕਾ ਜਿਹਾ ਝਗੜਾ ਛਿੜ ਜਾਂਦਾ ਹੈ ਤਾਂ ਕਈ ਮਹੀਨਿਆਂ ਬੱਧੀ ਉਸੇ ਤੇ ਜੂਤ ਬਜ਼ਾਰ ਗਰਮ ਰਹਿੰਦਾ ਹੈ, ਜਿਸਦਾ ਜੋ ਜੀ ਆਉਂਦਾ ਹੈ ਕਰੀ ਜਾਂਦਾ ਹੈ। ਨਿਤ ਨੇਮ ਅੱਡ ਹੋਣ ਤੇ ਹੀ ਡਾਂਗ ਸੋਟਾ

ਖੜਕ ਪੈਂਦਾ ਹੈ। ਰਾਗ ਮਾਲਾ ਦਾ ਮਾਮਲੇ ਅਜੇ ਭੁੱਲਾ ਨਹੀਂ ਹੋਣਾ।

ਸਾਡੇ ਸਾਰੇ ਸਕੂਲ ਇਕ ਲੜੀ ਵਿਚ ਨਹੀਂ ਪਰੋਤੇ ਹੋਏ, ਕਾਲਜ ਦੇ ਮੁਤਅਲਕ ਪਤਾ ਨਹੀਂ ਲਗਦਾ ਕਿ ਕਿਹੜਾ ਪ੍ਰਤੀਨਿਧ ਜਥਾ ਇਸ ਨੂੰ ਸੰਭਾਲੇ, ਤੇ ਜੋ ਕੋਈ ਸਜਣ ਇਕ ਆਸ਼ਰਮ ਦੀ ਬੁਨਿਆਦ ਰੱਖਦਾ ਹੈ ਉਸ ਨੂੰ ਫਿਰ ਚਿਰੜ ਵਾਂਗਣ ਚੰਮੜ ਜਾਂਦਾ ਹੈ, ਖੂਹ ਦੇ ਡਡੂ ਵਾਂਗਣ ਇਹ ਸਮਝਣ ਦਾ ਯਤਨ ਹੀ ਨਹੀਂ ਕਰਦਾ ਕਿ ਬਾਹਰ ਹੋਰ ਵੀ ਦੁਨੀਆਂ ਹੈ, ਸਗੋਂ ਦੂਜੇ ਆਸ਼ਰਮਾਂ ਦੇ ਸੇਵਕਾਂ ਨੂੰ ਕੈਰੀ ਅੱਖ ਨਾਲ ਵੇਖਣਾ ਆਰੰਭ ਕਰ ਦਿੰਦਾ ਹੈ ਇਹ ਨਹੀਂ ਸਮਝਦਾ ਕਿ ਸਾਰੇ ਆਸ਼ਰਮ ਪੰਥ ਦੇ ਲਾਭ ਹਿਤ ਬਣੇ ਹਨ ਤੇ ਸਾਂਝਾ ਸੇਕ ਹੋਣਾ ਚਾਹੀਦਾ ਹੈ।

ਕੰਨਿਆ ਵਿਦਆਲਿਆਂ ਦਾ ਕੁਝ ਸਮਝ ਹੀ ਨਹੀਂ ਆਉਂਦਾ। ਇਹ ਹਰ ਇਕ ਆਦਮੀ ਵਾਸਤੇ ਹਮੇਸ਼ਾ ਇਕ ਗੁਣਝ ਵਾਲਾ ਮਾਮਲਾ ਹੀ ਰਹਿੰਦਾ ਹੈ ਸਵਾਇ ਸ਼ਾਇਦ ਉਨ੍ਹਾਂ ਸੇਵਕਾਂ ਦੇ ਜਿਨ੍ਹਾਂ ਨੂੰ ਇਨ੍ਹਾਂ ਆਸ਼ਰਮਾਂ ਵਿਚ ਆਪ ਕੰਮ ਕਰਨ ਦਾ ਅਵਸਰ ਹੋਇਆ ਹੈ। ਇਹ ਭੀ ਮੰਨਣਾ ਪਏਗਾ ਕਿ ਕੁਰੀਤੀਆਂ ਵੀ ਕੁਝ ਨ ਕੁਝ, ਕਈ ਥਾਂਈ, ਜ਼ਰੂਰ ਹੋਣਗੀਆਂ ਪਰ ਨਾਲ ਹੀ ਇਹ ਭੀ ਮੰਨਣਾ ਪਏਗਾ ਕਿ ਕਈ ਈਰਖਾ ਦੇ ਨਾਲ ਭੁਜ ਰਹੇ ਆਦਮੀ ਕਮੀਨੇ ਤੋਂ ਕਮੀਨੇ ਵਾਰ ਕਰਾਨੋਂ ਵੀ ਨਹੀਂ ਟਲਦੇ। ਉਹ ਇਹ ਨਹੀਂ ਸਮਝਦੇ ਕਿ ਇਸ ਤਰ੍ਹਾਂ ਦੀ ਹਤਕ ਕੌਮੀ ਹਤਕ ਹੈ। ਮੁਕਦੀ ਗੱਲ ਕੰਨਯਾਂ ਆਸ਼ਰਮਾਂ ਦਾ ਮਾਮਲਾ ਇਕ ਜਾਦੂ ਦਾ ਖੇਲ ਹੈ ਜਿਸ ਦੀ ਅਸਲੀਅਤ ਲਭਣੀ ਅਸੰਭਵ ਜਿਹੀ ਜਾਪਦੀ ਹੈ।

ਪ੍ਰਚਾਰ ਦਾ ਹਾਲ ਬਾਹਰਲੇ ਦੇਸ਼ਾਂ ਵਿਚ ਜਾ ਕੇ ਕਰਨਾ ਤਾਂ ਕਿਧਰੇ ਰਿਹਾ ਇਥੇ ਵੀ ਇਕ ਦੋ ਰਾਤਾਂ ਪਿੰਡਾਂ ਦੇ ਦਾੜ੍ਹੀ ਮੁੰਨੇ ਤੇ ਸ਼ਹਿਰਾਂ ਦੇ ਢਿਲੜ ਹਿੰਦੂ ਸਿੱਖਾਂ ਵਿਚ ਰਿਹਾਂ ਹੀ ਪਤਾ ਲੱਗਦਾ ਹੈ।

ਗੁਰਦੁਆਰਿਆਂ ਦਾ ਤਾਣਾ ਅਜਿਹਾ ਹੈ। ਜਿਸ ਦੀ ਇਕ ਇਕ ਤਾਰ ਰੋਜ਼ ਹੀ ਵਿਗੜ ਜਾਂਦੀ ਹੈ।

ਹਿੰਦੁਸਤਾਨ ਵਿਚ ਨਵੀਂ ਰੌ ਦੇ ਚਲਣ ਨਾਲ ਖਾਲਸੇ ਜੀ ਨੂੰ ਆਪਣੀਆਂ ਤਾਕਤਾਂ ਦਾ ਇਕੱਠਾ ਕਰ ਕੇ ਲਾਣ ਦੀ ਲੋੜ ਅਗੇ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੋ ਗਈ ਹੈ।

ਇਹ ਅਤੇ ਕਈ ਹੋਰ ਜ਼ਰੂਰੀ ਮਾਮਲੇ ਹਨ ਜਿਹੜੇ ਸਾਨੂੰ ਵੰਗਾਰ ਰਹੇ ਹਨ। ਯਾਂ ਤਾਂ ਇਕਠੇ ਹੋ ਜਾਓ ਨਹੀਂ ਤਾਂ ਐਸਾ ਨਾ ਹੋਵੇ ਕਿ ਖਾਲਸਾ ਜੀ ਦਾ ਨਾਮ ਨਿਰਾ ਇਤਿਹਾਸ ਵਿਚ ਹੀ ਰਹਿ ਜਾਵੇ। ਕੌਮੀ ਮੌਤ ਤੇ ਜ਼ਿੰਦਗੀ ਦਾ ਸਵਾਲ ਹੈ। ਹੁਣ ਇਸ ਕੌਮੀ ਖਿਚੋਤਾਣ ਵਿਚ ਉਹ ਕੌਮ ਹੀ ਜ਼ਿੰਦਾ ਰਹਿ ਸਕਦੀ ਹੈ ਜਿਹੜੀ ਦੁਨੀਆਂ ਨੂੰ ਆਪਣੇ ਕਾਰਨਾਮਿਆਂ ਨਾਲ ਦਸ ਸਕੇ ਕਿ ਉਹ ਕਾਇਮ ਰਹਿਣ ਦੇ ਲਾਇਕ ਹੈ। ਇਨ੍ਹਾਂ ਜ਼ਰੂਰੀ ਗੱਲਾਂ ਵਿਚ ਇਕ ਉਤੇ ਕਈ ਲੇਖ ਲਿਖੇ ਜਾਣ ਦੀ ਲੋੜ ਹੈ ਅਤੇ ਆਸ਼ਾ ਹੈ ਕਿ ਹੌਲੀ ਹੌਲੀ ਕਰ ਕੇ ਆਪਣੀ ਵਿਚਾਰ ਪੇਸ਼ ਕਰਾਂਗੇ।

ਹੁਣ ਖਾਲਸਾ ਜੀ ਲੋੜ ਇਸ ਗੱਲ ਦੀ ਹੈ ਕਿ ਅਸੀਂ ਸਾਰੇ ਇਕ ਮੁੱਠ ਹੋ ਜਾਈਏ। ਥੋੜ੍ਹੇ ਹੀ ਦਿਨ ਹੋਏ ਸੁਣਨ ਵਿਚ ਆਇਆ ਹੈ ਕਿ ਯਾਰਾਂ ਦਸੰਬਰ ਨੂੰ ਇਸ ਗੱਲ ਤੇ ਅੰਮ੍ਰਿਤਸਰ ਜੀ ਵਿਚਾਰ ਹੋਣੀ ਹੈ। ਅਸੀਂ ਚੀਫ਼ ਖਾਲਸਾ ਦੀਵਾਨ ਦੇ ਪਰਬੰਧਕ ਵੀਰਾਂ ਨੂੰ ਬਿਨੈ ਕਰਦੇ ਹਾਂ ਕਿ ਉਹ ਹੁਣ ਜ਼ਮਾਨੇ ਦੀ ਰੌ ਨੂੰ ਵੇਖਦਿਆਂ ਹੋਇਆਂ ਖਾਲਸਾ ਜੀ ਦੀ ਇਸ ਡਾਢੀ ਅਤੇ ਤੀਬਰ ਇਛਾ ਦੇ ਅਗੇ ਸਿਰ ਝੁਕਾਉਣ ਅਤੇ ਇਹ ਦੀ ਲੋੜ ਨਾ ਪੈਣ ਦੇਣ ਕਿ ਇਕ ਹਰ ਪ੍ਰਤੀਨਿਧ ਦੀਵਾਨ ਖੜ੍ਹਾ ਹੋ ਜਾਵੇ ਤੇ ਦੋਵੇ ਦੀਵਾਨ ਆਪਸ ਵਿਚ ਖੈਹ ਮਰਨ ਤੇ ਨਾਲ ਹੀ ਖਾਲਸਾ ਪੰਥ ਜਿਸ ਨੂੰ ਗੁਰੂ ਜੀ ਨੇ ਆਪਣੇ ਲਹੂ ਨਾਲ ਸਿੰਜਿਆ ਸੀ ਇਕ ਹੋਰ ਧੱਕਾ ਲਾਉਣ। ਉਨ੍ਹਾਂ ਵੀਰਾਂ ਨੂੰ **ਇਕ ਨਿਰੋਲ ਚੋਣਵਾਂ ਪ੍ਰਤੀਨਿਧ ਜਥਾ** ਬਣ ਜਾਣ ਵਿਚ ਕੋਈ ਉਜਰ ਨਹੀਂ ਹੋਣਾ ਚਾਹੀਦਾ।

ਨਾਲ ਹੀ ਅਸੀਂ ਇਹ ਬਿਨੈ ਕਰਦੇ ਹਾਂ ਕਿ ਜੇ ਉਨ੍ਹਾਂ ਦੇ ਦਿਲ ਵਿਚ ਇਹ ਰੰਜ ਹੈ ਕਿ ਉਨ੍ਹਾਂ ਨਾਲ ਕਰੜਾਈ ਕੀਤੀ ਗਈ ਹੈ ਅਤੇ ਬੋਲ ਕਬੋਲ ਕਢੇ ਗਏ ਹਨ। ਵੀਰੋ! ਅਸੀਂ ਮਾਂ ਪਿਓ ਜਾਏ ਵੀਰ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਸਾਰੇ ਹੀ ਬੱਚੇ ਹਾਂ। ਭਰਾ ਭਰਾ ਲੜ ਪੈਂਦੇ ਹਨ ਪਰ ਨਹੁੰਆਂ ਨਾਲੋਂ ਮਾਸ ਕਦੀ ਅਡ ਨਹੀਂ ਹੋ ਸਕਦਾ। ਆਓ ਜਿਸ ਤਰ੍ਹਾਂ ਦੁਨੀਆਂ ਨੂੰ ਅਸਾਂ ਸੌ ਸਾਲ ਤੋਂ ਜ਼ਿਆਦਾ ਲੰਘ ਗਏ ਹੋਏ ਅਰਸੇ ਪਿੱਛੋਂ ਇਕ ਵਾਰੀ ਤਖ਼ਤ ਅਕਾਲ ਬੁੰਗੇ ਇਕ ਦਿਨ ਹੋ ਕੇ ਦਸ ਦਿਤਾ ਸੀ ਕਿ ਹੁਣ ਮਿਲਨ ਦਾ ਵੇਲਾ ਨੇੜੇ ਹੈ ਅਤੇ ਦੁਸ਼ਮਣਾਂ ਨੂੰ ਵੀ ਦੰਡ ਦਾ ਵੇਲਾ ਵੀ ਨੇੜੇ ਹੈ। ਜਿਨ੍ਹਾਂ ਇਹ ਸਾਰੀਆਂ ਕੋਸ਼ਿਸ਼ਾਂ ਕੀਤੀਆਂ, ਬਾਹਰਲਿਆਂ ਨੂੰ ਇਹ ਕਦੋਂ ਚੰਗਾ ਲੱਗ ਸਕਦਾ ਹੈ ਕਿ ਅਸੀਂ ਇਕਠੇ ਹੋ ਕੇ ਬੈਠੀਏ। ਅਕਾਲ ਬੁੰਗੇ ਦੇ ਸਾਹਮਣੇ ਵਾਲਾ ਦ੍ਰਿਸ਼ਯ ਇਕ ਦੇਵਤਿਆਂ ਦੇ

ਵੇਖਣ ਦੇ ਲਾਇਕ ਦ੍ਰਿਸ਼ਯ ਸੀ। ਇਸੇ ਤਰ੍ਹਾਂ ਹੁਣ ਅਜਿਹੇ ਜੱਫੇ ਮਾਰ ਕੇ ਮਿਲੋ ਕਿ ਫੇਰ ਦੁਨੀਆਂ ਦੀ ਕੋਈ ਤਾਕਤ ਤੁਹਾਨੂੰ ਅੱਡ ਨਾ ਕਰ ਸਕੇ। ਗੁਰੂ ਜੀ ਸਾਰਿਆਂ ਨੂੰ ਸਿੱਖੀ ਸਿਦਕ ਤੇ ਨਾਮ ਦਾਨ ਬਖਸ਼ਣ।

ਅਕਾਲੀ ਲਾਹੌਰ, ੧੨ ਦਸੰਬਰ ੧੯੨੦

ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਵੀਚਾਰ !

ਜਦੋਂ ਤਕ ਇਹ ਪਰਚਾ ਪਾਠਕਾਂ ਦੇ ਕੋਲ ਪਹੁੰਚੇਗਾ ਉਸ ਵੇਲੇ ਤਕ ਖਾਲਸਾ ਜੀ ਦੇ ਪ੍ਰਤੀਨਿਧ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਗਮ ਵਾਸਤੇ ਤਿਆਰ ਹੋਏ ਬੈਠੇ ਹੋਣਗੇ ਅਤੇ ਆਸ਼ਾ ਹੈ ਕਿ ਸਾਰੇ ਪ੍ਰਤੀਨਿਧ ਜ਼ਰੂਰ ਅਪੜਨ ਦਾ ਯਤਨ ਕਰਨਗੇ ਅਤੇ ਇਹ ਆਖਣ ਦਾ ਮੌਕਿਆ ਨਾ ਦੇਣਗੇ ਕਿ ਜਦੋਂ ਜ਼ਿਲੇਵਾਰ ਵੰਡ ਹੋ ਰਹੀ ਸੀ, ਉਦੋਂ ਬੜਾ ਝੁਰਕ ਝੁਰਕ ਕੇ ਮੈਂਬਰੀਆਂ ਵਧਾਣ ਦਾ ਯਤਨ ਕੀਤਾ ਗਿਆ, ਤੇ ਹੁਣ ਜਦੋਂ ਸੇਵਾ ਕਰਨ ਦਾ ਅਵਸਰ ਆਇਆ ਤਾਂ ਸਮਗਮ ਤੇ ਭੀ ਹਾਜ਼ਰ ਨ ਹੋ ਸਕੇ।

ਇਸ ਸਮੇਂ ਖੁਲ੍ਹੀ ਵਿਚਾਰ ਹੋ ਜਾਣੀ ਚਾਹੀਦੀ ਹੈ ਕਿ ਮੌਜੂਦਾ ਮਹੰਤਾਂ ਦੇ ਕੀਹ ਅਧਿਕਾਰ ਹੋਣਗੇ ਅਤੇ ਕਮੇਟੀ ਦੇ ਕੀਹ। ਜਿਨ੍ਹਾਂ ਗੁਰਦੁਆਰਿਆਂ ਵਿਚ ਕੁਰੀਤਿਆਂ ਹੋ ਰਹੀਆਂ ਹਨ, ਉਨ੍ਹਾਂ ਵਿੱਚੋਂ ਕੁਰੀਤੀਆਂ ਕਿਸ ਤਰ੍ਹਾਂ ਦੂਰ ਕੀਤੀਆਂ ਜਾਣ। ਇਸ ਕੰਮ ਨੂੰ ਸਿਰੇ ਚਾੜ੍ਹਨ ਵਾਸਤੇ ਸੇਵਕਾਂ ਦਾ ਕੀਹ ਪ੍ਰਬੰਧ ਹੋਵੇਗਾ, ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੇਠਾਂ ਜਿਹੜੀਆਂ ਜ਼ਿਲੇਵਾਰ ਕਮੇਟੀਆਂ ਹੋਣਗੀਆਂ ਉਨ੍ਹਾਂ ਦਾ ਆਪਸ ਵਿਚ ਕੀਹ ਸਬੰਧ ਹੋਵੇਗਾ, ਕੁਰਤੀਆਂ ਦੇ ਦੂਰ ਕਰਦਿਆਂ ਹੋਇਆਂ ਨੌਕਰਸ਼ਾਹੀ ਦੇ ਚਾਟੜਿਆਂ ਦੇ ਦਖਲ ਨੂੰ ਰੋਕਣ ਦਾ ਕੀ ਪ੍ਰਬੰਧ ਕੀਤਾ ਜਾਵੇਗਾ ਅਤੇ ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਰੇ ਪੰਥ ਦੇ ਪ੍ਰਤਿਨਿਧ ਜਥੇ ਨਾਲ, ਜਿਹੜਾ ਕਿ ਯਾ ਤਾਂ ਚੀਫ਼ ਖਾਲਸਾ ਦੀਵਾਨ ਦਾ ਸੁਧਾਰ ਕਰ ਕੇ ਬਣੇਗਾ ਅਤੇ ਜੇ ਉਸ ਦੀਵਾਨ ਦੇ ਕਰਤਿਆਂ ਧਰਤਿਆਂ ਨਾ ਮੰਨਿਆਂ ਤਾਂ ਨਵਾਂ ਬਨੇਗਾ, ਕੀ ਸਬੰਧ ਹੋਣਾ ਚਾਹੀਦਾ ਹੈ। ਖਰਚ ਵਾਸਤੇ ਗੱਫਿਆਂ ਦਾ ਕੀ ਪ੍ਰਬੰਧ ਹੋਵੇਗਾ ਅਤੇ ਜਿਹੜੀਆਂ ਸ਼੍ਰੇਣੀਆਂ ਵਾਲੇ ਥੋੜ੍ਹੀਆਂ ਮੈਂਬਰੀਆਂ ਕਰ ਕੇ ਰੁੱਸੇ ਹੋਏ ਹਨ ਉਨ੍ਹਾਂ ਵਾਸਤੇ ਕੀ ਕੀਤਾ ਜਾਏ, ਇਤਿਆਦ ਕਈ ਬੜੇ ਜ਼ਰੂਰੀ ਸਵਾਲ ਹਨ ਜਿਨ੍ਹਾਂ ਤੇ ਕਿ ਪ੍ਰਤੀਨਿਧ ਗੰਭੀਰਤਾ ਨਾਲ ਅਤੇ ਦਲੇਰੀ ਨਾਲ ਵਿਚਾਰ ਕਰਨ।

ਜਿਥੋਂ ਤੱਕ ਹੋ ਸਕੇ ਸਾਡੇ ਖ਼ਿਆਲ ਵਿਚ ਪੁਰਾਣਿਆਂ ਮਹੰਤਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਦਾ ਸੁਧਾਰ ਹੋ ਕੇ ਉਨ੍ਹਾਂ ਨੂੰ ਕੰਮ ਤੇ ਲਾਏ ਜਾਣਾ ਹੱਛਾ ਹੋਵੇਗਾ। ਇਸ ਗੱਲ ਨਾਲੋਂ ਕਿ ਨਵੇਂ ਸੇਵਕ ਨੀਯਤ ਕੀਤੇ ਜਾਣ। ਹਾਂ ਜਦੋਂ ਇਹ ਸਮਝਿਆ ਜਾਏ ਕਿ ਕੋਈ ਇਹੋ ਜਿਹਾ ਮਹੰਤ ਹੈ, ਜਿਸ ਦੇ ਸੁਧਾਰ ਹੋਣ ਦੀ ਆਸ ਨਹੀਂ, ਉਸ ਹਾਲਤ ਵਿਚ ਸਿਵਾ ਇਸ ਦੇ ਕੋਈ ਚਾਰਾ ਨਹੀਂ ਕਿ ਨਵੇਂ ਸੇਵਕ ਅਸਥਾਪਨ ਕੀਤੇ ਜਾਣ।

ਇਸ ਵੱਡੀ ਕਮੇਟੀ ਦੇ ਹੇਠਾਂ ਜ਼ਿਲੇਵਾਰ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ, ਅਤੇ ਸਾਰੀਆਂ ਕਮੇਟੀਆਂ ਇਕ ਲੜੀ ਵਿਚ ਪਰੋਈਆਂ ਜਾਣੀਆਂ ਚਾਹੀਦੀਆਂ ਹਨ। ਜ਼ਿਲ੍ਹੇਵਾਰ ਕਮੇਟੀਆਂ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਕਿ ਵੱਡੀ ਕਮੇਟੀ ਵਿਚ ਮੈਂਬਰ ਘੱਲ ਸਕਣ। ਹਰ ਇਕ ਜ਼ਿਲੇਵਾਰ ਗੁਰਦੁਆਰਾ ਕਮੇਟੀ ਦਾ ਇਕ ਹੈਡ ਕੁਆਟਰ ਹੋਣਾ ਚਾਹੀਦਾ ਹੈ। ਇਸ ਕਮੇਟੀ ਵਿਚ ਚੁਣੇ ਹੋਏ ਮੈਂਬਰ ਜਾਣੇ ਚਾਹੀਦੇ ਹਨ। ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਖਾਲਸਾ ਜੀ ਦੇ ਸਭ ਤੋਂ ਵਡੇ ਪ੍ਰਤੀਨਿਧ ਖਾਲਸਾ ਦੀਵਾਨ ਦੀ ਇਕ ਸਬ ਕਮੇਟੀ (ਸਾਖ) ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਕਿ ਉਸੇ ਦੀਆਂ ਹੋਰ ਕਈ ਸ਼ਾਖਾਂ ਸਕੂਲਾਂ ਪ੍ਰਚਾਰ ਆਦਿ ਦੇ ਪ੍ਰਬੰਧ ਵਾਸਤੇ ਹੋਣੀਆਂ ਚਾਹੀਦੀਆਂ ਹਨ।

ਇਕ ਸੇਵਕਾਂ ਦਾ ਅਕਾਲੀ ਜਥਾ ਹੋਣਾ ਚਾਹੀਦਾ ਹੈ, ਜਿਸ ਦੇ ਵਿਚ ਕੁਝ ਤਾਂ ਪਕੇ ਤਨਖ਼ਾਹਦਾਰ ਸੇਵਕ ਹੋਣ ਜਿਹੜੇ ਦਰਬਾਰ ਸਾਹਿਬ ਜੀ ਆਦਿ ਵਡੇ ਗੁਰਦੁਆਰਿਆਂ ਦੀ ਸੇਵਾ ਵਾਸਤੇ ਤਤਪਰ ਰਹਿਣ ਅਤੇ ਉਨ੍ਹਾਂ ਦਾ ਤਬਾਦਲਾ ਦੂਸਰੇ ਗੁਰਦੁਆਰੇ ਦੇ ਸੇਵਕਾਂ ਨਾਲ ਹੋ ਸਕੇ। ਇਕ ਜੱਥਾ ਵਾਲੰਟੀਆਰਜ਼ (ਜਿਹੜੇ ਵੇਲੇ ਸਿਰ ਕੰਮ ਆ ਸਕਣ) ਦਾ ਹੋਣਾ ਚਾਹੀਦਾ ਹੈ। ਇਹ ਸਜੱਣ ਆਪਣੇ ਘਰਾਂ ਵਿਚ ਆਪਣਾ ਕਾਰ ਵਿਹਾਰ ਕਰਨ ਪਰ ਜਦੋਂ ਲੋੜ ਪਏ ਇਕ ਮਹੀਨੇ ਯਾ ਇਕ ਖ਼ਾਸ ਵਕਤ ਵਾਸਤੇ ਹਾਜ਼ਰ ਹੋ ਜਾਣ। ਉਨ੍ਹਾਂ ਸੇਵਕਾਂ ਨੂੰ, ਜੇ ਉਹ ਚਾਹੁਣ ਤਾਂ, ਕਿਰਾਇਆ ਅਤੇ ਖਾਣ ਪੀਣ ਦਾ ਖਰਚ, ਉੱਨੇ ਉੱਨੇ ਚਿਰ ਵਾਸਤੇ ਜਿਨੇ ਦਿਨ ਉਹ ਸੇਵਾ ਕਰਨ, ਗੁਰਦੁਆਰਾ ਕਮੇਟੀ ਦੇਵੇ।

ਇਥੇ ਇਨ੍ਹਾਂ ਵਰਣਨ ਕਰ ਦੇਣਾ ਫਰਜ਼ ਸਮਝਦੇ ਹਾਂ ਕਿ ਐਸ ਵੇਲੇ ਬੜੇ ਸੇਵਕਾਂ ਦੀ ਲੋੜ ਹੈ। ਅਕਾਲ ਤਖ਼ਤ, ਬਾਬੇ ਦੀ ਬੇਰ, ਪੰਜਾ ਸਾਹਿਬ ਆਦਿ ਗੁਰਦੁਆਰਿਆਂ ਵਿੱਚੋਂ ਕੁਰੀਤੀਆਂ ਨੂੰ ਦੂਰ ਕਰਨ ਵਾਸਤੇ ਜਿਹੜੀ ਹਿੰਮਤ ਸਾਡੇ ਬਹੁਤ ਵੀਰਾਂ ਨੇ ਖਾਸ ਕਰ ਕੇ ਸੈਂਟਰਲ ਮਾਝਾ ਦੀਵਾਨ ਦੇ ਵੀਰਾਂ ਨੇ ਵਿਖਾਈ ਹੈ ਸ਼ਲਾਘਾ ਯੋਗ ਹੈ। ਇਹ ਸਜਣ ਘਰ ਛਡ ਕੇ ਬੜੇ ਚਿਰ ਦੇ ਆਏ ਹੋਏ ਹਨ। ਕਈ ਤਾਂ ਬਿਆਈ ਵੀ ਨਹੀਂ ਕਰ ਸਕੇ। ਅਕਾਲੀ ਜਥਾ, ਜਿਹੜਾ ਭਾਈ ਤੇਜਾ ਸਿੰਘ ਜੀ ਨਾਲ ਕੰਮ ਕਰ ਰਿਹਾ ਹੈ, ਇਸ ਤੇ ਹਜ਼ਾਰ ਕੁ ਦੇ ਕਰੀਬ ਕਰਜ਼ਾ ਹੋ ਚੁਕਿਆ ਹੈ ਸੋ ਇਸ ਵੇਲੇ ਉਨ੍ਹਾਂ ਦੀ ਮਾਇਆ ਨਾਲ ਸਹਾਇਤਾ ਅਤੇ ਸੇਵਕਾਂ ਦੇ ਥਾਂ ਹੋਰ ਸੇਵਕ ਭੇਜਕੇ ਸਹਾਇਤਾ ਕਰਨੀ ਬੜੀ ਜ਼ਰੂਰੀ ਹੈ।

ਆਸ਼ਾ ਹੈ ਕਿ ਇਨ੍ਹਾਂ ਸਭ ਮਾਮਲਿਆਂ ਤੇ ਗੁਰਦੁਆਰਾ ਕਮੇਟੀ ਹਛੀ ਤਰ੍ਹਾਂ ਵਿਚਾਰ ਕਰੇਗੀ ਤੇ ਅਗੇ ਤੋਂ ਜਿਸ ਭੀ ਗੁਰਦੁਆਰੇ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਮੋਰਚਾ ਬੰਨ੍ਹਿਆਂ ਜਾਵੇ ਗੁਰਦੁਆਰਾ ਕਮੇਟੀ ਦੀ ਸਲਾਹ ਪਹਿਲਾਂ ਲਈ ਜਾਣੀ ਤਾਈਂ ਹੋ ਸਕੇ ਸਭ ਚਿੱਠੀ ਪੱਤਰ ਕਮੇਟੀ ਦੇ ਰਾਹੀਂ ਅਪੜਨਾ ਚਾਹੀਦਾ ਹੈ।

ਅਕਾਲੀ ਲਾਹੌਰ, ੧੭ ਦਸੰਬਰ ੧੯੨੦

ਜਥੇਬੰਦੀ

(ਨੰਬਰ ੨)

ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਸਮਾਗਮ ਹੁਣੇ ਹੀ ਹੋਇਆ ਹੈ ਅਤੇ ਇਕ ਜਲਦੀ ਹੋਣ ਵਾਲਾ ਹੈ ਅਤੇ ਆਸ਼ਾ ਹੈ ਕਿ ਇਨ੍ਹਾਂ ਹੀ ਦਿਨਾਂ ਵਿਚ ਨਿਯਮ ਬਣਾਏ ਜਾਣਗੇ ਹਰ ਇਕ ਕਾਰਯ ਦੇ ਸਿਰੇ ਚਾੜ੍ਹਨ ਵਾਸਤੇ ਨਿਯਮਾਂ ਦਾ ਹੋਣਾ ਬੜਾ ਜ਼ਰੂਰੀ ਹੈ ਕਿਉਂ ਕਿ ਬਹੁ ਸੰਮਤੀ ਨਾਲ ਇਕ ਨਿਯਮ ਪਾਸ ਹੋਇਆ। ਸਾਰਿਆਂ ਮੈਂਬਰਾਂ ਵਾਸਤੇ ਜਿਹੜੇ ਕਿ ਕਿਸੇ ਕਮੇਟੀ ਵਿਚ ਰਹਿ ਕੇ ਕੰਮ ਕਰਨਾ ਮਨਜ਼ੂਰ ਕਰ ਲੈਣ, ਮੰਨਨ ਯੋਗ ਹੁੰਦਾ ਹੈ ਅਤੇ ਕੰਮ ਕਰਨ ਵਿਚ ਬਹੁਤ ਸਾਰਾ ਸਮਾਂ ਐਵੇਂ ਹੀ ਨਹੀਂ ਲੰਘ ਜਾਂਦਾ ਅਤੇ ਖ਼ਾਸ ਕਰ ਕੇ ਕਿਸੇ ਇਕ ਸੱਜਣ ਨੂੰ ਇਹ ਕਹਿਣ ਦਾ ਮੌਕਾ ਘਟ ਮਿਲਦਾ ਹੈ ਕਿ ਫਲਾਣੇ ਸੱਜਣ ਨੇ ਧੱਕੋ ਧੱਕੀ ਆਪਣੀ ਮਰਜ਼ੀ ਨਾਲ ਜੋ ਜੀ ਆਇਆ, ਕਰਾ ਲਿਆ।

ਸਾਡੇ ਖ਼ਿਆਲ ਵਿਚ ਕਿਸੇ ਵੀ ਗੁਰਦੁਆਰੇ ਦੇ ਸੁਧਾਰ ਦੇ ਕੰਮ ਛੇੜਨ ਤੋਂ ਪਹਿਲਾਂ ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਹ ਲੈਣੀ ਬੜੀ ਜ਼ਰੂਰੀ ਹੈ, ਭਾਵੇਂ ਕਾਰਯ ਲੋਕਲ ਅਰਥਾਤ ਅਸਥਾਨਕ ਸੱਜਣਾਂ ਨੇ ਹੀ ਕਰਨਾ ਹੁੰਦਾ ਹੈ, ਪਰ ਇਸ ਵਾਸਤੇ ਨਿਯਮ ਹੋਣੇ ਚਾਹੀਦੇ ਹਨ ਕਿ ਕਿਸ ਤਰੀਕੇ ਨਾਲ ਮੁਖ ਗੁਰਦੁਆਰਾ ਕਮੇਟੀ ਕੋਲੋਂ ਸਹਾਇਤਾ ਮੰਗਦਾ ਹੈ ਤਾਂ ਉਨ੍ਹਾਂ ਨੂੰ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਕਿਨ੍ਹਾਂ ਸ਼ਰਤਾਂ ਤੇ ਸਹਾਇਤਾ ਮੰਗਦੇ ਹਨ।

ਸਾਡੇ ਖ਼ਿਆਲ ਅਨੁਸਾਰ ਸਭ ਤੋਂ ਹਛਾ ਤਰੀਕਾ ਇਹ ਹੈ ਕਿ ਅਸਥਾਨਕ ਗੁਰਦੁਆਰਾ ਕਮੇਟੀ ਆਪਣਾ ਗੁਰਮਤਾ ਆਪਣੇ ਜਥੇ ਵਿਚ ਪਾਸ ਕਰ ਕੇ ਸਪਸ਼ਟ ਤੌਰ ਤੇ ਲਿਖ ਕੇ ਵਡੀ ਕਮੇਟੀ ਕੋਲ ਘਲ ਦੇਵੇ ਮੁਖ ਕਮੇਟੀ ਕੁਝ ਸੱਜਣਾਂ ਨੂੰ ਨੀਯਤ ਕਰੇ ਕਿ ਉਹ ਉਸ ਥਾਂ ਦੇ ਪੂਰੇ ਪੂਰੇ ਹਾਲ ਲਿਖ ਕੇ ਰਿਪੋਰਟ ਦੁਆਰਾ ਪੇਸ਼ ਕਰਨ, ਖ਼ਾਸ ਸਮਾਗਮ ਤੇ ਉਹ ਰਿਪੋਰਟ ਪੇਸ਼ ਕੀਤੀ ਜਾਵੇ ਅਤੇ ਹਛਾ ਹੋਵੇ ਕਿ ਸਮਾਗਮ ਤੋਂ ਕੁਝ ਦਿਨ ਪਹਿਲਾਂ ਉਹ ਰਿਪੋਰਟ ਛਾਪਕੇ ਜਾਂ ਲਿਖਕੇ ਸਾਰਿਆਂ ਮੈਂਬਰਾਂ ਕੋਲ ਵਿਚਾਰ ਵਾਸਤੇ ਘੱਲ ਦਿੱਤੀ ਜਾਵੇ। ਸਮਾਗਮ ਵਿਚ ਉਸ ਮਾਮਲੇ ਤੇ ਪੂਰੀ ਵਿਚਾਰ ਕਰ ਲਈ ਜਾਵੇ ਅਤੇ ਜਿਹੜੇ ਤਰੀਕਿਆਂ ਤੋਂ ਚਲਨਾ ਜ਼ਰੂਰੀ ਸਮਝਿਆ ਜਾਵੇ ਉਨ੍ਹਾਂ ਤਰੀਕਿਆਂ ਦੀ ਉਸ ਅਸਥਾਨਕ ਜਥੇ ਨੂੰ ਲਿਖਤ ਦੁਵਾਰਾ ਖ਼ਬਰ ਘਲ ਦਿਤੀ ਜਾਵੇ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਜਾਵੇ ਕਿ ਵੱਡਾ ਜਥਾ ਕਿਸ ਤਰੀਕੇ ਨਾਲ ਅਤੇ ਕਿੰਨੀ ਕੁ ਸਹਾਇਤਾ ਉਨ੍ਹਾਂ ਦੀ ਕਰ ਸਕਦਾ ਹੈ। ਕਈ ਵੀਰਾਂ ਦਾ ਇਹ ਖ਼ਿਆਲ ਹੈ ਕਿ ੧੭੫ ਸੱਜਣ ਕਿਸ ਤਰ੍ਹਾਂ ਇਕੱਠੇ ਹੋ ਸਕਦੇ ਹਨ। ਉਤਰ ਵਿਚ ਬਿਨੈ ਹੈ ਕਿ ਇਨ੍ਹਾਂ ਕਮੇਟੀਆਂ ਲਈ ਇਕ ਕੋਰਮ ਹੁੰਦਾ ਹੈ ਕਿ ਘੱਟ ਤੋਂ ਘੱਟ ਖ਼ਾਸ ਗਿਣਤੀ ਫ਼ੈਸਲੇ ਵਾਸਤੇ ਜ਼ਰੂਰ ਹਾਜ਼ਰ ਹੋਵੇ। ਇਹ ਸਰਾਸਰ ਭੁਲ ਅਤੇ ਅਸੂਲ ਦੇ ਵਿਰੁਧ ਹੈ ਕਿ ਦੋ ਤਿੰਨ ਸੱਜਣਾਂ ਨੂੰ ਪੂਰੇ ਓਡਵਾਇਰੀ ਅਖਤਿਆਰ ਦੇ ਕੇ ਘੱਲ ਦਿੱਤਾ ਜਾਵੇ ਕਿ ਉਸ ਅਸਥਾਨ ਤੇ ਜਾਕੇ ਕੁਝ ਹੋਰ ਆਪਣੀ ਸਰਜ਼ੀ ਦੇ ਆਦਮੀ ਲੈ ਕੇ ਜਿਸ ਤਰ੍ਹਾਂ ਮਰਜ਼ੀ ਹੋਵੇ ਸਿਆਹੀ ਸਫ਼ੈਦੀ ਕਰ ਆਉਣ, ਇਥੋਂ ਤਾਂਈ

ਕਿ ਉਸ ਜਥੇ ਦੀ ਜਿਸ ਦੀ ਸਹਾਇਤਾ ਵਾਸਤੇ ਉਹ ਜਾਂਦੇ ਹਨ, ਆਉਣ ਸੁਣਨ ਦੀ ਪ੍ਰਵਾਹ ਤਕ ਨਾ ਕੀਤੀ ਜਾਵੇ।

ਅਸੀਂ ਇਥੇ ਇਕ ਵਾਰੀ ਫੇਰ ਆਖ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਗੁਰਦੁਆਰਿਆਂ ਦੇ ਸੁਧਾਰ ਦੇ ਰਾਹ ਵਿਚ ਇਕ ਵੱਡੀ ਔਕੜ ਇਹ ਹੈ ਕਿ ਨੌਕਰ ਸ਼ਾਹੀ ਅਫ਼ਸਰ ਧੱਕੋ ਧੱਕੀ ਆਪਣੀ ਟੰਗ ਆ ਫਸਾਂਦੇ ਹਨ। ਉਨ੍ਹਾਂ ਦਾ ਖ਼ਿਆਲ ਹੁੰਦਾ ਹੈ ਕਿ ਐਸੇ ਪੁਰਸ਼ ਸਰਬਰਾਹ ਆਦਿ ਬਨਾਏ ਜਾਣ ਜਿਹੜੇ ਆਪਣੀ ਆਤਮਾ ਨੂੰ ਵੇਚੀ ਬੈਠੇ ਹੋਣ ਅਤੇ ਲਾਲਚ ਵਿਚ ਆ ਕੇ ਨੌਕਰਸ਼ਾਹੀ ਅਫ਼ਸਰਾਂ ਦੀ ਕਠਪੁਤਲੀ ਬਣ ਕੇ ਕੌਮ ਦਾ ਸਤਿਆਨਾਸ ਕਰਨ। ਦਰਬਾਰ ਸਾਹਿਬ ਜੀ ਦੇ ਪਿਛਲੇ ਸਰਬਰਾਹ ਦੇ ਵਿਰੁਧ ਖਾਲਸਾ ਜੀ ਨੇ ਕਿੰਨੀ ਕੁ ਆਵਾਜ਼ ਉਠਾਈ ਪਰ ਉਦੋਂ ਤਕ ਨੌਕਰਸ਼ਾਹੀ ਅਫ਼ਸਰਾਂ ਨੇ ਉਸ ਦਾ ਸਾਥ ਨਾ ਛਡਿਆ ਜਦੋਂ ਤਕ ਉਨ੍ਹਾਂ ਨੂੰ ਪਤਾ ਨਾ ਲੱਗਾ ਕਿ ਇਸ ਦੇ ਸਾਥ ਵਿਚ ਹੁਣ ਕੋਈ ਲਾਭ ਨਹੀਂ।

ਅੱਜ ਕਲ੍ਹ ਹਰ ਰੋਜ਼ ਕਿਸੇ ਨਾ ਕਿਸੇ ਗੁਰਦੁਆਰੇ ਸਬੰਧੀ ਖ਼ਬਰ ਰੋਜ਼ ਆਉਂਦੀ ਰਹਿੰਦੀ ਹੈ ਕਿ ਵੈਰੀ ਆਪਣੀਆਂ ਤਾਕਤਾਂ ਨੂੰ ਇਕੱਠਾ ਕਰ ਕੇ ਲਾਣ ਦੇ ਉਪਰਾਲੇ ਵਿਚ ਹਨ ਅਤੇ ਸਾਧਨ ਸੋਚੇ ਜਾ ਰਹੇ ਹਨ। ਸੁਣਨ ਵਿਚ ਆਇਆ ਹੈ ਕਿ ਮਹੰਤਾਂ ਦਾ ਇਕ ਟੋਲਾ ਝਟ ਹੀ ਕਮਿਸ਼ਨਰ ਦੇ ਪਾਸ ਪਹੁੰਚਿਆ ਤੇ ਆਪਣੇ ਰੋਣੇ ਰੋਏ। ਇਨ੍ਹਾਂ ਇਹ ਵੀ ਆਖਿਆ ਕਿ ਗੁਰੂ ਨਾਨਕ ਦੇਵ ਦੇ ਗੁਰਦੁਆਰਿਆਂ ਨਾਲ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਦਾ ਕੀ ਸਬੰਧ ਹੈ ? ਆਪ ਨੇ ਗੁਰਦੁਆਰੇ ਚੁਮਾਲੇ ਸਾਹਿਬ ਦੇ ਨੀਚ ਗ੍ਰੰਥੀ ਦੇ ਬਿਆਨ ਕਲ੍ਹ ਪੜ੍ਹ ਹੀ ਲਏ ਹੋਣਗੇ ਇਨ੍ਹਾਂ ਮਹੰਤਾਂ ਨੇ ਇਥੋਂ ਤਾਈਂ ਕਮੀਨੀ ਹਰਕਤ ਕੀਤੀ ਕਿ ਕਮਿਸ਼ਨਰ ਸਾਹਿਬ ਨੂੰ ਖਾਲਸਾ ਜੀ ਦੀਆਂ ਕਿਰਪਾਨਾਂ ਲਾਹ ਲੈਣ ਵਾਸਤੇ ਪਰੇਰਿਆ। ਆਪ ਨੂੰ ਨਸ਼ਟ ਕਰਨ ਲਈ ਕਈ ਕਿਸਮ ਦੇ ਮਨਸੂਬੇ ਬੰਨ੍ਹੇ ਜਾ ਰਹੇ ਹਨ। ਬਹੁਤ ਸੱਜਣ ਜਾਣੂ ਹਨ ਕਿ ਅਕਾਲ ਤਖ਼ਤ ਦੇ ਪ੍ਰਬੰਧ ਵਿਚ ਧੱਕੋ ਧੱਕੀ ਕਰਨ ਵਾਸਤੇ ਕਿਸ ਤਰ੍ਹਾਂ ਉਕਸਾਇਆ ਗਿਆ ਸਾਡੇ ਖਾਲਸਾ ਵੀਰ ਸ਼ਾਇਦ ਸਮਝਣ ਲੱਗ ਪਏ ਹਨ ਕਿ ਹੁਣ ਗੁਰਦੁਆਰਾ ਪ੍ਰਬੰਧਕ ਕਮੇਟੀ ਬਣ ਗਈ ਹੈ ਤੇ ਕਾਰਜ ਰਾਸ ਹੈ। ਨਹੀਂ, ਨਹੀਂ! ਜਿਸ ਤਰ੍ਹਾਂ ਅਸਾਂ ਕਿਸੇ ਸਮੇਂ ਇੱਟਾਂ ਦੇ ਥਾਂ ਆਪਣੇ ਸਿਰ ਲਾਏ ਇਸੇ ਤਰ੍ਹਾਂ ਗੁਰਦੁਆਰਿਆਂ ਦੇ ਸੁਧਾਰ ਲਈ ਬੜੇ ਕਸ਼ਟ ਝੱਲਣੇ ਪੈਣਗੇ ਜਦੋਂ ਤੱਕ ਖਾਲਸਾ ਜੀ ਸਿਰੇ ਹਥੇਲੀ ਤੇ ਰੱਖ ਆਪਣੇ ਪਿਆਰੇ ਗੁਰਦੁਆਰਿਆਂ ਨੂੰ ਸੁਧਾਰਣ ਵਾਸਤੇ ਤੁਸੀਂ ਤਿਆਰ ਨਹੀਂ, ਉਨ੍ਹਾਂ ਚਿਰ ਸਭ ਵਿਚਾਰਾਂ ਖ਼ਿਆਲੀ ਪੁਲਾ ਹਨ।

ਇਨ੍ਹਾਂ ਲੋਕਾਂ ਦੇ ਡਰਾਵਿਆਂ ਤੋਂ ਬਚਣ ਦਾ ਇਕੋ ਹੀ ਇਲਾਜ ਹੈ, ਇਨ੍ਹਾਂ ਨੂੰ ਦੱਸ ਦਿਓ ਕਿ ਅਸੀਂ ਕਿਸੇ ਵੀ ਬਾਹਰਲੇ ਦਾ ਦਖ਼ਲ ਆਪਣੇ ਧਾਰਮਿਕ ਕੰਮਾਂ ਵਿਚ ਇਕ ਮਿੰਟ ਵੀ ਸਹਾਰਨ ਵਾਸਤੇ ਤਿਆਰ ਨਹੀਂ। ਗੁਰੂ ਦੇ ਚਰਨਾਂ ਦੇ ਪ੍ਰਵਾਨੇ ਬਣ ਜਾਓ ਅਤੇ ਸਾਹ ਨਾ ਲਓ ਜਦੋਂ ਤਕ ਸਾਰੀ ਦੁਨੀਆਂ ਵਿਚ ਕੋਈ ਵੀ ਐਸਾ ਗੁਰਦੁਆਰਾ ਰਹਿ ਜਾਏ ਜਿਥੇ ਕੁਰੀਤੀ ਹੋ ਰਹੀ ਹੋਵੇ। ਨੌਕਰਸ਼ਾਹੀ ਅਫ਼ਸਰਾਂ ਨੂੰ ਕੋਈ ਵੀ ਅਧਿਕਾਰ ਨਹੀਂ ਕਿ ਆਪਣੀ ਕੁਰਸੀ ਤੇ ਬੈਠੇ ਹੁਕਮ ਦੇ ਦੇਣ ਕਿ ਖਾਲਸੇ ਆਪਣੇ ਸਿਰਤਾਜ ਗੁਰੂ ਜੀ ਦੇ ਗੁਰਦੁਆਰੇ ਵਿੱਚੋਂ ਨਿਕਲ ਜਾਣ। ਜੇ ਸਚੀ ਮੁਚੀ ਇਨ੍ਹਾਂ ਅਫ਼ਸਰਾਂ ਨੂੰ ਇਹ ਖ਼ਿਆਲ ਹੁੰਦਾ ਹੈ ਕਿ ਕੋਈ ਬਦਅਮਨੀ ਨਾ ਹੋ ਜਾਵੇ ਤਾਂ ਉਸ ਦਾ ਸੌਹਲ ਇਲਾਜ ਇਹ ਹੈ ਕਿ ਆਪ ਮੌਕਿਆ ਤੇ ਜਾ ਕੇ ਅਸਲੀ ਹਾਲ ਤੋਂ ਜਾਣੂ ਹੋਣ। ਇਹ ਕਦਾਚਿਤ ਨਹੀਂ ਹੋ ਸਕਦਾ ਕਿ ਕਿਸੇ ਗੁਰਦੁਆਰੇ ਦਾ ਪ੍ਰਬੰਧ ਠੀਕ ਹੋਵੇ ਤੇ ਖਾਲਸਾ ਜੀ ਐਵੇਂ ਜਾ ਧੱਕੇ ਜੋਰੀ ਕਰੇ। ਅਸੀਂ ਮੁਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅੱਗੇ ਵੀ ਇਹ ਹੀ ਬਿਨੈ ਕਰਾਂਗੇ ਕਿ ਉਹ ਉਸ ਸ਼ਸਤਰ ਨੂੰ ਜਿਸ ਦੇ ਵਰਤਨ ਨਾਲ ਅੱਗੇ ਇਨੇ ਗੁਰਦੁਆਰਿਆਂ ਦਾ ਸੁਧਾਰ ਹੋ ਸਕਿਆ ਹੋਵੇ, ਵਰਤਨ ਤੋਂ ਨਾ ਝਕਣ। ਇਸ ਮੱਟ ਨੇ ਭਜ ਤਾਂ ਜ਼ਰੂਰ ਹੀ ਜਾਣਾ ਹੈ ਤੇ ਜੇ ਗੁਰੂ ਦੇ ਲੇਖੇ ਲਗ ਜਾਵੇ ਤਾਂ ਇਸ ਤੋਂ ਵੱਧ ਹੋਰ ਕੀ ਸਿੱਖ ਨੂੰ ਚਾਹੀਦਾ ਹੈ ? ਇਕ ਦੋ ਥਾਵਾਂ ਤੇ ਜੇ ਖਾਲਸਾ ਜੀ ਨੇ ਆਪਣੀ ਸ਼ਾਨ ਰੱਖ ਵਿਖਾਈ ਤਾਂ ਅੱਗੋਂ ਅਫ਼ਸਰਾਂ ਵੱਲੋਂ ਕਦਮ ਸੰਭਲਕੇ ਹੀ ਉਠਾਇਆ ਜਾਵੇਗਾ ਅਤੇ ਜੇ ਖਾਲਸਾ ਜੀ ਕਸ਼ਟਾਂ ਤੋਂ ਡਰਦੇ ਹੋਏ ਸਫ਼ਾਈਆਂ ਸਫ਼ੂਈਆਂ ਪੇਸ਼ ਕਰਦੇ ਰਹੇ ਤੇ ਕੰਮ ਵਿਚਲੇ ਗਿਆ ਤਾਂ ਸਾਰਾ ਦੋਸ਼ ਆਪ ਦੇ ਮਥੇ ਲਗੇਗਾ।

ਅਕਾਲੀ ਲਾਹੌਰ, ੨੬ ਦਸੰਬਰ ੧੯੨੦

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਇਕਤਰਤਾ ਦੀ ਰਿਪੋਟਰ

(ਸ: ਸੁੰਦਰ ਸਿੰਘ ਜੀ ਇਹ ਰਿਪੋਟਰ ਛਾਪਣ ਵਾਸਤੇ ਘੱਲਦੇ ਹਨ)

੧੨ ਦਸੰਬਰ ਮੁਤਾਬਕ ੨੮ ਮੱਘਰ ਸੰਨ ੧੯੭੭ ਨੂੰ ਦਿਨ ਦੇ ੧੨ ਵਜੇ ਅਕਾਲ ਤਖ਼ਤ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਇਕਤਰਤਾ ਹੋਈ। ਅਰਦਾਸਾ ਕਰਨ ਦੇ ਪਿੱਛੋਂ ਕਾਰਜ ਆਰੰਭ ਹੋਇਆ,ਾ ੧ ਮੱਘਰ ਦੇ ਪੰਥਕ ਇਕੱਠ ਦੇ ਫ਼ੈਸਲੇ ਅਨੁਸਾਰ ਕਮੇਟੀ ਦੇ ਮੈਂਬਰਾਂ ਦੀ ਪੜਤਾਲ ਦੀ ਸੇਵਾ ਹੇਠ ਲਿਖੇ ਪੰਜ ਪਿਆਰਿਆਂ ਦੇ ਜਿਮੇ ਲਾਈ ਗਈ ਸੀ।

(੧) ਭਾਈ ਤੇਜਾ ਸਿੰਘ ਜੀ ਪ੍ਰਿੰਸੀਪਲ ਅਕਾਲ ਕਾਲਜ।

(੨) ਭਾਈ ਤੇਜਾ ਸਿੰਘ ਜੀ ਭੁਚਰ ਮਾਝਾ ਦੀਵਾਨ।

(੩) ਭਾਈ ਬਲਵੰਤ ਸਿੰਘ ਜੀ ਕੁਲਾ।

(੪) ਭਾਈ ਮੋਤਾ ਸਿੰਘ ਜੀ।

(੫) ਪ੍ਰੋਫ਼ੈਸਰ ਹਰ ਕ੍ਰਿਸ਼ਨ ਸਿੰਘ ਜੀ ਖਾਲਸਾ ਕਾਲਜ।

(੬) ਗ੍ਰੰਥੀ ਦੀ ਸੇਵਾ ਭਾਈ ਬਖਸ਼ੀਸ਼ ਸਿੰਘ ਜੀ ਕੇਸਗੜ੍ਹ (ਬਾਰ) ਦੇ ਜ਼ਿਮੇ ਲਗੀ ਸੀ। ਇਹਨਾਂ ਛਿਆਂ ਸੱਜਣਾਂ ਵਿਚ ਇਕ ਭਾਈ ਮੋਤਾ ਸਿੰਘ ਜੀ ਅਵੱਸ ਹਾਜ਼ਰ ਨਾ ਹੋ ਸਕੇ। ਸੋ ਉਨ੍ਹਾਂ ਦੀ ਜਗ੍ਹਾ ਸਰਬ ਸੰਮਤੀ ਨਾਲ ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਪਿਆਰਿਆਂ ਵਿਚ ਥਾਪੇ ਗਏ।

ਉਪਰੰਤ ਅਕਾਲ ਤਖ਼ਤ ਸਾਹਿਬ ਦੇ ਹੁਕਮ ਨਾਮੇ ਵਿਚ ਦੱਸੀ ਧਾਰਨਾ (ਅੰਮ੍ਰਿਤਧਾਰੀ ਹੋਣਾ ਪੰਜਾਂ ਬਾਣੀਆਂ ਦਾ ਨੇਮੀ ਹੋਣਾ, ਪੰਜ ਕਕਾਰਾਂ ਦੀ ਰਹਿਤ ਰਖਣਾ, ਦਸਵੰਧ ਦੇਣਾ, ਅੰਮ੍ਰਿਤ ਵੇਲੇ (ਪਹਿਰ ਰਾਤ ਉਠਣਾ) ਦੇ ਅਨੁਕੂਲ ਹੇਠ ਲਿਖੇ ਉਸ ਦਿਨ ਹਾਜ਼ਰ ਹੋਏ ਸੱਜਣਾਂ ਦੀ ਪੜਤਾਲ ਪੰਜਾਂ ਪਿਆਰਿਆਂ ਨੇ ਕੀਤੀ। ਅਤੇ ਜੋ ਭੀ ਕੁਰੈਹਤ ਜਾਂ ਭੁਲ ਦਾ ਕਿਸੇ ਨੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਕਾਲ ਪੁਰਖ ਨੂੰ ਸਾਖੀ ਜਾਣਕੇ ਇਕਰਾਰ ਕੀਤਾ ਉਸ ਦਾ ਯੋਗ ਉਪਰਾਲਾ ਕਰ ਕੇ ਸੋਧਿਆ। ਹਜ਼ਾਰ ਹੋਏ ਮੈਂਬਰਾਂ ਦੀ ਗਿਣਤੀ ਇਹ ਹੈ।

(੬੧ ਮੈਂਬਰ ਹਾਜ਼ਰ ਹੋਏ—ਐਡੀਟਰ)

ਇਹਨਾਂ ਮਾਨਨੀਯ ਸਜੱਣਾਂ ਵਿੱਚੋਂ ਜਿਨ੍ਹਾਂ ਨੇ ਕੋਈ ਕੁਰੈਹਤ ਦਾ ਇਕਰਾਰ ਕੀਤਾ ਜਾਂ ਅੰਮ੍ਰਿਤਧਾਰੀ ਨਹੀਂ ਸਨ ਉਨ੍ਹਾਂ ਨੂੰ ਤਤਕਾਲ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਜਾਣ ਦੀ ਤਾਕੀਦ ਹੋਈ। ਉਨ੍ਹਾਂ ਦੇ ਨਾਉਂ ਇਹ ਹਨ। ਭਾਈ ਸੂਰਤ ਸਿੰਘ ਜੀ ਦਿੱਲੀ। ਭਾਈ ਸਾਧੂ ਸਿੰਘ ਜੀ ਲਾਹੌਰ। ਭਾਈ ਸੁੰਦਰ ਸਿੰਘ ਜੀ ਲਾਹੌਰ। ਭਾਈ ਬੂਟਾ ਸਿੰਘ ਜੀ ਸੇਖੂਪੁਰਾ। ਭਾਈ ਸੁੰਦਰ ਸਿੰਘ ਜੀ ਸਰਬਾਰ ਅੰਮ੍ਰਿਤਸਰ ਭਾਈ ਦੇਵਾ ਸਿੰਘ ਜੀ ਸਕੱਤਰ ਅਮ੍ਰਿਤਸਰ। ਬਾਬਾ ਭਾਗ ਸਿੰਘ ਜੀ ਕਲਸੀਆਂ। ਕਪਤਾਨ ਰਾਮ ਸਿੰਘ ਜੀ ਸਰਗੋਧਾ। ਡਾਕਟਰ ਗੁਰਬਖਸ਼ ਸਿੰਘ ਜੀ ਅੰਮ੍ਰਿਤਸਰ। ਭਾਈ ਬਿਸ਼ਨ ਸਿੰਘ ਜੀ ਕਪੂਰਥਲਾ। ਭਾਈ ਹਿੰਮਤ ਸਿੰਘ ਜੀ, ਭਾਈ ਦਾਨ ਸਿੰਘ ਜੀ ਵਿਛੋਆ। ਕਪਤਾਨ ਭਾਈ ਬਹਾਦਰ ਸਿੰਘ ਜੀ। ਭਾਈ ਗੰਗਾ ਸਿੰਘ ਜੀ ਡੇਰਾ ਇਸਮਾਈਲ ਖਾਨ। ਭਾਈ ਬੂਟਾ ਸਿੰਘ ਜੀ ਚੱਕ ਨੰ: ੨੦੪।

ਇਹ ਭੀ ਦਸ ਦੇਣਾ ਉਚਿਤ ਹੈ ਕਿ ਪੰਜ ਪਿਆਰਿਆਂ ਨੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਜੀ ਨੂੰ ਪੁਛਿਆ ਕਿ ਕੀ ਆਪ ਗੁਰੂ ਜੀ ਦੇ ਹਜ਼ੂਰ ਕਹਿ ਸਕਦੇ ਹੋ ਕਿ ਆਪ ਨੇ ਜੋ ਜੋ ਹਿੱਸਾ ਪੰਥਕ ਕੰਮਾਂ ਵਿਚ ਲਿਆ ਹੈ ਉਹ ਹਮੇਸ਼ਾਂ ਆਪਣੀ ਬੁਧ ਬਲ ਅਨੁਸਾਰ ਕੇਵਲ ਪੰਥ ਦੇ ਭਲੇ ਹਿਤ ਲਿਆ ਹੈ।

ਸਰਦਾਰ ਜੀ ਨੇ ਅਤੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਦਾਸ ਆਪਣੀ ਤੁਛ ਬੁਧੀ ਅਨੁਸਾਰ ਯਥਾ ਸਕਤ ਪੰਥ ਦੇ ਭਲੇ ਹਿਤ ਕੰਮ ਕਰਦਾ ਰਿਹਾ ਹੈ ਪਰ—ਹਮ ਅਵਗੁਣ ਭਰੇ ਏਕ ਗੁਣ ਨਾਹੀਂ। ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਹੀ। ਮਾਇਆ ਮੋਹ ਭਰਮ ਪੈ ਭੂਲੇ। ਸੁਤ ਦਾਰਾ ਸਿਉ ਪ੍ਰੀਤਿ ਲਗਾਈ। ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ। ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮ ਦਾਸ ਰਾਖਹੁ ਸਰਣਾਈ।

ਸਰਦਾਰ ਜੀ ਦੀ ਅਤੀ ਅਧੀਨਗੀ ਦੇਖ ਕੇ ਪੰਜ ਪਿਆਰਿਆਂ ਦੇ ਹਿਰਦੇ ਦ੍ਰਵ ਗਏ ਅਤੇ ਸਭ ਨੇ ਬਹੁਤ ਪ੍ਰੇਮ

ਨਾਲ ਉਤਰ ਦਿੱਤਾ "ਬਸ ਕਾਫ਼ੀ ਹੈ" ਆਪ ਨੂੰ ਗੁਰੂ ਨੇ ਬਖਸ਼ਿਆ ਹੈ। ਭਾਈ ਗੁਰਬਖਸ਼ ਸਿੰਘ ਜੀ ਗਿਆਨੀ ਨੂੰ ਚਤਾਇਆ ਗਿਆ ਕਿ ਆਪ ਬਾਬਤ ਪੰਥ ਵਿਚ ਰੋਸ ਹੈ ਤਾਂ ਆਪ ਨੇ ਅਤੀ ਨਿਰਮਾਨਤਾ ਨਾਲ ਬੇਨਤੀ ਕੀਤੀ ਕਿ ਭੁਲਣਹਾਰ ਹਾਂ ਸੰਗਤ ਬਖਸ਼ਿੰਦ ਹੈ। ਕੀਤਾ ਨਾ ਕੀਤਾ ਵਿਚਾਰਕੇ ਬਖਸ਼ੋ। ਆਪ ਨੂੰ ਉਤਰ ਦਿਤਾ ਗਿਆ ਕਿ ਅਕਾਲ ਪੁਰਖ ਆਪ ਤੇ ਮੇਹਰ ਕਰੇ।

ਸੁਧਾਈ ਦੀ ਕਾਰਵਾਈ ਪੁਰਾਤਨ ਰੀਤੀ ਮੁਜਬ ਅਕਾਲ ਤਖ਼ਤ ਸਾਹਿਬ ਦੇ ਉਪਰਲੇ ਹਿਸੇ ਵਿਚ ਇਕਾਂਤ ਅਸਥਾਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਈ ਅਤੇ ਸਮਾਪਤੀ ਪਿੱਛੋਂ ਸਭ ਵਿਥਿਆਂ ਤਖ਼ਤ ਸਾਹਿਬ ਦੇ ਹਜ਼ੂਰ ਹਜ਼ਾਰਾਂ ਦੀ ਗਿਣਤੀ ਸੰਗਤ ਵਿਚ ਅਖਰ ਅਖਰ ਸੁਣਾਕੇ ਅਰਦਾਸਾ ਸੋਧਿਆ ਗਿਆ। ਜਦੋਂ ਭਾਈ ਸੁੰਦਰ ਸਿੰਘ ਜੀ ਮਜੀਠੀਏ ਜੀ ਦੀ ਨਿਮਰਤਾ ਦਾ ਹਾਲ ਸੁਣਾਇਆ ਗਿਆ ਤਾਂ ਸਰਬ ਸੰਗਤ ਨੇ ਅਤੀ ਨਿਹਾਲ ਹੋ ਕੇ ਜੈਕਾਰੇ ਗਜਾਏ।

ਜੋ ਸੱਜਣ ਕੋਈ ਜ਼ਰੂਰੀ ਕਾਰਨ ਕਰ ਕੇ ੧੨ ਦਸੰਬਰ ਨੂੰ ਹਾਜ਼ਰ ਨਹੀਂ ਹੋ ਸਕੇ ਸਨ, ਉਨ੍ਹਾਂ ਦੀ ਪੜਤਾਲ ਅਗਲੀ ਇਕਤਰਤਾ ਵਾਲੇ ਦਿਨ ਹੋਣੀ ਨਿਯਤ ਹੋਈ। ਰੈਹਰਾਸ ਦੇ ਦੀਵਾਨ ਪਿੱਛੋਂ ਸ਼ਾਮ ਦੇ ੭ ਵਜੇ ਕਮੇਟੀ ਦੀ ਇਕਤ੍ਰਤਾ ਅਕਾਲ ਤਖ਼ਤ ਸਾਹਿਬ ਉਪਰ ਹੋਈ ਅਤੇ ਕਈ ਜ਼ਰੂਰੀ ਫ਼ੈਸਲੇ ਅਤੇ ਵਿਚਾਰਾਂ ਹੋਈਆਂ ਜਿਨ੍ਹਾਂ ਦਾ ਵੇਰਵਾ ਹੇਠ ਲਿਖਿਆ ਜਾਂਦਾ ਹੈ।

ਕਮੇਟੀ ਦੇ ਸੇਵਾਦਾਰਾਂ ਦੀ ਚੋਣ ਆਰੰਭ ਹੋਈ ਅਤੇ ਤਿੰਨ ਨਾਮ ਪ੍ਰਵਾਨਗੀ ਲਈ ਤਜਵੀਜ਼ ਹੋਏ ੧ ਭਾਈ ਸੁੰਦਰ ਸਿੰਘ ਜੀ ਮਜੀਠੀਆ ੨ ਭਾਈ ਹਰਬੰਸ ਸਿੰਘ ਜੀ ਅਟਾਰੀ ੩ ਭਾਈ ਜੋਧ ਸਿੰਘ ਜੀ ਰਾਵਾਂ ਲੈ ਕੇ ਸਿੱਟਾ ਇਹ ਨਿਕਲਿਆ ਕਿ ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਬਹੁਸੰਮਤੀ ਨਾਲ ਪ੍ਰਧਾਨ ਚੁਣੇ ਗਏ। ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਜੀ ਨੇ ਦੋ ਤਿੰਨ ਵਾਰ ਉਠਕੇ ਪ੍ਰਧਾਨਗੀ ਦੀ ਸੇਵਾ ਤੋਂ ਖਿਮਾ ਮੰਗੀ ਪਰ ਕਮੇਟੀ ਨੇ ਮਨਜ਼ੂਰ ਨਾ ਕੀਤਾ। ਭਾਈ ਹਰਬੰਸ ਸਿੰਘ ਜੀ ਅਟਾਰੀ ਵਾਲੇ ਮੀਤ ਪ੍ਰਧਾਨ ਬਹੁਸੰਮਤੀ ਨਾਲ ਚੁਣੇ ਗਏ ਅਤੇ ਭਾਈ ਸੁੰਦਰ ਸਿੰਘ ਜੀ ਰਾਮਗੜ੍ਹੀਆ ਸੇਵਕ ਅਤੇ ਪ੍ਰਬੰਧਕ ਦਰਬਾਰ ਸਾਹਿਬ ਸਰਬ ਸੰਮਤੀ ਨਾਲ ਚੁਣੇ ਗਏ ਅਤੇ ਪ੍ਰੋਫ਼ੈਸਰ ਭਾਈ ਹਰ ਕਿਸ਼ਨ ਸਿੰਘ ਜੀ ਮੀਤ ਸੇਵਕ ਚੁਣੇ ਗਏ।

ਪ੍ਰਬੰਧਕ ਕਮੇਟੀ ਦੇ ਨਿਯਮਾਂ ਦਾ ਪਰਚਾ ਤਿਆਰ ਕਰਨ ਲਈ ੧੧ ਮੈਂਬਰਾਂ ਦੀ ਕਮੇਟੀ ਥਾਪੀ ਗਈ। ਚਾਰੇ ਸੇਵਾਦਾਰ ਅਤੇ ਭਾਈ ਜੋਧ ਸਿੰਘ ਜੀ ਪ੍ਰਿੰਸੀਪਲ, ਭਾਈ ਤੇਜਾ ਸਿੰਘ ਜੀ ਪ੍ਰਿੰਸੀਪਲ, ਭਾਈ ਬੂਟਾ ਸਿੰਘ ਜੀ ਵਕੀਲ, ਪ੍ਰੋਫ਼ੈਸਰ ਹਰਬੰਸ ਸਿੰਘ ਜੀ, ਭਾਈ ਚਰਨ ਸਿੰਘ ਜੀ, ਭਾਈ ਅਮਰ ਸਿੰਘ ਜੀ ਐਡੀਟਰ, ਬਾਬਾ ਕੇਹਰ ਸਿੰਘ ਜੀ ਪੱਟੀ। ਇਸ ਕਮੇਟੀ ਨੂੰ ਤਿੰਨ ਹਫ਼ਤੇ ਦੇ ਅੰਦਰ ਅੰਦਰ ਪਰਚਾ ਤਿਆਰ ਕਰਨ ਲਈ ਆਖਿਆ ਗਿਆ।

ਪ੍ਰਬੰਧਕ ਕਮੇਟੀ ਦੀ ਅਗਲੀ ਵੱਡੀ ਇਕੱਤਰਤਾ ੨੨ ਜਨਵਰੀ ੧੯੨੧ ਨੂੰ ਹੋਵੇਗੀ ਅਤੇ ਇਕ ਇਕੱਤਰਤਾ ਅਗਲੇ ਦਿਨ ੧੩ ਦਸੰਬਰ ਨੂੰ ਨਿਯਤ ਹੋਈ ਅਤੇ ਫ਼ੈਸਲਾ ਹੋਇਆ ਕਿ ੨੨ ਜਨਵਰੀ ਤਕ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਸਾਰੇ ਸੇਵਾਦਾਰਾਂ ਦੇ ਸਪੁਰਦ ਹੋਵੇ।

ਅਗਲੇ ਦਿਨ ੧੩ ਦਸੰਬਰ ਨੂੰ ੧੨ ਵਜੇ ਅਕਾਲ ਤਖ਼ਤ ਸਾਹਿਬ ਤੇ ਅੰਮ੍ਰਿਤ ਪ੍ਰਚਾਰ ਹੋਇਆ ਅਤੇ ਕਈਆਂ ਨੇ ਅੰਮ੍ਰਿਤ ਛਕਿਆ ਉਨ੍ਹਾਂ ਵਿਚ ਹੇਠ ਲਿਖੇ ਕਮੇਟੀ ਦੇ ਮੈਂਬਰਾਂ ਨੇ ਜਿਨ੍ਹਾਂ ਨੂੰ ਰਾਤੀ ਤਾਈਦ ਹੋਈ ਸੀ ਅੰਮ੍ਰਿਤ ਛਕਿਆ।

ਭਾਈ ਸੁੰਦਰ ਸਿੰਘ ਜੀ ਸਰਬਰਾਹ ਸਣੇ ਪਰਿਵਾਰ, ਬਾਬਾ ਭਾਗ ਸਿੰਘ ਕਲਸੀਆਂ, ਭਾਈ ਦਾਨ ਸਿੰਘ ਜੀ, ਭਾਈ ਸੇਵਾ ਸਿੰਘ ਜੀ, ਭਾਈ ਬੂਟਾ ਸਿੰਘ ਜੀ ਸ਼ੇਖ਼ੂਪੁਰਾ, ਕਪਤਾਨ ਰਾਮ ਸਿੰਘ ਜੀ, ਕਪਤਾਨ ਬਹਾਦਰ ਸਿੰਘ ਜੀ, ਭਾਈ ਬਿਸ਼ਨ ਸਿੰਘ ਜੀ ਕਪੂਰਥਲਾ, ਭਾਈ ਸੂਰਤ ਸਿੰਘ ਜੀ ਦਿਲੀ, ਡਾਕਟਰ ਗੁਰਬਖਸ਼ ਸਿੰਘ ਜੀ, ਭਾਈ ਬੂਟਾ ਸਿੰਘ ਜੀ ਚਕ ਨੰ: ੨੦੪ ਭਾਈ ਗੰਗਾ ਸਿੰਘ ਜੀ ਕਾਲਰ ਦੀਵਾਨ। ਭਾਈ ਸਾਧੂ ਸਿੰਘ ਜੀ ਲਾਹੌਰ। ਭਾਈ ਹਿਮੰਤ ਸਿੰਘ ਜੀ। ਫੇਰ ਸ਼ਾਮ ਦੇ ੭ ਵਜੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਅਕਾਲ ਤਖ਼ਤ ਸਾਹਿਬ ਤੇ ਹੋਈ।

ਸਰਦਾਰ ਹਰਬੰਸ ਸਿੰਘ ਜੀ ਮੀਤ ਪ੍ਰਧਾਨ ਇਕਤਰਤਾ ਥਾਪੇ ਗਏ। ਭਾਈ ਤੇਜਾ ਸਿੰਘ ਜੀ ਭੁਚਰ ਨੇ ਮਾਝਾ ਦੀਵਾਨ ਦੇ ਸੇਵਾਦਾਰਾਂ ਵੱਲੋਂ ਬੇਨਤੀ ਕੀਤੀ ਕਿ ਉਨ੍ਹਾਂ ਦੇ ਜਥੇ ਨੂੰ ਦੋ ਮਹੀਨੇ ਤੋਂ ਉਪਰ ਸੇਵਾ ਵਿਚ ਲਗਿਆਂ ਹੋ ਗਏ ਹਨ ਅਤੇ ਹੁਣ ਕਮੇਟੀ ਉਨ੍ਹਾਂ ਨੂੰ ਸੇਵਾ ਬਖਸ਼ੇ ਕਿਉਂਕਿ ਪੰਥਕ ਪ੍ਰਬੰਧ ਦਾ ਕੰਮ ਸਿਰ ਚੁਕ ਲਿਆ ਹੈ। ਕਮੇਟੀ

ਨੇ ਮਾਝਾ ਦੀਵਾਨ ਦੇ ਸੇਵਕਾਂ ਦਾ ਅਤੀ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਐਨਾ ਚਿਰ ਬੜੇ ਪ੍ਰੇਮ ਨਾਲ ਗੁਰੂ ਕੀ ਸੇਵਾ ਅਕਾਲ ਤਖ਼ਤ ਸਾਹਿਬ ਤੇ ਨਿਭਾਈ ਹੈ।

ਹੁਣ ਕਮੇਟੀ ਦੇ ਚਾਰੇ ਸੇਵਾਦਾਰ ਅਤੇ ਪੰਜਵੇਂ ਭਾਈ ਦੀਦਾਰ ਸਿੰਘ ਜੀ ਜਥੇ ਤੋਂ ਕੰਮ ਸਾਂਭ ਲੈਣ ਅਤੇ ਅੱਗੇ ਨੂੰ ਸੇਵਾ ਦਾ ਪ੍ਰਬੰਧ ਕਰਨ ਕਈ ਸੱਜਣਾਂ ਨੇ ਇਹ ਰਾਏ ਪ੍ਰਗਟ ਕੀਤੀ ਕਿ ਥਾਂ ਥਾਂ ਦੀ ਸੰਗਤ ਨੂੰ ਵਾਰੋ ਵਾਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਵਿਚ ਹਿੱਸਾ ਦਿੱਤਾ ਜਾਇਆ ਕਰੇ। ਚਾਰਜ ਲੈਣ ਵਾਸਤੇ ਇਸ ਦੀ ਵਿਚਾਰ ਕੀਤੀ ਜਾਵੇ।

ਫਿਰ ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਸਵੇਰੇ ਹਰਿਮੰਦਰ ਸਾਹਿਬ ਜੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਿਲਕ ਲਗਾਉਣ ਦਾ ਰਿਵਾਜ ਬੰਦ ਕੀਤਾ ਜਾਵੇ। ਪਰ ਤਿਲ ਨਵਾਰਨ ਵਾਲੇ ਸੇਵਕ ਦਾ ਰੋਜ਼ੀਨਾ ਅਜੇ ਜਾਰੀ ਰਹੇ, ਜਦ ਤੀਕਰ ਸਭ ਸੇਵਕਾਂ ਦੇ ਰੋਜ਼ੀਨੇ ਦਾ ਸਵਾਲ ਕਮੇਟੀ ਵਿਚਾਰ ਕੇ ਫ਼ੈਸਲਾ ਨਹੀਂ ਕਰਦੀ।

ਤੀਸਰਾ ਗੁਰਮਤਾ ਜੋ ਸਰਬ ਸੰਮਤੀ ਨਾਲ ਪਾਸ ਹੋਇਆ ਅਤੇ ਭਾਈ ਕਰਤਾਰ ਸਿੰਘ ਜੀ ਝਬਰ ਨੇ ਪੇਸ਼ ਕੀਤਾ ਸੀ ,ਉਹ ਇਹ ਹੈ :- ਕਿਸੇ ਗੁਰਦੁਆਰੇ ਦੇ ਪ੍ਰਬੰਧ ਦੇ ਸੁਧਾਰ ਲਈ ਜੋ ਕੁਝ ਭੀ ਉਪਰਾਲਾ ਜਾਂ ਯਤਨ ਕਈ ਜਥਾ ਜਾਂ ਸਭਾ ਕਰੇ ਉਹ ਇਸ ਕਮੇਟੀ ਨਾਲ ਪਹਿਲੇ ਜ਼ਰੂਰ ਸਲਾਹ ਕਰੇ ਅਤੇ ਕਮੇਟੀ ਦੇ ਦੱਸੇ ਹੋਏ ਤਰੀਕੇ ਉਤੇ ਕੰਮ ਕਰੇ ਅਤੇ ਜੇ ਐਸਾ ਨਾ ਕਰੇਗਾ ਕਮੇਟੀ ਉਸ ਦੇ ਕੰਮਾਂ ਦੀ ਜ਼ਿਮੇਵਾਰ ਨਹੀਂ ਹੋਵੇਗੀ।

ਗੁਰਦੁਆਰਾ ਚੁਮਾਲਾ ਸਾਹਿਬ ਲਾਹੌਰ ਬਾਬਤ ਭੀ ਵਿਚਾਰ ਹੁੰਦੀ ਰਹੀ। ਭਾਈ ਸਾਧੂ ਸਿੰਘ ਜੀ ਲਾਹੌਰ ਦੇ ਸੇਵਕ ਜਥੇ ਲਾਹੌਰ ਵੱਲੋਂ ਬੇਨਤੀ ਕਰਨ ਤੇ ਜਥੇ ਦੀ ਆਈ ਹੋਈ ਚਿਠੀ ਪੇਸ਼ ਹੋਣ ਤੇ ਫ਼ੈਸਲਾ ਹੋਇਆ ਕਿ ਭਾਈ ਹਰਬੰਸ ਸਿੰਘ ਜੀ ਅਟਾਰੀ, ਕਪਤਾਨ ਬਹਾਦਰ ਸਿੰਘ ਜੀ ਅਤੇ ਭਾਈ ਅਮਰ ਸਿੰਘ ਜੀ ਐਡੀਟਰ ਲਾਹੌਰ ਜਾ ਕੇ ਭਾਈ ਮੇਹਰ ਸਿੰਘ ਜੀ ਅਤੇ ਭਾਈ ਸੁੰਦਰ ਸਿੰਘ ਚਾਵਲਾ ਨੂੰ ਨਾਲ ਲੈ ਕੇ ਹਾਲਾਤ ਸੁਣ ਕੇ ਯੋਗ ਕਾਰਵਾਈ ਕਰਨ।

ਨੋਟ :- ੧੨ ਤਰੀਕ ਰਾਤ ਦੀ ਇਕੱਤਰਤਾ ਵਿਚ ਭਾਈ ਗੁਰਬਖਸ਼ ਸਿੰਘ ਜੀ ਮਹਲਾ ਸਬਾਂ ਲਾਹੌਰ ਅਤੇ ਭਾਈ ਸਾਧੂ ਸਿੰਘ ਜੀ ਨੇ ਇਹ ਮਾਮਲਾ ਕਮੇਟੀ ਵਿਚ ਪੇਸ਼ ਕੀਤਾ ਸੀ ਅਤੇ ਆਗਿਆ ਹੋਈ ਕਿ ਕਲ ੧੩ ਤਰੀਕ ਦੀ ਇਕਤਰਤਾ ਵਿਚ ਪੇਸ਼ ਕੀਤਾ ਜਾਵੇ।

ਦਾਸ :- ਸੁੰਦਰ ਸਿੰਘ
ਸੇਵਕ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਜੀ

ਅਕਾਲੀ ਲਾਹੌਰ ੨੭ ਦਿਸੰਬਰ ੧੯੨੦

ਚੀਫ਼ ਖਾਲਸਾ ਦੀਵਾਨ

(ਵੱਲੋਂ ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ)

ਚੀਫ਼ ਖਾਲਸਾ ਦੀਵਾਨ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਸਵਾਲ ਕੁਝ ਚਿਰ ਤੋਂ ਪੰਥ ਦੇ ਅਖ਼ਬਾਰਾਂ ਵਿਚ ਛਿੜਿਆ ਹੋਇਆ ਹੈ। ਕੀ ਤਬਦੀਲੀ ਹੋਵੇ ? ਇਹ ਸੋਚ ਭੀ ੩੫ ਸਜਣਾਂ ਦੀ ਕਮੇਟੀ ਨੇ, ਜੋ ਸਿੱਖ ਲੀਗ ਦੇ ਜਲਸੇ ਦੇ ਮਗਰੋਂ ਇਕ ਖੁਲ੍ਹੇ ਦੀਵਾਨ ਵਿਚ ਚੁਣੀ ਗਈ ਸੀ, ਇੱਕ ਹਦ ਤਕ ਸੋਚ ਲਈ ਹੈ। ਉਸ ਕਮੇਟੀ ਦੇ ਫ਼ੈਸਲੇ ਨੂੰ ਚੀਫ਼ ਖਾਲਸਾ ਦੀਵਾਨ ਤਕ ਪੁਚਾਣ ਲਈ ਤੇ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਪੰਜ ਸੱਜਣ ਚੁਣੇ ਗਏ ਸਨ। ਜਿਨ੍ਹਾਂ ਵਿੱਚੋਂ ਇਕ ਦਾਸ ਭੀ ਹੈ। ੧੧ ਦਸੰਬਰ ਨੂੰ ਉਹ ਫ਼ੈਸਲੇ ਦੀਵਾਨ ਨੂੰ ਪੁਚਾ ਦਿਤੇ ਗਏ ਹਨ ਤੇ ਨਾਲ ਹੀ ਚਾਰ ਘੰਟੇ ਤਕ ਇਹ ਗੱਲ ਬਾਤ ਹੁੰਦੀ ਰਹੀ, ਕਿ ਜੋ ਤਬਦੀਲੀਆਂ ਦੀਵਾਨ ਨੂੰ ਆਪਣੇ ਨਿਯਮਾਂ ਵਿਚ ਕਰਨ ਲਈ ਬੇਨਤੀ ਕੀਤੀ ਗਈ ਹੈ ਉਹ ਦੇ ਕਾਰਨ ਕੀ ਹਨ ? ਦੀਵਾਨ ਦੇ ਪ੍ਰਤੀਨਿਧਾਂ ਸਾਰੀ ਗੱਲ ਸਮਝ ਕੇ ਆਪਣੀ ਆਵਣ ਵਾਲੀ ਕਮੇਟੀ ਵਿਚ ਸਾਰੇ ਮਾਮਲੇ ਨੂੰ ਪੇਸ਼ ਕਰਨ ਦਾ ਇਕਰਾਰ ਕੀਤਾ ਹੈ ਤੇ ਹੁਣ ਗੱਲ ਬਾਤ ਉਸ ਕਮੇਟੀ ਦੇ ਮਗਰੋਂ ਹੋਵੇਗੀ।

ਪਰ ਮੈਂ ੧੧ ਦਸੰਬਰ ਤੋਂ ੧੩ ਤਕ ਅੰਮ੍ਰਿਤਸਰ ਹੀ ਰਿਹਾ ਤੇ ਕਈ ਸੱਜਣਾਂ ਨਾਲ ਮਗਰੋਂ ਭੀ ਇਸ ਵਿਸ਼ੇ ਪੁਰ ਗਲ ਬਾਤ ਦਾ ਮੌਕਾ ਲਭਾ। ਮੁਖ਼ਤਲਿਫ਼ ਖ਼ਿਆਲਾਂ ਨੂੰ ਸੁਣ ਕੇ। ਚੀਫ਼ ਖਾਲਸਾ ਦੀਵਾਨ ਦੀ ਬਨਾਵਟ ਦਾ ਇਕ ਨਵਾਂ ਢਾਂਚਾ ਆਪਣੇ ਦਿਲ ਵਿਚ ਬੰਨਿਆ ਹੈ ਜੋ ਮੈਂ ਪੰਥ ਦੇ ਪੇਸ਼ ਕਰਦਾ ਹਾਂ। ਸਾਡਾ ਤੇ ਮਤਲਬ ਐਸ ਵੇਲੇ ਦੋ ਜਥੇ ਬਣਾਨ ਦਾ ਹੈ।

ਇਕ ਜਥਾ ਧਾਰਮਿਕ, ਵਿਦਿਅਕ, ਸੋਸ਼ਲ ਕੰਮ ਲਈ ਤੇ ਦੂਜਾ ਪੋਲੀਟੀਕਲ ਕੰਮ ਲਈ। ਦੋ ਸਿੱਖ ਜਥੇ ਬਣਾਣ ਦਾ ਕਾਰਨ ਇਹ ਹੈ ਕਿ ਪੋਲੀਟੀਕਲ ਖ਼ਿਆਲਾਂ ਅਨੁਸਾਰ ਭਾਵੇਂ ਸਿੱਖਾਂ ਵਿਚ ਦੋ ਪਾਰਟੀਆਂ ਹਨ ਪਰ ਧਾਰਮਿਕ ਵਿਦਿਅਕ ਆਦਿ ਨੁਕਤਾ ਖ਼ਿਆਲਾਂ ਤੋਂ ਸਾਰੇ ਕੰਮ ਕਰਨ ਵਾਲੇ ਇਕੋ ਹੀ ਹਨ। ਇਸ ਲਈ ਖ਼ਿਆਲ ਇਹ ਹੈ ਕਿ ਜਿਥੇ ਧਰਮ, ਵਿਦਿਆ ਆਦਿ ਪਰ ਸਬੰਧੀ ਕੰਮ ਕਰਨਾ ਹੈ ਉੱਥੇ ਕਿਉਂ ਨਾ ਸਾਝੇ ਕੰਮ ਲੈ ਕੇ ਕਰੀਏ।

(ਸੋ ਹੁਣ ਜਥਾ ਐਸਾ ਹੋਣਾ ਚਾਹੀਦਾ ਹੈ ਜਿਸ ਦੇ ਵਿਚ ਕਿਸੇ ਤਰ੍ਹਾਂ ਸਾਰੇ ਹੀ ਸੱਜਣ ਤੇ ਫਿਰਕੇ, ਇਕਠੇ ਹੋ ਕੇ ਕੰਮ ਚੰਗੀ ਤਰ੍ਹਾਂ ਚਾਲੂ ਕਰਨ ਦਾ ਭੀ ਕੋਈ ਤਰੀਕਾ ਨਿਕਲ ਸਕੇ। ਅਗੇ ਦੀਵਾਨ ਦੇ ੨੫ ਫ਼ੀ ਸਦੀ ਮਿੰਬਰ ਸਿੰਘ ਸਭਾ, ਖਾਲਸਾ ਦੀਵਾਨਾਂ ਆਦਿ ਜਥਿਆਂ ਦੀ ਰਾਹੀਂ, ੨੫ ਫ਼ੀ ਸਦੀ ਡੈਲੀਗੇਟ ਫ਼ੈਲੋ ਤੇ ਸਹਾਇਕਾਂ ਦੀ ਰਾਹੀਂ ਆਉਂਦੇ ਹਨ ਤੇ ਬਾਕੀ ਦੇ ੫੦ ਫ਼ੀ ਸਦੀ ਦੀਵਾਨ ਆਪ ਚੁਣਦਾ ਹੈ। ਨਵੀਂ ਤਜਵੀਜ਼, ਜੋ ਹੁਣ ਕਮੇਟੀ ਵੱਲੋਂ ਹੋਈ ਹੈ, ਉਹ ਦੇ ਵਿਚ ਇਹ ਜ਼ੋਰ ਦਿੱਤਾ ਗਿਆ ਹੈ ਕਿ ਚੁਣੇ ਹੋਏ ਮੈਂਬਰਾਂ ਦੀ ਗਿਣਤੀ ਬਹੁਤ ਵਧਾ ਦਿੱਤੀ ਜਾਵੇ। ਪਰ ਚੁਣਨ ਦਾ ਰਾਹ ਉਹੀ ਸਿੰਘ ਸਭਾ ਆਦਿ ਸੁਸਾਇਟੀਆਂ ਹਨ। ਮੈਂ ਜੋ ਹੁਣ ਤਜਵੀਜ਼ ਕਰਨ ਲਗਾ ਹਾਂ ਉਹ ਦੇ ਵਿਚ ਪਹਿਲਾਂ ਨਵਾਂ ਨੁਕਤਾ ਇਹ ਹੈ ਕਿ ਦੀਵਾਨ ਦੇ ਮੈਂਬਰ ਸਿੰਘ ਸਭਾ ਆਦਿ ਦੀ ਰਾਹੀਂ ਨਾ ਚੁਣੇ ਜਾਣ ਬਲ ਕੇ ਸਿਧੇ ਚੁਣੇ ਜਾਣ, ਜਿਸ ਤਰ੍ਹਾਂ ਲੈਜਿਸਲੇਟਿਵ ਅਸੈਂਬਲੀ (ਵਾਇਸਰਾਇ ਦੀ ਕੌਂਸਲ) ਤੇ ਲੈਜਿਸਲੇਟਿਵ (ਪੰਜਾਬ ਲਾਟ ਦੀ ਕੌਂਸਲ) ਦੇ ਮੈਂਬਰ ਸਿਧੇ ਹੀ ਲੋਕਾਂ ਚੁਣੇ ਹਨ। ਇਕੁਰ ਹੀ ਸਿੰਘ ਸਭਾ ਦੇ ਮੈਂਬਰ ਭੀ ਖਾਲਸਾ ਜੀ ਸਿਧੇ ਚੁਣਨ ਤੇ ਚੀਫ਼ ਖਾਲਸਾ ਦੀਵਾਨ ਦੇ ਮੈਂਬਰ ਭੀ ਸਿਧੇ, ਤਾਂ ਜੋ ਲੋਕਲ ਪਾਰਟੀਆਂ (ਜੋ ਹਰ ਥਾਂ ਬਣ ਜਾਂਦੀਆਂ) ਦਾ ਅਸਰ ਦੀਵਾਨ ਦੀ ਚੋਣ ਤੇ ਕੁਝ ਨਾ ਪਏ।

ਦੀਵਾਨ ਦੇ ਮੈਂਬਰ ਕੌਣ ਚੁਣੇ ਤੇ ਕਿਕੁਰ ਚੁਣੇ? ਜ਼ਿਲੇਵਾਰ ਫ਼ਰਿਸਤਾਂ ਉਨ੍ਹਾਂ ਸਿੰਘਾਂ ਦੀਆਂ ਬਣਾਈਆਂ ਜਾਣ ਜਿਨ੍ਹਾਂ ਵਿਚ ਇਹ ਸਿਫ਼ਤਾਂ ਹੋਣ।

(੧) ਅੰਮ੍ਰਿਤਧਾਰੀ ਹੋਣ ਤੇ ਪਤਤਿ ਨਾ ਹੋਣ (੨) ਅੰਮ੍ਰਿਤ ਵੇਲੇ ਜਾਗਣ ਵਾਲੇ ਤੇ ਘਟ ਤੋਂ ਘੱਟ ਪੰਜ ਬਾਣੀਆਂ ਦਾ ਨਿਤਨੇਮ ਕਰਦੇ ਹੋਣ (੩) ਗੁਰਮਰਯਾਦਾ ਕਰਦੇ ਹੋਣ ਤੇ ਸਭ ਅੰਮ੍ਰਿਤ ਧਾਰੀਆਂ ਨਾਲ ਸੰਗਤ ਪੰਗਤ ਵਿਚ ਅਭੇਦ ਵਰਤਦੇ ਹੋਣ (੪) ਆਪਣੀ ਕਮਾਈ ਵਿੱਚੋਂ ਘਟ ਤੋਂ ਘਟ ਦਸਵੰਧ ਗੁਰੂ ਨਿਮਿਤ ਦਿੰਦੇ ਹੋਣ ਤੇ ਉਹਦੇ ਵਿੱਚੋਂ ਘਟ ਤੋਂ ਘਟ ਚੌਥਾ ਹਿੱਸਾ ਦਸਵੰਧ ਦਾ, ਜੋ ਦੀਵਾਨ ਬਣਾਉਣ ਲਗੇ ਹਨ, ਉਹ ਨੂੰ ਦੇਣ ਦਾ ਪ੍ਰਣ ਕਰਨ।

ਉਪਰ ਲਿਖੇ ਸਿੰਘਾਂ ਦੀਆਂ ਫ਼ਰਿਸਤਾਂ ਹਰ ਇਕ ਇਲਾਕੇ ਵਿਚ ਤਿਆਰ ਕੀਤੀਆਂ ਜਾਣ। ਫ਼ਰਜ਼ ਕਰੋ ਕੁਲ ਪੰਥ ਵਿੱਚੋਂ ਐਹੋ ਜਿਹੇ ੫੦੦੦੦ ਸਿੰਘ ਨਿਤਰਦੇ ਹਨ ਤਾਂ ਫਿਰ ਅਸੀਂ ਇਹ ਆਖੀਏ ਕਿ ਇਹੋ ਜਿਹੇ ੫੦੦ ਸਿੰਘਾਂ ਨੂੰ ਆਪਣੇ ਵਿੱਚੋਂ ਇਕ ਿਘ ਦੀਵਾਨ ਵਿਚ ਭੇਜਣ ਦਾ ਇਖ਼ਤਿਆਰ ਹੈ ਜੇ ਉਹ ੫੦੦ ਸਿੰਘ ਇਕ ਜ਼ਿਲੇ ਦੇ ਹੋਣ ਤਾਂ ਉਸ ਜ਼ਿਲੇ ਨੂੰ ਇਕ ਸੱਜਣ ਦੇ ਘੱਲਣ ਦਾ ਇਖ਼ਤਿਆਰ ਹੈ। ਜੇ ਇਕ ਤਸੀਲ ਵਿੱਚੋਂ ਨਿਕਲ ਆਵਣ ਤਾਂ ਤਸੀਲ ਨੂੰ। ਮੁਕਦੀ ਗੱਲ ਇਹ ਸਾਡੀ ਚੋਣ ਦਾ ਹਲਕਾ ਇਹੋ ਜਿਹੇ ਸਿੰਘਾਂ ਦੀ ਗਿਣਤੀ ਪੁਰ ਹੋਵੇਗਾ ਕਿਸੇ ਜ਼ਿਲ੍ਹੇ ਦੀ ਹਦ ਜਾਂ ਵਸੋਂ ਪੁਰ ਨਹੀਂ।

ਜਦੋਂ ਫ਼ਰਿਸਤਾਂ ਬਣ ਜਾਣ ਤਾਂ ੧੫ ਜਾਂ ੨੦ ਸਿੰਘ ਜੋ ਪੰਥ ਵਿਚ ਉੱਘੇ ਹਨ ਇਸ ਗੱਲ ਲਈ ਥਾਪੇ ਜਾਣ ਕਿ ਉਹ ਹਰ ਇਕ ਹਲਕੇ ਵਿਚ ਦੀਵਾਨ ਕਰ ਕੇ ਹਰ ਇਕ ਸਿੰਘ ਵੋਟਰ ਨੂੰ ਦੀਵਾਨ ਵਿਚ ਹਾਜ਼ਰ ਹੋਣ ਦੀ ਖ਼ਬਰ ਦੇਣ। ਸ਼ਬਦ ਕੀਰਤਨ ਉਪਦੇਸ਼ ਹੋਣ ਤੇ ਜੋ ਸਿੰਘ ਵੋਟਾਂ ਦੇਣ ਵਾਲੇ ਦਰਜ ਹਨ ਉਨ੍ਹਾਂ ਨੂੰ ਪੰਜ ਪਿਆਰੇ ਉਪਰ ਲਿਖੀ ਰਹਿਤ ਅਨੁਸਾਰ ਸੋਧਣ। ਜੋ ਰਹਿਤ ਵਿਚ ਪੱਕੇ ਹੋਣ ਤੇ ਉਪਰ ਲਿਖੇ ਪ੍ਰਣ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕਰਨ। ਉਹ ਆਪਣਾ ਪ੍ਰਤੀਨਿਧ ਚੁਣ ਲੈਣ ਤੇ ਉਹ ਮੁਕਰਰ ਕੀਤਾ ਸਿੰਘ ਉਸ ਪ੍ਰਤੀਨਿਧ ਦਾ ਨਾਮ ਸਭ ਪੰਥਕ ਅਖ਼ਬਾਰਾਂ ਵਿਚ ਤੇ ਦੀਵਾਨ ਦੇ ਦਫ਼ਤਰ ਵਿਚ ਭੇਜ ਦੇਵੇ।

ਜੇ ਕੋਈ ਇਹ ਦੇ ਉਪਰ ਇਹ ਇਤਰਾਜ਼ ਕਰੇ ਕਿ ਵੋਟ ਦਾ ਹੱਕ ਸਾਰੇ ਸਿੱਖਾਂ ਨੂੰ ਤੁਸਾਂ ਨਹੀਂ ਦਿੱਤਾ, ਤਾਂ ਉਤਰ ਇਹ ਹੈ ਕਿ ਇਹ ਧਾਰਮਿਕ ਦੀਵਾਨ ਹੈ, ਜੋ ਧਰਮ ਪੁਰ ਤੁਰਦੇ ਨਹੀਂ, ਉਨ੍ਹਾਂ ਨੂੰ ਅਜੇ ਮੈਂਬਰਾਂ ਦੀ ਚੋਣ ਵਿਚ ਨਾ ਲਿਆ ਜਾਵੇ। ਨਾਲ ਹੀ ਜੋ ਇਲਾਕਾ ਇਹ ਚਾਹੇਗਾ ਕਿ ਸਾਡੇ ਮੈਂਬਰ ਦੀਵਾਨ ਵਿਚ ਜ਼ਿਆਦਾ ਹੋਣ। ਉਹ ਇਹ ਜਤਨ ਕਰੇਗਾ ਕਿ ਉਥੇ ਪ੍ਰਚਾਰ ਵਧੇਰੇ ਉਪਰ ਲਿਖੀ ਰਹਿਤ ਵਾਲੇ ਸਜਣ ਵਧੀਕ ਹੋਣ। ਇਕੁਰ ਪ੍ਰਚਾਰ ਸਹਿਜੇ ਹੀ ਵਧਦਾ ਜਾਏਗਾ।

ਖ਼ੈਰ ਜਦੋਂ ੧੦੦ ਮੈਂਬਰ ਦੀਵਾਨ ਦਾ ਚੁਣਿਆ ਜਾਵੇ ਤਾਂ ਸਾਰੇ ਸਜਣ, ਰਲ ਕੇ ਆਪਣਾ ਇਕ ਜਥੇਦਾਰ ਚੁਣਨ। ਮੈਂਬਰ ਆਪ ਤਾਂ ਪੰਜ ਸਾਲ ਲਈ ਚੁਣੇ ਜਾਣਗੇ ਪਰ ਜਥੇਦਾਰ ਦੀ ਕਮੇਟੀ ਫ਼ਰਜ਼ ਕਰੋ ੨੧ ਸੇਵਕਾਂ ਦੀ ਹੋਣੀ ਹੈ ਤਾਂ ਉਹ ਇਸ ਪਰਕਾਰ ਚੁਣੀ ਜਾਵੇ। ਬਾਰਾਂ ਸਜਣ ਤਾਂ ਉਹ ਹੋਣ ਜਿਨ੍ਹਾਂ ਨੂੰ ਜਥੇਦਾਰ ਆਪ ਚੁਣ ਲਵੇ। ਬਾਕੀ ਅੱਠ ਦੀਵਾਨ ਵੱਲੋਂ ਚੋਣ ਨਾਲ ਪੂਰੇ ਕੀਤੇ ਜਾਣ। ਭਾਵ ਇਹ ਹੈ ਕਿ ਜਿਸ ਨੂੰ ਪੰਥ ਇਕੇਰਾਂ ਜਥੇਦਾਰ ਚੁਣ ਲਏ, ਉਹ ਨੂੰ ਇਹ ਮੌਕਾ ਮਿਲੇ ਕਿ ਆਪਣੀ ਸਮਝ, ਵਿਚ ਜੋ ਉਹ ਚੰਗੇ ਕੰਮ ਕਰਨ ਵਾਲੇ ਸਜਣ ਸਮਝਦਾ ਹੈ, ਉਹਨਾਂ ਨੂੰ ਨਾਲ ਚਲਾ ਲਵੇ ਤਾਂ ਜੋ ਉਹ ਪੂਰਾ ਜ਼ੋਰ ਲਾਕੇ ਕੰਮ ਕਰ ਸਕੇ। ਅੱਠ ਸਜਣ ਇਸ ਲਈ ਪਾਏ ਜਾਣ ਕਿ ਉਹ ਜਥੇਦਾਰ ਤੇ ਉਹ ਦੇ ਸਾਥੀਆਂ ਦੇ ਹਰ ਇਕ ਕਾਰਵਾਈ ਨੂੰ ਨਿਗਾਹ ਹੇਠ ਰੱਖ ਸਕਣ ਤਾਂ ਜੇ ਕੋਈ ਪੰਥ ਵਿਰੁੱਧ ਕੰਮ ਹੋਣ ਲਗੇ ਤਾਂ ਉਹ ਫ਼ੌਰਨ ਬਾਕੀ ਦੇ ਮਿੰਬਰਾਂ ਨੂੰ ਖ਼ਬਰ ਕਰਨ। ਸਾਲ ਭਰ ਦੇ ਮਗਰੋਂ ਫਿਰ ਜਥੇਦਾਰ ਦੀ ਚੋਣ ਹੋਵੇ। ਪੰਜ ਸਾਲ ਦੇ ਮਗਰੋਂ ਸਾਰੇ ਦੇ ਸਾਰੇ ਮੈਂਬਰ ਦੀਵਾਨ ਦੇ ਫਿਰ ਉੱਪਰ ਲਿਖੇ ਤਰੀਕੇ ਨਾਲ ਚੁਣੇ ਜਾਣ। ਗੁਰਦੁਆਰਾ ਕਮੇਟੀ, ਵਿਦਿਅਕ ਕਮੇਟੀ, ਦੀਵਾਨ ਦੇ ਮਿੰਬਰਾਂ ਵਿੱਚੋਂ ਬਣਾਈਆਂ ਜਾਣ। ਇਹ ਇਕ ਖਰੜਾ ਹੈ ਵਿਚਾਰ ਮਗਰੋਂ ਇਹ ਦੇ ਵਿਚ ਵਾਧਾ ਘਾਟਾ ਹੋ ਸਕਦਾ ਹੈ। ਉਮੀਦ ਹੈ ਕਿ ਜੋਗ ਸਮਝੇਗਾ ਤਾਂ ਪੰਥ ਦਾਸ ਦੀ ਇਸ ਸਕੀਮ ਪੁਰ ਵਿਚਾਰ ਕਰਨ ਦੀ ਕਿਰਪਾ ਕਰੇਗਾ।

ਸਿੱਖ ਲੀਗ ਭੀ ਇਸੇ ਤਰ੍ਹਾਂ ਬਣੇ। ਕੇਵਲ ਵੋਟਾਂ ਦੀਆਂ ਸਿਫ਼ਤਾਂ ਉਥੇ ਕੁਝ ਹੋਰ ਹੋਣਗੀਆਂ।

✲ ✲ ✲

ਗੁਰਦੁਆਰਾ ਰਕਾਬ ਗੰਜ ਦੀ ਦੀਵਾਰ :
ਸ. ਸਰਦੂਲ ਸਿੰਘ ਕਵੀਸ਼ਰ ਦੀ ਅਪੀਲ

ਗੁਰਦੁਆਰਾ ਰਕਾਬ ਗੰਜ ਦੀ ਢੱਠੀ ਦੀਵਾਰ ਨੂੰ ਮੁੜ ਖੜ੍ਹਾ ਕਰਨ ਵਾਸਤੇ ੧੦੦ ਸ਼ਹੀਦ ਸਿੰਘਾਂ ਦਾ ਜਥਾ ਜਾਰੀ ਕਰਨ ਵਾਸਤੇ ਸ. ਸਰਦੂਲ ਸਿੰਘ ਕਵੀਸ਼ਰ ਨੇ ਅਕਾਲੀ ਅਖ਼ਬਾਰ ਦੇ ੨ ਸਤੰਬਰ ੧੯੨੦ ਦੇ ਪਰਚੇ ਵਿਚ ਅਪੀਲ ਕੀਤੀ ਸੀ। ਹੇਠਾਂ ਉਹ ਅਪੀਲ ਹੂ-ਬ-ਹੂ ਛਾਪੀ ਜਾ ਰਹੀ ਹੈ।

ਅਕਾਲੀ ਲਾਹੌਰ, ੨ ਸਤੰਬਰ ੧੯੨੦

ਸਿੱਖ ਗੁਰਦੁਆਰਿਆਂ ਨੂੰ ਬਚਾਵਨ ਵਾਸਤੇ ਸੌ ਸ਼ਹੀਦਾਂ ਦੀ ਲੋੜ !
ਗੁਰਦੁਆਰਾ ਰਕਾਬ ਗੰਜ ਨੂੰ ਕਹੀ!

(ਵੱਲੋਂ ਸ: ਸਰਦੂਲ ਸਿੰਘ ਜੀ ਕਵੀਸ਼ਰ)

ਖਾਲਸਾ ਜੀ ਕੀ ਆਪ ਭੁਲ ਗਏ ਹੋ ਕਿ ਗੁਰਦੁਆਰਾ ਰਕਾਬ ਗੰਜ ਨੂੰ ਜਿਥੇ ਸਤਿਗੁਰੂ ਤੇਗ਼ ਬਹਾਦਰ ਜੀ ਦੇ ਪਵਿੱਤਰ ਸਰੀਰ ਦਾ ਸੰਸਕਾਰ ਇਕ ਗਰੀਬ ਸਿੱਖ ਨੇ ਆਪਣਾ ਘਰ ਬਾਰ ਸਾੜ ਕੇ ਕੀਤਾ ਸੀ, ਕਹੀ ਲੱਗ ਚੁੱਕੀ ਹੈ। ਅਤੇ ਉਸ ਦੇ ਢਾਹ ਦੇਣ ਦੀਆਂ ਗੁਨਤੀਆਂ ਗੁੰਦੀਆਂ ਜਾ ਰਹੀਆਂ ਹਨ ? ਕੀ ਹੁਣ ਤੁਸੀਂ ਇਹ ਸੁਨਣ ਅਤੇ ਦੇਖਣ ਨੂੰ ਤਿਆਰ ਹੋ ਕਿ ਆਪ ਦੇ ਸਤਿਗੁਰਾਂ ਦੇ ਲਹੂ ਨਾਲ ਸਿੰਜੇ ਹੋਏ ਪਵਿੱਤਰ ਅਸਥਾਨ ਮੁਕਾਮੀ ਹਾਕਮਾਂ ਦੀ ਮਰਜ਼ੀ ਅਨੁਸਾਰ, ਅੱਜ-ਬਾਗ ਬਗੀਚੇ ਅਤੇ ਕੱਲ ਅਸਤਬਲ ਬਣਾਨ ਦੀ ਖ਼ਾਤਰ ਭੰਨ ਤੋੜ ਕੀਤੇ ਜਾਨ ?

ਤੁਹਾਡੇ ਵਿੱਚ ਇਹ ਗੱਲ ਸਮਝਣ ਦੀ ਸ਼ਕਤੀ ਨਹੀਂ ਰਹੀ ਕਿ ਇਹ ਜੋ ਅੱਜ ਗੁਰਦੁਆਰਾ ਸਾਹਿਬ ਰਕਾਬ ਗੰਜ ਕਹੀ ਲੱਗੀ ਹੈ, ਇਸ ਕਹੀ ਨੇ ਇਸ ਜਗਾ ਹੀ ਬੰਦ ਨਹੀਂ ਹੋਣਾ ਬਲਕਿ ਇਹ ਇਕ ਇਕ ਕਰ ਕੇ ਸਭ ਗੁਰੂ ਅਸਥਾਨਾਂ ਦੀ ਨੀਂਹ ਨੂੰ ਖੋਖਲਾ ਕਰ ਦੇਵੇਗੀ, ਨਹੀਂ ਨਹੀਂ ਖਾਲਸੇ ਧਰਮ ਨੂੰ ਹੌਲੀ ਹੌਲੀ, ਇਟ ਇਟ, ਪੁਟ ਕੇ ਜ਼ਮੀਨ ਨਾਲ ਮਿਲਾ ਦੇਵੇਗੀ, ਅਤੇ ਮਿਲਾ ਵੀ ਐਸਾ ਦੇਵੇਗੀ ਕਿ ਫਿਰ ਖਾਲਸੇ ਦਾ ਨਾਮ ਸ਼ੈਦ ਕਿਤੇ ਇਤਿਹਾਸ ਦੀਆਂ ਕਿਤਾਬਾਂ ਵਿੱਚ ਨਜ਼ਰ ਆਵੇ ਤਾਂ ਪਰ ਜ਼ਿੰਦਗੀ ਦੇ ਤਖ਼ਤੇ ਤੇ ਕੋਈ ਨਾਮ ਜਾਂ ਨਿਸ਼ਾਨ ਨਾ ਰਹੇਗਾ ਅਤੇ ਆਪ ਹੀ "ਕੇਤੀ ਗਈ ਦੇਖ ਵਾਜੇ ਵਜਾ" ਦੀ ਗਿਣਤੀ ਵਿੱਚ ਸ਼ਾਮਿਲ ਹੋ ਜਾਵੇਗਾ।

ਦਿੱਲੀ ਦੇ ਅਫ਼ਸਰਾਂ ਨੇ ਗੁਰਦੁਆਰਾ ਸਾਹਿਬ ਦੀ ਅਮੋਲਕ ਧਰਤੀ ਨੂੰ ਬਗ਼ੈਰ ਸਿੱਖਾਂ ਦੀ ਮਰਜ਼ੀ ਦੇ ਦਰਯਾਫ਼ਤ ਕਰਨ ਦੇ ਕੌਡਾਂ ਦੇ ਮੁਲ, ਇਕ ਅਪਣੇ ਘਰੋਗੀ ਬਨਾਏ ਹੋਏ ਕਾਨੂੰਨ ਦੇ ਜ਼ਰੀਏ ਖੋਹ ਲਿਆ। ਅਤੇ ਖੋਹਨ ਦੇ ਬਾਅਦ ਗੁਰਦੁਆਰਾ ਸਾਹਿਬ ਨੂੰ ਢਾਨ੍ਹਾ ਸ਼ੁਰੂ ਕਰ ਦਿੱਤਾ। ਖਾਲਸਾ ਜੀ ਨੂੰ ਪਤਾ ਲੱਗਾ ਤੇ ਸਰਕਾਰ ਪਾਸ ਫ਼ਰਯਾਦ ਕੀਤੀ, ਜਿਸ ਪਰ ਗੁਰਦੁਆਰੇ ਸਾਹਿਬ ਦਾ ਢਾਯਾ ਜਾਨਾ ਵਿੱਚੇ ਹੀ ਛੱਡ ਦਿੱਤਾ ਗਿਆ। ਇਨ੍ਹਾਂ ਹੀ ਦਿਨਾਂ ਵਿੱਚ ਲੜਾਈ ਸ਼ੁਰੂ ਹੋ ਗਈ ਸੀਅਤੇ ਸਰਕਾਰ ਨੂੰ ਸਿੱਖਾਂ ਦੀ ਬੜੀ ਲੋੜ ਸੀ। ਸਰਕਾਰ ਨੂੰ ਭਾਵੇਂ ਧਰਮਹੀਨੇ ਸੱਜਣਾਂ ਨੇ ਉਲਟ ਪੁਲਟ ਹੀ ਦੱਸਿਆ ਸੀ, ਪਰ ਸਰਕਾਰ ਨੂੰ ਇਹ ਪਤਾ ਜ਼ਰੂਰ ਹੋ ਗਿਆ ਕਿ ਗੁਰਦੁਆਰਾ ਸਾਹਿਬ ਰਕਾਬ ਗੰਜ ਦੇ ਮੁਆਮਲੇ ਵਿੱਚ ਛੇੜ ਛਾੜ ਸ਼ੁਰੂ ਰਹੀ ਤਾਂ ਫ਼ੌਜੀ ਭਰਤੀ ਵਿੱਚ ਫ਼ਰਕ ਆ ਜਾਵੇਗਾ। ਇਸ ਵਾਸਤੇ ਉਨ੍ਹਾਂ ਨੇ ਉਸ ਵੇਲੇ ਗੁਰਦੁਆਰਾ ਸਾਹਿਬ ਨੂੰ ਢਾਨ੍ਹਾ ਬੰਦ ਕਰਵਾ ਦਿੱਤਾ।

ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਇਸ ਦੇ ਕਰਤਿਆ ਹਰਤਿਆਂ ਨੇ ਸਰਕਾਰ ਨੂੰ ਇਹ ਉੱਕਾ ਹੀ ਝੂਠ

ਦੱਸ ਦਿੱਤਾ ਕਿ ਬੇਸ਼ਕ ਜੇ ਸਰਕਾਰ ਨੂੰ ਜ਼ਰੂਰਤ ਹੋਵੇ ਤਾਂ ਸਿੱਖਾਂ ਵੱਲੋਂ ਗੁਰਦੁਆਰੇ ਨੂੰ ਢਾਹ ਦੇਵੇ, ਸਿੱਖ ਇਸ ਨੂੰ ਬੁਰਾ ਨਾ ਮੰਨਨਗੇ। ਪਰ ਇਨ੍ਹਾਂ ਧਰਮਹੀਨੇ ਪੁਰਸ਼ਾਂ ਦੀ ਉਸ ਵੇਲੇ ਪੂਰੀ ਪੇਸ਼ ਨਾ ਚਲੀ ਅਤੇ ਗੁਰਦੁਆਰੇ ਸਾਹਿਬ ਦਾ ਢਾਨ੍ਹਾ ਵਿਚੇ ਹੀ ਰਹਿ ਗਿਆ। ਜੋ ਸੁਨੈਹਰੀ ਤੇ ਰੁਪੈਹਰੀ ਗਰਜ਼ਾਂ ਇਨ੍ਹਾਂ ਢਾਨ ਦੀ ਇਜਾਜ਼ਤ ਦੇਣ ਵਾਲਿਆਂ ਸਿੱਖਾਂ ਦੀਆਂ ਸਨ ਉਨ੍ਹਾਂ ਨੂੰ ਖੋਲ੍ਹ ਕੇ ਦੱਸਣ ਦੀ ਕੋਈ ਲੋੜ ਨਹੀਂ। ਪੰਥ ਇਨ੍ਹਾਂ ਵਿਸ਼ਵਾਸਘਾਤੀਆਂ ਦੀਆਂ ਚਾਲਾਂ ਤੋਂ ਹਬੁਣ ਖ਼ੂਬ ਵਾਕਫ਼ ਹੋ ਗਿਆ ਹੈ ਅਤੇ ਇਨ੍ਹਾਂ ਨੂੰ ਤਲਾਂਜਲੀ ਦੇ ਚੁਕਾ ਹੈ। ਇਸ ਵਾਸਤੇ ਅਸੀਂ ਆਪਣੇ ਵੀਰਾਂ ਅਤੇ ਸੇਵਾ ਦੇ ਦਾਵੇਦਾਰਾਂ ਦੀ ਮਨਲੋਚਨੀ ਸੁੰਦਰ ਕਥਾ ਨੂੰ ਕੁਝ ਵਿਸਥਾਰ ਨਾਲ ਦੱਸਣਾ ਜ਼ਰੂਰੀ ਨਹੀਂ ਸਮਝਦੇ।

ਗੱਲ ਕੀ ਕਿ ਗੁਰਦੁਆਰੇ ਦਾ ਤੋੜਨਾ ਫੋੜਨਾ ਕੁਝ ਦੇਰ ਵਾਸਤੇ ਬੰਦ ਹੋ ਗਿਆ। ਪਰ ਟੁੱਟੀ ਦੀਵਾਰ ਨੂੰ ਮੁੜ ਬਨਾਇਆ ਵੀ ਨਾ ਗਿਆ। ਚੀਫ਼ ਖਾਲਸਾ ਦੀਵਾਨ ਵੱਲੋਂ ਜਿਹੜੀ ਸਰਕਾਰ ਨੂੰ ਹੱਲਾਸ਼ੇਰੀ ਮਿਲ ਗਈ ਉਸ ਨੇ ਸਰਕਾਰ ਨੂੰ ਪੂਰਾ ਨਿਯਾਉਂ ਨਾ ਕਰਨ ਦਿੱਤਾ ਅਤੇ ਜਦ ਹੁਣ ਲੜਾਈ ਬੰਦ ਹੋ ਗਈ ਅਤੇ ਨਾ ਸਿੱਖਾਂ ਦੀ ਮੱਦਦ ਦੀ ਜ਼ਿਆਦਾ ਲੋੜ ਰਹੀ ਅਤੇ ਨਾਲ ਹੀ ਜਦ ਸਿੱਖਾਂ ਦਾ ਪਿਛਲਾ ਜੋਸ਼ ਭਾਈ ਰਣਧੀਰ ਸਿੰਘ ਜੀ ਵਰਗਿਆਂ ਗੁਰ ਸਿੱਖਾਂ ਦੇ ਕੈਦ ਹੋ ਜਾਣ ਕਰ ਕੇ ਠੰਡਾ ਪੈ ਗਿਆ, ਤਾਂ ਗੁਰਦੁਆਰਾ ਢਾਨ ਵਾਲਿਆਂ ਅਫ਼ਸਰਾਂ ਅਤੇ ਸੱਜਣਾਂ ਨੇ ਨਵੀਆਂ ਵਿਉਤਾਂ ਸ਼ੁਰੂ ਕਰ ਦਿੱਤੀਆਂ।

ਇਸ ਦੀ ਥਾਂ ਕਿ ਗੁਰਦੁਆਰਾ ਸਾਹਿਬ ਵਿਚ ਕਾਂਟ ਛਾਂਟ ਕਰਨ ਤੋਂ ਪਹਿਲੇ ਦਿੱਲੀ ਦੇ ਸਰਕਾਰੀ ਅਫ਼ਸਰ ਐਸੇ ਜ਼ਰੂਰੀ ਮਾਮਲੇ ਵਿੱਚ ਸਿੱਖਾਂ ਦੀ ਆਗਿਆ ਲੈ ਕੇ ਹੱਥ ਵਧਾਂਦੇ, ਇਨ੍ਹਾਂ ਅਫ਼ਸਰਾਂ ਨੇ ਇਕ ਦਿੱਲੀ ਦੀ ਹੀ ਬਰਾਏ ਨਾਮ ਕਮੇਟੀ ਜੇਹੀ ਨੂੰ ਹੇਠਾਂ ਉੱਤੇ ਕਰ ਕੁਝ ਗੋਂਦ ਗੁੰਦਨੀ ਸ਼ੁਰੂ ਕਰ ਦਿੱਤੀ ਹੈ। ਚੀਫ਼ ਕਮਿਸ਼ਨਰ ਦਿੱਲੀ ਦੇ ਪਰਸਨਲ ਅਸਿਸਟੈਂਟ ਦੀ ਜੋ ਚਿੱਠੀ ਅਕਾਲੀ ਵਿੱਚ ੧੮-੮-੨੦ ਤਰੀਕ ਨੂੰ ਛਪੀ ਹੈ ਉਸ ਨੂੰ ਗੌਹ ਨਾਲ ਪੜ੍ਹਨ ਤੋਂ ਸਾਫ਼ ਪ੍ਰਗਟ ਹੋ ਜਾਵੇਗਾ ਕਿ ਗੁਰਦੁਆਰਾ ਸਾਹਿਬ ਨੂੰ ਢਾਨ ਦੀ ਖ਼ਾਤਰ ਚੀਫ਼ ਇੰਜੀਨੀਅਰ ਆਦਿ ਅਫ਼ਸਰਾਂ ਨੇ ਕਿੱਡੀ ਚਾਲਾਕੀ ਕੀਤੀ ਹੈ। ਇਸ ਚਿੱਠੀ ਵਿੱਚ ਕਿਤੇ ਤਾਂ ਖਾਲਸਾ ਦੀਵਾਨ ਦਿੱਲੀ ਦੀ ਕਮੇਟੀ ਦਾ ਜ਼ਿਕਰ ਕਰ ਕੇ ਸਿੱਖਾਂ ਨੂੰ ਟਪਲਾ ਲਾਇਆ ਹੈ ਅਤੇ ਕਿਤੇ ਨੈਹਰੀ ਜ਼ਮੀਨਾਂ ਦੇ ਸਬਜ਼ ਬਾਗ ਦਿਖਾ ਕੇ ਸਿੱਖਾਂ ਦਾ ਲਾਲਚ ਨਾਲ ਮੂੰਹ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਭਲੇ ਪੁਰਸ਼ ਨੂੰ ਇਹ ਪਤਾ ਨਹੀਂ ਕਿ ਸਿੱਖਾਂ ਨੇ ਅਸੂਲ ਦੀ ਖ਼ਾਤਰ ਤਾਂ ਬਾਦਸ਼ਾਹਤਾਂ ਤੇ ਲੱਤਾਂ ਮਾਰੀਆਂ ਹੋਈਆਂ ਹਨ, ਉਨ੍ਹਾਂ ਨੂੰ ਮੁਰੱਬਿਆਂ ਦਾ ਲਾਲਚ ਕਦੇ ਵੀ ਗੁਰਦੁਆਰਾ ਸਾਹਿਬ ਦੀ ਬੇ ਅਦਬੀ ਕਰਾਨ ਵਾਸਤੇ ਕਾਰਗਰ ਨਹੀਂ ਹੋ ਸਕਦਾ। ਇਸ ਵਿਚ ਕੁਝ ਸ਼ੱਕ ਨਹੀਂ ਕਿ ਬਾਜੇ ਨਾਮਧਰੀਕ ਬਹੁਰੂਪੀਏ ਸਿੱਖ ਲਾਲਚ ਦੇ ਗੁਲਾਮ ਹੋ ਕੇ ਆਪਣੀ ਕੌਮ ਨੂੰ ਵੇਚ ਚੁਕੇ ਹਨ। ਅਗੇ ਨੂੰ ਫੇਰ ਵੇਚਣ ਵਾਸਤੇ ਤਿਆਰ ਹਨ, ਪਰ ਸਿੱਖ ਕੌਮ ਇਸ ਗਿਰੀ ਹੋਈ ਹਾਲਤ ਵਿੱਚ ਵੀ ਆਪਣੇ ਗੁਰਦੁਆਰਿਆਂ ਦੀ ਨਿਰਾਦਰੀ ਦੇਖਣ ਤਿਆਰ ਨਹੀਂ। ਜਿਸ ਕਮੇਟੀ ਦਾ ਜ਼ਿਕਰ ਉਕਤ ਚਿੱਠੀ ਵਿਚ ਕੀਤਾ ਗਿਆ ਹੈ, ਉਹ ਕਮੇਟੀ ਕਦੀ ਸਿੱਖਾਂ ਦੇ ਸੱਚੇ ਖ਼ਿਆਲ ਪ੍ਰਗਟ ਨਹੀਂ ਕਰ ਸਕਦੀ। ਇਹ ਵੀ ਸੁਣਿਆ ਜਾਂਦਾ ਹੈ ਕਿ ਇਸ ਕਮੇਟੀ ਨੇ ਵੀ ਗੁਰਦੁਆਰਾ ਸਾਹਿਬ ਦੀ ਦੀਵਾਰ ਨੂੰ ਢਾਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ, ਜੇ ਇਹ ਸੱਚ ਹੈ ਤਾਂ ਸ਼ਾਬਾਸ਼ ਐਸੇ ਸਿੱਖਾਂ ਦੇ। ਪੰਥ ਐਸੇ ਸੱਜਣਾਂ ਦਾ ਸਦਾ ਹੀ ਧੰਨਵਾਦੀ ਹੈ। ਇਨ੍ਹਾਂ ਵਿੱਚੋਂ ਥੋਹੜੇ ਸਾਰੇ ਸੱਜਣ ਉਹ ਹਨ ਜਿਹੜੇ ਕਿ ਠੇਕੇਦਾਰ ਹਨ ਅਤੇ ਅਪਣੇ ਪੇਟ ਦਾ ਤੰਦੂਰ ਤਪਾਨ ਵਾਸਤੇ ਇੰਜੀਨਅਰ ਅਤੇ ਦੂਸਰੇ ਦਿੱਲੀ ਦੇ ਅਫ਼ਸਰਾਂ ਦੀ ਖੁਸ਼ੀ ਦੇ ਮੋਹਤਾਜ ਹਨ। ਨਾਲ ਹੀ ਇਨ੍ਹਾਂ ਵਿੱਚੋਂ ਅਕਸਰ ਕਰ ਕੇ ਚੀਫ਼ ਖਾਲਸਾ ਦੀਵਾਨ ਦੇ, ਜਿਹੜਾ ਕਿ ਗੁਰਦੁਆਰਾ ਸਾਹਿਬ ਨੂੰ ਢਾ ਦੇਣ ਦਾ ਪਹਿਲ ਹੀ ਫਤਵਾ ਕਦੇ ਚੁਕਾ ਹੈ, ਅਸਰ ਹੇਠਾਂ ਆਏ ਹੋਏ ਭੱਦਰ ਪੁਰਸ਼ ਸਨ। ਦਾਸ ਦਿੱਲੀ ਦੀਵਾਨ ਦੀ ਕਮੇਟੀ ਦਾ ਪੂਰਾ ਜਾਣੂੰ ਹੈ ਅਤੇ ਇਨ੍ਹਾਂ ਵਿਚ ਬਹੁਤ ਸਾਰੇ ਦਾਸ ਦੇ ਮਿੱਤਰ ਵੀ ਹਨ ਅਤੇ ਦਾਸ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਨ੍ਹਾਂ ਸੱਜਣਾਂ ਦੇ ਦਿਲ ਵਿੱਚ ਪੰਥ ਦਾ ਦਰਦ ਕਾਫ਼ੀ ਮੌਜੂਦ ਹੈ, ਪਰ ਦਾਸ ਇਹ ਵੀ ਜਾਣਦਾ ਹੈ ਕਿ ਇਸ ਕਮੇਟੀ ਦੇ ਅਫ਼ਸਰ ਮੈਂਬਰਾਂ ਨੂੰ ਆਪਣੇ ਖਾਨ-ਪੀਣ ਵਾਸਤੇ ਚੀਫ਼ ਇੰਜੀਨੀਅਰ ਅਤੇ ਦੂਸਰੇ ਦਿੱਲੀ ਦੇ ਅਫ਼ਸਰਾਂ ਦੇ ਹੱਥਾਂ ਵੱਲ ਤਕਨਾ ਪੈਂਦਾ ਹੈ, ਅਤੇ ਉਨ੍ਹਾਂ ਵਾਸਤੇ ਇਹ ਤਕਰੀਬਨ ਨਾ-ਮੁਮਕਿਨ ਹੀ ਹੈ ਕਿ ਉਹ ਕੋਈ ਰਾਏ ਪੰਥਕ ਮੁਆਮਲਿਆਂ ਵਿਚ ਸਰਕਾਰੀ ਅਫ਼ਸਰਾਂ ਦੀ ਮਰਜ਼ੀ ਦੇ ਬਰਖ਼ਿਲਾਫ਼ ਸੁਤੰਤਰ ਤੌਰ ਤੇ ਪ੍ਰਗਟ ਕਰ ਸਕਣ। ਇਸ ਵਾਸਤੇ ਸਿੱਖ ਕੌਮ ਖਾਲਸਾ ਦੀਵਾਨ ਦਿੱਲੀ ਦੇ ਮੈਂਬਰਾਂ

ਦੀ ਰਾਇ ਨੂੰ ਗੁਰਦੁਆਰਾ ਸਾਹਿਬ ਰਕਾਬ ਗੰਜ ਦੇ ਮਾਮਲੇ ਵਿੱਚ ਕਦੇ ਵੀ ਨਹੀਂ ਮੰਨ ਸਕਦੀ। ਅਤੇ ਨਾ ਇਸ ਗੱਲ ਨੂੰ ਕਬੂਲ ਕਰਨ ਵਾਸਤੇ ਤਿਆਰ ਹੈ ਕਿ ਦਿੱਲੀ ਦੇ ਇਨ੍ਹਾਂ ਚੰਦ ਪੁਰਸ਼ਾਂ ਨੂੰ ਇਹ ਹਕ ਹੈ ਕਿ ਉਹ ਸਿਖੀ ਅਸੂਲਾਂ ਨੂੰ ਜ਼ਮੀਨ ਜਾਂ ਰੁਪਏ ਦੇ ਬਦਲੇ ਵੇਚ ਦੇਣ।

ਅਸਲ ਗੱਲ ਇਹ ਹੈ ਕਿ ਗੁਰਦੁਆਰਾ ਸਾਹਿਬ ਰਕਾਬ ਗੰਜ ਨੂੰ ਹੁਣ ਮੌਜੂਦਾ ਹਾਲਤ ਵਿਚ ਸਵਾਏ ਇਕ ਸਿੱਖਾਂ ਦੀ ਪੰਚਾਇਤੀ ਕਮੇਟੀ ਦੀ ਆਗਿਆ ਬਿਨਾਂ ਕਿਸੇ ਨੂੰ ਛੇੜ ਛਾੜ ਕਰਨ ਦਾ ਹਕ ਨਹੀਂ ਹੈ। ਅਤੇ ਸਿੱਖਾਂ ਨੂੰ ਕਦੇ ਵੀ ਚੈਨ ਨਹੀਂ ਹੋ ਸਕਦਾ ਜਦ ਤਕ ਜ਼ਿੰਮੇਵਾਰ ਅਫ਼ਸਰ ਗ਼ਲਤੀ ਨਾਲ ਢਾਹੀ ਹੋਈ ਦੀਵਾਰ ਨੂੰ ਫੇਰ ਨਾ ਬਣਾ ਦੇਣ ਅਤੇ ਆਪਣੀ ਅਯੋਗ ਅਤੇ ਕਾਨੂੰਨ ਵਿਰੁੱਧ ਗ਼ਲਤੀ ਵਾਸਤੇ ਮਾਫ਼ੀ ਨਾ ਮੰਗ ਲੈਣ। ਇਨ੍ਹਾਂ ਅਫ਼ਸਰਾਂ ਨੇ ਬਾਦਸ਼ਾਹ ਦੇ ਉਸ ਮਨਸ਼ਾ ਦੇ ਵਿਰੁੱਧ ਕਿ ਹਿੰਦੀ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਨੌਕਰ ਹਰਗਿਜ਼ ਦਖ਼ਲ ਨਾ ਦੇਣਗੇ, ਸਿੱਖਾਂ ਦਾ ਦਿਲ ਦੁਖਾਇਆ ਹੈ, ਅਤੇ ਸਿੱਖਾਂ ਦੇ ਦਿੱਲਾਂ ਨੂੰ ਕਦੀ ਠੰਡ ਨਹੀਂ ਪੈ ਸਕਦੀ ਜਦ ਤਕ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਢਠੀ ਹੋਈ ਦੀਵਾਰ ਦਾ ਭਿਆਨਕ ਦ੍ਰਿਸ਼ ਕਾਇਮ ਹੈ।

ਚੀਫ਼ ਖਾਲਸਾ ਦੀਵਾਨ ਵੱਲੋਂ ਅਤੇ ਇਕ ਦੋ ਹੋਰ ਸੱਜਣਾਂ ਵੱਲੋਂ ਜਿਨ੍ਹਾਂ ਨੂੰ ਹਿੰਦ ਦੀ ਸਾਦਗੀ ਨਾਲੋਂ ਯੂਰਪ ਦੀ ਭੜਕੀਲੀ ਸ਼ਾਨ ਸੋਹਨੀ ਲੱਗਦੀ ਹੈ। ਇਹ ਕਿਹਾ ਗਿਆ ਸੀ ਕਿ ਜਦ ਸਰਕਾਰ ਗੁਰਦੁਆਰਾ ਸਾਹਿਬ ਨੂੰ ਅਗੇ ਨਾਲੋਂ ਸੋਹਨਾਂ ਬਨਾਂਵਦੀ ਹੈ ਅਤੇ ਜ਼ਮੀਨ ਵੀ ਦਿੰਦੀ ਹੈ ਤਾਂ ਸਿੱਖਾਂ ਦਾ ਕੀ ਹਰਜ ਹੈ, ਕਿ ਗੁਰਦੁਆਰਾ ਸਾਹਿਬ ਨੂੰ ਨਾ ਗਿਰਾਨ ਦੇਣ। ਇਹ ਦਲੀਲ ਬਿਲਕੁਲ ਬੋਦੀ ਹੈ ਅਤੇ ਅਸਲ ਗੱਲ ਨੂੰ ਜਿਸ ਪਰ ਸਿੱਖਾਂ ਨੂੰ ਨਰਾਜ਼ਗੀ ਹੈ ਉਸ ਨੂੰ ਗਹੁ ਵਿਚ ਨਹੀਂ ਲਿਆਉਂਦੀ। ਸਿੱਖ ਜ਼ਮੀਨ ਦੇ ਤੇ ਸੋਹਨੀਆਂ ਕੰਧਾਂ ਦੇ ਆਸ਼ਕ ਨਹੀਂ ਹਨ। ਸਿੱਖ ਆਪਣੇ ਧਾਰਮਿਕ ਅਸੂਲਾਂ ਦੇ ਆਸ਼ਕ ਹਨ। ਜੇ ਦੀਵਾਰ ਚੰਗੀ ਹੈ ਤਾਂ ਉਨ੍ਹਾਂ ਦੀ ਆਪਣੀ ਹੈ, ਜੇ ਮੰਦੀ ਹੈ ਤਾਂ ਆਪਣੀ ਹੈ, ਪਰ ਕਿਸੇ ਹੋਰ ਨੂੰ ਇਹ ਹੱਕ ਨਹੀਂ ਹੈ ਕਿ ਉਨ੍ਹਾਂ ਦੇ ਧਾਰਮਿਕ ਮੰਦਰ ਨੂੰ ਉਨ੍ਹਾਂ ਆਗਿਆ ਤੋਂ ਬਿਨਾਂ ਘੱਟ ਵਧ ਕਰ ਸਕੇ। ਇਹ ਸਵਾਲ ਨਿਰੀ ਦੀਵਾਰ ਦੀਆਂ ਇਟਾਂ ਦਾ ਹੀ ਨਹੀਂ ਹੈ, ਬਲਕਿ ਕੌਮੀ ਆਨ ਅਤੇ ਮਾਣ ਦਾ ਹੈ। ਜੇ ਕੌਮ ਦੇ ਹੱਕਾਂ ਤੇ ਹਮਲਾ ਕੀਤਾ ਜਾਵੇ ਤਾਂ ਭਾਵੇਂ ਮੰਦਰ ਸੋਨੇ ਦਾ ਭੀ ਬਨਾਣ ਦਾ ਇਕਰਾਰ ਕੀਤਾ ਜਾਵੇ, ਸਿੱਖ ਇਸ ਨੂੰ ਮੰਨਣ ਵਾਸਤੇ ਕਦੀ ਤਿਆਰ ਨਹੀਂ ਹੋ ਸਕਦੇ। ਦਸਮੇਸ ਜੀ ਜੈਸਾ ਦਾਨੀ ਕੋਈ ਪੁਰਸ਼ ਇਸ ਪ੍ਰਿਥਵੀ ਤੇ ਨਹੀਂ ਹੋਇਆ, ਉਨ੍ਹਾਂ ਤੇ ਜੋ ਭੀ ਕਿਸੇ ਨੇ ਮੰਗਿਆ ਖੁਸ਼ੀ ਨਾਲ ਉਸ ਨੂੰ ਸਤਿਗੁਰਾਂ ਨੇ ਭਰਪੂਰ ਕੀਤਾ। ਪਰ ਜਦ ਸਤਿਗੁਰਾਂ ਪਾਸੋਂ ਇਕ ਜਾਬਰ ਪਹਾੜੀ ਰਾਜੇ ਨੇ ਜ਼ਬਰਦਸਤੀ ਹਾਥੀ ਲੈਣਾ ਚਾਹਿਆ ਤਾਂ ਦਸਮੇਸ਼ ਜੀ ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਜੁਧ ਤਕ ਨੌਬਤ ਪੌਂਹਚੀ। ਗੱਲ ਕੀ ਕਿ ਧਾਰਮਿਕ ਮਾਮਲਿਆਂ ਵਿਚ ਸਿਖੇ ਕਿਸੇ ਦੀ ਈਨ ਮੰਨਣ ਵਾਸਤੇ ਤਿਆਰ ਨਹੀਂ ਹਨ ਭਾਵੇ ਕਿੰਨਾ ਹੀ ਲੋਭ ਉਨ੍ਹਾਂ ਨੂੰ ਦਿੱਤਾ ਜਾਵੇ।

ਚੀਫ਼ ਖਾਲਸਾ ਦੀਵਾਨ ਦੇ ਹਮੈਤੀਆਂ ਅਤੇ ਦੂਸਰੇ ਗੁਰਦੁਆਰਾ ਸਾਹਿਬ ਦੀ ਨਿਰਾਦਰੀ ਕਰਨ ਵਾਲਿਆਂ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਜ਼ਮੀਨ ਖੋਹੂ ਕਾਨੂੰਨ (Land Acquisition Act) ਦੇ ਰਾਹੀਂ ਸਰਕਾਰ ਜ਼ਮੀਨ ਅਤੇ ਗੁਰਦੁਆਰਾ ਸਾਹਿਬ ਨੂੰ ਲੈ ਚੁਕੀ ਹੈ ਇਸ ਵਾਸਤੇ ਹੁਣ ਸਿੱਖਾਂ ਰੋਸਾ ਨਿਸਫ਼ਲ ਹੈ। ਇਹ ਦਲੀਲ ਭੀ ਮੂਰਖਤਾ ਦੀ ਭਰੀ ਹੋਈ ਹੈ। ਅੱਵਲ ਤਾਂ ਕੋਈ ਕਾਨੂੰਨ ਜਿਹੜਾ ਬਾਦਸ਼ਾਹ ਦੇ ਇਸ ਹੁਕਮ ਦੇ ਬਰਖ਼ਿਲਾਫ਼ ਹੋਵੇ ਕਿ ਹਿੰਦੀ ਧਾਰਮਿਕ ਮਾਮਲਿਆਂ ਵਿਚ ਸਰਕਾਰ ਦਖ਼ਲ ਨਾ ਦੇਵੇਗੀ ਉਹ ਕਾਨੂੰਨ ਨਾ-ਜਾਇਜ਼ ਹੈ। ਉਸ ਦਾ ਮੰਨਣਾ ਹਿੰਦ ਵਾਸੀਆਂ ਦਾ ਕੋਈ ਫ਼ਰਜ਼ ਨਹੀਂ ਹੈ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜੋ ਗੁਰਦੁਆਰਾ ਸਾਹਿਬ ਦੀ ਜ਼ਮੀਨ ਦਿੱਲੀ ਦੇ ਅਸਥਾਨੀਕ ਅਫ਼ਸਰਾਂ ਨੇ ਲਈ ਹੈ ਕਿ ਜੇ ਇਸ ਦੇ ਮੁਤੱਲਕ ਲੱਗ ਕੇ ਮੁਕਦਮਾ ਕੀਤਾ ਜਾਵੇ ਤਾਂ ਉਹ ਜ਼ਮੀਨ ਸਿੱਖਾਂ ਨੂੰ ਵਾਪਸ ਮਿਲ ਸਕਦੀ ਹੈ। ਕਿਉਂਕਿ ਹਿੰਦ ਕੋਈ ਕਾਨੂੰਨ ਉਸ ਸ਼ਾਹੀ ਐਲਾਨ ਦੇ ਬਰਖ਼ਿਆਲਫ਼ ਜਿਹੜਾ ਕਿ ਹਿੰਦੀ ਧਰਮਾਂ ਦੀ ਰਕਸ਼ਾ ਦੇ ਮੁਤਲਕ ਉਨ੍ਹਾਂ ਦੇ ਹਿੰਦ ਦਾ ਰਾਜ ਸੰਭਾਲਨ ਵੇਲੇ ਗ਼ਦਰ ਦੇ ਪਿੱਛੋਂ ਕੀਤਾ ਸੀ, ਪਾਸ ਕਰਨ ਦਾ ਹੱਕ ਨਹੀਂ ਰੱਖਦੀ। ਅਤੇ ਜੇ ਇਹ ਗੱਲ ਮੰਨ ਵੀ ਲਈ ਜਾਵੇ ਕਿ ਕੋਈ ਐਸਾ ਕਾਨੂੰਨ ਹੈ, ਜਿਹੜਾ ਸਿੱਖ ਧਰਮ ਦੇ ਵਿਰੁੱਧ ਹੈ ਤਾਂ ਮੈਂ ਜ਼ੋਰ ਨਾਲ ਕੈਹਨ ਵਾਸਤੇ ਤਿਆਰ ਹਾਂ ਕਿ ਐਸੇ ਕਾਨੂੰਨ ਮੰਨਣਾ, ਜਦ ਤਕ ਸਿੱਖ ਕਹਿਲਾਣਾ ਚਾਹੁੰਦੇ ਹਨ, ਸਿੱਖਾਂ ਦਾ ਧਰਮ ਨਹੀਂ ਹੈ, ਅਤੇ ਸਿੱਖ ਇਸ ਕਾਨੂੰਨ ਨੂੰ ਸਰਕਾਰ ਤੋਂ ਤੁੜਵਾਨ ਦਾ ਪੂਰਾ ਹੱਕ ਰੱਖਦੇ ਹਨ।

ਚੀਫ਼ ਖਾਲਸਾ ਦੀਵਾਨ ਦੇ ਇਕ ਹਮੈਤੀ ਨੇ ਇਹ ਭੀ ਲਿਖਿਆ ਸੀ ਕਿ ਗੁਰਦੁਆਰਾ ਸਾਹਿਬ ਦੀ ਕੰਧ ਗੁਰਦੁਆਰਾ ਨਹੀਂ ਹੈ। ਇਸ ਹੁਜਤ ਦਾ ਸਿਰਫ ਇਤਨਾ ਹੀ ਜਵਾਬ ਕਾਫ਼ੀ ਹੈ ਕਿ ਜੋ ਕੰਧ ਛੱਤਾਂ ਥੜਾ ਆਦਿ ਗੁਰਦੁਆਰਾਂ ਨਹੀਂ ਹੈ ਤਾਂ ਕੀ ਗੁਰਦੁਆਰਾ ਉਸ ਹਵਾ ਦੇ ਪੋਲ ਦਾ ਨਾਮ ਹੈ ਜਿਹੜਾ ਕਿ ਇਨ੍ਹਾਂ ਦੀਵਾਰਾਂ ਦੇ ਅੰਦਰ ਹੈ ? ਉਹ ਸਾਰਾ ਅਸਥਾਨ ਜਿਸ ਨਾਲ ਗੁਰੂ ਭੂਮੀ ਦਾ ਸਬੰਧ ਹੈ ਗੁਰਦੁਆਰਾ ਹੈ, ਭਾਵੇਂ ਕੰਧ ਹੋਵੇ ਜਾਂ ਛੱਤ, ਭਾਵੇਂ ਥੜਾ ਹੋਵੇ ਜਾਂ ਦਰਵਾਜ਼ਾ।

ਖਾਲਸਾ ਜੀ ਆਪ ਇਨ੍ਹਾਂ ਹਜੁਤੀਆਂ ਦੀਆਂ ਹੁਜਤਾਂ ਨੂੰ ਨਾ ਸੁਣੋ, ਅਤੇ ਤਿਆਰ ਬਰ ਤਿਆਰ ਹੋ ਕੇ ਆਪਣੇ ਧਰਮ ਦੀ ਆਨ ਰੱਖਣ ਵਾਸਤੇ ਕਮਰ ਕਸੇ ਕਰ ਲਵੋ ਤੇ ਸਤਿਗੁਰਾਂ ਦੀਆਂ ਖੁਸ਼ੀਆਂ ਲਵੋ। ਗੁਰਦੁਆਰਾ ਸਾਹਿਬ ਰਕਾਬ ਗੰਜ ਉਸ ਧਰਮ- ਜੋਧੇ ਦੀ ਅਮੁਲੀ ਯਾਦਗਾਰ ਹੈ ਜਿਸ ਨੇ ਹਿੰਦੂ, ਮੁਸਲਮਾਨ, ਇਸਾਈ ਆਦਿ ਸਭ ਧਰਮਾਂ ਦੀ ਆਨ ਰੱਖਣ ਖ਼ਾਤਰ ਆਪਣੀ ਜਾਨ ਦੀ ਅਹੂਤੀ, ਅਧਰਮ ਨੂੰ ਹਟਾਣ ਦੀ ਖ਼ਾਤਰ ਜ਼ੁਲਮ ਦੇ ਕੁੰਭ ਵਿੱਚ ਪਾ ਕੇ, ਸਰਿਸ਼ਟੀ ਧਰਮ ਦੀ ਲਾਜ ਰੱਖ ਦਿਖਾਈ ਸੀ। ਇਸ ਗੁਰਦੁਆਰਾ ਸਾਹਿਬ ਦੀ ਸੇਵਾ ਕਰਨੀ, ਸਭ ਜਗਤ ਦੀ ਸੇਵਾ ਕਰਨੀ ਹੈ ਅਤੇ ਜੇ ਸਿੱਖ ਇਸ ਗੁਰਦੁਆਰਾ ਸਾਹਿਬ ਦੇ ਮਾਮਲੇ ਨੂੰ ਸੁਤੰਤਰਤਾ ਅਤੇ ਸ਼ਾਂਤੀ ਨਾਲ ਨਜਿਠ ਲੈਣਗੇ ਤਾਂ ਬਾਕੀ ਸਭ ਗੁਰਦੁਆਰਿਆਂ ਦੇ ਝਗੜੇ ਫ਼ਸਾਦ ਜਾਂ ਪੁਜਾਰੀਆਂ ਦੀਆਂ ਕੁਰੀਤੀਆਂ ਸੁਤੇ ਸਿਧ ਹੀ ਦੂਰ ਹੋ ਜਾਣਗੀਆਂ।

ਤਾਂ ਤੇ ਚਾਹੀਏ ਕਿ ਸਭ ਸਿੱਖ ਜਥੇ ਥਾਂ-ਥਾਂ ਤੋਂ ਲਾਟ ਸਾਹਿਬ ਪੰਜਾਬ, ਵਾਇਸਰਾਏ ਹਿੰਦ ਅਤੇ ਚੀਫ਼ ਕਮਿਸ਼ਨਰ ਦਿੱਲੀ ਨੂੰ ਇਹ ਗੁਰਮਤਾ ਲਿਖ ਭੇਜਣ—

"ਕਿ ਗੁਰਦੁਆਰਾ ਸਾਹਿਬ ਰਕਾਬ ਗੰਜ ਦੀ ਕੰਧ ਨੂੰ ਢਾ ਕੇ ਦਿੱਲੀ ਦੇ ਅਫ਼ਸਰਾਂ ਨੇ ਜੋ ਅਪਰਾਧ ਕੀਤਾ ਸੀ, ਉਸ ਨਾਲ ਸਿੱਖਾਂ ਦੇ ਧਾਰਮਿਕ ਦਿਲਾਂ ਨੂੰ ਅਤੀ ਸੱਟ ਵਜੀ ਹੈ ਅਤੇ ਜਦ ਤਕ ਸਰਕਾਰ ਇਸ ਕੰਧ ਨੂੰ ਫੇਰ ਨਾ ਬਣਾ ਦੇਵੇ ਸਿੱਖਾਂ ਨੂੰ ਕਦੀ ਸ਼ਾਂਤੀ ਨਹੀਂ ਹੋ ਸਕਦੀ।"

ਪਰ ਖਾਲਸਾ ਜੀ ਐਤਕੀ ਅਸੀਂ ਇਹ ਗੁਰਮਤਾ ਪਾਸ ਕਰ ਕੇ ਹੀ ਬਸ ਨਹੀਂ ਹੋ ਜਾਨਾ। ਇਹ ਗੁਰਮਤੇ ਅਗੇ ਭੀ ਪਾਸ ਹੋਏ ਸਨ, ਪਰ ਗੱਲ ਵਿਚੇ ਹੀ ਰਹਿ ਗਈ। ਹੁਣ ਖਾਲਸੇ ਦਾ ਧਰਮ ਹੈ ਕਿ ਮਾਮਲੇ ਨੂੰ ਸਿਰਤੋੜ ਪੁਚਾ ਕੇ ਹਟੇ। ਸਰਕਾਰੀ ਅਫ਼ਸਰਾਂ ਦਾ ਵਤੀਰਾ ਭਾਵੇਂ ਕੁਝ ਹੀ ਹੋਵੇ ਪਰ ਸਰਕਾਰ ਹਿੰਦ ਦੀ ਬੁਨਿਆਦ ਇਨਸਾਫ਼ ਅਤੇ ਰਯਤ ਤੇ ਧਾਰਮਿਕ ਹੱਕਾਂ ਦੀ ਰਾਖੀ ਕਰਨ ਪਰ ਹੈ। ਜੇ ਅਸੀਂ ਸਰਕਾਰੀ ਅਫ਼ਸਰਾਂ ਨੂੰ ਪੂਰੇ ਤੌਰ ਤੇ ਦਸ ਦਿਆਂਗੇ ਕਿ ਉਨਾਂ ਨੇ ਗੁਰਦੁਆਰਾ ਸਾਹਿਬ ਰਕਾਬ ਗੰਜ ਦੇ ਮਾਮਲੇ ਵਿੱਚ ਗ਼ਲਤੀ ਕੀਤੀ ਹੈ ਅਤੇ ਉਸ ਗ਼ਲਤੀ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਬਹੁਤ ਦੁਖ ਪਹੁੰਚਾਇਆ ਹੈ, ਤਾਂ ਉਹ ਜ਼ਰੂਰ ਹੈ ਕਿ ਸਾਡੀ ਅਰਜੋਈ ਨੂੰ ਮੰਨ ਲੈਣਗੇ। ਪਰ ਜੇ ਉਹ ਸਿਧੇ ਰਸਤੇ ਨਾ ਪੈਣ ਤਾਂ ਖਾਲਸਾ ਆਪਣਾ ਕਾਰਜ ਆਪ ਸਾਧਨ ਵਾਸਤੇ ਤਿਆਰ ਹੋ ਜਾਵੇ।

ਉਹ ਇਸ ਤਰ੍ਹਾਂ ਕਿ ਕਾਫੀ ਥਾਵਾਂ ਤੋਂ ਗੁਰਮਤੇ ਭੇਜਣ ਬਾਅਦ ਦਿੱਲੀ ਦੇ ਅਫ਼ਸਰਾਂ ਨੂੰ ਇਕ ਨੋਟਿਸ ਦਿੱਤਾ ਜਾਵੇਗਾ ਕਿ ਉਹ ਦੋ ਮਹੀਨੇ ਦੇ ਅੰਦਰ ਅੰਦਰ ਢਾਹੀ ਹੋਈ ਕੰਧ ਨੂੰ ਕਿਰਪਾ ਕਰ ਕੇ ਬਣਾ ਦੇਣ। ਜੇ ਕੰਧ ਨਾ ਬਨਾਉਣ ਤਾਂ ਘੱਟ ਤੋਂ ਘੱਟ ੧੦੦ ਖਾਲਸਾ ਜੀ ਫਿਰ ਦਿੱਲੀ ਆਪ ਜਾ ਕੇ ਗੁਰੂ ਪੰਥ ਦੀ ਆਗਿਆ ਅਨੁਸਾਰ ਕੰਧ ਦੀ ਸੇਵਾ ਆਪਣੇ ਹੱਥੀਂ ਕਰੇਗਾ। ਅਤੇ ਗੁਰੂ ਦੀਆਂ ਖੁਸ਼ੀਆਂ ਲਵੇਗਾ।

ਤਾਂ ਤੇ ਖਾਲਸਾ ਜੀ ਉਠੋ ਅਤੇ ਆਪਣੇ ਧਰਮ ਦੀ ਰੱਖਿਆ ਖ਼ਾਤਰ ਸਾਵਧਾਨ ਹੋ ਜਾਵੋ। ਹੁਣ ਆਪ ਵਿਚ ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਜੀ ਦੇ ਸਿਦਕ ਦੀ ਲੋੜ ਹੈ। ਜੇ ਕੋਈ ਅਧਰਮੀ ਅਫ਼ਸਰ ਆਪ ਨੂੰ ਆਪ ਦੇ ਧਰਮ ਅਸਥਾਨ ਦੀ ਸੇਵਾ ਤੋਂ ਰੋਕੇ ਤਾਂ ਭਾਵੇਂ ਆਪ ਦਾ ਪੁਰਜਾ ਪੁਰਜਾ ਕਟਿਆ ਜਾਵੇ ਪਰ ਆਪ ਨੇ ਗੁਰੂ ਸੇਵਾ ਤੋਂ ਨਹੀਂ ਮੁੜਨਾ। ਆਪ ਨੇ ਕਿਸੇ ਤੇ ਨਜਾਇਜ਼ ਤੌਰ ਤੇ ਹੱਥ ਨਹੀਂ ਉਠਾਣਾ। ਪਰ ਜੇ ਕੋਈ ਆਪ ਨੂੰ ਆਪਣੇ ਪਿਆਰੇ ਦੇ ਮੰਦਰ ਦੀ ਸੇਵਾ ਤੋਂ ਜ਼ਬਰ ਦਸਤੀ ਰੋਕੇ ਤਾਂ ਆਪ ਨੇ ਪਿੱਠ ਵੀ ਨਹੀਂ ਦਿਖਾਣੀ। ਜੇ ਸਾਨੂੰ ਕੋਈ ਗੋਲੀ ਮਾਰੇਗਾ ਤਾਂ ਅਸੀਂ ਹੱਥ ਬੰਨ੍ਹ ਕੇ ਆਖਾਂਗੇ ਕਿ ਸਭ ਦੇ ਧਰਮ ਦੀ ਲਾਜ ਰੱਖਣ ਵਾਲੇ ਹਾਂ, ਹਿੰਦ ਦੀ ਚਾਦਰ ਕਹਿਲਾਉਣ ਵਾਲੇ ਦੇ ਮੰਦਰ ਦੇ ਰਖਵਾਲੇ ਹਾਂ, ਸਾਨੂੰ ਉਸ ਦੇ ਮੰਦਰ ਨੂੰ ਬਚਾਣ ਤੋਂ ਨਾ ਰੋਕੋ। ਜੇ ਸਾਡੇ ਸੀਨਿਆਂ ਤੇ ਕੋਈ ਬੇਸਮਝ ਕਾਲਾ ਯਾਂ ਗੋਰਾ ਭਰਾ ਸੰਗੀਨ ਮਾਰੇਗਾ ਤੇ ਅਸੀਂ ਉਸਦੇ ਅਗੇ ਛਾਤੀਆਂ ਨੰਗੀਆਂ ਕਰ

ਕੇ ਅਰਜੋਈ ਕਰਾਂਗੇ ਕਿ ਬਾਬਾ ਜੀ ਮਾਰ ਸਾਨੂੰ, ਜ਼ਰੂਰ ਮਾਰ ਪਰ ਰੱਬ ਦੇ ਵਾਸਤੇ ਸਾਨੂੰ ਆਪਣੇ ਦੁਲਾਰੇ ਦੇ ਢਾਏ ਹੋਏ ਮੰਦਰ ਨੂੰ ਬਨਾਣ ਵਾਸਤੇ ਇਕ ਇਟ ਮਰਨ ਤੋਂ ਪਹਿਲ ਜ਼ਰੂਰ ਰੱਖ ਲੇਣ ਦੇਵੋ।

ਖਾਲਸਾ ਜੀ ਭੁੱਲੇ ਹੋਏ ਅਫ਼ਸਰਾਂ ਭਰਾਵਾਂ ਨੂੰ ਸਿਧੇ ਰਸਤੇ ਪਾਣ ਦਾ ਅੱਜ ਸਾਡੇ ਪਾਸ ਇਕੋ ਹੀ ਰਸਤਾ ਰਹਿ ਗਿਆ ਹੈ, ਉਹ ਇਹ ਹੈ ਕਿ ਗੁਰੂ ਅਰਜਨ ਸਾਹਿਬ ਵਾਂਗਰ ਦੁਖ ਜਰੀਏ ਅਤੇ ਗ਼ਲਤੀ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਗਲਤੀ ਦਾ ਯਕੀਨ ਆਪਣੀ ਕੁਰਬਾਨੀ ਨਾਲ ਕਰਵਾ ਦੇਈਏ। ਅੱਜ ਜਦ ਗੁਰਦੁਆਰਾ ਸਾਹਿਬ ਰਕਾਬ ਗੰਜ ਦੀ ਕੰਧ ਨਹੀਂ, ਗੁਰੂ ਨਾਨਕ ਸਾਹਿਬ ਤੋਂ ਲੈ ਦਸਮੇਸ਼ ਜੀ ਤਕ ਸਭੇ ਪਾਤਸ਼ਾਹ ਇਸ ਕੰਧ ਰਾਹੀਂ, ਆਪ ਨੂੰ ਆਪਨੇ ਧਰਮ ਦੀ ਲਾਜ ਅਤੇ ਆਨ ਰੱਖਣ ਦੀ ਖ਼ਾਤਰ ਲਲਕਾਰੇ ਮਾਰ ਰਿਹੇ ਹਨ। ਜੇ ਆਪ ਸਿੱਖ ਹੋ ਅਤੇ ਸਿੱਖ ਧਰਮ ਅਤੇ ਸਿੱਖ ਗੁਰਦੁਆਰਿਆਂ ਦਾ ਪਿਆਰ ਅਤੇ ਦਰਦ ਆਪਣੇ ਦਿਲ ਵਿਚ ਰੱਖਦੇ ਹੋ ਤਾਂ ਤਿਆਰ ਬਰ ਤਿਆਰ ਹੋ ਜਾਵੇ ਅਤੇ ਜਿਸ ਤਰ੍ਹਾਂ ਭਾਈ ਮਹਾਂ ਸਿੰਘ ਜੀ ਨੇ ਟੁਟੀ ਨੂੰ ਗੰਢ ਵਿਖਾਈ ਸੀ ਆਪ ਡਿਗੀ ਨੂੰ ਉਸਾਰ ਦਿਖਾਵੋ।

ਜੋ ਸੱਜਣ ਧਰਮ ਦੀ ਖ਼ਾਤਰ ਕਿਸੇ ਦੂਸਰੇ ਨੂੰ ਦੁਖ ਨਾ ਦੇਣ ਦਾ ਇਕਰਾਰ ਕਰਦੇ ਹੋਏ ਸਤਿਗੁਰਾਂ ਦੇ ਮੰਦਰ ਅਤੇ ਧਰਮ ਦੀ ਆਨ ਰੱਖਣ ਦੀ ਖ਼ਾਤਰ ਸੀਸ ਭੇਟਾ ਕਰਨ ਵਾਸਤੇ ਤਿਆਂਰ ਹੋਣ, ਉਹ ਛੇਤੀ ਹੀ ਹੰਬਲਾ ਮਾਰ ਕੇ ਆਪਣੇ ਨਾਮ "ਅਕਾਲੀ" ਦੇ ਦਫ਼ਤਰ ਵਿਚ ਭੇਜ ਦੇਣ। ਕਾਫ਼ੀ ਨਾ ਇਕੱਠੇ ਹੋ ਜਾਣ ਦੇ ਬਾਅਦ, ਅਤੇ ਜੇ ਦਿੱਲੀ ਦੇ ਅਫ਼ਸਰਾਂ ਨੇ ਛੇਤੀ ਹੀ ਸਾਡੇ ਢਠੇ ਮੰਦਰ ਨੂੰ ਨਾ ਉਸਾਰ ਦਿੱਤਾ, ਤਾਂ ਪੰਥ ਦੀ ਕਮੇਟੀ ਕਰ ਕੇ ੨ ਮਹੀਨੇ ਦਾ ਨੋਟਿਸ ਦਿੱਤਾ ਜਾਵੇਗਾ, ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਦਾ ਪੂਰਾ ਪੂਰਾ ਇੰਤਜ਼ਾਮ ਕਰ ਦਿੱਤਾ ਜਾਵੇਗਾ। ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰਦੁਆਰਾ ਰਕਾਬ ਗੰਜ ਸ਼ਹੀਦੀ ਦਲ ਦੀ ਫਰਿਸਤ

ਉਪਰਲੀ ਅਪੀਲ ਨੂੰ ਪੜ੍ਹ ਕੇ ੧੦੦ ਦੀ ਜਗਹ ਤਕਰੀਬਨ ੧੦੦੦ ਸਿੰਘਾਂ ਤੇ ਸਿੰਘਣੀਆਂ ਨੇ ਆਪਣੇ ਨਾਂ ਭੇਜੇ ਸਨ। ਅਕਾਲੀ ਅਖ਼ਬਾਰ ਨੇ ਇਨ੍ਹਾਂ ਵਿਚੋਂ ਪਹਿਲੇ ੨੩੪ ਨਾਂ ੧੯ ਸਤੰਬਰ, ੨੦ ਸਤੰਬਰ, ੨੭ ਸਤੰਬਰ ਦੇ 'ਅਕਾਲੀ' ਅਖ਼ਨਬਰ ਵਿਚ ਛਪੇ ਸਨ। ਇਸ ਤੋਂ ਬਾਅਦ, ੨੫ ਸਤੰਬਰ ਦੇ ਪਰਚੇ ਵਿਚ ਅਖ਼ਬਾਰ ਨੇ ਲਿਖਿਆ ਕਿ ਨਾ ਤਾਂ ੧੦੦੦ ਤੋਂ ਵਧ ਪੁੱਜੇ ਹਨ ਪਰ ਹੋਰ ਨਾ ਛਾਪੇ ਨਹੀਂ ਜਾ ਰਹੇ ਕਿਉਂਕਿ 'ਕਾਰਜ ਰਾਸ ਹੋ ਗਿਆ ਹੈ।'

ਇਹ ੨੩੭ ਨਾਂ ਹੇਠ ਲਿਖੇ ਸਨ—

੧. ਹਰਚੰਦ ਸਿੰਘ ਜੀ ਲਾਇਲਪੁਰੀ।
੨. ਸਰਦੂਲ ਸਿੰਘ ਕਵੀਸ਼ਰ।
੩. ਅਕਾਲੀ ਸਟਾਫ ਚੋਂ ਜਿਸ ਜਿਸ ਦੀ ਲੋੜ ਪਈ।
੪. ਅਮਰ ਸਿੰਘ ਜੀ, ਦਿਆਲ ਭੜਿੰਗ, ਅੰਮ੍ਰਿਤਸਰ।
੫. ਸਾਧੂ ਸਿੰਘ ਜੀ, ਚਮਿਆਰੀ, ਅੰਮ੍ਰਿਤਸਰ।
੬. ਦੇਵਾ ਸਿੰਘ ਜੀ, ਪਢਾਣਾ, ਫਿਰੋਜ਼ਪੁਰ।
੭. ਤਾਰਾ ਸਿੰਘ, ਚੇਤਨਪੁਰ, ਅੰਮ੍ਰਿਤਸਰ।
੮. ਨਰਿੰਜਨ ਸਿੰਘ ਜੀ, ਸ਼ਾਹਬਾਜਪੁਰ, ਅੰਮ੍ਰਿਸਤਰ।
੯. ਰਾਮ ਸਿੰਘ ਜੀ, ਚੁਤਾਲਾ।
੧੦. ਮੂਲ ਸਿੰਘ ਜੀ, ਚਵਿੰਡਾ, ਅੰਮ੍ਰਿਤਸਰ।
੧੧. ਪਿਆਰਾ ਸਿੰਘ ਜੀ, ਭੈਣੀ ਮੱਸਾ ਸਿੰਘ, ਲਾਹੌਰ।
੧੨. ਹਰੀ ਸਿੰਘ ਜੀ, ਚਨਣ ਕੇ, ਲੁਧਿਆਣਾ।
੧੩. ਨਰੈਣ ਸਿੰਘ ਜੀ, ਮਾੜੀ, ਲੁਧਿਆਣਾ।

੧੪. ਸਾਹਿਬ ਸਿੰਘ ਜੀ, ਅੰਮ੍ਰਿਤਸਰ।
੧੫. ਭਗਵਾਨ ਸਿੰਘ ਜੀ, ਅੰਮ੍ਰਿਤਸਰ।
੧੬. ਵਰਿਆਮ ਸਿੰਘ ਜੀ, ਲਾਹੌਰ।
੧੭. ਏਕਮ ਸਿੰਘ ਜੀ, ਅੰਮ੍ਰਿਤਸਰ।
੧੮. ਨਿਹਾਲ ਸਿੰਘ ਜੀ, ਲਾਹੌਰ।
੧੯. ਚਰਨ ਸਿੰਘ ਜੀ, ਲਾਹੌਰ।
੨੦. ਨਰੈਣ ਸਿੰਘ ਜੀ, ਅੰਮ੍ਰਿਤਸਰ।
੨੧. ਤਿਰਲੋਚਨ ਸਿੰਘ ਜੀ, ਲਾਇਲਪਰ।
੨੨. ਹਰਨਾਮ ਸਿੰਘ ਜੀ, ਲਾਇਲਪੁਰ।
੨੩. ਸੰਤਾ ਸਿੰਘ ਜੀ, ਅੰਮ੍ਰਿਤਸਰ।
੨੪. ਠਾਕਰ ਸਿੰਘ ਜੀ, ਅੰਮ੍ਰਿਤਸਰ।
੨੫. ਹਰਨਾਮ ਸਿੰਘ ਜੀ, ਅੰਮ੍ਰਿਤਸਰ।
੨੬. ਅੱਛਰ ਸਿੰਘ ਜੀ, ਅੰਮ੍ਰਿਤਸਰ।
੨੭. ਜੋਗਿੰਦਰ ਸਿੰਘ ਜੀ, ਲਾਹੌਰ।
੨੮. ਸ਼ੇਰ ਸਿੰਘ ਜੀ, ਲਾਇਲਪੁਰ।
੨੯. ਤਾਰੂ ਸਿੰਘ ਜੀ, ਅੰਮ੍ਰਿਤਸਰ।
੩੦. ਨਿਹਾਲ ਸਿੰਘ ਜੀ, ਲਾਹੌਰ।
੩੧. ਦਯਾ ਸਿੰਘ ਜੀ, ਅੰਮ੍ਰਿਤਸਰ।
੩੨. ਜੀਤ ਸਿੰਘ ਜੀ, ਅੰਮ੍ਰਿਤਸਰ।
੩੩. ਮਾਣ ਸਿੰਘ ਜੀ, ਅੰਮ੍ਰਿਤਸਰ।
੩੪. ਪਾਲਾ ਸਿੰਘ ਜੀ, ਅੰਮ੍ਰਿਤਸਰ।
੩੫. ਉਪਕਾਰ ਸਿੰਘ ਜੀ, ਲਾਹੌਰ।
੩੬. ਬੁਧ ਸਿੰਘ ਜੀ, ਸਥਰਾ, ਲਾਹੌਰ।
੩੭. ਬਲੀ ਸਿੰਘ ਜੀ ਸੈਦੇ, ਲਾਹੌਰ।
੩੮. ਭਾਨ ਸਿੰਘ ਜੀ, ਚਕ ੬੯, ਲਾਇਲਪੁਰ।
੩੯. ਭੋਲਾ ਸਿੰਘ ਜੀ, ਕਿਰਤੋਵਾਲ, ਲਾਹੌਰ।
੪੦. ਰਤਨ ਸਿੰਘ ਜੀ, ਪੱਟੀ ਲਾਹੌਰ (ਹੁਣ ਅੰਮ੍ਰਿਤਸਰ)।
੪੧. ਝੰਡਾ ਸਿੰਘ ਜੀ, ਪੰਡੋਰੀ, ਅੰਮ੍ਰਿਤਸਰ।
੪੨. ਹਰੀ ਸਿੰਘ ਜੀ, ਵਸਾਊ ਕੋਟ, ਗੁਰਦਾਸਪੁਰ।
੪੩. ਸੁਰੈਣ ਸਿੰਘ ਜੀ, ਲਾਵੇਂ ਅੰਮ੍ਰਿਤਸਰ।
੪੪. ਸੰਤਾ ਸਿੰਘ ਜੀ, ਗੱਗੋ ਬੂਹਾ, ਅੰਮ੍ਰਿਤਸਰ।
੪੫. ਬਾਜ ਸਿੰਘ ਜੀ, ਭੁੱਲਰ, ਅੰਮ੍ਰਿਤਸਰ।
੪੬. ਕਾਲਾ ਸਿੰਘ ਜੀ, ਮਾਗਣਾਂ ਸਰਾਂ, ਅੰਮ੍ਰਿਤਸਰ।
੪੭. ਮੇਹਰ ਸਿੰਘ ਜੀ, ਕੋਟ ਪਿੰਡੀ ਵਾਲ, ਗੁਜਰਾਤ।
੪੮. ਹਰਨਾਮ ਸਿੰਘ ਜੀ, ਫਤਿਹਪੁਰ, ਅੰਮ੍ਰਿਤਸਰ।
੪੯. ਪ੍ਰਤਾਪ ਸਿੰਘ ਜੀ, ਝਬਾਲ, ਅੰਮ੍ਰਿਤਸਰ।
੫੦. ਕਰਮ ਸਿੰਘ ਜੀ, ਪਖੋਵਾਲ, ਲੁਧਿਆਣਾ।
੫੧. ਨਰਾਇਣ ਸਿੰਘ ਜੀ, ਪਖੋਵਾਲ, ਲੁਧਿਆਣਾ।
੫੨. ਦੇਵਾ ਸਿੰਘ ਜੀ, ਮਸਤੂਆਣਾ, ਸੰਗਰੂਰ।
੫੩. ਬਾਲ ਸਿੰਘ ਜੀ, ਮਲਖਾਂ ਵਾਲਾ, ਸਿਆਲਕੋਟ।
੫੪. ਅਰਜਨ ਸਿੰਘ ਜੀ, ਅੰਮ੍ਰਿਤਸਰ ਸ਼ਹਿਰ।
੫੫. ਧਰਮ ਸਿੰਘ ਜੀ, (ਪਤਨੀ ਤੇ ਬੀਬੀ ਸਮੇਤ) ਕਟਾਣੀ ਕਲਾਂ, ਲੁਧਿਆਣਾ।
੫੬. ਬਲਵੰਤ ਸਿੰਘ ਜੀ, ਅੰਮ੍ਰਿਤਸਰ ਸ਼ਹਿਰ।
੫੭. ਭਾਈ ਸੇਵਾ ਸਿੰਘ ਜੀ ਸ਼ਹਿਰ (ਅੰਮ੍ਰਿਤਸਰ)।
੫੮. ਭਾਈ ਹਰਨਾਮ ਸਿੰਘ ਜੀ ਅਟਾਰੀ (ਅੰਮ੍ਰਿਤਸਰ)।
੫੯. ਭਾਈ ਵਧਾਵਾ ਸਿੰਘ ਜੀ ਨੁਸ਼ਹਿਰਾ (ਅੰਮ੍ਰਿਤਸਰ)।
੬੦. ਭਾਈ ਹਰਨਾਮ ਸਿੰਘ ਜੀ ਨਿਕੋ ਸਰਾਏ (ਅੰਮ੍ਰਿਤਸਰ)।
੬੧. ਭਾਈ ਗੁਰਦਿਤ ਸਿੰਘ ਜੀ ਸ਼ਹਿਰ (ਅੰਮ੍ਰਿਤਸਰ)।
੬੨. ਭਾਈ ਹਰਾ ਸਿੰਘ ਜੀ ਸ਼ਹਿਰ (ਅੰਮ੍ਰਿਤਸਰ)।
੬੩. ਬੀਬੀ ਲਛਮਣ ਕੌਰ ਜੀ ਸ਼ਹਿਰ (ਅੰਮ੍ਰਿਤਸਰ)।
੬੪. ਬੀਬੀ ਈਸ਼ਰ ਕੌਰ ਜੀ ਸ਼ਹਿਰ (ਅੰਮ੍ਰਿਤਸਰ)।
੬੫. ਭਾਈ ਬਦਰੀ ਨਾਥ ਜੀ ਸ਼ਹਿਰ (ਅੰਮ੍ਰਿਤਸਰ)।
੬੬. ਭਾਈ ਬ੍ਰਹਮਾ ਸਿੰਘ ਜੀ, ਸੰਧਵਾ, ਜਲੰਧਰ।
੬੭. ਭਾਈ ਬੁਧ ਸਿੰਘ ਜੀ ਸ਼ੇਰੋ (ਅੰਮ੍ਰਿਤਸਰ)।
੬੮. ਭਾਈ ਹਰਦਿਤ ਸਿੰਘ ਜੀ ਢਿਲਵਾਂ (ਕਪੂਰਥਲਾ)।
੬੯. ਭਾਈ ਭਗਵਾਨ ਸਿੰਘ ਜੀ ਢਿਲਵਾਂ (ਕਪੂਰਥਲਾ)।
੭੦. ਭਾਈ ਗੁਰਦਿਆਲ ਸਿੰਘ ਜੀ, ਚਕ ੪੬ (ਲਾਹੌਰ)।
੭੧. ਭਾਈ ਕਰਮ ਸਿੰਘ ਜੀ, ਚਕ ੪੬ (ਲਾਹੌਰ)।
੭੨. ਭਾਈ ਪਿਆਰਾ ਸਿੰਘ ਜੀ, ਚਕ ੪੬ (ਲਾਹੌਰ)।
੭੩. ਭਾਈ ਨਿਰੰਜਨ ਸਿੰਘ ਜੀ ਚਕ ੪੬ (ਲਾਹੌਰ)।
੭੪. ਭਾਈ ਈਸ਼ਰ ਸਿੰਘ ਜੀ, ਕਲਾੜ (ਲੁਧਿਆਣਾ)।
੭੫. ਭਾਈ ਠਾਕਰ ਸਿੰਘ ਜੀ, ਕੋਹਰੀਆਂ (ਲੁਧਿਆਣਾ)।
੭੬. ਭਾਈ ਸੁਲਤਾਨ ਸਿੰਘ ਜੀ, ਕੋਹਰੀਆਂ (ਲੁਧਿਆਣਾ)।
੭੭. ਭਾਈ ਨਿਹਾਲ ਸਿੰਘ ਜੀ, ਕੋਹਰੀਆਂ (ਲੁਧਿਆਣਾ)।
੭੮. ਮਾਸਟਰ ਲਾਭ ਸਿੰਘ ਜੀ।
੭੯. ਮਾਸਟਰ ਭਰਪੂਰ ਸਿੰਘ ਜੀ।
੮੦. ਭਾਈ ਗੁਰਦਿਤ ਸਿੰਘ ਜੀ।
੮੧. ਭਾਈ ਭਗਵਾਨ ਸਿੰਘ ਜੀ ਅੜਦਲੀ, ਲਾਇਲਪੁਰ।
੮੨. ਭਾਈ ਲਛਮਨ ਸਿੰਘ ਜੀ ਚੂਨੇ ਵਾਲੇ।
੮੩. ਭਾਈ ਪਾਲ ਸਿੰਘ ਜੀ, ਲਕੜ ਮੰਡੀ।
੮੪. ਭਾਈ ਲਾਭ ਸਿੰਘ ਜੀ, ਸੰਤ ਪੁਰਾ।
੮੫. ਭਾਈ ਪ੍ਰੇਮ ਸਿੰਘ ਜੀ, ਮੂਲਾਂ ਪੁਰ।
੮੬. ਭਾਈ ਸੰਤ ਸਿੰਘ ਜੀ ਫਾਇਰ ਮੈਨ ਰੇਲਵੇ।

੮੭. ਭਾਈ ਸੰਤ ਸਿੰਘ ਜੀ ਹਲਵਾਈ, ਗੋਲ ਬਜ਼ਾਰ।
੮੮. ਭਾਈ ਘਨਯਾ ਸਿੰਘ ਜੀ ਸਬਜ਼ੀ ਵਾਲੇ।
੮੯. ਬੀਬੀ ਭਗਵਾਨ ਕੌਰ ਜੀ
ਸੁਪਤਨੀ ਭਾਈ ਅਰਜਨ ਸਿੰਘ ਜੀ।
੯੦. ਭਾਈ ਮਾਨ ਸਿੰਘ ਜੀ ਗੁਰਦੁਆਰਾ ਵੱਡਾ।
੯੧. ਭਾਈ ਭਗਤ ਸਿੰਘ ਜੀ ਸ਼ਰਬਤ ਵਾਲੇ।
੯੨. ਭਾਈ ਕਰਮ ਸਿੰਘ ਜੀ
ਲਕੜੀ ਵਾਲੇ ਸਕੱਤਰ ਭੁਝੰਗੀ ਸਭਾ।
੯੩. ਭਾਈ ਇੰਦਰ ਸਿੰਘ ਜੀ, ਚਕ ਨੰ: ੨੭੮।
੯੪. ਭਾਈ ਜਗਜੀਤ ਸਿੰਘ ਜੀ ਲਕੜ ਮੰਡੀ।
੯੫. ਭਾਈ ਸੁੰਦਰ ਸਿੰਘ ਜੀ,
ਭਵਾਨਾ ਬਜ਼ਾਰ ਮਾਰਫਤ ਖੁਸ਼ਹਾਲ ਸਿੰਘ ਜੀ।
੯੬. ਭਾਈ ਸੋਭਾ ਸਿੰਘ ਜੀ ਮਾਸਟਰ,
ਖਾਲਸਾ ਮਿਡਲ ਸਕੂਲ।
੯੭. ਭਾਈ ਇੰਦਰ ਸਿੰਘ ਜੀ ਸੁਪੱਤਰ ਭਾ. ਕਿਸ਼ਨ ਸਿੰਘ ਜੀ।
੯੮. ਭਾਈ ਅਵਤਾਰ ਸਿੰਘ ਜੀ ਵਿਦਿਆਰਥੀ।
੯੯. ਭਾਈ ਨਥਾ ਸਿੰਘ ਜੀ ਸਬਜ਼ੀ ਫਰੋਸ਼।
੧੦੦. ਭਾਈ ਦੇਵਾ ਸਿੰਘ ਜੀ ਹਾਫਜ਼ਾਬਾਦੀ, ਹਾਲ ਅੰਮ੍ਰਿਤਸਰ।

ਚਕ ਨੰ: ੩੮ ਕੇਸ ਗੜ੍ਹ ਜ਼ਿਲ੍ਹਾ ਲਾਇਲਪੁਰ

੧੦੧. ਭਾਈ ਜਵਾਹਰ ਸਿੰਘ ਜੀ।
੧੦੨. ਭਾਈ ਸੁੰਦਰ ਸਿੰਘ ਜੀ।
੧੦੩. ਭਾਈ ਨਿਰੰਜਨ ਸਿੰਘ ਜੀ।
੧੦੪. ਭਾਈ ਅਤਰ ਸਿੰਘ ਜੀ।
੧੦੫. ਭਾਈ ਰਣਜੋਧ ਸਿੰਘ ਜੀ।
੧੦੬. ਭਾਈ ਪੂਰਨ ਸਿੰਘ ਜੀ।
੧੦੭. ਭਾਈ ਦੀਪ ਸਿੰਘ ਜੀ।
੧੦੮. ਭਾਈ ਅਮਰ ਸਿੰਘ ਜੀ।
੧੦੯. ਭਾਈ ਗੋਂਦਾ ਸਿੰਘ ਜੀ।
੧੧੦. ਭਾਈ ਹਰੀ ਸਿੰਘ ਜੀ।

ਭੁਝੰਗੀਆਂ ਦੇ ਨਾਂ

੧੧੧. ਭਾਈ ਹਰਚਰਨ ਸਿੰਘ ਜੀ।
੧੧੨. ਭਾਈ ਬਲਦੇਵ ਸਿੰਘ ਜੀ।
੧੧੩. ਭਾਈ ਚੁਮੇਲ ਸਿੰਘ ਜੀ।
੧੧੪. ਭਾਈ ਹਰਦਿਆਲ ਸਿੰਘ ਜੀ।
੧੧੫. ਭਾਈ ਹਰੀ ਸਿੰਘ ਜੀ।
੧੧੬. ਭੈਣ ਗਿਆਨ ਕੌਰ ਜੀ।
੧੧੭. ਭੁਝੰਗਣ ਸਚ ਕੌਰ ਜੀ।
੧੧੮. ਭੈਣ ਗੁਰਨਾਮ ਕੌਰ ਜੀ।
੧੧੯. ਭੈਣ ਸਰਨ ਕੌਰ ਜੀ।
੧੨੦. ਭੈਣ ਵਚਨ ਕੌਰ ਜੀ।
੧੨੧. ਭੈਣ ਕਰਮ ਕੌਰ ਜੀ।
੧੨੨. ਭੈਣ ਨਿੰਮਰ ਕੌਰ ਜੀ।
੧੨੩. ਦਾਸ ਬਖ਼ਸ਼ੀਸ਼ ਸਿੰਘ ਜੀ।

ਚੱਕ ਨੰ: ੧੪੨ ਲਾਇਲਪੁਰ

੧੨੪. ਭਾਈ ਮਘਰ ਸਿੰਘ ਜੀ।
੧੨੫. ਭਾਈ ਹਰਦਿਆਲ ਸਿੰਘ ਜੀ।
੧੨੬. ਭੈਣ ਅਤਰ ਕੌਰ ਜੀ।
੧੨੭. ਭੈਣ ਗੋਬਿੰਦ ਕੌਰ ਜੀ।
੧੨੮. ਬੀਬੀ ਸੰਤ ਕੌਰ ਜੀ।
੧੨੯. ਬੀਬੀ ਆਗਯਾ ਕੌਰ ਜੀ।

ਚੱਕ ਨੰ: ੧੪੦

੧੩੦. ਭਾਈ ਉਜਾਗਰ ਸਿੰਘ ਜੀ।

ਚੱਕ ਨੰ; ੫੦ ਲਾਇਲ ਪੁਰ

੧੩੧. ਭਾਈ ਧਰਮ ਸਿੰਘ ਜੀ।
੧੩੨. ਭਾਈ ਭਰਪੂਰ ਸਿੰਘ ਜੀ।
੧੩੩. ਭਾਈ ਹਰਨਾਮ ਸਿੰਘ ਜੀ।
੧੩੪. ਭਾਈ ਸੰਤ ਸਿੰਘ ਜੀ।
੧੩੫. ਭਾਈ ਸ਼ੇਰ ਸਿੰਘ ਜੀ।
੧੩੬. ਭਾਈ ਸ਼ੇਰ ਸਿੰਘ ਜੀ ਦੂਜੇ।
੧੩੭. ਭਾਈ ਭਗਵਾਨ ਸਿੰਘ ਜੀ।
੧੩੮. ਭਾਈ ਜਗਤ ਸਿੰਘ ਜੀ।
੧੩੯. ਭਾਈ ਅਮਰ ਸਿੰਘ ਜੀ।
੧੪੦. ਭੈਣ ਭਗਵਾਨ ਕੌਰ ਜੀ।
੧੪੧. ਭੈਣ ਨਰੈਣ ਕੌਰ ਜੀ।
੧੪੨. ਭੈਣ ਰਾਮ ਕੌਰ ਜੀ।
੧੪੩. ਭੈਣ ਰਾਜ ਕੌਰ ਜੀ।
੧੪੪. ਭੈਣ ਸਰਨ ਕੌਰ ਜੀ।
੧੪੫. ਭੈਣ ਹਰਬੰਸ ਕੌਰ ਜੀ।
੧੪੬. ਭੈਣ ਤੇਜ ਕੌਰ ਜੀ।
੧੪੭. ਭੁਝੰਗੀ ਗੁਰਮੁਖ ਸਿੰਘ ਜੀ।
੧੪੮. ਭੁਝੰਗੀ ਗੁਰਬਖ਼ਸ਼ ਸਿੰਘ ਜੀ।
੧੪੯. ਭਾਈ ਮਨਜੀਤ ਸਿੰਘ ਜੀ।

੧੫੦. ਭਾਈ ਸੇਵਾ ਸਿੰਘ ਜੀ।

ਚਕ ਨੰ: ੫੦ (ਲਾਇਲਪੁਰ)

੧੫੧. ਭਾਈ ਮਾਨ ਸਿੰਘ ਜੀ।
੧੫੨. ਭਾਈ ਜਗਜੀਤ ਸਿੰਘ ਜੀ।
੧੫੩. ਭਾਈ ਦਲੀਪ ਸਿੰਘ ਜੀ।
੧੫੪. ਭੁਝੰਗਣ ਹਰਦਿਤ ਕੌਰ ਜੀ।
੧੫੫. ਭੁਝੰਗਣ ਮਲੇਰ ਕੌਰ ਜੀ।
੧੫੬. ਭੁਝੰਗਣ ਅਜਮੇਰ ਕੌਰ ਜੀ।

ਚੱਕ ਨੰ: ੨੯ ਲਾਇਲਪੁਰ

੧੫੭. ਭਾਈ ਗੁਰਦਿਤ ਸਿੰਘ ਜੀ।
੧੫੮. ਭਾਈ ਧਰਮ ਸਿੰਘ ਜੀ।
੧੫੯. ਭਾਈ ਗੁਰਮੁਖ ਸਿੰਘ ਜੀ।
੧੬੦. ਭਾਈ ਜੋਗਿੰਦਰ ਸਿੰਘ ਜੀ।
੧੬੧. ਭਾਈ ਈਸ਼ਰ ਸਿੰਘ ਜੀ।
੧੬੨. ਭਾਈ ਅਮਰ ਸਿੰਘ ਜੀ।
੧੬੩. ਭਾਈ ਭਜਨ ਸਿੰਘ ਜੀ।
੧੬੪. ਭੈਣ ਰਘਬੀਰ ਕੌਰ ਜੀ।

ਪਿੰਡ ਡਿਚ ਕੋਟ

੧੬੫. ਭਾਈ ਕਰਤਾਰ ਸਿੰਘ ਜੀ।

ਪਿੰਡ ਢਾਬਾਂ

੧੬੬. ਭਾਈ ਸੁੰਦਰ ਸਿੰਘ ਜੀ।
੧੬੭. ਭਾਈ ਗਿਆਨ ਸਿੰਘ ਜੀ।
੧੬੮. ਭਾਈ ਸੂਰਮਾ ਸਿੰਘ ਜੀ।
੧੬੯. ਭਾਈ ਕਿਸ਼ਨ ਸਿੰਘ ਜੀ।
੧੭੦. ਭੈਣ ਈਸ਼ਰ ਕੌਰ ਜੀ।
੧੭੧. ਭੈਣ ਇੰਦਰ ਕੌਰ ਜੀ।
੧੭੨. ਭੈਣ ਲਛਮਣ ਕੌਰ ਜੀ।
੧੭੩. ਭੈਣ ਬਿਸ਼ਨ ਕੌਰ ਜੀ।

ਚੱਕ ਨੰ: ੨੬੦ ਲਾਇਲਪੁਰ

੧੭੪. ਭਾਈ ਈਸ਼ਰ ਸਿੰਘ ਜੀ।
੧੭੫. ਭੈਣ ਜਵਾਲ ਕੌਰ ਜੀ।
੧੭੬. ਭੈਣ ਤਾਰ ਕੌਰ ਜੀ।
੧੭੭. ਭਾਈ ਕੇਸਰ ਸਿੰਘ ਜੀ।
੧੭੮. ਭੈਣ ਬਸੰਤ ਕੌਰ ਜੀ।
੧੭੯. ਭਾਈ ਤੇਜਾ ਸਿੰਘ ਜੀ।
੧੮੦. ਭਾਈ ਨਿਹਾਲ ਸਿੰਘ ਜੀ।
੧੮੧. ਭੈਣ ਹਰਨਾਮ ਕੌਰ ਜੀ।
੧੮੨. ਭੈਣ ਸ਼ਾਮ ਕੌਰ ਜੀ।
੧੮੩. ਭਾਈ ਸਾਧੂ ਸਿੰਘ ਜੀ।
੧੮੪. ਭਾਈ ਫੌਜਾ ਸਿੰਘ ਜੀ।
੧੮੫. ਭਾਈ ਸਰਮੁਖ ਸਿੰਘ ਜੀ।
੧੮੬. ਭਾਈ ਸੋਹਨ ਸਿੰਘ ਜੀ।
੧੮੭. ਭੈਣ ਆਸ ਕੌਰ ਜੀ।
੧੮੮. ਭਾਈ ਜੋਧ ਸਿੰਘ ਜੀ।
੧੮੯. ਭੈਣ ਸੰਤ ਕੌਰ ਜੀ।
੧੯੦. ਭਾਈ ਰਘਬੀਰ ਸਿੰਘ ਜੀ।
੧੯੧. ਭੈਣ ਹਰਨਾਮ ਕੌਰ ਜੀ।

ਚਕ ਨੰ: ੭੪ (ਧਾਂਦਰਾ)

੧੯੨. ਭਾਈ ਜਗਤ ਸਿੰਘ ਜੀ।
੧੯੩. ਭਾਈ ਸੰਤ ਸਿੰਘ ਜੀ।
੧੯੪. ਭੈਣ ਬਸੰਤ ਕੌਰ ਜੀ।
੧੯੫. ਭਾਈ ਕੱਥਾ ਸਿੰਘ ਜੀ।
੧੯੬. ਭਾਈ ਦਲਬਾਰਾ ਸਿੰਘ ਜੀ।
੧੯੭. ਭਾਈ ਸ਼ੰਗਾਰਾ ਸਿੰਘ ਜੀ।
੧੯੮. ਭੈਣ ਕਰਤਾਰ ਕੌਰ ਜੀ।
੧੯੯. ਭੈਣ ਮਾਨ ਕੌਰ ਜੀ।
੨੦੦. ਭਾਈ ਰਣਜੋਧ ਸਿੰਘ ਜੀ।
੨੦੧. ਭਾਈ ਸੁੰਦਰ ਸਿੰਘ ਜੀ।
੨੦੨. ਭਾਈ ਤਾਰਾ ਸਿੰਘ ਜੀ।
੨੦੩. ਭੈਣ ਲਛਮਣ ਕੌਰ ਜੀ।
੨੦੪. ਭੈਣ ਤਾਰ ਕੌਰ ਜੀ।
੨੦੫. ਭੈਣ ਪ੍ਰੀਤਮ ਕੌਰ ਜੀ।
੨੦੬. ਭਾਈ ਚੰਨਨ ਸਿੰਘ ਜੀ।
੨੦੭. ਭੈਣ ਭਾਨ ਕੌਰ ਜੀ।
੨੦੮. ਭੈਣ ਸੰਤ ਕੌਰ ਜੀ।
੨੦੯. ਭੈਣ ਬਸੰਤ ਕੌਰ ਜੀ।
੨੧੦. ਭੈਣ ਰਣਜੀਤ ਕੌਰ ਜੀ।
੨੧੧. ਭਾਈ ਭਗਤ ਸਿੰਘ ਜੀ।
੨੧੨. ਭੈਣ ਪ੍ਰੇਮ ਕੌਰ ਜੀ।
੨੧੩. ਭਾਈ ਤੇਜਾ ਸਿੰਘ ਜੀ।
੨੧੪. ਭਾਈ ਜੀਤ ਸਿੰਘ ਜੀ।
੨੧੫. ਭੈਣ ਸਰਨ ਕੌਰ ਜੀ।
੨੧੬. ਭੈਣ ਹਰਦੇਵ ਕੌਰ ਜੀ।
੨੧੭. ਭੈਣ ਤ੍ਰਿਲੋਚਨ ਕੌਰ ਜੀ।

੨੧੮. ਭੈਣ ਰਤਨ ਜਵਾਹਰ ਕੌਰ ਜੀ।
੨੧੯. ਭੈਣ ਖੇਮ ਕੌਰ ਜੀ।
੨੨੦. ਭੈਣ ਪ੍ਰੇਮ ਕੌਰ ਜੀ।
੨੨੧. ਭਾਈ ਭਗਤ ਸਿੰਘ ਜੀ।
੨੨੨. ਭੈਣ ਸੰਤ ਕੌਰ ਜੀ।
੨੨੩. ਭਾਈ ਬਿਸ਼ਨ ਸਿੰਘ ਜੀ।
੨੨੪. ਭਾਈ ਕਿਸ਼ਨ ਸਿੰਘ ਜੀ।
੨੨੫. ਭੈਣ ਭਜਨ ਕੌਰ ਜੀ।
੨੨੬. ਭੈਣ ਤੇਜ ਕੌਰ ਜੀ।
੨੨੭. ਭਾਈ ਰਤਨ ਸਿੰਘ ਜੀ।
੨੨੮. ਭਾਈ ਹਰੀ ਸਿੰਘ ਜੀ।
੨੨੯. ਭਾਈ ਉਜਾਗਰ ਸਿੰਘ ਜੀ।

ਚਕ ਨੰ: ੩੭੨ (ਲੈਲਪੁਰ)

੨੩੦. ਭਾਈ ਤੇਜਾ ਸਿੰਘ ਜੀ।
੨੩੧. ਭਾਈ ਰਣਧੀਰ ਸਿੰਘ ਜੀ।
੨੩੨. ਭਾਈ ਇੰਦਰ ਸਿੰਘ ਜੀ।
੨੩੩. ਭਾਈ ਰਤਨ ਸਿੰਘ ਜੀ।
੨੩੪. ਭਾਈ ਧਰਮ ਸਿੰਘ ਜੀ।
੨੩੫. ਭੈਣ ਜੈ ਕੌਰ ਜੀ।
੨੩੬. ਭੈਣ ਕਿਸ਼ਨ ਕੌਰ ਜੀ।
੨੩੭. ਭੈਣ ਰਤਨ ਕੌਰ ਜੀ।

✡ ✡ ✡

ਸਾਕਾ ਨਾਨਕਾਣਾ ਸਾਹਿਬ ਸੰਬੰਧੀ 'ਅਕਾਲੀ' ਅਖਬਾਰ 'ਚ ਛਪੀ ਸਮਗਰੀ ।

ਨਾਨਕਾਣਾ ਸਾਹਿਬ ਸਬੰਧੀ ਅਕਾਲੀ ਅਖ਼ਬਾਰ ਵਿਚ ਛਪੀ ਸਮਗਰੀ ਨੂੰ ਰੂ-ਬ-ਰੂ ਹੇਠਾਂ ਦਿੱਤਾ ਜਾ ਰਿਹਾ ਹੈ। ਸਮਗਰੀ ਅਖ਼ਬਾਰ ਦੀ ਤਾਰੀਖ਼-ਵਾਰ ਦਿੱਤੀ ਜਾ ਰਹੀ ਹੈ।

ਅਕਾਲੀ ਲਾਹੌਰ ੧ ਅਕਤੂਬਰ ੧੯੨੦

ਗੁਰਦੁਆਰਾ ਜਨਮ ਅਸਥਾਨ (ਨਾਨਕਾਣਾ ਸਾਹਿਬ) ਮਹੰਤ ਨਰੈਣ ਦਾਸ ਦੀਆਂ ਕਰਤੂਤਾਂ

੧—ਮਹੰਤ ਕਿਸ਼ਨ ਦਾਸ ਦੇ ਵਕਤ ਵਿਚ ਮਹੰਤ ਨਰੈਣ ਦਾਸ ਨੇ ਇਕ...ਨੂੰ ਰੱਖਿਆ ਸੀ। ਉਸ ਵਕਤ ਦੀ ਸੰਗਤ ਅਰ ਮਹੰਤ ਕਿਸ਼ਨ ਦਾਸ ਨੇ ਇਸ ਨੂੰ ਗੁਰਦੁਆਰੇ ਤੋਂ ਕੱਢ ਦਿੱਤਾ ਸੀ। ਜਦੋਂ ਮਹੰਤ ਕਿਸ਼ਨ ਦਾਸ ਲਾਹੌਰ ਆ ਕੇ ਮੋਇਆ ਉਸ ਦੇ ਖਜ਼ਾਨੇ ਦੀਆਂ ਚਾਬੀਆਂ ਨਰੈਣ ਦਾਸ ਦੇ ਹੱਥ ਆ ਗਈਆਂ। ਸੁਣਿਆ ਜਾਂਦਾ ਹੈ ਮਹੰਤ ਕ੍ਰਿਪਾਰਾਮ ਦੀ ਰਾਹੀਂ.........ਦੇ ਕੇ ਮਹੰਤ ਬਣ ਗਿਆ। ਉਸ ਵੇਲੇ ਇਕ ਇਸ਼ਟਾਮ ਲਾਲਾ ਗੌਰੀ ਸ਼ੰਕਰ ਆਫੀਸ਼ੇਟਿੰਗ ਡੀ. ਸੀ. ਨੇ ਲਿਖਵਾਇਆ ਸੀ। ਜਿਸ ਦਾ ਮਤਲਬ ਇਹ ਸੀ, ਕਿ ਮੈਂ ਝਾੜੂ ਬਰਦਾਰ ਰਹਾਂਗਾ ਅਰ ਬਿਆਹ ਨਹੀਂ ਕਰਾਵਾਂਗਾ ਤੇ ਕੁਲ ਵਿਦਿਆ ਤੇ ਖਰਚ ਕਰਾਂਗਾ ਤੇ ਖਰਚ ਦਾ ਹਸਾਬ ਕਿਤਾਬ ਦਿਆਂਗਾ। ਉਸ ਇਸ਼ਟਾਮ ਦੀ ਨਕਲ ਸਾਰੇ ਅਖ਼ਬਾਰਾਂ ਵਿਚ ਛਪ ਚੁਕੀ ਸੀ। ਇਸ ਵੇਲੇ ਉਸ ਨੇ ਇਕ ਸ਼ਰਤ ਪੂਰੀ ਨਹੀਂ ਕੀਤੀ। ਗੁਰਦੁਆਰੇ ਦੀ ਸਾਲਾਨਾ ਆਮਦਨੀ ਤਿੰਨ ਚਾਰ ਲੱਖ ਰੁਪਏ ਦੇ ਲਗ ਭਗ ਹੈ। ਇਸ ਦੇ ਗੱਦੀ ਬੈਠਨ ਤੋਂ ਲੈ ਕੇ ਹੁਣ ਤਕ ੧੫, ੧੬ ਲੱਖ ਆਮਦਨ ਆ ਚੁਕੀ ਹੈ ਜਿਸ ਵਿਚੋਂ ਇਸ ਨੇ ਅੱਜ ਤਕ ਸ਼ਾਇਦ ਹੀ ਕੁਝ ਚੰਗੇ ਪਾਸੇ ਖਰਚ ਕੀਤਾ ਹੋਵੇ। ਇਸ ਦਾ ਲੰਗਰ ਮਹੰਤ ਕ੍ਰਿਪਾ ਰਾਮ ਨਾਲੋਂ ਭੀ ਘਟ ਚਲਦਾ ਹੈ, ਕੇਵਲ ਆਪਣੇ ਮਤਲਬ ਦੇ ਬੰਦਿਆਂ ਨੂੰ ਰੋਟੀ ਖਲਾਉਂਦਾ ਹੈ ਤੇ ਸੰਗਤ ਨੂੰ ਅਰ ਗਰੀਬਾਂ ਨੂੰ ਇਸ ਦੇ ਲੰਗਰ ਤੋਂ ਕੋਈ ਲਾਭ ਨਹੀਂ। ਹਾਂ ਜਦੋਂ ਕੋਈ ਅਫ਼ਸਰ ਆ ਜਾਵੇ ਤਾਂ ਕਿਤਾਬ ਤੇ ਲਿਖਾਉਣ ਲਈ ਬਹੁਤ ਸਾਰੇ ਆਸ ਪਾਸ ਦੇ ਆਦਮੀਆਂ ਨੂੰ ਇਕੱਠੇ ਕਰ ਕੇ ਬਠਾ ਲੈਂਦਾ ਹੈ, ਜਾਂ ਮੇਲੇ ਦੇ ਦਿਨਾਂ ਲੰਗਰ ਚਲਾਦਾ ਹੈ। ਉਸ ਵੇਲੇ ਹੋਰ ਭੀ ਸੰਗਤਾਂ ਦੇ ਕਈ ਲੰਗਰ ਚਲਦੇ ਹਨ ਇਸ ਦੇ ਲੰਗਰ ਦਾ ਖ਼ਾਸ ਕੋਈ ਲਾਭ ਨਹੀਂ ਹੁੰਦਾ, ਉਹ ਹੀ ਮਰਾਸਣ ਹੁਣ ਮਹੰਤਨੀ ਬਣੀ ਹੋਈ ਹੈ, ਉਸ ਦੇ ਤਿੰਨ ਚਾਰ ਬੱਚੇ ਬੱਚੀਆਂ ਭੀ ਹਨ।

ਸਾਰੇ ਸ਼ਹਿਰ ਵਿਚ ਦਹਿਸ਼ਤ ਵਰਤੀ ਹੋਈ ਹੈ। ਅਰ ਜਨਮ ਅਸਥਾਨ ਦੇ ਰਬਾਬੀ ਜੋ ਅੰਮਰਤ ਛਕ ਕੇ ਸਿੰਘ ਬਣ ਗਏ ਹਨ, ਉਨ੍ਹਾਂ ਨੂੰ ਖੂਹ ਤੋਂ ਪਾਣੀ ਭੀ ਨਹੀਂ ਭਰਨ ਦੇਂਦਾ। ਰਾਏ ਸਿਰੀ ਰਾਮ, ਐਸ. ਡੀ. ਓ. ਜਿਸ ਨੇ ਮਾਰਸ਼ਲ ਲਾਅ ਵਿਚ ਜ਼ੁਲਮ ਕੀਤੇ ਸਨ, ਉਸ ਨਾਲ ਮਿਲ ਕੇ ਇਕ ਹਾਈ ਸਕੂਲ ਖੋਲਾਂਗਾ। ਉਸ ਦੇ ਵਾਸਤੇ ਸਰਕਾਰ ਪਾਸੋਂ ਜ਼ਮੀਨ ਵੇਚਨ ਦੀ ਆਗਿਆ ਲੈ ਲਈ। ਅਰ ਤਿੰਨ ਚਾਰ ਲੱਖ ਰੁਪਇਆ ਵਟ ਲਿਆ ਅਰ ਸਕੂਲ ਵਾਸਤੇ ਜੋ ਇਟਾਂ ਢੋਈਆਂ ਸਨ। ਉਹ ਇਟਾਂ ਭੀ ਵੇਚਨੀਆਂ ਆਰੰਭ ਕਰ ਦਿੱਤੀਆਂ ਹਨ। ਅਰ ਸਕੂਲ ਦਾ ਨਾਮੋ ਨਿਸ਼ਾਨ ਭੀ ਨਹੀਂ। ਬਾਕੀ ਰੁਪੈ ਦੇ ਨਾਲ ਕੁਝ ਮਕਾਨ ਲਾਹੌਰ ਬਨਵਾਏ ਹਨ। ਕੁਝ ਏਥੇ ਕੁਝ ਜ਼ਮੀਨਾਂ ਆਪਣੇ ਨਾਮ ਖ਼ਰੀਦੀਆਂ ਅਰ ਬਹੁਤ ਸਾਰੇ ਮੁਰੱਬੇ ਲਾਇਲਪੁਰ ਦੀ ਨੀਲਾਮੀ ਵਿਚੋਂ ਆਪਣੇ ਲੜਕੇ ਦੇ ਨਾਂ ਤੇ ਖਰੀਦੇ ਹਨ।

ਜਿਤਨੀ ਆਮਦਨ ਦਰਬਾਰ ਸਾਹਿਬ ਦੀ ਇਸ ਦੇ ਵਕਤ ਵਿਚ ਆਈ ਹੈ। ਉਹ ਆਪ ਹੜਪ ਕਰ ਗਿਆ ਹੈ ਜਾਂ ਕੁਝ ਰਿਸ਼ਵਤਾਂ ਵਿਚ ਗਈ ਹੈ। ਤੇ ਗੁਰਦੁਆਰੇ ਤੇ ਸ਼ਾਇਦ ਹੀ ਕੁਝ ਖਰਚ ਕੀਤਾ ਹੋਵੇ।

(ਇਸ ਦੀਆਂ ਸਿਫ਼ਤਾਂ ਇਹ ਹਨ)

ਜਬਾਨ ਦਾ ਕੱਚਾ, ਮਤਲਬ ਦਾ ਪਕਾ। ਅਰ ਦਰਬਾਰ ਸਾਹਿਬ ਪੈਹਰ ਦਿਨ ਚੜ੍ਹੇ ਆ ਜਾਂਦਾ ਹੈ। ਅਰ ਰਾਤ ਨੂੰ ਰਹਿਰਾਸ ਅਰ ਆਰਤੀ ਵੇਲੇ ਆਉਂਦੀ ਹੈ। ਗੁਰਦੁਆਰੇ ਆਸਾ ਦੀ ਵਾਰ ੭ ਵਜੇ ਲੱਗਦੀ ਹੈ। ਅਰ ੯ ਵਜੇ ਭੋਗ ਪੈਂਦਾ ਹੈ।

(ਨਰੈਣ ਦਾਸ ਦਾ ਵੱਡਾ ਕਹਿਰ)

ਜੋ ਮੰਡੀ ਮਹੰਤ ਨਰੈਣ ਦਾਸ ਹੁਣ ਵੇਚ ਰਿਹਾ ਹੈ ਬਜਾਰ ਦੇ ਦਰਮਿਆਨ ਵਿਚ ਬਾਬਾ ਬੀਰ ਸਿੰਘ ਜੀ ਸ਼ਹੀਦ ਦਾ ਗੁਰਦੁਆਰਾ ਹੈ। ਜਿਸ ਨੂੰ ਬੜੀ ਬੇਰਹਿਮੀ ਨਾਲ ਗਿਰਾ ਕੇ ਵੇਚ ਰਿਹਾ ਹੈ। ਇਸ ਦੇ ਸਾਰੇ ਕਾਗ਼ਜ਼ਾਤ ਅਰ ਮਿਸਲਾਂ ਗੁਜਰਾਂਵਾਲੇ ਦੀ ਸੰਗਤ ਪਾਸ ਮੌਜੂਦ ਹਨ। ਸੁਣੀਦਾ ਹੈ ਕਿ ਇਸ ਗੁਰਦੁਆਰੇ ਦੇ ਨਾਮ ਬਹੁਤ ਸਾਰੀ ਜ਼ਮੀਨ ਸੀ ਜੋ ਏਹਨੇ ਕਾਬੂ ਕਰ ਲਈ ਹੈ। ਇਸ ਦੇ ਇਤਨੇ ਗੁਰ ਭਾਈ ਤੇ ਚੇਲੇ ਹਨ ਜਿਤਨੇ ਇਸ ਅਸਥਾਨ ਦੇ ਸਾਧੂ ਹਨ। ਸਮੇਤ ਪੁਜਾਰੀ ਅਰ ਗ੍ਰੰਥੀਆਂ ਦੇ ਬਹੁਤ ਸਾਰੇ......ਹਨ। ਜੋ ਬਾਹਰੋਂ ਅਕਲੀ ਦੁਕਲੀ ਇਸਤਰੀਆਂ ਯਾਤਰਾ ਲਈ ਆਉਂਦੀਆਂ ਹਨ। ਉਨ੍ਹਾਂ ਦੀ ਪਤਿ ਖ਼ਤਰ ਵਿਚ ਹੈ ਜੋ ਆਪਣੇ ਨਾਲ ਸਾਮਾਨ ਤੇ ਨਗਦੀ ਲਿਆਉਂਦੇ ਹਨ ਉਹ ਭੀ ਏਥੇ ਕਈ ਵੇਰ ਚੋਰੀ ਹੋ ਜਾਂਦੀ ਹੈ। ....ਇਸਤਰੀਆਂ ਨੂੰ.....ਵਾਸਤੇ ਇਥੇ ਰਹਿੰਦੀਆਂ ਹਨ। ਅਰ ਸ਼ਹਿਰ ਵਿਚ ਠੇਕੇ ਤੋਂ ਸਵਾ ਇਤਨੀ ਸ਼ਰਾਬ ਏਥੇ ਪੀਤੀ ਜਾਂਦੀ ਹੈ ਜਿਸ ਦਾ ਕੋਈ ਹਦ ਹਿਸਾਬ ਨਹੀਂ ਹਾਲਾਂ ਕਿ ਸਰਕਾਰ ਵੱਲੋਂ ਏਥੇ ਕੋਈ ਠੇਕਾ ਨਹੀਂ ਹੈ। ਕੇਵਲ ਮਹੰਤ ਹੋਰਾਂ ਦੀ ਹੀ ਕ੍ਰਿਪਾ ਨਾਲ ਏਨਾ ਪ੍ਰਚਾਰ ਹੋ ਗਿਆ ਹੈ। ਜੇ ਕਰ ਇਨ੍ਹਾਂ ਗੱਲਾਂ ਵਿੱਚੋਂ ਕੋਈ ਗੱਲ ਭੀ ਝੂਠ ਹੋਵੇ ਤਾਂ ਸਾਬਤ ਕਰੇ।

ਸੁਣਿਆ ਹੈ ਇਸ ਨੇ ਭੀ ਆਪਣੇ ਆਪ ਨੂੰ ਵੋਟਰਾਂ ਦੀ ਲਿਸਟ ਵਿਚ ਦਰਖ਼ਾਸਤ ਦੇ ਕੇ ਆਪਣਾ ਨਾਮ ਮਹੰਮਡਨ ਵਿਚ ਲਿਖਾਇਆ ਹੈ ਕਿ ਅਸੀਂ ਦਸਾਂ ਗੁਰੂਆਂ ਨੂੰ ਨਹੀਂ ਮੰਨਦੇ, ਇਸ ਲਈ ਅਸੀਂ ਸਿੱਖ ਨਹੀਂ ਹਾਂ। ਸਾਡਾ ਨਾਮ ਸਿੱਖਾਂ ਵਿਚ ਨਾ ਲਿਖਿਆ ਜਾਵੇ।

ਜੇ ਇਹ ਸੱਚ ਹੈ ਤਾਂ ਗੁਰੂ ਨਾਨਕ ਜੀ ਦੇ ਅਸਥਾਨ ਨਾਲ ਉਸ ਦਾ ਕੀ ਵਾਸਤਾ ਹੈ ?

ਆਕਲੀ ਲਾਹੌਰ ੧੩ ਮਾਰਚ ੧੯੨੧

ਨਨਕਾਣੇ ਸਾਹਿਬ ਵਿਚ ਪੁਲਸ ਦੀਆਂ ਸ਼ੈਤਾਨੀਆਂ

ਨਨਕਾਣੇ ਸਾਹਿਬ ਵਿਚ ਪੁਲਿਸ ਆਪਣੇ ਹੱਥ ਕੰਡੇ ਦਿਖਾਣ ਲੱਗ ਪਈ ਹੈ, ਤੇ ਚੋਰਾਂ ਨਾਲ ਭਲੇਮਾਨਸਾਂ ਦਾ ਸਲੂਕ ਤੇ ਭਲੇਮਾਨਸਾਂ ਨਾਲ ਚੋਰਾਂ ਦਾ ਸਲੂਕ ਹੋਣ ਲੱਗ ਪਿਆ ਹੈ। ਇਕ ਪਾਸੇ ਤਾਂ ਸਿੱਖਾਂ ਦੇ ਕਾਤਲਾਂ ਨੂੰ ਫੜਨ ਵਿਚ ਜਾਨ ਬੁਝ ਕੇ ਸੁਸਤੀ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਉਨ੍ਹਾਂ ਪਾਸੇ ਉਨ੍ਹਾਂ ਸਿੱਖਾਂ ਨੂੰ ਜਿਹੜੇ ਉਥੇ ਹਨ ਅਯੋਗ ਤੌਰ ਤੇ ਕਸ਼ਟ ਦਿੱਤਾ ਜਾ ਰਿਹਾ ਹੈ। ਅਸੀਂ ਹੇਠਾਂ ਇਕ ਦੋ ਉਹ ਗੱਲਾਂ ਲਿਖਦੇ ਹਾਂ ਜੇੜ੍ਹੀਆਂ ਕਿ ਹਰ ਇਕ ਦੇ ਮੂੰਹ ਤੇ ਚੜ੍ਹੀਆਂ ਹੋਈਆਂ ਹਨ ਅਤੇ ਜੇਹੜੀਆਂ ਕਿ ਵੱਡੇ ਅਫ਼ਸਰਾਂ ਤਕ ਵੀ ਪਹੁੰਚ ਚੁਕੀਆਂ ਹਨ।

ਸਰਦਾਰ ਉਤਮ ਸਿੰਘ ਜੀ ਨਨਕਾਣੇ ਸਾਹਿਬ ਵਿਚ ਇਕ ਪਤਵੰਤੇ ਸਿੱਖ ਹਨ। ਇਨ੍ਹਾਂ ਨੇ ਹੀ ਨਨਕਾਣੇ ਸਾਹਬੋਂ ਤਾਰਾਂ ਦੇ ਕੇ ਪੰਥ ਨੂੰ ਕਤਲਆਮ ਦੀ ਖਬਰ ਦਿੱਤੀ ਸੀ। ਪੁਲਿਸ ਅਫ਼ਸਰਾਂ ਨੇ ਇਨ੍ਹਾਂ ਉੱਤੇ ਇਕ ਝੂਠੀ ਗੱਲ ਬਣਾ ਕੇ ਪਰਚਾ ਰਾਕ ਕੀਤਾ ਤੇ ਇਨ੍ਹਾਂ ਤੇ ਮੁਕੱਦਮਾ ਬਨਾਣ ਦੀ ਗੋਂਦ ਗੁੰਦੀ। ਤੈਹਕੀਕਾਤ ਕਰਨ ਤੋਂ ਪਾਜ ਖੁਲ ਗਿਆ ਤੇ ਸਰਦਾਰ ਸਾਹਿਬ ਨੂੰ ਬਰੀ ਕਰਨਾ ਪਿਆ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਸਿੱਖਾਂ ਨੂੰ ਤੰਗ ਕੀਤਾ ਜਾ ਰਿਹਾ ਹੈ।

ਜਦੋਂ ਖਾਲਸਾ ਜੀ ਨਨਕਾਣੇ ਸਾਹਿਬ ਮਹੰਤ ਦੇ ਜ਼ੁਲਮ ਤੋਂ ਪਿੱਛੋਂ ਤੇ ਫ਼ੌਜਾਂ ਵੀ ਪੁੱਜੀਆਂ ਤਾਂ ਨਨਕਾਣੇ ਸਾਹਿਬ ਦੇ ਵਸਨੀਕ ਡਰ ਕੇ ਘਰ ਬਾਰ ਛਡ ਬਾਹਰ ਚਲੇ ਗਏ ਸਨ। ਅਕਾਲੀ ਦਲ ਨੇ ਘਰਾਂ ਦੇ ਜੰਦਰੇ ਮਾਰ, ਮੋਹਰਾਂ ਲਾ, ਆਪਣੇ ਪੈਹਰੇ ਮੁਕਰਰ ਕਰ ਦਿੱਤੇ, ਤਾਂ ਕਿ ਕਿਸੇ ਦਾ ਨੁਕਸਾਨ ਨਾ ਹੋ ਜਾਵੇ। ਕੁਝ ਚਿਰ ਪਿੱਛੇ ਇਕ ਥਾਨੇਦਾਰ ਨੇ ਇਕ ਔਰਤ ਪੇਸ਼ ਕੀਤੀ ਤੇ ਕਿਹਾ ਕਿ ਫ਼ਲਾਣਾ ਘਰ ਉਸ ਔਰਤ ਦਾ ਹੈ ਉਸ ਦੇ ਸਪੁਰਦ ਕਰ ਦਿੱਤਾ ਜਾਵੇ। ਪ੍ਰਿੰਸੀਪਲ ਜੋਧ ਸਿੰਘ ਜੀ ਤੇ ਉਤਮ ਸਿੰਘ ਜੀ ਨੇ ਆਪ ਨਾਲ ਜਾ ਕੇ ਮਾਈ ਨੂੰ ਘਰ ਸਪੁਰਦ ਕਰ ਦਿੱਤਾ, ਤੇ ਮਾਈ

ਨੇ ਖ਼ੂਬ ਘਰ ਬਾਰ ਦੇਖ ਭਾਲ ਕੇ ਕਹਿ ਦਿੱਤਾ ਕਿ ਮੇਰਾ ਕੋਈ ਨੁਕਸਾਨ ਨਹੀਂ ਹੋਇਆ ਤੇ ਮੇਰਾ ਘਰ ਪੂਰਾ ਹੈ। ਦੂਸਰੇ ਦਿਨ ਫੇਰ ਸਿਖੇ ਸਿਖਾਏ ਆਖਿਆ ਕਿ ਮੇਰੀਆਂ ਇਕ ਲੱਖ ਦੀਆਂ ਮੋਹਰਾਂ ਤੇ ੩੦ ਹਜ਼ਾਰ ਦੇ ਨੋਟ ਚੋਰੀ ਹੋ ਗਏ ਹਨ। ਇਸ ਦੇ ਪਿੱਛੋਂ ਜਦ ਪੁਲਿਸ ਵਿਚ ਰਿਪੋਰਟ ਲਿਖਨ ਲੱਗੇ ਤੇ ਸ. ਸ਼ੇਰ ਸਿੰਘ ਥਾਨੇਦਾਰ ਨੇ ਰਿਪੋਰਟ ਲਿਖਣੀ ਸ਼ੁਰੂ ਕੀਤੀ ਤਾਂ ਮਾਈ ਨੇ ਕਿਹਾ ਕਿ ਮੇਰੇ ਸਿਰਫ਼ ਇਕ ਹਜ਼ਾਰ ਦੇ ਨੋਟ ਗੁੰਮ ਹੋਏ ਹਨ। ਸੁਪਰਟੈਨਡੈਂਟ ਪੁਲਿਸ ਜਿਸ ਦਾ ਨਾਮ ਬੋਰਿੰਗ ਸਾਹਿਬ ਹੈ ਜਦ ਉਸ ਨੂੰ ਪਤਾ ਲੱਗਾ ਕਿ ਸ਼ੇਰ ਸਿੰਘ ਨੇ ਮਾਈ ਤੇ ਇਹ ਸਵਾਲ ਕੀਤਾ ਹੈ ਤਾਂ ਉਸ ਨੇ ਸ਼ੇਰ ਸਿੰਘ ਨੂੰ ਨਾਨਕਾਣੇ ਸਾਹਿਬੋਂ ਕੱਢ ਦਿੱਤਾ ਤੇ ਮੁਕੱਦਮੇ ਦਾ ਪਾਜ ਖੁਲਦਾ ਦੇਖ ਕਿਸੇ ਹੋਰ ਨੂੰ ਲਾ ਦਿੱਤਾ।

ਇਸੇ ਤਰ੍ਹਾਂ ਬੋਰਿੰਗ ਸਾਹਿਬ ਨੇ ਇਹ ਹੋਰ ਚਲਾਕੀ ਕੀਤੀ। ਮਹੰਤ ਦਾ ਇਕ ਬੁਢਾ ਰਿਸ਼ਤੇਦਾਰ ਫੜਿਆ ਹੋਇਆ ਸੀ, ਉਹ ਨਮੂਨੀਏ ਨਾਲ ਮਰਨ ਵਾਲਾ ਸੀ। ਖਾਲਸੇ ਨੇ ਆਖਿਆ ਕਿ ਤੀਵੀਆਂ, ਬੱਚੇ ਤੇ ਬੁਢਿਆਂ ਨੂੰ ਕੀ ਫੜਨਾ ਹੈ, ਇਸ ਬੁਢੇ ਨੂੰ ਛਡ ਦੇਵੋ। ਬੁਢ ਨੂੰ ਛਡ ਦਿੱਤਾ ਗਿਆ। ਬੋਰਿੰਗ ਬੁਢੇ ਕੋਲ ਪਹੁੰਚਿਆ ਤੇ ਆਪ ਮੁਹਾਰਾ ਉਸ ਨੂੰ ਕਹਿਣ ਲੱਗਾ ਪਿਆ ਤੁਮ ਕੋ ਸਿੱਖੋਂ ਨੇ ਮਾਰਾ ਹੈ ? ਬੁਢੇ ਨੇ ਜਵਾਬ ਦਿੱਤਾ ਕਿ ਨਹੀਂ ਮੈਂ ਝੂਠ ਨਹੀਂ ਬੋਲਾਂਗਾ ਮੈਨੂੰ ਕਿਸੇ ਨਹੀਂ ਮਾਰਿਆ। ਸਾਹਿਬ ਬਹਾਦੁਰ ਨੇ ਫਿਰ ਆਖਿਆ, "ਸੱਚ ਬਤਾਓ, ਤੁਮ ਕੋ ਸਿਖੋਂ ਨੇ ਮਾਰਾ ਹੈ ?" ਬੁਢੇ ਨੇ ਨਾਂਹ ਕਰ ਦਿੱਤੀ। ਪੁਲਿਸ ਨੇ ਅਜੇ ਵੀ ਵੀ ਬਸ ਨਾ ਕੀਤੀ ਤੇ ਇਹ ਸੋਚਿਆ ਕਿ ਬੁਢੇ ਨੇ ਬੀਮਾਰੀ ਨਾਲ ਮਰ ਤਾਂ ਜਾਣਾ ਹੀ ਹੈ, ਇਸ ਦੇ ਝੂਠੇ ਸੱਚੇ ਬਿਆਨ ਲਿਖੇ ਜਾਨ ਤੇ ਸਿੱਖਾਂ ਤੇ ਊਂਝ ਲਾਈ ਜਾਵੇ। ਸਿੱਖਾਂ ਨੇ ਮੈਜਿਸਟਰੇਟ ਤੇ ਡਾਕਟਰ ਨੇ ਸੱਦ ਲਿਆ। ਸਿੱਖਾਂ ਦੇ ਟੈਹਲ ਕਰਨ ਨਾਲ ਬੁੱਢਾ ਬਚ ਗਿਆ ਤੇ ਪੁਲਿਸ ਦਾ ਸਾਰਾ ਮਨਸੂਬਾ ਟੁਟ ਗਿਆ।

ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਸਾਡੇ ਕੰਨੀਂ ਪਾਈਆਂ ਹਨ ਪਰ ਅਸੀਂ ਜ਼ਿਆਦਾ ਵਿਸਥਾਰ ਨਾਲ ਲਿਖਣਾ ਨਹੀਂ ਚਾਹੁੰਦੇ ਲਾਟ ਸਾਹਿਬ ਆਦ ਤਕ ਇਹ ਗੱਲਾਂ ਪਹੁੰਚ ਚੁਕੀਆਂ ਹਨ। ਸਿੱਖਾਂ ਨੂੰ ਬੋਰਗਿ ਸਾਹਿਬ ਜਿਹੜਾ ਕਿ ਤੈਹਕੀਕਾਤ ਤੇ ਲੱਗਾ ਹੈ ਉਸ ਦੀ ਇਮਾਨਦਾਰੀ ਤੇ ਬਿਲਕੁਲ ਕੋਈ ਭਰਵਾਸ ਨਹੀਂ। ਨਨਕਾਣੇ ਸਾਹਿਬ ਦੇ ਪਿਛਲੇ ਮੇਲੇ ਤੇ ਇਹ ਸਾਹਿਬ ਨਨਕਾਣੇ ਸਾਹਿਬ ਗਿਆ ਸੀ ਤੇ ਇਸ ਦੀ ਮਹੰਤ ਨਰੈਣੂ ਨਾਲ ਖ਼ੂਬ ਮੁਲਾਕਾਤ ਹੋਈ ਸੀ। ਸੱਚੇ ਸਿੱਖਾਂ ਨੂੰ ਤਾਂ ਸਰਕਾਰ ਦੇ ਇਨਸਾਫ਼ ਤੇ ਪਹਿਲੇ ਹੀ ਕੋਈ ਭਰਵਾਸਾ ਨਹੀਂ ਸੀ, ਪਰ ਲਾਟ ਸਾਹਿਬ ਦੇ ਕਹਿਣ ਤੇ ਕਿ ਇਨਸਾਫ਼ ਕੀਤਾ ਜਾਵੇਗਾ, ਬਾਜੇ ਭੋਲੇ ਸਿੱਖ ਫ਼ਸ ਗਏ। ਹੁਣ ਉਹ ਵੀ ਚੀਕੇ ਹਨ ਕਿ ਬੋਰਿੰਗ ਸਾਹਿਬ ਦੀ ਮਾਰਫ਼ਤ ਚੰਗਾ ਇਨਸਾਫ਼ ਹੋਣ ਲੱਗਾ ਹੈ।

ਬੋਰਿੰਗ ਸਾਹਿਬ ਸੱਚੀਆਂ ਝੂਠੀਆਂ ਚੁਗਲੀਆਂ ਖਾਨ ਵਾਲੇ ਮਹਿਕਮੇ (ਸੀ. ਆਈ. ਡੀ.) ਦਾ ਸੁਪਰਟੈਂਡੈਨਟ ਹੈ। ਮਾਰਸ਼ਲ ਲਾਅ ਦੇ ਦਿਨਾਂ ਵਿਚ ਜਾਨਸਨ ਸਾਹਿਬ ਦੀ ਸਜੀ ਬਾਂਹ ਸੀ। ਉਦੋਂ ਉਹ ਸਾਰਾ ਸਲਾਹ ਮਸ਼ਵਰਾ ਇਸੇ ਨਾਲ ਕਰਦਾ ਹੁੰਦਾ ਸੀ। ਹਿੰਦੂ, ਮੁਸਲਮਾਨ, ਸਿੱਖਾਂ ਦੇ ਏਕੇ ਨੂੰ ਦਿਲੋਂ ਨਫ਼ਰਤ ਨਾਲ ਦੇਖਦਾ ਹੈ ਤੇ ਅੱਜ-ਕਲ੍ਹ ਸਿੱਖਾਂ ਦਾ ਤਾਂ ਬੜਾ ਹੀ ਗੂੜਾ ਤੇ ਡੂੰਘਾ ਦੋਸਤ ਬਣਿਆ ਹੋਇਆ ਹੈ। ਜੋ ਪਿਆਰ ਸਿੱਖਾਂ ਨਾਲ ਇਹ ਇਸ ਵੇਲੇ ਪਾਲ ਰਿਹਾ ਹੈ ਜਦ ਉਸ ਸਾਰੀ ਗੱਲ ਖੁਲ੍ਹੀ ਤਾਂ ਜਗਤ ਹੈਰਾਨ ਹੋਵੇਗਾ। ਖਾਲਸਾ ਜੀ ਇਸ ਭੱਦਰ ਪੁਰਸ਼ ਦੀਆਂ ਕਾਰਵਾਈਆਂ ਤੋਂ ਹੁਸ਼ਿਆਰ ਰਹਿਣਾ।

ਅਕਾਲੀ ਲਾਹੌਰ, ੧੩ ਮਾਰਚ ੧੯੨੧

ਮ: ਗਾਂਧੀ ਦੇ ਸੁਨੇਹੇ ਪਰ ਕੁਝ ਵਿਚਾਰ

ਸਤਿਗੁਰੂ ਨਾਨਕ ਸਾਹਿਬ ਜੀ ਦੀ ਨਗਰੀ ਵਿਚ ਜੋ ਭਿਆਨਕ ਅਤਿਆਚਾਰ ਹੋਏ ਹਨ ਉਨ੍ਹਾਂ ਸਬੰਧੀ ਅਸੀਂ ਮੁਲਕੀ ਆਗੂ ਗਾਂਧੀ ਜੀ ਦਾ ਸੁਨੇਹਾ ਪਾਠਕਾਂ ਦੀ ਦ੍ਰਿਸ਼ਟੀ ਗੋਚਰੇ ਕਰ ਚੁੱਕੇ ਹਾਂ ਇਸ ਸੁਨੇਹੇ ਵਿਚ ਸਾਖ਼ ਦਿਲ ਗਾਂਧੀ ਨੇ ਆਪ ਮੰਨਿਆ ਹੈ ਕਿ ਉਹ ਇਸ ਘਟਨਾ ਨੂੰ ਹਿੰਦੁਸਤਾਨੀ ਕੌਮੀਅਤ ਵਾਲੀ ਦ੍ਰਿਸ਼ਟੀ ਨਾਲ ਹੀ ਦੇਖ ਸਕਦੇ ਹਨ। ਇਸੇ ਕਰ ਕੇ ਇਸ ਸੁਨੇਹੇ ਵਿਚ ਕੁਝ ਕਮੀ ਰਹਿ ਗਈ ਹੈ ਅਤੇ ਤੜਪੇ ਹੋਏ ਸਿੱਖ ਹਿਰਦੇ ਇਸ ਵੇਲੇ ਇਸ ਨੂੰ ਕੁਝ ਹੋਰ ਤਰ੍ਹਾਂ ਅਨੁਭਵ ਕਰ ਰਹੇ ਹਨ।

ਗਾਂਧੀ ਜੀ ਨੇ ਭਾਵੇਂ ਤਿੰਨ ਹਾਲਤਾਂ ਇਸ ਮਾਮਲੇ ਦੀਆਂ ਦੱਸੀਆਂ ਹਨ ਪ੍ਰੰਤੂ ਉਹ ਆਪ ਮੰਨਦੇ ਹਨ ਕਿ ਸਿੱਖ ਕੇਵਲ ਤੀਸਰੀ ਹਾਲਤ ਹੀ ਦਸਦੇ ਹਨ। ਗਾਂਧੀ ਜੀ ਦੇ ਦਿਲ ਵਿਚ ਜੋ ਸ਼ੱਕ ਜਾਪਦਾ ਹੈ ਉਸ ਨੂੰ ਸਮਾਂ ਦੂਰ ਕਰ ਦੇਵੇਗਾ। ਜਿਨ੍ਹਾਂ ਸ਼ਬਦਾਂ ਦੁਆਰਾ ਗਾਂਧੀ ਜੀ ਨੇ ਸਾਡੇ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਉਨ੍ਹਾਂ ਲਈ ਅਸੀਂ ਅਤੀ ਧੰਨਵਾਦੀ ਹਾਂ ਪ੍ਰੰਤੂ ਅਸੀਂ ਇਸ ਮਾਮਲੇ ਨੂੰ ਕੇਵਲ ਹਿੰਦੁਸਤਾਨੀ ਕੌਮੀਅਤ ਦੀ ਦ੍ਰਿਸ਼ਟੀ ਨਾਲ ਹੀ ਨਹੀਂ ਦੇਖ ਸਕਦੇ ਸਾਡੇ ਸਾਹਮਣੇ ਇਹ ਧਾਰਮਿਕ ਸਵਾਲ ਹੈ ਅਰ ਧਰਮ ਦੇ ਅਗੇ ਅਸੀਂ ਮੁਲਕੀ ਕੌਮੀਅਤ ਨੂੰ ਵਡਿਆਈ ਨਹੀਂ ਦੇ ਸਕਦੇ। ਅਹਿੰਸਾ ਦੇ ਪੈਰੋ ਗਾਂਧੀ ਜੀ ਨੂੰ ਕਲੇਸ਼ ਤਾਂ ਇਸ ਸਾਕੇ ਤੋਂ ਬਹੁਤ ਹੋਇਆ ਹੈ, ਪ੍ਰੰਤੂ ਉਹ ਕਾਤਲਾਂ ਨੂੰ ਹਿੰਦੁਸਤਾਨੀ ਭਰਾ ਸਮਝ ਕੇ ਖਾਲਸੇ ਜੀ ਨੂੰ ਦਇਆ ਕਰਨ ਲਈ ਅਪੀਲ ਕਰਦੇ ਹਨ। ਜੇ ਸਾਡੇ ਸ਼ਹੀਦ ਆਪੋ ਆਪਣੇ ਘਰਾਂ ਵਿਚ ਬੈਠੇ ਕਿਸੇ ਦੰਗੇ ਫ਼ਸਾਦ ਵਿਚ ਮਾਰੇ ਜਾਂਦੇ ਤਾਂ ਅਸੀਂ ਗਾਂਧੀ ਜੀ ਦੀ ਅਪੀਲ ਦੀ ਜ਼ੋਰਦਾਰ ਪੁਸ਼ਟੀ ਕਰਦੇ। ਜੇ ਇਹ ਕਤਲ ਹੋਏ ਵੀਰ ਕਿਸੇ ਮੁਲਕੀ ਝਗੜੇ ਵਿਚ ਸ਼ਹੀਦ ਹੁੰਦੇ ਤਾਂ ਭੀ ਅਸੀਂ ਮੁਲਕੀ ਆਗੂ ਦਾ ਫ਼ੈਸਲਾ ਸਿਰ ਮਥੇ ਤੇ ਮੰਨਦੇ। ਪ੍ਰੰਤੂ ਸਾਡੇ ਵੀਰ ਸਿੱਖ ਹੋਣ ਕਰ ਕੇ ਮਾਰੇ ਗਏ, ਇਹੋ ਧਰਮ ਉਤੇ ਵਾਰ ਹੋਇਆ ਹੈ ਦੁਸ਼ਟਾਂ ਨੇ ਇਨ੍ਹਾਂ ਨੂੰ ਸਿੱਖ ਹੋਣ ਕਰ ਕੇ ਮਾਰਿਆ। ਪਾਪੀਆਂ ਨੇ ਸਤਿਗੁਰੂ ਦੇ ਜਨਮ ਅਸਥਾਨ ਵਿਚ ਹੁੱਕੇ ਪੀਤੇ ਅਰ ਮਥਾ ਟੇਕਨ ਲਈ ਆਏ ਹੋਏ ਬਾਬੇ ਜੀ ਦੇ ਚਰਨਾਂ ਦੇ ਭੌਰਿਆਂ ਨੂੰ ਨਿਰਭੈਤਾ ਨਾਲ ਕੋਹਿਆ। ਜਿਨਾਂ ਨੇ ਇਹ ਅਤਿਆਚਾਰ ਕੀਤਾ ਉਨ੍ਹਾਂ ਨੂੰ ਸਾਹਮਣੇ ਸਿੱਖ ਨਜ਼ਰ ਆ ਰਹੇ ਸਨ ਅਰ ਉਹ ਸਿੱਖਾਂ ਦਾ ਬੀਜ ਨਾਸ ਕਰਨ ਦੀਆਂ ਡੀਂਗਾਂ ਮਾਰਦੇ ਸਨ। ਕੇਵਲ ਜਨਮ ਅਸਥਾਨ ਹੀ ਨਹੀਂ ਸਗੋਂ ਆਲੇ-ਦੁਆਲੇ ਭੀ ਸਿੱਖਾਂ ਦੀ ਭਾਲ ਕੀਤੀ ਗਈ ਅਰ ਚੁਣ ਚੁਣ ਕੇ ਗੋਲੀਆਂ ਨਾਲ ਮਾਰੀਆਂ ਗਈਆਂ। ਆਰਿਆ ਵਿਚ ਸੁੱਟ ਦਿੱਤੇ ਗਏ ਛਵ੍ਹੀਆਂ ਨਾਲ ਵਢੇ ਗਏ-ਅਰ ਇਹ ਸਜ਼ਾ ਕੇਵਲ ਇਸ ਗੱਲ ਦੀ ਕਿ ਉਹ ਪ੍ਰੀਤਮ ਜੀ ਦੇ ਦਰਬਾਰ ਮੱਥਾ ਟੇਕਨੇ ਗਏ ਸਨ। ਜ਼ਾਤੀ ਝਗੜਿਆਂ ਨੂੰ, ਮੁਲਕੀ ਝਗੜਿਆਂ ਨੂੰ, ਦੁਨਿਆਵੀ ਝਗੜਿਆਂ ਨੂੰ ਸਿੱਖ ਭੁਲ ਸਕਦਾ ਹੈ ਪ੍ਰੰਤੂ ਦੋਂ ਜਹਾਨ ਦੇ ਵਾਲੀ ਜੀ ਦੇ ਜਨਮ ਅਸਥਾਨ ਦੀ। ਇਹ ਬੇਇਜ਼ਤੀ ਅਸਹਿ ਹੈ ਅਤੇ ਧਰਮ ਉਤੇ ਪਾਪ ਦੇ ਵਾਰ ਨੂੰ ਭੁਲ ਨਹੀਂ ਸਕਦਾ ਸਭ ਤੋਂ ਵਧੀਕ ਇਹ ਕਿ ਦਸਾਂ ਪਾਤਸ਼ਾਹੀਆਂ ਦੇ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੀ ਗੋਲੀਆਂ ਮਾਰੀਆਂ ਗਈਆਂ। ਖਾਲਸਾ ਸਤਿਗੁਰੂ ਦੇ ਖੇਦ ਨੂੰ, ਸਤਿਗੁਰੂ ਚੇਭੌਰਿਆਂ ਦੀ ਦਸ਼ਾ ਨੂੰ, ਸਤਿਗੁਰੂ ਦੇ ਮੰਦਰ ਦੀ ਬੇਇਜ਼ਤੀ ਨੂੰ ਪੋਲੇ ਜਿਹੇ ਮੂੰਹ ਨਾਲ ਮਾਫ਼ ਕਰ ਦੇਵੇ ਤਾਂ ਸਾਡੇ ਇਸ ਫਿਟਕਾਰੇ ਹੋਏ ਮੂੰਹ ਤੇ ਲਾਨਤ! ਖਾਲਸਾ ਜੀ ਦਾ ਤਦ ਤਕ ਹੈ ਜਦ ਤਕ ਇਸ ਵਿਚ ਗੈਰਤ ਹੈ। ਨਮੁਰਦਾ ਕੌਮ ਦਾ ਹੋਣਾ ਨਾ ਹੋਣਾ ਇਕੋ ਜਿਹਾ ਹੈ ਅਤੇ ਇਹ ਸਵਾਲ ਉਸ ਵੇਲੇ ਵਿਚਾਰਨ ਯੋਗ ਹੈ। ਜਦ ਪਾਪੀ ਹੱਥ ਬੰਨ੍ਹ ਕੇ ਪੰਥ ਦੀ ਸ਼ਰਨੀਆ ਪੈਣ।

ਗਾਂਧੀ ਜੀ ਨੇ ਅੱਜ ਕਲ੍ਹ ਦੀ ਗੁਰਦੁਆਰਿਆਂ ਦੇ ਸੁਧਾਰ ਵਾਲੀ ਲਹਿਰ ਸਬੰਧੀ ਭੀ ਅਜੇਹਾ ਖ਼ਿਆਲ ਪ੍ਰਗਟ ਕੀਤਾ ਹੈ ਉਹ ਸੁਧਾਰ ਦੇ ਹਾਮੀ ਤਾਂ ਜ਼ਰੂਰ ਹਨ। ਪਰ ਉਹ ਖ਼ਿਆਲ ਕਰਦੇ ਹਨ ਕਿ ਐਸ ਵੇਲੇ ਇਹ ਲਹਿਰ ਹਿੰਦ ਦੀ ਆਜ਼ਾਦੀ ਵਿਚ ਰੋਕ ਪਾਵੇਗੀ। ਸਾਡੇ ਖ਼ਿਆਲ ਵਿਚ ਜੇ ਹਿੰਦੂ ਅਤੇ ਮੁਸਲਮਾਨ ਲੀਡਰ ਸਿਖਾਂ ਦੀ ਧਾਰਮਿਕ ਆਜ਼ਾਦੀ ਵਿਚ ਪੂਰੀ ਸਹਾਇਤਾ ਕਰਨ ਤਾਂ ਸਿੱਖਾਂ ਦੀ ਧਾਰਮਿਕ ਆਜ਼ਾਦੀ ਹਿੰਦ ਦੀ ਆਜ਼ਾਦੀ ਦੀ ਆਗੂ ਸਾਬਤ ਹੋਵੇਗੀ। ਅਸਲ ਵਿਚ ਜਦ ਤੱਕ ਅਸੀਂ ਘੋਰ ਨੀਂਦਰ ਵਿਚ ਸਾਂ, ਅਸੀਂ ਗੁਰਦੁਆਰਿਆਂ ਵੱਲੋਂ ਗਾਫਿਲ ਸਾਂ। ਜਦ ਪ੍ਰਦੇਸ਼ ਤੋਂ ਮੁੜੇ ਹੋਏ ਸਾਡੇ ਪੰਜਾਬੀ ਵੀਰਾਂ ਨੇ ਆਜ਼ਾਦੀ ਦਾ ਨਾਦ ਵਜਾਇਆ ਤਾਂ ਅਸੀਂ ਜਾਗੇ ਅਰ ਜਾਗਰਤ ਦਾ ਪਹਿਲਾਂ ਫਲ ਇਹੋ ਹੋਣਾ ਸੀ ਅਰ ਹੋਇਆ ਕਿ ਸਭ ਤੋਂ ਪਹਿਲਾਂ ਆਪ ਨੇ ਧਰਮ ਮੰਦਰਾਂ ਅਰ ਧਾਰਮਿਕ ਚਿੰਨ੍ਹਾਂ ਨੂੰ ਆਜ਼ਾਦ ਕਰਾਉਣ ਲੱਗੇ। ਮਜ਼ਹਬੀ ਆਜ਼ਾਦੀ ਸਾਰਿਆਂ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ। ਗੁਰਦੁਆਰੇ ਗੁਰੂ ਪੰਥ ਦੇ ਹਨ ਅਰ ਜਿਹੜੇ ਗੁਰੂ ਪੰਥ ਦੇ ਪੈਸਿਆਂ ਤੋਂ ਬਣੇ ਹਨ, ਉਨ੍ਹਾਂ ਦੀ ਹਰ ਪ੍ਰਕਾਰ ਦੀ ਸੇਵਾ ਗੁਰੂ ਪੰਥ ਆਪਣੇ ਹਥੀਂ ਕਰਨਾ ਚਾਹੁੰਦਾ ਹੈ ਸੰਤਾਂ ਮਹੰਤਾਂ ਆਦਿਕ ਨੇ ਜੋ ਸੇਵਾ ਸਾਡੇ ਗੁਰਧਾਮਾਂ ਦੀ ਕੀਤੀ ਉਹ ਪ੍ਰਗਟ ਹੈ! ਸਾਡੇ ਲਈ ਇਕ ਇਕ ਮਿੰਟ ਬਗੈਰਤੀ ਦਾ ਜੀਵਨ ਹੈ ਜਦ ਕਿ ਸਾਡੀਆਂ ਅੱਖਾਂ ਸਾਹਮਣੇ ਗੁਰਧਾਮ ਕੁਰੀਤੀਆਂ ਅਰ ਲੁਚਪੁਣੇ ਦਾ ਅੱਡਾ ਬਣੇ ਹੋਏ ਹੋਣ। ਇਨ੍ਹਾਂ ਗੁਰਦੁਆਰਿਆਂ ਦੇ ਸੁਧਾਰ ਵਿਚ ਅਸੀਂ ਕਿਸੇ ਤੇ ਹੱਥ ਨਹੀਂ ਚੁਕਿਆ, ਕਿਸੇ ਨੂੰ ਮਾਰਿਆ ਨਹੀਂ ਸਗੋਂ ਕੁਰਬਾਨੀਆਂ ਦੇ ਕੇ ਆਪਣੇ ਆਪ ਨੂੰ ਮਾਰ ਕੇ ਅਸੀਂ ਸੁਧਾਰ ਕਰ ਰਹੇ ਹਾਂ।

ਸਾਡੇ ਗੁਰਦੁਆਰਿਆਂ ਦੀ ਖ਼ਰਾਬੀ ਵਿਚ ਸਰਕਾਰ ਵੱਲੋਂ ਕਦੀ-ਕਦੀ ਮਦਦ ਭੀ ਮਿਲਦੀ ਰਹੀ ਹੈ ਅਰ ਅਕਸਰ

ਲਾਪਰਵਾਹੀ ਤਾਂ ਜ਼ਰੂਰ ਹੁੰਦੀ ਰਹੀ ਹੈ। ਇਸ ਨਵੇਂ ਸਾਕੇ ਨੇ ਸਰਕਾਰ ਦੀ ਪਾਲੀਸੀ ਤੇ ਲੋਕਾਂ ਦਾ ਸ਼ੱਕ ਬਹੁਤ ਹੀ ਵਧਾ ਦਿੱਤਾ ਹੈ। ਇਸ ਲਈ ਅਸੀਂ ਗਾਂਧੀ ਜੀ ਦੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਾਂ ਕਿ ਸਰਕਾਰ ਇਸ ਇਨਸਾਫ਼ ਲਈ ਬਿਲਕੁਲ ਨਾ ਹੱਥ ਅੜੇ ਜਾਣ। ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਾਣਾ ਸਾਹਿਬ ਨੇ ਭੀ ਸਰਕਾਰੀ ਚਾਲਾਂ ਵੇਖ ਕੇ ਇਹੋ ਗੁਰਮਤਾ ਪਾਸ ਕੀਤਾ ਹੈ ਅਰ ਆਸ ਪੈਂਦੀ ਹੈ ਕਿ ਗਾਂਧੀ ਜੀ ਹੁਣ ਪੜਤਾਲੀ ਕਮੇਟੀ ਦੇ ਪ੍ਰਧਾਨ ਬਣ ਕੇ ਆਪਣੇ ਸੁਨੇਹੇ ਵਿਚ ਦਸੇ ਹੋਏ ਸ਼ੰਕਿਆਂ ਨੂੰ ਦੂਰ ਕਰ ਲੈਣਗੇ।

ਨਾਨਕਾਣੇ ਸਾਹਿਬ ਵਿਚ ਕੀ ਹੋ ਰਿਹਾ ਹੈ ?

ਦੋ ਸੋ ਸਿੱਖਾਂ ਵੀਰਾਂ ਦਾ ਭਾਣ ਹੁੰਦਿਆਂ ਨਿਤਾਣੇ ਹੋ ਕੇ ਸ਼ਹੀਦ ਹੋ ਜਾਣਾ ਦੁਨੀਆਂ ਲਈ ਇਕ ਅਦੁਤੀ ਮਿਸਾਲ ਹੈ। ਭਾਈ ਲਛਮਨ ਸਿੰਘ ਜੀ ਵਰਗਾ ਇਕ ਇਕ ਗੁਰੂ ਦਾ ਬੀਰ ਸੈਂਕੜਿਆਂ ਨੂੰ ਅਗੇ ਧਰ ਲੈਣ ਦਾ ਬਲ ਰੱਖਦਾ ਹੋਇਆ ਗੁਰੂ ਦੇ ਚਰਨਾਂ ਵਿਚ ਬੈਠ ਕੇ ਹੱਥ ਨਹੀਂ ਉਠਾਂਦਾ। ਗੋਲੀਆਂ ਨਾਲ ਵਿੰਨ੍ਹਿਆ ਜਾਂਦਾ ਹੈ, ਛਵ੍ਹੀਆਂ ਨਾਲ ਟੁਕਿਆ ਜਾਂਦਾ ਹੈ ਪਰ ਉਸ ਦੇ ਮੂੰਹ ਵਿੱਚੋਂ 'ਅਕਾਲ' 'ਅਕਾਲ' ਹੀ ਨਿਕਲਦਾ ਹੈ। ਇਸ ਸਾਕੇ ਨੂੰ ਵੇਖਣ ਸੁਣਨ ਵਾਲੇ ਦੁਨੀਆਂ ਦੇ ਵਿਦਵਾਨ ਤੇ ਸਿਆਣੇ ਸਿੱਖ ਸਪਿਰਟ ਤੋਂ ਵਾਰਨੇ ਹਨ। ਫਿਰ ਦੋ ਸੌ ਬੀਰਾਂ ਦੇ ਬੇਦਰਦੀ ਨਾਲ ਕੋਹੇ ਅਤੇ ਸਾੜੇ ਜਾਣ ਮਗਰੋਂ ਤੀਹ ਲੱਖ ਗੁਰੂ ਦੁਲਾਰਿਆਂ ਦਾ ਗਜ਼ਬ ਦਾ ਰੋਹ ਅਤੇ ਗਮ ਨੂੰ ਪੀ ਜਾਣਾ ਕਰਾਮਾਤ ਹੈ ਅਤੇ ਸਿੱਖਾਂ ਦੇ ਉਚ ਜੀਵਨ ਦੀ ਅਦੁਤੀ ਮਸਾਲ ਹੈ।

ਪਰ ਇਸ ਖੂਨੀ ਸਾਕੇ ਦਾ ਨਿਆਂ ਕਰਨ ਉੱਤੇ ਲਾਏ ਹੋਏ ਅਫ਼ਸਰ ਕੀ ਕਰ ਰਹੇ ਹਨ ਅਤੇ ਬੀਰਤਾ ਤੇ ਧੀਰਜ ਦੀ ਜੀਉਂਦੀ ਮਸਾਲ ਨੂੰ ਕਿਸ ਸ਼ਕਲ ਵਿਚ ਦੁਨੀਆਂ ਨੂੰ ਦੱਸਣਾ ਚਾਹੁੰਦੇ ਹਨ ਓਹਿ ਸਾਰਕਾਰੀ ਐਲਾਨ ਪੁਲਿਸ ਦੀਆਂ ਰਿਪੋਰਟਾਂ ਅਤੇ ਅਖ਼ਬਾਰਾਂ ਵਿਚ ਫ਼ੈਲਾਈਆਂ ਜਾ ਰਹੀਆਂ ਖ਼ਬਰਾਂ ਉੱਤੇ ਵਿਚਾਰ ਕਰਨ ਤੋਂ ਪਤਾ ਲੱਗੇਗਾ। ੭ ਮਾਰਚ ਨੂੰ ਹੇਠਾਂ ਲਿਖਿਆ ਸਰਕਾਰੀ ਐਲਾਨ ਨਿਕਲਿਆ ਹੈ—

ਨਾਨਕਾਣਾ ਸਾਹਿਬ ਦੇ ਅਗੇ ਪਿੱਛੋਂ ਬਦਮਾਸ਼ ਲੋਕਾਂ ਨੇ ਜੋ ਵਧੀਕੀਆਂ ਕੀਤੀਆਂ ਹਨ ਉਨ੍ਹਾਂ ਸਬੰਧੀ ਬਰਾਬਰ ਸ਼ਕਾਇਤਾਂ ਆ ਰਹੀਆਂ ਹਨ। ਬਿਆਨ ਕੀਤਾ ਗਿਆ ਹੈ ਕਿ ਫ਼ਸਲਾਂ ਉਪਰ ਕਬਜ਼ਾ ਕੀਤਾ ਗਿਆ ਹੈ, ਆਦਮੀਆਂ ਨੂੰ ਪਕੜਿਆ ਗਿਆ ਹੈ ਅਤੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ ਹੈ, ਤੀਵੀਆਂ ਨਾਲ ਛੇੜ ਛਾੜ ਕੀਤੀ ਗਈ ਹੈ। ਇਥੋਂ ਤੀਕਣ ਕਿ ਕਈ ਪਿੰਡਾਂ ਦੇ ਲੋਕ ਆਪਣੇ ਘਰ ਛਡ ਕੇ ਭੱਜ ਗਏ ਹਨ। ਖ਼ਾਸ ਨਾਨਕਾਣੇ ਸਾਹਿਬ ਵਿਚ ਮਕਾਨਾਂ ਉੱਤੇ ਕਬਜ਼ਾ ਕੀਤਾ ਗਿਆ ਤੇ ਹਿੰਦੂ ਮੂਰਤੀਆਂ ਦੀ ਬੇਪਤੀ ਕੀਤੀ ਗਈ ਇਸ ਲਈ ਉਥੇ ਅਮਨ ਕਾਇਮ ਰੱਖਣ ਲਈ ਹੋਰ ਫ਼ੌਜ ਭੇਜੀ ਗਈ ਹੈ।

ਇਸੇ ਤਰ੍ਹਾਂ ਦੇ ਐਲਾਨ ਪਹਿਲਾਂ ਵੀ ਨਿਕਲਦੇ ਰਹੇ ਹਨ ਅਤੇ ਪਤਾ ਲੱਗਦਾ ਹੈ ਕਿ ਪੁਲਿਸ ਨਾ ਹੁਣ ਤਕ ਸੱਠ ਸਤ੍ਰ ਦੇ ਕਰੀਬ ਪਰਚੇ ਚਾਕ ਕਰ ਕੇ ਭੇਜੇ ਹਨ ਜਿਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਰਿਪੋਰਟਾਂ ਹਨ।

ਕੱਲ ਐਸੋਸੀਏਟਿਡ ਪ੍ਰੈਸ ਵੱਲੋਂ ਅਖ਼ਬਾਰਾਂ ਵਿਚ ਛਪਿਆ ਹੈ। ਜਿਸਦਾ ਭਾਵ ਇਹ ਹੈ "ਹਜ਼ਾਰਾਂ ਸਿੱਖ ਭੜਕੇ ਹੋਏ ਨਨਕਾਣੇ ਸਾਹਿਬ ਦੇ ਲਾਗੇ ਇਕੱਠੇ ਹੋਏ ਹਨ। ਕੁਹਾੜੇ ਲਈ ਫ਼ੌਜੀ ਤਰੀਕੇ ਨਾਲ ਫਿਰ ਰਹੇ ਹਨ ਉਨ੍ਹਾਂ ਦੀ ਬਹੁਤ ਗਿਣਤੀ ਹੈ ਤੇ ਜ਼ੋਰ ਨਾਲ ਪੜਤਾਲ ਵਿਚ ਰੋਕ ਪਾ ਰਹੇ ਹਨ। ਗਿਰਦੇ ਦੇ ਹਿੰਦੂ ਮੁਸਲਮਾਨ ਡਰਦੇ ਮਾਰੇ ਨੱਸੀ ਜਾ ਰਹੇ ਹਨ, ਲੋਕਾਂ ਪਾਸੋਂ ਜ਼ੋਰੋ ਜ਼ੋਰੀ ਰਸਦ ਲੈਣ ਦੀਆਂ ਕਹਾਣੀਆਂ ਸੁਣੀਂਦੀਆਂ ਹਨ। ਸੁਣਿਆ ਹੈ ਕਿ ਸਿੱਖਾਂ ਨੇ ਦਰੀਆ ਸਟੇਸ਼ਨ ਦੇ ਲਾਗੇ ਸ਼ਿਵ ਜੀ ਦੇ ਮੰਦਰ ਦੀ ਬੇ ਅਦਬੀ ਕੀਤੀ ਹੈ, ਇਕ ਮੁਸਲਮਾਨ ਦੀ ਕਬਰ ਪੱਟੀ ਹੈ। ਹਾਲਤ ਨਾਜ਼ੁਕ ਹੋ ਰਹੀ ਹੈ, ਆਦਿਕ। ਉਪਰੋਕਤ ਬਿਆਨਾਂ ਅਤੇ ਰਿਪੋਰਟਾਂ ਤੋਂ ਜਾਪਦਾ ਹੈ ਕਿ—

੧. ਸਿੱਖਾਂ ਦਾ ਵਤੀਰਾ ਬਾਗੀਆਂ ਵਾਲਾ ਹੈ।

੨. ਸਿੱਖ, ਹਿੰਦੂਆਂ ਅਤੇ ਮੁਸਲਮਾਨਾਂ ਦੇ ਵੀ ਵਿਰੁਧ ਹਨ। ਉਨ੍ਹਾਂ ਦੇ ਦਿਲ ਦੁਖਾ ਰਹੇ ਹਨ।

੩. ਸਿੱਖਾਂ ਦੇ ਚਾਲ ਚਲਣ ਗਿਰੇ ਹੋਏ ਹਨ।

੪. ਸਿੱਖਾਂ ਵੱਲੋਂ ਬਲਵੇ ਦਾ ਖ਼ਤਰਾ ਹੈ।

ਸਾਡੇ ਪਾਸ ਕੱਲ ਖ਼ਾਸ ਨਨਕਾਣੇ ਸਾਹਿਬ ਤੋਂ ਕਈ ਪ੍ਰਤਿਸ਼ਠਤ ਸੱਜਣ ਆਏ ਹਨ ਜੋ ਦਸਦੇ ਹਨ ਕਿ ਉਥੇ ਐਸੇ ਵੇਲੇ ਕੇਵਲ ਤਿੰਨ ਚਾਰ ਸੌ ਸਿੰਘ ਹਨ ਜੋ ਸੇਵਾ ਅਤੇ ਪ੍ਰਬੰਧ ਕਰਦੇ ਹਨ। ਨਾ ਕੋਈ ਕਬਰ ਗਿਰਾਈ ਹੈ ਨਾ

ਕਿਸੇ ਮੂਰਤੀ ਜਾਂ ਮੰਦਰ ਦੀ ਬੇਅਦਬੀ ਹੋਈ ਹੈ ਅਤੇ ਨਾ ਹੀ ਹੋਰ ਵਾਰਦਾਤ ਸਿੱਖਾਂ ਵੱਲੋਂ ਹੋਈ ਹੈ। ਨਾ ਹੀ ਕਿਸੇ ਆਦਮੀ ਜਾਂ ਤੀਵੀਂ ਨਾਲ ਕੋਈ ਵਧੀਕੀ ਕੀਤੀ ਗਈ ਹੈ। ਸ. ਹੁਕਮ ਸਿੰਘ ਜੀ ਰਈਸ ਮਿੰਟਗੁਮਰੀ ਨੇ ਦੱਸਿਆ ਕਿ ਨਨਕਾਣੇ ਸਾਹਿਬ ਵਿਚ ਪੱਟੀ ਸਾਹਿਬ (ਅਟਾਰੀ ਸਾਹਿਬ) ਗੁਰਦੁਆਰੇ ਦੇ ਮਹੰਤ ਨੂੰ ਜੋ ਪਾਕ ਪਟਨ ਵੱਲ ਗਿਆ ਹੋਇਆ ਸੀ ਚੇਲੇ ਨੇ ਚਿਠੀ ਪਾਈ ਕਿ ਇਥੇ ਸਿੱਖਾਂ ਨੇ ਮੂਰਤੀਆਂ ਤੋੜ ਦਿੱਤੀਆਂ ਹਨ, ਸਭ ਕੁਝ ਲੁਟ ਗਿਆ ਹੈ ਤੇ ਮਕਾਨਾਂ ਉੱਤੇ ਕਬਜ਼ਾ ਕਰ ਲਿਆ ਹੈ। ਆਦਿਲ ਇਸੇ ਚਿੱਠੀ ਉੱਤੇ ਪਾਕ ਪਟਨ ਦੇ ਹਿੰਦੂਆਂ ਨੇ ਸਿੱਖਾਂ ਦੇ ਵਿਰੁੱਧ ਜਲਸਾ ਵੀ ਕਰ ਦਿੱਤਾ ਸਰਦਾਰ ਜੀ ਇਸ ਮਾਮਲੇ ਸਬੰਧੀ ਆਪ ਨਾਨਕਾਣੇ ਸਾਹਿਬ ਆਏ ਮਹੰਤ ਨੂੰ ਨਾਲ ਲੈ ਕੇ ਅਟਾਰੀ ਸਾਹਿਬ ਗਏ ਉਥੇ ਵੇਖ ਕੇ ਹੈਰਾਨ ਹੋਏ ਕਿ ਇਕ ਕੱਖ ਵੀ ਨਹੀਂ ਸੀ ਹਿਲਿਆ ਹੋਇਆ। ਸਭ ਸਹੀ ਸਲਾਮਤ ਸੀ। ਮਹੰਤ ਸਿੱਖਾਂ ਦੇ ਵਤੀਰੇ ਤੇ ਅਤੀ ਪ੍ਰਸੰਨ ਹੋਇਆ ਅਤੇ ਚਿੱਠੀ ਪਾਣ ਵਾਲੇ ਉੱਤੇ ਨਾਰਾਜ਼ ਹੋਇਆ। ਕਹਿੰਦੇ ਹਨ ਕਿ ਪੁਲਿਸ ਨੇ ਪਹਿਲੀ ਸਿੱਖਾਂ ਦੇ ਵਿਰੁੱਧ ਰਿਪੋਰਟ ਇਥੋਂ ਹੀ ਆਰੰਭ ਕੀਤੀ ਸੀ। ਸ. ਉਤਮ ਸਿੰਘ ਜੀ ਦੇ ਵਿਰੁੱਧ ਵੀ ਪੁਲਿਸ ਨੇ ਪ੍ਰਚਾਰ ਕੀਤਾ ਤੇ ਮਾਈ ਕਿਸ਼ਨ ਦੇਵੀ ਮਹੰਤਨੀ ਵੱਲੋਂ ਇਲਜ਼ਾਮ ਲੱਗਾਇਆ ਗਿਆ ਕਿ ਉਤਮ ਸਿੰਘ ਨੇ ਸਿੰਘ ਨਾਲ ਲਿਆ ਕੇ ਉਸ ਦਾ ਮਾਲ ਡੰਗਰ ਤੇ ਅਸਬਾਬ ਲੁੱਟ ਖੜਿਆ ਹੈ। ਆਖਰ ਇਹ ਗੱਲ ਵੀ ਝੂਠੀ ਸਾਬਤ ਹੋਈ।

ਇਹ ਵੀ ਬਿਆਨ ਕੀਤਾ ਗਿਆ ਹੈ ਦੋ ਚਾਰ ਪੁਲਿਸ ਵਾਲਿਆਂ ਨੇ ਕੁਝ ਮੁਸਲਮਾਨਾਂ ਨੂੰ ਨਾਲ ਰਲਾ ਕੇ ਨਨਕਾਣੇ ਸਾਹਿਬ ਵਿਚੋਂ ਇਕ ਮਸੀਤ ਗਿਰਾ ਕੇ ਸਿੱਖਾਂ ਦੇ ਮਥੇ ਮੜ੍ਹਨ ਦੀ ਗੋਂਦ ਗੁੰਦੀ, ਜਿਸ ਦਾ ਸਿੱਖਾਂ ਨੂੰ ਪਤਾ ਲੱਗ ਗਿਆ ਹੈ। ਡਿਪਟੀ ਕਮਿਸ਼ਨਰ ਨੂੰ ਆਖ ਕੇ ਮਸੀਤ ਉੱਤੇ ਪਹਿਰੇ ਲਵਾ ਦਿੱਤੇ ਗਏ ਤੇ ਬਚਾਅ ਹੋ ਗਿਆ।

ਇਨ੍ਹਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਮਾਮਲੇ ਨੂੰ ਵਿਗਾੜਨ ਵਾਸਤੇ ਅਜਿਹੀਆਂ ਤਾਕਤਾਂ ਕੰਮ ਕਰ ਰਹੀਆਂ ਹਨ ਜੋ ਸਿੱਖਾਂ ਹਿੰਦੂਆਂ, ਮੁਸਲਮਾਨਾਂ ਨਾਲ ਲੜਾ ਕੇ ਜਾਂ ਸਰਕਾਰ ਲਈ ਵਾਰ ਕਰਨ ਦਾ ਕੋਈ ਮੌਕਾ ਪੈਦਾ ਕਰਨ। ਇਸ ਸੁਧਾਰਕ ਲਹਿਰ ਨੂੰ ਤਬਾਹ ਕਰਨੀਆਂ ਚਾਹੁੰਦੀਆਂ ਹਨ ਅਤੇ ਕੌਮੀ ਤੇ ਮੁਲਕੀ ਆਜ਼ਾਦੀ ਦੇ ਰਾਹ ਵਿਚ ਪਹਾੜ ਖੜਾ ਕਰਨੀਆਂ ਚਾਹੁੰਦੀਆਂ ਹਨ। ਅਸੀਂ ਆਸ ਰੱਖਦੇ ਹਾਂ ਕਿ ਹਿੰਦੂ ਮੁਸਲਮਾਨ ਭਰਾ ਇਨ੍ਹਾਂ ਭੁਲੇਖਿਆ ਤੇ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਣਗੇ।

ਜ਼ਰੂਰੀ ਬੇਨਤੀ

(ਵੱਲੋਂ ਲਾਲਾ ਨੰਦ ਗੁਪਾਲ ਜੀ ਸੈਕ੍ਰਟਰੀ ਸਵਰਾਜ ਆਸ਼ਰਮ ਅੰਮ੍ਰਿਤਸਰ)

ਮੈਂ ਆਪਣੇ ਦੋ ਸੱਜਣਾਂ ਸਣੇ ੩ ਮਾਰਚ ਨੂੰ ਨਨਕਾਣੇ ਸਾਹਿਬ ਤੋਂ ਲਾਇਲਪੁਰ ਜਾ ਰਿਹਾ ਸੀ ਰਸਤੇ ਵਿਚ ਸਾਨੂੰ ਇਕ ਸਾਧੂ ਮਿਲੇ, ਇਹ ਸਵਾਮੀ ਜੀ ਨਾਨਕਾਣਾ ਸਾਹਿਬ ਤੋਂ ਵਾਪਸ ਆ ਰਹੇ ਸਨ ਇਹ ਅੰਬਾਲੇ ਦੇ ਜ਼ਿਲ੍ਹੇ ਵੱਚੋਂ ਦਰਸ਼ਨ ਲਈ ਆਏ ਸਨ। ਇਨ੍ਹਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਗੁਰਦੁਆਰੇ ਵਿਚ ਜਾਨ ਤੋਂ ਕੇਵਲ ਇਸ ਲਈ ਰੋਕਿਆ ਗਿਆ ਕਿਉਂ ਜੋ ਉਨ੍ਹਾਂ ਨੇ ਭਗਵੇਂ ਕੱਪੜੇ ਪਾਏ ਹੋਏ ਸਨ ਉਨ੍ਹਾਂ ਨੇ ਇਹ ਵੀ ਦੱਸ ਦਿੱਤਾ ਸੀ ਕਿ ਉਨ੍ਹਾਂ ਦੇ ਨਾਲ ਇਹ ਸਲੂਕ ਕਿਸੇ ਜ਼ਿੰਮੇਵਾਰ ਸੱਜਣ ਵੱਲੋਂ ਨਹੀਂ ਸੀ, ਸਿਰਫ਼ ਇਹ ਆਮ ਸੱਜਣਾਂ ਵੱਲੋਂ ਸੀ।

ਸੱਚ ਤਾਂ ਇਹ ਹੈ ਕਿ ਖਾਲਸਾ ਜੀ ਵਿਚ ਮਹੰਤਾਂ ਤੇ ਅਤਿਆਚਾਰ ਕਰ ਕੇ ਵਾਜਬੀ ਤੌਰ ਤੇ ਬਹੁਤ ਨਰਾਜ਼ਗੀ ਫ਼ੈਲੀ ਹੋਈ ਹੈ। ਇਸ ਲਈ ਉਹ ਜਿਸ ਕਿਸੇ ਨੂੰ ਗੇਰੂਏ ਕੱਪੜਿਆਂ ਵਿਚ ਵੇਖਦੇ ਹਨ, ਉਹ ਉਸ ਨੂੰ ਹੀ ਮਹੰਤਾਂ ਦਾ ਸਾਥੀ ਮਦਦਗਾਰ ਸਮਝਦੇ ਹਨ। ਸੱਪ ਦਾ ਡਰਿਆ ਰੱਸੀ ਕੋਲੋਂ ਵੀ ਡਰਦਾ ਹੈ।

ਅਜੇ ਥੋੜ੍ਹਾ ਹੀ ਸਮਾਂ ਹੋਇਆ ਹੈ ਜੋ ਮੈਨੂੰ ਸਵਾਮੀ ਵਚਾਰਾ ਨੰਦ ਜੀ ਮਿਲੇ ਸਨ। ਸਵਾਮੀ ਜੀ ਉਨ੍ਹਾਂ ਵਿਰਲੇ ਸਾਧੂਆਂ ਵਿੱਚੋਂ ਹਨ ਜਿਨਾਂ ਨੇ ਦੇਸ਼ ਦੀ ਸੇਵਾ ਲਈ ਆਪਣੀ ਜਾਨ ਤਲੀ ਉੱਤੇ ਰੱਖੀ ਹੋਈ ਹੈ। ਉਨ੍ਹਾਂ ਨੇ ਵੀ ਮੈਨੂੰ ਦੱਸਿਆ ਕਿ ਗੱਡੀ ਵਿਚ ਸਫ਼ਰ ਕਰਦਿਆਂ ਕੁਝ ਕੁ ਸਿੱਖ ਵੀਰਾਂ ਨੇ ਉਨ੍ਹਾਂ ਬਹੁਤ ਭਲਾ ਬੁਰਾ ਕਿਹਾ ਤੇ ਆਮ ਸਾਧੂਆਂ ਨੂੰ ਬਹੁਤ ਕੁਝ ਗਾਲ ਗਲੋਚ ਕੀਤਾ।

ਇਨ੍ਹਾਂ ਗੱਲਾਂ ਨੂੰ ਸੁਣ ਕੇ ਦਾਸ ਨੇ ਇਹ ਜ਼ਰੂਰੀ ਸਮਝਿਆ ਹੈ ਕਿ ਆਪਣੇ ਵੀਰਾਂ ਦੀ ਸੇਵਾ ਵਿਚ ਬੜੀ ਅਧੀਨਗੀ ਨਾਲ ਬੇਨਤੀ ਕਰ ਦੇਵਾਂ। ਸਾਡੇ ਖਾਲਸਾ ਵੀਰ ਜਿਹੜੇ ਮੁਲਕੀ ਮੁਆਮਲਿਆਂ ਵਿਚ ਦਿਲਚਸਪੀ ਲੈਂਦੇ ਹਨ ਉਨ੍ਹਾਂ ਨੂੰ ਪਤਾ ਹੈ ਕਿ ਸਾਡੇ ਦੇਸ਼ ਭਗਤਾਂ ਵਿੱਚੋਂ ਕਈ ਅਜਿਹੇ ਸੱਜਣ ਹਨ ਜਿਨ੍ਹਾਂ ਨੇ ਆਪਣੇ ਸਭ ਸੁਖ ਆਰਾਮ ਛਡ

ਕੇ ਸੰਨਿਆਸ ਧਾਰਨ ਕਰ ਲਿਆ ਹੈ। ਸ੍ਰੀ ਸ਼ੰਕਰਾਚਾਰਯ ਜੀ, ਸਵਾਮੀ ਸ਼ਰਧਾ ਨੰਦ ਜੀ, ਸਵਾਮੀ ਸਭਯ ਦੇਵ ਜੀ, ਸਵਾਮੀ ਵਿਚਾਰਾਨੰਦ ਜੀ ਦੇ ਨਾਵਾਂ ਤੋਂ ਹਰ ਇਕ ਆਦਮੀ ਵਾਕਫ਼ ਹੈ। ਇਹ ਸਭ ਮਹਾਤਮਾ ਗੇਰੂਏ ਕੱਪੜੇ ਪਾਉਂਦੇ ਹਨ ਅਤੇ ਸੰਨਿਆਸੀ ਹਨ।

ਅਸਲ ਤਾਂ ਇਹ ਹੈ ਕਿ ਲੋਕੀ ਮੁੱਢ ਕਦੀਮ ਤੋਂ ਗੇਰੂਏ ਰੰਗ ਦੀ ਕਦਰ ਕਰਦੇ ਰਹੇ ਹਨ, ਏਥੋਂ ਤਕ ਕਿ ਕਈ ਠਗ ਅਤੇ ਦੁਰਾਚਾਰੀ ਭੀ ਇਹ ਕੱਪੜੇ ਪਾ ਕੇ ਲੋਕਾਂ ਨੂੰ ਧੋਖਾ ਦੇਂਦੇ ਰਹੇ ਹਨ। ਅੱਜ ਇਹ ਹਾਲਤ ਹੈ ਕਿ ਨਨਕਾਣੇ ਸਾਹਿਬ ਦੁਸ਼ਟ ਮਹੰਤਾਂ ਦੇ ਪਾਪ ਕਰਨ ਨੇ, ਅਤਿ ਭਲੇਮਾਣਸ ਆਦਮੀ ਦਾ ਭੀ ਬੇਇਜ਼ਤੀ ਹੋਣੀ ਸ਼ੁਰੂ ਹੋ ਗਈ ਹੈ। ਸੱਚ ਤਾਂ ਇਹ ਹੈ ਕਿ ਇਹ ਮਹਾਤਮਾ ਭੀ ਉਨ੍ਹਾਂ ਨੀਚਾਂ ਨੂੰ ਅਜੇਹੀ ਘ੍ਰਿਣਾ ਨਾਲ ਵੇਖਦੇ ਹਨ। ਪਰੰਤੂ ਉਹ ਗਰੂਏ ਰੰਗ ਤੇ ਘਬਰਾਉਂਦੇ ਹਨ ਕਿ ਕਿਤੇ ਉਨ੍ਹਾਂ ਦੀ ਬੇਇਜ਼ਤੀ ਨਾ ਹੋਵੇ।

ਗਿਆਨੀ ਰਘਬੀਰ ਸਿੰਘ ਜੀ ਜਲੰਧਰ ਵਾਲੇ, ਪ੍ਰਸਿੱਧ ਦੇਸ਼ ਭਗਤ ਹਨ। ਪਰੰਤੂ ਜਦ ਉਹ ਭੀ ਸਰੀਂਹ ਦੇ ਦੀਵਾਨ ਵਿਚ ਜਿਹੜਾ ਕਿ ਨਨਾਕਣੇ ਸਾਹਿਬ ਦੇ ਲਾਗੇ ਹੈ, ਗਏ ਤਾਂ ਆਪਣੀ ਪਗੜੀ, ਜਿਹੜੀ ਗੇਰੂਆ ਸੀ, ਬਦਲ ਲਈ।

ਇਨ੍ਹਾਂ ਸਾਰੀਆਂ ਗੱਲਾਂ ਦੇ ਦੱਸਣ ਦਾ ਇਹ ਭਾਵ ਹੈ ਕਿ ਸਾਨੂੰ ਔਕੜ ਵੇਲੇ ਬੜੀ ਗੰਭੀਰਤਾ ਅਤੇ ਸ਼ਾਂਤੀ ਨਾਲ ਕੰਮ ਕਰਨਾ ਚਾਹੀਦਾ ਹੈ। ਨਾ ਤੇ ਕੇਵਲ ਗੇਰੂਏ ਕੱਪੜਿਆਂ ਪਿੱਛੇ ਹਰ ਕਿਸੇ ਦੀ ਇਜ਼ੱਤ ਕਰਣੀ ਚਾਹੀਦੀ ਹੈ ਅਤੇ ਨਾ ਹੀ ਕਿਸੇ ਇਸ ਕਸੂਰ ਬਦਲੇ ਕਿ ਉਸ ਨੇ ਗੇਰੂਏ ਕੱਪੜੇ ਪਾਏ ਹਨ, ਉਨ੍ਹਾਂ ਦਾ ਦੁਸ਼ਮਨ ਬਣ ਜਾਣਾ ਚਾਹੀਦਾ ਹੈ। ਇਸ ਗ਼ਲਤੀ ਦਾ ਸਿੱਟਾ ਬੜਾ ਹਾਨੀਕਾਰਕ ਹੋਵੇਗਾ ਅਤੇ ਖ਼ਤਰਾ ਇਹ ਹੈ ਕਿ ਹਿੰਦੂ ਭਰਾ ਕਿਸੇ ਤਰ੍ਹਾਂ ਇਸ ਨੂੰ ਮੰਜ਼੍ਹਬੀ ਤੌਰ ਤੇ ਬੁਰਾ ਨਾ ਸਮਝਣ ਲੱਗ ਜਾਣ ਅਤੇ ਖਾਲਸਾ ਜੀ ਦੇ ਸ਼ਾਂਤ ਮਈ ਅਤੇ ਭਾਣਾ ਮੰਨਣ ਵਾਲੇ ਸਿਦਕ ਉੱਤੇ ਇਹ ਦਾਗ ਨਾ ਲੱਗ ਜਾਵੇ।

ਅੰਤ ਵਿਚ ਮੈਂ ਭਾਈ ਕਰਤਾਰ ਸਿੰਘ ਜੀ ਝਬਰ, ਭਾਈ ਤੇਜਾ ਸਿੰਘ ਜੀ ਅਤੇ ਪ੍ਰਿੰਸੀਪਲ ਜੋਧ ਸਿੰਘ ਜੀ ਅਤੇ ਹੋਰ ਸਿੱਖ ਮੁਖੀ ਵੀਰਾਂ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਜਦੋਂ ਸੰਗਤਾਂ ਨਨਕਾਣੇ ਸਾਹਿਬ ਆਉਣ ਤਾਂ ਉਨ੍ਹਾਂ ਨੂੰ ਇਹ ਬੇਨਤੀ ਪਹੁੰਚਾ ਦੇਣਾ। ਖਾਲਸਾ ਜੀ ਨੂੰ ਨਾਨਕਾਣਾ ਸਾਹਿਬ ਜੀ ਦੇ ਸ਼ਹੀਦਾਂ ਦੇ ਪੂਰਨਿਆਂ ਉੱਤੇ ਚਲਣਾ ਚਾਹੀਦਾ ਹੈ। ਜਿਨ੍ਹਾਂ ਨੇ ਖੁਸ਼ੀ ਨਾਲ ਮੌਤ ਨੂੰ ਕਬੂਲ ਕੀਤਾ ਅਤੇ ਉਂਗਲੀ ਤਕ ਨਾ ਉਠਾਈ। ਮੈਂ ਉਮੀਦ ਕਰਦਾ ਹਾਂ ਕਿ ਸਾਡੇ ਜਥੇਦਾਰ ਅਗੋਂ ਕਿਸੇ ਗ਼ੈਰ ਜ਼ਿੰਮੇਵਾਰ ਆਦਮੀ ਨੂੰ ਅਜਿਹਾ ਮੌਕਾ ਨਾ ਦੇਣਗੇ। ਜੇ ਉਹ ਗ਼ਲਤੀ ਵਿਚ ਪੈ ਕੇ ਕੋਈ ਅਜਿਹੀ ਕਾਰਵਾਈ ਕਰੇ ਜਿਸ ਤੋਂ ਖਾਲਸਾ ਪੰਥ ਦੇ ਨਾਉਂ ਉੱਤੇ ਦਾਗ ਲੱਗੇ।

ਨਾਨਕਾਣੇ ਸਾਹਿਬ ਜੀ ਦੇ ਸ਼ਹੀਦਾ ਦੀ ਫਹਿਰਿਸਤ

ਸ੍ਰੀ ਨਾਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਪਹਿਲੀ ਫਹਿਰਿਸਤ ਇਸ ਪ੍ਰਕਾਰ ਹੈ। ਬਾਕੀ ਜਿਉਂ ਜਿਉਂ ਪੂਰਾ ਪਤਾ ਲੱਗਦਾ ਜਾਵੇਗਾ, ਇਤਲਾਹ ਦਿੱਤੀ ਜਾਇਆ ਕਰੇਗੀ—ਦਾਸ ਸਕੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ।

ਨੰ	ਨਾਮ	ਪਿਤਾ ਦਾ ਨਾਮ	ਪਿੰਡ
੧.	ਭਾਈ ਸੇਵਾ ਸਿੰਘ	ਭਾਈ ਈਸ਼ਰ ਸਿੰਘ	ਨਿਜ਼ਾਮ ਪੁਰ ਮੂਲਾ
੨.	ਭਾਈ ਬੂੜ ਸਿੰਘ	ਭਾਈ ਮਲ ਸਿੰਘ	ਸਿੰਘ ਵਾਲਾ ਡਾ.
੩.	ਭਾਈ ਸੁਰੈਣ ਸਿੰਘ	ਭਾਈ ਰਾਮ ਸਿੰਘ	ਕੜਕਨ ਜਿ: ਸ਼ੇਖੂਪੁਰਾ
੪.	ਭਾਈ ਸੰਤਾ ਸਿੰਘ	ਭਾਈ ਮੋਹਰ ਸਿੰਘ	
੫.	ਭਾਈ ਗੁਜਰ ਸਿੰਘ	ਭਾਈ ਝੰਡਾ ਸਿੰਘ	ਨਿਜਾਮ ਪੁਰ ਚੇਲੇ
੬.	ਭਾਈ ਚੰਦਾ ਸਿੰਘ	ਭਾਈ ਹੁਕਮ ਸਿੰਘ	ਵਾਲਾ ਡਾ: ਕੜਕਨ,
੭.	ਭਾਈ ਗੰਗਾ ਸਿੰਘ	ਭਾਈ ਹੁਕਮ ਸਿੰਘ	ਜ਼ਿਲ੍ਹਾ ਸ਼ੇਖੂਪੂਰਾ
੮.	ਭਾਈ ਵਰਿਆਮ ਸਿੰਘ	ਭਾਈ ਭਾਗ ਸਿੰਘ	
੯.	ਭਾਈ ਟੈਹਲ ਸਿੰਘ	ਭਾਈ ਚੰਦਾ ਸਿੰਘ	
੧੦.	ਭਾਈ ਸੁਰੈਣ ਸਿੰਘ	ਭਾਈ ਮਿਤ ਸਿੰਘ	

੧੧.	ਭਾਈ ਕੇਸਰ ਸਿੰਘ	ਭਾਈ ਪਾਲ ਸਿੰਘ	
੧੨.	ਭਾਈ ਦਲ ਸਿੰਘ	ਭਾਈ ਮਸਦਾ ਸਿੰਘ	
੧੩.	ਭਾਈ ਰਾਮ ਸਿੰਘ	ਭਾਈ ਦਲ ਸਿੰਘ	
੧੪.	ਭਾਈ ਭਾਗ ਸਿੰਘ	ਭਾਈ ਅਮੀਰ ਸਿੰਘ	
੧੫.	ਭਾਈ ਜੁਵਾਲਾ ਸਿੰਘ	ਭਾਈ ਕੇਸਰ ਸਿੰਘ	ਨਿਜਾਮ ਪੁਰ ਦੇਵਾ
੧੬.	ਭਾਈ ਸੁੰਦਰ ਸਿੰਘ	ਭਾਈ ਚੰਦਾ ਸਿੰਘ	ਸਿੰਘ ਵਾਲਾ ਚੱਕ
੧੭.	ਭਾਈ ਖੁਸ਼ਹਾਲ ਸਿੰਘ	ਭਾਈ ਸੁਧ ਸਿੰਘ	ਨੰ: ੩੮ ਜ਼ਿਲ੍ਹਾ ਸ਼ੇਖੂਪੁਰਾ
੧੮.	ਭਾਈ ਹਰਨਾਮ ਸਿੰਘ	ਭਾਈ ਈਸ਼ਰ ਸਿੰਘ	
੧੯.	ਭਾਈ ਨਰੈਣ ਸਿੰਘ	ਭਾਈ ਪਹੂ ਸਿੰਘ	
੨੦.	ਭਾਈ ਪੰਜਾਬ ਸਿੰਘ	ਭਾਈ ਪਹੂ ਸਿੰਘ	
੨੧.	ਭਾਈ ਬੱਗਾ ਸਿੰਘ	ਭਾਈ ਗੰਗਾ ਸਿੰਘ	
੨੨.	ਭਾਈ ਜਵੰਦ ਸਿੰਘ	ਭਾਈ ਆਲਾ ਸਿੰਘ	
੨੩.	ਭਾਈ ਬਗਵਾਨ ਸਿੰਘ	ਭਾਈ ਲੈਹਣਾ ਸਿੰਘ	
੨੪.	ਭਾਈ ਸੰਤਾ ਸਿੰਘ	ਭਾਈ ਨੰਦ ਸਿੰਘ	
੨੫.	ਭਾਈ ਹਰਨਾਮ ਸਿੰਘ	ਭਾਈ ਸੁੰਦਰ ਸਿੰਘ	
੨੬.	ਭਾਈ ਇੰਦਰ ਸਿੰਘ	ਭਾਈ ਮਤਾਬ ਸਿੰਘ	ਸ਼ਾਹ ਕੋਟ ਜ਼ਿਲ੍ਹਾ ਸੇਖੂਪੁਰਾ
੨੭.	ਭਾਈ ਗੁਲਾਬ ਸਿੰਘ	ਭਾਈ ਹੀਰ ਸਿੰਘ	
੨੮.	ਭਾਈ ਗੁਰਬਖ਼ਸ਼ ਸਿੰਘ	ਭਾਈ ਚੰਦਾ ਸਿੰਘ	
੨੯.	ਭਾਈ ਦੀਵਾਨ ਸਿੰਘ	ਭਾਈ ਹੀਰਾ ਸਿੰਘ	
੩੦.	ਭਾਈ ਢੇਰਾ ਸਿੰਘ	ਭਾਈ ਜੈਮਲ ਸਿੰਘ	
੩੧.	ਭਾਈ ਇੰਦਰ ਸਿੰਘ	ਭਾਈ ਸਰਮੁਖ ਸਿੰਘ	
੩੨.	ਭਾਈ ਹਰੀ ਸਿੰਘ	ਭਾਈ ਸੇਵਾ ਸਿੰਘ	
੩੩.	ਭਾਈ ਮੋਹਨ ਸਿੰਘ	ਭਾਈ ਸ਼ੇਰ ਸਿੰਘ	ਧੰਨੂਆਣਾ ਚੱਕ ੬੧ ਰੱਖ
੩੪.	ਭਾਈ ਹੁਕਮ ਸਿੰਘ	ਭਾਈ ਮਈਆ ਸਿੰਘ	ਬਰਾਂਚ ਜ਼ਿਲ੍ਹਾ ਲਾਇਲਪੁਰ
੩੫.	ਭਾਈ ਵਰਿਆਮ ਸਿੰਘ	ਭਾਈ ਬੂਟਾ ਸਿੰਘ	
੩੬.	ਭਾਈ ਦਸੌਂਧਾ ਸਿੰਘ	ਭਾਈ ਹੀਰਾ ਸਿੰਘ	
੩੭.	ਭਾਈ ਸੁੰਦਰ ਸਿੰਘ	ਭਾਈ ਬਿਸ਼ਨ ਸਿੰਘ	
੩੮.	ਭਾਈ ਠਾਕਰ ਸਿੰਘ	ਭਾਈ ਇੰਦਰ ਸਿੰਘ	
੩੯.	ਭਾਈ ਬੰਤਾ ਸਿੰਘ	ਭਾਈ ਭੋਲਾ ਸਿੰਘ	ਚੱਕ ੭੬ ਸਰੇਸ਼ਨ ਬਰਬਰ, ਥਿਆੜਾ
੪੦.	ਭਾਈ ਲਛਮਨ ਸਿੰਘ	ਭਾਈ ਨਾਨਕ ਸਿੰਘ	ਚੱਕ ੮੩ ਤਸੀਲ ਖਾਨਗਾਹ
੪੧.	ਭਾਈ ਕਰਮ ਸਿੰਘ	ਭਾਈ ਹੁਕਮ ਸਿੰਘ	ਡੋਗਰਾ
੪੨.	ਭਾਈ ਨਰੈਣ ਸਿੰਘ	ਭਾਈ ਜਵਾਹਰ ਸਿੰਘ	ਚੱਕ ੭੫ ਲੋਹਨੇ ਡਾ:
੪੩.	ਭਾਈ ਮੈਂਹਗਾ ਸਿੰਘ	ਭਾਈ ਝੰਡਾ ਸਿੰਘ	ਖੁਰੜਿਆਂ ਵਾਲਾ ਲਾਇਲਪੁਰ
੪੪.	ਭਾਈ ਕੇਸਰ ਸਿੰਘ	ਭਾਈ ਮੀਹਾਂ ਸਿੰਘ	
੪੫.	ਭਾਈ ਵਰਿਆਮ ਸਿੰਘ	ਭਾਈ ਬੁਲਾਕਾ ਸਿੰਘ	ਵਿਨੌਟਿਆਂ ਵਾਲੀ
੪੬.	ਭਾਈ ਹੀਰਾ ਸਿੰਘ	ਭਾਈ ਬੂਟਾ ਸਿੰਘ	ਜ਼ਿਲ੍ਹਾ ਸ਼ੇਖੂਪੁਰਾ
੪੭.	ਭਾਈ ਮੋਹਨ ਸਿੰਘ	ਭਾਈ ਕੇਸਰ ਸਿੰਘ	

੪੮.	ਭਾਈ ਵਰਿਆਮ ਸਿੰਘ	ਭਾਈ ਭਗਵਾਨ ਸਿੰਘ	ਟਿੱਬੀ ਜੈ ਸਿੰਘ, ਮਿੰਟਗੁਮਰੀ
੪੯.	ਭਾਈ ਹਰੀ ਸਿੰਘ	ਭਾਈ ਘੱਨਈਯਾ ਸਿੰਘ	
੫੦.	ਭਾਈ ਅਰੂੜ ਸਿੰਘ	ਭਾਈ ਨਿਹਾਲ ਸਿੰਘ	
੫੧.	ਭਾਈ ਨੰਦ ਸਿੰਘ	ਭਾਈ ਬੂੜ ਸਿੰਘ	
੫੨.	ਭਾਈ ਬੇਲਾ ਸਿੰਘ	ਭਾਈ ਮਈਆ ਸਿੰਘ	ਥੋਥੀਆਂ ਡਾ: ਨਵਾਂ
੫੩.	ਭਾਈ ਮੂਲ ਸਿੰਘ	ਭਾਈ ਜੀਵਨ ਸਿੰਘ	ਪਿੰਡ ਜ਼ਿਲ੍ਹਾ ਸ਼ੇਖੂਪੂਰਾ
੫੪.	ਭਾਈ ਤੇਜਾ ਸਿੰਘ	ਭਾਈ ਮੀਹਾਂ ਸਿੰਘ	
੫੫.	ਭਾਈ ਧਰਮ ਸਿੰਘ	ਭਾਈ ਸੰਤ ਸਿੰਘ	
੫੬.	ਭਾਈ ਅਰ ਸਿੰਘ	ਭਾਈ ਸੰਤ ਸਿੰਘ	ਬੁੰਡਾਲਾ ਚੱਕ ੨੫੧ ਜ਼ਿ:
੫੭.	ਭਾਈ ਸੰਮਾ ਸਿੰਘ	ਭਾਈ ਪਾਲ ਸਿੰਘ	ਲਾਇਲਪੁਰ
੫੮.	ਭਾਈ ਬਾਗ ਸਿੰਘ	ਭਾਈ ਪਾਲ ਸਿੰਘ	
੫੯.	ਭਾਈ ਈਸ਼ਰ ਸਿੰਘ	ਭਾਈ ਅਤਰ ਸਿੰਘ	ਬਹੋੜੂ ਜ਼ਿਲ੍ਹਾ ਸ਼ੇਖੂਪੁਰਾ
੬੦.	ਭਾਈ ਪਾਲ ਸਿੰਘ	ਭਾਈ ਹੁਕਮ ਸਿੰਘ	
੬੧.	ਭਾਈ ਮੋਤਾ ਸਿੰਘ	ਭਾਈ ਹਰੀ ਸਿੰਘ	
੬੨.	ਭਾਈ ਹਜ਼ਾਰਾ ਸਿੰਘ	ਭਾਈ ਲਾਲ ਸਿੰਘ	
੬੩.	ਭਾਈ ਵਰਿਆਮ ਸਿੰਘ	ਭਾਈ ਦੂਲਾ ਸਿੰਘ	ਬੁੰਡਾਲਾ ਚੱਕ ੬੪
੬੪.	ਭਾਈ ਚੇਤ ਸਿੰਘ	ਭਾਈ ਜਵਾਲਾ ਸਿੰਘ	ਜ਼ਿਲ੍ਹਾ ਲੈਲਪੁਰ
੬੫.	ਭਾਈ ਉਜਾਗਰ ਸਿੰਘ	ਭਾਈ ਜਗਤ ਸਿੰਘ	
੬੬.	ਭਾਈ ਜਗਤ ਸਿੰਘ	ਭਾਈ ਮਘਰ ਸਿੰਘ	ਢਾਬਾ ਨੰ. ੧੩ ਜ਼ਿਲ੍ਹਾ ਸ਼ੇਖੂਪੁਰਾ
੬੭.	ਭਾਈ ਬਚਿਤਰ ਸਿੰਘ	ਭਾਈ ਸੁੰਦਰ ਸਿੰਘ	
੬੮.	ਭਾਈ ਘੱਨਈਯਾ ਸਿੰਘ	ਭਾਈ ਸੁੰਦਰ ਸਿੰਘ	ਚੱਕ ੨੫੮ ਜ਼ਿਲ੍ਹਾ ਲਾਇਲਪੁਰ
੬੯.	ਭਾਈ ਬਚਿਤੱਰ ਸਿੰਘ	(ਪਤਾ ਨਹੀਂ)	ਡੱਲਾ ਚੰਦਾ ਸਿੰਘ ਵਾਲਾ
੭੦.	ਭਾਈ ਕੇਹਰ ਸਿੰਘ	ਭਾਈ ਜੀਵਨ ਸਿੰਘ	ਨੰ. ੮੫ ਜ਼ਿਲ੍ਹਾ ਸ਼ੇਖੂਪੁਰਾ
੭੧.	ਭਾਈ ਗੰਡਾ ਸਿੰਘ	ਭਾਈ ਕਰਮ ਸਿੰਘ	ਭਸੀਨ (ਲਾਹੌਰ)
੭੨.	ਭਾਈ ਕੇਹਰ ਸਿੰਘ	ਭਾਈ ਜੀਵਨ ਸਿੰਘ	ਜਰਗ ਪਟਿਆਲਾ
੭੩.	ਭਾਈ ਨਰੈਣ ਸਿੰਘ	ਭਾਈ ਈਸ਼ਰ ਸਿੰਘ	
੭੪.	ਭਾਈ ਕਿਸ਼ਨ ਸਿੰਘ	ਭਾਈ ਸੁੰਦਰ ਸਿੰਘ	ਬੁਰਜ ਨੰ. ੫੫
੭੫.	ਭਾਈ ਦਿਆਲ ਸਿੰਘ	ਭਾਈ ਦੇਵਾ ਸਿੰਘ	ਜ਼ਿਲ੍ਹਾ ਲੈਲਪੁਰ
੭੬.	ਭਾਈ ਲਛਮਨ ਸਿੰਘ	ਬਾਬਾ ਮੇਹਰ ਸਿੰਘ	
੭੭.	ਭਾਈ ਈਸ਼ਰ ਸਿੰਘ	ਭਾਈ ਹਰਦਿਤ ਸਿੰਘ	
੭੮.	ਭਾਈ ਸੁੰਦਰ ਸਿੰਘ	ਭਾਈ ਜਗਤ ਸਿੰਘ	ਧਾਰੋਵਾਲੀ ਚੱਕ
੭੯.	ਭਾਈ ਮੰਗਲ ਸਿੰਘ	ਭਾਈ ਰਤਨ ਸਿੰਘ	੩੩ ਜ਼ਿਲ੍ਹਾ ਸ਼ੇਖੂਪੂਰਾ
੮੦.	ਭਾਈ ਈਸ਼ਰ ਸਿੰਘ	ਭਾਈ ਵਧਾਵਾ ਸਿੰਘ	
੮੧.	ਭਾਈ ਆਤਮਾ ਸਿੰਘ	ਭਾਈ ਨਿਹਾਲ ਸਿੰਘ	
੮੨.	ਭਾਈ ਦਲੀਪ ਸਿੰਘ	ਭਾਈ ਕਰਮ ਸਿੰਘ	
੮੩.	ਭਾਈ ਜੀਵਨ ਸਿੰਘ	... ...	ਸਾਂਗਲਾ ਲੈਲਪੁਰ
੮੪.	ਭਾਈ ਚਰਨ ਸਿੰਘ	... ...	

ਅਕਾਲੀ ਲਾਹੌਰ, ੧੪ ਮਾਰਚ ੧੯੨੧

ਸ਼ਹੀਦੀ ਫੰਡ ਲਈ ਸ਼ਹੀਦੀ ਮਤਾ

ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਸੂਚੀ ਬਨਾਣ ਲਈ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਪਾਲਨਾਂ ਲਈ ਸ਼ਹੀਦੀ ਫੰਡ ਖੋਲ ਦਿੱਤਾ ਗਿਆ ਹੈ। ਇਸ ਫੰਡ ਲਈ ਅਪੀਲ ਕਰਨੀ ਖਾਲਸਾ ਜੀ ਦੀ ਹਤਕ ਹੈ ਕਿਉਂਕਿ ਉਹ ਕਿਹੜਾ ਸਿੱਖ ਹੈ ਜੋ ਇਨ੍ਹਾਂ ਸ਼ਹੀਦਾਂ ਦੇ ਨਾਮ ਉੱਤੋਂ ਤਨ, ਮਨ, ਧਨ ਕੁਰਬਾਨ ਕਰਨ ਲਈ ਤਿਆਰ ਨਹੀਂ ਹੈ ? ਇਸ ਫੰਡ ਨੂੰ ਭਰਪੂਰ ਕਰਨ ਲਈ ਸ਼ਹੀਦੀ ਸਾਤਾ ੩੦ ਮਾਰਚ ਤੋਂ ੫ ਅਪ੍ਰੈਲ ਤਕ ਕਮੇਟੀ ਨੇ ਮੁਕਰਰ ਕਰ ਦਿੱਤਾ ਹੈ। ਜੀ ਪ੍ਰਤੀ ਕੇਵਲ ੧) ਅਰਦਾਸ ਕਰਾਣ ਦਾ ਫ਼ੈਸਲਾ ਕੀਤਾ ਗਿਆ ਹੈ। ਸਹਾਇਤਾ ਸਿਧੀ ਗੁਰਦੁਅਰਾ ਪ੍ਰਬੰਧਕ ਕਮੇਟੀ ਨਾਨਕਾਣਾ ਸਾਹਿਬ ਨੂੰ ਭੇਜੀ ਜਾਵੇ।

ਸਾਕਾ ਨਾਨਕਾਣਾ ਸਾਹਿਬ
ਸਾਕੇ ਦੀ ਅਸਲ ਜੜ੍ਹ
(ਵੱਲੋਂ ਸ. ਸਰਦੂਲ ਸਿੰਘ ਕਵੀਸ਼ਰ)

(੧)

ਨਨਕਾਣੇ ਸਾਹਿਬ ਜੋ ਭਾਣਾ ਵਰਤਿਆ ਹੈ ਇਸ ਨੇ ਇਸ ਜਹਾਨ ਨੂੰ ਚੱਕਰ ਪਾ ਦਿੱਤਾ ਹੈ। ਇਕ ਤਾਂ ਇਸ ਕਰ ਕੇ ਐਸਾ ਜ਼ੁਲਮ ਤੇ ਬੇਦਰਦੀ ਜੇਹੜੀ ਨਰੈਣੂੰ ਵੱਲੋਂ ਪਰਗਟ ਹੋਈ ਦੁਨੀਆਂ ਦੇ ਇਤਿਹਾਸ ਵਿਚ ਨੇੜੇ ਤੇੜੇ ਕਿਤੇ ਨਜ਼ਰ ਨਹੀਂ ਆਉਂਦੀ। ਬੜੇ ਬੜੇ ਜ਼ਾਲਮ ਤੇ ਪਾਪੀ ਦੁਨੀਆਂ ਵਿਚ ਹੋ ਗੁਜ਼ਰੇ ਹਨ ਅਤੇ ਉਨ੍ਹਾਂ ਨੇ ਬੜੇ ਬੜੇ ਅਪਰਾਧ ਕੀਤੇ ਹਨ, ਪਰ ਨਾਨਕਾਣੇ ਸਾਹਿਬ ਦੇ ਦਿਲ ਵਿੰਨ੍ਹਵੇਂ ਪਾਪ ਦੀ ਮਿਸਾਲ ਕਿਧਰੇ ਨਜ਼ਰ ਨਹੀਂ ਆਉਂਦੀ। ਇਸੇ ਤਰ੍ਹਾਂ ਅਮਨ ਤੇ ਸ਼ਾਂਤੀ ਨਾਲ ਕੁਰਬਾਨੀਆਂ ਬਹੁਤ ਹੋਈਆਂ ਹਨ। ਅਤੇ ਸਾਡੇ ਸਿੱਖ ਇਤਿਹਾਸ ਵਿਚ ਵੀ ਅਦੁਤੀ ਸ਼ਹੀਦੀਆਂ ਦੀਆਂ ਮਿਸਾਲਾਂ ਬਹੁਤੀਆਂ ਮੌਜੂਦ ਹਨ। ਭਾਈ ਤਾਰੂ ਸਿੰਘ ਜੀ ਤੇ ਭਾਈ ਮਨੀ ਸਿੰਘ ਜੀ ਸਬਰ, ਸੰਤੋਖ, ਤੇ ਸ਼ਾਂਤੀ ਦੀ ਸਿਖਰਲੀ ਮੰਜ਼ਲ ਦਾ ਨਮੂਨਾ ਦਿਖਾ ਚੁਕੇ ਹਨ। ਪਰ ਜੋ ਸਾਕਾ ਭਾਈ ਲਛਮਨ ਸਿੰਘ, ਭਾਈ ਦਲੀਪ ਸਿੰਘ ਤੇ ਉਨ੍ਹਾਂ ਦੇ ਦੂਸਰੇ ੧੫੦ ਦੇ ਕਰੀਬ ਸਾਥੀਆਂ ਨਾਨਕਾਣੇ ਸਾਹਿਬ ਕਰ ਵਿਖਾਇਆ ਹੈ ਉਹ ਆਪਣੀ ਆਪ ਹੀ ਨਜ਼ੀਰ ਹੈ। ਇਨ੍ਹਾਂ ਦੋਨਾਂ ਸਬੱਬਾਂ ਕਰ ਕੇ ਸਭ ਚਕ੍ਰਤ ਹੋ ਰਹੇ ਹਨ ਤੇ ਕੁਝ ਸੁਝਦੀ ਨਹੀਂ। ਖਾਲਸਾ ਜੀ ਤਾਂ ਗਮ ਤੇ ਗੁਸੇ ਵਿਚ ਬਹੁਤ ਹੀ ਹਨ, ਤੇ ਹੋਣ ਵੀ ਕਿਸ ਤਰ੍ਹਾਂ ਨਾ ? ਇਸ ਤੋਂ ਵਧ ਗਮ ਤੇ ਗੁਸੇ ਦੀ ਹੋਰ ਕੇਹੜੀ ਗੱਲ ਹੋ ਸਕਦੀ ਹੈ ? ਪਰ ਖਾਲਸਾ ਜਿਥੇ ਗਮ ਤੇ ਗੁਸੇ ਨਾਲ ਘਬਰਾਇਆ ਹੋਇਆ ਹੈ ਉਥੇ ਸ਼ਾਂਤੀ ਨੂੰ ਛਡ ਨਹੀਂ ਸਕਦਾ। ਇਹ ਖਾਲਸੇ ਦਾ ਹੀ ਹੌਂਸਲਾ ਹੈ ਕਿ ਜਿਥੇ ਇਹ ਜ਼ੁਲਮ ਉਨ੍ਹਾਂ ਤੇ ਹੋਇਆ ਹੈ ਉਥੇ ਉਨ੍ਹਾਂ ਨੇ ਨਰੈਣੂੰ ਤੇ ਉਸ ਦੇ ਹਮੈਤੀਆਂ ਨਾਲ ਕਈ ਭੈੜਾ ਸਲੂਕ ਨਹੀਂ ਕੀਤਾ। ਕੁਦਰਤ ਤਾਂ ਚਾਹੁੰਦੀ ਸੀ ਕਿ ਨਰੈਣੂੰ ਤੇ ਉਸ ਦੇ ਹਮੈਤੀਆਂ ਦੀ ਖਾਲਸਾ ਬੋਟੀ ਬੋਟੀ ਕਰ ਦਿੰਦਾ, ਪਰ ਖਾਲਸਾ ਜੀ ਨੇ ਕੁਦਰਤ ਤੇ ਫ਼ਤੇ ਪਾ ਕੇ ਸਭ ਕੰਮ ਸ਼ਾਂਤੀ ਨਾਲ ਕੀਤਾ ਹੈ ਤੇ ਕਿਸੇ ਜ਼ਾਲਮ ਦਾ ਆਪ ਵਾਲ ਤਕ ਵਿੰਗਾ ਨਹੀਂ ਕੀਤਾ।

ਹੁਣ ਵੇਖਣਾ ਇਹ ਹੈ ਕਿ ਇਸ ਹਨੇਰ ਦੇ ਸਿਰਫ਼ ਨਰੈਣੂੰ ਜਾਂ ਉਹ ਅਫ਼ਸਰ, ਜਿਨ੍ਹਾਂ ਨੇ ਉਸ ਨੂੰ ਸ਼ੈਹ ਦਿੱਤੀ, ਉਹੀ ਜ਼ਿੰਮੇਵਾਰ ਹਨ ਜਾਂ ਕੋਈ ਹੋਰ ਪਾਪੀ ਨਰੈਣੂੰ ਤੇ ਉਸ ਦੇ ਯਾਰ ਅਤੇ ਹਮੈਤੀ ਅਫ਼ਸਰ ਇਸ ਪਾਪ ਦੇ ਇਕੱਲੇ ਭਾਗੀ ਨਹੀਂ ਹਨ ਬਲਕਿ ਉਨ੍ਹਾਂ ਦੀ ਪਿੱਠ ਤੇ ਇਕ ਵੱਡੀ ਤਾਕਤ ਜਾ ਸਰਕਾਰੀ ਕਾਨੂੰਨ ਹੈ ਜਿਸ ਨੇ ਕਿ ਇਨ੍ਹਾਂ ਨੂੰ ਏਡਾ ਦਲੇਰ ਤੇ ਨਿਰਦਈ ਬਣਨ ਦਾ ਹੌਂਸਲਾ ਦਿੱਤਾ।

ਜਦ ਸਰਕਾਰ ਅੰਗ੍ਰੇਜ਼ੀ ਦਾ ਰਾਜ ਸਾਡੇ ਦੇਸ਼ ਵਿਚ ਹੋਇਆ ਉਸ ਤੋਂ ਪਹਿਲੇ ਸਭ ਮੰਦਰ ਮਸਜਦਾਂ ਤੇ ਗੁਰਦੁਆਰੇ ਆਮ ਲੋਕਾਂ ਤੇ ਤੈਹਤ ਵਿਚ ਹੁੰਦੇ ਸਨ। ਜਦ ਪੁਜਾਰੀ ਖਰਾਬੀ ਕਰੇ ਉਸ ਨੂੰ ਬਦਲ ਦੇਣ ਦਾ ਪੂਰਾ ਹਕ ਆਮ ਲੋਕਾਂ ਨੂੰ ਹੁੰਦਾ ਸੀ। ਰਾਜਾ ਜਾਂ ਬਾਦਸ਼ਾਹ ਦਾ ਕੋਈ ਹੱਥ ਇਸ ਮਾਮਲੇ ਵਿਚ ਨਹੀਂ ਸੀ ਹੁੰਦਾ। ਦੂਸਰੇ ਮੱਤਾਂ ਵਿਚ ਭਾਵੇਂ ਇਸ ਗੱਲ ਦਾ ਪੂਰਾ ਰਵਾਜ਼ ਨਹੀਂ ਸੀ, ਪਰ ਸਿੱਖਾਂ ਵਿਚ ਇਸ ਤੇ ਪੂਰਾ ਪੂਰਾ ਅਮਲ ਹੁੰਦਾ ਸੀ। ਸਭ ਗੁਰਦੁਆਰੇ ਸੰਗਤ ਦੇ ਤੈਹਤ ਵਿਚ ਹੁੰਦੇ ਸਨ, ਤੇ ਸੇਵਾਦਾਰ, ਪੁਜਾਰੀ, ਮਹੰਤ, ਆਦਿ ਦਾ ਮੁਕਰਰ ਕਰਨਾ ਗੁਰੂ ਦੀ ਸੰਗਤ ਦੇ

ਵਸ ਵਿਚ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਬੜਾ ਬਲਵਾਨ ਸੀ ਪਰ ਗੁਰਦੁਆਰਿਆਂ ਦੇ ਮਾਮਲੇ ਵਿਚ ਉਹ ਬਿਲਕੁਲ ਦਖ਼ਲ ਨਹੀਂ ਸੀ ਦਿੰਦਾ, ਤੇ ਜੋ ਸੰਗਤ ਹੁਕਮ ਦਿੰਦੀ ਸੀ ਉਹੀ ਹੁੰਦਾ ਸੀ। ਜਦ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਉਦਾਸੀਆਂ ਨੇ ਗਿਲਾਨੀ ਫ਼ੈਲਾਈ ਤਾਂ ਖਾਲਸੇ ਨੇ ਉਨ੍ਹਾਂ ਨੂੰ ਅਲਹਿਦਾ ਕਰ ਕੇ ਭਾਈ ਚੰਚਲ ਸਿੰਘ ਜੀ ਤੇ ਦੂਸਰੇ ਪਤਵੰਤੇ ਸਿੱਖਾਂ ਨੂੰ ਸੇਵਾ ਵਾਸਤੇ ਮੁਕਰਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਕੁਝ ਐਹਲਕਾਰ ਭਾਵੇਂ ਇਸ ਨਵੇਂ ਇੰਤਜ਼ਾਮ ਦੇ ਕੁਝ ਬਹੁਤ ਹਕ ਵਿਚ ਨਹੀਂ ਸਨ ਪਰ ਖਾਲਸੇ ਦੇ ਹੁਕਮ ਵਿਚ ਬਿਲਕੁਲ ਦਖਲ ਨਾ ਦਿੱਤਾ, ਤੇ ਨਵੇਂ ਇੰਤਜ਼ਾਮ ਨੂੰ ਹੱਥ ਜੋੜ ਕੇ ਕਬੂਲ ਕੀਤਾ। ਇਸੇ ਤਰ੍ਹਾਂ ਦੀਆਂ ਛੋਟੀਆਂ ਮਿਸਾਲਾਂ ਤਾਂ ਸੈਂਕੜੇ ਮਿਲਨਗੀਆਂ ਜਿਨ੍ਹਾਂ ਤੋਂ ਸਾਫ਼ ਪ੍ਰਗਟ ਹੈ ਕਿ ਗੁਰਦੁਆਰਿਆਂ ਦਾ ਇੰਤਜ਼ਾਮ ਆਮ ਸੰਗਤ ਦੇ ਹੱਥ ਵਿਚ ਹੁੰਦਾ ਸੀ ਨਾ ਕਿ ਸਰਕਾਰ ਦੇ, ਅਤੇ ਮਹੰਤ ਤੇ ਪੁਜਾਰੀ ਸੰਗਤ ਦੇ ਤਾਬੇ ਹੁੰਦੇ ਸਨ। ਸਰਕਾਰ ਦੀ ਹਮੈਤ ਵਿਚ ਆਏ ਹੋਏ ਬੁਰਛੇ ਨਹੀਂ ਸੀ ਹੁੰਦੇ।

ਜਦ ਰਾਜ ਅੰਗ੍ਰੇਜ਼ਾਂ ਦਾ ਆਇਆ ਤਾਂ ਇਨ੍ਹਾਂ ਨੇ ਸੰਗਤ ਦੇ ਹੱਕਾਂ ਨੂੰ ਬਿਲਕੁਲ ਹਟਾ ਦਿੱਤਾ ਤੇ ਹਾਕਮਾਂ ਨੂੰ ਚੋਧਰੀ ਮੁਕਰਰ ਕਰ ਦਿੱਤਾ। ਇਕ ਕਾਨੂੰਨ ਬਣਿਆ ਕਿ ਜਿਸ ਦਾ ਕਿਸੇ ਥਾ ਤੇ ਬਾਰਾਂ ਸਾਲ ਦਾ ਕਬਜ਼ਾ ਹੋਵੇ ਉਹ ਭਾਵੇ ਥਾਂ ਦਾ ਅਸਲ ਮਾਲਕ ਕੋਈ ਹੋਵੇ ਉਸੇ ਥਾਂ ਦਾ ਮਾਲਕ ਸਮਝਿਆ ਜਾਵੇ। ਗੁਰਦੁਆਰੇ, ਧਰਮਸ਼ਾਲਾ, ਮਸਜਦਾ, ਮੰਦਰ ਸਭ ਇਸ ਕਾਨੂੰਨ ਦੇ ਹੇਠਾਂ ਆ ਗਏ। ਬਸ ਫੇਰ ਕੀ ਸੀ, ਪੁਜਾਰੀ ਮਹੰਤ ਆਦਿ ਕਿਹੜੇ ਕਿ ਸਗੰਤਾਂ ਵੱਲੋਂ ਸੇਵਾਦਾਰ ਮੁਕਰਰ ਹੋਏ ਸਨ ਬੈਠੇ ਹੀ ਮਾਲਕ ਬਨ ਗਏ ਤੇ ਸੰਗਤ ਦਾ ਹੁਕਮ ਮੰਨਣ ਦੀ ਥਾਂ ਸਰਕਾਰੀ ਅਫ਼ਸਰਾਂ ਨੂੰ ਸਲਾਮਾਂ ਕਰਨ ਤੇ ਡਾਲੀਆਂ ਦੇਣ ਵਿਚ ਹੀ ਆਪਣਾ ਭਲਾ ਸਮਝਣ ਲੱਗ ਪਏ।

ਗ਼ਦਰ ਦੇ ਬਾਅਦ ਮਲਕਾ ਵਿਕਟੋਰੀਆ ਵੱਲੋਂ ਇਹ ਗੱਲ ਜ਼ੋਰ ਨਾਲ ਆਖੀ ਗਈ ਕਿ ਸਰਕਾਰ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗੀ ਪਰ ਜਾਇਦਾਦ ਦੇ ਕਾਨੂੰਨ ਨੂੰ ਗੁਰਦੁਆਰੇ, ਮੰਦਰਾਂ ਤੇ ਮਸਜਦਾਂ ਵਿਚ ਵਰਤ ਕੇ ਇਸ ਸ਼ਾਹੀ ਇਕਰਾਰ ਨੂੰ ਤੋੜ ਦਿੱਤਾ ਤੇ ਸਰਕਾਰੀ ਕਾਨੂੰਨ ਨੇ ਸਾਡੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇ ਕੇ ਸੰਗਤ ਦੀ ਹਾਨੀ ਕੀਤੀ ਤੇ ਬੁਰਛੇ ਪੈਦਾ ਕਰ ਦਿੱਤੇ। ਇਸ ਕਾਨੂੰਨ ਦੀ ਹਮੈਤ ਵਿਚ ਤੇ ਉਨ੍ਹਾਂ ਅਫ਼ਸਰਾਂ ਦੀ ਹਲਾ ਸ਼ੇਰੀ ਨਾਲ ਜਿਹੜੇ ਕਿ ਇਨ੍ਹਾਂ ਮਹੰਤਾਂ ਤੋਂ ਡਾਲੀਆਂ ਲੈਂਦੇ ਸਨ, ਇਹ ਮਹੰਤ ਸੰਗਤ ਤੋਂ ਆਕੀ ਬੈਠੇ ਤੇ ਆਪਣੇ ਆਪ ਨੂੰ ਅਸਥਾਨਾਂ ਦੇ ਮਾਲਕ ਸਮਝ ਕੇ ਸੰਗਤ ਦੀ ਬੇਅਦਬੀ ਕਰਨ ਲੱਗ ਪਏ।

ਇਕ ਨਰੈਣੂੰ ਕੀ, ਪਿਛਲੇ ੫੦ ਸਾਲਾਂ ਵਿਚ ਹਜ਼ਾਰਾਂ ਨਰੈਣੂੰ ਗੁਰਦੁਆਰਿਆਂ ਨੂੰ ਆਪਣੇ ਪਿਓ ਦਾਦੇ ਦੀ ਜਾਇਦਾਦ ਸਮਝ ਕੇ ਖਾਣ ਪੀਣ ਉਡਾਣ ਲੱਗ ਪਏ ਤੇ ਤਰ੍ਹਾਂ-ਤਰ੍ਹਾਂ ਦੇ ਅਤਿਆਚਾਰ ਧਰਮ ਅਸਥਾਨਾਂ ਵਿਚ ਹੋਣ ਲੱਗ ਪਏ। ਡਲੀਆਂ ਖਾਣ ਵਾਲੇ ਤੇ ਮਹੰਤਾਂ ਤੋਂ ਫਾਇਦੇ ਉਠਾਉਣ ਵਾਲੇ ਸਰਕਾਰੀ ਅਫ਼ਸਰਾਂ ਨੇ ਹਮੇਸ਼ਾ ਮਹੰਤਾਂ ਦੀ ਹਮੈਤ ਕਰਨ ਦੀ ਕੋਸ਼ਿਸ਼ ਕੀਤੀ ਤੇ ਸੰਗਤ ਦੇ ਹੱਕਾਂ ਦਾ ਕਦੀ ਕੋਈ, ਖ਼ਾਸ ਖਿਆਲ ਨਾ ਕੀਤਾ।

ਇਹ ਹੈ ਨਨਕਾਣੇ ਸਾਹਿਬ ਦੇ ਸਾਕੇ ਦਾ ਅਸਲ ਸਬੱਬ! ਜਦ ਤਕ ਐਸਾ ਕਾਨੂੰਨ ਮੌਜੂਦ ਹੈ ਜਿਸ ਨਾਲ ਕਿ ਮਹੰਤ ਵਕਫ ਜਾਇਦਾਦ ਦੇ ਮਾਲਕ ਸਮਝੇ ਜਾਣ ਤੇ ਸੰਗਤ ਨੂੰ ਉਨ੍ਹਾਂ ਦੇ ਰੱਖਣ, ਹਟਾਣ ਵਿਚ ਕੋਈ ਹੱਥ ਨਾ ਹੋਵੇ, ਉਦੋਂ ਤਕ ਮਹੰਤ ਐਸੀਆਂ ਕਰਤੂਤਾਂ ਜ਼ਰੂਰ ਕਰਨਗੇ ਜਿਸ ਤਰ੍ਹਾਂ ਕਿ ਅੰਮ੍ਰਿਤਸਰ ਸਾਹਿਬ, ਤਰਨਤਾਰਨ ਸਾਹਿਬ, ਜਾਂ ਨਾਨਕਾਣੇ ਸਾਬਿ ਦੇ ਪੁਜਾਰੀਆਂ ਨੇ ਕੀਤੀਆਂ। ਅੱਜ ਜਦ ਤਕ ਸਰਕਾਰ ਤੇ ਸਰਕਾਰੀ ਕਾਨੂੰਨ ਮਹੰਤਾਂ ਦੀ ਹਮੈਤ ਵਾਸਤੇ ਮੌਜੂਦ ਹੈ ਤਾਂ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕੱਲ ਕੋਈ ਹੋਰ ਮਹੰਤ ਵੀ ਨਰੈਣੂੰ ਵਾਂਗਰ ਅਮਲ ਨਾ ਕਰੇਗਾ ? ਤਾਂ ਤੇ ਗੁਰਦੁਆਰਿਆਂ ਦਾ ਮਾਮਲਾ ਤੇ ਨਨਕਣਾ ਸਾਹਿਬ ਦੇ ਭਿਆਨਕ ਸਾਕੇ ਦੀ ਅੱਗੇ ਨੂੰ ਰੋਕ ਨਿਰਾ ਨਰੈਣੂੰ ਹਮੈਤੀਆਂ ਵੀ ਸਜ਼ਾ ਨਾਲ ਨਹੀਂ ਹੋ ਸਕਦੀ ਬਲਕਿ ਇਸ ਵਾਸਤੇ ਕਿਸੇ ਹੋਰ ਗੱਲ ਦੀ ਵੀ ਲੋੜ ਹੈ ਉਹ ਇਹ ਹੈ ਕਿ ਇਸ ਪਾਪ ਦੇ ਅਧਿਕਾਰੀ ਸਿਰਫ਼ ਮਹੰਤ ਜਾਂ ਉਸ ਦੇ ਸਾਥੀ ਹੀ ਨਾ ਸਮਝੇ ਜਾਣ, ਬਲਕਿ ਉਹ ਸਰਕਾਰੀ ਕਾਇਦੇ ਤੇ ਸਰਕਾਰ ਕਾਨੂੰਨ ਜਿਨ੍ਹਾਂ ਨੇ ਇਹ ਮਹੰਤ ਪੈਦਾ ਕੀਤੇ ਸਾਕੇ ਦੇ ਅਸਲ ਸਬੱਬ ਸਮਝੇ ਜਾਣ।

ਲਾਹੌਰ ਵਿਚ ਪੁਲਿਸ ਸ਼ਾਹੀ, ਮਿ: ਬਰਾਉਨ ਦੇ ਕਾਰਨਾਮੇ!

੧੬ ਅਕਾਲੀ ਸਿੰਘਾਂ ਦਾ ਅਚਨਚੇਤ ਜੇਲ੍ਹ ਵਿਚ ਚਲੇ ਜਾਣਾ ਸੁਣ ਕੇ ਪਾਠਕ ਹੈਰਾਨ ਹੋਣਗੇ ਕਿ ਇਹ ਕੀ ਭਾਣਾ ਵਰਤਣ ਲੱਗਾ ਹੈ। ਇਸ ਲਈ ਅਸੀਂ ਅੱਜ ਸਾਰੇ ਹਾਲ ਲਿਖਦੇ ਹਾਂ ਤਾਂ ਜੇ ਸੱਜਣਾਂ ਨੂੰ ਮਾਮਲੇ ਦੀ ਜੜ੍ਹ

ਦਾ ਪਤਾ ਲੱਗ ਜਾਵੇ।

ਸ਼ੇਰਾਂ ਵਾਲੇ ਦਰਵਾਜ਼ੇ ਵਿਚ ਪੰਜਵੀਂ ਪਾਤਸ਼ਾਹੀ ਦੇ ਪਿਆਰੇ ਸਿੱਖ ਭਾਈ ਸਾਧੂ ਰਾਮ ਜੀ ਦੀ ਧਰਮਸ਼ਾਲਾ ਹੈ। ਇਥੇ ਹੁਣ ਹਰੀਦਾਸ ਸਾਧੂ ਅਤੇ ਨੰਦ ਕੌਰ ਮਹੰਤਨੀ ਰਹਿੰਦੀ ਹੈ। ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਹਰੀਦਾਸ ਨੇ ਸਿੱਖਾਂ ਨਾਲ ਅੱਤ ਚੁੱਕ ਲਈ। ਗੁਰਦੁਆਰੇ ਦੇ ਮਕਾਨਾਂ ਵਿੱਚੋਂ ਸਿੱਖਾਂ ਨੂੰ ੨੪ ਘੰਟਿਆਂ ਦਾ ਨੋਟਿਸ ਦੇ ਕੇ ਕੱਢ ਦਿੱਤਾ, ਗੁਰਦੁਆਰੇ ਵਿਚ ਸਿੱਖਾਂ ਨੂੰ ਜਾਣੋ ਰੋਕ ਦਿੱਤਾ ਤੇ ਮਸ਼ਹੂਰ ਕਰ ਦਿੱਤਾ ਕਿ ਇਹ ਮੇਰਾ ਮਕਾਨ ਹੈ ਗੁਰਦੁਆਰਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਉਠਾ ਦੇਣ ਦੀ ਗੋਂਦ ਗੁੰਦ ਲਈ। ਮਕਾਨਾਂ ਵਿੱਚੋਂ ਕੱਢੇ ਗਏ ਸਿੰਘਾਂ ਵਿਚ ਇਕ ਦੇ ਘਰ ਉਮੈਦਵਾਰੀ ਸੀ ਜਿਨ੍ਹਾਂ ਨੂੰ ਅਤੀ ਲਾਚਾਰੀ ਹੋਈ। ਇਨ੍ਹਾਂ ਹਾਲਾਂ ਨੇ ਲਾਹੌਰ ਦੇ ਸਿੱਖਾਂ ਨੂੰ ਮਜਬੂਰ ਕੀਤਾ ਕਿ ਹਰੀਦਾਸ ਨੂੰ ਸਮਝਾਣ ਤੇ ਅਜਿਹੇ ਅਤਿਆਚਾਰਾਂ ਤੋਂ ਰੋਕਣ। ਜਦ ਦੋ ਚਾਰ ਸਿੰਘਾਂ ਨੇ ਸਮਝਾਣ ਦਾ ਯਤਨ ਕੀਤਾ ਤਾਂ ਉਹ ਲੜਨ ਅਤੇ ਗਲ ਪੈਣ ਨੂੰ ਤਿਆਰ ਹੋ ਪਿਆ। ਆਖ਼ਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਗੁਰਦੁਆਰੇ ਵਿਚ ਦੀਵਾਨ ਕਰਨ ਦਾ ਫ਼ੈਸਲਾ ਕੀਤਾ। ਜਦ ੬ ਸ਼ਾਮ ਨੂੰ ਸੰਗਤਾਂ ਗਈਆਂ ਤਾਂ ਦਰਵਾਜ਼ੇ ਬੰਦ ਹੋਏ ਸਨ। ਸੰਗਤ ਨੇ ਲਾਗੇ ਦੇ ਇਕ ਗੁਰਦੁਆਰੇ ਵਿਚ ਜੋੜ ਮੇਲਾ ਕਰ ਲਿਆ। ਰਾਤ ਨੌਂ ਵਜੇ ਕਈਆਂ ਦੇ ਸਮਝਾਣ ਉੱਤੇ ਹਰੀਦਾਸ ਨੇ ਆ ਕੇ ਮਾਫ਼ੀ ਮੰਗੀ ਤੇ ਬੂਹਾ ਖੋਲਿਆ ਅਤੇ ਸੰਗਤ ਅੰਦਰ ਗਈ। ਮਾਈ ਨੂੰ ਸੰਗਤ ਨੇ ਤਸੱਲੀ ਦਿੱਤੀ ਕਿ ਅਸੀਂ ਤਾਂ ਸੇਵਾ ਕਰਨ ਵਾਲੇ ਹਾਂ। ਹਰੀਦਾਸ ਨੇ ਇਕਰਾਰ ਕੀਤਾ ਕਿ ਮੈਂ ਗੁਰਦੁਆਰਾ ਕਮੇਟੀ ਦੇ ਨਿਯਮਾਂ ਨੂੰ ਪ੍ਰਵਾਨ ਕਰਾਂਗਾ। ਪਤਾ ਨਹੀਂ ਬੜੇ ਚਿਰ ਮਗਰੋਂ ਹੀ ਉਹ ਫਿਰ ਪਹਿਲੇ ਵਾਂਗ ਹੀ ਕਿਉਂ ਆਕੜ ਬੈਠਾ। ੮ ਮਾਰਚ ਨੂੰ ਸ਼ਾਮ ਵੇਲੇ ਜਦ ਸੰਗਤਾਂ ਦੀਵਾਨ ਸਜਾਣ ਲਈ ਉਥੇ ਗਈਆਂ ਤਾਂ ਅਗੇ ਦਰਵਾਜ਼ੇ ਬੰਦ ਸਨ ਤੇ ਸੌ ਕੁ ਪੁਲਿਸ ਦੇ ਸਿਪਾਹੀਆਂ ਦਾ ਪਹਿਰਾ ਲੱਗਾ ਹੋਇਆ ਸੀ। ਸੰਗਤ ਨੇ ਵੀ ਵਾਪਿਸ ਜਾਣ ਤੋਂ ਨਾਂਹ ਕਰ ਦਿੱਤੀ ਤੇ ਉਥੇ ਹੀ ਡੇਰੇ ਲਾ ਦਿੱਤੇ ਸਾਰੀ ਰਾਤ ਸੰਗਤ ਬੈਠੀ ਰਹੀ। ਸਵੇਰ ਵੇਲੇ ਮੈਜਿਸਟ੍ਰੇਟ ਆ ਕੇ ਗੁਰਦੁਆਰੇ ਤੇ ਸਰਕਾਰੀ ਕਬਜ਼ਾ ਕਰ ਕੇ ਬੂਹਾ ਖੋਲ੍ਹ ਦਿੱਤਾ। ਸੰਗਤ ਸੇਵਾ ਕਰਨ ਲੱਗੀ। ਢੱਠਾ ਹੋਯਾ ਨਿਸ਼ਾਨ ਖੜਾ ਕਰ ਦਿੱਤਾ ਤੇ ਅੰਦਰ ਬਾਹਿਰ ਸਭ ਸਫਾਈ ਕੀਤੀ।

੧੦ ਮਾਰਚ ਨੂੰ ਮਿ. ਬ੍ਰਾਊਨ ਡਿਪਟੀ ਸੁਪ੍ਰੀਡੈਂਟ ਪੁਲਿਸ ਗੁਰਦੁਆਰੇ ਵਿਚ ਆਇਆ। ਹਕੂਮਤ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਆਖਣ ਲੱਗਾ 'ਟੁਮ ਨੇ ਨਸ਼ਾਹ ਕਿਉਂ ਕੜਾ ਕੀਆ ਹੈ ਅਭੀ ਉਤਾਰੋ! ਸਿੱਖ ਲੋਗ ਬਾਗੀ ਹੈ, ਹਮ ਗੋਲੀ ਸੇ ਉੜਾ ਦਏਗਾ, ਆਦਿ ਲਈ ਵੱਧ ਘੱਟ ਭੜਕਾਉਣ ਵਾਲੀਆਂ ਗੱਲਾਂ ਨਾਲ ਧਮਾਕਾਇਆ। ਸੇਵਕਾਂ ਨੇ ਸਭ ਕੁਝ ਸਬਰ ਨਾਲ ਸੁਣਿਆ ਅਤੇ ਦੋ ਦਿਨ ਤਿੰਨ ਸਿੰਘਾਂ ਨੇ ਨਿਸ਼ਾਨ ਉਤਾਰ ਦਿੱਤਾ। ਸ਼ਾਮ ਨੂੰ ਫਿਰ ਦੀਵਾਨ ਸਜਿਆ ਤੇ ਮਿ. ਬ੍ਰਉਨ ਦੀ ਸਖ਼ਤ ਅਯੋਗ ਕਾਰਵਾਈ ਉੱਤੇ ਘ੍ਰਿਣਾ ਪ੍ਰਗਟ ਕਰ ਕੇ ਨਿਸ਼ਾਨ ਉਤਾਰਨ ਵਾਲੇ ਸਿੰਘਾਂ ਨੂੰ ਤਨਖ਼ਾਹ ਲਾਈ ਗਈ। ਕਿਉਂ ਕਿ ਉਨ੍ਹਾਂ ਨੇ ਆਪਣੀ ਹੱਥੀਂ ਕਮਜ਼ੋਰੀ ਵਿਖਾਈ। ਉਹ ਮਿ. ਬ੍ਰਿਉਨ ਨੂੰ ਕਹਿੰਦੇ ਕਿ ਤੁਮ ਆਪ ਉਤਾਰੋ। ਸਿੰਘ ਆਪਣੇ ਅਕਾਲੀ ਨਿਸ਼ਾਨ ਨੂੰ ਨਹੀਂ ਉਤਾਰ ਸਕਦੇ ਅਤੇ ਸ਼ਾਮ ਨੂੰ ਫਿਰ ਨਿਸ਼ਾਨ ਸਾਹਿਬ ਖੜਾ ਕਰ ਦਿੱਤਾ ਗਿਆ।

ਭਾਈ ਉਜਾਗਰ ਸਿੰਘ ਜੀ ਖਾਣਾ ਪੀਣਾ ਛਡ ਬੈਠੇ—

ਗੁਰੂ ਸਿੰਘ ਸਭਾ ਪਸ਼ੌਰ ਦੀ ਤਾਰ ਆਈ ਹੈ—ਕਿ ਪਸ਼ੌਰ ਦੇ ਸਿੱਖ ਇਹ ਸੁਣ ਕੇ ਬੜੇ ਦੁਖੀ ਹੋਏ ਹਨ ਕਿ ਜਮਰੌਦ ਵਿਚ ਭਾਈ ਉਜਾਗਰ ਸਿੰਘ ਨੂੰ ਕੇਵਲ ਕ੍ਰਿਪਾਨ ਧਾਰਨ ਬਦਲੇ ਫੜ ਕੇ ਬੰਦ ਕੀਤਾ ਗਿਆ ਹੈ, ਜੋ ਕਿ ਸਿੱਖਾਂ ਦੇ ਪੰਜਾਂ ਜ਼ਰੂਰੀ ਰਹਿਤਾਂ ਵਿੱਚੋਂ ਹੈ ਇਸ ਤੋਂ ਉਪਰੰਤ ਇਸ ਗੱਲ ਦਾ ਹੋਰ ਦੁਖ ਨਾਲ ਪਤਾ ਲੱਗਾ ਹੈ ਕਿ ਉਜਾਗਰ ਸਿੰਘ ਨੂੰ ਆਪਣੇ ਧਾਰਮਿਕ ਜਜ਼ਬੇ ਦੇ ਉਲਟ ਰਸੋਈ ਦੇ ਭਾਂਡੇ ਮਾਂਜਨ ਤੇ ਲਾਇਆ ਗਿਆ ਹੈ, ਅਤੇ ਇਸ ਲਈ ਉਸ ਨੇ ਖਾਣਾ ਪੀਣਾ ਛੱਡ ਦਿੱਤਾ ਹੈ ਅਤੇ ਬੇਨਤੀ ਕੀਤੀ ਹੈ ਕਿ ਉਜਾਗਰ ਸਿੰਘ ਨੂੰ ਕ੍ਰਿਪਾਨ ਦਿੱਤੀ ਜਾਵੇ ਤੇ ਆਜ਼ਾਦ ਕੀਤਾ ਜਾਵੇ।

ਹੁਣੇ ਖਬਰ ਆਈ ਹੈ ਕਿ ਭਾਈ ਕਰਤਾਰ ਸਿੰਘ ਜੀ ਝਬਰ ਅਤੇ ਸ. ਉਤਮ ਸਿੰਘ ਜੀ ਨੂੰ ਹਥਕੜੀ ਲਾ ਕੇ ਲਾਹੌਰ ਲਿਆਂਦਾ ਗਿਆ ਹੈ।

ਨਨਕਾਣੇ ਸਾਹਿਬ ਦੇ ਹਿੰਦੂ ਮੁਸਲਮਾਨਾਂ ਦੇ ਭਰੇ ਜਲਸੇ ਵਿਚ ਸਰਬ ਸੰਮਤੀ ਨਾਲ ਪਾਸ ਹੋਇਆ—

੧. ਅਸੀਂ ਸੱਚੇ ਦਿੱਲੋਂ ਨਨਕਾਣੇ ਸਾਹਿਬ ਵਿਚ ੧੫੦ ਸ਼ਹੀਦਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਾਂ ਤੇ ਨਰੈਣ ਦਾਸ ਮਹੰਤ ਉਸ ਦੇ ਸਾਥੀਆਂ ਉੱਤੇ ਸਖ਼ਤ ਸ਼ੋਕ ਪ੍ਰਗਟ ਕਰਦੇ ਹਾਂ ।

੨. ਜਦੋਂ ਦੇ ਸਿੱਖ ਇਥੇ ਆਏ ਹਨ ਉਹ ਮੁਸਲਮਾਨਾਂ ਅਤੇ ਹਿੰਦੂਆਂ ਨਾਲ ਬੜੀ ਹਮਦਰਦੀ ਤੇ ਪਿਆਰ ਨਾਲ ਵਰਤਾਵ ਕਰਦੇ ਹਨ ਅਤੇ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਦਿੰਦੇ । ਅਸੀਂ ਵੈਰੀਆਂ ਵੱਲੋਂ ਫੈਲਾਈਆਂ ਹੋਈਆਂ ਝੂਠੀਆਂ ਅਫ਼ਵਾਹਾਂ ਦੀ ਬੜੇ ਜ਼ੋਰ ਨਾਲ ਤਰਦੀਦ ਕਰਦੇ ਹਾਂ ।

(ਕਰਮ ਚੰਦ ਪ੍ਰੈਜ਼ੀਡੈਂਟ, ਗੁਲਾਮ ਮੁਹਯਾਉਦੀਨ ਸੈਕ੍ਰਟਰੀ)

੧੧ ਮਾਰਚ ਸਵੇਰ ਵੇਲੇ ਆਸਾ ਦੀ ਵਾਰ ਲੱਗ ਰਹੀ ਹੈ ਅਰਦਾਸਾ ਹੋ ਕੇ ਭੋਗ ਪਿਆ ਹੈ ਤੇ ਹਥਕੜੀਆਂ ਲਈ ਪੁਲਿਸ ਦੀ ਸੈਨਾ ਮਿ. ਬਰਾਉਨ ਦੀ ਜਰਨੈਲੀ ਵਿਚ ਸਿਰ ਉੱਤੇ ਖੜੀ ਆ ਹੋਈ । ਭਾਈ ਜਗਤ ਸਿੰਘ ਜੀ ਜਥੇਦਾਰ ਨੇ ਬੜੇ ਹੌਂਸਲੇ ਨਾਲ ਆਖਿਆ ਖਾਲਸਾ ਜੀ ਘਬਰਾਣਾ ਨਹੀਂ, ਸ਼ਾਂਤੀ ਰੱਖਣੀ ਅਤੇ ਨਨਕਾਣੇ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਰੱਖ ਕੇ ਕਰੜੇ ਤੋਂ ਕਰੜੇ ਦੁਖਾਂ ਨੂੰ ਖੁਸ਼ੀ ਨਾਲ ਝਲਣਾ । ਸੰਗਤਾਂ ਨੂੰ ਫਿਰ ਧਮਕਾਇਆ ਕਿ ਇਥੋਂ ਨਿਕਲ ਜਾਉ ਤੁਹਾਡਾ ਇਥੇ ਕੋਈ ਕੰਮ ਨਹੀਂ ।

ਪਰ ਸੰਗਤ ਨੇ ਕਿਹਾ ਕਿ ਗੁਰਦੁਆਰੇ ਵਿਚ ਸ਼ਬਦ ਕੀਰਤਨ ਕਰਦਿਆਂ ਤੇ ਸੇਵਾ ਕਰਦਿਆਂ ਰੋਕਣ ਦਾ ਕਿਸੇ ਨੂੰ ਹੱਕ ਨਹੀਂ, ਅਸੀਂ ਨਹੀਂ ਜਾਂਦੇ । ਬਸ ਹਥਕੜੀਆਂ ਲਾ ਕੇ ੨੧ ਸਿੰਘਾਂ ਨੂੰ ਸੈਂਟ੍ਰਲ ਜੇਲ੍ਹ ਵਿਚ ਭੇਜ ਦਿੱਤਾ । ਥੋੜ੍ਹੇ ਚਿਰ ਪਿੱਛੋਂ ਭਾਈ ਸੰਤ ਸਿੰਘ ਤੇ ਮੰਗਲ ਸਿੰਘ ਦੋ ਭੁਝੰਗੀ ਸਟੇਸ਼ਨ ਵੱਲੋਂ ਗੁਰਦੁਆਰੇ ਵਿਚ ਮਥਾ ਟੇਕਣ ਆਏ । ਸਿਪਾਹੀਆਂ ਨੇ ਮੁਸ਼ਕਾਂ ਕਸ ਲਈਆਂ ਤੇ ਕ੍ਰਿਪਾਨਾਂ ਉਤਾਰ ਲਈਆਂ । ਇਥੋਂ ਤਕ ਕਿ ਮੰਗਲ ਸਿੰਘ ਨੂੰ ਪਿਸ਼ਾਬ ਕਰਦਿਆਂ ਉਠਾ ਲਿਆ ਤੇ ਪਿਸ਼ਾਬ ਵੀ ਨਾ ਕਰਨ ਦਿੱਤਾ । ਭੁਝੰਗੀਆਂ ਨੇ ਸਾਡੇ ਪਾਸ ਬਿਆਨ ਕੀਤਾ ਹੈ ਕਿ ਸਾਨੂੰ ਇਕ ਅੰਗ੍ਰੇਜ਼ ਅਫ਼ਸਰ ਨੇ ਬੜਾ ਧਮਕਾਇਆ ਅਤੇ ਕਿਹਾ ਕਿ "ਟੁਮ ਸਿੱਖ ਲੋਗ ਸਰਕਾਰ ਦਾ ਮੁਕਾਬਲਾ ਕਰਤਾ ਹੈ ਅਕਾਲੀ ਡਲ ਕੋ ਗੋਲੀ ਸਾਥ ਉੜਾਇਆ ਜਾਏਗਾ।" ਇਕ ਭੁਝੰਗੀ ਨੇ ਕਿਹਾ ਅਸੀਂ ਤਾਂ ਗੁਰੂ ਦੇ ਦਾਸ ਹਾਂ ਅਤੇ ਗੁਰਦੁਆਰੇ ਵਿਚ ਮਥਾ ਟੇਕਣ ਆਏ ਹਾਂ । ਸਾਡਾ ਪਰਾਧੀਨਾਂ ਦਾ ਸਰਕਾਰ ਨਾਲ ਮੁਕਾਬਲਾ ਕਾਹਦਾ ! ਦੋ ਚਾਰ ਘੰਟੇ ਖਜਲ ਖਵਾਰ ਕਰ ਕੇ ਭੁਝੰਗੀਆਂ ਨੂੰ ਛਡ ਦਿੱਤਾ ।

ਇਹ ਹਨ ਮਿ. ਬਰਾਉਨ ਅਤੇ ਉਸ ਦੀ ਸੈਨਾ ਦੇ ਕਾਰਨਾਮੇ ! ਮਲੂਮ ਹੋਂਦਾ ਹੈ ਕਿ ਜਨਰਲ ਡਾਇਰ ਦੀ ਮਸ਼ਹੂਰੀ ਅਤੇ ਅੰਗ੍ਰੇਜ਼ ਭਰਾਵਾਂ ਵੱਲੋਂ ਇਜ਼ੱਤ ਤੇ ਇਨਾਮ ਸੁਣ ਕੇ ਕਈ ਗੋਰਿਆ ਦੇ ਮੂੰਹ ਵਿੱਚੋਂ ਲਾਲਾਂ ਵਗ ਪਈਆਂ ਹਨ। ਉਹ ਵੀ ਨਾਮਵਰੀ ਖਟਣਾ ਚਾਹੁੰਦੇ ਹਨ । ਸਾਰਾ ਹਿੰਦ ਪੁਕਾਰ ਰਿਹਾ ਹੈ ਕਿ ਮਾਰਸ਼ਲ ਲਾ ਦੇ ਅਪਰਾਧੀ ਅਫ਼ਸਰਾਂ ਦਾ ਸੁਕੇ ਬਚ ਜਾਣਾ ਕਈ ਅਫ਼ਸਰਾਂ ਦੇ ਦਿਮਾਗ ਵਿਗਾੜ ਦੇਵੇਗਾ । ਸਮੇਂ ਦੀ ਹਾਲਤ ਬਹੁਤ ਕੁਝ ਇਸ ਨੂੰ ਰੋਸ਼ਨ ਕਰ ਹਰੀ ਹੈ । ਅਸੀਂ ਚਾਹੁੰਦੇ ਹਾਂ ਕੋਈ ਰੱਬੀ ਤਾਕਤ ਛੇਤੀ ਮਾਮਲੇ ਨੂੰ ਸਮਝਾਵੇ ।

ਸਰਕਾਰੀ ਐਲਾਨ

ਨਨਕਾਣੇ ਸਾਹਿਬ ਅਰ ਉਸ ਦੇ ਆਸ ਪਾਸ ਦੇ ਪਿੰਡਾਂ ਵਿਚ ਬਦਮਾਸ਼ਾਂ ਨੇ ਜੋ ਖਰਾਬੀ ਮਚਾ ਰੱਖੀ ਸੀ ਉਹ ਹੁਣ ਘਟਦੀ ਜਾਪਦੀ ਹੈ । ਫ਼ੌਜਾਂ ਆਨ ਨਾਲ ਇਸ ਤੇ ਚੰਗਾ ਅਸਰ ਪਿਆ ਹੈ, ਗਵਰਮੈਂਟ ਨੇ ਨਾਨਕਾਣਾ ਸਾਹਿਬ ਵਿਚ ਠਹਿਰੇ ਹੋਏ ਕੁਝ ਲੀਡਰਾਂ ਨਾਲ ਸਲਾਹ ਕਰ ਕੇ ਇਕਰਾਰ ਕੀਤਾ ਹੈ ਕਿ ਗੁਰਦੁਆਰੇ ਦੀ ਬਾਹਰਲੇ ਹਮਲਿਆਂ ਤੋਂ ਰੱਖਿਆ ਕੀਤੀ ਜਾਵੇਗੀ ਅਰ ਗੁਰਦੁਆਰੇ ਦੇ ਚਾਰਜ ਵਾਲੀ ਕਮੇਟੀ ਨੇ ਇਕਰਾਰ ਕੀਤਾ ਹੈ ਕਿ ਨਾਨਕਾਣਾ ਸਾਹਿਬ ਅਰ ਉਸ ਦੇ ਆਸ ਪਾਸ ਤੋਂ ਜਥੇ ਹਟਾ ਲਏ ਜਾਣਗੇ ਅਰ ਹੋਰ ਜਥਿਆਂ ਨੂੰ ਉਥੇ ਆਉਣ ਤੋਂ ਰੋਕਣ ਲਈ ਹਰ ਪ੍ਰਕਾਰ ਦਾ ਯਤਨ ਕੀਤਾ ਜਾਵੇਗਾ ।

ਸੂਬੇ ਦੇ ਹੋਰ ਹਿੱਸਿਆ ਵਿਚ ਇਸ ਗੱਲ ਦਾ ਕਾਫ਼ੀ ਖ਼ਤਰਾ ਹੈ ਕਿ ਮਤਾਂ ਹੋਰ ਪ੍ਰਸਿੱਧ ਗੁਰਦੁਆਰਿਆਂ ਤੇ ਹੱਲੇ ਕੀਤੇ ਜਾਨ ਅਰ ਅਜਿਹੇ ਹੱਲਿਆਂ ਦੇ ਜਵਾਬ ਭੀ ਤਾਕਤ ਨਾਲ ਦਿੱਤੇ ਜਾਨ ।

ਗਵਰਮੈਂਟ ਇਸ ਲਈ ਡਿਪਟੀ ਕਮਿਸ਼ਨਰਾਂ ਨੂੰ ਹਿਦਾਇਤ ਕੀਤੀ ਹੈ ਕਿ ਜਦ ਉਨ੍ਹਾਂ ਨੂੰ ਯਕੀਨੀ ਹੋ ਜਾਵੇ ਕਿ ਕਿਸੇ ਗੁਰਦੁਆਰੇ ਜੀ ਧਰਮ ਅਸਥਾਨ ਸਬੰਧੀ ਕੋਈ ਅਜਿਹਾ ਝਗੜਾ ਹੈ ਜਿਸ ਨਾਲ ਅਮਨ ਭੰਗ ਹੋਣ ਦਾ ਡਰ ਹੈ ਤਾਂ ਮੁਨਾਸਿਬ ਵੇਲੇ ਸਿਰ ਜ਼ਾਬਤਾ ਫ਼ੌਜਦਾਰੀ ਦੀ ਦਫ਼ਾ ੧੪੫ ਹਿੱਸਾ ਚੌਥਾ ਵਰਤਿਆ ਜਾਵੇ ਅਰ ਮੁਕੱਦਮੇ ਦੇ

ਅਖੀਰੀ ਫ਼ੈਸਲੇ ਤਕ ਝਗੜੇ ਵਾਲੀ ਚੀਜ਼ ਗਵਰਨਮੈਂਟ ਦੇ ਕਬਜ਼ੇ ਵਿਚ ਰਹੇ। ਜਦ ਇਸ ਪ੍ਰਕਾਰ ਕੀਤਾ ਜਾਵੇ ਤਾਂ ਉਥੋਂ ਦੇ ਨਿਯਮ ਅਨੁਸਾਰ ਪੂਜਾ ਜਾਂ ਕੰਮ ਕਾਰ ਦੇ ਨਿਰਵਿਘਨ ਹੁੰਦੇ ਰਹਿਣ ਲਈ ਮੁਨਾਸਿਬ ਇੰਤਜ਼ਾਮ ਕਰ ਦਿੱਤਾ ਜਾਵੇਗਾ।

ਆਨੰਦਪੁਰ ਸਾਹਿਬ ਦੇ ਹੋਲੇ ਦੇ ਮੇਲੇ ਨੂੰ ਬੰਦ ਕਰਨ ਦਾ ਸਵਾਲ, ਜਿਥੇ ਬਹੁਤ ਲੋਕ ਇਕੱਠੇ ਹੁੰਦੇ ਹਨ, ਸਿੱਖ ਪਾਰਟੀਆਂ ਵਿਚ ਮੌਜੂਦਾ ਝਗੜੇ ਦੇ ਕਾਰਨ ਵਿਚਾਰ ਅੰਦਰ ਹੈ। ਅਰ ਫਸਾਦ ਨੂੰ ਰੋਕਨ ਦੀ ਖ਼ਾਤਰ ਫ਼ੌਜ ਉਥੇ ਪਹੁੰਚ ਜਾਵੇਗੀ। ਮੁਕਤਸਰ ਜ਼ਿਲ੍ਹਾ ਫੀਰੋਜ਼ਪੁਰ ਵਿਚ ਅਫ਼ਸਰ ਯਤਨ ਕਰ ਰਹੇ ਹਨ ਕਿ ਸੁਲਾਹ ਸਫ਼ਾਈ ਨਾਲ ਪ੍ਰਬੰਧ ਕਰ ਲਿਆ ਜਾਵੇ ਤਾਂ ਕਿ ਧੱਕੇ ਬਾਜ਼ੀ ਨਾਮੁਮਕਿਨ ਹੋ ਜਾਵੇ। ਜੇ ਇਹ ਜ਼ਰੂਰੀ ਸਮਝਿਆ ਤਾਂ ਉਸ ਦਾ ਲਿਖੇ ਦਫ਼ੇ ਅਨੁਸਾਰ ਅਮਲ ਨੂੰ ਵਿਚ ਭੰਗ ਪੈਣੋਂ ਰੋਕਣ ਲਈ ਇੰਤਜ਼ਾਮ ਕੀਤਾ ਜਾਵੇਗਾ। ਇਥੇ ਭੀ ਇੰਤਜ਼ਾਮ ਰੱਖਣ ਲਈ ਫ਼ੌਜ ਵਰਤੀ ਜਾਵੇਗੀ।

ਹੁਣ ਗਵਰਮੈਂਟ ਵਿਚਾਰ ਜਾਰੀ ਹੈ ਕਿ ਸਬਧੇ ਵਿਚ ਸਿੱਖ ਗੁਰਦੁਆਰਿਆਂ ਦੀ ਪੋਜੀਸ਼ਨ ਨੂੰ ਸਾਫ਼ ਕਰਨ ਲਈ ਨਵੇਂ ਕਾਨੂੰਨ ਬਣਾਏ ਜਾਣ। ਇਨ੍ਹਾਂ ਨਵੇਂ ਕਾਨੂੰਨਾਂ ਅਨੁਸਾਰ ਸ਼ਾਇਦ ਕਮਿਸ਼ਨਰ ਗੁਰਦੁਆਰਿਆਂ ਵਾਸਤੇ ਕਰਨਗੇ ਜਿਸ ਤਰ੍ਹਾਂ ਇੰਗਲੈਂਡ ਵਿਚ ਚੈਰਿਟੀ ਕਮਿਸ਼ਨ ਹਨ। ਇਹ ਕਮਿਸ਼ਨਰ ਮੌਜੂਦਾ ਸੂਰਤ ਨੂੰ ਵਿਚਾਰਨਗੇ ਅਰ ਅੱਗੇ ਨੂੰ ਆਮਦਨੀ ਦੇ ਇੰਤਜ਼ਾਮ ਲਈ ਮੁਨਾਸਿਬ ਪ੍ਰਬੰਧ ਕਰਨਗੇ। ਚੂੰਕਿ ਇਸ ਲਈ ਕਾਨੂੰਨ ਝਟਪਟ ਨਹੀਂ ਬਣ ਸਕਦਾ ਇਸ ਲਈ ਮੌਜੂਦਾ ਜ਼ਰੂਰੀ ਹਾਲਤਾਂ ਲਈ ਸ਼ਾਯਦ ਆਰਜ਼ੀ ਕਾਨੂੰਨ ਬਣਾ ਦਿੱਤੇ ਜਾਨ। ਇਹ ਸਾਰਾ ਸਵਾਲ ਵਿਚਾਰ ਅੰਦਰ ਹੈ ਅਰ ਇਸ ਤੋਂ ਪਿੱਛੋਂ ਕੋਈ ਨਵੀਂ ਤਜਵੀਜ਼ ਬਣੀ ਤਾਂ ਕਾਨੂੰਨੀ ਕੌਂਸਲ ਦੇ ਇਜਲਾਸ ਵਿਚ ਦੱਸ ਦਿੱਤੀ ਜਾਵੇਗੀ।

ਨਾਨਕਾਣੇ ਸਾਹਿਬ ਦੇ ਨਵੇਂ ਹਾਲ

ਸ੍ਰਕਾਰੀ ਚਿੱਠੀ

ਨਨਕਾਣੇ ਸਾਹਿਬ ਤੋਂ ਰਿਪੋਰਟ ਪਹੁੰਚੀ ਹੈ ਕਿ ਕੱਲ ਸ਼ਾਮ ਨੂੰ ਭਾਈ ਕਰਤਾਰ ਸਿੰਘ ਝਬਰ ਗੁਰਦੁਆਰਾ ਕਮੇਟੀ ਦੇ ਪ੍ਰਤੀਨਿਧਾਂ ਦਾ ਇਕ ਮੈਂਬਰ (ਜਿਨ੍ਹਾਂ ਨਾਲ ਸਥਾਨੀ ਸਰਕਾਰ ਨੇ ਮੰਗਲਵਾਰ ਮਿਲ ਕੇ ਵਿਚਾਰ ਕੀਤੀ ਸੀ) ਨੇ ਬਹੁਤ ਸਾਰੇ ਸ਼ਸਤਰਧਾਰੀ ਸਿੱਖਾਂ ਨੂੰ ਨਾਲ ਲੈ ਕੇ ਕਿਆਰਾ ਸਾਹਿਬ ਤੇ ਕਬਜ਼ਾ ਕਰ ਲਿਆ ਹੈ। ਕਮਿਸ਼ਨਰ ਸਣੇ ਸੇਖੂਪੁਰੇ ਡਿਪਟੀ ਕਮਿਸ਼ਨਰ ਦੇ, ਜ਼ਰੂਰੀ ਕਾਰਵਾਈ ਕਰਨ ਜਾ ਰਿਹਾ ਹੈ। ੧੧ ਮਾਰਚ ਦਸਤਖ਼ਤ ਐਲ. ਫ੍ਰੈਂਚ ਚੀਫ਼ ਸੈਕ੍ਰਟੇਰੀ।

ਸਾਨੂੰ ਨਨਕਾਣੇ ਸਾਹਿਬ ਤੋਂ ਚਿੱਠੀ ਆਈ ਹੈ ਕਿ ਉਥੇ ਸਭ ਤਰ੍ਹਾਂ ਅਮਨ ਅਮਾਨ ਹੈ। ਸਿੱਖ ਹਿੰਦੂ ਮੁਸਲਮਾਨ ਸਭ ਪਿਆਰ ਨਾਲ ਵਰਤ ਰਹੇ ਹਨ ਸ. ਹਰਬੰਸ ਸਿੰਘ ਜੀ, ਸ. ਸੁੰਦਰ ਸਿੰਘ, ਸ. ਤੇਜਾ ਸਿੰਘ ਜੀ ਸਮੁੰਦਰੀ ਵਾਲੇ ਅਤੇ ਹੋਰ ਕਮੇਟੀ ਦੇ ਮੈਂਬਰਾਂ ਦੇ ਨਾਮ ਦਫ਼ਾ ੧੪੫ ਅਨੁਸਾਰ ਹੁਕਮ ਆਇਆ ਹੈ ਕਿ ੨੨ ਮਾਰਚ ਨੂੰ ਡਿਪਟੀ ਕਮਿਸ਼ਨਰ ਕੋਲ ਪੇਸ਼ ਹੋਣ ਕਿਉਂਕਿ ਉਹ ਬਾਲ ਲੀਲ੍ਹਾ ਦੀ ਜ਼ਮੀਨ ਕਬਜ਼ੇ ਵਿਚ ਕਰਨੀ ਚਾਹੁੰਦੇ ਹਨ ਅਤੇ ਅਮਲ ਭੰਗ ਹੋਣ ਦਾ ਡਰ ਹੈ।

ਅਕਾਲੀ ਲਾਹੌਰ ੧੬ ਮਾਰਚ ਸੰਨ ੧੯੨੧

ਨਾਨਕਾਣੇ ਸਾਹਿਬ ਵਿਚ ਬੋਰਿੰਗ ਸ਼ਾਹੀ

"ਪੁਲਿਸ ਲਾਅ" ਨਾਲ ਸਿੱਖ ਧਰਮ ਉੱਤੇ ਵਾਰ

ਮਲੂਮ ਹੋਇਆ ਹੈ ਕਿ ਮਿਸਟਰ ਬੋਰਿੰਗ ਨੂੰ ਇਸ ਗੱਲ ਦਾ ਡਾਢਾ ਅਰਮਾਨ ਲੱਗਾ ਹੋਇਆ ਹੈ ਕਿ ਮਾਰਸ਼ਲ ਲਾਅ ਦੇ ਦਿਨਾਂ ਵਿਚ ਇਸ ਦੀ ਸਾਰੀ ਘਾਲ ਬਿਰਥੀ ਗਈ। ਕਿਉਂਕਿ ਖਿਆਲੀ ਬਗਾਵਤ ਦੀ ਗੋਂਦ ਦਾ ਢਾਂਚਾ ਬਨਾਣ ਵਿਚ ਤਾਂ ਸਾਰੀ ਮੇਹਨਤ ਮਿ: ਬੌਰਿੰਗ ਐਂਡ ਕੋ. ਨੇ ਕੀਤੀ ਪਰ ਵਡਿਆਈ ਓਡਵਾਇਰ ਅਤੇ ਜਾਨਸਨ ਆਦਿਕ ਲੈ ਗਏ। ਇਸ ਲਈ ਹੁਣ ਇਹ ਨਨਕਾਣੇ ਸਾਹਿਬ ਮੋਰਚਾ ਲਾਈ ਬੈਠਾ ਹੈ ਅਤੇ ਇਸ ਦਾ ਇਹ ਯਤਨ

ਹੈ ਕਿ ਹੁਣ ਬਹੁਤ ਸਾਰੀ ਨਵੇਕਲੀ ਵਡਿਆਈ ਮਿਲੇ। ਇਸ ਲਈ ਮਿਸਟਰ ਬੌਰਿੰਗ ਦਾ ਸਾਰਾ ਦਿਮਾਗ ਇਸ ਗੱਲ ਉੱਤੇ ਖਰਚ ਹੋ ਰਿਹਾ ਹੈ ਕਿ ਸਾਰੀ ਸਿੱਖ ਕੌਮ ਨੂੰ ਬਾਗ਼ੀ ਪ੍ਰਗਟ ਕਰ ਸਕੇ ਤੇ ਇਸ ਦੇ ਜ਼ਿੰਮੇਂ ਅਣਹੋਏ ਦੋਸ਼ ਲਾ ਲਾ ਕੇ ਇਸ ਨੂੰ ਬਦਨਾਮ ਕਰੇ। ਨਾਨਕਾਣਾ ਸਾਹਿਬ ਅਤੇ ਲਾਗੇ ਦਾ ਇਲਾਕਾ ਇਸ ਦੇ ਇਰਾਦੇ ਵਿਚ ਸਹਾਇਤਾ ਕਰਨ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ। ਕਿਉਂਕਿ ਇਥੋਂ ਦੇ ਹੀ ਕਈ ਲੋਕਾਂ ਨੇ ਨਰੈਣੂੰ ਨਾਲ ਸ਼ਾਮਲ ਹੋ ਕੇ ਸਿੱਖਾਂ ਦੇ ਕਤਲੇਆਮ ਵਿਚ ਹਿੱਸਾ ਲਿਆ ਅਤੇ ਸਹਾਇਤਾ ਕੀਤੀ। ਹੁਣ ਜੇ ਉਨ੍ਹਾਂ ਲੋਕਾਂ ਨੂੰ ਥਾਪੜ ਕੇ ਸਿੱਖਾਂ ਦੇ ਹੀ ਵਿਰੁੱਧ ਦੋਸ਼ ਲਾਣ ਵਿਚ ਵਰਤਿਆ ਜਾਵੇ ਤਾਂ ਉਨ੍ਹਾਂ ਲਈ ਇਸ ਤੋਂ ਵਧ ਹੋਰ ਚੰਗੀ ਗੱਲ ਕਿਹੜੀ ਹੋ ਸਕਦੀ ਹੈ! ਕਿਉਂਕਿ ਉਨ੍ਹਾਂ ਲਈ ਦੋ ਹੀ ਰਾਹ ਹਨ ਇਕ ਤਾਂ ਆਪ ਕਾਤਲ ਜਾਂ ਕਾਤਲ ਦੇ ਸਹਾਇਕ ਬਣ ਕੇ ਜੇਲ੍ਹ ਵਿਚ ਪੈਣ ਅਤੇ ਫਾਂਸੀ ਆਦਿਕਾਂ ਦੀਆਂ ਸਜਾਵਾਂ ਪਾਉਣ ਅਤੇ ਦੂਜੇ ਮਿ: ਬੌਰਿੰਗ ਦੇ ਹਥਿਆਰ ਬਣ ਕੇ ਨਿਰਦੋਸ਼ ਸਿੱਖਾਂ ਉੱਤੇ ਅਪਰਾਧ ਲਾ ਕੇ ਆਪ ਬਚ ਜਾਣ। ਇਸ ਹਾਲਤ ਵਿਚ ਅਜਿਹਾ ਕੌਣ ਹੈ ਜੋ ਦੂਜੀ ਗੱਲ ਨੂੰ ਪਸੰਦ ਨਾ ਕਰੇ।

ਸਿੱਖ ਬਾਗ਼ੀ ਹੋ ਗਏ

ਬਸ ਇਨ੍ਹਾਂ ਦੀ ਸਹਾਇਤਾ ਨਾਲ ਕਈ ਝੂਠ ਮੂਠ ਰਿਪੋਰਟਾਂ ਲਿਖ ਲਿਖ ਕੇ ਮਿ: ਬੌਰਿੰਗ ਨੇ ਪ੍ਰਗਟ ਕੀਤਾ ਕਿ ਸਿੱਖ ਬਾਗ਼ੀ ਹਨ, ਲੋਕਾਂ ਨੂੰ ਤੰਗ ਕਰਦੇ ਹਨ। ਹਿੰਦੂ ਮੁਸਿਲਮਾਨਾਂ ਨੂੰ ਵੀ ਸਿੱਖਾਂ ਨਾਲ ਲੜਾਨ ਦੀ ਕੋਸ਼ਿਸ਼ ਕੀਤੀ ਗਈ ਤਾਂ ਜੋ ਉਹ ਸਿੱਖਾਂ ਦੀ ਸਹਾਇਤਾ ਨਾ ਕਰਨ। ਅਤੇ ਘਟੋ ਘੱਟ ਝਗੜੇ ਰਗੜੇ ਵਿਚ ਤਾਂ ਜ਼ਰੂਰ ਪੈ ਜਾਨ। ਸਾਰੀਆਂ ਰਿਪੋਰਟਾਂ ਸਰਕਾਰੀ ਐਲਾਨਾਂ ਅਤੇ ਮਿ: ਬੌਰਿੰਗ ਦੇ ਯਤਨਾਂ ਦਾ ਸਿੱਟਾ ਇਹ ਨਿਕਲਿਆ ਕਿ ਕਈ ਸੌ ਸਿਪਾਹੀ, ਮਸ਼ੀਨਗੰਨਾਂ ਤੇ ਜੰਗੀ ਸਾਮਾਨ ਲੈ ਕੇ ਡਿਪਟੀ ਕਮਿਸ਼ਨਰ, ਤੇ ਕਮਿਸ਼ਨਰ ਸਪੈਸ਼ਲ ਗਡੀ ਤੇ ਨਨਕਾਣੇ ਸਾਹਿਬ ਜਾ ਗਜੇ। ਤੇ ਮਿ: ਬੋਰਿੰਗ ਦੇ ਬਾਗ਼ੀ ਬਣਾਏ ਹੋਏ ਸਿੱਖਾਂ ਨੂੰ ਸਰ ਕਰਨ ਲਈ ਘੇਰੇ ਪਾ ਲਏ। ਅਗੋਂ ਜਿਸ ਸਿੱਖ ਨੂੰ ਆਖਿਆ ਉਸ ਨੇ ਖੁਸ਼ੀ ਨਾਲ ਹਥਕੜੀਆਂ ਪਾ ਲਈਆਂ ਬਾਕੀ ਦੇ ਸਾਰੇ ਸਿੱਖ ਬੜੀ ਸ਼ਾਂਤੀ ਅਤੇ ਧੀਰਜ ਨਾਲ ਵੇਖਦੇ ਰਹੇ।

ਬਾਗ਼ੀ ਨਾ ਸਹੀ ਡਾਕੂ ਸਹੀ।

ਜਦੋਂ ਅਗੋਂ ਕਿਸੇ ਸਿੱਖ ਨੇ ਹੱਥ ਨਾ ਉਠਾਇਆ ਤਾਂ ਇਕ ਦੋ ਗੁਰਦੁਆਰਿਆਂ ਦੇ ਅੰਦਰੋਂ ਸੇਵਾ ਕਰਦਿਆਂ ਨੂੰ ਬਾਹਰ ਬੁਲਾ ਕੇ ਫੜ ਲਿਆ ਤੇ ਦਫ਼ਾ ੩੯੫ ਡਕੈਤੀ ਵਿਚ ਚਲਾਨ ਕਰ ਦਿੱਤੇ। ਇਸ ਸਾਕੇ ਦੀ ਅਸਲੀਅਤ ਇਹ ਹੈ ਕਿ ਮਹੰਤਨੀ ਇੰਦਰ ਕੌਰ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਗੇ ਦਰਖ਼ਾਸਤ ਕੀਤੀ, ਕਿ ਗੁਰਦੁਆਰਾ ਕਿਆਰਾ ਸਾਹਿਬ ਦੀ ਸੇਵਾ ਨਹੀਂ ਹੋ ਰਹੀ ਤੁਸੀਂ ਕੋਈ ਸੇਵਕ ਜਥਾ ਲਾਉ ਜੋ ਚੰਗੀ ਤਰ੍ਹਾਂ ਪ੍ਰਬੰਧ ਅਤੇ ਸੇਵਾ ਕਰੇ। ਗੁਰਦੁਆਰਾ ਕਮੇਟੀ ਦੀ ਆਗਿਆ ਨਾਲ ਭਾਈ ਕਰਤਾਰ ਸਿੰਘ ਜੀ ਝਬਰ (ਜਿਨ੍ਹਾਂ ਨੂੰ ਲਾਟ ਸਾਹਿਬ ੯ ਮਾਰਚ ਨੂੰ ਬੁਲਾ ਕੇ ਮੁਲਾਕਾਤ ਕਰਦਾ ਹੈ) ਅਤੇ ਭਾਈ ਉਤਮ ਸਿੰਘ ਜੀ ਇਕ ਦੇਵਤਾ ਸਰੂਪ ਮੰਨ ਪ੍ਰਮੰਨੇ ਪ੍ਰਤਿਸ਼ਠਤ ਸੱਜਣ ਕਾਰਖ਼ਾਨੇ ਵਾਲੇ ਅਤੇ ੨ ਹੋਰ ਸਿੰਘਾਂ ਨੂੰ ਡਕੈਤੀ ਦੇ ਜੁਰਮ ਵਿਚ ਗ੍ਰਿਫ਼ਤਾਰ ਕਰ ਲਿਆ। ਇਹ ਬੋਰਿੰਗ ਸ਼ਾਹੀ ਦਾ ਦਾ ਇਕ ਮਾੜਾ ਜਿਹਾ ਕ੍ਰਿਸ਼ਮਾ ਹੈ।

ਚੂੰਕਿ ਸਿੱਖ ਬਾਗ਼ੀ ਨਹੀਂ ਸਾਬਤ ਹੋ ਸਕੇ ਇਸ ਲਈ ਡਾਕੂ ਹੀ ਬਣਾ ਦਿਓ।

ਗੁਰਦੁਆਰੇ ਨੂੰ ਜੰਦਰੇ

ਵਿਕਟੋਰੀਆ ਮਹਾਰਾਣੀ ਤੋਂ ਲੈ ਕੇ ਹੁਣ ਤੀਕਣ ਸਾਰੇ ਅਫ਼ਸਰ ਵੀ ਇਹੋ ਕਹਿੰਦੇ ਨਹੀਂ ਥਕਦੇ ਕਿ ਸਰਕਾਰ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਦਿੰਦੀ। ੯ ਮਾਰਚ ਦੇ ਸਰਕਾਰੀ ਐਲਾਨ ਵਿਚ ਪਰਗਟ ਕੀਤਾ ਗਿਆ ਹੈ ਕਿ ਝਗੜੇ ਵਾਲੇ ਗੁਰਦੁਆਰਿਆਂ ਤੇ ਸਰਕਾਰੀ ਕਬਜ਼ਾ ਹੋਵੇਗਾ ਪਰ ਪੂਜਾ ਪਾਠ ਰੀਤਾਂ ਰਸਮਾਂ ਹੋਣ ਵਿਚ ਨਹੀਂ ਰੋਕ ਪਾਈ ਜਾਵੇਗੀ। ਪਰ ਮਿ: ਬੌਰਿੰਗ ਦੇ ਪੁਲਿਸ ਲਾਅ ਨੇ ਗੁਰਦੁਆਰੇ ਕਿਆਰਾ ਸਾਹਿਬ ਨੂੰ ਜੰਦਰੇ ਲਵਾ ਦਿੱਤੇ ਹਨ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬੰਦ ਪਏ ਹਨ ਤੇ ਬਾਹਰ ਪਹਿਰਾ ਲੱਗਾ ਹੈ।

ਸੋਟੀਆਂ ਤੇ ਬੈਂਤ ਵੀ ਨਾ ਰੱਖੋ

ਬੜੇ-ਬੜੇ ਕੁਹਾੜੇ ਹਥਿਆਰਾਂ ਦੇ ਕਾਨੂੰਨ ਤੋਂ ਬਰੀ ਹਨ ਛੋਟੇ-ਛੋਟੇ ਟਕੂਏ ਰੱਖਣ ਦੀ ਕਿਸੇ ਨੂੰ ਮਨਾਹੀ ਨਹੀਂ।

ਅਤੇ ਜਿਥੋਂ ਤਕ ਸਾਨੂੰ ਪਤਾ ਹੈ ਨਨਕਾਣੇ ਸਾਹਿਬ ਵਿਚ ਹਾਲਾਂ ਮਾਰਸ਼ਲ ਲਾਅ ਨਹੀਂ ਹੋਇਆ ਪਰ ੧੨ ਮਾਰਚ ਨੂੰ ਨਾ ਕੇਵਲ ਸਿੰਘਾਂ ਅਤੇ ਸਿੰਘਣੀਆਂ ਪਾਸੋਂ ਟਕੂਏ ਖੋਹ ਲਏ ਗਏ ਹਨ, ਬਲਕਿ ਸੋਟੀਆਂ ਅਤੇ ਬੈਂਤ ਵੀ ਖੋਹ ਲਏ ਗਏ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਮੈਂਬਰਾਂ ਪਾਸੋਂ ਵੀ ਬੈਂਤ ਤੇ ਸੋਟੀਆਂ ਖੋਹੀਆਂ ਗਈਆਂ ਹਨ ਜਿਨ੍ਹਾਂ ਦੇ ਹੱਥ ਮਿ: ਕਿੰਗ ਨੇ ਗੁਰਦੁਆਰੇ ਦੀਆਂ ਚਾਬੀਆਂ ਫੜਾਈਆਂ ਸਨ। ਅਸੀਂ ਨਹੀਂ ਸਮਝ ਸਕਦੇ ਕਿ ਇਹ ਕਾਰਵਾਈ ਕਿਸ ਕਾਨੂੰਨ ਨਾਲ ਕੀਤੀ ਗਈ ਹੈ। ਜਦ ਤੀਕਣ ਸਾਨੂੰ ਕੋਈ ਸਰਕਾਰੀ ਐਲਾਨ ਨਾ ਪਹੁੰਚੇ ਕਿ ਉਥੇ ਮਾਰਸ਼ਲ ਲਾਅ ਜਾਂ ਕੋਈ ਹੋਰ ਕਾਨੂੰਨ ਜਾਰੀ ਹੋਇਆ ਹੈ ਅਸੀਂ ਤਾਂ ਇਹੋ ਆਖਾਂਗੇ ਕਿ ਇਹ ਮਿ: ਬੌਰਿੰਗ ਐਂਡ ਕੋ ਦਾ ਲਾਅ ਵਰਤਿਆ ਜਾ ਰਿਹਾ ਹੈ।

ਅਤੇ ਸਰਕਾਰੀ ਐਲਾਨ ਕੱਢ ਕੇ ਕਿਸ ਤਰ੍ਹਾਂ ਸਚਾਈ ਦਾ ਖ਼ੂਨ ਕੀਤਾ ਗਿਆ ਹੈਕਿ "ਸਿੱਖਾਂ ਦੇ ਹਥਿਆਰ ਖੋਹੇ ਜਾ ਰਹੇ ਹਨ।"

ਸਿੰਘਾਂ ਅਤੇ ਸਿੰਘਣੀਆਂ ਨੂੰ ਗੁਰਦੁਆਰੇ ਅੰਦਰੋਂ ਧਰੀਕ ਧਰੀਕ ਕੇ ਬਾਹਰ ਕਢਿਆ ਗਿਆ।

ਗੁਰਦੁਆਰਾ ਬਾਲ ਲੀਲ੍ਹਾ ਦੇ ਵਿਚ ਵੀ ਸਿੰਘ ਸੇਵਾ ਕਰ ਰਹੇ ਸਨ ੧੨ ਮਾਰਚ ਸਾਮ ਨੂੰ ਉਥੇ ਸਿੰਘਾਂ ਨੂੰ ਆਖਿਆ ਗਿਆ ਕਿ "ਬਾਹਰ ਆ ਜਾਓ ਨਹੀਂ ਤੋਂ ਗੋਲੀ ਸੇ ਉਡਾਇਆ ਜਾਏਗਾ।" ਸਿੰਘਾਂ ਨੇ ਸੇਵਾ ਛਡ ਕੇ ਬਾਹਰ ਆਉਣ ਤੋਂ ਨਾਂਹ ਕੀਤੀ। ਛੇਕੜ ਇਕ ਇਕ ਨੂੰ ਅੰਦਰੋਂ ਧਰੂਹ ਕੇ ਬਾਹਰ ਕੱਢਿਆ ਗਿਆ। ਇਨ੍ਹਾਂ ਵਿਚ ਦੋ ਸਿੰਘਣੀਆਂ ਵੀ ਸਨ। ਜਦ ੧੭ ਕੁ ਸਿੰਘਾਂ ਨੂੰ ਲੈ ਤੁਰੇ ਤਾਂ ਇਨ੍ਹਾਂ ਕਿਹਾ ਕਿ ਅਸੀਂ ਵੀ ਇਨ੍ਹਾਂ ਦੇ ਨਾਲ ਹਾਂ ਜੋ ਕੁਝ ਜੁਰਮ ਇਨ੍ਹਾਂ ਕੀਤਾ ਹੈ ਅਸਾਂ ਵੀ ਕੀਤਾ ਹੈ ਅਸੀਂ ਇਨ੍ਹਾਂ ਤੋਂ ਵਖ ਕਦੀ ਨਹੀਂ ਹੋਵਾਂਗੀਆਂ। ਉਨ੍ਹਾਂ ਨੂੰ ਬਥੇਰਾ ਡਰਾਇਆ ਧਮਕਾਇਆ ਗਿਆ ਪਰ ਉਹ ਨਾਲ ਹੀ ਚਲੀਆਂ ਗਈਆਂ। ਜਦ ਇਕ ਸਿਪਾਹੀ ਨੂੰ ਕਿਹਾ ਗਿਆ ਕਿ ਇਨ੍ਹਾਂ ਨੂੰ ਧਕੇ ਮਾਰ ਕੇ ਬੇਇਜ਼ੱਤ ਕਰੋ ਤਾਂ ਉਹ ਵਾਪਸ ਮੁੜ ਆਈਆਂ।

ਭਾਵੇ ਮਿ: ਬੌਰਿੰਗ ਦੇ ਨਾਲ ਡਿਪਟੀ ਕਮਿਸ਼ਨਰ ਤੇ ਹੋਰ ਅਫ਼ਸਰ ਵੀ ਪੂਰਾ ਹਿੱਸਾ ਲੈ ਰਹੇ ਹਨ ਪਰ ਮਿ: ਬੌਰਿੰਗ ਖ਼ੁਫ਼ੀਆ ਪੁਲਿਸ ਦਾ ਅਫ਼ਸਰ ਬਣਾਉਟਾਂ ਬਨਾਣੀਆਂ ਤੇ ਰਿਪੋਰਟਾਂ ਭਿਜਵਾਣੀਆਂ, ਇਸ ਦਾ ਕੰਮ ਹੈ। ਇਸ ਨੂੰ ਜੋ ਜਨਰਲ ਡਾਇਰ ਜੇਹੀ ਵਡਿਆਈ ਪ੍ਰਾਪਤ ਕਰਨ ਦੀ ਲਗਨ ਲੱਗੀ ਹੋਈ ਹੈ। ਉਸ ਦੇ ਪੂਰਾ ਕਰਨ ਲਈ ਸਿਰੋਂ ਪਰ੍ਹੇ ਯਤਨ ਕਰ ਰਿਹਾ ਹੈ। ਪਰ ਖਬਰੇ ਰੱਬ ਹੀ ਇਸ ਦੀ ਮਦਦ ਨਹੀਂ ਕਰਦਾ ਨਹੀਂ ਤਾਂ ਇਸ ਦੀ ਮੇਹਨਤ ਵੱਲੋਂ ਕੋਈ ਕਸਰ ਨਹੀਂ ਰਹੀ!

ਫੜੇ ਗਏ ਸਿੰਘਾਂ ਦੀ ਫਹਰਿਸਤ

ਗੁਰਦੁਆਰਾ ਕਿਆਰਾ ਸਾਹਿਬ ਵਿੱਚੋਂ ਫੜੇ ਹੋਏ ਸਿੰਘਾਂ ਦੀ ਫਹਿਰਿਸਤ ਇਹ ਹੈ—

੧. ਭਾਈ ਕਰਤਾਰ ਸਿੰਘ ਜੀ ਝਬਰ।
੨. ਭਾਈ ਉਤਮ ਸਿੰਘ ਜੀ ਨਾਨਕਾਣਾ ਸਾਹਿਬ।
੩. ਭਾਈ ਲਖਾ ਸਿੰਘ ਜੀ ਕੁਰਲਕੇ।
੪. ਭਾਈ ਰਲਾ ਸਿੰਘ ਜੀ ਜੰਡਾਲੀ।
੫. ਭਾਈ ਹੀਰਾ ਸਿੰਘ ਜੀ ਝੁਰੜ।
੬. ਭਾਈ ਨਿਰਮਲ ਸਿੰਘ ਜੀ ਰਪਾਲੋਂ।
੭. ਭਾਈ ਰਾਮ ਸਿੰਘ ਜੀ ਮਚਲ।
੮. ਭਾਈ ਨਿਧਾਨ ਸਿੰਘ ਜੀ ਠੀਕਰੀ ਵਾਲਾ।
੯. ਭਾਈ ਨਰੈਣ ਸਿੰਘ ਜੀ ਠੀਕਰੀ ਵਾਲਾ।
੧੦. ਭਾਈ ਕੇਹਰ ਸਿੰਘ ਜੀ ਠੀਕਰੀ ਵਾਲਾ।
੧੧. ਭਾਈ ਕਾਹਨ ਸਿੰਘ ਜੀ ਠੀਕਰੀ ਵਾਲਾ।

ਗੁਰਦੁਆਰਾ ਬਾਲ ਲੀਲ੍ਹਾ ਵਿਚੋਂ ਫੜੇ ਗਏ ਸਿੰਘਾਂ ਦੀ ਫਹਿਰਿਸਤ ਇਹ ਹੈ—

੧. ਭਾਈ ਸੰਤੋਖ ਸਿੰਘ ਜੀ ਲਸ਼ਕਰੀ ਨੰਗਾਲ।

੨. ਭਾਈ ਚੰਚਲ ਸਿੰਘ ਜੀ ਉਦੋਕੇ ।
੩. ਭਾਈ ਲਾਲ ਸਿੰਘ ਜੀ ਘੂਕੇ ਵਾਲੀ ।
੪. ਭਾਈ ਮੋਤਾ ਸਿੰਘ ਜੀ ਪੰਡੋਰੀ ।
੫. ਭਾਈ ਡਾ. ਦੀਵਾਨ ਸਿੰਘ ਜੀ ਪੰਡੋਰੀ ।
੬. ਭਾਈ ਕਿਸ਼ਨ ਸਿੰਘ ਜੀ ਜਗਦੇ ।
੭. ਭਾਈ ਅਛਰ ਸਿੰਘ ਜੀ ਬੁਟਰ ।
੮. ਭਾਈ ਵਰਯਾਮ ਸਿੰਘ ਜੀ ਮਕੋ ਵਾਲਾ ।
੯. ਭਾਈ ਕਰਤਾਰ ਸਿੰਘ ਜੀ ।
੧੦. ਭਾਈ ਊਧਮ ਸਿੰਘ ਜੀ
੧੧. ਭਾਈ ਸੁਰੈਣ ਸਿੰਘ ਜੀ
੧੨. ਭਾਈ ਰਵੇਲ ਸਿੰਘ ਜੀ
੧੩. ਭਾਈ ਇੰਦਰ ਸਿੰਘ ਜੀ ਤਾਪੇ ਚਕ ।
੧੪. ਭਾਈ ਪ੍ਰੇਮ ਸਿੰਘ ਜੀ ਵਜਾਊ ਕੋਟ ।
੧੫. ਭਾਈ ਬਹਾਦਰ ਸਿੰਘ ਜੀ
੧੬. ਭਾਈ ਬਿਸ਼ਨ ਸਿੰਘ ਜੀ
੧੭. ਭਾਈ ਮੂਲ ਸਿੰਘ ਜੀ ਕੋਟਲਾ ।

ਸਾਕਾ ਨਾਨਕਾਣਾ ਸਾਹਿਬ!

ਸਾਕੇ ਦੇ ਉੱਘੇ ਸਬੱਬ

(ਵੱਲੋਂ ਸ੍ਰੀਮਾਨ ਸ. ਸਰਦੂਲ ਸਿੰਘ ਜੀ ਕਵੀਸ਼ਰ)

(੨)

ਇਹ ਤਾਂ ਮਾਲੂਮ ਹੋ ਗਿਆ ਹੈ ਕਿ ਨਨਕਾਣੇ ਸਾਹਿਬ ਦੇ ਦਿਲ ਵਿਨ੍ਹਵੇਂ ਸਾਕੇ ਦੇ ਮੂਲ ਸਬੱਬ ਸਰਕਾਰ ਦੇ ਹਕੂਮਤ ਦੇ ਤਰੀਕੇ ਹੈਨ ਤੇ ਉਨ੍ਹਾਂ ਦੇ ਸੰਗਤ ਦੀ ਤਾਕਤ ਨੂੰ ਕਮਜ਼ੋਰ ਕਰਨ ਵਾਲੇ ਕਾਨੂੰਨ ਹਨ । ਹੁਣ ਅਸੀਂ ਜ਼ਾਹਰੀ ਸਬੱਬਾਂ ਵੱਲ ਨਿਗਾਹ ਮਾਰਦੇ ਹਾਂ ।

ਮਹੰਤ ਆਪਣੇ ਆਪ ਨੂੰ ਗੁਰਦੁਆਰੇ ਸਾਹਿਬ ਤੇ ਨਾਲ ਦੀ ਜਾਇਦਾਦ ਦਾ ਮਾਲਕ ਸਮਝਦਾ ਸੀ । ਤੇ ਇਸ ਮਾਲਕੀ ਦੀ ਮਸਤੀ ਨਾਲ ਆਪਣੇ ਆਪ ਵਿਚ ਕੌਡਾ ਰਾਕਸ਼ ਬਣਿਆ ਹੋਇਆ ਸੀ। ਆਏ ਗਏ ਮਾਈ ਭਾਈ ਯਾਤਰੂਆਂ ਦੀ ਬੇਪਤੀ ਕਰਨੀ ਇਸ ਵਾਸਤੇ ਇਕ ਮਮੂਲੀ ਗੱਲ ਸੀ । ਮਾਇਆ ਦੇ ਜਾਲ ਨੇ ਇਸ ਨੂੰ ਬਿਭਚਾਰੀ ਤੇ ਬਦਚਲਨ ਬਨਾਇਆ ਹੋਇਆ ਸੀ । ਹੌਲੀ ਹੌਲੀ ਇਸ ਦੀਆਂ ਕਰਤੂਤਾਂ ਦਾ ਰੌਲਾ ਸਾਰੇ ਸਿੱਖਾਂ ਵਿਚ ਫ਼ੈਲ ਗਿਆ ਤੇ ਗੁਰੂ ਅਸਥਾਨ ਵਿਚ ਰੰਡੀਆਂ ਦੇ ਮੁਜਰੇ, ਇਕ ਸਿੰਧੀ ਬੀਬੀ ਦੀ ਬੇਪਤੀ ਦੇ ਇਕ ਦੋ ਹੋਰ ਇਸੇ ਤਰ੍ਹਾਂ ਦੀਆਂ ਗੱਲਾਂ ਕਰ ਕੇ ਸਿੱਖ ਸੰਗਤ ਇਸ ਤੋਂ ਬੜੀ ਉਪਰਾਮ ਹੋ ਗਈ ।

ਉਧਰ ਖਾਲਸਾ ਜੀ ਨੇ ਸਰਕਾਰ ਵੱਲੋਂ ਬੇਪਰਵਾਹੀ ਤੇ ਬੇਇਨਸਾਫ਼ੀ ਦੇਖ, ਗੁਰਦੁਆਰਿਆਂ ਦਾ ਸੁਧਾਰ ਆਪਣੇ ਜ਼ਿੰਮੇ ਲੈ ਲਿਆ। ਸਰਕਾਰ ਅਗੇ ਬਹੁਤ ਮਿਨੰਤਾਂ ਕੀਤੀਆਂ ਕਿ ਮਹੰਤਾਂ ਤੇ ਮੈਨਜਰਾਂ ਨੂੰ ਠੀਕ ਕੀਤਾ ਜਾਵੇ, ਸਰਕਾਰ ਨੇ ਇਕ ਨਾ ਮੰਨੀ । ਆਖਿਰ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਤਰਨਤਾਰਨ, ਬਾਬੇ ਦੀ ਬੇਰ ਸਿਆਲਕੋਟ, ਪੰਜਾ ਸਾਹਿਬ ਆਦਿ ਗੁਰਧਾਮਾਂ ਨੂੰ ਆਪ ਕਸ਼ਟ ਸਹਾਰ ਕੇ ਅਕਾਲੀ ਦਲ ਨੇ ਅਪਵਿੱਤਰ ਆਦਮੀਆਂ ਤੋਂ ਪਵਿੱਤਰ ਕੀਤਾ। ਰੂੜ ਸਿੰਘ ਤੇ ਗੰਡਾ ਸਿੰਘ ਵਰਗੇ ਮਨਮੁਖਾਂ ਤੇ ਪਤਤਾਂ ਦੀ ਸਰਕਾਰੀ ਅਫ਼ਸਰਾਂ ਨੇ ਖ਼ੂਬ ਪਿੱਠ ਠੋਕੀ । ਆਖ਼ਰ ਨਿਰਵੈਰ ਨਿਰਭਉ ਖਾਲਸੇ ਨੂੰ ਫਤਹਿ ਹੋਈ । ਇਤਨੇ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਬਨ ਗਈ ਤੇ ਮਹੰਤ ਨਾਨਕਾਣਾ ਸਾਹਿਬ ਨੂੰ ਸ਼ਾਂਤੀ ਨਾਲ ਆਪਣੇ ਵਤੀਰੇ ਨੂੰ ਦਰੁਸਤ ਕਰਨ ਵਾਸਤੇ ਆਖਿਆ ਗਿਆ ।

ਪਰ ਮਹੰਤ ਕਿਥੋਂ ? ਇਹ ਖਾਲਸਾ ਜੀ ਦੇ ਵਿਰੁੱਧ ਗੋਂਦਾਂ ਗੁੰਦਨ ਲੱਗ ਪਿਆ। ਇਸ਼ਤਿਹਾਰਾਂ ਦੁਆਰਾ ਤੇ ਅਖ਼ਬਾਰਾਂ

ਦੁਆਰਾ ਏਸ ਨੇ ਖਾਲਸੇ ਜੀ ਨੂੰ ਗਾਲੀਆਂ ਕੱਢਨੀਆਂ ਸ਼ੁਰੂ ਕਰ ਦਿੱਤੀਆਂ ਤੇ ਕੁਝ ਬੇਦੀ ਬਾਵਿਆਂ ਨਾਲ ਮਿਲ ਕੇ ਇਕ ਫ਼ਰਜ਼ੀ ਜਥਾ ਜਿਹਾ ਬਨਾ ਲਿਆ। ਵੱਡੇ ਵੱਡੇ ਸਰਕਾਰੀ ਅਫ਼ਸਰਾਂ ਨੂੰ ਇਨ੍ਹਾਂ ਬਾਵਿਆਂ ਦੀ ਰਾਹੀਂ ਸਿੱਖਾਂ ਦੇ ਬਰਖ਼ਿਲਾਫ ਭੜਕਾਣਾ ਵੀ ਨਾਲ ਨਾਲ ਸ਼ੁਰੂ ਕਰ ਦਿੱਤਾ। ਇਸ ਤੋਂ ਵੱਧ ਸੋਨੇ ਚਾਂਦੀ ਨਾਲ ਵੀ ਬਾਜ਼ੇ ਸਰਕਾਰੀ ਅਫ਼ਸਰਾਂ ਦਾ ਘਰ ਭਰਿਆ।

ਇਸ ਸ਼ੈਤਾਨੀ ਵਿਚ ਆਖਿਆ ਜਾਂਦਾ ਹੈ ਕਿ ਕਿੰਗ ਸਾਹਿਬ ਕਮਿਸ਼ਨਰ ਲਾਹੌਰ ਤੇ ਕਰੀ ਸਾਹਿਬ ਡਿਪਟੀ ਕਮਿਸ਼ਨਰ ਸ਼ੇਖੂਪੁਰਾ ਨੇ ਖ਼ਾਸ ਤੌਰ ਤੇ ਗਫ਼ਲਤ ਕੀਤੀ ਜਾਂ ਹਲਾ ਸ਼ੇਰੀ ਦਿੱਤੀ। ਤਿੰਨਾਂ ਅਤੇ ਦੂਜੇ ਅਫ਼ਸਰਾਂ ਦੀ ਪੂਰੀ ਪੂਰੀ ਜ਼ਿੰਮੇਵਾਰੀ ਦਾ ਅਜੇ ਪਤਾ ਲਗਣਾ ਮੁਸ਼ਕਿਲ ਹੈ ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਇਨ੍ਹਾਂ ਦੋਨਾਂ ਅਫ਼ਸਰਾਂ ਨੂੰ ਮਹੰਤ ਦੀਆਂ ਕਾਰਵਾਈਆਂ ਦਾ ਪੂਰਾ ਪੂਰਾ ਪਤਾ ਹੋਣਾ ਚਾਹੀਦਾ ਸੀ ਤੇ ਇਨ੍ਹਾਂ ਵੱਲੋਂ ਕੋਈ ਉਦਮ ਮਹੰਤ ਨੂੰ ਉਸ ਦੀ ਸ਼ਰਾਰਤ ਤੋਂ ਰੋਕਣ ਦਾ ਨਾ ਕੀਤਾ ਗਿਆ।

ਕਿੰਗ ਸਾਹਿਬ ਨੇ ਮਹੰਤ ਨੂੰ ਇਕ ਚਿੱਠੀ ਜ਼ਰੂਰ ਦਿੱਤੀ ਤੇ ਇਸ ਚਿੱਠੀ ਨਾਲ ਮਹੰਤ ਦਾ ਹੌਂਸਲਾ ਜ਼ਰੂਰ ਵਧ ਗਿਆ। ਮਹੰਤ ਨੇ ਕਈ ਪਠਾਨ ਪੇਸ਼ਾਵਰ ਤੋਂ ਨੌਕਰ ਲਿਆ ਕੇ ਰੱਖੇ। ਮਹੰਤ ਨੇ ਬੰਦੂਕਾਂ ਤੇ ਕਾਰਤੂਸਾਂ ਦੀਆਂ ਬੋਰੀਆਂ ਇਕੱਠੀਆਂ ਕੀਤਆਂ। ਮਹੰਤ ਨੇ ਸੈਂਕੜੇ ਛਵ੍ਹੀਆਂ ਤਿਆਰ ਕਰਵਾਈਆਂ। ਮਹੰਤ ਨੇ ਗੁਰ ਅਸਥਾਨ ਨੂੰ ਕਿਲ੍ਹਾ ਜਿਹਾ ਬਨਾਇਆ, ਮਹੰਤ ਨੇ ਅਖ਼ਬਾਰਾਂ ਦੁਆਰਾ ਐਲਾਨ ਕੀਤਾ ਕਿ ਉਹ ਸਿੱਖਾਂ ਨੂੰ ਨਨਕਾਣੇ ਸਾਹਿਬ ਜਾਨੋਂ ਮੁਕਾ ਦੇਵੇਗਾ ਤੇ ਹਥਿਆਰਾਂ ਨਾਲ ਖ਼ੂਨ ਕਰਨ ਨੂੰ ਤਿਆਰ ਹੈ। ਪਰ ਜ਼ਿੰਮੇਵਾਰ ਅਫ਼ਸਰਾਂ ਨੇ ਇਸ ਗੱਲ ਦੀ ਕੁਝ ਪ੍ਰਵਾਹ ਨਾ ਕੀਤੀ ਤੇ ਮਹੰਤ ਨੂੰ ਦਿਨ-ਬ-ਦਿਨ ਆਪਣੇ ਕੁਕਰਮ ਵਿਚ ਵਧਣ ਦਿੱਤਾ। ਮਹੰਤ ਦੇ ਫੜੇ ਗਏ ਕਾਗਜ਼ਾਂ ਵਿੱਚੋਂ ਐਸੇ ਵੀ ਕਾਗਜ਼ ਨਿਕਲੇ ਹਨ ਜਿਨਾਂ ਤੋਂ ਅਫ਼ਸਰਾਂ ਨੂੰ ਰਿਸ਼ਵਤ ਦੇਨਾ ਸਾਬਤ ਹੋ ਰਿਹਾ ਹੈ। ਇਨ੍ਹਾਂ ਗੱਲਾਂ ਕਰ ਕੇ ਕੋਈ ਤੁਅਜਬ ਨਹੀਂ ਜੇ ਸਿੱਖ ਇਹ ਖ਼ਿਆਲ ਕਰਨ ਕਿ ਜੋ ਕੁਝ ਸਲਾਹ ਮਸ਼ਵਰੇ ਨਾਲ ਕੀਤਾ ਤੇ ਉਨ੍ਹਾਂ ਨੇ ਉਸ ਦੀਆਂ ਕਰਤੂਤਾਂ ਤੇ ਪਰਦਾ ਪਾਣ ਦੀ ਕੋਸ਼ਿਸ਼ ਕੀਤੀ।

ਆਖਣ ਵਾਲੇ ਤਾਂ ਏਥੋਂ ਤਕ ਕਹਿੰਦੇ ਹਨ ਕਿ ਇਸ ਸਾਰੀ ਗੱਲ ਦੀ ਤੈਹ ਵਿਚ ਚੰਦ ਬਦਮਾਸ਼ ਸਰਕਾਰੀ ਅਫ਼ਸਰ ਸਨ ਤੇ ਉਨ੍ਹਾਂ ਦਾ ਮਨਸ਼ਾ ਸੀ ਕਿ ਨਨਕਾਣੇ ਸਾਹਿਬ ਵਿਚ ਸਿੱਖਾਂ ਤੇ ਸਾਧਾਂ ਦੀ ਖ਼ੂਬ ਲੜਾਈ ਹੋਵੇ ਤੇ ਨਾ-ਮਿਲਵਰਤਨ ਵਾਲੇ ਸਿੱਖ ਇਸ ਲੜਾਈ ਵਿਚ ਖ਼ੂਬ ਮਰ ਜਾਨ ਤੇ ਪਿੱਛੋਂ ਬਾਕੀਆਂ ਤੇ ਮੁਕੱਦਮੇ ਚਲਾ ਕੇ ਬਾਜਿਆਂ ਨੂੰ ਫਾਂਸੀ ਦਿੱਤੀ ਜਾਵੇ ਤੇ ਬਾਜਿਆਂ ਨੂੰ ਕੈਦ ਕੀਤਾ ਜਾਵੇ, ਤੇ ਇਸ ਤਰ੍ਹਾਂ ਸਿੱਖਾਂ ਵਿਚ ਵੱਧ ਦੀ ਧਾਰਮਿਕ ਤੇ ਰਾਜਸੀ ਲਹਿਰ ਨੂੰ ਬੰਦ ਕਰ ਦਿੱਤਾ ਜਾਵੇ। ਮਿ: ਰਾਘਵਾਚਾਰੀ, ਜਿਹੜੇ ਕਿ ਵੈਸਰਾਏ ਦੀ ਕੌਂਸਲ ਦੇ ਮੈਂਬਰ ਹਨ, ਉਨ੍ਹਾਂ ਨੂੰ ਇਸ ਸਾਰੀ ਗੱਲ ਦਾ ਪਤਾ ਇਕ ਸਾਧ ਤੋਂ ਹਰਦਵਾਰ ੧੮ ਫਰਵਰੀ ਨੂੰ ਲਗ ਗਿਆ ਸੀ ਤੇ ਉਨ੍ਹਾਂ ਨੇ ਇਹ ਗੱਲਾਂ ਦਿੱਲੀ ਜਾ ਬਾਜ਼ੇ ਅਫ਼ਸਰਾਂ ਨੂੰ ਵੀ ਕਹੀਆਂ। ਉਨ੍ਹਾਂ ਦਾ ਕਥਨ ਹੈ ਕਿ ਇਸ ਕਤਲ ਆਮ ਵਿਚ ਸ਼ਰਾਰਤੀ ਆਦਮੀ ਗਾਂਧੀ ਜੀ ਨੂੰ ਵੀ ਲਪੇਟਨਾ ਚਾਹੁੰਦੇ ਸਨ, ਤੇ ੧੮ ਤਰੀਕ ਨੂੰ ਜੇੜ੍ਹੀ ਤਾਰ ਗਾਂਧੀ ਜੀ ਦੇ ਰਾਹੀਂ ਭੇਜੀ ਉਹ ਇਸ ਗੱਲ ਤੇ ਬਹੁਤ ਕੁਝ ਰੋਸ਼ਨੀ ਪਾਂਦੀ ਹੈ। ਮਹੰਤ ਨੇ ਲਾਲਾ ਜੀ ਤੇ ਗਾਂਧੀ ਜੀ ਨੂੰ ਨਾਨਕਾਣੇ ਸਾਹਿਬ ਬੁਲਾਇਆ, ਤੇ ਕੀ ਤਅਜਬ ਹੈ ਕਿ ਇਹ ਤਿਆਰਿਆਂ ਕਰ ਕੇ ਸ਼ਰਾਰਤੀਆਂ ਨੇ ਸਲਾਹ ਕੀਤੀ ਹੋਵੇ ਕਿ ਸਿੱਖ ਸ਼ਹੀਦਾਂ ਨਾਲ ਇਨ੍ਹਾਂ ਦੋਨਾਂ ਦੇਸ਼ ਭਗਤਾਂ ਨੂੰ ਵੀ ਸ਼ਹੀਦ ਕੀਤਾ ਜਾਵੇ। ਇਹ ਸਾਰਾ ਮਾਮਲਾ ਅਜੇ ਸਪਸ਼ਟ ਨਹੀਂ ਹੋਇਆ, ਪਰ ਇਸ ਵਿਚ ਕੋਈ ਸ਼ਕ ਨਹੀਂ ਕਿ ਨਨਕਾਣੇ ਸਾਹਿਬ ਦਾ ਸਾਕਾ ਇਕ ਇਕੱਲੇ ਆਦਮੀ ਦਾ ਕੰਮ ਨਹੀਂ ਭਾਵੇਂ ਉਹ ਕਿਡਾ ਹੀ ਪਾਪੀ ਹੋਵੇ। ਉਸ ਦੇ ਨਾਲ ਜ਼ਰੂਰ ਕੁਝ ਹੋਰ ਵੱਡੇ-ਵੱਡੇ ਆਦਮੀ ਸ਼ਾਮਿਲ ਸਨ, ਤੇ ਕੁਝ ਛੋਟੇ ਮੋਟੇ ਅਫ਼ਸਰਾਂ ਵੱਲੋਂ ਉਸ ਨੂੰ ਜ਼ਰੂਰ ਹਲਾ ਸ਼ੇਰੀ ਸੀ। ਜੇ ਇਹ ਸਬੂਤ ਹੋ ਜਾਵੇ ਕਿ ਸਿੱਖਾਂ ਦੀ ਧਾਰਮਿਕ ਰਾਜਸੀ ਲਹਿਰ ਨੂੰ ਬੰਦ ਕਰਨ ਵਾਸਤੇ ਕਿਸੇ ਸ਼ਰਾਰਤੀ ਨੇ ਇਹ ਸਾਰਾ ਜਾਲ ਰਚਿਆ ਹੋਵੇ ਤੇ ਗਾਂਧੀ ਜੀ ਨੂੰ ਵਿਚ ਫਸਾਨ ਦੀ ਵੀ ਕੋਸ਼ਿਸ਼ ਕੀਤੀ ਹੋਵੇ ਤਾਂ ਕੁਝ ਤੁਅਜਬ ਦੀ ਗੱਲ ਨਹੀਂ। ਮਾਰਸ਼ਲ ਲਾਅ ਦੇ ਦਿਨਾਂ ਵਿਚ ਜੋ ਹਨੇਰ ਬਾਜ਼ੇ ਸਰਕਾਰੀ ਅਫ਼ਸਰਾਂ ਨੇ ਪੰਜਾਬੀਆਂ ਨਾਲ ਵਰਤਿਆ ਸੀ, ਉਸ ਤੋਂ ਸਾਫ਼ ਜ਼ਾਹਿਰ ਹੈ ਕਿ ਅਫ਼ਸਰਾਂ ਵਿਚ ਤੇ ਖ਼ਾਸ ਕਰ ਕੇ ਸੀ. ਆਈ. ਡੀ. ਪੁਲਿਸ ਦੇ ਮੈਹਕਮੇ ਵਿਚ ਐਸੇ ਸ਼ੈਤਾਨ ਹੋ ਕਦੇ ਹਨ, ਜਿਹੜੇ ਐਸੀਆਂ ਭਿਆਨਕ ਸ਼ਰਾਰਤਾਂ ਵਾਸਤੇ ਸਦਾ ਹੀ ਤਿਆਰ ਰਹਿੰਦੇ ਹਨ।

ਬਸ ਮਲੂਮ ਹੋਇਆ ਕਿ ਨਨਕਾਣੇ ਸਾਹਿਬ ਦੇ ਦਿਲ ਹਿਲਾ ਦੇਣ ਵਾਲੇ ਸਾਕੇ ਦੇ ਉੱਘੇ ਉੱਘੇ ਇਹ ਸਬੱਬ ਹਨ—

੧. ਮਹੰਤ ਦਾ ਆਪਣੇ ਆਪ ਨੂੰ ਗੁਰਦੁਆਰੇ ਦਾ ਮਾਲਕ ਸਮਝ ਕੇ ਅਧਰਮ ਤੇ ਪਾਪ ਕਮਾਣਾ।

੨. ਸੰਗਤ ਨੇ ਉਸ ਨੂੰ ਪਾਪਾਂ ਤੋਂ ਬੰਦ ਕਰਨ ਦੀ ਕੋਸ਼ਿਸ਼ ਕਰਨੀ ਪਰ ਸਰਕਾਰ ਦਾ ਉਸ ਨੂੰ ਪਾਪ ਤੋਂ ਨਾ ਰੋਕਣਾ।

੩. ਸੰਗਤ ਦਾ ਉਸ ਨੂੰ ਸੋਧਨ ਦੀ ਆਪ ਕੋਸ਼ਿਸ਼ ਕਰਨ ਦਾ ਯਤਨ ਕਰਨਾ।

੪. ਉਸ ਦਾ ਆਕੀ ਹੋ ਕੇ ਸਿੱਖਾਂ ਨੂੰ ਮਾਰ ਹਟਾਣ ਦੇ ਮਨਸੂਬੇ ਬਨਣਾ।

੫. ਕੁਝ ਵੱਡੇ ਆਦਮੀਆਂ ਦਾ ਉਸ ਨਾਲ ਮਿਲ ਜਾਨਾ ਤੇ ਕੁਝ ਅਫ਼ਸਰਾਂ ਵੱਲੋਂ ਹਲਾ ਸ਼ੇਰੀ ਮਿਲਨੀ।

੬. ਮਹੰਤ ਦਾ ਖੁਲ੍ਹਮ ਖੁਲਾ ਬਹੁਤ ਸਾਰੇ ਹਥਿਆਰ ਇਕੱਠੇ ਕਰਨਾ ਤੇ ਕਿਲ੍ਹਾ ਬੰਦੀ ਕਰਨੀ, ਪਰ ਜ਼ਿੰਮੇਵਾਰ ਅਫ਼ਸਰਾਂ ਦਾ ਉਸ ਵੱਲ ਕੋਈ ਜਾਨ ਬੁਝ ਕੇ ਧਿਆਨ ਨਾ ਦੇਣਾ।

ਹੁਣ ਅਗਲੇ ਨੰ: ਵਿਚ ਅਸਲ ਸਾਕੇ ਦਾ ਬਿਰਤਾਂਤ ਲਿਖਾਂਗੇ।

ਅਕਾਲੀ ਲਾਹੌਰ, ੧੮ ਮਾਰਚ ੧੯੨੧

ਲਾਹੌਰ ਵਿਚ ਫੜੋ ਫੜੀ

ਸਿੱਖ ਦੀਆਂ ਗ੍ਰਿਫ਼ਤਾਰੀਆਂ ਤੇ ਤਲਾਸ਼ੀਆਂ

ਹੁਣ ਪਤਾ ਲੱਗਾ ਹੈ ਕਿ ਭਾਈ ਰਾਮ ਸਿੰਘ ਐਡੀਟਰ ਪੰਚ ਦੀ ਤਲਾਸ਼ੀ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਭਾਈ ਮੂਲ ਸਿੰਘ ਜੀ ਮੈਨੇਜਰ ਸਰਪੰਚ ਦੀ ਤਲਾਸ਼ੀ ਹੋ ਰਹੀ ਹੈ। ਭਾਈ ਖ਼ਜ਼ਾਨ ਸਿੰਘ ਜੀ ਟੇਲਰ ਮਾਸਟਰ, ਭਾਈ ਰਖਾ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਏ ਹਨ। ਸ੍ਰ. ਲਾਲ ਸਿੰਘ ਜੀ ਦੇ ਬੂਹੇ ਪੁਲਿਸ ਬੈਠੀ ਹੋਈ ਹੈ। ਇਨ੍ਹਾਂ ਦੇ ਵਾਰੰਟ ਦਫ਼ਾ ੩੯੫ ਡਕੈਤੀ, ਦਫ਼ਾ ੧੨੦ ਵੀ ਕਤਲ ਦੀ ਸਾਜਿਸ਼ ਵਿਚ ਸ਼ਾਮਿਲ ਹੋਣਾ ਅਤੇ ਐਕਟ ਅਸਲਾ ਦਫ਼ਾ ੧੯ ਦੇ ਹਨ। ਸ਼ੈਦ ਬਾਕੀਆਂ ਦੇ ਵਾਰੰਟ ਹੀ ਈਹੋ ਹੋਣਗੇ।

ਅਫ਼ਵਾਹ ਹੈ ਕਿ ਲਾਹੌਰ ਵਿਚ ਹੋਰ ਵੀ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਹੋਣ ਵਾਲੀਆਂ ਹਨ।

ਸੋਟੀ ਦਾ ਲੈਸੰਸ ਲੈ ਦਿਓ!

ਸ. ਤਾਰਾ ਸਿੰਘ ਜੀ ਸੈਕ੍ਰਟਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਿਖਦੇ ਹਨ ਕਿ ਨਨਕਾਣੇ ਸਾਹਿਬ ਇਕ ਬੁਢੇ ਨੇ ਉਨ੍ਹਾਂ ਨੂੰ ਜਾ ਕੇ ਕਿਹਾ ਕਿ "ਮੈਨੂੰ ਕ੍ਰਿਪਾ ਕਰ ਕੇ ਸੋਟੀ ਦਾ ਲਾਸੰਸ ਲੈ ਦਿਓ ਕਿਉਂਕਿ ਮੈਂ ਬੁਢਾ ਹਾਂ ਤੇ ਸੋਟੀ ਬਗ਼ੈਰ ਚੰਗੀ ਤਰ੍ਹਾਂ ਚਲ ਨਹੀਂ ਸਕਦਾ"

ਸਾਨੂੰ ਅਜੇ ਤਕ ਪਤਾ ਨਹੀਂ ਲੱਗਾ ਕਿ ਨਨਕਾਣੇ ਸਾਹਿਬ ਵਿਚ ਕਿਸ ਅਫ਼ਸਰ ਦੇ ਹੁਕਮ ਨਾਲ ਇਹ ਮਾਰਸ਼ਲ ਲਾਅ ਦਾ ਨਜ਼ਾਰਾ ਬਣ ਰਿਹਾ ਹੈ ਅਸਲ ਗੱਲ ਇਹ ਹੈ ਕਿ ਜਿਸ ਨੌਕਰ ਸ਼ਾਹੀ ਦਾ ਨਿਆਂ ਡਾਇਰ ਤੇ ਡਵਾਇਰ ਜੇਹੇ ਕਾਤਲਾਂ ਨੂੰ ਸੁੱਕਾ ਬਰੀ ਕਰ ਸਕਦਾ ਹੈ, ਉਥੇ ਸਰਕਾਰੀ ਨੌਕਰ ਆਪਣੀ ਹਕੂਮਤ ਚਲਾਨ ਵਾਸਤੇ ਕਿਉਂ ਨ ਸ਼ੇਰ ਬਣੇ। ਕਿਉਂਕਿ ਉਨ੍ਹਾਂ ਨੂੰ ਨਿਸਚਾ ਹੈ ਕਿ ਸਾਨੂੰ ਕਿਸੇ ਨਹੀਂ ਪੁਛਣਾ ਸਗੋਂ ਇਨਾਮ ਦੀ ਆਸ ਰੱਖ ਕੇ ਵਧ ਵਧ ਕੇ ਜ਼ੁਲਮ ਕਰਦਾ ਹੈ। "ਉਥੇ ਸੱਚੋ ਹੀ ਸੱਚ ਨਿਬੜੋ"

ਸਾਕਾ ਨਾਨਕਾਣਾ ਸਾਹਿਬ!

ਯਾਤਰਾ

(ਵੱਲੋਂ ਸ੍ਰੀਮਾਨ ਸ੍ਰ. ਸਰਦੂਲ ਸਿੰਘ ਜੀ ਕਵੀਸ਼ਰ)

ਸ. ਉਤਮ ਸਿੰਘ ਜੀ ਦੀਆਂ ਜਿਥੇ ਤਾਰਾਂ ਪੁੱਜੀਆਂ ਖਾਲ ਨੂੰ ਲੱਗ ਗਈ ਤੇ ਦਿਲ ਵਿਚ ਕਿ ਉਡ ਕੇ ਨਨਕਾਣੇ ਸਾਹਿਬ ਪਹੁੰਚੀਏ। ਪਰ ਸਰਕਾਰ ਨੇ ਰਸਤੇ ਬੰਦ ਕਰ ਦਿੱਤੇ ਤੇ ਰੇਲ ਦਾ ਟਿਕਟ ਮਨ੍ਹੇ ਕਰ ਦਿੱਤਾ। ਲਾਹੌਰ ਗੁਜਰਾਂ ਵਾਲੇ ਤੋਂ ਤੇ ਹੋਰ ਨੇੜੇ ਦੂਰ ਪਿੰਡ ਤੋਂ ਲੋਕ ਪੈਦਲ ਨਨਕਾਣੇ ਸਾਹਿਬ ਨੂੰ ਆਪਣੇ ਜਲਦੇ ਭਰਾਵਾਂ ਨੂੰ ਬਚਾਣ ਵਾਸਤੇ ਭਜੇ। ਸਰਕਾਰ ਨੇ ਕਈ ਤਰ੍ਹਾਂ ਰੋਕਿਆ ਪਰ ਫੇਰ ਵੀ ਬੇਅੰਤ ਖਾਲਸਾ ੨੧ ਫਰਵਰੀ ਨੂੰ ਨਾਨਕਾਣੇ ਸਾਹਿਬ ਜਾ ਪੁਜਾ।

ਲਾਹੌਰ ਤੋਂ ਨਾਨਕਾਣਾ ਸਾਹਿਬ ਸਭੋ ੪੦ ਕੁ ਮੀਲ ਹੈ, ਤੇ ਅਫ਼ਸਰਾਂ ਨੂੰ ੧੨ ਵਜੇ ਦੁਪਿਹਰ ਦੇ ਕਰੀਬ ਇਸ ਸਾਕੇ ਦਾ ਸਾਰਾ ਬਿਰਤਾਂਤ ਮਲੂਮ ਹੋ ਗਿਆ ਸੀ। ਪਰ ਰਾਤ ਦੇ ੯ ਵਜੇ ਤਕ ਕੋਈ ਆਦਮੀ ਨਾਨਕਾਣੇ ਸਾਹਿਬ ਨਾ ਪਹੁੰਚਾਇਆ। ਜੇਹੜਾ ਮਹੰਤ ਨੂੰ ਬੰਦ ਕਰ ਸਕੇ। ਏਰੋਪਲੇਨ ਅੱਧੇ ਘੰਟੇ ਵਿਚ ਪਹੁੰਚ ਸਕਦੇ ਸਨ, ਫ਼ੌਜੀ ਮੋਟਰਾਂ ੨ ਘੰਟਿਆਂ ਵਿਚ, ਪਰ ਕਿੰਗ ਸਾਹਿਬ ਜਿਹੜਾ ਕਿ ਉਸ ਵੇਲੇ ਲਾਹੌਰ ਕਮਿਸ਼ਨਰ ਦਾ ਜ਼ਿੰਮੇਵਾਰ ਸੀ, ਉਸ ਨੇ ਕੋਈ ਯੁਕਤੀ ਨਾ ਕੀਤੀ ਤੇ ੯-੧੦ ਘੰਟਿਆਂ ਪਿੱਛੋਂ ਕੁਝ ਫ਼ੌਜ ਭੇਜੀ। ਇਸ ਫ਼ੌਜ ਨਾਲ ੬-੭ ਸਿੰਘ ਲਾਹੌਰ ਤੋਂ ਨਾਲ ਲਜਾਏ ਗਏ।

ਫ਼ੌਜ ਦੇ ਪਹੁੰਚਣ ਤੇ ਮਹੰਤ ਤੇ ਉਸ ਦੇ ਕੁਝ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਗੁਰਦੁਆਰਾ ਸਾਹਿਬ ਤੇ ਸਰਕਾਰ ਨੇ ਕਬਜ਼ਾ ਕੀਤਾ। ਥੋੜ੍ਹੇ ਹੀ ਚਿਰ ਮਗਰੋਂ ਭਾਈ ਕਰਤਾਰ ਸਿੰਘ ਜੀ ਝਬਰ, ਭਾਈ ਤੇਜਾ ਸਿੰਘ ਜੀ ਸਮੁੰਦਰੀ ਵਾਲੇ ਤੇ ਹੋਰ ਕਈ ਪਤਵੰਤੇ ਕੋਈ ੫੦੦ ਸਿੰਘਾਂ ਸਮੇਤ ਆਪਣੇ ਸ਼ਹੀਦਾਂ ਦਾ ਹਾਲ ਸੁਣ ਕੇ ਨਾਨਕਾਣਾ ਸਾਹਿਬ ਪਹੁੰਚੇ। ਇਨ੍ਹਾਂ ਨੂੰ ਫ਼ੌਜ ਨੇ ਰੋਕ ਲਿਆ ਤੇ ਆਖਿਆ ਕਿ ਇਨ੍ਹਾਂ ਦੇ ਨਨਕਾਣੇ ਸਾਹਿਬ ਜਾਨ ਨਾਲ ਫ਼ਸਾਦ ਹੋਵੇਗਾ। ਅਨ੍ਹੇਰ ਹੈ ਜਦ ਰੋਕਣ ਵਾਸਤੇ ਕੋਈ ਨਹੀਂ ਪਹੁੰਚਿਆ। ਪਰ ਜਦ ਖਾਲਸਾ ਆਪਣੇ ਮਰਦੇ ਤੇ ਜਲਦੇ ਭਰਾਵਾਂ ਦੀ ਮਦਦ ਨੂੰ ਪਹੁੰਚਣ ਦੀ ਕੋਸ਼ਿਸ਼ ਆਪ ਕਰਦਾ ਹੈ ਤਾਂ ਫ਼ਸਾਦ ਦੇ ਅੰਦੇਸ਼ੇ ਦੀ ਹੁਜਤ ਨਾਲ ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਸੁਣਿਆ ਜਾਂਦਾ ਹੈ ਕਿ ਲਾਹੌਰ ਦੇ ਇਕ ਵੱਡੇ ਹਾਕਮ ਨੇ ਇਕ ਸਿੰਘ ਨੂੰ ਆਖਿਆ ਕਿ ਸਿੱਖ ਤਾਂ ਨਾ ਮਿਲਵਰਤਨੀ ਹਨ ਉਨ੍ਹਾਂ ਸਰਕਾਰ ਤੋਂ ਹੁਣ ਕਿਸ ਤਰ੍ਹਾਂ ਮਦਦ ਮੰਗੀ ? ਜੇ ਇਹ ਗੱਲ ਸੱਚ ਹੈ ਤਾਂ ਮੈਂ ਸਿਰਫ ਇਤਨਾ ਹੀ ਕਹਿਣਾ ਚਾਹੁੰਦਾ ਹੈ ਕਿ ਸਿੱਖ ਆਪਣੇ ਭਰਾਵਾਂ ਦੀ ਮਦਦ ਨੂੰ ਆਪ ਪਹੁੰਚਣ ਤੇ ਐਸੇ ਨੀਚ ਹਾਕਮਾਂ ਤੋਂ ਸਿੱਖ ਬਤੌਰ ਕੌਮ ਕਦੀ ਮਦਦ ਮੰਗਨ ਵਾਸਤੇ ਤਿਆਰ ਨਹੀਂ। ਜੇ ਕਿਸੇ ਭੁਲੇ ਭਰਾ ਨੇ ਮਦਦ ਦੀ ਦਰਖ਼ਾਸਤ ਕੀਤੀ ਤਾਂ ਇਹ ਉਸ ਦੀ ਭੁਲ ਸੀ। ਸਰਕਾਰ ਤਾਂ ਮਦਦ ਮੰਗਨ ਦਾ ਸਵਾਦ ਸਿੱਖਾਂ ਨੂੰ ਅਗੇ ਦੱਸ ਚੁਕੀ ਹੈ ਤੇ ਹੁਣ ਦੱਸ ਰਹੀ ਹੈ। ਮਦਦ ਦੀ ਤਾਰ ਭਾਈ ਉਤਮ ਸਿੰਘ ਜੀ ਨੇ ਭੇਜੀ ਸੀ ਹੁਣ ਉਹ ਜੇਲ੍ਹ ਵਿਚ ਸਰਕਾਰ ਨੇ ਭੇਜ ਦਿੱਤੇ ਹੈ, ਅਗੇ ਨੂੰ ਇਹ ਵੀ ਕੋਈ ਮਦਦ ਨਾ ਮੰਗਣਗੇ।

ਹਾਂ, ਆਪਣੇ ਭਰਾਵਾਂ ਦੀ ਮਦਦ ਨੂੰ ਖਾਲਸਾ ਖੁਦ ਸਰਕਾਰ ਦੇ ਰਸਤੇ ਬੰਦ ਕਰਨ ਤੋਂ ਵੀ ਪਹੁੰਚ ਗਿਆ। ਫ਼ੌਜ ਨੂੰ ਸਾਫ਼ ਕਹਿ ਦਿੱਤਾ ਗਿਆ ਕਿ ਖਾਲਸਾ ਗੁਰਦੁਆਰੇ ਸੇਵਾ ਆਪ ਕਰੇਗਾ ਤੇ ਸਰਕਾਰੀ ਕਬਜ਼ਾ ਫ਼ੌਰਨ ਹਟ ਜਾਣਾ ਚਾਹੀਦਾ। ਕਿੰਗ ਸਾਹਿਬ ਨੇ ਕੁਝ ਹੁਜਤਾਂ ਕਰਨ ਪਿੱਛੋਂ ਕਬਜ਼ਾ ਸਿੰਘਾਂ ਦੇ ਹਵਾਲੇ ਕਰ ਦਿੱਤਾ। ਖਾਲਸੇ ਨੇ ਸਾਫ਼ ਕਹਿ ਦਿੱਤਾ ਕਿ ਅਸਾਂ ਸਰਕਾਰੀ ਫ਼ੌਜਾਂ ਨਾਲ ਲੜਨਾ ਨਹੀਂ ਪਰ ਗੁਰਦੁਆਰੇ ਸਾਹਿਬ ਜਾ ਕੇ ਆਪਣੇ ਸ਼ਹੀਦਾਂ ਦੀ ਜ਼ਰੂਰ ਯਾਤਰਾ ਕਰਨੀ ਹੈ ਭਾਵੇਂ ਇਸ ਵਿਚ ਉਨ੍ਹਾਂ ਦੀ ਜਾਨ ਹੀ ਚਲੀ ਜਾਵੇ। ਬਸ ਇਸ ਪ੍ਰਣ ਨੇ ਸਿੱਖਾਂ ਨੂੰ ਫਿਰ ਗੁਰਦੁਆਰੇ ਦੀ ਸੇਵਾ ਦਵਾਈ ਤੇ ਗੁਰਦੁਆਰੇ ਤੋਂ ਸਰਕਾਰ ਤੇ ਸਰਕਾਰ ਦੇ ਮਹੰਤ ਦਾ ਕਬਜ਼ਾ ਦੂਰ ਕਰਵਾਇਆ।

ਇਸ ਦੇ ਪਸਚਾਤ ਸੈਂਕੜੇ ਮੀਲਾਂ ਤੋਂ ਸਿੰਘ ਤੇ ਸਿੰਘਣੀਆਂ ਸ਼ਹੀਦਾਂ ਦੀ ਯਾਤਰਾ ਨੂੰ ਪੁੱਜੇ। ਜੇੜ੍ਹਾ ਜਾਂਦਾ ਸੀ ਖੁਲ੍ਹ ਕੇ ਅਥਰੂ ਰੋਂਦਾ ਸੀ। ਲਾਲਾ ਲਾਜਪਤ ਰਾਏ, ਮਹਾਤਮਾ ਗਾਂਧੀ, ਮੌਲਾਨਾ ਸ਼ੌਕਤ ਅਲੀ ਤੇ ਹੋਰ ਕਈ ਹਿੰਦੂ ਮੁਸਲਮਾਨ ਸੈਂਕੜਿਆਂ ਦੀ ਤਾਦਾਦ ਵਿਚ ਨਨਕਾਣੇ ਸਾਹਿਬ ਪਹੁੰਚੇ।

ਸਾਰੇ ਦੇਸ਼ ਵਿਚ ਸ਼ੋਕ ਤੇ ਸਿੱਖਾਂ ਦੀ ਹਮਦਰਦੀ ਦੇ ਗੁਰਮਤੇ ਪਾਸ ਹੋਏ ਤੇ ਮਾਤਮੀ ਜਲਸੇ ਕੀਤੇ ਗਏ। ਚੌਹੀਂ ਪਾਸੀਂ ਹਾਹਾਕਾਰ ਮਚ ਹਈ। ਇਧਰ ਸਰਕਾਰ ਨੇ ਵੀ ਆਖ ਦਿੱਤਾ ਕਿ ਨਨਕਾਣੇ ਸਾਹਿਬ ਸਿੱਖ ਆਪਸ ਵਿਚ ਬਦਮਾਸ਼ ਇਕੱਠੇ ਜੋ ਰਹੇ ਹਨ ਜੋ ਮੰਦਰ ਤੋੜਦੇ ਹਨ ਤੇ ਔਰਤਾਂ ਦੀ ਬੇਪਤੀ ਕਰਦੇ ਹਨ।

ਨਾਨਕਾਣੇ ਸਾਹਿਬ ਦੀ ਖਬਰ

੧. ਕੋਈ ਨਵੀਂ ਤਬਦੀਲੀ ਨਹੀਂ ਹੋਈ। ਸਿੱਖ ਮਰਦਾਂ ਤੇ ਜ਼ਨਾਨੀਆਂ ਤੋਂ ਸੋਟੀਆਂ (ਭਾਵੇਂ ਕਿਤਨੀਆਂ ਹੀ ਛੋਟੀਆਂ ਹੋਣ) ਉਸੇ ਤਰ੍ਹਾਂ ਖੋਹੀਆਂ ਜਾ ਰਹੀਆਂ ਹਨ।

੨. ਸਿੱਖਾਂ ਨੂੰ ਹਿੰਦੂ ਮੁਸਲਮਾਨਾਂ ਨਾਲ ਲੜਾਨ ਦੀ ਹਰ ਇਕ ਚਾਲ ਚਲੀ ਜਾ ਰਹੀ ਹੈ। ਥੋੜ੍ਹੇ ਦਿਨ ਹੋਏ ਰਾਤ ਨੂੰ ਇਕ ਮਸਜਦ ਢਾਹ ਕੇ ਸਿੱਖਾਂ ਦੇ ਨਾਮ ਮੜ੍ਹਨ ਦੀ ਗੋਂਦ ਗੁੰਦੀ ਗਈ। ਪਰ ਸਿੱਖਾਂ ਨੂੰ ਵੇਲੇ ਤੇ ਪਤਾ ਲੱਗ ਗਿਆ ਤੇ ਝਟ ਪਟ ਡਿਪਟੀ ਕਮਿਸ਼ਨਰ ਨੂੰ ਖਬਰ ਦੇ ਕੇ ਇੰਤਜ਼ਾਮ ਕਰਵਾਇਆ ਗਿਆ।

੩. ਥੋੜ੍ਹੇ ਦਿਨ ਹੋਏ ਕਿ ਇਕ ਆਦਮੀ ਹਰਨਾਮ ਦਾਸ ਛੁਟ ਕੇ ਆਇਆ ਹੈ। ਡਿਪਟੀ ਕਮਿਸ਼ਨਰ ਤੇ ਕਪਤਾਨ ਪੁਲਿਸ ਆਪ ਉਸ ਨੂੰ ਘਰ ਛੋੜ ਗਏ ਤੇ ਉਸ ਨੂੰ ਕਿਹਾ ਕਿ ਸਾਰਾ ਘਰ ਬਾਰ ਚੰਗੀ ਤਰ੍ਹਾਂ ਦੇਖ ਲੌ। ਉਸ ਨੇ ਦੇਖ ਕੇ ਸ. ਹਰਬੰਸ ਸਿੰਘ ਜੀ ਦੀ ਮੌਜੂਦਗੀ ਵਿਚ ਕਿਹਾ ਕਿ ਸਭ ਕੁਝ ਠੀਕ ਠਾਕ ਹੈ। ਫਿਰ ਉਸ ਨੇ ਮਕਾਨ ਤੇ ਉਸ ਵੇਲੇ ਪਹਿਰਾ ਲਗਾਇਆ ਗਿਆ। ਹੁਣ ਸੁਣਿਆ ਹੈ ਕਿ ਉਸ ਨੇ ਰਿਪੋਰਟ ਕੀਤੀ ਹੈ ਕਿ ਮੇਰੇ ਘਰ ਵਿਚ ਬੁਤ ਸਿੱਖ ਤੋੜ ਗਏ ਹਨ। ਪਰ ਬਦਕਿਸਮਤੀ ਸਾਜਸ਼ੀਆਂ ਦੀ। ਉਨ੍ਹਾਂ ਵਿਚ ਇਕ ਗੁਰੂ ਨਾਨਕ ਸਾਹਿਬ ਦਾ ਬੁਤ ਭੀ ਹੈ ਜੋ ਟੁਟਾ ਹੈ।

੪. ਜਿਨ੍ਹਾਂ ਗੁਰਦੁਆਰਿਆਂ ਵਿਚੋਂ ਸਿੱਖ ਡਾਕੇ ਦੇ ਜ਼ੁਰਮ ਵਿਚ ਪਕੜੇ ਗਏ ਹਨ। ਉਨ੍ਹਾਂ ਦੇ ਮਹੰਤਾਂ ਦੀਆਂ ਦਰਖ਼ਾਸਤਾਂ ਕਮੇਟੀ ਪਾਸ ਹਨ ਕਿ ਸਾਡੇ ਗੁਰਦੁਆਰੇ ਸੰਭਾਲ ਲਵੋ।

੫. ਸਿੱਖਾਂ ਦੇ ਬਰਖ਼ਿਲਾਫ ਮੁਕੱਦਮਿਆਂ ਦੀ ਤਹਕੀਕਾਤ ਉੱਤੇ ਓਹੋ ਮੁਹੰਮਦ ਖਾਨ ਇਸਪੈਕਟਰ ਲੱਗਾਇਆ ਗਿਆ ਹੈ ਜਿਸ ਦੀ ਬਾਬਤ ਨਨਕਾਣੇ ਸਾਹਿਬ ਆਉਂਦੀਆਂ ਹੀ ਸਿੱਖਾਂ ਨੇ ਕਿਹਾ ਸੀ ਕਿ ਇਸ ਨੂੰ ਬਦਲ ਦਿੱਤਾ ਜਾਵੇਂ ਕਿਉਂਕਿ ਇਹ ਜ਼ਰੂਰ ਸਿੱਖਾਂ ਦੀ ਮੁਖ਼ਾਲਫ਼ਤ ਤੇ ਮਹੰਤਾਂ ਦੀ ਮਦਦ ਕਰੇਗਾ।

੬. ਸ. ਸ਼ੇਰ ਸਿੰਘ ਤੇ ਸ. ਡੋਗਰ ਸਿੰਘ ਦੋ ਸਿੱਖ ਸਬ ਇਨਸਪੈਕਟਰ ਇਥੋਂ ਕੱਢੇ ਗਏ ਹਨ। ਬਾਕੀ ਦੇ ਭੀ ਛੇਤੀ ਕੱਢੇ ਜਾਣਗੇ।

ਦਾਸ ਤਾਰਾ ਸਿੰਘ ਸੈਕਰਟਰੀ
ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ

ਅਕਾਲੀ ਲਾਹੌਰ ੨੦ ਮਾਰਚ ੧੯੨੧

ਸ. ਮਹਿਤਾਬ ਸਿੰਘ ਜੀ ਅਸਤੀਫਾ ਭੇਜਦੇ ਹਨ

ਸਰਕਾਰ ਨੇ ਸ. ਮਹਿਤਾਬ ਸਿੰਘ ਜੀ ਨੂੰ ਨਨਕਾਣੇ ਸਾਹਿਬ ਦੇ ਮਾਮਲੇ ਦੀ ਤਫਤੀਸ਼ ਕਰਨ ਲਈ ਪੁਲਿਸ ਦਾ ਇਨਚਾਰਜ ਬਨਾਇਆ ਸੀ ਪਰ ਜਦ ਪੁਲਿਸ ਨੇ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਕੰਮ ਕਰਨੇ ਸ਼ੁਰੂ ਕਰ ਦਿੱਤੇ ਤਾਂ ਇਹ ਅਲੈਹਦਾ ਹੋ ਗਏ। ਹੁਣ ਸਾਨੂੰ ਪਤਾ ਲੱਗਾ ਹੈ ਮੌਜੂਦਾ ਹਾਲਤ ਨੇ ਉਨ੍ਹਾਂ ਪਾਸੋਂ ਸਰਕਾਰੀ ਵਕਾਲਤ ਤੋਂ ਵੀ ਅਸਤੀਫਾ ਦਵਾ ਦਿੱਤਾ ਹੈ, ਪਰ ਉਹ ਅਜੇ ਮਨਜ਼ੂਰ ਨਹੀਂ ਹੋਇਆ। ਸਾਨੂੰ ਇਹ ਵੀ ਦੱਸਿਆ ਗਿਆ ਹੈ ਸਰਦਾਰ ਜੀ ਉੱਤੇ ਨੌਕਰ ਸ਼ਾਹੀ ਦੇ ਸਿੱਖ ਕੌਮ ਨਾਲ ਅਯੋਗ ਵਤੀਰੇ ਦਾ ਬੜਾ ਅਸਰ ਪੈ ਰਿਹਾ ਹੈ ਅਤੇ ਉਹ ਆਪਣੀ ਕੌਮ ਲਈ ਬਹੁਤ ਸੇਵਾ ਕਰਨ ਲਈ ਤਿਆਰ ਹਨ। ਵਾਹਿਗੁਰੂ ਇਹ ਸਾਰੀਆਂ ਗੱਲਾਂ ਸੱਚ ਕਰੇ ਤੇ ਸਰਦਾਰ ਜੀ ਸਣੇ ਬਾਕੀ ਦੇ ਹੋਰ ਮੈਂਬਰਾਂ ਦੇ ਕੌਂਸਲ ਵਿਚੋਂ ਅਸਤੀਫੇ ਦੇ ਕੇ ਬਾਹਰ ਆ ਜਾਣ। ਤਾਂ ਫਿਰ ਹੋਰ ਕੀ ਚਾਹੀਏ ਇਸ ਮੌਕੇ ਸਾਰੀ ਕੌਮ ਨੂੰ ਇਕ ਜਾਨ ਅਤੇ ਜ਼ੁਬਾਨ ਬਣਾ ਦੇਣ ਦਾ ਸਮਾਂ ਹੈ।

ਨਾਨਕਾਣੇ ਸਾਹਿਬ ਮਾਰਸ਼ਲ ਲਾਅ

ਸਰਕਾਰੀ ਗ਼ਲਤ ਬਿਆਨੀਆਂ ਸਰਕਾਰੀ ਸਖ਼ਤੀ ਦੀ ਪਹਿਲ ਹੋਇਆ ਕਰਦੀਆਂ ਹਨ ਅਤੇ ਸਾਡੇ ਵਿਚੋਂ ਬਹੁਤ ਸਾਰੇ ਆਦਮੀ ਇਨ੍ਹਾਂ ਸਖਤੀਆਂ ਦੇ ਉਡੀਕ-ਵਾਨ ਸਨ ਪਰ ਲਾਟ ਸਾਹਿਬ ਪੰਜਾਬ ਨਾਲ ਕਾਨਫ਼੍ਰੰਸ ਹੋਣ ਮਗਰੋਂ ਸਿਖ ਧੋਖਾ ਖਾ ਗਏ। ਅਕਾਲੀ ਦਲ ਵਾਪਸ ਭੇਜ ਦਿੱਤਾ ਅਤੇ ਸਰਕਾਰੀ ਅਫ਼ਸਰਾਂ ਨੇ ਆਪਣੇ ਦਬਾਓ ਅਤੇ ਘੁਮੰਡ ਦੇ ਨਸ਼ੇ ਵਿਚ ਇਸ ਤਰ੍ਹਾਂ ਦੀਆਂ ਸਖ਼ਤੀਆਂ ਕਰ ਦਿੱਤੀਆਂ ਕਿ ਮਾਰਸ਼ਲ ਲਾਅ ਤੋਂ ਬਿਨਾਂ ਹੋਰ ਕੋਈ ਮਿਸਾਲ ਨਹੀਂ ਮਿਲ ਸਕਦੀ ਅਤੇ ਕੁਹਾੜੀਆਂ ਨਾ ਕੇਵਲ ਖੋਹੀਆਂ ਗਈਆਂ ਬਲਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੋਂ ਉਠਾਈਆਂ ਗਈਆਂ। ਸ. ਉਤਮ ਸਿੰਘ ਅਤੇ ਭਾਈ ਕਰਤਾਰ ਸਿੰਘ ਸਣੇ ੯ ਹੋਰ ਸਿੱਖਾਂ ਦੇ ਪਰਸੋਂ ਡਾਕੇ ਦੇ ਮੁਕੱਦਮੇ ਵਿਚ ਫੜੇ ਹਏ ਸਨ। ਕੱਲ ੨ ਮਾਰਚ ਨੂੰ ਫਿਰ ਬਾਲ ਲੀਲ੍ਹਾ ਅਤੇ ਪਟੀ ਦੇ ਗੁਰਦੁਆਰਿਆਂ ਉੱਤੇ ਕਬਜ਼ੇ ਵਾਲਿਆਂ ਸਿੱਖਾਂ ਨੂੰ ਡਾਕੇ ਮੁਕੱਦਮੇ ਵਿਚ ਫੜ ਲਿਆ ਹੈ ਅਤੇ ਸਿੱਖ ਇਸਤਰੀਆਂ ਨੂੰ ਬਾਹਰ ਕੱਢ ਕੇ ਪੁਰਾਣੇ ਪੁਜਾਰੀਆਂ ਨੂੰ ਕਬਜ਼ਾ ਦਿੱਤਾ ਗਿਆ ਹੈ। ਹਾਲਾਂਕਿ ਡਿਪਟੀ ਕਮਿਸ਼ਨਰ ਨੂੰ ਦੱਸ ਦਿੱਤਾ ਗਿਆ ਸੀ ਕਿ ਇਸ ਤਰ੍ਹਾਂ ਕਬਜ਼ਾ ਖੋਹ ਕੇ ਦੂਜਿਆਂ

ਨੂੰ ਦੇਣ ਦਾ ਉਸ ਦਾ ਕੋਈ ਅਖ਼ਤਿਆਰ ਨਹੀਂ ਹੈ ।

ਦਾਸ ਤਾਰਾ ਸਿੰਘ
ਨਾਨਕਾਣਾ ਸਾਹਿਬ

ਡਿਪਟੀ ਕਮਿਸ਼ਨਰ ਸ਼ੇਖੂਪੁਰਾ ਨੂੰ ਸ. ਹਰਬੰਸ ਸਿੰਘ ਦਾ ਉੱਤਰ

ਮਿ. ਜੇ. ਐਮ. ਡੰਨਟ ਦੀ ਚਿੱਠੀ ਸ. ਨਰੈਣ ਸਿੰਘ ਸਕੱਤਰ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਾਣਾ ਸਾਹਿਬ ਦੇ ਨਾਂ—

ਸ੍ਰੀਮਾਨ ਜੀ,

ਮੈਨੂੰ ਪਤਾ ਲੱਗਾ ਹੈ ਕਿ ਸ. ਹਰਬੰਸ ਸਿੰਘ ਨਾਨਕਾਣਾ ਸਾਹਿਬ ਕਮੇਟੀ ਦਾ ਪ੍ਰੈਜ਼ੀਡੈਂਟ ਉਥੇ ਨਹੀਂ ਹੈ ਇਸ ਲਈ ਮੈਂ ਤੁਹਾਨੂੰ ਲਿਖਦਾ ਹਾਂ ਕਿ ਪਿਛਲੇ ਮੰਗਲਵਾਰ ਦੀ ਕਾਨਫ੍ਰੰਸ ਵਿਚ (ਜੋ ਲਾਹੌਰ ਵਿਚ ਹੋਈ ਸੀ) ਇਕਰਾਰ ਕੀਤਾ ਗਿਆ ਸੀ ਕਿ ਜਥਿਆਂ ਨੂੰ ਉੱਥੋਂ ਭੇਜ ਦਿੱਤਾ ਜਾਵੇਗਾ । ਇਸ ਲਈ ਮੈਂ ਮਲੂਮ ਕਰਨਾ ਚਾਹੁੰਦਾ ਹਾਂ ਕਿ ਇਹ ਗੱਲ ਪੂਰੀ ਹੋਈ ਹੈ ਕਿ ਨਹੀਂ । ਮੈਂ ਤੁਹਾਡਾ ਬੜਾ ਧੰਨਵਾਦੀ ਹੋਵਾਂਗਾ ਜੋ ਤੁਸੀਂ ਮੈਨੂੰ ਦੱਸੋਗੇ ਕਿ ਜਥਿਆਂ ਨੂੰ ਤੋਰਨ ਦਾ ਤੁਸਾਂ ਕੀ ਉਪਰਾਲਾ ਕੀਤਾ ਹੈ। ਜੇ ਕੋਈ ਜਥੇ ਵਾਲਾ ਹਾਲਾਂ ਉਥੇ ਹੈ ਤਾਂ ਉਨ੍ਹਾਂ ਦੀ ਗਿਣਤੀ ਕਿਤਨੀ ਹੈ ਅਤੇ ਕਿਸ ਮਤਲਬ ਲਈ ਰੱਖੇ ਹੋਏ ਹਨ ।

ਤੁਹਾਡਾ ਮਿੱਤਰ
ਜੇ. ਐਮ. ਡੈਨਿਟ

ਸ੍ਰੀ ਮਾਨ ਜੀ,

ਤੁਹਾਡਾ ੧੪ ਮਾਰਚ ਦਾ ਸ. ਨਰੈਣ ਸਿੰਘ ਜੀ ਮੈਂ ਗੁ: ਕਮੇਟੀ ਵੱਲ ਲਿਖਿਆ ਹੋਇਆ ਖ਼ਤ ਮੈਨੂੰ ਮਿਲਿਆ।

ਮੰਗਲਵਾਰ ਦੀ ਕਾਨਫ੍ਰੰਸ ਮਗਰੋਂ ਸਰਦਾਰ ਕਰਤਾਰ ਸਿੰਘ ਜੀ ਝਬਰ ਨਨਕਾਣੇ ਸਾਹਿਬ ਗਿਆ ਅਤੇ ਬਹੁਤ ਸਾਰੇ ਆਦਮੀਆਂ ਨੂੰ ਜੋ ਉਥੇ ਸਨ ਭੇਜ ਦਿੱਤਾ । ਜਦ ਮੈਂ ਸ਼ੁਕਰਵਾਰ ਉਥੇ ਪਹੁੰਚਿਆਂ ਤਾਂ ਪੁੱਜਣ ਤੋਂ ਪਤਾ ਲੱਗਾ ਕਿ ਦੋ ਸੌ ਦੇ ਕਰੀਬ ਆਦਮੀ ਉਥੇ ਹਾਜ਼ਰ ਸਨ ।

ਉਸੇ ਸ਼ਾਮ ਨੂੰ ਜਥਿਆਂ ਨੂੰ ਖਿੰਡਾਣ ਦਾ ਸਰਕਾਰੀ ਸਖ਼ਤੀ ਦਾ ਢੰਗ ਕਾਨਫ੍ਰੰਸ ਵਿਚ ਮੁਕਰਰ ਕੀਤੇ ਹੋਏ ਪੰਜਾਂ ਦਿਨਾਂ ਤੋਂ ਪਹਿਲਾਂ ਹੀ ਆਰੰਭ ਕਰ ਦਿੱਤਾ ਗਿਆ।

ਮੈਂ ਸ਼ਨੀਵਾਰ ਤੋਂ ਨਨਕਾਣੇ ਸਾਹਿਬੋਂ ਬੜੀ ਨਿਰਾਸਤਾ ਨਾਲ ਮੁੜਿਆ ਅਤੇ ਮੈਂ ਖ਼ਿਆਲ ਕਰਦਾ ਹਾਂ ਕਿ ਦੋ ਸੌ ਵਿਚੋਂ ਬਹੁਤ ਸਾਰੇ ਉਸੇ ਦਿਨ ਹੀ ਚਲੇ ਗਏ।

ਜੋ ਸਖ਼ਤੀ ਬੇਗੁਨਾਹ ਲੋਕਾਂ ਉੱਤੇ ਵਰਤੀ ਗਈ ਹੈ ਜੋ ਆਪਣੇ ਸਤਿ ਗੁਰੂ ਦੇ ਜਨਮ ਅਸਥਾਨ ਨੂੰ ਇਕ ਸ਼ੈਤਾਨ ਤੋਂ ਬਚਾਣ ਦੇ ਯਤਨ ਵਿਚ ਆਪਣੇ ਭਰਾਵਾਂ ਸਦਾ ਲਈ ਵਿਛੋੜ ਚੁਕੇ ਹਨ ਮੈਂ ਡਾਢੇ ਰੰਜ ਨਾਲ ਸੁਣਿਆ ਹੈ ।

ਇਸ ਚਿੱਠੀ ਦੇ ਮੈਨੂੰ ਲਿਆ ਦੇਣ ਵਾਲਾ ਆਦਮੀ ਜਦ ਨਨਕਾਣੇ ਸਾਹਿਬ ਤੋਂ ਚਲਿਆ ਉਸ ਵਕਤ ਤਕ ਸਖ਼ਤੀ ਦੀ ਪਾਲੀਸੀ ਜਾਰੀ ਸੀ ।

ਉਥੇ ਦੋ ਸੌ ਕਰੀਬ ਆਦਮੀ ਹਾਜ਼ਰ ਹੋਣਗੇ ਅਤੇ ਇਤਨਾ ਵੱਡਾ ਗੁਰਦੁਆਰਾ ਜਿਸ ਦੀ ਸੇਵਾ ਲੰਗਰ, ਸਫਾਈ, ਰਾਖੀ, ਜਾਨਵਰਾਂ ਦੀ ਸੰਭਾਲ ਆਦਿਕ ਇਤਨਾ ਕੰਮ ਹੈ ਕਿ ਇਸ ਗਿਣਤੀ ਤੋਂ ਘਟ ਆਦਮੀਆਂ ਤੋਂ ਨਹੀਂ ਨਿਭ ਸਕਦਾ ।

ਤੁਹਾਦਾ ਖ਼ੈਰ ਖਾਹ
ਹਰਬੰਸ ਸਿੰਘ

ਅਕਾਲੀ ਲਾਹੌਰ, ੨੪ ਮਾਰਚ ੧੯੨੦

ਪੰਜਾਬ ਵਿਚ ਕੌਂਸਲ ਦੀ ਸਾਰੇ ਹਿੰਦੁਸਤਾਨ ਦੀ ਕਾਨਫ੍ਰੰਸ ਲਈ ਬੇਨਤੀ

ਲਾਹੌਰ ੧੯ ਮਾਰਚ-ਅੱਜ ਕੌਂਸਲ ਵਿਚ ੧੧੫੨੧੭ ਰੁਪੈ ਲਈ ਹੋਰ ਮੰਗ ਹੋਈ ਪਰ ਜਾਨ ਮੇਨਾਰਡ ਨੇ ਆਖਿਆ ਕਿ ੯੦੦ ਪੁਲਿਸ ਹੋਰ ਖਜ਼ਾਨਿਆਂ ਦੀ ਰਾਖੀ ਲਈ ਚਾਹੀਦੀ ਹੈ ਇਨ੍ਹਾਂ ਵਿਚੋਂ ੫੦੦ ਮਧ ਪੰਜਾਬ ਦੀ ਵਿਗੜੀ ਹੋਈ ਹਾਲਤ ਅਤੇ ਖ਼ਾਸ ਕਰ ਗੁਰਦੁਆਰਿਆਂ ਦੇ ਝਗੜੇ ਹੋਣ ਕਰ ਕੇ ਜ਼ਰੂਰੀ ਹੈ ।

ਲਾਲਾ ਗਣਪਤ ਰਾਏ ਨੇ ਆਖਿਆ ਕਿ ਗੁਰਦੁਆਰੇ ਬੜੇ ਦੌਲਤਮੰਦ ਹਨ ਅਤੇ ਆਰਜ਼ੀ ਪੁਲਿਸ ਲਈ ਖਰਚ ਦੇ ਸਕਦੇ ਹਨ ।

ਸਰਦਾਰ ਮਹਿਤਾਬ ਸਿੰਘ ਨੇ ਆਖਿਆ ਕਿ ਵਾਧੂ ਪੁਲਿਸ ਲਈ ਰੁਪਿਆ ਨਹੀਂ ਦੇਣਾ ਚਾਹੀਦਾ । ਗਵਰਮੈਂਟ ਦਾ ਮਨਸ਼ਾ ਸਾਡੀ ਮਰਜ਼ੀ ਵਿਰੁੱਧ ਗੁਰਦੁਆਰੇ ਕਾਬੂ ਕਰਨ ਦਾ ਹੈ (ਸਰਜਾਨ ਮੇਨਰਡ ਇਹ ਗੱਲ ਗ਼ਲਤ ਆਖਣ ਲਈ ਉਠਿਆ) ਇਸ ਪੁਲਿਸ ਦੀ ਕੋਈ ਲੋੜ ਨਹੀਂ। ਇਹ ਸਿਰਫ ਰੁਪੈ ਦੀ ਬਰਬਾਦੀ ਹੈ। ਖ਼ੁਫ਼ੀਆ ਅਤੇ ਅਗਲੀ ਪੁਲਿਸ ਕਾਫ਼ੀ ਹੈ (ਪ੍ਰਧਾਨ ਨੇ ਮਜ਼ਮੂਨ ਦੇ ਨੁਕਤੇ ਵੱਲ ਧਿਆਨ ਦਵਾਇਆ) ਪੁਲਿਸ ਦਾ ਨਾਨਕਾਣੇ ਸਾਹਿਬ ਵਰਤਾਉ ਖ਼ਾਸ ਦੱਸਦਾ ਹੈ ਕਿ ਪੁਲਿਸ ਦੀ ਕੋਈ ਲੋੜ ਨਹੀਂ। ਸਰਦਾਰ ਸਾਹਿਬ ਨੇ ਆਖਿਆ ਕਿ ਨਾਨਕਾਣੇ ਸਾਹਿਬ ਸਬੰਧੀ ਸਰਕਾਰੀ ਐਲਾਨ ਗ਼ਲਤ ਹਨ ਅਤੇ ਗਵਰਮੈਂਟ ਨੂੰ ਗੁਰਦੁਆਰਿਆਂ ਲਈ ਹੋਰ ਪੁਲਿਸ ਰੱਖ ਕੇ ਬੇਇਤਬਾਰੀ ਨਹੀਂ ਵਧਾਉਣੀ ਚਾਹੀਦੀ। ਸਿੱਖਾਂ ਲੜਾਈ ਸਮੇਂ ਗਵਰਮੈਂਟ ਦੀ ਵਫ਼ਾਦਾਰੀ ਨਾਲ ਸੇਵਾ ਕੀਤੀ ਹੈ। ਸਰਦਾਰ ਸਾਹਿਬ ਨੇ ਮੁਸਲਮਾਨ ਮੈਂਬਰਾਂ ਨੂੰ ਮਦਦ ਲਈ ਆਖਿਆ ਕਿਉਂਕਿ ਸਿੱਖ ਖਿਲਾਫ਼ਤ ਦੇ ਮਾਮਲੇ ਵਿਚ ਉਨ੍ਹਾਂ ਨਾਲ ਹਨ (ਪ੍ਰਧਾਨ ਨੇ ਫੇਰ ਮਜਮੂਨ ਵੱਲ ਆਵਣ ਲਈ ਆਖਿਆ) ਸਰਦਾਰ ਮਹਿਤਾਬ ਸਿੰਘ ਨੇ ਮੈਂਬਰਾਂ ਅਗੇ ਰੁਪਿਆ ਨਾ ਮਨਜ਼ੂਰ ਕਰਨ ਲਈ ਅਪੀਲ ਕੀਤੀ।

ਕੌਂਸਲ ਵਿਚ ਵਾਧੂ ਮੰਗ ਮਨਜ਼ੂਰ ਕਰਨ ਲਈ ੫੦ ਨੇ ਹਕ ਵਿਚ ਅਤੇ ੧੩ ਨੇ ਵਿਰੁੱਧ ਵੋਟਾਂ ਦਿੱਤੀਆਂ । ਇਸ ਲਈ ਮੰਗ ਪਾਸ ਹੋਈ।

ਤਖ਼ਤ ਅਕਾਲ ਬੁੰਗੇ ਵਿਚ ਪੰਥ ਮੁਖੀਆਂ ਦਾ ਇਕੱਠ
ਸ਼ਹੀਦੀ ਖ਼ੂਨ ਦਾ ਸਿੱਖ ਦਿਲਾਂ ਉੱਤੇ ਅਸਰ!
ਖਾਮੋਸ਼ ਮਕਾਬਲੇ ਦੀਆਂ ਤਿਆਰੀਆਂ!

੨੦ ਮਾਰਚ ੧ ਵਜੇ ਦੇ ਕਰੀਬ ਤਕਰੀਬਨ ਸਾਰੇ ਦੂਰ ਤੋਂ ਆਏ ਸਿੰਘ ਅਕਾਲ ਬੁੰਗੇ ਦੀ ਉਤਲੀ ਛਤ ਤੇ ਇਕੱਠੇ ਹੋ ਗਏ। ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ ਪ੍ਰਧਾਨ ਸਨ। ਸਭ ਤੋਂ ਪਹਿਲਾਂ ਸ. ਜੋਧ ਸਿੰਘ ਜੀ ਨੇ ਆਪਣਾ ਕਥਨ ਆਰੰਭ ਕੀਤਾ ਤੇ ਦੱਸਿਆ ਕਿ ਨਾਨਕਾਣਾ ਸਾਹਿਬ ਦੇ ਸਹੀਦੀ ਸਾਕੇ ਨੇ ਹਰ ਇਕ ਸਿੱਖ ਦੇ ਖ਼ੂਨ ਨੂੰ ਉਬਾਲ ਦਿੱਤਾ ਹੈ। ਹਰ ਇਕ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਲਈ ਤਿਆਰ ਹੈ। ਫਿਰ ਆਪ ਨੇ 'ਪ੍ਰਚਾਰਕ ਜਥੇ' ਦੀ ਲੋੜ ਪ੍ਰਗਟ ਕੀਤੀ ਕਿ ਸਾਡੇ ਵਿਰੁੱਧ ਕਿਸ ਤਰ੍ਹਾਂ ਝੂਠੀਆਂ ਬਣਾਉਟਾਂ ਬਣਾ ਕੇ ਧੁਮਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ ਰਦ ਕਰਨ ਲਈ ਇਕ ਪ੍ਰਚਾਰਕ ਦੀ ਡਾਢੀ ਲੋੜ ਹੈ। ਉਪਰੰਤ ਆਪ ਨੇ ਦੱਸਿਆ ਕਿ ਇਕ ਕਾਨੂੰਨ ਦੀ ਲੋੜ ਹੈ ਜਿਸ ਨਾਲ ਸਾਰੇ ਗੁਰਦੁਆਰੇ ਪੰਥ ਦੇ ਪ੍ਰਬੰਧ ਵਿਚ ਆ ਜਾਣ। ਆਪ ਆਪਣੀਆਂ ਲਿਖੀਆਂ ਹੋਈਆਂ ਤਜਵੀਜ਼ਾਂ ਤੇ ਕਾਨੂੰਨੀ ਖਰੜਾ ਸੁਣਾ ਰਹੇ ਸਨ ਕਿ ਸਰਦਾਰ ਅਮਰ ਸਿੰਘ ਜੀ ਝਬਾਲ ਵਾਲਿਆਂ ਨੇ ਉਠ ਕੇ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਅਸਾਂ ਕਿਹੜਾ ਵਤੀਰਾ ਰੱਖਣਾ ਹੈ। ਮੇਰੇ ਖ਼ਿਆਲ ਵਿਚ ਨੌਕਰ ਸ਼ਾਹੀ ਨੇ ਦੋ ਸੌ ਸ਼ਹੀਦਾਂ ਦਾ ਮਗਰੋਂ ਜੋ ਸਲੂਕ ਸਾਡੇ ਨਾਲ ਸ਼ੁਰੂ ਕੀਤਾ ਹੈ ਉਹ ਮਤਾਲਬਾ ਕਰਦਾ ਹੈ ਕਿ ਅਸੀਂ ਸਾਰੇ ਜੇਲ੍ਹਾਂ ਵਿਚ ਜਾਵਾਂਗੇ। ਅਜੇਹੀ ਹਾਲਤ ਵਿਚ ਸਰਕਾਰ ਦੀ ਮਦਦ ਮੰਗਣੀ ਪੰਥ ਦੀ ਹਤਕ ਹੈ । ਗੁਰਦੁਆਰਿਆਂ ਵਿਚ ਸੇਵਾ ਕਰ ਰਿਹਾਂ ਨੂੰ ਡਾਕੂ ਤੇ ਚੋਰ ਆਖ ਕੇ ਬਦਨਾਮ ਕੀਤਾ ਜਾ ਰਿਹਾ ਹੈ। ਇਹ ਅਸੀਂ ਕਿਸ ਤਰ੍ਹਾਂ ਸਹਾਰ ਸਕਦੇ ਹਾਂ ? ਅਸੀਂ ਆਪਣੇ ਧਰਮ ਨੂੰ ਕਾਨੂੰਨ ਦੇ ਮਗਰ ਨਹੀਂ ਚਲਾ ਚਲਾ ਸਕਦੇ। ਉਪਰੰਤ ਗਿਆਨੀ ਸ਼ੇਰ ਸਿੰਘ ਜੀ ਨੇ ਇਕ ਜਬਰਦਸਤ ਅਤੇ ਦਰਦ ਭਰੀ ਸਪੀਚ ਕੀਤੀ ਕਿ ਸਿੱਖਾਂ ਨੂੰ ਰਾਜ ਜਾਣਦਾ ਇਤਨਾ ਨੁਕਸਾਨ ਨਹੀਂ

ਜਿਤਨਾ ਧਰਮ ਦੂਜਿਆਂ ਦੇ ਹੱਥ ਚਲੇ ਜਾਣ ਨਾਲ ਹੋਇਆ ਹੈ। ਵਿਦੇਸ਼ੀ ਸਰਕਾਰ ਭਾਵੇਂ ਕਿਤਨੀ ਨੇਕ ਹੋਵੇ ਦੇਸੀਆਂ ਲਈ ਯੋਗ ਕਾਨੂੰਨ ਨਹੀਂ ਬਣਾ ਸਕਦੀ। ੭੦ ਸਾਲ ਸਿੰਘਾਂ ਨੇ ਦਿਲ ਵਿਚ ਦਿਮਾਗ ਕਤਲ ਕਰਾਕੇ ਹਣ ਕਾਨੂੰਨ ਦੀ ਪ੍ਰਵਾਹ ਛਡ ਦਿੱਤੀ ਹੈ ਅਤੇ ਆਪਣੇ ਧਾਰਮਿਕ ਮੰਦਰਾਂ ਦੀ ਖ਼ਾਤਰ ਦੋ ਸੌ ਦੇ ਕਰੀਬ ਸਿੰਘਾਂ ਨੇ ਹੁਣ ਨਾਨਕਾਣੇ ਸਾਹਿਬ ਜਾ ਕੇ ਹੋਲੀ ਖੇਡੀ ਹੈ। ਹੁਣ ਸਰਕਾਰ ਪਾਸੋਂ ਮੰਗਣਾ ਛਡੋ। ਸਾਡੇ ਪਾਸੇ ਅਕਾਲ ਪੁਰਖ ਹੈ ਬਸ, ਇਹ ਚੇਤੇ ਰੱਖੋ। "ਮੈਂ ਪਕੜੀ ਓਟ ਅਕਾਲ ਦੀ, ਹੋਰ ਅਵਰ ਨਾ ਜਾਨਾਂ।" ਕਲਗੀਧਰ ਸਾਗੇ ਅੰਗ ਸੰਗ ਹੈ। ਇਨ੍ਹਾਂ ਦੇ ਪਿੱਛੋਂ ਸ. ਦਾਨ ਸਿੰਘ ਨੇ ਤਾਈਦ ਕਰਦਿਆਂ ਹੋਇਆ ਕਿਹਾ ਕਿ ਨਾਨਕਾਣੇ ਸਾਹਿਬ ਦਾ ਸਾਕਾ ਕਮਜ਼ੋਰ ਮਹੰਤ ਦੀ ਹਿੰਮਤ ਤੋਂ ਬਾਹਰ ਸੀ। ਉਹ ਤਾਂ ਹੱਥ ਜੋੜਦਾ ਫਿਰਦਾ ਸੀ। ਇਸ ਸਾਕੇ ਦੀ ਸਾਜਿਸ਼ ਵਿਚ ਕਈ ਅਫ਼ਸਰਾਂ ਅਤੇ ਕੌਮ ਘਾਤਕਾਂ ਦਾ ਹੱਥ ਹੈ ਜਿਨ੍ਹਾਂ ਨੂੰ ਛਡ ਕੇ ਸਰਕਾਰ ਉਨ੍ਹਾਂ ਨੂੰ ਫੜ ਰਹੀ ਹੈ ਜੋ ਆਪਣੇ ਸ਼ਹੀਦਾਂ ਦੇ ਲਹੂ ਦੇ ਦਰਸ਼ਨ ਕਰਨ ਜਾਂਦੇ ਹਨ। ਅਜੇਹੀ ਸਰਕਾਰ ਪਾਸੋਂ ਅਸੀਂ ਕਿਸੇ ਕਾਨੂੰਨ ਦੀ ਮੰਗ ਨਹੀਂ ਕਰਦੇ।

ਫਿਰ ਭਾਈ ਸਰਦੂਲ ਸਿੰਘ ਜੀ ਗਿਆਨੀ ਅਤੇ ਸ. ਚਰਨ ਸਿੰਘ ਜੀ ਧੂਪੀਆ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਸਰਕਾਰ ਪਾਸੋਂ ਕਾਨੂੰਨ ਜ਼ਰੂਰ ਬਨਾਵਣਾ ਚਾਹੀਦਾ ਹੈ। ੧੫ ਦਿਨ ਹੋਰ ਉਡੀਕ ਕੋਈ ਵੱਡੀ ਗੱਲ ਨਹੀਂ।

ਭਾਈ ਕਰਤਾਰ ਸਿੰਘ ਜੀ ਬੱਬ, ਸਰਦਾਰ ਗੁਰਬਖ਼ਸ਼ ਸਿੰਘ ਜੀ ਦਿੱਲੀ, ਸ. ਜਸਵੰਤ ਸਿੰਘ ਜੀ ਝਬਾਲ, ਸ. ਤੇਜਾ ਸਿੰਘ ਜੀ ਸਮੁੰਦਰੀ, ਸ. ਬੂਟਾ ਸਿੰਘ ਜੀ ਸ਼ੇਖੂਪੁਰਾ, ਸ. ਤੇਜਾ ਸਿੰਘ ਜੀ, ਡਾ. ਬਲਵੰਤ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ, ਪ੍ਰੇਮ ਸਿੰਘ ਸੋਢਬੰਸ, ਮਾ. ਤਾਰਾ ਸਿੰਘ ਜੀ, ਗਿਆਨੀ ਹੀਰਾ ਸਿੰਘ ਜੀ ਆਦਿਕਾਂ ਨੇ ਜ਼ੋਰ ਦਿੱਤਾ ਕਿ ਸਾਨੂੰ ਸਰਕਾਰ ਤੇ ਕੋਈ ਭਰੋਸਾ ਨਹੀਂ। ਕਾਨੂੰਨ ਲਈ ਸਾਨੂੰ ਬਿਲਕੁਲ ਨਹੀਂ ਕਹਿਣਾ ਚਾਹੀਦਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਖਾਮੋਸ਼ ਮੁਕਾਬਲਾ ਆਰੰਭ ਕਰ ਦੇਣਾ ਚਾਹੀਦਾ ਹੈ ਅਤੇ ਸ. ਸੁਜਾਨ ਸਿੰਘ ਜੀ ਵਕੀਲ, ਸ. ਮਹਿਤਾਬ ਸਿੰਘ ਜੀ, ਸ. ਨਰੈਣ ਸਿੰਘ ਵਕੀਲ, ਸ. ਅਮਰੀਕ ਸਿੰਘ ਗੁਜਰਾਂਵਾਲੇ, ਪ੍ਰਿਥੀਪਾਲ ਸਿੰਘ, ਸ. ਹਰਬੰਸ ਸਿੰਘ ਜੀ ਨੇ ਕਿਹਾ ਕਿ ੧੫ ਦਿਨ ਹੋਰ ਉਡੀਕੋ। ਕਾਹਲ ਨਾ ਕਰੋ। ਅਸੀਂ ਸਭ ਤੁਹਾਡੇ ਨਾਲ ਹਾਂ। ਜੇ ਕਮੇਟੀ ਦੀ ਮਰਜ਼ੀ ਮੁਤਾਬਕ ਕੰਮ ਨਾ ਹੋਇਆ ਤਾਂ ਜਿਸ ਤਰ੍ਹਾਂ ਕਹੋਗੇ ਕਰਾਂਗੇ।

ਇਸੇ ਦੇ ਪਿੱਛੋਂ ਅਧਾ ਕੁ ਘੰਟਾ ਛੁੱਟੀ ਕਰ ਦਿੱਤੀ ਗਈ ਤੇ ਵੱਖ ਬੈਠ ਕੇ ਵਿਚਾਰਾਂ ਹੋਣ ਲੱਗੀਆਂ। ਸ. ਅਮਰ ਸਿੰਘ ਜੀ, ਸ. ਜੋਧ ਸਿੰਘ ਜੀ, ਸ. ਮਤਾਬ ਸਿੰਘ ਜੀ, ਸ. ਭਾਗ ਸਿੰਘ ਜੀ ਆਦਿਕਾਂ ਨੇ ਆਪੋ ਆਪਣੇ ਖ਼ਿਆਲ ਪ੍ਰਗਟ ਕੀਤੇ। ਫ਼ੈਸਲਾ ਇਹ ਹੋਇਆ ਕਿ ਮਿਲਵਰਤਨ ਦੇ ਹੱਕ ਵਾਲੇ ਮਿਲਵਰਤਨੀਆਂ ਨੂੰ ੧੫ ਦਿਨ ਦੀ ਹੋਰ ਮੁਹਲਤ ਦੇਂਦੇ ਹਨ। ਉਹ ਸਰਕਾਰ ਦੀ ਨੀਯਤ ਤੇ ਸਲੂਕ ਦਾ ਹੋਰ ਮਤਾਲਿਆ ਕਰ ਲੈਣ। ੧੦ ਅਪ੍ਰੈਲ ਮਗਰੋਂ ਜੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਰਜ਼ੀ ਅਨੁਸਾਰ ਕਾਰਵਾਈ ਨਾ ਹੋਈ ਤਾਂ ਸਾਰੇ ਰਲ ਕੇ ਖਾਮੋਸ਼ ਮੁਕਾਬਲਾ ਆਰੰਭ ਦੇਣਗੇ। ਸ. ਅਮਰ ਸਿੰਘ ਜੀ ਤੇ ਬਾਕੀ ਦੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਹੋ ਮੁਨਾਸਿਬ ਸਮਝਿਆ ਕਿ ਸਰਕਾਰ ਨੇ ਤਾਂ ਉਨ੍ਹਾਂ ਕੁਝ ਕਰਨਾ ਹੈ ਜੋ ਅੱਗੇ ਕਰ ਰਹੀ ਹੈ। ਇਸ ਲਈ ਆਪਣੇ ਭਰਾਵਾਂ ਨਾਲ ਰਲਣ ਲਈ ਇਕ ਮੌਕਾ ਹੋਰ ਦੇ ਦਿੱਤਾ ਜਾਵੇ ਤਾਂ ਜੋ ਫਿਰ ਕਿਸੇ ਇਸ ਤਰ੍ਹਾਂ ਦੀ ਗੁੰਜਾਇਸ਼ ਨਾ ਰਹੇ।

ਸੁ ਕੋਈ ੬ ਵਜੇ ਕਰੀਬ ਫਿਰ ਸਮਾਗਮ ਸਜਿਆ। ਸ. ਅਮਰ ਸਿੰਘ ਜੀ ਨੇ ਖੜੇ ਹੋ ਕੇ ਕਿਹਾ ਕਿ ਅੱਜ ਦੀ ਕਾਰਵਾਈ ਵਿਚ ਅਸੀਂ ਕੋਈ ਹਿੱਸਾ ਨਹੀਂ ਲੈਂਦੇ, ਪਰ ਇਹ ਗੱਲ ਅਸੀਂ ਸਾਫ਼ ਸਾਫ਼ ਪ੍ਰਗਟ ਕਰਵਾਂਦੇ ਹਾਂ ਕਿ ਜੇ ਸਾਡੇ ਗੁਰਦੁਆਰਿਆਂ ਉੱਤੇ ਜਾਂ ਸਾਡੇ ਉੱਤੇ ਕੱਲ ਨੌਕਰਸ਼ਾਹੀ ਵੱਲੋਂ ਕੋਈ ਵਾਧਾ ਹੋਇਆ ਤਾਂ ਅਸੀਂ ਖ਼ਾਮੋਸ਼ ਮੁਕਾਬਲਾ ਕੱਲ ਤੋਂ ਹੀ ਆਰੰਭ ਕਰ ਦਿਆਂਗੇ ਅਤੇ ਅੱਜ ਦੇ ਪਾਸ ਹੋਏ ਗੁਰਮਤਿਆਂ ਨੂੰ ਨਹੀਂ ਮੰਨਾਂਗੇ ਅਤੇ ਇਹ ੧੫ ਦਿਨਾਂ ਦੀ ਮੁਹਲਤ ਤੁਹਾਡੇ ਲਈ ਹੈ, ਸਰਕਾਰ ਉੱਤੇ ਸਾਡਾ ਕੋਈ ਇਤਬਾਰ ਨਹੀਂ। ਪੰਦਰਾਂ ਦਿਨ ਮਗਰੋਂ ਜੇ ਸਮਾਜ ਦੇ ਮਤੇ ਅਨੁਸਾਰ ਸਰਕਾਰ ਨੇ ਕਾਰਵਾਈ ਨਾ ਕੀਤੀ ਤਾਂ ਤੁਹਾਡਾ ਫ਼ਰਜ਼ ਹੋਵੇਗਾ ਕਿ ਤੁਸੀਂ ਰਲਕੇ ਖਾਮੋਸ਼ ਮੁਕਾਬਲਾ ਆਰੰਭ ਕਰ ਦਿਉ। ਸ. ਜੋਧ ਸਿੰਘ ਜੀ, ਸ. ਮਹਿਤਾਬ ਸਿੰਘ ਜੀ, ਸ. ਦਸੌਂਧਾ ਸਿੰਘ ਜੀ ਅਤੇ ਹੋਰਨਾਂ ਨੇ ਵੀ ਇਕਰਾਰ ਕੀਤਾ ਕਿ ਅਸੀਂ ਤੁਹਾਡੇ ਨਾਲ ਸ਼ਾਮਿਲ ਹੋਵਾਂਗੇ। ਉਪਰੰਤ ਹੇਠਾਂ ਲਿਖੇ ਗੁਰਮਤੇ ਪਾਸ ਹੋਏ।

੧. ਸਾਰੇ ਸਿੱਖ ਜੋ ਨਾਮ ਧਰੀਕ ਜ਼ਬਰਦਸਤੀ ਗੁਰਦੁਆਰਿਆਂ ਤੇ ਕਬਜ਼ੇ ਕਰਨ ਦੇ ਅਪਰਾਧ ਵਿਚ ਫੜੇ ਗਏ ਹਨ ਛਡੇ ਜਾਣ।

੨. ਸਿੱਖਾਂ ਨੂੰ ਗੁਰਦੁਆਰਿਆਂ ਵਿਚ ਸੇਵਾ ਕਰਦਿਆਂ ਫੜ ਕੇ ਉਨ੍ਹਾਂ ਗੁਰਦੁਆਰਿਆਂ ਦਾ ਪਰਬੰਧ ਪਹਿਲੇ ਪੁਜਾਰੀਆਂ ਨੂੰ ਦੇ ਦੇਣ ਵਾਲੇ ਅਫ਼ਸਰਾਂ ਦੀ ਕਾਰਵਾਈ ਉੱਤੇ ਪੰਥ ਸਖ਼ਤ ਘ੍ਰਿਣਾ ਕਰਦਾ ਹੈ।

੩. ਜਦ ਤਕ ਸ੍ਰੋ. ਗੁ. ਪ੍ਰਬੰਧਕ ਕਮੇਟੀਆਂ ਦੀਆਂ ਦੱਸੀਆਂ ਲੈਨਾਂ ਉੱਤੇ ਕਾਨੂੰਨ ਪਾਸ ਨਹੀਂ ਹੁੰਦਾ, ਉਦੋਂ ਤਕ ਗੁਰਦੁਆਰਿਆਂ ਦਾ ਪ੍ਰਬੰਧ, ਫੜੋ ਫੜੀ ਸ਼ੁਰੂ ਹੋਣ ਤੋਂ ਪਹਿਲਾਂ ਜਿਨ੍ਹਾਂ ਸਿੰਘਾਂ ਨੇ ਸੰਭਾਲਿਆ ਸੀ, ਉਨ੍ਹਾਂ ਨੂੰ ਹੀ ਸੌਂਪਿਆ ਜਾਵੇ।

੪. ਚੂੰਕਿ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਦੇ ਸਾਰੇ ਯਤਨ ਬ੍ਰਿਥਾ ਗਏ ਹਨ। ਇਸ ਲਈ ਇਹ ਦੀਵਾਨ ਪਾਸ ਕਰਦਾ ਹੈ ਕਿ ਜੇ ੧੦ ਅਪ੍ਰੈਲ ਤਕ ਸਾਡੇ ਸਾਰੇ ਅਕਾਲੀ ਗੁਰਦੁਆਰਿਆਂ ਵਿਚੋਂ ਕਬਜ਼ੇ ਕਰਨ ਦੇ ਅਪਰਾਧ ਵਿਚ ਫੜੇ ਹੋਏ ਛੱਡੇ ਨਾ ਗਏ, ਗੁਰਦੁਆਰਿਆਂ ਸਬੰਧੀ ਜਗੀਰਾਂ ਦਾ ਕਬਜ਼ਾ ਸਾਨੂੰ ਨਾ ਦਿੱਤਾ ਗਿਆ ਤਾਂ ਅਸੀਂ ਤਖ਼ਤ ਅਕਾਲ ਬੁੰਗੇ ਗੁਰੂ ਦੇ ਹਜ਼ੂਰ ਖੜੇ ਹੋ ਕੇ ਇਕਰਾਰ ਕਰਦੇ ਹਾਂ ਕਿ ਪਹਿਲੇ ਦੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਠੀਕ ਕਰਨ ਵਿਚ ਜੋ ਕਾਰਵਾਈ ਯੋਗ ਸਮਝਾਂਗੇ ਕਰਾਂਗੇ।

੫. ਜਿਸ ਤਰ੍ਹਾਂ ਪਹਿਲਾਂ ਸਿੰਘਾਂ ਨੇ ਸ਼ਾਂਤੀ ਤੇ ਧੀਰਜ ਨਾਲ ਕੰਮ ਕੀਤਾ ਹੈ ਅਗੋਂ ਵੀ ਇਸ ਤਰ੍ਹਾਂ ਸ਼ਾਂਤੀ ਤੇ ਧੀਰਜ ਰੱਖਣ।

੬. ਸਾਰੇ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਨ ਲਈ ਅਕਾਲੀ ਜਥੇ ਵਿਚ ਸ਼ਾਮਿਲ ਹੋਣ।

੭. ਸਿੱਖ ਧਰਮ ਦੇ ਅਸੂਲਾਂ ਅਨੁਸਾਰ ਕ੍ਰਿਪਾਨ ਦੀ ਲੰਬਾਈ ਗੁਰੂ ਬਿਨਾਂ ਕੋਈ ਹੋਰ ਮੁਕਰਰ ਨਹੀਂ ਕਰ ਸਕਦਾ। ਜੇ ਕੋਈ ਕ੍ਰਿਪਾਨ ਧਾਰੀਆਂ ਉੱਤੇ ਮੁਕੱਦਮੇ ਚਲਾਏ ਜਾਂ ਫੜੇ ਤਾਂ ਉਹ ਸਤਿਆਗ੍ਰਹਿ ਧਾਰਨ ਕਰਨ। ਕੋਈ ਸਿੱਖ ਕਾਰਖਾਨੇ ਵਾਲਾ ਲੈਸੰਸ ਲਵੇ।

੮. ਹੇਠਾਂ ਲਿਖਿਆਂ ੧੧ ਸੱਜਣਾਂ ਦੀ ਕਮੇਟੀ ਬਨਾਈ ਜਾਵੇ। ਜੇ ਸਰਕਾਰ ਇਨ੍ਹਾਂ ਨੂੰ ਕਾਨੂੰਨ ਬਣਾਉਣ ਸਬੰਧੀ ਸਦੇਗੀ ਤਾਂ ਇਹ ਸਰਕਾਰ ਨੂੰ ਦੁਆਰਾ ਕਮੇਟੀ ਦਾ ਆਸ਼ਾ ਪ੍ਰਗਟ ਕਰਨ :

ਸ. ਸੁੰਦਰ ਸਿੰਘ ਰਾਮਗੜੀਆ, ਸ. ਹਰਬੰਸ ਸਿੰਘ ਜੀ, ਸ. ਦਾਨ ਸਿੰਘ ਜੀ ਸ. ਜੋਧ ਸਿੰਘ ਜੀ, ਸ. ਖੜਕ ਸਿੰਘ ਜੀ, ਸ. ਨਰੈਣ ਸਿੰਘ ਜੀ, ਸ. ਸੁਜਾਨ ਸਿੰਘ ਜੀ, ਸ. ਹਰਕਿਸ਼ਨ ਸਿੰਘ ਜੀ, ਸ. ਉਜਲ ਸਿੰਘ ਜੀ, ਸ. ਗੁਰਬਖਸ਼ ਸਿੰਘ ਜੀ, ਭਾਈ ਕਰਤਾਰ ਸਿੰਘ ਜੀ ਝਬਰ।

੯. ਕਈ ਸ਼ਰਾਰਤੀ ਆਦਮੀਆਂ ਵੱਲੋਂ ਹਿੰਦੂਆਂ ਅਤੇ ਸਿੱਖਾਂ ਨੂੰ ਲੜਾਨ ਵਾਸਤੇ ਝੂਠੀਆਂ ਖ਼ਬਰਾਂ ਫ਼ੈਲਾਈਆਂ ਜਾਂਦੀਆਂ ਹਨ। ਸਿਖ ਇਹ ਯਕੀਨ, ਦਿਵਾਂਦੇ ਹਨ ਕਿ ਉਹ ਦੂਜੇ ਧਰਮਾਂ ਦੀਆਂ ਜ਼ਾਤੀ ਧਰਮ ਸਾਲਾ ਉੱਤੇ ਸਿੱਖ ਕੋਈ ਕਬਜ਼ਾ ਨਹੀਂ ਕਰਨਾ ਚਾਹੁੰਦੇ ਬਲਕਿ ਸਿਰਫ਼ ਆਪਣੇ ਗੁਰਧਾਮਾਂ, ਸਿੱਖ ਸ਼ਹੀਦਾਂ, ਭਗਤਾਂ ਦੀ ਯਾਦ ਉੱਤੇ ਬਣੇ ਅਸਥਾਨਾਂ ਦਾ ਪ੍ਰਬੰਧ ਕਰਨਾ ਚਾਹੁਦੇ ਹਨ।

੧੧. ਇਹ ਦੀਵਾਨੇ ਉਨ੍ਹਾਂ ਸੱਜਣਾਂ ਦਾ ਧੰਨਵਾਦੀ ਹੈ ਜਿਨ੍ਹਾਂ ਨਨਕਾਣੇ ਸਾਹਿਬ ਆਪ ਜਾ ਕੇ ਮਾਮਲੇ ਦੀ ਪੜਤਾਲ ਕੀਤੀ ਅਤੇ ਝੂਠੀਆਂ ਅਫ਼ਵਾਹਾਂ ਦੀ ਤਰਦੀਦ ਕੀਤੀ।

ਨਾਨਕਾਣੇ ਸਾਹਿਬ ਦੇ ਹਾਲਾਂ ਦੀ ਪੜਤਾਲ!

(ਵੱਲੋਂ ਮੌਲਾਨਾ ਸਯਦ ਹਬੀਬ ਐਡੀਟਰ ਸਿਆਸਤ)

ਮੈਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਦੇ ਕਹੇ ਉੱਤੇ ਨਾਨਕਾਣਾ ਸਾਹਿਬ ਗਿਆ ਅਤੇ ਮੈਂ ਖੁਦ ਸਿੱਖਾਂ ਕੋਲੋਂ ਵਖਰੇ ਹੋ ਕੇ ਹੇਠ ਲਿਖੀ ਤਹਿਕੀਕਾਤ ਕੀਤੀ।

੧. ਕਿਆ ਸਿੱਖਾਂ ਨੇ ਮੁਸਲਮਾਨ ਤੀਵੀਆਂ ਦੀ ਬੇਪਤੀ ਕੀਤੀ ?

੨. ਕਿਆ ਉਨ੍ਹਾਂ ਨੇ ਮੁਸਲਮਾਨਾਂ ਦੀਆਂ ਕਬਰਾਂ ਨੂੰ ਤੋੜਿਆ ਹੈ ?

੩. ਕਿਆ ਉਨ੍ਹਾਂ ਨੇ ਮਸਜਦ ਦੇ ਤੋੜਨ ਦੀ ਸਾਜਿਸ਼ ਕੀਤੀ ਹੈ ?

੪. ਕਿਆ ਇਹ ਲੁਟ ਮਾਰ ਕਰਦੇ ਹਨ ?

੫. ਕਿਆ ਉਨ੍ਹਾਂ ਨੇ ਹਿੰਦੂਆਂ ਦੀਆਂ ਸਮਾਧਾਂ ਤੋੜੀਆਂ ਹਨ ?

੬. ਕਿਆ ਉਨ੍ਹਾਂ ਨੇ ਹਿੰਦੂ ਮੂਰਤੀਆਂ ਨੂੰ ਬਰਬਾਦ ਕੀਤਾ ?

ਇਨ੍ਹਾਂ ਸਾਰੀਆਂ ਗੱਲਾਂ ਉੱਤੇ ਮੈਂ ਕਈ ਗਵਾਹੀਆਂ ਲਈਆਂ। ਰਸਤੇ ਜਾਂਦੇ ਜਾਂਦੇ ਕਈ ਮੁਸਲਮਾਨਾਂ ਅਤੇ ਹਿੰਦੂਆਂ ਕੋਲੋਂ ਜਿਹੜੇ ਕਿ ਮੈਨੂੰ ਬਿਲਕੁਲ ਨਹੀਂ ਜਾਣਦੇ ਸਨ ਅਤੇ ਜਿਨ੍ਹਾਂ ਉੱਤੇ ਕਿਸੇ ਫਰੀਦ ਦੀ ਤਰਫ਼ੋਂ ਗਵਾਹ ਪੇਸ਼ ਹੋਣ ਦਾ ਸ਼ਕ ਨਹੀਂ ਹੋ ਸਕਦਾ ਸੀ, ਰੋਕ ਕੇ ਪੁਛਿਆ। ਉਨ੍ਹਾਂ ਵਿਚੋਂ ਕੁਝ ਕੁ ਗਵਾਹਾਂ ਨੇ ਨਾਮ ਹੇਠ ਦਰਜ਼ ਹਨ—

ਮੁਸਲਮਾਨ (੧) ਕੰਮੂੰ ਮਾਛੀ (੨) ਮੀਆਂ ਫਜ਼ਲ ਦੀਨ ਦਰਜ਼ੀ (੩) ਮੀਆਂ ਗੁਲਾਮ ਇਮਾਮ ਮਸਜਦ (੪) ਮੀਆਂ ਖੁਦਾ ਬਖ਼ਸ਼ ਸਾਹਿਬ (੫) ਸਦਾਗਰ ਦੀਨ ਆਹੜਤੀ ਆਦਿ।

ਹਿੰਦੂ—(੧) ਲਾਲਾ ਗੁਰਦਿਤਾ ਮਲ (੨) ਡਾ. ਸੋਹਨ ਲਾਲ (੩) ਲਾਲਾ ਖੁਸ਼ੀ ਰਾਮ ਠੇਕੇਦਾਰ (੪) ਲਾਲਾ ਡੋਗਰ ਮਲ ਠੇਕੇਦਾਰ।

ਅਕਾਲੀ ਲਾਹੌਰ, ੩੦ ਮਾਰਚ ੧੯੨੧

ਗੁਰਦੁਆਰਾ ਕਿਆਰਾ ਸਾਹਿਬ ਸਬੰਧੀ

ਮਹੰਤਨੀ ਇੰਦਰ ਕੌਰ ਦਾ ਹੈਰਾਨ ਕਰਨ ਵਾਲਾ ਬਿਆਨ

(ਵੱਲੋਂ ਸ. ਸੋਹਣ ਸਿੰਘ, ਐਡੀਟਰ 'ਦੀ ਸਿੱਖ')

ਗੁਰਦੁਆਰਾ ਕਿਆਰਾ ਸਾਹਿਬ ਸਬੰਧ ਭਾਈ ਕਰਤਾਰ ਸਿੰਘ, ਲਖਾ ਸਿੰਘ ਅਤੇ ਸਰਦਾਰ ਉਤਮ ਸਿੰਘ ਹਵਾਲਾਤ ਵਿਚ ਹਨ। ਕਾਰਵਾਈ ਅਜੇ ਕੋਈ ਆਰੰਭ ਨਹੀਂ ਹੋਈ। ਮਹੰਤਨੀ ਇੰਦਰ ਕੌਰ ਨੇ ਇਸ ਸਬੰਧੀ ਸਰਦਾਰ ਸੇਵਾ ਰਾਮ ਸਿੰਘ ਵਕੀਲ ਹਾਈ ਕੋਰਟ ਦੀ ਰਾਹੀਂ ਗਵਰਨਰ ਪੰਜਾਬ ਅਤੇ ਹੋਰ ਸਰਕਾਰੀ ਮੈਂਬਰਾਂ ਨੂੰ ਇਸ ਮਤਲਬ ਦਾ ਤਾਰ ਦਿੱਤਾ ਹੈ। ਗੁਰਦੁਆਰਾ ਕਿਆਰਾ ਸਾਹਿਬ ਅਦਾਲਤ ਦੀ ਤਰਫੋਂ ਉਸ ਦੇ ਇੰਤਜ਼ਾਮ ਵਿਚ ਸੀ, ਅਤੇ ਭਾਈ ਕਰਤਾਰ ਸਿੰਘ ਵਗੈਰਾ ਦੇ ਫੜਨ ਤੋਂ ਬਹੁਤ ਪਹਿਲਾਂ ਉਹ ਗੁਰਦੁਆਰਾ ਕਿਆਰਾ ਸਾਹਿਬ ਦਾ ਇੰਤਜ਼ਾਮ ਗੁਰਦੁਆਰਾ ਕਮੇਟੀ ਦੇ ਹਵਾਲੇ ਕਰ ਚੁੱਕੀ ਸੀ। ਭਾਈ ਕਰਤਾਰ ਸਿੰਘ ਵਗੈਰਾ ਨੇ ਕੋਈ ਵੀ ਜੁਰਮ ਨਹੀਂ ਕੀਤਾ ਅਤੇ ਨਾ ਹੀ ਉਸ ਦੀ (ਇੰਦਰ ਕੌਰ ਦੀ) ਜਾਂ ਮੰਦਰ ਦੀ ਕਿਸੇ ਜਾਇਦਾਦ ਨੂੰ ਨੁਕਸਾਨ ਪੁਚਾਇਆ ਹੈ। ਛੱਬਾ ਅਤੇ ਚਰਨੀ ਜਿਹੜੇ ਚੁਰਾਏ ਗਏ ਆਖੇ ਹਨ ਉਸ ਦੇ (ਮਹੰਤਨੀ) ਕਬਜ਼ੇ ਵਿਚ ਹਨ ਅਤੇ ਉਸ ਨੇ ਸਾਰੇ ਮੈਨੂੰ (ਸ. ਸੇਵਾ ਰਾਮ ਸਿੰਘ ਨੂੰ) ਵਿਖਾ ਦਿੱਤੇ ਹਨ। ਮਹੰਤਨੀ ਦੀ ਇਹ ਸ਼ਿਕਾਇਤ ਹੈ ਕਿ ਪੁਲਿਸ ਅਤੇ ਸੰਤਾ ਸਿੰਘ, ਉਸ ਦਾ ਜੇਠ, ਅਤੇ ਉਜਾਗਰ ਸਿੰਘ, ਉਸ ਦੇ ਜੇਠ ਦਾ ਲੜਕਾ, ਉਸ ਨੂੰ ਧਮਕਾਂਦੇ ਅਤੇ ਤੰਗ ਕਰਦੇ ਹਨ। ਤਿੰਨ ਸਾਲ ਪਹਿਲਾਂ ਦੀਵਾਨੀ ਮੁਕੱਦਮੇ ਵਿਚ ਸੰਤ ਸਿੰਘ ਅਤੇ ਉਜਾਗਰ ਸਿੰਘ ਦੇ ਵਿਰੁੱਧ ਫ਼ੈਸਲਾ ਹੋ ਚੁਕਿਆ ਹੈ। ਇੰਦਰ ਕੌਰ ਦੀ ਬੇਨਤੀ ਹੈ ਕਿ ਇਥੋਂ ਦੀ ਰਾਖੀ ਕੀਤੀ ਜਾਏ।

ਮਹੰਤਨੀ ਇੰਦਰ ਕੌਰ ਨੇ ਹੇਠ ਲਿਖਿਆ ਬਿਆਨ ਸੌਂਹ ਖਾ ਕੇ, ਸ. ਰਣਧੀਰ ਸਿੰਘ, ਸ. ਰਘਬੀਰ ਸਿੰਘ ਅਤੇ ਸਰਦਾਰ ਦਿਲਬਾਗ ਸਿੰਘ ਆਨਰੇਰੀ ਮੈਜਿਸਟਰੇਟ ਅਗੇ ਲਿਖਾਇਆ ਹੈ। ਬੀਬੀ ਇੰਦਰ ਕੌਰ ਬੇਵਾ ਮਹੰਤ ਈਸ਼ਰ ਸਿੰਘ ਗੁਰਦੁਆਰਾ ਕਿਆਰਾ ਸਾਹਿਬ, ਆਯੂ ੪੦ ਸਾਲ ਬਿਆਨ ਕੀਤਾ ਕਿ ਮੈਂ ਗੁਰਦੁਆਰਾ ਕਿਆਰਾ ਸਾਹਿਬ ਦੀ ਪ੍ਰਬੰਧਕ ਹਾਂ। ਅਤੇ ਮੇਰੇ ਪਤੀ ਦੇ ਚਲਾਣੇ ਪਿੱਛੋਂ ਗੁਰਦੁਆਰਾ ਕਿਆਰਾ ਸਾਹਿਬ ਮੇਰੇ ਇੰਤਜ਼ਾਮ ਵਿਚ ਰਿਹਾ। ਸੰਤਾ ਸਿੰਘ, ਮੇਰੇ ਜੇਠ, ਅਤੇ ਉਜਾਗਰ ਸਿੰਘ, ਮੇਰੇ ਜੇਠ ਦੇ ਮੁੰਡੇ ਨੇ, ਮੇਰੇ ਵਿਰੁੱਧ ਗੁਰਦੁਆਰੇ ਸਬੰਧੀ ਦੀਵਾਨੀ ਦਾਅਵਾ ਕੀਤਾ ਜਿਸ ਦਾ ਫ਼ੈਸਲਾ ਮੇਰੇ ਹੱਕ ਵਿਚ ਹੋਏ ਨੂੰ ਤਿੰਨ ਹੋ ਗਏ ਹਨ। ਕੋਈ ਵੀਹ ਦਿਨ ਹੋਏ ਮੈਂ ਗੁਰਦੁਆਰਾ ਕਮੇਟੀ ਨਾਨਕਾਣਾ ਸਾਹਿਬ ਦੇ ਸਪੁਰਦ ਕਰ ਦਿੱਤਾ ਅਤੇ ਇਸ ਦੀ ਲਿਖਤ ਇਨ੍ਹਾਂ ਨੂੰ ਦੇ ਦਿੱਤੀ ਸੀ। ਤਦ ਤੋਂ ਇੰਤਜ਼ਾਮ ਗੁਰਦੁਆਰਾ ਕਮੇਟੀ ਦੇ ਹੱਥ ਹੈ। ਪਰਸੋਂ ਪੁਲਿਸ ਮੇਰਾ ਬਿਆਨ ਲੈਣ ਆਈ ਤਾਂ ਉਜਾਗਰ ਸਿੰਘ ਅਤੇ ਸੰਤਾ ਸਿੰਘ ਨੇ ਮੈਨੂੰ ਧਮਕਾਇਆ ਕਿ ਮੈਂ ਉਨ੍ਹਾਂ ਦੇ ਬਿਆਨ ਮੁਤਾਬਕ ਲਿਖਵਾਵਾਂ ਕਿ ਸਿੰਘਾਂ ਨੇ ਜਬਰਨ ਕਬਜ਼ਾ ਕੀਤਾ ਹੈ, ਸਮਾਧਾਂ ਢਾਹੀਆਂ ਹਨ ਅਤੇ ਛੱਬਾ, ਚਾਂਦਨੀ ਅਤੇ ਹੋਰ ਚਾਂਦੀ ਚੁਰਾ ਕੇ ਲੈ ਗਏ ਹਨ। ਕਿਉਂ ਕਿ ਇਹ ਸਾਰੀਆਂ ਗੱਲਾਂ ਝੂਠ ਸਨ ਮੈਂ ਇਹ ਬਿਆਨ ਦੇਣ ਤੋਂ ਨਾਂਹ ਕੀਤੀ ਅਤੇ ਆਖਿਆ ਕਿ ਕਬਜ਼ਾ ਮੈਂ ਆਪਣੀ ਖੁਸ਼ੀ ਨਾਲ ਦਿੱਤਾ ਹੈ। ਸਮਾਧਾਂ ਢਾਹੁਣ ਦਾ ਮੈਨੂੰ ਪਤਾ ਨਹੀਂ। ਸੋਨੇ ਦਾ ਛੱਬਾ ਅਤੇ ਚਾਂਦਨੀ ਮੇਰੇ ਘਰ ਮੌਜੂਦ ਹਨ ਅਤੇ ਕੋਈ ਚੋਰੀ

ਨਹੀਂ ਹੋਈ। ਮੈਂ ਉਪਰ ਲਿਖੀਆਂ ਚੀਜ਼ਾਂ ਪੁਲਿਸ ਨੂੰ ਨਹੀਂ ਦੱਸੀਆਂ, ਉਹ ਮੰਡੀ ਵਿਚ ਪਈਆਂ ਹੋਈਆਂ ਸਨ ਅਤੇ ਪੁਲਿਸ ਚਲੀ ਗਈ। ਕਿਉਂ ਕਿ ਮੈਨੂੰ ਡਰ ਹੈ ਕਿ ਮੈਨੂੰ ਤੰਗ ਕੀਤਾ ਜਾਵੇਗਾ ਇਸ ਲਈ ਚਾਂਦਨੀ, ਛੱਬਾ ਅਤੇ ਰੁਮਾਲ ਲੈ ਕੇ ਸ. ਸੇਵਾ ਰਾਮ ਸਿੰਘ ਦੇ ਪਾਸ ਹਾਜ਼ਰ ਹੋ ਗਈ ਹਾਂ ਕਿ ਸਾਰੇ ਅਫ਼ਸਰਾਂ ਦੇ ਪਾਸ ਇਹ ਗੱਲਾਂ ਦੱਸ ਦੇਣ। ਤੁਹਾਡੇ ਪਾਸ ਖੁਸ਼ੀ ਨਾਲ ਇਹ ਬਿਆਨ ਲਿਖਾ ਦਿੱਤਾ ਹੈ। ਛੱਬਾ, ਚਾਂਦਨੀ ਅਤੇ ਰੁਮਾਲ ਪੇਸ਼ ਕਰਦੀ ਹਾਂ। ਗੁਰਦੁਆਰੇ ਦੀ ਕਿਸੇ ਚੀਜ਼ ਦੀ ਚੋਰੀ ਨਹੀਂ ਹੋਈ।
ਸੁਣ ਕੇ ਅਤੇ ਸਮਝ ਕੇ ਠੀਕ ਮੰਨਿਆ।

ਅੰਗੂਠਾ ਇੰਦਰ ਕੌਰ
ਮੈਜਿਸਟਰੇਟਾਂ ਦੇ ਦਸਖ਼ਤ...

ਨੋਟ—ਚਾਂਦਨੀ, ਸ਼ਾਹੀ ਰੇਸ਼ਮ ਜਿਸ ਤੇ ਕਨਾਰੀ ਅਤੇ ਲੈਸ ਲੱਗਿਆ ਹੋਇਆ ਹੈ, ਰੁਮਾਲ ਮਖਮਲੀ ਅਤੇ ਸੋਨੇ ਦਾ ਛੱਬਾ ਸਾਨੂੰ ਦੱਸਿਆ ਗਿਆ ਅਤੇ ਸ. ਸੇਵਾ ਰਾਮ ਸਿੰਘ ਨੂੰ ਸਾਡੇ ਰੂ ਬ ਰੂ ਦਿੱਤਾ ਗਿਆ।

ਇਸ ਦੇ ਪਿੱਛੋਂ ਸ. ਸੇਵਾ ਰਾਮ ਸਿੰਘ ਮਹੰਤਨੀ ਇੰਦਰ ਕੌਰ ਨੂੰ ਸਰ ਜਾਨ ਮੇਨਰਡ ਫ਼ਿਨਾਂਸ਼ਲ ਮੈਂਬਰ ਦੇ ਕੋਲ ਲੈ ਗਏ। ਉਨ੍ਹਾਂ ਦਖ਼ਲ ਦੇਣਾ ਮੁਨਾਸਬ ਨਾ ਸਮਝਿਆ ਅਤੇ ਕਮਿਸ਼ਨਰ ਦੇ ਕੋਲ ਭੇਜਿਆ। ਕਮਿਸ਼ਨਰ ਕੋਲ ਇੰਦਰ ਕੌਰ ਨੇ ਉਹ ਹੀ ਬਿਆਨ ਦਿੱਤਾ ਅਤੇ ਸਾਰੇ ਜਵਾਬ ਚੰਗੀ ਤਰ੍ਹਾਂ ਦਿੱਤੇ। ਕਮਿਸ਼ਨਰ ਨੇ ਆਖਿਆ ਕਿ ਬੇਸ਼ਕ ਨਨਕਾਣੇ ਸਾਹਿਬ ਵਾਪਸ ਜਾਉ। ਪੁਲਿਸ ਜਾਂ ਹੋਰ ਕੋਈ ਤੁਹਾਨੂੰ ਤੰਗ ਨਹੀਂ ਕਰਨ ਲੱਗਾ। ਛੱਬਾ ਚਾਂਦਨੀ ਵੀ ਤੁਸੀਂ (ਇੰਦਰ ਕੌਰ) ਵਾਪਿਸ ਲੈ ਜਾਵੋ। ਇਸ ਲਈ ਛੱਬਾ ਅਤੇ ਚਾਂਦਨੀ ਕਮਿਸ਼ਨਰ ਨੇ ਹੂ ਬ ਹੂ ਵਾਪਸ ਦਿੱਤੇ ਗਏ। ਅਸਲ ਬਿਆਨ ਇਸ ਵੇਲੇ ਕਮਿਸ਼ਨਰ ਦੇ ਹਵਾਲੇ ਕੀਤੇ ਗਏ।

ਅਕਾਲੀ ਲਾਹੌਰ ੩੧ ਮਾਰਚ ੧੯੨੧

ਬੇਦੀ ਕਰਤਾਰ ਸਿੰਘ ਦੀ ਕਾਰਵਾਈ ਉੱਤੇ ਬੇਦੀ ਬਾਵਿਆਂ ਵੱਲੋਂ ਲਾਨਤ !

ਬਾਵਾ ਬ੍ਰਿਜ ਬਲਬ ਸਿੰਘ ਜੀ ਬੇਦੀ ਚੂਨੇ ਮੰਡੀ ਲਾਹੌਰ ਨੇ ਉਰਦੂ ਵਿਚ ਇਕ ਅੱਠ ਸਫ਼ਿਆਂ ਦੀ ਚਿੱਠੀ ਛਪਵਾਈ ਹੈ, ਜਿਸ ਵਿਚ ਚੰਗੀ ਤਰ੍ਹਾਂ ਦੱਸਿਆ ਹੈ ਕਿ ਨਾਨਕਾਣੇ ਸਾਹਿਬ ਦਾ ਸਾਕਾ ਵਰਤਾਣ ਲਈ ਮਹੰਤ ਨਰੈਣ ਦਾਸ ਨੂੰ ਕਿਸ ਪਾਸੋਂ ਹੱਲਖ ਸ਼ੇਰੀ ਹੋਈ ਸੀ। ਇਸ ਗੱਲ ਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ ਕਿ ਮਹੰਤ ਬਦਚਲਨ ਸੀ, ਡਰੂ ਤੇ ਕਮਜ਼ੋਰ ਸੀ, ਪਰ ਜਦ ਤੋਂ ਬਾਵਾ ਕਰਤਾਰ ਸਿੰਘ ਉਸ ਦਾ ਲੰਗੋਟੀਆਂ ਯਾਰ ਬਣਿਆ, ਉਸ ਦਾ ਦਿਮਾਗ ਫਿਟ ਗਿਆ ਤੇ ਉਹ ਹੋਰ ਦਾ ਹੋਰ ਬਣ ਗਿਆ। ਬੇਦੀ ਕਰਤਾਰ ਸਿੰਘ ਨੇ ਸਨਾਤਨ ਕਾਨਫ਼੍ਰੰਸ ਕੇਵਲ ਮਹੰਤਾਂ ਨੂੰ ਹੱਲਾ ਸ਼ੇਰੀ ਦੇਣ ਲਈ ਕੀਤੀ ਆਦਿਕ। ਛੇਕੜ ਆਪ ਨੇ ਇਸ ਸਾਰੇ ਸਾਕੇ ਉੱਤੇ ਡਾਢੇ ਦਰਦ ਭਰੇ ਲਫ਼ਜ਼ਾਂ ਨਾਲ ਸ਼ੋਕ ਪ੍ਰਗਟ ਕੀਤਾ ਹੈ ਅਤੇ ਲਿਖਿਆ ਹੈ ਕਿ ਬਹੁਤ ਘੱਟ ਬੇਦੀ ਸਾਹਿਬ ਅਜਿਹੇ ਹੋਣਗੇ ਜਿਨ੍ਹਾਂ ਨੂੰ ਇਸ ਕਮੀਨੀ ਹਰਕਤ ਉੱਤੇ ਰੰਜ ਨਾ ਹੋਇਆ ਹੋਵੇ ਜਾਂ ਉਹ ਬੇਦੀ ਕਰਤਾਰ ਸਿੰਘ ਜੀ ਇਸ ਕਾਰਵਾਈ ਉਪਰ ਲਾਨਤ ਨਾ ਭੇਜਦੇ ਹੋਣ। ਖਾਲਸਾ ਜੀ ਨੂੰ ਜ਼ਰੂਰ ਨਿਸਚਾ ਹੋਣਾ ਚਾਹੀਦਾ ਹੈ ਕਿ ਬੇਦੀ ਕਰਤਾਰ ਸਿੰਘ ਦੀ ਇਸ ਕਾਰਵਾਈ ਵਿਚ ਬਾਹਲੇ ਉਸ ਦੇ ਖ਼ਾਨਦਾਨੀ ਆਦਮੀ ਹੀ ਸ਼ਾਮਿਲ ਹੋਏ ਹੋਣਗੇ ਜਿਨ੍ਹਾਂ ਨੇ ਖਾਲਸਾ ਜੀ ਦਾ ਅਣਗਿਣਤ ਧਨ ਹਜ਼ਮ ਕਰ ਕੇ ਪੇਟ ਵਧਾਏ ਹੋਏ ਹਨ ਅਤੇ ਆਪਣੇ ਭਲਾ ਕਰਨ ਵਾਲਿਆਂ ਦੀ ਬਰਬਾਦੀ ਦੇ ਹੀ ਚਾਹਵਾਨ ਹਨ।

ਅਕਾਲੀ ਲਾਹੌਰ ੨ ਅਪ੍ਰੈਲ ੧੯੨੧

ਰਿਆਸਤ ਨਾਭਾ ਵਿਚ ਸ਼ਹੀਦੀ ਦਿਨ ਦੀ ਛੁੱਟੀ !

ਸਾਨੂੰ ਪਤਾ ਲੱਗਾ ਹੈ ਕਿ ਸ੍ਰੀ ੧੦੮ ਹਜ਼ੂਰ ਮਹਬੂਬੇ ਕੌਮ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਵਾਲੀਏ ਰਿਆਸਤ ਨਾਭਾ ਨੇ ਨਾਨਕਾਣਾ ਸਾਹਿਬ ਦੇ ਸੂਰਬੀਰ ਸ਼ਹੀਦਾਂ ਦੀ ਯਾਦਗਾਰ ਨਮਿਤ ਗੁਰੂ ਪੰਥ ਵੱਲੋਂ ਨੀਯਤ ਕੀਤੇ ਗਏ ਦਿਨ

੫ ਅਪ੍ਰੈਲ ਮੁਤਾਬਕ ੨੪ ਚੇਤ ਨੂੰ ਸਾਰੀ ਰਿਆਸਤ ਵਿਚ ਆਮ ਛੁੱਟੀ ਦਾ ਹੁਕਮ ਦਿੱਤਾ ਹੈ ਤਾਂ ਕਿ ਰਿਆਸਤ ਦੀ ਪਰਜਾ ਸ਼ਹੀਦਾਂ ਨਾਲ ਆਪਣਾ ਪ੍ਰੇਮ ਨਿਸਚਿੰਤਤਾ ਨਾਲ ਪ੍ਰਗਟ ਕਰ ਸਕੇ। ਇਸ ਤੋਂ ਬਿਨਾਂ ਸ੍ਰੀ ਹਜ਼ੂਰ ਜੀ ਨੇ ਹੁਕਮ ਦਿੱਤਾ ਹੈ ਕਿ ਇਸ ਦਿਨ ਤੋਪ ਅਤੇ ਘੜਿਆਲ ਬਿਕੁਲ ਬੰਦ ਰਹਿਣ ਜਿਸ ਤਰ੍ਹਾਂ ਕਿ ਹੜਤਾਲ ਸਮੇਂ ਬੰਦ ਰਹਿੰਦੇ ਹਨ। ਤੀਸਰਾ ਹੁਕਮ ਇਹ ਹੈ ਕਿ ਰਿਆਸਤ ਦੇ ਤਮਾਮ ਗੁਰਦੁਆਰਿਆਂ ਤੇ ਅਸਥਾਨਾਂ ਵਿਚ ਜਿਥੇ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੁੰਦਾ ਹੈ ਸ਼ਹੀਦਾਂ ਦੇ ਨਮਿਤ ਰਿਆਸਤ ਵੱਲੋਂ ਪਾਠ ਆਰੰਭ ਕੀਤੇ ਜਾਣ, ਜਿਨ੍ਹਾਂ ਦੇ ਭੋਗ ੫ ਅਪ੍ਰੈਲ ਨੂੰ ਸਵੇਰੇ ੮ ਵਜੇ ਪਾ ਕੇ ਸ਼ਹੀਦਾਂ ਲਈ ਅਰਦਾਸੇ ਸੋਧੇ ਜਾਣ।

ਸ੍ਰੀ ਹਜ਼ੂਰ ਨਾਭਾ ਨਰੇਸ਼ ਜੀ ਦੇ ਹਿਰਦੇ ਉਤੇ ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਅਦੁਤੀ ਸ਼ਹੀਦੀ ਦਾ ਜੋ ਡੂੰਘਾ ਅਸਰ ਹੋਇਆ ਹੈ ਉਹ ਆਪ ਦੀ ਦਰਦਨਾਕ ਤਾਰ ਤੋਂ ਹੀ ਪ੍ਰਤੱਖ ਪ੍ਰਗਟ ਹੋ ਰਿਹਾ ਸੀ। ਹੁਣ ਆਪ ਨੇ ਉਪਰੋਕਤ ਹੁਕਮਾਂ ਦੁਆਰਾ ਆਪਣੇ ਪੰਥ ਪ੍ਰੇਮ ਅਤੇ ਸਿਦਕ ਦਾ ਹੋਰ ਸਬੂਤ ਦਿੱਤਾ ਹੈ। ਆਪਣੇ ਇਸ ਮਹਿਬੂਬ ਮਹਾਰਾਜ ਤੇ ਸਿੱਖ ਹੋਰ ਵੀ ਬਹੁਤ ਆਸਾਂ ਰੱਖਦੇ ਹਨ।

ਅਕਾਲੀ ਲਾਹੌਰ, ੩-੪ ਅਪ੍ਰੈਲ ੧੯੨੧

ਗੁਰਦੁਆਰਾ ਜਨਮ ਅਸਥਾਨ ਨਾਨਕਾਣਾ ਸਾਹਿਬ ਵਿਚ ਤੰਮਾਕੂ

ਅੰਗ੍ਰੇਜ਼ ਅਫ਼ਸਰਾਂ ਦੀ ਅਯੋਗ ਹਰਕਤ

੩੧ ਮਾਰਚ ਦੀ ਸ਼ਾਮ ਨੂੰ ਮਿਸਟਰ ਬੋਰਿੰਗ, ਕਪਤਾਨ ਖੁਫ਼ੀਆ ਪੁਲਿਸ, ਆਰਡ ਕਪਤਾਨ ਪੁਲਿਸ ਤੇ ਹਾਰਡਨ, ਗੁਰਦੁਆਰਾ ਜਨਮ ਅਸਥਾਨ ਵਿਚ ਸ. ਕਰਤਾਰ ਸਿੰਘ ਇਨਸਪੈਟਰ ਪੁਲੀਸ ਨੂੰ ਨਾਲ ਲੈ ਕੇ ਗਏ। ਡਿਉਡੀ ਵਿਚੋਂ ਦਰਬਾਰ ਨੇ ਉਨ੍ਹਾਂ ਨੂੰ ਕਹਿਆ ਕਿ ਜੇ ਉਨ੍ਹਾਂ ਦੇ ਪਾਸ ਸਿਗਰਟ ਆਦਿਕ ਹਨ ਤਾਂ ਉਹ ਗੁਰਦੁਆਰੇ ਤੋਂ ਬਾਹਰ ਰੱਖੇ ਜਾਣ। ਪਰ ਇਸ ਗੱਲ ਦੀ ਇਨ੍ਹਾਂ ਕੋਈ ਪਰਵਾਹ ਨਾ ਕੀਤੀ, ਸਿਗਰਟ ਲੈ ਕੇ ਗੁਰਦੁਆਰੇ ਵਿਚ ਫਿਰਦੇ ਰਹੇ ਅਰ ਬਾਹਿਰ ਨਿਕਲਦੇ ਤਿੰਨਾਂ ਨੇ ਹੀ ਤੀਲੀ ਲਾ ਪੀਣੇ ਸ਼ੁਰੂ ਕਰ ਦਿੱਤੇ। ਡਾਕਟਰ ਸੋਹਨ ਸਿੰਘ ਨੇ ਉਨ੍ਹਾਂ ਨੂੰ ਕਹਿਆ ਕਿ ਉਨ੍ਹਾਂ ਨੇ ਇਹ ਕਾਰਵਾਈ ਬੜੀ ਮਾੜੀ ਕੀਤੀ ਹੈ ਜਿਸ ਦੇ ਜਵਾਬ ਵਿਚ ਬੋਰਿੰਗ ਉਸ ਨੂੰ ਘੂਰ ਕੇ ਪਿਆ ਤੇ ਤਿੰਨਾਂ ਨੇ ਹੀ ਫੇਰ ਖਿਸਕਣ ਦੀ ਕੀਤੀ ਕਿਉਂਕਿ ਖਬਰ ਝਟ ਪਟ ਫੈਲ ਗਈ ਅਰ ਸੰਗਤਾਂ ਵਿਚ ਬੜੀ ਬੇਚੈਨੀ ਤੇ ਜੋਸ਼ ਪੈਦਾ ਕਰਨ ਦਾ ਕਾਰਨ ਬਣੀ।

ਭਾਈ ਕਰਤਾਰ ਸਿੰਘ ਇਨਪੈਕਟਰ ਦੀ ਅਯੋਗ ਹਰਕਤ

ਇਸ ਦੇ ਮਗਰੋਂ ਭਾਈ ਕਰਤਾਰ ਸਿੰਘ ਜੀ ਨੇ ਡਾ. ਸੋਹਨ ਸਿੰਘ ਜੀ ਨੂੰ ਦੱਸਣਾ ਸ਼ੁਰੂ ਕੀਤਾ। ਮੈਂ ਭੀ ਸਬੱਬ ਨਾਲ ਪਹੁੰਚ ਗਿਆ ਤੇ ਮੇਰੇ ਸਾਹਮਣੇ ਉਸ ਨੂੰ ਕਹਿਣ ਲੱਗਾ ਭਾਈ ਜੀ ਹੋਇਆ ਕੀ, ਜੇ ਸਾਹਿਬ ਨੇ ਜੇਬ ਵਿਚ ਤੰਮਾਕੂ ਰੱਖਿਆ ਹੋਇਆ ਸੀ। ਆਪਣੇ ਪੇਟ ਵਿਚ ਪਾਖ਼ਾਨਾ ਹੈ ਤਾਂ ਭੀ ਆਪ ਗੁਰਦੁਆਰੇ ਅੰਦਰ ਚਲੇ ਜਾਂਦੇ ਹੋ। ਜਿਸ ਦੇ ਉੱਤਰ ਵਿਚ ਆਪ ਨੂੰ ਦੱਸਿਆ ਗਿਆ ਕਿ ਆਪ ਦੇ ਪੇਟ ਵਿਚ ਪਾਖ਼ਾਨਾ ਹੈ ਅਰ ਤੁਸੀਂ ਆਪਣੇ ਹੱਥੀਂ ਤੋਲਾ ਭਰ ਭੀ ਖਾਣ ਵਾਸਤੇ ਤਿਆਰ ਨਾ ਹੋਵੋਗੇ। ਭਾਈ ਕਰਤਾਰ ਸਿੰਘ ਦੀ ਇਹ ਦਲੀਲ ਕੇਡੀ ਕੂ ਨਿਕੰਮੀ ਹੈ ਇਸ ਦੇ ਦੱਸਣ ਦੀ ਲੋੜ ਨਹੀਂ। ਚਾਹੀਦਾ ਤਾਂ ਇਹ ਸੀ ਕਿ ਉਹ ਆਪਣੇ ਅਫ਼ਸਰਾਂ ਨੂੰ ਸਮਝਦਾ ਕਿ ਉਨ੍ਹਾਂ ਗ਼ਲਤੀ ਕੀਤੀ ਹੈ ਸਗੋਂ ਸਿੱਖਾਂ ਨੂੰ ਧਮਕਾਣਾ ਸ਼ੁਰੂ ਕਰ ਦਿੱਤਾ। ਧੰਨ ਸਿਖੀ! ਆਦਮੀ ਪੇਟ ਦੀ ਖ਼ਾਤਰ ਕੀ ਕੁਝ ਨਹੀਂ ਕਰਦਾ? ਸੰਗਤਾਂ ਵਿਚ ਸਖ਼ਤ ਬੇਚੈਨੀ ਫ਼ੈਲੀ ਹੋਈ ਹੈ।

ਨਾਨਕਾਣਾ ਸਾਹਿਬ ਫ਼ੌਜੀਆਂ ਦੀ ਦਿਨ ਦਿਹਾੜੀ ਲੁਟ

ਜਦ ਤੋਂ ਪੁਲਿਸ ਤੇ ਫ਼ੌਜ ਨੇ ਨਨਕਾਣੇ ਸਾਹਿਬ ਦਰਸ਼ਨ ਦਿੱਤੇ ਹਨ, ਆਲੇ ਦੁਆਲੇ ਵਖਤ ਪਾ ਦਿੱਤਾ ਹੈ ਲੋਕ ਸਭ ਭੈ ਭੀਤ ਹਨ। ਖੂਹਾਂ ਦੀਆਂ ਕਾਜਨਾਂ ਤੇ ਲਕੜੀਆਂ ਉਠਾ-ਉਠਾ ਜਲਾਈ ਜਾਂਦੇ ਹਨ। ਕਲ੍ਹ ਖਾਲਸਾ ਜੀ ਨੇ ੮ ਫ਼ੌਜੀਆਂ ਨੂੰ ਗੁਰਦੁਆਰੇ ਦੇ ਖੂਹ ਦੀ ਟਾਹਲੀ ਦੀ ਪਟ ਚੁਕ ਕੇ ਲੈ ਜਾਂਦਿਆਂ ਫੜ ਲਿਆ ਹੈ, ਕਮੇਟੀ ਵਿੱਚੋਂ ਚਿੱਠੀ ਲਿਖਵਾ ਭੇਜੀ। ਉਨ੍ਹਾਂ ਨੂੰ ਫ਼ੌਜੀ ਅਫ਼ਸਰ ਵੱਲ ਲੈ ਜਾ ਰਹੇ ਸੁਣ ਕੇ, ਹੋਰ ੧੦੦ ਜਵਾਨ ਫ਼ੌਜੀ ਖਬਰ ਪਾ

ਕੇ ਆ ਗਏ। ਮੁਲਜ਼ਮਾਂ ਨੂੰ ਛੁਡਾ ਕੇ ਸਿੰਘਾਂ ਨੂੰ ਧੱਕਾ ਮੁੱਕੀ ਕੀਤੀ। ਫ਼ੌਜੀਆਂ ਦਾ ਸੂਬੇਦਾਰ ਭੀ ਆ ਪਹੁੰਚਿਆ ਜਿਸ ਦੇ ਹਵਾਲੇ ਮੁਲਜਮ ਤੇ ਚਿੱਠੀ ਕੀਤੀ ਗਈ ਜੋ ਅੰਗ੍ਰੇਜ਼ ਅਫ਼ਸਰ ਪਾਸ ਪਹੁੰਚਾਈ ਗਈ, ਪਰ ਨਾ ਚਿੱਠੀ ਦਾ ਕੋਈ ਜਵਾਬ ਤੇ ਨਾ ਹੀ ਕੋਈ ਕਾਰਵਾਈ ਕੀਤੀ। ਇਸ ਤੋਂ ਪਹਿਲਾਂ ਭੀ ਬਹੁਤ ਸਾਰੀ ਲਕੜੀ ਚੁਰਾਈ ਗਈ ਹੈ ਅਰ ਅਗਨੀ ਦੀ ਭੇਟਾ ਕੀਤੀ ਗਈ ਜਾਪਦੀ ਹੈ "ਜੇ ਘਰ ਭੰਨੇ ਪਾਹਰੂ ਕੌਣ ਰੱਖਣ ਹਾਰਾ।" ਇਹ ਫ਼ੌਜ ਤੇ ਪੁਲਿਸ ਇਲਾਕੇ ਵਿਚ ਅਮਨ ਚੈਨ ਕਾਇਮ ਰੱਖਣ ਲਈ ਭੇਜੀ ਗਈ ਦਸੀਦੀ ਹੈ—ਧੰਨ ਭਾਗ। ਨਰਾਇਣ ਸਿੰਘ, ਨਾਨਕਾਣਾ ਸਾਹਿਬ ਸਕੱਤਰ।

ਗੁਰਦੁਆਰਾ ਕਮੇਟੀ

ਗੁਰਦੁਆਰਿਆਂ ਦੇ ਕਾਨੂੰਨ ਉਪਰ ਇਕ ਸਿੱਖ ਵਕੀਲ ਦੀ ਰਾਇ।

ਸ. ਖਜ਼ਾਨ ਸਿੰਘ ਜੀ ਬੈਰਿਸਟਰ ਲਾਇਲਪੁਰ ਲਿਖਦੇ ਹਨ

ਮੈਂ ਬੜੇ ਗਹੁ ਨਾਲ 'ਗੁਰਦੁਆਰਿਆਂ ਦੇ ਕਾਨੂੰਨ ਸਬੰਧੀ ਖਰੜਾ' ਪੜ੍ਹਿਆ ਹੈ ਜਿਸ ਤੇ ਥੋੜ੍ਹੇ ਦਿਨਾਂ ਤਾਈਂ ਕਾਨੂੰਨੀ ਕੌਂਸਲ ਵਿਚਾਰ ਕਰੇਗੀ। ਮੈਂ ਇਸ ਨਤੀਜੇ ਤੇ ਅਪੜਿਆ ਹਾਂ ਕਿ ਇਸ ਦਾ ਅਸਰ ਸਿੱਖ ਹੱਕਾਂ ਦੇ ਵਿਰੁੱਧ ਹੋਵੇਗਾ ਅਤੇ ਸਿੱਖਾਂ ਦੇ ਮੰਤਵ ਨੂੰ ਨਸ਼ਟ ਕਰਨ ਵਾਲਾ ਹੋਵੇਗਾ।

ਇਸ ਲਈ ਮੈਂ ਉਨ੍ਹਾਂ ਸਾਰੇ ਸਿੱਖਾਂ ਵੀਰਾਂ ਅਗੇ ਪ੍ਰਾਰਥਨਾ ਕਰਦਾ ਹਾਂ ਜਿਨ੍ਹਾਂ ਦਾ ਕਿਸੇ ਤਰ੍ਹਾਂ ਵੀ ਇਸ ਕਾਰਯ ਨਾਲ ਸਬੰਧ ਹੈ ਕਿ ਉਹ ਇਸ ਕਾਨੂੰਨ ਦੇ ਪਾਸ ਕਰਾਉਣ ਵਿਚ ਕੋਈ ਹਿੱਸਾ ਨਾ ਲੈਣ, ਨਹੀਂ ਤਾਂ ਉਹ ਗੁਰੂ ਅਗੇ ਪੰਥ ਦੇ ਦੇਣ ਦਾਰ ਹੋਣਗੇ।

ਨਾਨਕਾਣਾ ਸਾਹਿਬ ਦੇ ਸਿੱਖਾਂ ਉੱਤੇ ਲਗਾਏ ਗਏ ਦੋਸ਼

ਅਤੇ ਉਨ੍ਹਾਂ ਸਬੰਧੀ ਨਿਰੋਲ ਸੱਚੇ ਸਮਾਚਾਰ

ਸਿੱਖ ਪਬਲਿਸਟੀ ਕਮੇਟੀ ਨੇ ਹੇਠ ਲਿਖਿਆ ਸਮਾਚਾਰ ਪ੍ਰਕਾਸ਼ਤ ਕਰਨ ਲਈ ਭੇਜਿਆ ਹੈ—ਪਿਛਲੇ ਮਹੀਨੇ ਗਵਨਰਮੈਂਟ ਵੱਲੋਂ ਜੋ ਪ੍ਰੈਸ ਕਯੂਮਨਿਕ (ਸਰਕਾਰੀ ਇਤਲਾਹ) ਛਾਪੇ ਜਾਂਦੇ ਰਹੇ ਹਨ ਉਨਾਂ ਵਿਚ ਨਨਕਾਣੇ ਸਾਹਿਬ ਦੇ ਸਿੱਖਾਂ ਦੇ ਸਿਰ ਤੇ ਭਾਰੀ ਰੋਸ ਮੜ੍ਹਨ ਦਾ ਯਤਨ ਕੀਤਾ ਜਾਂਦਾ ਰਿਹਾ ਹੈ। ਇਹ ਕਿਹਾ ਗਿਆ ਸੀ ਕਿ ਸਿੱਖ ਨਾਨਕਾਣੇ ਸਾਹਿਬ ਅਰ ਆਸ ਪਾਸ ਦੇ ਲੋਕਾਂ (ਵਸਨੀਕਾਂ) ਉੱਤੇ ਸਖ਼ਤੀ ਕਰ ਰਹੇ ਹਨ, ਇਸਤਰੀਆਂ ਨੂੰ ਦੁਖ ਦੇ ਰਹੇ ਹਨ, ਹਿੰਦੂਆਂ ਅਰ ਮੁਸਲਮਾਨਾਂ ਦੇ ਪਵਿੱਤਰ ਮੰਦਰਾਂ (ਅਸਥਾਨਾਂ) ਨੂੰ ਖਰਾਬ ਕਰ ਰਹੇ ਹਨ, ਮੂਰਤੀਆਂ (ਬੁਤਾਂ) ਨੂੰ ਭੰਨ ਰਹੇ ਹਨ ਅਰ ਕਬਰਾਂ (ਸਮਾਧ) ਦਾ ਮਲੀਆ ਮੇਟ ਕਟ ਰਹੇ ਹਨ। ਇਸ ਖਬਰ ਨੇ ਹਿੰਦੂ ਮੁਸਲਮਾਨ ਆਦ ਕੌਮਾਂ ਦੇ ਵਿਚਕਾਰ ਬਹੁਤ ਸਾਰੀ ਰੰਜਿਸ਼ ਪੈਦਾ ਕਰ ਦਿੱਤੀ। ਇਥੇ ਹੀ ਬਸ ਨਹੀਂ ਕੀਤੀ ਸਗੋਂ ਇਨ੍ਹਾਂ ਦੁਖਾਂ ਦੇ ਅਧਾਰ ਉੱਤੇ ਗਵਰਮੈਂਟ ਨੇ ਸੁਖ ਨਾਲ ਨਨਕਾਣੇ ਸਾਹਿਬ ਵਿਚ ਅਮਲ ਅਰ ਸ਼ਾਂਤੀ ਕਾਇਮ ਰੱਖਣ ਦੇ ਪਰਯੋਜਨ ਲਈ ੧ ਹਜ਼ਾਰ ਫ਼ੌਜੀ ਵੀ ਭੇਜ ਦਿੱਤੀ।

ਸਿੱਖ ਮੁਖੀਆਂ ਦੀ ਰਾਏ

ਵਿਚ ਇਹ ਸਾਰੇ ਦੇ ਸਾਰੇ ਦੋਸ਼ ਨਿਰੋਲ ਬਨਾਵਟੀ ਹਨ ਇਸ ਕਰ ਕੇ ਉਨ੍ਹਾਂ ਨੇ ਹਿੰਦੂ ਅਰ ਮੁਸਲਮਾਨ ਲੀਡਰਾਂ ਅਗੇ ਪ੍ਰਾਰਥਨਾ ਕੀਤੀ ਕਿ ਕ੍ਰਿਪਾ ਕਰ ਕੇ ਉਹ ਆਪ ਉਸੇ ਥਾਂ ਤੇ ਜਾਣ ਅਰ ਇਨ੍ਹਾਂ ਗੱਲਾਂ ਸਬੰਧੀ ਖੁਦ ਪੁੱਛ ਪੜਤਾਲ ਕਰ ਕੇ ਸੱਚੋ-ਸੱਚ ਨਿਤਾਰਨ। ਲੈਜਿਸਲੇਟਿਵ ਕੌਂਸਲ ਦੇ ਸਿੱਖ ਮੈਂਬਰਾਂ ਨੇ ਵੀ ਨਨਕਾਣੇ ਸਾਹਿਬ ਦੀ ਯਾਤਰਾ ਕੀਤੀ ਅਰ ਇਨ੍ਹਾਂ ਹੋਏ ਦੋਸ਼ਾਂ ਸਬੰਧੀ ਹਿਜ਼ ਐਕਸੇਲੈਂਸੀ ਪਰਤੀ ਆਪਣਾ ਬਿਆਨ (ਕਥਨ) ਦੱਸਿਆ। ਖ਼ਲਾਫ਼ਤ ਕਮੇਟੀ ਨੇ ਆਗ਼ਾ ਸਫਦਰ, ਮਲਕ ਲਾਲ ਖਾਂ, ਸ. ਹਬੀਬੁਲਾ, ਅਤੇ ਮੌਲਵੀ ਗੁਲਾਮ ਕਾਦਰ ਸਾਹਿਬ ਨੂੰ ਤਫਰੀਸ (ਖੋਜ ਪੜਤਾਲ) ਕਰਨ ਲਈ ਉਥੇ ਭੇਜਿਆ। ਇਸੇ ਤਰ੍ਹਾਂ 'ਸਵਰਾਜ ਆਸ਼ਰਮ' ਨੇ ਮਹਿਤਾ ਅਨੰਦ ਕਿਸ਼ੋਰ, ਲਾਲਾ ਸ਼ਾਮ ਦਾਸ ਅਤੇ ਸਯਦ ਹਬੀਬ ਐਡੀਟਰ ਸਿਆਸਤ ਨੂੰ ਭੇਜਿਆ। ਹੋਰ ਪ੍ਰਤਿਸ਼ਠਤ ਪੁਰਸ਼ ਰਾਏ ਜਾਂਾ ਹੰਸ ਰਾਜ ਬੈਰਿਸਟਰ ਐਟ ਲਾ, ਪ੍ਰੈਜੀਡੰਟ ਕਾਂਗਰਸ ਕਮੇਟੀ ਜਲੰਧਰ ਵੀ ਇਸੇ ਮਨੋਰਥ ਨਾਲ ਨਾਨਕਾਣੇ ਸਾਹਿਬ ਗਏ। ਭਾਰੀ ਖੋਜ ਪੜਤਾਲ ਕਰਨ ਤੋਂ ਉਪਰੰਤ ਇਹ ਸਾਰੇ ਪਤਵੰਤੇ ਜ਼ਿਸ ਸਿੱਟੇ (ਨਤੀਜੇ) ਤੇ ਅਪੜੇ ਹਨ ਉਹ ਅਸੀਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਨ ਲਈ ਹੇਠਾਂ ਲਿਖਦੇ ਹਾਂ। ਇਨ੍ਹਾਂ ਸਾਰੇ ਦੂਸ਼ਨਾਂ ਨੂੰ ਚਾਰ ਹਿਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਤਾਂ ਗਵਰਮੈਂਟ

ਦੇ ਕਮਿਊਨੀਕ (ਸਰਕਾਰੀ ਕਥਨ) ਪ੍ਰਗਟ ਕੀਤੇ ਹਨ, ਫੇਰ ਇਨ੍ਹਾਂ ਸਾਥੀਆਂ ਗੱਲਾਂ ਨੂੰ (ਸੰਖੇਪ ਮਾਤਰ) ਵਰਤਣ ਕਰਨ ਤੋਂ ਉਪਰੰਤ ਅਸੀਂ ਇਹ ਗੱਲ ਪਬਲਿਕ ਦੇ ਉੱਤੇ ਹੀ ਛਡ ਦੇਂਦੇ ਹਾਂ ਕਿ ਉਹ 'ਸਚਿਆਈ' ਦਾ ਨਿਰਣਾ ਆਪ ਹੀ ਕਰ ਲੈਣ, ਅਰ ਵਿਚਾਰ ਲੈਣ ਕਿ ਗਵਰਮੈਂਟ ਦੇ ਕਮਿਊਨੀਕ ਦੀ ਮੁਲ ਰਖਦੇ ਹਨ।

ਅਕਾਲੀ ਲਾਹੌਰ, ੯ ਅਪ੍ਰੈਲ ੧੯੨੧

ਨਾਨਕਾਣੇ ਸਾਹਿਬ ਦਾ ਖੂਨੀ ਮੁਕੱਦਮਾ ਸ਼ੁਰੂ

ਦਿਲ ਹਿਲਾ ਦੇਣ ਵਾਲੇ ਬਿਆਨ

੬ ਤਾਰੀਖ਼ ਦੀ ਕਾਰਵਾਈ

ਉਹ ਖੂਨੀ ਮੁੱਕਦਮਾ ਜਿਸ ਦਾ ਮਾਤਮ ਸਾਰੀ ਸਿੱਖ ਕੌਮ ਨਹੀਂ ਹਰ ਇਕ ਭਾਰਤ ਵਾਸੀ ਮਨਾ ਰਿਹਾ ਹੈ। ਅੱਜ ਫੇਰ ਮਿ. ਪਾਰਸੰਨਜ਼, ਸਪੈਸ਼ਲ ਮੈਜਿਸਟਰੇਟ, ਦੀ ਅਦਾਲਤ ਵਿਚ ਸੈਂਟਰਲ ਜੇਲ੍ਹ ਲਾਹੌਰ ਵਿਚ ਪੇਸ਼ ਹੋਇਆ। ਸਰਕਾਰ ਵੱਲੋਂ ਪੰਡਤ ਜਵਾਲਾ ਪ੍ਰਸ਼ਾਦ ਪਲੀਡਰ ਅਤੇ ਮਿਸਟਰ ਹਰਬਟ ਪ੍ਰਸ਼ਾਦ ਪਲੀਡਰ ਅਤੇ ਮਿ. ਹਰਬਰਟ ਪੈਰੋਕਾਰ ਸਨ ਅਤੇ ਅਪਰਾਧੀਆਂ ਵੱਲੋਂ ਲਾਲਾ ਰਾਮ ਚੰਦ ਮਨਚੰਦਾ, ਦੀਵਾਨ ਰਾਮ ਲਾਲ, ਮਿ. ਮੀਰਾਂ ਬਖ਼ਸ਼, ਜੋਸ਼ੀ ਰਾਮ ਅਤੇ ਮਿ. ਉਬਰਡ ਪੈਰੋਕਾਰ ਸਨ—

ਮੁਲਜ਼ਮ ਕਲ ਵਾਂਗ ਹੀ ਇਸ ਵੱਡੇ ਸਾਰੇ ਕਟੈਹਰੇ ਵਿਚ ਬਠਾ ਦਿੱਤੇ ਗਏ ਸਨ, ਮਹੰਤ ਨਰੈਣ ਦਾਸ ਮਾਲਾ ਫੇਰ ਰਿਹਾ ਸੀ, ਕਾਰਵਾਈ ਅਦਾਲਤ ਦੀ ਕੋਈ ਸਾਡੇ ਦਸ ਵਜੇ ਨਾਲ ਸ਼ੁਰੂ ਹੋਏ।

ਮੀਰ ਗਿਆਸਉਦੀਨ ਈ. ਏ. ਸੀ. ਦੀ ਗਵਾਹੀ

ਸਭ ਤੋਂ ਪਹਿਲੇਂ ਮੀਰ ਗਿਆਸਉਦੀਨ ਈ. ਏ. ਸੀ. ਹੈਡ ਕੁਆਟਰ ਮੈਜਿਸਟਰੇਟ ਦੀ ਗਵਾਹੀ ਹੋਈ ਜਿਸ ਨੇ ਦੱਸਿਆ ਕਿ ਕਿਸ ਪ੍ਰਕਾਰ ਪੁਲਿਸ ਦੀ ਰਿਪੋਰਟ ਦੇਣ ਉਪਰ ੨੬ ਤਾਰੀਖ਼ ਨੂੰ ਸ਼ਨਾਖ਼ਤ ਲਈ ਗਿਆ ਤੇ ਜੋ ਨੋਟ ਉਥੇ ਤਿਆਰ ਕੀਤਾ ਸੀ ਉਹ ਪੜ੍ਹ ਕੇ ਸੁਨਾਇਆ ਤੇ ਦੱਸਿਆ ਕਿ ਪਛਾਨ ਕਰਨ ਵੇਲੇ ਕੋਈ ਇਸ਼ਾਰਾ ਜਾਂ ਹੋਰ ਅਯੋਗ ਕੰਮ ਨਹੀਂ ਕੀਤਾ ਗਿਆ ਜਿਸ ਤੋਂ ਕੋਈ ਗ਼ਲਤੀ ਹੋ ਸਕੇ। ਤਿੰਨਾਂ ਮੁਲਜ਼ਮਾਂ ਗੰਡਾ ਸਿੰਘ, ਅਮਰ ਸਿੰਘ ਕੇਸਰ ਸਿੰਘ ਨੇ ੫੬ ਅਪ੍ਰਾਧੀਆਂ ਦੀ ਪਛਾਣ ਕੀਤੀ।

ਫੇਰ ਮਿਸਟਰ ਜੋਸ਼ੀ ਰਾਮ ਵਕੀਲ ਦੀ ਜਿਰਹ ਦੇ ਉੱਤਰ ਵਿਚ ਬਿਆਨ ਦਿਤਾ— ਪਹਿਲੋਂ ਸਭਨਾਂ ਦੀਆਂ ਪਗਾਂ ਰੰਗੀਆਂ ਸਨ ਪਿੱਛੋਂ ਉਨ੍ਹਾਂ ਬਦਲ ਲਈਆਂ। ਮੈਨੂੰ ਪੱਕਾ ਨਿਸਚੇ ਨਹੀਂ ਪਰ ਮੇਰਾ ਖ਼ਿਆਲ ਹੈ ਕਿ ਉਨ੍ਹਾਂ ਬਦਲ ਲਈਆਂ। ਜਿਹੜੇ ਪਹਿਲੋਂ ਦੋ ਪੁਲਿਸ ਅਫ਼ਸਰਾਂ ਨੇ ਆ ਕੇ ਮੈਨੂੰ ਖਬਰ ਦਿੱਤੀ ਸੀ ਸਦਾ ਉਹੋ ਹੀ ਮੇਰੇ ਪਾਸ ਨਹੀਂ ਸੀ ਆਉਂਦੇ ਰਹੇ, ਉਹ ਕਦੇ ਕਿਸੇ ਨੂੰ ਭੇਜ ਦੇਂਦੇ ਸਨ ਕਦੇ ਕਿਸੇ ਨੂੰ। ਤਫ਼ਤੀਸ਼ ਬਾਬਤ ਮੈਨੂੰ ਪਤਾ ਨਹੀਂ ਸ਼ਾਇਦ ਉਨ੍ਹਾਂ ਕੀਤੀ ਹੋਵੇ, ਉਹ ਮੇਰੇ ਆਉਣ ਤੋਂ ਪਹਿਲੇ ਹੀ ਜੇਲ੍ਹ ਪਹੁੰਚ ਚੁਕੇ ਸਨ। ਇਕ ਦਾ ਨਾਂ ਸ. ਸੋਹਨ ਸਿੰਘ ਅਤੇ ਦੂਜੇ ਦਾ ਨਾਂ ਫ਼ਜ਼ਲ ਇਮਾਮ ਹੈ। ਸ. ਗੋਪਾਲ ਸਿੰਘ ਕੇਵਲ ਸ਼ਨਾਖ਼ਤ ਵੇਲੇ ਦੋ ਜਾਂ ਤਿੰਨ ਵਾਰ ਹਾਜ਼ਰ ਸੀ ਪਰ ਮੀਰ ਫ਼ਜ਼ਲ ਇਮਾਮ ਚਾਰੇ ਮੌਕਿਆਂ ਉਪਰ ਹਾਜ਼ਰ ਸੀ। ਸ਼ਨਾਖਤ ਵੇਲੇ ਮੀਰ ਸਾਹਿਬ ਮੇਰੇ ਪਿਛੇ ਰਹਿੰਦੇ ਸਨ। ਮੈਂ ਗਵਾਹ ਦੀ ਹਰਕਾਤ ਨੂੰ ਤਾੜਦਾ ਸਾਂ, ਮੀਰ ਸਾਹਿਬ ਨੂੰ ਨਹੀਂ। ਉਹ ਮੇਰੇ ਦੋ ਚਾਰ ਕਦਮ ਪਿੱਛੇ ਰਹਿੰਦਾ ਸੀ, ਮੈਂ ਕਦੀ ਫਾਸਲਾ ਨਾਪਨ ਦਾ ਯਤਨ ਨਹੀਂ ਕੀਤਾ। ਇਹੋ ਤਿੰਨ ਜਾਂ ਚਾਰ ਕਦਮ ਦੀ ਵਿਥ ਉਪਰ ਰਹਿੰਦਾ ਸੀ ਮੈਨੂੰ ਸ਼ਨਾਖਤ ਲਈ ਉਸ ਦੀ ਹਰ ਵੇਲੇ ਲੋੜ ਸੀ ਕਿਉਂ ਕਿ ਉਹੋ ਸਭ ਮੁਲਜ਼ਮਾਂ ਦਾ ਵਾਕਫ਼ ਸੀ ਕਿਉਂ ਕਿ ਜੇ ਕੋਈ ਮੁਲਜ਼ਮ ਆਪਣੀ ਟਿਕਟ ਕਿਸੇ ਹੋਰ ਨਾਲ ਬਦਲ ਕੇ ਧੋਖਾ ਦੇਵੇ ਤਦ ਉਸ ਤੋਂ ਬਚਨ ਲਈ ਕਿਸੇ ਸ਼ਨਾਖਤ ਦਾਰ ਦਾ ਹੋਣਾ ਜ਼ਰੂਰੀ ਹੈ। ਟਿਕਟ ਸਦਾ ਕੁੜਤੇ ਦੇ ਹੇਠਾਂ ਹੁੰਦੇ ਹਨ, ਮੈਂ ਇਹ ਗੱਲ ਨੋਟ ਕਰਨੀ ਜ਼ਰੂਰੀ ਨਹੀਂ ਜਾਤੀ। ਪਛਾਣ ਕਰਨ ਵੇਲੇ ਟਿਕਟ ਵੀ ਦੇਖਦੇ ਸਾਂ, ਜੇਲਰ ਪਾਸੋਂ ਅਸਿਸਟੈਂਟ ਜੇਲਰ ਪਾਸੋਂ ਅਤੇ ਵਾਰਡਰ ਪਾਸੋਂ ਵੀ ਪੁਛ ਲੈਂਦੇ ਸਾਂ। ਮੈਂ ਇਨ੍ਹਾਂ ਦੀ ਮੌਜੂਦਗੀ ਬਾਬਤ ਲਿਖਣ ਦੀ ਕੋਈ ਲੋੜ ਨਹੀਂ ਸਮਝੀ ਕਿਉਂਕਿ ਉਥੇ ਮੌਜੂਦ ਹੋਣਾ ਉਨ੍ਹਾਂ ਦੀ ਡਿਊਟੀ ਹੈ।

ਜਰ੍ਹਾ ਰਾਮਚੰਦ ਮੰਨਚੰਦਾ ਵਕੀਲ

ਮੈਂ ਕੇਵਲ ਮਹੰਤ ਦੀ ਪਗ ਗੇਰੂ ਰੰਗ ਰੰਗੀ ਦੇਖੀ ਸੀ ਪਰੰਤੂ ਜਦ ਦੋ ਤਿੰਨ ਗਵਾਹ ਉਸ ਨੂੰ ਪਛਾਣ ਗਏ ਤਦ ਉਸ ਨੇ ਕਿਸੇ ਹੋਰ ਦੀ ਸਫ਼ੈਦ ਪਗ ਬਦਲ ਲਈ ਸੀ। ਦੂਜੀ ਵਾਰ ਮੈਂ ਰੰਗੀ ਹੋਈ ਪੰਗ ਮਹੰਤ ਨਰੈਣ ਦਾਸ ਦੇ ਸਿਰ ਨਹੀਂ ਦੇਖੀ। ਹਾਂ ਇਕ ਹੋਰ ਆਦਮੀ ਦੇ ਸਿਰ ਰੰਗੀ ਪੱਗ ਸੀ, ਪਰ ਉਹ ਕੋਈ ਮਸ਼ਹੂਰ ਆਦਮੀ ਨਹੀਂ ਸੀ। ਫੇਰ ਮੁਲਜ਼ਮਾਂ ਨੂੰ ਦੇਖ ਕੇ ਆਖਿਆ ਕੇ ਉਹ ਇਨ੍ਹਾਂ ਵਿਚ ਨਹੀਂ ਹੈ ਸ਼ਾਇਦ ਉਹ (ਜ਼ੇਰ ਸਮਾਇਤ ਕੈਦੀ) ਹੋਵੇਗਾ ਉਸ ਦਾ ਰੰਗ ਗੁਲਾਬੀ ਸੀ। ਤੀਜੀ ਵਾਰ ਵੀ ਉਸ ਦੇ ਸਿਰ ਉਪਰ ਰੰਗੀ ਹੋਈ ਪੱਗ ਦੇਖੀ। ਗਾਲਬਨ ਉਹ ਸਿੱਖ ਸੀ। ਚੌਥੀ ਵਾਰ ਦਾ ਮੈਨੂੰ ਖਿਆਲ ਨਹੀਂ। ਪੰਜਵੀਂ ਵਾਰ ਕਿਸੇ ਦੇ ਸਿਰ ਰੰਗਦਾਰ ਪੱਗ ਨਹੀਂ ਸੀ ਵਿਸ਼ੇਸ਼ ਖਸੂਸੀਅਤ ਕੇਵਲ ਇਕ ਮਹੰਤ ਨਰੈਣ ਦਾਸ ਵਿਚ ਸੀ ਕਿਉਂ ਕਿ ਉਹ ਮਸ਼ਹੂਰ ਆਦਮੀ ਸੀ ਇਸ ਲਈ ਮੈਂ ਉਸ ਨੂੰ ਆਖਿਆ ਕਿ ਉਹ ਆਪਣੀ ਪੋਸ਼ਾਕ ਬਦਲ ਲਵੇ ਕਿਉਂਕਿ ਹਰ ਇਕ ਆਦਮੀ ਉਸ ਨੂੰ ਪੁਸ਼ਾਕਾਂ ਤੋਂ ਝਟ ਪਛਾਣ ਲੈਂਦਾ ਸੀ। ਹਰੀਦਾਸ ਮੁਲਜ਼ਮ ਚਾਰੇ ਮੌਕਿਆਂ ਉਪਰ ਹਾਜ਼ਰ ਸੀ। ਇਸ ਨੇ ਕੰਨਾਂ ਵਾਲੀਆਂ ਮੁੰਦਰਾਂ ਉਦੋਂ ਪੱਗ ਹੇਠ ਲੁਕਾਈਆਂ ਹੋਈਆਂ ਸੀ ਜਿਹੜੀਆਂ ਅੱਜ ਆਪ ਦੇਖ ਰਹੇ ਹੋ। ਨਾਲੇ ਸ਼ਨਾਖਤ ਵੇਲੇ ਕਦੀ ਤਾਂ ਇਹ ਆਪਣੀ ਦਾੜ੍ਹੀ ਖੋਲ੍ਹ ਲੈਂਦਾ ਸੀ। ਮੈਂ ਇਸ ਦੀਆਂ ਕੰਨਾਂ ਵਾਲੀਆਂ ਮੁੰਦਰਾਂ ਅੱਜ ਹੀ ਦੇਖੀਆਂ ਹਨ। ਇਹ ਇਕ ਆਮ ਗੱਲ ਹੈ ਕਿ ਨਾਥ ਸਾਰੇ ਮੁੰਦਰਾਂ ਪਾਉਂਦੇ ਹਨ। ਪਹਿਲੀ ਪ੍ਰੇਡ ਸ਼ਨਾਖਤ ਵਿਚ ਇਕ ਵਾਰਡਰ, ਇਕ ਜੇਲਰ, ਇਕ ਅਸਿਸਟੈਂਟ ਜੇਲਰ ਅਤੇ ਇਕ ਸੀ. ਆਈ. ਡੀ. ਦਾ ਇਨਸਪੈਕਟਰ ਮੀਰ ਫਜ਼ਲ ਇਮਾਮ ਇਹ ਵਧੀਕ ਆਦਮੀ ਸਨ। ਪੁਲਿਸ ਨੇ ਜਦ ਇਤਲਾਹ ਦਿੱਤੀ ਤਾਂ ਮੇਰਾ ਇਹ ਫਰਜ਼ ਸੀ। ਮੈਂ ਸੀ. ਆਈ. ਡੀ. ਦੇ ਇਨਪੈਕਟਰ ਨੂੰ ਅੰਦਰ ਆਉਣ ਦੀ ਇਜਾਜ਼ਤ ਦਿੱਤੀ ਸੀ। ਮੈਂ ਆਗਿਆ ਨਾ ਦੇਂਦਾ ਤਦ ਮੇਰਾ ਖ਼ਿਆਲ ਹੈ ਉਹ ਨਾ ਅੰਦਰ ਆ ਸਕਦਾ। ਮੈਨੂੰ ਇਹ ਖ਼ਿਆਲ ਹਰਗਿਜ਼ ਨਹੀਂ ਸੀ ਕਿ ਪੁਲਿਸ ਅਫ਼ਸਰ ਅੰਦਰ ਆ ਕੇ ਸ਼ਰਾਰਤ ਕਰ ਸਕਦੇ ਸਨ ਕਿਉਂ ਕੇ ਉਹ ਦੋਵੇਂ ਜ਼ਿੰਮੇਵਾਰ ਅਫ਼ਸਰ ਸਨ। ਇਹ ਮੁਲਾਜ਼ਮਾਂ ਦੇ ਪੁਰਾਣੇ ਵਾਕਫ਼ ਨਹੀਂ ਸਨ ਸਗੋਂ ਉਸੇ ਦਿਨ ਵਾਕਫ਼ ਹੋਏ।

ਮਿਸਟਰ ਓਬਰਡ ਦੀ ਜਰ੍ਹਾ

ਮੈਂ ਸ਼ਨਾਖਤ ਵੇਲੇ ਗਵਾਹ ਦੇ ਪਿਛੇ ਚਲਦਾ ਸੀ, ਸਾਰੇ ਮੁਲਜ਼ਮ ਮੈਦਾਨ ਵਿਚ ਬੈਠੇ ਸਨ ਅਤੇ ਆਮੋ ਸਾਮਣੀਆਂ ਦੋ ਕਤਾਰਾਂ ਵਿਚ ਸਨ। ਮੂੰਹ ਸਾਰਿਆਂ ਦੇ ਆਮੋ ਸਾਮਨੇ ਸਨ ਅਤੇ ਮੀਰ ਫਜ਼ਲ ਇਮਾਮ ਮੇਰੇ ਪਿੱਛੇ ਸੀ। ਅਸੀਂ ਪਹਿਲੇ ਦਿਨ ਦੋ ਚਾਰ ਕਤਾਰਾਂ ਵਿਚੋਂ ਦੀ ਲੰਘੇ, ਮੀਰ ਫਜ਼ਲ ਇਮਾਮ ਦੇ ਹੱਥ ਵਿਚ ਫੌਂਟੈਨ ਪੈਨ ਸੀ ਤੇ ਸ਼ਾਇਦ ਇਹ ਕੁਝ ਨੋਟ ਕਰ ਰਿਹਾ ਸੀ।

ਮੈਜਿਸਟਰੇਟ—ਜਿਨ੍ਹਾਂ ਅਪਰਾਧੀਆਂ ਦੇ ਵਕੀਲ ਨਹੀਂ ਸਨ ਉਹ ਜੇ ਗਵਾਹ ਨੂੰ ਕੋਈ ਸਵਾਲ ਪੁਛਣਾ ਚਾਹੁਣ ਤਾਂ ਪੁਛ ਸਕਦੇ ਹਨ।

ਬੂੜ ਸਿੰਘ—ਹਜ਼ੂਰ ਇਹ ਤਿੰਨ ਚਾਰ ਵਾਰ ਕਤਾਰ ਵਿਚੋਂ ਦੀ ਲੰਘੇ ਸਨ ਅਤੇ ਮੈਜਿਸਟਰੇਟ ਸਾਹਿਬ ਜਦ ਮੇਰੇ ਕੋਲ ਆਏ ਤਾਂ ਸਿਗਰਟ ਪੀਂਦੇ ਲਧਾ ਰਾਮ ਨੂੰ ਬੋਲੇ ਕਿ ਏਥੇ ਵੀ ਕੋਈ ਹੈ ? ਤੇ ਬੂਟ ਮਾਰਿਆ।

ਗਵਾਹ—ਮੈਂ ਇਸ ਦੇ ਪਾਸ ਜਾ ਕੇ ਉਦੋਂ ਕੋਈ ਬੂਟ ਨਹੀਂ ਮਾਰਿਆ ਹਾਂ ਸਿਗਰਟ ਸ਼ਾਇਦ ਪੀਤਾ ਹੋਵੇ।

ਬੂੜ ਸਿੰਘ—ਇਹ ਦੋ ਘੰਟੇ ਤਕ ਲਧਾ ਰਾਮ ਨੂੰ ਗਵਾਹਾਂ ਦੀ ਸ਼ਨਾਖਤ ਕਰਾਉਂਦੇ ਰਹੇ ਸਨ, ਹਾਲਾਂ ਕਿ ਸ਼ਨਾਖਤ ਨੂੰ ਐਨਾ ਸਮਾ ਦਰਕਾਰ ਨਹੀਂ ਹੁੰਦਾ।

ਗਵਾਹ—ਮੈਂ ਵਕਤ ਤਾਂ ਨਹੀਂ ਲਿਖਿਆ। ਫੇਰ ਫਾਈਲ ਦੇਖ ਕੇ ਆਖਿਆ ਕਿ ਲਧਾ ਰਾਮ ਨੇ ਵਧੀਕ ਤੋਂ ਵਧੀਖ ੧੦ ਮਿੰਟ ਸ਼ਨਾਖ਼ਤ ਵਿਚ ਖਰਚ ਕੀਤੇ ਸਨ ਨਾ ਕਿ ਦੋ ਘੰਟੇ।

ਸ਼ਮੀਰ ਸਿੰਘ—ਲਧਾ ਰਾਮ ਜਦ ਇਕ ਵਾਰ ਕਤਾਰ ਵਿਚ ਦੀ ਲੰਘ ਗਿਆ ਤਦ ਉਸ ਆਖਿਆ ਸੀ ਕਿ ਮੈਂ ਕਿਸੇ ਨੂੰ ਨਹੀਂ ਪਛਾਣਦਾ, ਫੇਰ ਦੂਜੀ ਤੀਜੀ ਵਾਰੀ ਜਾ ਕੇ ਪਛਾਣੇ।

ਗਵਾਹ—ਲਧਾ ਰਾਮ ਸੋਚ ਵਾਲਾ ਆਦਮੀ ਜਾਪਦਾ ਸੀ ਇਸ ਲਈ ਉਹ ਸ਼ਨਾਖਤ ਕਰ ਕੇ ਲੰਘ ਗਿਆ ਤੇ ਆਖਿਆ ਕੇ ਮੈਂ ਦੂਜੀ ਵਾਰੀ ਦੇਖ ਕੇ ਤਸੱਲੀ ਕਰ ਕੇ ਸ਼ਨਾਖਤ ਕਰਾਂਗਾ ਸੋ ਉਸ ਨੇ ਦੂਜੀ ਵਾਰ ਪੂਰੀ ਤਰ੍ਹਾਂ ਤਸੱਲੀ ਕਰ ਕੇ ਸ਼ਨਾਖ਼ਤ ਕੀਤੀ। ਤੀਜੀ ਵਾਰ ਪਛਾਣਨ ਵਾਲੀ ਗਲ ਝੂਠ ਹੈ। ਇਸ ਤੋਂ ਮਗਰੋਂ ਇਕਰਾਮ ਉਲ ਹਕ ਡਿਪਟੀ

ਸੁਪਰਟੈਂਡੰਟ ਸੀ. ਆਈ. ਡੀ. ਦਾ ਬਿਆਨ ਹੋਇਆ, ਉਸ ਨੇ ਦੱਸਿਆ ਕਿ ਸਿੱਖ ਲੀਗ ਦਸੰਬਰ ੧੯੧੯ ਵਿਚ ਬਣੀ, ਜਿਸ ਦਾ ਸਲਾਨਾ ਜਲਸਾ ਅੰਮ੍ਰਿਤਸਰ ਵਿਚ ਉਸੇ ਸਾਲ ਦੇ ਵੱਡੇ ਦਿਨਾਂ ਵਿਚ ਹੋਇਆ ਉਦੋਂ ਹੀ ਨੇਸ਼ਨਲ ਕਾਂਗਰਸ ਤੇ ਮੁਸਲਿਮ ਲੀਗ ਦੇ ਵੀ ਜਲਸੇ ਹੋਏ। ਸਿੱਖ ਲੀਗ ਦੇ ਜਲਸੇ ਵਿਚ ਪ੍ਰੈਜ਼ੀਡੈਨਸ਼ੀਅਲ ਐਡਰੈਸ ਵਿਚ ਸਰਦਾਰ ਬਹਾਦਰ ਗਜਨ ਸਿੰਘ ਲੁਧਿਆਣੇ ਨੇ ਆਖਿਆ ਸੀ ਕਿ ਅੰਮ੍ਰਿਤਸਰ ਦੇ ਗੁਦਦਵਾਰੇ ਦਾ ਇੰਤਜ਼ਾਮ ਇਕ ਸਿੱਖ ਦੇ ਹਥ ਵਿਚ ਹੈ ਜਿਸ ਨੂੰ ਸਰਕਾਰ ਨੀਯਤ ਕਰਦੀ ਹੈ ਤੇ ਉਹ ਸਿੱਖ ਉਸ ਗੁਰਦੁਆਰੇ ਦਾ ਇੰਤਜ਼ਾਮ ਖਾਲਸਾ ਧਰਮ ਦੇ ਅਸੂਲਾਂ ਮੁਤਾਬਕ ਨਹੀਂ ਕਰਦਾ ਅਤੇ ਇਸ ਸਬੰਧੀ ਦਫ਼ਤਰ ਵਿਚੋਂ ਲਿਆਂਦਾ ਹੋਇਆ ਇਕ ਨੋਟ ਪੇਸ਼ ਕੀਤਾ। ਉਸ ਦੇ ਮਗਰੋਂ ਗੁਰਦੁਆਰਿਆਂ ਸਬੰਧੀ ਐਜੀਟੇਸ਼ਨ ਜਾਰੀ ਰਹੀ ਅਤੇ ਨਵੰਬਰ ੧੯੨੦ ਨੂੰ ਇਕ ਕਮੇਟੀ ਬਣਾਈ ਗਈ ਜਿਸ ਦਾ ਨਾਮ ਗੁਰਦੁਆਰਾ ਪ੍ਰਬੰਧਕ ਕਮੇਟੀ ਸੀ। ਇਸ ਕਮੇਟੀ ਦੇ ਬਣਨ ਤੋਂ ਪਹਿਲੇ ਹੀ ਅਕਾਲ ਬੁੰਗੇ ਤੇ ਪੰਜੇ ਸਾਹਿਬ ਉਪਰ ਕਬਜ਼ਾ ਹੋ ਚੁਕਾ ਸੀ, ਫੇਰ ਆਖਿਆ ਨਹੀਂ ਅਤੇ ਇਕ ਨੋਟ ਪੜ ਕੇ ਸੁਣਾਇਆ ਜਿਸ ਵਿਚ ਪੰਜਾ ਸਾਹਿਬ, ਸਚਾ ਸੌਦਾ, ਤਰਨਤਾਰਨ, ਬਾਬੇ ਦੀ ਬੇਰ ਆਦਿਕ ਗੁਰਦੁਆਰੇ ਦੇ ਸੁਧਾਰਨ ਦੀ ਸੰਖੇਪ ਹਿਸਟਰੀ (ਇਤਿਹਾਸ) ਸੀ ਅਤੇ ਆਖਿਆ ਕਿ ਇਹ ਮੈਂ ਫਰਵਰੀ ਸੰਨ ੧੯੨੧ ਵਿਚ ਲਿਖਿਆ ਸੀ।

ਜੰਗ ਬਹਾਦਰ ਦਾ ਬਿਆਨ

ਜੰਗ ਬਹਾਦਰ ਸਬ ਇੰਨਸਪੈਕਟਰ ਥਾਨਾ ਮਾਂਗਟਾ ਜਾਲਾ ਨੇ ਬਿਆਨ ਦਿੱਤਾ ਕਿ ਮੈਂ ੨੦ ਫਰਵਰੀ ਨੂੰ ਧਾਣਮਾਂ ਗਟਾਂ ਵਾਲੇ ਵਿਚ ਸੀ, ਡਿਪਟੀ ਕਮਿਸ਼ਨਰ ਸਾਹਿਬ ਕੋਈ ੧੧ ਵਜੇ ਦਿਨ ਦੇ ਥਾਣੇ ਵਿਚ ਆਏ, ਉਨ੍ਹਾਂ ਦਾ ਮੁਕਾਮ ਨਹਿਰ ਮਾਂਗਣ ਵਾਲੇ ਦੇ ਬੰਗਲੇ ਉਪਰ ਸੀ। ਮੈਂ ਉਦੋਂ ਸਾਰੇ ਕਪੜੇ ਪਾਈ ਬੈਠਾ ਸਾਂ। ਡਿਪਟੀ ਕਮਿਸ਼ਨਰ ਸਾਹਿਬ ਨੂੰ ਮੈਨੂੰ ਹੁਕਮ ਦਿੱਤਾ ਕਿ ਵਰਦੀ ਪਾ ਕੇ ਪਸਤੌਲ ਲਓ ਅਤੇ ਸਿਪਾਹੀਆਂ ਨੂੰ ਤਿਆਰ ਕਰੋ ਕਿਉਂਕਿ ਨਾਨਕਾਣੇ ਵਿਚ ਬੜਾ ਫਸਾਦ ਹੋਇਆ ਹੈ। ਇਹ ਹੁਕਮ ਦੇ ਕੇ ਮਿਸਟਰ ਕਰੀ ਡਿਪਟੀ ਕਮਿਸ਼ਨਰ ਚਲਾ ਗਿਆ ਮੈਂ ਤਿੰਨਾਂ ਸਿਪਾਹੀਆਂ ਨੂੰ ਬੰਦੂਕਾਂ ਲੈ ਕੇ ਆਉਣ ਲਈ ਕਿਹਾ ਅਤੇ ਆਪ ਘੋੜੇ ਸਵਾਰ ਹੋ ਕੇ ਉਸ ਵੇਲੇ ਤੁਰ ਪਿਆ। ਮੈਂ ਦੋ ਵਜੇ ਨਾਨਕਾਣੇ ਸਾਹਿਬ ਪਹੁੰਚਿਆ। ਨਾਨਕਾਣਾ ਉਸ ਥਾਂ ਤੋਂ ੧੨ ਮੀਲ ਦੇ ਫਾਸਲੇ ਉਪਰ ਹੈ ਅਗੇ ਉਥੇ ਡਿਪਟੀ ਕਮਿਸ਼ਨਰ ਸਾਹਿਬ, ਚੌਧਰੀ ਜਲਾਲ ਦੀਨ ਰੀਡਰ, ੧ ਹੈਡ ਕਨਸਟੇਬਲ, ੨ ਕੰਨਸਟੇਬਲ, ਮਹੰਤ ਨਰੈਣ ਦਾਸ ਅਤੇ ਅਹਿਮਦ ਖ਼ਾ ਜੈਲਦਾਰ ਸੀ। ਇਹ ਸਾਰੇ ਸਰਾਂ ਦੇ ਬੂਹੇ, ਜਿਹੜਾ ਜਨਮ ਅਸਥਾਨ ਤੋਂ ਵੀਹ ਕਰਮ ਦੂਰ ਹੈ, ਖਲੋਤੇ ਸਨ। ਡਿਪਟੀ ਕਮਿਸ਼ਨਰ ਨੇ ਮੈਨੂੰ ਹੁਕਮ ਦਿੱਤਾ ਕਿ ਜਿਹੜੇ ਜ਼ਖਮੀ ਹੋਏ ਹਨ ਉਨ੍ਹਾਂ ਦੀਆਂ ਚੋਟਾਂ ਦੀ ਯਾਦ ਦਾਸ਼ਤ ਲਿਖੋ।

ਮੈਂ ਪਹਿਲੇ ਜਨਮ ਅਸਥਾਨ ਜਾ ਕੇ ਦੇਖਿਆ। ੪ ਲਾਸ਼ਾਂ ਪਈਆਂ ਹਨ ਸਭ ਸਿੱਖ ਸਨ, ਅੰਦਰ ਸਭ ਖ਼ੂਨ ਪਿਆ ਸੀ ਅਤੇ ਮਹੰਤਾਂ ਦੀਆਂ ਸਮਾਧਾਂ ਵੱਲ ਕਈ ਲਾਸ਼ਾਂ ਜਲ ਰਹੀਆਂ ਸਨ। ਲਾਸ਼ਾਂ ਬਹੁਤ ਸਾਰੀਆਂ ਸਨ। ਤਿੰਨ ਲਾਸ਼ਾਂ ਥੜੇ ਉਪਰ, ਇਕ ਥੜਿਉਂ ਹੇਠਾਂ। ਇਨ੍ਹਾਂ ਦੋਹਾਂ ਦੇ ਫਟੜਾਂ ਦੀ ਰਿਪੋਰਟ ਪੜ੍ਹ ਕੇ ਦੱਸੀ ਤੇ ਕਿਹਾ ਇਹ ਛੁਰੇ ਅਤੇ ਛਵ੍ਹੀਆਂ ਨਾਲ ਕਤਲ ਗਏ। ਮੈਂ ਪਹਿਲੇ ਦਾ ਨਾਮ ਸੰਤ ਰਾਮ ਇਸ ਲਈ ਲਿਖਿਆ ਕਿ ਮਹੰਤ ਨਰੈਣ ਦਾਸ ਨੇ ਮੈਨੂੰ ਦੱਸਿਆ ਸੀ ਕਿ ਇਹ ਸਾਡਾ ਪੁਜਾਰੀ ਹੈ। ਮੈਂ ਇਨ੍ਹਾਂ ਉਪਰ ਪਹਿਰਾ ਲਾ ਦਿੱਤਾ। ਜ਼ੇਰ ਨਗਰਾਨੀ ਨੂਰ ਦੀਨ ਹੈਡ ਕਾਨਸਟੇਬਲ ਨੇ ਬੂਹਾ ਗੁਰਦੁਆਰੇ ਦਾ ਬੰਦ ਕਰਾ ਦਿੱਤਾ। ਮੈਨੂੰ ਇਹ ਹੁਕਮ ਸੀ ਕਿ ਫੱਟੜਾਂ ਦੇ ਫੱਟ ਲਿਖੋ—

ਮੈਂ ਮੰਦਰ ਦੇ ਸਭ ਬੂਹੇ ਬੰਦ ਕਰਾ ਦਿੱਤੇ, ਹੋਰ ਕੋਈ ਕਾਰਵਾਈ ਨਹੀਂ ਕੀਤੀ ਕਿਉਂਕਿ ਸ਼ਹਿਰ ਦੇ ਸਭ ਮਕਾਨ ਬੰਦ ਸਨ। ਮੈਂ ਇਕੱਲਾ ਸਾਰੇ ਬਾਜ਼ਾਰਾਂ ਵਿਚ ਫਿਰ ਕੇ ਆਵਾਜ਼ਾਂ ਦਿੱਤੀਆਂ ਕਿ ਜਿਨ੍ਹਾਂ ਨੂੰ ਸਟਾਂ ਲੱਗੀਆਂ ਹਨ ਬਾਹਰ ਆਉਣ ਮੈਂ ਉਨ੍ਹਾਂ ਦੀਆਂ ਚੋਟਾਂ ਲਿਖਾਂਗਾ ਤੇ ਇਹ ਅੱਠ ਆਦਮੀ ਮੇਰੇ ਪਾਸ ਆਏ—

(੧) ਲਧਾ ਮਲ (੨) ਇੰਦਰ ਦਾਸ ਸਾਧ ੭੩) ਬਾਵਾ ਸੁੰਦਰ ਦਾਸ (੪) ਲਾਲ ਦਾਸ (੫) ਧਰਮ ਦਾਸ (੬) ਠਾਕਰ ਦਾਸ (੭) ਜਵਾਹਰ (੮) ਇਮਾਮ ਦੀਨ। ਇਨ੍ਹਾਂ ਦੇ ਹੱਥ, ਸਿਰ ਤੇ ਲਤਾਂ ਉਪਰ ਮਾਮੂਲੀ ਜ਼ਖ਼ਮ ਸਨ ਫੇਰ ਮੈ ਡੀ. ਸੀ. ਬੰਗਲੇ ਗਿਆ ਤੇ ਦੱਸਿਆ ਕਿ ੪ ਮੁਰਦੇ ਅਤੇ ੮ ਜ਼ਖ਼ਮੀ ਨੋਟ ਕੀਤੇ ਹਨ। ਉਨ੍ਹਾਂ ਨੇ ਸਿਵਲ ਸਰਜਨ ਨੂੰ ਤਾਰ ਦੇ ਕੇ ਸਦਿਆ, ਫੇਰ ਹੁਕਮ ਦਿੱਤਾ ਕਿ ਐਸ ਦੀਵਾਨ ਨੂੰ ਨਾਲ ਲੈ ਕੇ ਕਿਸੇ ਹੋਰ ਸ਼ਖ਼ਸੀ ਦੀ ਭਾਲ ਕਰੋ ਪਰ ਕੋਈ ਨਾ ਮਿਲਿਆ ਫੇਰ ਸਰ ਡਿਪਟੀ ਕਮਿਸ਼ਨਰ ਜਨਮ ਅਸਥਾਨ ਆਏ ਜਾਂ ਮੈਂ ਆਖਿਆ ਕਿ ਬਾਹਰ ਦੇ ਆਵੇ

ਕਿ ਮੁਰਦੇ ਸੜਨ ਦੀ ਬੋ ਆ ਰਹੀ ਹੈ ਸੋ ਉਹਨਾਂ ਆਖਿਆ ਕਿ ਠੀਕ ਮੁਰਦੇ ਸੜ ਰਹੇ ਸਨ। ਉਹਨਾਂ ਬੁਝਾ ਦੇਣ ਦਾ ਹੁਕਮ ਦਿੱਤਾ। ਮੈਂ ਦੋ ਤਿੰਨ ਆਦਮੀਆਂ ਨਾਲ ਪਹਿਲੋਂ ਬਾਹਰਲੇ ਆਵੇ ਤੇ ਫੇਰ ਅੰਦਰਲੀ ਭਠੀ ਨੂੰ ਬੁਝਾਉਣ ਦਾ ਯਤਨ ਕੀਤਾ, ਇੰਨੇ ਚਿਰ ਨੂੰ ੪ ਵਜੇ ਦੇ ਕਰੀਬ ਇਲਾਕੇ ਦੇ ਸਬ ਇੰਸਪੈਕਟਰ ਅਲੀ ਮੁਹੰਮਦ ਵੀ ਪਹੁੰਚ ਗਿਆ। ਬਾਹਰਲੇ ਆਵੇ ਉਪਰ ਵੀ ਮੈਂ ਪਹਿਰਾ ਲਾ ਦਿੱਤਾ, ਡੀ. ਸੀ. ਨੇ ਆਖਿਆ ਕਿ ਕੇਵਲ ਪਠਾਨਾਂ ਦੀ ਜੋ (੧੨ ਕੁ ਸਨ, ਨਿਗਰਾਨੀ ਕੀਤੀ ਜਾਵੇ ਅਜੇ ਗ੍ਰਿਫ਼ਤਾਰੀ ਕੁਝ ਨਾ ਕੀਤੀ ਜਾਏ। ਮੈਂ ਬਾਰਾਂ ਆਦਮੀਆਂ ਨੂੰ ਕਿਸੇ ਤਰ੍ਹਾਂ ਅੰਦਰ ਲੈ ਗਿਆ ਤੇ ਬੂਹਾ ਬੰਦ ਕਰ ਦਿੱਤਾ ਫੇਰ ਉਸ ਵੇਲੇ ੧੪ ਹੋਰ ਪਠਾਣ ਵੀ ਲਿਆਕੇ ਅੰਦਰ ਦੇ ਦਿੱਤੇ, ਫੇਰ ਅਬਦੁਲ ਕਰੀਮ ਨੂੰ ਪਛਾਣਿਆ ਕਿ ਇਹ ਜਮਾਂਦਾਰ ਸੀ, ਇਸ ਦੀ ਸਹਾਇਤਾ ਨਾਲ ਸਾਰੇ ਕਾਬੂ ਕੀਤੇ। ੧ ਵਜੇ ਦੇ ਕਰੀਬ ਲਾਲਾ ਦੌਲਤ ਰਾਮ ਤੇ ਮਗਰੋਂ ੮ ਵਜੇ ਦੇ ਦੌਰਾਨ ਵਿਚ ਕਮਿਸ਼ਨਰ ਤੇ ਫੋਰਸ ਗਈ)। ਫੇਰ ਉਸੇ ਰਾਤ ਨੂੰ ਇਹਨਾਂ ਤੋਂ ਛੁਟ ਕਮਿਸ਼ਨਰ ਦੇ ਹੁਕਮ ਨਾਲ ਨਰੈਣਦਾਸ, ਮਹੰਤ ਹਰੀ ਨਾਥ ਅਤੇ ਇਕ ਹੋਰ ਬ੍ਰਾਹਮਣ ਨੂੰ ਗ੍ਰਿਫ਼ਤਾਰ ਕਰ ਲੀਤਾ, ਫੇਰ ਰਾਤ ਨੂੰ ਵੀ ਇਹਨਾਂ ਸਭਨਾਂ ਨੂੰ ਸਪੈਸ਼ਲ ਟ੍ਰੇਨ ਵਿਚ ਲਾਹੌਰ ਭੇਜ ਦਿੱਤਾ ਗਿਆ ਫੇਰ ਮੈਂ ਵਾਪਸ ਉਪਣੇ ਇਲਾਕੇ ਨੂੰ ਚਲਾ ਗਿਆ। (ਅਦਾਲਤ ਲੰਚ ਲਈ ਮੁਲਤਵੀ ਕੀਤੀ ਗਈ)।

ਲੰਚ ਮਗਰੋਂ ਕਾਰਵਾਈ ਫੇਰ ਸ਼ੁਰੂ ਹੋਈ

ਮੌ. ਅਲੀ ਮੁਹੰਮਦ ਠਾਨੇਦਾਰ ਬਾਰ ਬਟਨ ਦਾ ਬਿਆਨ

ਨਾਨਕਾਣਾ ਸਾਹਿਬ ਦੇ ਇਲਾਕੇ ਵਿਚ ਹੈ ਮੈਂ ੧੯ ਤਾਰੀਖ਼ ਤਿੰਨ ਦਿਨ ਦੀ ਛੁੱਟੀ ਗਿਆ ਸਾਂ। ੨੦ ਤਾਰੀਖ਼ ਨੂੰ ਮੈਂ ਤਾਂਦਲਿਆਂ ਵਾਲਾ (ਲਾਇਲਪੁਰ) ਵਿਚ ਸਾਂ। ਉਥੇ ਇਕ ਰੇਲਵੇ ਡਾਕਟਰ ਨੇ ਖਬਰ ਦਸੀ ਕਿ ਨਨਕਾਣੇ ਵਿਚ ਬਹੁਤ ਸਾਰੇ ਆਦਮੀ ਕਤਲ ਹੋ ਗਏ ਹਨ ਕੋਈ ੧ ਤੇ ੩ ਵਜੇ ਦਿਨ ਦੇ ਵਿਚਕਾਰ। ਮੈਂ ਉਸੇ ਟਰੇਨ 'ਚ (ਜੋ ਤਿਆਰ ਸੀ) ਨਨਕਾਣੇ ਸਾਹਿਬ ੪ ਵਜੇ ਦੇ ਕਰੀਬ ਪਹੁੰਚਾ। ਸਿੱਧਾ ਜਨਮ ਅਸਥਾਨ ਗਿਆ। ਉਥੇ ਮਿਸਟਰ ਕਰੀ ਡੀ. ਸੀ., ਜੰਗ ਬਹਾਦਰ, ਨੂਰ ਅਹਿਮਦ ਹੈਡ ਕਨਸਟੇਬਲ ਤੇ ਕੁਝ ਕੰਨਸਟੇਬਲ ਮੌਜੂਦ ਸਨ। ਉਦੋਂ ੨੧ ਪਠਾਨ ਥਾਨੇਦਾਰ ਦੇ ਪਾਸ ਬੂਹੇ ਤੋਂ ਬਾਹਰ ਬੈਠੇ ਹੋਏ ਸਨ। ਡੀ. ਸੀ. ਨੇ ਹੁਕਮ ਦਿੱਤਾ ਕਿ ਅਜੇ ਗ੍ਰਿਫ਼ਤਾਰ ਨਾ ਕੀਤੇ ਜਾਣ ਤੇ ਆਖਿਆ ਜਦ ਤਕ ਫ਼ੌਜ ਨਾ ਆ ਜਾਵੇ ਜਾਂ ਅਫ਼ਸਰਾਂ ਦਾ ਕੋਈ ਹੁਕਮ ਨਾ ਆਵੇ ਕੋਈ ਕਾਰਵਾਈ ਨਾ ਕੀਤੀ ਜਾਵੇ। ਮੈਂ ੫ ਵਜੇ ਥਾਨੇ ਵਿਚ ਇਕ ਰੁਕਾ ਬਾਬਤ ਰਿਪੋਰਟ ਇਬਤਦਾਈ ਭੇਜਿਆ। ਮਹੰਤ ਨਰੈਣਦਾਸ ਵੀ ਉਥੇ ਡੀ. ਸੀ. ਦੇ ਪਾਸ ਖੜਾ ਸੀ। ਮੈਂ ਤੇ ਜੰਗ ਬਹਾਦਰ ਨੇ ੨੯ ਪਠਾਣਾਂ ਨੂੰ ਕਾਬੂ ਕਰ ਕੇ ਗੁਰਦੁਆਰੇ ਦਾ ਬੂਹਾ ਬੰਦ ਕਰ ਲਿਆ। ੮ ਵਜੇ ਰਾਤ ਨੂੰ ਸਪੈਸ਼ਨ ਟਰੇਨ ਵਿਚ ਕਮਿਸ਼ਨਰ ਤੇ ਕੁਝ ਹੋਰ ਸਿੱਖ ਵੀ ਆਏ। ਫ਼ੌਜ ਦੇ ਆਉਣ ਪਰ ੨੬ ਪਠਾਣ ਮਹੰਤ ਨਰੈਣ ਦਾਸ, ਹਰੀ ਨਾਥ ਮੁੰਦਰਾਂ ਵਾਲਾ ਅਤੇ ਆਤਮਾ ਰਾਮ ਬ੍ਰਾਹਮਣ ਨੂੰ ਗ੍ਰਿਫ਼ਤਾਰ ਕੀਤਾ। ਹਰੀ ਨਾਥ ਤੇ ਆਤਮਾ ਰਾਮ ਨੂੰ ਮਹੰਤ ਦੇ ਮਕਾਨਾਂ ਵਿਚੋਂ ਰਾਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਇਨ੍ਹਾਂ ਪਠਾਣਾਂ ਦੀ ਤਲਾਸ਼ੀ ਲਈ ਗਈ, ਉਨ੍ਹਾਂ ਵਿੱਚੋਂ ਗੁਰਦੁਆਰੇ ਦਾ ਰੁਮਾਲ ਇਕ ਪਠਾਨ ਪਾਸੋਂ ਮਿਲਿਆ, ਇਹ ਰੁਮਾਲ ਗਾਲਬਨ ਇਮਾਮ ਗੁਲ ਪਾਸੋਂ ਨਿਕਲਿਆ ਅਤੇ ਮਹੰਤ ਨਰੈਣ ਦੇ ਹੱਥ ਵਿਚ ਬੰਦੂਕ ਸੀ ਜਦੋਂ ਉਹ ਗ੍ਰਿਫ਼ਤਾਰ ਕੀਤਾ ਗਿਆ। ਬੰਦੂਕ ਨੰਬਰ ੩੭੨੫ ਹੈ ਇਸ ਦਾ ਲੈਸੰਸ ਵੀ ਹੈ। ਇਸ ਦੇ ਨਾਲ ਭਰੇ ਹੋਏ ੫ ਕਾਰਤੂਸ ਉਸ ਦੀ ਜੇਬ ਵਿਚੋਂ ਨਿਕਲੇ। ਉਸ ਪਾਸ ਇਕ ਬੰਦੂਕ ਤੇ ਇਕ ਰਿਵਾਲਵਰ ਦਾ ਲੈਸੰਸ ਹੈ, ਫੇਰ ਉਸੇ ਰਾਤ ਮੁਲਜ਼ਮਾਂ ਨੂੰ ਲਾਹੌਰ ਜੇਲ੍ਹ ਵੱਲ ਰਵਾਨਾ ਕਰ ਦਿੱਤਾ ਤੇ ਰਾਤ ਨੂੰ ਲਾਸ਼ਾਂ ਉਪਰ ਪਹਿਰਾ ਲਾ ਦਿੱਤਾ ਗਿਆ ਸੀ। ਰਾਤ ਨੂੰ ੧੨ ਵਜੇ ਇਤਲਾਹ ਮਿਲੀ ਲਾਭ ਸਿੰਘ, ਭਾਗਤ ਸਿੰਘ ਰੇਲਵੇ ਸਟੇਸ਼ਨ ਪਰ ਖ਼ਤਰਨਾਕ ਹਾਲਤ ਵਿਚ ਹਨ ਅਸੀਂ ਗਏ, ਉਹ ਦੋਵੇਂ ਸਨ। ਇਕ ਦਾ ਬਿਆਨ ਪਹਿਲੇ ਡੀ. ਸੀ. ਨੇ ਲਿਖ ਲਿਆ ਸੀ। ਦੂਸਰੇ ਦਾ ਦੀਵਾਨ ਮਹੇਸ਼ ਦਾਸ ਪਾਸੋਂ ਕਰਾਇਆ ਗਿਆ ਦੋਵੇਂ ਰਾਤ ਦੀ ਗੱਡੀ ਵਿਚ ਸਿਵਲ ਸਰਜਨ ਸਮੇਤ ਲਾਹੌਰ ਭੇਜ ਦਿੱਤੇ ਗਏ। ਗੱਡੀ ਰਾਤ ੩ ਵਜੇ ਤੁਰੀ ਤੇ ਮੈਂ ਵਾਪਸ ਆਇਆ। ਦੂਜੇ ਦਿਨ ਮਿਸਟਰ ਕਾਨਰ, ਇਨਸਪੈਕਟਰ ਪੁਲਿਸ, ਮੁਹੰਮਦ ਖਾਨ ਆਦਿਕ ਜੇਹੜੇ ਰਾਤ ਆ ਗਏ ਸਨ, ਇਨ੍ਹਾਂ ਅਤੇ ਕੁਝ ਹੋਰ ਸਿੱਖਾਂ ਦੇ ਮੋਹਤਬਰ ਆਦਮੀਆਂ ਨਾਲ ਸਵੇਰ ਗੁਰਦੁਆਰੇ ਵਿਚ ਗਏ। ਅਸੀਂ ਮਨੂਬੀ ਬੂਹੇ ਥਾਣੀ ਜਿਹੜਾ ਬਜ਼ਾਰ ਵੱਲ ਹੈ, ਉਥੇ ਦੀ ਗਏ। ਵੜਦੇ ਸਾਰ ਦੋ ਤਾਕਾਂ ਦੇ ਅੰਦਰ ਬਹੁਤ ਸਾਰਾ ਖ਼ੂਨ ਪਿਆ ਸੀ। ਅਗੇ ਮੁਹਾਰਨੀ ਕੰਧ ਉਪਰ ਗੋਲੀ ਤੇ ਛੱਰੇ ਦੇ ਨਿਸ਼ਾਨ ਮੌਜੂਦ ਸਨ ਅਤੇ ਥੱਲੇ ਖ਼ੂਨ ਪਿਆ ਸੀ। ਉਸ ਖੂਹ ਦੇ ਸਜੇ

ਪਾਸੇ ਜਿਹੜਾ ਅਧਾ ਅੰਦਰ ਤੇ ਅਧਾ ਬਾਹਰ ਹੈ ਨਾਲੇ ਮੁਰਦ ਘਸੀਟਨ ਦੇ ਵੀ ਨਿਸ਼ਾਨ ਸਨ ਜਿਸ ਤੋਂ ਪਤਾ ਲੱਗਦਾ ਹੈ ਮੁਰਦੇ ਘਸੀਟ ਕੇ ਜਲਾਵਨ ਵਾਲੀ ਥਾਂ ਤਕ ਲੈ ਗਏ ਸਨ। ਇਸ ਤੋਂ ਥੋੜਾ ਅਗੇ ਚਲ ਕੇ ਸਰਦਾਰ ਹਰਬੰਸ ਸਿੰਘ ਨੇ ਨੌ ਕੰਘੇ ਚੁਕ ਕੇ ਦਿੱਤੇ, ਦੋ ਦਰਖ਼ਤਾਂ ਦੇ ਵਿਚਕਾਰ। ਇਹ ਮਕਤੂਲਾਂ ਦੇ ਮਲੂਮ ਹੁੰਦੇ ਸਨ। ਗੁਰਦੁਆਰੇ ਦੇ ਥੜ੍ਹੇ ਦੇ ਸ਼ਮਾਲ ਵਲ ਪੰਜ ਢੇਰੀਆਂ ਸਨ ਜਿਨ੍ਹਾਂ ਵਿਚ ਮੁਰਦੇ ਜਲਾਇਆ ਹੋਇਆਂ ਦੇ ਪਿੰਜਰ ਤੇ ਸਿਰ ਨਜ਼ਰ ਆ ਰਹੇ ਸਨ। ਇਨ੍ਹਾਂ ਢੇਰੀਆਂ ਵਿਚੋਂ ਡਾਕਟਰ ਭਗਵਾਨ ਸਿੰਘ ਤੇ ਬਲਵੰਤ ਸਿੰਘ ਤੋਂ ੫੬ ਸਿਰ ਗਿਣਵਾਏ ਗਏ। ਸਿਰਾਂ ਦੀਆਂ ਹੱਡੀਆਂ ਨਜ਼ਰ ਆਉਂਦੀਆਂ ਸਨ। ਮਾਸ ਕੁਝ ਨਹੀਂ ਸੀ। ਮੇਰੀ ਗਿਣਤੀ ਸਿਰਾਂ ਦੀ ਹੈ ਜੋ ਅੱਗ ਨਾਲ ਸਾੜੇ ਗਏ ਸਨ। ਪਹਿਲਾ ਦਿਨ ਮੈਂ ਇਨ੍ਹਾਂ ਦੀ ਅੱਗ ਬੁਝਾਉਣ ਵਾਲਿਆਂ ਵਿਚ ਸ਼ਾਮਿਲ ਸੀ, ੨੦ ਇਕ ਵਿਚ ਸਨ, ੨੦ ਇਕ ਵਿਚ ਸਨ ਤੇ ੧੪ ਇਕ ਵਿਚ ਸਨ ਆਦਿਕ, ਨਾਲੇ ਉਨ੍ਹਾਂ ਢੇਰੀਆਂ ਵਿਚ ਮਿਟੀ ਦੇ ੧੬ ਟੀਨ ਵੀ ਸਨ, ਜਿਹੜੇ ਕਬਜ਼ੇ ਵਿਚ ਇਸ ਲਈ ਨਹੀਂ ਸਨ ਕੀਤੇ ਗਏ ਕਿ ਗਵਰਨਰ ਸਾਹਿਬ ਆ ਕੇ ਦੇਖ ਲੈਂਦੇ। ਉਥੇ ਲੋਹੇ ਦੇ ਕੜੇ ਵੀ ਨਜ਼ਰ ਆਉਂਦੇ ਸਨ ਕੁਝ ਲੋਹੇ ਦੀਆਂ ਸੀਖਾਂ ਵੀ ਸਨ ਜੋ ਢੇਰੀਆਂ ਦੇ ਉਪਰ ਪਈਆਂ ਸਨ। ਇਕ ਢੇਰੀ ਦੇ ਕੋਲ ਦਰਖ਼ਤ ਵੀ ਸੜਿਆ ਹੋਇਆ ਸੀ। ਚੌਖੰਡੀ ਦੇ ਚਾਰੇ ਪਾਸੇ ਬੂਹੇ ਹਨ। ਕੇਵਲ ਮਗ਼ਰਬੀ ਬੂਹੇ ਦਾ ਜੰਗਲਾ ਲਕੜੀ ਦਾ ਹੈ ਅਤੇ ਵਿਚ ਲੋਹੇ ਦੀਆਂ ਸਲਾਖਾਂ ਹਨ। ਸਿਰਾਂ ਨੂੰ ਹਿਲਾਇਆ ਨਹੀਂ ਗਿਆ ਉਪਰੋਂ ਹੀ ਦੇਖ ਕੇ ਗਿਣੇ ਗਏ, ਅਗੇ ਮਸ਼ਰਕ ਵੱਲ ਇਕ ਸਮਾਧ ਸੀ ਉਸ ਦਾ ਬੂਹਾ ਟੁਟਾ ਹੋਇਆ ਸੀ ਅਤੇ ਉਸ ਦੇ ਅੰਦਰ ਖ਼ੂਨ ਸੀ। ਦਰਸ਼ਨੀ ਡਿਊਢੀ ਦੇ ਦੋਹਾਂ ਪਾਸਿਆਂ ਦੇ ਕਮਰਿਆਂ ਵਿਚ ਲਹੂ ਖਿਲਰਿਆ ਹੋਇਆ ਸੀ। ਡਿਊਢੀ ਵਿਚ ਕਈ ਥਾਂ ਤੇਜ਼ ਹਥਿਆਰ ਨਾਲ ਕਟੀਆਂ ਹੋਈਆਂ ਇਟਾਂ ਸਨ ਏਥੋਂ ਜਲਾਏ ਜਾਣ ਵਾਲੀ ਥਾਂ ਤਕ ਮੁਰਦੇ ਘਸੀਟਨ ਦੇ ਨਿਸ਼ਾਨ ਜਿਹੜੇ ਮਜੂਦ ਹਨ। ਇਕ ਹੋਰ ਕੋਠੜੀ ਵਿਚ ੧੪ ਮਿੱਟੀ ਦੇ ਤੇਲ ਦੇ ਭਰੇ ਹੋਏ ਪੀਪੇ ਮਿਲੇ। ਇਸ ਤਂ ਅੱਗੇ ਜਨੂਬੀ ਬੂਹੇ ਦੇ ਸਾਹਮਣੇ ਪਰਕਰਮਾਂ ਵਿਚ ਦੋ ਚੌਬੱਚੇ ਹਨ। ਇਕ ਵਿਚ ਲਹੂ ਅਤੇ ਪਾਣੀ ਭਰਿਆ ਹੋਇਆ ਸੀ ਦੂਜੇ ਵਿਚ ਸਿਕੇ ਦੇ ਟੁਕੜੇ ਤੇ ਇਕ ਬਟਨ, ਕੁਝ ਖ਼ੂਨ ਦੇ ਨਿਸ਼ਾਨ ਪਏ ਸਨ। ਜਨੂਬੀ ਦਰਵਾਜ਼ੇ ਦੇ ਸਾਹਮਣੇ ਇਕ ਦਰਖ਼ਤ ਦੇ ਹੇਠ ਸੰਖ ਮਰਮਰ ਦੇ ਟੁਕੜੇ ਕੁਝ ਕੇਸ (ਵਾਲ) ਲਹੂਦੇ ਭਰੇ ਹੋਏ ਪਏ ਸਨ। ਸਾਰੇ ਫਰਸ਼ ਉਪਰ ਲਹੂ ਖਿਲਰਿਆ ਹੋਇਆ ਸੀ, ਪਰ ਪਾਣੀ ਨਾਲ ਧੋਇਆ ਗਿਆ ਸੀ। ਏਥੇ ਘਸੀਟਨ ਦੇ ਨਿਸ਼ਾਨ ਜਲਾਨ ਵਾਲੀ ਥਾਂ ਤਕ ਲਾਂਦੇ ਸਨ। ਜਨਮ ਅਸਥਾਨ ਦੇ ਸਾਹਮਣੇ ਵਾਲੀ ਬਾਰਾਂਦਰੀ ਵਿਚ ਦੋ ਗੁਰੂ ਗ੍ਰੰਥ ਸਾਹਿਬ ਪਏ ਹੋਏ ਸਨ ਉਪਰ ਕੋਈ ਰੁਮਾਲ ਨਹੀਂ ਸੀ। ਇਸ ਫਰਸ਼ ਉਪਰ ਖ਼ੂਨ ਦੇ ਚਿੰਨ੍ਹ ਸਨ ਜਨਮ ਅਸਥਾਨ ਦੇ ਸ਼ਮਾਲ ਵਲ ਤਿੰਨ ਲਾਸ਼ਾਂ ਥੜ੍ਹੇ ਉਪਰ ਪਈਆਂ ਸਨ ਤੇ ਫਰਸ਼ ਉਪਰ ਬੜਾ ਖ਼ੂਨ ਪਿਆ ਸੀ ਤੇ ਧੋਇਆ ਹੋਇਆ ਸੀ।

ਅਕਾਲੀ ਲਾਹੌਰ, ੯ ਅਪ੍ਰੈਲ ੧੯੨੧

ਨਾਨਕਾਣੇ ਸਾਹਿਬ ਦਾ ਸ਼ਹੀਦੀ ਦੀਵਾਨ

ਅੱਜ ਪਾਠਕਾਂ ਦੀ ਸੇਵਾ ਵਿਚ ਨਾਨਕਾਣਾ ਸਾਹਿਬ ਦੇ ਸ਼ਹੀਦੀ ਦੀਵਾਨ ਦੇ ਹਾਲ ਵਿਸਥਾਰ ਨਾਲ ਅਖ਼ਬਾਰ ਵਿਚ ਥਾਂ ਨਾ ਹੋਣ ਕਰ ਕੇ ਨਹੀਂ ਘਲੇ ਜਾ ਸਕੇ ਕਲ੍ਹ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕੀਤੇ ਜਾਣਗੇ।

ਇਹ ਦੀਵਾਨ ਇਕ ਅਦੁਤੀ ਦੀਵਾਨ ਸੀ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸਿੰਘਣੀਆਂ ਅਕਾਲੀ ਬਾਨਿਆਂ ਵਿਚ ਸਜੇ ਹੋਏ ਦੀਦਾਰ ਦੇ ਰਹੇ ਸਨ। ਜਥੇ ਦੀ ਕੋਈ ਹਦ ਨਹੀਂ ਸੀ। ਹਰ ਇਕ ਸਿੰਘ ਗੁਰਦੁਆਰਿਆਂ ਦੀ ਪਵਿਤਰਤਾ ਕਾਇਮ ਰੱਖਣ ਦੀ ਖਾਤਰ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਸਨ। ਅਕਾਲੀ ਜਥਿਆਂ ਦੇ ਨਿਯਮ ਕਮੇਟੀ ਵੱਲੋਂ ਬਣਾ ਕੇ ਸੁਣਾਏ ਗਏ ਸਨ ਅਤੇ ਭਰਤੀ ਬੜੇ ਜ਼ੋਰ ਨਾਲ ਸ਼ੁਰੂ ਹੋ ਗਈ ਸੀ। ਸਿਆਲਕੋਟ ਦੇ ਜ਼ਿਲ੍ਹੇ ਵਿਚੋਂ ਸ. ਖੜਕ ਸਿੰਘ ਜੀ ਨੇ ਆਪਣੇ ਆਪ ਨੂੰ ਪੇਸ਼ ਕੀਤਾ ਹੈ ਅਤੇ ਇਸੇ ਜ਼ਿਲੇ ਵਿਚ ੨੫ ਮੁਸਲਮਾਨ ਭਰਾਵਾਂ ਨੇ ਸਿੰਘਾਂ ਦਾ ਸਾਥ ਦੇਣ ਵਾਸਤੇ ਨਾਮ ਦਿਤੇ ਹਨ। ਕਵੀ ਦਰਬਾਰ ਦੇ ਸਮਾਗਮ ਵੀ ਹੁੰਦੇ ਹਨ, ਸ਼ਹੀਦਾਂ ਦੇ ਪਰਿਵਾਰਾਂ ਦੇ ਦਰਸ਼ਨ ਸੰਗਤਾਂ ਨੂੰ ਕਰਾਏ ਗਏ ਅਤੇ ਉਨ੍ਹਾਂ ਨੂੰ ਸਿਰੋਪੇ ਦਿੱਤੇ ਗਏ। ਅਕਾਲੀ ਜਥਿਆਂ ਦੇ ਪ੍ਰਤੀਨਿਧਾ ਦਾ ਵੀ ਇਕ ਦੀਵਾਨ ਹੋਇਆ ਅਤੇ ਅਕਾਲੀ ਜਥੇ ਇਕ ਲੜੀ ਵਿਚ ਪਰੋਏ ਗਏ। ੪ ਤਾਰੀਖ਼ ਸ਼ਾਮ ਦੇ ਦੀਵਾਨ ਵਿਚ

ਸੁਨਾਇਆ ਗਿਆ ਕਿ ਗੁਰਦੁਆਰਿਆਂ ਦੇ ਖਰੜੇ ਸਬੰਧੀ ਸਰਕਾਰ ਨੂੰ ਸੁਨੇਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹੁੰਚਾਇਆ ਗਿਆ ਹੈ ਕਿ ਸਾਰੇ ਦੇ ਸਾਰੇ ਕਮਿਸ਼ਨਰ ਸਿੱਖ ਹੋਣ ਅਤੇ ਇਨ੍ਹਾਂ ਵਿਚੋਂ ਦੋ ਤਿਹਾਈ ਗੁਰਦੁਆਰਾ ਕਮੇਟੀ ਵੱਲੋਂ ਨੀਯਤ ਕੀਤੇ ਹੋਏ। ਬਹੁਤ ਸੰਗਤਾਂ ਦਾ ਖ਼ਿਆਲ ਸੀ ਕਿ ਸਾਰੇ ਦੇ ਸਾਰੇ ਗੁਰਦੁਆਰਾ ਕਮੇਟੀ ਵੱਲੋਂ ਜਾਣੇ ਚਾਹੀਦੇ ਹਨ।

ਗੁਰਮਤੇ

੧. ਪਾਸ ਹੋਇਆ ਕਿ ਗੁ. ਪ੍ਰ. ਕਮੇਟੀ ਦੀ ਰਾਇ ਵਿਚ ਸ. ਅਮਰ ਸਿੰਘ ਜੀ ਦਾ ਧਾਰਮਿਕ ਦੀਵਾਨ ਵਿਚ ਪੰਥ ਦਾ ਕੀਤਾ ਹੋਇਆ ਗੁਰਮਤਾ ਸੁਨਾਣਾ ਇਕ ਧਾਰਮਿਕ ਵਿਸ਼ਾ ਸੀ ਅਤੇ ਇਨ੍ਹਾਂ ਨੇ 'ਰਾਜ ਦਰੋਹੀ ਜਲਸਿਆਂ ਦੇ ਕਾਨੂੰਨ' ਨੂੰ ਨਹੀਂ ਤੋੜਿਆ। ਇਸ ਕਾਨੂੰਨ ਹੇਠਾਂ ਇਨ੍ਹਾਂ ਨੂੰ ਫੜ ਕੇ ਸਜ਼ਾ ਦੇਣੀ ਅਤੇ ਫਿਰ ਸਭ ਤੋਂ ਭੈੜੇ ਅਪਰਾਧੀਆਂ ਵਾਂਗ ਬੇੜੀਆਂ ਪਾ ਕੇ ਪੈਦਲ ਤੋਰਨਾਂ, ਕਮੇਟੀ ਦੀ ਰਾਇ ਵਿਚ ਬਿਨਾਂ ਲੋੜਦੇ ਦੁਖ ਦੇਣ ਅਤੇ ਨਿਰਾਦਰੀ ਭਰਿਆ ਭੈੜਾ ਸਲੂਕ ਹੈ। ਕਮੇਟੀ ਇਸ ਉੱਤੇ ਅਤੀ ਰੋਸ ਪ੍ਰਗਟ ਕਰਦੀ ਹੈ।

੨. ਸ. ਅਮਰ ਸਿੰਘ ਜੀ ਗੁਰਦੁਆਰਾ ਸੁਧਾਰ ਲਹਿਰ ਦੇ ਥੰਮ ਸਨ। ਇਹ ਕਮੇਟੀ ਉਨ੍ਹਾਂ ਨਾਲ ਤੇ ਉਨ੍ਹਾਂ ਦੇ ਪਰਿਵਾਰ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੀ ਹੈ।

੩. ਕ੍ਰਿਪਾਨ ਖਾਲਸੇ ਦਾ ਧਰਮ ਚਿੰਨ੍ਹ ਹੈ ਅਤੇ ਹਥਿਆਰਾਂ ਦੇ ਕਾਨੂੰਨ ਤੋਂ ਬਰੀ ਹੈ। ਇਸ ਦੇ ਸਬੰਧ ਵਿਚ ਭਾਈ ਬਚਿਤਰ ਸਿੰਘ ਜੀ ਦੀ ਅਯੋਗ ਗ੍ਰਿਫ਼ਤਾਰੀ ਅਤੇ ਸਖ਼ਤ ਸਜ਼ਾ ਉੱਤੇ ਕਮੇਟੀ ਰੋਸ ਪ੍ਰਗਟ ਕਰਦੀ ਹੈ ਅਤੇ ਲਾਹੌਰ ਕਚਹਿਰੀ ਵਿਚ ਨੌਂ ਕ੍ਰਿਪਾਨਧਾਰੀਆਂ ਨੂੰ ਚੁਣਕੇ ਫੜਨ ਉੱਤੇ ਸਖ਼ਤ ਰੰਜ ਪ੍ਰਗਟ ਕਰਦੀ ਹੈ।

ਇਹ ਖਾਲਸਾ ਜੀ ਦੀ ਧਾਰਮਿਕ ਆਜ਼ਾਦੀ ਨਾਲ ਹੱਥੋਂ ਪਾਈ ਹੈ। ਕਮੇਟੀ ਇਨ੍ਹਾਂ ਸਾਰੇ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੀ ਹੈ।

੪. ਜੇਹੜੇ ਸਿੰਘ ਨਾਨਕਾਣਾ ਸਾਹਿਬ ਸ਼ਹੀਦ ਹੋ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਜਿਥੇ ਜਿਥੇ ਲੋੜ ਹੋਵੇ ਝਟ ਪਟ ਸਹਾਇਤਾ ਦੇਣ ਲਈ ਅਤੇ ਪੱਕੀ ਸਹਾਇਤਾ ਲਈ ਅਪੀਲ ਕਰਨ ਲਈ ਹੇਠਾਂ ਲਿਖੇ ਸੱਜਣਾਂ ਦੀ ਕਮੇਟੀ ਬਣਾਈ ਜਾਵੇ—

੧. ਸ. ਬੂਟਾ ਸਿੰਘ ਜੀ ਵਕੀਲ।
੨. ਸ. ਬੂਟਾ ਸਿੰਘ ਜੀ ੨੦੪।
੩. ਸ. ਬਖਸ਼ੀਸ਼ ਸਿੰਘ ਜੀ।
੪. ਸ. ਤੇਜਾ ਸਿੰਘ ਜੀ ਸਮੁੰਦਰੀ।

੫. ਸੰਤੋਖਸਰ ਦੇ ਪਓੜਾਂ ਵਾਲੇ ਝਗੜੇ ਨੂੰ ਨਜਿਠਨ ਲਈ ਹੇਠਾਂ ਲਿਖੇ ਸੱਜਣਾਂ ਦੀ ਕਮੇਟੀ ਬਣਾਈ ਜਾਵੇ—

੧. ਸ. ਜਸਵੰਤ ਸਿੰਘ ਜੀ ਝਬਾਲ।
੨. ਸ. ਦਾਨ ਸਿੰਘ ਜੀ।
੩. ਡਾ. ਗੁਰਬਖ਼ਸ਼ ਸਿੰਘ ਜੀ।
੪. ਭਾਈ ਬੁਧ ਸਿੰਘ ਜੀ ਉਪਦੇਸ਼ਕ।
੫. ਸ. ਗੁਰਮੁਖ ਸਿੰਘ ਜੀ ਸੇਵਾਦਾਰ।

੬. ਨਾਨਕਾਣੇ ਸਾਹਿਬ ਅਤੇ ਤਰਨ ਤਾਰਨ ਦੀ ਸੇਵਾ ਲਈ ਤਨਖ਼ਾਹਦਾਰ ਸੇਵਾਦਾਰ ਰੱਖੇ ਜਾਣ।

ਅੰਤ੍ਰਿਗ ਕਮੇਟੀ ਦੀ ਚੋਣ

ਨਾਨਕਾਣੇ ਸਾਹਿਬ ਵਿਚ ੫ ਅਪ੍ਰੈਲ ਨੂੰ ਕਮੇਟੀ ਹੋਈ ਜਿਸ ਵਿਚ ਹੇਠਾਂ ਲਿਖੇ ਸੱਜਣ ਅੰਤ੍ਰਿਗ ਕਮੇਟੀ ਦੇ ਮੈਂਬਰ ਚੁਣੇ ਗਏ—

੧. ਸ. ਸੁੰਦਰ ਸਿੰਘ ਜੀ ਪ੍ਰਧਾਨ।
੨. ਸ. ਹਰਬੰਸ ਸਿੰਘ ਜੀ ਮੀਤ ਪ੍ਰਧਾਨ।
੩. ਸ. ਤਾਰਾ ਸਿੰਘ ਜੀ ਸਕੱਤਰ।

੪. ਸ. ਖੜਕ ਸਿੰਘ ਜੀ ਸਿਆਲਕੋਟ।
੫. ਬਾਬਾ ਕੇਹਰ ਸਿੰਘ ਜੀ ਪਟੀ।
੬. ਸ. ਉਜਲ ਸਿੰਘ ਜੀ ਮੀਆਂਚੰਨੂ।
੭. ਭਾਈ ਬੰਤਾ ਸਿੰਘ ਜੀ।
੮. ਸ. ਨਰਿੰਜਨ ਸਿੰਘ ਗੁਜਰਾਂਵਾਲਾ।
੯. ਸ. ਅਮਰ ਸਿੰਘ ਜੀ (ਲਾਇਲਗਜ਼ਟ)।
੧੦. ਗਿਆਨੀ ਇੰਦਰ ਸਿੰਘ ਜੀ।
੧੧. ਕਪਤਾਨ ਰਾਮ ਸਿੰਘ ਜੀ।
੧੨. ਭਾਈ ਸਾਧੂ ਸਿੰਘ ਜੀ ਜੀਂਦ ਵਾਲਾ।
੧੩. ਸ. ਬਲਵੰਤ ਸਿੰਘ ਜੀ ਰਈਸ ਕੁਲਾ।
੧੪. ਡਾ. ਗੁਰਬਖ਼ਸ਼ ਸਿੰਘ ਜੀ ਅੰਮ੍ਰਿਤਸਰ।
੧੫. ਸ. ਚਰਨ ਸਿੰਘ ਨਾਭਾ।
੧੬. ਬਾਵਾ ਹਰਿ ਕਿਸ਼ਨ ਸਿੰਘ ਜੀ।
੧੭. ਸ. ਦਾਨ ਸਿੰਘ ਜੀ ਵਛੋਲਾ।
੧੮. ਸ. ਤੇਜਾ ਸਿੰਘ ਜੀ ਸਮੁੰਦਰੀ।
੧੯. ਭਾਈ ਪਿਆਰਾ ਸਿੰਘ ਜੀ ਲੰਗੇਰੀ।
੨੦. ਸ. ਬੂਟਾ ਸਿੰਘ ਜੀ ਸ਼ੇਖੂਪੁਰਾ।
੨੧. ਭਾਈ ਬਖਸ਼ੀਸ਼ ਸਿੰਘ ਜੀ ਕੇਸਗੜ੍ਹ।
੨੨. ਪੰਡਤ ਗੁਰ ਬਖ਼ਸ਼ ਸਿੰਘ ਜੀ ਪਟਿਆਲਾ।
੨੩. ਸ. ਬਚਨ ਸਿੰਘ ਜੀ ਉਪਦਰਸ਼ਕ।
੨੪. ਭਾਈ ਬੂਟਾ ਸਿੰਘ ਜੀ।
੨੫. ਸ. ਪ੍ਰੇਮ ਸਿੰਘ ਜੀ।
੨੬. ਸ. ਸਾਧੂ ਸਿੰਘ ਜੀ ਜਮਾਦਾਰ।
੨੭. ਭਾਈ ਮੋਤਾ ਸਿੰਘ ਜੀ ਅਕਾਲੀ।
੨੮. ਸ. ਜੋਧ ਸਿੰਘ ਜੀ,

ਨੋਟ– ਦੋ ਜਗ੍ਹਾ ਖਾਲੀ ਰੱਖੀਆਂ ਗਈਆਂ ਹਨ। ਸਾਡੀ ਰਾਇ ਵਿਚ ਸਰਦਾਰ ਭਾਗ ਸਿੰਘ ਜੀ ਗੁਰਦਾਸਪੁਰ ਵਾਲੇ, ਜਿਨ੍ਹਾਂ ਨੇ ਤਨ, ਮਨ, ਧਨ ਪੰਥ ਦੀ ਸੇਵਾ ਲਈ ਅਰਪਨ ਕਰ ਦਿੱਤਾ ਹੋਇਆਂ ਹੈ ਅਤੇ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰ ਕੌਮ ਦੇ ਪੁਰਾਣੇ ਅਤੇ ਸੱਚੇ ਦਰਦੀ, ਇਨ੍ਹਾਂ ਦੋ ਥਾਵਾਂ ਲਈ ਜ਼ਰੂਰ ਲਏ ਜਾਣੇ ਚਾਹੀਦੇ ਹਨ। ਮਾਸਟਰ ਸੁੰਦਰ ਸਿੰਘ ਜੀ ਸ਼ੇਖੂਪੁਰਾ ਦੇ ਜ਼ਿਲ੍ਹੇ ਵੱਲੋਂ, ਸ. ਲਛਮਨ ਸਿੰਘ ਜਾਂ ਥਾਂ ਸ. ਦਲੀਪ ਸਿੰਘ ਦੀ ਥਾਂ ਆ ਸਕਦੇ ਹਨ ਅਤੇ ਗੁਰਦਾਸਪੁਰ ਵੱਲੋਂ ਸ. ਭਾਗ ਸਿੰਘ ਚੁਣ ਕੇ ਭੇਜੇ ਜਾ ਸਕਦੇ ਹਨ।

* * *

ਸ਼੍ਰੋਮਣੀ ਅਕਾਲੀ ਦਲ ਬਣਾਉਣ ਬਾਰੇ ਰਿਪੋਰਟ

ਅਕਾਲੀ ਲਾਹੌਰ, ੨ ਅਪ੍ਰੈਲ ੧੯੨੧

ਅਕਾਲੀ ਦਲ ਦੀ ਜਥੇਬੰਦੀ

ਇਸ ਗੱਲ ਦੇ ਦੱਸਣ ਦੀ ਲੋੜ ਨਹੀਂ ਕਿ ਜਥੇਬੰਦੀ ਬਿਨਾਂ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਅਕਾਲੀ ਦਲ ਨੇ ਗੁਰਦੁਆਰੇ ਸੁਧਾਰ ਲਹਿਰ ਨੂੰ ਪੈਦਾ ਕੀਤੀ। ਇਸ ਸੁਧਾਰ ਦੀ ਖ਼ਾਤਰ ਕੇਵਲ ਸਮਾਂ ਅਤੇ ਧੰਨ ਬਲਕੇ ਸਰੀਰਾਂ ਦੀ ਕੁਰਬਾਨੀ ਵੀ ਸੈਕੜਿਆਂ ਦੀ ਗਿਣਤੀ ਤਕ ਜਾ ਪੁੱਜੀ ਹੈ। ਅਤੇ ਦਬਾ ਦਬ ਕੁਰਬਾਨੀਆਂ ਹੋ ਰਹੀਆਂ ਹਨ, ਜੇਲ੍ਹ ਭਰੀਂਦੇ ਜਾ ਰਹੇ ਹਨ। ਪਰੰਤੂ ਹਾਲਾਂ ਪੂਰੀ ਸਫਲਤਾ ਪ੍ਰਾਪਤ ਨਹੀਂ ਹੋਈ। ਬਲਕਿ ਇਕ ਡਾਢਾ ਖ਼ਤਰਾ ਸਾਹਮਣੇ ਆ ਗਿਆ ਹੈ ਅਤੇ ਡਰ ਹੈ ਕਿ ਸਾਰੇ ਗੁਰਦੁਆਰੇ ਹੀ ਸਰਕਾਰ ਦੇ ਹੱਥ ਵਿਚ ਨਾ ਚਲੇ ਜਾਣ ਅਤੇ ਸਾਡੀਆਂ ਇਹ ਸਾਰੀਆਂ ਗਲਾਂ ਤੇ ਕੁਰਬਾਨੀਆਂ ਬਿਰਥੀਆਂ ਸਾਬਤ ਨਾ ਹੋਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੦ ਮਾਰਚ ਨੂੰ ਇਹ ਪਾਸ ਕੀਤਾ ਹੈ ਕਿ ਗੁਰਦੁਆਰੇ ਸਬੰਧੀ ਫੜੇ ਹੋਏ ਸਿੰਘ ਛਡੇ ਜਾਣ। ਗੁਰਦੁਆਰੇ ਜਿਨ੍ਹਾਂ ਸਿੰਘਾਂ ਦੇ ਸਪੁਰਦ ਸਨ ਉਨ੍ਹਾਂ ਨੂੰ ਸੌਂਪੇ ਜਾਣ ਅਤੇ ਪੰਥ ਦੀ ਮਰਜ਼ੀ ਅਨੁਸਾਰ ਕਾਨੂੰਨ ਬਣੇ, ਨਹੀਂ ਤਾਂ ੧੦ ਅਪ੍ਰੈਲ ਦੇ ਮਗਰੋਂ ਪੰਥ ਆਪਣੀ ਮਜ਼ਰੀ ਅਨੁਸਾਰ ਕਾਰਵਾਈ ਕਰੇਗਾ। ਜਾਂ ਸਾਫ਼ ਅਖਰਾਂ ਵਿਚ ਇਹ ਕਿ ਗੁਰਦੁਆਰਿਆਂ ਸਬੰਧੀ ਕੜੇ ਕਾਨੂੰਨ ਦੀ ਪ੍ਰਵਾਹ ਛਡ ਕੇ ਗੁਰਦੁਆਰਿਆਂ ਵਿਚ ਜਾ ਡੇਰੇ ਲਾਵੇਗਾ।

ਪਰ ਸਾਡੇ ਖ਼ਿਆਲ ਵਿਚ ਸਫ਼ਲਤਾ ਪ੍ਰਾਪਤ ਕਰਨ ਦਾ ਇਕੋ ਦਾਰੂ ਹੈ ਕਿ ਅਸੀਂ ਹਰ ਵੇਲੇ ਧਰਮ ਦੀ ਖ਼ਾਤਰ ਦੁਖ ਝੱਲਣ ਅਤੇ ਸਭ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਰਹੀਏ। ਸਰਕਾਰ ਨੂੰ ਗੁਰਦੁਆਰਿਆਂ ਸਬੰਧੀ ਕਾਨੂੰਨ ਦਾ ਖਿਆਲ, ਜਾਂ ਗੁਰਦੁਆਰੇ ਕੌਮ ਨੂੰ ਸੌਂਪਣ ਦਾ ਖ਼ਿਆਲ ਕੇਵਲ ਖਾਲਸਾ ਜੀ ਦੀ ਕੁਰਬਾਨੀ ਦਾ ਫਲ ਹਨ। ਜੇ ਅਕਾਲੀ ਦਲ ਜਥੇਬੰਦ ਹੋ ਕੇ ਧਰਮ ਦੀ ਖ਼ਾਤਰ ਹਰ ਵੇਲੇ ਕੁਰਬਾਨੀ ਲਈ ਤਿਆਰ ਨਾ ਹੋਇਆ ਅਤੇ ਇਸ ਵਿਚ ਕੁਝ ਢਿਲਾਈ ਹੋਈ ਤਾਂ ਖਾਲਸਾ ਜੀ ਨੂੰ ਕਿਸ ਪੁਛਣਾ ਹੀ ਨਹੀਂ। ਸਾਨੂੰ ਹਰ ਵੇਲੇ ਅਕਾਲ ਪੁਰਖ, ਗੁਰੂ ਅਤੇ ਆਪਣੇ ਆਪ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ। ਗੁਰਦੁਆਰਿਆਂ ਦਾ ਸੁਧਾਰ ਸਾਡੀ ਹਿੰਮਤ ਦਾ ਹੀ ਫਲ ਹੋਣਾ ਚਾਹੀਦਾ ਹੈ। ਜਿਹੜੀ ਚੀਜ਼ ਕੋਈ ਦੂਜਾ ਦੇਂਦਾ ਹੈ ਉਹ ਜਦ ਚਾਹੇ ਲੈ ਵੀ ਲੈਂਦਾ ਹੈ। ਇਸ ਲਈ ਗੁਰਦੁਆਰਿਆਂ ਦਾ ਸੁਧਾਰ ਅਸੀਂ ਕਿਸੇ ਦੂਜੇ ਦੇ ਆਸਰੇ ਛਡਿਆ ਤਾਂ ਉਹ ਸੁਧਾਰ ਨਹੀਂ ਸਗੋਂ ਵਿਗਾੜ ਹੋਵੇਗਾ। ਸਰਕਾਰ ਕਾਨੂੰਨ ਬਣਾਏ ਜਾਂ ਨਾ ਬਣਾਵੇ, ਸਾਡੇ ਭਰਾਵਾਂ ਨੂੰ ਛੱਡੇ ਜਾਂ ਨਾ ਛੱਡੇ ਸਾਨੂੰ ਹਰ ਵੇਲੇ ਇਹ ਸਮਝਣਾ ਚਾਹੀਦਾ ਹੈ ਕਿ ਗੁਰਦੁਆਰੇ ਗੁਰੂ ਪੰਥ ਦੇ ਹਨ, ਇਨ੍ਹਾਂ ਦਾ ਪ੍ਰਬੰਧ ਪੰਥ ਨੇ ਕਰਨਾ ਹੈ, ਇਨ੍ਹਾਂ ਵਿਚ ਕਿਸੇ ਗੈਰ ਦਾ ਦਖ਼ਲ ਹੋਣਾ ਗੁਰੂ ਪੰਥ ਦੀ ਹੱਤਕ ਹੈ। ਪੰਥ ਦੀ ਸ਼ਾਨ ਕਾਇਮ ਰੱਖਣ ਲਈ ਅਤੇ ਗੁਰੂਧਾਮਾਂ ਨੂੰ ਗੁਰੂ ਪੰਥ ਦੇ ਪ੍ਰਬੰਧ ਵਿਚ ਰੱਖਣ ਲਈ ਅਤੀ ਜ਼ਰੂਰੀ ਹੈ ਕਿ ਅਕਾਲੀ ਦਲ ਨੂੰ ਜ਼ੋਰ ਸ਼ੋਰ ਨਾਲ ਜਥੇਬੰਦ ਕੀਤਾ ਜਾਵੇ।

ਇਹ ਵੀ ਸਮਝਣਾ ਚਾਹੀਦਾ ਹੈ ਕਿ ਕਈ ਵਾਰੀ ਅਕਾਲੀ ਜਥਿਆਂ ਵਿਚ ਉਹ ਵੀ ਆ ਵੜਦੇ ਹਨ ਜੋ ਪੰਥ ਦੇ ਵੈਰੀ ਹਨ ਅਤੇ ਉਨ੍ਹਾਂ ਨੂੰ ਪੰਥ ਦੀ ਉਨਤੀ ਤੇ ਗੁਰਦੁਆਰਿਆਂ ਦਾ ਸੁਧਾਰ ਨਹੀਂ ਭਾਂਵਦਾ। ਬਲਕਿ ਉਹ ਜਾਂ ਗ੍ਰੰਥੀਆਂ ਪੁਜਾਰੀਆਂ ਮਹੰਤਾਂ ਦੇ ਪੰਥ ਵਿਚ ਵਿਗਾੜ ਪਾਣ ਲਈ ਛਡੇ ਹੋਏ ਏਜੰਟ ਹਨ, ਜਿਨ੍ਹਾਂ ਨੂੰ ਪੰਥ ਨੇ ਗੱਦੀਆਂ ਤੋਂ ਉਤਰ ਦਿੱਤਾ ਹੈ ਜਾਂ ਉਤਾਰ ਦੇਣਾ ਹੈ ਅਤੇ ਜਾਂ ਝੂਠੀਆਂ ਸੱਚੀਆਂ ਰਿਪੋਰਟਾਂ ਕਰਨ ਨਾਲ ਮਹਿਕਮੇ ਦੇ ਆਦਮੀ ਹੁੰਦੇ ਹਨ ਜੋ ਇਨਾਮ ਲੈਣ ਦੀ ਖ਼ਾਤਰ ਅਤੇ ਪੇਟ ਵਿਚ ਝੁਲਸਾ ਦੇਣ ਦੀ ਖ਼ਾਤਰ ਕੋਈ ਨਾ ਕੋਈ ਆਪਣੇ ਲਈ ਕੰਮ ਪੈਦਾ ਕਰ ਲੈਂਦੇ ਹਨ। ਅਜਿਹੇ ਲੋਕ ਵੱਧ ਵਧ ਕੇ ਜੋਸ਼ ਵਿਖਾਂਦੇ ਹਨ, ਜਥੇਬੰਦੀ ਦੇ ਨਿਯਮਾਂ ਨੂੰ ਤੋੜਦੇ ਹਨ, ਹਿੰਦੂ ਮੁਸਲਮਾਨ ਭਰਾਵਾਂ ਦੇ ਧਰਮਾਂ ਵਿਚ ਦਖਲ ਦੇ ਕੇ ਜਾਂ ਉਨ੍ਹਾਂ ਦਾ ਦਿਲ ਦੁਖਾ ਕੇ ਆਪਣੇ ਅੰਦਰ ਸਿਖੀ ਦਾ

ਤਅਸਬ ਪ੍ਰਗਟ ਕਰਦੇ ਹਨ, ਅਤੇ ਇਨ੍ਹਾਂ ਸਾਰੀਆਂ ਗੱਲਾਂ ਦਾ ਜੋ ਨਤੀਜਾ ਫੁਟ, ਲੜਾਈ ਝਗੜਾ ਅਤੇ ਬੇਇਤਬਾਰੀ ਹੋਂਦੀ ਹੈ। ਇਨ੍ਹਾਂ ਸਾਰੀਆਂ ਘਾਟਿਆਂ ਤੋਂ ਬਚਣ ਲਈ ਅਸੀਂ ਕੁਝ ਅਸੂਲ ਅਤੇ ਨਿਯਮ ਹੇਠਾਂ ਪ੍ਰਕਾਸ਼ਤ ਕਰਦੇ ਹਾਂ।

ਜਥੇਬੰਦੀ ਦੇ ਨਿਯਮ

ਪਹਿਲੀ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਰਤਾਜ ਮੰਨਿਆ ਜਾਵੇ। ਉਸ ਦੇ ਨਿਯਮਾਂ ਦੀ ਪੂਰੀ-ਪੂਰੀ ਪਾਬੰਦੀ ਕੀਤੀ ਜਾਵੇ। ਸਭ ਅਕਾਲੀ ਜਥੇ ਸ਼੍ਰੋ. ਗੁਰਦੁਆਰਾ ਕਮੇਟੀ ਦੀ ਆਗਿਆ ਪਾਲਨ ਕਰਨ ਨੂੰ ਵਡਿਆਈ ਸਮਝਣ।

ਦੂਜੀ ਗੱਲ ਸਾਰੇ ਦੇਸ਼ ਦਾ ਅਕਾਲੀ ਦਲ ਇਕ ਹੋਵੇ ਉਸ ਦੀ ਜਥੇਬੰਦੀ ਪਹਿਲਾਂ ਜ਼ਿਲੇ ਵਾਰ ਹੋ ਕੇ ਫਿਰ ਸਾਂਝੀ ਕਰ ਦਿੱਤੀ ਜਾਵੇ। ਇਸ ਦਾ ਆਰੰਭ ਇਸ ਤਰ੍ਹਾਂ ਹੋਵੇ—

ਹਰ ਇਕ ਜ਼ਿਲੇ ਦੇ ਕਿਸੇ ਵੱਡੇ ਸ਼ਹਿਰ ਵਿਚ ਪਹਿਲਾਂ ਇਕ ਆਮ ਸਿੱਖਾਂ ਦਾ ਦੀਵਾਨ ਕੀਤਾ ਜਾਵੇ। ਜੁੜੀ ਹੋਈ ਸੰਗਤ ਆਪਣੇ ਵਿਚੋਂ ਪਵਿੱਤਰ ਜੀਵਨ ਵਾਲੇ ਅਤੇ ਇਨ੍ਹਾਂ ਦਿਨਾਂ ਵਿਚ ਸਾਰਾ ਵਕਤ ਧਰਮ ਦੀ ਖ਼ਾਤਰ ਦੇਣ ਨਾਲ ਸੱਚੇ ਸਿੱਖਾਂ ਨੂੰ ਕੰਮ ਚਲਾਣ ਲਈ ਪੰਜ ਪਿਆਰੇ ਚੁਣੇ। ਇਹ ਪੰਜ ਪਿਆਰੇ ਆਪਣੇ ਜ਼ਿਲ੍ਹੇ ਵਿਚ ਅਕਾਲੀ ਦਲ ਦੀ ਭਰਤੀ ਕਰਨ। ਜਿਸ ਆਦਮੀ ਸਬੰਧੀ ਪੰਜਾਂ ਪਿਆਰਿਆਂ ਨੂੰ ਪੂਰਾ ਨਿਸਚਾ ਹੋ ਜਾਵੇ ਕਿ ਇਸ ਦਾ ਚਾਲ ਚਲਣ ਚੰਗਾ ਹੈ ਇਹ ਨਿਯਮਾਂ ਨੂੰ ਪੂਰੀ ਤਰ੍ਹਾਂ ਪਾਲਣ ਕਰੇਗਾ ਅਤੇ ਧਰਮ ਲਈ ਕੁਰਬਾਨ ਹੋਣ ਲਈ ਤਿਆਰ ਹੈ ਉਸ ਨੂੰ ਉਹ ਹੇਠਾਂ ਲਿਖੇ ਅਨੁਸਾਰ ਇਕ ਫਾਰਮ ਉੱਤੇ ਦਸਖ਼ਤ ਕਰਾ ਕੇ ਬਰਤੀ ਕਰ ਲੈਣ।

ਪ੍ਰਣ ਪੱਤ੍ਰਕਾ

ਮੈਂ ਸਤਿਗੁਰੂ ਦੇ ਹਜ਼ੂਰ ਪ੍ਰਣ ਕਰਦਾ ਹਾਂ ਕਿ ਮੈਂ ਮਨ, ਤਨ, ਧਨ ਨਾਲ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨ ਕਰ ਦੇਣ ਨੂੰ ਤਿਆਰ ਹਾਂ ਅਤੇ ਇਸ ਸੇਵਾ ਵਿਚ ਆਪਣੇ ਸਮੇਂ ਦੇ ਜਥੇਦਾਰ ਦੀ ਆਗਿਆ ਪੂਰੀ ਤਰ੍ਹਾਂ ਪਾਲਨ ਕਰਾਂਗਾ। ਜੇ ਮੈਂ ਇਸ ਪ੍ਰਣ ਨੂੰ ਤੋੜਾਂ ਜਾਂ ਪ੍ਰਣ ਪੱਤ੍ਰਕਾ ਤੋਂ ਅਡ ਹੋ ਜਾਵਾ ਤਾਂ ਮੈਂ ਤਨਖਾਹੀਆਂ ਹੋਵਾਗਾ। ਨਾਲ ਹੀ ਮੈਂ ਇਹ ਵੀ ਪ੍ਰਣ ਕਰਦਾ ਹਾਂ ਕਿ ਜੇ ਮੈਂ ਕਿਸੇ ਹਿੰਦੂ, ਮੁਸਲਮਾਨ ਭਰਾਵਾਂ ਜਾਂ ਕਿਸੇ ਹੋਰ ਧਰਮ ਦੇ ਅਸਥਾਨਾਂ ਵਿਚ ਦਖ਼ਲ ਦੇਵਾਂ ਤਾਂ ਉਨ੍ਹਾਂ ਦੇ ਧਾਰਮਿਕ ਭਾਵਾਂ ਨੂੰ ਚੋਟ ਲਗਾਵਾਂ ਤਾਂ ਮੈਂ ਪੰਥ ਗੁਰੂ ਕਾ ਦੇਣਦਾਰ ਹੋਵਾਂਗਾ।

ਪ੍ਰਣ ਕਰਨ ਵਾਲੇ ਦਾ ਪੂਰਾ ਦਸਖ਼ਤ ਜਾਂ ਨਿਸ਼ਾਨ ਅੰਗੂਠਾ ਅਤੇ ਜਥੇਦਾਰ ਸਣੇ ਪੰਜਾਂ ਪਿਆਰਿਆਂ ਦੇ ਨਿਸ਼ਾਨ ਅੰਗੂਠਾ

ਇਹ ਪ੍ਰਣ ਇਕ ਗਤੇ ਉੱਤੇ ਛਪਿਆ ਹੋਵੇ ਉਸ ਦੇ ਦੂਜੇ ਤਿੰਨ ਚਾਰ ਖਾਨੇ ਇਸ ਤਰ੍ਹਾਂ ਦੇ ਬਣੇ ਹੋਏ ਹੋਣ—

ਸੇਵਾ ਕਦੋਂ ਤੋਂ ਸੌਂਪੀ ਗਈ	ਜਥੇਦਾਰ ਦੇ ਦਸਖ਼ਤ ਤੇ ਤਾਰੀਖ	ਹੋਰ ਹਾਲ

ਇਸ ਨਕਸ਼ੇ ਵਿਚ ਜੋ ਸੇਵਾ ਕਿਸੇ ਨੂੰ ਜਦੋਂ ਸੌਂਪੀ ਗਈ ਹੋਵੇ ਲਿਖੀ ਹੋਵੇ ਅਤੇ ਜਥੇਦਾਰ ਸਾਹਿਬ ਦੇ ਦਸਖ਼ਤ ਹੋਣ। ਤਾਂ ਜੋ ਜਦ ਕੋਈ ਚਾਹੇ ਪੜਤਾਲ ਕਰ ਸਕੇ—

ਨੋਟ—ਹਿੰਦੂ ਮੁਸਲਮਾਨ ਭਰਾਵਾਂ ਦਾ ਹੱਕ ਹੈ ਅਤੇ ਸਿੱਖਾਂ ਦਾ ਫਰਜ਼ ਹੈ ਕਿ ਜਿਸ ਅਕਾਲੀ ਨੂੰ ਕੋਈ ਅਯੋਗ ਕਾਰਵਾਈ ਕਰਦੇ ਵੇਖਣ ਜਾਂ ਕੰਮ ਓਹ ਕਰ ਰਿਹਾ ਹੋਵੇ, ਜਿਸ ਲਈ ਉਸ ਨੂੰ ਜਥੇਦਾਰ ਦੀ ਆਗਿਆ ਨਾ ਮਿਲੀ ਹੋਈ ਹੋਵੇ ਤਾਂ ਉਸ ਪਾਸੋਂ ਪ੍ਰਣ ਪੱਤ੍ਰਕਾ ਵੇਖ ਲੈਣ ਅਤੇ ਨੰਬਰ ਨੋਟ ਕਰ ਕੇ ਜਥੇਦਾਰ ਨੂੰ ਖਬਰ ਦੇਵਣ। ਜਿਸ ਪਾਸ ਪ੍ਰਣ ਪਤ੍ਰੱਕਾ ਹੀ ਨਾ ਹੋਵੇ ਉਸ ਨੂੰ ਅਕਾਲੀ ਦਲ ਦਾ ਮੈਂਬਰ ਹੀ ਨਾ ਸਮਝ ਕੇ ਉਸ ਨਾਲ ਜੋ ਮੁਨਾਸਬ ਸਲੂਕ ਸਮਝਣ ਕਰਨ ਸਿੱਖ ਭੀ ਇਸ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋਣ। ਇਹ ਨੋਟ ਵੀ ਟਿਕਟ ਉੱਤੇ ਲਿਖਿਆ ਹੋਵੇ ਅਤੇ ਟਿਕਟ ਹਰ ਵੇਲੇ ਅਕਾਲੀ ਦਲ ਦੇ ਮੈਂਬਰ ਪਾਸ ਰਹੇ।

ਪੰਜ ਪਿਆਰੇ ਆਪਣੇ ਪਾਸ ਇਕ ਰਜਿਸਟਰ ਰੱਖਣ। ਆਪਣੇ ਵਿਚੋਂ ਇਕ ਨੂੰ ਜਥੇਦਾਰ ਬਣਾ ਲੈਣ ਜਿਸ ਪਾਸ ਸਾਰੇ ਕਾਗਜ਼ ਪੱਤਰ ਹੋਣ, ਜਿਸ ਵਿਚ ਅਕਾਲੀ ਦਲ ਦਾ ਮੈਂਬਰ ਬਣਨ ਵਾਲੇ ਦਾ ਨਾਂ, ਪਤਾ, ਤਾਰੀਖ਼, ਨੰਬਰ ਆਦਿਕ ਪੂਰੀ ਤਰ੍ਹਾਂ ਦਰਜ ਹੋਵੇ। ਉਥੇ ਵੀ ਮੈਂਬਰ ਦੇ ਦਸਖ਼ਤ ਜਾਂ ਨਿਸ਼ਾਨ ਅੰਗੂਠਾ ਲਵਾਇਆ ਜਾਵੇ। ਸਾਡੀ ਜਾਚੇ ਰਜਿਸਟਰ

ਵਿਚ ਇਹ ਖਾਨੇ ਚਾਹੀਦੇ ਹਨ—

੧. ਨੰਬਰ ੨. ਸੇਵਾਦਾਰ ਦਾ ਨਾਮ, ਉਮਰ ਤੇ ਪੂਰਾ ਪਤਾ ੩. ਤਾਰੀਖ਼ ੪. ਦਸਖ਼ਤ ਨਿਸ਼ਾਨ ਅੰਗੂਠਾ ੫. ਖਾਰਜ ਹੋਣ ਦਾ ਕਾਰਨ ਤੇ ਤਾਰੀਖ਼ ।

ਇਸ ਤਰੀਕੇ ਨਾਲ ਜ਼ਿਲੇ ਜ਼ਿਲੇ ਵਿਚ ਭਰਤੀ ਹੋ ਜਾਣੀ ਚਾਹੀਦੀ ਹੈ। ਅਤੇ ਮੁੱਕਰਰ ਕੀਤੀ ਹੋਏ ਪੰਜ ਪਿਆਰੇ ਹੀ ਭਰਤੀ ਕਰਨ, ਹੋਰ ਕੋਈ ਨਾ ਕਰੇ। ਜਦ ਸਾਰੇ ਦੇਸ਼ ਵਿਚ ਇਹ ਕੰਮ ਪੂਰਾ ਹੋ ਜਾਵੇ ਤਾਂ ਜ਼ਿਲ੍ਹੇ ਜ਼ਿਲ੍ਹੇ ਦੇ ਅਕਾਲੀ ਜਥੇ ਆਪਣੇ ਵਿਚੋਂ ਬਾਕਾਇਦਾ ਪੰਜ ਪਿਆਰੇ ਚੁਣਨ ਤੇ ਫਿਰ ਸ਼੍ਰੋਮਣੀ ਅਕਾਲੀ ਦਲ ਬਨਾਇਆ ਜਾਵੇ ਜਿਸ ਦਾ ਵੱਡਾ ਦਫ਼ਤਰ ਲਾਹੌਰ ਵਰਗੇ ਸ਼ਹਿਰ ਵਿਚ ਹੋਵੇ ਜਿਥੇ ਵੱਡੀ ਗਿਣਤੀ ਦੀ ਜ਼ਿਲੇ ਵਾਰ ਫਹਿਰਿਸਤ ਹੋਵੇ।

ਸਾਰੇ ਜ਼ਿਲਿਆਂ ਦੇ ਪੰਜ ਪੰਜ ਪਿਆਰੇ, ਆਪਣੇ ਵਿਚੋਂ ਫਿਰ ਪੰਜ ਪਿਆਰੇ ਮੁਕਰਰ ਕੀਤੇ ਸਮੇਂ ਲਈ ਚੁਣ ਦੇਣ। ਜੋ ਸ਼੍ਰੋਮਣੀ ਗੁਰਦੁਆਰੇ ਪ੍ਰਬੰਧਕ ਕਮੇਟੀ ਦੀ ਸੇਵਾ ਲਗਵਾਇਆ ਕਰਨ। ਹਰ ਜ਼ਿਲ੍ਹੇ ਵਿਚ ਦਫ਼ਤਰ ਹੋਵੇ ਅਤੇ ਐਸਾ ਪ੍ਰਬੰਧ ਹੋਵੇ ਕਿ ਛੇਤੀ ਲੋੜ ਸਮੇਂ ਜਿੰਨੇ ਸੇਵਾਦਾਰਾਂ ਦੀ ਮੰਗ ਪਹੁੰਚੇ ਭੇਜੇ ਜਾ ਸਕਣ ਅਤੇ ਅਕਾਲੀ ਦਲ ਦਾ ਮੈਂਬਰ ਹਰ ਵੇਲੇ ਹੁਕਮ ਪਾਲਨ ਲਈ ਤਿਆਰ ਰਹੇ ਅਤੇ ਘਰ ਦੇ ਕਿਸੇ ਕੰਮ ਦੀ ਪ੍ਰਵਾਹ ਨਾ ਕਰੇ।

✡ ✡ ✡

